# ਬਬਰ ਅਕਾਲੀ ਲਹਿਰ ਦਾ ਇਤਿਹਾਸ

ਮਿਲਖਾ ਸਿੰਘ ਨਿੱਝਰ

BABBAR AKALI LEHAR
DA ITHAS

by Milkha Singh Nijjar

ਸੰਪਾਦਕ

ਗੁਰਬਚਨ ਸਿੰਘ ਭੁੱਲਰ

1986

ਪਰਕਾਸ਼ਕ

ਨਵਯੁਗ ਪਬਲਿਸ਼ਰਜ਼, ਪਲਈਅਰ ਗਾਰਡਨ ਮਾਰਕਿਟ
ਚਾਂਦਨੀ ਚੌਕ, ਦਿੱਲੀ

ਛਾਪਕ

ਨਵਯੁਗ ਪ੍ਰੈੱਸ, ਪਲਈਅਰ ਗਾਰਡਨ ਮਾਰਕਿਟ
ਚਾਂਦਨੀ ਚੌਕ, ਦਿੱਲੀ

ਮੁੱਲ : 150 ਰੁਪਏ

ੲ



ਮਿਲਖਾ ਸਿੰਘ ਨਿੱਝਰ (ਲੇਖਕ)



ਸ਼ਹੀਦ ਬਬਰ ਅਕਾਲੀ ਵਰਿਆਮ ਸਿੰਘ ਦੂਗਾ





ਸ: ਬੂਟਾ ਸਿੰਘ, ਨਿੱਝਰ

ਕਰਤਾਰ ਸਿੰਘ, ਪੰਡੋਰੀ ਨਿਝਰਾਂ



ਭਾਈ ਕਿਸ਼ਨ ਸਿੰਘ, ਗੜਗਜ





ਬਬਰ ਨੰਦ ਸਿੰਘ, ਘੁੜਿਆਲ

ਰਾਮ ਸਿੰਘ ਬੱਲਾਂ, ਜ਼ਿਲਾ ਜਲੰਧਰ

# ਤਤਕਰਾ


ਸੰਪਾਦਕੀ ਸ਼ਬਦ
ਗੁਰਬਚਨ ਸਿੰਘ ਭੁੱਲਰ 9

ਬਬਰ ਇਤਿਹਾਸ ਲਿਖੇ ਜਾਣ ਦਾ ਇਤਿਹਾਸ
ਮਿਲਖਾ ਸਿੰਘ ਨਿੱਝਰ 12

1. ਮੁੱਢਲੀ ਹਾਲਤ 17
2. ਗੁਰਦੁਆਰਾ ਰਕਾਬਗੰਜ ਦਿੱਲੀ ਬਾਬਤ ਪਹਿਲਾ ਮੋਰਚਾ 22
3. ਬਬਰ ਅਕਾਲੀ ਲਹਿਰ ਦਾ ਮੁੱਢ : 1920 ; ਅਤੇ
ਪਹਿਲਾ ਅਕਾਲੀ ਕੌਨਸਪੀਰੇਸੀ ਕੇਸ : 1922 31
4. ਪਹਿਲਾਂ-ਪਹਿਲ ਧੂਰੀ ਜਥੇ ਦੀ ਸਥਾਪਨਾ, ਇਲਾਕਾ ਮਾਲਵਾ 39
5. ਗੁਰਦੁਆਰਾ ਮਸਤੂਆਣਾ, ਰਿਆਸਤ ਸੰਗਰੂਰ ਵਿਚ
ਭਾਈ ਕਿਸ਼ਨ ਸਿੰਘ ਜੀ ਦਾ ਪਹਿਲਾ ਬਾਗ਼ੀਆਨਾ ਲੈਕਚਰ 49
6. ਭਾਈ ਕਿਸ਼ਨ ਸਿੰਘ ਅਤੇ ਬਾਬੂ ਸੰਤਾ ਸਿੰਘ ਦੀ ਪਹਿਲੀ ਮੁਲਾਕਾਤ 53
7. ਮਾਸਟਰ ਮੋਤਾ ਸਿੰਘ ਜੀ ਪਿੰਡ ਪਤਾਰਾ, ਜ਼ਿਲਾ ਜਲੰਧਰ 57
8. ਰੁੜਕਾ ਕਲਾਂ ਦੀ ਅਕਾਲੀ ਕਾਨਫ਼ਰੰਸ 62
9. 1921-1922 ਵਿਚ ਕਾਂਗਰਸ ਅਤੇ ਚਕਰਵਰਤੀ ਜਥੇ ਦੀਆਂ
ਵੱਖਰੀ-ਵੱਖਰੀ ਕਿਸਮ ਦੀਆਂ ਸਰਗਰਮੀਆਂ 68
10. ਭਾਈ ਕਿਸ਼ਨ ਸਿੰਘ ਗੜਗੱਜ ਨਾਲ ਮੇਰੀ ਪਹਿਲੀ ਮੁਲਾਕਾਤ 73
11. ਪਿੰਡ ਘੁੜਿਆਲ, ਥਾਣਾ ਆਦਮਪੁਰ ਦਾ ਪ੍ਰਸਿੱਧ ਅਤੇ ਅਨੋਖਾ ਦੀਵਾਨ 78
12. ਬੂਹਾਨੀ, ਰਿਆਸਤ ਕਪੂਰਥਲੇ ਦਾ ਦੀਵਾਨ : 1922 84
13. ਭਾਈ ਕਿਸ਼ਨ ਸਿੰਘ ਦੀ ਦੁਆਬਾ ਖ਼ਾਲਸਾ ਹਾਈ ਸਕੂਲ ਜਲੰਧਰ ਦੇ
ਵਿਦਿਆਰਥੀਆਂ ਨਾਲ ਪਹਿਲੀ ਮੁਲਾਕਾਤ 88
14. ਪਿੰਡ ਸੰਘਵਾਲ ਦਾ ਦੀਵਾਨ 93
15. ਪਿੰਡ ਸੂੰਢ ਦੀ 11 ਮਈ 1922 ਦੀ ਘਟਨਾ 99
16. ਮਹੱਦੀਪੁਰੀਏ ਸਫ਼ੈਦਪੋਸ਼ ਹਰਨਾਮ ਸਿੰਘ ਉਤੇ ਹਮਲਾ 109
17. ਬਬਰ ਲਹਿਰ ਦਾ ਨਾਮ-ਸੰਸਕਾਰ 113




5

18. ਰਾਜਦਿੱਤਾ ਉਰਫ਼ ਕਾਕਾ ਲੰਬੜਦਾਰ ਬਛੌੜੀ ਵਾਲੇ ਤੋਂ ਸਰਕਾਰੀ
ਮਾਮਲਾ ਖੋਹੇ ਜਾਣਾ 119
19. ਬਬਰ ਕਰਮ ਸਿੰਘ ਦੌਲਤਪੁਰ ਅਤੇ ਚਕਰਵਰਤੀ ਭਾਈ ਕਿਸ਼ਨ ਸਿੰਘ
ਗੜਗੱਜ ਦੀ ਪਹਿਲੀ ਮੁਲਾਕਾਤ 126
20. ਭਾਈ ਕਿਸ਼ਨ ਸਿੰਘ ਦੀ ਨਿਗਰਾਨੀ ਥੱਲੇ ਅਖ਼ਬਾਰ
"ਬਬਰ ਅਕਾਲੀ ਦੁਆਬਾ" 132
21. ਅਖ਼ਬਾਰ ਲਈ ਅੰਮ੍ਰਿਤਸਰੋਂ ਮਾਲੀ ਮਦਦ 134
22. ਇਕ ਬਹੁਤ ਹੀ ਛਟੇ ਹੋਏ ਦਸ-ਨੰਬਰੀਏ ਬਦਮਾਸ਼ ਜਗਤ ਸਿੰਘ
ਮੰਡੇਰੀਏ ਦੀਆਂ ਕਰਤੂਤਾਂ 137
23. ਬਬਰਾਂ ਦੀ ਹਥਿਆਰਾਂ ਅਤੇ ਦੂਜੇ ਵਸੀਲਿਆਂ ਦੀ ਭਾਲ 143
24. ਮਾਸਟਰ ਮੋਤਾ ਸਿੰਘ ਦੀ ਗਰਿਫ਼ਤਾਰੀ 150
25. ਅਖ਼ਬਾਰ "ਬਬਰ ਅਕਾਲੀ ਦੁਆਬਾ" ਦਾ ਬਾਕਾਇਦਾ ਜਾਰੀ ਹੋਣਾ 152
26. ਧੰਨਾ ਸਿੰਘ ਬਹਿਬਲਪੁਰੀਏ ਦੀ ਮਫ਼ਰੂਰੀ 159
27. ਹੋਰ ਹਥਿਆਰ ਇਕੱਠੇ ਕਰਨ ਦੀ ਕੋਸ਼ਿਸ਼ 162
28. ਜੱਸੋਵਾਲ ਦੀਆਂ ਤਿੰਨ ਯਾਦਗਾਰੀ ਮੀਟਿੰਗਾਂ : ਕਾਰਵਾਈ ਦਾ ਆਰੰਭ 167
29. ਕਰਮ ਸਿੰਘ ਝਿੰਗੜ ਅਤੇ ਮਾਸਟਰ ਦਲੀਪ ਸਿੰਘ ਗੋਸਲ
ਦੀ ਗਰਿਫ਼ਤਾਰੀ 178
30. (ੳ) ਅਹਿਮ ਘਟਨਾਵਾਂ ਅਤੇ ਦੋਸ਼ 180
(ਅ) ਵਾਇਦਾ-ਮੁਆਫ਼ ਸਰਕਾਰੀ ਗ਼ਵਾਹਾਂ ਦਾ ਵੇਰਵਾ 181
(ੲ) ਕੁਝ ਹੋਰ ਅਹਿਮ ਗ਼ਵਾਹ 183
31. ਅਰਜਨ ਸਿੰਘ ਪਟਵਾਰੀ ਹਰੀਪੁਰ ਨੂੰ ਕਤਲ ਕਰਨ ਲਈ
ਨਿਹਫਲ ਹਮਲੇ 188
32. ਜਾਡਲੇ ਦਾ ਡਾਕਾ 193
33. ਰਾਣੀਥੂਹੇ ਵਾਲੇ ਜ਼ੈਲਦਾਰ ਬਿਸ਼ਨ ਸਿੰਘ ਦਾ ਕਤਲ 196
34. ਹਿਆਤਪੁਰ ਰੁੜਕੀ ਵਾਲੇ ਦੀਵਾਨ ਦਾ ਕਤਲ 201
35. ਰੇਲਵੇ ਸਟੇਸ਼ਨ ਜਮਸ਼ੇਰ ਦੀ ਲੁੱਟ-ਖੋਹ 204
36. ਭਾਈ ਕਿਸ਼ਨ ਸਿੰਘ ਦੀਆਂ ਜਨਵਰੀ 1923
ਦੀਆਂ ਕੁਝ ਸਰਗਰਮੀਆਂ 206
37. ਨੰਗਲ ਸ਼ਾਮਾ ਦੇ ਲੰਬੜਦਾਰ ਬੂਟੇ ਦਾ ਕਤਲ 210
38. ਭਾਈ ਕਿਸ਼ਨ ਸਿੰਘ ਗੜਗੱਜ ਦੀ ਗਰਿਫ਼ਤਾਰੀ : 26 ਫ਼ਰਵਰੀ 1923 214
39. ਲਾਭ ਸਿੰਘ ਢੱਡੇ ਨੂੰ ਕਤਲ ਕਰਨ ਦੀਆਂ ਤਿੰਨ ਕੋਸ਼ਿਸ਼ਾਂ 221
40. ਬਬਰ ਲਹਿਰ ਵਿਚ 23 ਮਾਰਚ 1923 ਦਾ ਦਿਨ 228
41. ਮਿਸਤਰੀ ਲਾਭ ਸਿੰਘ ਦਾ ਕਤਲ 238
42. ਬਹਿਬਲਪੁਰੀਏ ਹਜ਼ਾਰਾ ਸਿੰਘ ਦਾ ਕਤਲ 241
43. ਸੂਬੇਦਾਰ ਗੇਂਦਾ ਸਿੰਘ ਘੁੜਿਆਲੀਏ ਦਾ ਕਤਲ 246
44. ਉਸ ਵੇਲੇ ਦੇ ਵੱਡੇ-ਵੱਡੇ ਅੰਗਰੇਜ਼ ਅਫ਼ਸਰਾਂ ਦੇ ਬਿਆਨ 258

45. ਕੁਝ ਗੱਲਾਂ ਦੀ ਜਾਣਕਾਰੀ ਆਪਣੀ ਬਾਬਤ 267
46. ਪਿੰਡੋਰੀ ਨਿੱਝਰਾਂ ਦੇ ਲੰਬੜਦਾਰਾਂ ਅਤੇ ਚੌਕੀਦਾਰਾਂ ਨੂੰ ਕਤਲ ਕਰਨ ਦੀ ਸਾਜ਼ਿਸ਼ 274
47. ਕੌਲਗੜ੍ਹੀਏ ਰਲੇ ਅਤੇ ਦਿੱਤੂ ਦਾ ਕਤਲ ਅਤੇ ਡਕੈਤੀ 278
48. ਸੂਬੇਦਾਰ ਸੁੰਦਰ ਸਿੰਘ ਪਿੰਡ ਰੰਧਾਵੇ, ਜ਼ਿਲਾ ਹੁਸ਼ਿਆਰਪੁਰ ਦੇ ਕਤਲ ਦੀ ਸਾਜ਼ਿਸ਼ 284
49. ਪਟਵਾਰੀ ਅਤਾ ਮੁਹੰਮਦ ਦਾ ਕਤਲ 288
50. ਸਾਂਧਰੀਏ ਬਿਸ਼ਨ ਸਿੰਘ ਉੱਤੇ ਕਾਤਲਾਨਾ ਹਮਲਾ 291
51. ਪਿੰਡ ਬਮੇਲੀ ਵਿਚ ਰਸਾਲੇ ਨਾਲ ਮੁਕਾਬਲਾ 295
52. ਪਿੰਡ ਮੰਨਣਹਾਨੇ ਵਿਚ ਬਹਿਬਲਪੁਰੀਏ ਧੰਨਾ ਸਿੰਘ ਦੀ ਗਰਿਫ਼ਤਾਰੀ ਸਮੇਂ ਬੰਬ-ਧਮਾਕਾ 308
53. ਕੋਟਲੀ ਬਾਵਾਦਾਸ ਵਾਲੇ ਜਵਾਲਾ ਸਿੰਘ ਦਾ ਕਤਲ 323
54. 12 ਦਸੰਬਰ 1923 ਨੂੰ ਮੰਡੇਰਾਂ ਵਿਖੇ ਮੁਕਾਬਲਾ 329
55. ਮੰਡੇਰਾਂ ਦੇ ਸਾਕੇ ਤੋਂ ਬਾਅਦ ਵਰਿਆਮ ਸਿੰਘ ਧੁੱਗੇ ਦੀ ਦੁਆਬੇ ਵਿਚ ਕਾਰਗੁਜ਼ਾਰੀ 339
56. ਵਰਿਆਮ ਸਿੰਘ ਧੁੱਗਾ ਦਾ ਜ਼ਿਲਾ ਲਾਇਲਪੁਰ ਵਿਚ ਬਬਰ ਲਹਿਰ ਮੁੜ ਚਾਲੂ ਕਰਨਾ 343
57. ਸਰਕਾਰ ਵੱਲੋਂ ਬਬਰਾਂ ਨੂੰ ਗਰਿਫ਼ਤਾਰ ਕਰਾਉਣ ਵਾਲਿਆਂ ਲਈ ਅੱਗੜ-ਪਿੱਛੇ ਇਨਾਮਾਂ ਦਾ ਐਲਾਨ 354
58. ਬਾਬੂ ਸੰਤਾ ਸਿੰਘ ਦੀ ਗਰਿਫ਼ਤਾਰੀ 361
59. ਪੁਲਸ ਵੱਲੋਂ 62 ਮੁਲਜ਼ਮਾਂ ਉੱਤੇ ਮੁਕੱਦਮਾ ਚਲਾਉਣ ਦੀ ਤਿਆਰੀ 372
60. ਸੈਂਟਰਲ ਜਿਹਲ ਲਾਹੌਰ ਵਿਚ 15 ਅਗਸਤ 1923 ਦਾ ਦਿਹਾੜਾ 381
61. ਬਬਰ ਅਕਾਲੀ ਕਾਨਸਪੀਰੇਸੀ ਕੇਸ 389
62. 4 ਜੂਨ 1924 ਨੂੰ ਬਬਰ ਅਕਾਲੀ ਕੇਸ ਸੈਸ਼ਨ ਅਦਾਲਤ ਵਿਚ ਸ਼ੁਰੂ 395
63. 28 ਫ਼ਰਵਰੀ 1925 : ਪਹਿਲੇ ਬਬਰ ਅਕਾਲੀ ਕੇਸ ਦਾ ਫ਼ੈਸਲਾ 406
64. 91 ਬਬਰਾਂ ਬਾਰੇ ਵੇਰਵਾ 412
65. ਛੇਆਂ ਬਬਰਾਂ ਦਾ ਫਾਂਸੀ ਉੱਤੇ ਝੂਲਣਾ 419
66. ਜਿਹਲਾਂ ਵਿਚ ਬਬਰਾਂ ਦੀ ਜਦੋਜਹਿਦ ਅਤੇ ਸਰਕਾਰੀ ਕਮਿਸ਼ਨ ਦੀ ਸਥਾਪਨਾ 422
67. ਲਾਹੌਰ ਅਤੇ ਮੁਲਤਾਨ ਦੀਆਂ ਜਿਹਲਾਂ ਵਿਚ ਬਬਰਾਂ ਦੀਆਂ ਭੁੱਖ-ਹੜਤਾਲਾਂ 430
68. ਬਬਰਾਂ ਨੂੰ ਕਾਲੇ ਪਾਣੀ ਸਮੇਤ ਦੂਜੀਆਂ ਜਿਹਲਾਂ ਵਿਚ ਭੇਜੇ ਜਾਣਾ 438
69. 1929 ਵਿਚ ਫੇਰ ਮੁਲਤਾਨ ਜਿਹਲ ਵਿਚ, ਅਤੇ ਜਿਹਲ-ਅਧਿਕਾਰੀਆਂ ਨਾਲ ਇੱਟ-ਖੜਿੱਕਾ 447
70. ਬਬਰਾਂ ਦੀਆਂ ਹੋਰ ਭੁੱਖ-ਹੜਤਾਲਾਂ 452
ੳ. 1930 ਦੀ ਭਗਤ ਸਿੰਘ ਹੁਰਾਂ ਦੀ ਭੁੱਖ-ਹੜਤਾਲ ਨਾਲ 452

ਅ. ਅਹਿਮਦਗੜ੍ਹ ਡਕੈਤੀ ਕੇਸ ਵਾਲਿਆਂ ਨਾਲ 454
ੲ. ਮੁਲਤਾਨ ਦੀ ਜਿਹਲ ਵਿਚ ਬੈਰਕਾਂ ਵਿਚ ਤਬਦੀਲੀ ਲਈ ਭੁੱਖ-ਹੜਤਾਲ 457
ਸ. ਬਬਰਾਂ ਅਤੇ ਬਾਕੀ ਕਰਾਂਤੀਕਾਰੀਆਂ ਦੀ ਮੁਲਤਾਨ ਦੀ ਜਿਹਲ ਵਿਚ ਅਧਿਕਾਰੀਆਂ ਨਾਲ ਆਖ਼ਰੀ ਟੱਕਰ 458
71. ਹਜ਼ਾਰਾ ਸਿੰਘ ਮੰਡੇਰੀਏ ਦਾ ਮਿੰਟਗੁਮਰੀ ਜਿਹਲ ਵਿਚੋਂ ਸੁਰੰਗ ਲਾ ਕੇ ਭੱਜ ਨਿਕਲਣਾ 461
72. 1938 ਵਿਚ ਪੰਜਾਬ ਦੀਆਂ ਜਿਹਲਾਂ ਵਿਚੋਂ ਬਬਰਾਂ ਅਤੇ ਹੋਰ ਕਰਾਂਤੀਕਾਰੀਆਂ ਦੀਆਂ ਰਿਹਾਈਆਂ 466
73. ਰਤਨ ਸਿੰਘ ਰੱਕੜ ਦੀ ਸ਼ਹੀਦੀ 469
74. ਇਕੋ ਦਿਨ ਵਿਚ ਤਿੰਨ ਗ਼ੱਦਾਰਾਂ ਦਾ ਕਤਲ 473
75. ਗ਼ੱਦਾਰ ਬੇਲਾ ਸਿੰਘ ਜਿਆਣੀਏ ਦਾ ਕਤਲ 477
76. ਵਾਇਦਾ-ਮੁਆਫ਼ ਗਵਾਹ ਅਨੂਪ ਸਿੰਘ ਮਾਣਕੋ ਦਾ ਕਤਲ 482
77. ਸ਼ਹੀਦ ਧੰਨਾ ਸਿੰਘ ਬਹਿਬਲਪੁਰੀਏ ਦੇ ਕਾਤਲ ਦਾ ਕਤਲ 486
78. ਜੁੱਗ-ਪਲਟਾਊ ਪਾਰਟੀ 489
ੳ. ਸੀ ਆਈ ਡੀ ਦੇ ਬੰਦੇ ਮੇਲਾ ਸਿੰਘ ਦੇ ਕਤਲ ਦੀ ਕੋਸ਼ਿਸ਼ 490
ਅ. ਪੁਲਿਸ ਚੌਕੀ ਦਾ ਅਸਲਾ ਲੁੱਟਣ ਦੀ ਕੋਸ਼ਿਸ਼ 492
ੲ. ਜੁੱਗ-ਪਲਟਾਊ ਪਾਰਟੀ ਦੀਆਂ ਕੁਝ ਹੋਰ ਸਰਗਰਮੀਆਂ 492
ਸ. ਗਿਆਨੀ ਹਰਬੰਸ ਸਿੰਘ ਦੀ ਗਰਿਫ਼ਤਾਰੀ ਅਤੇ ਉਹਨਾਂ ਦਾ ਫਾਂਸੀ ਚੜ੍ਹਨਾ 497

# ਸੰਪਾਦਕੀ ਸ਼ਬਦ

ਬਬਰ ਅਕਾਲੀ ਲਹਿਰ ਹਿੰਦੁਸਤਾਨ ਦੀ ਆਜ਼ਾਦੀ ਲਈ ਕੀਤੇ ਗਏ ਸੰਗਰਾਮ ਦੇ ਵੰਨਸੁਵੰਨੇ ਅਤੇ ਬਹੁਰੰਗੇ ਇਤਿਹਾਸ ਦਾ ਇਕ ਦਲੇਰੀ-ਭਰਿਆ, ਖਾੜਕੂ, ਆਪਾ-ਵਾਰੂ ਅਤੇ ਅਨੂਠਾ ਕਾਂਡ ਹੈ। ਇਹ ਇਕ ਅਜਿਹਾ ਸੰਗਰਾਮ ਸੀ, ਜੀਹਦੇ ਵਿਚ ਅਨੇਕ ਲਹਿਰਾਂ ਅਤੇ ਸ਼ਕਤੀਆਂ ਦੇਸ ਦੀ ਆਜ਼ਾਦੀ ਦੀ ਪਰਾਪਤੀ ਦੇ ਸਾਂਝੇ ਟੀਚੇ ਵੱਲ ਆਪਣੇ-ਆਪਣੇ ਢੰਗ ਨਾਲ, ਕਈ ਵਾਰ ਇਕ ਦੂਜੀ ਨਾਲ ਮਿਲਵਰਤਨ ਕਰਦਿਆਂ ਅਤੇ ਕਈ ਵਾਰ ਸਮਾਨੰਤਰ ਚੱਲ ਕੇ, ਅੱਗੇ ਵਧ ਰਹੀਆਂ ਸਨ।

ਵਡ-ਆਕਾਰੀ ਦੇਸ ਦੀ ਬੰਦਖ਼ਲਾਸੀ ਲਈ ਇਸ ਵਡ-ਆਕਾਰੀ ਸੰਗਰਾਮ ਵਿਚ ਅੰਗਰੇਜ਼ ਦੀ ਜਾਬਰ ਰਾਜ-ਪਰਬੰਧਕ ਮਸ਼ੀਨਰੀ ਨਾਲ ਸਿੱਧੇ ਟਾਕਰੇ ਕਰਨ ਵਾਲਿਆਂ ਦੀ, ਗੋਲੀਆਂ ਮੂਹਰੇ ਹਿੱਕਾਂ ਤਾਣ ਦੇਣ ਵਾਲਿਆਂ ਦੀ ਅਤੇ ਖਿੜੇ-ਮੱਥੇ ਫਾਂਸੀ ਦਾ ਰੱਸਾ ਚੁੰਮਣ ਵਾਲਿਆਂ ਦੀ ਕੋਈ ਘਾਟ ਨਹੀਂ ਰਹੀ। ਪਰ ਬਬਰ ਅਕਾਲੀ ਲਹਿਰ ਨੂੰ ਇਸ ਪੱਖੋਂ ਕਈ ਗੱਲਾਂ ਵਿਚ ਸਚਮੁੱਚ ਅਦੁਤੀ ਕਿਹਾ ਜਾ ਸਕਦਾ ਹੈ।

ਪਹਿਲੀ ਗੱਲ, ਇਹਦੇ ਵਿਚ ਸ਼ਾਮਲ ਹੋਣ ਵਾਲੇ ਸੂਰਮੇ ਮੌਤ ਨੂੰ ਯਕੀਨੀ ਮੰਨ ਕੇ ਹੀ ਘਰੋਂ ਤੁਰੇ ਸਨ। ਤੇ ਉਹਨਾਂ ਵਿਚੋਂ ਬਹੁਤਿਆਂ ਨੇ ਆਪਣਾ ਸਿਦਕ ਸਿਰੇ ਤੱਕ ਨਿਭਾਇਆ ਵੀ। ਭਿਆਲਾਂ ਦੀ ਗਿਣਤੀ ਦੇ ਪੱਖੋਂ ਇਹ ਕੋਈ ਬਹੁਤ ਵਿਸ਼ਾਲ ਲਹਿਰ ਨਹੀਂ ਸੀ। ਜਾਬਰ ਹਕੂਮਤਾਂ ਨਾਲ ਸਿੱਧੀ ਟੱਕਰ ਵਿਚ ਪੈਣ ਵਾਲੀਆਂ ਅਜਿਹੀਆਂ ਖਾੜਕੂ ਲਹਿਰਾਂ ਇਹਨਾਂ ਅਰਥਾਂ ਵਿਚ ਕਦੀ ਜਨਤਕ ਰੂਪ ਵਾਲੀਆਂ ਹੁੰਦੀਆਂ ਵੀ ਨਹੀਂ। ਪਰ ਇਹਦੇ ਵਿਚ ਸ਼ਾਮਲ ਕੁੱਲ ਯੋਧਿਆਂ ਦੀ ਗਿਣਤੀ ਦੇ ਅਨੁਪਾਤ ਵਿਚ ਅੰਗਰੇਜ਼ ਦੇ ਪੁਲਸੀ ਦਲਾਂ ਨਾਲ ਸਿੱਧੀਆਂ ਟੱਕਰਾਂ ਵਿਚ ਮਰਨ ਵਾਲਿਆਂ, ਫਾਂਸੀ ਚੜ੍ਹਨ ਵਾਲਿਆਂ ਅਤੇ ਉਮਰ-ਕੈਦਾਂ ਤੇ ਵੱਖ-ਵੱਖ ਮਿਆਦ ਦੀਆਂ ਹੋਰ ਕੈਦਾਂ ਭੁਗਤਣ ਵਾਲਿਆਂ ਦੀ ਗਿਣਤੀ ਦੰਗ ਕਰ ਦੇਣ ਵਾਲੀ ਹੈ।

ਦੂਜੀ ਗੱਲ, ਦੇਸ ਦੀ ਆਜ਼ਾਦੀ ਦੇ ਵਿਸ਼ਾਲ ਅਤੇ ਉਸ ਸਮੇਂ ਦੁਰੇਡੇ ਮਨੋਰਥ ਦੇ ਅੰਦਰ ਇਸ ਲਹਿਰ ਦਾ ਆਪਣਾ ਹੀ ਇਕ ਮਨੋਰਥ ਸੀ। ਤੇ ਉਹ ਸੀ ਅੰਗਰੇਜ਼ ਹਕੂਮਤ ਦੇ ਟੋਡੀਆਂ, ਟੁਕੜ-ਬੋਚਾਂ ਅਤੇ ਮੁਖ਼ਬਰਾਂ ਨੂੰ "ਸੋਧਣਾ"। ਬਬਰਾਂ ਦਾ ਵਿਸ਼ਵਾਸ ਸੀ ਕਿ ਇਸ ਢੰਗ ਨਾਲ ਹਕੂਮਤ ਦਾ ਇਕ ਵੱਡਾ ਥੰਮ੍ਹ ਢਾਹਿਆ ਜਾ ਸਕਦਾ ਹੈ। ਇਹ ਗੱਲ ਠੀਕ ਵੀ ਸਿੱਧ ਹੋਈ। ਤਿੰਨ ਕੁ ਸਾਲ ਦੇ ਉਸ ਸਮੇਂ ਦੌਰਾਨ, ਜਦੋਂ ਬਬਰ ਲਹਿਰ ਦੁਆਬੇ ਵਿਚ ਪੂਰੀ ਸਰਗਰਮ ਸੀ, ਉਸ ਇਲਾਕੇ ਵਿਚ ਅੰਗਰੇਜ਼ ਦਾ

ਹੁਕਮ ਚੱਲਣਾ ਬੰਦ ਹੋ ਕੇ ਰਹਿ ਗਿਆ ਸੀ ਅਤੇ ਬਚੇ-ਖੁਚੇ ਅੰਗਰੇਜ਼-ਭਗਤ ਨੱਕ ਨਾਲ ਲਕੀਰਾਂ ਕੱਢ ਰਹੇ ਸਨ ਤੇ ਲੁਕ-ਛਿਪ ਕੇ ਦਿਨ-ਕਟੀ ਕਰ ਰਹੇ ਸਨ। ਤੇ ਇਹ ਗੱਲ ਕਿਸੇ ਹੋਰ ਨੇ ਨਹੀਂ ਸਗੋਂ ਆਪ ਅੰਗਰੇਜ਼ ਅਧਿਕਾਰੀਆਂ ਨੇ ਮੁਕੱਦਮੇ ਦੌਰਾਨ ਮੰਨੀ ਸੀ।

ਤੀਜੀ ਗੱਲ, ਇਹ ਲਹਿਰ ਇਸ ਗੱਲ ਦੀ ਬੜੀ ਉਜਾਗਰ ਉਦਾਹਰਨ ਹੈ ਕਿ ਜੇ ਉਦੇਸ਼ ਸਪੱਸ਼ਟ ਤੇ ਈਮਾਨਦਾਰ ਹੋਣ ਅਤੇ ਕਿਸੇ ਸਵੈ-ਹਿਤ ਦੀ ਪੂਰਤੀ ਦੀ ਝਾਕ ਨਾ ਹੋਵੇ ਤਾਂ ਥੋੜ੍ਹੀ ਜਿਹੀ ਗਿਣਤੀ ਦੇ ਵਿਅਕਤੀ ਵੀ ਬਹੁਤ ਵੱਡੀਆਂ ਲੋਕ-ਵਿਰੋਧੀ ਜਾਬਰ ਸ਼ਕਤੀਆਂ ਨਾਲ ਟੱਕਰ ਲੈ ਕੇ ਉਹਨਾਂ ਦੀਆਂ ਜੜ੍ਹਾਂ ਹਿਲਾ ਸਕਦੇ ਹਨ।

ਤੇ ਜਿੰਨੀ ਬੇਮਿਸਾਲ ਬਬਰ ਅਕਾਲੀ ਲਹਿਰ ਸੀ, ਓਨਾਂ ਹੀ ਬੇਮਿਸਾਲ ਉਹਦਾ ਇਹ ਇਤਿਹਾਸ ਹੈ।

ਇਕ ਤਾਂ ਇਹਦੇ ਲੇਖਕ, ਸਤਿਕਾਰਜੋਗ ਮਿਲਖਾ ਸਿੰਘ ਨਿੱਝਰ ਇਸ ਲਹਿਰ ਵਿਚ ਐਨ ਮੁੱਢ ਤੋਂ ਹੀ ਸ਼ਾਮਲ ਰਹੇ। ਇਸ ਨਾਤੇ ਉਹਨਾਂ ਨੂੰ ਬਹੁਤ ਸਾਰੀਆਂ ਅੰਦਰਲੀਆਂ ਗੱਲਾਂ ਦੀ ਵੀ ਜਾਣਕਾਰੀ ਸੀ। ਇਹਤੋਂ ਉਪਰੰਤ ਉਹਨਾਂ ਨੇ ਉਹਨਾਂ ਘਟਨਾਵਾਂ ਦੇ ਜ਼ਿਕਰ ਲਈ, ਜਿਨ੍ਹਾਂ ਵਿਚ ਉਹ ਆਪ ਸ਼ਾਮਲ ਨਹੀਂ ਸਨ, ਹੋਰ ਬਬਰਾਂ ਤੋਂ ਭਰਪੂਰ ਜਾਣਕਾਰੀ ਪਰਾਪਤ ਕੀਤੀ, ਜਿਹੜੇ ਲੰਮੀਆਂ ਕੈਦਾਂ ਕੱਟ ਕੇ ਆਏ ਸਨ ਅਤੇ ਇਹ ਇਤਿਹਾਸ ਲਿਖੇ ਜਾਣ ਦੇ ਸਮੇਂ ਤੱਕ, ਸਾਡੀ ਖ਼ੁਸ਼ਕਿਸਮਤੀ ਨੂੰ, ਜੀਵਤ ਸਨ। ਤੇ ਸਭ ਤੋਂ ਵਡੀ ਗੱਲ, ਉਹਨਾਂ ਨੇ ਤੱਥਾਂ ਅਤੇ ਵੇਰਵਿਆਂ ਲਈ ਬਬਰ ਅਕਾਲੀਆਂ ਉੱਤੇ ਚੱਲੇ ਮੁਕੱਦਮਿਆਂ ਦੇ ਸੰਪੂਰਨ ਅਦਾਲਤੀ ਰਿਕਾਰਡ ਨੂੰ ਆਧਾਰ ਬਣਾਇਆ, ਜੋ ਉਹਨਾਂ ਕੋਲ ਸਾਂਭਿਆ ਪਿਆ ਸੀ।

ਦੂਜੇ, ਉਹ ਇਸ ਲਹਿਰ ਵਿਚ ਪੰਦਰਾਂ-ਸੋਲਾਂ ਸਾਲ ਦੀ ਉਮਰ ਵਿਚ ਸੂਰਬੀਰਾਂ ਦੇ ਕਾਰਨਾਮਿਆਂ ਲਈ ਸ਼ਰਧਾ-ਭਾਵਨਾ ਨਾਲ ਸ਼ਾਮਲ ਹੋਏ। ਅੰਗਰੇਜ਼ ਜੱਜ ਵੀ ਇਸ ਲਹਿਰ ਵਿਚ ਉਹਨਾਂ ਦੀ ਖ਼ਿਆਲੀ ਦਾ ਕਾਰਨ "ਮਿਸਪਲੇਸਡ ਹੀਰੋ ਵਾਰਸ਼ਿਪ" ਦਸਦਾ ਹੈ। ਯੋਧਿਆਂ ਵੱਲੋਂ ਦੇਸ ਦੀ ਆਜ਼ਾਦੀ ਲਈ ਭੇਟ ਕੀਤੇ ਗਏ ਖ਼ੂਨ ਦੀ ਇਕ-ਇਕ ਬੂੰਦ ਨੂੰ ਉਹ ਬਹੁਤ ਪਵਿੱਤਰ ਮੰਨਦੇ ਸਨ। ਤੇ ਅੰਤਲੇ ਸਾਹਾਂ ਤੱਕ ਉਹਨਾਂ ਦੀ ਇਸ ਅਡੋਲ ਸ਼ਰਧਾ ਦਾ ਮੈਂ ਆਪ ਗਵਾਹ ਹਾਂ। ਤੇ ਇਸੇ ਹੀ ਪਵਿੱਤਰਤਾ ਨਾਲ ਉਹ ਇਸ ਇਤਿਹਾਸ ਨੂੰ ਲੈਂਦੇ ਸਨ। ਉਹਨਾਂ ਦੇ ਵਿਚਾਰ ਅਨੁਸਾਰ ਇਹਦੇ ਵਿਚ ਕੋਈ ਖੋਟ ਰਲਾਉਣਾ ਬਬਰ ਯੋਧਿਆਂ ਨਾਲ ਪਾਪ ਕਮਾਉਣਾ ਹੋਵੇਗਾ। ਤੇ ਆਪਣੇ ਇਸ ਅਕੀਦੇ ਦਾ ਜ਼ਿਕਰ ਉਹਨਾਂ ਨੇ ਮੂਲ ਖਰੜੇ ਵਿਚ ਅਨੇਕ ਥਾਂਵਾਂ ਉੱਤੇ ਕਰਕੇ ਸੱਚ ਪ੍ਰਤੀ ਕਲਮ ਦੀ ਈਮਾਨਦਾਰੀ ਨਿਭਾਉਣ ਦੀਆਂ ਸਹੁੰਆਂ ਵਾਰ-ਵਾਰ ਖਾਧੀਆਂ ਹੋਈਆਂ ਸਨ।

ਤੀਜੇ, ਉਹ ਅਜੇ ਦਸਵੀਂ ਜਮਾਤ ਵਿਚ ਹੋਏ ਹੀ ਸਨ ਜਦੋਂ ਇਸ ਲਹਿਰ ਅਧੀਨ ਗਰਿਫ਼ਤਾਰ ਕਰ ਲਏ ਗਏ। ਇਉਂ ਪੜ੍ਹਾਈ ਨਾਲ ਅਕਸਰ ਹੀ ਆ ਜਾਂਦੀ ਚਤੁਰਾਈ ਤੋਂ ਮੁਕਤ ਹੋਣ ਕਰਕੇ ਅਤੇ ਪੇਸ਼ਾਵਰ ਲੇਖਕ ਨਾ ਹੋਣ ਕਰਕੇ ਤੱਥਾਂ ਅਤੇ ਘਟਨਾਵਾਂ ਨਾਲ ਆਪਣੀ ਆਤਮਮੁਖੀ ਸੋਚ ਅਨੁਸਾਰ ਹੇਰਾਫੇਰੀ ਕਰਨ ਦੀ ਜਾਚ ਉਹਨਾਂ ਨੂੰ ਉੱਕਾ ਹੈ ਹੀ ਨਹੀਂ ਸੀ। ਸਰਲ ਸੱਚ ਉਹਨਾਂ ਨੇ ਸਰਲ ਢੰਗ ਨਾਲ ਲਿਖ ਦਿੱਤਾ।

ਇਸ ਪਰਕਾਰ ਜਿੰਨੀ ਸੁੱਚੀ ਇਹ ਲਹਿਰ ਸੀ, ਓਨਾਂ ਹੀ ਸੁੱਚਾ ਇਹ ਇਤਿਸਾਸ ਹੋ ਨਿੱਬੜਿਆ।

ਭਾਈਆ ਜੀ –ਉਹਨਾਂ ਦੇ ਨੇੜਲੇ ਹਲਕੇ ਉਹਨਾਂ ਨੂੰ ਇਉਂ ਹੀ ਬੁਲਾਇਆ ਕਰਦੇ ਸਨ—ਦੇ ਅਤੇ ਮੇਰੇ ਪਰਿਵਾਰਾਂ ਦੇ ਬਹੁਤ ਸੰਘਣੇ ਸੰਬੰਧ ਹੋਣ ਕਰਕੇ ਸਾਡਾ ਰਿਸ਼ਤਾ ਪਿਉ-ਪੁੱਤਰ ਵਾਲਾ ਸੀ। ਮੇਰੇ ਲਈ ਇਹ ਬੜੇ ਮਾਣ ਦੀ ਗੱਲ ਸੀ ਕਿ ਉਹਨਾਂ ਨੇ ਅਤੇ ਸੋਹਨ ਸਿੰਘ ਜੋਸ਼ ਜੀ ਨੇ ਮੈਨੂੰ ਇਸ ਜੋਗ ਸਮਝਿਆ ਕਿ ਮੈਂ ਖਰੜੇ ਨੂੰ ਸੋਧਾਂ ਅਤੇ ਤਰਤੀਬ ਦੇਵਾਂ।

ਪਰ ਇਥੇ ਮੈਂ ਇਕ ਗੱਲ ਬਿਲਕੁਲ ਸਪੱਸ਼ਟ ਕਰਨੀ ਚਾਹੁੰਦਾ ਹਾਂ। ਖਰੜੇ ਵਿਚ ਸ਼ਾਮਲ ਘਟਨਾਵਾਂ ਦੇ ਤੱਥਾਂ ਅਤੇ ਵੇਰਵਿਆਂ ਵਿਚ ਮੈਂ ਕੋਈ ਵੀ ਤਬਦੀਲੀ ਕਰਨ ਦੀ ਖੁੱਲ੍ਹ ਨਹੀਂ ਲਈ। ਮੈਂ ਕੇਵਲ ਤਿੰਨ ਗੱਲਾਂ ਕੀਤੀਆਂ ਹਨ : ਪਹਿਲੀ, ਭਾਈਆ ਜੀ ਥੋੜ੍ਹੇ ਅਤੇ ਉਹ ਵੀ ਪੁਰਾਣੇ ਜ਼ਮਾਨੇ ਦੇ, ਭਾਵ ਉਰਦੂ ਦੇ ਬੋਲਬਾਲੇ ਦੇ ਸਮੇਂ ਦੇ ਪੜ੍ਹੇ ਹੋਏ ਹੋਣ ਕਰਕੇ ਮੈਨੂੰ ਸ਼ਬਦਜੋੜਾਂ ਦੀਆਂ ਅਤੇ ਵਾਕ-ਬਣਤਰ ਦੀਆਂ ਨਿਰੋਲ ਵਿਆਕਰਨੀ ਦਰੁਸਤੀਆਂ ਕਰਨੀਆਂ ਪਈਆਂ। ਦੂਜੀ, ਕੁਝ ਘਟਨਾਵਾਂ ਦਾ ਇਕ ਤੋਂ ਵੱਧ ਕਾਂਡਾਂ ਵਿਚ ਜ਼ਿਕਰ ਆਉਣ ਸਮੇਂ ਅਨੇਕ ਥਾਂਵਾਂ ਉੱਤੇ ਕਾਫ਼ੀ ਦੁਹਰਾਉ ਆ ਗਿਆ ਸੀ, ਮੈਂ ਉਹ ਛਾਂਗ ਦਿੱਤਾ ਹੈ। ਤੇ ਤੀਜੀ, ਪੁਸਤਕ ਦੇ ਪਾਠ ਨੂੰ ਸਵਾਹਰਾ ਬਣਾਉਣ ਲਈ ਮੈਂ ਕੁਝ ਕਾਂਡਾਂ ਦੀ ਜਾਂ ਘਟਨਾਵਾਂ ਦੀ ਤਰਤੀਬ ਅੱਗੇ-ਪਿੱਛੇ ਕੀਤੀ ਹੈ। ਸੋ ਮੇਰੀਆਂ ਕੀਤੀਆਂ ਤਬਦੀਲੀਆਂ ਨੇ ਇਤਿਹਾਸ ਦੇ ਸਾਰ ਨੂੰ ਨਹੀਂ ਛੇੜਿਆ ਅਤੇ ਇਉਂ ਤੱਥਾਂ ਅਤੇ ਵੇਰਵਿਆਂ ਦੀ ਮੂਲ ਪਵਿੱਤਰਤਾ ਮੈਂ ਜਿਉਂ-ਦੀ-ਤਿਉਂ, ਭਾਈਆ ਜੀ ਵਾਲੀ ਬਣਾਈ ਰੱਖੀ ਹੈ।

ਭਾਈਆ ਜੀ ਨੂੰ ਇਹ ਪੁਸਤਕ ਛਪੇ ਹੋਏ ਰੂਪ ਵਿਚ ਦੇਖਣ ਦਾ, ਸੁਭਾਵਿਕ ਹੀ, ਬਹੁਤ ਚਾਅ ਸੀ। ਪਰ ਏਨੇਂ ਵਡੇ ਖਰੜੇ ਨੂੰ ਸੋਧਣ ਅਤੇ ਛਾਪਣ ਉੱਤੇ ਕਾਫ਼ੀ ਲੰਮਾ ਸਮਾਂ ਲੱਗਣਾ ਕੁਦਰਤੀ ਹੀ ਸੀ। ਉਹਨਾਂ ਦੀ ਸਿਹਤ, ਉਮਰ ਦੇ ਹਿਸਾਬ, ਬਹੁਤ ਹੀ ਤਕੜੀ ਸੀ। ਪਰ 1984 ਦੀ ਹਨੇਰ-ਗਰਦੀ ਤੋਂ ਮਗਰੋਂ, ਜਦੋਂ ਉਹਨਾਂ ਨੂੰ ਦਿੱਲੀ ਵਿਖੇ ਪਰਿਵਾਰ ਸਮੇਤ ਘਰੋਂ ਨਿੱਕਲ ਕੇ ਜਾਨ ਬਚਾਉਣੀ ਪਈ ਅਤੇ ਉਹਨਾਂ ਦੀ ਸੰਪਤੀ ਫੂਕੀ ਗਈ, ਉਹਨਾਂ ਦਾ ਤਨ-ਮਨ ਇਕਦਮ ਖੁਰਨ ਲੱਗ ਗਿਆ। ਉਹ ਵਾਰ-ਵਾਰ ਕਹਿੰਦੇ ਸਨ, ਕੀ ਇਹੋ ਉਹ ਆਜ਼ਾਦ ਦੇਸ ਹੈ, ਜੀਹਦੇ ਸੁਫਨੇ ਅੱਖਾਂ ਵਿਚ ਲਟਕਾ ਕੇ ਅਸੀਂ ਅੰਗਰੇਜ਼ ਨੂੰ ਸਿੱਧੇ-ਮੱਥੇ ਵੰਗਾਰਿਆ ਸੀ ? ਅੰਤ ਉਹ ਖੁਰਦੇ-ਖੁਰਦੇ 1 ਸਤੰਬਰ 1985 ਨੂੰ ਮਨ ਵਿਚ ਡਾਢੀ ਬੇਚੈਨੀ ਅਤੇ ਬੇਵਸੀ ਲੈ ਕੇ ਅੱਖਾਂ ਮੀਟ ਗਏ। ਅੱਜ ਇਹ ਸਤਰਾਂ ਲਿਖਦਿਆਂ ਮਨ ਬਹੁਤ ਝੋਰਾ ਕਰ ਰਿਹਾ ਹੈ ਕਿ ਉਹ ਆਪਣੀ ਕਲਮ ਦੀ ਕਈ ਵਰ੍ਹਿਆਂ ਦੀ ਘਾਲਣਾ ਛਪੇ ਹੋਏ ਰੂਪ ਵਿਚ ਦੇਖਣ ਲਈ ਸਾਡੇ ਵਿਚਕਾਰ ਨਹੀਂ ਹਨ। ਖ਼ੈਰ, ਇਹੋ ਤਸੱਲੀ ਹੈ ਕਿ ਆਪਣੇ ਸੱਚੇ-ਸੁੱਚੇ ਜੀਵਨ ਵਿਚ ਸਾਡੇ ਗਲੋਂ ਗ਼ੁਲਾਮੀ ਦਾ ਜੂਲਾ ਲਾਹੁਣ ਲਈ ਪਾਏ ਅਮਰ ਹਿੱਸੇ ਤੋਂ ਇਲਾਵਾ ਉਹ ਆਉਂਦੀਆਂ ਪੀੜ੍ਹੀਆਂ ਲਈ ਇਸ ਵਡਮੁਲੀ ਪੁਸਤਕ ਦੇ ਰੂਪ ਵਿਚ ਦੀਵਾ ਜਗਾ ਗਏ ਹਨ।

ਅੱਜ ਮੈਂ ਜਿੰਨੀ ਸ਼ਰਧਾ ਨਾਲ ਭਾਈਆ ਜੀ ਨੂੰ ਯਾਦ ਕਰ ਰਿਹਾ ਹਾਂ, ਓਨੀਂ ਹੀ ਸ਼ਰਧਾ ਨਾਲ ਉਹਨਾਂ ਵੱਲੋਂ ਇਹ ਪੁਸਤਕ ਪਾਠਕਾਂ ਨੂੰ ਭੇਟ ਕਰ ਰਿਹਾ ਹਾਂ।

ਐਨ ਡੀ-50, ਪੀਤਮਪੁਰਾ,
ਦਿੱਲੀ-110034

ਗੁਰਬਚਨ ਸਿੰਘ ਭੁੱਲਰ
15 ਅਗਸਤ 1986

# ਬਬਰ ਇਤਿਹਾਸ ਲਿਖੇ ਜਾਣ ਦਾ ਇਤਿਹਾਸ

ਬਬਰ ਲਹਿਰ ਦਾ ਇਹ ਇਤਿਹਾਸ ਮੈਂ ਸਾਥੀ ਸੋਹਨ ਸਿੰਘ ਜੋਸ਼ ਜੀ ਦੀ ਆਗਿਆ ਅਨੁਸਾਰ ਲਿਖਣਾ ਸ਼ੁਰੂ ਕੀਤਾ ਸੀ। ਇਸ ਲਹਿਰ ਵਿਚ ਮੈਂ ਆਪ ਸ਼ਾਮਲ ਰਿਹਾ ਸੀ। ਇਹਤੋਂ ਇਲਾਵਾ ਸਜ਼ਾਵਾਂ ਕੱਟ ਕੇ ਮੁੜੇ ਸਾਥੀਆਂ ਤੋਂ ਵੀ ਮੈਂ ਜਾਣਕਾਰੀ ਦੇ ਰੂਪ ਵਿਚ ਸਹਾਇਤਾ ਲਈ। ਖ਼ੁਸ਼ਕਿਸਮਤੀ ਨਾਲ ਤੱਥਾਂ ਅਤੇ ਵੇਰਵਿਆਂ ਦਾ ਭੰਡਾਰ ਮੇਰੇ ਕੋਲ ਸੈਸ਼ਨ ਜੱਜ ਲਾਹੌਰ ਦੀ ਅਦਾਲਤ ਦੀ ਅੰਗਰੇਜ਼ੀ ਵਿਚ ਛਪੀ ਹੋਈ ਮੁਕੰਮਲ ਕਾਰਵਾਈ ਦੇ ਰੂਪ ਵਿਚ ਮੌਜੂਦ ਹੈ।

ਮੈਂ ਸਿਰਫ਼ ਨੌਂ ਜਮਾਤਾਂ ਹੀ ਪਾਸ ਕਰ ਸਕਿਆ ਸੀ। 21 ਅਗਸਤ 1922 ਨੂੰ ਗੁਰੂ ਦੇ ਬਾਗ ਦਾ ਮੋਰਚਾ ਸ਼ੁਰੂ ਹੁੰਦਿਆਂ ਹੀ ਮੈਂ ਜਾ ਕੇ ਗਰਿਫ਼ਤਾਰ ਹੋ ਗਿਆ ਸੀ। ਮੀਆਂ ਮੁਹੰਮਦ ਸ਼ਰੀਫ਼ ਮੈਜਿਸਟਰੇਟ ਅੰਮ੍ਰਿਤਸਰ ਦੀ ਅਦਾਲਤ ਵਿਚੋਂ ਛੇ ਮਹੀਨੇ ਦੀ ਕੈਦ ਹੋ ਗਈ ਸੀ ਅਤੇ ਮੈਨੂੰ ਸਿੱਧਾ ਕੈਂਪ ਜਿਹਲ ਮਿੰਟਗੁਮਰੀ ਵਿਚ ਪੁਚਾ ਦਿੱਤਾ ਗਿਆ ਸੀ।

ਫਰਵਰੀ 1923 ਵਿਚ ਕੈਦ ਕੱਟ ਕੇ ਮੈਂ ਫੇਰ ਦੁਆਬਾ ਖਾਲਸਾ ਹਾਈ ਸਕੂਲ ਜਲੰਧਰ ਵਿਚ ਦਾਖ਼ਲ ਹੋ ਗਿਆ ਸੀ। ਦਸਵੀਂ ਵਿਚ ਹੋਏ ਨੂੰ ਅਜੇ 20 ਦਿਨ ਹੀ ਹੋਏ ਸਨ ਕਿ 21 ਅਪਰੈਲ 1923 ਨੂੰ ਬਬਰ ਲਹਿਰ ਵਿਚ ਮੈਨੂੰ ਮੁੜ ਗਰਿਫ਼ਤਾਰ ਕਰ ਲਿਆ ਗਿਆ ਸੀ।

ਆਪਣੀ ਵਿਦਿਆ ਬਾਬਤ ਮੈਨੂੰ ਅਜਿਹਾ ਕੋਈ ਭਰਮ ਨਹੀਂ ਕਿ ਮੈਂ ਮੰਨੇ-ਪ੍ਰਮੰਨੇ ਲੇਖਕਾਂ ਦਾ ਮੁਕਾਬਲਾ ਕਰ ਸਕਦਾ ਹਾਂ। ਫੇਰ ਵੀ ਕੋਸ਼ਿਸ਼ ਜ਼ਰੂਰ ਕਰਾਂਗਾ ਕਿ ਬਬਰ ਅਕਾਲੀ ਲਹਿਰ ਦੀਆਂ ਬਿਲਕੁਲ ਸੱਚੀਆਂ ਘਟਨਾਵਾਂ, ਜੋ ਮੁੱਖ ਤੌਰ ਉੱਤੇ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਇਲਾਕੇ ਵਿਚ, ਭਾਵ ਦੁਆਬੇ ਦੇ ਇਲਾਕੇ ਵਿਚ ਵਾਪਰੀਆਂ, ਪਾਠਕਾਂ ਸਾਹਮਣੇ ਪੇਸ਼ ਕਰਾਂ। 1921 ਤੋਂ 1924 ਤੱਕ ਤਾਂ ਦੁਆਬੇ ਵਿਚ ਅੰਗਰੇਜ਼ਾਂ ਦਾ ਰਾਜ, ਉਹਨਾਂ ਦੇ ਆਪਣੇ ਇਕਬਾਲ ਅਨੁਸਾਰ, ਬਬਰਾਂ ਨੇ ਖ਼ਤਮ ਹੀ ਕਰ ਦਿੱਤਾ ਸੀ।

ਮੈਨੂੰ ਹਮੇਸ਼ਾ ਹੀ ਇਹ ਅਫ਼ਸੋਸ ਰਿਹਾ ਹੈ ਕਿ ਬਬਰ ਲਹਿਰ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਦੇਸਵਾਸੀਆਂ ਨੇ ਆਜ਼ਾਦੀ ਹਾਸਲ ਹੋਣ ਤੋਂ ਏਨੇਂ ਸਾਲ ਬਾਅਦ ਵੀ

ਅੱਖੋਂ ਓਹਲੇ ਕਰ ਛੱਡਿਆ ਹੈ। ਮੈਂ ਸੋਚਦਾ ਰਹਿੰਦਾ ਸੀ ਕਿ ਕੋਈ ਲਿਖਾਰੀ ਇਸ ਲਹਿਰ ਦੇ ਕਾਰਨਾਮੇ ਕਿਉਂ ਲੋਕਾਂ ਸਾਹਮਣੇ ਪੇਸ਼ ਨਹੀਂ ਕਰਦਾ ?

ਇਸ ਦੌਰਾਨ ਮੈਨੂੰ ਮੇਰੇ ਪਿੰਡ 20 ਦਸੰਬਰ 1973 ਦਾ ਜੋਸ਼ ਜੀ ਦਾ ਲਿਖਿਆ ਪੱਤਰ ਮਿਲਿਆ। ਉਹਨਾਂ ਨੇ ਗ਼ਦਰ ਪਾਰਟੀ ਦਾ ਇਤਿਹਾਸ ਲਿਖਣ ਦੇ ਸੰਬੰਧ ਵਿਚ ਮੈਥੋਂ ਬਬਰ ਮੁਕੱਦਮੇ ਦਾ ਮੁਕੰਮਲ ਰਿਕਾਰਡ ਮੰਗਿਆ ਸੀ, ਜੋ ਮੈਂ 12 ਜਨਵਰੀ 1974 ਨੂੰ ਖ਼ੁਸ਼ੀ-ਖ਼ੁਸ਼ੀ ਭੇਟ ਕਰ ਦਿਤਾ। ਮੈਂ ਬੇਨਤੀ ਕੀਤੀ ਕਿ ਉਹ ਬਬਰ ਲਹਿਰ ਦਾ ਇਤਿਹਾਸ ਵੀ ਲਿਖਣ। ਉਹਨਾਂ ਨੇ ਇਕਰਾਰ ਕੀਤਾ ਕਿ ਗ਼ਦਰ ਪਾਰਟੀ ਦਾ ਇਤਿਹਾਸ ਸਮਾਪਤ ਕਰਨ ਮਗਰੋਂ ਉਹ ਇਸ ਕੰਮ ਨੂੰ ਹੱਥ ਪਾਉਣਗੇ। ਕਾਫ਼ੀ ਸਮੇਂ ਮਗਰੋਂ ਮੈਂ ਗੁਰਬਚਨ ਸਿੰਘ ਭੁੱਲਰ ਨੂੰ ਨਾਲ ਲੈ ਕੇ ਮੁੜ ਉਹਨਾਂ ਦੇ ਦਫ਼ਤਰ ਵਿਚ ਜਾ ਚਰਨੀਂ ਹੱਥ ਲਾਏ ਅਤੇ ਪੁੱਛਿਆ, "ਜੋਸ਼ ਜੀ, ਬਬਰ ਇਤਿਹਾਸ ਲਿਖਣ ਦੇ ਤੁਹਾਡੇ ਵਚਨ ਦਾ ਕੀ ਬਣਿਆ ?"

ਉਹਨਾਂ ਨੇ ਭੁੱਲਰ ਦੀ ਮੌਜੂਦਗੀ ਵਿਚ ਇਹ ਆਖਿਆ, "ਮਿਲਖਾ ਸਿੰਘ, ਕੀ ਕਰਾਂ, ਰੁਝੇਵੇਂ ਹੀ ਏਨੇਂ ਹਨ ਕਿ ਮਰਨ ਨੂੰ ਵੀ ਵਿਹਲ ਨਹੀਂ ਮਿਲ ਰਹੀ। ਤੂੰ ਆਪ ਇਸ ਲਹਿਰ ਵਿਚ ਸ਼ੁਰੂ ਤੋਂ ਅਖ਼ੀਰ ਤਕ, ਕੀ ਅੰਦਰ ਅਤੇ ਕੀ ਬਾਹਰ, ਜੁੜਿਆ ਰਿਹਾ ਹੈਂ। ਇਹ ਤੇਰੀ ਹੱਡੀ-ਬੀਤੀ ਜਦੋਜਹਿਦ ਹੈ। ਹਾਲੇ ਤੇਰੇ ਕਈ ਸਾਥੀ ਵੀ ਜਿਉਂਦੇ ਹਨ। ਤੂੰ ਆਪ ਲਿਖਣਾ ਸ਼ੁਰੂ ਕਰ।" ਉਹਨਾਂ ਨੇ ਭੁੱਲਰ ਨੂੰ ਤਾਕੀਦ ਕੀਤੀ, "ਤੂੰ ਬਾਅਦ ਵਿਚ ਇਹਦੇ ਲਿਖੇ ਨੂੰ ਸੋਧ ਲਈਂ ਅਤੇ ਛਪਵਾਉਣ ਦੀ ਜ਼ਿੰਮੇਵਾਰੀ ਮੇਰੀ ਰਹੀ।"

ਜਦੋਂ ਮੈਂ ਸੋਚ-ਸੋਚ ਕੇ ਹਾਮੀ ਭਰੀ, ਉਹ ਫੁੱਲ ਵਾਂਗ ਖਿੜ ਕੇ ਕੁਰਸੀ ਤੋਂ ਉੱਠ ਖੜੋਤੇ ਅਤੇ ਥਾਪੜਾ ਦਿੰਦਿਆਂ ਅਸ਼ੀਰਵਾਦ ਦਿੱਤੀ, "ਬਬਰਾਂ ਦੀਆਂ ਕੁਰਬਾਨੀਆਂ ਬੇਮਿਸਾਲ ਹਨ। ਇਹ ਇਤਿਹਾਸ ਘਰ-ਘਰ ਪੁੱਜਣਾ ਚਾਹੀਦਾ ਹੈ।"

ਰਿਕਾਰਡ ਤਾਂ ਮੈਂ ਇਤਿਹਾਸ ਲਿਖਣ ਦਾ ਵਾਅਦਾ ਕਰਕੇ ਉਹਨਾਂ ਕੋਲੋਂ ਚੁੱਕ ਲਿਆਇਆ, ਪਰ ਬਹੁਤ ਚਿਰ ਸੋਚਾਂ ਵਿਚ ਪਿਆ ਰਿਹਾ ਕਿ ਕਦੀ ਕੋਈ ਲੇਖ ਤੱਕ ਤਾਂ ਲਿਖਿਆ ਨਹੀਂ, ਏਨਾਂ ਵਡਾ ਇਤਿਹਾਸ ਕਿਵੇਂ ਲਿਖਾਂਗਾ ? ਕਾਫ਼ੀ ਸਮਾਂ ਦੁਚਿਤੀ ਵਿਚ ਹੀ ਲੰਘ ਗਿਆ।

ਫੇਰ ਇਕ ਦਿਨ ਅਪਰੈਲ 1980 ਦਾ ਰਸਾਲਾ "ਆਰਸੀ" ਖੋਲ੍ਹਿਆ ਤਾਂ ਉਸ ਵਿਚ ਮੇਰੇ ਵਲੋਂ ਬਾਹਰ ਲਿਆਂਦੀ ਗਈ ਭਗਤ ਸਿੰਘ ਦੀ ਤਸਵੀਰ ਬਾਰੇ ਗੁਰਬਚਨ ਸਿੰਘ ਭੁੱਲਰ ਦਾ ਲਿਖਿਆ ਹੋਇਆ ਮੇਰੀਆਂ ਹੱਡਬੀਤੀਆਂ ਦਾ ਮਜ਼ਮੂਨ ਛਪਿਆ ਹੋਇਆ ਸੀ। ਪੜ੍ਹ ਕੇ ਮੇਰਾ ਹੌਸਲਾ ਵੀ ਵਧਿਆ ਅਤੇ ਇਕ-ਇਕ ਕਰਕੇ ਬਬਰ ਲਹਿਰ ਦੇ ਕਾਰਨਾਮੇ ਵੀ ਫ਼ਿਲਮ ਵਾਂਗ ਮੇਰੇ ਅੱਖਾਂ ਸਾਹਮਣੇ ਲੰਘਣ ਲੱਗੇ।... ਭਾਈ ਕਿਸ਼ਨ ਸਿੰਘ ਗੜਗੱਜ ਨੰਗੀ ਸਿਰੀ ਸਾਹਿਬ ਉਲਾਰੀਂ ਹਜ਼ਾਰਾਂ ਦੀ ਗਿਣਤੀ ਵਿਚ ਬੈਠੀ ਸੰਗਤ ਨੂੰ ਅੰਗਰੇਜ਼ ਵਿਰੁੱਧ ਅਤੇ ਉਹਦੇ ਝੋਲੀ-ਚੁੱਕਾਂ ਵਿਰੁੱਧ ਵੰਗਾਰ ਰਿਹਾ ਸੀ।...ਸਿਰਲੱਥ ਯੋਧਾ ਕਰਮ ਸਿੰਘ ਦੌਲਤਪੁਰੀ ਇਕ ਦੁਨਾਲੀ ਬੰਦੂਕ ਨਾਲ ਰਸਾਲੇ ਦਾ ਮੁਕਾਬਲਾ ਕਰ ਰਿਹਾ ਸੀ ਅਤੇ ਲਲਕਾਰ ਰਿਹਾ ਸੀ ਕਿ ਸਿੰਘ ਕਦੀ ਜਿਉਂਦਾ ਹਥਿਆਰ ਨਹੀਂ ਸੁੱਟਿਆ ਕਰਦਾ।...ਅਮਰ ਸ਼ਹੀਦ ਧੰਨਾ ਸਿੰਘ ਬਹਿਬਲਪੁਰੀਆ ਬਾਂਹ ਨਾਲ ਬੰਨ੍ਹੇ ਹੋਏ ਬੰਬ ਦਾ ਧਾਗਾ ਖਿੱਚ ਕੇ ਕਈ ਛੋਟੇ-ਵੱਡੇ ਅਫ਼ਸਰਾਂ ਅਤੇ

ਸਿਪਾਹੀਆਂ ਨੂੰ ਮਾਰਦਿਆਂ ਤੇ ਜ਼ਖ਼ਮੀ ਕਰਦਿਆਂ ਪੁਰਜ਼ਾ-ਪੁਰਜ਼ਾ ਉੱਡ ਰਿਹਾ ਸੀ।... ਰਸਾਲੇ ਦੇ ਅਫ਼ਸਰ ਵੱਲੋਂ ਘਿਰੇ ਹੋਏ ਤਿੰਨ ਬਬਰਾਂ ਨੂੰ ਸਖ਼ਤ ਮੁਕਾਬਲੇ ਮਗਰੋਂ ਕਾਬੂ ਕਰਨ ਲਈ ਚੁਬਾਰੇ ਨੂੰ ਅੱਗ ਲਾਈ ਜਾ ਰਹੀ ਸੀ। ਦੋ ਤਾਂ ਵਿਚੇ ਸ਼ਹੀਦ ਹੋ ਰਹੇ ਸਨ ਅਤੇ ਤੀਜਾ ਅਧ-ਮੱਚਿਆ ਹੋਣ ਦੇ ਬਾਵਜੂਦ ਵੀ ਚੁਬਾਰੇ ਵਿਚੋਂ ਨਿਕਲ ਕੇ, ਸਿਪਾਹੀ ਦੇ ਗੋਲੀ ਮਾਰ ਕੇ ਤੇ ਘੇਰਾ ਤੋੜ ਕੇ ਭੱਜ ਰਿਹਾ ਸੀ ਅਤੇ ਰਾਜ਼ੀ ਹੋ ਕੇ ਲੜਾਈ ਜਾਰੀ ਰੱਖ ਰਿਹਾ ਸੀ।...ਤੇ ਫੇਰ ਹੋਰ ਝਾਕੀ, ਫੇਰ ਅਗਲੀ ਝਾਕੀ।...

ਸੋ ਉਤਸਾਹ ਅਤੇ ਹਿੰਮਤ ਨਾਲ 13 ਅਪਰੈਲ 1980, ਵੈਸਾਖੀ ਵਾਲੇ ਸ਼ੁਭ ਦਿਨ ਤੋਂ ਇਤਿਹਾਸ ਲਿਖਣਾ ਸ਼ੁਰੂ ਕਰ ਦਿੱਤਾ। ਦੋ ਵਾਰ ਲਿਖਣ ਮਗਰੋਂ ਮੈਂ ਜੋਸ਼ ਜੀ ਨੂੰ ਦਿਖਾਉਣ ਲਈ ਸਾਰੇ ਦਾ ਸਾਰਾ ਲਿਖਿਆ ਇਤਿਹਾਸ ਲੈ ਕੇ ਚੇਤਨਪੁਰੇ ਜਾ ਚਰਨੀਂ ਹੱਥ ਲਾਏ। ਮੈਨੂੰ ਉਹਨਾਂ ਨੇ ਕਲਾਵੇ ਵਿਚ ਘੁੱਟ ਲਿਆ ਅਤੇ ਆਖਿਆ, "ਮਿਲਖਾ ਸਿੰਘ, ਤੂੰ ਤਾਂ ਕਮਾਲ ਦਾ ਲਿਖਾਰੀ ਨਿਕਲਿਆ। ਮੈਂ ਤੇਰੇ 'ਆਰਸੀ' ਵਿਚ ਛਪੇ ਲੇਖ ਕਈ ਵਾਰ ਪੜ੍ਹੇ ਹਨ। ਜਿੰਨੀ ਜਲਦੀ ਕਰ ਸਕਦਾ ਹੈਂ, ਇਹ ਕੰਮ ਨੇਪਰੇ ਚਾੜ੍ਹ।" ਗੱਲ ਕੀ ਤਕਰੀਬਨ ਗਿਆਰਾਂ ਕੁ ਵਜੇ ਤੋਂ ਲੈ ਕੇ ਸ਼ਾਮ ਪੈਂਦੀ ਤਕ ਬਬਰਾਂ ਦੀਆਂ ਸ਼ਹੀਦੀਆਂ, ਝੋਲੀ-ਚੁੱਕਾਂ ਦੇ ਕਤਲ ਅਤੇ ਹੋਰ ਲਿਖਿਆ ਜਾ ਚੁਕਿਆ ਕਈ ਕੁਝ ਸੁਣਿਆ ਅਤੇ ਕਿਹਾ, "ਤੂੰ ਦਿੱਲੀ ਪੁੱਜ। ਮੈਂ ਵੀ ਜਾ ਰਿਹਾ ਹਾਂ। ਜਿੰਨਾ ਲਿਖਿਆ ਜਾ ਚੁਕਿਆ ਹੈ, ਭੁੱਲਰ ਤੋਂ ਇਹਦੀ ਸੁਧਾਈ ਕਰਵਾ ਕੇ ਇਹਨੂੰ ਛਪਵਾਉਣ ਦਾ ਬੰਦੋਬਸਤ ਕਰੀਏ।"

ਇਥੇ ਇਹ ਦੱਸਣਾ ਵੀ ਠੀਕ ਰਹੇਗਾ ਕਿ ਬਬਰ ਲਹਿਰ ਦਾ ਇਹ ਅਦਾਲਤੀ ਰਿਕਾਰਡ ਮੈਂ ਕਿਵੇਂ ਪਰਾਪਤ ਕੀਤਾ।

19 ਜਨਵਰੀ 1926 ਨੂੰ ਹਾਈ ਕੋਰਟ ਨੇ ਮੈਨੂੰ ਰਿਹਾਅ ਕਰ ਦਿੱਤਾ। ਪਰ ਉਸ ਸਾਲ ਦੇ ਅੰਤ ਵਿਚ ਰੌਲਟ ਐਕਟ 1918 ਅਧੀਨ ਮੈਨੂੰ ਇਕ ਸਾਲ ਲਈ ਪਿੰਡ ਦੀ ਹੱਦ ਅੰਦਰ ਨਜ਼ਰਬੰਦ ਕਰ ਦਿੱਤਾ ਗਿਆ ਅਤੇ ਰੋਜ਼ ਤਰਕਾਲਾਂ ਨੂੰ ਆਪਣੇ ਪਿੰਡ ਦੇ ਅੰਗਰੇਜ-ਭਗਤ ਲੰਬੜਦਾਰ ਭਗਵਾਨ ਸਿੰਘ ਕੋਲ ਹਾਜਰੀ ਲੁਆਉਣ ਦਾ ਹੁਕਮ ਸੁਣਾ ਦਿੱਤਾ ਗਿਆ। ਥਾਣਾ ਆਦਮਪੁਰ ਦੇ ਰਿਕਾਰਡ ਵਿਚੋਂ 1956 ਵਿਚ ਇਹ ਸ਼ਬਦ ਮੈਂ ਆਪ ਪੜ੍ਹੇ ਸਨ : "ਯੇਹ ਸ਼ਖਸ ਖ਼ਤਰਨਾਕ ਗਿਰੋਹ ਕਾ ਸਰਗੁਨਾ ਰਹਾ ਹੈ, ਇਸ ਲੀਏ ਰੌਲਟ ਐਕਟ ਕੀ ਦਫ਼ਾ 5 ਕੇ ਮਾਤਹਿਤ ਏਕ ਸਾਲ ਕੇ ਲੀਏ ਮਹਿਦੂਦ ਦੇਹ ਕੀਆ ਜਾਤਾ ਹੈ ਔਰ ਹਰ ਸ਼ਾਮ ਨੰਬਰਦਾਰ ਭਗਵਾਨ ਸਿੰਘ ਕੇ ਪਾਸ ਹਾਜ਼ਰੀ ਲਗਵਾਨੇ ਕੇ ਲੀਏ ਹੁਕਮ ਦੀਆ ਜਾਤਾ ਹੈ। (ਦਸਖ਼ਤ) ਮੈਜਿਸਟਰੇਟ ਫਸਟ ਕਲਾਸ ਜਲੰਧਰ।"

ਇਸੇ ਨਜ਼ਰਬੰਦੀ ਦੌਰਾਨ 1927 ਵਿਚ ਲਾਹੌਰ ਦੀ ਰੇਲਵੇ ਸਟੇਸ਼ਨ ਨੇੜਲੀ ਹਵਾਲਾਤ ਵਿਚ ਸਰਦਾਰ ਭਗਤ ਸਿੰਘ ਨਾਲ ਰਹਿਣ ਦਾ ਵੀ ਸੁਭਾਗ ਪਰਾਪਤ ਹੋਇਆ ਸੀ। ਭਗਤ ਸਿੰਘ ਦੀ ਉਹਨਾਂ ਦਿਨਾਂ ਦੀ ਤਸਵੀਰ ਪਛਾਣ ਕੇ ਹੀ ਮੈਂ ਮਗਰੋਂ ਸਰਕਾਰੀ ਰਿਕਾਰਡ ਵਿਚੋਂ ਚੋਰੀ ਕਰਕੇ 1950-51 ਵਿਚ ਉਹਨਾਂ ਦੇ ਭਰਾ ਕੁਲਬੀਰ ਸਿੰਘ ਨੂੰ ਕਾਪੀ ਕਰਵਾ ਕੇ ਦਿੱਤੀ ਸੀ, ਜੀਹਦਾ ਅਸਲ ਅੱਜ ਵੀ ਮੇਰੇ ਕੋਲ ਮੌਜੂਦ ਹੈ। ਭਗਤ ਸਿੰਘ ਦੀ ਮੰਜੇ ਉੱਤੇ ਬੈਠੇ ਦੀ ਇਹੋ ਤਸਵੀਰ ਹੀ ਮਗਰੋਂ ਸਭ ਤੋਂ ਵੱਧ ਪਰਚੱਲਤ ਹੋਈ। ਇਹ ਸਾਰੀ ਇਕ ਵੱਖਰੀ ਦਿਲਚਸਪ ਕਹਾਣੀ ਹੈ।

1927 ਦੇ ਅਖ਼ੀਰ ਵਿਚ ਜਦੋਂ ਨਜ਼ਰਬੰਦੀ ਦੀ ਮਿਆਦ ਪੁੱਗੀ ਤਾਂ ਮੈਂ ਆਪਣੇ

ਬਬਰ ਕੇਸ ਦੇ ਰਹਿ ਚੁੱਕੇ ਵਕੀਲ ਲਾਲਾ ਰਘੂਨਾਥ ਸਹਾਇ ਦਾ ਲਾਹੌਰ ਵਿਖੇ ਮੁਣਸ਼ੀ ਜਾ ਲੱਗਿਆ। ਅਸਲ ਵਿਚ ਜਦੋਂ ਸਾਡਾ ਮੁਕੱਦਮਾ ਚੱਲ ਰਿਹਾ ਸੀ, ਲਾਲਾ ਜੀ ਨੇ ਸੈਸ਼ਨ ਜੱਜ ਤੋਂ ਇਜਾਜ਼ਤ ਲੈ ਕੇ ਮੈਨੂੰ ਗਵਾਹਾਂ ਦੇ ਪੁਲਿਸ ਅੱਗੇ ਦਿਤੇ ਬਿਆਨਾਂ ਦੀਆਂ ਨਕਲਾਂ ਕਰਨ ਦਾ ਕੰਮ ਸੌਂਪ ਦਿੱਤਾ ਸੀ, ਕਿਉਂਕਿ ਮੈਂ ਕਾਫ਼ੀ ਖ਼ੁਸ਼ਖਤ ਉਰਦੂ ਲਿਖ ਲੈਂਦਾ ਸੀ। ਇਸੇ ਕਰਕੇ ਉਹਨਾਂ ਨੇ ਹੁਣ ਮੈਨੂੰ ਆਪਣਾ ਮੁਣਸ਼ੀ ਬਣਾਉਣ ਦਾ ਫ਼ੈਸਲਾ ਕਰ ਲਿਆ ਸੀ। ਜਦੋਂ 1932 ਵਿਚ ਮੈਂ ਮੁਣਸ਼ੀਪੁਣਾ ਛੱਡ ਕੇ ਪਿੰਡ ਮੁੜਨ ਲਗਿਆ ਤਾਂ ਵਕੀਲ ਸਾਹਿਬ ਦੀ ਇਜਾਜ਼ਤ ਨਾਲ ਬਬਰ ਅਕਾਲੀ ਕੇਸ ਦਾ ਮੁਕੰਮਲ ਰਿਕਾਰਡ ਵੀ ਨਾਲ ਲੈ ਆਇਆ।

ਲਾਲਾ ਰਘੂਨਾਥ ਸਹਾਇ ਬਹੁਤ ਪੁਰਾਣੇ ਵਕੀਲ ਸਨ ਅਤੇ ਦੇਸਭਗਤਾਂ ਦੇ ਮੁਕੱਦਮਿਆਂ ਦੀ ਪੈਰਵੀ ਕਰਿਆ ਕਰਦੇ ਸਨ। ਆਮ ਕਰਕੇ ਉਹਨਾਂ ਦੀ ਫ਼ੀਸ ਦੀ ਜ਼ਿੰਮੇਵਾਰੀ ਕੈਨੇਡਾ-ਵਾਸੀ ਹਿੰਦੁਸਤਾਨੀਆਂ ਨੇ ਲਈ ਹੋਈ ਸੀ, ਜਿਨ੍ਹਾਂ ਵਿਚ ਬਾਬਾ ਕਰਮ ਸਿੰਘ ਜੀ ਚੀਮਾ ਅਤੇ ਭਾਈ ਭਾਗ ਸਿੰਘ ਜੀ ਕੈਨੇਡੀਅਨ ਮੁੱਖ ਸਨ। ਲਾਲਾ ਜੀ ਦੀ ਅਲਮਾਰੀ ਵਿਚ ਗਦਰ ਪਾਰਟੀ ਨਾਲ ਸੰਬੰਧਿਤ ਰਿਕਾਰਡ ਵੀ ਪਿਆ ਸੀ, ਪਹਿਲੇ ਅਕਾਲੀ ਕਾਨਸਪੀਰੇਸੀ ਕੇਸ ਦਾ ਰਿਕਾਰਡ ਵੀ ਅਤੇ ਭਗਤ ਸਿੰਘ ਵਾਲਾ ਰਿਕਾਰਡ ਵੀ। ਮੇਰੀ ਬਦਕਿਸਮਤੀ ਹੀ ਸਮਝੋ ਕਿ ਉਹ ਰਿਕਾਰਡ ਵੀ ਨਾਲ ਲਿਆਉਣ ਦੀ ਗੱਲ ਮੈਨੂੰ ਨਾ ਸੁੱਝ ਸਕੀ। ਜੋ ਮੈਂ ਬਬਰ ਕੇਸ ਦਾ ਰਿਕਾਰਡ ਲੈ ਆਇਆ ਸੀ, ਉਹ ਆਪਣਾ ਨਾਂ ਉਸ ਵਿਚ ਸ਼ਾਮਲ ਹੋਣ ਦੇ ਚਾਅ ਜਿਹੇ ਕਾਰਨ ਹੀ ਲੈ ਆਇਆ ਸੀ। ਮੈਨੂੰ ਉਸ ਸਮੇਂ ਕੀ ਪਤਾ ਸੀ ਕਿ ਇਹ ਏਨੀਂ ਵਡਮੁੱਲੀ ਚੀਜ਼ ਹੈ ਅਤੇ ਕਿਸੇ ਦਿਨ ਮੈਨੂੰ ਇਤਿਹਾਸ ਲਿਖਣ ਵਿਚ ਮਦਦ ਦੇਵੇਗੀ।

ਇਹ ਇਤਿਹਾਸ ਲਿਖਣ ਦਾ ਅਸਿੱਧੇ ਢੰਗ ਨਾਲ ਇਕ ਹੋਰ ਕਾਰਨ ਭਾਈ ਸੁੰਦਰ ਸਿੰਘ ਮਖਸੂਸਪੁਰੀ ਦਾ ਲਿਖਿਆ ਖੋਟਾ "ਇਤਿਹਾਸ" ਵੀ ਬਣਿਆ। ਉਸ ਵਿਚ ਉਹਨੇ ਬਬਰਾਂ ਦੀ ਥਾਂ ਆਪਣੇ ਸੋਹਲੇ ਹੀ ਗਾਏ ਹਨ। ਇਕ ਪਾਸੇ ਉਹ 13 ਫ਼ਰਵਰੀ 1924 ਨੂੰ ਅਦਾਲਤ ਵਿਚ ਬਿਆਨ ਦਿੰਦਾ ਹੈ ਕਿ ਜਦੋਂ 11 ਮਈ 1922 ਨੂੰ ਪੁਲਿਸ ਨੇ ਉਹਨੂੰ ਗਰਿਫ਼ਤਾਰ ਕੀਤਾ, ਕੋਈ ਬਬਰ ਜਥਾ ਉਸ ਵੇਲੇ ਵਜੂਦ ਵਿਚ ਹੀ ਨਹੀਂ ਸੀ ਆਇਆ, ਪਰ ਕਿਤਾਬ ਇਉਂ ਲਿਖਦਾ ਹੈ ਜਿਵੇਂ ਸਭ ਕੁਝ ਕੀਤਾ ਹੀ ਉਹਨੇ ਹੋਵੇ, ਬਾਕੀ ਬਬਰ ਤਾਂ ਐਵੇਂ ਉਹਦੇ ਨਾਲ ਹੀ ਰਲੇ ਹੋਣ। ਉਹਦੇ ਇਸ ਕਿਤਾਬ ਲਿਖਣ ਵਿਚ ਕੁਝ ਕਸੂਰ ਮੇਰਾ ਵੀ ਹੈ, ਕਿਉਂਕਿ ਉਹ ਕੁਝ ਰਿਕਾਰਡ ਮੈਥੋਂ ਹੀ ਲੈ ਗਿਆ ਸੀ, ਜੀਹਨੂੰ ਤੋੜ-ਭੰਨ ਕੇ ਉਹਨੇ ਆਪਣਾ "ਇਤਿਹਾਸ" ਲਿਖਿਆ। ਮੇਰਾ ਇਹ ਇਤਿਹਾਸ ਆਪਣੇ ਇਸ "ਕਸੂਰ" ਨੂੰ ਧੋਣ ਦਾ ਵੀ ਜਤਨ ਹੈ ਤਾਂ ਜੋ ਭਾਈ ਸੁੰਦਰ ਸਿੰਘ ਵਾਂਗੂ ਖੋਟ ਨਹੀਂ, ਸਗੋਂ ਖਰੀ ਗੱਲ ਪਾਠਕਾਂ ਤੱਕ ਪੁੱਜੇ।

ਮੈਨੂੰ ਇਹ ਇਤਿਹਾਸ ਲਿਖਣ ਵਿਚ ਮੇਰੇ ਭਰਾਵਾਂ ਬੂਟਾ ਸਿੰਘ ਅਤੇ ਕਰਤਾਰ ਸਿੰਘ ਨੇ ਵੀ ਬਹੁਤ ਮਦਦ ਦਿੱਤੀ ਹੈ, ਜੋ ਬਬਰ ਲਹਿਰ ਵਿਚ ਲੰਮੀਆਂ ਕੈਦਾਂ ਕੱਟ ਕੇ ਆਏ ਹੋਏ ਹਨ। ਬੂਟਾ ਸਿੰਘ ਨੇ ਤਾਂ ਕੈਦ ਦੇ ਸਮੇਂ ਦਾ ਵਰਨਣ ਪੂਰੀ ਤਫ਼ਸੀਲ ਨਾਲ ਲਿਖ ਕੇ ਮੈਨੂੰ ਦਿੱਤਾ। ਜਿਥੇ ਗੁਰਬਚਨ ਸਿੰਘ ਭੁੱਲਰ, ਜੋ ਮੇਰੇ ਲਈ ਮੇਰੇ ਬੱਚੇ ਵਰਗਾ ਹੀ ਹੈ, ਨੇ ਖਰੜੇ ਨੂੰ ਨਾਲ ਦੀ ਨਾਲ ਪੜ੍ਹ ਕੇ ਸਲਾਹਾਂ ਦਿਤੀਆਂ ਤੇ ਸੁਧਾਈਆਂ ਕੀਤੀਆਂ, ਉਥੇ ਸਰਦਾਰ ਪ੍ਰੀਤਮ ਸਿੰਘ ਨੇ ਆਪਣੇ ਰਸਾਲੇ "ਆਰਸੀ" ਵਿਚ ਇਸ ਇਤਿਹਾਸ

ਦੇ ਕੁਝ ਕਾਂਡ ਛਾਪ ਕੇ ਮੇਰਾ ਉਤਸਾਹ ਬਹੁਤ ਵਧਾਇਆ । ਇਹਤੋਂ ਇਲਾਵਾ ਜਸਵੰਤ ਸਿੰਘ ਕੰਵਲ, ਮਹਿੰਦਰ ਸਿੰਘ ਪਰਵਾਨਾ, ਪ੍ਰੋ: ਗੁਰਚਰਨ ਸਿੰਘ ਸਰਕਾਰੀ ਕਾਲਜ ਜੀਰਾ ਅਤੇ ਪ੍ਰੋ: ਪਿਆਰਾ ਸਿੰਘ ਭੋਗਲ ਆਦਿ ਅਨੇਕ ਲੇਖਕਾਂ ਅਤੇ ਵਿਦਵਾਨਾਂ ਨੇ ਹਲਾਸ਼ੇਰੀ ਦਿੱਤੀ । ਪੁਰਾਣੇ ਦੇਸ਼ਭਗਤਾਂ ਨੇ, ਖਾਸ ਕਰਕੇ ਕਾਮਰੇਡ ਭਗਤ ਸਿੰਘ ਬਿਲਗਾ ਨੇ ਇਸ ਬਾਬਤ ਬਹੁਤ ਦਿਲਚਸਪੀ ਦਿਖਾਈ। ਮੇਰੇ ਪੁੱਤਰ ਚੰਨਣ ਸਿੰਘ (ਚੰਨੀ) ਅਤੇ ਨੂੰਹ ਬੀਬੀ ਰਾਜ ਨੇ ਏਨਾਂ ਵੱਡਾ ਕੰਮ ਨੇਪਰੇ ਚਾੜ੍ਹਨ ਵਿਚ ਹਰ ਕਿਸਮ ਦੀ ਪਰਿਵਾਰਕ ਸੁਖ-ਸਹੂਲਤ ਦੇਈ ਰੱਖੀ ।

ਸੋ, ਮਿੱਤਰੋ, ਬਬਰ ਲਹਿਰ ਦਾ ਸੱਚਾ-ਸੁੱਚਾ ਇਤਿਹਾਸ ਪੱਕੇ ਅਤੇ ਠੋਸ ਸਬੂਤ ਦੇ ਕੇ ਆਪਣੇ ਵਿਤ ਅਨੁਸਾਰ ਲਿਖ ਦਿੱਤਾ ਹੈ। ਤੱਥਾਂ ਅਤੇ ਵੇਰਵਿਆਂ ਦੀ ਪੜਤਾਲ ਲਈ ਸਾਰਾ ਰਿਕਾਰਡ ਮੇਰੇ ਕੋਲ ਹੈ ਅਤੇ ਮੇਰੇ ਮਗਰੋਂ ਮੇਰੇ ਵਾਰਸਾਂ ਕੋਲ ਰਹੇਗਾ। ਇਹ ਮੇਰੀ ਵਸੀਹਤ ਹੀ ਸਮਝੀ ਜਾਵੇ ਕਿ ਮੇਰਾ ਪਰਿਵਾਰ ਪੁਸ਼ਤ-ਦਰ-ਪੁਸ਼ਤ ਇਸ ਰਿਕਾਰਡ ਨੂੰ ਵਡਮੁੱਲਾ ਸਰਮਾਇਆ ਸਮਝ ਕੇ ਸੰਭਾਲ ਰੱਖੇ ਅਤੇ ਜੋ ਵੀ ਕੋਈ ਵਿਦਵਾਨ ਇਹਨੂੰ ਘੋਖਣਾ ਚਾਹੇ, ਉਹਨੂੰ ਇਹ ਰਿਕਾਰਡ ਘਰੋਂ ਬਾਹਰ ਭੇਜੇ ਬਿਨਾਂ ਆਪਣੇ ਕੋਲ ਅਜਿਹਾ ਕਰਨ ਦਾ ਮੌਕਾ ਦੇਵੇ ।

ਏ-2, ਜੀ. ਟੀ. ਰੋਡ,
ਆਦਰਸ਼ ਨਗਰ, ਦਿੱਲੀ-110033

ਮਿਲਖਾ ਸਿੰਘ ਨਿੱਝਰ
ਪਿੰਡੋਰੀ ਨਿੱਝਰਾਂ, ਜ਼ਿਲਾ ਜਲੰਧਰ
(15 ਅਗਸਤ 1983)

# 1. ਮੁੱਢਲੀ ਹਾਲਤ

1920 ਵਿਚ ਮੈਂ ਹਾਲੇ ਵਰਨੈਕੂਲਰ ਮਿਡਲ ਸਕੂਲ ਵਿਚ ਅੱਠਵੀਂ ਜਮਾਤ ਵਿਚ ਪੜ੍ਹ ਰਿਹਾ ਸੀ। ਜਨਵਰੀ ਜਾਂ ਫ਼ਰਵਰੀ 1920 ਵਿਚ ਮਹਾਤਮਾ ਗਾਂਧੀ ਆਦਮਪੁਰ ਖੱਦਰ-ਭੰਡਾਰ ਦਾ ਨੀਂਹ-ਪੱਥਰ ਰੱਖਣ ਲਈ ਇਕ ਛੋਟੀ ਜਿਹੀ ਕਾਰ ਵਿਚ ਆਏ। ਇਸ ਖੱਦਰ-ਭੰਡਾਰ ਦੀ ਨੀਂਹ ਥਾਣੇ ਦੇ ਲਹਿੰਦੇ ਪਾਸੇ ਰੱਖੀ ਜਾਣੀ ਸੀ। ਉਹਨਾਂ ਦੇ ਪੁੱਜਣ ਤੋਂ ਪਹਿਲਾਂ ਹੀ ਆਮ ਲੋਕਾਂ ਨੇ, ਖ਼ਾਸ ਤੌਰ ਉੱਤੇ ਆਦਮਪੁਰੋਂ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿਚੋਂ ਬਦੇਸੀ ਰੇਸ਼ਮੀ ਅਤੇ ਹੋਰ ਕੱਪੜੇ ਇਕੱਠੇ ਕਰਕੇ ਬਿਲਕੁਲ ਥਾਣੇ ਦੇ ਸਾਹਮਣੇ ਜਲੰਧਰ-ਹੁਸ਼ਿਆਰਪੁਰ ਸੜਕ ਦੇ ਉੱਤਰ ਵੱਲ ਬਹੁਤ ਵੱਡਾ ਢੇਰ ਲਾਇਆ ਹੋਇਆ ਸੀ। ਮਹਾਤਮਾ ਜੀ ਦੇ ਪੁਜਦਿਆਂ ਹੀ ਉਸ ਢੇਰ ਨੂੰ ਅੱਗ ਲਾ ਦਿਤੀ ਗਈ।

ਸਾਡੇ ਲਈ, ਨਿਆਣਿਆਂ ਲਈ ਇਹ ਇਕ ਨਿਰਾਲਾ ਹੀ ਤਮਾਸ਼ਾ ਸੀ। ਲੋਕ ਆਲੇ-ਦੁਆਲੇ ਹਜ਼ਾਰਾਂ ਦੀ ਗਿਣਤੀ ਵਿਚ ਖੜ੍ਹੇ ਨਾਲੇ ਅੱਗ ਸੇਕ ਰਹੇ ਸਨ ਅਤੇ ਨਾਲੇ ਮਹਾਤਮਾ ਗਾਂਧੀ ਦੀ ਜੈ, ਬੰਦੇ-ਮਾਤਰਮ, ਅੱਲਾ-ਹੂ-ਅਕਬਰ ਅਤੇ ਸਤਿ ਸ੍ਰੀ ਅਕਾਲ ਦੇ ਨਾਹਰੇ ਲਾ ਰਹੇ ਸਨ। ਪੁਰਸ਼, ਇਸਤਰੀਆਂ, ਬੱਚੇ, ਬੁੱਢੇ, ਸਭ ਇਹ ਨਜ਼ਾਰਾ ਦੇਖ ਰਹੇ ਸਨ। ਅੱਗ ਦੀਆਂ ਲਾਟਾਂ ਲਾਗੇ ਹੀ ਖੜ੍ਹੇ ਹੋਏ ਪਿੱਪਲ ਤੋਂ ਵੀ ਉੱਚੀਆਂ ਉੱਠ ਰਹੀਆਂ ਸਨ। ਇਸ ਕੰਮ ਤੋਂ ਵਿਹਲੇ ਹੋ ਕੇ ਭੰਡਾਰ ਦੀ ਨੀਂਹ ਵਾਲੀ ਥਾਂ ਉੱਤੇ ਜਾ ਕੇ ਮਹਾਤਮਾ ਜੀ ਉਸੇ ਕਾਰ ਵਿਚ ਹੱਥ ਜੋੜੀਂ ਖਲੋਤੇ ਸਨ। ਸਿਰ ਉਤੇ ਗੁਜਰਾਤੀ ਢੰਗ ਨਾਲ ਵਡੀ ਸਾਰੀ ਖੱਦਰ ਦੀ ਚਿੱਟੀ ਪੱਗ, ਗਲ ਵਿਚ ਖੁੱਲ੍ਹੀਆਂ ਬਾਹਾਂ ਦਾ ਵੱਡਾ ਸਾਰਾ ਖੱਦਰ ਦਾ ਕੁੜਤਾ, ਅਤੇ ਧੋਤੀ। ਇਹਤੋਂ ਇਲਾਵਾ ਵੱਡਾ ਸਾਰਾ ਖੱਦਰ ਦਾ ਪਰਨਾ ਗਲ ਦੁਆਲੇ ਲਪੇਟਿਆ ਹੋਇਆ ਅੱਧਾ ਸਾਂਹਮਣੇ ਅਤੇ ਅੱਧਾ ਪਿੱਠ ਵੱਲ ਲਟਕ ਰਿਹਾ ਸੀ। ਨਿਆਣਿਆਂ ਦੀ ਕਾਫ਼ੀ ਗਿਣਤੀ ਬਿਲਕੁਲ ਕਾਰ ਲਾਗੇ ਜ਼ਨਾਨੀਆਂ ਵੱਲ ਬੈਠੀ ਹੋਈ ਸੀ, ਜਿਨ੍ਹਾਂ ਵਿਚ ਮੈਂ ਬਿਲਕੁਲ ਕਾਰ ਦੇ ਨਾਲ ਹੀ ਬੈਠਾ ਇਸ ਅਜੀਬ ਹੀ ਢੰਗ ਦੇ ਵਿਅਕਤੀ ਵੱਲ ਦੇਖੀਂ ਜਾ ਰਿਹਾ ਸੀ। ਉਹਨਾਂ ਨੇ ਟੁੱਟੀ-ਫੁੱਟੀ ਹਿੰਦੀ ਵਿਚ ਭਾਸ਼ਨ ਦੀ ਥਾਂ ਗੱਲਾਂ ਜਿਹੀਆਂ ਕੀਤੀਆਂ ਕਿ ਹੱਥ ਨਾਲ ਕੱਤੇ ਹੋਏ ਸੂਤ ਦੇ ਬਣੇ ਕਪੜੇ ਪਾਉ, ਬਦੇਸੀ ਕਪੜੇ ਨੂੰ ਹੱਥ ਲਾਉਣਾ ਪਾਪ ਸਮਝੋ ਅਤੇ ਕਈ ਹੋਰ ਇਹੋ ਜਿਹੀਆਂ ਗੱਲਾਂ। ਅਖੀਰ ਜਿਹੜੇ ਲਫ਼ਜ਼ ਮੇਰੀ ਯਾਦ ਵਿਚ ਅੱਜ ਤੱਕ ਸੱਜਰੇ ਹਨ, ਉਹ ਇਹ ਸਨ : "ਮੈਂ ਨੇ ਆਪਣੀ ਫ਼ਰਜ ਬਜਾ ਦੀ ਹੈ, ਅਬ ਤੁਮ ਆਪਣੀ

ਫ਼ੁਰਜ ਬਜਾਉ'' । ਉਰਦੂ ਦੇ ਲਫ਼ਜ਼ 'ਫ਼ਰਜ਼' ਨੂੰ 'ਫ਼ੁਰਜ' ਸੁਣ ਕੇ ਅਸੀਂ ਪਾੜ੍ਹੇ ਖਿੜ-ਖਿੜਾ ਕੇ ਹੱਸ ਪਏ ਸੀ ਅਤੇ ਮਹਾਤਮਾ ਜੀ ਨੇ ਸਭ ਜੁੜੀ ਲੁਕਾਈ ਨੂੰ ਉਸੇ ਤਰ੍ਹਾਂ ਹੱਥ ਜੋੜੀਂ ਖੜੋਤਿਆਂ ਨੇ ਪ੍ਰਨਾਮ ਕੀਤੀ ਅਤੇ ਵਾਪਸ ਮੁੜ ਗਏ ।

ਬੇਸ਼ੱਕ ਕਾਂਗਰਸ ਦਾ ਨਾਂ ਉਹਨਾਂ ਦਿਨਾਂ ਵਿਚ ਘਰ-ਘਰ ਪੁੱਜ ਚੁਕਿਆ ਸੀ । ਇਸ ਪਿਛੋਂ ਆਦਮਪੁਰ ਦੇ ਇਲਾਕੇ ਦੇ ਆਮ ਪਿੰਡਾਂ ਵਿਚ ਵੀ ਕਾਂਗਰਸ ਕਮੇਟੀਆਂ ਬਣਨੀਆ ਸ਼ੁਰੂ ਹੋ ਗਈਆਂ । ਮੇਰੇ ਪਿੰਡ, ਪੰਡੋਰੀ ਨਿੱਝਰਾਂ ਵਿਖੇ ਅਗਲੇ ਦਿਨ ਹੀ ਕਾਂਗਰਸ ਕਮੇਟੀ ਦੀ ਸਥਾਪਨਾ ਹੋ ਗਈ, ਜੋ ਪੰਡਤ ਮੇਹਰ ਚੰਦ ਦੀ ਅਗਵਾਈ ਥੱਲੇ ਕਾਇਮ ਕੀਤੀ ਗਈ । ਬਾਬਾ ਨੱਥਾ ਸਿੰਘ ਖ਼ੁਹਗਾ, ਜਿਹੜਾ ਬਦੇਸਾ ਤੋਂ ਆਜ਼ਾਦੀ ਦਾ ਨਜਾਰਾ ਦੇਖ ਕੇ ਮੁੜਿਆ ਸੀ, ਕਮੇਟੀ ਦਾ ਪ੍ਰਧਾਨ ਥਾਪਿਆ ਗਿਆ । ਇਹੋ ਵਜਾਹ ਸੀ ਕਿ 1922 ਦੇ ਸ਼ੁਰੂ ਵਿਚ ਜਦੋਂ ਆਮ ਗਰਿਫ਼ਤਾਰੀਆਂ ਹੋਈਆਂ, ਤਾਂ ਬਾਬਾ ਜੀ, ਜੋ ਉਸ ਵੇਲੇ ਅੱਮੀਆਂ ਦੇ ਗੇੜ ਵਿਚ ਹੋਣਗੇ, ਇਕ ਸਾਲ ਲਈ ਅਤੇ ਪੰਡਤ ਮੇਹਰ ਚੰਦ ਦੋ ਸਾਲਾਂ ਲਈ 124-ਏ ਦਫ਼ਾ ਅਧੀਨ ਕੈਦ ਕਰਕੇ ਮੁਲਤਾਨ ਜਿਹਲ ਵਿਚ ਪੁਚਾ ਦਿੱਤੇ ਗਏ ਸਨ ।

ਪੰਡਤ ਮੇਹਰ ਚੰਦ 1915-16 ਦੀ ਪਹਿਲੀ ਵੱਡੀ ਲੜਾਈ ਵਿਚ ਸਿੰਘ ਸਜ ਕੇ ਮੇਹਰ ਸਿੰਘ ਦੇ ਨਾ ਨਾਲ ਫ਼ੌਜ ਵਿਚ ਭਰਤੀ ਹੋ ਕੇ ਮੈਸੋਪੋਟਾਮੀਆ ਦੀ ਜੰਗ ਵਿਚ ਸ਼ਾਮਲ ਹੋਇਆ ਸੀ । ਲੜਾਈ ਦੇ ਖ਼ਾਤਮੇ ਦੇ ਦਿਨਾਂ ਵਿਚ ਮੇਹਰ ਸਿੰਘ ਫੇਰ ਮੇਹਰ ਚੰਦ ਬਣ ਗਿਆ ਸੀ । ਉਹਨੇ ਦੌੜਾਂ-ਛਾਲਾਂ ਦਾ ਆਮ ਪਲਟਨਾਂ ਦੇ ਮੁਕਾਬਲਿਆਂ ਵਿਚ ਰਿਕਾਰਡ ਕਾਇਮ ਕਰ ਦਿੱਤਾ ਸੀ । ਉਹ ਫ਼ੌਜ ਵਿਚੋਂ ਆ ਕੇ ਲਾਹੌਰ ਆਪਣੇ ਵੱਡੇ ਭਰਾ ਪੰਡਤ ਛੱਜੂ ਰਾਮ ਕੋਲ ਰਹਿ ਪਿਆ, ਜੋ ਉਸ ਵੇਲੇ ਪੁਲਸ ਵਿਚ ਸਿਪਾਹੀ ਸੀ । ਫ਼ੌਜ ਵਿਚ ਜਾਣ ਤੋਂ ਪਹਿਲਾਂ ਉਹ ਕੁਝ ਚਿਰ ਡੀ ਏ ਵੀ ਸਕੂਲ ਲਾਹੌਰ ਵਿਚ ਪੜ੍ਹਾਈ ਵੀ ਕਰ ਚੁਕਿਆ ਸੀ ।

ਉਹਨਾਂ ਦਿਨਾਂ ਵਿਚ ਪੁਲਸ ਦੇ ਸਿਪਾਹੀ ਦਾ ਰੁਤਬਾ ਅੱਜ ਦੇ ਥਾਣੇਦਾਰਾਂ ਤੋਂ ਵੀ ਕਿਤੇ ਵੱਧ ਦਬਦਬੇ ਵਾਲਾ ਅਤੇ ਡਰਾਉਣੇ ਰੂਪ ਵਾਲਾ ਹੋਇਆ ਕਰਦਾ ਸੀ । ਮੈਨੂੰ ਅੱਜ ਤਕ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ ਆਦਮਪੁਰ ਥਾਣੇ ਦਾ ਕੋਈ ਸਿਪਾਹੀ ਕਦੇ-ਕਦਾਈਂ ਲਾਲ ਪੱਗ ਅਤੇ ਖਾਕੀ ਵਰਦੀ ਪਾ ਕੇ ਲੱਕ ਦੁਆਲੇ ਪੇਟੀ ਲਾਈਂ ਅਤੇ ਹੱਥ ਵਿਚ ਡੰਡੋਰਚੂ ਜਿਹਾ ਫੜੀਂ ਆਦਮਪੁਰ ਦੇ ਰਾਹੋਂ ਪਿੰਡ ਵੱਲ ਆਉਂਦਾ ਦਿੱਸ ਪੈਂਦਾ ਤਾਂ ਅਸੀਂ ਨਿਆਣੇ ਭੱਜ ਕੇ ਲੁਕ ਜਾਂਦੇ ਸੀ ਅਤੇ ਲੰਘਦੇ ਸਿਪਾਹੀ ਨੂੰ ਝਾਤੀਆਂ ਮਾਰ-ਮਾਰ ਦੇਖਿਆ ਕਰਦੇ ਸੀ ।

ਲਾਹੌਰ ਵਿਚ ਰਹਿਣ ਕਰਕੇ ਪੰਡਤ ਮੇਹਰ ਚੰਦ ਪੱਕਾ ਕਾਂਗਰਸੀ ਬਣ ਕੇ ਪਿੰਡ ਆ ਗਿਆ । ਉਹਨੇ ਕਾਂਗਰਸ ਦਾ ਪ੍ਰਚਾਰਕ ਬਣ ਕੇ ਪਹਿਲਾਂ ਆਪਣੇ ਪਿੰਡ ਵਿਚ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿਚ ਉਸ ਵੇਲੇ ਦੇ ਆਗੂਆਂ ਨਾਲ ਰਲ ਕੇ ਕਾਂਗਰਸ ਕਮੇਟੀਆਂ ਬਣਾਉਣੀਆਂ ਸ਼ੁਰੂ ਕਰ ਦਿਤੀਆਂ । ਉਹਨੇ ਹਰ ਐਤਵਾਰ ਪਿੰਡ ਦੇ ਵਿਚਕਾਰ ਆਪਣੇ ਘਰ ਦੇ ਲਾਗੇ, ਲੰਬੜਦਾਰ ਭਗਵਾਨ ਸਿੰਘ ਦੇ ਘਰ ਸਾਹਮਣੇ ਪਿੱਪਲਾਂ ਥੱਲੇ ਕਾਫ਼ੀ ਖੁੱਲ੍ਹੇ ਚੌਕ ਵਿਚ ਜਲਸਾ ਕਰਨਾ ਸ਼ੁਰੂ ਕਰ ਦਿੱਤਾ । ਅਸੀਂ ਵੀ ਸਨਿਚਰ ਦੀ ਸ਼ਾਮ ਨੂੰ ਘੜਿਆਲ ਫੜ ਕੇ ਪਿੰਡ ਵਿਚ ਬੰਦੇ-ਮਾਤਰਮ, ਅੱਲਾ-ਹੂ-ਅਕਬਰ ਅਤੇ ਸਤਿ ਸ੍ਰੀ ਅਕਾਲ ਦੇ ਨਾਹਰੇ ਲਾ-ਲਾ ਪਿੰਡ ਦੀਆਂ ਗਲੀਆਂ ਵਿਚ ਗੇੜੇ ਕਢਣੇ ਸ਼ੁਰੂ ਕਰ ਦਿੱਤੇ ।

ਪੰਡਤ ਮੇਹਰ ਚੰਦ ਉਹਨਾਂ ਦਿਨਾਂ ਵਿਚ ਛੜਾ-ਮਲੰਗ ਹੀ ਸੀ ਅਤੇ ਉਹਦੇ ਭਰਾ [illegible] ਖੁੱਲ੍ਹਾ ਪੱਕਾ ਮਕਾਨ ਬਣਾਇਆ ਹੋਇਆ ਸੀ, ਜਿਸ ਵਿਚ ਇਕ ਚੱਕੀ ਵੀ [illegible] ਲੱਗੀ ਸੀ। ਮੇਹਰ ਚੰਦ ਨੇ ਲੁਹਾਰ ਸੱਦ ਕੇ ਉਹ ਚੱਕੀ ਰੁਹਾ ਲਈ ਅਤੇ ਸਾਥੋਂ ਘਰਾਂ ਤੋਂ ਕਣਕ ਦੇ ਦਾਣੇ ਮੰਗਵਾ ਕੇ ਪੀਹਣ ਦਾ ਅਭਿਆਸ ਸ਼ੁਰੂ ਕਰ ਦਿੱਤਾ। ਅਸੀਂ [illegible] ਜਿਹੜੇ ਮਗਰੋਂ ਬਬਰ ਲਹਿਰ ਵਿਚ ਫੜੇ ਗਏ ਸੀ, ਰਾਤ ਨੂੰ ਉਥੇ ਹੀ ਸੌਣ ਲੱਗ [illegible] ਅਤੇ ਸਹਿਜੇ-ਸਹਿਜੇ ਘਰਾਂ ਤੋਂ 5-6 ਚੱਕੀਆਂ ਲਿਆ ਕੇ ਅਸੀਂ ਵੀ ਇਹੋ ਕੰਮ [illegible] ਕਰ ਦਿੱਤਾ। ਮੇਹਰ ਚੰਦ ਕਹਿੰਦਾ ਸੀ ਕਿ ਜਿਹਲ ਜਾ ਕੇ ਇਹ ਕੰਮ ਕਰਨਾ [illegible] ਹੈ, ਕਿਉਂ ਨਾ ਪਹਿਲਾਂ ਹੀ ਕਸਰਤ ਕਰ ਲਈ ਜਾਵੇ। ਸੋ ਅਸੀਂ ਸੇਰ-ਸੇਰ ਤੋਂ [illegible] ਹੋ ਕੇ ਧੜੀ-ਧੜੀ ਤੱਕ ਪੀਹਣ ਲੱਗ ਪਏ। ਉਧਰ ਸਾਡੀਆਂ ਮਾਵਾਂ ਖ਼ੁਸ਼ੀ-ਖ਼ੁਸ਼ੀ [illegible] ਦੇਣ ਲੱਗ ਪਈਆਂ। ਉਹਨਾਂ ਦਿਨਾਂ ਵਿਚ ਸਚਮੁੱਚ ਹੀ ਆਮ ਘਰਾਂ ਵਿਚ ਚੱਕੀ [illegible] ਆਟੇ ਦੀ ਰੋਟੀ ਨੂੰ ਬਹੁਤ ਵੱਡੀ ਸ਼ੈ ਸਮਝਿਆ ਜਾਂਦਾ ਸੀ। ਤੇ ਅਸੀਂ ਚਾਚੀਆਂ-ਤਾਈਆਂ ਦੀ ਵੀ ਸਹਾਇਤਾ ਸ਼ੁਰੂ ਕਰ ਦਿੱਤੀ ਸੀ ਅਤੇ ਜਿਹਲੀਂ ਜਾਣ ਦੀ ਪੱਕੇ-ਪੈਰੀਂ ਨੀਂਹ ਧਰ ਦਿੱਤੀ ਸੀ।

ਸਿੱਧੀਆਂ-ਸਾਦੀਆਂ ਮਾਵਾਂ ਨੂੰ ਉਦੋਂ ਕੀ ਪਤਾ ਸੀ ਕਿ ਸਾਡੇ ਇਹਨਾਂ ਕੰਮਾਂ ਨੇ ਮਗਰੋਂ ਜਾ ਕੇ ਕਿਹੋ ਜਿਹੇ ਪੁਆੜੇ ਖੜ੍ਹੇ ਕਰਨੇ ਸਨ। ਘਰ-ਘਾਟ ਉਜੜਨ ਦੇ ਨਾਲ-ਨਾਲ ਪੁਲਸ ਦੇ ਬੋਲ-ਕੁਬੋਲ ਵੀ ਸੁਣਨੇ ਪੈਣੇ ਸਨ।

ਮਹਾਤਮਾ ਜੀ ਦੇ ਆਦਮਪੁਰ ਦੇ ਦੌਰੇ ਮਗਰੋਂ ਆਲੇ-ਦੁਆਲੇ ਦੇ ਪਿੰਡਾਂ ਵਿਚ ਕਾਂਗਰਸ ਕਮੇਟੀਆਂ ਦਾ ਜਾਲ ਵਿਛ ਗਿਆ ਅਤੇ ਜਲੰਧਰ ਸ਼ਹਿਰ ਦੇ ਕਾਂਗਰਸੀ ਆਗੂ ਵੀ ਸਾਡੇ ਪਿੰਡੀਂ ਆਉਣੇ ਸ਼ੁਰੂ ਹੋ ਗਏ। ਪੰਡਤ ਮੇਹਰ ਚੰਦ ਦੇ ਨਾਲ ਪੰਡਤ ਮੂਲ ਰਾਜ, ਭੋਲਾ ਨਾਥ, ਮਾਸਟਰ ਕਾਸ਼ੀ ਰਾਮ, ਨਜ਼ਮਾਂ ਪੜ੍ਹਨ ਵਾਲਾ ਚੰਬਾ ਰਾਮ ਅਤੇ ਕਈ ਹੋਰ ਕਾਂਗਰਸੀ ਪ੍ਰਚਾਰਕ ਆਉਣ ਲੱਗ ਪਏ। ਕਦੀ ਕੋਈ, ਕਦੀ ਕੋਈ ਆਇਆ ਹੀ ਰਹਿੰਦਾ ਅਤੇ ਅਸੀਂ ਸਭ ਪੱਕੇ ਖੱਦਰਧਾਰੀ ਬਣਦੇ ਗਏ। ਉਹਨਾਂ ਦਿਨਾਂ ਵਿਚ ਗਾਂਧੀ ਟੋਪੀ ਪ੍ਰਚੱਲਤ ਨਹੀਂ ਸੀ ਹੋਈ। ਸਭ ਖੱਦਰ ਦੀਆਂ ਚਿੱਟੀਆਂ ਪੱਗਾਂ ਹੀ ਬੰਨ੍ਹਦੇ ਸਨ। ਕਦੀ ਕੋਈ ਨੰਗੇ ਸਿਰ ਨਹੀਂ ਸੀ ਦੇਖਿਆ। ਉਹਨਾਂ ਦਿਨਾਂ ਵਿਚ ਨੰਗਾ ਸਿਰ ਬਦ-ਸ਼ਗਨੀ ਸਮਝਿਆ ਜਾਂਦਾ ਸੀ। ਖੁਰਦਪੁਰ ਵਿਚ ਜੋਗਿੰਦਰ ਸਿੰਘ ਅਤੇ ਕੰਦੋਲੇ ਵਿਚ ਚਤਰ ਸਿੰਘ ਤੇ ਨਰਿੰਦਰ ਸਿੰਘ ਚੰਗੇ ਕਾਂਗਰਸੀ ਆਗੂ ਸਮਝੇ ਜਾਣ ਲੱਗ ਪਏ ਸਨ।

ਪੰਡਤ ਮੇਹਰ ਚੰਦ ਨੂੰ ਤਾਂ ਤਕਰੀਬਨ ਹਰ ਰੋਜ਼ ਕਿਸੇ ਨਾ ਕਿਸੇ ਪਿੰਡੋਂ ਸੱਦਾ ਆਇਆ ਹੀ ਰਹਿੰਦਾ ਸੀ ਅਤੇ ਉਹ ਸਾਨੂੰ ਨਿਆਣਿਆਂ ਦੀ ਢਾਣੀ ਨੂੰ ਨਾਲ ਲੈ ਕੇ ਹਰ ਰਾਤ ਕਿਸੇ ਨਾ ਕਿਸੇ ਪਿੰਡ ਜਲਸਾ ਕਰਦਾ ਹੀ ਰਹਿੰਦਾ ਸੀ। ਉਹਨੇ ਸਾਨੂੰ ਇਕ ਕਵਿਤਾ ਚੇਤੇ ਕਰਾ ਛੱਡੀ ਸੀ। ਪਹਿਲਾ ਸਾਨੂੰ ਸਟੇਜ ਉਤੇ ਖੜ੍ਹੇ ਕਰ ਦੇਣਾ, ਅਸੀਂ ਨਿਆਣਿਆਂ ਵਾਲੀਆਂ ਪਤਲੀਆਂ, ਪਰ ਉੱਚੀਆਂ ਆਵਾਜ਼ਾਂ ਵਿਚ ਕਹਿਣਾ, 'ਨੱਠੇ ਜਾਣ ਫਰੰਗੀ, ਨੱਠੇ ਜਾਂਦੇ ਨੇ', ਤੇ ਅਗੋਂ ਜੁੜੀ ਭੀੜ ਤੋਂ ਕਹਾਉਣਾ, 'ਔਹ ਦੇਖ ਨੱਠੇ ਜਾਂਦੇ ਨੇ'। ਤੇ ਕਈ ਹੋਰ ਬੋਲ। ਢਾਡੀ ਨਿਰਵੈਰ ਸਿੰਘ ਦੀ ਆਵਾਜ਼ ਸਾਡੇ ਸਾਰਿਆਂ ਤੋਂ ਵੱਧ ਸੁਰੀਲੀ ਹੁੰਦੀ ਸੀ ਅਤੇ ਉਹ ਰੰਗ ਬੰਨ੍ਹ ਦਿੰਦਾ ਸੀ। ਲੁਕਾਈ ਸਾਨੂੰ ਮੁੜ-

ਮੁੜ ਦੁਹਰਾਉਣ ਲਈ ਰੌਲਾ ਪਾਉਣ ਲੱਗ ਪੈਂਦੀ ਸੀ। ਅਜੀਬ ਸਮਾਂ ਸੀ ਉਹ! ਯਾਦ ਕਰਕੇ ਨਸ਼ਾ ਆ ਜਾਂਦਾ ਹੈ!

ਮੁਕਦੀ ਗੱਲ, ਆਦਮਪੁਰ ਦੁਆਲੇ ਦੇ ਪਿੰਡਾਂ ਵਿਚ ਕਾਂਗਰਸ ਕਮੇਟੀਆਂ ਕਾਇਮ ਹੋ ਗਈਆਂ ਅਤੇ ਬਾਅਦ ਵਿਚ ਏਹੋ ਇਲਾਕਾ ਬਬਰਾਂ ਦਾ ਗੜ੍ਹ ਬਣਿਆ ਤੇ ਉਹਨਾਂ ਨੇ ਵੱਧ ਤੋਂ ਵੱਧ ਸ਼ਹੀਦੀਆਂ ਇਸੇ ਇਲਾਕੇ ਵਿਚੋਂ ਹੀ ਪਾਈਆਂ।

ਲਾਲ ਪੱਗ ਵਾਲੇ ਨੂੰ ਦੇਖ ਕੇ ਲੁਕ ਜਾਣ ਵਾਲੀ ਜਨਤਾ ਦਿਨਾਂ ਵਿਚ ਹੀ ਹਿੱਕਾਂ ਕੱਢ-ਕੱਢ ਜਿਹਲੀਂ ਜਾਣ ਨੂੰ ਤਿਆਰ ਹੋ ਗਈ। ਬੰਦੇ ਤਾਂ ਇਕ ਪਾਸੇ, ਜ਼ਨਾਨੀਆਂ ਤਕ ਨਾਹਰੇ ਲਾਉਣ ਲੱਗ ਪਈਆਂ ਕਿ ਅਸੀਂ ਹੁਣ ਸਵਰਾਜ ਕਾਇਮ ਕਰਕੇ ਹੀ ਦਮ ਲੈਣਾ ਹੈ। ਇਕ ਪਾਸੇ ਤਾਂ ਕਾਂਗਰਸੀ ਪ੍ਰਚਾਰ ਚੜ੍ਹਤ ਉੱਤੇ ਸੀ ਅਤੇ ਨਾਲ ਲਗਦਿਆਂ ਖ਼ਿਲਾਫ਼ਤ ਦਾ ਪ੍ਰਚਾਰ ਆਮ ਮੁਸਲਮਾਨ ਪਿੰਡਾਂ ਵਿਚ ਜ਼ੋਰ ਫੜਨ ਲੱਗ ਪਿਆ ਸੀ। ਸਮਝ ਲਉ, ਕਾਂਗਰਸੀ ਅਤੇ ਖ਼ਿਲਾਫ਼ਤੀ ਲੀਡਰਾਂ ਨੇ ਇਕੋ ਸਟੇਜ ਉਤੇ ਖੜੋ ਕੇ ਹਿੰਦੂ, ਮੁਸਲਮਾਨ ਅਤੇ ਸਿੱਖ ਦਾ ਅਜਿਹਾ ਗੱਠ-ਜੋੜ ਬਣਾਇਆ ਕਿ ਲੱਗਣ ਲੱਗ ਪਿਆ ਕਿ ਅੰਗਰੇਜ਼ ਦੌੜੇ ਕਿ ਦੌੜੇ। ਮਹਾਤਮਾ ਗਾਂਧੀ ਦਾ ਅਤੇ ਮੌਲਾਨਾ ਮੁਹੰਮਦ ਅਲੀ ਤੇ ਸ਼ੌਕਤ ਅਲੀ, ਦੋਵਾਂ ਅਲੀ ਭਰਾਵਾਂ ਦਾ ਨਾਂ ਘਰ-ਘਰ ਪੁੱਜ ਗਿਆ। ਆਮ ਲੋਕ ਅੰਗਰੇਜ਼ ਵਿਰੁੱਧ ਉੱਠ ਖੜੋਤੇ। ਕਿਥੇ ਤਾਂ ਲਾਲ ਪੱਗ ਵਾਲੇ ਸਿਪਾਹੀ ਨੂੰ ਦੇਖ ਕੇ ਲੋਕ ਖਿਸਕ ਤੁਰਦੇ ਸਨ, ਕਿਥੇ ਆਦਮਪੁਰ ਥਾਣੇ ਦੇ ਸਾਹਮਣੇ ਉਸੇ ਥਾਂ ਉੱਤੇ ਕਾਂਗਰਸੀ ਖ਼ਿਲਾਫ਼ਤੀ ਸਾਂਝੇ ਜਲਸੇ ਹੋਣੇ ਸ਼ੁਰੂ ਹੋ ਗਏ ਸਨ, ਜਿਥੇ ਬਦੇਸੀ ਕਪੜਿਆਂ ਦੇ ਢੇਰ ਨੂੰ ਅੱਗ ਲਾਈ ਗਈ ਸੀ। ਅਸੀਂ 'ਨੱਠੇ ਜਾਣ ਫ਼ਰੰਗੀ' ਦੀ ਮੁਹਾਰਨੀ ਕਈ ਵਾਰ ਗਾ ਚੁੱਕੇ ਸੀ ਅਤੇ ਥਾਣੇ ਦਾ ਵੱਡਾ ਕਾਲਾ ਦਰਵਾਜ਼ਾ ਬੰਦ ਕਰਕੇ ਪੁਲਸ ਅੰਦਰ ਜਾ ਵੜਦੀ ਸੀ। ਜਿੰਨਾ ਚਿਰ ਜਲਸਾ ਖ਼ਤਮ ਨਹੀਂ ਸੀ ਹੋ ਜਾਂਦਾ, ਕਿਸੇ ਲਾਲ ਪੱਗ ਵਾਲੇ ਦੀ ਬਾਹਰ ਝਾਕਣ ਤੱਕ ਦੀ ਹਿੰਮਤ ਨਹੀਂ ਸੀ ਹੁੰਦੀ।

ਏਨੀਂ ਛੇਤੀ ਏਡੀ ਵਡੀ ਲਹਿਰ ਦਾ ਸਾਰੇ ਦੇਸ ਵਿਚ ਆਮ ਪਿੰਡਾਂ ਤੱਕ ਫੈਲ ਜਾਣ ਦਾ ਕਾਰਨ 1918 ਦਾ ਰੌਲਟ ਐਕਟ ਸੀ, ਜੀਹਦੇ ਅਰਥ ਸਨ ਨਾ ਦਲੀਲ, ਨਾ ਵਕੀਲ ਅਤੇ ਨਾ ਅਪੀਲ। ਵੱਡੀ ਲੜਾਈ ਦੇ ਦਿਨਾਂ ਵਿਚ ਮਹਾਤਮਾ ਗਾਂਧੀ ਅੰਗਰੇਜ਼ਾਂ ਦੀ ਮਦਦ ਲਈ ਪੂਰੀ ਵਾਹ ਲਾ ਰਹੇ ਸਨ, ਜਦੋਂ ਕਿ ਤਿਲਕ ਅਤੇ ਉਹਨਾਂ ਦੇ ਸਾਥੀ ਅੰਗਰੇਜ਼ ਵਿਰੁੱਧ ਸੰਘਰਸ਼ ਕਰ ਰਹੇ ਸਨ। ਪੰਜਾਬ ਦੇ ਲਾਲਾ ਲਾਜਪਤ ਰਾਏ ਅਤੇ ਬੰਗਾਲ ਵਾਲੇ ਬਿਪਨ ਪਾਲ ਤਿਲਕ ਮਹਾਰਾਜ ਦੇ ਹਮਾਇਤੀ ਸਨ ਅਤੇ ਲਾਲ ਬਾਲ ਪਾਲ ਦੇ ਨਾਂਵਾਂ ਥੱਲੇ ਪ੍ਰਸਿੱਧੀ ਪਾ ਚੁੱਕੇ ਸਨ।

ਮਹਾਤਮਾ ਜੀ ਦਾ ਪੱਕਾ ਵਿਸ਼ਵਾਸ ਸੀ ਕਿ ਅੰਗਰੇਜ਼ ਲੜਾਈ ਜਿੱਤ ਜਾਣ ਪਿਛੋਂ ਹੋਮ-ਰੂਲ, ਅੱਧਾ-ਪਚੱਧਾ ਆਪਣਾ ਰਾਜ ਜ਼ਰੂਰ ਦੇ ਦੇਵੇਗਾ। ਪਰ ਮਿਲਿਆ ਰੌਲਟ ਐਕਟ। ਇਹਦਾ ਸਿੱਟਾ 13 ਅਪਰੈਲ 1919 ਦਾ ਜਲ੍ਹਿਆਂਵਾਲੇ ਬਾਗ਼ ਦਾ ਘੱਲੂਘਾਰਾ ਬਣ ਕੇ ਨਿਕਲਿਆ। ਨਿਹੱਥੇ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਦੇ ਆਹੂ ਲਾਹੇ ਗਏ। ਮਹਾਤਮਾ ਜੀ ਨੇ ਅੰਗਰੇਜ਼ਾਂ ਵਿਰੁੱਧ ਸ਼ਾਂਤਮਈ ਦੇ ਅਨੋਖੇ ਹਥਿਆਰ ਨੂੰ ਅਜ਼ਮਾਉਣਾ ਆਰੰਭ ਕਰ ਦਿੱਤਾ। ਇਸੇ ਰੌਲਟ ਐਕਟ ਸਦਕਾ ਮੈਂ 1926 ਵਿਚ ਜਾ ਕੇ ਇਕ ਸਾਲ ਲਈ ਪਿੰਡ ਵਿਚ ਨਜ਼ਰਬੰਦੀ ਦੀ ਸਜ਼ਾ ਭੁਗਤੀ ਸੀ, ਜੋ 1927 ਦੇ ਅਖ਼ੀਰ ਵਿਚ ਖ਼ਤਮ ਹੋਈ ਸੀ।

ਦੂਜੇ ਬੰਨੇ ਲੜਾਈ ਜਿੱਤ ਲੈਣ ਪਿਛੋਂ ਅੰਗਰੇਜ਼ਾਂ ਨੇ ਮਜਬੂਰੀ ਸਦਕਾ ਖੜ੍ਹੀਆਂ ਕੀਤੀਆਂ ਨਵੀਆਂ ਪਲਟਨਾਂ, ਜਿਨ੍ਹਾਂ ਵਿਚ ਬਹੁਗਿਣਤੀ ਪੰਜਾਬ ਦੇ ਜੱਟ ਸਿੱਖਾਂ ਦੀ ਹੀ ਸੀ, ਤੋੜ ਦਿੱਤੀਆਂ। ਸਭ ਲੋਕ ਜਾਂ ਤਾਂ ਬਿਨਾਂ ਪੈਨਸ਼ਨਾਂ ਤੋਂ ਜਾਂ ਨਿਗੂਣੀਆਂ ਪੈਨਸ਼ਨਾਂ ਦੇ ਕੇ ਘਰ ਵਾੜ ਦਿਤੇ ਗਏ। ਇਹ ਲੋਕ ਖ਼ੁਸ਼ੀ ਨਾਲ ਤਾਂ ਜਾਨਾਂ ਵਾਰਨ ਲਈ ਭਰਤੀ ਨਹੀਂ ਸਨ ਹੋਏ। ਇਕੋ-ਇਕ ਗ਼ਰੀਬੀ ਹੀ ਅਜਿਹੀ ਚੰਦਰੀ ਬੀਮਾਰੀ ਸੀ, ਜਿਹੜੀ 16-17 ਰੁਪਏ ਮਹੀਨਾ ਪਿਛੇ ਅੱਗ ਦੀਆਂ ਲਾਟਾਂ ਵਿਚ ਸੜਨ ਲਈ ਮਜਬੂਰ ਕਰ ਰਹੀ ਸੀ। ਉਹਨਾਂ ਦਿਨਾਂ ਵਿਚ ਜੇ ਕਿਸੇ ਜੱਟ ਕੋਲ ਸਿਰਫ਼ ਇਕ ਸੌ ਰੁਪਈਆ ਇਕੱਠਾ ਹੋ ਜਾਂਦਾ ਸੀ, ਉਹ ਆਪਣੇ ਆਪ ਨੂੰ ਵੱਡਾ ਬੰਦਾ ਸਮਝਣ ਲੱਗ ਪੈਂਦਾ ਸੀ।

ਜਿਹੜੇ ਫ਼ੌਜੀ ਮੁੜ ਪਿੰਡਾਂ ਵਿਚ ਆ ਗਏ ਸਨ, ਸਚਮੁੱਚ ਬਬਰ ਲਹਿਰ ਵਿਚ ਬਹੁਗਿਣਤੀ ਇਹਨਾਂ ਫ਼ੌਜੀਆਂ ਦੀ ਹੀ ਸੀ, ਜਿਨ੍ਹਾਂ ਨੂੰ ਅਸੀਂ ਆਪਣੀ ਬੋਲੀ ਵਿਚ 'ਨਾਮ-ਕਟੇ' ਆਖਿਆ ਕਰਦੇ ਸੀ। ਉਹਨਾਂ ਦਿਨਾਂ ਵਿਚ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦਾ ਏਨਾ ਸਿਰਜੋੜਵਾਂ ਇਕੱਠ ਸੀ ਕਿ ਸ਼ਾਤਰ ਅੰਗਰੇਜ਼ ਨਵੀਆਂ ਗੋਂਦਾਂ ਗੁੰਦਣ ਲਈ ਮਜਬੂਰ ਹੋ ਗਿਆ। ਹਿੰਦੂਆਂ ਅਤੇ ਮੁਸਲਮਾਨਾਂ ਨੂੰ ਦੁਫਾੜ ਕਰਨ ਦੀ ਕੁਟਲ-ਨੀਤੀ ਲਈ ਉਹਨੇ ਕਮਰਕਸੇ ਕਰ ਲਏ। ਰਾਏ ਬਹਾਦਰਾਂ, ਖਾਨ ਬਹਾਦਰਾਂ ਅਤੇ ਸਰਦਾਰ ਬਹਾਦਰਾਂ ਨੂੰ ਸੱਦ-ਸੱਦ ਕੇ ਸਲਾਹ-ਮਸ਼ਵਰੇ ਕਰਨੇ ਸ਼ੁਰੂ ਕਰ ਦਿਤੇ ਗਏ।

ਜਲ੍ਹਿਆਂਵਾਲੇ ਬਾਗ ਦੇ ਕਤਲਾਮ ਪਿਛੋਂ ਅੰਮ੍ਰਿਤਸਰ ਦੇ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਨੇ ਉਹਨਾਂ ਦਿਨਾਂ ਦੇ ਚੀਫ਼ ਖ਼ਾਲਸਾ ਦੀਵਾਨ ਅਤੇ ਸਿੰਘ ਸਭਾ ਦੇ ਮੋਢੀਆਂ ਦੀ ਮਾਰਫ਼ਤ ਸ੍ਰੀ ਦਰਬਾਰ ਸਾਹਿਬ ਵਿਚ ਬੈਠੇ ਮੁਸ਼ਟੰਡੇ ਮਹੰਤਾਂ ਤੋਂ ਕਾਤਲ ਡਾਇਰ ਨੂੰ ਅਕਾਲ ਤਖ਼ਤ ਉੱਤੇ ਸੱਦ ਕੇ ਸਿਰੋਪਾ ਦੁਆ ਦਿਤਾ। ਇਸ ਗੱਲ ਦਾ ਸਿੱਖਾਂ ਉਤੇ ਏਨਾਂ ਡੂੰਘਾ ਅਸਰ ਪਿਆ ਕਿ ਸਿੱਖਾਂ ਵਿਚ ਇਕ ਨਵੀਂ ਜਾਗਰਤੀ ਨੇ ਜਨਮ ਲਿਆ। ਇਹਦੇ ਸਿੱਟੇ ਵਜੋਂ ਅੱਗੇ ਜਾ ਕੇ ਅਕਾਲੀ ਲਹਿਰ ਦਾ ਜਨਮ ਹੋਇਆ। ਤੇ ਇਸੇ ਅਕਾਲੀ ਲਹਿਰ ਸਦਕਾ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਜੂਦ ਵਿਚ ਆਏ। ਇਸੇ ਸ਼੍ਰੋਮਣੀ ਅਕਾਲੀ ਦਲ ਦਾ ਪਹਿਲਾ ਜਨਰਲ ਸਕੱਤਰ ਭਾਈ ਕਿਸ਼ਨ ਸਿੰਘ ਗੜਗੱਜ ਚਕਰਵਰਤੀ ਜਥੇ ਦਾ ਅਤੇ ਬਾਅਦ ਵਿਚ ਬਬਰ ਲਹਿਰ ਦਾ ਜਨਮਦਾਤਾ ਬਣਿਆ।

# 2. ਗੁਰਦੁਆਰਾ ਰਕਾਬਗੰਜ ਦਿੱਲੀ ਬਾਬਤ ਪਹਿਲਾ ਮੋਰਚਾ

ਪਹਿਲੀ ਵੱਡੀ ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਅੰਗਰੇਜ਼ ਕਲਕੱਤਿਉਂ ਰਾਜਧਾਨੀ ਦਿੱਲੀ ਲੈ ਆਏ।

ਵਾਇਸਰਾਏ ਭਵਨ ਦੇ ਨਾਲ ਹੀ ਗੁਰਦੁਆਰਾ ਰਕਾਬਗੰਜ ਦੀ ਚਾਰ-ਦੀਵਾਰੀ ਲਗਦੀ ਸੀ। ਸੋ ਅੰਗਰੇਜ਼ਾਂ ਨੇ ਭਵਨ ਦੀ ਸੋਭਾ ਵਧਾਉਣ ਲਈ ਗੁਰਦੁਆਰੇ ਦੀ ਕੰਧ ਢਾਹ ਕੇ ਹੋਰ ਜ਼ਮੀਨ ਵਗਲਣੀ ਸ਼ੁਰੂ ਕਰ ਦਿੱਤੀ। ਇਹਦੀ ਖ਼ਬਰ ਪੰਜਾਬ-ਵਾਸੀਆਂ ਨੂੰ ਪੁੱਜੀ ਤਾਂ ਸਿੱਖਾਂ ਵਿਚ ਰੋਸ ਜਾਗ ਉਠਿਆ। ਅੰਗਰੇਜ਼ ਵਿਰੁੱਧ ਕਾਂਗਰਸ ਦਾ ਪ੍ਰਚਾਰ ਪਹਿਲਾਂ ਹੀ ਜ਼ੋਰਾਂ ਉੱਤੇ ਚੱਲ ਰਿਹਾ ਸੀ। ਸਰਦਾਰ ਸਰਦੂਲ ਸਿੰਘ ਕਵੀਸ਼ਰ ਦੀ ਸਰਦਾਰੀ ਹੇਠ ਸਿੱਖ ਸ਼ਹੀਦੀ ਜਥਾ ਸ੍ਰੀ ਅਕਾਲ ਤਖ਼ਤ, ਅੰਮ੍ਰਿਤਸਰ ਸਾਹਮਣੇ ਅਰਦਾਸਾ ਸੋਧ, ਇਹ ਪ੍ਰਣ ਕਰਕੇ ਦਿੱਲੀ ਲਈ ਚੱਲ ਪਿਆ ਕਿ ਜਾਂ ਤਾਂ ਮੁੜ ਗੁਰਦੁਆਰੇ ਦੀ ਕੰਧ ਉਸਾਰਾਂਗੇ, ਨਹੀਂ ਤਾਂ ਉਥੇ ਹੀ ਸ਼ਹੀਦੀਆਂ ਪਾਵਾਂਗੇ।

ਇਸ ਜਥੇ ਦੀ ਰਵਾਨਗੀ ਦੀ ਖ਼ਬਰ ਨੇ ਖਾਸ ਤੌਰ ਉੱਤੇ ਪੰਜਾਬ ਵਿਚ ਅਤੇ ਆਮ ਤੌਰ ਉੱਤੇ ਸਾਰੇ ਦੇਸ ਵਿਚ ਖਿਲਰੇ ਸਿਖਾਂ ਵਿਚ ਇਕ ਨਵਾਂ ਜੋਸ਼ ਭਰ ਦਿੱਤਾ। ਦੂਜੇ ਬੰਨੇ, ਜਦੋਂ ਇਹ ਖ਼ਬਰ ਬਦੇਸਾਂ ਵਿਚ ਗਈਆਂ ਹੋਈਆਂ ਸਿੱਖ ਫੌਜਾਂ ਵਿਚ ਪੁੱਜੀ, ਤਾਂ ਫੌਜੀਆਂ ਵਿਚ ਵੀ ਰੋਸ ਜਾਗ ਪਿਆ। ਪਹਿਲੀ ਲੜਾਈ ਦੀ ਜਿੱਤ ਦੀ ਖ਼ੁਸ਼ੀ ਅੰਗਰੇਜ ਨੂੰ ਕਿਰਕਰੀ ਹੁੰਦੀ ਜਾਪਣ ਲੱਗ ਪਈ। ਦੂਜੇ ਬੰਨੇ ਪੰਜਾਬ ਦੇ ਸਿੱਖ ਰਜਵਾੜਿਆਂ ਨੂੰ ਵੀ ਇਹ ਗੱਲ ਬੁਰੀ ਜਾਪੀ, ਜਿਨ੍ਹਾਂ ਦੇ ਵਡੇ-ਵਡੇਰਿਆਂ ਨੇ 1857 ਦੀ ਆਜ਼ਾਦੀ ਦੀ ਲਹਿਰ ਨੂੰ ਦਬਾਉਣ ਲਈ ਅੰਗਰੇਜ਼ ਦਾ ਪੂਰਾ-ਪੂਰਾ ਸਾਥ ਦਿੱਤਾ ਸੀ। ਮੁਕਦੀ ਗੱਲ, ਸ਼ਾਤਰ ਅੰਗਰੇਜ ਮੌਕੇ ਨੂੰ ਤਾੜ ਗਿਆ ਅਤੇ ਉਸੇ ਰਾਤ ਉਸੇ ਥਾਂ ਕੰਧ ਉਸਾਰ ਦਿਤੀ ਗਈ।

ਸਿੱਖਾਂ ਦੇ ਇਸ ਪਹਿਲੇ ਮੋਰਚੇ ਨੇ ਏਨੀ ਵੱਡੀ ਸਲਤਨਤ ਨੂੰ ਥੁੱਕ ਕੇ ਚੱਟਣ ਲਈ ਮਜਬੂਰ ਕਰ ਦਿੱਤਾ, ਜਿਸ ਨਾਲ ਸਿੱਖਾਂ ਦੇ ਹੌਸਲੇ ਬਹੁਤ ਵਧ ਗਏ ਅਤੇ ਗੁਰਦੁਆਰਿਆਂ ਦੇ ਸੁਧਾਰ ਲਈ ਇਹ ਘਟਨਾ ਇਕ ਕਿਸਮ ਦਾ ਬੁਨਿਆਦੀ ਪੱਥਰ ਬਣ ਗਈ। ਸਿੱਖਾਂ ਦਾ ਇਹ ਪਹਿਲਾ ਸ਼ਾਂਤਮਈ ਮੋਰਚਾ ਸੀ ਜੋ ਕਾਮਯਾਬੀ ਨਾਲ ਫਤਿਹ ਕਰ ਲਿਆ ਗਿਆ। ਇਸੇ ਸ਼ਾਤਮਈ ਜਿੱਤ ਨੇ ਕਾਂਗਰਸ ਦੇ ਮਹਾਂਰਥੀ ਮਹਾਤਮਾ ਗਾਂਧੀ

ਜੀ ਨੂੰ ਏਨਾਂ ਪ੍ਰਭਾਵਿਤ ਕੀਤਾ ਕਿ ਉਹਨਾਂ ਨੇ ਸਰਦਾਰ ਸਰਦੂਲ ਸਿੰਘ ਕਵੀਸਰ ਨੂੰ ਉਸੇ ਵੇਲੇ ਆਪਣੀ ਕਾਂਗਰਸ ਵਰਕਿੰਗ ਕਮੇਟੀ ਦਾ ਪਹਿਲਾ ਸਿੱਖ ਮੈਂਬਰ ਲੈ ਲਿਆ; ਭਾਵੇਂ ਕਿ ਉਹ ਘਬਰਾਉਂਦੇ ਸਨ ਕਿ ਸਿੱਖ ਇਕ ਜੁਸੀਲੀ ਕੌਮ ਹੈ, ਜੀਹਨੂੰ ਸ਼ਾਂਤਮਈ ਲੀਹਾਂ ਉਤੇ ਚਲਾਉਣਾ ਅਸੰਭਵ ਹੈ। ਪਰ ਤਜਰਬੇ ਨੇ ਉਹਨਾਂ ਦਾ ਖਿਆਲ ਗ਼ਲਤ ਸਿਧ ਕਰ ਦਿੱਤਾ। ਰਹਿੰਦੀ-ਖੂਹੰਦੀ ਕਸਰ ਗੁਰੂ ਕੇ ਬਾਗ ਦੇ ਸ਼ਾਂਤਮਈ ਮੋਰਚੇ ਨੇ ਪੂਰੀ ਕਰ ਦਿਤੀ।

ਉਹਨਾਂ ਦਿਨਾਂ ਵਿਚ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਦੀ ਸ਼ਾਨ ਹੀ ਨਿਰਾਲੀ ਹੁੰਦੀ ਸੀ। ਉਹ ਸਾਰੇ ਮੁਲਕ ਦੀਆਂ ਅੱਖਾਂ ਦਾ ਤਾਰਾ ਸਮਝਿਆ ਜਾਂਦਾ ਸੀ। ਇਸ ਸੰਸਥਾ ਦੀ ਅਗਵਾਈ ਦਾਦਾ ਭਾਈ ਨਾਰੋਜੀ, ਗੋਖਲੇ, ਫੀਰੋਜ਼ਸ਼ਾਹ ਮਹਿਤਾ ਅਤੇ ਤਿਲਕ ਜਿਹੀਆ ਸਤਿਕਾਰਜੋਗ ਹਸਤੀਆਂ ਕਰ ਗੁਜ਼ਰੀਆਂ ਸਨ। ਅੱਜ ਸਮੁੱਚੀ ਵਾਗਡੋਰ ਮਹਾਤਮਾ ਗਾਂਧੀ ਜੀ ਦੇ ਹੱਥ ਆ ਚੁੱਕੀ ਸੀ ਅਤੇ ਉਹਦੇ ਮੈਂਬਰ ਪੰ: ਮੋਤੀਲਾਲ ਨਹਿਰੂ, ਸਰਦਾਰ ਪਟੇਲ, ਰਾਜਨ ਬਾਬੂ, ਸੀ. ਆਰ. ਦਾਸ, ਮੌਲਾਨਾ ਆਜ਼ਾਦ, ਲਾਲਾ ਲਾਜਪਤ ਰਾਏ ਵਰਗੇ ਆਗੂ ਸਨ। ਸਿੱਖਾਂ ਦੀ ਪ੍ਰਤੀਨਿਧਤਾ ਸ੍ਰ: ਸਰਦੂਲ ਸਿੰਘ ਕਵੀਸ਼ਰ ਦੇ ਹਿੱਸੇ ਆਈ ਅਤੇ ਬਾਅਦ ਵਿਚ ਸਿੱਖਾਂ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਤੋਂ ਲੈ ਕੇ ਮਾਸਟਰ ਤਾਰਾ ਸਿੰਘ ਤੱਕ ਆ ਪੁੱਜੀ। ਉਦੋਂ ਤੱਕ ਅਕਾਲੀ ਅਤੇ ਕਾਂਗਰਸੀ ਸਿੱਖਾਂ ਵਿਚ ਕੋਈ ਵਿਤਕਰਾ ਨਹੀਂ ਸੀ ਪਿਆ। ਇਹੋ ਕਾਰਨ ਹੈ ਕਿ ਆਜ਼ਾਦੀ ਤੋਂ ਬਾਅਦ ਕਈ ਪਹਿਲੇ ਅਕਾਲੀ ਕਾਂਗਰਸੀ ਬਣ ਕੇ ਵਜ਼ੀਰੀਆਂ ਅਤੇ ਚੀਫ ਮਨਿਸਟਰੀਆਂ ਤੱਕ ਜਾ ਪੁੱਜੇ ਸਨ।

1920 ਵਿਚ ਸਾਰੇ ਸਿੱਖ ਆਗੂ ਪਹਿਲਾਂ ਕਾਂਗਰਸੀ ਹੀ ਬਣੇ ਸਨ, ਜਿਨ੍ਹਾਂ ਵਿਚ ਮਸ਼ਹੂਰ ਝੁਬਾਲੀਏ ਭਰਾ, ਊਧਮ ਸਿੰਘ, ਮੋਹਣ ਸਿੰਘ ਨਾਗੋਕੇ ਅਤੇ ਹੋਰ ਬਹੁਤ ਸਾਰੇ ਮਝੈਲ, ਦੁਆਬੇ ਵਿਚ ਸਾਰੇ ਗਦਰ ਪਾਰਟੀ ਵਾਲੇ, ਕੈਨੇਡਾ ਤੋਂ ਮੁੜੇ ਹੋਏ ਬਾਬਾ ਕਰਮ ਸਿੰਘ ਚੀਮਾ, ਹਰੀ ਸਿੰਘ ਸੂੰਢ, ਹਰੀ ਸਿੰਘ ਜਲੰਧਰੀ, ਭਾਗ ਸਿੰਘ ਕੈਨੇਡੀਅਨ, ਕਰਮ ਸਿੰਘ ਝਿੰਗੜ ਤੇ ਪਿਆਰਾ ਸਿੰਘ ਲੰਗੇਰੀ, ਜਰਨੈਲ ਮੂਲਾ ਸਿੰਘ ਬਾਹੋਵਾਲ, ਪ੍ਰਤਾਪ ਸਿੰਘ ਮੋਲਾ, ਆਦਿ ਅਨੇਕ ਲੋਕ ਸ਼ਾਮਲ ਸਨ।

ਜਦੋਂ ਮੈਂ ਅਗਸਤ 1922 ਵਿਚ ਗੁਰੂ ਕੇ ਬਾਗ ਤੋਂ ਛੇ ਮਹੀਨੇ ਲਈ ਕੈਦ ਹੋ ਕੇ ਕੈਂਪ ਜਿਹਲ ਮਿੰਟਗੁਮਰੀ ਪੁਜਿਆ ਸੀ, ਤਾਂ ਉਪਰ-ਲਿਖੇ ਤਕਰੀਬਨ ਸਾਰੇ ਆਗੂ ਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਤੇ ਜੋਗਿੰਦਰ ਸਿੰਘ ਖੁਰਦਪੁਰੀ ਕਾਂਗਰਸੀ ਹੋਣ ਕਰਕੇ 124-ਏ ਥੱਲੇ ਦੋ-ਦੋ ਸਾਲਾਂ ਲਈ ਕੈਦੀ ਬਣ ਕੇ ਮੈਥੋਂ ਪਹਿਲਾਂ ਹੀ ਬਿਰਾਜ-ਮਾਨ ਸਨ। ਇਹੋ ਕਾਰਨ ਸੀ ਕਿ ਮੈਂ ਬਚਪਨ ਤੋਂ ਹੀ ਉਪਰ-ਦੱਸੇ ਆਗੂਆਂ ਦੀ ਸੰਗਤ ਹਾਸਲ ਕਰ ਲਈ ਸੀ, ਜਦੋਂ ਕਿ ਮੈਂ ਸਿਰਫ਼ ਨੌਵੀਂ ਜਮਾਤ ਦਾ ਹੀ ਵਿਦਿਆਰਥੀ ਸੀ। ਇਹ ਸਾਰੇ ਆਗੂ ਮੈਨੂੰ ਨਿਆਣਾ ਜਿਹਾ ਸਮਝ ਕੇ ਅਥਾਹ ਪਿਆਰ ਕਰਨ ਲੱਗ ਪਏ ਸਨ। ਉਹਨਾਂ ਦਿਨਾਂ ਵਿਚ ਹੀ ਸਭ ਕਾਂਗਰਸੀ ਸਿੱਖ ਅਕਾਲੀ ਸਜ ਗਏ ਸਨ।

1920 ਵਿਚ ਹੀ ਅਕਾਲੀ ਲਹਿਰ ਨੇ ਜਨਮ ਲੈ ਲਿਆ ਸੀ ਅਤੇ ਮਈ 1920 ਵਿਚ "ਅਕਾਲੀ" ਅਖ਼ਬਾਰ ਮੰਗਲ ਸਿੰਘ ਗਿੱਲ ਦੀ ਐਡੀਟਰੀ ਹੇਠ ਰੋਜ਼ਾਨਾ ਪੰਜਾਬੀ ਵਿਚ ਲਾਹੌਰੋਂ ਨਿਕਲਣਾ ਸ਼ੁਰੂ ਹੋ ਗਿਆ ਸੀ। ਉਹਦੀ ਸਰਪਰਸਤੀ ਹੀਰਾ ਸਿੰਘ

ਦਰਦ ਅਤੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ ਸੰਭਾਲ ਲਈ ਸੀ। ਇਹਨਾਂ ਹੀ ਦਿਨਾਂ ਵਿਚ ਲਾਲਾ ਲਾਜਪਤ ਰਾਏ ਦੀ ਸਰਪਰਸਤੀ ਹੇਠ ਰੋਜ਼ਾਨਾ ਉਹਦੂ ਅਖ਼ਬਾਰ "ਬੰਦੇ ਮਾਤਰਮ" ਵੀ ਲਾਹੌਰੋਂ ਨਿਕਲਣਾ ਆਰੰਭ ਹੋ ਗਿਆ। ਪਿੰਡ-ਪਿੰਡ ਦੋਵੇਂ ਅਖ਼ਬਾਰ ਪੜ੍ਹੇ ਜਾਣ ਲੱਗ ਪਏ। ਵਿਦਿਆ ਭਾਵੇਂ ਬਹੁਤੀ ਨਹੀਂ ਸੀ ਫੈਲੀ, ਪਰ ਜਦੋਂ ਇਕ-ਅੱਧ ਪੜ੍ਹਿਆ-ਲਿਖਿਆ ਸੁਣਾਉਂਦਾ ਤਾਂ ਸੁਨਣ ਵਾਲਿਆਂ ਦੀ ਭੀੜ ਲੱਗ ਜਾਂਦੀ। ਉਹਨਾਂ ਦਿਨਾਂ ਵਿਚ ਕੰਮ ਬਹੁਤ ਘੱਟ ਹੁੰਦਾ ਸੀ। ਫਸਲ ਬੀਜੀ ਅਤੇ ਫੇਰ ਕਿਸਾਨ ਉਹਨੂੰ ਵੱਢਣ ਵੇਲੇ ਹੀ ਖੇਤ ਜਾਂਦੇ ਸਨ। ਬੱਸ ਪਸ਼ੂਆਂ ਨੂੰ ਪੱਠਾ-ਦੱਥਾ ਹੀ ਵੱਡਾ ਕੰਮ ਹੁੰਦਾ ਸੀ। ਇਹੋ ਕਾਰਨ ਸੀ ਕਿ ਅਕਾਲੀ ਲਹਿਰ ਅੱਗ ਦੇ ਭਬੂਕੇ ਵਾਂਗ ਫੈਲਦੀ ਗਈ। ਆਮ ਹਿੰਦੂ ਕਾਂਗਰਸੀ ਕਹਾਉਣ ਲੱਗ ਪਏ ਅਤੇ ਸਿੱਖ ਅਕਾਲੀ ਸਜਦੇ ਗਏ। ਪਰ ਵਿਤਕਰਾ ਰੱਤੀ-ਮਾਸਾ ਵੀ ਨਹੀਂ ਸੀ ਹੁੰਦਾ। ਸਭ ਅੰਗਰੇਜ਼ ਵਿਰੁੱਧ ਇਕ-ਜਾਨ ਸਨ ਅਤੇ ਸਭ ਸ਼ੁੱਧ ਖੱਦਰ ਦੇ ਧਾਰਨੀ ਹੁੰਦੇ ਸਨ। ਸਿਰਫ ਪੱਗਾਂ ਹੀ ਕਾਲੀਆਂ ਹੁੰਦੀ ਸਨ, ਉਹ ਵੀ ਘਰ ਦੇ ਬੁਣੇ ਹੋਏ ਖੱਦਰ ਦੀਆਂ।

ਅਕਤੂਬਰ 1920 ਵਿਚ ਗੁਰਦੁਆਰਾ ਬਾਬੇ ਦੀ ਬੇਰ, ਜ਼ਿਲਾ ਸਿਆਲਕੋਟ ਉਤੇ ਅਕਾਲੀਆਂ ਦਾ ਕਬਜ਼ਾ ਹੋ ਗਿਆ। ਉਸ ਵੇਲੇ ਦੇ ਮਹੰਤ ਨੇ ਅਕਾਲੀਆਂ ਤੋਂ ਥੋੜ੍ਹਾ-ਬਹੁਤਾ ਗੁਜ਼ਾਰਾ ਮੰਨਵਾ ਕੇ ਕਬਜ਼ਾ ਦੇ ਦਿੱਤਾ ਸੀ, ਜੀਹਦਾ ਅਸਰ ਹੋਰਨਾਂ ਮਹੰਤਾਂ ਉਤੇ ਵੀ ਪੈਣਾ ਸ਼ੁਰੂ ਹੋ ਗਿਆ।

15-16 ਨਵੰਬਰ 1920 ਨੂੰ ਅੰਮ੍ਰਿਤਸਰ ਵਿਖੇ ਸ੍ਰੀ ਹਰਮੰਦਰ ਸਾਹਿਬ ਸਾਹਮਣੇ, ਅਕਾਲ ਤਖ਼ਤ ਦੇ ਵਿਹੜੇ ਵਿਚ ਸਿੱਖਾਂ ਦਾ ਬੜਾ ਭਾਰੀ ਇਕੱਠ ਹੋਇਆ। ਸਾਰੀ ਪ੍ਰਕਰਮਾ, ਦਰਸ਼ਨੀ ਡਿਉਢੀ ਅਤੇ ਆਲੇ-ਦੁਆਲੇ ਦਾ ਇਲਾਕਾ ਠਸਾ-ਠਸ ਅਕਾਲੀਆਂ ਨਾਲ ਭਰ ਗਿਆ। ਇਸ ਇਕੱਠ ਦੀ ਅਗਵਾਈ ਬਾਬਾ ਖੜਕ ਸਿੰਘ ਕਰ ਰਹੇ ਸਨ। ਪੰਜਾਬ ਦੇ ਸਾਰੇ ਸਿੱਖ ਆਗੂ ਪੁੱਜ ਚੁੱਕੇ ਸਨ। ਇਸ ਮੋਰਚੇ ਨੂੰ ਚਾਬੀਆਂ ਦੇ ਮੋਰਚੇ ਦੇ ਨਾਂ ਨਾਲ ਪ੍ਰਸਿੱਧੀ ਮਿਲੀ। ਅੰਗਰੇਜ਼ ਸਰਕਾਰ ਦੇ ਸਥਾਨਕ ਮੁਖੀ, ਡਿਪਟੀ ਕਮਿਸ਼ਨਰ ਨੇ ਚਾਬੀਆਂ ਮਹੰਤ ਤੋਂ ਲੈ ਕੇ ਸਿੱਖ ਆਗੂਆਂ ਦੇ ਸਪੁਰਦ ਕਰ ਦਿੱਤੀਆ। ਇਸੇ ਲਹਿਰ ਦੇ ਪਰਭਾਵ ਹੇਠ ਸਰਦਾਰ ਬਹਾਦੁਰ ਸਰਦਾਰ ਮਹਿਤਾਬ ਸਿੰਘ ਨੇ ਐਡਵੋਕੇਟ-ਜਨਰਲ ਦੀ ਪਦਵੀ ਤੋਂ ਅਸਤੀਫ਼ਾ ਦੇ ਦਿੱਤਾ ਸੀ, ਜਦੋਂ ਕਿ ਉਹਨਾਂ ਦੀ ਵਾਰੀ ਹਾਈ-ਕੋਰਟ ਦਾ ਜੱਜ ਬਣ ਜਾਣ ਤੱਕ ਪੁੱਜ ਚੁੱਕੀ ਸੀ।

ਇਹ ਸਿਖ ਕੌਮ ਨੂੰ ਉਸ ਵੇਲੇ ਦੀ ਸਭ ਤੋਂ ਵੱਡੀ ਦੇਣ ਸਮਝੀ ਗਈ ਅਤੇ ਸਰਦਾਰ ਬਹਾਦਰ ਬਾਬਾ ਜੀ ਤੋਂ ਦੂਜੇ ਨੰਬਰ ਦੇ ਸਿੱਖ ਆਗੂ ਮੰਨੇ ਗਏ। ਇਹੋ ਕਾਰਨ ਸੀ ਕਿ ਅੰਗਰੇਜ਼ ਨੇ ਹੋਰ ਬਖੇੜਾ ਖੜ੍ਹਾ ਹੋਣ ਤੋਂ ਡਰਦਿਆਂ ਚਾਬੀਆਂ ਸਿੱਖਾਂ ਦੇ ਹਵਾਲੇ ਕਰਕੇ ਵਕਤੀ ਤੌਰ ਉਤੇ ਖਹਿੜਾ ਤਾਂ ਛੁਡਾ ਲਿਆ, ਪਰ ਸੱਪ ਵਿਚੋ-ਵਿਚ ਜ਼ਹਿਰ ਘੋਲਣ ਲੱਗ ਪਿਆ ਸੀ ਅਤੇ ਸਿੱਖਾਂ ਨਾਲ ਦੋ-ਹੱਥ ਕਰਨ ਦੀਆਂ ਵਿਉਂਤਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ ਸਨ।

ਚਾਬੀਆਂ ਮਿਲਦਿਆਂ ਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬੁਨਿਆਦ ਧਰੀ ਗਈ। ਉਹਦੇ ਪ੍ਰਧਾਨ ਬਾਬਾ ਖੜਕ ਸਿੰਘ ਥਾਪੇ ਗਏ। ਸਭ ਉਘੇ ਸਿਖ ਆਗੂ ਸਰਬਸੰਮਤੀ ਨਾਲ ਮੈਂਬਰ ਚੁਣੇ ਗਏ। ਮੈਂਬਰੀ ਅੱਜ ਵਾਂਗ ਕੁਝ ਲੈਣ ਲਈ ਨਹੀਂ

ਸੀ ਲਈ ਜਾਂਦੀ, ਕੁਝ ਪਲਿਓਂ ਦੇਣ ਅਤੇ ਜਿਹਲਾਂ ਅੰਦਰ ਜਾਣ ਖ਼ਾਤਰ ਲਈ ਜਾਂਦੀ ਸੀ।

ਅਗਲੇ ਦਿਨ ਪਿੰਡਾਂ ਦੇ ਅਕਾਲੀ ਜਥਿਆਂ ਨੂੰ ਇਕ ਝੰਡੇ ਥੱਲੇ ਇਕੱਠਾ ਰੱਖਣ ਲਈ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਵੀ ਕਰ ਦਿੱਤੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜ਼ਿੰਮੇ ਗੁਰਦੁਆਰਿਆਂ ਦੇ ਸੁਧਾਰ ਦਾ ਕੰਮ ਸੌਂਪਿਆ ਗਿਆ, ਜਿਹੜੇ ਸਾਰੇ ਦੇ ਸਾਰੇ ਅੰਗਰੇਜ਼ ਹਕੂਮਤ ਦੀ ਸਰਦਾਰੀ ਥੱਲੇ ਮਹੰਤ ਸਾਂਭੀ ਬੈਠੇ ਸਨ। ਉਹ ਬੇਹਿਸਾਬ ਆਮਦਨ ਸਦਕਾ ਗੁਰਧਾਮਾਂ ਵਿਚ ਪੂਰੀਆਂ ਅਯਾਸ਼ੀਆਂ ਕਰਦੇ ਸਨ, ਮਾਸ ਤੇ ਸ਼ਰਾਬ ਦਾ ਸੇਵਣ ਕਰ ਰਹੇ ਸਨ ਅਤੇ ਉਹਨਾਂ ਨੇ ਦਸ-ਨੰਬਰੀਏ ਬਦਮਾਸ਼ ਤੇ ਲੁੱਚੇ-ਲਫੰਗੇ ਭਰਤੀ ਕਰ ਰੱਖੇ ਸਨ ਤਾ ਜੋ ਅਕਾਲੀ ਕਬਜ਼ਾ ਨਾ ਆ ਕਰਨ। ਇਸ ਵਿਚ ਉਹਨਾਂ ਨੂੰ ਉਸ ਵੇਲੇ ਦੇ ਅੰਗਰੇਜ਼ ਡਿਪਟੀ ਕਮਿਸ਼ਨਰਾਂ ਅਤੇ ਪੁਲਸ ਕਪਤਾਨਾਂ ਦਾ ਪੂਰਾ ਪੂਰਾ ਸਹਿਯੋਗ ਹਾਸਲ ਸੀ।

ਅਕਾਲੀ ਦਲ ਦੇ ਜ਼ਿੰਮੇ ਪਿੰਡਾਂ ਵਿਚੋਂ ਗੁਰਦੁਆਰਿਆਂ ਦੇ ਸੁਧਾਰ ਲਈ ਅਕਾਲੀ ਭਰਤੀ ਕਰਨ ਦੀ ਸੇਵਾ ਲਾਈ ਗਈ ਅਤੇ ਪਿੰਡ-ਪਿੰਡ ਅਕਾਲੀ ਦਲ ਦੀ ਭਰਤੀ ਦਾ ਕੰਮ ਸ਼ੁਰੂ ਹੋ ਗਿਆ। ਪਿੰਡਾਂ ਵਿਚ ਅਕਾਲੀਆਂ ਅਤੇ ਕਾਂਗਰਸੀਆਂ ਦੀਆਂ ਮਿਲੀਆਂ-ਜੁਲੀਆਂ ਪੰਚਾਇਤਾਂ ਵੀ ਚੁਣੀਆਂ ਜਾਣ ਲੱਗ ਪਈਆਂ, ਜਿਹੜੀਆਂ ਪਿੰਡ-ਵਾਸੀਆਂ ਦੇ ਝਗੜਿਆਂ ਨੂੰ ਪਿੰਡਾਂ ਵਿਚ ਹੀ ਨਜਿੱਠਣ ਲੱਗ ਪਈਆਂ। ਇਕ ਕਿਸਮ ਦਾ ਅਦਾਲਤਾਂ ਦਾ ਬਾਈਕਾਟ ਹੀ ਹੋਣ ਲੱਗ ਪਿਆ। ਇਥੋਂ ਤੱਕ ਕਿ ਪਿੰਡਾਂ ਦੇ ਲੰਬੜਦਾਰ ਤੱਕ ਅਕਾਲੀ ਸਜ ਕੇ ਪੰਚਾਇਤਾਂ ਦੇ ਮੋਹਰੀ ਬਣ ਬੈਠੇ।

ਮੇਰੇ ਆਪਣੇ ਪਿੰਡ ਵਿਚ ਲੰਬੜਦਾਰ ਭਗਵਾਨ ਸਿੰਘ ਜੀਹਦੇ ਘਰ ਸਾਹਮਣੇ ਪਹਿਲਾਂ ਕਾਂਗਰਸੀ ਅਤੇ ਹੁਣ ਅਕਾਲੀ ਜਲਸੇ ਹੋਣ ਲੱਗ ਪਏ ਸਨ, ਪੱਕਾ ਅਕਾਲੀ ਸਜ ਗਿਆ। ਉਹ ਖੱਦਰ ਦੇ ਬਸਤਰ ਧਾਰਨ ਕਰਨ ਦੇ ਨਾਲ-ਨਾਲ ਖੱਦਰ ਦਾ ਦੁਮਾਲਾ ਕਾਲਾ ਰੰਗਾ ਕੇ ਅਕਾਲੀਆਂ ਦਾ ਆਗੂ ਅਤੇ ਪੰਚਾਇਤ ਦਾ ਸਰਬਰਾਹ ਬਣ ਗਿਆ। ਉਸੇ ਚੌਕ ਵਿਚ ਜਿਥੇ ਜਲਸੇ ਹੁੰਦੇ ਸਨ, ਪੰਚਾਇਤ ਦੀਆਂ ਬੈਠਕਾਂ ਹੋਣ ਲੱਗ ਪਈਆਂ। ਗੱਲ ਕੀ, ਪਿੰਡ ਦੇ ਸਿਰਫ਼ ਇਕੋ ਲੰਬੜਦਾਰ ਹਰਨਾਮ ਸਿੰਘ ਤੋਂ ਬਿਨਾਂ ਬਾਕੀ ਚਾਰੇ ਲੰਬੜਦਾਰ ਅਕਾਲੀ ਸਜ ਗਏ ਜਾਂ ਅਕਾਲੀਆਂ ਦੇ ਪੱਖੀ ਬਣ ਗਏ। ਮਗਰੋਂ ਭਾਵੇਂ ਇਹੋ ਭਗਵਾਨ ਸਿੰਘ ਲੰਬੜਦਾਰ ਸਾਡੀਆਂ ਗਰਿਫ਼ਤਾਰੀਆਂ ਵੇਲੇ ਕਾਲੀ ਪੱਗ ਅਤੇ ਖੱਦਰ ਦੇ ਕਪੜੇ ਪੁਲਸ ਦੀ ਹਾਜ਼ਰੀ ਵਿਚ ਫੂਕ ਕੇ ਅੱਵਲ ਦਰਜੇ ਦਾ ਝੋਲੀ-ਚੁੱਕ ਬਣ ਗਿਆ। ਉਹ ਸਾਡੇ ਘਰਾਂ ਦੀਆਂ ਤਲਾਸ਼ੀਆਂ ਵੇਲੇ ਪੁਲਸ ਦੀ ਅਗਵਾਈ ਕਰਨ ਵਾਲਿਆਂ ਵਿਚ ਸਭ ਤੋਂ ਅੱਗੇ ਹੋ ਤੁਰਿਆ ਸੀ।

ਅਪਰੈਲ 1920 ਦੇ ਸ਼ੁਰੂ ਵਿਚ ਮੈਂ ਆਦਮਪੁਰੋਂ ਵਰਨੈਕੂਲਰ ਮਿਡਲ ਸਕੂਲ ਵਿਚੋਂ ਪਾਸ ਹੋ ਕੇ ਦੁਆਬਾ ਖ਼ਾਲਸਾ ਹਾਈ ਸਕੂਲ ਜਲੰਧਰ ਦੀ ਜੂਨੀਅਰ ਕਲਾਸ ਵਿਚ ਜਾ ਦਾਖ਼ਲਾ ਲਿਆ ਅਤੇ ਬੋਰਡਿੰਗ ਹਾਊਸ ਵਿਚ ਰਹਿਣਾ ਸ਼ੁਰੂ ਕਰ ਦਿੱਤਾ। ਉਸ ਵੇਲੇ ਸਕੂਲ ਦੇ ਹੈਡਮਾਸਟਰ ਚੰਨਣ ਸਿੰਘ ਜੀ ਬੜਾ-ਪਿੰਡ ਵਾਲੇ ਸਨ। ਉਹ ਇਕ ਫਰਿਸ਼ਤਾ-ਸੀਰਤ ਇਨਸਾਨ ਸਨ। ਉਹ ਬਹੁਤ ਹੀ ਸ਼ਾਂਤ ਤਬੀਅਤ ਅਤੇ ਹਸਮੁੱਖ ਵਿਅਕਤੀ ਸਨ।

ਮੇਰੇ ਕੁਝ ਜਮਾਤੀ ਸਨ ਗੁਰਦਿਆਲ ਸਿੰਘ ਢੁੱਲਰ, ਕਰਮ ਸਿੰਘ ਹਰੀਪੁਰ,

ਰਤਨ ਸਿੰਘ ਮਾਣਕ ਰਾਈ, ਸੁਰੈਣ ਸਿੰਘ ਸ਼ੰਕਰ, ਬਲਵੰਤ ਸਿੰਘ ਭਟਰਾਣਾ, ਕੇਹਰ ਸਿੰਘ ਸੰਧਵਾਂ ਅਤੇ ਸਵਰਨ ਸਿੰਘ, ਜੋ ਬਾਅਦ ਵਿਚ ਭਾਰਤ ਸਰਕਾਰ ਦੇ ਮੰਤਰੀ ਮੰਡਲ ਵਿਚ ਕਈ ਮਨਿਸਟਰੀਆਂ ਦੀ ਗੱਦੀ ਉੱਤੇ ਬਰਾਜਮਾਨ ਰਹੇ। ਬੱਸ ਸਵਰਨ ਸਿੰਘ ਹੁਰੀਂ ਹੀ ਮੇਰੇ ਇਹੋ ਜਿਹੇ ਜਮਾਤੀ ਸਨ, ਜਿਹੜੇ ਸਦਾ ਕਿਤਾਬਾਂ ਪੜ੍ਹਨ ਵਿਚ ਰੁੱਝੇ ਰਹਿੰਦੇ ਸਨ ਅਤੇ ਸਭ ਜਮਾਤੀਆਂ ਤੋਂ ਅਣਭਿਜ ਹੀ ਕਹੇ ਜਾ ਸਕਦੇ ਸਨ।

ਉਦੋਂ ਕਿਸੇ ਨੂੰ ਕੀ ਪਤਾ ਸੀ ਕਿ ਸਵਰਨ ਸਿੰਘ ਹੁਰਾਂ ਨੂੰ ਵਜ਼ਾਰਤਾਂ ਤੇ ਭੁੱਲਰ ਸਾਹਿਬ ਨੂੰ ਪੁਲਸ-ਕਪਤਾਨੀਆਂ ਅਤੇ ਮੇਰੇ ਵਰਗਿਆਂ ਨੂੰ ਬੇੜੀਆਂ-ਹਥਕੜੀਆਂ ਤੇ ਕਾਲ-ਕੋਠੜੀਆਂ ਉਡੀਕ ਰਹੀਆਂ ਹਨ। ਤੇ ਮੈਂ ਉਹਨਾਂ ਸਿਰ-ਲੱਥਾਂ ਦੀ ਕਤਾਰ ਵਿਚ ਜਾ ਰਲਣਾ ਸੀ ਜਿਨ੍ਹਾਂ ਨੇ ਬਾਅਦ ਵਿਚ ਅੰਗਰੇਜਾਂ ਨੂੰ ਮੁਲਕ ਵਿਚੋਂ ਕੱਢਣ ਲਈ ਸਿਰ-ਧੜ ਦੀ ਬਾਜ਼ੀ ਲਾ ਦੇਣੀ ਸੀ ਅਤੇ ਬਬਰ ਬਣ ਕੇ ਦੁਆਬੇ ਦੀ ਧਰਤੀ ਉਤੇ ਆਪਣਾ ਰਾਜ ਸਥਾਪਤ ਕਰ ਲੈਣਾ ਸੀ।

ਦੇਸ-ਸੇਵਾ ਦੀ ਚੇਟਕ ਤਾਂ ਪਹਿਲਾਂ ਹੀ ਲੱਗ ਚੁੱਕੀ ਸੀ। ਮੈਂ ਹਰ ਸਨਿਚਰ ਪਿੰਡ ਪਹੁੰਚ ਕੇ ਜਲਸਿਆਂ ਵਿਚ ਭਾਗ ਲਿਆ ਕਰਦਾ ਸੀ ਅਤੇ ਚੱਕੀ ਪੀਹਣ ਦੀ ਮਸ਼ਕ ਵੀ ਚਾਲੂ ਸੀ। ਜ਼ਿਆਦਾ ਛੁੱਟੀਆਂ ਵਾਲੇ ਦਿਨੀਂ ਦੂਜੇ ਪਿੰਡੀਂ ਜਾ ਕੇ ਵੀ ਨਜ਼ਮਾਂ ਪੜ੍ਹੀਦੀਆਂ ਸਨ।

ਅਪਰੈਲ 1922 ਵਿਚ ਮੈਂ ਨੌਵੀਂ ਵਿਚ ਦਾਖ਼ਲ ਹੋ ਗਿਆ। ਉਹਨਾਂ ਦਿਨਾਂ ਵਿਚ ਹੀ ਜਲੰਧਰ ਵਿਖੇ ਕਾਂਗਰਸ ਦੇ ਵੱਡੇ-ਵੱਡੇ ਆਗੂ ਆਏ ਹੀ ਰਹਿੰਦੇ ਸਨ। ਸੀ ਆਰ ਦਾਸ, ਲਾਲਾ ਲਾਜਪਤ ਰਾਇ, ਸਵਾਮੀ ਸਤਿਦੇਵ, ਸਰੋਜਨੀ ਨਾਇਡੂ, ਕਮਲਾ ਦੇਵੀ ਚਟੋਪਾਧਿਆਏ। ਇਹ ਦੇਵੀ ਉਹਨਾਂ ਦਿਨਾਂ ਵਿਚ, ਭਾਵ 1920 ਦੇ ਗੇੜ ਵਿਚ ਮੈਂ ਭਰ-ਜਵਾਨੀ ਵਿਚ ਦੇਖੀ ਸੀ। ਜਲਸੇ ਗਾਂਧੀ ਮੰਡਪ, ਸ਼ਹਿਰ ਦੇ ਚੜ੍ਹਦੇ ਬੰਨੇ ਸੁੱਕੇ ਤਲਾਅ ਵਿਚ ਹੋਇਆ ਕਰਦੇ ਸਨ। ਆਲੇ-ਦੁਆਲੇ ਛੋਟੀਆਂ ਇੱਟਾਂ ਦੀਆਂ ਪੌੜੀਆਂ, ਵਿਚਕਾਰ ਖੁੱਲ੍ਹਾ ਮੈਦਾਨ ਅਤੇ ਆਗੂਆਂ ਦੀ ਸਟੇਜ ਹੁੰਦੀ ਸੀ। ਰਾਤ ਦੇ ਵੇਲੇ ਸਾਰਾ ਮੰਡਪ ਠਸਾ-ਠਸ ਭਰਿਆ ਹੋਣਾ। ਸਟੇਜ ਉੱਤੇ ਇਕ-ਦੋ ਗੈਸ ਅਤੇ ਆਗੂਆਂ ਦੇ ਅੰਗਰੇਜ਼ ਸਰਕਾਰ ਵਿਰੁੱਧ ਗੂੰਜਵੇਂ ਭਾਸ਼ਨ ਅਤੇ ਅੰਗਰੇਜ਼ੀ ਬੋਲਣ ਵਾਲਿਆਂ ਦੇ ਭਾਸ਼ਨਾਂ ਦਾ ਹਿੰਦੁਸਤਾਨੀ ਵਿਚ ਤਰਜਮਾ। ਉਸ ਵੇਲੇ ਦੀ ਪ੍ਰਸਿੱਧ ਆਗੂ ਕੁਮਾਰੀ ਲਜਿਆਵਤੀ ਦੀ ਭਰ-ਜਵਾਨੀ ਦੀ ਜੁਸ਼ੀਲੀ, ਪਰ ਸੁਰੀਲੀ, ਗੂੰਜਵੀਂ ਆਵਾਜ ਸਰੋਤਿਆਂ ਨੂੰ ਮੁਗਧ ਕਰ ਦਿੰਦੀ ਸੀ। ਇਹਨਾਂ ਹੀ ਦੇਸਭਗਤੀ ਦੇ ਭਾਸ਼ਨਾਂ ਨੇ ਪੁਰਸ਼ਾਂ ਤੋਂ ਇਲਾਵਾ ਇਸਤਰੀਆਂ ਅਤੇ ਕਾਲਜਾਂ ਵਿਚ ਪੜ੍ਹਦੀਆਂ ਲੜਕੀਆਂ ਨੂੰ ਜਿਹਲੀਂ ਜਾਣ ਦੀ ਪ੍ਰੇਰਨਾ ਦਿੱਤੀ ਸੀ ਅਤੇ ਮੇਰੇ ਵਰਗੇ ਛੋਕਰੇ ਵੀ ਚੱਕੀਆਂ ਪੀਹਣ ਅਤੇ ਜਿਹਲ-ਯਾਤਰਾ ਦੀ ਤਿਆਰੀ ਕਰਨ ਲੱਗ ਪਏ ਸਨ।

20 ਫ਼ਰਵਰੀ 1921 ਨੂੰ ਨਨਕਾਣਾ ਸਾਹਿਬ ਵਾਲਾ ਸਾਕਾ ਵਰਤ ਗਿਆ। ਅੰਗਰੇਜ਼, ਜਿਹੜਾ ਸਿੱਖਾਂ ਨਾਲ ਸਿੱਧੀ ਟੱਕਰ ਲੈਣ ਦੀਆਂ ਗੋਂਦਾਂ ਗੁੰਦ ਰਿਹਾ ਸੀ, ਨੂੰ ਇਹ ਮੌਕਾ ਨਨਕਾਣੇ ਸਾਹਿਬ ਦੇ ਮਹੰਤ ਨੇ ਦੇ ਦਿੱਤਾ। ਉਹਨੇ ਉਸ ਵੇਲੇ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਮਿਸਟਰ ਕਿੰਗ ਅਤੇ ਪੁਲਸ ਕਪਤਾਨ ਮਿਸਟਰ ਬੌਰਿੰਗ ਜ਼ਿਲਾ ਸ਼ੇਖ਼ੂਪੁਰੇ ਦਾ ਹੱਥ-ਠੋਕਾ ਬਣ ਕੇ ਸਿੰਘਾਂ ਦੇ ਆਹੂ ਲਾਹ ਦਿੱਤੇ। ਤਕਰੀਬਨ ਦੋ ਸੌ ਸਿੰਘਾਂ ਦਾ ਜਥਾ ਨਨਕਾਣੇ ਸਾਹਿਬ ਦੇ ਗੁਰਦੁਆਰੇ ਦੇ ਆਲੇ-ਦੁਆਲੇ ਦੇ ਚੱਕਾਂ ਤੋਂ

ਜਥੇਦਾਰ ਲਛਮਣ ਸਿੰਘ ਦੀ ਸਰਦਾਰੀ ਹੇਠ ਗੁਰਦੁਆਰੇ ਅੰਦਰ ਪੁਜਿਆ ਹੀ ਸੀ ਅਤੇ ਗੁਰੂ ਗਰੰਥ ਸਾਹਿਬ ਦਾ ਪਾਠ ਸ਼ੁਰੂ ਕੀਤਾ ਹੀ ਸੀ ਕਿ ਗੁਰਦੁਆਰੇ ਦੀਆਂ ਛੱਤਾਂ ਤੋਂ ਗੋਲੀਆਂ ਦਾ ਮੀਂਹ ਵਰ੍ਹਨਾ ਸ਼ੁਰੂ ਹੋ ਗਿਆ। ਮਹੰਤ ਨਰੈਣ ਦਾਸ ਨੇ ਕਤਲਾਮ ਕਰਵਾ ਕੇ ਅਤੇ ਜਥੇਦਾਰ ਲਛਮਣ ਸਿੰਘ ਧਾਰੋਵਾਲ ਦਾ ਸਿਰ ਵੱਢ ਕੇ ਘੋੜੇ ਉਤੇ ਚੜ੍ਹ ਨਨਕਾਣਾ ਸਾਹਿਬ ਦੀਆਂ ਗਲੀਆਂ ਵਿਚ ਘੁਮਾਇਆ। ਜਿਥੇ ਕਦੀ ਮਨੁੱਖਤਾ ਦੇ ਪ੍ਰਚਾਰਕ ਨੇ ਜਨਮ ਲਿਆ ਸੀ, ਉਥੇ ਇਹ ਦਿਲ ਹਿਲਾ ਦੇਣ ਵਾਲੀ ਵਾਰਦਾਤ ਵਾਪਰ ਗਈ।

ਇਹਨਾਂ ਸ਼ਹੀਦੀਆਂ ਨੇ ਸਾਰੀ ਦੀ ਸਾਰੀ ਸਿੱਖ ਕੌਮ ਨੂੰ ਹਲੂਣ ਕੇ ਰੱਖ ਦਿੱਤਾ। ਕੁਝ ਦਿਨਾਂ ਅੰਦਰ ਹੀ ਕਾਲੀਆਂ ਪੱਗਾਂ ਦਾ ਸਮੁੰਦਰ ਠਾਠਾਂ ਮਾਰਨ ਲੱਗ ਪਿਆ। ਮੈਨੂੰ ਅੱਜ ਵੀ ਯਾਦ ਹੈ, ਜਦੋਂ ਅਕਾਲੀਆਂ ਦਾ ਇਕ ਜਥਾ ਜਲੰਧਰ ਜ਼ਿਲੇ ਤੋਂ ਸਿਰਾਂ ਉੱਤੇ ਕੱਫ਼ਨ ਬੰਨ੍ਹ ਕੇ ਉਸੇ ਗਾਂਧੀ ਮੰਡਪ ਜਲੰਧਰ ਪੁਜਿਆ ਸੀ ਅਤੇ ਜਲੰਧਰ ਦੇ ਕੁੱਲ ਸ਼ਹਿਰੀਆਂ ਨੇ ਉਹਨਾਂ ਨੂੰ ਵਿਦਾਇਗੀ ਦਿੰਦਿਆਂ ਅਸ਼ੀਰਵਾਦ ਦਿੱਤੀ ਸੀ, ਤਾਂ ਸਾਡਾ ਮਨ ਵੀ ਨਾਲ ਰਲਣ ਨੂੰ ਕਿਵੇਂ ਲੋਚ ਰਿਹਾ ਸੀ।

ਗੱਲ ਕੀ ਇਸ ਘਟਨਾ ਤੋਂ ਪਿਛੋਂ ਨਨਕਾਣਾ ਸਾਹਿਬ ਅੰਦਰ ਅਕਾਲੀਆਂ ਦਾ ਹੜ੍ਹ ਆ ਗਿਆ ਅਤੇ ਉਸੇ ਡਿਪਟੀ ਕਮਿਸ਼ਨਰ ਮਿਸਟਰ ਕਿੰਗ ਨੂੰ ਆਪ ਨਨਕਾਣਾ ਸਾਹਿਬ ਪੁੱਜ ਕੇ ਗੁਰਦੁਆਰੇ ਦੀਆਂ ਚਾਬੀਆਂ ਉਸ ਵੇਲੇ ਦੇ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਸੌਂਪਣੀਆਂ ਪਈਆਂ ਅਤੇ ਮਹੰਤ ਨਰੈਣ ਦਾਸ ਨੂੰ ਹੱਥਕੜੀ ਲਾ ਕੇ ਜਿਹਲ ਅੰਦਰ ਡੱਕਣਾ ਪਿਆ।

ਅੰਗਰੇਜ਼ ਨੇ ਸੋਚਿਆ ਸੀ ਕਿ ਇਕ ਵਾਰ ਇਹਨਾਂ ਅਕਾਲੀਆਂ ਨੂੰ ਜੇ ਇਹੋ ਜਿਹਾ ਸਬਕ ਸਿਖਾ ਦਿੱਤਾ ਜਾਵੇ ਤਾਂ ਅਗੋਂ ਲਈ ਇਹ ਕਿਸੇ ਗੁਰਦਵਾਰੇ ਵੱਲ ਮੂੰਹ ਨਹੀਂ ਕਰਨਗੇ। ਇਸੇ ਦਾ ਸਿੱਟਾ ਸੀ ਕਿ ਨਨਕਾਣੇ ਸਾਹਿਬ ਵਾਲੇ ਮਹੰਤ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ ਜੀਹਨੇ ਪੰਜਾਬ ਦੇ ਗੁੰਡੇ ਅਤੇ ਬਦਮਾਸ਼ ਸੱਦ ਕੇ ਗੁਰਦੁਆਰੇ ਅੰਦਰ ਬੱਕਰੇ ਹਲਾਲ ਕਰਨੇ ਅਤੇ ਸ਼ਰਾਬਾਂ ਪੀਣੀਆਂ ਸ਼ੁਰੂ ਕਰ ਦਿਤੀਆਂ। ਹਥਿਆਰ ਅੰਗਰੇਜ਼ ਨੇ ਦੇ ਦਿਤੇ ਸਨ।

ਸੋ ਅਣਗਿਣਤ ਅਕਾਲੀ ਜਥਿਆਂ ਨੇ ਨਨਕਾਣਾ ਸਾਹਿਬ ਨੂੰ ਵਹੀਰਾਂ ਘੱਤ ਦਿਤੀਆਂ, ਜਿਸ ਕਰਕੇ ਅੰਗਰੇਜ਼ ਹਕੂਮਤ ਨੂੰ ਵਖ਼ਤ ਪੈ ਗਿਆ ਅਤੇ ਸਾਰੀ ਦੀ ਸਾਰੀ ਗੌਂਦ ਉਲਟ-ਪੁਲਟ ਹੋ ਗਈ।

ਇਸ ਘਲੂਘਾਰੇ ਨੇ ਸਿੱਖ ਫ਼ੌਜੀਆਂ ਨੂੰ ਵੀ ਹਲੂਣ ਕੇ ਰਖ ਦਿਤਾ ਅਤੇ ਸਿੱਖ ਫ਼ੌਜਾਂ ਵਿਚ ਰੋਹ ਜਾਗ ਉਠਿਆ।

ਸਾਡੇ ਬਬਰ ਅਕਾਲੀ ਕੇਸ ਦੇ ਫ਼ੈਸਲੇ ਵਿਚ, ਜਿਹੜਾ ਉਸ ਵੇਲੇ ਦੇ ਐਡੀਸ਼ਨਲ ਸੈਸ਼ਨ ਜੱਜ ਨੇ 28 ਫ਼ਰਵਰੀ 1925 ਨੂੰ ਸੁਣਾਇਆ ਸੀ ਅਤੇ ਜੀਹਦੀ ਜੱਜਮੈਂਟ ਦੀ ਅੰਗਰੇਜ਼ੀ ਵਿਚ ਛਪੇ ਹੋਏ ਵਡੇ ਆਕਾਰ ਦੇ 230 ਸਫ਼ਿਆਂ ਦੀ ਕਾਪੀ ਇਸ ਵੇਲੇ ਮੇਰੇ ਕੋਲ ਹੈ, ਸਫ਼ਾ 2 ਉਤੇ ਇਸ ਸੰਬੰਧ ਵਿਚ ਇਉਂ ਲਿਖਿਆ ਹੋਇਆ ਹੈ : "ਮੁਲਜ਼ਮਾਂ ਦੀ ਬਹੁਗਿਣਤੀ, ਖ਼ਾਸ ਤੌਰ ਉਤੇ ਬਹੁਤੇ ਵਾਇਦਾ-ਮੁਆਫ਼ ਕਿਸੇ ਨਾ ਕਿਸੇ ਵੇਲੇ ਹਿੰਦੁਸਤਾਨੀ ਫ਼ੌਜ ਵਿਚ ਨੌਕਰੀ ਕਰਦੇ ਰਹੇ ਹਨ। ਮੁਲਜ਼ਮ ਨੰ: 62 ਗੰਗਾ ਸਿੰਘ ਅਤੇ

ਮੁਲਜ਼ਮ ਨੰ: 63 ਪ੍ਰਤਾਪ ਸਿੰਘ ਜਿਸ ਵੇਲੇ ਗਰਿਫ਼ਤਾਰ ਕੀਤੇ ਗਏ ਸਨ, ਉਸ ਵੇਲੇ ਉਹ ਹਾਲੇ ਫ਼ੌਜ ਦੀ ਨੌਕਰੀ ਕਰ ਹੀ ਰਹੇ ਸਨ।''

ਇਸਤਗਾਸੇ ਮੁਤਾਬਿਕ ਗੁਰਦੁਆਰਿਆਂ ਦੇ ਸੁਧਾਰ ਨੇ ਹੀ ਅਕਾਲੀ ਤਹਿਰੀਕ ਨੂੰ ਜਨਮ ਦਿੱਤਾ ਸੀ ਜੋ 1920 ਵਿਚ ਸ਼ੁਰੂ ਹੋਈ ਸੀ। 20 ਫ਼ਰਵਰੀ 1921 ਨੂੰ ਨਨਕਾਣੇ ਸਾਹਿਬ ਦਾ ਮੰਦਭਾਗਾ ਹਾਦਸਾ ਵਾਪਰ ਗਿਆ। ਅਪਰੈਲ 1921 ਵਿਚ ਕਿਸ਼ਨ ਸਿੰਘ, ਮੁਲਜ਼ਮ ਨੰਬਰ ਇਕ, ਜੋ 35 ਸਿੱਖ ਵਿਚ ਹੌਲਦਾਰ ਰਹਿ ਚੁਕਿਆ ਸੀ, ਫ਼ੌਜ ਦੀ ਨੌਕਰੀ ਤਿਆਗ ਕੇ ਅਕਾਲੀ ਦਲ ਦਾ ਸਕੱਤਰ ਬਣ ਗਿਆ।

ਮਾਰਚ-ਮਈ 1921 ਵਿਚ ਇਸੇ ਕਿਸ਼ਨ ਸਿੰਘ, ਅਮਰ ਸਿੰਘ ਵਾਇਦ-ਮੁਆਫ਼ ਨ: 8, ਨਰੈਣ ਸਿੰਘ ਮੁਲਜ਼ਮ ਨੰ: 81 ਅਤੇ ਹੋਰ ਕਈ ਮੁਲਜ਼ਮਾਂ ਨੇ ਇਕੱਠੇ ਹੋ ਕੇ ਸਾਜ਼ਿਸ਼ ਤਿਆਰ ਕੀਤੀ ਕਿ ਸਰਦਾਰ ਬਹਾਦਰ ਸਰਦਾਰ ਸੁੰਦਰ ਸਿੰਘ ਮਜੀਠੀਆ, ਬੇਦੀ ਕਰਤਾਰ ਸਿੰਘ, ਮਹੰਤ ਬਸੰਤ ਦਾਸ ਮਾਣਕ, ਮਹੰਤ ਦੇਵਾ ਦਾਸ ਨਨਕਾਣਾ (ਇਹ ਕਤਲਾਮ ਵੇਲੇ ਮਹੰਤ ਨਰੈਣ ਦਾਸ ਦਾ ਸਾਥੀ ਸੀ) ਅਤੇ ਸੀ ਐਮ ਕਿੰਗ ਤੇ ਬੋਰਿੰਗ ਨੂੰ ਕਤਲ ਕਰ ਦਿਤਾ ਜਾਵੇ, ਕਿਉਂਕਿ ਸਾਜ਼ਿਸ਼ੀਆਂ ਦਾ ਵਿਸ਼ਵਾਸ ਸੀ ਕਿ ਇਹ ਸਾਰੇ ਗੁਰਦੁਆਰਿਆਂ ਦੇ ਸੁਧਾਰ ਦੇ ਵਿਰੋਧੀ ਸਨ।

ਇਸੇ ਮਤਲਬ ਲਈ ਸਾਜ਼ਿਸ਼ੀਆਂ ਨੇ ਹਥਿਆਰ ਅਤੇ ਬੰਬ ਇਕੱਠੇ ਕਰ ਲਏ, ਜਿਹੜੇ ਫ਼ਰੰਟੀਅਰ ਅਤੇ ਹਿੰਦੁਸਤਾਨ ਵਿਚੋਂ ਚੋਰੀ ਕਰ ਲਏ ਗਏ। ਖ਼ਾਸ ਤੌਰ ਉੱਤੇ ਸੱਤ ਰੀਵਾਲਵਰ ਏਅਰ ਫ਼ੋਰਸ ਅੰਬਾਲਾ ਛਾਉਣੀ ਦੇ ਅਸਲਾਖਾਨੇ ਵਿਚੋਂ 1920 ਵਿਚ ਹੀ ਚੋਰੀ ਕੀਤੇ ਜਾ ਚੁੱਕੇ ਸਨ।

ਇਸ ਸਾਕੇ ਮਗਰੋਂ ਜਦੋਂ ਮੈਂ ਐਤਵਾਰ ਦੀ ਛੁੱਟੀ ਪਿੰਡ ਆਇਆ ਤਾਂ ਖ਼ਾਸ ਤੌਰ ਉੱਤੇ ਸਾਡੇ ਘਰਾਂ ਵਿਚ ਸੋਗ ਮਨਾਇਆ ਜਾ ਰਿਹਾ ਸੀ, ਕਿਉਂਕਿ ਮੇਰੇ ਪਿੰਡ ਦੇ ਚਾਰ ਸਿੰਘ, ਦੀਵਾਨ ਸਿੰਘ, ਇੰਦਰ ਸਿੰਘ, ਹਰੀ ਸਿੰਘ ਅਤੇ ਢੇਰਾ ਸਿੰਘ ਸ਼ਹੀਦ ਹੋ ਚੁੱਕੇ ਸਨ। ਇਕ ਮੇਰੇ ਸਕੇ ਮਾਮੇ ਦਾ ਪੁੱਤ ਠਾਕੁਰ ਸਿੰਘ ਪਿੰਡ ਮਾਣਕਾਂ, ਜਿਹੜਾ ਉਹਨਾ ਦਿਨਾਂ ਵਿਚ ਮੇਰੀ ਸਕੀ ਮਾਸੀ ਪਾਸ ਧੰਨੂਆਣੇ ਜ਼ਿਲਾ ਲਾਇਲਪੁਰ ਵਿਚ ਰਹਿੰਦਾ ਸੀ, ਵੀ ਉਪਰੋਕਤ ਚੋਹਾਂ ਨਾਲ ਸ਼ਹੀਦ ਹੋ ਗਿਆ। ਇੰਦਰ ਸਿੰਘ ਅਤੇ ਹਰੀ ਸਿੰਘ ਵੀ ਮੇਰੇ ਟੱਬਰ ਵਿਚੋਂ ਹੀ ਸਨ। ਉਹ ਮੇਰੀ ਮਾਸੀ ਦੇ ਦਿਉਰ ਸਨ। ਸੋ ਸਾਡੇ ਘਰ ਵਾਲਿਆਂ ਨੇ ਸੋਗ ਮਨਾਉਣਾ ਹੀ ਸੀ। ਇਹਦਾ ਮੇਰੇ ਮਨ ਉੱਤੇ ਕਾਫ਼ੀ ਅਸਰ ਪਿਆ ਅਤੇ ਮੈਂ ਉਸੇ ਦਿਨ ਤੋਂ ਪੱਕਾ ਅਕਾਲੀ ਸਜ ਗਿਆ। ਸਾਡੇ ਪਿੰਡ ਦੇ ਪੰਜ ਸ਼ਹੀਦ ਹੋਏ ਸਨ। ਪੰਜਵਾਂ ਮੈਂ ਇਸ ਕਰਕੇ ਗਿਣਦਾ ਹਾਂ ਕਿ ਠਾਕੁਰ ਸਿੰਘ ਦਾ ਬਾਪ, ਮੇਰਾ ਮਾਮਾ ਉਹਦੇ ਜੰਮਦਿਆਂ ਹੀ ਚਲਾਣਾ ਕਰ ਗਿਆ ਸੀ। ਉਹਨੂੰ ਮੇਰੀ ਮਾਸੀ ਆਪਣੇ ਨਾਲ ਹੀ ਧੰਨੂਆਣੇ ਲੈ ਗਈ ਸੀ। ਉਹ ਸਾਡੇ ਪਿੰਡ ਮੇਰੀ ਮਾਈ ਅਥਵਾ ਆਪਣੀ ਭੂਆ ਕੋਲ ਵੀ ਆ ਜਾਇਆ ਕਰਦਾ ਸੀ।

ਮੈਨੂੰ ਯਾਦ ਹੈ, ਜਦੋਂ ਸਾਰੇ ਪਿੰਡ ਨੇ ਰਲ ਕੇ ਇਹਨਾਂ ਸ਼ਹੀਦਾਂ ਨਮਿਤ ਰਖੇ ਗਏ ਪਾਠ ਦਾ ਭੋਗ ਪੁਆਇਆ ਸੀ, ਤਾਂ ਵੱਡੇ-ਵੱਡੇ ਅਕਾਲੀ ਆਗੂ ਪਧਾਰੇ ਸਨ। ਉਹਨਾਂ ਵਿਚ ਕਰਤਾਰ ਸਿੰਘ ਝੱਬਰ ਵੀ ਸ਼ਾਮਲ ਸੀ। ਬੜੇ ਧੜੱਲੇਦਾਰ ਭਾਸ਼ਨ ਹੋਏ ਸਨ। ਉਹਨਾਂ ਦਿਨਾਂ ਵਿਚ ਪਿੰਡ ਇਕਮੁੱਠ ਸੀ, ਜੀਹਦੀ ਅਗਵਾਈ ਬਾਬਾ ਨੱਥਾ ਸਿੰਘ ਅਤੇ ਪੰਡਤ ਮੇਹਰ ਚੰਦ ਪਹਿਲਾਂ ਤੋਂ ਹੀ ਕਰ ਰਹੇ ਸਨ। ਇਸੇ ਇਕੱਠ ਨੇ ਪਿੰਡ ਦੇ

ਲੰਬੜਦਾਰ ਵੀ ਅਕਾਲੀ ਸਜਾ ਦਿਤੇ ਸਨ। ਆਲੇ-ਦੁਆਲੇ ਦੇ ਪਿੰਡਾਂ ਵਿਚ ਵੀ ਧੜਾ-ਧੜ ਅਕਾਲੀ ਸਜਣੇ ਸ਼ੁਰੂ ਹੋ ਗਏ ਅਤੇ ਅੰਗਰੇਜ਼ਾਂ ਵਿਰੁੱਧ ਨਫ਼ਰਤ ਫੈਲਦੀ ਚਲੀ ਗਈ।

* * *

1921 ਵਿਚ ਜਦੋਂ ਮੈਂ ਸੀਨੀਅਰ ਵਿਚ ਪੜ੍ਹ ਰਿਹਾ ਸੀ ਤਾਂ ਸਾਨੂੰ ਇਕ ਅੰਗਰੇਜ਼ੀ ਦੀ ਕਿਤਾਬ ਪੜ੍ਹਾਈ ਜਾ ਰਹੀ ਸੀ। ਉਸ ਵਿਚ ਇਕ ਫ਼ਿਕਰਾ ਸੀ, "ਗ਼ੁਲਾਮੀ ਦੀ ਜ਼ਿੰਦਗੀ ਤੋਂ ਮੌਤ ਕਿਤੇ ਚੰਗੀ ਹੁੰਦੀ ਹੈ।" ਇਹ ਲਫ਼ਜ਼ ਨੈਲਸਨ ਨੇ ਆਪਣੇ ਸਾਥੀਆਂ ਨੂੰ ਉਸ ਵੇਲੇ ਕਹੇ ਸਨ ਜਦੋਂ ਉਹਦਾ ਜੰਗੀ ਜਹਾਜ਼ ਪਹਿਲੀ ਲੜਾਈ ਸਮੇਂ ਜਰਮਨ ਡੁਬਕਣੀ ਕਿਸ਼ਤੀ ਨੇ ਤਾਰਪੀਡੋ ਮਾਰ ਕੇ ਡੋਬ ਦਿੱਤਾ ਸੀ। ਪਤਾ ਨਹੀਂ, ਮੈਨੂੰ ਕੀ ਸੁੱਝੀ, ਮੈਂ ਫਟਾ-ਫਟ ਉਠ ਖੜੋਤਾ ਅਤੇ ਮਾਸਟਰ ਚਤਰ ਸਿੰਘ ਹੁਰਾਂ ਨੂੰ ਸਵਾਲ ਕਰ ਦਿੱਤਾ। ਜਿਸ ਵੇਲੇ ਉਹ ਸਬਕ ਪੜ੍ਹਾ ਰਹੇ ਸਨ ਅਤੇ ਇਸ ਫ਼ਿਕਰੇ ਦੇ ਅਰਥ ਸਮਝਾ ਰਹੇ ਸਨ, ਮੈਂ ਝੱਟ ਪੁਛਿਆ ਕਿ ਕੀ ਅਸੀਂ ਗ਼ੁਲਾਮ ਨਹੀਂ ਹਾ ? ਸਾਨੂੰ ਵੀ ਗ਼ੁਲਾਮੀ ਵਿਰੁੱਧ ਲੜ ਕੇ ਨਹੀਂ ਮਰ ਜਾਣਾ ਚਾਹੀਦਾ ? ਇਹ ਗੱਲ ਸੁਣਦਿਆਂ ਹੀ ਮਾਸਟਰ ਸਾਹਿਬ ਗੁੱਸੇ ਵਿਚ ਆ ਗਏ ਅਤੇ ਫਟਾ-ਫਟ ਕੰਨੋਂ ਫੜ ਕੇ ਮੈਨੂੰ ਆਪਣੀ ਕੁਰਸੀ ਕੋਲ ਲੈ ਜਾ ਖੜ੍ਹਾ ਕੀਤਾ। ਪੰਜ ਬੈਂਤ ਕਸ ਕੇ ਐਨੇਂ ਜ਼ੋਰ ਨਾਲ ਮਾਰੇ ਕਿ ਹੱਥਾਂ ਵਿਚੋਂ ਲਹੂ ਸਿੰਮ ਆਇਆ ਅਤੇ ਨਾਲ ਲਗਦਿਆਂ ਉਸੇ ਤਰ੍ਹਾਂ ਫੇਰ ਕੰਨੋਂ ਫੜ ਕੇ ਹੈਡਮਾਸਟਰ ਸਾਹਿਬ ਵਾਲੇ ਕਮਰੇ ਵਿਚ ਲੈ ਜਾ ਕੇ ਉਹਨਾਂ ਸਾਹਮਣੇ ਪੇਸ਼ ਕੀਤਾ ਤੇ ਆਖਿਆ, "ਇਸ ਛੋਕਰੇ ਨੇ ਸਕੂਲ ਦਾ ਸਤਿਆਨਾਸ ਕਰ ਦੇਣਾ ਹੈ। ਜਦੋਂ ਮੌਕਾ ਲਗਦਾ ਹੈ, ਮੁੰਡਿਆਂ ਨੂੰ ਸਰਕਾਰ ਵਿਰੁੱਧ ਲੈਕਚਰਬਾਜ਼ੀ ਕਰਕੇ ਭੜਕਾਉਂਦਾ ਰਹਿੰਦਾ ਹੈ।"

ਸਚਮੁੱਚ ਹੀ ਮਾਸਟਰ ਚਤਰ ਸਿੰਘ ਗੁੱਸੇ-ਖੋਰ ਤਬੀਅਤ ਦੇ ਮਾਲਕ ਸਨ। ਖੱਦਰ ਦੇ ਕੱਪੜੇ, ਕਾਲੀ ਪੱਗ ਅਤੇ ਕਿਰਪਾਨ ਦੇਖ ਕੇ ਉਹ ਮੱਥੇ ਉੱਤੇ ਤਿਊੜੀਆਂ ਪਾ ਲਿਆ ਕਰਦੇ ਸਨ। ਮੈਂ ਚੁੱਪਚੁਪੀਤਾ ਨੀਵੀਂ ਪਾਈ ਸੱਜਾ ਹੱਥ ਖੱਬੇ ਹੱਥ ਵਿਚ ਘੁੱਟੀਂ ਹੈਡਮਾਸਟਰ ਸਾਹਿਬ ਸਾਹਮਣੇ ਸਿਰ ਝੁਕਾਈਂ ਖੜ੍ਹਾ ਰਿਹਾ। ਉਹਨਾਂ ਨੇ ਬੜੇ ਧੀਰਜ ਨਾਲ ਮਾਸਟਰ ਸਾਹਿਬ ਦੀ ਗੱਲ ਸੁਣੀ। ਉਹ ਵੀ ਹੈਡਮਾਸਟਰ ਸਾਹਿਬ ਦੇ ਸਾਹਮਣੇ ਮੇਜ ਲਾਗੇ ਕੁਰਸੀ ਉਤੇ ਬੈਠੇ ਗੁੱਸੇ ਵਿਚ ਸ਼ਿਕਾਇਤ ਕਰਦੇ ਰਹੇ। ਕੁਝ ਚਿਰ ਬਾਅਦ ਹੈਡਮਾਸਟਰ ਸਾਹਿਬ ਕੁਰਸੀ ਤੋਂ ਉੱਠ ਕੇ ਮੇਰੇ ਕੋਲ ਆਏ। ਮੇਰਾ ਖ਼ਿਆਲ ਸੀ ਕਿ ਹਾਲੇ ਹੋਰ ਚੰਮ ਲਹੇਗਾ ਅਤੇ ਹੁਣ ਖੱਬਾ ਹੱਥ ਅਗੇ ਕਰਨਾ ਪਵੇਗਾ। ਪਰ ਹੈਡਮਾਸਟਰ ਸਾਹਿਬ ਪਹਿਲਾਂ ਹੀ ਤਾੜ ਗਏ ਸਨ ਕਿ ਮਾਸਟਰ ਚਤਰ ਸਿੰਘ ਹਿਸਾਬ ਨਾਲੋਂ ਜ਼ਿਆਦਾ ਸਖ਼ਤੀ ਕਰ ਬੈਠੇ ਹਨ। ਉਹਨਾਂ ਨੇ ਪਹਿਲਾਂ ਤਾਂ ਮੈਨੂੰ ਇਕ ਬਾਂਹ ਨਾਲ ਕਲਾਵੇ ਵਿਚ ਲਿਆ ਅਤੇ ਫੇਰ ਮੇਰੇ ਘੁੱਟੇ ਹੱਥ ਨੂੰ ਆਪਣੇ ਦੂਜੇ ਹੱਥ ਵਿਚ ਲੈ ਕੇ ਦੂਜੀ ਕੁਰਸੀ ਉੱਤੇ ਬਿਠਾਉਣ ਲੱਗੇ। ਮੈਂ ਉੱਚੀ-ਉੱਚੀ ਰੋਣ ਲੱਗ ਪਿਆ। ਇਹ ਇਕ ਨਿਰਾਲੀ ਕਿਸਮ ਦਾ ਰੋਣ ਅੱਜ ਤੱਕ ਮੇਰੇ ਚੇਤੇ ਹੈ। ਇਕ ਪਾਸੇ ਚੰਮ ਉਧੇੜਨ ਵਾਲੀ ਸਖ਼ਤੀ ਅਤੇ ਦੂਜੇ ਬੰਨੇ ਇਕ ਤਾਲਿਬ-ਇਲਮ ਨਾਲ ਸਨੇਹ-ਭਰਿਆ ਵਰਤਾਰਾ।

ਮੈਨੂੰ ਕੁਰਸੀ ਉੱਤੇ ਬਿਠਾਉਣ ਮਗਰੋਂ ਹੈਡਮਾਸਟਰ ਸਾਹਿਬ ਆਪਣੀ ਕੁਰਸੀ ਉੱਤੇ ਜਾ ਬੈਠੇ। ਮੈਂ ਅੱਖਾਂ ਵਿਚੋਂ ਹੰਝੂ ਕੇਰਦਾ ਗੁੱਛਾ-ਮੁੱਛਾ ਬਣਿਆ ਨੀਵੀਂ ਪਾਈ ਕੁਰਸੀ ਉੱਤੇ ਬੈਠਾ ਰਿਹਾ। ਮੈਥੋਂ ਪੁਛਿਆ ਗਿਆ, "ਕਾਕਾ, ਇਹ ਦੱਸ, ਜੇ ਅਸੀਂ ਤੇਰੇ ਵਾਂਗੂ

ਹੀ ਰੌਲਾ ਪਾਉਣ ਲੱਗ ਪਈਏ ਤਾਂ ਤੂੰ ਕਿਥੇ ਪੜ੍ਹੇਂਗਾ ਅਤੇ ਬਾਕੀ ਲੜਕੇ ਕਿੱਧਰ ਜਾਣਗੇ ? ਇਹ ਠੀਕ ਹੈ ਕਿ ਅਸੀਂ ਵੀ ਚਾਹੁੰਦੇ ਹਾਂ ਕਿ ਦੇਸ ਵਿਚ ਸਾਡਾ ਆਪਣਾ ਰਾਜ ਹੋਣਾ ਚਾਹੀਦਾ ਹੈ, ਪਰ ਸਕੂਲ ਤਾਂ ਸਰਕਾਰ ਦੇ ਸਹਾਰੇ ਹੀ ਚੱਲ ਰਿਹਾ ਹੈ। ਜੇ ਅੱਜ ਸਰਕਾਰੀ ਮਦਦ ਬੰਦ ਹੋ ਜਾਵੇ, ਤਾਂ ਸਕੂਲ ਇਕ ਦਿਨ ਵੀ ਨਹੀਂ ਚੱਲ ਸਕਦਾ। ਪਹਿਲਾਂ ਤੂੰ ਤਾਲੀਮ ਹਾਸਲ ਕਰ ਲੈ। ਵੱਡਾ ਹੋ ਕੇ ਜੋ ਜੀਅ ਚਾਹੇ ਕਰ ਲਵੀਂ। ਹਾਲੇ ਤਾਂ ਤੇਰੀ ਉਮਰ ਪੜ੍ਹਨ-ਲਿਖਣ ਦੀ ਹੈ।'' ਮੈਂ ਵਾਪਸ ਕਲਾਸ ਵਿਚ ਪਰਤ ਆਇਆ। ਮੇਰੇ ਹੱਥ ਨੂੰ ਦੇਖ ਕੇ ਮਾਸਟਰ ਚਤਰ ਸਿੰਘ ਵੀ ਪਸੀਜ ਗਏ ਸਨ ਅਤੇ ਮਹਿਸੂਸ ਕਰ ਗਏ ਸਨ ਕਿ ਲੜਕੇ ਨਾਲ ਕੁਝ ਜ਼ਿਆਦਾ ਹੀ ਸਖ਼ਤੀ ਵਰਤੀ ਗਈ ਹੈ।

# 3. ਬਬਰ ਅਕਾਲੀ ਲਹਿਰ ਦਾ ਮੁੱਢ : 1920 ਅਤੇ ਪਹਿਲਾ ਅਕਾਲੀ ਕੌਨਸਪੀਰੇਸੀ ਕੇਸ : 1922

1920 ਵਿਚ ਭਾਈ ਕਿਸ਼ਨ ਸਿੰਘ, ਅਮਰ ਸਿੰਘ ਕੋਟ ਬਾੜੇ ਖਾਂ, ਨਰੈਣ ਸਿੰਘ ਚਾਟੀਵਿੰਡ, ਗੰਡਾ ਸਿੰਘ ਅਤੇ ਬੇਲਾ ਸਿੰਘ ਇਕੱਠੇ 35/2 ਸਿੱਖ ਪਲਟਨ ਅੰਬਾਲਾ ਛਾਉਣੀ ਵਿਚ ਸਨ। ਇਹਨਾਂ ਦਿਨਾਂ ਵਿਚ ਹੀ ਗੁਰਦੁਆਰਾ ਸੁਧਾਰ ਲਹਿਰ ਜ਼ੋਰ ਫੜ ਰਹੀ ਸੀ, ਜੀਹਦਾ ਅਸਰ ਸਿੱਖ ਫ਼ੌਜੀਆਂ ਉੱਤੇ ਪੈਣਾ ਲਾਜ਼ਮੀ ਸੀ। ਦੂਜੇ ਬੰਨੇ ਮੁਲਕ ਵਿਚ ਰੌਲਟ ਐਕਟ 1918 ਜਾਰੀ ਹੋ ਗਿਆ ਸੀ। ਜਲ੍ਹਿਆਂਵਾਲੇ ਬਾਗ ਦਾ ਘੱਲੂਘਾਰਾ ਬੇਸ਼ੱਕ ਹੋਇਆ ਤਾ ਪੰਜਾਬ ਵਿਚ ਹੀ ਸੀ, ਇਹਦਾ ਅਸਰ ਸਾਰੇ ਮੁਲਕ ਵਿਚ ਬਹੁਤ ਬੁਰੀ ਤਰ੍ਹਾਂ ਹੋਇਆ। ਇਹਦੇ ਸਿੱਟੇ ਵਜੋਂ ਕਾਂਗਰਸ ਤਹਿਰੀਕ ਨੇ ਸਾਰੇ ਦੇਸ ਵਿਚ ਮਹਾਤਮਾ ਗਾਂਧੀ ਜੀ ਦੀ ਅਗਵਾਈ ਹੇਠ ਜ਼ੋਰ ਫੜ ਲਿਆ। ਉਧਰ ਫ਼ੌਜਾਂ ਦੀ ਛਾਂਟੀ ਨੇ ਵੀ ਆਮ ਫ਼ੌਜੀਆਂ ਵਿਚ ਰੋਸ ਜਗਾ ਛਡਿਆ ਸੀ, ਜਿਸ ਕਰਕੇ ਜੁਸ਼ੀਲੇ ਫ਼ੌਜੀਆਂ ਵਿਚ ਅੰਗਰੇਜ਼ਾਂ ਵਿਰੁੱਧ ਨਫ਼ਰਤ ਵਧਣੀ ਸ਼ੁਰੂ ਹੋ ਗਈ। ਖੁਫ਼ੀਆ ਮੀਟਿੰਗਾਂ ਸ਼ੁਰੂ ਹੋ ਗਈਆਂ।

ਇਹਨਾਂ ਹੀ ਦਿਨਾਂ ਵਿਚ ਭਾਈ ਕਿਸ਼ਨ ਸਿੰਘ ਜੀ ਫ਼ੌਜ ਵਿਚ ਹੌਲਦਾਰ-ਮੇਜਰ ਸਨ। ਜੁਸ਼ੀਲੀ ਤਬੀਅਤ ਕਰਕੇ ਉਹਨਾਂ ਨੇ ਆਮ ਫ਼ੌਜੀਆਂ ਵਿਚ ਅੰਗਰੇਜ਼ਾਂ ਵਿਰੁੱਧ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ। ਫੇਰ ਹਰ ਐਤਵਾਰ ਗੁਰਦੁਆਰੇ ਦੇ ਇਕੱਠ ਵਿਚ ਸੁਚੱਜੇ ਢੰਗ ਨਾਲ ਪਰਚਾਰ ਸ਼ੁਰੂ ਕਰ ਦਿੱਤਾ। ਤਦੋਂ ਹੀ ਨਨਕਾਣੇ ਸਾਹਿਬ ਦਾ ਖ਼ੂਨੀ ਸਾਕਾ ਵਾਪਰ ਗਿਆ ਅਤੇ ਦੇਖਦਿਆਂ-ਦੇਖਦਿਆਂ ਫ਼ੌਜੀਆਂ ਵਿਚ ਰੋਹ ਚੜ੍ਹਨਾ ਸ਼ੁਰੂ ਹੋ ਗਿਆ। ਭਾਈ ਕਿਸ਼ਨ ਸਿੰਘ ਜੀ ਨੇ ਗੁਰਦੁਵਾਰੇ ਦੇ ਜੋੜ-ਮੇਲੇ ਵਿਚ ਖੁੱਲ੍ਹੀ ਬਗ਼ਾਵਤੀ ਤਕਰੀਰ ਕਰਕੇ ਫ਼ੌਜੀਆਂ ਨੂੰ ਲਲਕਾਰਿਆ। ਪਤਾ ਲਗਦਿਆਂ ਹੀ ਭਾਈ ਸਾਹਿਬ ਦਾ ਕੋਰਟ ਮਾਰਸ਼ਲ ਕਰਕੇ 28 ਦਿਨਾਂ ਦੀ ਕੁਆਰਟਰ-ਗਾਰਦ ਦੀ ਸਜ਼ਾ ਸੁਣਾ ਦਿਤੀ ਗਈ। ਸਜ਼ਾ ਮੁਕਦਿਆਂ ਹੀ ਉਹਨਾਂ ਨੂੰ ਹੌਲਦਾਰ-ਮੇਜਰ ਦੀ ਪੈਨਸ਼ਨ ਦੇ ਕੇ ਫ਼ੌਜ ਦੀ ਨੌਕਰੀ ਤੋਂ ਛੁੱਟੀ ਕਰ ਦਿੱਤੀ ਗਈ। ਅੰਗਰੇਜ਼ਾਂ ਦੇ ਭਰਤੀ ਕੀਤੇ ਗਰੰਥੀ ਤਾਂ ਹਮੇਸ਼ਾ ਸਰਕਾਰ ਦੀ ਤਾਬਿਆਦਾਰੀ ਲਈ ਪ੍ਰੇਰਿਆ ਕਰਦੇ ਸਨ ਅਤੇ ਬੜੇ ਅਜੀਬ

ਅਜੀਬ ਮਨਘੜਤ ਕਿੱਸੇ ਜੋੜ-ਜੋੜ ਫੌਜੀਆਂ ਨੂੰ ਸਮਝਾਇਆ ਕਰਦੇ ਸਨ। ਉਹ ਆਖਦੇ ਸਨ ਕਿ ਅੰਗਰੇਜ਼ ਗੁਰੂ ਜੀ ਦੇ ਟੋਪੀ ਵਾਲੇ ਸਿੱਖ ਹਨ। ਅਜਿਹੀ ਇਕ ਕਥਾ ਮੈਂ ਵੀ ਨਿਆਣੇ ਹੁੰਦਿਆਂ ਠੱਟੇ ਟਿੱਬੇ ਵਾਲੇ ਉਸ ਵੇਲੇ ਦੇ ਪ੍ਰਸਿੱਧ ਰਾਗੀ ਭਾਈ ਜਵਾਲਾ ਸਿੰਘ ਜੀ ਤੋਂ ਸੁਣੀ ਸੀ। ਇਹ ਗਰੰਥੀ ਲੋਕ ਫ਼ੌਜੀਆਂ ਨੂੰ ਅਜਿਹੀਆ ਗੱਲਾਂ ਸੁਣਾ ਕੇ ਅੰਗਰੇਜ਼-ਭਗਤੀ ਸਿਖਾਇਆ ਕਰਦੇ ਸਨ। ਇਹ ਕਥਾ ਇਉਂ ਸੀ।

"ਜਿਸ ਵੇਲੇ ਗੁਰੂ ਤੇਗ ਬਹਾਦਰ ਜੀ ਔਰੰਗਜ਼ੇਬ ਦੀ ਕੈਦ ਵਿਚ ਚਾਂਦਨੀ ਚੌਕ ਦੀ ਹਵਾਲਾਤ ਵਿਖੇ ਬੰਦ ਸਨ, ਤਾਂ ਇਕ ਦਿਨ ਉਹ ਕੇਸੀ ਅਸ਼ਨਾਨ ਕਰਕੇ ਕੋਤਵਾਲੀ ਉੱਤੇ ਖੜ੍ਹੇ ਕੇਸ ਸੁਕਾ ਰਹੇ ਸਨ। ਤਰਕਾਲਾਂ ਵੇਲੇ ਉਹ ਅੱਖਾਂ ਉੱਤੇ ਹੱਥ ਰੱਖ ਕੇ ਲਹਿੰਦੇ ਪਾਸੇ ਬੜੇ ਗਹੁ ਨਾਲ ਵੇਖੀਂ ਜਾ ਰਹੇ ਸਨ। ਇਕ ਸੇਵਕ ਨੇ ਪੁੱਛਿਆ, 'ਮਹਾਰਾਜ, ਕੀ ਵੇਖੀਂ ਜਾ ਰਹੇ ਹੋ ?' ਤਾਂ ਗੁਰੂ ਜੀ ਨੇ ਫੁਰਮਾਇਆ, 'ਸਿੱਖਾ, ਮੈਂ ਆਪਣੇ ਟੋਪੀ ਵਾਲੇ ਸਿੱਖਾਂ ਨੂੰ ਦੇਖ ਰਿਹਾ ਹਾਂ ਕਿ ਉਹ ਹਾਲੇ ਕਿੰਨੀ ਕੁ ਦੂਰ ਹਨ, ਜਿਹੜੇ ਇਸ ਜ਼ਾਲਮ ਰਾਜ ਨੂੰ ਖ਼ਤਮ ਕਰਨ ਲਈ ਆ ਰਹੇ ਹਨ'।"

ਇਹ ਪਰਕਾਰ ਚਲਾਕ ਅੰਗਰੇਜ਼ ਨੇ ਸਾਡੇ ਧਾਰਮਿਕ ਆਗੂ, ਜਿਨ੍ਹਾਂ ਉੱਤੇ ਅਸੀਂ ਪੂਰੀ-ਪੂਰੀ ਸ਼ਰਧਾ ਰਖਦੇ ਸੀ, ਕਿਹੋ ਜਿਹੇ ਹੱਥ-ਠੋਕੇ ਬਣਾਏ ਹੋਏ ਸਨ। ਉਹ ਆਖਦੇ ਸਨ ਕਿ ਅੰਗਰੇਜ਼ਾਂ ਦਾ ਰਾਜ ਸਾਡੇ ਗੁਰੂ-ਮਹਾਰਾਜ ਜੀ ਦੇ ਅਸ਼ੀਰਵਾਦ ਜਾਂ ਹੁਕਮ ਸਦਕਾ ਹੀ ਕਾਇਮ ਹੋਇਆ ਹੈ।

ਸੋ ਭਾਈ ਕਿਸ਼ਨ ਸਿੰਘ ਜੀ ਆਉਂਦਿਆਂ ਹੀ ਅੰਮ੍ਰਿਤਸਰ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਥਾਪੇ ਗਏ। ਕੁਦਰਤ ਨੇ ਉਹਨਾਂ ਦੀ ਜ਼ਬਾਨ ਵਿਚ ਰਸ ਘੋਲ ਛੱਡਿਆ ਸੀ। ਜਿਹੜਾ ਇਕ ਵਾਰ ਉਹਨਾਂ ਦੀ ਤਕਰੀਰ ਸੁਣ ਲੈਂਦਾ, ਬੱਸ ਉਹਨਾਂ ਦਾ ਹੀ ਹੋ ਜਾਂਦਾ। ਇਹੋ ਕਾਰਨ ਸੀ ਕਿ ਸਾਡੇ ਵਰਗੇ ਨੌਵੀਂ ਵਿਚ ਪੜ੍ਹਦੇ ਛੋਕਰੇ ਉਹਨਾਂ ਦੇ ਹਰ ਹੁਕਮ ਦੀ ਤਾਮੀਲ ਲਈ ਤਤਪਰ ਰਹਿੰਦੇ ਸਨ।

ਭਾਈ ਕਿਸ਼ਨ ਸਿੰਘ ਜੀ ਪੈਨਸ਼ਨ ਆਉਣ ਤੋਂ ਪਹਿਲਾਂ ਬਗਾਵਤ ਦੀ ਜਿਹੜੀ ਚੰਗਿਆੜੀ ਆਪਣੀ ਪਲਟਨ ਵਿਚ ਸੁੱਟ ਆਏ ਸਨ, ਉਹ ਹੁਣ ਆਪਣਾ ਚਮਤਕਾਰ ਦਿਖਾਉਣ ਲਗ ਪਈ। ਇਸੇ ਪਲਟਨ ਦੇ ਫ਼ੌਜੀਆਂ ਦੀ ਡਿਊਟੀ ਹਵਾਈ ਅੱਡੇ ਦੇ ਮੈਗਜ਼ੀਨ ਉੱਤੇ ਪਹਿਰਾ ਦੇਣ ਲਈ ਲਗਿਆ ਕਰਦੀ ਸੀ। ਇਕ ਦਿਨ ਭਾਈ ਸਾਹਿਬ ਦੇ ਹਮ-ਖ਼ਿਆਲ ਸਾਥੀਆਂ, ਗੰਡਾ ਸਿੰਘ, ਬੇਲਾ ਸਿੰਘ ਅਤੇ ਬੂੜ ਸਿੰਘ ਦੀ ਡਿਊਟੀ ਲੱਗ ਗਈ। ਇਹਨਾਂ ਤਿੰਨਾਂ ਨੇ ਹੀ ਮੈਗਜ਼ੀਨ ਵਿਚੋਂ ਹਥਿਆਰ ਅਤੇ ਗੋਲੀ-ਸਿੱਕਾ ਚੁਰਾਉਣ ਦੀ ਪੱਕੀ ਸਲਾਹ ਬਣਾ ਲਈ। ਸੋ ਬੇਲਾ ਸਿੰਘ ਬੈਰਕ ਦੇ ਪਿਛਲੇ ਪਾਸੇ ਚਲਿਆ ਗਿਆ। ਉਹਨੇ ਬੜੀ ਚੌਕਸੀ ਨਾਲ ਇਕ ਤਾਕੀ ਦਾ ਸ਼ੀਸ਼ਾ ਤੋੜ ਲਿਆ ਅਤੇ ਤਾਕੀ ਦੀ ਚਿਟਕਣੀ ਖੋਲ੍ਹ ਕੇ ਅੰਦਰ ਜਾ ਵੜਿਆ। ਤਿੰਨ ਪਕੀਆਂ ਰਾਈਫਲਾਂ, ਸੱਤ ਰੀਵਾਲਵਰ ਅਤੇ ਢੇਰ ਸਾਰੀਆਂ ਇਹਨਾਂ ਦੀਆਂ ਗੋਲੀਆਂ ਸਹਿਜੇ-ਸਹਿਜੇ ਬਾਹਰ ਸੁੱਟ ਲਈਆਂ। ਫੇਰ ਬਾਹਰ ਆ ਕੇ ਆਪਣੇ ਸਾਥੀਆਂ ਨੂੰ ਨਾਲ ਲੈ, ਤਿੰਨੇ ਪੱਕੀਆਂ ਰਾਈਫਲਾਂ ਅਤੇ ਤਿੰਨ ਰੀਵਾਲਵਰ ਵਿਉਂਤ ਮੁਤਾਬਿਕ ਨਾਲ ਲਿਆਂਦੇ ਕਪੜਿਆਂ ਵਿਚ ਚੰਗੀ ਤਰ੍ਹਾਂ ਲਪੇਟ ਕੇ ਇਕ ਥਾਂ ਝਾੜੀਆਂ ਵਿਚ ਦੱਬ ਦਿਤੇ। ਚਾਰ ਰੀਵਾਲਵਰ ਅਤੇ ਲੋੜ ਮੁਤਾਬਿਕ ਗੋਲੀਆਂ ਲੈ ਕੇ ਗੰਡਾ ਸਿੰਘ ਅਤੇ ਬੇਲਾ ਸਿੰਘ ਪਲਟਨ ਵਿਚੋਂ ਮਫ਼ਰੂਰ ਹੋ ਗਏ। ਭਗੌੜੇ ਹੋਣ ਤੋਂ ਪਹਿਲਾਂ ਉਹ ਇਸ ਦੱਬੇ ਹੋਏ ਅਸਲੇ ਦਾ ਪਤਾ

ਆਪਣੇ ਸਾਥੀ ਨਰੈਣ ਸਿੰਘ ਚਾਟੀਵਿੰਡ, ਜ਼ਿਲਾ ਅੰਮ੍ਰਿਤਸਰ ਨੂੰ ਠੀਕ-ਠੀਕ ਦਸਦੇ ਗਏ ।

1921 ਦੇ ਇਹਨਾਂ ਦਿਨਾਂ ਵਿਚ ਹੀ ਹੁਸ਼ਿਆਰਪੁਰ ਵਿਖੇ ਇਕ ਬੜੀ ਭਾਰੀ ਅਕਾਲੀ ਕਾਨਫ਼ਰੰਸ ਹੋਈ, ਜਿਸ ਵਿਚ ਪੰਜਾਬ ਵਿਚੋਂ ਸਾਰੇ ਅਕਾਲੀ ਆਗੂ ਸ਼ਾਮਲ ਹੋਏ । ਅੰਗਰੇਜ਼ਾਂ ਵਿਰੁੱਧ ਧੂਆਂ-ਧਾਰ ਤਕਰੀਰਾਂ ਹੋਈਆਂ । ਪ੍ਰਮੁੱਖ ਆਗੂਆਂ ਦੀ ਇਕ ਵੱਖਰੀ ਖ਼ੁਫ਼ੀਆ ਮੀਟਿੰਗ ਹੋਈ, ਜਿਸ ਵਿਚ ਹੇਠ-ਲਿਖੇ ਵਿਅਕਤੀਆਂ ਨੇ ਹਿੱਸਾ ਲਿਆ :

ਮਾਸਟਰ ਮੋਤਾ ਸਿੰਘ, ਭਾਈ ਕਿਸ਼ਨ ਸਿੰਘ, ਅਮਰ ਸਿੰਘ ਗਰੰਥੀ (ਬਾਅਦ ਵਿਚ ਵਾਇਦਾ-ਮੁਆਫ਼ ਬਣਿਆ) ਪਿੰਡ ਕੋਟ ਬਾੜੇ ਖਾਂ, ਚਤਰ ਸਿੰਘ, ਸ਼ੰਕਰ ਸਿੰਘ ਪੰਡੋਰੀ ਬੀਬੀ, ਜ਼ਿਲਾ ਹੁਸ਼ਿਆਰਪੁਰ, ਅਮਰ ਸਿੰਘ ਦਿੱਲੀ, ਬਿਜਲਾ ਸਿੰਘ ਪਟਿਆਲਾ, ਗੁਰਬਚਨ ਸਿੰਘ ਪਿੰਡ ਅੰਬਾਲਾ, ਜ਼ਿਲਾ ਹੁਸ਼ਿਆਰਪੁਰ, ਵਤਨ ਸਿੰਘ ਕਾਹਰੀ ਸਾਹਰੀ, ਕੈਨੇਡੀਅਨ, ਚੈਂਚਲ ਸਿੰਘ ਜੰਡਿਆਲਾ, ਨਰੈਣ ਸਿੰਘ ਚਾਟੀਵਿੰਡ, ਤੋਤਾ ਸਿੰਘ ਪਸ਼ੌਰੀ ਅਤੇ ਦੋਨੋਂ ਭਗੌੜੇ ਗੰਡਾ ਸਿੰਘ ਅਤੇ ਬੇਲਾ ਸਿੰਘ, ਜਿਨ੍ਹਾਂ ਨੇ ਰੀਵਾਲਵਰ ਚੁਰਾਏ ਸਨ ।

ਉਹਨਾਂ ਦਿਨਾਂ ਵਿਚ ਅਕਾਲੀਆਂ ਨੂੰ ਪੂਰਾ ਯਕੀਨ ਹੋ ਚੁਕਿਆ ਸੀ ਕਿ ਨਨਕਾਣਾ ਸਾਹਿਬ ਦੇ ਕਤਲਾਂ ਵਿਚ ਸ਼ੇਖ਼ੂਪੁਰੇ ਵਾਲੇ ਡਿਪਟੀ ਕਮਿਸ਼ਨਰ ਕਿੰਗ ਅਤੇ ਪੁਲਸ ਕਪਤਾਨ ਬੋਰਿੰਗ, ਦੋਨੋਂ ਅੰਗਰੇਜ਼ ਅਫ਼ਸਰਾਂ ਦੇ ਨਾਲ-ਨਾਲ ਬੇਦੀ ਕਰਤਾਰ ਸਿੰਘ, ਮਹੰਤ ਬਸੰਤ ਦਾਸ ਮਾਣਕ, ਮਹੰਤ ਦੇਵਾ ਦਾਸ ਨਨਕਾਣਾ ਸਾਹਿਬ ਅਤੇ ਸਰਦਾਰ ਬਹਾਦਰ ਸਰਦਾਰ ਸੁੰਦਰ ਸਿੰਘ ਮਜੀਠੀਏ ਦਾ ਸਿੱਧਾ ਹੱਥ ਹੈ । ਇਹਨਾਂ ਸਾਰਿਆਂ ਦੀ ਰਜ਼ਾਮੰਦੀ ਨਾਲ ਹੀ ਮਹੰਤ ਨਰੈਣ ਦਾਸ ਨੇ ਏਡਾ ਵੱਡਾ ਖ਼ੂਨ-ਖ਼ਰਾਬਾ ਕੀਤਾ ਹੈ । ਏਨੇਂ ਹਥਿਆਰ ਅਤੇ ਬਦਮਾਸ਼ਾਂ ਦਾ ਇਕੱਠ ਪੁਲਸ ਦੀਆਂ ਅੱਖਾਂ ਤੋਂ ਕਿਵੇਂ ਲੁਕਿਆ ਰਹਿ ਸਕਦਾ ਸੀ, ਜਦੋਂ ਕਿ ਪੁਲਸ ਦਾ ਥਾਣਾ ਬਿਲਕੁਲ ਗੁਰਦੁਆਰੇ ਦੇ ਨਾਲ ਹੀ ਸੀ । ਬਦਮਾਸ਼ ਖੁਲ੍ਹੇ-ਆਮ ਅਸਲਾ ਚੁੱਕੀਂ ਫਿਰਦੇ ਸਨ । ਮਾਸ ਅਤੇ ਸ਼ਰਾਬਾਂ ਉੱਡ ਰਹੀਆਂ ਸਨ ।

ਸੋ ਇਸੇ ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ ਇਹਨਾਂ ਵਿਚੋਂ ਜਿੰਨਿਆਂ ਨੂੰ ਹੋ ਸਕੇ, ਕਤਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਅਗੋਂ ਲਈ ਇਹਨਾਂ ਨੂੰ ਅਤੇ ਅੰਗਰੇਜ਼ ਦੇ ਹੋਰ ਹੱਥ-ਠੋਕਿਆਂ ਨੂੰ ਕੰਨ ਹੋ ਜਾਣ ਅਤੇ ਉਹ ਗੁਰਦੁਆਰਿਆਂ ਦੇ ਸੁਧਾਰ ਵਿਚ ਰੋੜਾ ਬਨਣ ਦੀ ਹਿੰਮਤ ਨਾ ਕਰਨ ।

ਉਸੇ ਵੇਲੇ ਤੋਤਾ ਸਿੰਘ ਪਸ਼ੌਰੀ ਨੂੰ ਫ਼ਰੰਟੀਅਰ ਵੱਲ ਭੇਜ ਦਿੱਤਾ ਗਿਆ ਕਿ ਉਹ ਹੋਰ ਹਥਿਆਰ ਅਤੇ ਗੋਲੀ-ਸਿੱਕਾ ਲੈ ਆਵੇ, ਜਿਹੜਾ ਉਧਰ ਸੁਖਾਲਿਆਂ ਹੀ ਮਿਲ ਜਾਂਦਾ ਸੀ । ਸੋ ਤੋਤਾ ਸਿੰਘ ਜਾ ਕੇ ਕੁਝ ਰੀਵਾਲਵਰ, ਬੰਬ ਅਤੇ ਗੋਲ-ਸਿੱਕਾ ਲੈ ਆਇਆ । ਇਸ ਮੀਟਿੰਗ ਦੀ ਥਾਂ ਬਾਰੇ ਕੁਝ ਮਤਭੇਦ ਜ਼ਰੂਰ ਹਨ । ਬਾਅਦ ਵਿਚ ਜਦੋਂ ਗੰਡਾ ਸਿੰਘ, ਗਰੰਥੀ ਅਮਰ ਸਿੰਘ ਅਤੇ ਚਤਰ ਸਿੰਘ ਫੜੇ ਗਏ ਤਾਂ ਉਹਨਾਂ ਨੇ ਪੁਲਸ ਨੂੰ ਦਸਿਆ ਕਿ ਇਹ ਮੀਟਿੰਗ ਅੰਮ੍ਰਿਤਸਰ ਗੁਰੂ ਕੇ ਬਾਗ ਵਿਚ ਹੋਈ ਸੀ । ਪਰ ਸਾਰੇ ਇਸ ਗੱਲ ਉੱਤੇ ਸਹਿਮਤ ਸਨ ਕਿ ਇਹ ਮੀਟਿੰਗ ਹੋਈ ਜਰੂਰ ਸੀ, ਬੰਦੇ ਵੀ ਇਹੋ ਸਨ ਅਤੇ ਫ਼ੈਸਲਾ ਵੀ ਇਹੋ ਹੀ ਹੋਇਆ ਸੀ । ਤੋਤਾ ਇਘ ਪਸ਼ੌਰੀ ਅਸਲਾ ਅਤੇ ਬੰਬ ਵੀ ਲਿਆਇਆ ਸੀ ।

ਨਨਕਾਣੇ ਸਾਹਿਬ ਦੇ ਸਾਕੇ ਪਿਛੋਂ ਮਿਸਟਰ ਕਿੰਗ ਅਤੇ ਬੋਰਿੰਗ ਤਬਦੀਲ ਹੋ ਕੇ ਲਾਹੌਰ ਆ ਚੁੱਕੇ ਸਨ। ਭਗੌੜੇ ਗੰਡਾ ਸਿੰਘ ਅਤੇ ਬੇਲਾ ਸਿੰਘ ਦੀ ਡਿਊਟੀ ਮਿਸਟਰ ਬੋਰਿੰਗ ਪੁਲਸ ਕਪਤਾਨ ਲਾਹੌਰ ਨੂੰ ਕਤਲ ਕਰਨ ਦੀ ਲਾਈ ਗਈ। ਉਹਨਾਂ ਹੀ ਦਿਨਾਂ ਵਿਚ, ਭਾਵ ਮਈ 1921 ਵਿਚ ਰੋਜ਼ਾਨਾ ''ਅਕਾਲੀ'' ਅਖ਼ਬਾਰ ਪੂਰੇ ਜ਼ੋਰ-ਸ਼ੋਰ ਨਾਲ ਲਾਹੌਰੋਂ ਨਿਕਲ ਰਿਹਾ ਸੀ, ਜਿਸ ਵਿਚ ਚਤਰ ਸਿੰਘ ਜੇਠੂਵਾਲ ਅਤੇ ਇਕ ਸਾਧੂ ਸਿੰਘ ਕੰਮ ਕਰ ਰਹੇ ਸਨ। ਬਿਜਲਾ ਸਿੰਘ ਨੇ ਇਕ ਸਿਫ਼ਾਰਸ਼ੀ ਚਿੱਠੀ ਉਹਨਾਂ ਦੋਹਾਂ ਦੇ ਨਾਂ ਲਿਖ ਕੇ ਗੰਡਾ ਸਿੰਘ ਅਤੇ ਬੇਲਾ ਸਿੰਘ ਨੂੰ ਸਮਝਾਇਆ ਕਿ ਤੁਸੀਂ ਜਾ ਕੇ ਦੋਹਾਂ ਨੂੰ ਮਿਲੋ ਅਤੇ ਸਾਰੀ ਵਿਉਂਤ ਜ਼ਬਾਨੀ ਦੱਸ ਦਿਉ, ਉਹ ਤੁਹਾਡੀ ਇਸ ਕੰਮ ਵਿਚ ਪੂਰੀ-ਪੂਰੀ ਮਦਦ ਕਰਨਗੇ। ਇਹਨਾਂ ਦੋਹਾਂ ਕੋਲ ਅੰਬਾਲੇ ਵਾਲੇ ਰੀਵਾਲਵਰ ਤਾਂ ਪਹਿਲਾਂ ਹੀ ਸਨ, ਪਰ ਗੰਡਾ ਸਿੰਘ ਕੋਲ ਇਕ ਛੁਰਾ ਵੀ ਸੀ।

ਗੰਡਾ ਸਿੰਘ ਅਤੇ ਬੇਲਾ ਸਿੰਘ ਸਿਫ਼ਾਰਸ਼ੀ ਚਿੱਠੀ ਲੈ ਕੇ ''ਅਕਾਲੀ'' ਅਖ਼ਬਾਰ ਦੇ ਦਫ਼ਤਰ ਲਾਹੌਰ ਜਾ ਪੁੱਜੇ ਅਤੇ ਸਾਧੂ ਸਿੰਘ ਤੇ ਚਤਰ ਸਿੰਘ ਨੂੰ ਜਾ ਮਿਲੇ। ਜਿਸ ਮਨੋਰਥ ਲਈ ਉਹਨਾਂ ਕੋਲ ਪੁੱਜੇ ਸਨ, ਉਸੇ ਵੇਲੇ ਸਾਧੂ ਸਿੰਘ ਦੋਹਾਂ ਨੂੰ ਨਾਲ ਲੈ ਕੇ ਗੁਰਦੁਆਰਾ ਚੁਮਾਹਲਾ ਸਾਹਿਬ ਭਾਟੀ ਦਰਵਾਜ਼ੇ ਅੰਦਰ ਗਰੰਥੀ ਭਾਈ ਪ੍ਰੇਮ ਸਿੰਘ ਨੂੰ ਜਾ ਮਿਲਿਆ ਅਤੇ ਕਿਹਾ ਕਿ ਤੁਸੀਂ ਇਥੇ ਠਹਿਰੋ, ਮੈਂ ਬੋਰਿੰਗ ਦਾ ਪੂਰਾ-ਪੂਰਾ ਥਹੁ-ਪਤਾ ਲੈ ਕੇ ਪਰਸੋਂ ਤੁਹਾਨੂੰ ਨਾਲ ਲੈ ਕੇ ਸਾਹਿਬ ਦੀ ਕੋਠੀ ਪੁਚਾ ਦਿਆਂਗਾ।

ਸੋ ਅਗਲੇ ਦਿਨ ਸਾਧੂ ਸਿੰਘ ਨੇ ਇਹਨਾਂ ਦੋਹਾਂ ਨੂੰ ਬੋਰਿੰਗ ਦੀ ਕੋਠੀ ਪੁਚਾਉਣ ਦਾ ਬੰਦੋਬਸਤ ਬੜੇ ਸੁਚੱਜੇ ਢੰਗ ਨਾਲ ਕਰ ਲਿਆ। ਤੀਜੇ ਦਿਨ ਸਵੇਰੇ ਮੂੰਹ-ਹਨੇਰੇ ਹੀ ਸਾਧੂ ਸਿੰਘ ਚੁਮਾਹਲਾ ਸਾਹਿਬ ਗੁਰਦੁਆਰੇ ਆ ਹਾਜ਼ਰ ਹੋਇਆ ਅਤੇ ਉਸੇ ਵੇਲੇ ਦੋਹਾਂ ਨੂੰ ਨਾਲ ਲੈ ਕੇ ਮਿਸਟਰ ਬੋਰਿੰਗ ਦੇ ਬੰਗਲੇ ਜਾ ਪੁਜਿਆ। ਬੇਲਾ ਸਿੰਘ ਨੂੰ ਬਾਹਰ ਖੜ੍ਹਾ ਕਰਕੇ ਸਾਧੂ ਸਿੰਘ ਗੰਡਾ ਸਿੰਘ ਨੂੰ ਨਾਲ ਲੈ ਅੰਦਰ ਚਲਿਆ ਗਿਆ। ਸਾਹਿਬ ਦੇ ਕਮਰੇ ਦੇ ਬਾਹਰ ਬਰਾਂਡੇ ਵਿਚ ਬੈਠੇ ਅਰਦਲੀ ਨੂੰ ਸਾਧੂ ਸਿੰਘ ਨੇ ਕਿਹਾ ਕਿ ਇਹਨਾਂ ਨੇ ਸਾਹਿਬ ਤੋਂ ਮਜ਼ਦੂਰੀ ਦੇ ਪੈਸੇ ਲੈਣੇ ਹਨ। ਇਹਨਾਂ ਨੇ ਸਾਹਿਬ ਦਾ ਬਿਜਲੀ ਦਾ ਕੰਮ ਕੀਤਾ ਹੈ। ਸੋ ਤੂੰ ਇਹਨਾ ਨੂੰ ਸਾਹਿਬ ਨਾਲ ਮਿਲਾ ਦੇ।

ਅਰਦਲੀ ਨੇ ਦੱਸਿਆ ਕਿ ਸਾਹਿਬ ਘਰ ਨਹੀਂ ਹਨ ਅਤੇ ਨਾ ਹੀ ਉਹਨਾਂ ਨੇ ਘਰ ਆਉਣਾ ਹੈ, ਕਿਉਂਕਿ ਉਹ ਅੱਜ ਲੌਢੇ ਵੇਲੇ ਤਿੰਨ ਬਜੇ ਵਾਲੀ ਰੇਲ ਉੱਤੇ ਅੰਮ੍ਰਿਤਸਰ ਜਾ ਰਹੇ ਹਨ। ਉਧਰੋਂ ਹੀ ਉਹਨਾਂ ਨੇ ਸਿੱਧੇ ਸਟੇਸ਼ਨ ਚਲੇ ਜਾਣਾ ਹੈ।

ਸਾਧੂ ਸਿੰਘ ਬੇਲਾ ਸਿੰਘ ਨੂੰ ਨਾਲ ਲੈ ਕੇ ਰੇਲਵੇ ਸਟੇਸ਼ਨ ਲਾਗੇ ਲੰਡਾ ਬਾਜ਼ਾਰ ਵਿਚ ਭਾਈ ਤਾਰੂ ਸਿੰਘ ਜੀ ਦੇ ਗੁਰਦੁਆਰੇ ਆ ਗਿਆ। ਉਹਨੇ ਦੋਹਾਂ ਨੂੰ ਸਲਾਹ ਦਿੱਤੀ ਕਿ ਉਹ ਵੀ ਉਸੇ ਗੱਡੀ ਉਤੇ ਅੰਮ੍ਰਿਤਸਰ ਨੂੰ ਚੜ੍ਹ ਜਾਣ। ਜਦੋਂ ਸਾਹਿਬ ਬਾਹਰ ਨਿਕਲਣ ਲੱਗੇ, ਉਸੇ ਵੇਲੇ ਗੋਲੀ ਮਾਰ ਕੇ ਤਿੱਤਰ ਹੋ ਜਾਣ। ਅੰਮ੍ਰਿਤਸਰ ਪਹਿਲਾਂ ਹੀ ਅਕਾਲੀਆਂ ਦਾ ਜ਼ੋਰ ਹੈ, ਜਿਸ ਕਰਕੇ ਸਾਹਿਬ ਨੂੰ ਕਤਲ ਕਰਨ ਪਿਛੋਂ ਬਚ ਨਿਕਲਣਾ ਵੀ ਸੁਖਾਲਾ ਰਹੇਗਾ। ਇਸੇ ਸਕੀਮ ਉੱਤੇ ਅਮਲ ਕਰਨ ਲਈ ਦੋਵੇਂ ਰਜ਼ਾਮੰਦ ਹੋ ਗਏ।

ਉਸ ਵੇਲੇ ਸਾਧੂ ਸਿੰਘ ਨੂੰ ਪਤਾ ਸੀ ਕਿ ਦੋਹਾਂ ਕੋਲ ਭਰੇ ਹੋਏ ਰੀਵਾਲਵਰ ਹਨ ਅਤੇ ਗੰਡਾ ਸਿੰਘ ਕੋਲ ਇਕ ਛੁਰਾ ਵੀ ਹੈ। ਸੋ ਤਿੰਨੇ ਸਾਥੀ ਗੁਰਦੁਆਰੇ ਵਿਚ ਚਲੇ ਗਏ।

ਸਾਧੂ ਸਿੰਘ ਉਹਨਾਂ ਨੂੰ ਅੰਦਰ ਬਿਠਾ ਕੇ ਚਲਿਆ ਗਿਆ ਅਤੇ ਆਖ ਗਿਆ ਕਿ ਮੈਂ ਵੇਲੇ-ਸਿਰ ਮੁੜ ਆਵਾਂਗਾ ਅਤੇ ਤੁਹਾਨੂੰ ਰੇਲ ਚੜ੍ਹਾ ਦਿਆਗਾ। ਉਹਨਾਂ ਨੇ ਗੁਰਦੁਆਰੇ ਵਿਚੋਂ ਹੀ ਲੰਗਰ ਛਕਿਆ ਅਤੇ ਸਾਧੂ ਸਿੰਘ ਦੀ ਉਡੀਕ ਕਰਨ ਲੱਗ ਪਏ। ਸਾਧੂ ਸਿੰਘ ਗੁਰਦੁਆਰਿਉਂ ਦੋਹਾਂ ਨੂੰ ਨਾਲ ਲੈ ਕੇ ਸਟੇਸ਼ਨ ਉੱਤੇ ਆ ਗਿਆ। ਦੋਹਾਂ ਨੂੰ ਪਹਿਲਾਂ ਗੇਟ ਤੋਂ ਅੰਦਰ ਲੰਘਾ ਕੇ ਕਿਹਾ ਕਿ ਤੁਸੀਂ ਉਹਨਾਂ ਦੋਹਾਂ ਰੇਲ-ਡੱਬਿਆਂ ਦੇ ਸਾਹਮਣੇ ਜਾ ਕੇ ਬੈਂਚ ਉੱਤੇ ਬੈਠੋ, ਮੈਂ ਤੁਹਾਡੇ ਲਈ ਅੰਮ੍ਰਿਤਸਰ ਦੇ ਦੋ ਟਿਕਟ ਲੈ ਆਵਾਂ, ਕਿਉਂਕਿ ਬਾਕੀ ਰੇਲ ਵੀ ਇਹਨਾਂ ਡੱਬਿਆਂ ਦੇ ਨਾਲ ਹੀ ਆ ਜੁੜਨੀ ਹੈ। ਇਹ ਦੋਨੋਂ ਬੈਂਚ ਉੱਤੇ ਜਾ ਬੈਠੇ।

ਕੁਝ ਚਿਰ ਮਗਰੋਂ ਸਾਧੂ ਸਿੰਘ ਟਿਕਟ ਲੈ ਕੇ ਪੁੱਜ ਗਿਆ। ਅੰਮ੍ਰਿਤਸਰ ਦੇ ਟਿਕਟਾਂ ਦੀ ਥਾਂ ਦੋ ਪਲੈਟਫ਼ਾਰਮ ਟਿਕਟ ਉਹਨਾਂ ਨੂੰ ਦੇ ਕੇ ਆਖਿਆ, "ਆਉ, ਤੁਸੀਂ ਇਸ ਖ਼ਾਲੀ ਡਬੇ ਵਿਚ ਬੈਠ ਜਾਉ, ਬਾਕੀ ਡੱਬੇ ਲੱਗਣ ਹੀ ਵਾਲੇ ਹਨ। ਅੰਮ੍ਰਿਤਸਰ ਪੁੱਜ ਕੇ ਕੰਮ ਸਿਰੇ ਚੜ੍ਹਾ ਲੈਣਾ। ਗੋਰਾ ਅੰਗਰੇਜ਼ ਪਛਾਨਣਾ ਕਿਹੜਾ ਔਖਾ ਹੈ। ਨਾਲੇ ਮੋਢਿਆਂ ਉੱਤੇ ਸਟਾਰਾਂ ਵਾਲੀ ਵਰਦੀ ਤਾਂ ਦੂਰੋਂ ਪਛਾਣੀ ਜਾਂਦੀ ਹੈ ਕਿ ਇਹੋ ਪੁਲਸ ਕਪਤਾਨ ਹੈ। ਬਾਕੀ ਅਮਲਾ-ਫੈਲਾ ਤਾਂ ਦੋ ਕਦਮ ਪਿੱਛੇ ਹੀ ਹੁੰਦਾ ਹੈ।" ਫਤਿਹ ਬੁਲਾ ਕੇ ਸਾਧੂ ਸਿੰਘ ਜੀ ਖਿਸਕਦੇ ਹੋਏ।

ਬੈਂਚ ਉੱਤੇ ਬੈਠਿਆਂ ਨੂੰ ਜਦੋਂ ਸਾਧੂ ਸਿੰਘ ਨੇ ਲਾਲ ਲਕੀਰਾਂ ਵਾਲੇ ਪਲੇਟਫ਼ਾਰਮ ਫੜਾਏ ਸਨ ਤਾਂ ਸਫ਼ੇਦ ਕੱਪੜਿਆਂ ਵਿਚ ਪੁਲਸ ਦੀ ਧਾੜ ਖੜੀ ਸਭ ਤਮਾਸ਼ਾ ਥੋੜ੍ਹੇ ਫ਼ਾਸਲੇ ਤੋਂ ਹੀ ਦੇਖ ਰਹੀ ਸੀ। ਜਦੋਂ ਸਿੰਘ ਸੂਰਮੇ ਡੱਬੇ ਅੰਦਰ ਬੈਠ ਗਏ ਤਾਂ ਇਕ ਪੁਲਸ ਇੰਸਪੈਕਟਰ ਕੁਝ ਹੱਟੇ-ਕੱਟੇ ਸਿਪਾਹੀਆਂ ਨੂੰ ਨਾਲ ਲੈ ਕੇ ਉਹਨਾਂ ਦੇ ਡੱਬੇ ਵਿਚ ਆ ਚੜ੍ਹਿਆ। ਬੜੇ ਸਤਿਕਾਰ ਨਾਲ ਉਹਨੇ ਦੱਸਿਆ, "ਸਰਦਾਰ ਜੀ, ਇਹ ਡੱਬਾ ਤਾਂ ਪੁਲਸ ਲਈ ਰੀਜ਼ਰਵ ਹੈ। ਤੁਸੀਂ ਨਾਲ ਦੇ ਡੱਬੇ ਵਿਚ ਤਸ਼ਰੀਫ਼ ਲੈ ਜਾਉ।" ਦੋਵੇਂ ਉੱਠ ਖੜੋਤੇ। ਜਦੋਂ ਬੇਲਾ ਸਿੰਘ ਥੱਲੇ ਉਤਰਿਆ ਅਤੇ ਗੇਂਡਾ ਸਿੰਘ ਉੱਤਰ ਹੀ ਰਿਹਾ ਸੀ, ਪਲੈਟਫ਼ਾਰਮ ਉੱਤੇ ਖੜ੍ਹੇ ਪੁਲਸੀਆਂ ਨੇ ਬੇਲਾ ਸਿੰਘ ਨੂੰ ਅਤੇ ਅੰਦਰਲਿਆਂ ਨੇ ਗੇਂਡਾ ਸਿੰਘ ਨੂੰ ਜੱਫਿਆਂ ਵਿਚ ਜਕੜ ਲਿਆ। ਉਸੇ ਵੇਲੇ ਹੱਥਕੜੀਆਂ ਲਾਈਆਂ ਗਈਆਂ। ਭਰੇ-ਭਰਾਏ ਰੀਵਾਲਵਰ ਅਤੇ ਛੁਰਾ ਕਬਜ਼ੇ ਵਿਚ ਕਰ ਲਏ ਗਏ। ਦੋਨੋਂ ਪਲੈਟਫ਼ਾਰਮ ਵੀ ਲੈ ਲਏ ਗਏ। ਫ਼ਰਦ ਤਿਆਰ ਕਰ ਲਈ ਗਈ। ਸਭ ਚੀਜ਼ਾਂ ਮੁਕੱਦਮੇ ਦੌਰਾਨ ਅਦਾਲਤ ਵਿਚ ਪੇਸ਼ ਹੋਈਆਂ ਸਨ। ਦੋਹਾਂ ਨੂੰ ਉਸੇ ਵੇਲੇ ਵਖਰੀਆਂ-ਵਖਰੀਆਂ ਹਵਾਲਾਤਾਂ ਵਿਚ ਡਕਿਆ ਗਿਆ। ਸੋ ਇਹ ਪਹਿਲਾ ਕੌਨਸਪੀਰੇਸੀ ਕੇਸ ਟਰਾਇਲ ਨੰ: 1—1922 ਦੇ ਸਿਰਲੇਖ ਹੇਠ ਦਰਜ ਕਰ ਲਿਆ ਗਿਆ।

ਬਬਰ ਅਕਾਲੀ ਕੌਨਸਪੀਰੇਸੀ ਕੇਸ ਟਰਾਇਲ ਨੰ: 2—1924 ਦੇ ਸਿਰਲੇਖ ਹੇਠ ਚਲਿਆ ਸੀ, ਜੋ ਦੂਜਾ ਗਿਣਿਆ ਗਿਆ।

ਪਾਠਕ ਹੁਣ ਤਕ ਸਾਰਾ ਭੇਤ ਸਮਝ ਹੀ ਗਏ ਹੋਣਗੇ ਕਿ ਇਹੋ ਸਾਧੂ ਸਿੰਘ "ਅਕਾਲੀ" ਅਖ਼ਬਾਰ ਵਿਚ ਵੀ ਪੁਲਸ ਦਾ ਸੂਹੀਆ ਸੀ ਅਤੇ ਆਪਣੇ ਆਪ ਨੂੰ ਕੱਟੜ ਸਰਕਾਰ-ਵਿਰੋਧੀ ਹੋਣ ਦਾ ਸਾਂਗ ਭਰਨ ਵਿਚ ਪੂਰੀ ਤਰ੍ਹਾਂ ਸਫ਼ਲ ਹੋ ਚੁਕਿਆ ਸੀ। ਉਹ ਦੇਸਭਗਤਾਂ ਦੀ ਪਹਿਲੀ ਸਫ਼ ਵਿਚ ਆ ਖੜੋਤਾ ਸੀ। ਉਹ ਅੰਮ੍ਰਿਤਸਰ ਦੇ ਆਗੂਆਂ ਦੀ ਮੁੱਛ ਦਾ ਵਾਲ ਬਣ ਚੁਕਿਆ ਸੀ। ਇਹੋ ਕਾਰਨ ਹੈ ਕਿ ਬਿਜਲਾ ਸਿੰਘ

ਜੀ ਧੋਖਾ ਖਾ ਗਏ। ਦੋਹਾਂ ਭਗੌੜਿਆਂ ਨੂੰ ਪਹਿਲਾਂ ਗੁਰਦੁਆਰਾ ਚੁਮਾਹਲਾ ਸਾਹਿਬ ਵਿਚ ਪੁਚਾਉਣਾ, ਅਗਲੇ ਦਿਨ ਸੀ ਆਈ ਡੀ ਨਾਲ ਉਪਰੋਕਤ ਪ੍ਰੋਗਰਾਮ ਬਣਾ ਕੇ ਤੀਜੇ ਦਿਨ ਸਵੇਰੇ ਹੀ ਕਿਸੇ ਬੰਗਲੇ ਵਿਚ ਲੈ ਜਾ ਕੇ ਅਰਦਲੀ ਬਣੇ ਬੈਠੇ ਸੀ ਆਈ ਡੀ ਦੇ ਆਦਮੀ ਤੋਂ ਪੁਲਸ ਕਪਤਾਨ ਦਾ ਅੰਮ੍ਰਿਤਸਰ ਨੂੰ ਜਾਣ ਦਾ ਅਡੰਬਰ ਰਚਨਾ, ਦੋਹਾਂ ਨੂੰ ਗੁਰਦੁਆਰਾ ਭਾਈ ਤਾਰੂ ਸਿੰਘ ਜੀ ਵਿਚ ਲਿਆ ਬਿਠਾਉਣਾ ਤੇ ਕਤਲ ਦਾ ਪ੍ਰੋਗਰਾਮ ਅੰਮ੍ਰਿਤਸਰ ਦਾ ਬਣਾਉਣਾ, ਉਹਨਾਂ ਨੂੰ ਰੇਲ ਦੇ ਖਾਲੀ ਡਬਿਆਂ ਵਿਚ ਜਾ ਬਿਠਾਉਣਾ ਤੇ ਸੁਖਾਲਿਆਂ ਹੀ ਸਾਰੇ ਪ੍ਰੋਗਰਾਮ ਨੂੰ ਆਹਲਣੇ ਦੇ ਤੀਲਿਆਂ ਵਾਂਗੂ ਖੇਰੂ-ਖੇਰੂ ਕਰ ਦੇਣਾ ਅਤੇ ਗਰਿਫ਼ਤਾਰੀ ਵੀ ਉਸ ਵੇਲੇ ਦੀ ਪੰਜਾਬ ਦੀ ਰਾਜਧਾਨੀ ਵਿਚ ਕਰਵਾਉਣੀ, ਇਹ ਇਸੇ ਸ਼ਾਤਰ ਦਾ ਚਮਤਕਾਰ ਸੀ।

ਪੁਲਸ ਦੇ ਕਾਬੂ ਆਉਂਦਿਆਂ ਹੀ ਗੰਡਾ ਸਿੰਘ ਬਕ ਉਤਰਿਆ ਅਤੇ ਸਾਜ਼ਿਸ਼ ਦਾ ਸਾਰਾ ਭੇਤ ਖੋਲ੍ਹ ਕੇ ਵਾਇਦਾ-ਮੁਆਫ਼ ਗਵਾਹ ਬਣ ਬੈਠਾ। ਉਹ ਬਾਅਦ ਵਿਚ ਸਾਡੇ ਕੇਸ ਵਿਚ ਵੀ ਗਵਾਹੀ ਦੇਣ ਆਇਆ ਸੀ ਅਤੇ ਉਹਦਾ ਬਿਆਨ ਪੇਪਰ-ਬੁੱਕ ਦੇ ਸਫ਼ਾ 860 ਉੱਤੇ ਗੰਡਾ ਸਿੰਘ ਵਲਦ ਹੀਰਾ ਸਿੰਘ, ਜ਼ਾਤ ਜੱਟ, ਉਮਰ 35 ਸਾਲ, ਪਿੰਡ ਸਰਹਾਲੀ ਖ਼ੁਰਦ, ਜ਼ਿਲਾ ਅੰਮ੍ਰਿਤਸਰ ਦੇ ਨਾਂ ਹੇਠ ਦਰਜ ਹੈ।

ਇਹ ਬਿਆਨ ਪੇਪਰ-ਬੁੱਕ ਦੇ ਚਾਰ ਸਫ਼ਿਆਂ ਉੱਤੇ ਹੈ ਅਤੇ ਦਸਦਾ ਹੈ ਕਿ ਪਹਿਲਾਂ ਉਹ ਸ: ਸੁੰਦਰ ਸਿੰਘ ਮਜੀਠੀਏ ਨੂੰ ਕਤਲ ਕਰਨ ਲਈ ਅੰਮ੍ਰਿਤਸਰ ਉਹਨਾਂ ਦੀ ਕੋਠੀ ਗਿਆ ਸੀ। ਉਹ ਮਿਲੇ ਨਹੀਂ ਸਨ। ਉਹ ਅਖੀਰ ਵਿਚ ਜਾ ਕੇ ਲਾਹੌਰ ਦੀ ਘਟਨਾ ਦਾ ਜ਼ਿਕਰ ਕਰਦਾ ਹੈ ਅਤੇ ਦਸਦਾ ਹੈ ਕਿ ਕਿਵੇਂ ਰੇਲ ਦੇ ਡੱਬੇ ਵਿਚੋਂ ਉੱਤਰਦੇ ਹੋਏ ਉਹ ਪੁਲਸ ਦੇ ਕਾਬੂ ਆ ਗਏ ਸਨ। ਪੁਲਸ ਉਹਨੂੰ ਨੌਲੱਖੇ ਥਾਣੇ ਲੈ ਗਈ ਸੀ ਅਤੇ ਉਹਨੇ ਪੁਲਸ ਨੂੰ ਸਭ ਕੁਝ ਦੱਸ ਦਿੱਤਾ ਸੀ। ਉਹਦੇ ਬਿਆਨ ਦੇ ਆਧਾਰ ਉੱਤੇ ਹੀ ਚਤਰ ਸਿੰਘ ਜੇਠੂਵਾਲ ਅਤੇ ਭਾਈ ਪ੍ਰੇਮ ਸਿੰਘ ਗਰੰਥੀ ਗੁਰਦੁਆਰਾ ਚੁਮਾਹਲਾ ਸਾਹਿਬ ਲਾਹੌਰੋਂ, ਅਮਰ ਸਿੰਘ ਕੋਟ ਬਾੜੇ ਖਾਂ, ਤੋਤਾ ਸਿੰਘ ਪਸ਼ੌਰੀ ਤੇ ਤਾਰਾ ਸਿੰਘ ਠੇਠਰ ਅੰਮ੍ਰਿਤਸਰੋਂ ਗਰਿਫ਼ਤਾਰ ਕਰ ਲਏ ਗਏ ਸਨ।

ਅਮਰ ਸਿੰਘ ਕੋਟ ਬਾੜੇ ਖਾਂ ਵੀ ਪੁਲਸ ਅਗੇ ਚੱਲ ਤੁਰਿਆ ਅਤੇ ਉਹਦੇ ਬਿਆਨਾਂ ਤੋਂ ਚਤਰ ਸਿੰਘ ਸ਼ੇਖੂਪੁਰਾ ਫੜਿਆ ਗਿਆ। ਉਹ ਵੀ ਯਰਕ ਕੇ ਝੱਟ ਸਰਕਾਰੀ ਗਵਾਹ ਬਣ ਗਿਆ।

ਉਹਦੇ ਬਿਆਨਾਂ ਤੋਂ ਪੁਲਸ ਨੇ ਸੁੰਦਰ ਸਿੰਘ, ਚੈਂਚਲ ਸਿੰਘ ਜੰਡਿਆਲਾ, ਠਾਕੁਰ ਸਿੰਘ ਭੋਜੋਵਾਲ ਅਤੇ ਨਰੈਣ ਸਿੰਘ ਚਾਟੀਵਿੰਡ ਨੂੰ ਗਰਿਫ਼ਤਾਰ ਕਰ ਲਿਆ। ਤੋਤਾ ਸਿੰਘ ਪਸ਼ੌਰੀ ਜਿਹੜੇ ਸੱਤ ਰੀਵਾਲਵਰ ਫ਼ਰੰਟੀਅਰ ਵੱਲੋਂ ਲਿਆਇਆ ਸੀ, ਉਹਨਾਂ ਵਿਚੋਂ ਛੇ ਤਾਂ ਪੁਲਸ ਬਰਾਮਦ ਕਰਨ ਵਿਚ ਕਾਮਯਾਬ ਹੋ ਗਈ, ਸੱਤਵਾਂ ਮਾਸਟਰ ਮੋਤਾ ਸਿੰਘ ਪਾਸ ਸੀ ਜਿਹੜਾ ਪੁਲਸ ਦੇ ਹੱਥ ਨਾ ਆ ਸਕਿਆ, ਕਿਉਂਕਿ ਸਾਜ਼ਿਸ਼ ਦਾ ਭੇਤ ਖੁੱਲਣ ਉੱਤੇ ਉਹ ਅਤੇ ਭਾਈ ਕਿਸ਼ਨ ਸਿੰਘ ਜੀ ਮਫ਼ਰੂਰ ਹੋ ਗਏ ਸਨ। ਇਸੇ ਮਫ਼ਰੂਰੀ ਦੌਰਾਨ ਮਾਸਟਰ ਮੋਤਾ ਸਿੰਘ ਅਤੇ ਭਾਈ ਕਿਸ਼ਨ ਸਿੰਘ ਜੀ ਦਾ ਮਿਲਾਪ ਹੋ ਗਿਆ ਸੀ।

ਤਫ਼ਤੀਸ਼ ਮੁਕੰਮਲ ਹੋਣ ਉੱਤੇ ਪੁਲਸ ਨੇ ਹੇਠ-ਲਿਖੇ ਮੁਲਜ਼ਮਾਂ ਦਾ ਚਲਾਨ ਅਦਾਲਤ ਵਿਚ ਪੇਸ਼ ਕਰ ਦਿਤਾ : ਤੋਤਾ ਸਿੰਘ ਪਸ਼ੌਰੀ, ਤਾਰਾ ਸਿੰਘ ਠੇਠਰ ਜ਼ਿਲਾ

ਲਾਹੌਰ, ਭਾਈ ਚੈਂਚਲ ਸਿੰਘ, ਅਮਰ ਸਿੰਘ ਕੋਟ ਬਾੜੇ ਖਾਂ, ਨਰੈਣ ਸਿੰਘ ਚਾਟੀਵਿੰਡ, ਬੇਲਾ ਸਿੰਘ ਅਤੇ ਗਰੰਥੀ ਪ੍ਰੇਮ ਸਿੰਘ ਜੀ ਗੁਰਦੁਆਰਾ ਚੁਮਾਹਲਾ ਸਾਹਿਬ ਲਾਹੌਰ ।

ਭਗੌੜੇ ਹੋ ਜਾਣ ਵਾਲੇ ਇਹ ਸਨ : ਮਾਸਟਰ ਮੋਤਾ ਸਿੰਘ ਪਤਾਰਾ, ਭਾਈ ਕਿਸ਼ਨ ਸਿੰਘ ਬਿੜੰਗ, ਬਿਜਲਾ ਸਿੰਘ, ਅਮਰ ਸਿੰਘ ਦਿੱਲੀ, ਗੁਰਬਚਨ ਸਿੰਘ ਪਿੰਡ ਅੰਬਾਲਾ ਜ਼ਿਲਾ ਹੁਸ਼ਿਆਰਪੁਰ ਅਤੇ ਵਤਨ ਸਿੰਘ ਕਾਹਰੀ ਸਾਹਰੀ ਜ਼ਿਲਾ ਹੁਸ਼ਿਆਰਪੁਰ । ਇਹ ਸਾਰੇ ਮਫ਼ਰੂਰ ਕਰਾਰ ਦੇ ਦਿਤੇ ਗਏ ਅਤੇ ਵਾਰੰਟ ਜਾਰੀ ਹੋ ਗਏ ।

ਬਬਰ ਅਕਾਲੀ ਕੇਸ ਦੀ ਜੱਜਮੈਂਟ ਦੇ ਸਫ਼ਾ ਦੋ ਉਤੇ ਇਹ ਕੇਸ ਦਰਜ ਹੈ । (ਮਿਸਟਰ ਪੀ. ਜੇ. ਰਸਟ, ਸਪੈਸ਼ਲ ਮੈਜਿਸਟਰੇਟ, ਦਫ਼ਾ 30 ਦੇ ਅਖ਼ਤਿਆਰਾਂ ਨਾਲ, ਲਾਹੌਰ) :

ਪਹਿਲਾ ਅਕਾਲੀ ਕੌਨਸਪੀਰੇਸੀ ਕੇਸ, ਟਰਾਇਲ ਨੰ: 1—1922 ਕਿੰਗ ਐਮਪਰਰ ਬਨਾਮ ਤੋਤਾ ਸਿੰਘ ਅਤੇ ਦੂਜੇ ਮੁਲਜਮ, ਜਿਨ੍ਹਾਂ ਦਾ ਹੁਕਮ 18 ਮਈ 1922 ਨੂੰ ਸੁਣਾਇਆ ਗਿਆ ।

"ਇਸ ਸਾਜ਼ਿਸ਼ ਦਾ ਪਤਾ 23 ਮਈ 1921 ਨੂੰ ਲਗਿਆ ਜਦੋਂ ਦੋ ਬੰਦੇ ਗੰਡਾ ਸਿੰਘ ਅਤੇ ਬੇਲਾ ਸਿੰਘ ਲਾਹੌਰ ਰੇਲਵੇ ਸਟੇਸ਼ਨ ਉੱਤੇ ਫੜੇ ਗਏ ਸਨ ਜਿਹੜੇ ਇਸ ਪਹਿਲੀ ਸਾਜਿਸ਼ ਵਿਚ ਸ਼ਾਮਲ ਸਨ । ਇਹ ਦੋਵੇਂ ਮਿਸਟਰ ਕਿੰਗ ਨੂੰ ਰੇਲਵੇ ਸਟੇਸ਼ਨ ਉੱਤੇ ਕਤਲ ਕਰਨ ਦੇ ਇਰਾਦੇ ਨਾਲ ਗਏ ਸਨ ਜਦੋਂ ਕਿ ਉਹ ਇਹਨਾਂ ਨੂੰ ਆਪਣੇ ਬੰਗਲੇ ਵਿਚ ਨਹੀਂ ਸੀ ਮਿਲ ਸਕਿਆ । ਇਸੇ ਕੇਸ ਵਿਚ ਕਿਸ਼ਨ ਸਿੰਘ ਮੁਲਜ਼ਮ ਨੰ: 1 ਅਤੇ ਮਾਸਟਰ ਮੋਤਾ ਸਿੰਘ ਵੀ ਚਾਹੀਦੇ ਸਨ । ਪਰ ਦੋਵੇਂ ਮਫ਼ਰੂਰ ਹੋ ਚੁੱਕੇ ਸਨ, ਵਗੈਰਾ ਵਗੈਰਾ..."

ਇਸ ਕੇਸ ਵਿਚ ਪਹਿਲਾ ਗਵਾਹ ਵਾਇਦਾ-ਮੁਆਫ਼ ਗੰਡਾ ਸਿੰਘ ਸੀ ਜੀਹਦਾ ਜ਼ਿਕਰ ਪਹਿਲਾਂ ਆ ਚੁਕਿਆ ਹੈ ਅਤੇ ਦੂਜਾ ਸੀ (ਦੇਖੋ ਪੇਪਰ-ਬੁੱਕ ਸਫ਼ਾ 858 ; ਗਵਾਹ ਨੰ: 475) ਸੰਤ ਸਿੰਘ, ਉਰਫ਼ ਚਤਰ ਸਿੰਘ ਵਲਦ ਸਰਦਾਰ ਬਹਾਦਰ ਸਰਦਾਰ ਲਹਿਣਾ ਸਿੰਘ, ਉਮਰ 32 ਸਾਲ, ਜ਼ਾਤ ਜੱਟ, ਪਿੰਡ ਤੁੰਗ ਕਲਾਂ, ਜ਼ਿਲਾ ਗੁਜਰਾਂਵਾਲਾ, ਪੇਸ਼ਾ ਖੇਤੀਬਾੜੀ ।

"ਮੇਰੇ ਬਾਪ ਨੂੰ ਸਾਢੇ ਅੱਠ ਮੁਰੱਬੇ ਜ਼ਿਲਾ ਸਰਗੋਧਾ ਵਿਚ ਮਿਲੇ ਹੋਏ ਹਨ ਅਤੇ 9 ਮੁਰੱਬੇ ਜ਼ਮੀਨ ਪਿੰਡ ਤੁੰਗ ਕਲਾਂ ਵਿਚ ਵੱਖਰੀ ਹੈ । ਮੈਂ ਅਕਾਲੀਆਂ ਅਤੇ ਪੁਜਾਰੀਆਂ ਦੇ ਝਗੜੇ ਵਿਚ ਅਕਾਲੀ ਸਜ ਗਿਆ ਸੀ ਤਾਂ ਮੇਰੀ ਜਾਣ-ਪਛਾਣ ਇਹਨਾਂ ਅਕਾਲੀਆਂ ਨਾਲ ਹੋ ਗਈ ਸੀ : ਕਿਸ਼ਨ ਸਿੰਘ ਮੁਲਜ਼ਮ ਨੰ: 1, ਅਮਰ ਸਿੰਘ ਵਾਇਦਾ-ਮੁਆਫ਼, ਬਿਜਲਾ ਸਿੰਘ, ਗੁਰਚਰਨ ਸਿੰਘ, ਅਮਰ ਸਿੰਘ ਦਿੱਲੀ ਵਾਲਾ, ਗੰਡਾ ਸਿੰਘ, ਨਰੈਣ ਸਿੰਘ, ਬੇਲਾ ਸਿੰਘ ਅਤੇ ਤੋਤਾ ਸਿੰਘ । ਅਸੀਂ ਅਕਸਰ ਅੰਮ੍ਰਿਤਸਰ ਵਿਚ ਇਕੱਠੇ ਹੋ ਕੇ ਸਰਕਾਰੀ ਅਫ਼ਸਰਾਂ ਅਤੇ ਹੋਰਨਾਂ ਦੇ ਵਿਰੁੱਧ ਸਾਜ਼ਿਸ਼ਾਂ ਘੜਿਆ ਕਰਦੇ ਸੀ ਕਿ ਉਹਨਾਂ ਨੂੰ ਕਤਲ ਕਰਨਾ ਚਾਹੀਦਾ ਹੈ । ਮੇਰੇ ਜ਼ਿੰਮੇ ਰਕਮ ਇਕੱਠੀ ਕਰਨ ਦਾ ਕੰਮ ਸੌਂਪਿਆ ਹੋਇਆ ਸੀ, ਜਿਸ ਨਾਲ ਮੈਂ, ਤੋਤਾ ਸਿੰਘ ਅਤੇ ਹੋਰਨਾਂ ਨੇ ਹਥਿਆਰ ਖ਼ਰੀਦੇ ਸਨ, ਜੋ ਵੱਖਰੀਆਂ-ਵੱਖਰੀਆਂ ਥਾਂਵਾਂ ਤੋਂ ਖ਼ਰੀਦ ਕੇ ਅੰਮ੍ਰਿਤਸਰ ਲਿਆਂਦੇ ਗਏ ਸਨ । ਮੈਂ ਇਹ ਲਿਆ ਕੇ ਦਫ਼ਤਰ ਵਿਚ ਰੱਖ ਦਿਤੇ ਸਨ ਜਿਥੇ ਮੁਲਜ਼ਮ ਕਿਸ਼ਨ ਸਿੰਘ ਅਕਾਲੀ ਦਲ ਦਾ ਸਕੱਤਰ ਰਹਿੰਦਾ ਸੀ । ਮਿਸਟਰ ਬੋਰਿੰਗ, ਸ. ਬ. ਸੁੰਦਰ ਸਿੰਘ ਮਜੀਠੀਏ, ਮਾਣਕ

ਦੇ ਮਹੰਤ ਅਤੇ ਹੋਰਨਾਂ ਨੂੰ ਕਤਲ ਕਰਨ ਦੀ ਕੋਸ਼ਿਸ਼ ਤਾਂ ਕੀਤੀ ਗਈ ਸੀ ਪਰ ਕਾਮਯਾਬੀ ਨਹੀਂ ਸੀ ਮਿਲੀ। ਗੰਡਾ ਸਿੰਘ ਅਤੇ ਬੇਲਾ ਸਿੰਘ ਲਾਹੌਰ ਸਟੇਸ਼ਨ ਉੱਤੇ ਗਰਿਫ਼ਤਾਰ ਕਰ ਲਏ ਗਏ ਸਨ, ਮੁਲਜ਼ਮ ਕਿਸ਼ਨ ਸਿੰਘ ਉਸ ਕੇਸ ਵਿਚ ਮਫ਼ਰੂਰ ਹੋ ਗਿਆ ਸੀ ਅਤੇ ਮੈਂ ਆਪ ਵਾਇਦਾ-ਮੁਆਫ਼ ਗਵਾਹ ਬਣ ਗਿਆ ਸੀ।''

18 ਮਈ 1922 ਨੂੰ ਫ਼ੈਸਲਾ ਸੁਣਾ ਦਿਤਾ ਗਿਆ ਜਿਸ ਵਿਚ ਤੋਤਾ ਸਿੰਘ ਪਸ਼ੌਰੀ ਅਤੇ ਤਾਰਾ ਸਿੰਘ ਠੇਠਰ ਨੂੰ ਪੰਜ-ਪੰਜ ਸਾਲ, ਬੇਲਾ ਸਿੰਘ ਨੂੰ ਚਾਰ ਸਾਲ ਅਤੇ ਚੈਂਚਲ ਸਿੰਘ ਜੰਡਿਆਲਾ ਜ਼ਿਲਾ ਜਲੰਧਰ ਨੂੰ ਇਕ ਸਾਲ ਕੈਦ ਹੋ ਗਈ। ਅਮਰ ਸਿੰਘ ਕੋਟ ਬਾੜ੍ਹੇ ਖਾਂ, ਨਰੈਣ ਸਿੰਘ ਚਾਟੀਵਿੰਡ ਅਤੇ ਭਾਈ ਪ੍ਰੇਮ ਸਿੰਘ ਜੀ ਗਰੰਥੀ ਬਰੀ ਕਰ ਦਿੱਤੇ ਗਏ ਸਨ।

ਮਾਸਟਰ ਮੋਤਾ ਸਿੰਘ, ਭਾਈ ਕਿਸ਼ਨ ਸਿੰਘ, ਗੁਰਬਚਨ ਸਿੰਘ ਅੰਬਾਲਾ, ਵਤਨ ਸਿੰਘ ਕਾਹਰੀ ਸਾਹਰੀ, ਅਮਰ ਸਿੰਘ ਦਿੱਲੀ ਅਤੇ ਬਿਜਲਾ ਸਿੰਘ ਇਸ਼ਤਿਹਾਰੀ ਮਫ਼ਰੂਰ ਕਰਾਰ ਦੇ ਕੇ ਗਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਗਏ। ਭਾਈ ਵਤਨ ਸਿੰਘ ਕਾਹਰੀ ਸਾਹਰੀ ਦਾ ਲੜਕਾ ਕਰਤਾਰ ਸਿੰਘ ਵੀ ਖ਼ਾਲਸਾ ਸਕੂਲ ਜਲੰਧਰ ਵਿਚ ਮੇਰੇ ਨਾਲ ਉਹਨਾਂ ਦਿਨਾਂ ਵਿਚ ਸੀਨੀਅਰ ਕਲਾਸ ਵਿਚ ਪੜ੍ਹਦਾ ਸੀ, ਅਤੇ ਭਾਈ ਵਤਨ ਸਿੰਘ ਦੇ ਦਰਸ਼ਨ ਕਰਨ ਦਾ ਮੌਕਾ ਉਹਨਾਂ ਦਿਨਾਂ ਵਿਚ ਹੀ ਮਿਲਿਆ ਸੀ। ਉਹ ਆਪਣੇ ਲੜਕੇ ਨੂੰ ਚੋਰੀ-ਛਿਪੇ ਮਿਲਣ ਸਕੂਲੇ ਆਇਆ ਕਰਦੇ ਸਨ। ਸੋ ਇਹਨਾਂ ਮਫ਼ਰੂਰਾਂ ਬਾਬਤ ਮਾਸਟਰ ਮੋਤਾ ਸਿੰਘ ਅਤੇ ਭਾਈ ਕਿਸਨ ਸਿੰਘ ਜੀ ਤੋਂ ਬਿਨਾਂ ਮੈਨੂੰ ਕੋਈ ਪਤਾ ਨਹੀਂ ਕਿ ਕੀ ਬਣਿਆ ਅਤੇ ਨਾਂ ਹੀ ਸਾਡੇ ਕੇਸ ਵਿਚ ਇਹਨਾਂ ਬਾਬਤ ਕੋਈ ਸ਼ਹਾਦਤ ਹੀ ਪੇਸ਼ ਹੋਈ ਸੀ।

# 4. ਪਹਿਲਾਂ-ਪਹਿਲ ਧੂਰੀ ਜਥੇ ਦੀ ਸਥਾਪਨਾ, ਇਲਾਕਾ ਮਾਲਵਾ

ਸੰਤ ਕਰਤਾਰ ਸਿੰਘ ਬਿਆਨ ਜਾਰੀ ਰਖਦਾ ਦਸਦਾ ਹੈ ਕਿ ਭਾਈ ਕਿਸ਼ਨ ਸਿੰਘ ਨੇ ਅੰਮ੍ਰਿਤਸਰ ਤੋਂ ਆ ਕੇ ਮੈਨੂੰ ਬੀਤ ਚੁੱਕੀ ਸਾਰੀ ਗੱਲ ਦੀ ਜਾਣਕਾਰੀ ਦਿੱਤੀ ਅਤੇ ਸਲਾਹ ਪੁੱਛੀ ਕਿ ਉਹ ਕੁਝ ਚਿਰ ਵਕਤ-ਕਟੀ ਲਈ ਕੋਈ ਨਿਵੇਕਲੀ ਥਾਂ ਦਾ ਬੰਦੋਬਸਤ ਕਰੇ ਜਿਥੇ ਉਹ ਮਫ਼ਰੂਰੀ ਦੀ ਹਾਲਤ ਵਿਚ ਅਗਲੇ ਪ੍ਰੋਗਰਾਮ ਦੀ ਰੂਪਰੇਖਾ ਤਿਆਰ ਕਰ ਸਕਣ।[1] ਸੰਤ ਕਰਤਾਰ ਸਿੰਘ ਨੇ ਸਲਾਹ ਦਿੱਤੀ ਕਿ ਐਸ ਵੇਲੇ ਦੀ ਹਾਲਤ ਮੁਤਾਬਿਕ ਸਭ ਤੋਂ ਢੁੱਕਵੀਂ ਥਾਂ ਮਾਲਵੇ ਵਿਚ ਪ੍ਰਸਿੱਧ ਗੁਰਦੁਆਰਾ ਮਸਤੂਆਣਾ ਹੀ ਠੀਕ ਰਹੇਗਾ, ਕਿਉਂਕਿ ਉਹ ਕਾਫ਼ੀ ਸਮਾਂ ਉਥੇ ਰਹਿ ਚੁਕਿਆ ਹੈ। ਸੰਤ ਅਤਰ ਸਿੰਘ ਜੀ ਉਹਨੂੰ ਭਲੀ ਪ੍ਰਕਾਰ ਜਾਣਦੇ ਹਨ ਜਿਥੇ ਭਾਈ ਸਾਹਿਬ ਬੜੇ ਆਰਾਮ ਨਾਲ ਠਹਿਰ ਸਕਦੇ ਹਨ ਅਤੇ ਅਗਲਾ ਪ੍ਰੋਗਰਾਮ ਵੀ ਸੋਚਿਆ ਜਾ ਸਕਦਾ ਹੈ। ਸੋ ਦੋਨੋਂ ਜਲੰਧਰ ਛਾਉਣੀ ਰੇਲਵੇ ਸਟੇਸ਼ਨ ਤੋਂ ਰਾਤ ਦੀ ਗੱਡੀ ਚੜ੍ਹ ਕੇ ਪਹਿਲਾਂ ਅੰਬਾਲਾ ਛਾਉਣੀ ਜਾ ਉੱਤਰੇ ਅਤੇ ਸਿਧੇ ਫ਼ੌਜੀ ਛਾਉਣੀ 35 ਸਿੱਖ ਦੀਆਂ ਬਾਰਕਾਂ ਲਾਗੇ ਜਾ ਪੁਜੇ। ਭਾਈ ਸਾਹਿਬ ਆਪ ਤਾਂ ਇਕ ਨਿਵੇਕਲੀ ਥਾਂ ਬਾਹਰ'ਹੀ ਠਹਿਰ ਗਏ ਅਤੇ ਸੰਤ ਕਰਤਾਰ ਸਿੰਘ ਨੂੰ ਨਰੈਣ ਸਿੰਘ ਚਾਟੀਵਿੰਡ ਨੂੰ ਬੁਲਾਉਣ ਲਈ ਭੇਜ ਦਿੱਤਾ।

ਭਾਈ ਸਾਹਿਬ ਇਸੇ ਪਲਟਨ ਵਿਚੋਂ ਨੌਕਰੀ ਛੱਡ ਕੇ ਗਏ ਸਨ। ਦੂਜੇ, ਗੰਡਾ ਸਿੰਘ ਅਤੇ ਬੇਲਾ ਸਿੰਘ ਵੀ ਸੱਤ ਰੀਵਾਲਵਰ ਚੋਰੀ ਕਰਕੇ ਚਾਰ ਤਾਂ ਨਾਲ ਲੈ ਗਏ ਸਨ ਅਤੇ ਤਿੰਨ ਇਸੇ ਚਾਟੀਵਿੰਡ ਵਾਲੇ ਨਰੈਣ ਸਿੰਘ ਨੂੰ ਦੇ ਗਏ ਸਨ। ਭਾਈ ਸਾਹਿਬ ਦਾ ਖ਼ਿਆਲ ਬਾਕੀ ਬਚਦੇ ਤਿੰਨੇ ਰੀਵਾਲਵਰ ਨਰੈਣ ਸਿੰਘ ਤੋਂ ਲੈ ਲੈਣ ਦਾ ਸੀ। ਸੋ ਸੰਤ ਕਰਤਾਰ ਸਿੰਘ ਛੇਤੀ ਹੀ ਵਾਪਸ ਮੁੜ ਆਇਆ ਅਤੇ ਦਸਿਆ ਕਿ ਨਰੈਣ ਸਿੰਘ ਨੂੰ ਪੁਲਸ ਪਹਿਲਾਂ ਹੀ ਗਰਿਫ਼ਤਾਰ ਕਰਕੇ ਲਾਹੌਰ ਲੈ ਜਾ ਚੁੱਕੀ ਹੈ ਅਤੇ ਬਾਕੀ ਬਚਦੇ ਤਿੰਨੇ ਰੀਵਾਲਵਰ ਗੰਡਾ ਸਿੰਘ ਨੇ ਪੁਲਸ ਨੂੰ ਨਾਲ ਲਿਆ ਕੇ ਬਰਾਮਦ ਕਰਵਾ ਦਿੱਤੇ ਹਨ ਜਿਥੇ ਉਹ ਮਫ਼ਰੂਰ ਹੋਣ ਤੋਂ ਪਹਿਲਾਂ ਦੱਬ ਗਏ ਸਨ।

ਭਾਈ ਕਿਸ਼ਨ ਸਿੰਘ ਅਤੇ ਸੰਤ ਕਰਤਾਰ ਸਿੰਘ ਅੰਬਾਲਾ ਛਾਉਣੀ ਸਟੇਸਨ ਤੋਂ ਰੇਲ ਚੜ੍ਹ ਕੇ ਧੂਰੀ ਰੇਲਵੇ ਸਟੇਸ਼ਨ ਉੱਤੇ ਆ ਉੱਤਰੇ ਅਤੇ ਗੁਰਦੁਆਰੇ ਚਲੇ ਗਏ। ਉਥੇ ਹੀ ਭਾਈ ਸਾਹਿਬ ਨੂੰ ਉਹਨਾਂ ਦੇ ਦੋ ਪੁਰਾਣੇ ਸਾਥੀ ਹਰਜਸ ਸਿੰਘ ਟੂੰਡਾ ਅਤੇ ਸੁੰਦਰ ਸਿੰਘ

ਮਿਲ ਪਏ । ਸੁੰਦਰ ਸਿੰਘ ਉਸ ਵੇਲੇ ਇਲਾਕੇ ਦਾ ਜਥੇਦਾਰ ਸੀ । ਭਾਈ ਸਾਹਿਬ ਨੇ ਸੰਤ ਕਰਤਾਰ ਸਿੰਘ ਨੂੰ ਧੂਰੀ ਤੋਂ ਹੀ ਵਾਪਸ ਪ੍ਰਾਗਪੁਰ ਭੇਜ ਦਿੱਤਾ ਅਤੇ ਆਖਿਆ, "ਹੁਣ ਮੈਨੂੰ ਮੇਰੇ ਪੁਰਾਣੇ ਸਾਥੀ ਮਿਲ ਗਏ ਹਨ, ਅਗਲਾ ਪ੍ਰੋਗਰਾਮ ਮੈਂ ਇਹਨਾਂ ਨਾਲ ਮਿਲ ਕੇ ਆਪੇ ਤਿਆਰ ਕਰ ਲਵਾਂਗਾ ।"

* * *

1921 ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੂਰੇ ਜੋਬਨ ਉੱਤੇ ਆ ਚੁੱਕੀਆਂ ਸਨ । ਕਈਆਂ ਇਤਿਹਾਸਕ ਗੁਰਦੁਆਰਿਆਂ ਉੱਤੇ ਸ੍ਰੋਮਣੀ ਕਮੇਟੀ ਦਾ ਕਬਜਾ ਹੋ ਚੁਕਿਆ ਸੀ ਅਤੇ ਖਾੜਕੂ ਤਬੀਅਤ ਦੇ ਮਾਲਕ ਬਾਬਾ ਖੜਕ ਸਿੰਘ ਜੀ ਦੀ ਅਗਵਾਈ ਹੇਠ ਸਿਰਤੋੜਵਾਂ ਸੰਘਰਸ ਜਾਰੀ ਸੀ । ਅੰਗਰੇਜ਼ ਸਰਕਾਰ ਵਿਰੁੱਧ ਅਕਾਲੀ, ਕਾਂਗਰਸੀ ਅਤੇ ਖ਼ਿਲਾਫ਼ਤੀ ਪਾਰਟੀਆਂ ਸਵਰਾਜ ਕਾਇਮ ਕਰਨ ਲਈ ਸ਼ਾਂਤਮਈ ਯੁੱਧ ਵਿਚ ਇਕ ਦੂਜੇ ਦਾ ਹੱਥ ਵਟਾ ਰਹੀਆਂ ਸਨ । ਇਹਨਾਂ ਹੀ ਦਿਨਾਂ ਵਿਚ 20 ਫ਼ਰਵਰੀ 1921 ਨੂੰ ਨਨਕਾਣਾ ਸਾਹਿਬ ਦਾ ਖ਼ੂਨੀ ਸਾਕਾ ਵਾਪਰ ਗਿਆ । ਅੰਗਰੇਜ਼ ਸਰਕਾਰ ਦੀ ਉਹਨਾਂ ਦਿਨਾਂ ਦੀ ਨੀਤੀ ਇਹੋ ਸੀ ਕਿ ਜਿੰਨੇ ਜੱਟ ਸਿੱਖ ਭਰਤੀ ਲਈ ਆਉਣ, ਭਰਤੀ ਕਰ ਲਏ ਜਾਣ । ਤੇ ਹੁਣ ਛਾਂਟੀ ਦਾ ਕੁਹਾੜਾ ਵੀ ਇਹਨਾਂ ਉੱਤੇ ਵਰ੍ਹਨਾ ਸ਼ੁਰੂ ਹੋ ਚੁਕਿਆ ਸੀ । ਇਹ ਜੱਟ ਸਿੱਖ ਹੀ ਸਨ ਜਿਹੜੇ ਮਜ਼ਦੂਰ ਬਣ ਕੇ ਅਮਰੀਕਾ ਅਤੇ ਕੈਨੇਡਾ ਵਿਚ ਅੰਗਰੇਜਾਂ ਲਈ ਜੰਗਲ ਆਬਾਦ ਕਰਨ ਗਏ ਸਨ ਅਤੇ ਆਜਾਦੀ ਦੀ ਚਟਕ ਦੇਖ ਗ਼ਦਰ ਪਾਰਟੀ ਦਾ ਰੂਪ ਧਾਰ ਵਾਪਸ ਪਰਤ ਆਏ ਸਨ । ਭਾਈ ਕਿਸ਼ਨ ਸਿੰਘ ਜੀ ਮਾਰਚ 1921 ਦੇ ਅਖੀਰ ਵਿਚ ਆ ਕੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਬਣ ਕੇ ਸ੍ਰੀ ਅੰਮ੍ਰਿਤਸਰ ਹੀ ਡੇਰੇ ਲਾਈ ਬੈਠੇ ਸਨ । ਉਹਨਾਂ ਨੇ ਆਉਂਦਿਆਂ ਹੀ ਅੰਗਰੇਜ਼ ਵਿਰੁੱਧ ਚਮਤਕਾਰ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਪਹਿਲੀ ਸਾਜ਼ਿਸ਼ ਦਾ ਮੁੱਢ ਬੰਨ੍ਹ ਦਿਤਾ ਸੀ ।

ਜਿਸ ਵੇਲੇ ਭਾਈ ਕਿਸ਼ਨ ਸਿੰਘ ਦੇ ਵਾਰੰਟਾਂ ਦੀ ਖ਼ਬਰ ਅੰਮ੍ਰਿਤਸਰ ਪੁੱਜੀ, ਉਸ ਵੇਲੇ ਦੇ ਆਗੂਆਂ ਨੇ ਮਹਿਸੂਸ ਕੀਤਾ ਕਿ ਜੇ ਭਾਈ ਸਾਹਿਬ ਗਰਿਫ਼ਤਾਰ ਕਰ ਲਏ ਗਏ ਤਾਂ ਚੱਲ ਰਹੀ ਅਕਾਲੀ ਲਹਿਰ ਨੂੰ ਸਖ਼ਤ ਧੱਕਾ ਲਗੇਗਾ । ਭਾਈ ਸਾਹਿਬ ਨੇ ਡੇਢ-ਦੋ ਮਹੀਨਿਆਂ ਵਿਚ ਹੀ ਚੋਟੀ ਦੇ ਅਕਾਲੀ ਆਗੂਆਂ ਉੱਤੇ ਆਪਣੀ ਕਾਬਲੀਅਤ ਦਾ ਸਿੱਕਾ ਜਮਾ ਲਿਆ ਸੀ । ਸੋ ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਹੀਰਾ ਸਿੰਘ ਜੀ ਦਰਦ, ਉਸ ਜ਼ਮਾਨੇ ਦੇ ਉੱਘੇ ਵਕੀਲ ਰਾਮ ਸਿੰਘ ਜੀ ਧਾਰੋਵਾਲ ਅਤੇ ਅਮਰ ਸਿੰਘ ਜੀ ਝੁਬਾਲ ਤੇ ਹੋਰਨਾਂ ਆਗੂਆਂ ਨੇ ਫ਼ੈਸਲਾ ਕਰ ਲਿਆ ਕਿ ਭਾਈ ਕਿਸ਼ਨ ਸਿੰਘ ਜੀ ਨੂੰ ਗਰਿਫ਼ਤਾਰ ਹੋਣ ਤੋਂ ਰੋਕ ਦਿੱਤਾ ਜਾਵੇ । ਉਹਨਾਂ ਦੀ ਅਗਵਾਈ ਦੀ ਸਖ਼ਤ ਜ਼ਰੂਰਤ ਸੀ, ਭਾਵੇਂ ਗੁਪਤ ਤੌਰ ਉੱਤੇ ਹੀ ਸਲਾਹ-ਮਸ਼ਵਰਾ ਕਰ ਲਿਆ ਜਾਇਆ ਕਰੇ ।

ਉਸ ਸਮੇਂ ਜਾਤੀ ਹਿਤ ਲਈ ਤਾਂ ਕੀ ਸਾਂਝੇ ਕੰਮ ਲਈ ਵੀ ਗੁਰੂ ਕੀ ਗੋਲਕ ਵਿਚੋਂ ਕੋਈ ਪੈਸਾ ਨਹੀਂ ਸੀ ਖ਼ਰਚਿਆ ਜਾਂਦਾ ਇਹਦੀ ਇਕ ਮਿਸਾਲ ਦੂਜੇ ਅਕਾਲੀ ਕੌਨਸਪੀਰੇਸੀ ਕੇਸ ਦੇ ਸੰਬੰਧ ਵਿਚ ਪੇਸ਼ ਕਰਦਾ ਹਾਂ ।

1926-27 ਵਿਚ ਸ਼੍ਰੋਮਣੀ ਕਮੇਟੀ ਦੇ ਉੱਘੇ ਆਗੂਆਂ ਉੱਤੇ ਅੰਗਰੇਜ ਸਰਕਾਰ ਨੇ ਸਾਜ਼ਿਸ਼ ਦਾ ਕੇਸ ਸੈਂਟਰਲ ਜਿਹਲ ਲਾਹੌਰ ਵਿਚ ਚਲਾਇਆ ਸੀ, ਜਿਥੇ ਪਹਿਲਾਂ

ਗਦਰ ਪਾਰਟੀ, ਪਹਿਲਾ ਅਕਾਲੀ ਕੌਨਸਪੀਰੇਸੀ ਕੇਸ 1922 ਅਤੇ ਬਾਅਦ ਵਿਚ ਸਾਡਾ ਬਬਰ ਅਕਾਲੀ ਕੇਸ ਚੱਲ ਚੁੱਕੇ ਸਨ। ਇਸ ਵਿਚ ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ, ਸਰਦਾਰ ਬਹਾਦਰ ਮਹਿਤਾਬ ਸਿੰਘ, ਅਮਰ ਸਿੰਘ ਝਬਾਲ ਅਤੇ ਕਈ ਹੋਰ ਉਘੇ ਅਕਾਲੀ ਆਗੂ ਸ਼ਾਮਲ ਸਨ। ਮੁਕਦਮੇ ਦੀ ਪੈਰਵੀ ਲਈ ਜਥੇਦਾਰ ਤੇਜਾ ਸਿੰਘ ਜੀ ਸਮੁੰਦਰੀ ਨੇ ਆਪਣਾ ਨਿੱਜੀ ਮੁਰੱਬਾ ਵੇਚ ਕੇ ਖਰਚਾ ਚਲਾਇਆ ਸੀ। ਗੁਰਧਾਮਾਂ ਦੇ ਚੜ੍ਹਾਵੇ ਜਾਂ ਦੂਜੀ ਆਮਦਨ ਵਿਚੋਂ ਪੈਸਾ ਖਰਚਣਾ ਪਾਪ ਖ਼ਿਆਲ ਕੀਤਾ ਸੀ। ਇਸੇ ਕੇਸ ਦੌਰਾਨ ਦਿਲ ਦਾ ਦੌਰਾ ਪੈਣ ਕਰਕੇ ਤੇਜਾ ਸਿੰਘ ਜੀ ਇਸੇ ਲਾਹੌਰ ਜਿਹਲ ਵਿਚ ਚਲਾਣਾ ਕਰ ਗਏ ਸਨ, ਜਦੋਂ ਕਿ ਮੇਰੇ ਸਾਥੀ ਬਬਰ ਇਸੇ ਜਿਹਲ ਵਿਚ ਸਜ਼ਾ ਭੁਗਤ ਰਹੇ ਸਨ ਅਤੇ ਮੈਂ ਆਪ ਇਸੇ ਜਿਹਲ ਵਿਚੋਂ 1926 ਵਿਚ ਬਰੀ ਹੋ ਕੇ ਘਰ ਆ ਚੁਕਿਆ ਸੀ ਅਤੇ ਰੌਲਟ ਐਕਟ ਅਧੀਨ ਪਿੰਡ ਵਿਚ ਨਜ਼ਰਬੰਦੀ ਦੇ ਦਿਨ ਕਟ ਰਿਹਾ ਸੀ। ਇਸੇ ਕਰਕੇ ਸਤਿਕਾਰ ਵਜੋਂ ਬਾਅਦ ਵਿਚ ਅੰਮ੍ਰਿਤਸਰ ਵਿਚ ਤੇਜਾ ਸਿੰਘ ਸਮੁੰਦਰੀ ਹਾਲ ਬਣਾਇਆ ਗਿਆ ਸੀ।

* * *

ਮਈ 1921 ਦੇ ਅਖ਼ੀਰ ਵਿਚ ਉਪਰੋਕਤ ਆਗੂਆਂ ਨੇ ਜਦੋਂ ਭਾਈ ਕਿਸ਼ਨ ਸਿੰਘ ਨੂੰ ਸਰਬਸੰਮਤੀ ਨਾਲ ਕੀਤੇ ਫ਼ੈਸਲੇ ਉੱਤੇ ਅਮਲ ਕਰਨ ਲਈ ਹੁਕਮ ਦੇ ਦਿਤਾ ਤਾਂ ਭਾਈ ਸਾਹਿਬ ਨੇ ਵੀ ਦਰਿੜ੍ਹ ਇਰਾਦੇ ਨਾਲ ਉਸ ਉਤੇ ਅਮਲ ਕਰਨ ਦਾ ਪ੍ਰਣ ਕਰ ਲਿਆ। ਉਹ ਅੰਮ੍ਰਿਤਸਰੋਂ ਚੱਲ ਕੇ ਸਿੱਧੇ ਸੰਤ ਕਰਤਾਰ ਸਿੰਘ ਦੀ ਕੁਟੀਆ, ਜੋ ਜਲੰਧਰ ਛਾਉਣੀ ਲਾਗੇ ਪਿੰਡ ਪ੍ਰਾਗਪੁਰ ਤੋਂ ਬਾਹਰ ਬੇਲਾ ਸਿੰਘ ਦੇ ਖੂਹ ਉੱਤੇ ਬਣਾਈ ਜਾ ਚੁੱਕੀ ਸੀ, ਪੁੱਜ ਗਏ। ਭਾਈ ਕਿਸ਼ਨ ਸਿੰਘ ਜੀ ਦਾ ਪਿੰਡ ਬਿੜੰਗਾਂ ਇਸ ਕੁਟੀਆ ਤੋਂ ਮੀਲ ਕੁ ਦੇ ਫ਼ਾਸਲੇ ਉੱਤੇ ਹੀ ਸੀ।

ਉਹਨਾਂ ਹੀ ਦਿਨਾਂ ਵਿਚ ਰਿਆਸਤ ਸੰਗਰੂਰ ਦਾ ਗੁਰਦੁਆਰਾ ਮਸਤੂਆਣਾ ਸਾਰੇ ਪੰਜਾਬ ਵਿਚ ਪ੍ਰਸਿੱਧੀ ਪਾ ਚੁਕਿਆ ਸੀ ਅਤੇ ਸੰਤ ਅਤਰ ਸਿੰਘ ਜੀ ਦੀ ਮਹਿਮਾ ਸਾਰੇ ਪੰਜਾਬ ਵਿਚ ਘਰ-ਘਰ ਪੁੱਜ ਚੁੱਕੀ ਸੀ। ਇਹ ਗੁਰਦੁਆਰਾ ਪਿੰਡ ਬਡਰੁੱਖੇ ਦੇ ਉੱਤਰ ਵੱਲ ਮੀਲ ਕੁ ਦੇ ਫ਼ਾਸਲੇ ਉੱਤੇ ਹੈ ਅਤੇ ਇਸੇ ਪਿੰਡ ਮਹਾਰਾਜਾ ਰਣਜੀਤ ਸਿੰਘ ਦੇ ਨਾਨਕੇ ਸਨ।

1922 ਵਿਚ ਜਦੋਂ ਮੈਂ ਦੁਆਬਾ ਖ਼ਾਲਸਾ ਹਾਈ ਸਕੂਲ ਜਲੰਧਰ ਦੀ ਸੀਨੀਅਰ ਕਲਾਸ ਵਿਚ ਪੜ੍ਹਦਾ ਸੀ ਤਾਂ ਸੰਤ ਅਤਰ ਸਿੰਘ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ-ਦਿਨ ਉੱਤੇ ਸਕੂਲ ਵਿਚ ਜਥੇ ਸਮੇਤ ਆਏ ਸਨ। ਅਖੰਡ ਪਾਠ ਦਾ ਭੋਗ ਪਿਆ ਸੀ। ਅਸੀਂ ਪਾੜ੍ਹੇ ਬੜੀ ਸ਼ਰਧਾ ਨਾਲ ਸੇਵਾ ਵਿਚ ਹੱਥ ਵਟਾ ਰਹੇ ਸੀ। ਸਾਰਾ ਸ਼ਹਿਰ ਅਤੇ ਆਲੇ-ਦੁਆਲੇ ਦੇ ਪਿੰਡਾਂ ਦੀਆਂ ਸੰਗਤਾਂ ਹੁਮ-ਹੁਮਾ ਕੇ ਪੁਜੀਆਂ ਸਨ। ਪਿੰਡਾਂ ਤੋਂ ਗੱਡਿਆਂ ਦੇ ਗੱਡੇ ਰਸਦਾਂ ਪੁੱਜ ਰਹੀਆਂ ਸਨ। ਅਤੁੱਟ ਲੰਗਰ ਦਾ ਨਜ਼ਾਰਾ ਅੱਜ ਵੀ ਅੱਖਾਂ ਅੱਗੇ ਘੁੰਮ ਰਿਹਾ ਹੈ। ਕੇਹੀ ਸ਼ਰਧਾ ਅਤੇ ਭਗਤੀ ਦੇ ਦਿਨ੍ਹ ਸਨ। ਈਰਖਾ ਅਤੇ ਵੈਰ-ਵਿਰੋਧ ਦਾ ਨਾਂ-ਨਿਸ਼ਾਨ ਨਹੀਂ ਸੀ। ਸੱਚਮੁੱਚ ਅੱਜ ਦੇ ਹਿਸਾਬ ਨਾਲ ਉਹ ਇਕ ਸਵਰਗੀ ਝਾਕੀ ਲਗਦੀ ਹੈ।

* * *

ਬਬਰ ਅਕਾਲੀ ਲਹਿਰ ਦਾ ਮੁੱਢ ਅਖ਼ੀਰ ਮਈ 1921 ਵਿਚ ਇਸੇ ਸੰਤ ਕਰਤਾਰ

ਸਿੰਘ ਦੀ ਕੁਟੀਆ ਵਿਚ ਬੜਦਾ ਹੈ ਅਤੇ 1923 ਵਿਚ ਜਾ ਕੇ ਇਸੇ ਸੰਤ ਕਰਤਾਰ ਸਿੰਘ ਦੀ ਕਿਰਪਾ ਨਾਲ ਸਮਾਪਤ ਹੁੰਦਾ ਹੈ। ਸੋ ਸਭ ਤੋਂ ਪਹਿਲਾਂ ਮੈਂ ਇਸੇ ਸੰਤ ਕਰਤਾਰ ਸਿੰਘ ਦੇ ਬਿਆਨਾਂ ਦਾ ਹਵਾਲਾ ਦੇ ਕੇ ਸਚਾਈ ਪਾਠਕਾਂ ਸਾਹਮਣੇ ਰੱਖ ਰਿਹਾ ਹਾਂ। (ਪੇਪਰ-ਬੁੱਕ, ਸਫ਼ਾ 48, ਵਾਇਦਾ-ਮੁਆਫ਼ ਗਵਾਹ ਨੰ: 9, ਤਾਰੀਖ ਬਿਆਨ 7 ਜੂਨ 1924, ਸੰਤ ਕਰਤਾਰ ਸਿੰਘ ਵਲਦ ਫਤਿਹ ਦੀਨ, ਉਮਰ 35 ਸਾਲ, ਜ਼ਾਤ ਤੇਲੀ, ਪਿੰਡ ਦੇਸੂ ਮਲਕਾਣਾ, ਜ਼ਿਲਾ ਹਿਸਾਰ) :

"ਕੋਈ ਦਸ-ਬਾਰਾਂ ਸਾਲ ਹੋਏ ਹਨ ਜਦੋਂ ਮੈਂ ਸਿੱਖ ਬਣ ਗਿਆ ਸੀ। ਉਸ ਤੋਂ ਪਹਿਲਾਂ ਮੈਂ ਮੁਸਲਮਾਨ ਸੀ ਅਤੇ ਮੇਰਾ ਪਹਿਲਾ ਨਾਂ ਸ਼ਰਫ਼ ਦੀਨ ਸੀ। ਸੰਤ ਅਤਰ ਸਿੰਘ ਨੇ ਮੈਨੂੰ ਮੁਸਲਮਾਨ ਤੋਂ ਸਿੱਖ ਬਣਾਇਆ ਸੀ ਅਤੇ ਉਹਨਾਂ ਤੋਂ ਹੀ ਅੰਮ੍ਰਿਤ ਛਕ ਕੇ ਕਰਤਾਰ ਸਿੰਘ ਨਾਂ ਰਖਵਾਇਆ ਸੀ। ਮੈਂ ਇਕ ਸਾਧੂ ਦੀ ਜ਼ਿੰਦਗੀ ਧਾਰਨ ਕਰ ਲਈ ਸੀ ਅਤੇ ਪਿੰਡ-ਪਿੰਡ ਘੁੰਮਣਾ ਸ਼ੁਰੂ ਕਰ ਦਿੱਤਾ ਸੀ। ਘੁੰਮਦਾ-ਘੁੰਮਦਾ ਮੈਂ ਸੰਤ ਮਿੱਤ ਸਿੰਘ, ਜੋ ਇਸ ਵੇਲੇ ਵਾਇਦਾ-ਮੁਆਫ਼ ਹਨ, ਨੂੰ ਅਤੇ ਸੰਤ ਗੁਰਬਖ਼ਸ਼ ਸਿੰਘ ਨੂੰ ਆ ਮਿਲਿਆ ਸੀ ਜਿਹੜੇ ਪਿੱਛੋਂ ਮੇਰੇ ਪਿੰਡ ਦੇਸੂ ਮਲਕਾਣਾ, ਜ਼ਿਲਾ ਹਿਸਾਰ ਦੇ ਹੀ ਰਹਿਣ ਵਾਲੇ ਸਨ।

"ਸੰਤ ਮਿੱਤ ਸਿੰਘ ਪਹਿਲਾਂ ਫੌਜ ਦੀ ਪਲਟਨ ਨੰ: 29 ਵਿਚ ਨੌਕਰੀ ਕਰ ਚੁੱਕੇ ਸਨ ਅਤੇ ਮੇਰਾ ਖ਼ਿਆਲ ਹੈ, ਸੰਤ ਗੁਰਬਖ਼ਸ਼ ਸਿੰਘ ਫ਼ੌਜ ਦੀ 53 ਪਲਟਨ ਵਿਚ ਨੌਕਰੀ ਕਰ ਚੁੱਕੇ ਸਨ। ਉਹਨਾਂ ਦਿਨਾਂ ਵਿਚ ਇਹ ਦੋਵੇਂ ਸੰਤ ਪਿੰਡ ਕਿਸ਼ਨਪੁਰਾ, ਜ਼ਿਲਾ ਜਲੰਧਰ ਵਿਚ ਨਿਵਾਸ ਕਰ ਰਹੇ ਸਨ ਅਤੇ ਮੈਂ ਵੀ ਇਹਨਾਂ ਦੋਹਾਂ ਕੋਲ ਠਹਿਰ ਗਿਆ ਸੀ।"

ਮੇਰੇ ਖ਼ਿਆਲ ਮੁਤਾਬਿਕ ਅੱਗੇ ਜਾ ਕੇ ਪੰਜਾਬੀ ਦੀ ਆਮ ਪ੍ਰਚੱਲਤ ਕਹਾਵਤ ਕਿ ਤੀਜਾ ਰਲਿਆ ਤਾਂ ਘਰ ਗਲਿਆ, ਸੋਲਾਂ ਆਨੇ ਸੱਚੀ ਸਿੱਧ ਹੋ ਜਾਵੇਗੀ। ਹੁਣ ਮੈਂ ਲੜੀ ਜੋੜੀ ਰੱਖਣ ਲਈ ਏਥੇ ਸੰਤ ਮਿਤ ਸਿੰਘ, ਜੋ ਵਾਇਦਾ-ਮੁਆਫ਼ ਗਵਾਹ ਬਣ ਗਿਆ ਸੀ, ਦਾ ਬਿਆਨ ਦਰਜ ਕਰ ਰਿਹਾ ਹਾਂ, ਜਿਹੜਾ ਉਹਨੇ ਸੈਸ਼ਨ ਜੱਜ ਸਾਹਮਣੇ ਦਿੱਤਾ ਸੀ। (ਪੇਪਰ-ਬੁੱਕ, ਸਫ਼ਾ 192, 21 ਜੁਲਾਈ 1924, ਗਵਾਹ ਨੰ: 21, ਮਿੱਤ ਸਿੰਘ ਵਲਦ ਖੜਕ ਸਿੰਘ, ਉਮਰ 50 ਸਾਲ, ਜ਼ਾਤ ਜੱਟ ਸਿੱਖ, ਪਿੰਡ ਮਲਕਾਣਾ, ਰਿਆਸਤ ਪਟਿਆਲਾ, ਇਸ ਵੇਲੇ ਗੁਰਦੁਆਰਾ ਕਿਸ਼ਨਪੁਰਾ, ਜ਼ਿਲਾ ਜਲੰਧਰ ਦਾ ਸੰਤ) :

"ਨੋਟ : ਗਵਾਹ ਦਸਦਾ ਹੈ ਕਿ ਇਸ ਵੇਲੇ ਉਹਦੇ ਢਿੱਡ ਵਿਚ ਪੀੜ ਹੋ ਰਹੀ ਹੈ, ਇਸ ਲਈ ਅਦਾਲਤ ਉਹਨੂੰ ਸਟੂਲ ਉਤੇ ਬੈਠਣ ਦੀ ਇਜਾਜ਼ਤ ਦਿੰਦੀ ਹੈ।

"ਮੈਂ ਅੱਠ ਸਾਲ 29 ਪੰਜਾਬ ਪਲਟਣ ਵਿਚ ਫ਼ੌਜੀ ਨੌਕਰੀ ਕਰ ਚੁਕਿਆ ਹਾਂ। ਕੋਈ ਸੋਲਾਂ ਸਾਲ ਪਹਿਲਾਂ ਮੈਂ ਫ਼ੌਜੀ ਨੌਕਰੀ ਤਿਆਗ ਦਿੱਤੀ ਸੀ, ਕਿਉਂਕਿ ਮੈਂ ਰੱਬ ਦੀ ਬੰਦਗੀ ਕਰਨੀ ਚਾਹੁੰਦਾ ਸੀ। ਸੋ ਮੈਂ ਕਿਸ਼ਨਪੁਰੇ ਆ ਗਿਆ ਅਤੇ ਉਥੇ ਆ ਕੇ ਇਕ ਭੋਰਾ ਬਣਾ ਕੇ ਉਹਦੇ ਅੰਦਰ ਬੈਠ ਕੇ ਭਗਤੀ ਸ਼ੁਰੂ ਕਰ ਦਿੱਤੀ। ਕੋਈ ਦਸ-ਬਾਰਾਂ ਸਾਲ ਬੀਤ ਗਏ। ਇਸੇ ਦੌਰਾਨ ਜਦੋਂ ਆਲੇ-ਦੁਆਲੇ ਦੇ ਪਿੰਡਾਂ ਵਾਲਿਆਂ ਨੂੰ ਪਤਾ ਲਗਿਆ ਕਿ ਮੈਂ ਦਿਨ ਵਿਚ ਸਿਰਫ਼ ਦੋ-ਤਿੰਨ ਵਾਰ ਹੀ ਜ਼ਰੂਰੀ ਕੰਮਾਂ ਤੋਂ ਫਾਰਗ ਹੋਣ ਲਈ ਭੋਰੇ ਵਿਚੋਂ ਨਿਕਲਦਾ ਹਾਂ, ਤਾਂ ਆਮ ਲੋਕ ਮੇਰੇ ਸੇਵਕ ਬਣਨੇ ਸ਼ੁਰੂ ਹੋ

ਗਏ ਅਤੇ ਦਰਸ਼ਨਾਂ ਲਈ ਆਉਣ ਲੱਗ ਪਏ। ਸੋ ਆਲੇ-ਦੁਆਲੇ ਦੇ ਪਿੰਡਾਂ ਵਾਲਿਆਂ ਨੇ ਮੇਰੇ ਵਾਸਤੇ ਇਕ ਗੁਰਦੁਆਰਾ ਤਿਆਰ ਕਰਨ ਦਾ ਫ਼ੈਸਲਾ ਕਰ ਲਿਆ ਅਤੇ 19-20 ਹਜ਼ਾਰ ਰੁਪਿਆ ਇਕੱਠਾ ਕਰਕੇ ਗੁਰਦੁਆਰਾ ਬਣਾਉਣਾ ਸ਼ੁਰੂ ਕਰ ਦਿਤਾ, ਜਿਹੜਾ ਕੋਈ ਚਾਰ ਸਾਲਾਂ ਵਿਚ ਬਣ ਕੇ ਤਿਆਰ ਹੋ ਗਿਆ। ਗੁਰੂ ਗਰੰਥ ਸਾਹਿਬ ਦੀ ਸਥਾਪਨਾ ਕਰਕੇ ਗੁਰੂ ਕਾ ਲੰਗਰ ਚਾਲੂ ਕਰ ਦਿੱਤਾ ਗਿਆ। ਜਿਵੇਂ ਆਮ ਸਿੱਖਾਂ ਵਿਚ ਇਹ ਪਰੰਪਰਾ ਚੱਲੀ ਆ ਰਹੀ ਹੈ, ਪਹਿਲਾਂ ਨੌਂ ਮਾਘ ਨੂੰ ਇਕ ਸਾਲਾਨਾ ਮੇਲਾ ਕਰਨਾ ਸ਼ੁਰੂ ਕਰ ਦਿੱਤਾ ਗਿਆ। ਪਰ ਬਾਅਦ ਵਿਚ ਇਹੋ ਮੇਲਾ ਵੈਸਾਖੀ ਵਾਲੇ ਦਿਨ ਕਰਨਾ ਸ਼ੁਰੂ ਕਰ ਦਿੱਤਾ ਗਿਆ।

''ਕੋਈ ਨੌਂ ਸਾਲ ਹੋ ਚੁੱਕੇ ਹਨ ਕਿ ਭਾਈ ਕਿਸ਼ਨ ਸਿੰਘ ਮੁਲਜ਼ਮ ਨਾਲ ਮੇਰੀ ਜਾਣ-ਪਛਾਣ ਹੋ ਗਈ। ਉਹ ਉਸੇ ਸਮੇਂ ਹੀ ਸ਼ਰਧਾ ਪ੍ਰਗਟ ਕਰਨ ਲਈ ਆਉਣ ਲੱਗ ਪਏ ਸਨ, ਜਦੋਂ ਕਿ ਮੈਂ ਹਾਲੇ ਭੋਰਾ ਤਿਆਰ ਹੀ ਕਰ ਰਿਹਾ ਸੀ। ਕਈਆਂ ਮੌਕਿਆਂ ਉੱਤੇ ਮੈਂ ਆਪ ਵੀ ਉਹਨਾਂ ਦੇ ਪਿੰਡ ਜਾਣ ਲੱਗ ਪਿਆ ਸੀ। ਉਹਨਾਂ ਨਾਲ ਵਾਕਫ਼ੀ ਹੋਈ ਨੂੰ ਕੋਈ ਦੋ ਕੁ ਸਾਲ ਹੀ ਹੋਏ ਸਨ ਕਿ ਮੈਂ ਭਾਈ ਕਿਸ਼ਨ ਸਿੰਘ ਦੇ ਪਿੰਡ ਗਿਆ ਸੀ ਤਾਂ ਉਥੇ ਇਕ ਦੀਵਾਨ ਸਜਿਆ ਹੋਇਆ ਸੀ। ਭਾਈ ਕਿਸ਼ਨ ਸਿੰਘ ਨੇ ਉਸ ਦੀਵਾਨ ਵਿਚ ਇਕ ਧਾਰਮਿਕ ਲੈਕਚਰ ਦਿੱਤਾ ਸੀ।

''ਜਦੋਂ ਗੁਰੂ ਕੇ ਬਾਗ਼ ਦਾ ਮੋਰਚਾ ਚੱਲ ਰਿਹਾ ਸੀ ਅਤੇ ਅਕਾਲੀ ਆਮ ਗਰਿਫ਼ਤਾਰੀਆਂ ਦੇ ਰਹੇ ਸਨ ਤਾਂ ਭਾਈ ਕਿਸ਼ਨ ਸਿੰਘ, ਇਕ ਨੌਜਵਾਨ ਅਤੇ ਦੋ ਹੋਰ ਸਿੰਘਾਂ ਨਾਲ ਮੇਰੇ ਕੋਲ ਗੁਰਦੁਆਰੇ ਆਇਆ। ਬਾਅਦ ਵਿਚ ਭਾਈ ਕਿਸ਼ਨ ਸਿੰਘ ਨੇ ਦੋਹਾਂ ਸਿੰਘਾਂ ਨਾਲ ਮੇਰੀ ਜਾਣ-ਪਛਾਣ ਕਰਾਈ। ਇਹ ਕਰਮ ਸਿੰਘ ਝਿੰਗੜ ਮੁਲਜ਼ਮ ਨੰ: 8 ਅਤੇ ਮਾਸਟਰ ਦਲੀਪ ਸਿੰਘ ਗੋਸਲ ਮੁਲਜਮ ਨੰ: 5 ਸਨ।'' (ਅਦਾਲਤ ਸਾਹਮਣੇ ਸੰਤ ਜੀ ਨੇ ਦੋਹਾਂ ਮੁਲਜ਼ਮਾਂ ਦੀ ਸ਼ਨਾਖਤ ਕਰ ਲਈ ਸੀ, ਪਰ ਮੁੰਡੇ ਦੀ ਸ਼ਨਾਖਤ ਨਹੀਂ ਸੀ ਕਰ ਸਕਿਆ।)

''ਮੈਂ ਕਿਸ਼ਨ ਸਿੰਘ ਤੋਂ ਪੁਛਿਆ ਕਿ ਕਿਵੇਂ ਆਉਣੇ ਹੋਏ ਹਨ ਤਾਂ ਉਹਨਾਂ ਨੇ ਦਸਿਆ ਕਿ ਅਸੀਂ ਇਕ ਸਕੀਮ ਤਿਆਰ ਕੀਤੀ ਸੀ, ਜਿਸ ਵਿਚ ਕਈਆਂ ਹੋਰਨਾਂ ਦੇ ਨਾਲ ਮਿਸਟਰ ਸੀ. ਐਮ. ਕਿੰਗ ਅਤੇ ਸਰਦਾਰ ਸੁੰਦਰ ਸਿੰਘ ਮਜੀਠੀਏ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਸਾਡੇ ਦੋ ਸਾਥੀ ਲਾਹੌਰ ਰੇਲਵੇ ਸਟੇਸ਼ਨ ਉੱਤੇ ਪੁਲਸ ਦੇ ਹੱਥ ਆ ਚੁੱਕੇ ਹਨ ਅਤੇ ਉਹਨਾਂ ਨੇ ਪੁਲਸ ਨੂੰ ਸਾਰਾ ਭੇਤ ਦੱਸ ਦਿੱਤਾ ਹੈ ਕਿ ਇਸ ਸਾਜ਼ਿਸ਼ ਵਿਚ ਮੈਂ ਵੀ ਸ਼ਾਮਲ ਸੀ। ਸੋ ਹੁਣ ਮੈਂ ਮਫ਼ਰੂਰ ਹੋ ਚੁਕਿਆ ਹਾਂ ਅਤੇ ਇਕ ਚਕਰਵਰਤੀ ਜਥਾ ਕਾਇਮ ਕਰ ਲਿਆ ਹੈ। ਇਹ ਦੋਵੇਂ ਮੇਰੇ ਸਾਥੀ ਕਰਮ ਸਿੰਘ ਝਿੰਗੜ ਅਤੇ ਮਾਸਟਰ ਦਲੀਪ ਸਿੰਘ ਗੋਸਲ ਚਕਰਵਰਤੀ ਜਥੇ ਦੇ ਮੈਂਬਰ ਬਣ ਚੁਕੇ ਹਨ। ਅਸੀਂ ਹੁਣ ਸਾਰੇ ਭਗੌੜੇ ਹੋ ਚੁੱਕੇ ਹਾਂ।''

ਇਸੇ ਤਰ੍ਹਾਂ ਬਿਆਨ ਅਗੇ ਜਾਰੀ ਰਹਿੰਦਾ ਹੈ। ਮੈਂ ਪੇਪਰ-ਬੁੱਕ ਦੇ ਸਫ਼ਾ 193 ਦੀਆਂ ਤਕਰੀਬਨ 35 ਸਤਰਾਂ ਦਾ ਪੰਜਾਬੀ ਤਰਜਮਾ ਪਾਠਕਾਂ ਨੂੰ ਇਹ ਦੱਸਣ ਲਈ ਇਥੇ ਦੇਣਾ ਜ਼ਰੂਰੀ ਸਮਝਿਆ ਕਿ ਭਾਈ ਸਾਹਿਬ ਦੀਆਂ ਸ਼ੁਰੂ-ਸ਼ੁਰੂ ਦੀਆਂ ਸਰਗਰਮੀਆਂ ਬਾਬਤ ਜਾਣਕਾਰੀ ਪਹਿਲਾਂ ਤੋਂ ਹੀ ਮਿਲਣੀ ਸ਼ੁਰੂ ਹੋ ਜਾਵੇ। ਹੁਣ ਮੁੜ ਸੰਤ ਕਰਤਾਰ ਸਿੰਘ ਦੇ ਬਿਆਨ ਨੂੰ ਅਗੋਂ ਜਾਰੀ ਰਖਦੇ ਹਾਂ, ਕਿਉਂਕਿ ਇਹਨਾਂ ਤਿੰਨਾਂ ਹੀ

ਸੰਤਾਂ ਦਾ ਸੰਬੰਧ ਇਸ ਲਹਿਰ ਨਾਲ ਜੁੜਨ ਕਰਕੇ ਵਾਕਫੀਅਤ ਕਰਵਾਉਣੀ ਜ਼ਰੂਰੀ ਹੈ।

ਸੰਤ ਮਿੱਤ ਸਿੰਘ ਕੋਲ ਜਦੋਂ ਸੰਤ ਕਰਤਾਰ ਸਿੰਘ ਵੀ ਆ ਪੁਜਿਆ ਤਾਂ ਸ਼ਰਧਾਲੂਆਂ ਦਾ ਮੇਲਾ ਜੁੜਨ ਲੱਗ ਪਿਆ। ਪ੍ਰਾਗਪੁਰੀਆ ਬੇਲਾ ਸਿੰਘ, ਜਿਹੜਾ ਬਾਅਦ ਵਿਚ ਵਾਇਦਾ-ਮੁਆਫ਼ ਬਣ ਗਿਆ ਸੀ, ਵੀ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸੰਤ ਮਿੱਤ ਸਿੰਘ ਦੀ ਹਾਜ਼ਰੀ ਭਰਨ ਆਇਆ ਕਰਦਾ ਸੀ। ਪਿੰਡ ਪ੍ਰਾਗਪੁਰ ਦੇ ਨੇੜੇ ਹੀ ਇਸੇ ਬੇਲਾ ਸਿੰਘ ਦਾ ਖੂਹ ਸੀ। ਸੋ ਸੰਤ ਮਿੱਤ ਸਿੰਘ ਨੇ ਇਸੇ ਬੇਲਾ ਸਿੰਘ ਨੂੰ ਕਹਿ ਕੇ ਸੰਤ ਕਰਤਾਰ ਸਿੰਘ ਲਈ ਉਹਦੇ ਖੂਹ ਉੱਤੇ ਇਕ ਕਾਨਿਆਂ ਦੀ ਛੰਨ ਪੁਆ ਦਿੱਤੀ ਅਤੇ ਸੰਤ ਕਰਤਾਰ ਸਿੰਘ ਇਸੇ ਖੂਹ ਦੇ ਪੱਕੇ ਵਾਸੀ ਹੋ ਗਏ।

ਦੂਜੇ ਸੰਤ ਗੁਰਬਖ਼ਸ਼ ਸਿੰਘ ਜੀ ਜਿਹੜੇ ਪਹਿਲਾਂ ਸੰਤ ਮਿੱਤ ਸਿੰਘ ਪਾਸ ਹੀ ਨਿਵਾਸ ਕਰ ਰਹੇ ਸਨ, ਨੂੰ ਘੁੜਿਆਲ, ਥਾਣਾ ਆਦਮਪੁਰ, ਜਿਲਾ ਜਲੰਧਰ ਦੀਆਂ ਸੰਗਤਾਂ ਆਪਣੇ ਨਗਰ ਲੈ ਗਈਆਂ। ਉਹਨਾਂ ਦੀ ਮਹਿਮਾ ਵੀ ਦਿਨੋ-ਦਿਨ ਵਧਦੀ ਗਈ। ਮੁਕਦੀ ਗੱਲ, ਤਿੰਨਾਂ ਹੀ ਸੰਤਾਂ ਨੇ ਤਿੰਨੀ ਥਾਂਈਂ ਆਪਣਾ ਪੂਰਾ ਪ੍ਰਭਾਵ ਸਥਾਪਤ ਕਰ ਲਿਆ। ਉਹਨਾਂ ਦਿਨਾਂ ਦੇ ਉਜਾੜ ਵਰਗੇ ਜ਼ਿਲੇ ਹਿਸਾਰ ਵਿਚੋਂ ਨਿਕਲ ਕੇ ਦੁਆਬੇ ਦੀ ਜ਼ਰਖੇਜ਼ ਧਰਤੀ, ਜੀਹਨੂੰ ਆਮ ਤੌਰ ਉੱਤੇ ਸੀਹਰੋਵਾਲ ਆਖਿਆ ਜਾਂਦਾ ਸੀ, ਅਰਥਾਤ ਚੋਆਂ ਵਿਚੋਂ ਪਾਣੀ ਦੀਆਂ ਸੀਰਾਂ ਆਮ ਫੁੱਟਿਆ ਕਰਦੀਆਂ ਸਨ, ਵਾਸਾ ਮਿਲ ਜਾਵੇ ਅਤੇ ਹਰ ਵੇਲੇ ਸ਼ਰਧਾਲੂ ਭਾਂਤ-ਭਾਂਤ ਦੇ ਪਦਾਰਥਾਂ ਨਾਲ ਭਰੇ ਥਾਲ ਲੈ ਕੇ ਸੇਵਾ ਵਿਚ ਹਾਜ਼ਰ ਰਹਿਣ, ਇਹਤੋਂ ਵੱਧ ਇਹਨਾਂ ਸੰਤਾਂ ਨੂੰ ਹੋਰ ਕੀ ਚਾਹੀਦਾ ਸੀ। ਲੋਕਾਂ ਨੂੰ ਆਪਣੇ ਨਿਆਣਿਆਂ ਲਈ ਦੋ ਡੰਗ ਦੀ ਰੋਟੀ ਜੁੜੇ ਨਾ ਜੁੜੇ ਪਰ ਗਜ਼-ਗਜ਼ ਲੰਮੇ ਦਾਹੜਿਆਂ, ਚਿੱਟੀਆਂ ਪੋਚਵੀਆਂ ਗੋਲਮਟੋਲ ਦਸਤਾਰਾਂ, ਰੇਸ਼ਮੀ ਚੋਗਿਆਂ ਵਾਲੇ ਇਹਨਾਂ ਸੰਤਾਂ ਦੀ ਉਹ ਪੂਰੀ ਸੇਵਾ ਕਰਦੇ ਸਨ। ਰੇਸ਼ਮੀ ਬਿਸਤਰੇ, ਸਜੇ-ਸਜਾਏ ਪਲੰਘ, ਮੁੱਠੀ-ਚਾਪੀ ਲਈ ਮੁਟਿਆਰ ਨੂੰਹਾਂ-ਧੀਆਂ ਅਤੇ ਕੁਟੀਆ ਅੰਦਰ ਛੱਤਾਂ ਤੇ ਕੰਧਾਂ ਰੇਸ਼ਮੀ ਰੁਮਾਲਿਆਂ ਨਾਲ ਸਜੀਆਂ ਹੋਈਆਂ। ਸਚਮੁੱਚ ਹੀ ਇਸ ਕਲਜੁਗ ਵਿਚ ਇਹ ਸੰਤ-ਲੋਕ ਸਵਰਗ ਵਿਚ ਹੀ ਤਾਂ ਵਾਸਾ ਕਰ ਰਹੇ ਸਨ। ਮੈਂ ਅੱਖੀਂ-ਦੇਖਿਆ ਹੀ ਲਿਖਿਆ ਹੈ, ਕਿਉਂਕਿ ਇਹਨਾਂ ਦੇ ਡੇਰਿਆਂ ਉੱਤੇ ਜਾਣ ਦਾ ਮੌਕਾ ਮਿਲਦਾ ਹੀ ਰਹਿੰਦਾ ਸੀ, ਜਦੋਂ ਕਿ ਆਪਣੇ ਆਗੂਆਂ ਦਾ ਸੁਨੇਹਾ ਜਾਂ ਚਿੱਠੀ-ਪੱਤਰ ਪੁਚਾਉਣ ਲਈ ਜਾਣਾ ਪੈਂਦਾ ਸੀ।

ਬਾਅਦ ਵਿਚ ਜਦੋਂ ਜਥੇ ਦਾ ਨਾਂ ਬਬਰ ਅਕਾਲੀ ਜਥਾ ਰਖਿਆ ਗਿਆ ਸੀ ਤਾਂ ਸਾਡੀ ਬੋਲੀ ਵਿਚ ਮਾਸਟਰ ਮੋਤਾ ਸਿੰਘ ਦੇ ਪਿੰਡ ਪਤਾਰੇ ਨੂੰ ਮੱਕਾ, ਗੁਰਦਵਾਰਾ ਕਿਸ਼ਨਪੁਰਾ, ਵੱਡਾ ਹਸਪਤਾਲ, ਜੱਸੋਵਾਲ ਹਾਈ ਕੋਰਟ ਅਤੇ ਪੰਡੋਰੀ ਨਿੱਝਰਾਂ ਚੀਫ਼ ਕੋਰਟ ਕਰਕੇ ਪੁਕਾਰੇ ਜਾਣ ਲੱਗ ਪਏ ਸਨ। ਰੀਵਾਲਵਰ ਜਾਂ ਪਸਤੌਲ ਨੂੰ ਕਬੂਤਰ ਅਤੇ ਗੋਲੀਆਂ ਨੂੰ ਝਾਂਜਰਾਂ ਕਿਹਾ ਜਾਂਦਾ ਸੀ।

ਪ੍ਰਾਗਪੁਰ ਅਤੇ ਬਿੜੰਗਾਂ ਬਿਲਕੁਲ ਨੇੜੇ-ਨੇੜੇ ਹੀ ਹਨ। ਸੋ ਬੇਲਾ ਸਿੰਘ ਅਤੇ ਭਾਈ ਕਿਸ਼ਨ ਸਿੰਘ ਦੀ ਵਾਕਫ਼ੀ ਚੜ੍ਹਦੀ ਜਵਾਨੀ ਦੇ ਦਿਨਾਂ ਤੋਂ ਹੀ ਹੋ ਚੁੱਕੀ ਸੀ। ਬੇਸ਼ੱਕ ਬੇਲਾ ਸਿੰਘ ਬਾਅਦ ਵਿਚ ਕਮਜ਼ੋਰੀ ਦਿਖਾ ਗਿਆ, ਪਰ ਆਇਆਂ-ਗਿਆਂ ਦੀ ਅੰਨ-ਪਾਣੀ ਦੀ ਸੇਵਾ ਖਿੜੇ-ਮੱਥੇ ਕਰਦਾ ਸੀ। ਅਸੀਂ ਕਈ-ਕਈ ਬੰਦੇ ਸੰਤ ਦੀ

ਕੁਟੀਆ ਵਿਚ ਹੀ ਇਕੱਠੇ ਹੋਇਆ ਕਰਦੇ ਸੀ ਅਤੇ ਰਾਤਾਂ ਉਥੇ ਹੀ ਕੱਟਿਆ ਕਰਦੇ ਸੀ।

ਭਾਈ ਕਿਸ਼ਨ ਸਿੰਘ ਜੀ ਹਾਲੇ ਫ਼ੌਜ ਦੀ ਨੌਕਰੀ ਕਰ ਹੀ ਰਹੇ ਸਨ। ਉਹ ਜਦੋਂ ਛੁੱਟੀ ਆਉਂਦੇ ਤਾਂ ਸੰਤ ਮਿੱਤ ਸਿੰਘ ਅਤੇ ਸੰਤ ਕਰਤਾਰ ਸਿੰਘ ਨੂੰ ਜ਼ਰੂਰ ਮਿਲਦੇ ਸਨ। ਚੰਗੇ ਗੂੜ੍ਹੇ ਸੰਬੰਧ ਕਾਇਮ ਹੋ ਚੁੱਕੇ ਸਨ। ਪਰ ਪ੍ਰਾਗਪੁਰ ਨੇੜੇ ਹੋਣ ਕਰਕੇ ਭਾਈ ਸਾਹਿਬ ਦਾ ਬਹੁਤਾ ਸਮਾਂ ਸੰਤ ਕਰਤਾਰ ਸਿੰਘ ਦੀ ਕੁਟੀਆ ਵਿਚ ਹੀ ਗੁਜ਼ਰਦਾ ਸੀ। ਛਾਉਣੀ ਮੁੱਢ ਹੋਣ ਕਰਕੇ ਆਮ ਫ਼ੌਜੀਆਂ ਦਾ ਜੰਗਲ-ਪਾਣੀ ਜਾਣਾ ਬੇਲਾ ਸਿੰਘ ਦੇ ਖੂਹ ਵੱਲ ਹੀ ਹੁੰਦਾ ਸੀ। ਹੁਣ ਤਾਂ ਇਕ ਸੰਤ ਜੀ ਵੀ ਪੱਕੇ ਪੈਰੀਂ ਆ ਬਰਾਜੇ ਸਨ।

53 ਸਿੱਖ ਪਲਟਨ ਉਹਨਾਂ ਦਿਨਾਂ ਵਿਚ ਜਲੰਧਰ ਛਾਉਣੀ ਵਿਚ ਹੀ ਹੁੰਦੀ ਸੀ। ਸੋ ਫ਼ੌਜੀਆਂ ਨਾਲ ਸੰਤਾਂ ਦੀ ਗੂੜ੍ਹੀ ਜਾਣ-ਪਛਾਣ ਹੋ ਗਈ ਅਤੇ ਹਰ ਐਤਵਾਰ ਬੇਲਾ ਸਿੰਘ ਤੇ ਸੰਤ ਕਰਤਾਰ ਸਿੰਘ ਸ਼ਬਦ ਕੀਰਤਨ ਕਰਨ ਲਈ ਛਾਉਣੀ ਫ਼ੌਜ ਦੇ ਗੁਰਦੁਆਰੇ ਜਾਣ ਲੱਗ ਪਏ। ਫ਼ੌਜੀਆਂ ਨੇ ਮਾਇਆ ਇਕੱਠੀ ਕਰਕੇ ਬੇਲਾ ਸਿੰਘ ਦੇ ਖੂਹ ਉਤੇ ਛੰਨ ਦੀ ਥਾਂ ਦੋ ਕਮਰੇ ਪੱਕੇ ਤਿਆਰ ਕਰ ਦਿਤੇ। ਇਕ ਕਮਰੇ ਵਿਚ ਸੰਤ ਕਰਤਾਰ ਸਿੰਘ ਜੀ ਬਰਾਜਮਾਨ ਹੋ ਗਏ। ਵੱਡਾ ਪਲੰਘ, ਰੇਸ਼ਮੀ ਬਿਸਤਰਾ ਅਤੇ ਆਲੇ-ਦੁਆਲੇ ਰੇਸ਼ਮੀ ਰੁਮਾਲੇ ਝੂਲਣ ਲੱਗ ਪਏ। ਸੰਤ ਕਰਤਾਰ ਸਿੰਘ ਜੀ ਵੀ ਰੇਸ਼ਮੀ ਬਸਤਰਾਂ ਵਿਚ ਸਜਣ ਲੱਗ ਪਏ। ਕੁਦਰਤ ਨੇ ਦਾਹੜਾ ਵੀ ਚੰਗਾ ਲੰਮਾ-ਚੌੜਾ ਬਖਸ਼ ਰਖਿਆ ਸੀ। ਸਿਰ ਉੱਤੇ ਛੋਟੀ ਜਿਹੀ ਗੋਲ-ਮਟੋਲ ਚਿੱਟੀ ਦਸਤਾਰ ਸਜੀ ਹੋਈ ਹੁੰਦੀ ਸੀ। ਜਿਵੇਂ ਮੈਂ ਪਹਿਲਾਂ ਲਿਖ ਆਇਆ ਹਾਂ, ਬਬਰ ਲਹਿਰ ਦਾ ਮੁੱਢ ਇਸੇ ਕੁਟੀਆ ਵਿਚ 1921 ਦੀ ਮਈ ਦੇ ਅਖੀਰ ਵਿਚ ਬਝਿਆ ਅਤੇ 1923 ਦੇ ਅਖੀਰ ਵਿਚ ਲਹਿਰ ਦਾ ਤਕਰੀਬਨ ਭੋਗ ਵੀ ਇਸੇ ਸੰਤ ਦੀ ਕਿਰਪਾ ਨਾਲ ਹੀ ਪਿਆ ਸੀ।

ਅੰਮ੍ਰਿਤਸਰ ਤੋਂ ਭਾਈ ਕਿਸ਼ਨ ਸਿੰਘ ਜੀ ਮਈ 1921 ਦੇ ਅਖੀਰ ਵਿਚ ਆਪਣੇ ਸਾਥੀਆਂ ਦਾ ਹੁਕਮ ਮੰਨ ਕੇ ਸਿੱਧੇ ਸੰਤ ਕਰਤਾਰ ਸਿੰਘ ਦੀ ਕੁਟੀਆ ਆ ਪੁੱਜੇ ਅਤੇ ਆਪਣੀ ਮਫ਼ਰੂਰੀ ਬਾਬਤ ਸਾਰੀ ਗੱਲ ਦੱਸ ਕੇ ਸਲਾਹ ਪੁੱਛੀ ਕਿ ਕੁਝ ਚਿਰ ਲਈ ਕਿਸੇ ਨਿਵੇਕਲੀ ਥਾਂ ਉੱਤੇ ਰਹਿ ਕੇ ਅਗਲੇ ਪ੍ਰੋਗਰਾਮ ਦੀ ਤਿਆਰੀ ਕੀਤੀ ਜਾਵੇ। ਇਥੇ ਰਹਿਣਾ ਖ਼ਤਰੇ ਤੋਂ ਖਾਲੀ ਨਹੀਂ ਸੀ।

ਸੰਤ ਕਰਤਾਰ ਸਿੰਘ ਨੇ ਕਿਹਾ ਕਿ "ਹਾਲਤ ਨੂੰ ਸਾਹਮਣੇ ਰਖਦੇ ਹੋਏ ਇਸ ਵੇਲੇ ਗੁਰਦੁਆਰਾ ਮਸਤੂਆਣੇ ਤੋਂ ਬਿਨਾਂ ਕੋਈ ਢੁਕਵੀਂ ਥਾਂ ਨਹੀਂ ਮਿਲ ਸਕਦੀ। ਉਧਰ ਤੁਹਾਡਾ ਕੋਈ ਜਾਣ-ਪਛਾਣ ਵਾਲਾ ਨਹੀਂ ਹੋ ਸਕਦਾ। ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦਿਆਂ ਦਾ ਇੰਤਜ਼ਾਮ ਵੀ ਚੰਗੀ ਤਰ੍ਹਾਂ ਚੱਲ ਸਕਦਾ ਹੈ। ਸੰਤ ਅਤਰ ਸਿੰਘ ਜੀ ਪਹਿਲਾਂ ਹੀ ਮੈਨੂੰ ਜਾਣਦੇ ਹਨ। ਚਲੋ ਮੈਂ ਤੁਹਾਨੂੰ ਮਸਤੂਆਣੇ ਪੁਚਾ ਕੇ ਤੁਹਾਡੀ ਰਿਹਾਇਸ਼ ਦਾ ਪੱਕੀ ਤਰ੍ਹਾਂ ਇੰਤਜ਼ਾਮ ਕਰਕੇ ਵਾਪਸ ਮੁੜ ਆਵਾਂਗਾ।"

ਸੰਤ ਕਿਉਂਕਿ ਕਾਫ਼ੀ ਸਮਾਂ ਮਸਤੂਆਣੇ ਗੁਜ਼ਾਰ ਚੁਕਿਆ ਸੀ, ਸੋ ਉਥੇ ਜਾਣ ਦਾ ਫ਼ੈਸਲਾ ਹੋ ਗਿਆ। ਮੈਂ ਦੱਸ ਆਇਆ ਹਾਂ ਕਿ ਭਾਈ ਕਿਸ਼ਨ ਸਿੰਘ ਨੇ ਸਾਰੀ ਗੱਲ ਪਹਿਲੀ ਸਾਜ਼ਿਸ਼ ਬਾਬਤ ਸੰਤ ਕਰਤਾਰ ਸਿੰਘ ਨੂੰ ਦੱਸ ਦਿੱਤੀ ਸੀ ਜੀਹਦਾ ਪੂਰਾ ਜ਼ਿਕਰ ਸੰਤ ਨੇ ਆਪਣੇ ਬਿਆਨ ਵਿਚ ਕੀਤਾ ਹੋਇਆ ਹੈ। ਸੋ ਪੇਪਰ-ਬੁੱਕ ਦੇ ਸਫ਼ਾ 48 ਉੱਤੇ ਸੰਤ ਜੀ ਦਸਦੇ ਹਨ: "ਤੁਰਨ ਤੋਂ ਪਹਿਲਾਂ ਮੈਂ ਭਾਈ ਕਿਸ਼ਨ ਸਿੰਘ

ਨੂੰ ਇਹ ਵੀ ਦੱਸ ਦਿੱਤਾ ਸੀ ਕਿ ਉਧਰ ਮਾਲਵੇ ਦੇ ਇਲਾਕੇ ਵਿਚ ਇਕ ਧੂਰੀ ਵਾਲਾ ਜਥਾ ਮੇਰਾ ਵਾਕਫ਼ ਹੈ। ਮੈਂ ਉਹਨਾਂ ਨਾਲ ਵੀ ਤੁਹਾਡੀ ਜਾਣ-ਪਛਾਣ ਕਰਾ ਦਿਆਂਗਾ। ਜਦੋਂ ਅਸੀਂ ਜਲੰਧਰ ਛਾਉਣੀ ਦੇ ਸਟੇਸ਼ਨ ਉੱਤੇ ਪੁੱਜੇ ਤਾਂ ਭਾਈ ਕਿਸ਼ਨ ਸਿੰਘ ਨੇ ਕਿਹਾ ਕਿ ਪਹਿਲਾਂ ਅਸੀਂ ਅੰਬਾਲਾ ਛਾਉਣੀ ਚੱਲਣਾ ਹੈ ਅਤੇ ਉਥੇ ਆਪਣੀ ਫ਼ੌਜ ਦੇ ਸਾਥੀ ਨਰੈਣ ਸਿੰਘ ਚਾਟੀਵਿੰਡ ਨੂੰ ਮਿਲਣਾ ਹੈ।

"ਅਸੀਂ ਅੰਬਾਲਾ ਛਾਉਣੀ ਦੇ ਟਿਕਟ ਲੈ ਕੇ ਉਥੇ ਜਾ ਉੱਤਰੇ। (ਗਵਾਹ ਨੇ ਨਰੈਣ ਸਿੰਘ ਮੁਲਜ਼ਮ ਨੰ: 81 ਦੀ ਸ਼ਨਾਖਤ ਕਰ ਲਈ।) ਭਾਈ ਕਿਸ਼ਨ ਸਿੰਘ ਪਹਿਲਾਂ ਮੈਨੂੰ ਛਾਉਣੀ ਦੇ ਨੇੜੇ ਝਾੜੀਆ ਜਿਹੀਆਂ ਵਿਚ ਲੈ ਗਿਆ ਅਤੇ ਦੱਸਿਆ ਕਿ ਗੇਂਡਾ ਸਿੰਘ ਅਤੇ ਬੇਲਾ ਸਿੰਘ ਭਗੌੜੇ ਹੋਣ ਤੋਂ ਪਹਿਲਾਂ ਇਥੇ ਰੀਵਾਲਵਰ ਅਤੇ ਪਕੀਆਂ ਰਾਈਫਲਾਂ ਦੱਬ ਗਏ ਸਨ, ਜਿਹੜੀਆਂ ਅਸੀਂ ਦੋ-ਤਿੰਨ ਥਾਂਵਾਂ ਪੁੱਟ ਕੇ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਅਸਫਲ ਰਹੇ। ਫੇਰ ਉਹਨਾਂ ਨੇ ਮੈਨੂੰ ਆਖਿਆ ਕਿ ਮੈਂ ਛਾਉਣੀ ਜਾ ਕੇ ਨਰੈਣ ਸਿੰਘ ਨੂੰ ਮਿਲਾਂ ਅਤੇ ਨਾਲ ਲੈ ਆਵਾਂ ਕਿਉਂਕਿ ਗੇਂਡਾ ਸਿੰਘ ਜਾਂਦੇ ਹੋਏ ਥਾਂ ਦੱਸ ਗਏ ਸਨ। ਜੇ ਮੈਂ ਆਪ ਗਿਆ ਤਾ ਫੜੇ ਜਾਣ ਦਾ ਡਰ ਹੈ। ਅਸੀਂ ਦੋਵੇਂ ਪਹਿਲਾਂ ਬਾਜ਼ਾਰ ਵਿਚ ਇਕ ਹੋਟਲ ਵਿਚ ਪੁਜੇ ਅਤੇ ਕੁਝ ਖਾ-ਪੀ ਕੇ ਮੈਂ ਨਰੈਣ ਸਿੰਘ ਨੂੰ ਲੈਣ ਲਈ ਚਲਿਆ ਗਿਆ ਤੇ ਭਾਈ ਸਾਹਿਬ ਹੋਟਲ ਵਿਚ ਉਡੀਕ ਕਰਨ ਲੱਗ ਪਏ। ਜਦੋਂ ਮੈਂ ਲਾਈਨ ਵਿਚ ਪੁਜਿਆ ਤਾਂ ਪਤਾ ਲਗਿਆ ਕਿ ਨਰੈਣ ਸਿੰਘ ਕੱਲ੍ਹ ਹੀ ਫੌਜ ਵਿਚੋਂ ਗਰਿਫਤਾਰ ਕਰ ਲਏ ਗਏ ਸਨ। ਉਹਨਾਂ ਕੋਲੋਂ ਦੋ ਰੀਵਾਲਵਰ ਵੀ ਬਰਾਮਦ ਕਰ ਲਏ ਗਏ ਸਨ। ਪੁਲਸ ਉਹਨਾਂ ਨੂੰ ਲਾਹੌਰ ਲੈ ਗਈ ਸੀ।

"ਸਾਰੀ ਗੱਲ ਮੈਂ ਹੋਟਲ ਵਿਚ ਪੁੱਜ ਕੇ ਕਿਸ਼ਨ ਸਿੰਘ ਨੂੰ ਆ ਦੱਸੀ। ਭਾਈ ਸਾਹਿਬ ਨੇ ਫਟਾ-ਫਟ ਛਾਉਣੀ ਵਿਚੋਂ ਖਿਸਕਣ ਦੀ ਕੀਤੀ ਅਤੇ ਦੁਪਹਿਰ ਦੀ ਗੱਡੀ ਧੂਰੀ ਲਈ ਚੱਲ ਪਏ। ਤਰਕਾਲੀਂ ਧੂਰੀ ਜਾ ਉੱਤਰੇ ਅਤੇ ਸਿੱਧੇ ਗੁਰਦੁਆਰੇ ਜਾ ਪੱਜੇ, ਜਿਥੇ ਭਾਈ ਦੇ ਸਾਥੀ ਹਰਜਸ ਸਿੰਘ ਟੂੰਡਾ ਅਤੇ ਜਥੇਦਾਰ ਸੁੰਦਰ ਸਿੰਘ ਮਿਲ ਪਏ। ਉਥੋਂ ਹੀ ਮੈਨੂੰ ਕਿਸ਼ਨ ਸਿੰਘ ਨੇ ਵਾਪਸ ਪ੍ਰਾਗਪੁਰ ਨੂੰ ਘੱਲ ਦਿਤਾ ਅਤੇ ਕਿਹਾ ਕਿ ਮੇਰੇ ਮਿੱਤਰ ਮੈਨੂੰ ਮਿਲ ਪਏ ਹਨ, ਅਗਲਾ ਪ੍ਰੋਗਰਾਮ ਮੈਂ ਆਪੇ ਬਣਾ ਲਵਾਂਗਾ।"

ਸੰਤ ਕਰਤਾਰ ਸਿੰਘ ਧੂਰੀ ਤੋਂ ਹੀ ਵਾਪਸ ਪ੍ਰਾਗਪੁਰ ਆ ਗਿਆ। ਪੇਪਰ-ਬੁੱਕ ਵਿਚੋਂ ਮੈਂ ਸੰਤ ਦੇ ਬਿਆਨ ਦੀ ਨਕਲ ਕਰ ਦਿੱਤੀ ਹੈ ਅਤੇ ਅਗੋਂ ਭਾਈ ਸਾਹਿਬ ਨੇ ਸਾਨੂੰ ਆਪ ਜੋ ਕੁਝ ਜ਼ਬਾਨੀ ਦਸਿਆ ਸੀ, ਹੁਣ ਮੈਂ ਉਹ ਕਾਰਗੁਜ਼ਾਰੀ ਉਹਨਾਂ ਦੀ ਜ਼ਬਾਨੀ ਦਰਜ ਕਰਨ ਲਗਿਆ ਹਾਂ।

ਸੰਤ ਕਰਤਾਰ ਸਿੰਘ ਆਪਣੇ ਬਿਆਨ ਵਿਚ ਇਕ ਜ਼ਰੂਰੀ ਗੱਲ ਹੋਰ ਦਸਦਾ ਹੈ (ਪੇਪਰ-ਬੁੱਕ, ਪੰਨਾ 48) : "ਭਾਈ ਕਿਸ਼ਨ ਸਿੰਘ ਫ਼ੌਜ ਵਿਚੋਂ ਨਿਕਲਣ ਪਿਛੋਂ ਪਿੰਡ ਆ ਚੁਕਿਆ ਸੀ ਅਤੇ ਨਨਕਾਣਾ ਸਾਹਿਬ ਦਾ ਸਾਕਾ ਹੋ ਚੁਕਿਆ ਸੀ। ਮੈਂ ਆਪ ਪਹਿਲਾਂ ਉਥੇ ਜਾ ਚੁਕਿਆ ਸੀ। ਭਾਈ ਕਿਸ਼ਨ ਸਿੰਘ ਵੀ ਨਨਕਾਣਾ ਸਾਹਿਬ ਆ ਗਏ। ਉਥੇ ਸਾਡਾ ਮੇਲ ਹੋ ਗਿਆ। ਉਥੇ ਇਕ ਦੀਵਾਨ ਸਜਿਆ ਅਤੇ ਭਾਈ ਕਿਸ਼ਨ ਸਿੰਘ ਜੀ ਨੇ ਵੀ ਲੈਕਚਰ ਕੀਤਾ। ਉਸੇ ਵੇਲੇ ਹੀ ਭਾਈ ਸਾਹਿਬ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਥਾਪੇ ਗਏ। ਉਹ ਨਨਕਾਣਾ ਸਾਹਿਬ ਤੋਂ ਸਿੱਧੇ ਅੰਮ੍ਰਿਤਸਰ ਪੁਜ ਗਏ ਅਤੇ ਮੈਂ ਵਾਪਸ ਪ੍ਰਾਗਪੁਰ ਆ ਗਿਆ।"

ਪਾਠਕ ਆਪ ਹੀ ਅੰਦਾਜ਼ਾ ਲਾ ਲੈਣ ਕਿ ਭਾਈ ਕਿਸ਼ਨ ਸਿੰਘ ਜੀ ਦੇ ਇਸ ਪਹਿਲੇ ਹੀ ਲੈਕਚਰ ਨੇ ਉਸ ਵੇਲੇ ਦੇ ਅਕਾਲੀ ਆਗੂਆਂ ਉੱਤੇ ਕਿਹੋ ਜਿਹਾ ਅਸਰ ਕੀਤਾ ਹੋਵੇਗਾ ਕਿ ਲੈਕਚਰ ਦੀ ਸਮਾਪਤੀ ਉੱਤੇ ਹੀ ਉਹ ਅਕਾਲੀ ਦਲ ਦੇ ਜਨਰਲ ਸਕੱਤਰ ਥਾਪ ਦਿੱਤੇ ਗਏ ਸਨ। ਜੱਜ ਨੇ ਇਸੇ ਕਰਕੇ ਹੀ ਜੱਜਮੈਂਟ ਦੇ ਸਫ਼ਾ 2 ਉੱਤੇ ਸਾਫ਼ ਲਿਖਿਆ ਹੈ ਕਿ ਮੁਲਜ਼ਮ ਨੰ: 1 ਕਿਸ਼ਨ ਸਿੰਘ 35 ਸਿੱਖ ਵਿਚ ਰਹਿ ਚੁਕਿਆ ਹੌਲਦਾਰ, 1921 ਵਿਚ ਮਾਰਚ ਅਤੇ ਮਈ ਦੇ ਦਰਮਿਆਨ ਅਕਾਲੀ ਦਲ ਦਾ ਸਕੱਤਰ ਥਾਪਿਆ ਗਿਆ।

ਧੂਰੀ ਗੁਰਦੁਆਰੇ ਤੋਂ ਤੁਰਨ ਵੇਲੇ ਭਾਈ ਸਾਹਿਬ ਨੇ ਸੰਤ ਕਰਤਾਰ ਸਿੰਘ ਨੂੰ ਤਾਕੀਦ ਕਰ ਦਿੱਤੀ ਸੀ ਕਿ ਉਹ ਨਿਮਾਣੀ ਇਕਾਦਸੀ ਦੇ ਮੇਲੇ ਉੱਤੇ ਮਸਤੂਆਣੇ ਆ ਜਾਵੇ। ਤਿੰਨੇ ਸਾਥੀ ਮਸਤੂਆਣੇ ਲਈ ਚੱਲ ਪਏ। ਇਕ ਰਾਤ ਇਹ ਤਿੰਨੇ ਇਕੱਠੇ ਮਸਤੂਆਣੇ ਹੀ ਰਹੇ। ਅਗਲੇ ਦਿਨ ਹਰਜਸ ਸਿੰਘ ਟੁੰਡਾ ਅਤੇ ਜਥੇਦਾਰ ਸੁੰਦਰ ਸਿੰਘ ਵਾਪਸ ਚਲੇ ਗਏ। ਕੁਝ ਦਿਨ ਭਾਈ ਸਾਹਿਬ ਇਥੇ ਇਕੱਲੇ ਹੀ ਰਹਿਣ ਕਰਕੇ ਕੁਝ ਬੇਚੈਨੀ ਜਿਹੀ ਮਹਿਸੂਸ ਕਰਨ ਲੱਗ ਪਏ। ਗੁਰਦੁਆਰਾ ਨਿਵੇਕਲੀ ਥਾਂ ਹੋਣ ਕਰਕੇ ਆਲੇ-ਦੁਆਲੇ ਜੰਗਲ ਜਿਹਾ ਸੀ। ਭਾਈ ਸਾਹਿਬ ਕਹਿਣ ਲੱਗੇ, "ਜਦੋਂ ਮੈਂ ਬਾਹਰ ਨਿਕਲ ਜਾਂਦਾ ਸੀ ਤਾਂ ਸੋਚਿਆ ਕਰਦਾ ਸੀ ਕਿ ਕਦੀ ਸਾਡੇ ਵੱਡੇ-ਵਡੇਰੇ ਮੇਰੇ ਵਾਂਗੂ ਹੀ ਜੰਗਲਾਂ ਵਿਚ ਘੁੰਮਿਆ ਕਰਦੇ ਸਨ। ਗੁਰੂ ਮਹਾਰਾਜ ਦੇ ਮਾਛੀਵਾੜੇ ਦੀ ਘਟਨਾ ਤੋਂ ਲੈ ਕੇ ਸਿੰਘਾਂ ਦੀਆਂ ਤੱਤੀਆਂ ਕੁੱਲ ਸ਼ਹੀਦੀਆਂ ਅੱਖਾਂ ਅਗੇ ਗੇੜੇ ਕੱਢਣ ਲੱਗ ਪੈਂਦੀਆਂ ਸਨ। ਮੈਂ ਹੋਰ ਵੀ ਡੂੰਘੀਆਂ ਸੋਚਾਂ ਵਿਚ ਡੁੱਬ ਕੇ ਬੇਚੈਨ ਹੋ ਉੱਠਣਾ ਅਤੇ ਕਹਿਣਾ, ਹੇ ਮਨਾ, ਤੂੰ ਕਿੰਨਾ ਕੁ ਚਿਰ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦੇ ਛਕਦਾ ਰਹੇਂਗਾ? ਗੁਰੂ ਮਹਾਰਾਜ ਦੇ ਔਰੰਗਜ਼ੇਬ ਨੂੰ ਲਿਖੇ ਜ਼ਫ਼ਰਨਾਮੇ ਦਾ ਸ਼ਲੋਕ ਦਿਮਾਗ ਵਿਚ ਗੇੜੇ ਕੱਢਣ ਲਗ ਪੈਂਦਾ :

ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ
ਹਿਲਾਲ ਅਸਤੋ ਬੁਰਦਨ ਬ ਸ਼ਮਸ਼ੀਰ ਦਸਤ

ਅਰਥਾਤ, ਜਦੋਂ ਸਾਰੇ ਹੀਲੇ ਅਜ਼ਮਾਉਣ ਤੋਂ ਬਾਅਦ ਵੀ ਕਾਮਯਾਬੀ ਨਸੀਬ ਨਾ ਹੋਵੇ ਤਾਂ ਸੂਰਮੇ ਦਾ ਧਰਮ ਹੈ ਕਿ ਉਹ ਨੰਗੀ ਤਲਵਾਰ ਹੱਥ ਵਿਚ ਲੈ ਕੇ ਮੈਦਾਨ ਵਿਚ ਕੁੱਦ ਪਵੇ।

"ਸੋ ਮੈਂ ਪੱਕਾ ਫ਼ੈਸਲਾ ਕਰ ਲਿਆ ਕਿ ਤਲਵਾਰ ਹੱਥ ਵਿਚ ਫੜ ਕੇ ਹੁਣ ਮੈਦਾਨ ਵਿਚ ਕੁੱਦ ਪੈਣ ਦਾ ਵੇਲਾ ਆ ਗਿਆ ਹੈ। ਆਮ ਜਨਤਾ ਵਿਚ ਜਾ ਕੇ ਇਹੋ ਜਿਹੀ ਅਗਨੀ ਪ੍ਰਚੰਡ ਕਰਾਂਗਾ, ਜਿਹੜੀ ਦੇਖਦਿਆਂ-ਦੇਖਦਿਆਂ ਹੀ ਭਾਂਬੜਾਂ ਦਾ ਰੂਪ ਧਾਰਨ ਕਰ ਲਵੇਗੀ ਅਤੇ ਅੰਗਰੇਜ਼ੀ ਹਕੂਮਤ ਨੂੰ ਸਾੜ ਕੇ ਸੁਆਹ ਕਰ ਦੇਵੇਗੀ। ਸੋ ਉਸੇ ਵੇਲੇ ਹੀ ਮੈਂ ਗੁਰਦੁਆਰੇ ਵਾਪਸ ਪੁੱਜ ਅੰਤਰ-ਆਤਮਾ ਤੋਂ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਅਰਦਾਸਾ ਸੋਧਿਆ ਕਿ 'ਹੇ ਕਿਰਪਾ-ਨਿਧਾਨ ਤੂੰ ਮੈਨੂੰ ਬਲ ਬਖ਼ਸ਼, ਮੈਂ ਤੇਰੀ ਹਜ਼ੂਰੀ ਵਿਚ ਪ੍ਰਣ ਕਰਦਾ ਹਾਂ ਕਿ ਆਖ਼ਰੀ ਸਵਾਸਾਂ ਤੱਕ ਅੰਗਰੇਜ਼ ਨੂੰ ਆਪਣੇ ਦੇਸ ਵਿਚੋਂ ਕੱਢਣ ਲਈ ਅਤੇ ਉਹਦੇ ਹਮਾਇਤੀਆਂ ਨੂੰ ਤਲਵਾਰ ਰਾਹੀਂ ਸੋਧਣ ਲਈ ਪੂਰੀ ਵਾਹ ਲਾ ਦਿਆਂਗਾ। ਜਾਂ ਤਾਂ ਆਪ ਖ਼ਤਮ ਹੋ ਜਾਵਾਂਗਾ ਜਾਂ ਇਸ ਬੇਗਾਨੀ ਸਰਕਾਰ ਨੂੰ ਖ਼ਤਮ ਕਰ ਦੇਵਾਂਗਾ'।"

ਭਾਈ ਸਾਹਿਬ ਨੇ ਉਸੇ ਦਿਨ ਤੋਂ ਹੰਨੇ ਜਾਂ ਬੰਨੇ ਹੋਣ ਦਾ ਜੋ ਪ੍ਰਣ ਧਾਰਿਆ ਸੀ, ਉਹੋ ਪ੍ਰਣ 27 ਫਰਵਰੀ 1926 ਨੂੰ ਸਨਿੱਚਰਵਾਰ ਵਾਲੇ ਦਿਨ ਸਿਦਕ-ਦਿਲੀ ਨਾਲ ਫਾਂਸੀ ਚੜ੍ਹ ਕੇ ਪੂਰਾ ਕਰ ਦਿੱਤਾ ਅਤੇ ਆਪਣੇ ਹੋਰ ਪੰਜਾਂ ਸਾਥੀਆਂ ਸਮੇਤ ਅਮਰ ਹੋ ਗਏ। 28 ਫ਼ਰਵਰੀ 1925 ਨੂੰ ਸਨਿਚਰਵਾਰ ਵਾਲੇ ਦਿਨ ਹੀ ਪੂਰਾ ਇਕ ਸਾਲ ਪਹਿਲਾਂ ਸੈਸਨ ਜੱਜ ਨੇ ਹੁਕਮ ਸੁਣਾਇਆ ਸੀ ਅਤੇ ਮੈਂ ਉਸ ਵੇਲੇ ਆਪ ਵੀ ਭਾਈ ਸਾਹਿਬ ਦੇ ਪਹਿਲੇ ਗਰੁੱਪ ਵਿਚ ਮੁਲਜ਼ਮ ਨੰ: 12 ਹੋਣ ਦੀ ਹੈਸੀਅਤ ਵਿਚ ਸ਼ਾਮਲ ਸੀ। ਫਾਂਸੀ ਦਾ ਹੁਕਮ ਸੁਣਦਿਆਂ ਹੀ ਭਾਈ ਸਾਹਿਬ ਨੇ ਪੂਰੇ ਸਿਦਕ ਅਤੇ ਸਹਿਨ-ਸ਼ੀਲਤਾ ਨਾਲ ਅੰਗਰੇਜ਼ ਜੱਜ ਦਾ ਧੰਨਵਾਦ ਕੀਤਾ ਸੀ।

ਏਸ ਗੱਲ ਦੀ ਤਾਈਦ ਲਈ ਮੈਂ ਜੱਜਮੈਂਟ ਦੇ ਸਫ਼ਾ 132 ਦਾ ਹਵਾਲਾ ਦੇਣਾ ਜ਼ਰੂਰੀ ਸਮਝਦਾ ਹਾਂ। ਜੱਜ ਲਿਖਦਾ ਹੈ (ਕਨਕਲੂਜ਼ਨ ਐਂਡ ਫਾਈਂਡਿੰਗਜ਼, ਅਰਥਾਤ ਨਿਚੋੜ ਅਤੇ ਨਿਰਣਾ)।

"ਉਪਰੋਕਤ ਵੇਰਵਾ ਇਹ ਸਿੱਧ ਕਰਨ ਵਿਚ ਰੱਤੀ-ਭਰ ਵੀ ਸ਼ੱਕ ਨਹੀਂ ਰਹਿਣਾ ਦਿੰਦਾ ਕਿ ਇਕ ਖ਼ਤਰਨਾਕ ਇਨਕਲਾਬੀ ਸਾਜਿਸ਼ ਤਿਆਰ ਕੀਤੀ ਗਈ ਸੀ। ਇਹਦਾ ਨਿਸ਼ਾਨਾ ਅੰਤ ਨੂੰ ਅੰਗਰੇਜ਼ ਰਾਜ ਨੂੰ ਖ਼ਤਮ ਕਰਨਾ ਅਤੇ ਪੰਜਾਬ ਵਿਚ ਸਿੱਖ ਰਾਜ ਅਤੇ ਹਿੰਦੁਸਤਾਨ ਵਿਚ ਸਵਰਾਜ ਕਾਇਮ ਕਰਨਾ ਸੀ। ਸਾਜ਼ਿਸ਼ੀਆਂ ਦਾ ਪ੍ਰਚਾਰ ਦਾ ਤਰੀਕਾ ਇਹ ਸੀ ਕਿ ਉਹ ਸਿੱਖਾਂ ਦੇ ਧਾਰਮਿਕ ਜਜ਼ਬਿਆਂ ਨੂੰ ਉਕਸਾਉਂਦੇ ਸਨ ਅਤੇ ਅੰਗਰੇਜ ਹਕੂਮਤ ਨੂੰ ਜ਼ਾਲਮ ਤੇ ਜਾਬਰ ਆਖਦੇ ਸਨ। ਤਕਰੀਰਾਂ ਵਿਚ ਵੀ ਅਤੇ ਇਸਤਿਹਾਰਾਂ ਵਿਚ ਵੀ ਬੀਤੇ ਜ਼ਮਾਨੇ ਦੀਆਂ ਇਤਿਹਾਸਕ ਘਟਨਾਵਾਂ ਅਤੇ ਫ਼ੌਜੀ ਬਹਾਦਰੀਆਂ ਦੀ ਯਾਦ ਕਰਵਾਈ ਜਾਂਦੀ ਸੀ। ਇਹ ਯਤਨ ਕੀਤਾ ਜਾਂਦਾ ਸੀ ਕਿ ਪੰਜਾਬ ਦੀ ਅੰਗਰੇਜ਼ ਹਕੂਮਤ ਵਿਰੁੱਧ ਸਿੱਖਾਂ ਵਿਚ ਜਬਰਦਸਤ ਨਫ਼ਰਤ ਪੈਦਾ ਕੀਤੀ ਜਾਵੇ ਅਤੇ ਵਧਾਈ ਜਾਵੇ। ਸਿੱਖਾਂ ਨੂੰ ਪੰਜਾਬ ਦੀ ਉਹਨਾਂ ਦੀ ਪਹਿਲਾਂ ਵਾਲੀ ਮਾਲਕੀ ਯਾਦ ਕਰਵਾਈ ਜਾਂਦੀ ਸੀ ਤਾਂ ਜੋ ਸਰਕਾਰ ਵਿਚ ਉਹਨਾਂ ਦੀ ਵਫ਼ਾਦਾਰੀ ਡੋਲ ਜਾਵੇ, ਜੀਹਦੇ ਪੱਕੇ ਸਬੂਤ ਉਹ ਪੰਜਾਹ ਸਾਲਾਂ ਨਾਲੋਂ ਵੱਧ ਸਮੇਂ ਤੋਂ ਦਿੰਦੇ ਆਏ ਸਨ। ਇਸ ਕਿਸਮ ਦੇ ਲਗਾਤਾਰ ਪ੍ਰਚਾਰ ਨੇ ਛੇਤੀ ਹੀ ਸਿੱਖਾਂ ਨੂੰ ਇਹ ਭਰੋਸਾ ਕਰਵਾ ਦੇਣਾ ਸੀ ਕਿ ਉਹਨਾਂ ਦੀ ਵਫ਼ਾਦਾਰੀ ਗ਼ਲਤ ਥਾਂ ਹੈ ਅਤੇ ਖ਼ਾਲਸੇ ਦੇ ਵੈਰੀਆਂ ਵਿਰੁੱਧ ਤਲਵਾਰ ਖਿੱਚਣ ਦਾ ਤੇ ਪੰਜਾਬ ਵਿਚ ਸਿੱਖ ਰਾਜ ਫੇਰ ਕਾਇਮ ਕਰਨ ਦਾ ਸਮਾਂ ਆ ਗਿਆ ਹੈ।"

# 5. ਗੁਰਦੁਆਰਾ ਮਸਤੂਆਣਾ, ਰਿਆਸਤ ਸੰਗਰੂਰ ਵਿਚ ਭਾਈ ਕਿਸ਼ਨ ਸਿੰਘ ਜੀ ਦਾ ਪਹਿਲਾ ਬਾਗ਼ੀਆਨਾ ਲੈਕਚਰ

ਨਿਮਾਣੀ ਇਕਾਦਸ਼ੀ ਦਾ ਮੇਲਾ ਭਰ-ਜੋਬਨ ਉੱਤੇ ਸੀ। ਪ੍ਰਿੰਸੀਪਲ ਤੇਜਾ ਸਿੰਘ ਗੁਰੂ ਮਹਾਰਾਜ ਦੀ ਤਾਬਿਆ ਬੈਠੇ ਹੋਏ ਸਨ ਅਤੇ ਧਾਰਮਿਕ ਪ੍ਰਚਾਰ ਜਾਰੀ ਸੀ। ਤਦੋਂ ਹੀ ਭਾਈ ਕਿਸ਼ਨ ਸਿੰਘ ਸੋਧੇ ਹੋਏ ਅਰਦਾਸੇ ਅਨੁਸਾਰ ਦਰਿੜ੍ਹ ਇਰਾਦੇ ਨਾਲ ਅਮਲ ਕਰਨ ਲਈ ਸੰਗਤਾਂ ਸਾਹਮਣੇ ਆ ਖਲੋਤੇ ਅਤੇ ਮਿਆਨ ਵਿਚੋਂ ਕਿਰਪਾਨ ਧੂਹ ਦਿਆਂ ਹੀ ਇਹ ਵਾਕ ਬੜੇ ਜੁਸ਼ੀਲੇ ਢੰਗ ਨਾਲ ਉਚਾਰਿਆ :

ਅਸ ਕਿਰਪਾਨ ਖੰਡੋ ਖੜਗ ਤੁਬਕ ਤਬਰ ਅਰ ਤੀਰ
ਸੈਫ਼ ਸਰੋਹੀ ਸੈਹਥੀ ਜੇਹੀ ਹਮਾਰੇ ਪੀਰ

ਪਹਿਲਾਂ ਕੁਝ ਹਵਾਲੇ ਮੁਗ਼ਲਾਂ ਦੇ ਜ਼ੁਲਮਾਂ ਦੇ ਦੇਣ ਪਿਛੋਂ ਉਹਨਾਂ ਨੇ ਅੰਗਰੇਜ਼ਾਂ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਦੀ ਚਰਚਾ ਸ਼ੁਰੂ ਕਰ ਦਿੱਤੀ। ਜਲ੍ਹਿਆਂਵਾਲੇ ਬਾਗ ਦਾ ਖ਼ੂਨੀ ਸਾਕਾ ਅਤੇ ਅੰਗਰੇਜ਼ ਅਫ਼ਸਰਾਂ ਦੀ ਸ਼ਹਿ ਨਾਲ ਕੀਤਾ ਜਾ ਚੁਕਿਆ ਨਨਕਾਣੇ ਸਾਹਿਬ ਵਾਲਾ ਕਤਲਾਮ ਬੜੇ ਜੁਸ਼ੀਲੇ ਢੰਗ ਨਾਲ ਜਦੋਂ ਦੱਸਣਾ ਸ਼ੁਰੂ ਕੀਤਾ ਤਾਂ ਦੀਵਾਨ ਸਤਿ ਸ੍ਰੀ ਅਕਾਲ ਦੇ ਨਾਹਰਿਆਂ ਨਾਲ ਗੂੰਜ ਉਠਿਆ।

ਭਾਈ ਸਾਹਿਬ ਨੇ ਸਾਫ਼ ਲਫ਼ਜ਼ਾਂ ਵਿਚ ਦਸਿਆ ਕਿ ਜਿਵੇਂ ਅੰਗਰੇਜ਼ਾਂ ਨੇ ਸਾਜ਼ਿਸ਼ ਰਚ ਕੇ ਸਾਡੇ ਹੀ ਭਰਾਵਾਂ ਦੀ ਗ਼ੱਦਾਰੀ ਸਦਕਾ ਸਿੱਖ ਰਾਜ ਸਮਾਪਤ ਕੀਤਾ ਸੀ, ਉਵੇਂ ਹੀ ਅੰਗਰੇਜ਼ ਗੁਰਦੁਆਰਿਆਂ ਦੇ ਮਹੰਤਾਂ-ਪੁਜਾਰੀਆਂ ਨੂੰ ਸ਼ਹਿ ਦੇ ਕੇ ਗੁਰਧਾਮਾਂ ਉੱਤੇ ਕਬਜਾ ਜਮਾਈ ਰੱਖਣ ਲਈ ਸਿੰਘਾਂ ਦੇ ਖ਼ੂਨ ਦੀ ਹੋਲੀ ਖੇਡ ਰਿਹਾ ਹੈ। ਮੈਂ ਅੱਜ ਐਲਾਨ ਕਰਦਾ ਹਾਂ ਕਿ ਜਾਂ ਤਾਂ ਅਸੀਂ ਆਪ ਖ਼ਤਮ ਹੋ ਜਾਵਾਂਗੇ ਜਾਂ ਇਸ ਬਦੇਸੀ ਸਰਕਾਰ ਨੂੰ ਉਹਨਾਂ ਸਮੁੰਦਰਾਂ ਰਾਹੀਂ ਵਾਪਸ ਭਜਾ ਦਿਆਂਗੇ, ਜਿਨ੍ਹਾਂ ਰਾਹੀਂ ਆ ਕੇ ਇਹਨਾਂ ਨੇ ਸਾਡੇ ਦੇਸ ਉੱਤੇ ਕਬਜ਼ਾ ਕੀਤਾ ਸੀ।

ਭਾਈ ਸਾਹਿਬ ਦਸਦੇ ਸਨ ਕਿ ਜਦੋਂ ਸਾਹਮਣੇ ਬੈਠੀਆਂ ਸੰਗਤਾਂ ਵਿਚੋਂ ਕਈ ਜੁਸ਼ੀਲੇ ਨੌਜਵਾਨ ਉੱਠ ਕੇ ਲਲਕਾਰਨ ਲੱਗ ਪਏ ਕਿ ਅਸੀਂ ਤੁਹਾਡੇ ਨਾਲ ਮਰਨ-ਮਾਰਨ ਲਈ ਤਿਆਰ ਹਾਂ ਤਾਂ ਪ੍ਰਿੰਸੀਪਲ ਤੇਜਾ ਸਿੰਘ ਜੀ, ਜਿਹੜੇ ਤਾਬਿਆ ਬੈਠੇ ਤਰਲੋ-ਮੱਛੀ ਹੋ

ਰਹੇ ਜਾਪਦੇ ਸਨ, ਉੱਠ ਖੜੋਤੇ ਅਤੇ ਮੈਨੂੰ ਲੈਕਚਰ ਕਰਨ ਤੋਂ ਰੋਕਣ ਲਈ ਉੱਚੀ-ਉੱਚੀ ਰੌਲਾ ਪਾਉਣ ਲੱਗ ਪਏ ਕਿ ਇਥੇ ਸਿਰਫ਼ ਧਾਰਮਿਕ ਪ੍ਰਚਾਰ ਕਰਨ ਦੀ ਹੀ ਇਜਾਜ਼ਤ ਦਿੱਤੀ ਜਾ ਸਕਦੀ ਹੈ, ਹੋਰ ਕਿਸੇ ਕਿਸਮ ਦੀ ਗੱਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਸੰਗਤਾਂ ਜਵਾਬੀ ਰੌਲਾ ਪਾਉਣ ਲੱਗ ਪਈਆਂ ਕਿ ਅਸੀਂ ਸੁਣਾਂਗੇ ਅਤੇ ਮੈਨੂੰ ਕਹੀਂ ਜਾਣ, ਸੁਣਾਉ-ਸੁਣਾਉ, ਅਸੀਂ ਜਰੂਰ ਸੁਣਾਂਗੇ। ਕਈ ਨੌਜਵਾਨ ਪ੍ਰਿੰਸੀਪਲ ਵੱਲ ਵੀ ਵਧਣ ਲੱਗੇ ਕਿ ਤੂੰ ਕਿਉਂ ਰੋਕਦਾ ਹੈਂ, ਜਦੋਂ ਸੰਗਤਾਂ ਸੁਣਨਾ ਚਾਹੁੰਦੀਆਂ ਹਨ।

ਭਾਈ ਸਾਹਿਬ ਨਾਲੇ ਇਹ ਗੱਲ ਦੱਸੀ ਜਾਣ ਅਤੇ ਨਾਲੇ ਹੱਸੀ ਜਾਣ ਤੇ ਕਹਿਣ, ਜਿੰਨਾ ਅਨੰਦ ਮੈਨੂੰ ਉਸ ਵੇਲੇ ਮੇਰੀ ਪਹਿਲੀ ਤਕਰੀਰ ਦਾ ਆਇਆ ਫੇਰ ਕਦੀ ਨਹੀਂ ਆਇਆ ਅਤੇ ਉਸ ਪਛੜੇ ਜਿਹੇ ਇਲਾਕੇ ਦੇ ਲੋਕਾਂ ਦਾ ਜੋਸ਼ ਦੇਖਿਆ ਤਾਂ ਮੈਨੂੰ ਯਕੀਨ ਹੋ ਗਿਆ ਕਿ ਮੇਰੇ ਆਪਣੇ ਦੁਆਬੇ ਦੀ ਧਰਤੀ ਵਿਚ ਤਾ ਮੈਂ ਭੜਥੂ ਪਾ ਦਿਆਂਗਾ। ਮੈਂ ਪੱਕਾ ਇਰਾਦਾ ਧਾਰ ਲਿਆ ਕਿ ਹੁਣ ਜਿੰਨੀ ਜਲਦੀ ਹੋ ਸਕਿਆ, ਆਪਣੇ ਇਲਾਕੇ ਵਿਚ ਜਾ ਕੇ ਪ੍ਰਚਾਰ ਕਰਾਂਗਾ ਅਤੇ ਲੋਕਾਂ ਨੂੰ ਸੰਘਰਸ਼ ਲਈ ਤਿਆਰ ਕਰਾਂਗਾ।

ਜਦੋਂ ਭਾਈ ਸਾਹਿਬ ਰੌਲੇ-ਰੱਪੇ ਮਗਰੋਂ ਦੀਵਾਨ ਵਿਚੋਂ ਬਾਹਰ ਆਏ ਤਾਂ ਪਹਿਲੇ ਕੇਸ ਦੇ ਭਗੌੜੇ ਸਾਥੀ, ਬਿਜਲਾ ਸਿੰਘ, ਸਾਧੂ ਸਿੰਘ ਧੂਰੀ ਵਾਲਾ ਅਤੇ ਅਮਰ ਸਿੰਘ ਦਿੱਲੀ ਵਾਲਾ ਮਿਲ ਪਏ, ਜਿਹੜੇ ਉਥੇ ਅਜੇ ਆਏ ਹੀ ਸਨ। ਚਾਰੇ ਜਣੇ ਇਕ ਨਿਵੇਕਲੀ ਥਾਂ ਜਾ ਬੈਠੇ ਅਤੇ ਭਾਈ ਸਾਹਿਬ ਨੇ ਜਿਹੜਾ ਇਰਾਦਾ ਧਾਰਿਆ ਸੀ, ਪੂਰੇ ਵਿਸਥਾਰ ਨਾਲ ਇਹਨਾਂ ਨੂੰ ਦੱਸ ਦਿਤਾ ਅਤੇ ਕਿਹਾ ਕਿ ਅੱਜ ਹੀ ਮਹੂਰਤ ਕਰਕੇ ਆ ਰਿਹਾ ਹਾਂ। ਅਜੇ ਇਹ ਸਾਰੇ ਆਪਸ ਵਿਚ ਗੱਲਾਂ ਕਰ ਹੀ ਰਹੇ ਸਨ ਕਿ ਬੇਲਾ ਸਿੰਘ ਨੂੰ ਨਾਲ ਲੈ ਕੇ ਸੰਤ ਕਰਤਾਰ ਸਿੰਘ ਇਹਨਾਂ ਪਾਸ ਆ ਪੁਜਿਆ ਅਤੇ ਇਕ ਹੋਰ ਜਾਣੂ-ਪਛਾਣੂ ਟਹਿਲ ਸਿੰਘ ਵੀ ਇਥੇ ਆ ਗਿਆ।

ਭਾਈ ਸਾਹਿਬ ਨੇ ਆਪਣੇ ਸਾਥੀਆਂ ਨੂੰ ਦੱਸਿਆ ਕਿ ਮੇਰੇ ਅੱਜ ਦੇ ਲੈਕਚਰ ਦਾ ਪਤਾ ਪੁਲਸ ਨੂੰ ਜ਼ਰੁਰ ਲੱਗ ਜਾਣਾ ਹੈ। ਉਹ ਇਥੇ ਜ਼ਰੂਰ ਆਵੇਗੀ ਅਤੇ ਇਧਰ ਮੇਰੀ ਵਾਕਫ਼ੀ ਵੀ ਕੋਈ ਨਹੀਂ, ਜਿੱਥੇ ਮੈਂ ਕੁਝ ਦਿਨ ਲੰਘਾ ਸਕਾਂ। ਸੋ ਹੁਣ ਮੈਂ ਆਪਣੇ ਇਲਾਕੇ ਵੱਲ ਹੀ ਮੁੜ ਜਾਵਾਂਗਾ ਅਤੇ ਆਪਣੇ ਪ੍ਰੋਗਰਾਮ ਨੂੰ ਸਿਰੇ ਚੜ੍ਹਾਉਣ ਲਈ ਉਧਰ ਹੀ ਪ੍ਰਚਾਰ ਸ਼ੁਰੂ ਕਰ ਦਿਆਂਗਾ। ਇਥੇ ਹੀ ਸਾਰਿਆਂ ਦੀ ਇਕ ਦੂਜੇ ਨਾਲ ਜਾਣ-ਪਛਾਣ ਕਰਾ ਦਿੱਤੀ ਗਈ।

ਹੁਣ ਭਾਈ ਸਾਹਿਬ ਨੇ ਵਾਪਸ ਦੁਆਬੇ ਵਿਚ ਆ ਕੇ ਆਪਣੇ ਪ੍ਰੋਗਰਾਮ ਨੂੰ ਸਿਰੇ ਚੜ੍ਹਾਉਣ ਦਾ ਫ਼ੈਸਲਾ ਕਰ ਲਿਆ। ਉਹ ਸਿੱਧੇ ਪਿੰਡ ਹਰਦਾਸਪੁਰ ਜੋਗਿੰਦਰ ਸਿੰਘ ਖੁਰਦਪੁਰੀਏ ਦੀ ਭੈਣ ਪ੍ਰੇਮ ਕੌਰ ਪਾਸ ਆ ਗਏ ਜਿਹੜੀ ਉਥੇ ਵਿਆਹੀ ਹੋਈ ਸੀ। ਅਸਲ ਵਿਚ ਖੁਰਦਪੁਰੀਏ ਜੋਗਿੰਦਰ ਸਿੰਘ ਦੀ ਰਿਸ਼ਤੇਦਾਰੀ ਭਾਈ ਕਿਸ਼ਨ ਸਿੰਘ ਨਾਲ ਹੋਣ ਕਰਕੇ ਇਕ ਦੂਜੇ ਦੇ ਘਰੀਂ ਪਹਿਲਾਂ ਤੋਂ ਹੀ ਆਉਣਾ-ਜਾਣਾ ਸੀ। ਇਸੇ ਜੋਗਿੰਦਰ ਸਿੰਘ ਦਾ ਨਾਂ ਪਹਿਲੀ ਤੋਤਾ ਸਿੰਘ ਵਾਲੀ ਸਾਜ਼ਿਸ਼ ਵਿਚ ਵੀ ਆ ਚੁਕਿਆ ਹੈ ਅਤੇ ਇਸੇ ਹੀ ਜੋਗਿੰਦਰ ਸਿੰਘ ਦਾ ਭਤੀਜਾ ਬਲਵੰਤ ਸਿੰਘ, ਜਿਹੜਾ ਮੇਰਾ ਚੰਗਾ ਜਾਣੂ ਹੈ, ਨੇ ਕਈ ਨਵੀਆਂ ਗੱਲਾਂ ਦੀ ਜਾਣਕਾਰੀ ਵੀ ਦਿੱਤੀ ਹੈ, ਜਿਨ੍ਹਾਂ ਦਾ ਜ਼ਿਕਰ ਅੱਗੇ ਜਾ ਕੇ ਆਵੇਗਾ।

ਜਦੋਂ ਭਾਈ ਸਾਹਿਬ ਉਹਨਾਂ ਕੋਲ ਆ ਕੇ ਠਹਿਰਿਆ ਕਰਦੇ ਸਨ, ਇਹੋ ਬਲਵੰਤ ਸਿੰਘ ਚੁਬਾਰੇ ਵਿਚ ਟਹਿਲ-ਸੇਵਾ ਕਰਿਆ ਕਰਦਾ ਸੀ। ਭਾਈ ਸਾਹਿਬ ਦੇ ਸੁਨੇਹੇ ਮੇਰੇ ਵਾਂਗ ਹੀ ਪੁਚਾਇਆ ਕਰਦਾ ਸੀ। 1922 ਵਿਚ ਹੀ ਇਹੋ ਜੋਗਿੰਦਰ ਸਿੰਘ ਕੈਦ ਹੋ ਕੇ ਮਿੰਟਗੁਮਰੀ ਜਿਹਲ ਵਿਚ ਮੈਨੂੰ ਪਹਿਲੀ ਵਾਰ ਉਦੋਂ ਮਿਲਿਆ ਸੀ, ਜਦੋਂ ਮੈਂ ਨੌਂਵੀਂ ਜਮਾਤ ਵਿਚ ਪੜ੍ਹਦਾ ਹੀ ਅਗਸਤ 1922 ਵਿਚ ਗੁਰੂ ਕੇ ਬਾਗ਼ ਤੋਂ ਛੇ ਮਹੀਨੇ ਦੀ ਕੈਦ ਹੋ ਕੇ ਉਸ ਜਿਹਲ ਵਿਚ ਜਾ ਪੁਜਿਆ ਸੀ।

ਮਾਲਵੇ ਵਲੋਂ ਹੀ ਬਿਜਲਾ ਸਿੰਘ ਅਤੇ ਟਹਿਲ ਸਿੰਘ ਵੀ ਭਾਈ ਸਾਹਿਬ ਨਾਲ ਹਰਦਾਸਪੁਰ ਆ ਗਏ ਸਨ। ਭਾਈ ਸਾਹਿਬ ਨੇ ਟਹਿਲ ਸਿੰਘ ਨੂੰ ਹਰਦਾਸਪੁਰੋਂ ਸੰਤ ਕਰਤਾਰ ਸਿੰਘ ਨੂੰ ਨਾਲ ਲਿਆਉਣ ਲਈ ਪ੍ਰਾਗਪੁਰ ਭੇਜਿਆ। ਭਾਈ ਸਾਹਿਬ ਨੇ ਸਾਰਾ ਪ੍ਰੋਗਰਾਮ ਸੰਤ ਨੂੰ ਦਸਿਆ ਕਿ ਹੁਣ ਅਗੋਂ ਲਈ ਕਿਸਨ ਸਿੰਘ ਜੀ "ਗੜਗੱਜ" ਕਹਾਉਣਗੇ ਅਤੇ ਇਕ ਚਕਰਵਰਤੀ ਜਥਾ ਕਾਇਮ ਕਰਕੇ ਆਮ ਪਿੰਡਾਂ ਵਿਚ ਪ੍ਰਚਾਰ ਰਾਹੀਂ ਲੋਕਾਂ ਨੂੰ ਹਥਿਆਰਬੰਦ ਹੋਣ ਵਾਸਤੇ ਤਿਆਰ ਕਰਨਗੇ। ਫ਼ੌਜੀਆਂ ਨੂੰ 1857 ਦੇ ਗ਼ਦਰ ਦੀਆਂ ਲੀਹਾਂ ਉੱਤੇ ਉੱਠ ਕੇ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਕੱਢਣ ਵਾਸਤੇ ਤਿਆਰ ਕਰਨ ਲਈ ਸਿਰਧੜ ਦੀ ਬਾਜ਼ੀ ਲਾ ਦੇਣਗੇ। 1857 ਵਿਚ ਤਾਂ ਸਿਰਫ਼ ਫ਼ੌਜੀਆਂ ਨੇ ਹੀ ਹਮਲਾ ਕੀਤਾ ਸੀ, ਪਰ ਚਕਰਵਰਤੀ ਜਥੇ ਦਾ ਪ੍ਰੋਗਰਾਮ ਦੋਹਾਂ ਪਾਸਿਆਂ ਤੋਂ ਹਮਲਾ ਕਰਨ ਦਾ ਹੋਵੇਗਾ। ਪੇਪਰ-ਬੁੱਕ ਦੇ ਸਫ਼ਾ 50 ਉਤੇ ਸੰਤ ਨੇ ਪੂਰੇ ਵਿਸਥਾਰ ਨਾਲ ਬਿਆਨ ਦਿੰਦਿਆਂ ਸਾਰੀ ਗੱਲ ਦੱਸੀ ਹੋਈ ਹੈ।

ਇਸੇ ਸੰਬੰਧ ਵਿਚ ਜੱਜਮੈਂਟ ਦੇ ਸਫ਼ਾ 2 ਉੱਤੇ ਜੱਜ ਨੇ ਲਿਖਿਆ ਹੈ :

"ਸੰਤ ਕਰਤਾਰ ਸਿੰਘ (ਸਰਕਾਰੀ ਗਵਾਹ ਨੰ: 9) ਦੀ ਮਦਦ ਨਾਲ ਕਿਸ਼ਨ ਸਿੰਘ ਮਫ਼ਰੂਰ ਹੋ ਚੁਕਿਆ ਸੀ। ਉਹਨੇ ਇਲਾਕਾ ਮਾਲਵਾ ਵਿਚ ਮਸਤੂਆਣੇ ਵਿਖੇ (ਰਿਆਸਤ ਜੀਂਦ) ਪਨਾਹ ਲੈ ਲਈ ਸੀ। ਉਹ 1921 ਦੀਆਂ ਸਰਦੀਆਂ ਵਿਚ ਦੁਆਬੇ ਵਿਚ ਮੁੜ ਆਇਆ। ਉਹਨੇ ਚਕਰਵਰਤੀ ਜਥਾ ਨਾਂ ਦਾ ਇਕ ਜਥਾ ਬਣਾਉਣ ਦਾ ਇਰਾਦਾ ਦਸਿਆ। ਇਸ ਜਥੇ ਨੇ ਸਾਰੇ ਦੇਸ ਵਿਚ ਫਿਰਨਾ ਸੀ ਅਤੇ ਸਰਕਾਰ ਵਿਰੁੱਧ ਨਫ਼ਰਤ ਫੈਲਾਉਣੀ ਸੀ। ਜਥੇ ਨੇ ਸਰਕਾਰ ਦੇ ਵਫ਼ਾਦਾਰਾਂ ਅਤੇ ਹਮਾਇਤੀਆਂ ਨੂੰ ਵੀ ਯਰਕਾਉਣਾ ਸੀ, ਤਾਂ ਜੋ ਉਹ ਜਥੇ ਦੀ ਆਵਾਜਾਈ ਅਤੇ ਉਹਦੀਆਂ ਸਰਗਰਮੀਆਂ ਬਾਰੇ ਸਰਕਾਰ ਨੂੰ ਇਤਲਾਹ ਦੇਣ ਤੋਂ ਤੋਬਾ ਕਰਨ। ਅਜਿਹੇ ਆਦਮੀਆਂ ਨੂੰ ਨਫ਼ਰਤ ਨਾਲ ਝੋਲੀ-ਚੁੱਕ, ਟੋਡੀ ਅਤੇ ਜੀ-ਹਜ਼ੂਰੀਏ ਆਖਿਆ ਜਾਂਦਾ ਸੀ। ਜੇ ਅਜਿਹੇ ਆਦਮੀ ਇਹਨਾਂ ਚਿਤਾਵਨੀਆਂ ਵੱਲ ਧਿਆਨ ਨਾ ਦੇਣ, ਤਦ ਉਹਨਾਂ ਦੇ ਨੱਕ-ਕੰਨ ਵੱਢੇ ਜਾਣੇ ਸਨ। ਜੇ ਉਹ ਇਉਂ ਵੀ ਠੀਕ ਨਾ ਹੁੰਦੇ ਤਾਂ ਉਹਨਾਂ ਨੂੰ ਸੋਧਿਆ ਅਥਵਾ ਕਤਲ ਕਰ ਦਿੱਤਾ ਜਾਣਾ ਸੀ। ਪੈਸੇ ਅਤੇ ਹਥਿਆਰ ਇਕੱਠੇ ਕੀਤੇ ਜਾਣੇ ਸਨ। ਹਿੰਦੁਸਤਾਨੀ ਫ਼ੌਜ ਦੀ, ਖ਼ਾਸ ਕਰਕੇ ਉਹਦੇ ਸਿੱਖ ਹਿਸੇ ਦੀ ਵਫ਼ਾਦਾਰੀ ਭੰਨੀ ਜਾਣੀ ਸੀ। ਜਦੋਂ ਸਮਾਂ ਪੱਕ ਜਾਂਦਾ ਅਤੇ ਲੋਕ ਤਿਆਰ ਹੋ ਜਾਂਦੇ, 1857 ਦੇ ਗ਼ਦਰ ਦੀਆਂ ਲੀਹਾਂ ਉੱਤੇ ਇਨਕਲਾਬ ਲਿਆਂਦਾ ਜਾਣਾ ਸੀ। ਕਿਸ਼ਨ ਸਿੰਘ ਨਾਲ ਮੁਲਜ਼ਮ ਨੰ: 5, 8, 51 ਅਤੇ ਹੋਰ ਕਈ ਆ ਰਲੇ ਅਤੇ ਉਹਨੇ ਦੁਆਬੇ ਵਿਚ ਉਪਰੋਕਤ ਲੀਹਾਂ ਉਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ।"

ਉਹਨਾਂ ਦਿਨਾਂ ਵਿਚ ਪਹਿਲੇ ਅਕਾਲੀ ਸਾਜ਼ਿਸ਼ ਕੇਸ ਦਾ ਪ੍ਰਚਾਰ ਆਮ ਅਖ਼ਬਾਰਾਂ

ਰਾਹੀਂ ਘਰ-ਘਰ ਹੋ ਚੁਕਿਆ ਸੀ। ਮਾਸਟਰ ਮੋਤਾ ਸਿੰਘ ਅਤੇ ਭਾਈ ਕਿਸ਼ਨ ਸਿੰਘ ਦੀ ਮਫ਼ਰੂਰੀ ਦਾ ਜ਼ਿਕਰ ਆਮ ਹੋ ਰਿਹਾ ਸੀ। ਮਾਸਟਰ ਮੋਤਾ ਸਿੰਘ ਖੁੱਲ੍ਹੇ-ਆਮ ਪ੍ਰਚਾਰ ਰਾਹੀਂ ਲੋਕਾਂ ਨੂੰ ਅੰਗਰੇਜ਼ ਸਰਕਾਰ ਵਿਰੁਧ ਬਗਾਵਤ ਕਰਨ ਲਈ ਤਿਆਰ ਕਰ ਰਹੇ ਸਨ। ਕਈ ਹੋਰ ਮਨਚਲੇ ਵੀ ਜਿਹੜੇ ਲੈਕਚਰਾਂ ਅਤੇ ਨਜਮਾਂ ਰਾਹੀਂ ਸਰਕਾਰ ਵਿਰੁੱਧ ਪ੍ਰਚਾਰ ਕਰ ਰਹੇ ਸਨ, ਮਫ਼ਰੂਰ ਹੋਣੇ ਸ਼ੁਰੂ ਹੋ ਗਏ। ਮੈਂ ਕਿਉਂਕਿ ਦੁਆਬੇ ਦਾ ਹੀ ਜ਼ਿਕਰ ਕਰ ਰਿਹਾ ਹਾਂ, ਇਸ ਕਰਕੇ ਇਸੇ ਇਲਾਕੇ ਦੇ ਮਫ਼ਰੂਰਾਂ ਬਾਬਤ ਹੀ ਲਿਖਾਂਗਾ ਜਿਹੜੇ ਬਾਅਦ ਵਿਚ ਬਬਰ ਅਖਵਾਏ। ਇਹਨਾਂ ਵਿਚ ਹੇਠ-ਲਿਖੇ ਸਿਰਕੱਢ ਮਫ਼ਰੂਰ ਗਿਣੇ ਜਾ ਸਕਦੇ ਹਨ : ਕਰਮ ਸਿੰਘ ਝਿੰਗੜ ਤੇ ਮਾਸਟਰ ਦਲੀਪ ਸਿੰਘ ਗੋਸਲ ਹਲਕਾ ਬੰਗਾ, ਗਿਆਨੀ ਕਰਤਾਰ ਸਿੰਘ ਗੋਂਦਪੁਰ, ਭਾਈ ਸੁੰਦਰ ਸਿੰਘ ਮਖ਼ਸੂਸਪੁਰ ਅਤੇ ਗਿਆਨੀ ਹਰਬੰਸ ਸਿੰਘ ਛੋਟਾ ਸਰਹਾਲਾ, ਹਲਕਾ ਮਾਹਲਪੁਰ, ਹੁਸ਼ਿਆਰਪੁਰ।

ਜਲ੍ਹਿਆਂਵਾਲੇ ਬਾਗ਼ ਅਤੇ ਨਨਕਾਣਾ ਸਾਹਿਬ ਦੇ ਸਾਕਿਆਂ ਨੇ ਪਹਿਲਾਂ ਹੀ ਆਮ ਜਨਤਾ ਨੂੰ ਅੰਗਰੇਜ਼ਾਂ ਦੇ ਖ਼ਿਲਾਫ਼ ਕਰਨ ਵਿਚ ਅਸਰ ਪਾ ਰਖਿਆ ਸੀ। ਜਦੋਂ ਅੰਗਰੇਜ਼ਾਂ ਦੇ ਨਾਲ-ਨਾਲ ਸੁੰਦਰ ਸਿੰਘ ਮਜੀਠੀਏ ਅਤੇ ਗੁਰਦੁਆਰਿਆਂ ਦੇ ਮਹੰਤ-ਪੁਜਾਰੀਆਂ ਦੀਆਂ ਖ਼ਬਰਾਂ ਆਮ ਲੋਕਾਂ ਵਿਚ ਪੁਜੀਆਂ ਤਾਂ ਨਾਲ ਲਗਦੀਆਂ ਮਾਸਟਰ ਮੋਤਾ ਸਿੰਘ ਦੀਆਂ ਤਕਰੀਰਾਂ ਨੇ ਦੁਆਬੇ ਵਿਚ ਇਕ ਕਿਸਮ ਦਾ ਭੁਚਾਲ ਹੀ ਲੈ ਆਂਦਾ। ਇਹਦਾ ਅਸਰ ਆਮ ਸਿੱਖ ਫ਼ੌਜੀਆਂ ਉੱਤੇ ਪੈਣੋਂ ਨਾ ਰਹਿ ਸਕਿਆ। ਖ਼ਾਸ ਤੌਰ ਉਤੇ ਜਲੰਧਰ ਛਾਉਣੀ ਦੇ ਫ਼ੌਜੀਆਂ ਨੇ ਤਾਂ ਇਸ ਲਹਿਰ ਨਾਲ ਹਮਦਰਦੀ ਦਿਖਾਉਣੀ ਸ਼ੁਰੂ ਵੀ ਕਰ ਦਿੱਤੀ। 1921 ਦੇ ਅਖ਼ੀਰ ਵਿਚ ਜਾ ਕੇ ਜਲੰਧਰ ਛਾਉਣੀ ਦੇ ਕਾਫ਼ੀ ਫ਼ੌਜੀ ਇਸ ਲਹਿਰ ਦੇ ਪੱਕੇ ਸਮਰਥਕ ਬਣ ਗਏ।

# 6. ਭਾਈ ਕਿਸ਼ਨ ਸਿੰਘ ਅਤੇ ਬਾਬੂ ਸੰਤਾ ਸਿੰਘ ਦੀ ਪਹਿਲੀ ਮੁਲਾਕਾਤ

ਬਾਬੂ ਸੰਤਾ ਸਿੰਘ ਦੀ ਭਾਈ ਕਿਸ਼ਨ ਸਿੰਘ ਨਾਲ ਪਹਿਲੀ ਮੁਲਾਕਾਤ ਦਾ ਬਿਆਨ ਸੰਤ ਕਰਤਾਰ ਸਿੰਘ ਨੇ ਪੇਪਰ-ਬੁੱਕ ਦੇ ਸਫ਼ਾ 49 ਤੋਂ ਇਸ ਪਰਕਾਰ ਕੀਤਾ ਹੈ :

''ਮੈਂ ਸੰਤਾ ਸਿੰਘ ਮੁਲਜ਼ਮ ਨੰ: 51 ਨੂੰ ਜਾਣਦਾ ਹਾਂ, ਜਿਹੜਾ ਜਲੰਧਰ ਛਾਉਣੀ ਦੀ ਪਲਟਨ ਨੰ: 54 ਵਿਚ ਕਲਰਕ ਸੀ। ਮੈਂ ਵੀ ਉਥੇ ਜਾਂਦਾ-ਆਉਂਦਾ ਸੀ ਅਤੇ ਸਾਡਾ ਮਿੱਤਰਚਾਰਾ ਹੋ ਚੁਕਿਆ ਸੀ। ਬਾਬੂ ਸੰਤਾ ਸਿੰਘ ਸ਼ਾਮ ਨੂੰ ਸੈਰ ਲਈ ਸਾਡੇ ਖੂਹ ਵੱਲ ਵੀ ਆਇਆ ਕਰਦਾ ਸੀ। ਸੋ ਉਹਨਾਂ ਦੀ ਵਾਕਫ਼ੀ ਮੇਰੇ ਰਾਹੀਂ ਬੇਲਾ ਸਿੰਘ ਨਾਲ ਵੀ ਹੋ ਗਈ ਸੀ। ਸਾਡੀ ਆਪਸ ਵਿਚ ਵਾਕਫ਼ੀ ਅੰਦਾਜ਼ਨ ਨਨਕਾਣਾ ਸਾਹਿਬ ਦੇ ਸਾਕੇ ਤੋਂ ਕੋਈ ਸਾਲ ਕੁ ਭਰ ਪਹਿਲਾਂ ਹੀ ਹੋ ਚੁੱਕੀ ਸੀ, ਜਦੋਂ ਮੈਂ ਨਿਮਾਣੀ ਇਕਾਦਸੀ ਦੇ ਮੇਲੇ ਤੋਂ ਵਾਪਸ ਮੁੜਿਆ ਸੀ। ਇਕ ਦਿਨ ਬਾਬੂ ਸੰਤਾ ਸਿੰਘ ਸਾਡੇ ਪਾਸ ਖੂਹ ਉੱਤੇ ਆਇਆ ਅਤੇ ਉਹਨੇ ਕਿਹਾ ਕਿ ਅਸੀਂ ਫ਼ੌਜ ਵਿਚ ਅਖ਼ਬਾਰ ਨਹੀਂ ਮੰਗਵਾ ਸਕਦੇ ਤੇ ਪੜ੍ਹਨਾ ਜ਼ਰੂਰ ਚਾਹੁੰਦੇ ਹਾਂ। ਸੋ 'ਅਜੀਤ' ਅਤੇ 'ਅਕਾਲੀ ਤੇ ਪ੍ਰਦੇਸੀ' ਮੇਰੇ ਨਾ ਉਤੇ ਤੇ 'ਗੜਗੱਜ' ਬੇਲਾ ਸਿੰਘ ਦੇ ਨਾਂ ਉਤੇ ਮੰਗਵਾ ਲੈਣ ਦਾ ਮੇਰਾ ਵਿਚਾਰ ਹੈ। ਚੰਦਾ ਮੈਂ ਘੱਲ ਦਿਆ ਕਰਾਂਗਾ। ਅਖ਼ਬਾਰ ਤੁਹਾਡੇ ਨਾਂ ਤੇ ਆ ਜਾਇਆ ਕਰਨਗੇ ਅਤੇ ਮੈਂ ਤੇ ਮੇਰੇ ਹੋਰ ਸਾਥੀ ਇਥੇ ਆ ਕੇ ਪੜ੍ਹ ਜਾਇਆ ਕਰਾਂਗੇ।

''ਗੱਲ ਕੀ, ਅਖ਼ਬਾਰ ਆਉਣ ਲੱਗ ਪਏ ਅਤੇ ਕਈ ਫ਼ੌਜੀ ਆ ਕੇ ਪੜ੍ਹਨ ਲੱਗ ਪਏ, ਜਿਸ ਕਰਕੇ ਫ਼ੌਜੀਆਂ ਨਾਲ ਮੇਰੀ ਜਾਣ-ਪਛਾਣ ਦਾ ਘੇਰਾ ਵਧਦਾ ਚਲਿਆ ਗਿਆ। ਇਹ ਅਖ਼ਬਾਰ ਅੰਮ੍ਰਿਤਸਰ ਛਪਦੇ ਸਨ। ਮੈਂ ਅਤੇ ਬੇਲਾ ਸਿੰਘ ਬਿਲਕੁਲ ਅਣਪੜ੍ਹ ਸੀ। ਅਖ਼ਬਾਰ ਅਸੀਂ ਪੜ੍ਹ ਨਹੀਂ ਸੀ ਸਕਦੇ, ਪਰ ਉਹ ਮੇਰੀ ਕੁਟੀਆ ਅਤੇ ਬੇਲਾ ਸਿੰਘ ਦੀ ਬੈਠਕ ਵਿਚ ਆਉਣ ਲੱਗ ਪਏ। ਦੋਹੀਂ ਥਾਂਈਂ ਪੜ੍ਹੇ ਜਾਣ ਲੱਗ ਪਏ। ਨਾਲ ਲਗਦਿਆਂ ਬਾਬੂ ਸੰਤਾ ਸਿੰਘ ਨੂੰ ਮੈਂ ਇਹ ਵੀ ਦੱਸ ਦਿਤਾ ਕਿ ਜਿਹੜਾ ਜ਼ਿਕਰ ਕਿਸ਼ਨ ਸਿੰਘ ਦਾ ਅਖ਼ਬਾਰਾਂ ਵਿਚ ਵਾਰ-ਵਾਰ ਆ ਰਿਹਾ ਹੈ ਕਿ ਉਹ ਮਫ਼ਰੂਰ ਹਨ ਅਤੇ ਪੁਲਸ ਮਾਸਟਰ ਮੋਤਾ ਸਿੰਘ ਤੇ ਕਿਸ਼ਨ ਸਿੰਘ ਨੂੰ ਗਰਿਫ਼ਤਾਰ ਕਰਨ ਲਈ ਪੂਰੀ ਵਾਹ ਲਾ ਰਹੀ ਹੈ, ਭਾਈ ਕਿਸ਼ਨ ਸਿੰਘ ਨੂੰ ਮੈਂ ਹੀ ਮਸਤੂਆਣੇ ਵੱਲ ਧੂਰੀ ਜਥੇ ਨਾਲ ਰਲਾ ਆਇਆ ਹਾਂ। ਇਹ ਸਾਰੇ ਹੀ ਪਹਿਲੇ ਅਕਾਲੀ ਕੇਸ ਦੇ ਮਫ਼ਰੂਰ ਹੋ ਚੁੱਕੇ ਸਾਥੀ ਹਨ। ਬਾਬੂ ਸੰਤਾ ਸਿੰਘ

ਨੇ ਬੜੀ ਹੀ ਨਿਮਰਤਾ ਨਾਲ ਬੇਨਤੀ ਕੀਤੀ ਕਿ ਜਦੋਂ ਵੀ ਭਾਈ ਕਿਸ਼ਨ ਸਿੰਘ ਇਧਰ ਆਉਣ, ਮੈਨੂੰ ਦਰਸ਼ਨ ਕਰਨ ਦਾ ਮੌਕਾ ਜ਼ਰੂਰ ਬਖ਼ਸ਼ਿਆ ਜਾਵੇ। ਕੋਈ ਤਿੰਨਾਂ ਕੁ ਮਹੀਨਿਆਂ ਪਿਛੋਂ, ਅੱਸੂ ਵਿਚ ਹੀ ਮੈਨੂੰ ਭਾਈ ਕਿਸ਼ਨ ਸਿੰਘ ਨੇ ਟਹਿਲ ਸਿੰਘ ਰਾਹੀਂ ਸੱਦਿਆ ਅਤੇ ਮੈਂ ਉਹਨਾਂ ਨੂੰ ਪਲਾਹੀ ਚੰਦਾ ਸਿੰਘ ਕੋਲ ਛਡ ਆਇਆ, ਕਿਉਂਕਿ ਚੰਦਾ ਸਿੰਘ ਪਹਿਲਾਂ ਤੋਂ ਹੀ ਮੇਰਾ ਸੇਵਕ ਸੀ।...

"ਥੋੜ੍ਹੇ ਦਿਨਾਂ ਅੰਦਰ ਹੀ ਮੈਨੂੰ ਭਾਈ ਕਿਸ਼ਨ ਸਿੰਘ ਵਲੋਂ ਟਹਿਲ ਸਿੰਘ ਰਾਹੀਂ ਸੁਨੇਹਾ ਮਿਲਿਆ ਕਿ ਪਲਾਹੀ ਇਕ ਦੀਵਾਨ ਹੋ ਰਿਹਾ ਹੈ। ਮੈਂ ਅਤੇ ਬੇਲਾ ਸਿੰਘ ਕੁਝ ਹੋਰ ਬੰਦੇ ਨਾਲ ਲੈ ਕੇ ਸ਼ਾਮ ਤਕ ਪਲਾਹੀ ਜ਼ਰੂਰ ਪੁੱਜ ਜਾਈਏ। ਸੋ ਮੈਂ ਬੇਲਾ ਸਿੰਘ ਨੂੰ ਕਿਹਾ ਕਿ ਉਹ ਕੁਝ ਹੋਰ ਬੰਦੇ ਪਿੰਡੋਂ ਨਾਲ ਲੈ ਲਵੇ, ਪਲਾਹੀ ਨੂੰ ਚੱਲਣਾ ਹੋਵੇਗਾ। ਮੈਂ ਆਪ ਸਾਈਕਲ ਲੈ ਕੇ ਛਾਉਣੀ ਵੱਲ ਬਾਬੂ ਸੰਤਾ ਸਿੰਘ ਨੂੰ ਨਾਲ ਲੈ ਜਾਣ ਲਈ ਚਲਿਆ ਗਿਆ। ਬਾਬੂ ਸੰਤਾ ਸਿੰਘ ਬਾਹਰ ਸੜਕ ਉੱਤੇ ਹੀ ਮਿਲ ਪਿਆ ਅਤੇ ਮੈਂ ਉਹਨੂੰ ਚੱਲਣ ਲਈ ਕਿਹਾ ਤੇ ਦੱਸਿਆ ਕਿ ਉਥੇ ਅੱਜ ਰਾਤ ਨੂੰ ਦੀਵਾਨ ਸਜੇਗਾ ਤੇ ਭਾਈ ਕਿਸ਼ਨ ਸਿੰਘ ਦਾ ਲੈਕਚਰ ਹੋਵੇਗਾ। ਬਾਬੂ ਸੰਤਾ ਸਿੰਘ ਨੇ ਉਸੇ ਵੇਲੇ ਛਾਉਣੀ ਅੰਦਰ ਜਾ ਕੇ ਛੁੱਟੀ ਦਾ ਪ੍ਰਬੰਧ ਕਰ ਲਿਆ ਅਤੇ ਉਹ ਮੇਰੇ ਨਾਲ ਹੀ ਸਾਈਕਲ ਉੱਤੇ ਚੜ੍ਹ ਗਿਆ। ਅਸੀਂ ਪਲਾਹੀ ਲਈ ਚੱਲ ਪਏ। ਉਧਰ ਬੇਲਾ ਸਿੰਘ, ਅਰਜਨ ਸਿੰਘ ਅਤੇ ਟਹਿਲ ਸਿੰਘ ਵੀ ਸਾਨੂੰ ਰਾਹ ਵਿਚ ਜਾਂਦੇ ਮਿਲ ਪਏ। ਮੈਂ ਬਾਬੂ ਸੰਤਾ ਸਿੰਘ ਨੂੰ ਉਹਨਾਂ ਨਾਲ ਰਲਾ ਦਿੱਤਾ ਅਤੇ ਆਪ ਇਕੱਲਾ ਹੀ ਸਾਈਕਲ ਉੱਤੇ ਪਲਾਹੀ ਜਾ ਪੁੱਜਿਆ।

"ਜਦੋਂ ਮੈਂ ਭਾਈ ਕਿਸ਼ਨ ਸਿੰਘ, ਬਿਜਲਾ ਸਿੰਘ ਅਤੇ ਟਹਿਲ ਸਿੰਘ ਨੂੰ ਚੰਦਾ ਸਿੰਘ ਕੋਲ ਛਡ ਆਇਆ ਸੀ ਤਾਂ ਭਾਈ ਕਿਸ਼ਨ ਸਿੰਘ ਨੇ ਆਪਣੇ ਪ੍ਰੋਗਰਾਮ ਉੱਤੇ ਅਮਲ ਕਰਨ ਲਈ ਚੰਦਾ ਸਿੰਘ ਰਾਹੀਂ ਪਲਾਹੀ ਦੀਵਾਨ ਕਰਨ ਦਾ ਬੰਦੋਬਸਤ ਕਰ ਲਿਆ ਸੀ। ਆਲੇ-ਦੁਆਲੇ ਦੇ ਅਕਾਲੀਆਂ ਨੂੰ ਸੁਨੇਹੇ ਭੇਜ ਕੇ ਦੀਵਾਨ ਵਿਚ ਸ਼ਾਮਲ ਹੋਣ ਲਈ ਸੱਦ ਘੱਲਿਆ ਸੀ। ਅਕਾਲੀਆਂ ਤੋਂ ਬਿਨਾਂ ਜਿੰਨੇ ਉਹ ਹੋਰ ਬੰਦੇ ਨਾਲ ਲਿਆ ਸਕਣ, ਲਿਆਉਣ ਲਈ ਵੀ ਸੁਨੇਹੇ ਘੱਲੇ ਜਾ ਚੁੱਕੇ ਸਨ। ਆਮ ਲੋਕ ਤਰਕਾਲਾਂ ਨੂੰ ਦੀਵਾਨ ਸੁਨਣ ਲਈ ਆ ਰਹੇ ਸਨ। ਸੋ ਰਾਤ ਨੂੰ ਦੀਵਾਨ ਸਜ ਗਿਆ ਅਤੇ ਭਾਈ ਕਿਸ਼ਨ ਸਿੰਘ ਨੇ ਲੈਕਚਰ ਸ਼ੁਰੂ ਕਰਦਿਆਂ ਪਹਿਲਾਂ ਹੀ ਮਿਆਨ ਵਿਚੋਂ ਕਿਰਪਾਨ ਧੂਹਦਿਆਂ ਆਖਿਆ :

ਸੂਰਾ ਸੋ ਪਹਿਚਾਨੀਏ ਜੋ ਲੜੇ ਦੀਨ ਕੇ ਹੇਤ
ਪੁਰਜ਼ਾ ਪੁਰਜ਼ਾ ਕਟ ਮਰੇ ਕਬਹੂੰ ਨਾ ਛਾਡੇ ਖੇਤ

ਅਤੇ

ਰਾਜੇ ਪਾਪ ਕਮਾਂਵਦੇ
ਉਲਟੀ ਬਾੜ ਖੇਤ ਕੋ ਖਾਈ

ਤੇ ਉਹਨਾਂ ਨੇ ਲੋਕਾਂ ਨੂੰ ਆਖਿਆ ਕਿ ਸਭ ਅਕਾਲੀ ਸਜ ਜਾਉ। ਅੱਜ ਤੋਂ ਹੀ ਕਾਲੇ ਦਸਤਾਰੇ ਸਜਾਉਣੇ ਸ਼ੁਰੂ ਕਰ ਦਿਉ। ਖੱਦਰ ਪਹਿਨੋਂ ਅਤੇ ਸਰਕਾਰ ਨਾਲ ਨਾ-ਮਿਲਵਰਤਨ ਸ਼ੁਰੂ ਕਰ ਦਿਉ।"

ਇਹ ਪ੍ਰਚਾਰ ਅਸਲ ਵਿਚ ਕਾਂਗਰਸ ਪਹਿਲਾਂ ਹੀ ਸ਼ੁਰੂ ਕਰ ਚੁੱਕੀ ਸੀ। ਭਾਈ

ਸਾਹਿਬ ਦਾ ਪ੍ਰਚਾਰ ਤਕਰੀਬਨ ਕਾਂਗਰਸ ਦੇ ਪ੍ਰੋਗਰਾਮ ਮੁਤਾਬਿਕ ਹੀ ਹੋਇਆ ਕਰਦਾ ਸੀ। ਸਿਰਫ਼ ਰਸਤਾ ਹੀ ਵੱਖਰਾ ਸੀ। ਮੰਤਵ ਤਾਂ ਆਮ ਲੋਕਾਂ ਵਿਚ ਅੰਗਰੇਜ਼ ਹਕੂਮਤ ਵਿਰੁੱਧ ਨਫ਼ਰਤ ਫੈਲਾਉਣਾ ਹੀ ਸੀ।

ਲੈਕਚਰ ਖ਼ਤਮ ਹੋਣ ਪਿਛੋਂ ਕਿਸ਼ਨ ਸਿੰਘ, ਬਿਜਲਾ ਸਿੰਘ, ਸ੍ਰੀਮਤੀ ਪ੍ਰੇਮ ਕੌਰ, ਟਹਿਲ ਸਿੰਘ, ਬੇਲਾ ਸਿੰਘ ਅਰਜਨ ਸਿੰਘ, ਬਾਬੂ ਸੰਤਾ ਸਿੰਘ ਅਤੇ ਸੰਤ ਕਰਤਾਰ ਸਿੰਘ ਪਲਾਹੀ ਤੋਂ ਮਾਸਟਰ ਮੋਤਾ ਸਿੰਘ, ਦੇ ਪਿੰਡ ਪਤਾਰੇ ਨੂੰ ਉਹਨਾਂ ਨਾਲ ਮੁਲਾਕਾਤ ਕਰਨ ਲਈ ਚੱਲ ਪਏ। ਕਰਤਾਰ ਸਿੰਘ ਕਹਿੰਦਾ ਹੈ ਕਿ ਉਹ ਮਾਸਟਰ ਮੋਤਾ ਸਿੰਘ ਦਾ ਪਹਿਲਾਂ ਤੋਂ ਹੀ ਜਾਣੂ ਸੀ ਅਤੇ ਉਹਨਾਂ ਨੂੰ ਮਿਲਦਾ ਰਹਿੰਦਾ ਸੀ। ਸੰਤ ਦਸਦਾ ਹੈ ਕਿ ਪਤਾਰੇ ਨੂੰ ਜਾਂਦਿਆਂ ਅਸੀਂ ਇਕ ਨਾਲੇ ਕੰਢੇ ਰੁਕ ਗਏ ਅਤੇ ਉਸ ਵੇਲੇ ਮੈਂ ਬਾਬੂ ਸੰਤਾ ਸਿੰਘ ਦੀ ਭਾਈ ਕਿਸ਼ਨ ਸਿੰਘ ਨਾਲ ਜਾਣ-ਪਛਾਣ ਕਰਾਈ। ਬਾਬੂ ਸੰਤਾ ਸਿੰਘ ਨੇ ਉਸੇ ਵੇਲੇ ਕੁਝ ਮਠਿਆਈ ਅਤੇ ਪੰਜ ਰੁਪਈਏ ਨਕਦ ਭਾਈ ਕਿਸ਼ਨ ਸਿੰਘ ਜੀ ਦੇ ਸਾਹਮਣੇ ਰੱਖ ਕੇ ਮੱਥਾ ਟੇਕਦਿਆਂ ਆਖਿਆ ਕਿ ਮੈਂ ਅਜ ਤੋਂ ਹੀ ਫ਼ੌਜ ਦੀ ਨੌਕਰੀ ਤਿਆਗ ਕੇ ਚਕਰਵਰਤੀ ਜਥੇ ਦਾ ਮੈਂਬਰ ਬਨਣਾ ਚਾਹੁੰਦਾ ਹਾਂ, ਅੱਜ ਤੋਂ ਹੀ ਪੰਥ ਦੀ ਸੇਵਾ ਵਿਚ ਜੁਟ ਜਾਣਾ ਚਾਹੁੰਦਾ ਹਾਂ। ਭਾਈ ਕਿਸ਼ਨ ਸਿੰਘ ਨੇ ਪੰਜ ਰੁਪਏ ਆਪਣੇ ਕੋਲ ਰੱਖ ਲਏ ਅਤੇ ਮਠਿਆਈ ਪ੍ਰਸਾਦ ਵਜੋਂ ਸਭਨਾਂ ਵਿਚ ਵੰਡਣ ਪਿਛੋਂ ਬਾਬੂ ਸੰਤਾ ਸਿੰਘ ਨੂੰ ਸਲਾਹ ਦਿਤੀ ਕਿ "ਤੁਸੀਂ ਹਾਲੇ ਫ਼ੌਜੀ ਨੌਕਰੀ ਕਰੀਂ ਚੱਲੋ। ਸਾਨੂੰ ਤੁਹਾਡੇ ਵਰਗੇ ਬੰਦਿਆਂ ਦੀ ਸਖ਼ਤ ਲੋੜ ਹੈ। ਤੁਸੀਂ ਫ਼ੌਜ ਵਿਚ ਰਹਿ ਕੇ ਬਾਕੀ ਸਾਥੀਆਂ ਵਿਚ ਪ੍ਰਚਾਰ ਕਰਕੇ ਉਹਨਾਂ ਨੂੰ ਵੀ ਆਪਣੇ ਹਮਖ਼ਿਆਲ ਬਣਾਉਣ ਦੀ ਪੂਰੀ ਵਾਹ ਲਾਉ। ਅਸੀਂ ਬਾਹਰੋਂ ਏਨਾਂ ਪ੍ਰਚਾਰ ਨਹੀਂ ਕਰ ਸਕਦੇ ਜਿੰਨਾ ਤੁਸੀਂ ਅੰਦਰ ਰਹਿ ਕੇ ਕਰ ਸਕਦੇ ਹੋ। ਅਸੀਂ ਬਾਹਰੋਂ ਆਮ ਲੋਕਾਂ ਨੂੰ ਤਿਆਰ ਕਰਨ ਦਾ ਫ਼ੈਸਲਾ ਕਰ ਹੀ ਲਿਆ ਹੈ, ਤੁਸੀਂ ਫੌਜੀਆਂ ਵਿਚ ਜਿੰਨੀ ਹੋ ਸਕੇ ਅੰਗਰੇਜ਼ ਵਿਰੁੱਧ ਨਫ਼ਰਤ ਫੈਲਾਉਣ ਲਈ ਸਿਰ-ਧੜ ਦੀ ਬਾਜ਼ੀ ਲਾ ਦਿਉ। ਸਮਾਂ ਆਉਣ ਉੱਤੇ ਅੰਦਰੋਂ-ਬਾਹਰੋਂ ਅੰਗਰੇਜ਼ਾਂ ਨੂੰ ਦੇਸ ਵਿਚੋਂ ਭਜਾਉਣ ਲਈ ਇਕਠਿਆਂ ਹੀ ਹਮਲਾ ਕਰ ਦਿੱਤਾ ਜਾਵੇਗਾ।"

ਉਥੋਂ ਬੇਲਾ ਸਿੰਘ, ਅਰਜਨ ਸਿੰਘ, ਸਾਧੂ ਸਿੰਘ ਅਤੇ ਬਾਬੂ ਸੰਤਾ ਸਿੰਘ ਪ੍ਰਾਗਪੁਰ ਨੂੰ ਵਾਪਸ ਮੁੜ ਗਏ। ਸੰਤ ਕਰਤਾਰ ਸਿੰਘ ਅਤੇ ਬਾਕੀ ਸਭ ਸਾਥੀ ਪਤਾਰੇ ਊਧਮ ਸਿੰਘ ਦੇ ਘਰ ਜਾ ਪੁੱਜੇ। ਭਾਈ ਕਿਸ਼ਨ ਸਿੰਘ ਨੇ ਦਸਿਆ ਸੀ ਕਿ ਊਧਮ ਸਿੰਘ ਨੂੰ ਮਾਸਟਰ ਮੋਤਾ ਸਿੰਘ ਬਾਬਤ ਪਤਾ ਹੈ ਕਿ ਉਹ ਉਹਨਾਂ ਨੂੰ ਕਿਥੇ ਮਿਲ ਸਕਦੇ ਹਨ। ਕਿਉਂਕਿ ਮਾਸਟਰ ਮੋਤਾ ਸਿੰਘ ਚਕਰਵਰਤੀ ਹੋ ਚੁੱਕੇ ਸਨ, ਸੋ ਸੰਤ ਕਰਤਾਰ ਸਿੰਘ ਇਹਨਾਂ ਸਾਰਿਆਂ ਨੂੰ ਊਧਮ ਸਿੰਘ ਦੇ ਘਰ ਛੱਡ ਕੇ ਆਪ ਪ੍ਰਾਗਪੁਰ ਨੂੰ ਮੁੜ ਆਇਆ ਸੀ।

ਇਹ ਸਭ ਹਾਲ ਮੈਂ ਸੰਤ ਕਰਤਾਰ ਸਿੰਘ ਵਾਇਦਾ-ਮੁਆਫ਼ ਸਰਕਾਰੀ ਗਵਾਹ ਨੰ:9 ਦੇ ਬਿਆਨ ਮੁਤਾਬਿਕ ਲਿਖ ਦਿੱਤਾ ਹੈ, ਜਿਹੜਾ 7 ਜੂਨ 1924 ਨੂੰ ਸੈਸ਼ਨ ਜੱਜ ਸਾਹਮਣੇ ਸ਼ੁਰੂ ਹੋਇਆ ਸੀ ਅਤੇ ਪੇਪਰ-ਬੁੱਕ ਦੇ ਸਫ਼ਾ 48 ਤੋਂ ਚੱਲ ਕੇ ਸਫ਼ਾ 67 ਤੱਕ ਪੁਜਦਾ ਹੈ। ਉਹਦਾ ਬਿਆਨ 11 ਜੂਨ 1924 ਤਕ ਚਲਦਾ ਰਿਹਾ ਸੀ।

ਦੂਜੀ ਗੱਲ ਜਿਹੜੀ ਹੁਣੇ ਦੱਸਣ ਵਾਲੀ ਜਾਪਦੀ ਹੈ, ਉਹ ਹੈ ਬਾਬੂ ਸੰਤਾ ਸਿੰਘ ਅਤੇ ਭਾਈ ਕਿਸ਼ਨ ਸਿੰਘ ਦੀ ਇਹ ਪਹਿਲੀ ਮਿਲਣੀ 27 ਫਰਵਰੀ 1926 ਤਕ ਕਿਸੇ ਨਾ ਕਿਸੇ ਤਰੀਕੇ ਨਾਲ ਕਾਇਮ ਰਹੀ। ਅਗੇ ਜਾ ਕੇ ਭਾਵੇਂ ਕਾਫੀ ਉਤਰਾ-ਚੜ੍ਹਾ

ਜ਼ਰੂਰ ਆਏ, ਪਰ ਫਾਂਸੀ ਦੇ ਤਖਤੇ ਉੱਤੇ ਇਹ ਦੋਨੋਂ ਯੋਧੇ ਨੇੜੇ-ਨੇੜੇ ਵੱਖਰੇ-ਵੱਖਰੇ ਰੱਸਿਆਂ ਨਾਲ ਭੁਝੰਗੀ ਦਲੀਪੇ ਸਮੇਤ ਇਕੱਠੇ ਹੀ ਝੂਲ ਕੇ ਅਮਰ ਹੋ ਗਏ। ਉਸ ਦਿਨ ਛੇ ਬਬਰ ਤਿੰਨਾਂ-ਤਿੰਨਾਂ ਦੇ ਦੋ ਜੁੱਟਾਂ ਵਿਚ ਇਕਠੇ ਫਾਂਸੀ ਲੱਗੇ ਸਨ।

ਤੀਜੀ ਗੱਲ ਬਾਬੂ ਸੰਤਾ ਸਿੰਘ ਬਾਬਤ ਹੈ। ਉਹ ਇਹ ਕਿ ਉਹ ਬਿਲਕੁਲ ਹੱਡੀਆਂ ਦੀ ਮੁੱਠ, ਪੰਜ ਕੁ ਫੁਟ ਦਾ ਮਾੜਕੂ ਜਿਹਾ ਹਵਾ ਦੇ ਬੁੱਲੇ ਨਾਲ ਉੱਡ ਜਾਣ ਵਾਲਾ ਬੰਦਾ ਸੀ। ਪਰ ਪਤਾ ਨਹੀਂ ਉਹ ਕਿਸ ਮਿੱਟੀ ਦਾ ਬਣਿਆ ਹੋਇਆ ਸੀ। ਉਹਨੇ ਸ਼ੁਰੂ ਤੋਂ ਲੈ ਕੇ ਫਾਂਸੀ ਚੜ੍ਹਨ ਤਕ ਰਾਤ-ਦਿਨ ਇਕ ਕਰ ਦਿੱਤੇ। ਮੈਂ ਕਹਿ ਨਹੀਂ ਸਕਦਾ, ਇਸ ਸੰਘਰਸ਼ ਵਿਚ ਇਕ ਦਿਨ ਲਈ ਵੀ ਉਹ ਆਪਣੇ ਘਰ, ਪਿੰਡ ਹਰੀਉਂ, ਤਹਿਸੀਲ ਸਮਰਾਲਾ, ਜ਼ਿਲਾ ਲੁਧਿਹਾਣਾ ਗਿਆ ਹੋਵੇ ਅਤੇ ਨਾ ਹੀ ਮੈਨੂੰ ਪਤਾ ਹੈ ਕਿ ਉਹਦਾ ਕੋਈ ਭੈਣ-ਭਰਾ ਜਾਂ ਮਾਂ-ਪਿਉ ਜਿਉਂਦੇ ਸਨ।

ਮੇਰੀ ਪਹਿਲੀ ਮੁਲਾਕਾਤ ਖਾਲਸਾ ਸਕੂਲ ਵਿਚ ਇਸੇ ਨਾਲ ਹੋਈ। ਮੈਂ ਪਹਿਲਾਂ-ਪਹਿਲ ਇਹਦਾ ਹੀ ਚੇਲਾ ਬਣਿਆ ਸਮਝੋ। ਪਹਿਲਾਂ-ਪਹਿਲਾਂ ਭਾਈ ਕਿਸ਼ਨ ਸਿੰਘ ਤੋਂ ਦੂਜੇ ਨੰਬਰ ਦਾ ਸਾਡਾ ਇਹੋ ਹੀ ਆਗੂ ਸੀ। ਬਾਅਦ ਵਿਚ ਹਾਲਤ ਜ਼ਰੂਰ ਕੁਝ ਹੱਦ ਤੱਕ ਬਦਲ ਗਏ ਸਨ। ਪਰ ਇਸ ਨਿਕਚੂ ਜਿਹੀ ਹਸਤੀ ਨੇ ਆਖਰੀ ਦਮਾਂ ਤਕ ਲਹਿਰ ਨੂੰ ਚੜ੍ਹਦੀਆਂ ਕਲਾਂ ਵਿਚ ਰੱਖਣ ਲਈ ਉਹ ਹਿੱਸਾ ਪਾਇਆ ਜੀਹਦੀ ਹੋਰ ਮਿਸਾਲ ਮਿਲਣੀ ਮੁਸ਼ਕਲ ਹੀ ਜਾਪਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਬਰ ਯੋਧਿਆਂ ਨੇ ਦੇਸ ਦੀ ਆਜਾਦੀ ਲਈ ਜਿਸ ਦਲੇਰੀ ਅਤੇ ਨਿਡਰਤਾ ਨਾਲ ਸਾਹਮਣੇ ਖੜੋਤੀ ਮੌਤ ਨੂੰ ਲਲਕਾਰਿਆ, ਅੱਜ ਤਕ ਕਿਸੇ ਕਰਾਂਤੀਕਾਰੀ ਲਹਿਰ ਦੇ ਹਿੱਸੇ ਨਹੀਂ ਆਇਆ। ਕੋਈ ਢਾਈ-ਤਿੰਨ ਸਾਲ ਪੰਜਾਬ ਦੇ ਦੋ ਦਰਿਆਵਾਂ ਦੇ ਇਲਾਕੇ ਵਿਚ ਅੰਗਰੇਜ਼ ਦੀ ਥਾਂ ਬਬਰਾਂ ਨੇ ਸਵਰਾਜ ਕਾਇਮ ਕਰਕੇ ਦਿਖਾ ਦਿਤਾ ਸੀ।

ਜੱਜਮੈਂਟ ਦੇ ਸਫ਼ਾ 193 ਉੱਤੇ ਜੱਜ ਇਸੇ ਬਾਬੂ ਸੰਤਾ ਸਿੰਘ ਬਾਬਤ ਇਸ ਪ੍ਰਕਾਰ ਲਿਖਦਾ ਹੈ :

"ਬਿਨਾ-ਸ਼ੱਕ ਇਹ ਮੁਲਜ਼ਮ ਸਾਜਿਸ ਦਾ ਸਿਰ-ਕੱਢ ਮੈਂਬਰ ਸੀ। ਸਿਰਫ ਇਹ ਇਹਨਾਂ ਕਤਲਾਂ ਵਿਚ ਭਾਵੇਂ ਸ਼ਾਮਲ ਨਹੀਂ ਸੀ ਹੋ ਸਕਿਆ—ਪਹਿਲਾ ਦੀਵਾਨ ਹਿਆਤ-ਪੁਰ ਰੁੜਕੀ, ਦੂਜਾ ਪਟਵਾਰੀ ਅਤਾ ਮੁਹੰਮਦ, ਤੀਜਾ ਜਵਾਲਾ ਸਿੰਘ ਕੋਟਲੀ ਬਾਵਾ ਦਾਸ। ਬਾਕੀ ਬਿਸ਼ਨ ਸਿੰਘ ਸਾਂਧਰ ਉਤੇ ਹਮਲੇ, ਰਾਮ ਦਿੱਤਾ ਲੰਬੜਦਾਰ ਵਿਛੋੜੀ ਵਾਲੇ ਤੋਂ ਸਰਕਾਰੀ ਮਾਮਲਾ ਖੋਹਣ ਅਤੇ ਜਾਡਲੇ ਵਾਲੀ ਡਕੈਤੀ ਤੋਂ ਬਿਨਾਂ ਇਹ ਮੁਲਜਮ ਬਾਕੀ ਸਭ ਕਤਲਾਂ ਵਿਚ ਸ਼ਾਮਲ ਰਿਹਾ। ਹਰ ਇਕ ਕੰਮ ਵਿਚ ਇਹਨੇ ਅਗਵਾਈ ਕੀਤੀ। ਹਰ ਇਕ ਵਾਇਦਾ-ਮੁਆਫ਼ ਗਵਾਹ ਨੇ ਇਹਦਾ ਜ਼ਿਕਰ ਆਪਣੇ ਬਿਆਨ ਵਿਚ ਕੀਤਾ ਹੈ ਕਿ ਇਸੇ ਮੁਲਜ਼ਮ ਦੀ ਅਗਵਾਈ ਥੱਲੇ ਅਸੀਂ ਕਤਲ, ਡਕੈਤੀਆਂ ਅਤੇ ਕਾਤਲਾਨਾ ਹਮਲੇ ਕੀਤੇ ਸਨ।"

ਸਾਡੇ ਕੇਸ ਵਿਚ 22 ਵਾਇਦਾ-ਮੁਆਫ਼ ਸਰਕਾਰੀ ਗਵਾਹ ਬਣ ਕੇ ਭੁਗਤੇ ਸਨ। ਕੁੱਲ ਵੱਡੇ-ਛੋਟੇ ਅਫਸਰਾਂ ਤੋਂ ਇਲਾਵਾ ਸੈਂਕੜੇ ਗਵਾਹਾਂ ਦੇ ਬਿਆਨਾਂ ਵਿਚ ਬਾਬੂ ਸੰਤਾ ਸਿੰਘ ਦਾ ਜ਼ਿਕਰ ਜ਼ਰੂਰ ਆਵੇਗਾ। ਸੋ ਇਸ ਅਨੋਖੀ ਹਸਤੀ ਦੀ ਜਾਣਕਾਰੀ ਪਹਿਲਾਂ ਹੀ ਦੇ ਚਲਿਆਂ ਹਾਂ, ਜਿਸ ਨਾਲ ਮੈਂ ਆਪ ਵੀ ਅਖੀਰ ਤੱਕ ਜੁੜਿਆ ਰਿਹਾ ਸੀ।

# 7. ਮਾਸਟਰ ਮੋਤਾ ਸਿੰਘ ਜੀ ਪਿੰਡ ਪਤਾਰਾ, ਜ਼ਿਲਾ ਜਲੰਧਰ

ਹੁਣ ਮੈਂ ਪਾਠਕਾਂ ਨੂੰ ਮਾਸਟਰ ਮੋਤਾ ਸਿੰਘ ਬਾਬਤ ਕੁਝ ਜਾਣਕਾਰੀ ਦੇਣੀ ਚਾਹੁੰਦਾ ਹਾਂ।

ਊਧਮ ਸਿੰਘ, ਜਿਨ੍ਹਾਂ ਕੋਲ ਭਾਈ ਕਿਸ਼ਨ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੂੰ ਛੱਡ ਕੇ ਸੰਤ ਕਰਤਾਰ ਸਿੰਘ ਆਪ ਵਾਪਸ ਆ ਗਿਆ ਸੀ, ਮਾਸਟਰ ਮੋਤਾ ਸਿੰਘ ਦਾ ਪੱਕਾ ਸ਼ਰਧਾਲੂ ਸੀ। ਉਹਦਾ ਪਿੰਡੋਂ ਬਾਹਰ ਕਾਫ਼ੀ ਉਜਾੜ ਜਿਹੀ ਵਿਚ ਆਪਣਾ ਇਕ ਨਿਵੇਕਲੀ ਜਿਹੀ ਥਾਂ ਉਤੇ ਖੂਹ ਸੀ, ਜੀਹਦੇ ਕੋਲ ਦੀ ਇਕ ਨਾਲਾ ਵਗਦਾ ਸੀ। ਊਧਮ ਸਿੰਘ ਨੇ ਇਸੇ ਖੂਹ ਉੱਤੇ ਪੱਕਾ ਭੋਰਾ ਬਣਾ ਛਡਿਆ ਸੀ, ਜਿਸ ਵਿਚ ਮਾਸਟਰ ਜੀ ਚੰਗੀ ਤਰ੍ਹਾਂ ਆਰਾਮ ਕਰ ਸਕਦੇ ਸਨ। ਉਧਮ ਸਿੰਘ ਨੇ ਹਰ ਕਿਸਮ ਦਾ ਪ੍ਰਬੰਧ ਖਾਣ-ਪੀਣ, ਨ੍ਹੌਣ-ਧੋਣ ਅਤੇ ਸੌਣ ਦਾ ਇਸ ਤਰੀਕੇ ਨਾਲ ਕਰ ਛਡਿਆ ਸੀ ਕਿ ਜੇ ਕੋਈ ਓਪਰਾ ਬੰਦਾ ਆ ਵੀ ਜਾਵੇ ਤਾਂ ਭੋਰੇ ਦਾ ਪਤਾ ਨਹੀਂ ਸੀ ਲੱਗ ਸਕਦਾ। ਮੂੰਹ ਅਗੇ ਐਵੇਂ ਨਿੱਕੜ-ਸੁੱਕੜ, ਹਲ-ਪੰਜਾਲੀਆਂ ਜਿਹੀਆ ਸੁੱਟ ਛੱਡੀਆਂ ਸਨ ਜਿਨ੍ਹਾਂ ਵਿਚੋਂ ਦੀ ਹਵਾ ਤਾਂ ਅੰਦਰ ਜਾ ਸਕੇ ਪਰ ਅੰਦਰ ਉਤਰਨ ਦਾ ਰਾਹ ਨਾ ਦਿੱਸੇ।

ਮੈਂ ਭਾਵੇਂ ਇਸੇ ਖੂਹ ਉੱਤੇ ਬਾਅਦ ਵਿਚ ਭਾਈ ਸਾਹਿਬ ਦੇ ਸੁਨੇਹੇ ਜਾਂ ਚਿੱਠੀ-ਚਪੱਠੀ ਊਧਮ ਸਿੰਘ ਨੂੰ ਪੁਚਾਉਂਦਾ ਰਿਹਾ ਸੀ, ਪਰ ਇਸ ਭੋਰੇ ਦੀ ਰੱਤੀ ਸੋਅ ਵੀ ਨਹੀਂ ਸੀ ਕੱਢ ਸਕਿਆ। ਮਾਸਟਰ ਜੀ ਦੀ ਗਰਿਫ਼ਤਾਰੀ ਤੋਂ ਬਾਅਦ ਹੀ ਇਸ ਭੋਰੇ ਦੇ ਦਰਸ਼ਨ ਮੈਂ ਕਰ ਸਕਿਆ ਸੀ। ਕੁਦਰਤੀ ਇਸ ਖੂਹ ਲਾਗੇ ਹੋਰ ਕੋਈ ਖੂਹ ਵੀ ਨਹੀਂ ਸੀ ਅਤੇ ਆਵਾਜਾਈ ਵੀ ਘੱਟ ਹੀ ਸੀ। ਇਹੋ ਕਾਰਨ ਹੈ ਕਿ ਮਾਸਟਰ ਜੀ ਏਨਾਂ ਚਿਰ ਮਫ਼ਰੂਰੀ ਵਿਚ ਕੱਢ ਗਏ ਸਨ। ਪਹਿਲਾਂ-ਪਹਿਲਾਂ ਦੂਜੇ ਵਿਅਕਤੀ ਦੀ ਤਾਂ ਗੱਲ ਹੀ ਛੱਡੋ, ਕਾਫ਼ੀ ਸਮੇਂ ਤਕ ਭਾਈ ਕਿਸ਼ਨ ਸਿੰਘ ਨੂੰ ਆਪ ਵੀ ਮਾਸਟਰ ਸਾਹਿਬ ਦੀ ਰਿਹਾਇਸ਼ ਦਾ ਪਤਾ ਨਹੀਂ ਸੀ। ਜਦੋਂ ਵੀ ਕਦੇ ਮੁਲਾਕਾਤ ਕਰਨ ਦੀ ਜ਼ਰੂਰਤ ਪੈਂਦੀ ਸੀ ਤਾਂ ਮਾਸਟਰ ਜੀ ਰਾਤ ਵੇਲੇ ਭੋਰੇ ਵਿਚੋਂ ਨਿਕਲ ਕੇ ਦੂਜੇ ਪਾਸੇ ਜਾ ਕੇ ਉਜਾੜ ਵਿਚ ਹੀ ਮੁਲਾਕਾਤ ਕਰਿਆ ਕਰਦੇ ਸਨ। ਦੋ-ਤਿੰਨ ਵਾਰ ਮੈਂ ਜ਼ਿੱਦ ਕਰਕੇ ਇਸੇ ਤਰ੍ਹਾਂ ਹੀ ਦਰਸ਼ਨ ਕਰ ਸਕਿਆ ਸੀ। ਉਹਨਾ ਦਿਨਾਂ ਵਿਚ ਉਹ ਨੰਗੇ ਪੈਰੀਂ, ਤੇੜ ਕਛਹਿਰਾ, ਕੰਬਲੀ ਦੀ ਬੁੱਕਲ ਅਤੇ ਸਿਰ ਉੱਤੇ ਛੋਟੀ ਜਿਹੀ ਪੀਲੀ ਦਸਤਾਰ ਲਪੇਟੀ

ਰਖਦੇ ਸਨ। ਮਧਰਾ ਜਿਹਾ ਕੱਦ ਸੀ। ਜਿਸਮ ਜ਼ਰੂਰ ਭਾਰਾ ਜਿਹਾ ਸੀ। ਉਹ ਸਚਸੱਚ ਸਾਧੂ ਹੀ ਲਗਦੇ ਸਨ। ਮੇਰੇ ਪਿੰਡ ਉਹਨਾਂ ਦੀ ਸਕੀ ਭੈਣ ਵਿਆਹੀ ਹੋਈ ਸੀ, ਜੀਹਦਾ ਇਕੋ-ਇਕ ਲੜਕਾ ਨਾਨਕ ਸਿੰਘ ਮਾਸਟਰ ਜੀ ਨੇ ਗੋਦ ਲੈ ਕੇ ਪਤਾਰੇ ਹੀ ਰੱਖ ਲਿਆ ਸੀ।

ਊਧਮ ਸਿੰਘ ਦਾ ਪਿੰਡ ਵਿਚ ਮਕਾਨ ਸੀ ਜੀਹਦੀ ਛੱਤ ਉੱਤੇ ਇਕ ਚੰਗਾ ਖੁੱਲ੍ਹਾ ਕੱਚਾ ਚੁਬਾਰਾ ਸੀ ਅਤੇ ਛੇ-ਸੱਤ ਮੰਜੇ ਡੱਠੇ ਰਹਿੰਦੇ ਸਨ। ਇਸੇ ਚੁਬਾਰੇ ਵਿਚ ਹੀ ਪਹਿਲਾਂ-ਪਹਿਲ ਮੈਂ 1921 ਦੇ ਅਖ਼ੀਰ ਜਿਹੇ ਵਿਚ ਬਾਬੂ ਸੰਤਾ ਸਿੰਘ ਜੀ ਨਾਲ ਜਾ ਕੇ ਭਾਈ ਕਿਸ਼ਨ ਸਿੰਘ ਦੇ ਦਰਸ਼ਨ ਕੀਤੇ ਸਨ।

ਉਹਨਾ ਦਿਨਾਂ ਵਿਚ ਭਾਈ ਕਿਸ਼ਨ ਸਿੰਘ ਵੀ ਸਿੱਧਿਆਂ ਜਾ ਕੇ ਮਾਸਟਰ ਜੀ ਨੂੰ ਨਹੀਂ ਸਨ ਮਿਲ ਸਕਦੇ। ਨੇਮ ਅਨੁਸਾਰ ਸਿਰਫ਼ ਊਧਮ ਸਿੰਘ ਹੀ ਮੁਲਾਕਾਤ ਦਾ ਬੰਦੋਬਸਤ ਰਾਤ ਵੇਲੇ ਕਰਿਆ ਕਰਦਾ ਸੀ, ਕਿਉਂਕਿ ਇਕ ਵਾਰ ਮੈਂ ਆਪ ਵੀ ਉਸ ਵੇਲੇ ਬਾਬੂ ਸੰਤਾ ਸਿੰਘ ਅਤੇ ਭਾਈ ਕਿਸ਼ਨ ਸਿੰਘ ਨਾਲ ਗਿਆ ਸੀ। ਮੈਂ ਅਤੇ ਬਾਬੂ ਸੰਤਾ ਸਿੰਘ ਤਾਂ ਉਥੇ ਇਕ ਪਾਸੇ ਬੈਠੇ ਰਹੇ ਸੀ ਅਤੇ ਉਹ ਦੋਵੇਂ ਦੂਜੇ ਪਾਸੇ ਨਿਕਲ ਗਏ ਸਨ। ਉਹ ਨਾਲੇ ਸੈਰ ਕਰਦੇ ਗਏ, ਨਾਲੇ ਅਗਲਾ ਪ੍ਰੋਗਰਾਮ ਬਣਾਉਂਦੇ ਗਏ। ਭਾਈ ਕਿਸਨ ਸਿੰਘ ਆਪਣੀ ਪਿਛਲੀ ਕਾਰਵਾਈ ਦਸਦੇ ਰਹੇ। ਅਸਲ ਵਿਚ ਭਾਈ ਕਿਸ਼ਨ ਸਿੰਘ ਜੀ ਮਾਸਟਰ ਜੀ ਨੂੰ ਆਪਣਾ ਸਿਆਸੀ ਗੁਰੂ ਹੀ ਧਾਰਨ ਕਰੀਂ ਬੈਠੇ ਸਨ। ਭਾਈ ਸਾਹਿਬ ਦੇ ਲੈਕਚਰਾਂ ਨੇ ਜਦੋਂ ਧੂੜਾਂ ਉਭਾਰ ਦਿੱਤੀਆਂ ਅਤੇ ਆਪਣੇ ਗੁਰੂ ਨੂੰ ਵੀ ਮਾਤ ਪਾ ਦਿੱਤਾ ਤਾਂ ਕਿਤੇ ਜਾ ਕੇ ਦੋਵੇਂ ਆਗੂ ਉਸ ਭੋਰੇ ਵਿਚ ਮਿਲਣ ਲਗੇ ਸਨ। ਇਹ ਭਾਈ ਸਾਹਿਬ ਦੀ ਆਪਣੀ ਜ਼ਬਾਨੀ ਦੱਸੀ ਹੋਈ ਗੱਲ ਹੀ ਮੈਂ ਲਿਖ ਰਿਹਾ ਹਾਂ। ਬੇਸ਼ੱਕ ਮਾਸਟਰ ਮੋਤਾ ਸਿੰਘ ਦਾ ਨਾਂ ਕਾਫ਼ੀ ਮਸ਼ਹੂਰ ਹੋ ਚੁਕਿਆ ਸੀ, ਪਰ ਜੋ ਲੈਕਚਰ ਭਾਈ ਕਿਸ਼ਨ ਸਿੰਘ ਕਰਦੇ ਸਨ, ਉਹ ਤਾਂ ਬਦੋ-ਬਦੀ ਆਦਮੀ ਅੰਦਰ ਸੂਲਾਂ ਜਿਹੀਆਂ ਚੁਭੋਣ ਲੱਗ ਪੈਂਦਾ ਸੀ। ਉਦੋਂ ਇਹ ਗੱਲ ਆਮ ਲੋਕਾਂ ਦੀ ਜਬਾਨ ਉੱਤੇ ਆ ਚੁੱਕੀ ਸੀ ਕਿ ਜਦੋਂ ਕਬਰਾਂ ਵਿਚ ਪਏ ਮੁਰਦੇ ਭਾਈ ਸਾਹਿਬ ਦਾ ਲੈਕਚਰ ਸੁਣ ਲੈਂਦੇ ਹਨ ਤਾਂ ਉਹ ਵੀ ਹੱਥ ਵਿਚ ਤਲਵਾਰਾਂ ਫੜ ਕੇ ਅੰਗਰੇਜ਼ ਨੂੰ ਮੁਲਕ ਵਿਚੋਂ ਕੱਢਣ ਲਈ ਉੱਠ ਤੁਰਦੇ ਹਨ।

ਮਾਸਟਰ ਮੋਤਾ ਸਿੰਘ ਭਾਈ ਕਿਸ਼ਨ ਸਿੰਘ ਤੋਂ ਕਿਤੇ ਪਹਿਲਾਂ ਮਸ਼ਹੂਰੀ ਦੀਆਂ ਸਿਖਰਾਂ ਛੋਹ ਚੁੱਕੇ ਸਨ। ਉਹ ਬਹੁਤ ਚਿਰ ਪਹਿਲਾਂ ਬੀ. ਏ. ਪਾਸ ਕਰਕੇ ਮਾਸਟਰ ਲੱਗ ਗਏ ਸੀ, ਕਿਉਂਕਿ ਪੰਜਾਬ ਦੇ ਚੀਫ਼ ਖ਼ਾਲਸਾ ਦੀਵਾਨ ਅਤੇ ਸਿੰਘ-ਸਭੀਆਂ ਨੇ ਆਰੀਆ ਸਮਾਜੀਆਂ ਅਤੇ ਮੁਸਲਮਾਨ ਆਗੂਆਂ ਦੀ ਰੀਸੋ-ਰੀਸੀ ਆਮ ਸਿੱਖਾਂ ਵਿਚ ਤਾਲੀਮ ਦਾ ਪ੍ਰਚਾਰ ਸ਼ੁਰੂ ਕਰਕੇ ਖ਼ਾਲਸਾ ਸਕੂਲਾਂ ਦੀ ਸਥਾਪਨਾ ਸ਼ੁਰੂ ਕਰ ਦਿਤੀ ਸੀ। ਇਹਨਾਂ ਹੀ ਦਿਨਾਂ ਵਿਚ ਜਲ੍ਹਿਆਂਵਾਲੇ ਬਾਗ਼ ਦਾ ਘੱਲੂਘਾਰਾ ਵਾਪਰ ਗਿਆ। ਮਾਸਟਰ ਮੋਤਾ ਸਿੰਘ ਵਰਗੇ ਜੁਸ਼ੀਲੀ ਤਬੀਅਤ ਦੇ ਬੰਦੇ ਭਲਾ ਕਿਵੇਂ ਖ਼ਾਮੋਸ਼ ਬੈਠੇ ਰਹਿ ਸਕਦੇ ਸਨ। ਘੱਟ ਸਜ਼ਾ ਸੁਨਣੀ ਉਹ ਹੱਤਕ ਖ਼ਿਆਲ ਕਰਦੇ ਸਨ। ਮੇਰੇ ਅੰਦਾਜ਼ੇ ਮੁਤਾਬਿਕ ਅੱਧੀ ਉਮਰ ਤਾਂ ਉਹ ਜ਼ਰੂਰ ਸੀਖਾਂ ਪਿੱਛੇ ਹੀ ਰਹੇ ਹੋਣਗੇ। ਦੂਜੇ ਬੰਨੇ ਪ੍ਰਿੰਸੀਪਲ ਤੇਜਾ ਸਿੰਘ ਜੀ ਐਡੇ ਵਡੇ ਆਲਮ-ਫ਼ਾਜ਼ਲ ਤੇ ਸਿੱਖੀ ਮਰਯਾਦਾ ਦੇ ਧਾਰਨੀ, ਪਿਛਲੇ ਸਿੱਖ ਇਤਿਹਾਸ ਦੇ ਜਾਣੂ ਅੰਗਰੇਜ਼ ਹਕੂਮਤ ਤੋਂ ਏਨਾਂ ਡਰ ਚੁੱਕੇ ਸਨ ਕਿ

ਭਾਈ ਕਿਸ਼ਨ ਸਿੰਘ ਦੇ ਮਸਤੂਆਣੇ ਦੇ ਪਹਿਲੇ ਲੈਕਚਰ ਤੋਂ ਘਬਰਾ ਕੇ ਰੌਲਾ ਪਾਉਣ ਲੱਗ ਪਏ ਸਨ। ਉਹਨਾਂ ਦਿਨਾਂ ਵਿਚ ਇਹ ਕਬਿੱਤ ਆਮ ਲੋਕਾਂ ਦੀ ਜ਼ਬਾਨ ਉੱਤੇ ਚੜ੍ਹ ਚੁਕਿਆ ਸੀ :

ਸ਼ੇਰ ਗੱਜੇ ਨਨਕਾਣੇ, ਲੈਕਚਰ ਕਰੇ ਮਨ ਭਾਣੇ,
ਖੇਡ ਮੌਤ ਨੂੰ ਉਹ ਜਾਣੇ, ਤਿੰਨ ਫੁੱਟੀ ਜੋ ਦਿਖਾਲੀ ਹੈ।
ਰੋਟੀ ਅੱਠੀਂ ਪਹਿਰੀਂ ਖਾਵੇ, ਪੈਰੀਂ ਜੋੜਾ ਵੀ ਨਾ ਪਾਵੇ,
ਹੱਥ ਜ਼ਾਲਮਾਂ ਨਾ ਆਵੇ, ਮੋਤਾ ਸਿੰਘ ਜੋ ਅਕਾਲੀ ਹੈ।

ਉਹਨਾਂ ਹੀ ਦਿਨਾਂ ਵਿਚ ਆਮ ਦੀਵਾਨ ਜਾਂ ਜਲਸੇ ਹੋਇਆ ਕਰਦੇ ਸਨ। ਇਸ਼ਤਿਹਾਰਾਂ, ਮੁਨਾਦੀਆਂ ਅਤੇ ਹੋਰ ਵਸੀਲਿਆਂ ਰਾਹੀਂ ਐਲਾਨ ਕਰ ਦਿੱਤਾ ਜਾਂਦਾ ਸੀ ਕਿ ਉਥੇ ਮਾਸਟਰ ਮੋਤਾ ਸਿੰਘ ਜੀ ਦਾ ਵੀ ਲੈਕਚਰ ਹੋਵੇਗਾ। ਹਜ਼ਾਰਾਂ ਦੀ ਗਿਣਤੀ ਵਿਚ ਬੱਚੇ, ਬੁੱਢੇ, ਨਰ-ਨਾਰੀ ਆ ਜੁੜਦੇ ਸਨ। ਲੈਕਚਰ ਸੁਨਣ ਦੇ ਨਾਲ-ਨਾਲ ਹੀ ਮਾਸਟਰ ਜੀ ਦੇ ਦਰਸਨਾਂ ਦੀ ਖਿੱਚ ਪੂਰੇ ਜੋਬਨ ਉੱਤੇ ਸੀ।

ਮਾਸਟਰ ਜੀ ਭੇਸ ਵਟਾ ਕੇ ਲਾਜਮੀ ਸਟੇਜ ਉੱਤੇ ਪੁੱਜ ਧੂੰਆਂ-ਧਾਰ ਤਕਰੀਰ ਕਰਕੇ ਜਿਵੇਂ ਆਉਂਦੇ, ਉਵੇਂ ਹੀ ਵਾ-ਵਰੋਲੇ ਵਾਂਗ ਤੁਰਦੇ ਬਣਦੇ, ਕਿਉਂਕਿ ਉਹਨਾਂ ਦੀ ਹਿਫ਼ਾਜ਼ਤ ਦਾ ਪੂਰਾ-ਪੂਰਾ ਪ੍ਰਬੰਧ ਪਹਿਲਾਂ ਹੀ ਵਿਉਂਤ ਬਣਾ ਕੇ ਕਰ ਲਿਆ ਜਾਂਦਾ ਸੀ। ਆਮ ਲੋਕ ਹੁੰਮ-ਹੁੰਮਾ ਕੇ ਉੱਠ ਖਲੋਂਦੇ, ਮਾਸਟਰ ਜੀ ਨੂੰ ਘੇਰੇ ਵਿਚ ਲੈ ਕੇ ਤੁਰ ਪੈਂਦੇ ਅਤੇ ਉਹ ਫਟਾ-ਫਟ ਹੁਲੀਆ ਬਦਲ ਕੇ ਨਿਰਮਲੇ ਸਾਧੂ ਦਾ ਜਾਂ ਹੋਰ ਕੋਈ ਪਹਿਰਾਵਾ ਧਾਰ ਕੇ ਖਿਸਕਦੇ ਹੁੰਦੇ। ਆਲੇ-ਦੁਆਲੇ ਪੁਲਸ ਕੱਥਕੜੀਆਂ ਛਣਕਾਉਂਦੀ ਰਹਿ ਜਾਂਦੀ। ਪੁਲਸ ਦੇ ਵੱਡੇ ਅੰਗਰੇਜ਼ ਅਫ਼ਸਰ ਵੀ ਹੈਰਾਨ ਰਹਿ ਜਾਂਦੇ। ਅਸਲ ਵਿਚ ਲੋਕ ਉਹਨੀਂ ਦਿਨੀਂ ਬਿਲਕੁਲ ਨਿੱਡਰ ਹੋ ਚੁੱਕੇ ਸਨ ਅਤੇ ਦੂਜੇ ਬੰਨੇ ਦੇਸੀ ਪੁਲਸ ਆਪ ਵੀ ਕੰਨੀ ਕਤਰਾਉਣ ਲੱਗ ਪਈ ਸੀ, ਕਿਉਂਕਿ ਹਰ ਵੇਲੇ ਨੰਗੀਆਂ ਤਲਵਾਰਾਂ ਲਈ ਅਕਾਲੀ ਜੈਕਾਰੇ ਗਜਾਉਣ ਲੱਗ ਪੈਂਦੇ ਸਨ। ਜੇ ਹੱਥ ਪਾਉਣ ਤਾਂ ਖ਼ੂਨ-ਖ਼ਰਾਬਾ ਲਾਜ਼ਮੀ ਸੀ, ਕਿਉਂਕਿ ਲੈਕਚਰ ਹੀ ਇਹਨਾਂ ਲੀਹਾ ਉੱਤੇ ਹੋ ਕੇ ਹਟਦਾ ਸੀ ਕਿ ਜਿਵੇਂ ਅੰਗਰੇਜ ਇਕ ਹੱਥ ਤਲਵਾਰ ਅਤੇ ਦੂਜੇ ਹੱਥ ਕਲਮ ਫੜ ਕੇ ਹਿੰਦੁਸਤਾਨੀਆਂ ਨੂੰ ਅੱਡੋ-ਫਾਟ ਕਰਕੇ ਮੁਲਕ ਉੱਤੇ ਕਾਬਜ਼ ਹੋਇਆ ਸੀ, ਹੁਣ ਅਸੀਂ ਵੀ ਉਸੇ ਤਲਵਾਰ ਦੇ ਜ਼ੋਰ ਨਾਲ ਹੀ ਉਹਨੂੰ ਕੱਢ ਕੇ ਛੱਡਾਂਗੇ।

ਉਧਰ ਭਾਈ ਕਿਸ਼ਨ ਸਿੰਘ ਵਖਰਿਆਂ ਇਹਨਾਂ ਹੀ ਲੀਹਾਂ ਉੱਤੇ ਆਮ ਲੋਕਾਂ ਨੂੰ ਭਿੜ ਜਾਣ ਲਈ ਜ਼ੋਰ ਲਾ ਰਿਹਾ ਸੀ।

ਸੋ ਊਧਮ ਸਿੰਘ ਨੇ ਉਪਰੋਕਤ ਪ੍ਰੋਗਰਾਮ ਮੁਤਾਬਿਕ ਮਾਸਟਰ ਜੀ ਨੂੰ ਇਹਨਾਂ ਨਾਲ ਮਿਲਾ ਦਿਤਾ ਅਤੇ ਭਾਈ ਕਿਸ਼ਨ ਸਿੰਘ ਨੇ ਧੂਰੀ ਅਤੇ ਮਸਤੂਆਣੇ ਤੋਂ ਲੈ ਕੇ ਪਲਾਹੀ ਦੇ ਦੀਵਾਨ ਤਕ ਕੁੱਲ ਹੋ ਚੁੱਕੀ ਕਾਰਵਾਈ ਦੱਸ ਦਿੱਤੀ ਅਤੇ ਯਕੀਨ ਦੁਆ ਦਿੱਤਾ ਕਿ ਜਿਹੜਾ ਅਰਦਾਸਾ ਮੈਂ ਗੁਰਦੁਆਰੇ ਸੋਧ ਕੇ ਪ੍ਰਣ ਧਾਰ ਆਇਆ ਹਾਂ, ਹੁਣ ਉਸੇ ਪ੍ਰਣ ਨੂੰ ਨਿਭਾਉਣ ਲਈ ਪੂਰੀ ਵਾਹ ਲਾ ਦਿਆਂਗਾ। ਪਹਿਲਾ ਅਕਾਲੀ ਕੌਨਸਪੀਰੇਸੀ ਕੇਸ ਇਹਨਾਂ ਸਾਰਿਆਂ ਦੀ ਜੱਦੋਜਹਿਦ ਦਾ ਹੀ ਨਤੀਜਾ ਸੀ। ਸਿਰਫ਼ ਇਕੋ ਰੀਵਾਲਵਰ ਬਚ ਸਕਿਆ ਸੀ ਜਿਹੜਾ ਉਸ ਵੇਲੇ ਮਾਸਟਰ ਜੀ ਕੋਲ ਸੀ। ਮੁੜ ਇਹ ਸਾਰੇ ਚਕਰਵਰਤੀ ਜਥੇ ਦੇ ਮੈਂਬਰ ਬਣ ਚੁੱਕੇ ਸਨ। ਉਸ ਵੇਲੇ ਜਿਨ੍ਹਾਂ ਨੇ ਮਾਸਟਰ ਜੀ

ਨਾਲ ਮੁਲਾਕਾਤ ਕੀਤੀ ਸੀ, ਇਹ ਸਨ ਭਾਈ ਕਿਸ਼ਨ ਸਿੰਘ, ਬਿਜਲਾ ਸਿੰਘ, ਹਰਜਸ ਸਿੰਘ ਟੁੰਡਾ, ਜਥੇਦਾਰ ਸੁੰਦਰ ਸਿੰਘ, ਸਾਧੂ ਸਿੰਘ ਧੂਰੀ ਅਤੇ ਟਹਿਲ ਸਿੰਘ। ਪਹਿਲਾਂ ਇਹ ਧੂਰੀ ਵਾਲਾ ਜਥਾ ਕਹਾਉਂਦਾ ਸੀ, ਹੁਣ ਚਕਰਵਰਤੀ ਜਥਾ ਕਹਾਉਣ ਲੱਗ ਪਿਆ, ਜੀਹਦਾ ਆਗੂ ਕਿਸ਼ਨ ਸਿੰਘ ਗੜਗੱਜ ਥਾਪਿਆ ਗਿਆ।

ਮਾਸਟਰ ਮੋਤਾ ਸਿੰਘ ਤਾਂ ਪਹਿਲਾਂ ਹੀ ਇਹਨਾਂ ਲੀਹਾਂ ਉੱਤੇ ਪ੍ਰਚਾਰ ਕਰ ਰਹੇ ਸਨ ਕਿ ਖ਼ਾਲਸਾ ਤਾਂ ਪੈਦਾ ਹੀ ਤਲਵਾਰ ਦੀ ਧਾਰ ਤੋਂ ਕੀਤਾ ਗਿਆ ਸੀ। ਸਿੱਖ ਕੌਮ ਤਾਂ ਪਹਿਲਾਂ ਹੀ ਕਈ ਘਲੂਘਾਰਿਆਂ ਵਿਚੋਂ ਲੰਘ ਚੁੱਕੀ ਹੈ। ਇਹਨੇ ਕਈ ਅਬਦਾਲੀਆਂ-ਨਾਦਰਸ਼ਾਹਾਂ ਨਾਲ ਸਿੱਧੀਆਂ ਟੱਕਰਾਂ ਲਈਆਂ ਹਨ। ਨਿਰਦੋਸ਼ ਬੇਬੱਸ ਲੜਕੀਆਂ, ਜਿਹੜੀਆਂ ਇਹ ਜ਼ਾਲਮ ਲੈ ਤੁਰਦੇ ਸਨ, ਤਲਵਾਰ ਦੇ ਜ਼ੋਰ ਨਾਲ ਛੁੜਾ ਲਿਆਂਦੀਆਂ ਹਨ। ਪਤਾ ਨਹੀਂ ਕਿੰਨੇ ਕੁ ਖ਼ੂਨ ਦੇ ਦਰਿਆ ਇਹ ਖ਼ਾਲਸਾ ਪਾਰ ਕਰਦਾ-ਕਰਦਾ ਹੁਣ ਫੇਰ ਗ਼ੈਰਾਂ ਦਾ ਗ਼ੁਲਾਮ ਬਣਿਆ ਬੈਠਾ ਹੈ। ਤੇ ਸਾਡੇ ਹੀ ਭਰਾ ਮੁੜ ਇਸ ਗੋਰੇ ਦੇ ਵਿਛਾਏ ਜਾਲ ਵਿਚ ਇਸ ਹੱਦ ਤਕ ਫਸ ਚੁੱਕੇ ਹਨ ਕਿ ਇਸ ਜਾਲ ਨੂੰ ਤੋੜਨ ਲਈ ਕੋਈ ਨਾ ਕੋਈ ਤਰੀਕਾ ਕੱਢਣਾ ਹੀ ਪਵੇਗਾ।

ਉਹਨਾਂ ਨੇ ਭਾਈ ਕਿਸ਼ਨ ਸਿੰਘ ਨੂੰ ਕਿਹਾ ਕਿ ਤੁਸੀਂ ਠੀਕ ਰਸਤਾ ਚੁਣਿਆ ਹੈ। ਅਗੋਂ ਲਈ ਇਹਨਾਂ ਨੂੰ ਲੈਕਚਰਾਂ ਰਾਹੀਂ ਚਿਤਾਵਣੀ ਦੇਣੀ ਸ਼ੁਰੂ ਕਰ ਦਿੱਤੀ ਜਾਵੇ। ਤੁਸੀਂ ਜਿਹੜੀ ਤਲਵਾਰ ਲਿਸ਼ਕਾਉਂਦਿਆਂ ਚਿਤਾਵਣੀ ਦੇਣੀ ਸ਼ੁਰੂ ਕਰ ਦਿੱਤੀ ਹੈ, ਮੈਂ ਇਹਦੀ ਤਾਈਦ ਕਰਦਾ ਹਾਂ ਅਤੇ ਮੇਰਾ ਅਸ਼ੀਰਵਾਦ ਹਮੇਸ਼ਾ ਤੁਹਾਡੇ ਨਾਲ ਹੈ। ਜਿਹੜਾ ਕੰਮ ਮੈਂ ਸ਼ੁਰੂ ਕੀਤਾ ਸੀ, ਹੁਣ ਮੈਨੂੰ ਯਕੀਨ ਹੋ ਗਿਆ ਹੈ ਕਿ ਉਹ ਤੁਹਾਡੇ ਰਾਹੀਂ ਹੀ ਪੂਰੀ ਤਰ੍ਹਾਂ ਸਿਰੇ ਚੜ੍ਹੇਗਾ ਅਤੇ ਤੁਸੀਂ ਮੈਥੋਂ ਕਿਤੇ ਵੱਧ ਸਫ਼ਲਤਾ ਪ੍ਰਾਪਤ ਕਰੋਗੇ।

ਉਹਨਾਂ ਹੀ ਦਿਨਾਂ ਵਿਚ ਕਾਂਗਰਸ ਅਤੇ ਖ਼ਿਲਾਫ਼ਤ ਦਾ ਪ੍ਰਚਾਰ ਸਿਖਰਾਂ ਛੋਹ ਰਿਹਾ ਸੀ। ਅਦਾਲਤਾਂ ਦਾ ਤੇ ਬਦੇਸੀ ਮਾਲ ਦਾ ਬਾਈਕਾਟ, ਸਰਕਾਰ ਨਾਲ ਪੂਰੀ ਤਰ੍ਹਾਂ ਨਾ-ਮਿਲਵਰਤਨ ਅਤੇ ਆਪਣੀਆਂ ਪੰਚਾਇਤਾਂ ਰਾਹੀਂ ਆਪਣੇ ਫ਼ੈਸਲੇ ਆਪ ਕਰਨੇ ਸ਼ੁਰੂ ਹੋ ਚੁੱਕੇ ਸਨ। ਸਕੂਲਾਂ-ਕਾਲਜਾਂ ਦੇ ਲੜਕੇ-ਲੜਕੀਆਂ ਪੜ੍ਹਾਈਆਂ ਛੱਡ ਕੇ ਜਿਹਲੀਂ ਜਾ ਰਹੇ ਸਨ। ਆਮ ਜਨਤਾ ਉਹਨਾਂ ਦਿਨਾਂ ਵਿਚ ਜਿਹਲ ਜਾਣ ਨੂੰ ਤੀਰਥ-ਯਾਤਰਾ ਸਮਝਣ ਲੱਗ ਪਈ ਸੀ। ਬਾਰਦੋਲੀ ਦਾ ਮਸ਼ਹੂਰ ਸਤਿਆਗ੍ਰਹਿ ਉਸ ਵੇਲੇ ਪੂਰੇ ਜੋਬਨ ਉੱਤੇ ਸੀ।

ਸਰਦਾਰ ਪਟੇਲ, ਪੰਡਿਤ ਮੋਤੀਲਾਲ ਨਹਿਰੂ, ਰਾਜਨ ਬਾਬੂ, ਮੌਲਾਨਾ ਆਜ਼ਾਦ, ਖਾਨ ਬਾਦਸ਼ਾਹ, ਸੀ. ਆਰ. ਦਾਸ, ਸਰੋਜਨੀ ਨਾਇਡੂ, ਕਮਲਾ ਦੇਵੀ ਚਟੋਪਾਧਿਆਏ, ਸਵਾਮੀ ਸਤਿਦੇਵ, ਪੰਡਿਤ ਮਦਨ ਮੋਹਨ ਮਾਲਵੀਆ ਅਤੇ ਮਗਰੋਂ ਪੰਡਿਤ ਜਵਾਹਰਲਾਲ ਨਹਿਰੂ ਤੇ ਸੁਭਾਸ਼ ਚੰਦਰ ਬੋਸ ਸਮੁੱਚੀ ਕੌਮ ਦੇ ਸਤਿਕਾਰੇ ਹੋਏ ਆਗੂ ਬਣ ਗਏ ਸਨ। ਖ਼ਿਲਾਫ਼ਤੀ ਲੀਡਰ ਮੌਲਾਨਾ ਮੁਹੰਮਦ ਅਲੀ ਤੇ ਸ਼ੌਕਤ ਅਲੀ ਤਾਂ ਮਹਾਤਮਾ ਜੀ ਦੇ ਸੱਜੇ-ਖੱਬੇ ਹੀ ਰਹਿੰਦੇ ਸਨ।

ਸਿੱਖਾਂ ਵਿਚੋਂ ਬਾਬਾ ਖੜਕ ਸਿੰਘ, ਬਾਬਾ ਗੁਰਦਿਤ ਸੰਘ ਕਾਮਾਗਾਟਾ ਮਾਰੂ, ਝਬਾਲੀਏ ਭਰਾ, ਸਰਦੂਲ ਸਿੰਘ ਕਵੀਸ਼ਰ, ਤੇਜਾ ਸਿੰਘ ਸਮੁੰਦਰੀ, ਗਿਆਨੀ ਹੀਰਾ ਸਿੰਘ ਦਰਦ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਕਰਤਾਰ ਸਿੰਘ ਝੱਬਰ, ਬਾਬਾ ਕਰਮ

ਸਿੰਘ ਚੀਮਾ, ਪਿਆਰਾ ਸਿੰਘ ਲੰਗੇਰੀ, ਭਾਗ ਸਿੰਘ ਕੈਨੇਡੀਅਨ ਅਤੇ ਪਤਾ ਨਹੀਂ ਹੋਰ ਕਿੰਨੇ ਕੁ ਲੀਡਰ ਇਸ ਘੋਲ ਵਿਚ ਜੁਟੇ ਹੋਏ ਸਨ ਕਿ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਕੱਢ ਕੇ ਹੀ ਦਮ ਲਵਾਂਗੇ। ਕੈਦਾਂ ਤਾਂ ਭੁਗਤਦੇ ਸਨ, ਨਾਲ ਜੋ ਜੁਰਮਾਨੇ ਹੁੰਦੇ ਸਨ, ਬਿਲਕੁਲ ਅਦਾ ਨਹੀਂ ਸਨ ਕਰਦੇ। ਜਾਇਦਾਦਾਂ ਨੀਲਾਮ ਭਾਵੇਂ ਹੋ ਜਾਣ ਅਤੇ ਸਰਕਾਰ ਇਉਂ ਜੁਰਮਾਨਾ ਬੇਸ਼ੱਕ ਵਸੂਲ ਕਰ ਲਵੇ, ਪਰ ਹੱਥੀਂ ਅਦਾ ਕਰਨਾ ਪਾਪ ਸਮਝਿਆ ਜਾਂਦਾ ਸੀ। ਪੁਰਸ਼ ਤਾਂ ਇਕ ਪਾਸੇ, ਹਜ਼ਾਰਾਂ ਦੀ ਗਿਣਤੀ ਵਿਚ ਇਸਤਰੀਆਂ ਛੋਟੇ-ਛੋਟੇ ਬੱਚੇ ਕੁੱਛੜ ਚੁੱਕੀਂ ਜਿਹਲੀਂ ਜਾ ਰਹੀਆਂ ਸਨ। ਕਾਲਜਾਂ ਵਿਚ ਪੜ੍ਹਦੇ ਲੜਕੇ-ਲੜਕੀਆਂ ਜਿਹਲਾ ਭਰ ਰਹੇ ਸਨ। ਇਹੋ ਕਾਰਨ ਸੀ ਕਿ ਮੇਰੇ ਵਰਗੇ ਛੋਕਰੇ ਅੱਠਵੀਂ-ਨੌਵੀਂ ਵਿਚ ਪੜ੍ਹਦੇ-ਪੜ੍ਹਦੇ ਸੀਖ਼ਾਂ ਪਿੱਛੇ ਜਾ ਵੜੇ ਸਨ।

ਉਦੋਂ ਹੀ ਮੈਨੂੰ 1922 ਵਿਚ ਇਹਨਾਂ ਵਿਚੋਂ ਕਈ ਸਿੱਖ ਲੀਡਰਾਂ ਦੇ ਦਰਸ਼ਨ ਕਰਨ ਦਾ ਮੌਕਾ ਕੈਂਪ ਜਿਹਲ ਮਿੰਟਗੁਮਰੀ ਵਿਚ ਮਿਲਿਆ ਸੀ। ਉਦੋਂ ਹੀ ਜਦੋਂ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੂੰ ਪਤਾ ਲਗਿਆ ਕਿ ਇਹ ਲੜਕਾ ਨੌਵੀਂ ਵਿਚ ਪੜ੍ਹਦਾ-ਪੜ੍ਹਦਾ ਹੀ ਜਿਹਲ-ਯਾਤਰਾ ਲਈ ਆ ਗਿਆ ਹੈ, ਤਾਂ ਉਹਨਾਂ ਨੇ ਸ਼ਹਿਰੋਂ ਮੇਰੇ ਕੋਰਸ ਦੀਆਂ ਕਿਤਾਬਾਂ ਮੰਗਵਾ ਕੇ ਮੈਨੂੰ ਪੜ੍ਹਾਉਣਾ ਸ਼ੁਰੂ ਕਰ ਦਿਤਾ ਸੀ।

# 8. ਰੁੜਕਾ ਕਲਾਂ ਦੀ ਅਕਾਲੀ ਕਾਨਫ਼ਰੰਸ

ਹੁਣ ਮੈਂ ਫੇਰ ਸੰਤ ਕਰਤਾਰ ਸਿੰਘ ਸਰਕਾਰੀ ਗਵਾਹ ਦੇ ਬਿਆਨ ਦੇ ਆਧਾਰ ਉੱਤੇ ਅਗਲੀ ਕਾਰਵਾਈ ਦਰਜ ਕਰ ਰਿਹਾ ਹਾਂ। ਇਹ ਪੇਪਰ-ਬੁੱਕ ਦੇ ਸਫ਼ਾ 51 ਤੋਂ ਅਗੇ ਚਲਦੀ ਹੈ। ਸੰਤ ਦਸਦਾ ਹੈ ਕਿ ਪਤਾਰੇ ਤੋਂ ਮੁੜਨ ਪਿਛੋਂ ਉਹ ਫੇਰ ਹਰੀਪੁਰ ਕੋਈ ਰਾਤ ਦੇ ਨੌਂ ਕੁ ਬਜੇ ਕੁਝ ਦਿਨਾਂ ਬਾਅਦ ਗਿਆ ਸੀ, ਜਿਥੇ ਭਾਈ ਕਿਸ਼ਨ ਸਿੰਘ ਨੇ ਲੈਕਚਰ ਕੀਤਾ ਸੀ। ਉਸ ਵੇਲੇ ਕਰਮ ਸਿੰਘ ਝਿੰਗੜ ਮੁਲਜ਼ਮ ਨੰ: 8 ਅਤੇ ਆਤਮਾ ਸਿੰਘ ਬੀਕਾ ਮੁਲਜ਼ਮ ਨੰ: 6 ਵੀ ਉਹਨਾਂ ਦੇ ਨਾਲ ਸਨ। ਉਹਨਾਂ ਦੀ ਸੰਤ ਕਰਤਾਰ ਸਿੰਘ ਨਾਲ ਵਾਕਫ਼ੀ ਭਾਈ ਸਾਹਿਬ ਨੇ ਇਹ ਆਖ ਕੇ ਕਰਾਈ ਸੀ ਕਿ ਉਹ ਵੀ ਚਕਰਵਰਤੀ ਜਥੇ ਦੇ ਮੈਂਬਰ ਹਨ। ਉਥੋਂ ਸਾਰੇ ਪਹਿਲਾਂ ਕਿਸ਼ਨਪੁਰੇ ਗੁਰਦੁਆਰੇ ਅਤੇ ਫੇਰ ਘੁੜਿਆਲ ਸੰਤ ਗੁਰਬਖਸ਼ ਸਿੰਘ ਕੋਲ ਜਾ ਠਹਿਰੇ। ਉਥੋਂ ਰਿਆਸਤ ਕਪੂਰਥਲੇ ਦੇ ਪਿੰਡ ਭਵਿਆਣੇ ਜਥੇਦਾਰ ਦੀਵਾਨ ਸਿੰਘ ਕੋਲ ਪੁੱਜੇ। ਇਥੇ ਹੀ ਰਾਤ ਨੂੰ ਦੀਵਾਨ ਸਜਿਆ ਜਿਸ ਵਿਚ ਭਾਈ ਕਿਸ਼ਨ ਸਿੰਘ ਨੇ ਇਹ ਲੈਕਚਰ ਕੀਤਾ ਕਿ ਤੁਸੀਂ ਸਾਰੇ ਅਕਲੀ ਸਜ ਕੇ ਕਾਲੀਆਂ ਪੱਗਾਂ ਬੰਨ੍ਹਣ ਲੱਗ ਪਉ। ਕਾਂਗਰਸ ਅਤੇ ਖ਼ਿਲਾਫ਼ਤ ਵਿਚ ਭਰਤੀ ਹੋ ਜਾਉ। ਖੱਦਰ ਪਾਉ, ਸਰਕਾਰ ਨਾਲ ਨਾ-ਮਿਲਵਰਤਨ ਕਰਕੇ ਆਪਣੀਆਂ ਅਦਾਲਤਾਂ ਆਪ ਬਣਾ ਕੇ ਫ਼ੈਸਲੇ ਕਰਨੇ ਸ਼ੁਰੂ ਕਰ ਦਿਉ। ਪੁਲਸ ਤੋਂ ਡਰਨਾ ਬਿਲਕੁਲ ਛੱਡ ਦਿਉ। ਤਿੰਨ-ਫੁੱਟੀ ਕਿਰਪਾਨ ਧਾਰਨ ਕਰ ਲਉ। ਸ਼੍ਰੋਮਣੀ ਕਮੇਟੀ ਵਾਲੇ ਤਾਂ ਸ਼ਾਂਤਮਈ ਲੀਹਾਂ ਉੱਤੇ ਚੱਲ ਰਹੇ ਹਨ, ਪਰ ਅਸੀਂ ਚਕਰਵਰਤੀ ਜਥੇ ਵਾਲੇ ਖੁੱਲ੍ਹੀ ਬਗ਼ਾਵਤ ਦੇ ਹਾਮੀ ਹਾਂ। ਤੁਸੀਂ ਵੀ ਸਾਡਾ ਸਾਥ ਦਿਉ ਤਾਂ ਜੋ ਤਲਵਾਰ ਦੇ ਜ਼ੋਰ ਨਾਲ ਇਸ ਹਕੂਮਤ ਨੂੰ ਖ਼ਤਮ ਕੀਤਾ ਜਾ ਸਕੇ। ਰਾਤ ਜਥੇਦਾਰ ਦੀਵਾਨ ਸਿੰਘ ਕੋਲ ਕੱਟ ਕੇ ਜਥਾ ਪਲਾਹੀ ਚੰਦਾ ਸਿੰਘ ਮੁਲਜ਼ਮ ਨੰ: 54 ਕੋਲ ਉਹਦੇ ਖੂਹ ਉੱਤੇ ਪੁੱਜ ਗਿਆ। ਉਥੋਂ ਅਗਲੀ ਸਾਮ ਤੁਰ ਕੇ ਰਾਤ ਦੇ ਕੋਈ ਦਸ ਕੁ ਬਜੇ ਜਥਾ ਵੱਡੇ ਰੁੜਕੇ ਜਾ ਪੁਜਿਆ, ਜਿਥੇ ਬੜੇ ਵੱਡੇ ਪੈਮਾਨੇ ਉੱਤੇ ਅਕਾਲੀ ਕਾਨਫ਼ਰੰਸ ਹੋ ਰਹੀ ਸੀ। ਉਥੇ ਪੁਲਸ ਦਾ ਬਹੁਤ ਵਡਾ ਬੰਦੋਬਸਤ ਦੇਖ ਕੇ ਉਹ ਨਾਲ ਲਗਦੇ ਇਕ ਚੁਬਾਰੇ ਵਿਚ ਜਾ ਠਹਿਰੇ।

ਇਸ ਅਕਾਲੀ ਕਾਨਫ਼ਰੰਸ ਦਾ ਇਸ਼ਤਿਹਾਰਾਂ ਤੇ ਮੁਨਾਦੀਆਂ ਰਾਹੀਂ ਅਤੇ ਜ਼ਬਾਨੀ ਆਮ ਲੋਕਾਂ ਵਿਚ ਪ੍ਰਚਾਰ ਕੀਤਾ ਗਿਆ ਸੀ ਕਿ ਮਾਸਟਰ ਮੋਤਾ ਸਿੰਘ ਤੇ ਭਾਈ ਕਿਸ਼ਨ ਸਿੰਘ ਗੜਗੱਜ ਚਕਰਵਰਤੀ ਜਥੇ ਸਮੇਤ ਪੁੱਜ ਕੇ ਆਪਣੇ ਲੈਕਚਰਾਂ ਰਾਹੀਂ ਸੰਗਤਾਂ ਨੂੰ

ਨਿਹਾਲ ਕਰਨਗੇ। ਸੋ ਕੀ ਕਾਂਗਰਸੀ ਅਤੇ ਕੀ ਅਕਾਲੀ, ਬਹੁਤ ਵੱਡੀ ਗਿਣਤੀ ਵਿਚ ਰੁੜਕੇ ਆ ਇਕੱਠੇ ਹੋਏ। ਅਕਾਲੀ ਅਤੇ ਕਾਂਗਰਸੀ ਵਿਚ ਉੱਕਾ ਹੀ ਕੋਈ ਭਿੰਨ-ਭੇਤ ਨਹੀਂ ਸੀ, ਕਿਉਂਕਿ ਪ੍ਰਚਾਰ ਦਾ ਧੁਰਾ ਇਕੋ ਹੀ ਸੀ, ਮਤਲਬ ਅੰਗਰੇਜ਼ੀ ਸਰਕਾਰ ਦੀ ਹਰ ਹੀਲੇ ਮੁਖ਼ਾਲਫ਼ਤ ਹੀ ਸੀ। ਮਾਸਟਰ ਮੋਤਾ ਸਿੰਘ ਅਤੇ ਭਾਈ ਕਿਸ਼ਨ ਸਿੰਘ ਗੜਗੱਜ ਚਕਰਵਰਤੀ ਦਾ ਨਾਂ ਦੁਆਬੇ ਵਿਚ ਘਰ-ਘਰ ਪੁੱਜ ਚੁਕਿਆ ਸੀ। ਉਹਨਾਂ ਦਿਨਾਂ ਵਿਚ ਏਡੀ ਵਡੀ ਸਿਆਸੀ ਕਾਨਫ਼ਰੰਸ ਕਿਤੇ ਨਹੀਂ ਸੀ ਹੋਈ। ਸੋ ਅੰਗਰੇਜ ਸਰਕਾਰ ਨੇ ਵੀ ਫ਼ੈਸਲਾ ਕਰ ਲਿਆ ਕਿ ਅੱਵਲ ਤਾਂ ਦੋਹਾਂ ਭਗੌੜਿਆਂ ਨੂੰ, ਨਹੀਂ ਤਾਂ ਇਕ ਨੂੰ ਤਾਂ ਹਰ ਹੀਲੇ ਗਰਿਫ਼ਤਾਰ ਕਰਨਾ ਹੈ। ਸੈਂਕੜਿਆਂ ਦੀ ਗਿਣਤੀ ਵਿਚ ਪੁਲਸੀਏ ਕਾਂਗਰਸੀ ਅਤੇ ਅਕਾਲੀ ਸਜਾ ਕੇ ਅਤੇ ਤਿੰਨ-ਤਿੰਨ ਫੁਟੀਆਂ ਕਿਰਪਾਨਾਂ ਫੜਾ ਕੇ ਸਟੇਜ ਦੇ ਆਲੇ-ਦੁਆਲੇ ਬਿਠਾ ਦਿਤੇ ਗਏ। ਇਸੇ ਤਰ੍ਹਾਂ ਸਟੇਜ ਉਤੇ ਵੀ ਸੀ ਆਈ ਡੀ ਵਾਲੇ ਅਕਾਲੀ ਬਣ ਕੇ ਪੁੱਜ ਗਏ।

ਉਧਰ ਅਕਾਲੀ ਵੀ ਪੱਕਾ ਇਰਾਦਾ ਧਾਰੀਂ ਬੈਠੇ ਸਨ। ਅਸਲ ਵਿਚ ਕਈ ਪੁਲਸੀਏ, ਜਿਹੜੇ ਅਕਾਲੀਆਂ ਨਾਲ ਦਿਲੀ ਹਮਦਰਦੀ ਰਖਦੇ ਸਨ, ਬਾਬਾ ਕਰਮ ਸਿੰਘ ਚੀਮਾ ਅਤੇ ਭਾਗ ਸਿੰਘ ਕੈਨੇਡੀਅਨ ਜਿਹੇ ਵਿਸ਼ਵਾਸੀ ਦੇਸਭਗਤਾਂ ਨੂੰ ਹੁਸ਼ਿਆਰ ਕਰ ਦਿਆ ਕਰਦੇ ਸਨ। ਸੋ ਮਾਸਟਰ ਮੋਤਾ ਸਿੰਘ ਨੂੰ ਤਾਂ ਮਨਾਹ ਕਰ ਭੇਜਿਆ ਗਿਆ, ਪਰ ਭਾਈ ਕਿਸ਼ਨ ਸਿੰਘ ਰਾਤ ਦੇ ਹਨੇਰੇ ਵਿਚ ਆ ਪੁੱਜੇ। ਪੁਲਸ ਦਾ ਪੱਕਾ ਬੰਦੋਬਸਤ ਦੇਖ ਕੇ ਉਹਨਾਂ ਨੇ ਕਾਨਫ਼ਰੰਸ ਦੇ ਨੇੜੇ ਹੀ ਆਪਣੇ ਇਕ ਜਾਣੂ-ਪਛਾਣੂ ਦੇ ਘਰ ਡੇਰਾ ਜਾ ਲਾਇਆ।

ਇਸ ਕਾਨਫ਼ਰੰਸ ਸਮੇਂ ਇਕ ਮੈਜਿਸਟਰੇਟ ਦੀ ਵੀ ਡਿਊਟੀ ਲੱਗੀ ਹੋਈ ਸੀ। ਅੰਗਰੇਜ਼ ਪੁਲਸ ਕਪਤਾਨ ਵੀ ਮੌਕੇ ਉੱਤੇ ਹਾਜ਼ਰ ਸੀ। ਭਾਈ ਸਾਹਿਬ ਨੇ ਅੰਦਾਜ਼ਾ ਲਾ ਲ੍ਹਿਆ ਸੀ ਕਿ ਜੇ ਅੱਜ ਉਹ ਲੈਕਚਰ ਕਰਨ ਜਾਂਦੇ ਹਨ ਤਾਂ ਜ਼ਰੂਰ ਖ਼ੂਨ-ਖਰਾਬਾ ਹੋਵੇਗਾ ਤੇ ਚਕਰਵਰਤੀ ਸਰਗਰਮੀਆਂ ਉੱਤੇ ਵੀ ਅਸਰ ਪੈਣੋਂ ਨਹੀਂ ਰਹਿ ਸਕੇਗਾ। ਸੋ ਉਹਨਾਂ ਨੇ ਕਰਮ ਸਿੰਘ ਝਿੰਗੜ ਨੂੰ ਘੱਲ ਦਿਤਾ। ਮਾਸਟਰ ਦਲੀਪ ਸਿੰਘ ਪਹਿਲਾਂ ਹੀ ਪੁੱਜ ਚੁੱਕੇ ਸਨ। ਕਰਮ ਸਿੰਘ ਝਿੰਗੜ ਨੇ ਹੀ ਲੈਕਚਰ ਕੀਤਾ ਅਤੇ ਕੈਨੇਡਾ ਵਿਚ ਉਹਨਾਂ ਤੇ ਬਾਕੀ ਦੇ ਸਾਥੀਆਂ ਦੀਆਂ ਆਜ਼ਾਦੀ ਲਈ ਖਾਧੀਆਂ ਕਸਮਾਂ ਬਾਰੇ, ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ ਬਾਰੇ ਅਤੇ ਕਰਤਾਰ ਸਿੰਘ ਸਰਾਭੇ ਤੇ ਹੋਰ ਦੇਸਭਗਤਾਂ ਨਾਲ ਰਲ ਕੇ ਵਤਨ ਵਿਚ ਆਪਣੀਆਂ ਸਰਗਰਮੀਆਂ ਬਾਰੇ ਹਾਲ ਦਸਿਆ। ਆਪ ਵੀ ਜਿਵੇਂ ਜਿਹਲ ਵਿਚ ਰਹੇ ਤੇ ਮੁੜ ਬਾਹਰ ਆਏ ਅਤੇ ਹੁਣ ਮੁੜ ਸਰਕਾਰ ਵਿਰੁੱਧ ਪ੍ਰਚਾਰ ਕਰਨਾ ਸ਼ੁਰੂ ਕੀਤਾ ਸੀ, ਇਹਦੇ ਬਾਰੇ ਦਸਿਆ। ਪਰ ਹਾਲੇ ਸ਼ਾਂਤੀ ਨਾਲ ਹੀ ਸਰਕਾਰ ਦੀ ਮੁਖ਼ਾਲਫ਼ਤ ਤੱਕ ਆਪਣੇ ਆਪ ਨੂੰ ਮਹਿਦੂਦ ਰਖਿਆ, ਕਿਉਂਕਿ ਉਹਨਾਂ ਦਾ ਖ਼ਿਆਲ ਹਾਲੇ ਅੰਦਰ ਹੋਣ ਦਾ ਨਹੀਂ ਸੀ। ਫਿਰ-ਤੁਰ ਕੇ ਲੋਕਾਂ ਵਿਚ ਜਾਗਰਤ ਪੈਦਾ ਕਰਨਾ ਅਜੇ ਉਹਨਾਂ ਦਾ ਮੰਤਵ ਸੀ। ਸੋ ਜਿਸ ਵੇਲੇ ਝਿੰਗੜ ਜੀ ਲੈਕਚਰ ਸਮਾਪਤ ਕਰਕੇ ਜਲਸੇ ਵਿਚੋਂ ਬਾਹਰ ਆਏ, ਨਿਹੰਗ ਬਣੇ ਹੋਏ ਸੀ ਆਈ ਡੀ ਦੇ ਬੰਦਿਆਂ ਦੇ ਇਸ਼ਾਰੇ ਉੱਤੇ ਪੁਲਸ ਨੇ ਉਹਨਾਂ ਨੂੰ ਗਰਿਫ਼ਤਾਰ ਕਰ ਲਿਆ।

ਗਰਿਫ਼ਤਾਰੀ ਵੇਲੇ ਅਕਾਲੀ ਉੱਠ ਖੜੋਤੇ ਅਤੇ ਉਹਨਾਂ ਨੂੰ ਛੁਡਾਉਣ ਲਈ ਪੁਲਸ ਦੁਆਲੇ ਘੇਰਾ ਪਾਉਣ ਤੇ ਨਾਹਰੇ ਲਾਉਣ ਲੱਗ ਪਏ। ਝਗੜਾ ਵਧਦਾ ਦੇਖ ਕੇ

ਮਾਸਟਰ ਦਲੀਪ ਸਿੰਘ ਗੋਸਲ ਨੇ ਲੈਕਚਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਲੋਕਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਕਿ ਇਕ ਝਿੰਗੜ ਹੀ ਨਹੀਂ, ਅਸੀਂ ਸਾਰੇ ਹੀ ਝਿੰਗੜ ਬਣ ਕੇ ਜਿਹਲਾਂ ਭਰਾਂਗੇ। ਗਰਿਫਤਾਰੀ ਨੂੰ ਠੀਕ ਦਸਦਿਆਂ ਆਮ ਲੋਕਾਂ ਨੂੰ ਵੀ ਅੰਦਰ ਹੋਣ ਲਈ ਪ੍ਰੇਰਿਆ ਤਾਂ ਮੁੜ ਸ਼ਾਂਤੀ ਸਥਾਪਤ ਹੋ ਗਈ ਅਤੇ ਜਲਸੇ ਦੀ ਕਾਰਵਾਈ ਅਗਾਂਹ ਸ਼ੁਰੂ ਹੋਈ।

ਉਸੇ ਵੇਲੇ ਭਾਈ ਸੁੰਦਰ ਸਿੰਘ ਮਖਸੂਸਪੁਰੀ ਨੇ ਉੱਠ ਕੇ ਬੜੀ ਹੀ ਉੱਚੀ ਅਤੇ ਸੁਰੀਲੀ ਆਵਾਜ਼ ਵਿਚ ਇਹ ਸ਼ਬਦ ਪੜ੍ਹਨਾ ਸ਼ੁਰੂ ਕਰ ਦਿੱਤਾ :

"ਪਾਪੀ ਬੰਦਿਆਂ ਦਾ ਗਿਰਝੀਂ ਮਾਸ ਨਾ ਖਾਣਾ
ਬਾਰਾਂ ਜੋਜਣ ਛਤਰ ਝੁਲੇਂਦਾ ਗਿਰਝੀਂ ਮਾਸ ਨਾ ਖਾਣਾ"

ਭਾਈ ਸੁੰਦਰ ਦੀ ਆਵਾਜ਼ ਉਹਨਾਂ ਦਿਨਾਂ ਵਿਚ ਚੜ੍ਹਦੀ ਜਵਾਨੀ ਸਦਕਾ ਬਹੁਤ ਤਿੱਖੀ ਅਤੇ ਸਰੀਲੀ ਸੀ। ਜਲਸੇ ਵਿਚ ਮੁੜ ਸ਼ਾਂਤੀ ਸਥਾਪਤ ਹੋ ਗਈ ਅਤੇ ਕਾਰਵਾਈ ਮੁੜ ਚਾਲੂ ਹੋ ਗਈ।

ਇਹੋ ਕਾਰਨ ਸੀ ਕਿ ਰੁੜਕੇ ਦੇ ਇਸ ਜਲਸੇ ਪਿਛੋਂ ਇਸੇ ਇਲਾਕੇ ਦੇ ਸੈਂਕੜੇ ਆਦਮੀ ਅਕਾਲੀ ਜਾਂ ਕਾਂਗਰਸੀ ਦੇ ਰੂਪ ਵਿਚ ਉਸੇ ਮਿੰਟਗੁਮਰੀ ਕੈਂਪ ਜਿਹਲ ਵਿਚ ਜਾ ਪੱਜੇ ਸਨ ਜਿਥੇ ਮੈਂ 1922 ਵਿਚ ਜਾ ਪੁਜਿਆ ਸੀ। ਉਹਨਾਂ ਹੀ ਦਿਨਾਂ ਵਿਚ ਰੁੜਕੇ, ਜੰਡਿਆਲੇ, ਬਡਾਲੇ, ਖਿਲਗੇ ਅਤੇ ਕਈਆਂ ਹੋਰਨਾਂ ਪਿੰਡਾਂ ਦੇ ਅਕਾਲੀਆਂ, ਕਾਂਗਰਸੀਆਂ ਦੇ ਮੈਨੂੰ ਇਸੇ ਜਿਹਲ ਵਿਚ ਦਰਸ਼ਨ ਕਰਨ ਦਾ ਮੌਕਾ ਮਿਲਿਆ ਸੀ। ਮੈਨੂੰ ਬਿਲਕੁਲ ਨਿਆਣਾ, 15-16 ਸਾਲ ਦੀ ਉਮਰ ਦਾ ਹੋਣ ਕਰਕੇ ਇਹਨਾਂ ਸਾਰਿਆਂ ਦਾ ਬਹੁਤ ਪਿਆਰ ਮਿਲਿਆ ਸੀ। ਮੇਰੇ ਖ਼ਿਆਲ ਵਿਚ ਸਭ ਤੋਂ ਛੋਟੀ ਉਮਰ ਦਾ ਮੈਂ ਹੀ ਸੀ।

ਅੱਜ-ਕਲ੍ਹ ਦੇ ਮਾਰਕਸੀ ਕਮਿਊਨਿਸਟ ਪਾਰਟੀ ਦੇ ਮੰਨੇ-ਪ੍ਰਮੰਨੇ ਲੀਡਰ ਹਰਕਿਸ਼ਨ ਸਿੰਘ ਸੁਰਜੀਤ ਦੇ ਪਿਤਾ ਸਰਦਾਰ ਹਰਨਾਮ ਸਿੰਘ ਜੀ ਵੀ ਉਦੋਂ ਉਸੇ ਜਿਹਲ ਵਿਚ ਸਨ। ਉਹ ਕੱਟੜ ਅਕਾਲੀ ਸਨ। ਉਹਨਾਂ ਦੇ ਦਰਸ਼ਨ ਕਰਨ ਦਾ ਮੁੜ ਕਈ ਵਾਰੀ ਮੌਕਾ ਮਿਲਿਆ ਸੀ, ਜਦੋਂ ਕਾਂਗਰਸੀ ਸਰਗਰਮੀਆਂ ਦੌਰਾਨ ਮਾਸਟਰ ਕਾਬਲ ਸਿੰਘ, ਬਲਵੰਤ ਸਿੰਘ ਦੁਖੀਏ ਅਤੇ ਹੋਰਨਾਂ ਸਾਥੀਆਂ ਨਾਲ ਜਿਹਲੋਂ ਛੁੱਟ ਕੇ ਆ ਕੇ ਉਹਨਾਂ ਦੇ ਪਿੰਡ ਬਡਾਲੇ ਅੰਗਰੇਜ਼ੀ ਸਰਕਾਰ ਵਿਰੁੱਧ ਲੈਕਚਰ ਕਰੀਦੇ ਸਨ।

ਉਧਰ ਚੁਬਾਰੇ ਵਿਚ ਬੈਠਿਆਂ ਭਾਈ ਕਿਸ਼ਨ ਸਿੰਘ ਨੇ ਜਦੋਂ ਭਾਈ ਸੁੰਦਰ ਸਿੰਘ ਮਖਸੂਸਪੁਰੀ ਦੀ ਸੁਰੀਲੀ ਅਤੇ ਗੂੰਜਵੀਂ ਆਵਾਜ਼ ਸੁਣੀ ਤਾਂ ਉਹਨਾਂ ਨੇ ਆਤਮਾ ਸਿੰਘ ਬੀਕੇ ਨੂੰ ਭੇਜ ਕੇ ਭਾਈ ਸੁੰਦਰ ਸਿੰਘ ਨੂੰ ਆਪਣੇ ਕੋਲ ਸੱਦ ਘਲਿਆ। ਮਾਸਟਰ ਦਲੀਪ ਸਿੰਘ ਵੀ ਉਹਨਾਂ ਦੇ ਨਾਲ ਹੀ ਆ ਗਏ। ਦਲੀਪ ਸਿੰਘ ਪਹਿਲਾਂ ਵੀ ਭਾਈ ਸਾਹਿਬ ਨਾਲ ਮੁਲਾਕਾਤ ਕਰ ਚੁੱਕੇ ਸਨ। ਭਾਈ ਸੁੰਦਰ ਸਿੰਘ ਅਤੇ ਭਾਈ ਕਿਸ਼ਨ ਸਿੰਘ ਦਾ ਮੇਲ ਕਰਾਉਣ ਵਿਚ ਮਾਸਟਰ ਦਲੀਪ ਸਿੰਘ ਨੇ ਹੱਥ ਵਟਾਇਆ ਅਤੇ ਫ਼ੈਸਲਾ ਹੋ ਗਿਆ ਕਿ ਇਹ ਦੋਨੋਂ ਇਕੱਠੇ ਹੀ ਜਲਸਿਆਂ ਵਿਚ ਹਿੱਸਾ ਲਿਆ ਕਰਨਗੇ। ਪਹਿਲਾਂ ਭਾਈ ਸੁੰਦਰ ਸਿੰਘ ਕੋਈ ਨਜ਼ਮ ਜਾਂ ਢੁੱਕਵਾਂ ਸ਼ਬਦ ਪੜ੍ਹਿਆ ਕਰਨਗੇ ਅਤੇ ਫੇਰ ਭਾਈ ਕਿਸ਼ਨ ਸਿੰਘ ਜੀ ਤਕਰੀਰ ਕਰਿਆ ਕਰਨਗੇ। ਸੋ ਦੋਹਾਂ ਨੇ

ਇਕਠਿਆਂ ਹੀ ਪਿੰਡਾਂ ਵਿਚ ਉਪਰ-ਦੱਸੇ ਮੁਤਾਬਿਕ ਪ੍ਰੋਗਰਾਮ ਉੱਤੇ ਅਮਲ ਸ਼ੁਰੂ ਕਰ ਦਿੱਤਾ।

ਰੁੜਕੇ ਤੋਂ ਅਗਲੇ ਦਿਨ ਇਹ ਸਾਰੇ ਜੰਡਿਆਲੇ ਸ: ਮੁਣਸ਼ਾ ਸਿੰਘ ਕੋਲ ਚਲੇ ਗਏ। ਇਹ ਮੁਣਸ਼ਾ ਸਿੰਘ ਵੀ ਗ਼ਦਰ ਪਾਰਟੀ ਦਾ ਮੈਂਬਰ ਰਹਿ ਚੁੱਕਿਆ ਸੀ। ਕੈਨੇਡਾ ਤੋਂ ਵਾਪਸੀ ਉੱਤੇ ਪਹਿਲਾਂ ਕਰਮ ਸਿੰਘ ਝਿੰਗੜ ਵਾਂਗੂੰ ਉਮਰ ਕੈਦ ਹੋਈ ਸੀ। ਮੁੜ ਵਡੀ ਲੜਾਈ ਦੀ ਜਿੱਤ ਦੀ ਖ਼ੁਸ਼ੀ ਵਿਚ ਅੰਗਰੇਜ਼ ਨੇ ਕੈਦਾਂ ਮਾਫ਼ ਕਰ ਦਿੱਤੀਆਂ ਸਨ। ਸੋ ਮੁਣਸ਼ਾ ਸਿੰਘ ਵੀ ਉਹਨਾਂ ਵਿਚੋਂ ਇਕ ਸੀ। ਉਥੇ ਰਾਤ ਕੱਟ ਕੇ ਸਾਰੇ ਸਰਾਵਾਂ ਵਗ਼ੈਰਾਂ ਵਿਚ ਠਹਿਰਦੇ ਹੋਏ ਕੋਟਲੀ ਥਾਨ ਸਿੰਘ ਆ ਗਏ ਅਤੇ ਇਥੇ ਕਰਮ ਸਿੰਘ ਝਿੰਗੜ ਵੀ ਇਹਨਾਂ ਨੂੰ ਆ ਮਿਲਿਆ। ਇਥੇ ਹੀ ਬਾਬੂ ਸੰਤਾ ਸਿੰਘ ਵੀ ਆ ਮਿਲਿਆ ਅਤੇ ਉਹਨੇ ਦੱਸਿਆ ਕਿ ਉਹ ਫ਼ੌਜ ਦੀ ਨੌਕਰੀ ਤਿਆਗ ਆਇਆ ਹੈ ਅਤੇ ਅਗੋਂ ਲਈ ਪੱਕੇ-ਪੈਰੀਂ ਚਕਰਵਰਤੀ ਜਥੇ ਵਿਚ ਸ਼ਾਮਲ ਹੋਣ ਲਈ ਫ਼ੈਸਲਾ ਕਰ ਚੁਕਿਆ ਹੈ। ਉਹਨੇ ਕਿਹਾ ਕਿ ਉਹ ਭਾਈ ਕਿਸ਼ਨ ਸਿੰਘ ਦਾ ਪ੍ਰਾਈਵੇਟ ਸੈਕਟਰੀ ਬਣ ਕੇ ਉਹਨਾਂ ਦੇ ਹਰ ਹੁਕਮ ਦੀ ਤਾਮੀਲ ਕਰੇਗਾ। ਸਾਰਾ ਜਥਾ ਉਥੋਂ ਬੁਲਿਣੇ ਆ ਗਿਆ, ਜਿਥੇ ਵੱਡਾ ਭਾਰੀ ਦੀਵਾਨ ਸਜਿਆ। ਇਸ ਪਿੰਡ ਅਤੇ ਪਤਾਰੇ ਦਾ ਵਸੀਮਾ ਇਕੱਠਾ ਹੋਣ ਕਰਕੇ ਪਹਿਲਾਂ ਹੀ ਇਸ ਇਲਾਕੇ ਵਿਚ ਕਾਫ਼ੀ ਜਾਗਰਿਤ ਆ ਚੁੱਕੀ ਸੀ। ਸੈਂਕੜਿਆਂ ਦੀ ਗਿਣਤੀ ਵਿਚ ਲੋਕੀਂ ਆ ਜੁੜੇ ਸਨ। ਭਾਈ ਸੁੰਦਰ ਸਿੰਘ ਨੇ ਇਹ ਨਜ਼ਮ ਪੜ੍ਹੀ ਜਿਹੜੀ ਸੰਤ ਕਰਤਾਰ ਸਿੰਘ ਦੇ ਬਿਆਨ ਮੁਤਾਬਿਕ ਪੇਪਰ-ਬੁੱਕ ਦੇ ਸਫ਼ਾ 52 ਉੱਤੇ ਰੋਮਨ ਅੱਖਰਾਂ ਵਿਚ ਦਰਜ ਹੈ :

"ਹਿੰਦ ਦੇ ਬਹਾਦਰੋ ਨਹੀਂ ਵੇਲਾ ਸੌਣ ਦਾ
ਆ ਗਿਆ ਵਕਤ ਤੇਗ ਦੇ ਉਠਾਉਣ ਦਾ"

ਉਹਤੋਂ ਬਾਅਦ ਭਾਈ ਕਿਸ਼ਨ ਸਿੰਘ ਦਾ ਲੈਕਚਰ ਪਹਿਲਾਂ ਦੱਸੀਆਂ ਜਾ ਚੁਕੀਆਂ ਲੀਹਾਂ ਉੱਤੇ ਹੋਇਆ। ਜਲਸਾ ਸਮਾਪਤ ਕਰਕੇ ਸਾਰੇ ਉਥੋਂ ਚੱਲ ਪਏ। ਸੰਤ ਕਰਤਾਰ ਸਿੰਘ ਤਾਂ ਪ੍ਰਾਗਪੁਰ ਨੂੰ ਮੁੜ ਗਿਆ ਅਤੇ ਅਗਲੇ ਦਿਨ ਖ਼ੁਰਦਪੁਰ ਜੋਗਿੰਦਰ ਸਿੰਘ ਦੇ ਘਰ ਮਿਲਣ ਲਈ ਭਾਈ ਕਿਸ਼ਨ ਸਿੰਘ ਤੇ ਸਾਥੀ ਵੱਖ ਹੋ ਗਏ। ਇਥੋਂ ਹੀ ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਤੇ ਆਤਮਾ ਸਿੰਘ ਬੀਕਾ ਤਾਂ ਆਪਣੇ ਪਿੰਡਾਂ ਵੱਲ, ਬੰਗਿਆਂ ਦੇ ਇਲਾਕੇ ਵਿਚ ਚਲੇ ਗਏ ਅਤੇ ਭਾਈ ਕਿਸ਼ਨ ਸਿੰਘ, ਸੁੰਦਰ ਸਿੰਘ ਮਖ਼ਸੂਸਪੁਰ ਤੇ ਬਾਬੂ ਸੰਤਾ ਸਿੰਘ ਖੁਰਦਪੁਰੀਏ ਜੋਗਿੰਦਰ ਸਿੰਘ ਪਾਸ ਆ ਠਹਿਰੇ। ਰਾਤ ਨੂੰ ਸੰਤ ਕਰਤਾਰ ਸਿੰਘ ਵੀ ਇਹਨਾਂ ਨੂੰ ਆ ਮਿਲਿਆ।

ਜੋਗਿੰਦਰ ਸਿੰਘ ਦੇ ਭਤੀਜੇ ਬਲਵੰਤ ਸਿੰਘ ਦੀ ਦੱਸੀ ਗੱਲ ਵੀ ਇਥੇ ਲਿਖ ਦੇਣੀ ਜ਼ਰੂਰੀ ਹੈ। ਉਹਨੇ ਮੈਨੂੰ ਦੱਸਿਆ ਸੀ ਕਿ ਜਦੋਂ ਵੀ ਭਾਈ ਕਿਸ਼ਨ ਸਿੰਘ ਆਉਂਦੇ ਹੁੰਦੇ ਸਨ ਤਾਂ ਚੁਬਾਰੇ ਵਿਚ ਉਹ ਹੀ ਪ੍ਰਸ਼ਾਦੇ ਛਕਾਇਆ ਕਰਦਾ ਸੀ ਅਤੇ ਸਾਰੀ ਸੇਵਾ ਕਰਿਆ ਕਰਦਾ ਸੀ। ਕਈ ਵਾਰ ਸੰਤ ਕਰਤਾਰ ਸਿੰਘ ਨੂੰ ਉਹਨੇ ਇਹ ਕਹਿੰਦੇ ਸੁਣਿਆ ਸੀ ਕਿ ਬੇਸ਼ਕ ਮੈਂ ਤੁਹਾਡਾ ਐਸ ਵੇਲੇ ਤਾਂ ਪੱਕਾ ਸਾਥੀ ਹਾਂ, ਪਰ ਜੇ ਕਿਤੇ ਮੈਂ ਇਸੇ ਕੰਮ ਬਦਲੇ ਪੁਲਸ ਦੇ ਕਾਬੂ ਆ ਗਿਆ ਤਾਂ ਮੈਥੋਂ ਛਿੱਤਰ-ਕੁੱਟ ਨਹੀਂ ਸਹਿ ਹੋਣੀ ਅਤੇ ਸੱਚੋ-ਸੱਚ ਜ਼ਰੂਰ ਦੱਸ ਹੋ ਜਾਣਾ ਹੈ, ਮੇਰੇ ਵਰਗੇ ਚਿਟ-ਕਪੜੀਏ ਵਿਹਲੀਆਂ ਛਕਣ-ਛਕੋਣ ਵਾਲੇ ਪੁਲਸ ਦੀਆਂ ਮਾਰਾਂ ਕਿਥੋਂ ਝੱਲ ਸਕਦੇ ਹਨ। ਭਾਈ ਕਿਸ਼ਨ

ਸਿੰਘ ਮਖੌਲ ਸਮਝ ਕੇ ਕਹਿ ਛਡਦੇ ਸੀ, "ਸਾਧਾ, ਤੂੰ ਬੇਸ਼ੱਕ ਦੱਸ ਦੇਵੀਂ, ਅਸੀਂ ਕਿਹੜਾ ਪੁਲਸ ਹੱਥ ਆਉਣ ਲੱਗੇ ਹਾਂ; ਹਾਲੇ ਤਾਂ ਤੈਨੂੰ ਜਿੰਨਾ ਹੋ ਸਕਦਾ ਏ, ਜ਼ਰੂਰ ਵਾਹਾਂਗੇ; ਹਾਲੇ ਤਾਂ ਪੰਜਾਲੀ ਤੇਰੇ ਗਲ ਹੀ ਸਜਦੀ ਏ"।

ਅਗਲੇ ਦਿਨ ਸਵੇਰੇ ਭਾਈ ਕਿਸ਼ਨ ਸਿੰਘ, ਸੁੰਦਰ ਸਿੰਘ, ਬਾਬੂ ਸੰਤਾ ਸਿੰਘ, ਜੋਗਿੰਦਰ ਸਿੰਘ ਤੇ ਸੰਤ ਕਰਤਾਰ ਸਿੰਘ ਪੰਡੋਰੀ ਨਿੱਝਰਾਂ ਨੂੰ ਚਲੇ ਗਏ ਅਤੇ ਨਿਰਵੈਰ ਸਿੰਘ ਦੇ ਘਰ ਜਾ ਠਹਿਰੇ। ਸੰਤ ਕਰਤਾਰ ਸਿੰਘ ਪਹਿਲਾਂ ਤੋਂ ਹੀ ਨਿਰਵੈਰ ਸਿੰਘ ਦਾ ਜਾਣੂ ਸੀ। ਪਹਿਲਾਂ ਮੈਂ ਦੱਸ ਹੀ ਆਇਆ ਹਾਂ ਕਿ ਮੇਰੇ ਪਿੰਡ ਹਰ ਐਤਵਾਰ ਲਾਜਮੀ ਤੌਰ ਉੱਤੇ ਕਾਂਗਰਸ ਦਾ ਜਲਸਾ ਹੁੰਦਾ ਸੀ, ਜੀਹਦਾ ਮੋਢੀ ਪੰਡਤ ਮੇਹਰ ਚੰਦ ਹੁੰਦਾ ਸੀ। ਉਸ ਵੇਲੇ ਵੀ ਪਿੰਡ ਦੇ ਚੌਕ ਵਿਚ ਪੰਡਤ ਮੇਹਰ ਚੰਦ ਦੀ ਸਦਾਰਤ ਹੇਠ ਜਲਸਾ ਹੋ ਰਿਹਾ ਸੀ। ਸਾਰਾ ਪਿੰਡ ਇਕ-ਵਾਰਿਉਂ ਅਕਾਲੀ ਸਜ ਚੁਕਿਆ ਸੀ। ਇਹਨਾਂ ਨੇ ਵੀ ਇਸ ਜਲਸੇ ਦਾ ਫ਼ਾਇਦਾ ਉਠਾਉਣ ਦਾ ਫ਼ੈਸਲਾ ਕਰ ਲਿਆ। ਨਿਰਵੈਰ ਸਿੰਘ ਦਾ ਘਰ ਬਿਲਕੁਲ ਨਾਲ ਹੀ ਸੀ। ਸੋ ਸੰਤ ਕਰਤਾਰ ਸਿੰਘ ਤੇ ਨਿਰਵੈਰ ਸਿੰਘ ਉਸੇ ਵੇਲੇ ਜਲਸੇ ਵਿਚ ਆਏ ਅਤੇ ਕਿਹਾ ਕਿ ਜੇ ਇਜਾਜ਼ਤ ਹੋਵੇ ਤਾਂ ਇਕ ਸਿੰਘ ਸਾਹਿਬ ਵੀ ਇਸ ਜਲਸੇ ਵਿਚ ਲੈਕਚਰ ਕਰਨਾ ਚਾਹੁੰਦੇ ਹਨ। ਸੰਤ ਦਸਦਾ ਹੈ ਕਿ ਪੰਡਤ ਮੇਹਰ ਚੰਦ ਸਾਡਾ ਪਹਿਲਾਂ ਹੀ ਪ੍ਰੇਮੀ ਸੀ, ਸੋ ਉਹਨੇ ਲੈਕਚਰ ਕਰਨ ਦੀ ਆਗਿਆ ਦੇ ਦਿੱਤੀ। ਉਸ ਵੇਲੇ ਅਸੀਂ ਭਾਈ ਸਾਹਿਬ ਦਾ ਨਾਂ ਜ਼ਾਹਰ ਕਰਨ ਦੀ ਜ਼ਰੂਰਤ ਨਹੀਂ ਸੀ ਸਮਝੀ। ਸੋ ਪਹਿਲਾਂ ਭਾਈ ਸੁੰਦਰ ਸਿੰਘ ਨੇ ਨਜ਼ਮ ਪੜ੍ਹੀ ਅਤੇ ਮੁੜ ਭਾਈ ਕਿਸ਼ਨ ਸਿੰਘ ਨੇ ਪਹਿਲਾ ਵਾਂਗੂੰ ਕਿਰਪਾਨ ਲਿਸ਼ਕਾਉਂਦਿਆਂ ਬੜੀ ਜੁਸ਼ੀਲੀ ਤਕਰੀਰ ਕੀਤੀ। ਉਹਨਾਂ ਨੇ ਚਿਤਾਵਣੀ ਦਿੰਦਿਆਂ ਉਸ ਵੇਲੇ ਦੇ ਝੋਲੀ-ਚੁੱਕਾਂ ਨੂੰ ਵੰਗਾਰਿਆ ਕਿ "ਚਕਰਵਰਤੀ ਜਥੇ ਨੂੰ ਪਤਾ ਲਗਿਆ ਹੈ ਕਿ ਕਈ ਲੋਕ ਜਾ-ਜਾ ਕੇ ਪੁਲਸ ਨੂੰ ਸਾਡੇ ਜਥੇ ਦੀਆਂ ਸਰਗਰਮੀਆਂ ਦੀਆਂ ਖ਼ਬਰਾਂ ਦੇਣ ਲੱਗ ਪਏ ਹਨ। ਮੈਂ ਅੱਜ ਇਸ ਖੁੱਲ੍ਹੇ ਜਲਸੇ ਵਿਚ ਐਲਾਨ ਕਰਦਾ ਹਾਂ ਕਿ ਉਹ ਇਹਨਾਂ ਭੈੜੀਆਂ ਕਰਤੂਤਾਂ ਤੋਂ ਬਾਜ਼ ਆ ਜਾਣ, ਨਹੀਂ ਤਾਂ ਚਕਰਵਰਤੀ ਜਥੇ ਨੂੰ ਅਜਿਹੇ ਗ਼ਦਾਰਾਂ ਨੂੰ ਸਬਕ ਸਿਖਾਉਣ ਲਈ ਪਹਿਲਾਂ ਉਹਨਾਂ ਦੇ ਨੱਕ-ਕੰਨ ਹੀ ਵੱਢਣੇ ਪੈਣਗੇ। ਜੇ ਉਹ ਫੇਰ ਵੀ ਬਾਜ਼ ਨਾ ਆਏ, ਤਾਂ ਇਸੇ ਸਿਰੀ ਸਾਹਿਬ ਨਾਲ ਉਹਨਾਂ ਦਾ ਸੁਧਾਰ ਕੀਤਾ ਜਾਵੇਗਾ।" ਬਾਅਦ ਵਿਚ ਮੈਨੂੰ ਪਿੰਡ ਆਏ ਨੂੰ ਇਹਨਾਂ ਗੱਲਾਂ ਦਾ ਪਤਾ ਲਗਿਆ ਅਤੇ ਇਹ ਵੀ ਪਤਾ ਲਗ ਗਿਆ ਕਿ ਲੈਕਚਰ ਕਰਨ ਵਾਲੇ ਭਾਈ ਕਿਸ਼ਨ ਸਿੰਘ ਗੜਗੱਜ ਚਕਰਵਰਤੀ ਜੀ ਸਨ। ਮੇਰਾ ਦਿਲ ਉਹਨਾਂ ਦੇ ਦਰਸਨਾਂ ਲਈ ਬੇਚੈਨ ਹੋ ਉਠਿਆ। ਮੈਂ ਭੱਜਿਆ-ਭੱਜਿਆ ਨਿਰਵੈਰ ਸਿੰਘ ਨੂੰ ਮਿਲ ਕੇ ਉਹਨਾਂ ਦਾ ਥਹੁ-ਪਤਾ ਪੁਛਿਆ। ਉਹਨੇ ਦਸਿਆ ਕਿ ਉਹਨੇ ਵੀ ਪਹਿਲੀ ਵਾਰ ਹੀ ਭਾਈ ਸਾਹਿਬ ਦੇ ਦਰਸ਼ਨ ਕੀਤੇ ਸਨ। ਗੱਲ ਕੀ ਇਸ ਲੈਕਚਰ ਪਿਛੋਂ ਤਾਂ ਮੇਰਾ ਸਾਡਾ ਪਿੰਡ ਹੀ ਇਕ ਕਿਸਮ ਦਾ ਭਾਈ ਕਿਸ਼ਨ ਸਿੰਘ ਜੀ ਦਾ ਸ਼ਰਧਾਲੂ ਬਣ ਤੁਰਿਆ ਸੀ। ਇਸੇ ਹੀ ਲੈਕਚਰ ਦਾ ਕਾਰਨਾਮਾ ਸਮਝੋ ਕਿ ਬਾਅਦ ਵਿਚ ਜਾ ਕੇ ਊਧਮ ਸਿੰਘ ਮੁਲਜਮ ਨੰ: 15 ਨੇ ਜੋਸ਼ ਵਿਚ ਆ ਕੇ ਇਹੋ ਜਿਹੇ ਇਸ਼ਤਿਹਾਰ ਉਰਦੂ ਵਿਚ ਲਿਖ ਕੇ ਸਭ ਤੋਂ ਪਹਿਲਾਂ ਇਸੇ ਹੀ ਪਿੰਡ ਵਿਚ ਚਾਰ ਝੋਲੀ-ਚੁੱਕਾਂ ਦੇ ਘਰਾਂ ਅਗੇ ਲਾ ਦਿਤੇ ਸਨ, ਜਿਹੜੇ ਬਾਅਦ ਵਿਚ ਅਦਾਲਤ ਵਿਚ ਵੀ ਪੁਲਸ ਨੇ ਪੇਸ਼ ਕੀਤੇ ਸਨ।

(ਪੇਪਰ-ਬੁੱਕ ਦੇ ਸਫ਼ਾ 52 ਦੀ ਸਤਰ 33 ਤੋਂ ਸੰਤ ਕਰਤਾਰ ਸਿੰਘ ਦਾ ਦਿੱਤਾ ਬਿਆਨ ਸ਼ੁਰੂ ਹੁੰਦਾ ਹੈ, ਜੀਹਦਾ ਜ਼ਿਕਰ ਪਾਠਕ ਪੜ੍ਹ ਆਏ ਹਨ।)

ਪੰਡੋਰੀ ਨਿੱਝਰਾਂ ਤੋਂ ਜਥਾ ਡੀਗਰੀਂ ਚਲਿਆ ਗਿਆ ਅਤੇ ਇਸੇ ਤਰ੍ਹਾਂ ਰਾਤ ਨੂੰ ਉਥੇ ਦੀਵਾਨ ਸਜਿਆ। ਇਹਦੀ ਮੁਨਾਦੀ ਪੰਡੋਰੀ ਨਿੱਝਰਾਂ ਤੋਂ ਤੁਰਨ ਲਗਿਆਂ ਸੰਤ ਕਰਤਾਰ ਸਿੰਘ ਨੇ ਆਪ ਕੀਤੀ ਸੀ। ਡੀਗਰੀਂ ਦੀਵਾਨ ਮਾਸਟਰ ਬਿਸ਼ਨ ਸਿੰਘ ਦੀ ਪ੍ਰਧਾਨਗੀ ਥੱਲੇ ਹੋਇਆ ਅਤੇ ਇਸ ਦੀਵਾਨ ਵਿਚ ਵੀ ਉਹੋ ਜਿਹੀਆਂ ਨਜ਼ਮਾਂ ਪੜ੍ਹੀਆਂ ਗਈਆਂ ਤੇ ਭਾਈ ਸਾਹਿਬ ਦੀ ਤਕਰੀਰ ਹੋਈ। ਫੇਰ ਜਥਾ ਕਿਸ਼ਨਪੁਰੇ ਗੁਰਦੁਆਰੇ ਸੰਤ ਮਿੱਤ ਸਿੰਘ ਪਾਸ ਜਾ ਠਹਿਰਿਆ। ਅਗਲੇ ਦਿਨ ਸਾਰੇ ਸੰਤ ਮਿੱਤ ਸਿੰਘ ਦੀ ਟਮਟਮ ਲੈ ਕੇ ਜਲੰਧਰ ਚਲੇ ਗਏ। ਇਥੇ ਭਾਈ ਕਿਸ਼ਨ ਸਿੰਘ ਉਸ ਵੇਲੇ ਦੇ ਉਘੇ ਕਾਂਗਰਸੀ ਅਤੇ ਅਕਾਲੀ ਲੀਡਰ ਹਰੀ ਸਿੰਘ ਜਲੰਧਰੀ ਨੂੰ ਜਾ ਕੇ ਮਿਲੇ। ਉਹ ਉਹਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਰਹੇ ਕਿ ਉਹ ਚਕਰਵਰਤੀ ਜਥੇ ਦੀ ਅਖ਼ਬਾਰਾਂ ਰਾਹੀਂ ਬਦਨਾਮੀ ਕਰਨ ਤੋਂ ਹਟ ਜਾਣ, ਕਿਉਂਕਿ ਇਹੋ ਹਰੀ ਸਿੰਘ "ਅਕਾਲੀ ਅਤੇ ਪ੍ਰਦੇਸੀ" ਅਖ਼ਬਾਰ ਵਿਚ ਮਜ਼ਮੂਨ ਛਾਪ ਰਹੇ ਸਨ ਕਿ ਅਕਾਲੀ ਸਿੱਖਾਂ ਦਾ ਚਕਰਵਰਤੀ ਜਥੇ ਨਾਲ ਕੋਈ ਸੰਬੰਧ ਨਹੀਂ। ਇਸ ਸਾਰੇ ਮਸਲੇ ਨੂੰ ਭਾਈ ਕਿਸ਼ਨ ਸਿੰਘ ਜੀ ਬੈਠ ਕੇ ਗੱਲਾਂਬਾਤਾਂ ਰਾਹੀਂ ਹੱਲ ਕਰਨਾ ਜ਼ਰੂਰੀ ਸਮਝਦੇ ਸਨ, ਕਿਉਂਕਿ ਇਸ ਨਾਲ ਚਕਰਵਰਤੀ ਲਹਿਰ ਨੂੰ ਨੁਕਸਾਨ ਪੁੱਜਣ ਦਾ ਅਤੇ ਆਪਸੀ ਖਿਚੋਤਾਣ ਵਧਣ ਦਾ ਡਰ ਸੀ, ਜੀਹਦੇ ਨਾਲ ਸਿਰਫ਼ ਅੰਗਰੇਜ਼ੀ ਹਕੂਮਤ ਦੇ ਹੀ ਹੱਥ ਮਜ਼ਬੂਤ ਹੋ ਰਹੇ ਸਨ।

ਇਥੋਂ ਟਾਂਗਾ ਕਰਕੇ ਜਥਾ ਪ੍ਰਾਗਪੁਰ ਚਲਿਆ ਗਿਆ। ਰਾਤ ਬੇਲਾ ਸਿੰਘ ਪਾਸ ਠਹਿਰ ਕੇ ਅਗਲੇ ਦਿਨ ਜਥਾ ਕਾਰ ਉੱਤੇ ਹਰੀਪੁਰ ਪੁਜਿਆ। ਕਾਰ ਜੋਗਿੰਦਰ ਸਿੰਘ ਖੁਰਦਪੁਰੀਆ ਲਿਆਇਆ ਸੀ, ਜਿਹੜੀ ਹਰੀਪੁਰੋਂ ਵਾਪਸ ਮੋੜ ਦਿੱਤੀ ਗਈ। ਰਾਤ ਨੂੰ ਜਲਸਾ ਉਪਰ-ਦੱਸੀਆਂ ਲੀਹਾਂ ਉੱਤੇ ਹੀ ਹੋਇਆ। ਅਗਲੇ ਦਿਨ ਸੰਤ ਤਾਂ ਵਾਪਸ ਪ੍ਰਾਗਪੁਰ ਆਪਣੀ ਕੁਟੀਆ ਵਿਚ ਆ ਗਿਆ ਅਤੇ ਜਥਾ ਊਠਾਂ ਉੱਤੇ ਕਿਸੇ ਦੂਜੇ ਪਾਸੇ ਚਲਿਆ ਗਿਆ।

ਸੰਤ ਦਾ ਬਿਆਨ ਇਥੇ ਛੱਡ ਕੇ ਹੁਣ ਥੋੜ੍ਹਾ ਜਿਹਾ ਜ਼ਿਕਰ ਮੈਂ ਉਹਨਾਂ ਦਿਨਾਂ ਵਿਚ ਚੱਲ ਰਹੀ ਮੁਲਕੀ ਹਾਲਤ ਦਾ ਕਰ ਦੇਣਾ ਜਰੂਰੀ ਸਮਝਦਾ ਹਾਂ। 1921 ਦੇ ਅਖ਼ੀਰ ਅਤੇ 1922 ਦੇ ਸ਼ੁਰੂ ਵਿਚ ਮੁਲਕ ਵਿਚ ਆਜ਼ਾਦੀ ਦੀ ਲਹਿਰ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀ ਸੀ। ਸਰਕਾਰ ਨੂੰ ਫੇਰ ਵਾਰ ਕਰਕੇ ਆਮ ਗਰਿਫ਼ਤਾਰੀਆਂ ਕਰਨ ਦਾ ਮੌਕਾ ਹੱਥ ਆ ਗਿਆ ਸੀ ਅਤੇ ਸ਼ਾਂਤਮਈ ਨਾ-ਮਿਲਵਰਤਨ ਦੀ ਸਿਖਰਾਂ ਉੱਤੇ ਪੁੱਜ ਚੁੱਕੀ ਕਾਂਗਰਸੀ ਲਹਿਰ ਮੁੜ ਠੰਡੀ ਪੈ ਗਈ ਸੀ।

# 9. 1921-1922 ਵਿਚ ਕਾਂਗਰਸ ਅਤੇ ਚਕਰਵਰਤੀ ਜਥੇ ਦੀਆਂ ਵੱਖਰੀ-ਵੱਖਰੀ ਕਿਸਮ ਦੀਆਂ ਸਰਗਰਮੀਆਂ

1921 ਦੇ ਅਖੀਰ ਵਿਚ ਕਾਂਗਰਸੀ ਅਤੇ ਅਕਾਲੀ ਪ੍ਰਚਾਰ ਪੂਰੇ ਸਿਖਰਾਂ ਉੱਤੇ ਪੁੱਜ ਚੁਕਿਆ ਸੀ। ਮਹਾਤਮਾ ਗਾਂਧੀ ਜੀ ਦੀ ਨਵੀਂ ਕਾਢ, ਸ਼ਾਂਤਮਈ ਨਾ-ਮਿਲਵਰਤਨ ਨੇ ਅੰਗਰੇਜ ਹਕੂਮਤ ਨੂੰ ਹੂੰਝ ਸਿੱਟਣ ਲਈ ਇਕ ਕਿਸਮ ਦਾ ਝਾੜੂ ਹੀ ਫੜ ਲਿਆ ਸੀ। ਨਾਲ ਲਗਦਿਆਂ ਭਾਈ ਕਿਸ਼ਨ ਸਿੰਘ ਅਤੇ ਮਾਸਟਰ ਮੋਤਾ ਸਿੰਘ ਨੇ ਸਾਰੇ ਦੁਆਬੇ ਵਿਚ ਨਿਰਾਲੀ ਕਿਸਮ ਦਾ ਜੋਸ਼ ਭਰਨਾ ਸ਼ੁਰੂ ਕਰ ਦਿਤਾ ਸੀ। ਬੇਸ਼ੱਕ ਦੁਆਬੇ ਤੋਂ ਇਲਾਵਾ ਬਾਕੀ ਪੰਜਾਬ ਅਤੇ ਮੁਲਕ ਵਿਚ ਕਾਂਗਰਸੀ ਅਤੇ ਖ਼ਿਲਾਫ਼ਤੀ ਇਕੱਠੇ ਸੰਘਰਸ਼ ਕਰ ਰਹੇ ਸਨ, ਪਰ ਦੁਆਬੇ ਵਿਚ ਜ਼ਿਆਦਾ ਅਸਰ ਚਕਰਵਰਤੀ ਲਹਿਰ ਹੀ ਫੜ ਰਹੀ ਸੀ।

ਜਲੰਧਰ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਭਾਈ ਕਿਸ਼ਨ ਸਿੰਘ ਅਤੇ ਮਾਸਟਰ ਮੋਤਾ ਸਿੰਘ ਲੋਕਾਂ ਨੂੰ ਹਥਿਆਰਬੰਦ ਕਰਨ ਦਾ ਜਤਨ ਕਰ ਰਹੇ ਸਨ। ਬੰਗਿਆਂ ਵੱਲ ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਗੋਸਲ ਤੇ ਆਤਮਾ ਸਿੰਘ ਬੀਕਾ, ਨਵਾਂ ਸ਼ਹਿਰ ਵੱਲ ਕਰਮ ਸਿੰਘ ਦੌਲਤਪੁਰ ਤੇ ਆਸਾ ਸਿੰਘ ਭੁਕੜੂਦੀ, ਬਲਾਚੌਰ ਵੱਲ ਧਰਮ ਸਿੰਘ, ਬਾਬਾ ਦਲੀਪ ਸਿੰਘ ਸਾਹਦੜਾ ਤੇ ਕੋਲਗੜ੍ਹ ਦੇ ਜਥੇਦਾਰ ਊਧਮ ਸਿੰਘ, ਗੜ੍ਹਸ਼ੰਕਰ ਦੁਆਲੇ ਜਸੋਵਾਲੀਏ ਲਾਭ ਸਿੰਘ, ਕਰਮ ਸਿੰਘ, ਹਰਬਖ਼ਸ਼ ਸਿੰਘ ਤੇ ਕਈ ਹੋਰ, ਮਾਹਲਪੁਰ ਵੱਲ ਗਿਆਨੀ ਕਰਤਾਰ ਸਿੰਘ ਗੋਂਦਪੁਰ, ਹਰਬੰਸ ਸਿੰਘ ਛੋਟਾ ਸਰਹਾਲਾ, ਹਰੀ ਸਿੰਘ ਖੰਡਾ, ਜਰਨੈਲ ਮੂਲਾ ਸਿੰਘ ਬਾਹੋਵਾਲ, ਅਰਜਨ ਸਿੰਘ ਸੱਚ ਖੜੌਦੀ ਤੇ ਕਈ ਹੋਰ, ਹੁਸ਼ਿਆਰਪੁਰ ਵੱਲ ਠਾਕੁਰ ਸਿੰਘ ਭਾਰਟਾ ਤੇ ਰਤਨ ਸਿੰਘ ਸੀਗੜੀ ਵਾਲਾ, ਹਰਿਆਣੇ ਵੱਲ ਬਲਵੰਤ ਸਿੰਘ ਦੁਖੀਆ, ਸ਼ਾਮਚੁਰਾਸੀ ਦੇ ਇਲਾਕੇ ਵਿਚ ਪਿਆਰਾ ਸਿੰਘ, ਬੰਤਾ ਸਿੰਘ, ਬਾਬੂ ਦਲੀਪ ਸਿੰਘ, ਛੋਟਾ ਦਲੀਪ ਸਿੰਘ (ਦਲੀਪਾ ਭੁਜੰਗੀ) ਤੇ ਸਾਧੂ ਸਿੰਘ ਸਾਂਧਰਾ, ਵਗੈਰਾ। ਮੇਰੇ ਪਿੰਡ, ਪੰਡੋਰੀ ਨਿੱਝਰਾਂ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿਚ ਮੇਰੇ ਖ਼ਿਆਲ ਮੁਤਾਬਿਕ ਸਭ ਤੋਂ ਵੱਧ ਮੈਂਬਰ ਚਕਰਵਰਤੀ ਜਥੇ ਵਿਚ ਭਰਤੀ ਹੋ ਗਏ ਸਨ। ਇਕੱਲੇ ਪੰਡੋਰੀ ਨਿੱਝਰਾਂ ਤੋਂ ਹੀ ਤੇਰਾਂ ਆਦਮੀ ਤਾਂ

ਅਸੀਂ ਹੀ ਸੀ। ਇਹ ਇਸ ਪ੍ਰਕਾਰ ਸਨ : ਛੋਟਾ ਕਰਤਾਰ ਸਿੰਘ, ਹੁਕਮ ਸਿੰਘ, ਅਮਰ ਸਿੰਘ, ਮਿਲਖਾ ਸਿੰਘ, ਸਾਧਾ ਸਿੰਘ, ਨਿਰਵੈਰ ਸਿੰਘ, ਊਧਮ ਸਿੰਘ, ਠਾਕੁਰ ਸਿੰਘ, ਹਰਨਾਮ ਸਿੰਘ, ਵਡਾ ਕਰਤਾਰ ਸਿੰਘ, ਬੂਟਾ ਸਿੰਘ, ਮਹਿੰਗਾ ਸਿੰਘ ਅਤੇ ਬਖ਼ਸ਼ੀਸ਼ ਸਿੰਘ। ਇਉਂ ਸਾਡਾ ਪਿੰਡ ਇਕ ਗੜ੍ਹ ਸੀ।

ਹਜ਼ਾਰਾ ਸਿੰਘ ਮੰਡੇਰਾਂ, ਜੋਗਿੰਦਰ ਸਿੰਘ ਖੁਰਦਪੁਰ, ਸ਼ਿਵ ਸਿੰਘ ਹਰੀਪੁਰ, ਕਰਮ ਸਿੰਘ ਮਾਣਕੋ, ਨੰਦ ਸਿੰਘ ਘੜਿਆਲ, ਉਜਾਗਰ ਸਿੰਘ ਬਸਰਾਮਪੁਰ, ਭਾਨ ਸਿੰਘ, ਲਾਭ ਸਿੰਘ ਤੇ ਬਸੰਤ ਸਿੰਘ ਰੰਧਾਵਾ ਮਸੰਦਾਂ, ਛੱਜਾ ਸਿੰਘ ਮਸਾਣੀਆ ਅਤੇ ਅਮਰ ਸਿੰਘ ਰਾਜੋਵਾਲ ਵੀ ਵਰਨਣਜੋਗ ਹਨ।

ਇਸੇ ਤਰ੍ਹਾਂ ਰਿਆਸਤ ਕਪੂਰਥਲੇ ਵਿਚੋਂ ਵਡਾ-ਛੋਟਾ, ਦੋਨੋਂ ਕਰਤਾਰ ਸਿੰਘ, ਸੁਰਜਣ ਸਿੰਘ ਡੁਮੇਲੀ, ਸ਼ਿਵ ਸਿੰਘ ਬਮੇਲੀ, ਦਲੀਪ ਸਿੰਘ ਮਾਣਕਾਂ, ਚੰਦਾ ਸਿੰਘ, ਦਰਬਾਰਾ ਸਿੰਘ, ਮੂਲਾ ਸਿੰਘ ਪਲਾਹੀ ਅਤੇ ਸੂਬੇਦਾਰ ਅਮਰ ਸਿੰਘ ਧਾਰੀਵਾਲ ਸਰਗਰਮੀ ਨਾਲ ਕੰਮ ਕਰ ਰਹੇ ਸਨ।

ਜਿੰਨੇ ਨਾਂ ਮੈਂ ਉਪਰ ਦਰਜ ਕਰ ਆਇਆ ਹਾਂ, ਸਭ ਦੇ ਸਭ ਬਾਅਦ ਵਿਚ ਬਬਰ ਕੇਸ ਵਿਚ ਗਰਿਫ਼ਤਾਰ ਕਰ ਲਏ ਗਏ ਸਨ। ਇਹ ਸਾਰੇ ਦੇ ਸਾਰੇ ਅਤੇ ਕਈ ਹੋਰ ਸੱਜਨ ਚਕਰਵਰਤੀ ਜਥੇ ਵਿਚ ਭਰਤੀ ਹੋ ਕੇ ਖੁੱਲ੍ਹਮਖੁੱਲ੍ਹਾ ਪ੍ਰਚਾਰ ਕਰਨ ਲੱਗ ਪਏ ਸਨ ਕਿ ਵੇਲਾ ਆ ਗਿਆ ਹੈ। ਅਸੀਂ ਇਕੱਠੇ ਹੋ ਕੇ ਬਾਹਰੋਂ ਹਮਲਾ ਕਰੀਏ ਅਤੇ ਫ਼ੌਜਾਂ ਅੰਦਰੋਂ ਹਮਲਾ ਕਰਕੇ ਅੰਗਰੇਜਾਂ ਨੂੰ ਮੁਲਕ ਵਿਚੋਂ ਦੁੜਾਉਣ ਲਈ ਤਿਆਰ-ਬਰ-ਤਿਆਰ ਹਨ। ਅੰਗਰੇਜ਼ ਕਦੀ ਸ਼ਾਂਤਮਈ ਢੰਗਾਂ ਰਾਹੀਂ ਮੁਲਕ ਨੂੰ ਛੱਡਣ ਲਈ ਤਿਆਰ ਨਹੀਂ ਹੋ ਸਕਦਾ। ਸੋ ਇਕਠਿਆਂ ਦੋਹਾਂ ਪਾਸਿਆਂ ਤੋਂ ਹਮਲਾ ਕਰਕੇ ਇਸ ਗੋਰਾਸ਼ਾਹੀ ਨੂੰ ਸੱਤਾਂ ਸਮੁੰਦਰਾਂ ਤੋਂ ਪਾਰ ਕਰਕੇ ਹੀ ਹੁਣ ਦਮ ਲਵਾਂਗੇ। ਮੁਕਦੀ ਗੱਲ, ਆਮ ਦੁਆਬੇ ਵਿਚ ਜੋਸ਼ ਦਾ ਮਾਹੌਲ ਠਾਠਾਂ ਮਾਰਨ ਲੱਗ ਪਿਆ ਅਤੇ ਮਹਿਸੂਸ ਹੋਣ ਲੱਗ ਪਿਆ ਕਿ 1857 ਦੇ ਗ਼ਦਰ ਦੀਆਂ ਲੀਹਾਂ ਉੱਤੇ ਹਮਲਾ ਹੋਣ ਹੀ ਵਾਲਾ ਹੈ, ਜਿਹੜਾ ਐਤਕੀਂ ਦੋਹਾਂ ਪਾਸਿਆਂ ਤੋਂ ਕੀਤਾ ਜਾਵੇਗਾ।

ਮੈਂ ਜ਼ਾਤੀ ਤਜਰਬੇ ਦੇ ਆਧਾਰ ਉੱਤੇ ਲਿਖਦਾ ਹਾਂ ਕਿ ਉਸ ਵੇਲੇ ਸਰਕਾਰ ਦੇ ਚਾਟੜੇ ਅਥਵਾ ਝੋਲੀ-ਚੁਕ ਐਨੇਂ ਸਹਿਮ ਗਏ ਸਨ ਕਿ ਉਹਨਾਂ ਨੂੰ ਜਾਨਾਂ ਬਚਾਉਣੀਆਂ ਮੁਸ਼ਕਲ ਜਾਪਣ ਲੱਗ ਪਈਆਂ ਸਨ। ਕੋਈ ਝੋਲੀ-ਚੁੱਕ ਡਰਦਾ ਉੱਚੀ ਸਾਹ ਲੈਣ ਦੀ ਹਿੰਮਤ ਨਹੀਂ ਸੀ ਕਰਦਾ। ਉਲਟਾ ਕਈਆਂ ਨੇ ਕਾਲੀਆਂ ਪੱਗਾਂ ਤਕ ਬੰਨ੍ਹ ਲਈਆਂ ਸਨ, ਜਿਸ ਕਰਕੇ ਕਈਆਂ ਲੰਬੜਦਾਰਾਂ ਦੀਆਂ ਲੰਬੜਦਾਰੀਆਂ ਤੱਕ ਖੁੱਸ ਗਈਆਂ ਸਨ। ਕਈਆਂ ਨੇ ਆਪਣੇ ਆਪ ਵੀ ਛੱਡ ਦਿਤੀਆਂ ਸਨ। ਇਸ ਗੱਲ ਦੀ ਤਸਦੀਕ ਪਾਠਕ ਉਸ ਵੇਲੇ ਦੇ ਅੰਗਰੇਜ਼ ਅਫਸਰਾਂ ਦੇ ਅਦਾਲਤ ਵਿਚ ਦਿਤੇ ਬਿਆਨਾਂ ਤੋਂ ਕਰ ਸਕਣਗੇ।

1921 ਅਤੇ 1922 ਦੇ ਦੋ ਸਾਲ ਹਿੰਦੁਸਤਾਨ ਦੀ ਤਵਾਰੀਖ ਦੇ ਇਕ ਨਿਰਾਲੀ ਹੀ ਕਿਸਮ ਦੇ ਸਾਲ ਗਿਣੇ ਜਾ ਚੁੱਕੇ ਹਨ। ਫ਼ਰਵਰੀ 1921 ਵਿਚ ਪੰਜਾਬ ਵਿਚ ਨਨਕਾਣਾ ਸਾਹਿਬ ਦੀ ਦੁਰਘਟਨਾ ਨੇ ਆਮ ਲੋਕਾਂ ਨੂੰ, ਖਾਸ ਕਰਕੇ ਸਿੱਖਾਂ ਨੂੰ ਹਿਲਾ ਕੇ ਰਖ ਦਿਤਾ ਸੀ ਅਤੇ ਅਕਾਲੀ ਲਹਿਰ ਨੂੰ, ਸਮਝ ਲਉ, ਪੁਨਰ-ਜਨਮ ਦਿੱਤਾ ਸੀ। ਇਸੇ ਦੁਰਘਟਨਾ ਕਰਕੇ ਪਹਿਲਾਂ ਚਕਰਵਰਤੀ ਅਤੇ ਫੇਰ ਬਬਰ ਲਹਿਰ ਦੁਆਬੇ ਵਿਚ

ਛਾ ਗਈਆਂ ਸਨ । ਇਹਨਾਂ ਅਕਾਲੀ ਅਤੇ ਬਬਰ ਅਕਾਲੀ ਲਹਿਰਾਂ ਸਦਕਾ ਅੱਜ ਤਕ ਅਕਾਲੀਆਂ ਨੂੰ ਸਤਿਕਾਰਿਆ ਜਾ ਰਿਹਾ ਹੈ ।

* * *

ਫ਼ਰਵਰੀ 1922 ਵਿਚ ਨਾਗਪੁਰ (ਮਧ ਪ੍ਰਦੇਸ਼) ਵਿਚ ਕਾਂਗਰਸ ਦਾ ਸਾਲਾਨਾ ਸਮਾਗਮ ਹੋਇਆ ਸੀ, ਜਿਸ ਵਿਚ ਵੱਖਰੇ-ਵੱਖਰੇ ਵਿਚਾਰਾਂ ਵਾਲੇ ਦੋ ਮਜ਼ਬੂਤ ਧੜੇ ਹਿੱਸਾ ਲੈ ਰਹੇ ਸਨ । ਪੂਰੀ ਜ਼ੋਰ-ਅਜ਼ਮਾਈ ਮਗਰੋਂ ਸਰਬਸੰਮਤੀ ਨਾਲ ਕਾਂਗਰਸ ਦੀ ਵਾਗਡੋਰ ਮਹਾਤਮਾ ਗਾਂਧੀ ਜੀ ਨੂੰ ਸੰਭਾਲ ਦਿੱਤੀ ਗਈ ਅਤੇ ਸਭ ਨੇ ਉਹਨਾਂ ਦੀ ਲੀਡਰੀ ਅੱਗੇ ਸਿਰ ਝੁਕਾ ਕੇ ਉਹਨਾਂ ਦੇ ਹੁਕਮ ਦੀ ਤਾਮੀਲ ਕਰਨ ਦਾ ਪ੍ਰਣ ਲੈ ਲਿਆ । ਇਸੇ ਇਜਲਾਸ ਦਾ ਸਿੱਟਾ ਸਾਰੇ ਮੁਲਕ ਵਿਚ ਸ਼ਾਂਤਮਈ ਸਤਿਆਗ੍ਰਹਿ, ਨਾ-ਮਿਲਵਰਤਨ ਲਹਿਰ ਸ਼ੁਰੂ ਕਰਨ ਦੀ ਸ਼ਕਲ ਵਿਚ ਨਿਕਲਿਆ । ਇਹਦੀ ਵਾਗਡੋਰ ਮਹਾਤਮਾ ਜੀ ਨੇ ਪੂਰੀ ਤਰ੍ਹਾਂ ਆਪਣੇ ਹੱਥਾਂ ਵਿਚ ਲੈ ਕੇ ਇਕ ਨਿਰਾਲੀ ਕਿਸਮ ਦੀ ਜਦੋਜਹਿਦ ਹਿੰਦੁਸਤਾਨ ਵਿਚ ਸਵਰਾਜ ਕਾਇਮ ਕਰਨ ਲਈ ਸ਼ੁਰੂ ਕੀਤੀ, ਜੋ ਸਿਵਲ ਨਾ-ਫ਼ਰਮਾਨੀ ਦੇ ਨਾਂ ਹੇਠ ਪ੍ਰਸਿੱਧ ਹੋ ਗਈ ।

ਇਸ ਲਹਿਰ ਦਾ ਮਤਲਬ ਸੀ, ਅਦਾਲਤਾਂ ਦਾ ਬਾਈਕਾਟ, ਆਪਣੀਆਂ ਪੰਚਾਇਤਾਂ ਬਣਾ ਕੇ ਪੰਚਾਂ ਰਾਹੀਂ ਆਪ ਫ਼ੈਸਲੇ ਕਰਨੇ, ਸਰਕਾਰੀ ਮਾਲੀਆ ਅਦਾ ਨਾ ਕਰਨਾ, ਵਕਾਲਤਾਂ, ਕਾਲਜ ਤੇ ਸਕੂਲ ਤਿਆਗ ਕੇ ਜਿਹਲਾਂ ਭਰਨੀਆਂ, ਸ਼ਾਂਤ ਰਹਿ ਕੇ ਹਰ ਕਿਸਮ ਦੇ ਤਸੀਹੇ ਸਹਿਣੇ ਅਤੇ ਅਗੋਂ ਹੱਥ ਨਾ ਚੁੱਕਣਾ । ਗੱਲ ਕੀ, ਕਾਲਜਾਂ-ਸਕੂਲਾਂ ਦੇ ਮੁੰਡੇ-ਕੁੜੀਆਂ, ਮਰਦ-ਜ਼ਨਾਨੀਆਂ ਅਤੇ ਵੱਡੇ-ਵੱਡੇ ਵਕੀਲ ਜਿਹਲੀਂ ਚਲੇ ਗਏ ।

ਪਰ ਬੰਬਈ ਵਿਚ ਤਸ਼ੱਦਦ ਦੀਆਂ ਕੁਝ ਵਾਰਦਾਤਾਂ ਹੋ ਗਈਆਂ, ਜਿਸ ਕਰਕੇ ਪੁਲਸ ਨੂੰ ਗੋਲੀ ਚਲਾਉਣ ਦਾ ਬਹਾਨਾ ਮਿਲ ਗਿਆ । ਇਹਦਾ ਨਤੀਜਾ 53 ਮੌਤਾਂ ਹੋ ਜਾਣ ਦੀ ਸਕਲ ਵਿਚ ਨਿਕਲਿਆ ਅਤੇ ਚਾਰ ਕੁ ਸੌ ਜ਼ਖ਼ਮੀ ਹੋ ਗਏ ।

ਉਹਨਾਂ ਹੀ ਦਿਨਾਂ ਵਿਚ ਪ੍ਰਿੰਸ ਆਫ਼ ਵੇਲਜ਼ ਵੀ ਹਿੰਦੁਸਤਾਨ ਦੇ ਦੌਰੇ ਉੱਤੇ ਆਇਆ, ਜੀਹਨੇ ਹਿੰਦੁਸਤਾਨ ਦਾ ਅਗਲਾ ਸ਼ਹਿਨਸ਼ਾਹ ਬਨਣਾ ਸੀ । ਜਿਸ ਵੇਲੇ ਉਹ ਬੰਦਰਗਾਹ ਉੱਤੇ ਉਤਰਿਆ ਤਾਂ ਉਹਦੇ ਖ਼ਿਲਾਫ਼ ਵੀ ਮੁਜ਼ਾਹਰਾ ਕੀਤਾ ਗਿਆ ਕਿ ਪ੍ਰਿੰਸ ਆਫ਼ ਵੇਲਜ਼ ਵਾਪਸ ਜਾਉ । ਇਥੇ ਵੀ ਕੁਝ ਤਸ਼ੱਦਦ ਦੀਆਂ ਵਾਰਦਾਤਾਂ ਹੋ ਗਈਆਂ ।

ਤੀਜੇ ਬੰਨੇ ਬਿਹਾਰ ਵਿਚ ਚੌਰਾ-ਚੌਰੀ ਵਿਖੇ ਕਾਂਗਰਸ ਦਾ ਇਕ ਬਹੁਤ ਵੱਡਾ ਜਲੂਸ ਪੁਰ-ਅਮਨ ਜਾ ਰਿਹਾ ਸੀ । ਜਦੋਂ ਜਲੂਸ ਮਹਾਤਮਾ ਗਾਂਧੀ ਦੀ ਜੈ ਬੁਲਾਉਂਦਾ ਥਾਣੇ ਮੂਹਰਿਉਂ ਲੰਘ ਰਿਹਾ ਸੀ ਤਾਂ ਕੁਝ ਸ਼ਰਾਰਤੀ ਪੁਲਸੀਆਂ ਨੇ ਥਾਣੇ ਦੀ ਛੱਤ ਉੱਤੇ ਚੜ੍ਹ ਕੇ ਜਲੂਸ ਉੱਤੇ ਇੱਟਾਂ-ਪੱਥਰ ਮਾਰਨੇ ਸ਼ੁਰੂ ਕਰ ਦਿੱਤੇ । ਇਹ ਪੁਲਸੀਆਂ ਨੇ ਪਹਿਲਾਂ ਹੀ ਥਾਣੇ ਦੀ ਛੱਤ ਉੱਤੇ ਸ਼ਰਾਰਤ ਛੇੜਨ ਲਈ ਇਕੱਠੇ ਕਰ ਰਖੇ ਸਨ । ਜਲੂਸ ਭੜਕ ਉਠਿਆ । ਦੇਖਦਿਆਂ-ਦੇਖਦਿਆਂ ਭੀੜ ਨੇ ਪੁਲਸੀਆਂ ਨੂੰ ਅੰਦਰ ਡੱਕ ਕੇ ਥਾਣੇ ਨੂੰ ਅੱਗ ਲਾ ਦਿੱਤੀ, ਜਿਸ ਵਿਚ ਥਾਣੇਦਾਰ ਅਤੇ ਸਿਪਾਹੀਆਂ ਸਮੇਤ ਸਾਰੇ ਦੇ ਸਾਰੇ ਬੰਦੇ ਸੜ ਗਏ ।

ਉਹਨਾਂ ਹੀ ਦਿਨਾਂ ਵਿਚ ਬਾਰਦੌਲੀ ਦਾ ਮਸਹੂਰ ਸਤਿਆਗ੍ਰਹਿ ਪੂਰੇ ਜੋਬਨ ਉੱਤੇ

ਸੀ ਅਤੇ ਮਹਾਤਮਾ ਗਾਂਧੀ ਜੀ ਵੀ ਉਥੇ ਹੀ ਸਨ। ਜਿਸ ਵੇਲੇ ਚੋਰਾ-ਚੋਰੀ ਥਾਣੇ ਦੀ ਘਟਨਾ ਦੀ ਖ਼ਬਰ ਉਹਨਾਂ ਨੂੰ ਮਿਲੀ, ਉਹ ਘਬਰਾ ਉੱਠੇ ਕਿ ਇਹ ਤਾਂ ਮੇਰੇ ਅਸੂਲ ਦੀ ਖੁੱਲ੍ਹੀ ਉਲੰਘਣਾ ਹੈ। ਸੋ ਉਹਨਾਂ ਨੇ ਉਸੇ ਵੇਲੇ ਇਕਤਰਫ਼ਾ ਸਿਵਲ ਨਾ-ਫ਼ਰਮਾਨੀ ਬੰਦ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਇਸ ਗੱਲ ਦਾ ਨਤੀਜਾ ਇਉਂ ਸਮਝੋ ਜਿਵੇਂ ਇਸ ਬਲ ਰਹੇ ਭਾਂਬੜ ਉੱਤੇ ਪਾਣੀ ਡੁੱਲ੍ਹ ਗਿਆ ਹੋਵੇ। ਹਰ ਪਾਸੇ ਨਿਰਾਸਾ ਛਾ ਗਈ। ਕਿਥੇ ਤਾਂ ਆਮ ਜਨਤਾ ਸਮਝ ਬੈਠੀ ਸੀ ਕਿ ਅੰਗਰੇਜ਼ੀ ਰਾਜ ਸਮਾਪਤ ਹੋਇਆ ਕਿ ਹੋਇਆ ਅਤੇ ਕਿਥੇ ਜਿੱਤੀ ਹੋਈ ਬਾਜ਼ੀ ਚੋਪਟ ਪਈ ਦਿੱਸਣ ਲੱਗੀ। ਸਭ ਵਡੇ-ਵਡੇ ਲੀਡਰਾਂ ਨੇ ਪੂਰੀ ਵਾਹ ਲਾਈ ਕਿ ਸਿਵਲ ਨਾ-ਫ਼ਰਮਾਨੀ ਜਾਰੀ ਰਹਿਣੀ ਚਾਹੀਦੀ ਹੈ। ਜੇ ਇੱਕੜ-ਦੁੱਕੜ ਵਾਰਦਾਤਾਂ ਹੋ ਵੀ ਚੁਕੀਆਂ ਹਨ, ਤਾਂ ਮਮੂਲੀ ਗੱਲ ਸਮਝ ਕੇ ਅੱਖੋਂ ਓਹਲੇ ਕਰ ਦੇਣੀਆਂ ਚਾਹੀਦੀਆਂ ਹਨ। ਜੇ ਦੋ-ਚਾਰ ਪੁਲਸੀਏ ਮਾਰੇ ਵੀ ਗਏ ਹਨ ਤਾਂ ਦੂਜੇ ਬੰਨੇ ਸਾਡੇ ਆਦਮੀ ਵੀ ਤਾਂ ਮਾਰੇ ਹੀ ਜਾ ਚੁੱਕੇ ਹਨ। ਪਰ ਮਹਾਤਮਾ ਜੀ ਉੱਤੇ ਇਹਨਾਂ ਅਪੀਲਾਂ ਦਾ ਕੋਈ ਅਸਰ ਨਾ ਹੋਇਆ ਅਤੇ ਸਿਵਲ ਨਾ-ਫ਼ਰਮਾਨੀ ਦੀ ਤਹਿਰੀਕ ਖ਼ਤਮ ਹੋ ਗਈ। ਪਰ ਇਸ ਗੱਲ ਦਾ ਅਸਰ ਪੰਜਾਬ ਉੱਤੇ ਵੱਖਰੀ ਕਿਸਮ ਦਾ ਹੋਇਆ। ਪੰਜਾਬ ਕਾਂਗਰਸ ਦਾ ਉਸ ਵੇਲੇ ਦਾ ਥੰਮ੍ਹ ਲਾਲਾ ਲਾਜਪਤ ਰਾਏ ਮਹਾਤਮਾ ਜੀ ਦੇ ਫ਼ੈਸਲੇ ਉੱਤੇ ਭੜਕ ਉਠਿਆ ਅਤੇ ਉਹਨਾਂ ਤੋਂ ਬਾਗੀ ਹੋ ਕੇ ਉਹਨੇ ਇਕ ਨਵੀਂ ਸਵਰਾਜ ਪਾਰਟੀ ਕਾਇਮ ਕਰ ਲਈ। ਇਸ ਵਿਚ ਕਾਫੀ ਪੰਜਾਬੀ ਸ਼ਾਮਲ ਹੋ ਗਏ ਸਨ। ਪੰਜਾਬ ਦੀ ਧਰਤੀ ਪਹਿਲਾਂ ਤੋਂ ਹੀ ਯੋਧਿਆਂ ਦੀ ਧਰਤੀ ਰਹੀ ਹੈ। ਸਭ ਗ਼ੈਰ-ਮੁਲਕੀ ਹਮਲੇ ਪਹਿਲਾਂ ਪੰਜਾਬੀਆਂ ਨੇ ਹੀ ਸਹੇ ਸਨ ਅਤੇ ਆਜ਼ਾਦੀ ਦੀ ਦੇਵੀ ਹਾਲੇ ਹੋਰ ਖ਼ੂਨ ਚਾਹੁੰਦੀ ਸੀ ਜਿਹੜਾ 15 ਅਗਸਤ 1947 ਤੱਕ ਤਾਂ ਕੀ, ਸਗੋਂ ਉਹਤੋਂ ਬਾਅਦ ਤੱਕ ਇਸੇ ਪੰਜਾਬ ਵਿਚ ਘਰਾਲਾਂ ਬਣ ਕੇ ਵਗਣਾ ਸੀ।

ਸਿਵਲ ਨਾ-ਫ਼ਰਮਾਨੀ ਬੰਦ ਹੁੰਦਿਆਂ ਹੀ ਮੁਲਕ ਉੱਤੇ ਇਕ ਕਿਸਮ ਦੀ ਮੁਰਦਨੀ ਛਾ ਗਈ। ਲੋਕਾਂ ਨੂੰ ਨਿਮੋਝੂਣੇ ਜਿਹੇ ਦੇਖ ਕੇ ਅੰਗਰੇਜ਼ ਸਰਕਾਰ ਨੂੰ ਜਵਾਬੀ ਹਮਲਾ ਕਰਨ ਦਾ ਸੁਨਹਿਰੀ ਮੌਕਾ ਹੱਥ ਆ ਗਿਆ। ਵੱਡੇ-ਵੱਡੇ ਲੀਡਰ ਤਾਂ ਇਕ ਪਾਸੇ, ਆਮ ਪਿੰਡਾਂ ਵਿਚੋਂ ਸਭ ਕਾਂਗਰਸੀ ਚੁਣ-ਚੁਣ ਕੇ ਗਰਿਫ਼ਤਾਰ ਕਰ ਲਏ ਗਏ। ਉਹ 124-ਏ ਦਫ਼ਾ ਅਧੀਨ ਇਕ-ਇਕ ਦੋ-ਦੋ ਸਾਲ ਦੀਆਂ ਸਜ਼ਾਵਾਂ ਸੁਣਾ-ਸੁਣਾ ਜਿਹਲਾਂ ਅੰਦਰ ਡੱਕ ਦਿਤੇ ਗਏ। ਮੇਰੇ ਪਿੰਡ ਦੇ ਪੰਡਤ ਮੇਹਰ ਚੰਦ ਅਤੇ ਬਾਬਾ ਨੱਥਾ ਸਿੰਘ 29 ਅਪਰੈਲ 1922 ਨੂੰ ਕੈਦ ਕਰਕੇ ਮੁਲਤਾਨ ਜਿਹਲ ਵਿਚ ਪੁਚਾ ਦਿਤੇ ਗਏ। ਪੰਡਤ ਮੇਹਰ ਚੰਦ ਦੋ ਸਾਲਾਂ ਲਈ ਅਤੇ ਬਾਬਾ ਨੱਥਾ ਸਿੰਘ ਇਕ ਸਾਲ ਲਈ ਅੰਦਰ ਕੀਤੇ ਗਏ ਸਨ।

ਸੈਂਕੜਿਆਂ ਦੀ ਗਿਣਤੀ ਵਿਚ ਅਕਾਲੀਆਂ ਨੂੰ ਕੈਦ ਕਰਕੇ ਕੈਂਪ ਜਿਹਲ ਮਿੰਟਗੁਮਰੀ, ਜਿਹੜੀ ਫ਼ੌਜੀ ਬੈਰਕਾਂ ਦੁਆਲੇ ਕੰਡਿਆਂ ਵਾਲੀ ਲੋਹੇ ਦੀ ਤਾਰ ਨਾਲ ਦੋ ਕੁ ਮੁਰੱਬਿਆਂ ਵਿਚ ਖ਼ਾਸ ਤੌਰ ਉੱਤੇ ਬਣਾਈ ਗਈ ਸੀ, ਘੱਲ ਦਿੱਤਾ ਗਿਆ। ਇਸ ਕੈਦ ਵਿਚ ਮੈਂ 1922 ਦੇ ਸਤੰਬਰ ਵਿਚ ਗੁਰੂ ਕੇ ਬਾਗ ਤੋਂ ਕੈਦ ਹੋ ਕੇ ਪੁਜਿਆ ਸੀ। ਇਸ ਕੈਂਪ ਜਿਹਲ ਦੇ ਦੱਖਣ ਵੱਲ ਇਕ ਟਿਊਬ-ਵੈੱਲ ਸੀ ਅਤੇ ਥੋੜ੍ਹੇ-ਥੋੜ੍ਹੇ ਫ਼ਾਸਲੇ ਉੱਤੇ ਬਿਜਲੀ ਦੇ ਖੰਬੇ ਗੱਡ ਕੇ ਰਾਤ ਨੂੰ ਰੌਸ਼ਨੀ ਕੀਤੀ ਜਾਂਦੀ ਸੀ।

ਆਈਆਂ ਅਖ਼ਬਾਰਾਂ ਰਾਤ ਵੇਲੇ ਬਿਜਲੀ ਦੇ ਬਲਬ ਦੀ ਰੌਸ਼ਨੀ ਵਿਚ ਇਕ ਬੰਦਾ ਖੜ੍ਹਾ ਹੋ ਕੇ ਉੱਚੀ-ਉੱਚੀ ਪੜ੍ਹਦਾ ਸੀ ਅਤੇ ਬਾਕੀ ਕੈਦੀ ਚੁੱਪ-ਚੁਪੀਤੇ ਸੁਣਿਆ ਕਰਦੇ ਸਨ। ਸੋ ਇਥੇ ਹੀ ਸਭ ਅਕਾਲੀ ਅਤੇ ਕਾਂਗਰਸੀ ਉਚ-ਕੋਟੀ ਦੇ ਲੀਡਰਾਂ ਦੀ ਸੰਗਤ ਮਾਨਣ ਦਾ ਅਵਸਰ ਪਹਿਲਾਂ-ਪਹਿਲ ਮੈਨੂੰ ਮਿਲਿਆ ਅਤੇ ਉਹ ਪਿਆਰ ਮਿਲਿਆ, ਜੋ ਅੱਜ ਤੱਕ ਅੰਤਰ-ਆਤਮਾ ਵਿਚ ਉਸੇ ਤਰ੍ਹਾਂ ਮਹਿਫ਼ੂਜ਼ ਹੈ। ਕਈਆਂ ਉੱਘੇ ਲੀਡਰਾਂ ਦੀ ਸੰਗਤ ਉਹਨਾਂ ਦੇ ਆਖ਼ਰੀ ਸਵਾਸਾਂ ਤੱਕ ਮੈਨੂੰ ਪ੍ਰਾਪਤ ਰਹੀ। ਕਿਆ ਫਰਿਸ਼ਤਾ-ਸੀਰਤ ਹਸਤੀਆਂ ਸਨ। ਉਹ ਵੰਡਣਾ ਤਾਂ ਜਾਣਦੇ ਸਨ, ਸਾਂਭਣਾ ਨਹੀਂ। ਉਹਨਾਂ ਪਵਿਤਰ ਹਸਤੀਆਂ ਨੂੰ ਵਾਰ-ਵਾਰ ਪ੍ਰਨਾਮ ਹੈ, ਜਿਨ੍ਹਾਂ ਦੀ ਛਤਰ-ਛਾਇਆ ਥਲੇ ਮੇਰੇ ਜਿਹਿਆਂ ਨੂੰ ਵੀ ਥੋੜ੍ਹੀ-ਬਹੁਤ ਦੇਸ-ਸੇਵਾ ਕਰਨ ਦਾ ਅਵਸਰ ਪ੍ਰਾਪਤ ਹੋਇਆ।

ਗੁਲ ਸ਼ਮ੍ਹਾ-ਏ ਅੰਜਮਨ ਹੈ ਗੋ ਅੰਜਮਨ ਵੁਹੀ ਹੈ !
ਹੁੱਬੇ ਵਤਨ ਨਹੀਂ ਹੈ ਖ਼ਾਕੇ ਵਤਨ ਵੁਹੀ ਹੈ !!

# 10. ਭਾਈ ਕਿਸ਼ਨ ਸਿੰਘ ਗੜਗੱਜ ਨਾਲ ਮੇਰੀ ਪਹਿਲੀ ਮੁਲਾਕਾਤ

1921 ਵਿਚ ਮੈਂ ਹਾਲੇ ਸੀਨੀਅਰ ਕਲਾਸ ਵਿਚ ਹੀ ਸੀ ਤਾਂ ਇਕ ਦਿਨ ਬਾਬੂ ਸੰਤਾ ਸਿੰਘ ਇਕ ਤਾਲਿਬ-ਇਲਮ ਬਖ਼ਤਾਵਰ ਸਿੰਘ ਕੋਲ ਰਾਤ ਨੂੰ ਆ ਠਹਿਰੇ। ਬਖ਼ਤਾਵਰ ਸਿੰਘ ਦਾ ਬਾਪ ਅਤੇ ਬਾਬੂ ਸੰਤਾ ਸਿੰਘ ਜਲੰਧਰ ਛਾਉਣੀ ਵਿਚ ਇਕੋ ਪਲਟਨ ਵਿਚ ਕਲਰਕ ਸਨ। ਇਸ ਕਰਕੇ ਬਾਬੂ ਜੀ ਬਖ਼ਤਾਵਰ ਸਿੰਘ ਨੂੰ ਜਾਣਦੇ ਸਨ ਅਤੇ ਕਦੇ-ਕਦੇ ਉਹਦੇ ਕੋਲ ਬੋਰਡਿੰਗ ਹਾਊਸ ਵਿਚ ਆ ਠਹਿਰਦੇ ਸਨ। ਉਧਰ ਮੈਂ ਅਕਾਲੀ ਸਜ ਚੁਕਿਆ ਸੀ ਅਤੇ ਛੋਟੀ ਕਿਰਪਾਨ ਪਹਿਨ ਰੱਖੀ ਸੀ, ਜਿਸ ਕਰਕੇ ਬਾਬੂ ਸਾਹਿਬ ਦੀ ਮੇਰੇ ਵਿਚ ਵੀ ਦਿਲਚਸਪੀ ਹੋ ਚੁੱਕੀ ਸੀ। ਸਾਡੇ ਪਾੜ੍ਹਿਆਂ ਵਿਚ ਚਕਰ-ਵਰਤੀ ਜਥੇ ਦੀਆਂ ਸਰਗਰਮੀਆਂ ਅਤੇ ਭਾਈ ਕਿਸ਼ਨ ਸਿੰਘ ਦੇ ਲੈਕਚਰਾਂ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਸਨ।

ਜਦੋਂ ਐਤਵਾਰ ਦੀ ਛੁੱਟੀ ਅਸੀਂ ਪਿੰਡਾਂ ਨੂੰ ਜਾਂਦੇ ਤਾਂ ਜੋ ਗੱਲਾਂ ਅਸੀਂ ਸੁਣ ਕੇ ਮੁੜਦੇ, ਉਹ ਇਕ-ਦੂਜੇ ਨੂੰ ਦਸਦੇ। ਜੋ ਗੱਲ ਮੈਂ ਪਿੰਡੋਂ ਸੁਣ ਚੁਕਿਆ ਸੀ ਅਤੇ ਜਿਹੜੀ ਇੱਛਾ ਭਾਈ ਕਿਸ਼ਨ ਸਿੰਘ ਦੇ ਦਰਸ਼ਨਾਂ ਦੀ ਪੈਦਾ ਹੋ ਚੁੱਕੀ ਸੀ, ਉਹਦਾ ਪਤਾ ਬਖ਼ਤਾਵਰ ਸਿੰਘ ਨੂੰ ਵੀ ਸੀ। ਬਖ਼ਤਾਵਰ ਸਿੰਘ ਕਹਿਣ ਲਗਿਆ ਕਿ ਜੇ ਮੈਂ ਤੈਨੂੰ ਭਾਈ ਕਿਸ਼ਨ ਸਿੰਘ ਨਾਲ ਮਿਲਾਉਣ ਦਾ ਬੰਦੋਬਸਤ ਕਰ ਦਿਆਂ ਤਾਂ ਕੀ ਖੁਆਏਂਗਾ। ਅੰਨ੍ਹੇ ਨੂੰ ਕੀ ਚਾਹੀਦਾ ਸੀ, ਦੋ ਅੱਖਾਂ। ਮੈਂ ਬਖ਼ਤਾਵਰ ਸਿੰਘ ਦੇ ਖਹਿੜੇ ਪੈ ਗਿਆ ਕਿ ਜੋ ਕਹੇਂਗਾ, ਖੁਆਊਂਗਾ, ਇਕ ਵਾਰ ਜ਼ਰੂਰ ਦਰਸ਼ਨ ਕਰਾ। ਬਾਬੂ ਸੰਤਾ ਸਿੰਘ ਮੇਰੇ ਉਤਾਵਲੇਪਨ ਨੂੰ ਤਾੜਦਾ ਰਿਹਾ, ਕਿਉਂਕਿ ਉਹ ਆਪ ਵੀ ਇਸੇ ਚੱਕਰ ਵਿਚੋਂ ਲੰਘ ਚੁਕਿਆ ਸੀ। ਸੋ ਬਖ਼ਤਾਵਰ ਸਿੰਘ ਨੇ ਬਾਬੂ ਸੰਤਾ ਸਿੰਘ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਹ ਦਰਸ਼ਨ ਕਰਵਾ ਸਕਦੇ ਹਨ। ਤਾਂ ਮੈਂ ਬਾਬੂ ਸਾਹਿਬ ਦੀਆਂ ਮਿੰਨਤਾਂ ਕਰਨ ਲੱਗ ਪਿਆ। ਉਹ ਹੱਸ ਪਏ ਤੇ ਕਹਿ ਗਏ ਕਿ ਮੈਂ ਕਿਸੇ ਸਨਿਚਰਵਾਰ ਨੂੰ ਆ ਕੇ ਤੈਨੂੰ ਲੈ ਚੱਲਾਂਗਾ। ਅਗਲੇ ਦਿਨ ਤੂੰ ਉਹਨਾਂ ਕੋਲ ਠਹਿਰ ਲਈਂ ਅਤੇ ਆਪਣਾ ਚਾਅ ਪੂਰਾ ਕਰ ਲਈਂ। ਪਹਿਲਾਂ ਉਹਨਾਂ ਦੀ ਇਜਾਜ਼ਤ ਲੈਣੀ ਜ਼ਰੂਰੀ ਹੈ।

ਆਉਂਦੇ ਸਨਿਚਰਵਾਰ ਹੀ ਬਾਬੂ ਸਾਹਿਬ ਲੌਢੇ ਵੇਲੇ ਮੈਨੂੰ ਨਾਲ ਲੈ ਪਤਾਰੇ ਉਸੇ ਊਧਮ ਸਿੰਘ ਦੇ ਚੁਬਾਰੇ ਵਿਚ ਜਾ ਪੁੱਜੇ, ਜੀਹਦਾ ਜ਼ਿਕਰ ਮੈਂ ਪਹਿਲਾਂ ਕਰ ਚੁਕਿਆ

ਹਾਂ। ਉਸ ਵੇਲੇ ਭਾਈ ਸਾਹਿਬ ਲਿਖਣ ਵਿਚ ਮਸਰੂਫ਼ ਸਨ ਅਤੇ ਕਈ ਸਫ਼ੇ ਲਿਖੇ ਹੋਏ ਮੰਜੇ ਤੋਂ ਭੁੰਜੇ ਪਏ ਸਨ। ਮੈਂ ਜਾ ਸਤਿ ਸ੍ਰੀ ਅਕਾਲ ਬੁਲਾਈ। ਮਸ਼ਾਲ ਵਾਂਗੂ ਲਟ-ਲਟ ਕਰਦੀਆਂ ਅੱਖਾਂ, ਹੰਸੂ-ਹੰਸੂ ਕਰਦਾ ਚਿਹਰਾ, ਦਰਮਿਆਨਾ ਭਰਵਾਂ ਛੇ ਕੁ ਫੁੱਟਾ ਜਿਸਮ, ਸਭ ਕਾਲੇ ਬਸਤਰ—ਇਸ ਅਜੀਬ ਹਸਤੀ ਵੱਲ ਮੈਂ ਤਕਦਾ ਹੀ ਰਹਿ ਗਿਆ। ਉਹ ਹੱਸ ਪਏ। ਮੰਜੇ ਤੋਂ ਉੱਠ ਥਾਪੜਾ ਦਿੰਦੇ ਹੋਏ ਕਹਿਣ ਲੱਗੇ, "ਬਾਬੂ ਜੀ, ਤੁਸੀਂ ਇਹ ਏਲਚੀ ਕਿਥੋਂ ਲੱਭ ਲਿਆਏ ਹੋ ? ਸੁਨੇਹੇ ਪੁਚਾਉਣ ਦੇ ਖ਼ੂਬ ਕੰਮ ਆਵੇਗਾ।"

ਉਸ ਵੇਲੇ ਬਾਬੂ ਜੀ ਨੇ ਦੱਸਿਆ ਕਿ "ਇਹ ਖ਼ਾਲਸਾ ਹਾਈ ਸਕੂਲ ਜਲੰਧਰ ਵਿਚ ਪੜ੍ਹਦਾ ਹੈ ਅਤੇ ਹੈ ਵੀ ਉਸੇ ਪੰਡੋਰੀ ਨਿੱਝਰਾਂ ਦਾ ਹੀ ਜਿਥੇ ਅਸੀਂ ਲੈਕਚਰ ਕਰ ਆਏ ਹਾਂ। ਜਦੋਂ ਇਹਨੂੰ ਪਤਾ ਲਗਿਆ ਕਿ ਮੈਂ ਤੁਹਾਡੇ ਦਰਸ਼ਨ ਕਰਾ ਸਕਦਾ ਹਾਂ ਤਾਂ ਮੇਰੇ ਖਹਿੜੇ ਪੈ ਗਿਆ, ਜਿਸ ਕਰਕੇ ਤੁਹਾਡੀ ਇਜਾਜ਼ਤ ਲੈ ਕੇ ਹੀ ਇਹਨੂੰ ਲੈਣ ਲਈ ਚਲਿਆ ਗਿਆ ਸੀ।" ਉਹਨਾਂ ਨੇ ਕਾਗ਼ਜ਼ਾਂ ਦੇ ਕੁਝ ਹੋਰ ਦਸਤੇ ਝੋਲੇ ਵਿਚੋਂ ਕੱਢ ਕੇ ਆਖਿਆ, "ਆਹ ਕੰਮ ਵੀ ਕਰਦਾ ਆਇਆ ਹਾਂ।" ਮੈਂ ਚੁੱਪ-ਚੁਪੀਤਾ ਇਕ ਮੰਜੇ ਉੱਤੇ ਬੈਠ ਗਿਆ ਅਤੇ ਭਾਈ ਸਾਹਿਬ ਨੇ ਮੁੜ ਆਪਣਾ ਧਿਆਨ ਉਧਰ ਲਾ ਕੇ ਲਿਖਣਾ ਸ਼ੁਰੂ ਕਰ ਦਿੱਤਾ।

* * *

ਪਾਠਕਾਂ ਨੂੰ ਜੇ ਮੈਂ ਇਹ ਕਹਾਂ ਕਿ ਭਾਈ ਸਾਹਿਬ ਨੂੰ ਲਿਖਣ-ਪੜ੍ਹਨ ਦਾ ਇਸ਼ਕ ਸੀ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਬੇਸ਼ਕ ਉਹ ਸਿਰਫ਼ ਪੰਜਾਬੀ ਹੀ ਲਿਖ-ਪੜ੍ਹ ਸਕਦੇ ਸਨ, ਪਰ ਉਹ ਵੱਡੇ ਵਿਦਵਾਨ ਸਨ। ਸੰਸਕ੍ਰਿਤ ਦੇ ਸ਼ਲੋਕ, ਪੁਰਾਣੇ ਗਰੰਥਾਂ ਦੇ ਹਵਾਲੇ, ਗੁਰਬਾਣੀ ਦੇ ਅਰਥ ਅਤੇ ਦਸਮ ਗਰੰਥ ਸਮੇਤ ਗੁਰਬਾਣੀ ਬਹੁਤ ਜ਼ਬਾਨੀ ਯਾਦ ਸੀ। ਜਿਹਲ ਵਿਚ ਤੜਕੇ ਤਿੰਨ ਬਜੇ ਉੱਠ ਆਸਾ ਦੀ ਵਾਰ, ਚੰਡੀ ਦੀ ਵਾਰ, ਬਚਿਤਰ ਨਾਟਕ ਅਰਥਾਂ ਸਮੇਤ ਸੁਣਾਉਣਾ ਸ਼ੁਰੂ ਕਰ ਦਿੰਦੇ ਸਨ ਅਤੇ ਹੋਰ ਵੇਦ-ਸ਼ਾਸਤਰਾਂ ਦੇ ਸ਼ਲੋਕ ਸੁਣਾ-ਸੁਣਾ ਕੇ ਸਾਨੂੰ ਮਹਿਸੂਸ ਹੀ ਨਹੀਂ ਸਨ ਹੋਣ ਦਿੰਦੇ ਕਿ ਅਸੀਂ ਬੇੜੀਆਂ-ਹੱਥਕੜੀਆਂ ਵਿਚ ਜਕੜੇ ਹੋਏ ਸੀਖਾਂ ਅੰਦਰ ਡੱਕੇ ਆਦਮੀ ਹਾਂ। ਉਹਨਾਂ ਨੇ ਸਗੋਂ ਚੜ੍ਹਦੀ-ਕਲਾ ਦੀਆਂ ਗੱਲਾਂ ਕਰ-ਕਰ ਮੌਤ ਤੋਂ ਨਿਡਰ ਕਰ ਦਿੱਤਾ ਸੀ। ਜਿੰਨਾ ਚਿਰ ਉਹ ਬਾਹਰ ਰਹੇ, ਮੈਂ ਜਦੋਂ ਵੀ ਦੇਖਿਆ, ਉਹ ਜਾਂ ਪੜ੍ਹਦੇ ਜਾਂ ਲਿਖਦੇ ਜਾਂ ਲੈਕਚਰ ਕਰਦੇ ਹੀ ਤੱਕੇ। ਜਾਂ ਰਾਤਾਂ ਦਾ ਸਫ਼ਰ ਵੀ ਵਿਚਾਰ-ਵਟਾਂਦਰੇ ਕਰਦਿਆਂ ਹੋਇਆਂ ਕਟਦੇ ਤਕਿਆ ਸੀ।

* * *

ਜਿਸ ਵੇਲੇ ਅਸੀਂ ਰਾਤ ਦਾ ਪ੍ਰਸ਼ਾਦਾ ਛਕ ਹਟੇ, ਤਾਂ ਉਹ ਦੋਨੋਂ ਅਗਲੇ ਪ੍ਰੋਗਰਾਮ ਦੀ ਤਿਆਰੀ ਕਰਨ ਲਈ ਸਲਾਹ-ਮਸ਼ਵਰਾ ਕਰ ਰਹੇ ਸਨ ਕਿ ਅੱਜ ਕਿਧਰ ਚੱਲਣਾ ਚਾਹੀਦਾ ਹੈ। ਮੈਂ ਝੱਟ ਕਹਿ ਦਿਤਾ ਕਿ ਮੇਰੇ ਪਿੰਡ ਚੱਲੋ। ਸਾਡਾ ਘਰ ਬਿਲਕੁਲ ਨਿਵੇਕਲੀ ਥਾਂ ਉੱਤੇ ਹੈ, ਜਿਸ ਵਿਚ ਅਸੀਂ ਅਤੇ ਤਾਇਆ-ਚਾਚਾ ਹੀ ਵੱਖਰੇ-ਵੱਖਰੇ ਰਹਿੰਦੇ ਹਾਂ।

ਉਹ ਫਟਾ-ਫਟ ਮੇਰੇ ਨਾਲ ਜਾਣ ਲਈ ਤਿਆਰ ਹੋ ਗਏ।

ਅਸੀਂ ਪਤਾਰੇ ਤੋਂ ਰੇਲ ਦੀ ਪਟੜੀ-ਪਟੜੀ ਜੰਡੂ ਸਿੰਘੇ ਦਾ ਸਟੇਸ਼ਨ ਲੰਘ,

ਆਦਮਪੁਰ ਦੇ ਸਟੇਸ਼ਨ ਥਾਣੀਂ ਹੁੰਦੇ ਹੋਏ ਪਿੰਡ ਆ ਪੁੱਜੇ। ਦਿਨ ਸਰਦੀਆਂ ਦੇ ਸਨ। ਮੈਂ ਉਹਨਾਂ ਨੂੰ ਸਿੱਧਾ ਘਰ ਲੈ ਗਿਆ। ਸਾਡਾ ਤਿੰਨਾਂ ਹੀ ਘਰਾਂ ਦਾ ਵਿਹੜਾ ਇਕੱਠਾ ਸੀ। ਇਕ ਛੋਟੀ ਜਿਹੀ ਗਲੀ ਅੰਦਰ ਸਾਡੇ ਘਰ ਸਨ ਅਤੇ ਆਖ਼ਰੀ ਘਰ ਸਾਡਾ ਸੀ। ਪਹਿਲਾਂ ਵੱਡਾ ਸਾਰਾ ਦਲਾਨ ਅਤੇ ਨਾਲ ਲਗਦੀ ਇਕ ਤਿੰਨਾਂ ਖਣਾਂ ਦੀ ਛੋਟੀਆਂ ਇੱਟਾਂ ਦੀ ਬੈਠਕ, ਜੀਹਦਾ ਇਕ ਦਰਵਾਜ਼ਾ ਤਾਂ ਦਲਾਨ ਵਿਚ ਸੀ ਅਤੇ ਦੂਜਾ ਪਿੰਡ ਵੱਲ ਦੀ ਗਲੀ ਵਿਚ ਖੁਲ੍ਹਦਾ ਸੀ। ਇਸੇ ਦਰਵਾਜ਼ੇ ਦੇ ਨਾਲ ਲਗਦਾ ਦਰਵਾਜ਼ਾ ਬੂਟਾ ਸਿੰਘ ਦੇ ਘਰ ਦਾ ਸੀ। ਅਸੀਂ ਤਾਏ-ਚਾਚਿਉਂ ਭਰਾ ਹੀ ਹਾਂ। ਮੈਂ ਆਪ ਤਾਂ ਹਾਈ ਕੋਰਟ ਵਿਚੋਂ ਬਰੀ ਹੋ ਗਿਆ ਸੀ, ਪਰ ਬੂਟਾ ਸਿੰਘ ਉਮਰ-ਕੈਦ ਕੱਟ ਕੇ ਮੁੜਿਆ ਹੈ ਅਤੇ ਜਿਹਲਾਂ ਦਾ ਕੁੱਲ ਹਾਲ ਬੂਟਾ ਸਿੰਘ ਨੇ ਜਿਸ ਤਰ੍ਹਾਂ ਲਿਖ ਕੇ ਦਿਤਾ ਹੈ, ਮੈਂ ਉਸੇ ਦੀ ਵਰਤੋਂ ਕਰ ਰਿਹਾ ਹਾਂ। ਕੁੱਲੀਆਂ-ਚੁੱਕੀਆਂ ਗੱਲਾਂ ਕਰਤਾਰ ਸਿੰਘ, ਜਿਹੜਾ ਉਮਰ-ਕੈਦ ਕੱਟ ਕੇ ਮੁੜਿਆ ਸੀ, ਦੱਸ ਦਿੰਦਾ ਹੈ। ਤੇ ਕਈ ਗੱਲਾਂ ਬਾਕੀ ਕੈਦਾਂ ਕੱਟ ਕੇ ਮੁੜੇ ਸਾਥੀਆਂ ਤੋਂ ਵੀ ਪਤਾ ਲੱਗੀਆਂ ਹਨ।

ਇਹੋ ਬੂਟਾ ਸਿੰਘ ਬਾਬੂ ਸੰਤਾ ਸਿੰਘ ਤੋਂ ਦੂਜੇ ਨੰਬਰ ਉੱਤੇ ਭਾਈ ਕਿਸ਼ਨ ਸਿੰਘ ਜੀ ਦਾ ਪ੍ਰਾਈਵੇਟ ਸੈਕਟਰੀ ਬਣਿਆ ਸੀ। ਜਿਸ ਦਿਨ ਭਾਈ ਸਾਹਿਬ ਗਰਿਫ਼ਤਾਰ ਕੀਤੇ ਗਏ, ਉਸ ਰਾਤ ਵੀ ਬੂਟਾ ਸਿੰਘ ਨੂੰ ਭਾਈ ਸਾਹਿਬ ਨੇ ਕਿਸੇ ਜ਼ਰੂਰੀ ਕੰਮ ਲਈ ਘੱਲ ਛਡਿਆ ਸੀ। ਨਹੀਂ ਤਾਂ ਉਹਨੇ ਵੀ ਨਾਲ ਹੀ ਫੜਿਆ ਜਾਣਾ ਸੀ।

ਸਾਡਾ ਇਹ ਘਰ ਸੀ ਤਾਂ ਕੱਚਾ, ਪੁਰਾਣੇ ਵੇਲਿਆਂ ਦਾ, ਪਰ ਇਹ ਛੋਟੀ ਬੈਠਕ ਭਾਈ ਸਾਹਿਬ ਦੇ ਬਹੁਤ ਪਸੰਦ ਆਈ। ਇਸੇ ਹੀ ਬੈਠਕ ਵਿਚ ਭਾਈ ਸਾਹਿਬ ਮੇਰੀ ਗ਼ੈਰ-ਹਾਜ਼ਰੀ ਵਿਚ ਵੀ ਬੂਟਾ ਸਿੰਘ ਨਾਲ ਆ ਠਹਿਰਦੇ ਸਨ। ਸਾਡੀਆਂ ਮਾਂਵਾਂ ਨੂੰ ਸਿੰਘਾਂ ਦੀ ਸੇਵਾ ਕਰਨ ਦਾ ਬੜਾ ਚਾਅ ਹੁੰਦਾ ਸੀ। ਰੁੱਖੀ-ਮਿੱਸੀ ਜਿਸ ਤਰ੍ਹਾਂ ਦੀ ਹੁੰਦੀ, ਸਿੰਘ ਵੀ ਉਸੇ ਸ਼ਰਧਾ ਨਾਲ ਛਕਦੇ ਸਨ। ਦੁੱਧ, ਮੱਖਣ, ਦਹੀਂ ਦੀ ਤਾਂ ਬੇਪ੍ਰਵਾਹੀ ਹੁੰਦੀ ਸੀ। ਘਰ-ਘਰ ਲਵੇਰਾ ਹੋਣ ਕਰਕੇ ਘਿਉ ਦੀਆਂ ਚਾਟੀਆਂ ਭਰੀਆਂ ਰਹਿੰਦੀਆਂ ਸਨ। ਸਬਜ਼ੀ ਕਦੀ ਦੇਖੀ ਹੀ ਨਹੀਂ ਸੀ। ਹਾਂ, ਆਲੂ-ਵੜੀਆਂ ਘਰ ਤਿਆਰ ਕਰ ਲੈਂਦੇ ਸਨ। ਦਾਲ, ਘਿਉ, ਸ਼ੱਕਰ, ਮੱਖਣ, ਦਹੀਂ ਅਤੇ ਲੱਸੀ ਦਾ ਆਮ ਰਿਵਾਜ ਸੀ ਅਤੇ ਰਾਤ ਨੂੰ ਸ਼ੱਕਰ ਪਾ ਕੇ ਦੁੱਧ ਦਾ ਛੰਨਾ ਵੀ ਜ਼ਰੂਰੀ ਸੀ। ਇਹ ਸੀ ਆਮ ਖ਼ੁਰਾਕ ਉਸ ਜ਼ਮਾਨੇ ਵਿਚ। ਅਸਲੀ ਚੀਜ਼ਾਂ।

ਭਾਈ ਸਾਹਿਬ ਦਾ ਇਹ ਪੱਕਾ ਨੇਮ ਸੀ ਕਿ ਉਹ ਰਾਤ ਵੇਲੇ ਜਿਥੇ ਪੁਜਦੇ, ਦਿਨ ਕੱਟ ਕੇ ਅਗਲੀ ਰਾਤ ਹਰ ਹਾਲਤ ਦੂਜੀ ਥਾਂ ਤੁਰ ਜਾਂਦੇ ਸਨ। ਆਮ ਲੋਕੀਂ ਚਕਰਵਰਤੀ ਜਥੇ ਨੂੰ ਹੱਥੀਂ ਚੁਕ ਲੈਂਦੇ ਸਨ। ਮਾਈਆਂ ਧੰਨ-ਭਾਗ ਸਮਝਦੀਆਂ ਸਨ ਜਿਨ੍ਹਾਂ ਦੇ ਘਰੀਂ ਚਕਰਵਰਤੀ ਜਥਾ ਜਾ ਠਹਿਰਦਾ ਸੀ। ਬਾਅਦ ਵਿਚ ਜਦੋਂ ਗਿਣਤੀ ਬਹੁਤ ਵਧ ਗਈ ਸੀ ਤਾਂ ਆਮ ਦੁਆਬੇ ਵਿਚ ਰਿਵਾਜ ਹੀ ਪੈ ਗਿਆ ਸੀ ਕਿ ਜਦੋਂ ਮਾਈਆਂ ਹਾਲੀਆਂ ਲਈ ਭੱਤਾ ਲੈ ਕੇ ਖੇਤਾਂ ਨੂੰ ਜਾਂਦੀਆਂ ਸਨ ਤਾਂ ਵੱਧ ਪ੍ਰਸ਼ਾਦੇ, ਅਚਾਰ, ਦਹੀਂ, ਲੱਸੀ ਜ਼ਰੂਰ ਲੈ ਜਾਂਦੀਆਂ ਸਨ। ਜਥੇ ਨੂੰ ਸੁਖਾਲਿਆਂ ਹੀ ਪ੍ਰਸ਼ਾਦੇ ਮਿਲ ਜਾਇਆ ਕਰਦੇ ਸਨ। ਅਗੇ ਪਾਠਕ ਆਪ ਅੰਦਾਜ਼ਾ ਲਾ ਲੈਣ। ਇਹੋ ਕਾਰਨ ਸੀ ਕਿ ਬਾਅਦ ਵਿਚ ਸੈਂਕੜੇ ਬੰਦੇ ਦਫ਼ਾ 216 ਅਧੀਨ ਸੀਖਾਂ ਪਿਛੇ ਕੈਦਾਂ ਅੰਦਰ ਡੱਕੇ ਗਏ ਸਨ।

ਦਿਨ ਚੜ੍ਹੇ ਕਿਸ਼ਨ ਸਿੰਘ ਨੇ ਬਾਬੂ ਸੰਤਾ ਸਿੰਘ ਦੀ ਡਿਊਟੀ ਅੰਮ੍ਰਿਤਸਰ ਜਾਣ ਦੀ ਲਾ ਦਿੱਤੀ। ਜੋ ਕੁਝ ਪਤਾਰੇ ਲਿਖਿਆ ਜਾ ਚੁਕਿਆ ਸੀ, ਉਹ ਅਖ਼ਬਾਰਾਂ ਵਿਚ ਛਪਾਉਣ ਅਤੇ ਕੁਝ ਦਸਤੀ ਚਿਠੀਆਂ ਆਪਣੇ ਸਾਥੀਆਂ ਨੂੰ ਪੁਚਾਉਣ ਲਈ ਦੇ ਦਿੱਤੀਆਂ। ਬਾਬੂ ਸੰਤਾ ਸਿੰਘ ਨੇ ਮੈਨੂੰ ਵੀ ਤਿਆਰ ਕਰ ਲਿਆ। ਮੈਂ ਉਸੇ ਵੇਲੇ ਬੂਟਾ ਸਿੰਘ ਨੂੰ ਸੱਦ ਭਾਈ ਸਾਹਿਬ ਦੀ ਸੇਵਾ ਵਿਚ ਪੇਸ਼ ਕਰ ਦਿੱਤਾ।

ਅਸੀਂ ਦਸ ਕੁ ਬਜੇ ਤੱਕ ਅੰਮ੍ਰਿਤਸਰ ਜਾ ਪੁੱਜੇ। ਸਟੇਸ਼ਨ ਤੋਂ ਤਾਂਗੇ ਉੱਤੇ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ। ਸਚਮੁੱਚ ਉਸ ਵੇਲੇ ਮੈਨੂੰ ਇਹ ਪਹਿਲੀ ਝਾਕੀ ਸਵਰਗੀ ਨਜ਼ਾਰਾ ਹੀ ਜਾਪੀ ਸੀ। ਬੱਸ ਅਨੰਦ ਆ ਗਿਆ। ਪਹਿਲਾਂ ਅਕਾਲ ਤਖ਼ਤ ਅਤੇ ਫੇਰ ਦਰਬਾਰ ਸਾਹਿਬ ਅੰਦਰ ਬਾਬੂ ਸਾਹਿਬ ਨੇ ਪ੍ਰਸ਼ਾਦ ਚੜ੍ਹਾਇਆ। ਦੁਬਾਰਾ ਅਕਾਲ ਤਖ਼ਤ ਮੱਥਾ ਟੇਕ ਕੇ ਬਾਹਰ ਆ ਗਏ ਅਤੇ ਸਿਧੇ "ਗੜਗੱਜ" ਅਖ਼ਬਾਰ ਦੇ ਐਡੀਟਰ ਸਰਦਾਰ ਤੇਜਾ ਸਿੰਘ ਭੁੱਚਰ ਨੂੰ ਜਾ ਮਿਲੇ। ਉਹ ਦੋਵੇਂ ਗੱਲੀਂਬਾਤੀਂ ਜੁਟ ਗਏ ਅਤੇ ਮੈਂ ਬਾਜਾਰ ਵਿਚ ਚੱਕਰ ਕੱਢਣ ਨਿਕਲ ਤੁਰਿਆ। ਉਹ ਘੰਟਾ ਕੁ ਗੱਲਾਂ ਕਰਦੇ ਰਹੇ ਹੋਣਗੇ। ਉਹਤੋਂ ਬਾਅਦ ਅਸੀਂ "ਅਜੀਤ" ਅਖ਼ਬਾਰ ਦੇ ਸਰਪ੍ਰਸਤ ਸ: ਰਾਮ ਸਿੰਘ ਧਾਰੋਵਾਲ, ਉਸ ਜ਼ਮਾਨੇ ਦੇ ਉਘੇ ਵਕੀਲ ਕੋਲ ਜਾ ਭਾਈ ਸਾਹਿਬ ਦਾ ਚਿੱਠੀ-ਪੱਤਰ ਹਵਾਲੇ ਕੀਤਾ। ਦੋਨੋਂ ਵਖਰਿਆਂ ਗੱਲਾਂਬਾਤਾਂ ਕਰਦੇ ਰਹੇ ਅਤੇ ਮੈਂ ਬਾਜ਼ਾਰ ਦੀ ਸੈਰ ਕਰਦਾ ਰਿਹਾ। ਤਰਕਾਲਾਂ ਪੈਂਦੀਆਂ ਤੱਕ ਅਸੀਂ ਮੁੜ ਘਰ ਪੁੱਜ ਗਏ।

ਸਾਂਝੇ ਵਿਹੜੇ ਵਿਚ ਲੰਗਰ ਤਿਆਰ ਹੋ ਰਿਹਾ ਸੀ। ਤਾਈਆਂ-ਚਾਚੀਆਂ ਚਾਈਂ-ਚਾਈਂ ਲੰਗਰ ਤਿਆਰ ਕਰ ਰਹੀਆਂ ਸਨ ਅਤੇ ਘਰ ਖੁਰਦਪੁਰ ਡੀਗਰੀਆਂ ਤੋਂ ਬੁਲਾਏ ਜਾ ਚੁਕੇ ਭਾਈ ਸਾਹਿਬ ਦੇ ਸਾਥੀਆਂ ਨਾਲ ਭਰਿਆ ਪਿਆ ਸੀ। ਸਭ ਬੰਦੋਬਸਤ ਬੂਟਾ ਸਿੰਘ ਨੇ ਬਾਕੀ ਸਾਥੀਆਂ ਰਾਹੀਂ ਸੁਨੇਹੇ ਭੇਜ ਕੇ ਕਰ ਲਿਆ ਸੀ। ਉਸੇ ਚੌਕ ਵਿਚ ਦੀਵਾਨ ਦੀ ਤਿਆਰੀ ਵੀ ਹੋ ਚੁੱਕੀ ਸੀ। ਆਲੇ-ਦੁਆਲੇ ਦੇ ਪਿੰਡਾਂ ਦੀਆਂ ਸੰਗਤਾਂ ਜੁੜ ਚੁਕੀਆਂ ਸਨ। ਸੱਚ ਮੰਨਿਉ, ਮੈਨੂੰ ਉਹ ਸਵਰਗੀ ਨਜ਼ਾਰਾ ਅੱਜ ਵੀ ਉਸੇ ਤਰ੍ਹਾਂ ਯਾਦ ਹੈ। ਮੇਰਾ ਤਾਂ ਜ਼ਮੀਨ ਉੱਤੇ ਪੈਰ ਹੀ ਨਹੀਂ ਸੀ ਲੱਗ ਰਿਹਾ, ਕਿਉਂਕਿ ਉਸ ਵੇਲੇ ਦਾ ਚੋਟੀ ਦਾ ਸਿਰ-ਲੱਥ ਯੋਧਾ, ਜੀਹਦੇ ਨਾ ਦੀਆਂ ਧੁੰਮਾਂ ਸਾਰੇ ਦੁਆਬੇ ਵਿਚ ਪੈ ਚੁਕੀਆਂ ਸਨ, ਮੇਰੇ ਆਪਣੇ ਘਰ ਬਿਰਾਜਮਾਨ ਸੀ। ਸਚਮੁੱਚ ਐਡੇ ਵਡੇ ਦੇਸਭਗਤ ਦਾ ਮੇਰੇ ਵਰਗੇ ਗ਼ਰੀਬ ਘਰ ਦੇ ਬੰਦੇ ਕੋਲ ਆਉਣਾ ਮੇਰੇ ਲਈ ਬਹੁਤ ਵੱਡੀ ਗੱਲ ਸੀ।

ਇਹ ਗੱਲ ਵਖਰੀ ਹੈ ਕਿ ਅਜਿਹੇ ਕਾਰਨਾਂ ਕਰਕੇ ਬਾਅਦ ਵਿਚ ਇਸੇ ਘਰ ਦੀ ਪੁਲਸ ਨੇ ਪਤਾ ਨਹੀਂ ਕਿੰਨੀ ਕੁ ਵਾਰ ਤਲਾਸ਼ੀ ਲਈ। ਮਾਈ ਨੂੰ ਉਸੇ ਪੁਲਸ ਤੋਂ ਬੋਲ-ਕੁਬੋਲ ਸੁਣਨੇ ਪਏ ਸਨ ਅਤੇ ਹਰ ਸ਼ਾਮ ਪੁਲਸ ਚੌਕੀ ਵਿਚ ਜਾ ਕੇ ਹਾਜ਼ਰੀ ਭਰਨੀ ਪਈ ਸੀ। ਬਹੁਤ ਦੁੱਖ-ਭਰੀ ਲੰਮੀ ਕਹਾਣੀ ਹੈ। ਇਕੱਲੇ ਮੇਰੇ ਘਰ ਦੀ ਹੀ ਨਹੀਂ ਸਾਡੇ ਸਾਰਿਆਂ ਦੇ ਘਰਾਂ ਵਾਲਿਆਂ ਦੀ ਹੀ ਹੈ ਜਿਹੜੇ ਅਸੀਂ ਘਟੋ-ਘੱਟ ਤੇਰਾਂ ਬੰਦੇ ਤਾਂ ਅੰਦਰ ਜਾ ਚੁਕੇ ਸੀ।

ਮੁਕਦੀ ਗੱਲ, ਭਾਈ ਸਾਹਿਬ ਦਾ ਖ਼ੂਬ ਵੱਜ-ਗੱਜ ਕੇ ਧੜੱਲੇਦਾਰ ਲੈਕਚਰ ਹੋਇਆ ਅਤੇ ਉਹ ਆਪਣੇ ਸਾਥੀਆਂ ਨਾਲ ਤੁਰਦੇ ਹੋਏ। ਅਗਲੇ ਦਿਨ ਸਵੇਰੇ ਆਦਮਪੁਰੋਂ

ਪਹਿਲੀ ਰੇਲ ਚੜ੍ਹ ਮੈਂ ਸਕੂਲੇ ਜਾ ਹਾਜ਼ਰੀ ਭਰੀ ਅਤੇ ਬਾਅਦ ਵਿਚ ਆਪਣੀ ਕਾਰਗੁਜ਼ਾਰੀ ਆਪਣੇ ਸਾਥੀਆਂ ਨੂੰ ਮਸਾਲੇ ਲਾ-ਲਾ ਖ਼ੂਬ ਸੁਣਾਈ।

ਇਸ ਗੇੜੇ ਪਿਛੋਂ ਬਾਬੂ ਸੰਤਾ ਸਿੰਘ ਤਾਂ ਇਕ ਕਿਸਮ ਦਾ ਇਸੇ ਹੀ ਪਿੰਡ ਦਾ ਵਾਸੀ ਬਣ ਗਿਆ। ਹਰ ਘਰ ਉਹਨੂੰ ਹਥੀਂ ਛਾਂਵਾਂ ਕਰ ਲੱਗ ਪਿਆ। ਇਹੋ ਕਾਰਨ ਸੀ ਕਿ ਇਸ ਪਿੰਡ ਦੇ ਇਕੱਠੇ ਤੇਰਾਂ ਬਬਰ ਸੀਖਾਂ ਅੰਦਰ ਹੋਏ ਸਨ, ਜਦੋਂ ਕਿ ਚਹੁੰ-ਪੰਜਾਂ ਤੋਂ ਵੱਧ ਦੁਆਬੇ ਦੇ ਕਿਸੇ ਪਿੰਡ ਦੇ ਹਿੱਸੇ ਇਹ ਗੱਲ ਨਹੀਂ ਸੀ ਆਈ। ਇਹੋ ਕਾਰਨ ਸੀ ਕਿ ਸਭ ਤੋਂ ਪਹਿਲਾਂ ਇਸੇ ਪਿੰਡ ਨੂੰ ਪੁਲਸ ਨੇ ਵੱਡੀ ਗਿਣਤੀ ਵਿਚ ਘੇਰਾ ਪਾਇਆ ਸੀ ਅਤੇ ਜੱਜ ਸਾਹਿਬ ਨੇ ਜੱਜਮੈਂਟ ਵਿਚ ਵਾਰ-ਵਾਰ ਇਸੇ ਪਿੰਡ ਨੂੰ ਬਬਰਾਂ ਦਾ ਸਭ ਤੋਂ ਵੱਡਾ ਗੜ੍ਹ ਮੰਨਿਆ ਸੀ। ਖ਼ਾਸ ਤੌਰ ਉੱਤੇ ਕਰਤਾਰ ਸਿੰਘ ਅਤੇ ਹੁਕਮ ਸਿੰਘ ਦੀ ਬੈਠਕ, ਜਿਹੜੀ ਮੇਰੇ, ਬੂਟਾ ਸਿੰਘ ਅਤੇ ਊਧਮ ਸਿੰਘ ਦੇ ਘਰਾਂ ਦੇ ਨਾਲ ਹੀ ਲਗਦੀ ਹੈ, ਸਾਰੇ ਸਿਰਕੱਢ ਬਬਰਾਂ ਦਾ ਠਿਕਾਣਾ ਬਣ ਗਈ ਸੀ। ਬੇਸ਼ੱਕ ਪ੍ਰਸ਼ਾਦੇ ਬਾਕੀ ਸਭਨਾਂ ਦੇ ਘਰਾਂ ਤੋਂ ਵਾਰੀ-ਵਾਰੀ ਆ ਜਾਂਦੇ ਸਨ।

# 11. ਪਿੰਡ ਘੁੜਿਆਲ, ਥਾਣਾ ਆਦਮਪੁਰ ਦਾ ਪ੍ਰਸਿੱਧ ਅਤੇ ਅਨੋਖਾ ਦੀਵਾਨ

ਫ਼ਰਵਰੀ 1922 ਦੇ ਅਖ਼ੀਰ ਬਾਰੇ ਸੰਤ ਗੁਰਬਖ਼ਸ਼ ਸਿੰਘ, ਜਿਨ੍ਹਾਂ ਦਾ ਜ਼ਿਕਰ ਸੰਤ ਕਰਤਾਰ ਸਿੰਘ ਦੇ ਬਿਆਨ ਵਿਚ ਆ ਚੁਕਿਆ ਹੈ, ਪੇਪਰ-ਬੁੱਕ ਦੇ ਸਫ਼ਾ 53 ਦੀ ਸਤਰ 18 ਤੋਂ ਅਗੇ ਦਸਦਾ ਹੈ ਕਿ ਉਹ 24-25-26 ਫ਼ਰਵਰੀ ਨੂੰ ਘੁੜਿਆਲ ਚਲਿਆ ਗਿਆ ਸੀ।

ਅਸਲ ਵਿਚ ਇਹਨਾਂ ਤਾਰੀਖਾਂ ਨੂੰ ਸੰਤ ਗੁਰਬਖ਼ਸ਼ ਸਿੰਘ ਨੇ ਪਹਿਲਾਂ ਕੀਤੇ ਜਾ ਚੁੱਕੇ ਇਕੋਤਰ ਸੌ ਅਖੰਡ ਪਾਠਾਂ ਦਾ ਭੋਗ ਪੁਆਇਆ ਸੀ। ਸਿੱਖਾਂ ਵਿਚ ਇਕ ਅਖੰਡ ਪਾਠ ਦੇ ਭੋਗ ਨੂੰ ਵੀ ਬਹੁਤ ਵੱਡੀ ਮਹਿਮਾ ਦਿੱਤੀ ਜਾਂਦੀ ਹੈ, ਇਥੇ ਤਾਂ ਇਕ ਸੌ ਪਾਠਾਂ ਦੀ ਸਿਲਸਿਲੇਵਾਰ ਲੜੀ ਸਮਾਪਤ ਹੋਣ ਕਰਕੇ ਇਕੋਤਰ ਸੌਵੇਂ ਦਾ ਭੋਗ ਪੈ ਰਿਹਾ ਸੀ। ਮਸਤੂਆਣੇ ਤੋਂ ਸੰਤ ਅਤਰ ਸਿੰਘ ਆਏ ਹੋਏ ਸਨ ਅਤੇ ਪਤਾ ਨਹੀਂ ਕਿੰਨੇ ਕੁ ਸੌ ਨਿਰਮਲੇ ਤੇ ਉਦਾਸੀ ਸੰਤ ਪੁੱਜੇ ਹੋਏ ਸਨ। ਖੁੱਲ੍ਹੇ ਮੈਦਾਨ ਵਿਚ ਸੰਗਤਾਂ ਜੁੜ ਚੁਕੀਆਂ ਸਨ।

ਸਾਡਾ, ਖ਼ਾਲਸਾ ਸਕੂਲ ਦੇ ਵਿਦਿਆਰਥੀਆਂ ਦਾ ਜਥਾ ਵੀ ਇਸ ਸੁਭ ਅਵਸਰ ਉੱਤੇ ਪਹਿਲੀ ਰਾਤ ਨੂੰ ਹੀ ਪੁੱਜ ਚੁਕਿਆ ਸੀ, ਜਿਸ ਵਿਚ ਸੰਧਵਾਂ ਵਾਲੇ ਕੇਹਰ ਸਿੰਘ ਹਾਰਮੋਨੀਅਮ ਬਾਜਾ ਤੇ ਰਤਨ ਸਿੰਘ ਮਾਣਕ ਰਾਈ ਢੋਲਕੀ ਬਜਾਉਣ ਵਾਲਿਆਂ ਤੋਂ ਬਿਨਾਂ ਸੁਰੈਣ ਸਿੰਘ ਸ਼ੰਕਰ, ਅਖੰਡ ਪਾਠੀ ਗੁਰਦਿਆਲ ਸਿੰਘ ਭੁੱਲਰ, ਕਰਮ ਸਿੰਘ, ਸੰਪੂਰਨ ਸਿੰਘ ਹਰੀਪੁਰ, ਪ੍ਰੀਤਮ ਸਿੰਘ ਖੁਰਦਪੁਰ ਅਤੇ ਬਲਵੰਤ ਸਿੰਘ ਭਟਰਾਣਾ ਛੈਣੇ-ਚਿਮਟਿਆਂ ਨਾਲ ਲੈਸ ਪੁਜ ਚੁਕੇ ਸਨ ਅਤੇ ਅਗਲੇ ਦਿਨ ਆਪਣੀ ਵਾਰੀ ਲਾ ਚੁਕੇ ਸਨ। ਭੋਗ ਪੈਣ ਪਿਛੋਂ ਸੰਤ ਮਣੀ ਸਿੰਘ ਜੀ ਮਿੱਠੀ ਅਤੇ ਸੁਰੀਲੀ ਆਵਾਜ਼ ਵਿਚ ਕੀਰਤਨ ਸਮਾਪਤ ਕਰ ਚੁਕੇ ਸਨ ਤਾਂ ਦੀਵਾਨ ਨੇ ਸਿਆਸੀ ਰੂਪ ਧਾਰ ਲਿਆ। ਨਰਿੰਦਰ ਸਿੰਘ ਜਥੇਦਾਰ ਕੰਦੋਲਾ ਪ੍ਰਧਾਨ ਚੁਣ ਲਏ ਗਏ। ਸਭ ਤੋਂ ਪਹਿਲਾਂ ਜਥੇਦਾਰ ਸਾਹਿਬ ਨੇ ਮੈਨੂੰ "ਨੱਠੇ ਜਾਣ ਫਰੰਗੀ" ਵਾਲੀ ਮੁਹਾਰਨੀ ਦੁਹਰਾਉਣ ਲਈ ਸੱਦ ਘੱਲਿਆ। ਮੈਂ ਕਹਾਂ "ਨੱਠੇ ਜਾਣ ਫ਼ਰੰਗੀ" ਅਤੇ ਜਵਾਬ ਵਿਚ ਸੰਗਤਾਂ ਕਹਿਣ, "ਔਹ ਦੇਖ ਨੱਠੇ ਜਾਂਦੇ ਨੇ"। ਉਹਨਾਂ ਦਿਨਾਂ ਵਿਚ ਮੈਂ ਇਸੇ ਨਜ਼ਮ ਨੂੰ ਵਾਰ-ਵਾਰ ਜਲਸਿਆਂ ਵਿਚ ਪੜ੍ਹਨ ਕਰਕੇ ਸਮਝ ਲਉ "ਮਸ਼ਹੂਰੀ" ਪਾ ਚੁਕਿਆ ਸੀ। ਮੈਂ ਹਾਲੇ ਨਜ਼ਮ ਪੜ੍ਹ

ਹੀ ਰਿਹਾ ਸੀ ਕਿ ਭਾਈ ਕਿਸ਼ਨ ਸਿੰਘ ਅਤੇ ਭਾਈ ਸੁੰਦਰ ਸਿੰਘ ਇਕ ਊਠ ਤੋਂ ਉੱਤਰ ਕੇ ਸਿਧੇ ਸਟੇਜ ਉੱਤੇ ਆ ਗਏ। ਭਾਈ ਸੁੰਦਰ ਸਿੰਘ ਨੇ ਆਉਂਦਿਆਂ ਹੀ ਸੁਰੀਲੀ ਅਤੇ ਗੂੰਜਵੀਂ ਆਵਾਜ਼ ਵਿਚ ਇਹ ਕਬਿਤ ਪੜ੍ਹਨਾ ਸ਼ੁਰੂ ਕਰ ਦਿੱਤਾ :

ਕੀ ਕਹੂਗੀ ਲੁਕਾਈ ਭਾਈ ਸਿੰਘਾਂ ਨਾਲ ਬੁਰੀ ਹੋਈ
ਘੋਟਣੇ ਦੀ ਚੋਟ ਜੇ ਫਰੰਗੀ ਸੀਸ ਲਾਈ ਨਾ .

ਆਮ ਤੌਰ ਉੱਤੇ ਅੰਗਰੇਜ਼ ਨੂੰ ਫ਼ਰੰਗੀ ਕਰਕੇ ਹੀ ਸੱਦਿਆ ਜਾਂਦਾ ਸੀ ਅਤੇ ਭਾਈ ਸਾਹਿਬ ਵੀ ਹਰ ਸਮੇਂ ਫ਼ਰੰਗੀ ਸ਼ਬਦ ਹੀ ਵਰਤਿਆ ਕਰਦੇ ਸਨ। ਭਾਈ ਸੁੰਦਰ ਸਿੰਘ ਨੇ ਅਗੜ-ਪਿੱਛੇ ਦੋ-ਤਿੰਨ ਹੋਰ ਭੜਕੀਲੀਆਂ ਨਜ਼ਮਾਂ ਸੁਣਾਈਆਂ। ਉਹਨਾਂ ਦਿਨਾਂ ਦੇ ਸਿਆਸੀ ਜਲਸਿਆਂ ਵਿਚ ਬੰਦੇ ਮਾਤਰਮ, ਅੱਲਾ-ਹੂ-ਅਕਬਰ ਅਤੇ ਸਤਿ ਸ੍ਰੀ ਅਕਾਲ ਦੇ ਨਾਹਰੇ ਲਾਉਣ ਦਾ ਆਮ ਰਿਵਾਜ ਸੀ। ਇਨਕਲਾਬ ਜ਼ਿੰਦਾਬਾਦ ਦਾ ਨਾਹਰਾ ਪਹਿਲੀ ਵਾਰ 1929 ਵਿਚ ਭਗਤ ਸਿੰਘ ਅਤੇ ਦੱਤ ਨੇ ਦਿੱਲੀ ਅਸੈਂਬਲੀ ਵਿਚ ਬੰਬ ਸੁੱਟਣ ਵੇਲੇ ਲਾਇਆ ਅਤੇ ਬਾਅਦ ਵਿਚ ਸਾਰੇ ਦੇਸ ਵਿਚ ਪ੍ਰਚੱਲਤ ਹੋ ਗਿਆ।

ਭਾਈ ਸੁੰਦਰ ਸਿੰਘ ਤੋਂ ਬਾਅਦ ਭਾਈ ਕਿਸ਼ਨ ਸਿੰਘ ਨੇ ਆਪਣੇ ਖ਼ਾਸ ਅੰਦਾਜ਼ ਵਿਚ ਲੈਕਚਰ ਸ਼ੁਰੂ ਕਰ ਦਿਤਾ।

ਮੈਂ ਇਸ ਕਾਂਡ ਦਾ ਨਾਂ "ਪ੍ਰਸਿੱਧ ਅਤੇ ਅਨੋਖਾ" ਜਾਣਬੁੱਝ ਕੇ ਹੀ ਰਖਿਆ ਹੈ। ਹੁਣ ਉਹਨਾਂ ਦਾ ਅਭਿਆਸ ਬਹੁਤ ਵਧ ਚੁਕਿਆ ਸੀ। ਪੁਰਾਣੀਆਂ ਟੂਕਾਂ ਦੇ ਸੰਖੇਪ ਦੇ ਨਾਲ-ਨਾਲ ਨਵੀਆਂ ਤੋਂ ਨਵੀਆਂ ਜੁਸ਼ੀਲੀ ਕਿਸਮ ਦੀਆਂ ਗੱਲਾਂ ਹੀ ਸਰੋਤਿਆਂ ਨੂੰ ਸੁਨਣ ਲਈ ਮਿਲਦੀਆਂ ਸਨ। ਇਹੋ ਕਾਰਨ ਸੀ ਕਿ ਉਜਾੜ ਮੈਦਾਨਾਂ ਵਿਚ ਕਈਆਂ ਪਿੰਡਾਂ ਦੇ ਵਸੀਮਿਆਂ ਉੱਤੇ ਜਲਸੇ ਹੋਣੇ ਸ਼ੁਰੂ ਹੋ ਗਏ ਸਨ। ਲੋਕੀਂ ਪਿੰਡਾਂ ਤੋਂ ਵਹੀਰਾਂ ਘੱਤ-ਘੱਤ ਪੁੱਜ ਜਾਇਆ ਕਰਦੇ ਸਨ। ਹਨੇਰੀਆਂ ਅਤੇ ਚਾਨਣੀਆਂ ਰਾਤਾਂ ਦਾ ਕੋਈ ਅੰਤਰ ਨਹੀਂ ਸੀ ਰਹਿ ਗਿਆ। ਪੁਲਸ ਦਾ ਜ਼ੋਰ ਵਧਣ ਕਰਕੇ ਜ਼ਿਆਦਾ ਜਲਸੇ ਰਾਤਾਂ ਨੂੰ ਕਰਨੇ ਸ਼ੁਰੂ ਕਰ ਦਿੱਤੇ ਗਏ ਸਨ। ਜ਼ਬਾਨੀ ਸੁਨੇਹੇ ਮਿਲਣ ਉੱਤੇ ਵੀ ਹਜ਼ਾਰਾਂ ਦੀ ਗਿਣਤੀ ਵਿਚ ਲੁਕਾਈ ਪੁੱਜ ਜਾਂਦੀ ਸੀ।

ਉਹਨਾਂ ਹੀ ਦਿਨਾਂ ਵਿਚ ਪ੍ਰਿੰਸ ਆਫ਼ ਵੇਲਜ਼ ਮੁਲਕ ਵਿਚ ਆ ਚੁਕਿਆ ਸੀ। ਦੇਸਭਗਤ ਕਾਲੀਆਂ ਝੰਡੀਆਂ ਨਾਲ ਅਤੇ "ਵਾਪਸ ਜਾਉ" ਦੇ ਨਾਹਰਿਆਂ ਨਾਲ ਉਹਦਾ ਸਵਾਗਤ ਕਰ ਰਹੇ ਸਨ। ਅੰਗਰੇਜ਼-ਭਗਤ, ਰਾਏ ਬਹਾਦਰ, ਖਾਨ ਬਹਾਦਰ, ਸਰਦਾਰ ਬਹਾਦਰ ਅਤੇ ਕੁੱਲ ਰਿਆਸਤਾਂ ਦੇ ਰਜਵਾੜੇ ਤੇ ਕਰੋੜ-ਪਤੀ ਸੇਠ ਫੁੱਲਾਂ ਦੇ ਹਾਰ ਪਾ-ਪਾ ਸਵਾਗਤ ਵਿਚ ਜੁਟੇ ਹੋਏ ਸਨ। ਸਰਕਾਰ ਇਸ ਸਵਾਗਤ ਲਈ ਪੂਰੀ ਵਾਹ ਲਾ ਰਹੀ ਸੀ ਅਤੇ ਦੇਸਭਗਤ ਵੱਖਰਾ ਜਲਵਾ ਦਿਖਾ ਰਹੇ ਸਨ। ਸਮਝ ਲਉ, ਦੋਹਾਂ ਪਾਸਿਆਂ ਤੋਂ ਸਿਰ-ਧੜ ਦੀ ਬਾਜ਼ੀ ਸਾਰੇ ਮੁਲਕ ਵਿਚ ਲੱਗ ਚੁੱਕੀ ਸੀ।

ਭਾਈ ਕਿਸ਼ਨ ਸਿੰਘ ਨੇ ਮਿਆਨ ਵਿਚੋਂ ਕਿਰਪਾਨ ਧੂੰਹਦਿਆਂ ਬੜੇ ਰੋਹ-ਭਰੇ ਲਫ਼ਜ਼ਾਂ ਵਿਚ ਸੇਠਾਂ, ਰਜਵਾੜਿਆ ਅਤੇ ਝੋਲੀ-ਚੁੱਕਾਂ ਨੂੰ ਵੰਗਾਰਿਆ ਅਤੇ ਆਖਿਆ ਕਿ ਐਸ ਵੇਲੇ ਫ਼ਰੰਗੀ ਸ਼ਹਿਜਾਦਾ ਪ੍ਰਿੰਸ ਆਫ਼ ਵੇਲਜ਼ ਭੂਤਨਾ ਬਣ ਕੇ ਹਿੰਦੁਸਤਾਨੀਆਂ ਨੂੰ ਚਿੰਬੜਨ ਲਈ ਸਾਡੇ ਮੁਲਕ ਵਿਚ ਆ ਚੁਕਿਆ ਹੈ। ਨੌਕਰਸ਼ਾਹੀ ਬੰਦੂਕਾਂ ਅਤੇ ਸੰਗੀਨਾਂ

ਦੀ ਛਾਂ ਥੱਲੇ ਟੋਡੀਆਂ ਤੋਂ ਉਹਦੇ ਗਲ ਵਿਚ ਫੁੱਲਾਂ ਦੇ ਹਾਰ ਪੁਆ ਰਹੀ ਹੈ। ਮੈਂ ਐਲਾਨ ਕਰਦਾ ਹਾਂ ਕਿ ਜਦੋਂ ਸ਼ਹਿਜ਼ਾਦਾ ਪੰਜਾਬ ਦੀ ਧਰਤੀ ਉੱਤੇ ਪੈਰ ਧਰੇਗਾ ਤਾਂ ਮੈਂ ਆਪਣੇ ਚਕਰਵਰਤੀ ਜਥੇ ਦੇ ਬਾਹੂ-ਬਲ ਨਾਲ ਸ਼ਹਿਜ਼ਾਦੇ ਦੇ ਗਲ ਵਿਚ ਬੰਬਾਂ ਦੇ ਹਾਰ ਪਾ ਕੇ ਉਹਦਾ ਸੁਆਗਤ ਕਰਾਂਗਾ। ਗੱਲ ਕੀ, ਇਹ ਗੱਲ ਸੁਣਦਿਆਂ ਹੀ ਆਮ ਲੋਕੀਂ ਜੋਸ਼ ਵਿਚ ਉੱਠ ਕੇ ਖੜੋ ਗਏ ਅਤੇ ਸਤਿ ਸ੍ਰੀ ਅਕਾਲ ਦੇ ਨਾਹਰੇ ਗੂੰਜਣ ਲੱਗ ਪਏ। ਅਸੀਂ ਆਪ ਵੀ ਜੈਕਾਰਿਆਂ ਵਿਚ ਸ਼ਾਮਲ ਹੋ ਗਏ। ਸੱਚੀ ਗੱਲ ਤਾਂ ਇਹ ਹੈ ਕਿ ਐਨਾਂ ਜੋਸ਼ ਅੱਜ ਤੱਕ ਮੈਂ ਕਦੇ ਕਿਸੇ ਜਲਸੇ ਵਿਚ ਨਹੀਂ ਦੇਖ ਸਕਿਆ। ਸਾਡੇ ਲਈ ਇਹ ਬਿਲਕੁਲ ਨਵੀਂ ਗੱਲ ਸੀ। ਕਾਫ਼ੀ ਚਿਰ ਬਾਅਦ ਭਾਈ ਸੁੰਦਰ ਸਿੰਘ ਦੇ ਇਕ ਸ਼ਬਦ ਪੜ੍ਹਨ ਨਾਲ ਸ਼ਾਂਤੀ ਸਥਾਪਤ ਹੋਈ ਅਤੇ ਭਾਈ ਸਾਹਿਬ ਨੇ ਲੈਕਚਰ ਸਮਾਪਤ ਕੀਤਾ।

ਜਲਸੇ ਵਿਚੋਂ ਤੁਰਨ ਲਗਿਆਂ ਭਾਈ ਸਾਹਿਬ ਨੇ ਮੈਨੂੰ ਕਲਾਵੇ ਵਿਚ ਲੈ ਕੇ ਆਖਿਆ, "ਬੇਟਾ, ਤਕੜਾ ਹੋ, ਫ਼ਰੰਗੀ ਹੁਣ ਭੱਜਣ ਵਾਲਾ ਹੀ ਹੈ, ਅਸੀਂ ਹੁਣ ਭਜਾ ਕੇ ਹੀ ਦਮ ਲੈਣਾ ਹੈ।" ਮੇਰੇ ਸਾਥੀਆਂ ਨੇ ਅੱਖੀਂ ਦੇਖ ਲਿਆ ਕਿ ਭਾਈ ਸਾਹਿਬ ਤਾਂ ਇਹਦੇ ਨਾਲ ਆਪਣੇ ਬੱਚੇ ਤੋਂ ਵੀ ਵੱਧ ਪਿਆਰ ਕਰਦੇ ਹਨ, ਤਾਂ ਮੇਰੀਆਂ ਪਹਿਲਾਂ ਮਾਰੀਆਂ ਗੱਲਾਂ ਦਾ ਉਹਨਾਂ ਨੂੰ ਯਕੀਨ ਆ ਗਿਆ ਕਿ ਇਹ ਤਾਂ ਸਚਮੁੱਚ ਹੀ ਚਕਰਵਰਤੀ ਜਥੇ ਦਾ ਵਾਕਿਫ਼ ਹੈ। ਪਹਿਲਾਂ ਉਹ ਮੈਨੂੰ ਐਵੇਂ ਫੋਕੀਆਂ ਬੜ੍ਹਕਾਂ ਮਾਰਨ ਵਾਲਾ ਹੀ ਖ਼ਿਆਲ ਕਰਦੇ ਸਨ। ਪਰ ਅੱਜ ਦਾ ਹਾਲ ਦੇਖ ਕੇ ਹੈਰਾਨ ਤਾਂ ਰਹਿਣਾ ਹੀ ਸੀ, ਮੇਰੀ ਇੱਜ਼ਤ ਵੀ ਕਰਨ ਲੱਗ ਪਏ।

ਮੈਂ ਜੋ ਇਸ ਘੁੜਿਆਲ ਵਾਲੇ ਦੀਵਾਨ ਦਾ ਜ਼ਿਕਰ ਕੀਤਾ ਹੈ ਅਤੇ ਭਾਈ ਕਿਸ਼ਨ ਸਿੰਘ ਨੇ ਸ਼ਹਿਜ਼ਾਦੇ ਦੇ ਸਵਾਗਤ ਲਈ ਜੋ ਲਫ਼ਜ਼ ਵਰਤੇ ਸਨ, ਉਹ ਇਕ ਸਰਕਾਰੀ ਗਵਾਹ ਨੰ: 69, ਮਹੱਦੀਪੁਰੀਏ ਹਰਨਾਮ ਸਿੰਘ ਦੇ ਬਿਆਨ ਵਿਚ ਪੇਪਰ-ਬੁੱਕ ਦੇ ਸਫ਼ਾ 327 ਉੱਤੇ ਦਰਜ ਹਨ। ਇਹਦਾ ਜ਼ਿਕਰ ਪੂਰੀ ਤਫ਼ਸੀਲ ਨਾਲ ਬਾਅਦ ਵਿਚ ਆ ਹੀ ਜਾਣਾ ਹੈ। ਉਹ ਉਸ ਵੇਲੇ ਸਫ਼ੇਦਪੋਸ਼ ਸੀ ਅਤੇ ਬਾਅਦ ਵਿਚ ਜ਼ੈਲਦਾਰ ਬਣ ਗਿਆ ਸੀ।

ਉਹਨਾਂ ਦਿਨਾਂ ਵਿਚ ਹੀ ਇਕ ਜਲਸਾ ਪਿੰਡ ਖੁਰਦਪੁਰ ਵਿਚ ਹੋਇਆ। ਉਸ ਵਿਚ ਮੈਂ ਵੀ ਗਿਆ ਸੀ, ਕਿਉਂਕਿ ਉਸ ਦਿਨ ਕਾਂਗਰਸ ਦੇ ਵੱਡੇ-ਵੱਡੇ ਲੀਡਰ ਜਲੰਧਰ ਤੋਂ ਹੁਸ਼ਿਆਰਪੁਰ ਜਾ ਰਹੇ ਸਨ ਅਤੇ ਉਹਨਾਂ ਨੇ ਖੁਰਦਪੁਰ ਵੀ ਲੈਕਚਰ ਕਰਨੇ ਸਨ। ਇਸ ਪਿੰਡ ਦੇ ਦੋ ਗ਼ਦਰ ਪਾਰਟੀ ਵਾਲੇ, ਭਾਈ ਬਲਵੰਤ ਸਿੰਘ ਅਤੇ ਭਾਈ ਰੰਗਾ ਸਿੰਘ 1916 ਵਿਚ ਫਾਂਸੀ ਲੱਗ ਚੁੱਕੇ ਸਨ ਅਤੇ ਇਸ ਸੜਕ ਤੋਂ ਲੰਘਦਾ ਹਰ ਵਡਾ ਲੀਡਰ ਲਾਜ਼ਮੀ ਤੌਰ ਉੱਤੇ ਇਹਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਜਾਇਆ ਕਰਦਾ ਸੀ। ਉਸ ਦਿਨ ਸੀ ਆਰ ਦਾਸ, ਸਵਾਮੀ ਸਤਿਦੇਵ, ਹੰਸਰਾਜ ਜਲੰਧਰੀ ਅਤੇ ਲਜਿਆਵਤੀ ਜੀ ਆਏ ਸਨ।

ਜਦੋਂ ਉਹ ਲੈਕਚਰ ਕਰਕੇ ਚਲੇ ਗਏ, ਉਸੇ ਵੇਲੇ ਭਾਈ ਸੁੰਦਰ ਸਿੰਘ, ਬਾਬੂ ਸੰਤਾ ਸਿੰਘ, ਭਾਈ ਕਿਸ਼ਨ ਸਿੰਘ ਅਤੇ ਸੰਤ ਕਰਤਾਰ ਸਿੰਘ ਵੀ ਜਲਸੇ ਵਿਚ ਪੁੱਜ ਗਏ। ਪਹਿਲਾਂ ਭਾਈ ਸੁੰਦਰ ਸਿੰਘ ਨੇ "ਗ਼ਦਰ ਦੀ ਗੂੰਜ" ਦੀ ਨਜ਼ਮ ਪੜ੍ਹੀ ਅਤੇ ਭਾਈ ਸਾਹਿਬ ਨੇ ਲੈਕਚਰ ਸ਼ੁਰੂ ਕਰ ਦਿਤਾ। ਉਹਨਾਂ ਨੇ ਦਸਿਆ ਕਿ ਬੇਸ਼ੱਕ ਕਾਂਗਰਸ

ਸ਼ਾਂਤਮਈ ਢੰਗ ਨਾਲ ਅੰਗਰੇਜ਼ੀ ਰਾਜ ਖ਼ਤਮ ਕਰਨ ਲਈ ਜ਼ੋਰ ਲਾ ਲਵੇ, ਪਰ ਕੁਝ ਬਣਨਾ ਨਹੀਂ । ਅੰਗਰੇਜ਼ ਚਕਰਵਰਤੀ ਜਥੇ ਦੇ ਪ੍ਰੋਗਰਾਮ ਤੋਂ ਬਿਨਾਂ ਕਦੀ ਮੁਲਕ ਛੱਡ ਕੇ ਜਾਣ ਵਾਲਾ ਨਹੀਂ । ਅੱਗ ਲੱਗੀ ਤੋਂ ਖੂਹ ਪੁੱਟਣਾ ਕੋਈ ਅਕਲ ਦੀ ਗੱਲ ਨਹੀਂ ਹੁੰਦੀ । ਸਾਨੂੰ ਹਥਿਆਰ ਇਕੱਠੇ ਕਰਨੇ ਚਾਹੀਦੇ ਹਨ । ਜਿੰਨੇ ਹੋ ਸਕਣ, ਬੰਬ ਵੀ ਇਕੱਠੇ ਕਰ ਲਏ ਜਾਣ । ਜਦੋਂ ਸਭ ਹਥਿਆਰ ਇਕੱਠੇ ਹੋ ਗਏ, ਤਾਂ ਹਮਲਾ ਕਰਕੇ ਫਰੰਗੀਆਂ ਨੂੰ ਭਜਾ ਮੁਲਕ ਵਿਚੋਂ ਬਾਹਰ ਕਰਾਂਗੇ । ਉਸ ਵੇਲੇ ਦੇ ਜਲਸੇ ਦਾ ਪ੍ਰਧਾਨ ਲਛਮਨ ਸਿੰਘ ਉੱਠ ਕੇ ਰੌਲਾ ਪਾਉਣ ਲੱਗ ਪਿਆ ਕਿ ਮੇਰੀ ਪ੍ਰਧਾਨਗੀ ਥੱਲੇ ਇਹੋ ਜਿਹਾ ਲੈਕਚਰ ਨਹੀਂ ਹੋਣ ਦਿੱਤਾ ਜਾਵੇ ਗਾ । ਇਕੱਠੇ ਹੋ ਚੁੱਕੇ ਲੋਕ ਲਛਮਨ ਸਿੰਘ ਨਾਲ ਝਗੜਨ ਲੱਗ ਪਏ ਕਿ ਤੂੰ ਬੰਦ ਕਰਨ ਵਾਲਾ ਕੌਣ ਹੁੰਦਾ ਹੈਂ । ਭਾਈ ਸਾਹਿਬ ਇਸੇ ਰੌਲੇ-ਰਪੇ ਵਿਚ ਉਥੋਂ ਖਿਸਕਦੇ ਹੋਏ, ਕਿਉਂਕਿ ਥਾਣਾ ਉਥੋਂ ਇਕ ਮੀਲ ਤੋਂ ਵੀ ਘੱਟ ਫ਼ਾਸਲੇ ਉੱਤੇ ਸੀ ।

ਇਹ ਲਛਮਨ ਸਿੰਘ ਵੀ ਕੈਨੇਡਾ ਹੋ ਆਏ ਸਨ । ਪਤਾ ਨਹੀਂ ਕਿਉਂ ਘਬਰਾ ਗਏ ਸਨ, ਭਾਵੇਂ ਕਿ ਉਹ ਭਲਾਈ ਦੇ ਕੰਮਾਂ ਵਿਚ ਬੜੀ ਨਿਸਚਾ ਨਾਲ ਸਾਰੀ ਉਮਰ ਜੁਟੇ ਰਹੇ । ਆਦਮਪੁਰ ਵਾਲਾ ਲੜਕੀਆਂ ਦਾ ਹਾਈ ਸਕੂਲ ਉਹਨਾਂ ਦੀ ਜਦੋਜਹਿਦ ਦਾ ਹੀ ਸਿੱਟਾ ਹੈ । ਉਹਨਾਂ ਨੇ ਭੋਜੋਵਾਲੀਏ ਦੇਸਭਗਤ ਗਿਆਨੀ ਠਾਕੁਰ ਸਿੰਘ, ਜਿਨ੍ਹਾਂ ਦਾ ਜ਼ਿਕਰ ਪਹਿਲੀ ਅਕਾਲੀ ਸਾਜ਼ਿਸ਼ ਵਿਚ ਹਿੱਸਾ ਲੈਣ ਸੰਬੰਧੀ ਆ ਹੀ ਚੁਕਿਆ ਹੈ, ਤੋਂ ਜ਼ਮੀਨ ਸਕੂਲ ਲਈ ਦਾਨ ਵਜੋਂ ਲੈ ਲਈ ਸੀ ।

ਇਸ ਦੀਵਾਨ ਦਾ ਜ਼ਿਕਰ ਸਰਕਾਰੀ ਗਵਾਹ ਨੰ: 9, ਸੰਤ ਕਰਤਾਰ ਸਿੰਘ ਦੇ ਬਿਆਨ ਵਿਚ, ਜੋ ਪੇਪਰ-ਬੁੱਕ ਦੇ ਸਫ਼ਾ 53 ਉੱਤੇ ਸਤਰ 30 ਤੋਂ ਸ਼ੁਰੂ ਹੁੰਦਾ ਹੈ, ਅਤੇ ਦੂਜੇ ਸਰਕਾਰੀ ਗਵਾਹ ਨੰ: 101, ਅਰਜਨ ਸਿੰਘ ਪਟਵਾਰੀ ਹਰੀਪੁਰ ਦੇ ਬਿਆਨ ਵਿਚ, ਜੋ ਪੇਪਰ-ਬੁੱਕ ਦੇ ਸਫ਼ਾ 368 ਉੱਤੇ ਦਰਜ ਹੈ, ਪੂਰੀ ਤਫ਼ਸੀਲ ਨਾਲ ਆਇਆ ਹੈ । ਬੇਸ਼ੱਕ ਮੈਂ ਆਪ ਵੀ ਉੱਥੇ ਹੀ ਸੀ, ਪਰ ਤਸਦੀਕ ਜ਼ਰੂਰੀ ਹੈ ।

ਫ਼ਰਵਰੀ 1922 ਵਿਚ ਹੀ ਸ੍ਰੀ ਆਨੰਦਪੁਰ ਸਾਹਿਬ ਦੇ ਕੁੱਲ ਗੁਰਦੁਆਰਿਆਂ ਉੱਤੇ ਅਕਾਲੀਆਂ ਦਾ ਕਬਜ਼ਾ ਅਮਨ-ਅਮਾਨ ਨਾਲ ਹੋ ਗਿਆ । ਇਹਦੀ ਅਗਵਾਈ ਕਰਨੈਲ ਮੂਲਾ ਸਿੰਘ ਬਾਹੋਵਾਲ ਨੇ ਕੀਤੀ ਸੀ ਅਤੇ ਚਕਰਵਰਤੀ ਜਥੇ ਦੇ ਹੁਸ਼ਿਆਰਪੁਰ ਦੇ ਸਭ ਉੱਘੇ ਮੈਂਬਰ ਇਸ ਵਿਚ ਸ਼ਾਮਲ ਸਨ । ਅਗਲੇ ਦਿਨ ਕੀਰਤਪੁਰ ਸਾਹਿਬ ਦੇ ਗੁਰਦੁਆਰਿਆਂ ਉੱਤੇ ਵੀ ਅਕਾਲੀਆਂ ਦਾ ਕਬਜ਼ਾ ਹੋ ਗਿਆ ਸੀ । ਉਸ ਸਾਲ ਦੇ ਸ੍ਰੀ ਆਨੰਦਪੁਰ ਸਾਹਿਬ ਦੇ ਹੋਲੇ-ਮਹੱਲੇ ਦੇ ਬੇਮਿਸਾਲ ਮੇਲੇ ਦੀ ਯਾਦ ਅੱਜ ਤੱਕ ਮੇਰੇ ਦਿਮਾਗ਼ ਵਿਚ ਕਾਇਮ ਹੈ । ਕਾਲੀਆਂ ਪੱਗਾਂ ਦਾ ਸਮੁੰਦਰ ਠਾਠਾਂ ਮਾਰਦਾ ਜਾਪਿਆ ਸੀ ਅਤੇ ਇਸੇ ਹੋਲੇ-ਮਹੱਲੇ ਵਿਚ ਭਾਈ ਕਿਸ਼ਨ ਸਿੰਘ ਦੇ ਲੈਕਚਰਾਂ ਨੇ ਧੂੜਾਂ ਪੁੱਟ ਛਡੀਆਂ ਸਨ । ਜਿਸ ਵੇਲੇ ਐਲਾਨ ਹੁੰਦਾ ਕਿ ਹੁਣ ਭਾਈ ਸਾਹਿਬ ਦਾ ਲੈਕਚਰ ਸ਼ਹੀਦੀ ਦੀਵਾਨ, ਦੁਆਬਾ ਦੀਵਾਨ ਜਾਂ ਕਿਸੇ ਦੂਜੇ ਥਾਂ ਹੋਵੇਗਾ, ਤਾਂ ਠੱਠਾਂ ਦੇ ਠੱਠ ਜੁੜ ਜਾਂਦੇ ਅਤੇ ਜੈਕਾਰਿਆਂ ਦੀ ਗੂੰਜ ਅਸਮਾਨਾਂ ਤੱਕ ਜਾ ਪੁਜਦੀ ਸੀ । ਇਹ ਮੇਰੀ ਅੱਖੀਂ ਡਿੱਠੀ ਹਾਲਤ ਹੈ । ਅਸੀਂ ਘੁੜਿਆਲ ਦੇ ਦੀਵਾਨ ਵਿਚ ਭਾਈ ਸਾਹਿਬ ਦਾ ਲੈਕਚਰ ਸੁਣ ਹੀ ਚੁਕੇ ਸੀ । ਸੋ ਅਸੀਂ ਸਕੂਲੋਂ ਹੀ ਸਲਾਹ ਬਣਾ ਕੇ ਇਸ ਹੋਲੇ-ਮਹੱਲੇ ਉੱਤੇ ਪੁੱਜ ਗਏ ਸੀ ।

ਮਾਰਚ 1922 ਦੇ ਅਖ਼ੀਰ ਵਿਚ ਮੇਲਾ ਜੁੜਿਆ ਸੀ ਅਤੇ ਸਾਡਾ ਉਸ ਦਿਨ ਸੀਨੀਅਰ ਕਲਾਸ ਦਾ ਆਖ਼ਰੀ ਪਰਚਾ ਖ਼ਤਮ ਹੋ ਚੁਕਿਆ ਸੀ। ਪੰਡਤ ਮੋਹਰ ਚੰਦ ਵੀ ਪਿੰਡੋਂ ਸਾਡੇ ਕੋਲ ਆ ਚੁਕਿਆ ਸੀ, ਕਿਉਂਕਿ ਪ੍ਰੋਗਰਾਮ ਪਹਿਲਾਂ ਹੀ ਪੱਕਾ ਕਰ ਲਿਆ ਗਿਆ ਸੀ।

ਸਾਡੇ ਤੁਰਨ ਦੀ ਤਿਆਰੀ ਕਰਦਿਆਂ ਨਵਾਂ ਸ਼ਹਿਰ ਵਾਲੀ ਰੇਲ ਲੰਘ ਚੁੱਕੀ ਸੀ ਅਤੇ ਅਸੀਂ ਨੌਂ ਕੁ ਬਜੇ ਹਰਦਵਾਰ ਵਾਲੀ ਗੱਡੀ ਉੱਤੇ ਜਲੰਧਰ ਛਾਉਣੀ ਤੋਂ ਸਵਾਰ ਹੋ ਕੇ ਫਗਵਾੜੇ ਜਾ ਉੱਤਰੇ ਸੀ। ਉਸ ਵੇਲੇ ਅਸੀਂ ਹੇਠ ਲਿਖੇ ਬੰਦੇ ਸੀ : ਪੰਡਤ ਮੋਹਰ ਚੰਦ ਤੋਂ ਇਲਾਵਾ ਕੇਹਰ ਸਿੰਘ ਸੰਧਵਾਂ, ਜਿਹੜਾ ਪਹਿਲਾਂ ਵੀ ਇਹ ਮੇਲਾ ਦੇਖ ਚੁਕਿਆ ਸੀ ਅਤੇ ਸਭ ਗੁਰਦੁਆਰਿਆਂ ਦਾ ਜਾਣੂ ਸੀ, ਗੁਰਦਿਆਲ ਸਿੰਘ ਭੁੱਲਰ, ਰਤਨ ਸਿੰਘ ਮਾਣਕ ਰਾਈ, ਸੁਰੈਣ ਸਿੰਘ ਸ਼ੰਕਰ, ਕਰਮ ਸਿੰਘ ਹਰੀਪੁਰ, ਬਲਵੰਤ ਸਿੰਘ ਭਟਰਾਣਾ, ਪ੍ਰੀਤਮ ਸਿੰਘ ਖੁਰਦਪੁਰ ਅਤੇ ਮੈਂ ਆਪ।

ਫਗਵਾੜਿਉਂ ਉੱਤਰ ਕੇ ਪੈਦਲ ਤੁਰਦਿਆਂ ਨਵਾਂ ਸ਼ਹਿਰ ਅਤੇ ਬਲਾਚੌਰ ਤੋਂ ਹੁੰਦੇ ਦਪਹਿਰ ਕੁ ਵੇਲੇ ਤੱਕ ਸਾਰੀ ਰਾਤ ਦੇ ਉਣੀਂਦੇ ਦੇ ਮਾਰੇ ਥੱਕੇ-ਟੁੱਟੇ ਭਦੀ ਦੇ ਘਾਟ ਜਾ ਪੁੱਜੇ। ਇਕ ਦੁਕਾਨਦਾਰ ਤੋਂ ਮੱਕੀ ਦੇ ਪ੍ਰਸ਼ਾਦੇ ਪਕਵਾਏ ਅਤੇ ਗੁੜ ਨਾਲ ਛਕੇ।

ਥੋੜ੍ਹਾ ਸਸਤਾ ਕੇ ਅਸੀਂ ਮੁੜ ਚੱਲ ਪਏ। ਘਾਟ ਦੀ ਪੈਦਲ ਚੜ੍ਹਾਈ ਮਰਦੇ ਦਮ ਤੱਕ ਭੁੱਲਣ ਵਾਲੀ ਨਹੀਂ। ਡਿਗਦੇ-ਢਹਿੰਦੇ ਨੂਰਪੁਰ ਥਾਣੀਂ ਸਤਲੁਜ ਦਰਿਆ ਉੱਤੇ ਜਾ ਪੁੱਜੇ। ਪਾਣੀ ਥੋੜ੍ਹਾ ਹੋਣ ਕਰਕੇ ਪੈਦਲ ਹੀ ਲੰਘਣਾ ਸੀ, ਕਿਉਂਕਿ ਕੇਹਰ ਸਿੰਘ ਨੂੰ ਪਤਾ ਸੀ। ਜਦੋਂ ਅਸ਼ਨਾਨ ਕੀਤਾ ਤਾਂ ਥਕੇਵਾਂ ਕਾਫ਼ੀ ਘਟਦਾ ਜਾਪਿਆ। ਸੂਰਜ ਡੁੱਬ ਰਿਹਾ ਸੀ। ਕੀਰਤਪੁਰ ਸਾਹਿਬ ਦਾ ਗੁਰਦੁਆਰਾ ਲਿਸ਼ਕਾਰੇ ਮਾਰਦਾ ਦੇਖ ਸਾਹ ਵਿਚ ਸਾਹ ਆਇਆ। ਸਮਝੋ, ਆਖ਼ਰ ਇਕ ਗੁਰਦੁਆਰੇ ਵਿਚ ਜਾ ਪਨਾਹ ਲਈ।

ਉਸ ਦਿਨ ਮੇਲਾ ਉਥੋਂ ਸ੍ਰੀ ਆਨੰਦਪੁਰ ਸਾਹਿਬ ਵਾਪਸ ਜਾ ਚੁਕਿਆ ਸੀ। ਸੋ ਅਸੀਂ ਜਾਂਦੇ ਹੀ ਸੌਂ ਗਏ। ਅਗਲੇ ਦਿਨ ਸਭ ਗੁਰਦੁਆਰਿਆਂ ਦੇ ਦਰਸ਼ਨ ਕਰਕੇ ਤਰਕਾਲਾਂ ਤੱਕ ਸ੍ਰੀ ਆਨੰਦਪੁਰ ਸਾਹਿਬ ਦੇ ਦਰਸ਼ਨ ਜਾ ਕੀਤੇ। ਅਗਲੇ ਦਿਨ ਸਭ ਗੁਰਦੁਆਰਿਆਂ ਦੇ ਦਰਸ਼ਨਾਂ ਨਾਲ ਰਾਤ ਨੂੰ ਭਾਈ ਕਿਸ਼ਨ ਸਿੰਘ ਦਾ ਲੈਕਚਰ ਸ਼ਹੀਦੀ ਬਾਗ਼ ਵਿਚ ਸੁਨਣ ਦਾ ਮੌਕਾ ਸਾਨੂੰ ਸਾਰਿਆਂ ਨੂੰ ਫੇਰ ਮਿਲ ਗਿਆ। ਅਗਲੇ ਦਿਨ ਅਸੀਂ ਆਪਣੇ-ਆਪਣੇ ਪਿੰਡਾਂ ਤੋਂ ਆਏ ਢਾਣਿਆਂ ਵਿਚ ਜਾ ਰਲੇ। ਭਾਈ ਸਾਹਿਬ ਨੂੰ ਮਿਲਣ ਦਾ ਤਾਂ ਉੱਕਾ ਕੋਈ ਸਵਾਲ ਹੀ ਨਹੀਂ ਸੀ। ਉਹ ਸੈਂਕੜੇ ਅਕਾਲੀਆਂ ਦੇ ਘੇਰੇ ਅੰਦਰ, ਜਿਹੜੇ ਨੰਗੀਆਂ ਤਲਵਾਰਾਂ ਫੜੀ ਹਰ ਵੇਲੇ ਭਾਈ ਸਾਹਿਬ ਨੂੰ ਘੇਰੀਂ ਰਖਦੇ ਸਨ, ਚਲੇ ਜਾਂਦੇ ਸਨ। ਭਾਵੇਂ ਪੁਲਸ ਦਾ ਇੰਤਜਾਮ ਵੀ ਕਾਫ਼ੀ ਸੀ, ਪਰ ਉਹ ਭਾਈ ਸਾਹਿਬ ਨੂੰ ਹੱਥ ਪਾਉਣ ਤੋਂ ਘਬਰਾ ਰਹੀ ਸੀ। ਸੋ ਮੁੜ ਕੋਈ ਪਤਾ ਨਹੀਂ, ਉਹ ਕਿੱਧਰ ਨਿੱਕਲ ਗਏ ਸਨ। ਪਰ ਭਾਈ ਸੁੰਦਰ ਸਿੰਘ ਮਖ਼ਸੂਸਪੁਰ ਜ਼ਰੂਰ ਨਾਲ ਸੀ। ਉਹਨੇ ਸ਼ਹੀਦੀ ਬਾਗ਼ ਦੇ ਜਲਸੇ ਵਿਚ ਭਾਈ ਸਾਹਿਬ ਤੋਂ ਪਹਿਲਾਂ ਅਤੇ ਬਾਅਦ ਵਿਚ ਉਸੇ ਸੁਰੀਲੀ ਅਤੇ ਉੱਚੀ ਗੂੰਜਵੀਂ ਆਵਾਜ ਵਿਚ ਸ਼ਬਦ ਅਤੇ ਨਜ਼ਮਾਂ ਪੜ੍ਹੀਆਂ ਸਨ।

ਜਦੋਂ ਅਸੀਂ ਸਾਰੇ ਪਿੰਡ ਵਾਲੇ, ਜਿਹੜੇ ਮੇਲੇ ਵਿਚ ਗਏ ਹੋਏ ਸੀ, ਪਿੰਡ ਵਾਪਸ ਮੁੜੇ, ਤਾਂ ਪੰਡਤ ਮੋਹਰ ਚੰਦ ਅਤੇ ਬਾਬਾ ਨੱਥਾ ਸਿੰਘ ਪੁਲਸ ਨੇ ਦਫ਼ਾ 124-ਏ ਥੱਲੇ ਗਰਿਫ਼ਤਾਰ ਕਰਕੇ ਜਲੰਧਰ ਜਿਹਲ ਵਿਚ ਲਿਜਾ ਡੱਕੇ। ਮੈਜਿਸਟਰੇਟ ਅਬਦੁਲ ਹੱਬ ਨੇ ਪੰਡਤ ਮੋਹਰ ਚੰਦ ਨੂੰ ਦੋ ਸਾਲ ਬਾ-ਮੁਸ਼ੱਕਤ ਕੈਦ ਅਤੇ ਬਾਬਾ ਨੱਥਾ ਸਿੰਘ ਨੂੰ ਇਕ ਸਾਲ ਕੈਦ ਕਰਕੇ 29 ਅਪ੍ਰੈਲ 1922 ਨੂੰ ਪੱਕੇ ਕੈਦੀ ਕਰਾਰ ਦੇ ਦਿੱਤਾ। ਅਗਲੇ ਦਿਨ ਹੀ ਦੋਹਾਂ ਨੂੰ ਪਹਿਲਾਂ ਕੈਂਪ ਜਿਹਲ ਮਿੰਟਗੁਮਰੀ ਭੇਜਿਆ ਗਿਆ ਅਤੇ ਛੇਤੀ ਹੀ ਮਗਰੋਂ ਦੋਨੋਂ ਮੁਲਤਾਨ ਜਿਹਲ ਪੁਚਾ ਦਿੱਤੇ ਗਏ। ਮੁਲਤਾਨ, ਮਿੰਟਗੁਮਰੀ, ਮੀਆਂਵਾਲੀ ਅਤੇ ਲਾਹੌਰ ਜਿਹਲਾਂ ਦਾ ਹਾਲ ਅਖ਼ੀਰ ਵਿਚ ਜਾ ਕੇ ਆ ਹੀ ਜਾਣਾ ਹੈ। ਉਥੇ ਵੀ ਬਬਰਾਂ ਦੀ ਜਦੋਜਹਿਦ ਦੇ ਅੰਦਰਲੇ ਕਾਰਨਾਮੇਂ ਬਾਹਰ ਨਾਲੋਂ ਕੋਈ ਘੱਟ ਸ਼ਾਨਦਾਰ ਨਹੀਂ ਸਨ।

# 12. ਬੁਹਾਨੀ, ਰਿਆਸਤ ਕਪੂਰਥਲੇ ਦਾ ਦੀਵਾਨ : 1922

ਇਸ ਦੀਵਾਨ ਦਾ ਜ਼ਿਕਰ ਵੀ ਸੰਤ ਕਰਤਾਰ ਸਿੰਘ ਵਾਇਦਾ-ਮੁਆਫ਼ ਸਰਕਾਰੀ ਗਵਾਹ ਨੰ: 9 ਦੇ ਬਿਆਨ ਵਿਚ ਪੇਪਰ-ਬੁੱਕ ਦੇ ਸਫ਼ਾ 53 ਦੀ ਸਤਰ 45 ਤੋਂ ਸ਼ੁਰੂ ਹੁੰਦਾ ਹੈ। ਇਹ ਦੀਵਾਨ ਘੁੜਿਆਲ ਦੇ ਦੀਵਾਨ ਤੋਂ ਥੋੜ੍ਹੇ ਦਿਨਾਂ ਬਾਅਦ ਹੋਇਆ ਸੀ। ਸ੍ਰੀ ਆਨੰਦਪੁਰ ਸਾਹਿਬ ਦੇ ਹੋਲੇ-ਮਹੱਲੇ ਤੋਂ ਬਾਅਦ ਇਹ ਰਿਆਸਤ ਕਪੂਰਥਲੇ ਦੇ ਪਿੰਡ ਬੁਹਾਨੀ ਦਾ ਦੀਵਾਨ ਸਭ ਤੋਂ ਵਡਾ ਦੀਵਾਨ ਗਿਣਿਆ ਗਿਆ ਹੈ। ਇਸ ਵਿਚ ਮਾਸਟਰ ਮੋਤਾ ਸਿੰਘ ਨੇ ਵੀ ਉਸੇ ਦਿਨ ਪੁੱਜਣਾ ਸੀ, ਪਰ ਉਹਨਾਂ ਦਾ ਸੁਨੇਹਾ ਆ ਗਿਆ ਕਿ ਉਹ ਅਗਲੇ ਦਿਨ ਆ ਸਕਣਗੇ। ਪਰ ਭਾਈ ਕਿਸ਼ਨ ਸਿੰਘ ਦੀ ਅਗਵਾਈ ਹੇਠ ਚਕਰਵਰਤੀ ਜਥਾ ਦੀਵਾਨ ਵਿਚ ਜਾ ਪੁੱਜਿਆ। ਉਸ ਵਿਚ ਸੰਤ ਕਰਤਾਰ ਸਿੰਘ, ਗਿਆਨੀ ਕਰਤਾਰ ਸਿੰਘ ਗੋਂਦਪੁਰ, ਗਿਆਨੀ ਹਰਬੰਸ ਸਿੰਘ ਛੋਟਾ ਸਰਹਾਲਾ, ਬਾਬੂ ਸੰਤਾ ਸਿੰਘ ਅਤੇ ਇਕ ਰੀਟਾਇਰਡ ਥਾਣੇਦਾਰ ਭਾਨ ਸਿੰਘ, ਜੋ ਭਾਈ ਕਿਸ਼ਨ ਸਿੰਘ ਦੇ ਪਿੰਡ ਬਿੜਿੰਗਾਂ ਦਾ ਸੀ, ਅਤੇ ਹੋਰ ਵੀ ਕਈ ਬੰਦੇ ਸ਼ਾਮਲ ਸਨ। ਸਾਰੇ ਜਣੇ ਦੀਵਾਨ ਵਿਚ ਜਾ ਪੁੱਜੇ ਅਤੇ ਭਾਈ ਕਿਸ਼ਨ ਸਿੰਘ ਨੇ ਪਹਿਲਾਂ ਵਾਂਗੂ ਹੀ ਤਕਰੀਰ ਸ਼ੁਰੂ ਕਰ ਦਿੱਤੀ।

ਉਹਨਾਂ ਨੇ ਝੋਲੀ-ਚੁੱਕਾਂ ਨੂੰ ਲਲਕਾਰਿਆ ਕਿ ਉਹ ਸਰਕਾਰ ਦੀ ਮਦਦ ਕਰਨੀ ਅਤੇ ਚਕਰਵਰਤੀ ਜਥੇ ਦੀਆਂ ਸਰਗਰਮੀਆਂ ਦੀ ਵਿਰੋਧਤਾ ਕਰਨੀ ਬੰਦ ਕਰ ਦੇਣ, ਨਹੀਂ ਤਾਂ ਜਥੇ ਨੂੰ ਉਹਨਾਂ ਦਾ ਸੁਧਾਰ ਕਰਨਾ ਪਵੇਗਾ। ਹਾਲੇ ਜਥਾ ਸਿਰਫ਼ ਸਮਝਾ-ਬੁਝਾ ਕੇ ਹੀ ਝੋਲੀ-ਚੁੱਕਾਂ ਨੂੰ ਸਿੱਧੇ ਰਾਹ ਪਾਉਣਾ ਚਾਹੁੰਦਾ ਹੈ। ਉਹਨਾਂ ਨੇ ਲੋਕਾਂ ਨੂੰ ਆਖਿਆ ਕਿ ਸਭ ਕਾਲੇ ਦਸਤਾਰੇ ਸਜਾ ਕੇ ਤਿੰਨ-ਤਿੰਨ ਫੁੱਟੀਆਂ ਕਿਰਪਾਨਾਂ ਨਾਲ ਲੈਸ ਹੋ ਜਾਉ! ਸਰਕਾਰ ਅਤੇ ਪੁਲਸ ਦੇ ਭੈ ਤੋਂ ਆਜ਼ਾਦ ਹੋ ਕੇ ਸਰਕਾਰ ਨਾਲ ਸਿੱਧੀ ਹਥਿਆਰਬੰਦ ਟੱਕਰ ਲੈਣ ਲਈ ਕਮਰਕਸੇ ਕਰ ਲਉ। ਪਰ ਨਾਲ ਹੀ ਭਾਈ ਸਾਹਿਬ ਨੇ ਲੋਕਾਂ ਤੋਂ ਪੁੱਛਿਆ ਕਿ ਕਿੱਡੀ ਹੈਰਾਨੀ ਦੀ ਗੱਲ ਹੈ ਕਿ ਤੁਸੀਂ ਸਾਰੇ ਚਿੱਟੀਆਂ ਬਦੇਸੀ ਪੱਗਾਂ ਬੰਨ੍ਹੀ ਹੀ ਦਿੱਸ ਰਹੇ ਹੋ। ਕਿੱਡੇ ਦੁੱਖ ਅਤੇ ਸ਼ਰਮ ਦੀ ਗੱਲ ਹੈ ਕਿ ਤੁਸੀਂ ਸ਼ੇਰਾਂ ਦੀ ਔਲਾਦ ਹੁੰਦੇ ਹੋਏ ਮੈਨੂੰ ਗਿੱਦੜ ਬਣੇ ਬੈਠੇ ਦਿੱਸ ਰਹੇ ਹੋ।

ਉਸੇ ਵੇਲੇ ਚਿੱਟੀ ਪੱਗ ਵਾਲਾ ਇਕ ਬਿਰਧ ਹੱਥ ਜੋੜ ਕੇ ਖੜ੍ਹੋ ਗਿਆ। ਭਾਈ

ਸਾਹਿਬ ਨੇ ਉਹਦੇ ਖੜ੍ਹੇ ਹੋਣ ਦਾ ਕਾਰਨ ਪੁਛਿਆ ਤਾਂ ਬਜ਼ੁਰਗ ਨੇ ਰੋਣਹਾਕੀ ਆਵਾਜ਼ ਵਿਚ ਦਸਿਆ ਕਿ ਤੁਸੀਂ ਕਾਲੀਆਂ ਪੱਗਾਂ ਲਈ ਆਖ ਰਹੇ ਹੋ, ਸਾਨੂੰ ਤਾਂ ਰਾਣੀ ਬੂਹੇ ਵਾਲਾ ਜ਼ੈਲਦਾਰ ਬਿਸ਼ਨ ਸਿੰਘ ਗੁਰਦੁਆਰਿਆਂ ਵਿਚ ਢੋਲਕੀ-ਛੈਣਿਆਂ ਨਾਲ ਸ਼ਬਦ ਵੀ ਨਹੀਂ ਪੜ੍ਹਨ ਦਿੰਦਾ। ਉਹਨੇ ਅਤੇ ਰਿਆਸਤ ਦੇ ਦੀਵਾਨ ਦੁਰਗਾ ਦਾਸ ਨੇ ਪਿੰਡਾਂ ਵਿਚ ਦਹਿਸ਼ਤ ਫੈਲਾ ਰਖੀ ਹੈ। ਇਲਾਕੇ ਦੇ ਸਭ ਬਦਮਾਸ਼ ਅਤੇ ਗੁੰਡੇ ਭਰਤੀ ਕਰਕੇ ਇਕ ਡੁਰਲੀ ਜਥਾ ਬਣਾ ਰਖਿਆ ਹੈ। ਜਿਸ ਪਿੰਡ ਕੋਈ ਕਾਲੀ ਪੱਗ ਬੰਨ੍ਹ ਲੈਂਦਾ ਹੈ, ਇਹਨਾਂ ਦੇ ਗੁੰਡੇ ਉਸ ਪਿੰਡ ਨੂੰ ਹੀ ਜਾ ਘੇਰਦੇ ਹਨ ਅਤੇ ਆਮ ਲੋਕਾਂ ਤੋਂ ਇਲਾਵਾ ਜ਼ਨਾਨੀਆਂ ਵੀ ਉਹਨਾਂ ਦੇ ਕਹਿਰ ਤੋਂ ਨਹੀਂ ਬਚ ਸਕਦੀਆਂ। ਜੇ ਕੋਈ ਨਿਆਣੀ ਕੁੜੀ ਭੁੱਲ-ਭੁਲੇਖੇ ਪਾਣੀ ਭਰਨ ਜਾਂ ਬਾਹਰ-ਅੰਦਰ ਜਾਣ ਲਈ ਸਿਰ ਉੱਤੇ ਕਾਲੀ ਚੁੰਨੀ ਲੈ ਬੈਠੇ ਅਤੇ ਜ਼ੈਲਦਾਰ ਦੀ ਨਜ਼ਰ ਪੈ ਜਾਵੇ, ਤਾਂ ਘੋੜੀ ਤੋਂ ਉੱਤਰ ਕੇ ਉਹ ਬੱਚੀ ਦੇ ਚੁਪੇੜਾਂ ਮਾਰਨ ਅਤੇ ਗੁਤਨੀ ਪੁੱਟਣ ਲੱਗ ਪੈਂਦਾ ਹੈ। ਚੁੰਨੀ ਲੀਰਾਂ-ਲੀਰਾਂ ਕਰਕੇ ਖੂਹ ਵਿਚ ਸੁੱਟ ਦਿੰਦਾ ਹੈ। ਹਰ ਰੋਜ਼ ਗੁੰਡਿਆਂ ਨੂੰ ਨਾਲ ਲੈ ਕੇ ਆਪ ਘੋੜੀ ਉੱਤੇ ਚੜ੍ਹ ਕੇ ਪਿੰਡਾਂ ਵਿਚ ਗੇੜੇ ਮਾਰਦਾ ਰਹਿੰਦਾ ਹੈ। ਸੋ ਅਸੀਂ ਕਾਲੀਆਂ ਪੱਗਾਂ ਬੰਨ੍ਹਣ ਦਾ ਹੌਸਲਾ ਕਿਵੇਂ ਕਰ ਸਕਦੇ ਹਾਂ। ਜਦੋਂ ਰਿਆਸਤ ਦਾ ਮਾਲਕ ਆਪ ਗੁੰਡਿਆਂ ਨੂੰ ਹਲਾਸ਼ੇਰੀ ਦੇ ਰਿਹਾ ਹੋਵੇ, ਤਾਂ ਸਾਡਾ ਗ਼ਰੀਬਾਂ ਦਾ ਕੀ ਹਾਲ ਹੋਵੇਗਾ। ਤੁਹਾਡੇ ਲੈਕਚਰ ਦੇ ਅਸਰ ਹੇਠਾਂ ਹੀ ਮੈਂ ਹੱਠ ਧਾਰ ਕੇ ਤੁਹਾਨੂੰ ਕਾਲੀਆਂ ਪੱਗਾਂ ਨਾ ਬੰਨ੍ਹਣ ਦਾ ਅਸਲੀ ਕਾਰਨ ਦੱਸ ਦਿੱਤਾ ਹੈ। ਹੁਣ ਕੋਈ ਪਤਾ ਨਹੀਂ ਕਿ ਮੇਰੇ ਅਤੇ ਮੇਰੇ ਪ੍ਰਵਾਰ ਤੋਂ ਇਲਾਵਾ ਮੇਰੇ ਪਿੰਡ ਵਾਲਿਆਂ ਦੀ ਕੀ ਦੁਰਦਸ਼ਾ ਇਹਨਾਂ ਗੁੰਡਿਆਂ ਤੋਂ ਇਹ ਜ਼ੈਲਦਾਰ ਕਰਵਾਏਗਾ। ਏਨਾਂ ਆਖ ਕੇ ਬਜ਼ੁਰਗ ਬੈਠ ਗਿਆ।

ਜਿੰਨਾ ਚਿਰ ਬਜ਼ੁਰਗ ਗੱਲ ਕਰਦਾ ਰਿਹਾ, ਭਾਈ ਸਾਹਿਬ ਬੁੱਤ ਬਣੇ ਸੁਣਦੇ ਰਹੇ। ਦੀਵਾਨ ਵਿਚ ਸਨਾਟਾ ਛਾਇਆ ਰਿਹਾ। ਅਖ਼ੀਰ ਵਿਚ ਭਾਈ ਸਾਹਿਬ ਨੇ ਕਿਰਪਾਨ ਲਹਿਰਾਉਂਦਿਆਂ ਬਿਸ਼ਨ ਸਿੰਘ ਜ਼ੈਲਦਾਰ ਰਾਣੀ ਬੂਹੇ ਦਾ ਨਾਂ ਲੈ ਕੇ ਲਲਕਾਰਦਿਆਂ ਹੋਇਆ ਆਖਿਆ, "ਐਸ ਵੇਲੇ ਬਿਸ਼ਨ ਸਿੰਘ ਦਾ ਜਿਹੜਾ ਹਿਤੈਸ਼ੀ ਜਾਂ ਰਿਸ਼ਤੇਦਾਰ ਦੀਵਾਨ ਵਿਚ ਬੈਠਾ ਹੈ, ਮੇਰਾ ਸੁਨੇਹਾ ਅੱਜ ਹੀ ਦੇ ਦੇਵੇ ਕਿ ਉਹ ਅੱਜ ਤੋਂ ਹੀ ਆਪਣਾ ਰਵੱਈਆ ਬਦਲ ਲਵੇ, ਨਹੀਂ ਤਾਂ ਚਕਰਵਰਤੀ ਜਥੇ ਦਾ ਕੋਈ ਵੀ ਸੂਰਮਾ ਇਸ ਜ਼ੈਲਦਾਰ ਦਾ ਸੁਧਾਰ ਕਰਕੇ ਮਹੂਰਤ ਕਰੇਗਾ ਅਤੇ ਇਸੇ ਤਲਵਾਰ ਨਾਲ ਸੁਧਾਰ ਕਰੇਗਾ ਜਿਹੜੀ ਐਸ ਵੇਲੇ ਮੇਰੇ ਹੱਥ ਵਿਚ ਫੜੀ ਹੋਈ ਹੈ।"

ਇਹ ਅਖ਼ੀਰ ਵਿਚ ਲਿਖੀ ਗਈ ਚਿਤਾਵਣੀ ਬਾਰੇ ਪਾਠਕ ਸੰਤ ਕਰਤਾਰ ਸਿੰਘ ਦੇ ਦਿੱਤੇ ਜਾ ਚੁਕੇ ਬਿਆਨ, ਜੋ ਪੇਪਰ-ਬੁੱਕ ਦੇ 54 ਸਫ਼ਾ ਦੀ ਪਹਿਲੀ ਸਤਰ ਤੋਂ ਸ਼ੁਰੂ ਹੁੰਦਾ ਹੈ, ਨੂੰ ਪੜ੍ਹ ਕੇ ਤਸੱਲੀ ਕਰ ਸਕਦੇ ਸਨ। ਸਰਕਾਰ ਨੇ ਜਿਹੜੇ ਬਿਆਨ ਸਰਕਾਰੀ ਗਵਾਹਾਂ ਤੋਂ ਦੁਆਏ ਸਨ, ਮੈਂ ਆਪਣੀ ਲਿਖਤ ਦੀ ਤਸਦੀਕ ਲਈ ਉਹਨਾਂ ਦੇ ਹਵਾਲੇ ਵੀ ਦੇ ਰਿਹਾ ਹਾਂ।

ਭਾਈ ਸਾਹਿਬ ਦੀ ਭਵਿੱਖਬਾਣੀ ਸਚਮੁੱਚ ਹੀ 10 ਫ਼ਰਵਰੀ 1923 ਨੂੰ ਸੱਚੀ ਸਾਬਤ ਹੋ ਗਈ। ਪਹਿਲਾ ਕਤਲ ਇਸੇ ਬਿਸ਼ਨ ਸਿੰਘ ਜ਼ੈਲਦਾਰ ਦਾ ਹੋਇਆ, ਜਿਹੜਾ ਬਾਬੂ ਸੰਤਾ ਸਿੰਘ ਨੇ ਕੀਤਾ ਜੋ ਭਾਈ ਕਿਸ਼ਨ ਸਿੰਘ ਦਾ ਪ੍ਰਾਈਵੇਟ ਸੈਕਟਰੀ ਸੀ।

ਕਤਲ ਦਾ ਕਾਰਨਾਮਾ ਪੂਰੇ ਵਿਸਥਾਰ ਨਾਲ ਪਾਠਕ ਅਗੇ ਜਾ ਕੇ ਪੜ੍ਹਨ ਦੀ ਹੁਣ ਤੋਂ ਉਡੀਕ ਸ਼ੁਰੂ ਕਰ ਸਕਦੇ ਹਨ।

ਅਸਲ ਵਿਚ ਰਿਆਸਤਾਂ ਦੇ ਰਜਵਾੜੇ ਅੰਗਰੇਜ਼ ਹਕੂਮਤ ਦੀ ਸਰਪ੍ਰਸਤੀ ਹੇਠ ਮਨਮਾਨੀਆਂ ਹੀ ਕਰਦੇ ਸਨ। ਜੋ ਮਨ ਵਿਚ ਆਇਆ, ਬੱਸ ਉਹੋ ਕਾਨੂੰਨ ਹੋ ਗਿਆ। ਉਹ ਆਪਣੇ ਚੇਲੇ-ਚਾਟੜਿਆਂ ਨੂੰ ਹਕੂਮਤ ਸੰਭਾਲ ਕੇ ਆਪ ਯੂਰਪ ਵਿਚ ਅਯਾਸ਼ੀਆਂ ਵਿਚ ਖੁੱਭੇ ਰਹਿੰਦੇ ਸਨ। ਗ਼ਰੀਬ ਜਨਤਾ ਦੇ ਖ਼ੂਨ-ਪਸੀਨੇ ਦੀ ਕਮਾਈ ਉੱਤੇ ਉਹ ਅਜਿਹੀਆਂ ਕਰਤੂਤਾਂ ਘੋਲਦੇ ਸਨ ਕਿ ਕੀ ਦੱਸਾਂ। ਉਹਨਾਂ ਦਿਨਾਂ ਵਿਚ ਕਪੂਰਥਲੇ ਦਾ ਰਾਜਾ ਆਪ ਤਾਂ ਪੈਰਿਸ ਵਿਚ ਨਿਵਾਸ ਕਰਦਾ ਸੀ ਅਤੇ ਹਕੂਮਤ ਦੀ ਵਾਗਡੋਰ ਦੀਵਾਨ ਦੁਰਗਾ ਦਾਸ ਨੂੰ ਸੰਭਾਲ ਰਖੀ ਸੀ। ਇਸੇ ਦੀਵਾਨ ਦੀ ਮੁੱਛ ਦਾ ਵਾਲ ਸੀ ਇਹ ਰਾਣੀ ਖੂਹੇ ਦਾ ਜ਼ੈਲਦਾਰ ਬਿਸ਼ਨ ਸਿੰਘ, ਜੀਹਦੀ ਝਲਕੀ ਪਾਠਕ ਪੜ੍ਹ ਚੁੱਕੇ ਹਨ। ਬਾਕੀ ਹਾਲਤ ਅੱਗੇ ਆ ਹੀ ਜਾਣੇ ਹਨ।

ਇਸ ਤਰ੍ਹਾਂ ਸੰਤ ਕਰਤਾਰ ਸਿੰਘ ਦਸਦਾ ਹੈ ਕਿ ਬੁਹਾਨੀ ਦੇ ਦੀਵਾਨ ਮਗਰੋਂ 15-16 ਦਿਨ ਬਾਅਦ ਭਾਈ ਕਿਸ਼ਨ ਸਿੰਘ, ਸੁੰਦਰ ਸਿੰਘ ਮਖ਼ਸੂਸਪੁਰ, ਗਿ: ਕਰਤਾਰ ਸਿੰਘ ਗੋਂਦਪੁਰ, ਗਿ: ਹਰਬੰਸ ਸਿੰਘ ਛੋਟਾ ਸਰਹਾਲਾ ਅਤੇ ਬਾਬੂ ਸੰਤਾ ਸਿੰਘ ਪ੍ਰਾਗਪੁਰ ਉਹਦੀ ਕੁਟੀਆ ਵਿਚ ਆ ਗਏ ਅਤੇ ਕਰਤਾਰ ਸਿੰਘ ਨੂੰ ਨਾਲ ਲੈ ਪੱਦੀ ਖ਼ਾਲਸਾ ਤੇ ਹੋਰਨਾਂ ਪਿੰਡਾਂ ਵਿਚ ਘੁੰਮਦੇ ਰਹੇ। ਫੇਰ ਇਹ ਸਾਰੇ ਹਰਦਾਸਪੁਰ ਸਾਧੂ ਸਿੰਘ ਦੇ ਖੂਹ ਉੱਤੇ ਆ ਠਹਿਰੇ। ਉਸ ਵੇਲੇ ਬਾਬੂ ਸੰਤਾ ਸਿੰਘ ਨੇ ਕਿਹਾ ਕਿ ਬੁਹਾਨੀ ਦੇ ਦੀਵਾਨ ਤੋਂ ਬਾਅਦ ਜਦੋਂ ਅਸੀਂ ਵਿਛੜ ਚੁੱਕੇ ਸੀ, ਤਾਂ ਉਹ ਆਪ ਇਕ ਲੜਕੇ ਬਖ਼ਸ਼ੀਸ਼ ਸਿੰਘ ਨਾਲ ਜਾ ਰਿਹਾ ਸੀ। ਉਹਨਾਂ ਨੇ ਖਜੂਰਲੇ ਦੀ ਪੁਲਸ ਚੌਕੀ ਕੋਲੋਂ ਦੀ ਲੰਘਣਾ ਸੀ। ਬਾਬੂ ਸੰਤਾ ਸਿੰਘ ਆਪ ਤਾਂ ਜ਼ਰਾ ਪਿੱਛੇ ਖੜੋ ਗਿਆ ਅਤੇ ਬਖ਼ਸ਼ੀਸ਼ ਸਿੰਘ ਨੂੰ ਚੌਕੀ ਕੋਲੋਂ ਦੀ ਲੰਘਣ ਲਈ ਮੂਹਰੇ ਘੱਲ ਦਿੱਤਾ। ਉਸ ਵੇਲੇ ਇਹਨਾਂ ਦੋਹਾਂ ਦੇ ਕਾਲੀਆਂ ਪੱਗਾਂ ਬੱਝੀਆਂ ਹੋਈਆਂ ਸਨ। ਜਦੋਂ ਬਖ਼ਸ਼ੀਸ਼ ਸਿੰਘ ਚੌਕੀ ਕੋਲੋਂ ਲੰਘਣ ਲਗਿਆ ਤਾਂ ਸਿਪਾਹੀਆਂ ਨੇ ਕਾਲੀ ਪੱਗ ਦੇਖ ਕੇ ਕੁੱਟਣਾ ਸੁਰੂ ਕਰ ਦਿੱਤਾ ਸੀ। ਕਿਸ਼ਨ ਸਿੰਘ ਨੇ ਸਲਾਹ ਕੀਤੀ ਕਿ ਸਾਨੂੰ ਅੱਜ ਹੀ ਚੌਕੀ ਉੱਤੇ ਹਮਲਾ ਕਰਕੇ ਅਤੇ ਸਿਪਾਹੀਆਂ ਨੂੰ ਕਤਲ ਕਰਕੇ ਦੱਸ ਦੇਣਾ ਚਾਹੀਦਾ ਹੈ ਕਿ ਪੁਲਸੀਏ ਅੱਗੋਂ ਲਈ ਇਹੋ ਜਿਹੀ ਕਰਤੂਤ ਨਾ ਕਰਨ। ਸੋ ਸਾਰੇ ਚੌਕੀ ਉੱਤੇ ਜਾ ਪੁੱਜੇ। ਸਿਪਾਹੀਆਂ ਨੇ ਮਿੰਨਤਾਂ-ਤਰਲੇ ਕਰਕੇ ਆਪਣੀਆਂ ਜਾਨਾਂ ਬਚਾ ਲਈਆਂ ਅਤੇ ਕਿਹਾ ਕਿ ਅਸੀਂ ਬੇਬੱਸ ਹਾਂ। ਜੇ ਰਾਣੀ ਖੂਹੇ ਵਾਲੇ ਜ਼ੈਲਦਾਰ ਬਿਸ਼ਨ ਸਿੰਘ ਨੂੰ ਪਤਾ ਲੱਗ ਜਾਂਦਾ ਕਿ ਅਸੀਂ ਕਾਲੀ ਪੱਗ ਵਾਲੇ ਨੂੰ ਸੁੱਕਾ ਹੀ ਲੰਘ ਜਾਣ ਦਿਤਾ ਹੈ, ਤਾਂ ਸਾਡੀ ਖ਼ੈਰ ਨਹੀਂ ਸੀ। ਸੋ ਜਥਾ ਚਿਤਾਵਨੀ ਦੇ ਕੇ ਸਿਪਾਹੀਆਂ ਨੂੰ ਛੱਡ ਆਇਆ ਸੀ ਅਤੇ ਉਹਨਾਂ ਨੇ ਵੀ ਮੁਆਫ਼ੀ ਮੰਗ ਲਈ ਸੀ ਅਤੇ ਅਗੋਂ ਲਈ ਤੋਬਾ ਕਰਕੇ ਕੰਨਾਂ ਨੂੰ ਹੱਥ ਲਾ ਲਏ ਸਨ।

ਚਹੇੜੂ ਲਾਗੇ ਖਜੂਰਲੇ ਦੀ ਇਹ ਚੌਕੀ ਪੁਰਾਣੇ ਦਿਨਾਂ ਵਿਚ ਰੇਲਵੇ ਸਟੇਸ਼ਨ ਦੇ ਨਾਲ ਚੜ੍ਹਦੇ ਪਾਸੇ ਬਿਲਕੁਲ ਫਾਟਕ ਉੱਤੇ ਸੀ। ਇਕ ਬੰਨੇ ਰਿਆਸਤੀ ਇਲਾਕਾ ਸੀ ਅਤੇ ਦੂਜੇ ਬੰਨੇ ਅੰਗਰੇਜ਼ੀ। ਇਥੇ ਹੀ ਰਿਆਸਤੀ ਸ਼ਰਾਬ ਦਾ ਇਕ ਠੇਕਾ ਵੀ ਹੁੰਦਾ ਸੀ। ਅੱਜ-ਕਲ੍ਹ ਇਸ ਫਾਟਕ ਉੱਤੇ ਪੁਲ ਬਣ ਚੁਕਿਆ ਹੈ ਅਤੇ ਫਾਟਕ ਬੰਦ ਹੋ ਚੁਕਿਆ ਹੈ। ਲਹਿੰਦੇ ਪਾਸੇ ਬੇਈਂ ਉੱਤੇ ਵੀ ਪੁਲ ਬਣ ਚੁਕਿਆ ਹੈ। ਉਹਨਾਂ ਦਿਨਾਂ

ਵਿਚ ਇਹ ਇਲਾਕਾ ਬਿਲਕੁਲ ਉਜਾੜ ਪਿਆ ਹੁੰਦਾ ਸੀ। ਖਜੂਰਲੇ ਦੀ ਚੌਕੀ ਉੱਤੇ ਹਮਲਾ ਚਕਰਵਰਤੀ ਜਥੇ ਦਾ ਪਹਿਲਾ ਹਮਲਾ ਸੀ।

ਉਹਨਾਂ ਹੀ ਦਿਨਾਂ ਵਿਚ ਸੰਤ ਦੀ ਕੁਟੀਆ ਉੱਤੇ 52 ਸਿੱਖ ਦੇ ਦੋ ਫ਼ੌਜੀ, ਕਿਰਪਾਲ ਸਿੰਘ ਅਤੇ ਪ੍ਰਤਾਪ ਸਿੰਘ ਵੀ ਆਇਆ ਕਰਦੇ ਸਨ। ਗੱਲਾਂ-ਗੱਲਾਂ ਵਿਚ ਉਹ ਕਈ ਵਾਰ ਸੰਤ ਕਰਤਾਰ ਸਿੰਘ ਨੂੰ ਆਖ ਚੁੱਕੇ ਸਨ ਕਿ ਜਦੋਂ ਕਦੇ ਭਾਈ ਕਿਸ਼ਨ ਸਿੰਘ ਆਉਣ, ਉਹਨਾਂ ਨੂੰ ਜ਼ਰੂਰ ਦਰਸ਼ਨ ਕਰਾਏ ਜਾਣ। ਸੰਤ ਨੇ ਯਕੀਨ ਦੁਆ ਰਖਿਆ ਸੀ ਕਿ ਜਦੋਂ ਵੀ ਹੋ ਸਕਿਆ, ਜ਼ਰੂਰ ਮੁਲਾਕਾਤ ਕਰਵਾ ਦਿਆਂਗਾ। ਸੋ ਖਜੂਰਲੇ ਦੀ ਘਟਨਾ ਤੋਂ ਬਾਅਦ ਭਾਈ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ ਅਤੇ ਸੰਤ ਕਰਤਾਰ ਸਿੰਘ ਤਾਂ ਪ੍ਰਾਗਪੁਰ ਸੰਤ ਦੀ ਕੁਟੀਆ ਵਿਚ ਪੁੱਜ ਗਏ ਅਤੇ ਦੂਜੇ ਸਾਥੀ ਆਪਣੇ ਇਲਾਕੇ ਮਾਹਲਪੁਰ ਵੱਲ ਚਲੇ ਗਏ। ਜਿਸ ਵੇਲੇ ਇਹ ਕੁਟੀਆ ਵਿਚ ਪੁੱਜੇ, ਉਥੇ ਕਿਰਪਾਲ ਸਿੰਘ ਅਤੇ ਪ੍ਰਤਾਪ ਸਿੰਘ ਵੀ ਆਏ ਹੋਏ ਸਨ। ਸੰਤ ਕਰਤਾਰ ਸਿੰਘ ਨੇ ਉਹਨਾਂ ਦੀ ਵਾਕਫ਼ੀ ਕਰਵਾ ਦਿੱਤੀ। ਦੋਹਾਂ ਫੌਜੀਆਂ ਨੇ ਭਾਈ ਕਿਸ਼ਨ ਸਿੰਘ ਅੱਗੇ ਬੇਨਤੀ ਕੀਤੀ ਕਿ ਉਹਨਾਂ ਦੇ ਜ਼ਿੰਮੇ ਵੀ ਕੋਈ ਸੇਵਾ ਲਾਈ ਜਾਵੇ। ਉਹਨਾਂ ਨੇ ਦੱਸਿਆ ਕਿ ਉਹਨਾਂ ਦਾ ਇਕ ਹੋਰ ਹਮਖ਼ਿਆਲ, ਗੰਗਾ ਸਿੰਘ ਵੀ ਚਕਰਵਰਤੀ ਜਥੇ ਦੀ ਸੇਵਾ ਕਰਨੀ ਚਾਹੁੰਦਾ ਹੈ, ਪਰ ਐਸ ਵੇਲੇ ਉਹ ਜਲੰਧਰ ਛਾਉਣ ਹੈ ਅਤੇ ਕੁਝ ਸਮੇਂ ਲਈ ਉਹਦੀ ਡਿਊਟੀ ਸਟੇਸ਼ਨ ਉੱਤੇ ਹੀ ਰਹਿਣੀ ਹੈ। ਸਮਾਂ ਮਿਲੇ ਤਾਂ ਉਹਨੂੰ ਵੀ ਤੁਸੀਂ ਜ਼ਰੂਰ ਦਰਸ਼ਨ ਦੇਣੇ।

ਭਾਈ ਸਾਹਿਬ ਤਾਂ ਪਹਿਲਾਂ ਹੀ ਇਹੋ ਜਿਹੇ ਫ਼ੌਜੀਆਂ ਦੀ ਤਲਾਸ਼ ਵਿਚ ਸਨ। ਉਹਨਾਂ ਨੇ ਚਕਰਵਰਤੀ ਜਥੇ ਦਾ ਪ੍ਰੋਗਰਾਮ ਪੂਰੇ ਵਿਸਥਾਰ ਨਾਲ ਸਮਝਾਉਂਦਿਆਂ ਕਿਹਾ, "ਮੈਂ ਤਾਂ ਪਹਿਲਾਂ ਹੀ ਤੁਹਾਡੇ ਜਿਹੇ ਦੇਸਭਗਤਾਂ ਦੀ ਭਾਲ ਵਿਚ ਹਾਂ। ਜਿੰਨਾ ਵੀ ਵੱਧ ਤੋਂ ਵੱਧ ਹੋ ਸਕੇ, ਬੜੀ ਹੁਸ਼ਿਆਰੀ ਨਾਲ ਬਾਕੀ ਫ਼ੌਜੀਆਂ ਨੂੰ ਹਮ-ਖ਼ਿਆਲ ਬਣਾਉਣ ਲਈ ਪੂਰੀ ਵਾਹ ਲਾ ਦਿਉ। 1857 ਦੀਆਂ ਲੀਹਾਂ ਉੱਤੇ ਮੁਲਕ ਵਿਚੋਂ ਅੰਗਰੇਜ਼ ਨੂੰ ਦੁੜਾਉਣ ਦੀ ਤੁਸੀਂ ਅੰਦਰੋ-ਅੰਦਰੀ ਤਿਆਰੀ ਸ਼ੁਰੂ ਕਰ ਦਿਉ। ਜਿੰਨੇ ਹਥਿਆਰ, ਗੋਲੀ-ਸਿੱਕਾ ਤੇ ਬੰਬ ਫ਼ੌਜ ਵਿਚੋਂ ਖਿਸਕਾ ਸਕੋ, ਚਕਰਵਰਤੀ ਜਥੇ ਨੂੰ ਪੁਚਾਉਣ ਦੀ ਕੋਸ਼ਿਸ਼ ਕਰੋ। ਇਹ ਚੀਜ਼ਾਂ ਏਸ ਬੇਲਾ ਸਿੰਘ ਨੂੰ ਦੇ ਜਾਇਆ ਕਰੋ। ਅਸੀਂ ਪਹਿਲਾਂ ਹੀ ਲੋਕਾਂ ਨੂੰ ਬਾਹਰੋਂ ਹਮਲਾ ਕਰਨ ਲਈ ਤਿਆਰ ਕਰ ਰਹੇ ਹਾਂ। ਸਮਾਂ ਆਉਣ ਉੱਤੇ ਦੋਹਾਂ ਪਾਸਿਆਂ ਤੋਂ ਹਮਲਾ ਕਰਕੇ ਫ਼ਰੰਗੀਆਂ ਨੂੰ ਦੁੜਾਉਣ ਤੋਂ ਬਿਨਾਂ ਹੁਣ ਚਕਰਵਰਤੀ ਜਥੇ ਦਾ ਹੋਰ ਕੋਈ ਪ੍ਰੋਗਰਾਮ ਨਹੀਂ। ਬੱਸ ਦੀਵੇ ਨਾਲ ਦੀਵਾ ਬਾਲਦੇ ਹੀ ਚਲੇ ਜਾਉ। ਸਤਿਗੁਰੂ ਭਲੀ ਕਰਨਗੇ।"

ਦੋਵੇਂ ਫ਼ੌਜੀ ਇਕਰਾਰ ਕਰਕੇ ਵਾਪਸ ਫ਼ੌਜ ਨੂੰ ਚਲੇ ਗਏ। ਇਸੇ ਤਰ੍ਹਾਂ ਭਾਈ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਬੇਲਾ ਸਿੰਘ ਅਤੇ ਸੰਤ ਕਰਤਾਰ ਸਿੰਘ ਰੇਲਵੇ ਸਟੇਸ਼ਨ ਜਲੰਧਰ ਛਾਉਣੀ ਵਿਖੇ ਗੰਗਾ ਸਿੰਘ ਨੂੰ ਜਾ ਮਿਲੇ ਅਤੇ ਉਹਨੂੰ ਵੀ ਉਪਰੋਕਤ ਸਾਰਾ ਪ੍ਰੋਗਰਾਮ ਸਮਝਾ ਦਿੱਤਾ। ਉਹਨੇ ਵੀ ਹਰ ਤਰ੍ਹਾਂ ਦੀ ਮਦਦ ਕਰਨ ਦਾ ਵਚਨ ਦੇ ਦਿੱਤਾ।

ਇਹ ਗੱਲ ਵੱਖਰੀ ਹੈ ਕਿ ਬਾਅਦ ਵਿਚ ਸੰਤ ਕਰਤਾਰ ਸਿੰਘ, ਬੇਲਾ ਸਿੰਘ ਅਤੇ ਫ਼ੌਜੀ ਕਿਰਪਾਲ ਸਿੰਘ ਵਾਇਦਾ-ਮੁਆਫ਼ ਬਣ ਗਏ ਸਨ, ਜਿਨ੍ਹਾਂ ਦੇ ਬਿਆਨਾਂ ਦੇ ਹਵਾਲੇ ਪੇਪਰ-ਬੁੱਕ ਵਿਚੋਂ ਅੱਗੇ ਜਾ ਕੇ ਆ ਹੀ ਜਾਣੇ ਹਨ।

# 13. ਭਾਈ ਕਿਸ਼ਨ ਸਿੰਘ ਦੀ ਦੁਆਬਾ ਖ਼ਾਲਸਾ ਹਾਈ ਸਕੂਲ ਜਲੰਧਰ ਦੇ ਵਿਦਿਆਰਥੀਆਂ ਨਾਲ ਪਹਿਲੀ ਮੁਲਾਕਾਤ

ਮੈਂ ਦੱਸ ਹੀ ਆਇਆ ਹਾਂ ਕਿ 1922 ਦੇ ਹੋਲੇ-ਮਹੱਲੇ ਦਾ ਮੇਲਾ ਮਾਰਚ ਦੇ ਅਖ਼ੀਰ ਵਿਚ ਹੋਇਆ ਸੀ। ਅਸੀਂ ਪਾੜ੍ਹੇ ਵੀ ਮੇਲੇ ਗਏ ਸੀ ਅਤੇ ਪਹਿਲੀ ਅਪਰੈਲ 1922 ਨੂੰ ਸਕੂਲੇ ਆ ਹਾਜ਼ਰ ਹੋਏ ਸੀ। ਮੇਲੇ ਗਏ ਸਾਥੀ ਮੇਰੇ ਖਹਿੜੇ ਪੈ ਗਏ ਕਿ ਉਹਨਾਂ ਨੂੰ ਵੀ ਭਾਈ ਸਾਹਿਬ ਦੇ ਦਰਸ਼ਨ ਕਰਾਵਾਂ। ਸੱਚੀ ਗੱਲ ਤਾਂ ਇਹ ਸੀ ਕਿ ਮੈਂ ਝਿਜਕਦਾ ਸੀ ਕਿ ਇਥੇ ਮੈਂ ਜਥੇ ਦੀ ਸੇਵਾ ਕਿਵੇਂ ਕਰ ਸਕਾਂਗਾ, ਕਿਉਂਕਿ ਆਪਣਾ ਖਰਚਾ ਹੀ ਮੁਸ਼ਕਲ ਨਾਲ ਚਲਦਾ ਸੀ ਅਤੇ ਜਥੇ ਦਾ ਖਰਚਾ ਝੱਲਣ ਦੀ ਮੇਰੇ ਵਿਚ ਸਮਰਥਾ ਨਹੀਂ ਸੀ। ਮੈਂ ਐਵੇਂ ਟਾਲਮਟੋਲ ਕਰ ਛਡਿਆ ਕਰਾਂ। ਜਦੋਂ ਉਹ ਜ਼ਿਆਦਾ ਹੀ ਖਹਿੜੇ ਪੈ ਗਏ ਤਾਂ ਮੈਂ ਸੱਚੀ ਗੱਲ ਦੱਸ ਦਿੱਤੀ ਕਿ ਪਿੰਡ ਵਿਚ ਤਾਂ ਘਰ ਦਾ ਅੰਨ-ਪਾਣੀ ਅਤੇ ਲਵੇਰਾ ਹੋਣ ਕਰਕੇ ਕੰਮ ਚੱਲ ਜਾਂਦਾ ਹੈ, ਇਥੇ ਮੇਰੇ ਵੱਸ ਦਾ ਰੋਗ ਨਹੀਂ ਜੋ ਸੇਵਾ ਕਰ ਸਕਾਂ। ਉਹ ਸਾਰੇ ਹੱਸ ਪਏ ਅਤੇ ਕਹਿਣ ਲੱਗੇ ਸੇਵਾ ਤਾਂ ਅਸੀਂ ਆਪਣੇ ਆਪ ਹੀ ਕਰਨੀ ਸੀ, ਤੂੰ ਕਾਹਤੋਂ ਘਬਰਾਉਂਦਾ ਰਿਹਾ।

ਸਿਵਾਏ ਖੁਰਦਪੁਰੀਏ ਪ੍ਰੀਤਮ ਸਿੰਘ ਤੋਂ ਸਾਰੇ ਖਾਂਦੇ-ਪੀਂਦੇ ਘਰਾਂ ਦੇ ਹੀ ਮੁੰਡੇ ਸਨ। ਸੋ ਸੇਵਾ ਦੀ ਜ਼ਿੰਮੇਵਾਰੀ ਉਹਨਾਂ ਸਾਰਿਆਂ ਨੇ ਆਪਣੇ ਸਿਰ ਲੈ ਲਈ। ਮੈਂ ਇਕ ਦਿਨ ਸੰਤ ਕਰਤਾਰ ਸਿੰਘ ਦੀ ਕੁਟੀਆ ਵਿਖੇ ਜਾ ਕੇ ਸੰਤਾਂ ਨੂੰ ਤਾਕੀਦ ਕਰ ਆਇਆ ਕਿ ਉਹ ਭਾਈ ਸਾਹਿਬ ਨੂੰ ਰਾਤ ਵੇਲੇ ਜ਼ਰੂਰ ਸਕੂਲ ਲਿਆਵੇ ਅਤੇ ਮੇਰੇ ਵਲੋਂ ਬੇਨਤੀ ਕਰ ਦੇਵੇ ਕਿ ਮੇਰੇ ਜਮਾਤੀ ਉਹਨਾਂ ਦੇ ਦਰਸ਼ਨ ਕਰਨੇ ਚਾਹੁੰਦੇ ਹਨ। ਸਾਡਾ ਖ਼ਾਲਸਾ ਸਕੂਲ ਜਲੰਧਰੋਂ ਨਕੋਦਰ ਨੂੰ ਜਾਣ ਵਾਲੀ ਰੇਲ ਦੀ ਲਾਈਨ ਦੇ ਬਿਲਕੁਲ ਨਾਲ ਲਗਦਾ ਸੀ। ਲਹਿੰਦੇ ਪਾਸੇ ਬਿਲਕੁਲ ਨਾਲ ਲਗਦਾ ਸਦਰ ਪੁਲਸ ਦਾ ਥਾਣਾ ਸੀ। ਥਾਣਿਆਂ ਵਿਚ ਇਕ ਤਾਂ ਪੁਲਸ ਦਾ ਵਾਧਾ ਹੋ ਚੁਕਿਆ ਸੀ ਅਤੇ ਉਂਜ ਵੀ ਪੁਲਸ ਚੁਕੰਨੀ ਹੋ ਚੁੱਕੀ ਸੀ। ਇਸੇ ਕਰਕੇ ਮੈਂ ਰਾਤ ਨੂੰ ਆਉਣਾ ਕਿਹਾ ਸੀ।

*　　*　　*

ਉਹਨਾਂ ਦਿਨਾਂ ਵਿਚ ਸਿਵਾਏ ਥਾਣੇ ਤੋਂ ਬਾਕੀ ਆਲੇ-ਦੁਆਲੇ ਬੂਝੇ-ਝਾੜੀਆਂ

ਅਤੇ ਰੇਤ ਦੇ ਟਿੱਲੇ ਹੀ ਸਨ। ਮੈਨੂੰ ਚੰਗੀ ਤਰ੍ਹਾਂ ਚੇਤਾ ਹੈ ਕਿ ਗਰਮੀਆਂ ਦੇ ਦਿਨੀਂ ਛੁੱਟੀ ਤੋਂ ਬਾਅਦ ਜਦੋਂ ਲੰਗਰ ਛਕੀ ਦਾ ਸੀ, ਸਿਖਰ-ਦੁਪਹਿਰ ਨੂੰ ਹਵਾ ਦੇ ਬੁੱਲਿਆਂ ਨਾਲ ਰੇਤਾ ਸਾਡੀਆਂ ਥਾਲੀਆਂ ਵਿਚ ਆ ਪਿਆ ਕਰਦਾ ਸੀ। ਸ਼ਹਿਰ ਦੇ ਲਾਗੇ ਜਾ ਕੇ ਅਰਾਈਆਂ ਦੇ ਖੂਹ ਸਨ। ਉਹ ਸਬਜ਼ੀਆਂ ਬੀਜਦੇ ਸਨ ਜਾਂ ਪੋਨਾ ਬੀਜਿਆ ਕਰਦੇ ਸਨ। ਕਦੀ-ਕਦਾਈਂ ਅਸੀਂ ਪਾੜ੍ਹੇ ਗਰਮੀਆਂ ਦੇ ਦਿਨੀਂ ਇਕੱਠੇ ਹੋ ਕੇ ਸਵੇਰੇ ਜੰਗਲ-ਪਾਣੀ ਗਏ ਜੇ ਉਹਨਾਂ ਦੇ ਖੂਹਾਂ ਉੱਤੇ ਨ੍ਹਾਉਣ ਲੱਗ ਪੈਂਦੇ, ਤਾਂ ਉਹ ਪਾਰਛੇ ਵਿਚ ਹੁੱਕੇ ਦਾ ਨੇਚਾ ਰੱਖ ਦਿੰਦੇ। ਅਸੀਂ ਉਸ ਸਮੇਂ ਤਾਂ ਨੰਗ-ਧੜੰਗ ਨਿਚੁੜਦੇ ਹੋਏ ਬੋਰਡਿੰਗ ਨੂੰ ਮੁੜ ਆਉਂਦੇ, ਪਰ ਰਾਤ ਨੂੰ ਜਾ ਕੇ ਉਹਨਾਂ ਦੀ ਫ਼ਸਲ ਉਜਾੜ ਆਉਂਦੇ ਅਤੇ ਵੇਲਾਂ ਪੁੱਟ ਸੁਟਦੇ। ਖਰਬੂਜ਼ੇ-ਹਦਵਾਣੇ ਤਾਂ ਕਈ ਵਾਰ ਚੋਰੀ ਕੀਤੇ ਸਨ।

ਇਕ ਜਹਾਲਤ ਦੀ ਗੱਲ ਹੁਣ ਜਦੋਂ ਯਾਦ ਆਉਂਦੀ ਹੈ ਤਾਂ ਆਪਣੇ ਮੂੰਹ ਉੱਤੇ ਆਪ ਚੁਪੇੜਾਂ ਮਾਰਨ ਨੂੰ ਦਿਲ ਕਰਦਾ ਹੈ। ਇਕ ਦਿਨ ਮੈਨੂੰ ਅਤੇ ਮੇਘੋਵਾਲੀਏ ਗੁਰਦਿਆਲ ਸਿੰਘ ਮਿਸਤਰੀ ਨੂੰ ਸਵੇਰੇ ਨੇਚਾ ਰੱਖ ਕੇ ਨ੍ਹਾਉਣ ਤੋਂ ਰੋਕਿਆ ਗਿਆ। ਅਸੀਂ ਗੁੱਸੇ ਵਿਚ ਬਦਲਾ ਲੈਣ ਲਈ ਹੱਥਾਂ ਵਿਚ ਟਕੂਏ ਲੈ ਕੇ ਗਏ। ਸਲਾਹ ਸੀ ਕਿ ਇਕ ਤਾਂ ਖੂਹ ਦੀ ਮਾਹਲ ਵੱਢ ਕੇ ਖੂਹ ਵਿਚ ਜ਼ਰੂਰ ਸੁੱਟਣੀ ਹੈ ਅਤੇ ਫ਼ਸਲ ਦਾ ਵੀ ਨੁਕਸਾਨ ਕਰਕੇ ਮੁੜਨਾ ਹੈ। ਉਹਨਾਂ ਦਿਨਾਂ ਵਿਚ ਕੱਚੀਆਂ ਮਿੱਟੀ ਦੀਆਂ ਟਿੰਡਾਂ ਅਤੇ ਗੰਨੇ ਦੀਆਂ ਬੇੜਾਂ ਦੀਆਂ ਮਾਹਲਾਂ ਹੁੰਦੀਆਂ ਸਨ। ਚੰਦ ਦੀ ਚਾਨਣੀ ਸੀ ਅਤੇ ਖੂਹ ਦੀ ਮਣ ਲਾਗੇ ਕੋਈ ਆਦਮੀ ਸੁੱਤਾ ਪਿਆ ਸੀ। ਗੁਰਦਿਆਲ ਸਿੰਘ ਮਿਸਤਰੀ ਨੂੰ ਪਤਾ ਨਹੀਂ ਕੀ ਸੁੱਝੀ ਕਿ ਕਹਿਣ ਲਗਿਆ, "ਪੈਂਦ ਵੱਲੋਂ ਮੰਜਾ ਤੂੰ ਚੁੱਕ, ਸਰ੍ਹਾਣਿਓਂ ਮੈਂ ਚੁਕਦਾ ਹਾਂ। ਇਹਨੂੰ ਖੂਹ ਵਿਚ ਸੁੱਟਣਾ ਹੈ। ਸਵੇਰੇ ਇਸੇ ਨੇ ਹੀ ਨੇਚਾ ਪਾਰਛੇ ਵਿਚ ਰੱਖਿਆ ਸੀ।"

ਚੰਦ ਦੀ ਚਾਨਣੀ ਸੀ ਅਤੇ ਉਹੋ ਹੁੱਕਾ ਉਹਦੇ ਕੋਲ ਪਿਆ ਸੀ। ਸੱਚਮੁੱਚ ਅਸੀਂ ਉਸ ਸੁੱਤੇ ਪਏ ਬੰਦੇ ਨੂੰ ਚੁੱਕ ਕੇ ਖੂਹ ਵਿਚ ਸੁੱਟ ਵਾਪਸ ਦੌੜ ਆਏ। ਪਹਿਲਾਂ ਮਾਹਲਾਂ ਤਾਂ ਕਈ ਵਾਰ ਵਢੀਆਂ ਸਨ, ਫ਼ਸਲਾਂ ਦਾ ਉਜਾੜਾ ਵੀ ਕੀਤਾ ਸੀ, ਪੋਨੇ ਵੀ ਖ਼ੂਬ ਚੂਪੇ ਸਨ, ਪਰ ਇਹ ਹਰਕਤ ਸਭ ਤੋਂ ਮਾੜੀ ਕਹੀ ਜਾ ਸਕਦੀ ਹੈ। ਅਗਲੇ ਦਿਨ ਸਵੇਰੇ ਅਸੀਂ ਦੋਨੋਂ ਆਪਣੀ ਕਰਤੂਤ ਦਾ ਨਤੀਜਾ ਦੇਖਣ ਗਏ, ਤਾਂ ਉਹੋ ਬੁੱਢਾ ਗਾਧੀ ਉੱਤੇ ਬੈਠਾ ਬਲਦ ਹੱਕ ਰਿਹਾ ਸੀ ਅਤੇ ਹੁੱਕਾ ਪੀ ਰਿਹਾ ਸੀ। ਸਾਡੇ ਸਾਹ ਵਿਚ ਸਾਹ ਆਏ।

ਦਰਅਸਲ ਆਮ ਅਰਾਈਂ ਟੱਬਰਾਂ ਸਮੇਤ ਖੂਹਾਂ ਉੱਤੇ ਰਿਹਾ ਕਰਦੇ ਸਨ। ਉਹਨਾਂ ਦੀਆਂ ਨੂੰਹਾਂ-ਧੀਆਂ ਵੀ ਕੋਲ ਰਹਿੰਦੀਆਂ ਸਨ। ਇਸ ਕਰਕੇ ਉਹ ਨਹੀਂ ਸਨ ਚਾਹੁੰਦੇ ਕਿ ਸਿੱਖਾਂ ਦੇ ਛੋਕਰੇ ਉਹਨਾਂ ਦੇ ਖੂਹਾਂ ਉੱਤੇ ਆਉਣ। ਉਧਰ ਅਸੀਂ ਸਮਝੀਏ ਕਿ ਸਾਡੇ ਸਿੱਖ ਹੋਣ ਕਰਕੇ ਇਹ ਮੁਸਲਮਾਨ ਅਰਾਈਂ ਜਾਣਬੁੱਝ ਕੇ ਸਾਡੇ ਨਾਲ ਸ਼ਰਾਰਤ ਕਰਦੇ ਹਨ। ਅਸੀਂ ਚਿੜ ਕੇ ਇਹੋ ਜਿਹੀਆਂ ਗ਼ਲਤ ਹਰਕਤਾਂ ਕਰਕੇ ਖ਼ੁਸ਼ੀ ਮਹਿਸੂਸ ਕ੍ਰਿਆ ਕਰਦੇ ਸੀ।

* * *

ਸਾਡੇ ਜ਼ਮਾਨੇ ਵਿਚ ਸ਼ਹਿਰਾਂ ਵਿਚ ਜ਼ਰੂਰ ਕੁਝ ਫ਼ੈਸ਼ਨ ਜਿਹਾ ਹੁੰਦਾ ਸੀ, ਪਰ ਪਿੰਡਾਂ ਵਿਚ ਸਾਦਗੀ ਤੋਂ ਸਿਵਾ ਕੁਝ ਨਹੀਂ ਸੀ। ਇਥੇ ਜੇ ਮੈਂ ਆਪਣੇ ਸਾਥੀ ਹਰੀ ਸਿੰਘ

ਜੀ ਖੰਡੇ ਦੇ ਕੁਝ ਸ਼ੇਅਰ ਪਿੰਡਾਂ ਦੀ ਸਾਦਗੀ ਬਾਰੇ ਲਿਖ ਦਿਆਂ ਤਾਂ ਕੁਥਾਂ ਨਹੀਂ ਹੋਵੇਗਾ। 1929-30 ਵਿਚ ਜਦੋਂ ਮੈਂ ਲਾਹੌਰ ਵਕੀਲ ਦਾ ਮੁਣਸ਼ੀ ਲਗਿਆ ਹੋਇਆ ਸੀ ਤਾਂ ਆਪਣੇ ਪਿੰਡ ਦੇ ਇਕ ਸਾਂਝੇ ਮੁਕੱਦਮੇ ਦੀ ਹਾਈ ਕੋਰਟ ਵਿਚ ਅਪੀਲ ਕਰਨ ਲਈ ਖੰਡਾ ਜੀ ਸਾਡੇ ਕੋਲ ਆਏ ਸਨ। ਉਹਨਾਂ ਨੇ ਵਾਪਸ ਜਾ ਕੇ ਕਵਿਤਾ ਵਿਚ ਇਕ ਬੜੀ ਦਿਲਚਸਪ ਚਿੱਠੀ ਮੈਨੂੰ ਲਿਖੀ ਸੀ। ਇਹ ਅੱਜ ਵੀ ਮੈਨੂੰ ਜ਼ਬਾਨੀ ਯਾਦ ਹੈ। ਪਰ ਮੈਂ ਸਿਰਫ਼ ਸ਼ਹਿਰਾਂ ਅਤੇ ਪਿੰਡਾਂ ਬਾਬਤ ਲਿਖੇ ਸ਼ੇਅਰ ਹੀ ਇਥੇ ਲਿਖ ਰਿਹਾ ਹਾਂ।

ਖੰਡਾ ਜੀ ਸਾਡੇ ਬਬਰ ਕੇਸ ਦੇ ਮੁਲਜ਼ਮ ਨੰ: 46 ਸਨ ਅਤੇ ਬਬਰ ਅਕਾਲੀ ਪ੍ਰੈੱਸ ਵਾਸਤੇ ਬੜੀਆਂ ਗਰਮ ਅਤੇ ਜੁਸ਼ੀਲੀਆਂ ਨਜ਼ਮਾਂ ਲਿਖਿਆ ਕਰਦੇ ਸਨ। ਉਹਨਾਂ ਵਿਚੋਂ ਜਿੰਨੀਆਂ ਰੋਮਨ ਅੱਖਰਾਂ ਵਿਚ ਪੇਪਰ-ਬੁੱਕ ਵਿਚ ਦਰਜ ਹਨ, ਉਹ ਅੱਗੇ ਜਾ ਕੇ ਇਕੱਠੀਆਂ ਹੀ ਲਿਖ ਦਿਆਂਗਾ। ਇਥੇ ਸਿਰਫ਼ ਪਿੰਡਾਂ ਦਾ ਹੀ ਹਵਾਲਾ ਦੇ ਰਿਹਾ ਹਾਂ। ਖੰਡਾ ਜੀ ਨੇ ਲਿਖਿਆ ਸੀ :

ਬੇਸ਼ੱਕ ਬੁੱਢੇ ਲਾਹੌਰ ਵਿਚ ਵੇਖਣੇ ਨੂੰ,
ਬੜੇ-ਬੜੇ ਬਾਰੌਣਕ ਬਾਜ਼ਾਰ ਵੀ ਸਨ।
ਆਲੀਸ਼ਾਨ ਇਮਾਰਤਾਂ ਦਿੱਸਣ ਖੜ੍ਹੀਆਂ,
ਜੈਂਟਲਮੈਨ ਫਿਰਦੇ ਬੇਸ਼ੁਮਾਰ ਵੀ ਸਨ।
ਸੜਕਾਂ ਸਾਫ਼ ਵਿਚ ਗੰਦੀਆਂ ਨਾਲੀਆਂ ਦੇ,
ਧੂੰਏਂ ਹੂਰੀਂ ਦੇ ਰਹੇ ਬਹਾਰ ਵੀ ਸਨ।
ਨਾਜ਼ਨੀਨ ਬਣਾਉਟੀ ਜਿਹੇ ਰੂਪ ਵਾਲੇ,
ਵਿਚ-ਵਿਚ ਹੁਸਨ ਦੇ ਲੇਕਨ ਅਵਤਾਰ ਵੀ ਸਨ।

ਐਪਰ ਪਿੰਡਾਂ ਦੇ ਯਾਰ ਮੁਕਾਬਲੇ ਤੇ,
ਸੋਹਣੀ ਸ਼ਹਿਰਾਂ ਦੀ ਹਰ ਤਰ੍ਹਾਂ ਸ਼ਾਨ ਕਿੱਥੇ!
ਤਰੋ-ਤਾਜ਼ਗੀ ਹਰ ਘੜੀ ਬਖ਼ਸ਼ਣੇ ਨੂੰ,
ਚਾਰੋ ਤਰਫ਼ ਸਰਸਬਜ਼ ਮੈਦਾਨ ਕਿਥੇ!
ਸਾਦੀ ਜਿਹੀ ਸੁਹੱਪਣਤਾ ਦਰਅਸਲ,
ਕਤਲ ਕਰਨ ਵਾਲੀ ਬੇਜ਼ੁਬਾਨ ਕਿਥੇ!
ਮਿਲਣ-ਸਾਰ ਖ਼ੁਸ਼-ਖ਼ੁਲਕ ਸੁਡੌਲ ਸੋਹਣੇ,
ਸਾਦੇ ਪ੍ਰੇਮ ਦੇ ਪੁਤਲੇ ਇਨਸਾਨ ਕਿਥੇ!

ਦੁੱਖ ਹੈ ਕਿ ਖੰਡਾ ਜੀ ਹਮੇਸ਼ਾ ਲਈ ਸਾਡਾ ਸਾਥ ਛੱਡ ਚੁਕੇ ਹਨ। ਨਹੀਂ ਤਾਂ ਇਹ ਬਬਰ ਤਹਿਰੀਕ ਦਾ ਜੋ ਹਾਲ ਮੈਂ ਲਿਖ ਰਿਹਾ ਹਾਂ, ਜ਼ਰੂਰ ਹੀ ਉਹਨਾਂ ਦੀ ਨਜ਼ਮ ਨਾਲ ਸਮਾਪਤ ਕਰਨਾ ਸੀ। ਇਹਦਾ ਨਿਚੋੜ ਉਹੋ ਹੀ ਕਵਿਤਾ ਰਾਹੀਂ ਲਿਖ ਸਕਦੇ ਸਨ।

* * *

ਮੈਂ ਪਹਿਲਾਂ ਲਿਖ ਆਇਆ ਹਾਂ ਕਿ ਭਾਈ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਬੇਲਾ ਸਿੰਘ ਅਤੇ ਸੰਤ ਕਰਤਾਰ ਸਿੰਘ ਪ੍ਰਾਗਪੁਰੋਂ ਜਲੰਧਰ ਛਾਉਣੀ ਦੇ ਸਟੇਸ਼ਨ ਉੱਤੇ

ਪਹਿਲਾਂ ਫ਼ੌਜੀ ਗੰਗਾ ਸਿੰਘ ਨੂੰ ਮਿਲ ਕੇ ਹਥਿਆਰ ਇਕੱਠੇ ਕਰਨ ਅਤੇ ਫ਼ੌਜਾਂ ਵਿਚ ਬਗ਼ਾਵਤੀ ਪ੍ਰਚਾਰ ਕਰਨ ਲਈ ਕਹਿ ਚੁੱਕੇ ਸਨ। ਇਹ ਵੇਰਵਾ ਪੇਪਰ-ਬੁੱਕ ਦੇ ਸਫ਼ਾ 54 ਦੀਆਂ ਅਖ਼ੀਰਲੀਆਂ ਸਤਰਾਂ ਵਿਚ ਦਰਜ ਹੈ।

ਸਫ਼ਾ 55 ਦੀ ਸਤਰ ਤੀਜੀ ਤੋਂ ਸੰਤ ਦਾ ਬਿਆਨ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ :

''ਅਸੀਂ ਚਾਰੇ ਇਕ ਟਾਂਗੇ ਵਿਚ ਸਵਾਰ ਹੋ ਗਏ, ਜਿਹੜਾ ਬੇਲਾ ਸਿੰਘ ਕਿਰਾਏ ਉੱਤੇ ਸਾਡੇ ਵਾਸਤੇ ਲੈ ਆਇਆ ਸੀ। ਉਥੋਂ ਅਸੀਂ ਖਾਲਸਾ ਸਕੂਲ, ਜਿਹੜਾ ਜਲੰਧਰ ਛਾਉਣੀ ਅਤੇ ਸ਼ਹਿਰ ਦੇ ਅੱਧ ਵਿਚ ਪੈਂਦਾ ਸੀ, ਜਾ ਪੁੱਜੇ ਅਤੇ ਮਿਲਖਾ ਸਿੰਘ ਨੂੰ ਮਿਲੇ, ਜਿਹੜਾ ਉਥੇ ਪੜ੍ਹਦਾ ਸੀ ਅਤੇ ਮੁਲਜ਼ਮ ਨੰ: 12 ਹੈ। 4-5 ਹੋਰ ਤਾਲਿਬ-ਇਲਮ ਵੀ ਸਨ, ਜਿਹੜੇ ਸਾਡੇ ਵਾਸਤੇ ਮਿਠਾਈ ਲੈ ਆਏ। ਇਹ ਮਿਲਖਾ ਸਿੰਘ ਪੰਡੋਰੀ ਨਿੱਝਰਾਂ ਦਾ ਹੈ। ਸਕੂਲ ਤੋਂ ਅਸੀਂ ਸ਼ਹਿਰ ਨੂੰ ਚਲੇ ਗਏ ਅਤੇ ਰਾਤ ਡੀਗਰੀਆਂ ਦੇ ਠੇਕੇਦਾਰ ਤੇਜਾ ਸਿੰਘ ਕੋਲ ਜਾ ਕੱਟੀ। ਅਗਲੇ ਦਿਨ ਸਵੇਰੇ ਬੇਲਾ ਸਿੰਘ ਤੇ ਬਾਬੂ ਸੰਤਾ ਸਿੰਘ ਪ੍ਰਾਗਪੁਰ ਨੂੰ ਚਲੇ ਗਏ ਅਤੇ ਮੈਂ ਤੇ ਕਿਸ਼ਨ ਸਿੰਘ ਭੋਜੋਵਾਲ ਨੂੰ ਚਲੇ ਗਏ।''

ਇਹ ਤਾਂ ਸੰਤ ਕਰਤਾਰ ਸਿੰਘ ਦੇ ਬਿਆਨ ਦਾ ਪੰਜਾਬੀ ਤਰਜਮਾ ਲਿਖਿਆ ਹੈ। ਪੂਰੀ ਗੱਲ ਇੰਜ ਹੋਈ ਸੀ।

ਹਨੇਰਾ ਹੋਏ ਤੋਂ ਸੰਤ ਕਰਤਾਰ ਸਿੰਘ ਨੇ ਬੋਰਡਿੰਗ ਵਿਚ ਆ ਕੇ ਮੈਨੂੰ ਕਿਹਾ ਕਿ ਭਾਈ ਕਿਸ਼ਨ ਸਿੰਘ ਆ ਗਏ ਹਨ ਅਤੇ ਤੁਹਾਨੂੰ ਉਡੀਕ ਰਹੇ ਹਨ। ਉਸੇ ਵੇਲੇ ਮੈਂ ਆਪਣੇ ਸਾਥੀਆਂ ਨੂੰ ਪਤਾ ਦੇ ਦਿੱਤਾ ਅਤੇ ਉਹ ਸਾਰੇ ਜਾ ਕੇ ਇਕ ਥਾਲ ਕਲਾਕੰਦ ਅਤੇ ਦੁੱਧ ਦੀ ਬਾਲਟੀ ਤੇ ਗਲਾਸ ਲੈ ਕੇ ਉਥੇ ਆ ਗਏ, ਜਿਥੇ ਤੁਰਨ ਲਗਿਆਂ ਮੈਂ ਸਮਝਾ ਆਇਆ ਸੀ। ਮੈਂ ਆਪ ਪਹਿਲਾਂ ਭਾਈ ਸਾਹਿਬ ਕੋਲ ਚਲਿਆ ਗਿਆ।

ਮੇਰੇ ਸਾਥੀਆਂ ਨੇ ਕਲਾਕੰਦ ਦਾ ਥਾਲ ਤੇ ਦੁੱਧ ਭਾਈ ਸਾਹਿਬ ਸਾਹਮਣੇ ਲਿਆ ਰਖਿਆ ਅਤੇ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ। ਉਹ ਭਾਈ ਸਾਹਿਬ ਦੇ ਬਿਲਕੁਲ ਕੋਲ ਬੈਠ ਗਏ। ਭਾਈ ਸਾਹਿਬ ਮੁੰਡਿਆਂ ਦਾ ਸ਼ਰਧਾ-ਭਾਵ ਦੇਖ ਬਹੁਤ ਪ੍ਰਭਾਵਿਤ ਅਤੇ ਖ਼ੁਸ਼ ਹੋਏ। ਚਿਹਰਾ ਤਾਂ ਪਹਿਲਾਂ ਹੀ ਹਸੂੰ-ਹਸੂੰ ਕਰਦਾ ਰਹਿੰਦਾ ਸੀ। ਪਹਿਲਾਂ ਉਹਨਾਂ ਨੇ ਕਲਾਕੰਦ ਛਕੀ ਅਤੇ ਫੇਰ ਦੁੱਧ ਪੀਤਾ। ਬਾਕੀ ਬਚਿਆ ਅਸੀਂ ਛਕ-ਛਕਾ ਲਿਆ। ਬਾਅਦ ਵਿਚ ਭਾਈ ਸਾਹਿਬ ਨੇ ਸਾਨੂੰ ਸਮਝਾਉਂਦਿਆਂ ਨਸੀਹਤ ਵਜੋਂ ਕਿਹਾ, ''ਬਰਖ਼ੁਰਦਾਰੋ, ਵਿਦਿਆ ਇਨਸਾਨ ਦਾ ਤੀਜਾ ਨੇਤਰ ਹੈ। ਵਿਦਿਆ ਬਗ਼ੈਰ ਇਨਸਾਨ ਢੋਰ-ਡੰਗਰ ਸਮਾਨ ਹੀ ਹੁੰਦਾ ਹੈ। ਸਭ ਤੋਂ ਪਹਿਲਾ ਫ਼ਰਜ਼ ਤੁਹਾਡਾ ਵਿਦਿਆ ਹਾਸਲ ਕਰਨਾ ਹੈ। ਸੋ ਤੁਸੀਂ ਸਿਰਫ਼ ਵਿਦਿਆ ਹਾਸਲ ਕਰਨ ਵੱਲ ਹੀ ਧਿਆਨ ਦਿਉ। ਤੁਸੀਂ ਹਾਲੇ ਬੱਚੇ ਹੋ। ਤੁਹਾਡੇ ਕਰਨ ਲਈ ਹਾਲੇ ਬਹੁਤ ਕੰਮ ਪਿਆ ਹੈ। ਸਾਡਾ ਰਸਤਾ ਬਹੁਤ ਬਿਖੜਾ ਅਤੇ ਕੰਡਿਆਂ-ਭਰਿਆ ਹੈ। ਤੁਸੀਂ ਹਾਲੇ ਫੁਟਦੀਆਂ ਕਰੂੰਬਲਾਂ ਹੋ। ਮੈਨੂੰ ਖ਼ੁਸ਼ੀ ਹੈ ਕਿ ਤੁਸੀਂ ਤਿੱਖੀਆਂ ਨਸ਼ਤਰਾਂ ਬਣ ਕੇ ਜਦੋਂ ਵਿਦਿਆ ਸਮਾਪਤ ਕਰ ਲਉਗੇ, ਇਸ ਫ਼ਰੰਗੀ ਦੇ ਸੀਨੇ ਵਿਚ ਖੁਭ ਜਾਉਗੇ। ਅਸੀਂ ਸਿਰ-ਧੜ ਦੀ ਬਾਜ਼ੀ ਲਾ ਦਿੱਤੀ ਹੈ। ਸਾਡੇ ਜਾਣ ਪਿਛੋਂ ਤੁਸੀਂ ਹੀ ਰਹਿੰਦਾ ਕੰਮ ਪੂਰਾ ਕਰਨਾ ਹੈ।''

ਗੱਲ ਕੀ, ਇਸੇ ਤਰ੍ਹਾਂ ਦੀਆਂ ਨਸੀਹਤਾਂ ਕਰਕੇ ਸਭ ਨੂੰ ਵਾਰੀ-ਵਾਰੀ ਥਾਪੜਾ ਦੇ

ਉਹ ਚਲੇ ਗਏ ਅਤੇ ਅਸੀਂ ਚਾਈਂ-ਚਾਈਂ ਵਾਪਸ ਪਰਤ ਆਏ। ਇਹਤੋਂ ਬਾਅਦ ਵੀ ਦੋ-ਚਾਰ ਵਾਰ ਉਹ ਆਏ ਸਨ ਅਤੇ ਇਸੇ ਤਰ੍ਹਾਂ ਦੀਆਂ ਹੀ ਨਸੀਹਤਾਂ ਕੀਤੀਆਂ ਸਨ। ਉਸ ਵੇਲੇ ਇਹਨਾਂ ਪਾੜ੍ਹਿਆਂ ਨੇ ਸੇਵਾ ਕੀਤੀ ਸੀ : ਗੁਰਦਿਆਲ ਸਿੰਘ ਭੁੱਲਰ, ਰਤਨ ਸਿੰਘ ਮਾਣਕ ਰਾਈ, ਕਰਮ ਸਿੰਘ ਹਰੀਪੁਰ, ਸੁਰੈਣ ਸਿੰਘ ਸ਼ੰਕਰ, ਬਲਵੰਤ ਸਿੰਘ ਭਟਰਾਣਾ ਅਤੇ ਪ੍ਰੀਤਮ ਸਿੰਘ ਖੁਰਦਪੁਰ। ਇਸ ਸਭ ਦੇ ਸਭ ਮੇਰੇ ਨਾਲ ਹੀ ਨੌਵੀਂ ਜਮਾਤ ਵਿਚ ਸਨ।

* * *

ਜਦੋਂ ਮੈਂ ਗਰਿਫ਼ਤਾਰ ਹੋ ਗਿਆ ਸੀ, ਤਾਂ ਸਾਧ ਦੇ ਬਿਆਨ ਦੇ ਆਧਾਰ ਉੱਤੇ ਪੁਲਸ ਨੇ ਪਾੜ੍ਹਿਆਂ ਦਾ ਨਾਂ ਪੁੱਛਣ ਲਈ ਮੇਰੀ ਖੱਲ ਉਧੇੜ ਦਿੱਤੀ ਸੀ। ਪਰ ਮੈਂ ਅੜਿਆ ਰਿਹਾ ਕਿ ਸਾਧ ਝੂਠ ਬੋਲਦਾ ਹੈ। ਮੈਂ ਆਪ ਤਾਂ ਫਸ ਹੀ ਚੁਕਿਆ ਸੀ, ਸਾਥੀਆਂ ਨੂੰ ਕਿਉਂ ਫਸਾਉਂਦਾ ਜਿਹੜੇ ਐਵੇਂ ਬੇਗੁਨਾਹ ਹੀ ਮਾਰੇ ਜਾਣੇ ਸਨ। ਹੁਣ ਮੈਂ ਸੋਚਦਾ ਹਾਂ, ਜੇ ਮੈਂ ਉਹਨਾਂ ਦੇ ਨਾਂ ਦੱਸ ਦਿੰਦਾ ਤਾਂ ਉਹ ਮੇਰੀ ਜਾਨ ਨੂੰ ਰੋਂਦੇ। ਪ੍ਰਮਾਤਮਾ ਦੀ ਕਿਰਪਾ ਹੀ ਸਮਝੋ ਕਿ ਅੱਜ ਮੈਂ ਉਹਨਾਂ ਨੂੰ ਮੂੰਹ ਦਿਖਾਉਣ ਜੋਗਾ ਰਹਿ ਗਿਆ ਹਾਂ। ਗੁਰਦਿਆਲ ਸਿੰਘ ਭੁੱਲਰ ਜਦੋਂ ਮਿਲਦੇ ਹਨ ਤਾਂ ਆਪ ਕਹਿੰਦੇ ਹਨ, "ਭਾਈ ਤੂੰ ਪੁਲਸ ਦੀ ਮਾਰ ਸਹਿ ਕੇ ਵੀ ਸਾਨੂੰ ਬਚਾ ਗਿਆ ਸੀ।" ਰਤਨ ਸਿੰਘ ਅਤੇ ਕਰਮ ਸਿੰਘ ਤਾਂ ਮਿਲਦੇ ਹੀ ਰਹਿੰਦੇ ਹਨ। ਸੁਰੈਣ ਸਿੰਘ ਨੂੰ ਮਿਲਣ ਦਾ ਖ਼ਿਆਲ ਹਾਲੇ ਬਾਕੀ ਹੈ। ਇਹ ਹੈ ਅਸਲ ਕਹਾਣੀ ਜਿਹੜੀ ਸੰਤ ਕਰਤਾਰ ਸਿੰਘ ਦੇ ਬਿਆਨ ਮੁਤਾਬਿਕ ਹੋਈ ਸੀ।

ਇਥੇ ਮੈਂ ਉਪਰ-ਲਿਖੇ ਦੀ ਤਾਈਦ ਲਈ ਜੱਜਮੈਂਟ ਦਾ ਹਵਾਲਾ ਦੇ ਦੇਣਾ ਠੀਕ ਸਮਝਦਾ ਹਾਂ। ਪੰਜਾਬੀ ਤਰਜਮਾ ਇਸ ਤਰ੍ਹਾਂ ਹੈ (ਦੇਖੋ ਜੱਜਮੈਂਟ, ਸਫ਼ਾ 162; ਮਿਲਖਾ ਸਿੰਘ, ਮੁਲਜ਼ਮ ਨੰ: 12) :

"ਇਹ 18 ਕੁ ਸਾਲਾਂ ਦਾ ਨੌਜਵਾਨ ਇਸ ਸਾਜ਼ਿਸ਼ ਨਾਲ ਸੰਬੰਧਿਤ ਹੈ। ਇਹਨੇ ਸਾਜ਼ਿਸ਼ ਦੇ ਸਿਰਕੱਢ ਬਬਰਾਂ ਨਾਲ ਰਲ ਕੇ ਪਹਿਲਾਂ ਲਾਭ ਸਿੰਘ ਢੱਡਿਆਂ ਵਾਲੇ ਨੂੰ ਕਤਲ ਕਰਨ ਵਿਚ ਹਿੱਸਾ ਲਿਆ ਸੀ।" ਇਹ ਲਿਖ ਕੇ ਜੱਜ ਸਾਹਿਬ ਅੱਗੇ ਲਿਖਦੇ ਹਨ : "ਗਵਾਹ ਨੰ: 9, ਕਰਤਾਰ ਸਿੰਘ ਆਪਣੇ ਬਿਆਨ ਵਿਚ ਸਫ਼ਾ 55 ਉੱਤੇ ਦਸਦਾ ਹੈ ਕਿ ਇਸ ਮੁਲਜ਼ਮ ਮਿਲਖਾ ਸਿੰਘ ਨੇ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਬੇਲਾ ਸਿੰਘ ਵਾਇਦਾ-ਮੁਆਫ਼ ਅਤੇ ਉਹਨੂੰ ਖ਼ਾਲਸਾ ਸਕੂਲ ਵਿਚ ਮਿਠਾਈ ਖੁਆਈ ਸੀ। ਉਸ ਸਕੂਲ ਵਿਚ ਮਿਲਖਾ ਸਿੰਘ ਉਸ ਵੇਲੇ ਪੜ੍ਹ ਰਿਹਾ ਸੀ। ਬੇਲਾ ਸਿੰਘ ਨੇ ਵੀ ਇਸੇ ਤਰ੍ਹਾਂ ਤਾਈਦ ਕੀਤੀ ਹੈ।" ਅਖ਼ੀਰ ਵਿਚ ਜੱਜ ਸਾਹਿਬ ਲਿਖਦੇ ਹਨ ਕਿ "ਇਸ ਨੌਜਵਾਨ ਨੂੰ ਬਹਾਦਰਾਂ ਦੀ ਸੇਵਾ ਦਾ ਸਿਰੇ ਦਾ ਜਨੂੰਨ ਹੋ ਚੁਕਿਆ ਸੀ।" ਅੰਗਰੇਜ਼ੀ ਵਿਚ ਉਹਨੇ ਲਫ਼ਜ਼ "ਮਿਸਪਲੇਸਡ ਹੀਰੋ-ਵਰਸ਼ਿਪ" ਲਿਖੇ ਹੋਏ ਹਨ।

# 14. ਪਿੰਡ ਸੰਘਵਾਲ ਦਾ ਦੀਵਾਨ

ਥਾਣਾ ਆਦਮਪੁਰ, ਜ਼ਿਲਾ ਜਲੰਧਰ ਦਾ ਇਹ ਪਿੰਡ ਸੰਘਵਾਲ 1915-16 ਵਿਚ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਦਾ ਕੇਂਦਰ ਰਹਿ ਚੁਕਿਆ ਸੀ। ਇਥੋਂ ਦੇ ਦੋ ਯੋਧੇ, ਬੰਤਾ ਸਿੰਘ ਅਤੇ ਰੂੜ ਸਿੰਘ 1916 ਵਿਚ ਸੈਂਟਰਲ ਜੇਹਲ ਵਿਚ ਬਾਕੀ ਸਾਥੀਆਂ ਨਾਲ ਹੀ ਫਾਂਸੀ ਚੜ੍ਹੇ ਸਨ। ਮੇਰੇ ਪਿੰਡੋਂ ਇਹ ਪਿੰਡ ਤਿੰਨ ਕੁ ਮੀਲ ਉੱਤੇ ਗੁਰਦੁਆਰਾ ਕਿਸ਼ਨਪੁਰਾ ਦੇ ਲਹਿੰਦੇ ਪਾਸੇ ਨਾਲ ਹੀ ਲਗਦਾ ਹੈ। ਇਹਨਾਂ ਦੋਵਾਂ ਦੀ ਫਾਂਸੀ ਦਾ ਕਾਰਨ ਸੀ ਵਡੇ ਨੰਗਲ ਜ਼ਿਲਾ ਹੁਸ਼ਿਆਰਪੁਰ ਵਾਲੇ ਇਕ ਚੰਦਾ ਸਿੰਘ ਦਾ ਕਤਲ ਜਿਸ ਦੀ ਕਹਾਣੀ ਇਸ ਪ੍ਰਕਾਰ ਹੈ।

ਭਾਈ ਪਿਆਰਾ ਸਿੰਘ ਲੰਗੇਰੀ ਅਤੇ ਇਹਨਾਂ ਦੋਹਾਂ ਤੋਂ ਇਲਾਵਾ ਗ਼ਦਰ ਪਾਰਟੀ ਵਾਲੇ ਉਹਨਾਂ ਦਿਨਾਂ ਵਿਚ ਮਫ਼ਰੂਰ ਹੋ ਚੁੱਕੇ ਸਨ। ਇਸੇ ਚੰਦਾ ਸਿੰਘ ਨੇ ਕੋਸ਼ਿਸ਼ ਕਰਕੇ ਭਾਈ ਪਿਆਰਾ ਸਿੰਘ ਲੰਗੇਰੀ ਨੂੰ ਗਰਿਫ਼ਤਾਰ ਕਰਵਾਇਆ ਸੀ। ਭਾਈ ਪਿਆਰਾ ਸਿੰਘ ਬਹੁਤ ਤੇਜ਼ ਦੌੜਨ ਵਿਚ ਮਸ਼ਹੂਰ ਸਨ। ਇਸੇ ਚੰਦਾ ਸਿੰਘ ਨੇ ਘੋੜੀ ਉੱਤੇ ਪਿਆਰਾ ਸਿੰਘ ਦਾ ਪਿੱਛਾ ਕੀਤਾ ਸੀ ਅਤੇ ਰੌਲਾ ਪਾਈਂ ਮਗਰ ਘੋੜੀ ਦੁੜਾਈਂ ਜਾ ਰਿਹਾ ਸੀ ਕਿ ਫੜੋ-ਫੜੋ, ਡਾਕੂ ਜਾ ਰਿਹਾ ਹੈ। ਬੱਕਰੀਆਂ ਚਾਰ ਰਹੇ ਇਕ ਆਜੜੀ ਨੇ ਚੰਦਾ ਸਿੰਘ ਦਾ ਰੌਲਾ ਸੁਣ ਕੇ ਆਪਣੇ ਢਾਂਗੇ ਦੀ ਮਦਦ ਨਾਲ ਭਾਈ ਪਿਆਰਾ ਸਿੰਘ ਨੂੰ ਸੁੱਟ ਲਿਆ ਸੀ। ਭਾਈ ਪਿਆਰਾ ਸਿੰਘ ਦੇ ਪੈਰ ਦਾ ਨਾੜਵਾ ਵਢਿਆ ਹੋਇਆ ਮੈਂ ਬਾਅਦ ਵਿਚ ਆਪ ਵੀ ਦੇਖਿਆ ਸੀ। ਦਾਗ਼ ਉਸੇ ਤਰ੍ਹਾਂ ਕਾਇਮ ਸੀ ਅਤੇ ਭਾਈ ਸਾਹਿਬ ਉਮਰ ਕੈਦ ਕੱਟ ਕੇ ਮੁੜੇ ਸਨ।

ਗਰਿਫ਼ਤਾਰੀ ਵਾਲੇ ਦਿਨ ਹੀ ਚੰਦਾ ਸਿੰਘ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਦੇ ਹੁਕਮ ਮੁਤਾਬਿਕ ਜ਼ੈਲਦਾਰ ਚੰਦਾ ਸਿੰਘ ਕਹਾਉਣ ਲੱਗ ਪਏ। ਠੀਕ ਸੱਤਵੇਂ ਦਿਨ ਜ਼ੈਲਦਾਰ ਚੰਦਾ ਸਿੰਘ ਕੇਸੀ ਅਸ਼ਨਾਨ ਕਰਕੇ ਘਰ ਦੇ ਵਿਹੜੇ ਵਿਚ ਮੰਜੀ ਉੱਤੇ ਬੈਠੇ ਕੇਸ ਸੁਕਾ ਰਹੇ ਸਨ। ਦੋ ਸਿੰਘ ਉਹਨਾਂ ਕੋਲ ਫਰਿਆਦ ਕਰਨ ਪੁੱਜੇ ਕਿ ਜੈਲਦਾਰ ਦੇ ਪਿੰਡ ਵਾਲਿਆਂ ਨੇ ਉਹਨਾਂ ਦੇ ਊਠ ਦੀਆਂ ਜ਼ਬਰਦਸਤੀ ਮੁਹਾਰਾਂ ਲਾਹ ਲਈਆਂ ਹਨ, ਉਹ ਕਿਰਪਾ ਕਰਕੇ ਵਾਪਸ ਕਰਵਾ ਦੇਣ। ਜ਼ੈਲਦਾਰ ਸਾਹਿਬ ਕਹਿਣ ਲੱਗੇ ਕਿ ਉਹ ਪੱਗ ਬੰਨ੍ਹ ਲੈਣ ਅਤੇ ਉਹਨਾਂ ਦੇ ਨਾਲ ਹੀ ਚਲਦੇ ਹਨ। ਦੋਹਾਂ ਯੋਧਿਆਂ ਨੂੰ ਯਕੀਨ ਹੋ ਗਿਆ ਕਿ ਜ਼ੈਲਦਾਰ ਸਾਹਿਬ ਇਹੋ ਹਨ। ਬੱਸ ਰੀਵਾਲਵਰਾਂ ਦੇ ਫਾਇਰ ਹੋਏ। ਜ਼ੈਲਦਾਰ ਸਾਹਿਬ ਮੰਜੇ ਉੱਤੇ ਹੀ ਸਦਾ ਦੀ ਨੀਂਦ ਸੰਵਾ ਦਿੱਤੇ ਗਏ। ਤੇ ਦੋਵੇਂ ਸਿੰਘ

ਪੱਤਰਾ ਵਾਚ ਗਏ। ਇਹ ਸਨ ਬੰਤਾ ਸਿੰਘ ਅਤੇ ਰੂੜ ਸਿੰਘ ਸੰਘਵਾਲ ਵਾਲੇ। ਬਾਅਦ ਵਿਚ ਅੰਗਰੇਜ਼ ਸਰਕਾਰ ਨੇ ਇਸੇ ਜ਼ੈਲਦਾਰ ਦੇ ਵੱਡੇ ਲੜਕੇ ਬੇਅੰਤ ਸਿੰਘ ਨੂੰ ਜ਼ੈਲਦਾਰੀ ਬਖ਼ਸ਼ੀ ਸੀ ਅਤੇ ਬਾਰ ਵਿਚ ਪੰਜ ਮੁਰੱਬੇ ਦਿੱਤੇ ਸਨ। ਬਬਰ ਲਹਿਰ ਵਿਚ ਇਹੋ ਜ਼ੈਲਦਾਰ ਬੇਅੰਤ ਸਿੰਘ ਸਾਡੇ ਨਾਲ ਮੁਲਜ਼ਮ ਨੰ: 88 ਬਣਿਆ ਸੀ। ਬਾਕੀ ਜ਼ਿਕਰ ਬਾਅਦ ਵਿਚ ਆਂ ਹੀ ਜਾਣਾ ਹੈ।

ਉੱਪਰ-ਲਿਖੇ ਦੀ ਤਸਦੀਕ ਲਈ ਮੈਂ ਉਸ ਵੇਲੇ ਦੇ ਥਾਣੇਦਾਰ ਮਾਹਲਪੁਰ ਦਾ ਬਿਆਨ ਇਥੇ ਲਿਖ ਦੇਣਾ ਜਰੂਰੀ ਸਮਝਦਾ ਹਾਂ। ਉਹ ਸਾਡੇ ਬਬਰ ਕੇਸ ਵਿਚ ਭੁਗਤਿਆ ਸੀ। ਉਹਦਾ ਬਿਆਨ ਪੇਪਰ-ਬੁੱਕ ਦੇ ਸਫ਼ਾ 303 ਉੱਤੇ ਬਤੌਰ ਗਵਾਹ ਨੰ: 53 ਦਰਜ ਹੈ।

"ਗਵਾਹ ਸਰਕਾਰੀ ਨੰ: 53, ਈਸ਼ਰ ਸਿੰਘ ਵਲਦ ਹੀਰਾ ਸਿੰਘ, ਉਮਰ 59 ਸਾਲ, ਜ਼ਾਤ ਜੱਟ-ਸਿੱਖ, ਪਿੰਡ ਬਿਲਗਾ, ਜ਼ਿਲਾ ਜਲੰਧਰ, ਰੀਟਾਇਰਡ ਇੰਸਪੈਕਟਰ ਪੁਲਸ।

"ਪਿਆਰਾ ਸਿੰਘ ਲੰਗੇਰੀ ਬਦੇਸਾਂ ਤੋਂ ਮੁੜਿਆ ਇਕ ਭਗੌੜਾ ਸੀ। ਪੁਲਸ ਨੂੰ ਉਹਦੀ ਤਲਾਸ਼ ਸੀ, ਜੋ ਉਹਨੂੰ ਗਰਿਫਤਾਰ ਕਰਨਾ ਚਾਹੁੰਦੀ ਸੀ। ਚੰਦਾ ਸਿੰਘ, ਜੋ ਮੁਲਜ਼ਮ ਨੰ: 88, ਬੇਅੰਤ ਸਿੰਘ ਦਾ ਬਾਪ ਸੀ, ਦੀ ਇਤਲਾਹ ਉੱਤੇ ਹੀ ਪੁਲਸ ਪਿਆਰਾ ਸਿੰਘ ਨੂੰ ਗਰਿਫ਼ਤਾਰ ਕਰਨ ਵਿਚ ਕਾਮਯਾਬ ਹੋਈ ਈ। ਇਨਾਮ ਦੇ ਤੌਰ ਉੱਤੇ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਨੇ ਚੰਦਾ ਸਿੰਘ ਨੂੰ ਜ਼ੈਲਦਾਰ ਬਣਾ ਦਿੱਤਾ ਸੀ। ਪਿਆਰਾ ਸਿੰਘ ਦੀ ਗਰਿਫ਼ਤਾਰੀ ਦੇ ਪਿਛੋਂ ਸੱਤਵੇਂ ਦਿਨ ਹੀ ਚੰਦਾ ਸਿੰਘ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਉਸ ਵੇਲੇ ਉਹ ਆਪਣੇ ਘਰ, ਪਿੰਡ ਨੰਗਲ ਕਲਾਂ ਸੀ। ਮੈਂ ਉਹਨਾਂ ਦਿਨਾਂ ਵਿਚ ਥਾਣਾ ਮਾਹਲਪੁਰ ਦਾ ਇੰਚਾਰਜ ਸੀ। ਕਤਲ ਦੀ ਤਫ਼ਤੀਸ਼ ਮੈਂ ਹੀ ਕੀਤੀ ਸੀ। ਕਤਲ ਦਾ ਕਾਰਨ ਲੰਗੇਰੀ ਵਾਲੇ ਪਿਆਰਾ ਸਿੰਘ ਦੀ ਗਰਿਫ਼ਤਾਰੀ ਹੀ ਬਣਿਆ ਸੀ। ਕਾਤਲ ਵੀ ਬਦੇਸੋਂ ਆਏ ਹੋਏ ਪਿਆਰਾ ਸਿੰਘ ਦੇ ਸਾਥੀ ਹੀ ਸਨ। ਮੁਲਜ਼ਮਾਂ ਦਾ ਚਲਾਨ ਅਦਾਲਤ ਵਿਚ ਹੋ ਗਿਆ ਸੀ। ਮੇਰੇ ਖ਼ਿਆਲ ਵਿਚ ਉਹਨਾਂ ਨੂੰ ਉਮਰ ਕੈਦ ਦੀ ਸਜਾ ਹੋਈ ਸੀ।"

ਇਹ ਕਤਲ 1915 ਦੇ ਅੱਧ ਵਿਚ ਹੋਇਆ ਸੀ। ਉਪਰ-ਲਿਖਿਆ ਬਿਆਨ 20 ਅਗਸਤ 1924 ਨੂੰ ਹੋਇਆ। ਦਰਅਸਲ ਇਹ ਕੇਸ ਲਾਹੌਰ ਸੈਂਟਰਲ ਜਿਹਲ ਦੀ ਸਪੈਸ਼ਲ ਅਦਾਲਤ ਵਿਚ ਚਲਿਆ ਸੀ ਅਤੇ ਇਹ ਥਾਣੇਦਾਰ ਬਤੌਰ ਗਵਾਹ ਹੀ ਭੁਗਤਿਆ ਸੀ। ਸੋ ਸਜ਼ਾ ਬਾਬਤ ਉਹ ਗਲਤ-ਬਿਆਨੀ ਕਰ ਗਿਆ ਸੀ। ਮੌਤ ਦੀ ਸਜ਼ਾ ਹੋਣ ਪਿਛੋਂ ਬੰਤਾ ਸਿੰਘ ਅਤੇ ਰੂੜ ਸਿੰਘ 1916 ਦੇ ਅੱਧ ਵਿਚ ਫਾਂਸੀ ਲੱਗ ਗਏ ਸਨ।

* * *

ਹੁਣ ਮੈਂ ਬੰਤਾ ਸਿੰਘ ਦੀ ਗਰਿਫ਼ਤਾਰੀ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਉਹਨਾਂ ਦਿਨਾਂ ਵਿਚ ਬੰਤਾ ਸਿੰਘ ਦੇ ਪੈਰ ਉੱਤੇ ਅਜਿਹਾ ਜ਼ਖ਼ਮ ਹੋਇਆ ਜਿਹੜਾ ਰਾਜ਼ੀ ਹੋਣ ਵਿਚ ਹੀ ਨਾ ਆ ਸਕਿਆ। ਉਹ ਤੁਰਨ-ਫਿਰਨ ਤੋਂ ਆਰੀ ਹੋ ਕੇ ਪਿੰਡ ਜੌੜੇ, ਜ਼ਿਲਾ ਹੁਸ਼ਿਆਰਪੁਰ ਵਿਖੇ ਆਪਣੇ ਸਾਂਢੂ ਕੋਲ ਆ ਠਹਿਰਿਆ। ਬੰਤਾ ਸਿੰਘ ਦੇ ਇਕ ਸਾਥੀ ਨੂੰ ਉਹਦੇ ਸਾਂਢੂ ਦੀ ਨੀਅਤ ਉੱਤੇ ਕੁਝ ਸ਼ੱਕ ਹੋ ਗਿਆ। ਉਹਨੇ ਬੰਤਾ ਸਿੰਘ

ਨੂੰ ਕਿਸੇ ਹੋਰ ਠਿਕਾਣੇ ਉੱਤੇ ਲਿਜਾਣ ਦੀ ਸਲਾਹ ਕੀਤੀ। ਬੰਤਾ ਸਿੰਘ ਵੀ ਤਾੜ ਗਿਆ ਸੀ। ਪਰ ਸਾਂਢੂ ਸਾਹਿਬ ਆਪਣੀ ਚਾਲ ਚੱਲ ਗਏ। ਸਾਥੀ ਹਾਲੇ ਬੰਦੋਬਸਤ ਲਈ ਗਿਆ ਹੀ ਸੀ ਕਿ ਸਾਂਢੂ ਸਾਹਿਬ ਹੁਸ਼ਿਆਰਪੁਰ ਜਾ ਕੇ ਪੁਲਸ ਨੂੰ ਪਤਾ ਦੇ ਆਏ। ਬੰਤਾ ਸਿੰਘ ਜੀ ਦਿਨ ਚੜ੍ਹਨ ਤੋਂ ਪਹਿਲਾਂ ਹੀ ਹੱਥਕੜੀਆਂ ਵਿਚ ਜਕੜੇ ਗਏ। ਨਤੀਜਾ ਪਾਠਕ ਪੜ੍ਹ ਹੀ ਆਏ ਹਨ।

ਸਾਂਢੂ ਸਾਹਿਬ ਨੂੰ ਸਰਕਾਰ ਨੇ ਇਸ ਸੇਵਾ ਵਜੋਂ ਇਕ ਮੁਰੱਬਾ ਇਨਾਮ ਵਿਚ ਬਖ਼ਸ਼ ਦਿਤਾ ਅਤੇ ਉਹ ਇਨਾਮ ਵਾਲੇ ਮੁਰੱਬੇ ਵਿਚ ਤਸ਼ਰੀਫ ਲੈ ਗਏ। ਸਾਂਢੂ ਸਾਹਿਬ ਦਾ ਸਿਰਫ਼ ਇਕੋ-ਇਕ ਲੜਕਾ ਸੀ। ਇਕ ਦਿਨ ਸਾਂਢੂ ਸਾਹਿਬ ਮੁਰੱਬੇ ਵਿਚ ਜਾ ਕੇ ਦੇਖਦੇ ਹਨ ਕਿ ਉਸ ਇਕਲੌਤੇ ਲੜਕੇ ਦੀਆਂ ਦੋਨੋਂ ਲੱਤਾਂ ਅਤੇ ਦੋਨੋਂ ਬਾਹਾਂ ਮੁਰੱਬੇ ਦੇ ਚੌਹਾਂ ਖੂੰਜਿਆਂ ਉੱਤੇ ਗੱਡੀਆਂ ਹੋਈਆਂ ਹਨ। ਬਾਕੀ ਧੜ ਮੁਰੱਬੇ ਦੇ ਅੱਧ ਵਿਚਕਾਰ ਰੱਖ ਕੇ ਲੜਕੇ ਦਾ ਸਿਰ ਵੱਢ ਕੇ ਧੜ ਦੇ ਉਪਰ ਰਖਿਆ ਹੋਇਆ ਹੈ। ਲੜਕੇ ਦੇ ਖ਼ੂਨ ਨਾਲ ਲਿਖਿਆ ਹੋਇਆ ਇਕ ਪਰਚਾ ਵੀ ਮਿੱਟੀ ਦੀ ਡਲੀ ਥੱਲੇ ਰਖਿਆ ਮਿਲਿਆ : "ਸਰਕਾਰ ਨੇ ਤੈਨੂੰ ਸਿਰਫ਼ ਇਕ ਮੁਰੱਬਾ ਬਖ਼ਸ਼ਿਆ ਸੀ, ਅਸੀਂ ਪੰਜ ਦੇ ਚੱਲੇ ਹਾਂ। ਸਾਨੂੰ ਇਸ ਗੱਲ ਦਾ ਦੁੱਖ ਜ਼ਰੂਰ ਹੈ ਕਿ ਅਸੀਂ ਇਕ ਬੇਗੁਨਾਹ ਬੱਚੇ ਦੇ ਖ਼ੂਨ ਨਾਲ ਹੱਥ ਰੰਗੇ ਹਨ। ਕਤਲ ਤਾਂ ਤੈਨੂੰ ਵੀ ਸੁਖਾਲਿਆਂ ਹੀ ਕੀਤਾ ਜਾ ਸਕਦਾ ਸੀ, ਪਰ ਪਾਰਟੀ ਨੇ ਤੇਰੇ ਜਿਹੇ ਗ਼ਦਾਰਾਂ ਨੂੰ ਸਬਕ ਸਿਖਾਉਣ ਲਈ ਇਹੋ ਜਿਹਾ ਭਿਅੰਕਰ ਕੰਮ ਕਰਨ ਦਾ ਸਾਨੂੰ ਹੁਕਮ ਦਿੱਤਾ ਸੀ ਜੋ ਅਸੀਂ ਕਰਨ ਲਈ ਮਜਬੂਰ ਹੋਏ ਹਾਂ। ਤੂੰ ਹੁਣ ਜਿੰਨਾ ਚਿਰ ਜੀਏਂਗਾ, ਕੀਤੇ ਪਾਪ ਦੀ ਸਜ਼ਾ ਭੁਗਤਦਾ ਰਹੇਂਗਾ। ਮਿੱਤਰਮਾਰਾਂ ਲਈ ਇਹੋ ਜਿਹੀ ਸਜ਼ਾ ਹੀ ਠੀਕ ਢੁੱਕਵੀਂ ਸਜ਼ਾ ਹੈ।"

ਅਗੇ ਪੜ੍ਹੋ ਇਸੇ ਸ਼ਹੀਦ ਦੇ ਪਿੰਡ ਦੇ ਦੀਵਾਨ ਦੀ ਕਾਰਗੁਜਾਰੀ।

ਦਰਅਸਲ ਇਹ ਪਿੰਡ ਉਹਨਾਂ ਦਿਨਾਂ ਵਿਚ ਝੋਲੀ-ਚੁੱਕਾਂ ਦੇ ਪਿੰਡਾਂ ਵਿਚ ਘਿਰਿਆ ਹੋਇਆ ਸੀ। ਲਾਗੇ ਹੀ ਜਲ੍ਹਿਆਂਵਾਲੇ ਅਲਾਵਲਪੁਰੀਏ ਸਰਦਾਰ ਦਾ ਡੇਰਾ ਸੀ, ਜਿਹੜਾ ਸ: ਸੁੰਦਰ ਸਿੰਘ ਮਜੀਠੀਏ ਦਾ ਭਾਣਜਾ ਅਤੇ ਸ: ਜੋਗਿੰਦਰ ਸਿੰਘ ਦਾ ਜੁਆਈ ਸੀ। ਦੂਜੇ, ਕਾਲੇ ਬਕਰੇ ਦਾ ਸਫੈਦਪੋਸ਼ ਬਖਸ਼ੀਸ਼ ਸਿੰਘ ਸੀ। ਹੋਰ ਇਹੋ ਜਿਹੇ ਕਈ ਝੋਲੀ-ਚੁੱਕਾਂ ਨੇ ਐਲਾਨ ਕਰ ਛਡਿਆ ਸੀ ਕਿ ਚਕਰਵਰਤੀ ਜਥਾ ਜੇ ਸਾਡੇ ਇਲਾਕੇ ਵਿਚ ਦੀਵਾਨ ਕਰਕੇ ਦਿਖਾਵੇ, ਅਸੀਂ ਤਾਂ ਹੀ ਉਹਦੀ ਬਹਾਦਰੀ ਮੰਨਾਂਗੇ। ਸੋ ਇਕ ਦਿਨ ਭਾਈ ਕਿਸ਼ਨ ਸਿੰਘ, ਭਾਈ ਸੁੰਦਰ ਸਿੰਘ, ਬਾਬੂ ਸੰਤਾ ਸਿੰਘ, ਸੰਤ ਕਰਤਾਰ ਸਿੰਘ, ਗਿ: ਕਰਤਾਰ ਸਿੰਘ ਗੋਂਦਪੁਰੀ ਅਤੇ ਗਿ: ਹਰਬੰਸ ਸਿੰਘ ਛੋਟਾ ਸਰਹਾਲਾ ਪਹਿਲਾਂ ਐਲਾਨ ਕਰਕੇ ਸੰਘਵਾਲ ਜਾ ਪੁੱਜੇ ਅਤੇ ਗੱਜ-ਵੱਜ ਕੇ ਨਜ਼ਮਾਂ ਪੜ੍ਹੀਆਂ। ਭਾਈ ਸਾਹਿਬ ਨੇ ਸ੍ਰੀ ਸਾਹਿਬ ਹੱਥ ਵਿਚ ਲੈ ਕੇ ਧੜੱਲੇਦਾਰ ਲੈਕਚਰ ਕੀਤਾ ਅਤੇ ਐਲਾਨ ਕਰ ਆਏ ਕਿ ਜੇ ਹੁਣ ਵੀ ਝੋਲੀ-ਚੁੱਕਾਂ ਨੇ ਪਹਿਲਾਂ ਵਾਲੀਆਂ ਕਰਤੂਤਾਂ ਜਾਰੀ ਰਖੀਆਂ, ਤਾਂ ਚਕਰਵਰਤੀ ਜਥਾ ਪਹਿਲਾਂ ਇਹਨਾਂ ਦਾ ਹੀ ਸੁਧਾਰ ਕਰੇਗਾ। ਇਹ ਵੀ ਕਿਹਾ ਕਿ ਜੇ ਝੋਲੀ-ਚੁੱਕਾਂ ਨੇ ਸਾਨੂੰ ਵੰਗਾਰਿਆ ਸੀ ਤਾਂ ਅੱਜ ਜ਼ਰਾ ਮੁਕਾਬਲੇ ਉੱਤੇ ਆ ਕੇ ਚਕਰਵਰਤੀ ਜਥੇ ਦੇ ਹੱਥ ਤਾਂ ਦੇਖ ਲੈਂਦੇ।

1922 ਵਿਚ ਜਦੋਂ ਗੁਰੂ ਕੇ ਬਾਗ਼ ਦਾ ਮੋਰਚਾ ਜਾਰੀ ਸੀ, ਇਸ ਇਲਾਕੇ ਦੇ

ਪਿੰਡ ਦੇ ਖੂਹਾਂ ਵਿਚ ਇਹਨਾਂ ਝੋਲੀ-ਝੁੱਕਾਂ ਨੇ ਤੂੜੀ ਸੁਟਵਾ ਦਿਤੀ ਸੀ ਤਾਂ ਜੋ ਜਥੇ ਪਾਣੀ ਨਾ ਪੀ ਸਕਣ।

* * *

ਮਜ਼ੇ ਦੀ ਗੱਲ ਦੇਖੋ, ਇਹਨਾਂ ਹੀ ਅਲਾਵਲਪੁਰੀਆਂ ਦੇ ਇਕ ਭਰਾ ਨੇ 1945-46 ਦੀਆਂ ਚੋਣਾਂ ਵਿਚ ਕਾਂਗਰਸ ਟਿਕਟ ਉੱਤੇ ਸ: ਸਵਰਨ ਸਿੰਘ, ਜੋ ਅਕਾਲੀ ਪਾਰਟੀ ਦਾ ਕੈਂਡੀਡੇਟ ਸੀ, ਦਾ ਮੁਕਾਬਲਾ ਕੀਤਾ ਸੀ। ਸ: ਸਵਰਨ ਸਿੰਘ ਤਾਂ ਸਿਰਫ਼ ਵਕਾਲਤ ਹੀ ਕਰਿਆ ਕਰਦੇ ਸਨ। ਕਾਲੀ ਦਸਤਾਰ ਤਾਂ ਸਾਰੀ ਉਮਰ ਹੀ ਨਹੀਂ ਸਜਾਈ। ਪਰ ਉਹਨਾਂ ਦੇ ਪਿਤਾ ਸ: ਪ੍ਰਤਾਪ ਸਿੰਘ ਜੀ, ਜਿਹੜੇ ਫ਼ੌਜ ਵਿਚੋਂ ਪੈਨਸ਼ਨ ਆ ਚੁੱਕੇ ਸਨ, 1922-23 ਵਿਚ ਸਿਰਕੱਢ ਅਕਾਲੀ ਲੀਡਰਾਂ ਵਿਚ ਸ਼ਾਮਲ ਸਨ। ਸਿੱਟੇ ਵਜੋਂ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਦੀ ਕਿਰਪਾ ਸਦਕਾ ਪਹਿਲਾਂ ਸਵਰਨ ਸਿੰਘ ਜੀ ਐਮ ਐਲ ਏ ਬਣੇ ਅਤੇ ਫੇਰ ਸ: ਬਲਦੇਵ ਸਿੰਘ ਦੀ ਥਾਂ ਅਕਾਲੀ ਦਲ ਵਲੋਂ ਕਾਂਗਰਸ ਦੀ ਭਾਈਵਾਲੀ ਸਦਕਾ ਵਜ਼ੀਰੀ ਮਿਲ ਗਈ। ਫੇਰ ਉਹ ਅਕਾਲੀ ਦਲ ਨੂੰ ਅੰਗੂਠਾ ਦਿਖਾ ਗਏ ਅਤੇ ਨਹਿਰੂ ਜੀ ਦੀ ਕਿਰਪਾ ਸਦਕਾ ਉਹਨਾਂ ਨੂੰ ਸੈਂਟਰ ਦੀ ਵਜੀਰੀ ਮਿਲ ਗਈ। ਫੇਰ ਸ਼ਾਸਤਰੀ ਜੀ ਅਤੇ ਇੰਦਰਾ ਜੀ ਦੀ ਕਿਰਪਾ ਸਦਕਾ ਵਜ਼ੀਰੀ ਦੀ ਕੁਰਸੀ ਉੱਤੇ ਟਿਕੇ ਰਹੇ। 1976-77 ਵਿਚ ਕਿਸੇ ਗਲਤ-ਫ਼ਹਿਮੀ ਦਾ ਸਿਕਾਰ ਹੋ ਕੇ ਵਜ਼ੀਰੀ ਤੋਂ ਹੱਥ ਧੋ ਬੈਠੇ ਹਨ। ਹੱਥ-ਪੈਰ ਤਾਂ ਹੁਣ ਵੀ ਮਾਰ ਰਹੇ ਹਨ। ਵੇਖੀਏ ਅਗੇ ਲਈ ਕਿਸਮਤ ਵਿਚ ਕੀ ਲਿਖਿਆ ਹੈ। ਇਹ ਮੇਰੇ ਜ਼ਾਤੀ ਖ਼ਿਆਲ ਹਨ। ਆਖ਼ਰ ਜਮਾਤੀ ਤਾਂ ਹਾਂ ਹੀ ਅਤੇ ਮੇਰਾ ਹੱਕ ਹੈ ਕਿ ਜਾਂਦਾ-ਜਾਂਦਾ ਐਵੇਂ ਸੁਆਦ ਬਦਲਣ ਲਈ ਆਪਣੀ ਅਤੇ ਜਮਾਤੀਆਂ ਦੀ ਹੱਡ-ਬੀਤੀ ਦਸਦਾ ਜਾਵਾਂ।

1945-46 ਦੀਆਂ ਚੋਣਾਂ ਵੇਲੇ ਮੈਂ ਕਾਂਗਰਸੀ ਕੈਂਡੀਡੇਟ ਹਰਬੰਸ ਸਿੰਘ ਦਾ ਹਮਾਇਤੀ ਸੀ ਅਤੇ ਸ: ਸਵਰਨ ਸਿੰਘ ਦੇ ਹਮਾਇਤੀ ਅਕਾਲੀ ਸਨ। ਬਾਬੂ ਲਾਭ ਸਿੰਘ ਅਤੇ ਕੁੱਕੜ ਪਿੰਡੀਆ ਜਥੇਦਾਰ ਬਸੰਤ ਸਿੰਘ ਆਗੂ ਸਨ। ਆਖ਼ਰੀ ਪੋਲਿੰਗ ਕੁੱਕੜ ਪਿੰਡ ਦਾ ਸੀ। ਅਕਾਲੀ ਅਤੇ ਕਾਂਗਰਸੀ ਪੰਡਾਲਾਂ ਉੱਤੇ ਆਪਣੇ-ਆਪਣੇ ਝੰਡੇ ਲਹਿਰਾ ਰਹੇ ਸਨ। ਪੋਲਿੰਗ ਖ਼ਤਮ ਹੋਣ ਤੋਂ ਬਾਅਦ ਜਥੇਦਾਰ ਬਸੰਤ ਸਿੰਘ, ਜੋ ਮੇਰਾ ਗੂਹੜਾ ਮਿੱਤਰ ਸੀ ਅਤੇ ਮੇਰਾ ਜਮਾਤੀ ਸ: ਸਵਰਨ ਸਿੰਘ ਸਿੱਧੇ ਮੇਰੇ ਕੈਂਪ ਵਿਚ ਆਏ। ਮੈਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ। ਮੇਰਾ ਕਲਾਵਾ ਭਰ ਕੇ ਉਹ ਪੋਲਿੰਗ ਸਟੇਸ਼ਨ ਨੂੰ ਲੈ ਤੁਰੇ, ਕਿਉਂਕਿ ਸੰਦੂਕੜੀਆਂ ਬੰਦ ਹੋਣੀਆਂ ਸਨ ਅਤੇ ਬਤੌਰ ਕਾਂਗਰਸੀ ਏਜੰਟ ਮੇਰੇ ਵੀ ਦਸਖ਼ਤ ਹੋਣੇ ਸਨ। ਬਸੰਤ ਸਿੰਘ ਨੇ ਮੈਨੂੰ "ਮੁਬਾਰਕ" ਦਿੰਦਿਆਂ ਕਿਹਾ, "ਭੇੜੂ ਸਾਹਬ, ਅਸੀਂ ਜਿੱਤ ਚੁੱਕੇ ਹਾਂ। ਤੁਸੀਂ ਹਾਰ ਚੁੱਕੇ ਹੋ।" ਮੈਂ ਕਿਹਾ ਸੀ, "ਹੁਣ ਤਾਂ ਜ਼ਰੂਰ ਹਾਰ ਗਏ ਹਾਂ, ਪਰ ਇਕ ਗੱਲ ਮੇਰੀ ਅੱਜ ਤੋਂ ਪੱਲੇ ਬੰਨ੍ਹ ਲਓ ਕਿ ਉਹ ਸਮਾਂ ਜਲਦੀ ਹੀ ਆਉਣ ਵਾਲਾ ਹੈ, ਜਦੋਂ ਸ: ਸਵਰਨ ਸਿੰਘ ਜੀ, ਜਿਨ੍ਹਾਂ ਨੇ ਅੱਜ ਤੱਕ ਵੀ ਕਾਲਾ ਦਸਤਾਰਾ ਨਹੀਂ ਸਜਾਇਆ, ਇਸੇ ਕਾਂਗਰਸੀ ਝੰਡੇ ਨੂੰ ਜੀਹਨੂੰ ਤੁਸੀਂ ਟਿੱਚਰਾਂ ਕਰ ਰਹੇ ਹੋ, ਸਭ ਤੋਂ ਅਗਲੀ ਕਤਾਰ ਵਿਚ ਖਲੋ ਕੇ ਸਲਾਮੀ ਦਿਆ ਕਰਨਗੇ।

ਉਸ ਵੇਲੇ ਪ੍ਰੀਜ਼ਾਈਡਿੰਗ ਅਫ਼ਸਰ, ਸ੍ਰੀ ਹਰਬੰਸ ਲਾਲ ਮੈਜਿਸਟਰੇਟ ਸਨ। ਉਹ

ਬਾਅਦ ਵਿਚ ਜਲੰਧਰ ਦੇ ਸੀਨੀਅਰ ਸਬ-ਜੱਜ ਬਣ ਕੇ ਆ ਗਏ ਸਨ । ਤੇ ਕੁਦਰਤੀ ਹੀ ਇਕ ਵਾਰ ਜਦੋਂ ਮੈਂ ਇਕ ਨਿੱਜੀ ਕੰਮ ਦੇ ਸੰਬੰਧ ਵਿਚ ਅਦਾਲਤ ਵਿਚ ਗਿਆ ਸੀ, ਉਹਨਾਂ ਨੇ ਮੈਨੂੰ ਪਛਾਣ ਲਿਆ ਸੀ । ਉਹਨਾਂ ਨੇ ਉੱਠ ਕੇ ਹੱਥ ਮਲਾਇਆ ਸੀ ਅਤੇ ਆਪਣੇ ਪਾਸ ਕੁਰਸੀ ਉੱਤੇ ਬਿਠਾ ਕੇ ਸਾਰਾ ਕੰਮ ਛੱਡ ਮੈਥੋਂ ਪੁਛਿਆ ਸੀ, "ਤੁਸੀਂ ਜਿਹੜੀ ਗੱਲ ਮੇਰੇ ਸਾਹਮਣੇ ਸਰਦਾਰ ਸਵਰਨ ਸਿੰਘ ਨੂੰ ਕਾਂਗਰਸੀ ਝੰਡੇ ਨੂੰ ਸਲਾਮੀ ਦੇਣ ਵਾਲੀ ਆਖੀ ਸੀ, ਤੁਹਾਨੂੰ ਕਿਵੇਂ ਪਤਾ ਸੀ । ਮੈਂ ਅੱਜ ਤੱਕ ਤੁਹਾਡੀ ਕਹੀ ਹੋਈ ਉਸ ਗੱਲ ਨੂੰ ਭੁਲਾ ਨਹੀਂ ਸਕਿਆ ।" ਮੈਂ ਕਿਹਾ, "ਮੈਂ ਨਿਆਣੀ ਉਮਰ ਤੋਂ ਹੀ ਇਸ ਕੰਮ ਵਿਚ ਪੈ ਗਿਆ ਸੀ । ਸ: ਸਾਹਿਬ ਮੇਰੇ ਜਮਾਤੀ ਸਨ । ਮੈਂ ਅੰਦਰ ਹੋ ਗਿਆ ਸੀ ਅਤੇ ਇਹ ਵਕੀਲ ਬਣ ਗਏ । ਵਕਾਲਤ ਸਦਕਾ ਵਜ਼ੀਰੀ ਮਿਲ ਗਈ । ਅਕਾਲੀ ਅਤੇ ਕਾਂਗਰਸੀ ਬਣ ਕੇ ਵਕੀਲ ਲੋਕ ਆਪਣਾ ਉੱਲੂ ਸਿੱਧਾ ਕਰਨਾ ਹੀ ਠੀਕ ਸਮਝਦੇ ਹਨ । ਇਸੇ ਕਰਕੇ ਉਹ ਗੱਲ ਕਹਿ ਛੱਡੀ ਸੀ । ਟਿੱਚਰ ਦਾ ਜਵਾਬ ਭਾਵੇਂ ਟਿੱਚਰ ਵਿਚ ਹੀ ਦਿੱਤਾ ਸੀ, ਪਰ ਸੀ ਬਿਲਕੁਲ ਸਹੀ ।"

ਇਸੇ ਦੀ ਤਾਈਦ ਲਈ ਇਕ ਹੋਰ ਗੱਲ ।

ਅੰਗਰੇਜ਼ੀ ਰਾਜ ਵੇਲੇ 26 ਜਨਵਰੀ ਨੂੰ ਕਾਂਗਰਸੀ ਝੰਡੇ ਨੂੰ ਸਲਾਮੀ ਦੇਣ ਵੇਲੇ ਸੇਠ ਕਿਸ਼ਨ ਦਿਆਲ ਆਦਮਪੁਰੀਏ ਦੇ ਸੱਦੇ ਉੱਤੇ ਮੈਂ ਹੀ ਝੰਡਾ ਝੁਲਾਇਆ ਕਰਦਾ ਸੀ ਅਤੇ ਲੈਕਚਰ ਵੀ ਕਰਦਾ ਸੀ । ਇਹ ਕੰਮ 1951 ਤੱਕ ਬਾਕਾਇਦਾ ਚਲਦਾ ਰਿਹਾ । ਆਜ਼ਾਦੀ ਤੋਂ ਬਾਅਦ ਪੰਡਿਤ ਦਵਾਰਕਾ ਦਾਸ ਅੱਜ ਦਾ ਕਾਂਗਰਸੀ ਵੀ ਆਦਮਪੁਰ ਆ ਚੁਕਿਆ ਸੀ । 1951 ਵਿਚ ਕਾਂਗਰਸ ਦਾ ਸਾਲਾਨਾ ਅਜਲਾਸ ਨਾਸਕ ਹੋ ਰਿਹਾ ਸੀ ਅਤੇ ਇਕ ਡੈਲੀਗੇਟ ਸਾਡੇ ਇਲਾਕੇ ਵਿਚੋਂ ਚੁਣਿਆ ਜਾਣਾ ਸੀ । ਪਹਿਲਾਂ ਡੈਲੀਗੇਟ ਸਹਿਜੇ ਹੀ ਚੁਣੇ ਜਾਂਦੇ ਸਨ । ਇਸ ਵਾਰ ਦਵਾਰਕਾ ਦਾਸ ਕਹਿਣ ਲਗਿਆ ਕਿ ਉਹ ਆਲ ਇੰਡੀਆ ਕਾਂਗਰਸ ਕਮੇਟੀ ਦਾ ਮੈਂਬਰ ਬਨਣਾ ਚਾਹੁੰਦਾ ਹੈ । ਅਸੀਂ ਆਖਿਆ, "ਤੂੰ ਬਣ ਜਾ, ਇਹ ਕਿਹੜੀ ਗੱਲ ਹੈ ।"

ਜਿਸ ਦਿਨ ਖੱਦਰ ਭੰਡਾਰ ਵਿਚ ਆਦਮਪੁਰ ਵਿਖੇ ਮੈਂਬਰ ਚੁਣਿਆ ਜਾਣਾ ਸੀ, ਅਸੀਂ ਬੇਫ਼ਿਕਰ ਦਵਾਰਕਾ ਦਾਸ ਨੂੰ ਮੈਂਬਰ ਸਮਝੀ ਬੈਠੇ ਗੱਲਾਂ ਮਾਰ ਰਹੇ ਸੀ । ਕੀ ਦੇਖਦੇ ਹਾਂ ਕਿ ਸ: ਸਵਰਨ ਸਿੰਘ ਸ਼ੁੱਧ ਚਿੱਟੇ ਖੱਦਰ ਦੇ ਬਸਤਰਾਂ ਨਾਲ ਮੜ੍ਹੇ-ਮੜ੍ਹਾਏ ਇਲਾਕੇ ਦੇ ਕੁੱਲ ਝੋਲੀ-ਚੁੱਕਾਂ ਨਾਲ, ਜੋ ਵੀ ਚਿਟੇ ਖੱਦਰ ਵਿਚ ਸਜੇ-ਸਜਾਏ ਸਨ, ਸਾਡੇ ਸਾਹਮਣੇ ਆ ਖਲੋਤੇ । ਉਹਨਾਂ ਦੇ ਨਾਲ ਕਾਮਰੇਡ ਰਾਮ ਕਿਸ਼ਨ ਸਾਹਿਬ ਵੀ ਸਨ । ਉਹੋ ਕਾਲੇ ਬਕਰੇ ਵਾਲੇ ਸਫ਼ੇਦ-ਪੋਸ਼ ਬਖਸ਼ੀਸ਼ ਸਿੰਘ, ਜਿਨ੍ਹਾਂ ਨੇ ਕਿਸੇ ਵੇਲੇ ਖੂਹਾਂ ਵਿਚ ਤੂੜੀ ਪੁਆਈ ਸੀ ਅਤੇ ਸੰਤਾ ਸਿੰਘ ਜ਼ੈਲਦਾਰ ਜੰਡੂਸਿੰਘਾ, ਹਰੀਪੁਰੀਆ ਜ਼ੈਲਦਾਰ ਗੱਜਾ ਸਿੰਘ, ਮੇਰੇ ਪਿੰਡ ਦੇ ਸਾਰੇ ਬਦਨਾਮ ਝੋਲੀ-ਚੁੱਕ ਅਤੇ ਹੋਰਨਾਂ ਪਿੰਡਾਂ ਦੇ ਸਭ ਲੰਬੜਦਾਰ ਤੇ ਪੁਰਾਣੇ ਟੋਡੀ ਕਾਂਗਰਸੀਆਂ ਦਾ ਬਾਣਾ ਪਹਿਨੀਂ ਆ ਹਾਜ਼ਰ ਹੋਏ । ਆਦਮਪੁਰੀਆ ਲੰਬੜਦਾਰ ਉਜਾਗਰ ਸਿੰਘ ਮੇਰੇ ਕੋਲ ਹੀ ਖਲੋਤਾ ਹੱਸ ਰਿਹਾ ਸੀ । ਪਤਾ ਲਗਿਆ ਕਿ ਇਹ ਸਭ ਕਾਂਗਰਸ ਦੇ ਵੋਟਰ ਹਨ । ਇਹ ਸਭ ਸ੍ਰੀ ਰਾਮ ਕਿਸ਼ਨ ਨੂੰ ਇਸ ਇਲਾਕੇ ਵਲੋਂ ਡੈਲੀਗੇਟ ਚੁਣਨ ਲਈ ਵੋਟਾਂ ਪਾਉਣ ਆਏ ਸਨ ।

ਮੈਂ ਤੜਫ਼ ਉਠਿਆ ਅਤੇ ਰੌਲਾ ਪਾਉਣ ਲੱਗ ਪਿਆ ਕਿ ਇਹ ਕਿਥੋਂ ਦੇ ਕਾਂਗਰਸੀ ਬਣ ਗਏ । ਇਸ ਮੌਕੇ ਸ: ਸਵਰਨ ਸਿੰਘ ਨੇ ਮੈਨੂੰ ਆ ਜੱਫ਼ੀ ਪਾਈ । ਉਹ

ਉਸ ਵੇਲੇ ਕਾਂਗਰਸੀ ਵਜ਼ੀਰ ਸਨ। ਉਹਨਾਂ ਨੇ ਕਿਹਾ, "ਭੇੜੂ ਸਾਹਿਬ, ਹੁਣ ਅਸੀਂ ਸਾਰੇ ਕਾਂਗਰਸੀ ਸਜ ਚੁੱਕੇ ਹਾਂ। ਅਸੀਂ ਤੁਹਾਡੇ ਲੋਕਾਂ ਦੇ ਬੜੇ ਮਸ਼ਕੂਰ ਹਾਂ ਕਿ ਤੁਸੀਂ ਦੇਸ ਦੀ ਆਜ਼ਾਦੀ ਲਈ ਬੇਸ਼ੁਮਾਰ ਕੁਰਬਾਨੀਆਂ ਕੀਤੀਆਂ ਹਨ। ਤੁਹਾਡੀ ਬਾਬਤ ਮੈਨੂੰ ਜ਼ਾਤੀ ਇਲਮ ਹੈ। ਜਿਹੜੀ ਸੇਵਾ ਤੁਸੀਂ ਕਰ ਚੁੱਕੇ ਹੋ, ਦੇਸ ਤੁਹਾਡਾ ਧੰਨਵਾਦੀ ਹੈ। ਪਰ ਅਗੋਂ ਲਈ ਦੇਸ ਨੂੰ ਸੰਭਾਲਣਾ ਤੁਹਾਡੇ ਵੱਸ ਦਾ ਰੋਗ ਨਹੀਂ ਹੈ। ਇਹ ਸੇਵਾ ਹੁਣ ਅਸੀਂ ਹੀ ਕਰ ਸਕਦੇ ਹਾਂ। ਇਹ ਲੋਕ ਪਹਿਲਾਂ ਜਿਵੇਂ ਅੰਗਰੇਜਾਂ ਦੀ ਸੇਵਾ ਈਮਾਨਦਾਰੀ ਨਾਲ ਕਰਦੇ ਰਹੇ ਹਨ, ਹੁਣ ਕਾਂਗਰਸ ਸਰਕਾਰ ਦੀ ਉਹਤੋਂ ਵੀ ਕਿਤੇ ਵੱਧ ਈਮਾਨਦਾਰੀ ਨਾਲ ਕਰਨਗੇ। ਸੋ ਤੁਸੀਂ ਬਹੁਤ ਤਕਲੀਫ਼ਾਂ ਉਠਾ ਚੁੱਕੇ ਹੋ, ਹੁਣ ਤੁਸੀਂ ਆਰਾਮ ਕਰੋ। ਮੁਲਕ ਦੀ ਸੇਵਾ ਸਾਡੇ ਉੱਤੇ ਛਡ ਦਿਉ।"

ਉਹਨਾਂ ਨੇ ਕਾਮਰੇਡ ਰਾਮ ਕਿਸ਼ਨ, ਜੋ ਮੇਰੇ ਕੋਲ ਖਲੋਤੇ ਚੁਪ-ਚੁਪੀਤੇ ਗੱਲਾਂ ਸੁਣ ਰਹੇ ਸਨ, ਨਾਲ ਮੇਰੀ ਜਾਣ-ਪਛਾਣ ਕਰਾਈ। ਬਾਅਦ ਵਿਚ ਕਾਮਰੇਡ ਰਾਮ ਕਿਸ਼ਨ ਪੰਜਾਬ ਦਾ ਚੀਫ਼ ਮਨਿਸਟਰ ਬਣ ਗਿਆ ਸੀ।

ਉਪਰੋਕਤ ਤਿੰਨੇ ਹਸਤੀਆਂ ਅੱਜ ਵੀ ਮੌਜੂਦ ਹਨ। ਘੱਟੋ-ਘੱਟ ਦਵਾਰਕਾ ਦਾਸ ਤਾਂ ਮੇਰੇ ਲਿਖੇ ਅੱਖਰ-ਅੱਖਰ ਦੀ ਤਾਈਦ ਜ਼ਰੂਰ ਕਰੇਗਾ। ਬਾਕੀ ਦੋਹਾਂ ਬਾਬਤ ਮੈਂ ਕੁਝ ਕਹਿ ਨਹੀਂ ਸਕਦਾ।

ਖ਼ੈਰ, ਸ: ਸਵਰਨ ਸਿੰਘ ਦੀ ਕਹੀ ਹੋਈ ਮੈਂ ਸਾਰੀ ਗੱਲ ਸਮਝ ਗਿਆ। ਦਿਲ ਬਹੁਤਾ ਨਿਮੋਝੂਣਾ ਹੋਇਆ। ਪਿੰਡ ਪਰਤ ਕੇ ਸਭ ਤੋਂ ਪਹਿਲਾਂ ਮੈਂ ਉਹ ਕਾਂਗਰਸੀ ਝੰਡਾ, ਜਿਹੜਾ 1935-36 ਤੋਂ ਮੇਰੇ ਮਕਾਨ ਉੱਤੇ ਹਰ ਸਾਲ 26 ਜਨਵਰੀ ਨੂੰ ਬਦਲਿਆ ਜਾਂਦਾ ਸੀ, ਲਾਹਿਆ ਅਤੇ ਬੜੇ ਸਤਿਕਾਰ ਨਾਲ ਲੋਹੇ ਦੇ ਬੱਠਲ ਵਿਚ ਰੱਖ ਕੇ ਅੱਗ ਦੀ ਭੇਟਾ ਕਰ ਦਿੱਤਾ। ਉਹਦੀ ਸੁਆਹ ਡੱਬੀ ਵਿਚ ਪਾ ਕੇ ਰੱਖ ਲਈ। 1960 ਵਿਚ ਜਦੋਂ ਮੈਂ ਆਪਣੇ ਪਿਤਾ ਜੀ ਦੇ ਫੁੱਲ ਹਰਦੁਆਰ ਤਾਰਨ ਗਿਆ ਸੀ, ਤਾਂ ਇਹ ਡੱਬੀ ਵੀ ਨਾਲ ਲੈ ਗਿਆ ਸੀ। ਉਥੇ ਉਹ ਗੰਗਾ ਦੀਆਂ ਲਹਿਰਾਂ ਦੇ ਸਪੁਰਦ ਕਰ ਦਿੱਤੀ ਸੀ। ਵਾਪਸ ਪਿੰਡ ਆ ਆਪਣੇ ਜਮਾਤੀ ਸ: ਸਵਰਨ ਸਿੰਘ ਦੇ ਹੁਕਮ ਦੀ ਤਾਮੀਲ ਵਿਚ ਬੱਸ ਅੱਜ ਤੱਕ "ਆਰਾਮ ਹੀ ਫਰਮਾ ਰਿਹਾ ਹਾਂ"। ਪੁਰਾਣੇ ਝੋਲੀ-ਚੁੱਕਾਂ ਦੀਆਂ ਔਲਾਦਾਂ ਐਸ ਵੇਲੇ "ਦੇਸ-ਸੇਵਾ" ਵਿਚ ਜੁਟੀਆਂ ਪਈਆਂ ਹਨ। ਅੱਗੇ ਜਾ ਕੇ ਇਹਨਾਂ ਲੋਕਾਂ ਦਾ ਹੋਰ ਜ਼ਿਕਰ ਆ ਹੀ ਜਾਣਾ ਹੈ।

ਹੋ ਸਕਦਾ ਹੈ, ਪੜ੍ਹੇ-ਲਿਖੇ ਲਿਖਾਰੀ ਇਸ ਗੱਲ ਉੱਤੇ ਇਤਰਾਜ਼ ਕਰਨ ਕਿ ਵਿਸ਼ੇ ਤੋਂ ਬਾਹਰ ਦੀਆਂ ਗੱਲਾਂ ਲਿਖਣ ਦੀ ਕੀ ਲੋੜ ਸੀ। ਪਰ ਮੈਂ ਤਾਂ ਕੋਈ ਲਿਖਾਰੀ ਨਹੀਂ ਹਾਂ। ਮੈਂ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਇਹ ਹੱਡ-ਬੀਤੀਆਂ ਹੀ ਲਿਖਣ ਦੀ ਕੋਸ਼ਿਸ਼ ਕਰਾਂਗਾ, ਜੋ ਬਿਲਕੁਲ ਸੱਚੀਆਂ ਘਟਨਾਵਾਂ ਹੋਣਗੀਆਂ। ਸੋ ਸੋਲਾਂ ਆਨੇ ਸਚਾਈ ਹੀ ਲਿਖ ਰਿਹਾ ਹਾਂ। ਕੁਝ ਪਾਠਕਾਂ ਨੂੰ ਚੰਗਾ ਲਗੇ ਜਾਂ ਨਾ, ਇਹ ਮੇਰੇ ਵੱਸ ਤੋਂ ਬਾਹਰ ਹੈ।

# 15. ਪਿੰਡ ਸੂੰਢ ਦੀ 11 ਮਈ 1922 ਦੀ ਘਟਨਾ

ਪਿੰਡ ਸੂੰਢ, ਥਾਣਾ ਬੰਗਾ ਦਾ ਹਰੀ ਸਿੰਘ, ਜੀਹਦਾ ਜ਼ਿਕਰ ਆਖ਼ੀਰ ਵਿਚ ਵੀ ਆਉਣਾ ਹੈ, ਕੈਨੇਡਾ ਤੋਂ ਮੁੜਿਆ ਗ਼ਦਰ ਪਾਰਟੀ ਦਾ ਇਕ ਮੈਂਬਰ ਸੀ। ਉਹ ਬਾਅਦ ਵਿਚ ਪਹਿਲਾਂ ਕਾਂਗਰਸੀ ਅਤੇ ਫੇਰ ਅਕਾਲੀ ਸਜਿਆ ਸੀ। ਪਿੰਡ ਆ ਕੇ ਉਹਨੇ ਪਿੰਡ ਦੇ ਗਰੰਥੀ ਦੀ ਲੜਕੀ ਨਾਲ ਵਿਆਹ ਕਰਵਾ ਲਿਆ, ਜਿਸ ਕਰਕੇ ਪਿੰਡ ਵਿਚ ਦੋ ਧੜੇ ਬਣ ਗਏ। ਇਕ ਹਰੀ ਸਿੰਘ ਦਾ ਅਤੇ ਦੂਜਾ ਲੰਬੜਦਾਰ ਸੇਰ ਸਿੰਘ ਦਾ। ਬਾਅਦ ਵਿਚ ਇਕ ਝੋਲੀ-ਚੁੱਕਾਂ ਦਾ ਅਤੇ ਦੂਜਾ ਦੇਸਭਗਤਾਂ ਦਾ ਬਣ ਕੇ ਇਹ ਧੜੇ ਆਹਮੋ-ਸਾਹਮਣੇ ਡਟ ਗਏ।

ਇਹਨਾਂ ਹੀ ਦਿਨਾਂ ਵਿਚ ਸਰਕਾਰ ਨੇ ਕਾਂਗਰਸੀਆਂ ਦੀਆਂ ਗਰਿਫਤਾਰੀਆਂ ਕਰਨੀਆਂ ਸ਼ੁਰੂ ਕੀਤੀਆਂ ਹੋਈਆ ਸਨ। ਹਰੀ ਸਿੰਘ ਗਰਿਫਤਾਰ ਕੀਤੇ ਜਾ ਚੁੱਕੇ ਸਨ। ਸੋ ਲੰਬੜਦਾਰ ਦਾ ਚੰਗਾ ਦਾਅ ਲੱਗ ਗਿਆ ਅਤੇ ਉਹਨੇ ਹਰੀ ਸਿੰਘ ਦੇ ਵੱਡੇ ਭਰਾ ਅਰਜਨ ਸਿੰਘ ਦੇ ਵੀ ਪੁਲਸ ਨਾਲ ਮਿਲ ਕੇ ਵਾਰੰਟ ਕਢਵਾ ਦਿੱਤੇ। ਇਹਦਾ ਪਤਾ ਲੱਗਣ ਉੱਤੇ ਅਰਜਨ ਸਿੰਘ ਲਾਂਭੇ ਹੋ ਗਿਆ ਅਤੇ ਭਾਈ ਕਿਸ਼ਨ ਸਿੰਘ ਤੇ ਸੁੰਦਰ ਸਿੰਘ ਦੀ ਤਲਾਸ਼ ਵਿਚ ਮਖ਼ਸੂਸਪੁਰ ਵੱਲ ਚਲਿਆ ਗਿਆ। ਇਕ ਪਿੰਡ, ਨਕਦੀਪੁਰ ਵਿਖੇ ਅਰਜਨ ਸਿੰਘ ਨੂੰ ਭਾਈ ਕਿਸ਼ਨ ਸਿੰਘ, ਸੁੰਦਰ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਗੋਂਦਪੁਰੀ ਮਿਲ ਪਏ। ਉਹਨੇ ਸਾਰੀ ਹਕੀਕਤ ਦੱਸ ਕੇ ਕਿਹਾ ਕਿ ਉਹ ਵੀ ਚਕਰਵਰਤੀ ਜਥੇ ਵਿਚ ਭਰਤੀ ਹੋਣਾ ਚਾਹੁੰਦਾ ਹੈ ਤਾਂ ਜੋ ਲੰਬੜਦਾਰ ਨਾਲ ਸਿੱਧਿਆਂ ਟੱਕਰ ਲਈ ਜਾ ਸਕੇ। ਉਹਨੇ ਉਹਨਾਂ ਨੂੰ ਆਪਣੇ ਪਿੰਡ ਸੂੰਢ ਚੱਲਣ ਲਈ ਕਿਹਾ।

ਭਾਈ ਕਿਸ਼ਨ ਸਿੰਘ ਅਤੇ ਸੁੰਦਰ ਸਿੰਘ ਤਾਂ ਤਿਆਰ ਹੋ ਗਏ। ਪਰ ਗਿ: ਕਰਤਾਰ ਸਿੰਘ ਗੋਂਦਪੁਰੀ ਨੇ ਕਿਹਾ ਕਿ ਉਹਨੂੰ ਇਕ ਹੋਰ ਜ਼ਰੂਰੀ ਕੰਮ ਹੈ, ਜਿਸ ਕਰਕੇ ਉਹ ਐਸ ਵੇਲੇ ਨਾਲ ਨਹੀਂ ਜਾ ਸਕਦਾ। ਗਿ: ਕਰਤਾਰ ਸਿੰਘ ਪੰਡੋਰੀ ਗੰਗਾ ਸਿੰਘ ਨੂੰ ਜਾਣ ਲਗਿਆ ਤਾਂ ਭਾਈ ਸੁੰਦਰ ਸਿੰਘ ਨੇ ਗਿ: ਕਰਤਾਰ ਸਿੰਘ ਵਾਲਾ ਰੀਵਾਲਵਰ ਤੇ ਕੁਝ ਗੋਲੀਆਂ ਉਹਦੇ ਪਾਸੋਂ ਲੈ ਕੇ ਆਪਣੇ ਝੋਲੇ ਵਿਚ ਪਾ ਲਈਆਂ। ਉਹ ਤਿੰਨੇ ਸੂੰਢ ਵੱਲ ਚੱਲ ਪਏ। ਰੀਵਾਲਵਰ ਪਹਿਲਾਂ ਹੀ ਭਰਿਆ ਹੋਇਆ ਸੀ। ਉਹਨਾਂ ਨੂੰ ਰਾਹ

ਵਿਚ ਆਪਣਾ ਦਾ ਇਕ ਹੋਰ ਸਾਥੀ ਚਤਰ ਸਿੰਘ ਕੰਦੋਲਾ ਮਿਲ ਪਿਆ। ਉਹ ਵੀ ਸੂੰਢ ਨੂੰ ਹੀ ਜਾ ਰਿਹਾ ਸੀ। ਸਾਰੇ ਸੂੰਢ ਜਾ ਪੁੱਜੇ। ਚਤਰ ਸਿੰਘ ਤਾਂ ਆਪਣੇ ਇਕ ਕਾਂਗਰਸੀ ਸਾਥੀ ਮਿਲਖੀ ਰਾਮ ਦੀ ਦੁਕਾਨ ਉੱਤੇ ਠਹਿਰ ਗਿਆ ਅਤੇ ਬਾਕੀ ਤਿੰਨੇ ਅਰਜਨ ਸਿੰਘ ਦੇ ਘਰ ਜਾ ਪੁੱਜੇ। ਅਰਜਨ ਸਿੰਘ ਨੇ ਮੁੜ ਉਹੋ ਗੱਲ ਚਲਾਈ ਕਿ ਉਹ ਚਕਰਵਰਤੀ ਜਥੇ ਨਾਲ ਰਲਣਾ ਚਾਹੁੰਦਾ ਹੈ। ਭਾਈ ਕਿਸ਼ਨ ਸਿੰਘ ਨੇ ਸਲਾਹ ਦਿੱਤੀ ਕਿ ਹਾਲੇ ਉਹ ਗਰਿਫ਼ਤਾਰ ਹੋ ਜਾਵੇ। ਦਫ਼ਾ 107 ਦਾ ਵਾਰੰਟ ਹੀ ਹੈ। ਮਾਮੂਲੀ ਸਜ਼ਾ ਹੀ ਹੋਣੀ ਹੈ। ਹਰੀ ਸਿੰਘ ਪਹਿਲਾਂ ਹੀ ਅੰਦਰ ਹੋ ਚੁਕਿਆ ਹੈ। ਹਾਲੇ ਸਮਾਂ ਵੀ ਨਹੀਂ ਆਇਆ; ਅਸੀਂ ਵੀ ਹਾਲੇ ਲੋਕਾਂ ਨੂੰ ਤਿਆਰ ਹੀ ਕਰ ਰਹੇ ਹਾਂ। ਸਮਾਂ ਆਉਣ ਉੱਤੇ ਅਸੀਂ ਆਪ ਹੀ ਤੁਹਾਨੂੰ ਨਾਲ ਰਲਣ ਲਈ ਕਹਿਣਾ ਹੈ। ਸੋ ਅਰਜਨ ਸਿੰਘ ਗਰਿਫ਼ਤਾਰੀ ਲਈ ਤਿਆਰ ਹੋ ਗਿਆ।

ਸੋ ਬਾਅਦ ਵਿਚ ਪ੍ਰਸ਼ਾਦੇ ਛਕ-ਛਕਾ ਕੇ ਭਾਈ ਕਿਸ਼ਨ ਸਿੰਘ ਅਤੇ ਸੁੰਦਰ ਸਿੰਘ ਚੱਲ ਪਏ। ਅਰਜਨ ਸਿੰਘ ਰਾਹ ਪਾਉਣ ਲਈ ਨਾਲ ਹੋ ਤੁਰਿਆ। ਦੂਜੇ ਬੰਨੇ ਲੰਬੜਦਾਰ ਸ਼ੇਰ ਸਿੰਘ ਨੇ ਥਾਣਾ ਬੰਗਾ ਤੋਂ ਦੋ ਸਿਪਾਹੀ ਗੰਡਾ ਸਿੰਘ ਅਤੇ ਗ਼ੁਲਾਮ ਮੁਹੰਮਦ ਨੌਂ ਤਰੀਕ ਤੋਂ ਹੀ ਲਿਆ ਕੇ ਆਪਣੇ ਘਰ ਲੁਕੋਏ ਹੋਏ ਸਨ, ਤਾਂ ਜੋ ਦਾਅ ਲੱਗਣ ਉੱਤੇ ਉਹ ਅਰਜਨ ਸਿੰਘ ਨੂੰ ਗਰਿਫ਼ਤਾਰ ਕਰਵਾ ਦੇਵੇ।

ਲੰਬੜਦਾਰ ਨੂੰ ਪਤਾ ਲੱਗ ਚੁਕਿਆ ਸੀ ਕਿ ਅੱਜ ਅਰਜਨ ਸਿੰਘ ਦੋ ਹੋਰ ਅਕਾਲੀਆਂ ਨਾਲ ਘਰ ਆ ਚੁਕਿਆ ਸੀ। ਉਹਨੇ ਆਪਣੇ ਮੁੰਡੇ ਨੂੰ ਨਿਗਰਾਨੀ ਕਰਨ ਲਈ ਅਰਜਨ ਸਿੰਘ ਦੇ ਘਰ ਕੋਲ ਛਡ ਰਖਿਆ ਸੀ ਕਿ ਜਿਸ ਵੇਲੇ ਅਰਜਨ ਸਿੰਘ ਬਾਹਰ ਨਿਕਲੇ ਤਾਂ ਗਰਿਫ਼ਤਾਰ ਕਰਵਾ ਦਿੱਤਾ ਜਾਵੇ।

ਲੰਬੜਦਾਰ ਨੇ ਆਪਣੇ ਹਮਾਇਤੀ ਘਰ ਇਕੱਠੇ ਕਰ ਲਏ ਸਨ ਅਤੇ ਨਸ਼ਾ-ਪਾਣੀ ਪਿਆ ਛਡਿਆ ਸੀ। ਜਦੋਂ ਭਾਈ ਕਿਸ਼ਨ ਸਿੰਘ ਘਰੋਂ ਤੁਰੇ, ਮੁੰਡੇ ਨੇ ਜਾ ਖ਼ਬਰ ਦਿੱਤੀ। ਲੰਬੜਦਾਰ ਦਾ ਟੋਲਾ ਵੀ ਉਹਨਾਂ ਦੇ ਪਿੱਛੇ ਲਗ ਟੁਰਿਆ। ਮਿਲਖੀ ਰਾਮ ਦੀ ਹੱਟੀ ਕੋਲੋਂ ਲੰਘ ਜਦੋਂ ਉਹ ਪਿੰਡੋਂ ਬਾਹਰ ਕਿੱਕਰਾਂ ਦੀ ਝਿੜੀ ਲਾਗੇ ਪੁੱਜੇ, ਤਾਂ ਭਾਈ ਕਿਸ਼ਨ ਸਿੰਘ ਨੇ ਲੰਬੜਦਾਰ ਅਤੇ ਉਹਦੇ ਟੋਲੇ ਤੋਂ ਪੁਛਿਆ, "ਭਾਈ, ਤੁਸੀਂ ਕਿਉਂ ਸਾਡਾ ਪਿੱਛਾ ਕਰ ਰਹੇ ਹੋ।" ਲੰਬੜਦਾਰ ਸ਼ੇਰ ਸਿੰਘ ਨੇ ਕਿਹਾ, "ਅਸੀਂ ਤੁਹਾਡਾ ਪਿੱਛਾ ਤਾਂ ਨਹੀਂ ਕਰ ਰਹੇ, ਪਰ ਅਰਜਨ ਸਿੰਘ ਨੂੰ ਜ਼ਰੂਰ ਗਰਿਫ਼ਤਾਰ ਕਰਾਉਣਾ ਚਾਹੁੰਦੇ ਹਾਂ। ਐਸ ਵੇਲੇ ਸਿਪਾਹੀ ਸਾਡੇ ਨਾਲ ਹਨ।" ਤਾਂ ਭਾਈ ਸਾਹਿਬ ਨੇ ਕਿਹਾ, "ਅਸੀਂ ਤਾਂ ਪਹਿਲਾਂ ਹੀ ਅਰਜਨ ਸਿੰਘ ਨੂੰ ਗਰਿਫ਼ਤਾਰ ਹੋਣ ਲਈ ਕਹਿ ਛਡਿਆ ਹੈ। ਸੋ ਤੁਸੀਂ ਉਹਨੂੰ ਗਰਿਫ਼ਤਾਰ ਕਰਵਾ ਦਿਉ।" ਤੇ ਅਰਜਨ ਸਿੰਘ ਨੇ ਉਸੇ ਵੇਲੇ ਗਰਿਫ਼ਤਾਰੀ ਦੇ ਦਿੱਤੀ ਅਤੇ ਉਹ ਪਿੰਡ ਵੱਲ ਮੁੜ ਤੁਰੇ।

ਇਸ ਮੌਕੇ ਉੱਤੇ ਭਾਈ ਸੁੰਦਰ ਸਿੰਘ ਜਲਾਲ ਵਿਚ ਆ ਗਏ ਅਤੇ ਐਵੇਂ ਪੁੱਠੀਆਂ-ਸਿੱਧੀਆਂ ਗੱਲਾਂ ਕਹਿਣ ਲੱਗ ਪਏ ਕਿ ਤੁਸੀਂ ਸਿੱਖ ਹੋ ਕੇ ਇਕ ਸਿੱਖ ਭਰਾ ਨੂੰ ਫੜਾ ਰਹੇ ਹੋ। ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ। ਵੇਲਾ ਆਏਗਾ ਕਿ ਤੁਹਾਡੇ ਨਾਲ ਸਿੱਝਿਆ ਜਾਵੇਗਾ। ਤਾਂ ਲੰਬੜਦਾਰ ਦਾ ਲੜਕਾ, ਜਿਹੜਾ ਸ਼ਰਾਬੀ ਹੋ ਚੁਕਿਆ ਸੀ, ਅਤੇ ਉਹਦੇ ਸਾਥੀ ਭਾਈ ਸੁੰਦਰ ਸਿੰਘ ਉੱਤੇ ਟੁੱਟ ਪਏ। ਉਹ ਕਹਿਣ ਲੱਗੇ ਕਿ ਫੇਰ ਜੋ ਸਿੱਝਣਾ ਹੈ, ਹੁਣੇ ਹੀ ਸਿੱਝ ਲੈਂਦੇ ਹਾਂ। ਉਹਨਾਂ ਨੇ ਡਾਂਗਾਂ ਨਾਲ ਸੁੰਦਰ ਸਿੰਘ ਉੱਤੇ

ਹਮਲਾ ਕਰ ਦਿੱਤਾ। ਭਾਈ ਸੁੰਦਰ ਸਿੰਘ ਤਲਵਾਰ ਉੱਤੇ ਵਾਰ ਸਹੀ ਗਿਆ ਅਤੇ ਪਿੱਛਲ-ਖੁਰੀ ਤੁਰਦਾ ਗਿਆ। ਬਦਕਿਸਮਤੀ ਨਾਲ ਪਿਛੇ ਪਾਣੀ ਦੀ ਆਡ ਆ ਗਈ। ਭਾਈ ਸਾਹਿਬ ਠੇਡਾ ਖਾ ਕੇ ਡਿੱਗ ਪਏ ਅਤੇ ਸ਼ਰਾਬੀਆਂ ਨੇ ਅੰਨ੍ਹੇਵਾਹ ਡਾਂਗਾਂ ਨਾਲ ਭਾਈ ਸਾਹਿਬ ਨੂੰ ਭੰਨ ਸੁਟਿਆ। ਉਹਨਾਂ ਦਾ ਸਿਰ ਪਾਟ ਗਿਆ ਤੇ ਬਾਂਹ ਭੱਜ ਗਈ ਅਤੇ ਉਹ ਬੇਹੋਸ਼ ਹੋ ਗਏ। ਸ਼ਰਾਬੀਆਂ ਨੇ ਸਮਝਿਆ ਕਿ ਇਹ ਤਾਂ ਮਰ ਗਿਆ ਹੈ ਅਤੇ ਉਹ ਪਿੰਡ ਵੱਲ ਭੱਜ ਗਏ।

ਰੀਵਾਲਵਰ ਸੁੰਦਰ ਸਿੰਘ ਕੋਲ ਸੀ। ਭਾਈ ਕਿਸ਼ਨ ਸਿੰਘ ਕੋਲ ਹੁੰਦਾ ਤਾਂ ਗੱਲ ਹੋਰ ਹੁੰਦੀ। ਜਦੋਂ ਸੁੰਦਰ ਸਿੰਘ ਕੋਲ ਆ ਕੇ ਦੇਖਿਆ ਤਾਂ ਸੱਚ-ਮੁੱਚ ਉਹ ਮਰਨ-ਕਿਨਾਰੇ ਸੀ। ਉਹਨਾਂ ਬਥੇਰੀ ਵਾਹ ਲਾਈ ਕਿ ਕਿਸੇ ਤਰ੍ਹਾਂ ਉਹਨੂੰ ਹੋਸ ਵਿਚ ਲਿਆਂਦਾ ਜਾਵੇ। ਪਰ ਗੱਲ ਬਣਦੀ ਨਾ ਦੇਖ ਭਾਈ ਕਿਸ਼ਨ ਸਿੰਘ ਨੇ ਉਹਦੇ ਝੋਲੇ ਵਿਚੋਂ ਰੀਵਾਲਵਰ ਕੱਢ ਲਿਆ। ਹਾਲੇ ਬਾਕੀ ਸਾਮਾਨ ਕੱਢਣ ਹੀ ਲੱਗੇ ਸਨ ਕਿ ਸ਼ਰਾਬੀ ਫੇਰ ਆ ਗਏ। ਉਹਨਾਂ ਦੀ ਸਲਾਹ ਸੀ ਕਿ ਤੀਜੇ ਨੂੰ ਵੀ ਫੜ ਲਈਏ। ਭਾਈ ਸਾਹਿਬ ਨੇ ਉਹਨਾਂ ਨੂੰ ਫੇਰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਐਵੇਂ ਮਾਰੇ ਜਾਉਂਗੇ। ਉਹ ਉਲਟੇ ਭੂਤਰ ਕੇ ਹਮਲਾ ਕਰਨ ਉੱਤੇ ਉਤਾਰੂ ਹੋ ਗਏ। ਭਾਈ ਸਾਹਿਬ ਨੇ ਰੀਵਾਲਵਰ ਦਾ ਫ਼ਾਇਰ ਉਹਨਾਂ ਦੇ ਸਿਰਾਂ ਉੱਤੋਂ ਦੀ ਕੀਤਾ। ਲੰਬੜਦਾਰ ਦਾ ਸ਼ਰਾਬੀ ਮੁੰਡਾ ਲਲਕਾਰਿਆ—ਫੜੋ-ਫੜੋ, ਫੋਕੇ ਫ਼ਾਇਰ ਕਰਕੇ ਡਰਾਉਂਦਾ ਹੈ। ਤਾਂ ਦੂਜੀ ਗੋਲੀ ਭਾਈ ਸਾਹਿਬ ਨੇ ਸਿੱਧੀ ਜੜ ਦਿਤੀ, ਜਿਹੜੀ ਕੰਨ ਕੋਲ ਦੀ ਲੰਘ ਗਈ। ਚੰਗਿਆੜਾ ਨਿਕਲਦਾ ਦੇਖ ਸਾਰੇ ਭੱਜ ਤੁਰੇ। ਸੁੰਦਰ ਸਿੰਘ ਨੂੰ ਉਠਾਉਣ ਦਾ ਫੇਰ ਜਤਨ ਕੀਤਾ। ਆਖ਼ਰ ਨਿਰਾਸ਼ ਹੋ ਕੇ ਇਕੱਲੇ ਹੀ ਵਾਪਸ ਹੋ ਤੁਰੇ ਕਿ ਉਹਨੂੰ ਉਥੋਂ ਚੁੱਕਣ ਦਾ ਕੋਈ ਹੀਲਾ ਕੀਤਾ ਜਾਵੇ। ਸੁੰਦਰ ਸਿੰਘ ਵਾਲਾ ਝੋਲਾ ਚੁੱਕ ਖੜਨ ਦਾ ਵੀ ਖਿਆਲ ਨਾ ਰਿਹਾ, ਜੀਹਦੇ ਵਿਚ ਕਈ ਜ਼ਰੂਰੀ ਕਾਗਜ਼ ਸਨ। ਉਹ ਬਾਅਦ ਵਿਚ ਅਦਾਲਤ ਵਿਚ ਪੇਸ਼ ਹੋਏ ਸਨ।

ਉਧਰ ਲੰਬੜਦਾਰ ਦੇ ਮੁੰਡੇ ਨੇ ਜਾ ਕੇ ਸਾਰੀ ਗੱਲ ਦੱਸੀ ਤਾਂ ਉਹ ਆਪ ਉਥੇ ਆਇਆ। ਭਾਈ ਸੁੰਦਰ ਸਿੰਘ ਬੇਸੁਰਤ ਪਏ ਸਨ। ਲੰਬੜਦਾਰ ਨੇ ਉਸੇ ਵੇਲੇ ਇਕ ਮੰਜਾ ਮੰਗਵਾ ਕੇ ਸੁੰਦਰ ਸਿੰਘ ਨੂੰ ਉੱਤੇ ਪਾਇਆ। ਉਹ ਉਹਦੇ ਸਮੇਤ ਅਰਜਨ ਸਿੰਘ ਨੂੰ ਥਾਣੇ ਨੂੰ ਲੈ ਤੁਰਿਆ ਅਤੇ ਅੱਧੀ ਰਾਤ ਥਾਣੇਦਾਰ ਨੂੰ ਜਾ ਜਗਾਇਆ।

ਥਾਣੇਦਾਰ ਨੇ ਲੰਬੜਦਾਰ ਵਲੋਂ ਰਪਟ ਦਰਜ ਕਰ ਲਈ। ਜਿਸ-ਜਿਸ ਬੰਦੇ ਨੇ ਸੁੰਦਰ ਸਿੰਘ ਨੂੰ ਕੁੱਟਿਆ ਸੀ, ਹੁਸ਼ਿਆਰ ਥਾਣੇਦਾਰ ਨੇ ਲੰਬੜਦਾਰ ਤੋਂ ਨਾਂ ਲਿਖਵਾ ਲਏ। ਉਹਨੇ ਕਿਹਾ ਕਿ ਸਾਰਿਆਂ ਨੂੰ ਸਰਕਾਰ ਵਲੋਂ ਇਨਾਮ ਦਿੱਤਾ ਜਾਵੇਗਾ। ਲੰਬੜਦਾਰ ਨੇ ਇਨਾਮ ਦੇ ਲਾਲਚ ਵਿਚ ਆ ਕੇ ਆਪਣੇ ਉਹਨਾਂ ਆਦਮੀਆਂ ਦੇ ਨਾਂ ਵੀ ਲਿਖਾ ਦਿੱਤੇ, ਜਿਹੜੇ ਉਸ ਵੇਲੇ ਹਾਜ਼ਰ ਵੀ ਨਹੀਂ ਸਨ। ਅਖ਼ੀਰ ਵਿਚ ਲੰਬੜਦਾਰ ਸਾਹਿਬ ਨੇ ਦਸਖ਼ਤ ਕਰ ਦਿਤੇ ਕਿ ਰਪੋਟ ਜਿਹੜੀ ਉਹਦੇ ਵੱਲੋਂ ਲਿਖੀ ਗਈ ਹੈ, ਲਫ਼ਜ਼-ਲਫ਼ਜ਼ ਦਰੁਸਤ ਹੈ। ਫੇਰ ਸਾਰੇ ਬੰਦੇ, ਜਿਹੜੇ ਨਾਲ ਸਨ ਅਤੇ ਮੰਜਾ ਚੁੱਕ ਕੇ ਲਿਆਏ ਸਨ, ਥਾਣੇਦਾਰ ਦੇ ਸਾਹਮਣੇ ਪੇਸ਼ ਕਰ ਦਿੱਤੇ ਗਏ। ਉਹ ਤਕਰੀਬਨ 8-10 ਸਨ। ਬਾਕੀ ਸਵੇਰੇ ਪਿੰਡੋਂ ਲਿਆ ਕੇ ਪੇਸ਼ ਕਰਨ ਦਾ ਵਾਇਦਾ ਕਰ ਦਿੱਤਾ ਗਿਆ।

ਥਾਣੇਦਾਰ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਇਹਨਾਂ ਸਾਰਿਆਂ ਨੂੰ ਅਰਜਨ ਸਿੰਘ ਤੋਂ ਅਲਹਿਦਾ ਦੂਜੀ ਹਵਾਲਾਤ ਅੰਦਰ ਬੰਦ ਕਰ ਦਿਉ। ਬਾਕੀਆਂ ਨੂੰ ਸਵੇਰੇ ਲੈ ਆਵਾਂਗੇ। ਇਹ ਗੱਲ ਸੁਣਦਿਆਂ ਲੰਬੜਦਾਰ ਦੀ ਖਾਨਿਉਂ ਗਈ ਕਿ ਇਹ ਕੀ ਬਣਿਆ। ਉਹ ਘਬਰਾ ਕੇ ਕਹਿਣ ਲੱਗਿਆ, "ਜਨਾਬ, ਇਕ ਤਾਂ ਅਸੀਂ ਤੁਹਾਡੇ ਭਗੌੜੇ ਨੂੰ ਫੜ ਕੇ ਲਿਆਏ ਹਾਂ ਅਤੇ ਦੂਜੇ ਹੁਣ ਤੁਸੀਂ ਸਾਨੂੰ ਸਰਕਾਰ ਤੋਂ ਇਨਾਮ ਦੁਆਉਣ ਦਾ ਵਾਇਦਾ ਦਿੱਤਾ ਹੈ। ਹੁਣ ਤੁਸੀਂ ਉਲਟਾ ਸਾਨੂੰ ਹਵਾਲਾਤ ਵਿਚ ਬੰਦ ਕਰਨ ਲੱਗੇ ਹੋ। ਇਹ ਚੰਗਾ ਇਨਸਾਫ਼ ਕਰਨ ਲਗੇ ਹੋ।"

ਥਾਣੇਦਾਰ ਨੇ ਬੜੇ ਧੀਰਜ ਨਾਲ ਸਮਝਾਇਆ ਕਿ "ਲੰਬੜਦਾਰ ਸਾਹਿਬ, ਤੁਸੀਂ ਅਰਜਨ ਸਿੰਘ ਨੂੰ ਗਰਿਫ਼ਤਾਰ ਕਰਾਉਣ ਲਈ ਮੇਰੇ ਕੋਲੋਂ ਦੋ ਸਿਪਾਹੀਆਂ ਨੂੰ ਲੈ ਕੇ ਗਏ ਸੀ, ਜਿਨ੍ਹਾਂ ਦੀ ਰਵਾਨਗੀ ਦੀ ਰਪਟ ਤੁਸੀਂ ਆਪ ਲਿਖਵਾਈ ਸੀ। ਪਰ ਜਿਹੜਾ ਦੂਜਾ ਬੰਦਾ ਫੜ ਕੇ ਲਿਆਏ ਹੋ, ਉਹਦਾ ਨਾ ਤਾਂ ਸਾਡੇ ਕੋਲ ਵਾਰੰਟ ਹੈ ਅਤੇ ਨਾ ਹੀ ਪਤਾ ਹੈ ਕਿ ਇਹ ਕੌਣ ਹੈ। ਨਾਲ ਲਗਦਿਆਂ ਇਹਨੂੰ ਮਰਨ-ਕਿਨਾਰੇ ਕਰਕੇ ਤੁਸੀਂ ਲੈ ਆਏ ਹੋ ਅਤੇ ਇਹ ਮੰਨਦੇ ਵੀ ਹੋ ਕਿ ਤੁਸੀਂ ਹੀ ਇਹਨੂੰ ਕੁਟਿਆ ਹੈ। ਜੇ ਇਹ ਮਰ ਗਿਆ ਤਾਂ ਤੁਹਾਥੋਂ ਬਿਨਾਂ ਕਤਲ ਦਾ ਹੋਰ ਕੌਣ ਜ਼ਿੰਮੇਵਾਰ ਬਣੇਗਾ? ਇਸ ਲਈ 302 ਦਾ ਪਰਚਾ ਤਾਂ ਆਖ਼ਰ ਦੇਣਾ ਹੀ ਪੈਣਾ ਸੀ। ਸੋ ਤੁਸੀਂ ਆਪ ਹੀ ਸਾਰੀ ਜ਼ਿੰਮੇਵਾਰੀ ਲੈ ਚੁੱਕੇ ਹੋ। ਤੁਹਾਡੇ ਕਹੇ ਮੁਤਾਬਿਕ ਹੀ ਰਪਟ ਲਿਖੀ ਹੈ। ਸੋ ਹੁਣ ਕਾਤਲ ਤੁਹਾਨੂੰ ਹੀ ਬਣਨਾ ਪੈਣਾ ਹੈ।"

ਦੂਜੇ ਬੰਨੇ ਥਾਣੇਦਾਰ ਨੇ ਉਸੇ ਵੇਲੇ ਹੀ ਡਾਕਟਰ ਨੂੰ ਸੱਦ ਕੇ ਸੁੰਦਰ ਸਿੰਘ ਨੂੰ ਸਰਕਾਰੀ ਹਸਪਤਾਲ ਦਾਖ਼ਲ ਕਰਵਾ ਦਿੱਤਾ, ਜਿਸ ਕਰਕੇ ਉਹਦੀ ਜਾਨ ਬਚ ਗਈ।

ਇਹ ਉਲਟੀ ਗੰਗਾ ਵਗਦੀ ਦੇਖ ਲੰਬੜਦਾਰ ਅਤੇ ਉਹਦੇ ਹਮਾਇਤੀਆਂ ਦੀ ਤਾਂ ਖਾਨਿਉਂ ਗਈ। ਉਲਟਾ ਗਲ ਰੱਸਾ ਪੈਂਦਾ ਦੇਖ ਕੇ ਲੰਬੜਦਾਰ ਨੇ ਚੋਖੀ ਰਕਮ ਦਾ ਚੜ੍ਹਾਵਾ ਥਾਣੇਦਾਰ ਸਾਹਿਬ ਦੀ ਖਿਦਮਤ ਵਿਚ ਪੇਸ਼ ਕਰਨਾ ਮੰਨ ਲਿਆ। ਉਹਨੇ ਥਾਣੇਦਾਰ ਦੇ ਸੁਝਾਅ ਉੱਤੇ ਆਪਣੇ ਸਾਥੀਆਂ ਨੂੰ ਤੇਜ਼ ਧਾਰ ਵਾਲੇ ਹਥਿਆਰ ਨਾਲ ਟੱਕ ਲਾ ਕੇ ਜ਼ਖਮੀ ਕਰ ਲੈਣਾ ਸੀ ਅਤੇ ਡਾਂਗਾਂ ਦੀਆਂ ਸੱਟਾਂ ਸਿਰਾਂ, ਬਾਂਹਾਂ ਤੇ ਬਾਕੀ ਸਰੀਰ ਉੱਤੇ ਲਾ ਲੈਣੀਆਂ ਸਨ, ਜੀਹਤੋਂ ਸਾਬਤ ਹੋ ਜਾਵੇ ਕਿ ਅੰਰਜਨ ਸਿੰਘ ਦੀ ਗਰਿਫ਼ਤਾਰੀ ਵੇਲੇ ਉਹਦੀ ਪਾਰਟੀ ਨੇ ਹਮਲਾ ਕਰਕੇ ਲੰਬੜਦਾਰ ਦੇ ਹਮਾਇਤੀਆਂ ਨੂੰ ਕੁੱਟਿਆ-ਮਾਰਿਆ ਸੀ। ਹਮਲਾ ਕਰਨ ਵੇਲੇ ਸੁੰਦਰ ਸਿੰਘ ਵੀ ਉਹਨਾਂ ਵਿਚ ਸ਼ਾਮਲ ਸੀ ਜੀਹਦੇ ਹੱਥ ਇਹੋ ਤਲਵਾਰ ਸੀ ਅਤੇ ਇਸੇ ਤਲਵਾਰ ਦੇ ਟੱਕ ਇਕ-ਦੋ ਲਾਏ ਜਾਣੇ ਸਨ। ਅਰਜਨ ਸਿੰਘ ਦੇ ਬੰਦਿਆਂ ਦੇ ਨਾਂ ਲਿਖੇ ਜਾਣੇ ਸਨ। ਹੁਣੇ ਜਾ ਕੇ ਇਹ ਕੰਮ ਮੁਕੰਮਲ ਕਰ ਲਿਆ ਜਾਣਾ ਸੀ। ਥਾਣੇਦਾਰ ਨੇ ਕਿਹਾ ਕਿ ਉਹ ਸਵੇਰੇ ਆ ਜਾਵੇਗਾ, ਪਹਿਲਾਂ ਉਹਦਾ ਵਾਇਦਾ ਪੂਰਾ ਕਰ ਦਿੱਤਾ ਜਾਵੇ, ਬਾਕੀ ਕੰਮ ਉਹਦੇ ਜ਼ਿੰਮੇ ਹੋਵੇਗਾ।

12 ਮਈ 1922 ਨੂੰ ਥਾਣੇਦਾਰ ਸੁੱਦ ਤਸ਼ਰੀਫ਼ ਲੈ ਗਏ। ਪ੍ਰੋਗਰਾਮ ਮੁਤਾਬਿਕ ਸਭ ਕਾਰਵਾਈ ਬੜੇ ਸੁਚੱਜੇ ਢੰਗ ਨਾਲ ਉਹਦੀ ਹਦਾਇਤ ਮੁਤਾਬਿਕ ਕੀਤੀ ਜਾ ਚੁਕੀ ਸੀ। ਸੋ ਉਹਦਾ ਚੜ੍ਹਾਵਾ ਪੇਸ਼ ਕਰ ਦਿੱਤਾ ਗਿਆ। ਇਕ ਹੋਰ ਤਿੰਨ-ਫੁੱਟੀ ਕਿਰਪਾਨ ਅਰਜਨ ਸਿੰਘ ਦੇ ਨਾਂ ਪਾ ਦਿੱਤੀ ਗਈ। ਅਰਜਨ ਸਿੰਘ ਦੇ ਧੜੇ ਦੇ ਹੋਰ ਬੇਗੁਨਾਹ ਬੰਦਿਆਂ ਸਮੇਤ ਅਰਜਨ ਸਿੰਘ ਅਤੇ ਸੁੰਦਰ ਸਿੰਘ ਦਾ ਜ਼ੇਰੇ ਦਫ਼ਾ 307 ਅਤੇ 148

ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ ਗਿਆ। ਸਭੋ ਕਾਰਵਾਈ ਤਾਂ ਜਾਹਲੀ ਹੈ ਹੀ ਸੀ। ਸੋ ਮੀਆਂ ਅਬਦੁਲ ਫੱਤਾ ਮੈਜਿਸਟਰੇਟ ਨੇ ਬਾਕੀ ਸਾਰੇ ਤਾਂ ਬਰੀ ਕਰ ਦਿਤੇ, ਪਰ ਦਫ਼ਾ 307 ਅਤੇ 148 ਖ਼ਤਮ ਕਰਕੇ 20 ਜੂਨ 1922 ਨੂੰ ਭਾਈ ਸੁੰਦਰ ਸਿੰਘ ਨੂੰ ਤਿੰਨ-ਫੁੱਟੀ ਕਿਰਪਾਨ ਰੱਖਣ ਬਦਲੇ ਅਸਲਾ ਐਕਟ ਅਧੀਨ ਛੇ ਮਹੀਨੇ ਕੈਦ ਸਖ਼ਤ ਤੇ ਕਾਰਤੂਸ ਰੱਖਣ ਬਦਲੇ ਡੇਢ ਸਾਲ ਕੈਦ ਸਖ਼ਤ ਤੇ ਇਕ ਸੌ ਰੁਪਏ ਜੁਰਮਾਨੇ ਦੀ ਸਜ਼ਾ ਕਰ ਦਿੱਤੀ। ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿਚ ਇਕ ਸਾਲ ਹੋਰ ਕੈਦ ਭੁਗਤਣ ਦਾ ਹੁਕਮ ਸੁਣਾ ਦਿੱਤਾ ਗਿਆ।

22 ਜੂਨ 1922 ਨੂੰ ਅਰਜਨ ਸਿੰਘ ਨੂੰ ਅਸਲਾ ਐਕਟ ਅਧੀਨ ਤਿੰਟ-ਫੁੱਟੀ ਕਿਰਪਾਨ ਜਿਹੜੀ ਜਾਹਲੀ ਪਾਈ ਗਈ ਸੀ, ਬਦਲੇ ਛੇ ਮਹੀਨੇ ਕੈਦ ਸਖਤ ਤੇ ਇਕ ਸੌ ਰੁਪਏ ਜੁਰਮਾਨੇ ਦੀ ਸਜਾ ਸੁਣਾ ਦਿੱਤੀ ਗਈ। ਜੁਰਮਾਨਾ ਨਾ ਦੇਣ ਦੀ ਸੂਰਤ ਵਿਚ ਤਿੰਨ ਮਹੀਨੇ ਹੋਰ ਸਜ਼ਾ ਭੁਗਤਣ ਦਾ ਹੁਕਮ ਸੁਣਾ ਦਿੱਤਾ ਗਿਆ। ਬਾਅਦ ਵਿਚ ਇਹ ਦੋਵੇਂ ਬਬਰ ਅਕਾਲੀ ਕੇਸ ਦੇ ਮੁਲਜ਼ਮ ਅਰਜਨ ਸਿੰਘ ਨੰ: 7 ਅਤੇ ਸੁੰਦਰ ਸਿੰਘ ਨੰ: 30 ਬਣੇ ਸਨ।

ਮੈਂ ਸੂੰਢ ਦੀ ਘਟਨਾ ਭਾਈ ਕਿਸ਼ਨ ਸਿੰਘ ਜੀ ਦੇ ਦੱਸੇ ਮੁਤਾਬਿਕ ਦਰਜ ਕੀਤੀ ਹੈ। ਪਰ ਪੁਲਸ ਨੇ ਜਿਹੜੇ ਗਵਾਹ ਸਾਡੇ ਕੇਸ ਵਿਚ ਪੇਸ਼ ਕੀਤੇ ਸਨ, ਉਹ ਗੱਲ ਤਾਂ ਸਾਰੀ ਮੋਟੇ ਤੌਰ ਉੱਤੇ ਉਪਰ ਲਿਖੇ ਮੁਤਾਬਿਕ ਹੀ ਦਸਦੇ ਹਨ, ਪਰ ਕੁਝ ਫ਼ਰਕ ਜ਼ਰੂਰ ਹੈ। ਜੱਜ ਨੇ ਜੱਜਮੈਂਟ ਲਿਖਦਿਆਂ ਇਸ ਘਟਨਾ ਬਾਬਤ ਪੂਰੀ ਤਫ਼ਸੀਲ ਦਰਜ ਕਰ ਛਡੀ ਹੈ।

(ਦੇਖੋ ਜੱਜਮੈਂਟ ਸਫ਼ਾ 61)

ਪੁਲਸ ਨੇ ਹੇਠ-ਲਿਖੇ ਗਵਾਹ ਭੁਗਤਾਏ ਸਨ, ਜਿਨ੍ਹਾਂ ਦੇ ਬਿਆਨ ਪੇਪਰ-ਬੁੱਕ ਵਿਚ ਦਰਜ ਹਨ :

ਸਫ਼ਾ 317—ਗਵਾਹ ਨੰ: 64, ਸ਼ੇਰ ਸਿੰਘ ਵਲਦ ਨਰੈਣ ਸਿੰਘ, ਉਮਰ 50 ਸਾਲ, ਜ਼ਾਤ ਜੱਟ-ਸਿੱਖ, ਪਿੰਡ ਸੂੰਢ, ਜ਼ਿਲਾ ਜਲੰਧਰ, ਲੰਬੜਦਾਰ।

ਸਫ਼ਾ 320—ਗਵਾਹ ਨੰ: 65, ਜੀਵਨ ਸਿੰਘ ਵਲਦ ਨਿਹਾਲ ਸਿੰਘ, ਉਮਰ 50 ਸਾਲ, ਜ਼ਾਤ ਜੱਟ-ਸਿੱਖ, ਪਿੰਡ ਸੂੰਢ, ਜ਼ਿਲਾ ਜਲੰਧਰ, ਲੰਬੜਦਾਰ।

ਸਫ਼ਾ 323—ਗਵਾਹ ਨੰ: 67, ਜੀਵਨ ਸਿੰਘ ਵਲਦ ਮਹਿਤਾਬ ਸਿੰਘ, ਉਮਰ 50 ਸਾਲ, ਜ਼ਾਤ ਜੱਟ-ਸਿੱਖ, ਪਿੰਡ ਸੂੰਢ, ਜ਼ਿਲਾ ਜਲੰਧਰ, ਪੈਨਸ਼ਨਰ ਹੌਲਦਾਰ।

ਸਫ਼ਾ 420—ਗਵਾਹ ਨੰ: 139, ਪੀਰ ਗਜ਼ਨਫ਼ਰ ਹੁਸੈਨ, ਸਬ-ਇੰਸਪੈਕਟਰ ਪੁਲੀਸ, ਥਾਣਾ ਬੰਗਾ, ਜ਼ਿਲਾ ਜਲੰਧਰ।

ਪਿੰਡ ਸੂੰਢ ਦਾ ਦੂਜਾ ਨਾਂ ਮਕਸੂਦਪੁਰ ਵੀ ਹੈ ਅਤੇ ਸਭ ਨੇ ਮਕਸੂਦਪੁਰ ਹੀ ਲਿਖਾਇਆ ਹੋਇਆ ਹੈ। ਨਾਲ ਹੀ ਸੂੰਢ ਵੀ ਦੱਸਿਆ ਹੋਇਆ ਹੈ, ਕਿਉਂਕਿ ਪ੍ਰਚੱਲਤ ਸੂੰਢ ਹੀ ਹੈ। ਜੱਜ ਸਾਹਿਬ ਨੇ ਵੀ ਸੂੰਢ ਹੀ ਲਿਖਿਆ ਹੈ। ਤੇ ਜੱਜਮੈਂਟ ਵਿਚ ਇਹ ਵੀ ਦਰਜ ਹੈ ਕਿ ਪਹਿਲਾਂ ਪੁਲਸ ਨੇ ਚਲਾਨ 307 ਦਫ਼ਾ ਹੇਠ ਕੀਤਾ ਸੀ, ਪਰ ਸਜ਼ਾ ਅਸਲਾ ਐਕਟ ਹੇਠ ਦਿੱਤੀ ਗਈ ਸੀ। ਭਾਈ ਸਾਹਿਬ ਦੇ ਗੋਲੀਆਂ ਚਲਾਉਣ ਦਾ ਜ਼ਿਕਰ ਵੀ ਦਰਜ ਹੈ, ਪਰ ਸ਼ਕਲ ਬਦਲ ਦਿੱਤੀ ਗਈ ਹੈ ਅਤੇ ਤੋੜ-ਮਰੋੜ ਕੇ ਕਹਾਣੀ ਘੜੀ ਗਈ ਹੈ।

ਇਥੇ ਆ ਕੇ ਪਾਠਕਾਂ ਦਾ ਧਿਆਨ ਮੈਂ ਖ਼ਾਸ ਤੌਰ ਉੱਤੇ ਇਸ ਗੱਲ ਵੱਲ ਦੁਆ ਜਾਣਾ ਚਾਹੁੰਦਾ ਹਾਂ ਕਿ 11 ਮਈ 1922 ਤੱਕ ਭਾਈ ਸੁੰਦਰ ਸਿੰਘ ਨੇ ਚਕਰਵਰਤੀ ਲਹਿਰ ਵਿਚ ਜਿੰਨਾ ਹਿੱਸਾ ਪਾਇਆ ਸੀ, ਇਕੱਲੀ-ਇਕੱਲੀ ਗੱਲ ਮੈਂ ਦਰਜ ਕਰ ਦਿੱਤੀ ਹੈ। ਸੰਤ ਕਰਤਾਰ ਸਿੰਘ ਵਾਇਦਾ-ਮੁਆਫ਼ ਦੇ ਬਿਆਨ ਮੁਤਾਬਿਕ ਵੀ ਗੱਲ ਇਉਂ ਹੀ ਹੈ। ਭਾਈ ਸੁੰਦਰ ਸਿੰਘ ਨੇ ਸੈਸ਼ਨ ਜੱਜ ਸਾਹਮਣੇ ਜਿਹੜਾ ਬਿਆਨ 26 ਨਵੰਬਰ 1924 ਨੂੰ ਦਿੱਤਾ ਸੀ, ਜੋ ਮੈਂ ਬਾਅਦ ਵਿਚ ਅੱਖਰ-ਅੱਖਰ ਦਰਜ ਕਰ ਦੇਣਾ ਹੈ, ਉਸ ਵਿਚ ਉਹਨੇ ਸਾਫ਼ ਕਿਹਾ ਸੀ ਕਿ ਉਹ ਸਿਰਫ਼ ਚਕਰਵਰਤੀ ਜਥੇ ਦੇ ਹੀ ਮੈਂਬਰ ਸਨ। ਉਦੋਂ ਬਬਰ ਅਕਾਲੀ ਨਾਂ ਤਾਂ ਸੁਣਿਆ ਹੀ ਨਹੀਂ ਸੀ। ਜਦੋਂ ਉਹਨਾਂ ਨੂੰ ਇਕ ਵਾਰੀ ਸਜ਼ਾ ਮਿਲ ਚੁੱਕੀ ਹੈ ਤਾਂ ਉਹਨਾਂ ਦਾ ਇਸ ਕੇਸ ਵਿਚ ਚਲਾਨ ਪਤਾ ਨਹੀਂ ਕਿਉਂ ਕਰ ਦਿੱਤਾ ਗਿਆ ਹੈ।

ਮਗਰੋਂ ਜਦੋਂ ਬਾਹਰ ਆ ਕੇ ਉਹਨਾਂ ਨੇ ਬਬਰ ਤਹਿਰੀਕ ਦਾ ਹਾਲ ਲਿਖਿਆ, ਆਪਣੇ ਵੱਲੋਂ ਕਈ ਮਨਘੜਤ ਗੱਲਾਂ ਲਿਖ ਕੇ ਇਹੋ ਸਾਬਤ ਕਰਨ ਦੀ ਚੇਸ਼ਟਾ ਕੀਤੀ ਹੈ ਕਿ ਬਬਰ ਲਹਿਰ ਦਾ ਬਾਨੀ ਹੀ ਭਾਈ ਸੁੰਦਰ ਸਿੰਘ ਸੀ। ਹਰ ਵੇਲੇ ਆਪਣੇ ਆਪ ਨੂੰ ਭਾਈ ਸੁੰਦਰ ਸਿੰਘ ਅਤੇ ਕਿਸ਼ਨ ਸਿੰਘ ਜੀ ਨੂੰ ਜਥੇਦਾਰ ਕਿਸ਼ਨ ਸਿੰਘ ਹੀ ਲਿਖੀ ਗਿਆ ਹੈ। ਉਹ ਵੀ ਉਹਤੋਂ ਬਾਅਦ ਜਦੋਂ ਉਹਦਾ ਤਿਆਰ ਕੀਤਾ ਖਰੜਾ ਬਬਰਾਂ ਨੇ ਸੁਣ ਕੇ ਉਸੇ ਵੇਲੇ ਉਹਦੇ ਸਾਹਮਣੇ ਸਾੜ ਸੁਟਿਆ ਸੀ। ਅਖ਼ੀਰ ਵਿਚ ਜਾ ਕੇ ਮੈਂ ਸਾਰੀ ਗੱਲ ਦੀ ਜਾਣਕਾਰੀ ਪਾਠਕਾਂ ਨੂੰ ਦੇ ਹੀ ਦੇਣੀ ਹੈ, ਜਦੋਂ ਸਜ਼ਾਵਾਂ ਭੁਗਤਣ ਤੋਂ ਬਾਅਦ ਬਬਰਾਂ ਦੇ ਬਾਹਰ ਆ ਜਾਣ ਦਾ ਜ਼ਿਕਰ ਕਰਨਾ ਹੈ।

* * *

ਸੂੰਢ ਦੀ ਘਟਨਾ ਤੋਂ ਬਾਅਦ ਭਾਈ ਕਿਸ਼ਨ ਸਿੰਘ ਸਿੱਧੇ ਪਲਾਹੀ ਚੰਦਾ ਸਿੰਘ ਦੇ ਖੂਹ ਉੱਤੇ ਪੁਜੇ ਅਤੇ ਸਾਰੀ ਗੱਲ ਚੰਦਾ ਸਿੰਘ ਨੂੰ ਦੱਸੀ। ਫੇਰ ਬਾਕੀ ਸਾਥੀਆਂ ਦੀ ਤਲਾਸ ਵਿਚ ਪਹਿਲਾਂ ਪ੍ਰਾਗਪੁਰ ਸੰਤ ਕਰਤਾਰ ਸਿੰਘ ਦੀ ਕੁਟੀਆ ਵਿਚ ਗਏ। ਉਥੇ ਬਾਬੂ ਸੰਤਾ ਸਿੰਘ ਮਿਲ ਪਿਆ। ਉਥੋਂ ਉਹਨੂੰ ਨਾਲ ਲੈ ਕੇ ਪਤਾਰੇ ਊਧਮ ਸਿੰਘ ਦੇ ਖੂਹ ਉੱਤੇ ਪੁਜੇ, ਜਿਥੇ ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਗੋਸਲ, ਗਿ: ਕਰਤਾਰ ਸਿੰਘ ਗੋਂਦਪੁਰ ਅਤੇ ਗਿ: ਹਰਬੰਸ ਸਿੰਘ ਛੋਟਾ ਸਰਹਾਲਾ ਪਹਿਲਾਂ ਹੀ ਆਏ ਬੈਠੇ ਸਨ। ਭਾਈ ਕਿਸ਼ਨ ਸਿੰਘ ਨੇ ਸੂੰਢ ਦੀ ਕਹਾਣੀ ਇਹਨਾਂ ਸਾਰਿਆਂ ਨੂੰ ਪੂਰੇ ਵਿਸਥਾਰ ਨਾਲ ਦੱਸੀ ਕਿ ਕਿਵੇਂ ਸ਼ੇਰ ਸਿੰਘ ਲੰਬੜਦਾਰ ਦਾ ਗਰੁੱਪ ਉਹਨਾਂ ਦੇ ਪਿਛੇ ਪੈ ਗਿਆ ਅਤੇ ਲੰਬੜਦਾਰ ਦੇ ਲੜਕੇ ਹੱਥੋਂ ਕਿਸ ਤਰ੍ਹਾਂ ਭਾਈ ਸੁੰਦਰ ਸਿੰਘ ਜ਼ਖ਼ਮੀ ਹੋ ਗਿਆ ਤੇ ਉਹ ਆਪ ਰੀਵਾਲਵਰ ਦੀ ਸਹਾਇਤਾ ਸਦਕਾ ਬਚ ਸਕੇ। ਮਜਬੂਰਨ ਬੇਹੋਸ਼ ਸੁੰਦਰ ਸਿੰਘ ਨੂੰ ਛੱਡਣਾ ਪਿਆ ਅਤੇ ਉਹ ਗਰਿਫ਼ਤਾਰ ਹੋ ਚੁਕਿਆ ਹੈ।

ਪਲਾਹੀ ਤੋਂ ਤੁਰਨ ਤੋਂ ਪਹਿਲਾਂ ਸੂੰਢ ਦੀ ਘਟਨਾ ਦਾ ਸਾਰਾ ਹਾਲ ਲਿਖ ਕੇ ਚੰਦਾ ਸਿੰਘ ਦੇ ਹੱਥ ਭਾਈ ਸਾਹਿਬ ਨੇ ਅੰਮ੍ਰਿਤਸਰ "ਗੜਗੱਜ" ਅਖ਼ਬਾਰ ਦੇ ਐਡੀਟਰ ਤੇਜਾ ਸਿੰਘ ਜੀ ਭੁੱਚਰ ਨੂੰ ਘੱਲ ਦਿੱਤਾ ਸੀ, ਜਿਹੜਾ ਅਗਲੇ ਹੀ ਦਿਨ "ਗੜਗੱਜ" ਅਖ਼ਬਾਰ ਵਿਚ ਛਪ ਗਿਆ ਸੀ।

ਪਾਠਕਾਂ ਨੂੰ ਮੈਂ ਦੱਸ ਹੀ ਚੁਕਿਆ ਹਾਂ ਕਿ ਤੇਜਾ ਸਿੰਘ ਭੁੱਚਰ ਅਤੇ ਵਕੀਲ ਰਾਮ ਸਿੰਘ ਧਾਰੋਵਾਲ ਨਾਲ ਭਾਈ ਸਾਹਿਬ ਦਾ ਪੂਰੀ ਤਰ੍ਹਾਂ ਮੇਲਜੋਲ ਸੀ। ਸੰਤ

ਕਰਤਾਰ ਸਿੰਘ ਆਪਣੇ ਬਿਆਨ ਵਿਚ ਇਹਨਾਂ ਦੋਹਾਂ ਲੀਡਰਾਂ ਦਾ ਜ਼ਿਕਰ ਕਰਦਾ ਹੈ ਕਿ ਇਹ ਆਪ ਵੀ ਭਾਈ ਕਿਸ਼ਨ ਸਿੰਘ ਨੂੰ ਮਿਲਣ ਉਹਦੀ ਕੁਟੀਆ ਵਿਚ ਆਉਂਦੇ ਹੁੰਦੇ ਸਨ। ਪੇਪਰ-ਬੁੱਕ, ਸਫ਼ਾ 59 ਉੱਤੇ ਸੰਤ ਦਸਦਾ ਹੈ ਕਿ "ਐਡੀਟਰ ਰਾਮ ਸਿੰਘ, ਉਹਦਾ ਮੁਨਸ਼ੀ ਜੈਮਲ ਸਿੰਘ ਤੇ ਇਕ ਕਾਬਲੋਂ ਆਇਆ ਹੋਇਆ ਸਿੱਖ ਬਹਾਦਰ ਸਿੰਘ ਜਿਹੜਾ ਬਹੁਤ ਘੱਟ ਪੰਜਾਬੀ ਜਾਣਦਾ ਸੀ, ਮੇਰੀ ਕੁਟੀਆ ਵਿਚ ਆਏ ਸਨ।" ਤੇ ਅੱਗੇ ਉਸੇ ਸਫ਼ੇ ਉੱਤੇ ਸੰਤ ਦਸਦਾ ਹੈ ਕਿ "ਲੋਹੜੀ ਦੇ ਨੇੜੇ ਭਾਈ ਕਿਸ਼ਨ ਸਿੰਘ, ਤੇਜਾ ਸਿੰਘ ਚੂਹੜ ਅਤੇ ਇਕ ਹੋਰ ਸਿੱਖ ਮੇਰੀ ਕੁਟੀਆ ਵਿਚ ਆਏ ਸਨ।" ਸੰਤ ਦੇ ਬਿਆਨ ਵਿਚ ਇਹਨਾਂ ਦੋਹਾਂ ਦੇ ਆਉਣ ਦਾ ਜ਼ਿਕਰ ਕਈ ਵਾਰ ਆਇਆ ਹੈ। ਮੈਂ ਤਾਂ ਸਿਰਫ਼ ਇਸ਼ਾਰੇ-ਮਾਤਰ ਹੀ ਤਸਦੀਕ ਲਈ ਜ਼ਿਕਰ ਕੀਤਾ ਹੈ। ਬਿਆਨ ਬਹੁਤ ਲੰਮਾ ਹੈ। ਕਈ ਦਿਨ ਜਾਰੀ ਰਿਹਾ ਸੀ। ਸੋ ਸਾਰਾ ਲਿਖਣਾ ਮੁਸ਼ਕਿਲ ਅਤੇ ਬੇਲੋੜਾ ਹੈ।

* * *

ਜਿਹਲੋਂ ਆ ਕੇ ਭਾਈ ਸੁੰਦਰ ਸਿੰਘ ਨੇ ਬਬਰ ਇਤਿਹਾਸ ਲਿਖਦਿਆਂ ਇਸੇ ਸੂੰਢ ਦੀ ਘਟਨਾ ਨੂੰ ਖ਼ੂਬ ਮਸਾਲਾ ਲਾ ਕੇ ਲਿਖਿਆ ਹੈ। ਇਹ ਬਿਲਕੁਲ ਮਨਘੜਤ ਹੈ ਅਤੇ ਆਪਣੀ ਕੁਰਬਾਨੀ ਨੂੰ ਖ਼ੂਬ ਵਧਾ-ਚੜ੍ਹਾ ਕੇ ਦੱਸਣ ਦੀ ਵਾਹ ਲਾਈ ਗਈ ਹੈ। ਉਹ ਲਿਖਦੇ ਹਨ :

"ਜਿਸ ਵੇਲੇ ਉਪਰ-ਲਿਖੇ ਚਕਰਵਰਤੀ ਜਥੇ ਦੇ ਮੈਂਬਰ ਪਤਾਰੇ ਊਧਮ ਸਿੰਘ ਦੇ ਖੂਹ ਉੱਤੇ ਇਕੱਠੇ ਹੋਏ ਤਾਂ ਜਥੇਦਾਰ ਕਿਸ਼ਨ ਸਿੰਘ ਬੜੇ ਗੁੱਸੇ ਵਿਚ ਸਨ। ਉਹਨਾਂ ਨੇ ਤਜਵੀਜ਼ ਰਖੀ ਕਿ ਸਾਨੂੰ ਸੂੰਢ ਵਾਲਿਆਂ ਤੋਂ ਬਦਲਾ ਲੈਣ ਲਈ ਪਸਤੌਲਾਂ, ਬੰਦੂਕਾਂ ਅਤੇ ਬੰਬਾਂ ਨਾਲ ਪਿੰਡ ਉੱਤੇ ਹਮਲਾ ਕਰ ਦੇਣਾ ਚਾਹੀਦਾ ਹੈ ਅਤੇ ਪਿੰਡ ਨੂੰ ਅੱਗ ਲਾ ਕੇ ਸਾੜ ਸੁੱਟਣਾ ਚਾਹੀਦਾ ਹੈ। ਜੇ ਕੋਈ ਜਾਨ ਬਚਾਉਣ ਲਈ ਭੱਜੇ ਤਾਂ ਕਤਲ ਕਰਕੇ ਉਸੇ ਅੱਗ ਵਿਚ ਸੁਟ ਦੇਣਾ ਚਾਹੀਦਾ ਹੈ।"

ਇਸੇ ਤਰ੍ਹਾਂ ਦੀਆਂ ਬੇ-ਸਿਰ-ਪੈਰ ਹੋਰ ਕਈ ਗੱਲਾਂ ਲਿਖੀਆਂ ਗਈਆਂ ਹਨ। ਪਤਾ ਨਹੀਂ ਉਸ ਵੇਲੇ ਚਕਰਵਰਤੀ ਜਥੇ ਨੂੰ ਏਨੇਂ ਬੰਬ, ਪਸਤੌਲ ਅਤੇ ਬੰਦੂਕਾਂ ਭਾਈ ਸੁੰਦਰ ਸਿੰਘ ਕਿਥੋਂ ਇਕੱਠੀਆਂ ਕਰਕੇ ਦੇ ਗਏ ਸਨ। ਲਾ-ਪਾ ਕੇ ਇਕ ਰੀਵਾਲਵਰ ਸੀ, ਉਹ ਵੀ ਉਹਨਾਂ ਦੇ ਹੀ ਝੋਲੇ ਵਿਚ ਸੀ। ਮੁਕਾਬਲੇ ਵੇਲੇ ਉਹ ਉਹਨੂੰ ਇਸਤੇਮਾਲ ਕਰਨ ਦਾ ਹੌਸਲਾ ਵੀ ਨਾ ਕਰ ਸਕੇ। ਉਲਟਾ ਇਹ ਕਹਿ ਕੇ ਕਿ ਅਸੀਂ ਤੁਹਾਡੇ ਨਾਲ ਸਿੱਝਾਂਗੇ, ਉਲਟੀ ਧਾੜ ਗਲ ਪੁਆ ਲਈ ਸੀ। ਇਹ ਠੀਕ ਹੈ ਕਿ ਜਲਸਿਆਂ ਵਿਚ ਸ਼ਬਦ ਅਤੇ ਨਜ਼ਮਾਂ ਜ਼ਰੂਰ ਪੜ੍ਹੀਆਂ ਸਨ। ਪਰ ਮੁਕੱਦਮੇ ਵੇਲੇ ਪੁਲਸ ਨੇ ਉਹ ਵੀ ਗ਼ੈਰ-ਜ਼ਰੂਰੀ ਸਮਝ ਕੇ ਅਦਾਲਤ ਸਾਹਮਣੇ ਪੇਸ਼ ਕਰਨੋਂ ਛੱਡ ਦਿੱਤੀਆਂ ਸਨ। ਡੇਢ ਸਾਲ ਸਜ਼ਾ ਗਿ: ਕਰਤਾਰ ਸਿੰਘ ਗੋਂਦਪੁਰੀ ਤੋਂ ਮੰਗਵੀਆਂ ਲਈਆਂ ਰੀਵਾਲਵਰ ਦੀਆਂ ਗੋਲੀਆਂ ਬਦਲੇ ਜ਼ਰੂਰ ਹੋਈ ਸੀ। ਬਬਰ ਲਹਿਰ ਸੱਚਮੁੱਚ ਉਹਨਾਂ ਦੀ ਗਰਿਫ਼ਤਾਰੀ ਤੋਂ ਬਾਅਦ ਵਾਪਰੀ ਸੀ ਅਤੇ ਪੂਰੇ ਇਕ ਸਾਲ ਬਾਅਦ 10 ਫ਼ਰਵਰੀ 1923 ਨੂੰ ਪਹਿਲਾ ਰਾਣੀਥੂਹੇ ਵਾਲੇ ਜ਼ੈਲਦਾਰ ਬਿਸ਼ਨ ਸਿੰਘ ਸਿਰਕੱਢ ਝੋਲੀ-ਚੁੱਕ ਦਾ ਕਤਲ ਹੋਇਆ ਸੀ।

ਸੁੰਦਰ ਸਿੰਘ ਅੱਗੇ ਚੱਲ ਕੇ ਲਿਖਦੇ ਹਨ, "ਚਕਰਵਰਤੀ ਜਥੇ ਨੇ ਜਥੇਦਾਰ

ਕਿਸ਼ਨ ਸਿੰਘ ਦੀ ਤਜਵੀਜ਼ ਇਤਫ਼ਾਕ-ਰਾਏ ਨਾਲ ਮਨਜ਼ੂਰ ਕਰ ਲਈ। ਪਰ ਆਖ਼ਰੀ ਪ੍ਰਵਾਨਗੀ ਲਈ ਜਦੋਂ ਉਹ ਮਾਸਟਰ ਮੋਤਾ ਸਿੰਘ ਜੀ ਸਾਹਮਣੇ ਰਖੀ ਗਈ ਤਾਂ ਉਹਨਾਂ ਨੇ ਇਹ ਕਹਿੰਦਿਆਂ ਰੱਦ ਕਰ ਦਿੱਤੀ ਕਿ ਲੰਬੜਦਾਰ ਅਤੇ ਉਹਦੇ ਲੜਕੇ ਦਾ ਸੁਧਾਰ ਕਰਨਾ ਤਾਂ ਸਹੀ ਗੱਲ ਹੋ ਸਕਦੀ ਹੈ, ਪਰ ਬੇਗੁਨਾਹ ਲੋਕਾਂ, ਇਸਤਰੀਆਂ ਅਤੇ ਬੱਚਿਆਂ ਨੂੰ ਕਤਲ ਕਰਨਾ ਚਕਰਵਰਤੀ ਜਥੇ ਦੀ ਬਦਨਾਮੀ ਦਾ ਕਾਰਨ ਬਣੇਗਾ। ਜਥੇਦਾਰ ਕਿਸ਼ਨ ਸਿੰਘ ਦਾ ਗ਼ੁੱਸਾ ਮਾਸਟਰ ਮੋਤਾ ਸਿੰਘ ਦੇ ਸਮਝਾਉਣ ਤੋਂ ਬਾਅਦ ਜਾ ਕੇ ਠੰਡਾ ਹੋਇਆ।"

ਭਾਈ ਸੁੰਦਰ ਸਿੰਘ ਦੀ ਇਕ ਇਹ ਗੱਲ ਮੇਰੀ ਸਮਝ ਵਿਚ ਨਹੀਂ ਆਈ ਕਿ ਮੰਨ ਲਉ ਜੇ ਚਕਰਵਰਤੀ ਜਥਾ ਸੱਚਮੁੱਚ ਹਮਲਾ ਕਰ ਦਿੰਦਾ, ਤਾਂ ਹਰੀ ਸਿੰਘ ਅਤੇ ਅਰਜਨ ਸਿੰਘ ਜਿਹੜੇ ਚਕਰਵਰਤੀ ਜਥੇ ਦੇ ਮੈਂਬਰ ਸਨ ਅਤੇ ਬਾਅਦ ਵਿਚ ਸਾਡੇ ਨਾਲ ਕੈਦ ਵੀ ਹੋਏ, ਉਹਨਾ ਦੇ ਪਰਵਾਰਾਂ ਅਤੇ ਮਦਦਗਾਰਾਂ ਦਾ ਕੀ ਬਣਦਾ ?

ਬਾਅਦ ਵਿਚ ਮਾਸਟਰ ਦਲੀਪ ਸਿੰਘ, ਗਿ: ਕਰਤਾਰ ਸਿੰਘ ਅਤੇ ਗਿ: ਹਰਬੰਸ ਨੇ ਸਾਨੂੰ ਸੱਚ ਆਪ ਦਸਿਆ ਸੀ ਅਤੇ ਸੁੰਦਰ ਸਿੰਘ ਨੂੰ ਵੀ ਕਾਫ਼ੀ ਝਾੜ ਪਾਈ ਸੀ ਕਿ ਉਹਨੇ ਇਹ ਕੀ ਲਿਖ ਮਾਰਿਆ ਹੈ। ਇਕ ਦਿਨ ਸ਼ਿਵ ਸਿੰਘ ਹਰੀਪੁਰੀਏ ਨੇ ਮੈਨੂੰ ਖ਼ੁਦ ਦਸਿਆ ਕਿ ਜਦੋਂ ਸਾਡਾ ਇਕੱਠ ਬਬੇਲੀ ਗੁਰਦੁਆਰੇ ਚੌਂਤਾ ਸਾਹਿਬ ਵਿਖੇ ਇਸੇ ਇਤਿਹਾਸ ਬਾਰੇ ਹੋਇਆ ਤਾਂ ਸਾਡੀ ਸਲਾਹ ਹੋਈ ਕਿ ਇਹਨੂੰ ਇਸੇ ਚੋਅ ਵਿਚ ਡੁਬੋ ਕੇ ਮਾਰ ਦੇਈਏ, ਪਰ ਹੋਰਨਾਂ ਦੇ ਸਮਝਾਉਣ ਉੱਤੇ ਮੈਂ ਅਤੇ ਕਰਤਾਰ ਸਿੰਘ ਡੁਮੇਲੀ ਠੰਡੇ ਹੋਏ ਸੀ। ਬੇਸ਼ੱਕ ਮੇਰੀ ਗੱਲ ਦੀ ਤਸਦੀਕ ਸ਼ਿਵ ਸਿੰਘ ਹਰੀਪੁਰੀਏ ਤੋਂ ਕਰ ਲਈ ਜਾਵੇ।

ਇਥੋਂ ਤਕ ਕਿ ਬਾਬੂ ਸੰਤਾ ਸਿੰਘ ਦੇ ਇਕਬਾਲੀ ਬਿਆਨ ਵਿਚ ਇਸ ਗੱਲ ਦਾ ਬਿਲਕੁਲ ਕੋਈ ਜ਼ਿਕਰ ਨਹੀਂ ਸੀ, ਜਦੋਂ ਕਿ ਉਹ ਉਥੇ ਮੌਜੂਦ ਸੀ। ਜੇ ਇਹ ਗੱਲ ਸੱਚੀ ਹੁੰਦੀ ਤਾਂ ਪੁਲਸ ਨੇ ਤਾਂ ਇਹਨੂੰ ਹੋਰ ਵੀ ਵਧਾ-ਚੜ੍ਹਾ ਕੇ ਮਸਾਲੇ ਲਾ-ਲਾ ਅਦਾਲਤ ਵਿਚ ਪੇਸ਼ ਕਰਨਾ ਸੀ ਕਿ ਸਾਜ਼ਿਸ਼ੀ ਪਿੰਡਾਂ ਨੂੰ ਫੂਕਣ ਤੱਕ ਦੀਆਂ ਤਿਆਰੀਆਂ ਕਰ ਰਹੇ ਸਨ। ਪੁਲਸ ਨੇ ਸੰਤ ਕਰਤਾਰ ਸਿੰਘ ਤੋਂ ਸੂੰਢ ਦੀ ਘਟਨਾ ਦਾ ਜ਼ਿਕਰ ਪੂਰੀ ਤਰ੍ਹਾਂ ਕਰਵਾਇਆ ਹੈ, ਜੋ ਭਾਈ ਕਿਸ਼ਨ ਸਿੰਘ ਨੇ ਸੰਤ ਨੂੰ ਦੱਸੀ ਸੀ। ਜੱਜਮੈਂਟ ਦੇ ਸਫ਼ਾ 61 ਉੱਤੇ ਇਸ ਘਟਨਾ ਦਾ ਪਹਿਲਾ ਗਵਾਹ ਇਸੇ ਸੰਤ ਕਰਤਾਰ ਸਿੰਘ ਨੂੰ ਹੀ ਮੰਨਿਆ ਗਿਆ ਹੈ। ਉਸ ਮੌਕੇ ਉੱਤੇ ਉਹ ਆਪ ਬੇਸ਼ੱਕ ਮੌਜੂਦ ਨਹੀਂ ਸੀ, ਪਰ ਉਹਨੇ ਕਿਸ਼ਨ ਸਿੰਘ ਮੁਲਜ਼ਮ ਨੰ: 1 ਦੀ ਦੱਸੀ ਕਹਾਣੀ ਬਿਆਨ ਕੀਤੀ ਹੈ। ਪਿੰਡ ਉੱਤੇ ਹਮਲੇ ਦਾ ਕਿਤੇ ਜ਼ਿਕਰ ਨਹੀਂ ਆਉਂਦਾ। ਲਗਦੇ ਹੱਥ ਭਾਈ ਸੁੰਦਰ ਸਿੰਘ ਦੇ ਬਬਰ ਲਹਿਰ ਦਾ ਇਹ ਇਤਿਹਾਸ ਲਿਖਣ ਦਾ ਜ਼ਿਕਰ ਕਰਦਾ ਜਾਵਾਂ ਤਾਂ ਠੀਕ ਹੀ ਰਹੇਗਾ।

ਜਦੋਂ ਬਬਰ 1938 ਤਕ ਉਮਰ ਕੈਦਾਂ ਭੁਗਤ ਕੇ ਬਾਹਰ ਆ ਗਏ, ਤਾਂ ਇਕ ਦਿਨ ਰਿਆਸਤ ਕਪੂਰਥਲੇ ਦੇ ਪਿੰਡ ਮਾਣਕੀਂ ਦਲੀਪ ਸਿੰਘ ਦੇ ਖੂਹ ਉੱਤੇ ਇਕੱਠ ਕੀਤਾ ਗਿਆ। ਉਸ ਵਿਚ ਜਥੇਦਾਰ ਲਾਭ ਸਿੰਘ ਜਸੋਵਾਲ, ਸੁੰਦਰ ਸਿੰਘ ਮਖ਼ਸੂਸਪੁਰ, ਗਿ: ਕਰਤਾਰ ਸਿੰਘ ਗੋਂਦਪੁਰ, ਕਰਤਾਰ ਸਿੰਘ ਡੁਮੇਲੀ ਅਤੇ ਬਚਿੰਤ ਸਿੰਘ ਡਦਮੁੰਦੇ, ਪੰਜਾਂ ਮੈਂਬਰਾਂ ਦੀ ਇਕ ਕਮੇਟੀ ਬਣਾ ਦਿੱਤੀ ਗਈ। ਇਸ ਵਿਚੋਂ ਭਾਈ ਸੁੰਦਰ ਸਿੰਘ

ਮਖਸੂਸਪੁਰ ਦੀ ਡਿਊਟੀ ਲਾਈਂ ਗਈ ਕਿ ਉਹ ਭਾਗ ਸਿੰਘ ਕੈਨੇਡੀਅਨ ਤੋਂ ਬਬਰ ਤਹਿਰੀਕ ਦਾ ਇਤਿਹਾਸ ਲਿਖਵਾਏ। ਸਾਰੇ ਬਬਰਾਂ ਨੇ ਦੋ ਹਜ਼ਾਰ ਰੁਪਏ ਇਕੱਠੇ ਕਰਕੇ ਭਾਈ ਸੁੰਦਰ ਸਿੰਘ ਨੂੰ ਦੇ ਦਿਤੇ। ਭਾਈ ਸੁੰਦਰ ਸਿੰਘ ਨੇ ਕਾਰਵਾਈ ਸ਼ੁਰੂ ਕਰ ਦਿੱਤੀ। ਉਹਨਾਂ ਹੀ ਦਿਨਾਂ ਵਿਚ ਕਾਂਗਰਸ ਸਰਕਾਰ ਨੇ ਕੈਨੇਡੀਅਨ ਸਾਹਿਬ ਨੂੰ ਬਾਕੀ ਕਮਿਊਨਿਸਟਾਂ ਸਮੇਤ ਫੜ ਕੇ ਅੰਦਰ ਕਰ ਦਿੱਤਾ, ਜਿਸ ਕਰਕੇ ਕੰਮ ਵਿਚੇ ਰਹਿ ਗਿਆ। ਫ਼ੇਰ ਵੀ ਭਾਈ ਸੁੰਦਰ ਸਿੰਘ ਨੇ ਬਾਕੀ ਰਹਿੰਦਾ ਕੰਮ ਆਪਣੀ ਮਨਸ਼ਾ ਅਨੁਸਾਰ ਚੈਨ ਸਿੰਘ ਚੈਨ ਤੋਂ ਕਰਵਾ ਕੇ ਕਮੇਟੀ ਸਾਹਮਣੇ ਲਿਜਾ ਧਰਿਆ। ਕਮੇਟੀ ਨੇ ਜਦੋਂ ਸੁਣਿਆ ਕਿ ਬਬਰ ਲਹਿਰ ਤਾਂ ਸਾਰੀ ਦੀ ਸਾਰੀ ਭਾਈ ਸੁੰਦਰ ਸਿੰਘ ਦੁਆਲੇ ਹੀ ਗੇੜੇ ਕੱਢ ਰਹੀ ਹੈ ਅਤੇ ਕਈ ਮਨਘੜਤ ਕਹਾਣੀਆਂ ਜੋੜ ਦਿੱਤੀਆ ਗਈਆਂ ਹਨ, ਬਾਹਰ ਦੇ ਬਬਰਾਂ ਦੀਆਂ ਸ਼ਹੀਦੀਆਂ ਨੂੰ ਅੱਖੋਂ ਓਹਲੇ ਕਰਕੇ ਆਪਣੇ ਜਿਹਲ ਦੇ ਕਾਰਨਾਮਿਆਂ ਉੱਤੇ ਹੀ ਜ਼ੋਰ ਦਿਤਾ ਗਿਆ ਹੈ, ਤਾਂ ਸਾਰਾ ਲਿਖਿਆ-ਲਿਖਾਇਆ ਭਾਈ ਸੁੰਦਰ ਸਿੰਘ ਦੀ ਮੌਜੂਦਗੀ ਵਿਚ ਹੀ ਸਾੜ ਸੁਟਿਆ ਗਿਆ। ਭਾਈ ਸਾਹਿਬ ਦੀ ਛੁੱਟੀ ਕਰ ਦਿੱਤੀ ਗਈ। ਉਸ ਇਤਿਹਾਸ ਵਿਚ ਬੱਸ "ਭਾਈ ਸੁੰਦਰ ਸਿੰਘ ਨੇ ਆਹ ਕੀਤਾ, ਭਾਈ ਸੁੰਦਰ ਸਿੰਘ ਨੇ ਔਹ ਕੀਤਾ" ਹੀ ਦਰਜ ਸੀ।

ਬਾਅਦ ਵਿਚ ਜਦੋਂ ਭਾਗ ਸਿੰਘ ਕੈਨੇਡੀਅਨ ਬਾਹਰ ਆ ਗਏ ਤਾਂ ਭਾਈ ਸੁੰਦਰ ਸਿੰਘ ਨੇ ਮੁੜ ਉਹਨਾਂ ਤੋਂ ਆਪਣੀ ਮਰਜ਼ੀ ਮੁਤਾਬਿਕ ਇਤਿਹਾਸ ਲਿਖਵਾ ਕੇ ਉਸੇ ਦੋ ਹਜ਼ਾਰ ਰੁਪਏ ਨਾਲ, ਜਿਹੜੀ ਰਕਮ ਸਾਥੀਆਂ ਨੇ ਦੇ ਛੱਡੀ ਸੀ, ਛਪਵਾ ਕੇ ਮਾਰਕੀਟ ਵਿਚ ਭੇਜ ਦਿੱਤਾ। ਹਾਂ, ਇਹ ਕਢਘਰੜ ਇਤਿਹਾਸ ਲਿਖੇ ਜਾਣ ਵਿਚ ਇਕ ਤਰ੍ਹਾਂ ਨਾਲ ਕੁਝ ਹਿੱਸਾ ਮੇਰਾ ਵੀ ਹੈ। ਮੈਂ ਦੱਸ ਚੁਕਿਆ ਹਾਂ ਕਿ ਅੰਗਰੇਜ਼ੀ ਵਿਚ ਛਪਿਆ ਰੀਕਾਰਡ ਮੇਰੇ ਕੋਲ ਹੈ, ਜਿਸ ਵਿਚ ਬਾਈ ਵਾਇਦਾ-ਮੁਆਫ਼ਾਂ ਦੇ ਇਕਬਾਲੀਆ ਬਿਆਨਾਂ ਤੋਂ ਇਲਾਵਾ ਸਾਡੇ ਮੁਲਜ਼ਮਾਂ ਦੇ ਇਕਬਾਲੀ ਬਿਆਨ ਹਨ, ਜਿਨ੍ਹਾਂ ਵਿਚ ਮੇਰਾ ਆਪਣਾ ਇਕਬਾਲੀ ਬਿਆਨ ਵੀ ਦਰਜ ਹੈ। ਉਹਦੀ ਕਾਪੀ ਭਾਈ ਸੁੰਦਰ ਸਿੰਘ ਮੈਥੋਂ ਲੈ ਗਏ ਸਨ। ਇਹ ਸਾਰੇ ਇਕਬਾਲੀਆ ਬਿਆਨ ਮੀਆਂ ਅਬਦੁਲ ਫੱਤਾ ਮੈਜਿਸਟਰੇਟ ਦੇ ਆਪਣੀ ਕਲਮ ਨਾਲ ਉਰਦੂ ਵਿਚ ਲਿਖੇ ਹੋਏ ਸਨ, ਜਿਨ੍ਹਾਂ ਦਾ ਅੰਗਰੇਜ਼ੀ ਤਰਜਮਾ ਸਰਕਾਰ ਨੇ ਕਰਵਾ ਕੇ ਛਪਵਾਇਆ ਸੀ। (ਦੇਖੋ ਪੇਪਰ-ਬੁੱਕ ਦੇ ਸਫ਼ਾ 815 ਉੱਤੇ 14 ਨਵੰਬਰ 1924 ਨੂੰ ਦਿਤਾ ਬਿਆਨ, ਸਰਕਾਰੀ ਗਵਾਹ ਨੰ: 467, ਮੀਆਂ ਮੁਹੰਮਦ ਅਬਦੁਲ ਫੱਤਾ, ਈ ਏ ਸੀ ਮੈਜਿਸਟਰੇਟ ਫਸਟ ਕਲਾਸ, ਫ਼ੀਰੋਜ਼ਪੁਰ)

"ਮੈਂ 1923 ਵਿਚ ਜਲੰਧਰ ਮੈਜਿਸਟਰੇਟ ਸੀ। ਮਈ 1923 ਵਿਚ ਮੈਨੂੰ ਸਰਕਾਰ ਨੇ ਸਪੈਸ਼ਲ ਮੈਜਿਸਟਰੇਟੀ ਦਾ ਕੰਮ ਸੰਭਾਲ ਦਿਤਾ ਸੀ ਜਿਸ ਵਿਚ ਜਲੰਧਰ, ਹੁਸ਼ਿਆਰਪੁਰ, ਲੁਧਿਆਣਾ ਅਤੇ ਅੰਬਾਲੇ ਦੇ ਜ਼ਿਲੇ ਸ਼ਾਮਲ ਸਨ। ਇਹਨਾਂ ਨਾਲ ਬਬਰ ਅਕਾਲੀ ਸਾਜ਼ਿਸ਼ੀਆ ਦਾ ਸੰਬੰਧ ਰਿਹਾ ਸੀ। 16 ਜੁਲਾਈ 1923 ਨੂੰ ਮੈਂ ਬਾਬੂ ਸੰਤਾ ਸਿੰਘ, ਮੁਲਜ਼ਮ ਨੰ: 51 ਦਾ ਇਕਬਾਲੀ ਬਿਆਨ ਲਿਖਣਾ ਸ਼ੁਰੂ ਕੀਤਾ ਸੀ, ਜਿਹੜਾ ਲਗਾਤਾਰ 23 ਜੁਲਾਈ 1923 ਤੱਕ ਚਲਦਾ ਰਿਹਾ। ਉਹਨਾਂ ਦੀ ਹਥਕੜੀ ਖੁਲਵਾ ਦਿੱਤੀ ਗਈ ਸੀ ਅਤੇ ਸਭ ਕਰਮਚਾਰੀ ਬਾਹਰ ਭੇਜ ਦਿਤੇ ਗਏ ਸਨ। ਸਿਰਫ਼ ਮੈਂ ਅਤੇ ਬਾਬੂ ਸੰਤਾ ਸਿੰਘ ਹੀ ਅਦਾਲਤ ਦੇ ਕਮਰੇ ਅੰਦਰ ਰਹਿ ਗਏ ਸੀ। ਮੈਂ ਉਹਨਾਂ ਨੂੰ ਸਮਝਾ ਦਿੱਤਾ ਸੀ ਕਿ ਇਹ ਬਿਆਨ ਬਾਅਦ ਵਿਚ ਤੁਹਾਡੇ ਖ਼ਿਲਾਫ਼ ਸਬੂਤ ਲਈ

ਵਰਤਿਆ ਜਾਣਾ ਹੈ। ਸੋਚ ਲਉ। ਬੇਸ਼ੱਕ ਅੱਜ ਦੇ ਦਿਨ ਲਈ ਹੋਰ ਸੋਚਣ ਦੀ ਮੋਹਲਤ ਲੈ ਲਉ। ਪਰ ਬਾਬੂ ਸੰਤਾ ਸਿੰਘ ਕਹਿਣ ਲੱਗੇ ਕਿ ਸਭ ਸੋਚ ਲਿਆ ਹੈ ਲਿਖੋ ਜੋ ਮੈਂ ਲਿਖਾਉਂਦਾ ਹਾਂ।''

ਸੋ ਮੀਆਂ ਜੀ ਲਗਾਤਾਰ ਅੱਠ ਦਿਨ ਆਪਣੀ ਕਲਮ ਨਾਲ ਉਰਦੂ ਵਿਚ ਬਿਆਨ ਲਿਖਦੇ ਚਲੇ ਗਏ। ਮੀਆਂ ਜੀ ਦਾ ਦਿੱਤਾ ਬਿਆਨ ਪੇਪਰ-ਬੁੱਕ ਦੇ ਸਫ਼ਾ 815 ਤੋਂ ਲੈ ਕੇ ਸਫ਼ਾ 829 ਤੱਕ ਦਰਜ ਹੈ। ਪੂਰੇ 15 ਸਫ਼ੇ ਛਪੇ ਹੋਏ ਹਨ। ਬਸ ਬਾਬੂ ਸੰਤਾ ਸਿੰਘ ਅਤੇ ਸਾਡੇ ਬਾਕੀ ਮੁਲਜ਼ਮਾਂ ਦੇ ਇਕਬਾਲੀਆ ਬਿਆਨਾਂ ਦੇ ਸਹਾਰੇ ਹੀ ਆਪਣੇ ਵਲੋਂ ਮਸਾਲਾ ਭਰ ਕੇ ਇਹ ਬਬਰ ਲਹਿਰ ਦਾ ਇਤਿਹਾਸ ਲਿਖਿਆ ਗਿਆ ਸਮਝੋ।

ਭਾਈ ਸੁੰਦਰ ਸਿੰਘ ਨੂੰ ਕਿਤੋਂ ਪਤਾ ਚੱਲ ਗਿਆ ਕਿ ਬਬਰ ਅਕਾਲੀ ਕੇਸ ਦੀ ਮੁਕੰਮਲ ਫ਼ਾਈਲ ਮੇਰੇ ਪਾਸ ਹੈ ਤਾਂ ਉਹਨਾਂ ਨੇ ਮੇਰੇ ਘਰ ਦੇ ਗੇੜੇ ਕੱਢਣੇ ਸ਼ੁਰੂ ਕਰ ਦਿਤੇ ਤੇ ਰੀਕਾਰਡ ਮੰਗਣਾ ਸ਼ੁਰੂ ਕੀਤਾ। ਮੇਰੇ ਕੋਲ ਜੱਜਮੈਂਟ ਦੀ ਫ਼ਾਲਤੂ ਕਾਪੀ ਪਈ ਸੀ, ਮੈਂ ਉਹ ਦੇ ਦਿੱਤੀ। ਕੁਦਰਤੀ ਸਾਡੇ ਦੋਹਾਂ ਦੇ ਨਾਨਕੇ ਮਾਣਕੀਂ ਸਨ। ਉਹਨਾਂ ਨੇ ਰਿਸ਼ਤੇਦਾਰੀ ਵੀ ਜਤਾਉਣੀ ਸ਼ੁਰੂ ਕਰ ਦਿੱਤੀ। ਉਹ ਪੂਰਾ ਰੀਕਾਰਡ ਮੰਗ ਰਹੇ ਸਨ। ਪਰ ਬਾਕੀ ਰੀਕਾਰਡ ਦੀ ਮੇਰੇ ਕੋਲ ਇਕੋ ਕਾਪੀ ਸੀ ਜੋ ਮੈਂ ਦੇਣੀ ਨਹੀਂ ਸੀ ਚਾਹੁੰਦਾ, ਕਿਉਂਕਿ ਦਿੱਤੀ ਹੋਈ ਚੀਜ਼ ਮੁੜਦੀ ਨਹੀਂ। ਮੇਰੀ ਇਹ ਗੱਲ ਠੀਕ ਹੀ ਸੀ। ਸਚਮੁੱਚ ਉਸ ਕਾਪੀ ਦਾ ਅੱਜ ਮੈਨੂੰ ਬਹੁਤ ਦੁੱਖ ਮਹਿਸੂਸ ਹੋ ਰਿਹਾ ਹੈ ਜੋ ਮੈਂ ਦੇ ਦਿੱਤੀ ਸੀ। ਕੋਈ ਪਤਾ ਨਹੀਂ, ਮੇਰੀ ਉਹ ਬਹੁਮੁੱਲੀ ਕਾਪੀ ਅੱਜ ਕਿਥੇ ਪਈ ਹੈ। ਭਾਈ ਸਾਹਿਬ ਤਾਂ ਚਲਾਣਾ ਕਰ ਚੁੱਕੇ ਹਨ। ਫੇਰ ਵੀ ਮੈਂ ਪ੍ਰਮਾਤਮਾ ਦਾ ਸ਼ੁਕਰਗੁਜ਼ਾਰ ਹਾਂ ਕਿ ਇਸ ਬੇਕੀਮਤੇ ਰੀਕਾਰਡ ਦੀ ਇਕ ਹੋਰ ਕਾਪੀ ਮੇਰੇ ਕੋਲ ਮੌਜੂਦ ਹੈ।

ਮੈਂ ਇਹ ਯਕੀਨ ਤਾਂ ਪਹਿਲਾਂ ਦੁਆ ਹੀ ਚੁਕਿਆ ਹਾਂ ਕਿ ਆਪਣਾ ਜ਼ਿਕਰ ਉਨਾਂ ਹੀ ਕਰਾਂਗਾ, ਜਿਨਾ ਰੀਕਾਰਡ ਵਿਚ ਛਪ ਚੁਕਿਆ ਹੈ। ਸਫ਼ਿਆਂ ਅਤੇ ਸਤਰਾਂ ਦਾ ਹਵਾਲਾ ਦਿੰਦਾ ਜਾਵਾਂਗਾ। ਮੈਂ ਭਾਈ ਸਾਹਿਬ ਸੁੰਦਰ ਸਿੰਘ ਵਾਲੀ ਕਤਾਰ ਵਿਚ ਨਹੀਂ ਲੱਗਣਾ ਚਾਹੁੰਦਾ।

# 16. ਮਹੱਦੀਪੁਰੀਏ ਸਫ਼ੈਦਪੋਸ਼ ਹਰਨਾਮ ਸਿੰਘ ਉਤੇ ਹਮਲਾ

ਚਕਰਵਰਤੀ ਜਥੇ ਦੀਆਂ ਸਰਗਰਮੀਆਂ ਦਿਨੋ-ਦਿਨ ਜ਼ੋਰ ਫੜ ਰਹੀਆਂ ਸਨ। ਇਸੇ ਦੌਰਾਨ ਸੂੰਢ ਦੀ ਘਟਨਾ ਵਾਪਰ ਗਈ। ਉਧਰ ਸਰਕਾਰ ਨੇ ਵੀ ਇਸੇ ਘਟਨਾ ਨੂੰ ਪਹਿਲੀ ਦਿੱਤੀ ਹੈ, ਜੋ ਜੱਜਮੈਂਟ ਦੇ ਸਫ਼ਾ 61 ਉੱਤੇ ਲਿਖੀ ਗਈ ਹੈ।

ਸੰਤ ਠਾਕੁਰ ਸਿੰਘ ਰਾਜੋਵਾਲ ਦੀ ਕੁਟੀਆ ਉੱਤੇ ਚਕਰਵਰਤੀ ਜਥੇ ਦਾ ਇਕੱਠ ਹੋਇਆ। ਇਸ ਕੁਟੀਆ ਉੱਤੇ ਸੰਤਾਂ ਨੇ ਤਿੰਨ-ਚਾਰ ਭੋਰੇ ਬਹੁਤ ਵਧੀਆ ਤਿਆਰ ਕੀਤੇ ਹੋਏ ਸਨ। ਛੇ-ਸੱਤ ਬੰਦੇ ਸੁਖਾਲਿਆਂ ਹੀ ਉਠ-ਬੈਠ ਸਕਦੇ ਸਨ। ਪਿੰਡੋਂ ਕਾਫ਼ੀ ਬਾਹਰ ਉਜਾੜ ਜਿਹੀ ਵਿਚ ਇਹ ਡੇਰਾ ਸੀ। ਆਲੇ-ਦੁਆਲੇ ਜੰਗਲ, ਝਾੜ-ਬੂਟੇ, ਟਾਹਲੀਆਂ ਦੀਆਂ ਝਿੜੀਆਂ ਹੀ ਸਨ। ਇਸ ਇਕੱਠ ਵਿਚ ਭਾਈ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਗਿ: ਕਰਤਾਰ ਸਿੰਘ ਗੋਂਦਪੁਰ, ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਗੋਸਲ ਅਤੇ ਹਰਬੰਸ ਸਿੰਘ ਛੋਟਾ ਸਰਹਾਲਾ ਸ਼ਾਮਲ ਸਨ। ਭਾਈ ਸਾਹਿਬ ਨੇ ਕਿਹਾ ਕਿ ਹੁਣ ਵੇਲਾ ਆ ਗਿਆ ਹੈ ਕਿ ਜਥਾ ਅਮਲੀ ਕਾਰਵਾਈ ਸ਼ੁਰੂ ਕਰ ਦੇਵੇ। ਐਸ ਵੇਲੇ ਝੋਲੀ-ਚੁੱਕਾਂ ਦੀ ਚੜ੍ਹ ਮੱਚੀ ਹੈ। ਝੋਲੀ-ਚੁੱਕ ਗੁੰਡਿਆਂ ਨੂੰ ਸ਼ਰਾਬ ਪਿਆ-ਪਿਆ ਕੇ ਅਗੇ ਕਰ ਰਹੇ ਹਨ। ਸਰਕਾਰ ਨੇ ਇਹਨਾਂ ਨੂੰ ਇਨਾਮਾਂ ਦਾ ਲਾਲਚ ਦੇ ਕੇ ਚਕਰਵਰਤੀ ਜਥੇ ਦੇ ਗਲ ਪੁਆਉਣਾ ਸ਼ੁਰੂ ਕਰ ਦਿੱਤਾ ਹੈ। ਸੋ ਵੇਲਾ ਆ ਗਿਆ ਹੈ ਕਿ ਪਹਿਲਾਂ ਜਥਾ ਦੋ-ਚੌਂਹ ਝੋਲੀ-ਚੁੱਕਾਂ ਦੇ ਨੱਕ-ਕੰਨ ਵੱਢ ਛੱਡੇ ਤਾਂ ਜੋ ਬਾਕੀ ਝੋਲੀ-ਚੁੱਕਾਂ ਨੂੰ ਕੰਨ ਹੋ ਜਾਣ। ਸੋ ਬਾਬੂ ਸੰਤਾ ਸਿੰਘ ਦੀ ਡਿਊਟੀ ਲਾਈ ਗਈ ਕਿ ਉਹ ਚਾਰ ਉਸਤਰੇ ਖ਼ਰੀਦ ਲਿਆਉਣ, ਜਿਹੜੇ ਇਸ ਕੰਮ ਲਈ ਠੀਕ ਰਹਿਣਗੇ। ਬਾਬੂ ਸੰਤਾ ਸਿੰਘ ਜਲੰਧਰ ਛਾਉਣੀ ਤੋਂ ਚਾਰ ਉਸਤਰੇ ਖ਼ਰੀਦ ਲਿਆਏ।

(ਤਸਦੀਕ ਲਈ ਪੜ੍ਹੋ ਬਿਆਨ, ਪੇਪਰ-ਬੁੱਕ, ਸਫ਼ਾ 322, ਸਰਕਾਰੀ ਗਵਾਹ ਨੰ: 66, ਸੋਹਣ ਲਾਲ ਵਲਦ ਛੱਜੂ ਮੱਲ, ਉਮਰ 28 ਸਾਲ, ਜਾਤ ਬਾਣੀਆ, ਰਿਹਾਇਸ਼ ਜਲੰਧਰ ਛਾਉਣੀ)

''ਮੈਂ 72 ਰੁਪਏ ਇਨਕਮ-ਟੈਕਸ ਅਦਾ ਕਰਦਾ ਹਾਂ। (ਨੋਟ : ਉਸ ਜ਼ਮਾਨੇ ਵਿਚ ਇਨਕਮ-ਟੈਕਸ ਅਦਾ ਕਰਨ ਵਾਲਾ ਬਹੁਤ ਮੋਹਤਬਰ ਹਸਤੀ ਗਿਣਿਆ ਜਾਂਦਾ ਸੀ ਅਤੇ ਕੁਰਸੀ-ਨਸ਼ੀਨ ਹੁੰਦਾ ਸੀ।) ਕੋਈ ਢਾਈ ਸਾਲ ਹੋਏ ਹਨ, ਬਾਬੂ ਸੰਤਾ ਸਿੰਘ ਨੇ

ਮੇਰੀ ਦੁਕਾਨ ਤੋਂ ਚਾਰ ਉਸਤਰੇ, ਕੁਝ ਕਾਗਜ਼ ਅਤੇ ਲਿਖਣ ਦਾ ਕੁਝ ਸਾਮਾਨ ਖਰੀਦਿਆ। ਕੁੱਲ ਰਕਮ ਦਸ ਰੁਪਏ ਬਣੀ ਸੀ। ਉਸਤਰਾ ਜਿਹੜਾ (ਪੀ-72) ਅਦਾਲਤ ਵਿਚ ਮੈਨੂੰ ਦਿਖਾਇਆ ਗਿਆ ਹੈ, ਮੇਰੀ ਦੁਕਾਨ ਤੋਂ ਹੀ ਖ਼ਰੀਦਿਆ ਗਿਆ ਸੀ। ਮੈਂ ਹੈਰਾਨ ਜ਼ਰੂਰ ਹੋਇਆ ਸੀ ਕਿ ਇਕ ਸਿੱਖ ਅਕਾਲੀ ਉਸਤਰੇ ਕਿਉਂ ਖ਼ਰੀਦ ਰਿਹਾ ਹੈ। ਇਕ ਦੀ ਥਾਂ ਚਾਰ ਖ਼ਰੀਦਣ ਕਰਕੇ ਮੈਂ ਅਚੰਭੇ ਜਿਹੇ ਵਿਚ ਰਹਿ ਗਿਆ ਸੀ। ਪਤਾ ਨਹੀਂ, ਐਸ ਵੇਲੇ ਮੈਂ ਸ਼ਨਾਖਤ ਕਰ ਸਕਾਂ ਜਾਂ ਨਾ।''

ਤੇ ਗਵਾਹ ਕਾਫ਼ੀ ਚਿਰ ਜੰਗਲੇ ਨੇੜੇ ਗੇੜੇ ਕਢਦਾ ਰਿਹਾ। ਅਖੀਰ ਵਿਚ ਜੱਜ ਦੇ ਹੁਕਮ ਨਾਲ ਬਾਬੂ ਸਾਹਿਬ ਖੜ੍ਹੇ ਹੋਏ ਤਾਂ ਗਵਾਹ ਬੋਲ ਉਠਿਆ, ''ਇਹੋ ਹੈ, ਇਹੋ ਹੈ।'' ਤਕਰੀਬਨ ਪੰਜ ਮਿੰਟ ਗਵਾਹ ਪਛਾਨਣ ਦੀ ਕੋਸ਼ਿਸ਼ ਕਰਦਾ ਰਿਹਾ ਸੀ। ਜਿਰਾਹ ਵਿਚ ਗਵਾਹ ਦਸਦਾ ਹੈ, ''ਮਹੀਨਾ ਮਾਘ ਜਾਂ ਫੱਗਣ ਦਾ ਸੀ। ਰਕਮ ਮੈਂ ਕੈਸ਼-ਬੁੱਕ ਉੱਤੇ ਦਰਜ ਨਹੀਂ ਸੀ ਕੀਤੀ।''

ਅਗਲੇ ਦਿਨ ਮੰਡੇਰੀਏ ਹਜ਼ਾਰਾ ਸਿੰਘ ਨੂੰ ਸੰਤ ਠਾਕੁਰ ਸਿੰਘ ਦੀ ਕੁਟੀਆ ਉੱਤੇ ਸੱਦ ਘਲਿਆ ਗਿਆ ਅਤੇ ਉਹਨੂੰ ਭਾਈ ਕਿਸ਼ਨ ਸਿੰਘ ਨੇ ਇਕ ਉਸਤਰਾ ਦੇ ਕੇ ਕਿਹਾ ਕਿ ਮਸਾਣੀਆਂ ਵਾਲੇ ਛੱਜਾ ਸਿੰਘ ਅਤੇ ਰਾਜੋਵਾਲ ਵਾਲੇ ਅਮਰ ਸਿੰਘ ਨੂੰ ਨਾਲ ਲੈ ਕੇ ਸਭ ਤੋਂ ਪਹਿਲਾਂ ਮਹੱਦੀਪੁਰੀਏ ਸਫੈਦਪੋਸ਼ ਹਰਨਾਮ ਸਿੰਘ ਦੇ ਨੱਕ-ਕੰਨ ਕੱਟ ਕੇ ਮਹੂਰਤ ਕਰ ਦੇਣਾ ਹੈ।

ਇਹ ਤਿੰਨੇ ਸਾਥੀ ਭਾਈ ਕਿਸ਼ਨ ਸਿੰਘ ਨੂੰ ਕਹਿ ਚੁੱਕੇ ਸਨ ਕਿ ਜਦੋਂ ਵੀ ਉਹ ਇਹੋ ਜਿਹੀ ਸੇਵਾ ਕਰਨ ਲਈ ਕਹਿਣਗੇ, ਹੁਕਮ ਦੀ ਤਾਮੀਲ ਹੋ ਜਾਵੇਗੀ। ਭਾਈ ਕਿਸ਼ਨ ਸਿੰਘ ਜਲਸਿਆਂ ਵਿਚ ਇਕੱਠੇ ਹੋ ਚੁੱਕੇ ਲੋਕਾਂ ਨੂੰ ਚਕਰਵਰਤੀ ਜਥੇ ਵਿਚ ਭਰਤੀ ਹੋਣ ਦੀ ਅਪੀਲ ਕਰਿਆ ਕਰਦੇ ਸਨ। ਸਿੱਟੇ ਵਜੋਂ ਇਹ ਭਰਤੀ ਹੋ ਚੁੱਕੇ ਸਨ।

ਸਭ ਤੋਂ ਪਹਿਲਾਂ ਮਹੱਦੀਪੁਰੀਏ ਸਫ਼ੈਦਪੋਸ਼ ਨੂੰ ਚੁਣੇ ਜਾਣ ਦਾ ਕੀ ਕਾਰਨ ਸੀ?

ਪਾਠਕ ਪਹਿਲਾਂ ਪੜ੍ਹ ਚੁੱਕੇ ਹਨ ਕਿ ਜਦੋਂ ਫ਼ਰਵਰੀ 1922 ਦੇ ਅਖੀਰ ਵਿਚ ਘੁੜਿਆਲ ਸੰਤ ਗੁਰਬਖ਼ਸ਼ ਸਿੰਘ ਦੀ ਸਰਪ੍ਰਸਤੀ ਹੇਠ ਇਕੋਤਰ ਸੌ ਅਖੰਡ ਪਾਠਾਂ ਦਾ ਭੋਗ ਪਿਆ ਸੀ, ਤਾਂ ਦੀਵਾਨ ਸਿਆਸੀ ਰੂਪ ਧਾਰਨ ਕਰ ਗਿਆ ਸੀ ਅਤੇ ਜਥੇਦਾਰ ਨਗਿੰਦਰ ਸਿੰਘ ਕੰਦੋਲੀਏ ਦੀ ਪ੍ਰਧਾਨਗੀ ਹੇਠ ਜਲਸੇ ਦੀ ਕਾਰਵਾਈ ਸ਼ੁਰੂ ਹੋਈ ਸੀ। ਊਠਣੀ ਉੱਤੇ ਆ ਕੇ ਭਾਈ ਕਿਸ਼ਨ ਸਿੰਘ ਨੇ ਪ੍ਰਿੰਸ ਆਫ਼ ਵੇਲਜ਼ ਨੂੰ ਭੂਤਨਾ ਕਿਹਾ ਸੀ ਅਤੇ ਬੰਬਾਂ ਦੇ ਹਾਰ ਪਾ ਕੇ ਸਵਾਗਤ ਕਰਨ ਦੀ ਗੱਲ ਕੀਤੀ ਸੀ। ਇਸ ਕਰਕੇ ਜਥੇਦਾਰ ਨਗਿੰਦਰ ਸਿੰਘ ਨੂੰ ਗਰਿਫ਼ਤਾਰ ਕਰਕੇ ਮੁਕੱਦਮਾ ਚਲਾਇਆ ਗਿਆ ਸੀ। ਉਸ ਮੁਕੱਦਮੇ ਵਿਚ ਇਸੇ ਸਫ਼ੈਦਪੋਸ਼ ਨੇ ਠੋਕ ਕੇ ਗਵਾਹੀ ਦਿੱਤੀ ਸੀ, ਜਿਹੜੀ ਪੇਪਰ-ਬੁੱਕ ਦੇ ਸਫ਼ਾ 327 ਉੱਤੇ ਦਰਜ ਹੈ। (ਸਰਕਾਰੀ ਗਵਾਹ ਨੰ: 69, ਹਰਨਾਮ ਸਿੰਘ ਵਲਦ ਮੰਗਲ ਸਿੰਘ, ਉਮਰ 70 ਸਾਲ, ਜ਼ਾਤ ਜੱਟ, ਪਿੰਡ ਮਹੱਦੀਪੁਰ, ਜ਼ਿਲਾ ਜਲੰਧਰ, ਸਫ਼ੈਦਪੋਸ਼, ਲੰਬੜਦਾਰ, ਜਗੀਰਦਾਰ, ਕੁਰਸੀ-ਨਸ਼ੀਨ)।

''ਮੈਂ ਅਕਾਲੀ ਤਹਿਰੀਕ ਦਾ ਕੱਟੜ ਵਿਰੋਧੀ ਹਾਂ ਅਤੇ ਸਰਕਾਰ ਦਾ ਪੱਕਾ ਖੈਰ-ਖੁਆਹ ਹਾਂ। ਅਸੀਂ ਇਕ ਅਮਨ ਸਭਾ ਬਣਾਈ ਹੋਈ ਹੈ ਜੀਹਦਾ ਮੈਂ ਪ੍ਰਧਾਨ ਹਾਂ।

ਅਕਾਲੀਆਂ ਦੇ ਵਿਰੁੱਧ ਅਸੀਂ ਉਹਨਾਂ ਦੀਆਂ ਤਕਰੀਰਾਂ ਦੇ ਖ਼ਿਲਾਫ਼ ਗਵਾਹੀਆਂ ਦਿਆ ਕਰਦੇ ਹਾਂ।

"ਤਕਰੀਬਨ ਢਾਈ ਸਾਲ ਹੋਏ ਹਨ, ਮੈਂ ਘੁੜਿਆਲ ਦੇ ਦੀਵਾਨ ਵਿਚ ਹਾਜ਼ਰ ਸੀ। ਉਹਦਾ ਪ੍ਰਧਾਨ ਨਗਿੰਦਰ ਸਿੰਘ ਕੰਦੋਲੀਆ ਸੀ। ਕਿਸ਼ਨ ਸਿੰਘ ਗੜਗੱਜ ਨੇ ਨੰਗੀ ਤਲਵਾਰ ਫੜ ਕੇ ਲੈਕਚਰ ਕੀਤਾ ਸੀ ਅਤੇ ਕਿਹਾ ਸੀ ਕਿ ਪ੍ਰਿੰਸ ਆਫ਼ ਵੇਲਜ਼ ਭੂਤਨਾ ਬਣ ਕੇ ਹਿੰਦੁਸਤਾਨੀਆਂ ਨੂੰ ਚਿੰਬੜਨ ਲਈ ਆ ਰਿਹਾ ਹੈ, ਉਹ ਸਾਡਾ ਬਾਦਸ਼ਾਹ ਨਹੀਂ ਹੈ, ਜਦੋਂ ਉਹ ਜਲੰਧਰ ਆਇਆ, ਤਾਂ ਮੈਂ ਬੰਬਾਂ ਦੇ ਹਾਰ ਉਹਦੇ ਗਲ ਵਿਚ ਪਾ ਕੇ ਸਵਾਗਤ ਕਰਾਂਗਾ। ਕਰਤਾਰ ਸਿੰਘ ਹਰੀਪੁਰੀਆ ਸੈਕਟਰੀ ਸੀ। ਮੈਂ ਦੋਹਾਂ ਦੇ ਖ਼ਿਲਾਫ਼ ਗਵਾਹੀ ਦਿੱਤੀ ਸੀ।

"ਗਵਾਹੀ ਤੋਂ ਪਹਿਲਾਂ ਬਸੰਤ ਸਿੰਘ, ਇੰਦਰ ਸਿੰਘ, ਅਛਰ ਸਿੰਘ ਵਲਦ ਖੇਮਾ, ਖੇਮ ਸਿੰਘ ਅਤੇ ਬੰਤਾ ਸਿੰਘ ਕੰਦੋਲੇ ਵਾਲੇ ਮੈਨੂੰ ਨਗਿੰਦਰ ਸਿੰਘ ਦੇ ਖ਼ਿਲਾਫ਼ ਗਵਾਹੀ ਦੇਣੋਂ ਵਰਜਣ ਲਈ ਆਏ ਸਨ। ਪਰ ਮੈਂ ਉਹਨਾਂ ਨੂੰ ਸਾਫ਼ ਇਨਕਾਰ ਕਰ ਦਿਤਾ ਸੀ ਅਤੇ ਕਿਹਾ ਸੀ ਕਿ ਜੇ ਤੁਸੀਂ ਮੈਨੂੰ ਪੰਜ ਹਜ਼ਾਰ ਰੁਪਏ ਵੀ ਦਿਉ, ਮੈਂ ਤਾਂ ਵੀ ਗਵਾਹੀ ਦੇਣ ਤੋਂ ਰੁਕਣ ਨੂੰ ਤਿਆਰ ਨਹੀਂ ਹੋ ਸਕਦਾ ਅਤੇ ਗਵਾਹੀ ਦੇ ਦਿਤੀ ਸੀ।"

20–21 ਮਈ 1922 ਦੀ ਰਾਤ ਨੂੰ ਹਜ਼ਾਰਾ ਸਿੰਘ ਵਲਦ ਇੰਦਰ ਸਿੰਘ, ਹਜ਼ਾਰਾ ਸਿੰਘ ਵਲਦ ਸ਼ੇਰ ਸਿੰਘ (ਇਹ ਵਾਇਦਾ-ਮੁਆਫ਼ ਬਣ ਗਿਆ ਸੀ), ਛੱਜਾ ਸਿੰਘ ਮਸਾਣੀਆਂ ਅਤੇ ਅਮਰ ਸਿੰਘ ਟਾਜੋਵਾਲ ਨੇ ਮਹੱਦੀਪੁਰ ਜਾ ਕੇ ਸਫ਼ੇਦਪੋਸ਼ ਉੱਤੇ ਹਮਲਾ ਕੀਤਾ। ਉਹ ਉਸ ਵੇਲੇ ਮਕਾਨ ਦੇ ਵਿਹੜੇ ਵਿਚ ਇਕੱਲਾ ਹੀ ਸੁੱਤਾ ਪਿਆ ਸੀ। ਵਿਹੜੇ ਦੇ ਦੁਆਲੇ ਛੋਟੀ ਜਿਹੀ ਕੰਧ ਸੀ ਅਤੇ ਚਾਰੇ ਜਣੇ ਕੰਧ ਟੱਪ ਕੇ ਵਿਹੜੇ ਵਿਚ ਚਲੇ ਗਏ ਸਨ। ਛੱਜਾ ਸਿੰਘ ਨੇ ਉਹਦੇ ਕੇਸ ਫੜ ਕੇ ਮੂੰਹ ਘੁੱਟ ਲਿਆ ਅਤੇ ਬਾਕੀਆਂ ਨੇ ਤਲਵਾਰਾਂ ਨਾਲ ਲੱਤਾਂ ਵੱਢ ਦਿੱਤੀਆਂ, ਕਿਉਂਕਿ ਕਤਲ ਕਰਨ ਦਾ ਇਰਾਦਾ ਨਹੀਂ ਸੀ। ਸੋ ਕੰਮ ਖ਼ਤਮ ਕਰਕੇ ਚਾਰੇ ਵਾਪਸ ਆ ਗਏ। ਚਕਰਵਰਤੀ ਜਥੇ ਨੇ ਇਹ ਕਾਰਵਾਈ ਬਾਕੀ ਝੋਲੀ-ਚੁੱਕਾਂ ਨੂੰ ਕੰਨ ਕਰਨ ਅਤੇ ਡਰਾਉਣ ਦੇ ਖ਼ਿਆਲ ਨਾਲ ਕੀਤੀ ਸੀ।

ਪੁਲਸ ਨੇ ਚਲਾਨ ਕੰਦੋਲੇ ਦੇ ਤਿੰਨਾਂ ਬੰਦਿਆਂ ਦਾ ਕੀਤਾ ਸੀ। ਉਹਨਾਂ ਨੂੰ ਹੇਠਲੀ ਅਦਾਲਤ ਨੇ ਸਜ਼ਾ ਦੇ ਦਿੱਤੀ ਸੀ, ਪਰ ਉਹ ਹਾਈਕੋਰਟ ਵਿਚੋਂ ਬਰੀ ਹੋ ਗਏ ਸਨ। ਉਹ ਸਨ, ਬਸੰਤ ਸਿੰਘ, ਅੱਛਰ ਸਿੰਘ ਅਤੇ ਇੰਦਰ ਸਿੰਘ। ਇਹਨਾਂ ਤਿੰਨਾਂ ਦੇ ਬਿਆਨ ਬਤੌਰ ਸਰਕਾਰੀ ਗਵਾਹ ਪੇਪਰ-ਬੁੱਕ ਵਿਚ ਦਰਜ ਹਨ। ਬਸੰਤ ਸਿੰਘ, ਗਵਾਹ ਨੰ: 82, ਸਫ਼ਾ 341 ; ਅੱਛਰ ਸਿੰਘ, ਗਵਾਹ ਨੰ: 83, ਸਫ਼ਾ 342 ; ਅਤੇ ਇੰਦਰ ਸਿੰਘ, ਗਵਾਹ ਨੰ: 84, ਸਫ਼ਾ 343।

ਵਾਇਦਾ-ਮੁਆਫ਼ ਸਰਕਾਰੀ ਗਵਾਹ ਨੰ: 24, ਪੇਪਰ-ਬੁੱਕ ਸਫ਼ਾ 211, ਹਜ਼ਾਰਾ ਸਿੰਘ ਵਲਦ ਸੇਰੂ ਉਮਰ 25 ਸਾਲ, ਜ਼ਾਤ ਜੱਟ ਸਿੱਖ, ਪਿੰਡ ਮੰਡੇਰਾਂ, ਜ਼ਿਲਾ ਜਲੰਧਰ ਨੇ ਘੁੜਿਆਲ ਵਿਚ ਭਾਈ ਕਿਸ਼ਨ ਸਿੰਘ ਦਾ ਲੈਕਚਰ ਸੁਣ ਕੇ ਕਾਲੀ ਪੱਗ ਬੰਨ੍ਹ ਲਈ ਸੀ। ਉਹਨੇ ਹਮਲੇ ਦੀ ਸਾਰੀ ਕਾਰਵਾਈ ਬਿਆਨ ਕੀਤੀ ਹੈ ਅਤੇ ਬਾਅਦ ਵਿਚ ਵਾਇਦਾ-ਮੁਆਫ਼ੀ ਲੈਣ ਦਾ ਜ਼ਿਕਰ ਕੀਤਾ ਹੈ। ਮਹੱਦੀਪੁਰ ਦੇ ਹੋਰ ਗਵਾਹ ਵੀ ਭੁਗਤੇ ਸਨ।

ਇਵਜ਼ਾਨੇ ਵਿਚ ਮੁਰੱਬੇ ਅਤੇ ਜ਼ੈਲਦਾਰੀ ਵੀ ਸਰਕਾਰ ਨੇ ਬਖ਼ਸ਼ ਦਿੱਤੀ ਸੀ। ਜੀਹਦਾ ਲਾਭ ਐਸ ਵੇਲੇ ਉਹਦੀ ਔਲਾਦ ਮਾਣ ਰਹੀ ਹੈ। ਅਸਲੇ ਦੇ ਲਾਇਸੈਂਸ ਵੀ ਕਾਇਮ ਹਨ।

ਅਨੇਕ ਗਏ-ਗੁਜ਼ਰੇ ਦੇਸ-ਧਰੋਹੀਆਂ ਦੀਆਂ ਔਲਾਦਾਂ ਕੋਲ ਅੱਜ ਤੋਂ 60 ਸਾਲ ਪਹਿਲਾਂ ਦੀਆਂ ਅੰਗਰੇਜ਼ ਹਕੂਮਤ ਦੀਆਂ ਬਖ਼ਸ਼ਿਸ਼ਾਂ ਕਾਇਮ ਹਨ। ਪੱਕੀਆਂ ਰਫ਼ਲਾਂ ਦੇ ਲਾਇਸੈਂਸ, 38 ਬੋਰ ਦੇ ਰੀਵਾਲਵਰ ਅਤੇ ਪੰਜਾਂ-ਪੰਜਾਂ ਮੁਰਬਿਆਂ ਦੀਆਂ ਅਲਾਟਮੈਂਟਾਂ। ਅੱਜ ਵੀ ਗੁਲਛੱਰਰੇ ਉਡਦੇ ਦੇਖੇ ਜਾ ਸਕਦੇ ਹਨ। ਅਜਿਹੇ ਲੋਕ ਕਦੀ ਕਾਂਗਰਸੀ, ਕਦੀ ਜਨਤਾ ਅਤੇ ਕਦੀ ਅਕਾਲੀਆਂ ਦੇ ਬਾਣੇ ਸਜਾ-ਸਜਾ ਕੇ ਮਕਾਨਾਂ ਉੱਤੇ ਝੰਡੇ ਝੁਲਾ ਚੋਣ ਵੇਲੇ ਕੈਂਡੀਡੇਟਾਂ ਦੀਆਂ ਕਾਰਾਂ ਵਿਚ ਹਥਿਆਰਬੰਦ ਹੋ ਕੇ ਵੋਟਰਾਂ ਨੂੰ ਤਿਆਰ ਕਰਦੇ ਦੇਖੇ ਜਾ ਸਕਦੇ ਹਨ। ਜਦੋਂ ਕੋਈ ਵਜ਼ੀਰ ਇਲਾਕੇ ਵਿਚ ਆਉਂਦਾ ਹੈ, ਤਾਂ ਦੇਸਭਗਤ ਹੋਣ ਦੇ ਸਬੂਤ ਵਜੋਂ ਫੁੱਲਾਂ ਦੇ ਹਾਰ ਲੈ ਕੇ ਸਵਾਗਤ ਕਰਨ ਵਾਲਿਆਂ ਦੀ ਪਹਿਲੀ ਕਤਾਰ ਵਿਚ ਇਹੋ "ਦੇਸਭਗਤ" ਹੋਣਗੇ, ਜਿਨ੍ਹਾਂ ਦੇ ਵਡ-ਵਡੇਰਿਆਂ ਨੇ ਕਦੀ ਅਸਲ ਦੇਸਭਗਤਾਂ ਦੇ ਖ਼ੂਨ ਨਾਲ ਹੱਥ ਰੰਗੇ ਸਨ।

# 17. ਬਬਰ ਲਹਿਰ ਦਾ ਨਾਮ-ਸੰਸਕਾਰ

ਸੁਰੂ 1921 ਤੋਂ ਮਈ 1922 ਦੇ ਅੱਧ ਤੱਕ ਭਾਈ ਕਿਸ਼ਨ ਸਿੰਘ ਗੜਗੱਜ ਦੀ ਅਗਵਾਈ ਹੇਠ ਸਿਰਫ਼ ਚਕਰਵਰਤੀ ਜਥੇ ਦੇ ਨਾਂ ਹੇਠ ਹੀ ਸਾਰੀ ਕਾਰਵਾਈ ਲਿਖੀ ਜਾ ਚੁੱਕੀ ਹੈ । ਹੁਣ ਮੈਂ ਇਹ ਦਸਦਾ ਹਾਂ ਕਿ ਬਬਰ ਲਹਿਰ ਨਾਂ ਕਿਵੇਂ ਰਖਿਆ ਗਿਆ । ਅਗਲੀ ਸਾਰੀ ਕਾਰਵਾਈ ਬਬਰ ਲਹਿਰ ਦੇ ਨਾਂ ਹੇਠ ਹੀ ਲਿਖੀ ਜਾਵੇਗੀ । ਚਕਰਵਰਤੀ ਲਹਿਰ ਬਬਰ ਲਹਿਰ ਦਾ ਰੂਪ ਕਿਵੇਂ ਧਾਰਨ ਕਰ ਗਈ, ਭਾਵੇਂ ਕਿ ਆਗੂ ਭਾਈ ਕਿਸ਼ਨ ਸਿੰਘ ਗੜਗੱਜ ਹੀ ਰਹੇ ਸਨ ਅਤੇ ਗਰਿਫਤਾਰੀ ਤੱਕ ਉਹੋ ਹੀ ਰਹੇ ?

ਮਈ 1922 ਵਿਚ ਚਕਰਵਰਤੀ ਜਥੇ ਦੀਆਂ ਲੀਹਾਂ ਉੱਤੇ ਇਲਾਕਾ ਬਲਾਚੌਰ, ਗੜ੍ਹਸ਼ੰਕਰ ਅਤੇ ਨਵਾਂ ਸ਼ਹਿਰ ਵਿਚ ਕਰਮ ਸਿੰਘ ਦੌਲਤਪੁਰ ਦੀ ਅਗਵਾਈ ਹੇਠ ਇਕ ਹੋਰ ਨਵਾਂ ਜਥਾ ਕਾਇਮ ਹੋ ਗਿਆ । ਕਰਮ ਸਿੰਘ ਦੌਲਤਪੁਰ ਵੀ ਕੈਨੇਡਾ ਹੋ ਆਏ ਸਨ । ਉਹਨਾਂ ਨੇ ਵੀ ਇਸ ਆਜ਼ਾਦੀ ਦੇ ਘੋਲ ਲਈ ਕਮਰਕਸੇ ਕਰ ਲਏ ਸਨ । ਉਹਨਾਂ ਨੇ ਸ਼ਾਂਤਮਈ ਦੀ ਥਾਂ ਹਥਿਆਰਬੰਦ ਹੋ ਕੇ ਬਗ਼ਾਵਤ ਕਰਨ ਦਾ ਰਾਹ ਅਪਣਾ ਲਿਆ ਸੀ । ਮਈ 1922 ਵਿਚ ਹੇਠ-ਲਿਖੇ ਯੋਧਿਆਂ ਦੀ ਇਕ ਮੀਟਿੰਗ ਕੌਲਗੜ੍ਹ ਵਿਖੇ ਹੋਈ : ਕਰਮ ਸਿੰਘ ਦੌਲਤਪੁਰ, ਆਸਾ ਸਿੰਘ ਭੁਕੜੂੰਦੀ, ਉਦੇ ਸਿੰਘ ਰਾਮਗੜ੍ਹ ਝੁਗੀਆਂ, ਬਾਬਾ ਦਲੀਪ ਸਿੰਘ ਸਾਹਦੜਾ, ਹਰਨਾਮ ਸਿੰਘ ਗੜ੍ਹੀ ਕਾਨੂੰਗੋਆਂ ਅਤੇ ਊਧਮ ਸਿੰਘ ਤੇ ਬਾਵਾ ਸਿੰਘ ਕੌਲਗੜ੍ਹ । ਇਹ ਮੀਟਿੰਗ ਊਧਮ ਸਿੰਘ ਦੀ ਹਵੇਲੀ ਵਿਚ ਹੋਈ ।

ਕਰਮ ਸਿੰਘ ਦੌਲਤਪੁਰ ਨੇ ਵਿਚਾਰ ਜ਼ਾਹਰ ਕੀਤੇ ਕਿ ਐਸ ਵੇਲੇ ਆਜ਼ਾਦੀ ਦੀ ਜੰਗ ਸੁਰੂ ਹੋ ਚੁੱਕੀ ਹੈ । ਇਕ ਪਾਸੇ ਗਰਿਫ਼ਤਾਰੀਆਂ ਦਾ ਚੱਕਰ ਚੱਲ ਰਿਹਾ ਹੈ, ਜਿਸ ਵਿਚ ਸਾਡੇ ਸਾਥੀ ਅੰਦਰ ਡੱਕੇ ਜਾ ਰਹੇ ਹਨ ਅਤੇ ਦੂਜੇ ਬੰਨੇ ਝੋਲੀ-ਚੁੱਕਾਂ ਦੀ ਚੜ੍ਹ ਮੱਚੀ ਹੈ । ਸੋ ਸਮਾਂ ਆ ਗਿਆ ਹੈ ਕਿ ਆਜ਼ਾਦੀ ਦੀ ਲਹਿਰ ਦਾ ਵਿਰੋਧ ਕਰਨ ਵਾਲਿਆਂ ਦੇ ਕੰਮ ਨੂੰ ਠੱਲ੍ਹ ਪਾਉਣ ਲਈ ਅਮਲੀ ਕਾਰਵਾਈ ਸੁਰੂ ਕਰ ਦਿਤੀ ਜਾਵੇ । ਸੋ ਹਥਿਆਰ ਖ਼ਰੀਦਣ ਦਾ ਪ੍ਰਬੰਧ ਕਰੀਏ ਅਤੇ ਇਕ ਆਪਣਾ ਅਖ਼ਬਾਰ ਜਾਰੀ ਕਰੀਏ । ਲੈਕਚਰਾਂ ਨਾਲੋਂ ਅਖ਼ਬਾਰ ਨਾਲ ਪ੍ਰਚਾਰ ਵਧੀਆ ਰਹੇਗਾ । ਉਹਨਾਂ ਨੇ ਕਿਹਾ ਕਿ ਮੇਰਾ ਤਜਰਬਾ ਇਹ ਹੈ ਕਿ ਕੈਨੇਡਾ ਵਿਚ ਜੋ ਕੰਮ "ਗ਼ਦਰ" ਅਖ਼ਬਾਰ ਨੇ ਕੀਤਾ ਸੀ ਓਨਾਂ ਲੈਕਚਰਾਂ ਰਾਹੀਂ ਨਹੀਂ ਸੀ ਕੀਤਾ ਜਾ ਸਕਿਆ । "ਗ਼ਦਰ ਦੀ ਗੂੰਜ" ਅੱਜ ਤੱਕ ਵੀ ਲੋਕਾਂ ਦੇ ਦਿਲਾਂ ਵਿਚ ਵਸੀ ਹੋਈ ਹੈ । ਸੋ ਇਸ ਕੰਮ ਲਈ ਸਭ ਤੋਂ ਪਹਿਲਾਂ ਮਾਇਆ ਦੀ ਲੋੜ ਹੈ, ਜਿਹੜੀ ਅਸੀਂ ਅਮੀਰ ਝੋਲੀ-ਚੁੱਕਾਂ ਨੂੰ ਲੁਟ ਕੇ ਇਕੱਠੀ ਕਰ ਸਕਦੇ

ਹਾਂ। ਦੋਨੋਂ ਕੰਮ ਸਰ ਸਕਦੇ ਹਨ। ਦਾਅ ਲੱਗਣ ਉੱਤੇ ਸਰਕਾਰੀ ਖ਼ਜ਼ਾਨਾ ਵੀ ਲੁਟ ਲੈਣਾ ਚਾਹੀਦਾ ਹੈ। ਪਰ ਖ਼ਜ਼ਾਨਾ ਉਨਾਂ ਚਿਰ ਲੁੱਟਣਾ ਮੁਸ਼ਕਲ ਹੈ, ਜਿੰਨਾ ਚਿਰ ਅਸੀਂ ਪੂਰੀ ਤਰ੍ਹਾਂ ਹਥਿਆਰਬੰਦ ਨਹੀਂ ਹੋ ਜਾਂਦੇ। ਸਾਡੇ ਵਿਚ ਏਨਾਂ ਅਮੀਰ ਵੀ ਕੋਈ ਨਹੀਂ, ਜਿਹੜਾ ਪਲਿਉਂ ਖ਼ਰਚ ਕਰਕੇ ਕੰਮ ਚਾਲੂ ਕਰਾ ਸਕੇ। ਸੋ ਬਿਨਾਂ ਹਥਿਆਰ ਅਸੀਂ ਕੁਝ ਵੀ ਕਰਨ ਜੋਗੇ ਨਹੀਂ ਹਾਂ।

ਸੂੰਢ ਦੀ ਮਿਸਾਲ ਦਿੰਦਿਆਂ ਉਹਨਾਂ ਨੇ ਕਿਹਾ ਕਿ ਸਿਰਫ਼ ਇਕ ਪਸਤੌਲ ਹੋਣ ਕਰਕੇ ਹੀ ਸੁੰਦਰ ਸਿੰਘ ਫੜਿਆ ਗਿਆ। ਜੇ ਭਾਈ ਕਿਸ਼ਨ ਸਿੰਘ ਕੋਲ ਹੋਰ ਪਸਤੌਲ ਹੁੰਦਾ ਤਾਂ ਦੋਨੋਂ ਬਚ ਸਕਦੇ ਸਨ। ਇਹ ਤਾਂ ਖ਼ੁਸ਼ਕਿਸਮਤੀ ਹੀ ਸਮਝੋ ਕਿ ਹਮਲਾਵਰ ਵਾਪਸ ਚਲੇ ਗਏ ਅਤੇ ਭਾਈ ਸਾਹਿਬ ਨੂੰ ਪਸਤੌਲ ਮਿਲ ਗਿਆ। ਜਿਵੇਂ ਉਹ ਦੁਬਾਰਾ ਆ ਪਏ ਸਨ, ਭਾਈ ਸਾਹਿਬ ਜੇ ਗੋਲੀ ਨਾ ਚਲਾਉਂਦੇ, ਕਿਵੇਂ ਬਚ ਸਕਦੇ ਸਨ? ਸੋ ਬਿਨਾਂ ਹਥਿਆਰਾਂ ਤੋਂ ਕੰਮ ਆਰੰਭਣਾ ਖ਼ਤਰੇ ਤੋਂ ਖ਼ਾਲੀ ਨਹੀਂ।

ਉਦੇ ਸਿੰਘ ਨੇ ਇਸ ਸੁਝਾਅ ਦੀ ਪੂਰੇ ਜ਼ੋਰ ਨਾਲ ਤਾਈਦ ਕੀਤੀ ਅਤੇ ਆਖਿਆ ਕਿ ਜਿੰਨਾ ਚਿਰ ਅਸੀਂ ਕਿਸੇ ਸਿਰਕੱਢ ਝੋਲੀ-ਚੁੱਕ ਦਾ ਸੁਧਾਰ (ਕਤਲ) ਨਹੀਂ ਕਰ ਲੈਂਦੇ, ਉਨਾਂ ਚਿਰ ਇਹਨਾਂ ਦੀ ਗੁੱਡੀ ਚੜ੍ਹੀ ਹੀ ਰਹਿਣੀ ਹੈ, ਕਿਉਂਕਿ ਸੂੰਢ ਦੀ ਘਟਨਾ ਨੇ ਇਹਨਾਂ ਦਾ ਹੌਸਲਾ ਵਧਾ ਦਿੱਤਾ ਹੈ।

ਆਸਾ ਸਿੰਘ ਭੁਕੜੂੰਦੀ ਨੇ ਝੋਲੀ-ਚੁੱਕਾਂ ਦੇ ਸੁਧਾਰ ਦੀ ਮੁਖ਼ਾਲਫ਼ਤ ਕੀਤੀ, ਪਰ ਉਹਨਾਂ ਨੂੰ ਲੁੱਟਣ ਦੀ ਤਾਈਦ ਕੀਤੀ। ਇਸ ਮੀਟਿੰਗ ਦੀ ਪੁਸ਼ਟੀ ਆਸਾ ਸਿੰਘ ਵਾਇਦਾ-ਮੁਆਫ਼ ਨੇ ਆਪਣੇ ਬਿਆਨ ਵਿਚ ਪੂਰੀ ਤਰ੍ਹਾਂ ਕੀਤੀ ਹੈ ਕਿ ਕਿਵੇਂ ਪਹਿਲਾਂ ਉਹ ਊਧਮ ਸਿੰਘ ਦੀ ਹਵੇਲੀ ਵਿਚ ਇਕੱਠੇ ਹੋਏ ਸਨ।

ਮੈਂ ਪਹਿਲਾਂ ਸਿਰਫ਼ ਸੱਤਾਂ ਦੇ ਨਾਂ ਹੀ ਲਿਖੇ ਹਨ, ਪਰ ਆਸਾ ਸਿੰਘ ਦਸਦਾ ਹੈ ਕਿ "ਇਕ ਹਿੰਦੂ ਵੀ ਸੀ ਜੀਹਨੂੰ ਮੈਂ ਨਹੀਂ ਜਾਣਦਾ ਅਤੇ ਅਸੀਂ ਅੱਠੇ ਉੱਠ ਕੇ ਬਾਹਰ ਇਕ ਝਿੜੀ ਵਿਚ ਚਲੇ ਗਏ ਸੀ ਅਤੇ ਉਥੇ ਸਭ ਗੱਲਾਂ ਕੀਤੀਆਂ ਸਨ।"

ਪੇਪਰ-ਬੁੱਕ, ਸਫ਼ਾ 219 ਦੀ ਸਤਰ 27 ਤੋਂ ਮੀਟਿੰਗ ਦੀ ਸਾਰੀ ਕਾਰਵਾਈ ਦਰਜ ਹੈ। ਪਰ ਉਹਦਾ ਬਿਆਨ ਪੇਪਰ-ਬੁੱਕ ਦੇ ਸਫ਼ਾ 215 ਤੋਂ ਸ਼ੁਰੂ ਹੁੰਦਾ ਹੈ, ਜੀਹਦੇ ਵਿਚ ਉਹ ਦਸਦਾ ਹੈ ਕਿ ਪਹਿਲਾਂ ਉਹ ਕੈਨੇਡਾ ਵਿਚ ਰਿਹਾ, ਜਿਥੇ ਕਰਮ ਸਿੰਘ ਦੌਲਤਪੁਰ ਨਾਲ ਵਾਕਫ਼ੀ ਹੋਈ। ਮੁੜ 1920 ਵਿਚ ਉਹ ਹੁਸ਼ਿਆਰਪੁਰ ਜਾ ਕੇ ਪਹਿਲਾਂ ਕਾਂਗਰਸੀ ਬਣਿਆ ਅਤੇ ਫੇਰ ਕਰਮ ਸਿੰਘ ਦੌਲਤਪੁਰ ਨੂੰ ਮਿਲਿਆ। ਦੋਹਾਂ ਨੇ ਰਲ ਕੇ ਕਾਂਗਰਸ ਦਾ ਜਲਸਾ ਦੌਲਤਪੁਰ ਕਰਨ ਦਾ ਜਤਨ ਕੀਤਾ। ਪਰ ਦੌਲਤਪੁਰ ਦੇ ਇਕ ਝੋਲੀ-ਚੁੱਕ ਗੰਡਾ ਸਿੰਘ ਸਫ਼ੈਦਪੋਸ਼ ਨੇ ਇਹ ਜਲਸਾ ਨਾ ਹੋਣ ਦਿਤਾ। ਦੋਹਾਂ ਨੇ ਫੇਰ ਨਨਕਾਣਾ ਸਾਹਿਬ ਜਾ ਕੇ ਅੰਮ੍ਰਿਤ ਛਕਿਆ ਅਤੇ ਗੁਰ-ਭਾਈ ਬਣ ਗਏ। ਕਰਮ ਸਿੰਘ ਦਾ ਪਹਿਲਾ ਨਾਂ ਨਰੈਣ ਸਿੰਘ ਸੀ। ਅੰਮ੍ਰਿਤ ਛਕ ਕੇ ਉਹ ਕਰਮ ਸਿੰਘ ਬਣ ਗਿਆ ਅਤੇ ਮੈਂ ਮਹਿਤਾਬ ਸਿੰਘ ਤੋਂ ਆਸਾ ਸਿੰਘ। ਪਹਿਲਾਂ ਸਾਰੇ ਅਸੀਂ ਮੋਨੇ ਸੀ। ਪਰ ਮੈਂ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਸੀ। ਫੇਰ ਦੋਹਾਂ ਨੇ ਪਹਿਲੀ ਵਾਰ ਹੋਲੇ-ਮਹੱਲੇ ਦੇ ਮੇਲੇ ਉੱਤੇ ਸ਼ਹੀਦੀ ਬਾਗ਼ ਆਨੰਦਪੁਰ ਸਾਹਿਬ ਵਿਚ ਭਾਈ ਕਿਸ਼ਨ ਸਿੰਘ ਗੜਗੱਜ ਚਕਰਵਰਤੀ ਦਾ ਲੈਕਚਰ ਸੁਣਿਆ, ਜਿਹੜਾ ਨੰਗੀ ਤਲਵਾਰ ਫੜ ਕੇ ਆਖ ਰਿਹਾ ਸੀ ਕਿ ਬਿਨਾਂ ਤਲਵਾਰ ਦੇ ਜ਼ੋਰ ਤੋਂ ਅਸੀਂ ਅੰਗਰੇਜ਼ਾਂ ਨੂੰ ਮੁਲਕ ਵਿਚੋਂ

ਨਹੀਂ ਕੱਢ ਸਕਾਂਗੇ। ਸ਼ਾਂਤਮਈ ਤਿਆਗ ਕੇ ਹਥਿਆਰਬੰਦ ਹੋ ਜਾਉ। ਜਿੰਨਾ ਚਿਰ ਝੋਲੀ-ਚੁੱਕਾਂ ਦਾ ਅਸੀਂ ਸੁਧਾਰ (ਕਤਲ) ਨਹੀਂ ਕਰਾਂਗੇ, ਇਹ ਸਰਕਾਰ ਦੀ ਮਦਦ ਕਰਨੋਂ ਬਾਜ਼ ਨਹੀਂ ਆਉਣ ਲੱਗੇ। ਗੱਲ ਕੀ ਸਾਨੂੰ ਦੋਹਾਂ ਨੂੰ ਇਹ ਲੈਕਚਰ ਬਹੁਤ ਪਸੰਦ ਆਇਆ ਅਤੇ ਅਸੀਂ ਵੀ ਇਹੋ ਰਸਤਾ ਅਪਣਾਉਣ ਦਾ ਉਥੇ ਹੀ ਫ਼ੈਸਲਾ ਕਰ ਲਿਆ।

ਅਸੀਂ ਭਾਈ ਕਿਸ਼ਨ ਸਿੰਘ ਨੂੰ ਪਹਿਲੀ ਵਾਰੀ ਲੈਕਚਰ ਕਰਦਿਆਂ ਸੁਣਿਆ ਸੀ। ਹਾਲੇ ਤੱਕ ਕੋਈ ਵਾਕਫ਼ੀ ਨਹੀਂ ਸੀ। ਨਾ ਹੀ ਸਾਨੂੰ ਉਥੇ ਇਕ ਦੂਜੇ ਨਾਲ ਮਿਲਣ ਦਾ ਮੌਕਾ ਮਿਲਿਆ। ਕਿਉਂਕਿ ਸਾਡੇ ਉੱਤੇ ਭਾਈ ਕਿਸ਼ਨ ਸਿੰਘ ਦੇ ਲੈਕਚਰ ਦਾ ਬਹੁਤ ਡੂੰਘਾ ਅਸਰ ਹੋ ਚੁਕਿਆ ਸੀ, ਅਸੀਂ ਉਹਨਾਂ ਨੂੰ ਮਿਲਣ ਦਾ ਪੱਕਾ ਫ਼ੈਸਲਾ ਕਰ ਲਿਆ ਅਤੇ ਉਹਨਾਂ ਦੀਆਂ ਦਸੀਆਂ ਲੀਹਾਂ ਉੱਤੇ ਚੱਲਣ ਦੀ ਪੱਕੀ ਧਾਰ ਲਈ।

ਇਹ ਸਾਰੀ ਗੱਲ ਪੂਰੇ ਵਿਸਥਾਰ ਨਾਲ ਆਸਾ ਸਿੰਘ ਦੇ ਬਿਆਨ ਵਿਚ ਪੇਪਰ-ਬੁੱਕ ਦੇ ਸਫ਼ਾ 217 ਦੀ ਸਤਰ 32 ਤੋਂ ਸ਼ੁਰੂ ਹੁੰਦੀ ਹੈ।

ਇਹਤੋਂ ਪਹਿਲਾਂ ਆਸਾ ਸਿੰਘ ਸਫ਼ਾ 216 ਉੱਤੇ ਸਾਰੀ ਕਹਾਣੀ ਦਸਦਾ ਹੈ ਕਿ ਉਹਨੇ ਅਤੇ ਕਰਮ ਸਿੰਘ ਨੇ ਮਿਲ ਕੇ ਕਾਂਗਰਸ ਦੀਆਂ ਲੀਹਾਂ ਉੱਤੇ ਜਲਸੇ ਕਰਕੇ ਲੈਕਚਰ ਕਰਨੇ ਸ਼ੁਰੂ ਕਰ ਦਿਤੇ ਸਨ। ਉਹ ਪਹਿਲਾਂ ਨਜ਼ਮ ਪੜ੍ਹਿਆ ਕਰਦਾ ਸੀ ਅਤੇ ਕਰਮ ਸਿੰਘ ਲੈਕਚਰ ਕਰਦਾ ਸੀ। ਨਨਕਾਣਾ ਸਾਹਿਬ ਦੇ ਸਾਕੇ ਪਿਛੋਂ ਉਹ ਦੋਨੋਂ ਅਕਾਲੀ ਸਜ ਗਏ ਸਨ। ਨਨਕਾਣੇ ਸਾਹਿਬ ਵਿਚ ਬਾਬਾ ਗੁਰਦਿਤ ਸਿੰਘ ਦੀ ਗਰਿਫ਼ਤਾਰੀ ਵੇਲੇ ਵੀ ਦੋਵੇਂ ਉਥੇ ਹੀ ਸਨ ਅਤੇ ਮਾਸਟਰ ਮੋਤਾ ਸਿੰਘ ਦਾ ਲੈਕਚਰ ਵੀ ਸੁਣਿਆ ਸੀ। ਜਿੰਨਾ ਅਸਰ ਸਾਡੇ ਉੱਤੇ ਕਿਸ਼ਨ ਸਿੰਘ ਦਾ ਲੈਕਚਰ ਸੁਣ ਕੇ ਹੋਇਆ ਸੀ, ਉਨਾਂ ਮਾਸਟਰ ਜੀ ਦਾ ਨਹੀਂ ਸੀ ਹੋਇਆ।

ਇਕ ਨਜ਼ਮ ਜਿਹੜੀ ਰੋਮਨ ਅੱਖਰਾਂ ਵਿਚ ਸਫ਼ਾ 216 ਉੱਤੇ ਦਰਜ ਹੈ, ਇਸ ਤਰ੍ਹਾਂ ਹੈ :

ਅੱਖਾਂ ਖੋਲ੍ਹੋ ਹਿੰਦੀ ਵੀਰੋ, ਕੌਮ ਗਰਕਦੀ ਜਾਂਦੀ ਹੈ।
ਪਿਛਲੇ ਸਮੇਂ ਸੀ ਕਦਰ ਅਸਾਡੀ, ਖੇਤੀ ਪੈਦਾ ਕਰਦੇ ਸੀ।
ਪਿੰਡਾਂ ਦੇ ਵਿਚ ਪੰਚ ਅਸਾਡੇ, ਆਪ ਅਦਾਲਤ ਕਰਦੇ ਸੀ।
ਘਰ-ਘਰ ਸੌ-ਸੌ ਮਹੀਆਂ-ਗਾਈਆਂ, ਵੱਗ ਅਸਾਡੇ ਚਰਦੇ ਸੀ।
ਹੁਣ ਤਾਂ ਨਸਲ ਅਸਾਡੀ ਵੀਰੋ, ਰੁਖੀ ਰੋਟੀ ਖਾਂਦੀ ਹੈ।

''ਇਹੋ ਜਿਹੀਆਂ ਕਈ ਨਜ਼ਮਾਂ ਮੈਨੂੰ ਜ਼ਬਾਨੀ ਯਾਦ ਹਨ, ਜਿਹੜੀਆਂ ਮੈਂ ਆਮ ਜਲਸਿਆਂ ਵਿਚ ਗਾਇਆ ਕਰਦਾ ਸੀ ਅਤੇ ਕਰਮ ਸਿੰਘ ਦੌਲਤਪੁਰ ਲੈਕਚਰ ਕਰਿਆ ਕਰਦਾ ਸੀ।''

ਪੇਪਰ-ਬੁੱਕ ਦੇ ਸਫ਼ਾ 215 ਤੋਂ ਬਿਆਨ 24 ਜੁਲਾਈ 1924 ਨੂੰ ਸ਼ੁਰੂ ਹੋ ਕੇ 237 ਤੱਕ 29 ਜੁਲਾਈ 1924 ਨੂੰ ਖ਼ਤਮ ਹੁੰਦਾ ਹੈ। (ਸਰਕਾਰੀ ਗਵਾਹ ਨੰ: 25, ਆਸਾ ਸਿੰਘ ਉਰਫ਼ ਮਹਿਤਾਬ ਸਿੰਘ ਵਲਦ ਰਾਮ ਦਿੱਤਾ, ਉਮਰ 40 ਸਾਲ, ਪਿੰਡ ਭੁਕੜੁੱਦੀ, ਜ਼ਿਲਾ ਜਲੰਧਰ।)

ਪਾਠਕਾਂ ਨੂੰ ਮੈਂ ਮੋਟੇ ਤੌਰ ਉੱਤੇ ਜਾਣਕਾਰੀ ਕਰਾ ਦਿੱਤੀ ਹੈ ਕਿ ਆਸਾ ਸਿੰਘ

ਅਤੇ ਕਰਮ ਸਿੰਘ ਦੌਲਤਪੁਰ ਦਾ ਮੇਲ ਕਿਵੇਂ ਹੋਇਆ ਅਤੇ ਭਾਈ ਕਿਸ਼ਨ ਸਿੰਘ ਦਾ ਲੈਕਚਰ ਸੁਣ ਕੇ ਕਿਵੇਂ ਦੋਨੋਂ ਸਾਥੀ ਉਹਨਾਂ ਦੇ ਸ਼ਰਧਾਲੂ ਬਣ ਗਏ। ਦੂਜੇ ਬੰਨੇ ਭਾਈ ਕਿਸ਼ਨ ਸਿੰਘ ਵੀ ਕਰਮ ਸਿੰਘ ਦੌਲਤਪੁਰ ਦੀਆਂ ਸਰਗਰਮੀਆਂ ਤੋਂ ਜਾਣੂ ਹੋ ਚੁੱਕੇ ਸਨ। ਦੋਵੇਂ ਧਿਰਾਂ ਹੀ ਇਕ ਦੂਜੇ ਨਾਲ ਮੁਲਾਕਾਤ ਕਰਨ ਦੀਆਂ ਤਿਆਰੀਆਂ ਵਿਚ ਸਨ ਅਤੇ ਵਿਚੋਲੇ ਦਾ ਕੰਮ ਕਰਮ ਸਿੰਘ ਝਿੰਗੜ ਤੇ ਮਾਸਟਰ ਦਲੀਪ ਸਿੰਘ ਗੋਸਲ ਨੇ ਆਪਣੇ ਜ਼ਿੰਮੇ ਲੈ ਲਿਆ ਸੀ, ਜਿਹੜੇ ਦੋਹਾਂ ਧਿਰਾਂ ਦੇ ਪਹਿਲਾਂ ਹੀ ਜਾਣੂ ਸਨ।

ਬੰਗਿਆਂ ਦਾ ਇਲਾਕਾ ਦੋਹਾਂ ਜਥਿਆਂ ਦੇ ਵਿਚਕਾਰ ਸੀ, ਜਿਸ ਕਰਕੇ ਉਹਨਾਂ ਨੇ ਦੋਹੀਂ ਪਾਸੀਂ ਇਕੋ ਜਿਹਾ ਸੰਪਰਕ ਬਣਾਇਆ ਹੋਇਆ ਸੀ। ਕੌਲਗੜ੍ਹ ਦੀ ਮੀਟਿੰਗ ਤੋਂ ਬਾਅਦ ਆਸਾ ਸਿੰਘ ਤਾਂ ਦਲੀਪ ਸਿੰਘ ਸਾਹਦੜੇ ਨਾਲ ਚਲਿਆ ਗਿਆ। ਰਾਤ ਉਥੇ ਕੱਟ ਕੇ ਦੋਨੋਂ ਅਗਲੇ ਦਿਨ ਪਿੰਡ ਬਸਵਾਲੇ ਨੂੰ ਚਲੇ ਗਏ, ਜਿਥੇ ਹੌਲਦਾਰ ਈਸ਼ਰ ਸਿੰਘ ਦੀ ਹਵੇਲੀ ਵਿਚ ਬੈਠੇ ਕਰਮ ਸਿੰਘ ਝਿੰਗੜ ਅਤੇ ਮਾਸਟਰ ਦਲੀਪ ਸਿੰਘ ਗੋਸਲ ਮਿਲ ਪਏ। "ਹਵੇਲੀ ਅੰਦਰ ਸਾਨੂੰ ਭਾਈ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ ਅਤੇ ਮਾਲਵੇ ਦਾ ਜੀਵਨ ਸਿੰਘ ਮਿਲ ਪਏ। ਇਹ ਸਾਡੀ ਮੁਲਾਕਾਤ ਕਰਮ ਸਿੰਘ ਝਿੰਗੜ ਅਤੇ ਮਾਸਟਰ ਦਲੀਪ ਸਿੰਘ ਦੀ ਮਾਰਫ਼ਤ ਹੋਈ ਸੀ। ਘੰਟੇ ਕੁ ਪਿਛੋਂ ਅਸੀਂ ਸੱਤੇ ਚੱਲ ਪਏ ਅਤੇ ਸਿੰਬਲੀ ਦੇ ਇਕ ਬਾਗ਼ ਵਿਚ 3-4 ਘੰਟੇ ਬੈਠੇ ਰਹੇ। ਮੈਂ ਭਾਈ ਕਿਸ਼ਨ ਸਿੰਘ ਨੂੰ ਕੌਲਗੜ੍ਹ ਵਾਲੀ ਮੀਟਿੰਗ ਦੀ ਸਾਰੀ ਗੱਲ ਦੱਸੀ, ਜਿਸ ਵਿਚ ਕਰਮ ਸਿੰਘ ਦੌਲਤਪੁਰ ਨੇ ਝੋਲੀ-ਚੁੱਕਾਂ ਦੇ ਸੁਧਾਰ ਦੀ ਤਜਵੀਜ਼ ਰਖੀ ਸੀ ਅਤੇ ਮੈਂ ਮੁਖ਼ਾਲਫ਼ਤ ਕੀਤੀ ਸੀ। ਭਾਈ ਕਿਸ਼ਨ ਸਿੰਘ ਨੇ ਮੇਰੀ ਤਜਵੀਜ਼ ਦੀ ਹਮਾਇਤ ਕਰਦਿਆਂ ਕਿਹਾ ਕਿ ਤੁਸੀਂ ਠੀਕ ਮਸ਼ਵਰਾ ਦਿਤਾ ਹੈ। ਹਾਲੇ ਸਾਨੂੰ ਪੂਰੀ ਤਿਆਰੀ ਕਰਨੀ ਚਾਹੀਦੀ ਹੈ ਅਤੇ ਲੈਕਚਰਾਂ ਰਾਹੀਂ ਲੋਕਾਂ ਨੂੰ ਝੋਲੀ-ਚੁੱਕਾਂ ਦੇ ਸੁਧਾਰ ਲਈ ਤਿਆਰ ਕਰਨਾ ਚਾਹੀਦਾ ਹੈ।

"ਕਿਸ਼ਨ ਸਿੰਘ ਨੇ ਉਸ ਵੇਲੇ ਕਰਮ ਸਿੰਘ ਦੌਲਤਪੁਰ ਨੂੰ ਮਿਲਣ ਦੀ ਇੱਛਾ ਜਾਹਰ ਕੀਤੀ ਅਤੇ ਅਸੀਂ ਸਾਰੇ ਦੌਲਤਪੁਰ ਲਈ ਚੱਲ ਪਏ। ਪਹਿਲਾਂ ਅਸੀਂ ਦੌਲਤਪੁਰ ਨਗੀਨਾ ਸਿੰਘ ਸੁਨਿਆਰੇ ਨੂੰ ਮਿਲੇ, ਜੀਹਨੇ ਇਕ ਬੱਕਰਾ ਝਟਕਾ ਕੇ ਸਾਡੀ ਸੇਵਾ ਕੀਤੀ। ਉਸ ਵੇਲੇ ਕਰਮ ਸਿੰਘ ਉਥੇ ਨਹੀਂ ਸਨ।" ਨਗੀਨਾ ਸਿੰਘ ਸੁਨਿਆਰੇ ਨੂੰ 216 ਅਧੀਨ ਬਾਅਦ ਵਿਚ ਕੈਦ ਕੱਟਣੀ ਪਈ ਸੀ।

ਅੱਧੀ ਕੁ ਰਾਤ ਨੂੰ ਕਿਸ਼ਨ ਸਿੰਘ, ਕਰਮ ਸਿੰਘ ਝਿੰਗੜ, ਬਾਬੂ ਸੰਤਾ ਸਿੰਘ ਅਤੇ ਆਸਾ ਸਿੰਘ ਹਿਆਤਪੁਰ ਰੁੜਕੀ ਨੂੰ ਚਲੇ ਗਏ ਅਤੇ ਅਤੇ ਬਾਕੀ ਸਾਥੀ ਦੌਲਤਪੁਰ ਹੀ ਰਹੇ। "ਅਸੀਂ ਸੁਰਜਨ ਸਿੰਘ, ਸੁੰਦਰ ਸਿੰਘ ਅਤੇ ਧਰਮ ਸਿੰਘ ਕੋਲ ਠਹਿਰੇ। ਸੁੰਦਰ ਸਿੰਘ ਅਤੇ ਧਰਮ ਸਿੰਘ ਸੁਰਜਨ ਸਿੰਘ ਦੇ ਭਤੀਜੇ ਹਨ ਅਤੇ ਵਖੋ-ਵੱਖਰੇ ਰਹਿੰਦੇ ਹਨ। ਅਸੀਂ ਰਾਤ ਉਹਨਾਂ ਕੋਲ ਹੀ ਠਹਿਰੇ ਅਤੇ ਕਿਸ਼ਨ ਸਿੰਘ ਦੀ ਮੈਂ ਉਹਨਾਂ ਨਾਲ ਵਾਕਫ਼ੀ ਕਰਵਾਈ ਤੇ ਦਸਿਆ ਕਿ ਇਹ ਵੀ ਸਾਡੇ ਜਥੇ ਦੇ ਪੱਕੇ ਮੈਂਬਰ ਹਨ।"

ਆਸਾ ਸਿੰਘ ਬਿਆਨ ਜਾਰੀ ਰਖਦਾ ਹੈ ਕਿ "ਮੈਂ ਇਹਨਾਂ ਨੂੰ ਨਾਲ ਲੈ ਕੇ ਹੋਰਨਾਂ ਪਿੰਡਾਂ ਵਿਚ ਆਪਣੇ ਸਾਥੀਆਂ ਦੀ ਜਾਣਕਾਰੀ ਭਾਈ ਕਿਸ਼ਨ ਸਿੰਘ ਹੁਰਾਂ ਨਾਲ ਕਰਾਉਂਦਾ ਰਿਹਾ।"

ਪੇਪਰ-ਬੁੱਕ ਦੇ ਸਫ਼ਾ 220 ਉੱਤੇ ਆਸਾ ਸਿੰਘ ਬਿਆਨ ਜਾਰੀ ਰਖਦਾ ਦਸਦਾ ਹੈ ਕਿ "ਬਾਬੂ ਸੰਤਾ ਸਿੰਘ ਹਿਆਤਪੁਰੋਂ ਹੀ ਵਾਪਸ ਚਲਿਆ ਗਿਆ ਸੀ ਅਤੇ ਅਸੀਂ ਤਿੰਨੇ, ਭਾਈ ਕਿਸ਼ਨ ਸਿੰਘ, ਕਰਮ ਸਿੰਘ ਝਿੰਗੜ ਅਤੇ ਆਸਾ ਸਿੰਘ ਹੀ ਰਹਿ ਗਏ ਸੀ। ਅਖ਼ੀਰ ਘੁੰਮਦੇ-ਘੁਮਾਉਂਦੇ ਅਸੀਂ ਤਿੰਨੇ ਪਤਾਰੇ ਊਧਮ ਸਿੰਘ ਦੇ ਖੂਹ ਉੱਤੇ ਆ ਗਏ, ਜਿਥੇ ਸਾਥੋਂ ਪਹਿਲਾਂ ਹਰੀ ਸਿੰਘ ਜਲੰਧਰੀ, ਬੀਬੀ ਰਾਜਿੰਦਰ ਕੌਰ ਤੇ ਉਹਦੇ ਘਰ-ਵਾਲਾ ਰਾਗੀ ਲਾਲ ਸਿੰਘ, ਭਾਗ ਸਿੰਘ ਕੈਨੇਡੀਅਨ, ਬਾਬੂ ਸੰਤਾ ਸਿੰਘ ਅਤੇ ਮਾਸਟਰ ਮੋਤਾ ਸਿੰਘ ਗੱਲਾਂ ਕਰ ਰਹੇ ਸਨ। ਅਸੀਂ ਤਿੰਨੇ ਵੀ ਪੁੱਜ ਗਏ।"

ਹਰੀ ਸਿੰਘ ਜਲੰਧਰੀ ਦਾ ਸੰਬੰਧ ਅਖ਼ਬਾਰ "ਪ੍ਰਦੇਸੀ ਖ਼ਾਲਸਾ" ਨਾਲ ਸੀ, ਜਿਸ ਵਿਚ ਉਹਨਾਂ ਨੇ ਭਾਈ ਕਿਸ਼ਨ ਸਿੰਘ ਅਤੇ ਕਰਮ ਸਿੰਘ ਝਿੰਗੜ ਦੇ ਖ਼ਿਲਾਫ਼ ਕਈ ਮਜ਼ਮੂਨ ਲਿਖੇ ਸਨ ਕਿ ਇਹ ਦੋਨੋਂ ਮਹਾਰਾਜਾ ਨਾਭਾ ਦੇ ਏਜੰਟ ਹਨ ਅਤੇ ਉਹਤੋਂ ਮਾਇਆ ਲੈ ਕੇ ਸ਼ਾਂਤਮਈ ਤਹਿਰੀਕ, ਜਿਹੜੀ ਅਕਾਲੀਆਂ ਨੇ ਜਾਰੀ ਕੀਤੀ ਹੋਈ ਹੈ, ਦੇ ਉਲਟ ਤਸ਼ੱਦਦ ਦਾ ਪ੍ਰਚਾਰ ਕਰਕੇ ਲੋਕਾਂ ਨੂੰ ਉਲਟੇ ਰਸਤੇ ਪਾ ਰਹੇ ਹਨ। ਇਸੇ ਗ਼ਲਤਫ਼ਹਿਮੀ ਨੂੰ ਦੂਰ ਕਰਨ ਲਈ ਭਾਈ ਕਿਸ਼ਨ ਸਿੰਘ ਪਹਿਲਾਂ ਜਾ ਕੇ ਹਰੀ ਸਿੰਘ ਨੂੰ ਜਲੰਧਰ ਮਿਲ ਚੁੱਕੇ ਸਨ। ਮੈਂ ਪਹਿਲਾਂ ਹੀ ਸੰਤ ਕਰਤਾਰ ਸਿੰਘ ਦਾ ਬਿਆਨ ਦਰਜ ਕਰ ਚੁਕਿਆ ਹਾਂ। ਉਸ ਵੇਲੇ ਵਿਰੋਧ ਦੂਰ ਨਹੀਂ ਸਨ ਹੋ ਸਕੇ। ਫੇਰ ਮੁਲਾਕਾਤ ਦਾ ਫ਼ੈਸਲਾ ਕਰਕੇ ਭਾਈ ਸਾਹਿਬ ਨੇ ਸਾਰੀ ਗੱਲ ਮਾਸਟਰ ਮੋਤਾ ਸਿੰਘ ਨੂੰ ਜਾ ਦੱਸੀ ਸੀ। ਮਾਸਟਰ ਸਾਹਿਬ ਨੇ ਜਲੰਧਰੀ ਸਾਹਿਬ ਦੀ ਗ਼ਲਤਫ਼ਹਿਮੀ ਦੂਰ ਕਰਨ ਲਈ ਹਰੀ ਸਿੰਘ ਨੂੰ ਸੱਦ ਘਲਿਆ ਸੀ ਅਤੇ ਕੁਦਰਤੀ ਹੀ ਭਾਈ ਕਿਸ਼ਨ ਸਿੰਘ ਤੇ ਕਰਮ ਸਿੰਘ ਝਿੰਗੜ ਵੀ ਆ ਗਏ।

ਆਸਾ ਸਿੰਘ ਦਸਦਾ ਹੈ ਕਿ ਪਹਿਲਾਂ ਤਾਂ ਹਰੀ ਸਿੰਘ ਅੜੇ ਰਹੇ। ਫੇਰ ਮਾਸਟਰ ਮੋਤਾ ਸਿੰਘ ਦੇ ਸਮਝਾਉਣ ਉੱਤੇ ਕਿ ਇਹ ਨਾ ਤਾਂ ਨਾਭੇ ਵਾਲੇ ਰਾਜੇ ਦੇ ਏਜੰਟ ਹਨ ਅਤੇ ਨਾ ਹੀ ਕੋਈ ਰਕਮ ਲੈ ਰਹੇ ਹਨ, ਸਗੋਂ ਦੋਨੋਂ ਉੱਚ-ਕੋਟੀ ਦੇ ਦੇਸਭਗਤ ਹਨ, ਆਖ਼ਰ ਹਰੀ ਸਿੰਘ ਜਲੰਧਰੀ ਰਜ਼ਾਮੰਦ ਹੋਏ ਕਿ ਅਗੋਂ ਲਈ ਉਹ ਇਹੋ ਜਿਹਾ ਭੰਡੀ-ਪ੍ਰਚਾਰ ਬੰਦ ਕਰ ਦੇਣਗੇ ਅਤੇ ਹਰ ਕਿਸਮ ਦਾ ਸੰਕੋਚ ਵਰਤਣਗੇ।

ਫੇਰ ਮਾਸਟਰ ਮੋਤਾ ਸਿੰਘ ਨੇ ਹਰੀ ਸਿੰਘ ਨੂੰ ਸਲਾਹ ਦਿੱਤੀ ਕਿ "ਪ੍ਰਦੇਸੀ ਖ਼ਾਲਸਾ" ਅਖ਼ਬਾਰ ਅੰਮ੍ਰਿਤਸਰ ਦੀ ਥਾਂ ਜਲੰਧਰੋਂ ਨਿਕਲਣਾ ਚਾਹੀਦਾ ਹੈ, ਕਿਉਂਕਿ ਇਹ ਅਖ਼ਬਾਰ ਕੈਨੇਡਾ ਤੋਂ ਆਏ ਦੁਆਬੀਆਂ ਦੀ ਮਾਲੀ ਮਦਦ ਨਾਲ ਨਿਕਲ ਰਿਹਾ ਹੈ। ਹਰੀ ਸਿੰਘ ਨੇ ਵਾਇਦਾ ਕੀਤਾ ਕਿ ਦੋ ਹਫ਼ਤਿਆਂ ਦੇ ਅੰਦਰ-ਅੰਦਰ "ਪ੍ਰਦੇਸੀ ਖ਼ਾਲਸਾ" ਜਲੰਧਰੋਂ ਨਿਕਲਣਾ ਸ਼ੁਰੂ ਹੋ ਜਾਵੇਗਾ। ਇਉਂ ਮੀਟਿੰਗ ਵਧੀਆ ਮਾਹੌਲ ਵਿਚ ਖ਼ਤਮ ਹੋ ਗਈ।

ਅਗਲੇ ਦਿਨ ਭਾਈ ਕਿਸ਼ਨ ਸਿੰਘ, ਕਰਮ ਸਿੰਘ ਝਿੰਗੜ ਅਤੇ ਆਸਾ ਸਿੰਘ ਉਥੋਂ ਚੱਲ ਪਏ। ਰਾਹ ਵਿਚ ਕਿਸ਼ਨ ਸਿੰਘ ਨੇ ਆਸਾ ਸਿੰਘ ਨੂੰ ਕਿਹਾ ਕਿ ਕਰਮ ਸਿੰਘ ਦੌਲਤਪੁਰ ਬੜਾ ਕਾਬਲ ਤੇ ਵਧੀਆ ਵਰਕਰ ਹੈ, ਇਸ ਲਈ ਉਹ ਕਰਮ ਸਿੰਘ ਨਾਲ ਮਿਲ ਕੇ ਸਲਾਹ-ਮਸ਼ਵਰਾ ਕਰਨਾ ਚਾਹੁੰਦੇ ਹਨ ਤੇ ਹੋਰ ਮੈਂਬਰ ਜਥੇ ਵਿਚ ਭਰਤੀ ਕਰਨਾ ਚਾਹੁੰਦੇ ਹਨ। ਸੋ ਆਸਾ ਸਿੰਘ ਦੋਹਾਂ ਦੀ ਮੁਲਾਕਾਤ ਦਾ ਪ੍ਰਬੰਧ ਕਰੇ। ਆਸਾ ਸਿੰਘ ਨੇ ਪੁੱਛਿਆ ਕਿ ਉਹ ਕਰਮ ਸਿੰਘ ਦੌਲਤਪੁਰ ਨੂੰ ਕਿਥੇ ਮਿਲਣਾ ਠੀਕ ਸਮਝਦੇ ਹਨ, ਤਾਂ

ਕਿਸ਼ਨ ਸਿੰਘ ਨੇ ਕਿਹਾ ਕਿ ਪੰਡੋਰੀ ਗੰਗਾ ਸਿੰਘ ਉਹ ਹਜ਼ਾਰਾ ਸਿੰਘ ਦੇ ਘਰ ਦਸ-ਬਾਰਾਂ ਦਿਨਾਂ ਦੇ ਅੰਦਰ-ਅੰਦਰ ਉਹਨਾਂ ਨੂੰ ਲੈ ਆਵੇ। ਆਸਾ ਸਿੰਘ ਸਿੱਧਾ ਦੌਲਤਪੁਰ ਨੂੰ ਚਲਿਆ ਗਿਆ। ਪਰ ਕਰਮ ਸਿੰਘ ਦੌਲਤਪੁਰ ਨਾ ਮਿਲ ਸਕਿਆ। ਕਰਮ ਸਿੰਘ ਪੰਜਾਂ-ਛੇਆਂ ਦਿਨਾਂ ਦੀ ਤਲਾਸ਼ ਬਾਅਦ ਆਸਾ ਸਿੰਘ ਨੂੰ ਨਗਾਹੀਆ ਸਿੰਘ ਖੁਰਦਪੁਰ ਦੇ ਘਰ ਮਿਲ ਪਿਆ। ਉਹਨੇ ਭਾਈ ਕਿਸ਼ਨ ਸਿੰਘ ਦਾ ਸੁਨੇਹਾ ਦਿੱਤਾ। ਪਰ ਕਰਮ ਸਿੰਘ ਨੇ ਕਿਹਾ ਕਿ ਉਹ ਹਾਲੇ ਕਿਤੇ ਨਹੀਂ ਜਾ ਸਕਦਾ, ਕਿਉਂਕਿ ਉਹਦੇ ਭਾਣਜੇ ਦਾ ਜਨਮ ਹੋਇਆ ਹੈ ਅਤੇ ਪਾਠ ਰਖਿਆ ਜਾ ਚੁਕਿਆ ਹੈ ਤੇ ਉਹਦੀ ਹਾਜ਼ਰੀ ਜ਼ਰੂਰੀ ਹੈ। ਸੋ ਬਿਹਤਰ ਇਹੋ ਰਹੇਗਾ ਕਿ ਆਸਾ ਸਿੰਘ ਪੂਰਨਮਾਸ਼ੀ ਵਾਲੇ ਦਿਨ ਭਾਈ ਕਿਸ਼ਨ ਸਿੰਘ ਨੂੰ ਹਿਆਤਪੁਰ ਰੁੜਕੀ ਲੈ ਆਵੇ। ਉਸ ਦਿਨ ਇਕ ਲੜਕੀ ਦੀ ਉਥੇ ਸ਼ਾਦੀ ਹੈ, ਜਿਸ ਵਿਚ ਉਹਨੇ ਜ਼ਰੂਰ ਜਾਣਾ ਹੈ। ਇਹ ਹਾੜ੍ਹ ਦੀ ਪੂਰਨਮਾਸ਼ੀ ਸੀ। ਸਿਰਫ਼ ਦਸ-ਬਾਰਾਂ ਦਿਨ ਬਾਕੀ ਸਨ। ਤੇ ਮੀਹਾਂ ਸਿੰਘ ਦੀ ਲੜਕੀ ਦੀ ਸ਼ਾਦੀ ਸੀ। ਇਹ ਪੂਰਨਮਾਸ਼ੀ 26 ਹਾੜ੍ਹ ਅਥਵਾ 9 ਜੁਲਾਈ 1922 ਵਾਲੇ ਦਿਨ ਦੀ ਸੀ।

ਆਸਾ ਸਿੰਘ ਪੰਡੋਰੀ ਗੰਗਾ ਸਿੰਘ ਨੂੰ ਚਲਿਆ ਗਿਆ ਅਤੇ ਕਰਮ ਸਿੰਘ ਦੌਲਤਪੁਰ ਦਾ ਸੁਨੇਹਾ ਪੁਚਾ ਦਿੱਤਾ। ਭਾਈ ਸਾਹਿਬ ਨੇ ਕਿਹਾ ਕਿ ਠੀਕ ਹੈ। ਦੋਨੋਂ ਆਲੇ-ਦੁਆਲੇ ਘੁੰਮਦੇ-ਘੁਮਾਉਂਦੇ ਜਸੋਵਾਲ ਹਰਬਖ਼ਸ਼ ਸਿੰਘ ਕੋਲ ਆ ਗਏ। ਅਗਲੇ ਦਿਨ ਪੂਰਨਮਾਸ਼ੀ ਸੀ। "ਅਸੀਂ ਹਿਆਤਪੁਰ ਚਲੇ ਗਏ। ਪਰ ਜਾਂਦਿਆਂ ਨੂੰ ਉਥੇ ਪੁਲਸ ਆਈ ਹੋਈ ਸੀ ਜਿਹੜੀ ਕਰਮ ਸਿੰਘ ਦੌਲਤਪੁਰ ਦੀ ਭਾਲ ਵਿਚ ਸੀ, ਕਿਉਂਕਿ ਬਛੌੜੀ ਵਾਲੇ ਕਾਕੇ ਲੰਬੜਦਾਰ ਤੋਂ ਕਰਮ ਸਿੰਘ ਨੇ ਸਰਕਾਰੀ ਮਾਮਲਾ, ਜੋ ਉਹ ਗੜ੍ਹਸ਼ੰਕਰ ਖ਼ਜ਼ਾਨੇ ਵਿਚ ਜਮ੍ਹਾਂ ਕਰਾਉਣ ਜਾ ਰਿਹਾ ਸੀ, ਰਾਹ ਵਿਚ ਹੀ ਖੋਹ ਲਿਆ ਸੀ ਅਤੇ ਲੰਬੜਦਾਰ ਨੇ ਕਰਮ ਸਿੰਘ ਦੌਲਤਪੁਰ ਦਾ ਨਾਂ ਵੀ ਰਪੋਟ ਵਿਚ ਲਿਖਾ ਛਡਿਆ ਸੀ, ਜੀਹਦੀ ਤਲਾਸ਼ ਵਿਚ ਪੁਲਸ ਹਿਆਤਪੁਰ ਰੁੜਕੀ ਆ ਚੁੱਕੀ ਸੀ। ਸੋ ਕਰਮ ਸਿੰਘ ਦੇ ਉਥੇ ਆਉਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।" ਦੋਨੋਂ ਰਾਤ ਸੁਰਜਨ ਸਿੰਘ ਦੀ ਹਵੇਲੀ ਵਿਚ ਠਹਿਰੇ। ਅਗਲੀ ਸਵੇਰੇ ਮੁੜ ਕਈਆਂ ਪਿੰਡਾਂ ਵਿਚ ਲੈਕਚਰ ਕਰਦੇ ਹੋਏ ਗੁਰਦੁਆਰਾ ਕਿਸ਼ਨਪੁਰੇ ਪੁੱਜ ਗਏ। ਆਸਾ ਸਿੰਘ ਦਸਦਾ ਹੈ ਕਿ ਉਹ ਨਜ਼ਮਾਂ ਪੜ੍ਹਦਾ ਸੀ ਅਤੇ ਭਾਈ ਕਿਸ਼ਨ ਸਿੰਘ ਲੈਕਚਰ ਕਰਿਆ ਕਰਦੇ ਸਨ।

# 18. ਰਾਮ ਦਿੱਤਾ ਉਰਫ਼ ਕਾਕਾ ਲੰਬੜਦਾਰ ਬਛੌੜੀ ਵਾਲੇ ਤੋਂ ਸਰਕਾਰੀ ਮਾਮਲਾ ਖੋਹੇ ਜਾਣਾ

3 ਜੁਲਾਈ 1922 ਨੂੰ ਬਛੌੜੀ ਦਾ ਲੰਬੜਦਾਰ ਰਾਮ ਦਿੱਤਾ ਉਰਫ਼ ਕਾਕਾ ਸਰਕਾਰੀ ਮਾਮਲਾ ਤਾਰਨ ਵਾਸਤੇ ਗੜ੍ਹਸ਼ੰਕਰ ਨੂੰ ਜਾ ਰਿਹਾ ਸੀ। ਇਹ ਜ਼ਿਲਾ ਹੁਸ਼ਿਆਰਪੁਰ ਦੀ ਉਹਨਾਂ ਦਿਨਾਂ ਵਿਚ ਇਕ ਤਹਿਸੀਲ ਸੀ। ਕੁਦਰਤੀ ਕਰਮ ਸਿੰਘ, ਲਾਭ ਸਿੰਘ ਤੇ ਪ੍ਰੇਮ ਸਿੰਘ, ਤਿੰਨੇ ਦੌਲਤਪੁਰੀਏ ਅਤੇ ਚੌਥਾ ਉਦੇ ਸਿੰਘ ਰਾਮਗੜ੍ਹ ਝੁਗੀਆਂ ਉਹਨੂੰ ਰਾਹ ਵਿਚ ਮਿਲ ਪਏ। ਲੰਬੜਦਾਰ ਘੋੜੀ ਉੱਤੇ ਸਵਾਰ ਸੀ। ਉਹਨਾਂ ਨੇ ਉਹਦੇ ਕੋਲੋਂ ਸਰਕਾਰੀ ਮਾਮਲੇ ਦੀ ਰਕਮ, 570 ਰੁਪਏ 2 ਆਨੇ ਖੋਹ ਲਈ। ਉਸ ਵੇਲੇ ਲੰਬੜਦਾਰ ਦੇ ਨਾਲ ਗੋਪਾਲ ਸਿੰਘ, ਨਬੀ ਬਖ਼ਸ਼ ਅਤੇ ਰਹਿਮਤ ਖਾਂ ਵੀ ਜਾ ਰਹੇ ਸਨ।

ਲੰਬੜਦਾਰ ਨੇ ਬਾਰਾਂ ਬਜੇ ਦੁਪਹਿਰੇ ਥਾਣਾ ਗੜ੍ਹਸ਼ੰਕਰ ਵਿਚ ਜਾ ਰਪਟ ਲਿਖਾਈ, ਜੋ ਥਾਣੇਦਾਰ ਕਾਬਲ ਸਿੰਘ ਨੇ ਦਫ਼ਾ 395 ਅਧੀਨ ਦਰਜ ਕਰ .ਲਈ ਅਤੇ ਪਰਚਾ ਦੇ ਦਿੱਤਾ। ਰਪਟ ਵਿਚ ਲੰਬੜਦਾਰ ਨੇ ਚੌਹਾਂ ਦਾ ਨਾਂ ਵੀ ਲਿਖ· ਦਿੱਤਾ। ਕਰਮ ਸਿੰਘ ਦੌਲਤਪੁਰ ਅਤੇ ਉਦੇ ਸਿੰਘ ਰਾਮਗੜ੍ਹ ਝੁਗੀਆਂ ਮਫ਼ਰੂਰ ਹੋ ਗਏ। ਪੁਲਸ ਨੇ ਪ੍ਰੇਮ ਸਿੰਘ ਨੂੰ ਛੱਡ ਦਿੱਤਾ ਅਤੇ ਇਕੱਲੇ ਲਾਭ ਸਿੰਘ ਉਰਫ਼ ਹਰਨਾਮ ਸਿੰਘ ਦਾ ਚਲਾਨ ਅਦਾਲਤ ਵਿਚ ਪੇਸ਼ ਕਰ ਦਿੱਤਾ, ਜੋ ਬਾਵਾ ਉਜਾਗਰ ਸਿੰਘ ਮੈਜਿਸਟਰੇਟ ਹੁਸ਼ਿਆਰਪੁਰ ਦੀ ਅਦਾਲਤ ਵਿਚ ਪੇਸ਼ ਹੋਇਆ।

21 ਜੁਲਾਈ 1922 ਨੂੰ ਪੇਸ਼ੀ ਹੋਈ। ਅਸਲ ਵਿਚ ਕਾਕੇ ਲੰਬੜਦਾਰ ਨੇ ਰਪਟ ਵਿਚ ਨੌਆਂ ਬੰਦਿਆਂ ਦੇ ਨਾਂ ਲਿਖਾ ਦਿਤੇ ਸਨ ਅਤੇ ਬਿਆਨ ਦਿੱਤਾ ਸੀ ਕਿ ਮੈਨੂੰ ਕੁੱਟ-ਮਾਰ ਕੇ ਮੈਥੋਂ ਸਰਕਾਰੀ ਮਾਮਲਾ ਖੋਹਿਆ ਗਿਆ ਹੈ। ਪਰ ਮੈਜਿਸਟਰੇਟ ਬਾਵਾ ਉਜਾਗਰ ਸਿੰਘ ਨੇ ਲਾਭ ਸਿੰਘ ਨੂੰ ਬਰੀ ਕਰਦਿਆਂ ਉਲਟਾ ਲੰਬੜਦਾਰ ਉੱਤੇ ਇਲਜ਼ਾਮ ਲਾ ਦਿੱਤਾ ਕਿ ਉਹਨੇ ਰਕਮ ਹਜ਼ਮ ਕਰਨ ਲਈ ਝੂਠੀ ਰਪਟ ਲਿਖਾਈ ਹੈ। ਨੌਆਂ ਬੰਦਿਆਂ ਨੇ ਹਮਲਾ ਕਰਕੇ ਰਕਮ ਖੋਹੀ ਹੋਵੇ ਅਤੇ ਲੰਬੜਦਾਰ ਦੇ ਝਰੀਟ ਤਕ ਨਾ ਆਈ ਹੋਵੇ। ਸਾਰੀ ਕਹਾਣੀ ਗ਼ਲਤ ਜਾਪਦੀ ਹੈ। ਜੱਜਮੈਂਟ ਦੇ ਸਫ਼ਾ 65 ਉੱਤੇ ਜੱਜ ਨੇ ਸਾਰੀ ਕਹਾਣੀ ਦਰਜ ਕਰਕੇ ਬਾਵਾ ਉਜਾਗਰ ਸਿੰਘ ਮੈਜਿਸਟਰੇਟ ਦੇ ਫ਼ੈਸਲੇ ਉੱਤੇ ਨੁਕਤਾਚੀਨੀ ਕੀਤੀ ਹੈ। ਸਾਰੇ ਗਵਾਹਾਂ ਦੀ ਸੂਚੀ, ਜਿਹੜੇ ਸਾਡੇ ਕੇਸ ਵਿਚ ਇਸ ਘਟਨਾ ਬਾਰੇ ਭੁਗਤੇ ਸਨ, ਮੈਂ ਦਰਜ ਕਰ ਰਿਹਾ ਹਾਂ। ਲੰਬੜਦਾਰ ਨੇ ਸੈਸ਼ਨ ਜੱਜ

ਸਾਹਮਣੇ ਮੰਨਿਆ ਸੀ ਕਿ ਚੌਂਹ ਦੀ ਥਾਂ ਨੌਆਂ ਦੇ ਨਾਂ ਮੈਂ ਗ਼ਲਤ ਲਿਖਾਏ ਸਨ, ਵਗ਼ੈਰਾ-ਵਗ਼ੈਰਾ।

ਪੇਪਰ-ਬੁੱਕ, ਸਫ਼ਾ 344, ਗਵਾਹ ਨੰ: 85, ਰਾਮ ਦਿੱਤਾ ਉਰਫ਼ ਕਾਕਾ ਵਲਦ ਰੁਲਦੂ, ਉਮਰ 60 ਸਾਲ, ਜ਼ਾਤ ਹਿੰਦੂ-ਜੱਟ, ਪਿੰਡ ਬਛੌੜੀ, ਜ਼ਿਲਾ ਹੁਸ਼ਿਆਰਪੁਰ, ਲੰਬੜਦਾਰ। ਇਸੇ ਦੀ ਤਾਈਦ ਲਈ ਅਗਲੇ ਸਫ਼ਿਆਂ ਉੱਤੇ ਗਵਾਹਾਂ ਦੇ ਬਿਆਨ ਦਰਜ ਹਨ ਜੋ ਬਤੌਰ ਗਵਾਹ ਨੰ: 87 ਗੋਪਾਲ ਸਿੰਘ, 88 ਨਬੀ ਬਖ਼ਸ਼, 89 ਰਹਿਮਤ ਖਾਂ, 90 ਜੀਵਾ ਸਿੰਘ ਅਤੇ 91 ਧਰਮ ਸਿੰਘ ਨੇ ਸਫ਼ਾ 352 ਤਕ ਦਿੱਤੇ। ਥਾਣੇਦਾਰ ਗਵਾਹ ਨੰ. 59 ਦਾ ਬਿਆਨ ਸਫ਼ਾ 309 ਅਤੇ ਬਾਵਾ ਉਜਾਗਰ ਸਿੰਘ ਮੈਜਿਸਟਰੇਟ ਗਵਾਹ ਨੰ: 461 ਦਾ ਬਿਆਨ ਸਫ਼ਾ 805 ਉੱਤੇ ਦਰਜ ਹਨ। ਬਾਵਾ ਜੀ ਸਤਰ 15 ਤੋਂ ਦਸਦੇ ਹਨ ਕਿ ਮੇਰੀ ਰਾਏ ਵਿਚ ਇਸਤਗਾਸਾ ਸਾਬਤ ਨਹੀਂ ਸੀ ਕਰ ਸਕਿਆ ਕਿ ਸਚਮੁੱਚ ਕਾਕੇ ਲੰਬੜਦਾਰ ਕੋਲੋਂ ਉਸ ਵੇਲੇ ਰਕਮ ਖੋਹੀ ਗਈ ਸੀ, ਜਦੋਂ ਕਿ ਉਹਦੇ ਜਿਸਮ ਉੱਤੇ ਕੋਈ ਸੱਟ ਨਹੀਂ ਸੀ। ਇਸ ਕਰਕੇ ਮੁਲਜ਼ਮ ਲਾਭ ਸਿੰਘ ਬਰੀ ਕਰ ਦਿੱਤਾ ਗਿਆ ਸੀ।

ਉਪਰ-ਲਿਖੀ ਖੋਹੀ ਗਈ ਰਕਮ ਨਾਲ ਇਕ ਡੁਪਲੀਕੇਟਰ, ਭਾਵ ਛਾਪੇ ਦੀ ਛੋਟੀ ਮਸ਼ੀਨ, ਸਟੈਂਸਿਲ ਪੈੱਨ, ਭਾਵ ਸਟੀਲ ਦੀ ਕਲਮ, ਮੋਮੀ ਕਾਗ਼ਜ਼ ਅਤੇ ਖ਼ਾਸ ਕਿਸਮ ਦੀ ਸਿਆਹੀ ਲਾਹੌਰ ਤੋਂ ਖ਼ਰੀਦੀ ਗਈ। ਇਸ ਗੱਲ ਦੀ ਤਸਦੀਕ ਲਈ ਗਵਾਹ ਨੰ: 315 ਪੇਸ਼ ਕੀਤਾ ਗਿਆ। ਉਹਦਾ ਬਿਆਨ ਪੇਪਰ-ਬੁੱਕ ਦੇ ਸਫ਼ਾ 619 ਉੱਤੇ ਦਰਜ ਹੈ। ਇਹ ਸਰਕਾਰੀ ਗਵਾਹ ਨੰ: 315, ਮਿਲਖੀ ਰਾਮ ਵਲਦ ਨਿਹਾਲ ਚੰਦ, ਉਮਰ 31 ਸਾਲ, ਜ਼ਾਤ ਖੱਤਰੀ, ਲਾਹੌਰ, ਮੈਨੇਜਰ ਪੰਜਾਬ ਰਿਲਿਜਿਸ ਬੁੱਕ ਸੁਸਾਇਟੀ ਆਪਣੇ ਬਿਆਨ ਵਿਚ ਕਹਿੰਦਾ ਹੈ :

"ਪੰਜਾਬ ਰਿਲਿਜਿਸ ਬੁੱਕ ਸੁਸਾਇਟੀ ਹੀ ਇਕੋ-ਇਕ ਸੁਸਾਇਟੀ ਹੈ ਜਿਹੜੀ ਐਲਮਜ਼ ਡੁਪਲੀਕੇਟਰ ਮਸ਼ੀਨ ਵੇਚ ਸਕਦੀ ਹੈ। ਸੂਬੇ ਵਿਚ ਸਾਡੀ ਇਜਾਜ਼ਤ ਤੋਂ ਬਿਨਾਂ ਹੋਰ ਕੋਈ ਇਹ ਮਸ਼ੀਨ ਨਹੀਂ ਵੇਚ ਸਕਦਾ। ਜਿੰਨੀਆਂ ਮਸ਼ੀਨਾਂ ਅਸੀਂ ਵੇਚ ਚੁੱਕੇ ਹਾਂ, ਸਭ ਕੈਸ਼-ਬੁੱਕ ਵਿਚ ਦਰਜ ਹਨ। ਮੈਂ ਮੀਮੋ ਪੀ ਏ 538 ਦੇਖਿਆ ਹੈ, ਜਿਸ ਵਿਚ ਅਪ੍ਰੈਲ 1922 ਤੋਂ ਅਪ੍ਰੈਲ 1923 ਤੱਕ ਕੁੱਲ ਸੱਤ ਮਸ਼ੀਨਾਂ ਵੇਚੀਆਂ ਦੀ ਪੂਰੀ ਤਫ਼ਸੀਲ ਦਰਜ ਹੈ। ਇਕ ਮਸ਼ੀਨ ਦੀ ਕੀਮਤ ਇਕ ਸੌ ਰੁਪਏ ਹੈ। ਪੀ ਏ 538 ਸਾਰਾ ਮੇਰੀ ਕਲਮ ਨਾਲ ਲਿਖਿਆ ਹੋਇਆ ਹੈ ਜਿਹੜਾ ਮੈਂ ਕਿਤਾਬ ਵਿਚੋਂ ਨਕਲ ਕੀਤਾ ਸੀ। ਪੀ ਏ 26 ਜੋ ਅਦਾਲਤ ਵਿਚ ਪਈ ਹੈ, ਸਾਡੀ ਦੁਕਾਨ ਤੋਂ ਹੀ ਖ਼ਰੀਦੀ ਗਈ ਸੀ। ਸਿਵਾਏ ਸਾਡੀ ਦੁਕਾਨ ਤੋਂ ਉਪਰ-ਦੱਸੀਆਂ ਕੁੱਲ ਚੀਜ਼ਾਂ ਮਸ਼ੀਨ, ਕਲਮ, ਮੋਮੀ ਕਾਗ਼ਜ਼ ਅਤੇ ਸਿਆਹੀ ਹੋਰ ਕੋਈ ਨਹੀਂ ਵੇਚ ਸਕਦਾ, ਵਗ਼ੈਰ-ਵਗ਼ੈਰਾ।" ਇਹ ਬਿਆਨ 18 ਅਕਤੂਬਰ 1924 ਨੂੰ ਹੋਇਆ ਸੀ।

ਇਹਤੋਂ ਬਾਅਦ ਇਸੇ ਰਕਮ ਵਿਚੋਂ ਦੋ ਬੰਦੂਕਾਂ ਖ਼ਰੀਦੀਆਂ ਗਈਆਂ ਸਨ। ਉਹਨਾਂ ਦੀ ਤਸਦੀਕ ਵੀ ਗਵਾਹਾਂ ਨੇ ਕੀਤੀ ਸੀ।

ਪੇਪਰ-ਬੁੱਕ, ਸਫ਼ਾ 640, ਸਰਕਾਰੀ ਗਵਾਹ ਨੰ: 332, ਉਮਰ ਦਰਾਜ਼ ਵਲਦ ਮੌਲਾ ਬਖ਼ਸ਼, ਉਮਰ 30 ਸਾਲ, ਜ਼ਾਤ ਸ਼ੇਖ਼, ਪਿੰਡ ਨਾਹਨ, ਰਿਆਸਤ ਸਿਰਮੌਰ ਆਪਣੇ ਬਿਆਨ ਵਿਚ ਕਹਿੰਦਾ ਹੈ :

"ਦੋ ਸਾਲ ਹੋਏ ਮੈਂ ਇਕ ਨਾਲੀ ਵਾਲੀ ਇਕ ਬੰਦੂਕ 65 ਰੁਪਏ ਵਿਚ ਜੰਗਲਾਤ ਦੇ ਮਹਿਕਮੇ ਦੇ ਇਕ ਅਫ਼ਸਰ, ਪਸ਼ੌਰੀ ਲਾਲ ਤੋਂ ਖ਼ਰੀਦੀ ਸੀ। ਜਿਹੜੀ ਬੰਦੂਕ ਪੀ 431 ਅਦਾਲਤ ਨੇ ਮੈਨੂੰ ਦਿਖਾਈ ਹੈ, ਜੀਹਦਾ ਨੰ: 1824 ਹੈ, ਉਹੋ ਹੀ ਹੈ ਜਿਹੜੀ ਮੈਂ ਖ਼ਰੀਦੀ ਸੀ। ਮੈਂ ਇਹ ਬੰਦੂਕ ਮੁਨਾਫ਼ਾ ਕਮਾਉਣ ਲਈ ਖ਼ਰੀਦੀ ਸੀ। ਸੂਰਜਪੁਰ ਦਾ ਲਾਲ ਸਿੰਘ ਲੰਬੜਦਾਰ ਦੋ ਸਿੱਖਾਂ ਨੂੰ ਨਾਲ ਲੈ ਕੇ ਮੇਰੇ ਕੋਲ ਆਇਆ ਅਤੇ ਮੈਥੋਂ ਇਹੋ ਬੰਦੂਕ ਉਹਨਾਂ ਨੇ 75 ਰੁਪਏ ਵਿਚ ਖ਼ਰੀਦ ਲਈ। ਲਾਲ ਸਿੰਘ ਨੇ ਇਹ ਰਕਮ ਇਕ ਚੰਗੇ ਮਜ਼ਬੂਤ ਜਿਸਮ ਵਾਲੇ ਸਿਖ ਤੋਂ ਲੈ ਕੇ ਮੈਨੂੰ ਦਿੱਤੀ ਸੀ। ਪੀ ਏ 181 ਫ਼ੋਟੋ ਉਸੇ ਸਿੱਖ ਦੀ ਹੈ, ਜੀਹਤੋਂ ਰਕਮ ਲੈ ਕੇ ਦਿਤੀ ਸੀ। (ਇਹ ਫ਼ੋਟੋ ਬਬਰ ਕਰਮ ਸਿੰਘ ਦੀ ਸੀ।)

"ਛੇਆਂ ਕੁ ਮਹੀਨਿਆਂ ਬਾਅਦ ਇਹੋ ਫੋਟੋ ਵਾਲਾ ਸਿੰਘ ਇਕ ਹੋਰ ਸਿੱਖ ਜਿਹੜਾ ਐਸ ਵੇਲੇ ਅਦਾਲਤ ਵਿਚ ਵਾਇਦਾ-ਮੁਆਫ਼ ਨੰ: 13, ਰਾਮ ਸਿੰਘ ਹੈ, ਨੂੰ ਨਾਲ ਲੈ ਕੇ ਆਇਆ ਅਤੇ ਕਿਹਾ ਸਾਨੂੰ ਇਕ ਹੋਰ ਬੰਦੂਕ ਦੀ ਲੋੜ ਹੈ। ਮੇਰੇ ਕੋਲ ਤਾਂ ਹੋਰ ਕੋਈ ਵਿਕਾਊ ਬੰਦੂਕ ਉਸ ਵੇਲੇ ਮੌਜੂਦ ਨਹੀਂ ਸੀ, ਪਰ ਮੈਨੂੰ ਪਤਾ ਸੀ ਕਿ ਰਹੀਮ-ਉਦ-ਦੀਨ ਵਲਦ ਸ਼ਾਦੀ ਲੁਹਾਰ, ਨਾਹਨ, ਗਵਾਹ ਨੰ: 231 ਕੋਲ ਇਕ ਬੰਦੂਕ ਹੈ ਜਿਹੜੀ ਉਹ ਵੇਚਣੀ ਚਾਹੁੰਦਾ ਹੈ। ਮੈਂ ਦੋਹਾਂ ਸਿੱਖਾਂ ਨੂੰ ਨਾਲ ਲੈ ਕੇ 100 ਰੁਪਏ ਵਿਚ ਉਹ ਬੰਦੂਕ ਲੈ ਦਿੱਤੀ ਅਤੇ ਉਹਨਾਂ ਨੇ ਮੈਥੋਂ ਛੇਆਂ ਰੁਪਿਆਂ ਦੇ 24-25 ਕਾਰਤੂਸ ਵੀ ਖ਼ਰੀਦ ਲਏ। ਇਹ ਪੈਸੇ ਵੀ ਉਸੇ ਮਜ਼ਬੂਤ ਜਿਸਮ ਵਾਲੇ ਸਿੱਖ ਨੇ ਹੀ ਦਿੱਤੇ ਸਨ।"

ਪੇਪਰ-ਬੁੱਕ, ਸਫ਼ਾ 669, ਸਰਕਾਰੀ ਗਵਾਹ ਨੰ: 353, ਚੈਂਚਲ ਸਿੰਘ ਵਲਦ ਝੰਡਾ ਸਿੰਘ, ਉਮਰ 50 ਸਾਲ, ਜ਼ਾਤ ਜੱਟ, ਪਿੰਡ ਪੁਰੋਵਾਲ, ਰਿਆਸਤ ਸਿਰਮੌਰ 23 ਅਕਤੂਬਰ 1924 ਨੂੰ ਆਪਣੇ ਬਿਆਨ ਵਿਚ ਕਹਿੰਦਾ ਹੈ :

"ਕੋਈ ਢਾਈ ਸਾਲ ਹੋਏ ਹਨ, ਕਾਲੀਆਂ ਪੱਗਾਂ ਵਾਲੇ ਦੋ ਸਿੱਖ ਮੇਰੇ ਪਿੰਡ ਆਏ। ਤਰਕਾਲਾਂ ਦਾ ਵੇਲਾ ਸੀ। ਅਸੀਂ ਕਈ ਬੰਦੇ ਉਸ ਵੇਲੇ ਧਰਮਸ਼ਾਲਾ ਵਿਚ ਬੈਠੇ ਹੋਏ ਸੀ। ਥੋੜ੍ਹਾ-ਥੋੜ੍ਹਾ ਮੀਂਹ ਪੈ ਰਿਹਾ ਸੀ। ਅਕਾਲੀ ਮੀਂਹ ਕਰਕੇ ਉਥੇ ਠਹਿਰ ਗਏ। ਦੂਜੇ ਦਿਨ ਮੈਂ ਨਾਹਨ ਜਾ ਰਿਹਾ ਸੀ, ਤਾਂ ਉਹਨਾਂ ਨੇ ਕਿਹਾ ਕਿ ਅਸੀਂ ਵੀ ਉਥੇ ਹੀ ਜਾ ਰਹੇ ਹਾਂ। ਸੋ ਅਸੀਂ ਤਿੰਨੇ ਨਾਹਨ ਚਲੇ ਗਏ ਅਤੇ ਰਾਤ ਗੁਰਦੁਆਰੇ ਠਹਿਰੇ। ਅਗਲੇ ਦਿਨ ਉਹਨਾਂ ਨੇ ਮੈਥੋਂ ਪੁਛਿਆ ਕਿ ਸਾਨੂੰ ਕੋਈ ਬੰਦੂਕ ਮਿਲ ਸਕਦੀ ਹੈ ? ਮੈਨੂੰ ਪਤਾ ਸੀ ਕਿ ਤਹਿਸੀਲਦਾਰ ਰਾਮਾ ਨੰਦ ਆਪਣੀ ਬੰਦੂਕ ਵੇਚਣੀ ਚਾਹੁੰਦਾ ਹੈ। ਮੈਂ 150 ਰੁਪਏ ਵਿਚ ਬੰਦੂਕ ਦੁਆ ਦਿੱਤੀ। ਅਦਾਲਤ ਵਿਚ ਪੀ 201 ਉਹੋ ਬੰਦੂਕ ਹੈ। ਮੈਨੂੰ ਉਹਨਾਂ ਨੇ ਆਪਣੇ ਨਾਂ ਕਰਮ ਸਿੰਘ ਅਤੇ ਉਦੇ ਸਿੰਘ ਦੱਸੇ ਸਨ। ਪੀ ਏ 181 ਫ਼ੋਟੋ ਕਰਮ ਸਿੰਘ ਦੀ ਹੈ ਅਤੇ ਪੀ ਏ 182 ਉਦੇ ਸਿੰਘ ਦੀ ਹੈ।"

ਪੇਪਰ-ਬੁੱਕ, ਸਫ਼ਾ 578, ਗਵਾਹ ਨੰ: 280, ਰਾਮਾ ਨੰਦ ਵਲਦ ਯਾਦ ਰਾਮ, ਉਮਰ 45 ਸਾਲ, ਜੱਟ, ਪੀ ਏ ਕੁਲੈਕਟਰ ਨਾਹਨ, ਰਿਆਸਤ ਸਿਰਮੌਰ ਆਪਣੇ ਬਿਆਨ ਵਿਚ 15 ਅਕਤੂਬਰ 1924 ਨੂੰ ਕਹਿੰਦਾ ਹੈ :

"ਮੇਰੇ ਕੋਲ ਬਾਰਾਂ-ਬੋਰ ਦੁਨਾਲੀ ਬੰਦੂਕ ਸੀ। ਕੋਈ ਢਾਈ ਕੁ ਸਾਲ ਹੋਏ, ਮੇਰਾ

ਵਾਕਫ ਚੈਂਚਲ ਸਿੰਘ ਪੁਰੋਵਾਲ, ਤਹਿਸੀਲ ਪਾਉਂਟਾ ਸਾਹਿਬ ਮੇਰੇ ਕੋਲ ਦੋ ਸਿੱਖਾਂ ਨੂੰ ਲੈ ਕੇ ਆਇਆ ਅਤੇ ਮੈਂ ਉਹਨਾਂ ਨੂੰ 150 ਰੁਪਏ ਵਿਚ ਆਪਣੀ ਉਹ ਬੰਦੂਕ ਵੇਚ ਦਿੱਤੀ। ਪੀ 201 ਉਹੋ ਹੀ ਦੁਨਾਲੀ ਬੰਦੂਕ ਹੈ।" ਅਸਲਾ ਵੇਚਣ ਦੀ ਰਿਆਸਤ ਵਿਚ ਕੋਈ ਮਨਾਹੀ ਨਹੀਂ ਸੀ।

* * *

ਮਸ਼ੀਨ ਆ ਜਾਣ ਪਿਛੋਂ ਪਹਿਲਾ "ਬਬਰ ਅਕਾਲੀ ਦੁਆਬਾ" ਪਰਚਾ ਛਾਪਿਆ ਗਿਆ ਅਤੇ ਐਡੀਟਰ ਦਾ ਨਾਂ ਕਰਮ ਸਿੰਘ ਦੌਲਤਪੁਰ ਬਬਰ ਅਕਾਲੀ ਲਿਖਿਆ ਗਿਆ। ਇਸ ਪਰਚੇ ਵਿਚ ਬਾਗੀਆਨਾ ਨਜ਼ਮਾਂ ਜਿਆਦਾ ਸਨ ਅਤੇ ਮਜ਼ਮੂਨ ਛੋਟਾ ਜਿਹਾ ਸੀ। ਇਹ ਮਜ਼ਮੂਨ ਅੰਗਰੇਜ਼ ਹਕੂਮਤ ਵਿਰੁੱਧ ਭੜਕੀਲਾ ਸੀ ਅਤੇ ਝੋਲੀ-ਚੁੱਕਾਂ ਨੂੰ ਵਾਰਨਿੰਗ ਦਿੱਤੀ ਗਈ ਸੀ ਕਿ ਉਹ ਭੈੜੀਆਂ ਕਰਤੂਤਾਂ ਤੋਂ ਬਾਜ਼ ਆ ਜਾਣ, ਨਹੀਂ ਤਾਂ ਬਬਰ ਅਕਾਲੀਆਂ ਨੂੰ ਉਹਨਾਂ ਦਾ ਸੁਧਾਰ ਕਰਨ ਲਈ ਮਜਬੂਰ ਹੋਣਾ ਪਵੇਗਾ। ਕੋਈ ਤਿੰਨ ਕੁ ਸੌ ਪਰਚੇ ਛਾਪੇ ਗਏ ਸਨ। ਹੇਠ ਕਰਮ ਸਿੰਘ ਦੌਲਤਪੁਰ ਬਬਰ ਅਕਾਲੀ ਦੇ ਨਾਂ ਤੋਂ ਇਲਾਵਾ ਲਿਖਿਆ ਹੋਇਆ ਸੀ ਕਿ ਸਫ਼ਰੀ ਪ੍ਰੈੱਸ ਵਿਚ ਤਾਰੀਖ਼ 22 ਅਗਸਤ 1922 ਨੂੰ ਛਪਿਆ।

ਬੱਸ ਉਸੇ ਦਿਨ ਸਭ ਤੋਂ ਪਹਿਲਾਂ ਕਰਮ ਸਿੰਘ ਦੌਲਤਪੁਰੀ ਬਬਰ ਬਣ ਗਏ। ਬਾਅਦ ਵਿਚ ਅਸੀਂ ਉਹਨਾਂ ਨੂੰ ਬਬਰ ਸਾਹਿਬ ਕਰਕੇ ਸੱਦਣ ਲੱਗ ਪਏ ਅਤੇ ਉਹਨਾਂ ਨੇ ਵੀ ਆਖ਼ਰੀ ਸਵਾਸਾਂ ਤੱਕ ਸਿਦਕ-ਦਿਲੀ ਨਾਲ ਇਸ ਉੱਤੇ ਅਮਲ ਕੀਤਾ। ਫੇਰ ਸਾਰੀ ਲਹਿਰ ਹੀ ਬਬਰ ਲਹਿਰ ਬਣ ਤੁਰੀ। ਪਾਰਸ ਨਾਲ ਲੋਹਾ ਛੋਹਣ ਵਾਂਗ ਅਸੀਂ ਵੀ ਬਬਰ ਬਣ ਗਏ।

ਮੈਂ ਪਹਿਲਾਂ ਦੱਸ ਆਇਆ ਹਾਂ ਕਿ ਭਾਈ ਕਿਸ਼ਨ ਸਿੰਘ ਅਤੇ ਆਸਾ ਸਿੰਘ ਪਿੰਡਾਂ ਵਿਚ ਲੈਕਚਰ ਕਰਦੇ ਅਤੇ ਨਜ਼ਮਾਂ ਪੜ੍ਹਦੇ ਗੁਰਦੁਆਰਾ ਕਿਸ਼ਨਪੁਰਾ ਪੁੱਜ ਗਏ ਸਨ। ਉਥੋਂ ਉਹ ਹਰੀਪੁਰ ਸ਼ਿਵ ਸਿੰਘ ਕੋਲ ਆਏ ਅਤੇ ਉਹਤੋਂ ਪਤਾ ਕੀਤਾ ਕਿ ਮਹੱਦੀਪੁਰੀਏ ਸਫ਼ੈਦਪੋਸ਼ ਬਾਬਤ ਕੀ ਬਣਿਆ। ਉਹਤੋਂ ਹੋਰ ਸਾਰੀ ਹਾਲਤ ਦਾ ਵੀ ਪਤਾ ਕੀਤਾ। ਮੁੜ ਰਾਤ ਨੂੰ ਹਰੀਪੁਰ ਜਲਸਾ ਕੀਤਾ, ਜੀਹਦੀ ਗਵਾਹੀ ਜ਼ੈਲਦਾਰ ਗੱਜਾ ਸਿੰਘ ਹਰੀਪੁਰ ਨੇ ਦਿਤੀ।

ਪੇਪਰ-ਬੁੱਕ, ਸਫ਼ਾ 371, ਸਰਕਾਰੀ ਗਵਾਹ ਨੰ: 102, ਗੱਜਾ ਸਿੰਘ ਵਲਦ ਭਗਵਾਨ ਸਿੰਘ, ਉਮਰ 33 ਸਾਲ, ਜ਼ਾਤ ਜੱਟ-ਸਿੱਖ, ਪਿੰਡ ਹਰੀਪੁਰ, ਜ਼ਿਲਾ ਜਲੰਧਰ ਆਪਣੇ 27 ਅਗਸਤ 1924 ਦੇ ਬਿਆਨ ਵਿਚ ਦਸਦਾ ਹੈ :

"ਮੇਰਾ ਬਾਪ ਹਰੀਪੁਰ ਸਰਕਲ ਦਾ ਜ਼ੈਲਦਾਰ ਹੈ ਅਤੇ ਕਿਸ਼ਨ ਸਿੰਘ ਮੁਲਜ਼ਮ ਨੰ: 1 ਮੇਰੀ ਸਕੀ ਭੂਆ ਦਾ ਪੁੱਤ, ਭਰਾ ਲਗਦਾ ਹੈ। 6 ਦਸੰਬਰ 1921 ਨੂੰ ਮੇਰੇ ਪਿੰਡ ਇਕ ਦੀਵਾਨ ਹੋਇਆ ਸੀ ਅਤੇ ਕਿਸ਼ਨ ਸਿੰਘ ਮੁਲਜ਼ਮ ਨੇ ਦੀਵਾਨ ਵਿਚ ਸਰਕਾਰ ਵਿਰੁੱਧ ਇਕ ਬਹੁਤ ਹੀ ਜੁਸ਼ੀਲਾ ਲੈਕਚਰ ਕੀਤਾ ਸੀ। ਨੰਗੀ ਤਲਵਾਰ ਲਹਿਰਾਉਂਦਿਆਂ ਉਹਨੇ ਆਖਿਆ ਸੀ ਕਿ ਇਸ ਬਦਮਾਸ਼ ਹਕੂਮਤ ਨੇ ਦਰਬਾਰ ਸਾਹਿਬ ਦੀਆਂ ਚਾਬੀਆਂ ਲੈ ਲਈਆਂ ਹਨ। ਜਿੰਨਾ ਚਿਰ ਸਿੱਖ ਚਾਬੀਆਂ ਵਾਪਸ ਨਹੀਂ ਲੈ ਲੈਂਦੇ, ਓਨਾਂ ਚਿਰ ਖਾਣਾ-ਪੀਣਾ ਹਰਾਮ ਹੈ। ਸੋ ਸਿੱਖ ਕੁਰਬਾਨੀਆਂ ਦੇਣ ਲਈ ਤਿਆਰ ਹੋ ਜਾਣ। ਐਸ ਵੇਲੇ ਮਾਸਟਰ ਮੋਤਾ ਸਿੰਘ ਅੰਗਰੇਜ਼ ਦੀਆਂ ਜੜ੍ਹਾਂ ਵੱਢਣ

ਲਈ ਕਾਬਲ ਜਾ ਪੁੱਜਿਆ ਹੈ, ਜਿਹੜਾ ਇਸ ਅਤਿਆਚਾਰੀ ਸਰਕਾਰ ਦੀਆਂ ਜੜ੍ਹਾਂ ਦਾਤਰੀ ਨਾਲ ਵੱਢ ਦੇਵੇਗਾ। ਕਿਸ਼ਨ ਸਿੰਘ ਨੇ ਕਿਹਾ ਕਿ ਇਹ ਉਹਦੀ 53ਵੀਂ ਤਕਰੀਰ ਹੈ। ਮਾਸਟਰ ਮੋਤਾ ਸਿੰਘ ਦੇ ਹੱਥ ਵਿਚ ਜਿੰਨਾ ਚਿਰ ਤਲਵਾਰ ਹੈ, ਦੂਜੇ ਲੀਡਰਾਂ ਵਾਂਗ ਉਹ ਹਰਗਿਜ਼ ਆਪਣੇ ਆਪ ਨੂੰ ਗਰਿਫ਼ਤਾਰ ਨਹੀਂ ਹੋਣ ਦੇਵੇਗਾ। ਜਿਹੜਾ ਉਹਨਾਂ ਨੂੰ ਫੜਨ ਦੀ ਕੋਸ਼ਿਸ਼ ਕਰੇਗਾ, ਉਹ ਤਲਵਾਰ ਨਾਲ ਉਹਦਾ ਸਿਰ ਵੱਢ ਸੁੱਟਣਗੇ। ਗੌਰਮਿੰਟ ਪਾੜੋ ਅਤੇ ਹਕੂਮਤ ਕਰੋ ਦੇ ਮਾਰਗ ਉੱਤੇ ਚੱਲ ਰਹੀ ਹੈ। ਸੋ ਸਭ ਹਿੰਦੂ, ਮੁਸਲਮਾਨ ਅਤੇ ਸਿੱਖ ਇਕੱਠੇ ਹੋ ਜਾਉ। ਇਹ ਬਿੱਲੀ ਹਕੂਮਤ ਸਾਨੂੰ ਲੁੱਟਣ ਲਈ ਪੂਰੀ ਵਾਹ ਲਾ ਰਹੀ ਹੈ। ਮੇਰਾ ਬਾਪ ਉਸ ਦਿਨ ਜਲੰਧਰ ਗਿਆ ਹੋਇਆ ਸੀ ਅਤੇ ਮੈਂ ਸਾਰੀ ਰਪੋਟ ਗੁਲਾਬ ਚੌਕੀਦਾਰ ਦੇ ਹੱਥ ਲਿਖ ਕੇ ਥਾਣਾ ਆਦਮਪੁਰ ਘੱਲ ਦਿੱਤੀ ਸੀ।"

ਮੈਂ ਭਾਈ ਹੁਰਾਂ ਦੇ ਇਕ ਨਜ਼ਦੀਕੀ ਰਿਸ਼ਤੇਦਾਰ ਦਾ ਬਿਆਨ ਜਾਣ-ਬੁੱਝ ਕੇ ਪੂਰੀ ਤਫ਼ਸੀਲ ਨਾਲ ਲਿਖ ਦਿਤਾ ਹੈ ਤਾਂ ਜੋ ਪਾਠਕ ਨੂੰ ਪਤਾ ਲੱਗ ਸਕੇ ਕਿ ਉਸ ਵੇਲੇ ਹਕੂਮਤ ਦੀ ਦਹਿਸ਼ਤ ਕਿੰਨੀ ਸੀ, ਜੋ ਐਨੇ ਨਜ਼ਦੀਕੀ ਰਿਸ਼ਤੇਦਾਰਾਂ ਤੋਂ ਵੀ ਬਿਆਨ ਦੁਆਉਣ ਲਈ ਤੁਲੀ ਬੈਠੀ ਸੀ।

ਹਰੀਪੁਰੋਂ ਦੋਨੋਂ ਪੰਡੋਰੀ ਨਿੱਝਰਾਂ ਨੂੰ ਚਲੇ ਗਏ। ਸਾਧਾ ਸਿੰਘ ਦੇ ਘਰ ਉਹਨਾਂ ਨੂੰ ਬਾਬੂ ਸੰਤਾ ਸਿੰਘ ਅਤੇ ਕਰਮ ਸਿੰਘ ਝਿੰਗੜ ਮਿਲ ਪਏ। ਰਾਤ ਨੂੰ ਨਿਰਵੈਰ ਸਿੰਘ ਅਤੇ ਊਧਮ ਸਿੰਘ ਮੁਲਜ਼ਮ ਨੰ: 14 ਅਤੇ 15 ਵੀ ਮਿਲਣ ਆ ਗਏ। ਤੇ ਸਾਰੇ ਸਾਧਾ ਸਿੰਘ ਦੀ ਹਵੇਲੀ ਵਿਚ ਹੀ ਸੁੱਤੇ। ਅਗਲੀ ਸਵੇਰ ਸਾਰੇ ਅੰਨ-ਪਾਣੀ ਛਕ ਕੇ ਪਹਿਲਾਂ ਪ੍ਰਾਗਪੁਰ, ਫੇਰ ਜਮਸ਼ੇਰ, ਲੱਲੀਆਂ ਤੇ ਹੋਰਨੀਂ ਪਿੰਡੀਂ ਲੈਕਚਰ ਕਰਦੇ ਹੋਏ ਬਾਬੇ ਬਕਾਲੇ ਚਲੇ ਗਏ। ਆਸਾ ਸਿੰਘ ਨੇ ਨਜ਼ਮਾਂ ਪੜ੍ਹੀਆਂ ਅਤੇ ਭਾਈ ਕਿਸ਼ਨ ਸਿੰਘ ਲੈਕਚਰ ਕਰਦੇ ਰਹੇ। ਉਥੋਂ ਭਾਈ ਕਿਸ਼ਨ ਸਿੰਘ, ਕਰਮ ਸਿੰਘ ਝਿੰਗੜ, ਊਧਮ ਸਿੰਘ ਅਤੇ ਆਸਾ ਸਿੰਘ ਅੰਮ੍ਰਿਤਸਰ ਨੂੰ ਚਲੇ ਗਏ। ਬਾਬੂ ਸੰਤਾ ਸਿੰਘ, ਸਾਧਾ ਸਿੰਘ ਅਤੇ ਨਿਰਵੈਰ ਸਿੰਘ ਪੰਡੋਰੀ ਨਿੱਝਰਾਂ ਨੂੰ ਵਾਪਸ ਚਲੇ ਗਏ। ਤਿੰਨ-ਚਾਰ ਦਿਨ ਕਿਸ਼ਨ ਸਿੰਘ ਕੰਮ ਵਿਚ ਰੁਝੇ ਰਹੇ ਜੀਹਦਾ ਜ਼ਿਕਰ ਬਾਅਦ ਵਿਚ ਆਵੇਗਾ। ਅੰਮ੍ਰਿਤਸਰ ਤੋਂ ਭਾਈ ਸਾਹਿਬ ਨੇ ਆਸਾ ਸਿੰਘ ਨੂੰ ਕਰਮ ਸਿੰਘ ਦੌਲਤਪੁਰ ਦੀ ਤਲਾਸ਼ ਲਈ ਵਾਪਸ ਘਲਦਿਆਂ ਤਾਕੀਦ ਕੀਤੀ ਕਿ ਉਹਨਾਂ ਨੂੰ ਲੈ ਕੇ ਪੰਡੋਰੀ ਨਿੱਝਰਾਂ ਪੁੱਜ ਜਾਵੇ। ਊਧਮ ਸਿੰਘ ਅਤੇ ਆਸਾ ਸਿੰਘ ਮੁੜ ਆਏ। ਆਸਾ ਸਿੰਘ ਆਪਣੇ ਪਿੰਡ ਵੱਲ ਅਤੇ ਊਧਮ ਸਿੰਘ ਪੰਡੋਰੀ ਨਿੱਝਰਾਂ ਵੱਲ ਮੁੜ ਗਿਆ। ਆਸਾ ਸਿੰਘ ਨੂੰ ਆਪਣੇ ਪਿੰਡ ਤੇਲੀ ਅਲੀ ਮੁਹੰਮਦ ਦੀ ਮਾਰਫ਼ਤ ਬਬਰ ਕਰਮ ਸਿੰਘ ਅਤੇ ਉਦੇ ਸਿੰਘ ਮਿਲ ਪਏ।

ਉਥੇ ਹੀ ਬਬਰ ਕਰਮ ਸਿੰਘ ਨੇ ਆਸਾ ਸਿੰਘ ਨੂੰ ਬਬਰ ਅਕਾਲੀ ਪਰਚੇ ਦਿਖਾਉਂਦਿਆਂ ਕਿਹਾ ਕਿ ਇਹ ਭਾਈ ਕਿਸ਼ਨ ਸਿੰਘ ਅਤੇ ਕਰਮ ਸਿੰਘ ਝਿੰਗੜ ਨੇ ਛਾਪੇ ਹਨ। ਆਸਾ ਸਿੰਘ ਨੇ ਕਿਹਾ, ਕਿਉਂ ਮਖੌਲ ਕਰਦੇ ਹੋ, ਉਹਨਾਂ ਨੇ ਤਾਂ ਮੈਨੂੰ ਤੁਹਾਨੂੰ ਨਾਲ ਲੈ ਕੇ ਪੰਡੋਰੀ ਨਿੱਝਰਾਂ ਪੁੱਜਣ ਲਈ ਭੇਜਿਆ ਹੈ। ਤਾਂ ਉਹਨਾਂ ਨੇ ਸਾਰੀ ਕਹਾਣੀ ਮਾਮਲਾ ਖੋਹਣ ਤੋਂ ਲੈ ਕੇ ਉਸੇ ਪੈਸੇ ਦੀ ਮਸ਼ੀਨ ਖ਼ਰੀਦ ਕੇ ਪਰਚੇ ਛਾਪਣ ਤੱਕ ਦੀ ਪੂਰੇ ਵਿਸਥਾਰ ਨਾਲ ਦੱਸੀ। ਨਾਲ ਹੀ ਦੋ ਬੰਦੂਕਾਂ ਵੀ ਦਿਖਾਈਆਂ।

ਇਕ ਦੂਨਾਲੀ ਅਤੇ ਦੂਜੀ ਇਕ-ਨਾਲੀ । ਜਿਹੜੀ ਪੀ 43 ਅਦਾਲਤ ਵਿਚ ਦਿਖਾਈ ਗਈ, ਉਹੋ ਬੰਦੂਕ ਸੀ ਅਤੇ ਪੀ 201 ਉਹੋ ਦੁਨਾਲੀ ਸੀ, ਜਿਹੜੀ ਉਸ ਵੇਲੇ ਦੇਖੀ ਸੀ । ਇਹ ਬਾਜਾ ਪੀ 26 ਵੀ ਉਹੋ ਹੈ, ਜੀਹਦੇ ਨਾਲ ਪਰਚੇ ਛਾਪੇ ਜਾਂਦੇ ਰਹੇ ਸੀ ।

ਆਸਾ ਸਿੰਘ ਨੇ ਦੱਸਿਆ ਕਿ "ਬਾਬੇ ਬਕਾਲੇ ਤੋਂ ਅਸੀਂ ਅੰਮ੍ਰਿਤਸਰ ਚਲੇ ਗਏ ਸੀ । ਕਿਸ਼ਨ ਸਿੰਘ ਨੇ ਮੈਨੂੰ ਕਰਮ ਸਿੰਘ ਨੂੰ ਨਾਲ ਲੈ ਕੇ ਪੰਡੋਰੀ ਨਿੱਝਰਾਂ ਆਉਣ ਲਈ ਤਾਕੀਦ ਕੀਤੀ ਹੈ । ਕਰਮ ਸਿੰਘ ਨੇ ਕਿਹਾ ਕਿ ਉਹ ਆਪ ਤਾਂ ਨਹੀਂ ਜਾ ਸਕਦੇ, ਜੇ ਉਹ ਮਿਲਣਾ ਚਾਹੁੰਦੇ ਹਨ ਤਾਂ ਤੂੰ ਉਹਨਾਂ ਨੂੰ ਇਸ ਖੂਹ ਉੱਤੇ ਲੈ ਆਈਂ । ਉਹਨੇ ਮੈਨੂੰ 'ਬਬਰ ਅਕਾਲੀ ਦੁਆਬਾ' ਦੇ ਪਰਚੇ ਦਿਤੇ ਕਿ ਇਕ ਤਾਂ ਭਾਈ ਕਿਸ਼ਨ ਸਿੰਘ ਨੂੰ ਦਿਖਾ ਦੇਵਾਂ ਅਤੇ ਬਾਕੀ ਜਿਥੇ ਦਿਲ ਕਰੇ, ਵੰਡ ਦੇਵਾਂ । ਮੈਂ ਪੰਡੋਰੀ ਨਿੱਝਰਾਂ ਨੂੰ ਮੁੜ ਆਇਆ । ਪਿੰਡ ਪੁਜਦਿਆਂ ਹੀ ਮੈਨੂੰ ਕਰਮ ਸਿੰਘ ਝਿੰਗੜ, ਬਾਬੂ ਸੰਤਾ ਸਿੰਘ, ਸਾਧਾ ਸਿੰਘ, ਨਿਰਵੈਰ ਸਿੰਘ ਅਤੇ ਊਧਮ ਸਿੰਘ ਇਕੱਠੇ ਮਿਲ ਪਏ । ਬਾਅਦ ਵਿਚ ਕਿਸ਼ਨ ਸਿੰਘ ਵੀ ਮਿਲ ਪਏ ਅਤੇ ਮੈਂ ਉਹਨਾਂ ਨੂੰ ਕਰਮ ਸਿੰਘ ਦੌਲਤਪੁਰ ਦਾ ਸੁਨੇਹਾ ਪੁਚਾ ਦਿਤਾ ਤੇ 'ਬਬਰ ਅਕਾਲੀ ਦੁਆਬਾ' ਪਰਚਾ ਵੀ ਫੜਾ ਦਿਤਾ ।

"ਅਸੀਂ ਪੰਡੋਰੀ ਨਿੱਝਰਾਂ ਤੋਂ ਸੰਤ ਠਾਕੁਰ ਸਿੰਘ ਦੀ ਕੁਟੀਆ ਰਾਜੋਵਾਲ ਚਲੇ ਗਏ ਅਤੇ ਅੱਗੇ ਰਹਿਸੀਵਾਲ ਸ਼ਾਮ ਸਿੰਘ ਕੋਲ ਜਾ ਠਹਿਰੇ । ਇਸੇ ਤਰ੍ਹਾਂ 4-5 ਦਿਨ ਆਲੇ-ਦੁਆਲੇ ਘੁੰਮਦੇ ਰਹੇ ।"

ਕਿਸ਼ਨ ਸਿੰਘ ਨੇ ਪਰਚਾ ਪੜ੍ਹਦਿਆਂ ਕਿਹਾ ਕਿ ਬਹੁਤ ਚੰਗੀ ਗੱਲ ਹੋਈ । ਮੈਂ ਤਾਂ ਪਹਿਲਾਂ ਹੀ ਇਸ ਕੋਸ਼ਿਸ਼ ਵਿਚ ਅੰਮ੍ਰਿਤਸਰ ਗਿਆ ਸੀ, ਜਿਥੋਂ ਆਸਾ ਸਿੰਘ ਨੂੰ ਕਰਮ ਸਿੰਘ ਨੂੰ ਨਾਲ ਲੈ ਕੇ ਪੰਡੋਰੀ ਨਿੱਝਰਾਂ ਆਉਣ ਲਈ ਕਿਹਾ ਸੀ । ਸੋ ਉਥੋਂ ਸਾਰੇ, ਮਤਲਬ ਭਾਈ ਕਿਸ਼ਨ ਸਿੰਘ, ਕਰਮ ਸਿੰਘ ਝਿੰਗੜ, ਬਾਬੂ ਸੰਤਾ ਸਿੰਘ ਅਤੇ ਆਸਾ ਸਿੰਘ ਮਿਥੀ ਜਗਾਹ ਕਰਮ ਸਿੰਘ ਦੌਲਤਪੁਰ ਨੂੰ ਮਿਲਣ ਲਈ ਚੱਲ ਪਏ ।

ਇਥੇ ਆ ਕੇ ਮੈਂ ਆਸਾ ਸਿੰਘ ਦਾ ਇਹ ਬਿਆਨ, ਜਿਹੜਾ ਸਫ਼ਾ 223 ਦੀ ਸਤਰ 50 ਤੱਕ ਹੈ, ਛਡਦਾ ਹਾਂ ਅਤੇ ਭਾਈ ਕਿਸ਼ਨ ਸਿੰਘ ਦੇ ਅੰਮ੍ਰਿਤਸਰ ਜਾਣ ਦੇ ਕਾਰਨਾਂ ਦੀ ਗੱਲ ਕਰਦਾ ਹਾਂ ।

ਬਾਬੇ ਬਕਾਲੇ ਤੋਂ ਭਾਈ ਕਿਸ਼ਨ ਸਿੰਘ, ਕਰਮ ਸਿੰਘ ਝਿੰਗੜ, ਊਧਮ ਸਿੰਘ ਪੰਡੋਰੀ ਨਿੱਝਰਾਂ ਅਤੇ ਆਸਾ ਸਿੰਘ ਅੰਮ੍ਰਿਤਸਰ ਨੂੰ ਚਲੇ ਗਏ । ਅਖ਼ਬਾਰ "ਅਜੀਤ" ਦੇ ਮਾਲਕ ਰਾਮ ਸਿੰਘ ਧਾਰੋਵਾਲ ਨੂੰ ਮਿਲ ਕੇ ਭਾਈ ਸਾਹਿਬ ਨੇ ਆਪਣਾ ਅਖ਼ਬਾਰ ਜਾਰੀ ਕਰਨ ਦੀ ਸਲਾਹ ਪੁੱਛੀ ਅਤੇ ਸੁਝਾਅ ਦਿਤਾ ਕਿ ਐਡੀਟਰ ਤਾਂ ਕਿਸੇ ਹੋਰ ਨੂੰ ਮੁਕੱਰਰ ਕੀਤਾ ਜਾ ਜਕਦਾ ਹੈ, ਪਰ ਅਸਲੀ ਮਜ਼ਮੂਨ ਉਹ ਆਪ ਲਿਖਿਆ ਕਰਨਗੇ । ਧਾਰੋਵਾਲ ਨੇ ਕਿਹਾ ਕਿ "ਕੋਈ ਛਾਪੇਖਾਨੇ ਵਾਲਾ ਇਸ ਗੱਲ ਲਈ ਤਿਆਰ ਨਹੀਂ ਹੋ ਸਕਦਾ । ਜਾਣ-ਬੁੱਝ ਕੇ ਕੌਣ ਬਲਦੀ ਅੱਗ ਵਿਚ ਛਾਲ ਮਾਰਨ ਲਈ ਤਿਆਰ ਹੋਵੇਗਾ । ਤੁਹਾਡਾ ਪਹਿਲਾ ਲੇਖ ਛਪਦਿਆਂ ਹੀ ਛਾਪਾਖਾਨਾ ਬੰਦ ਹੋ ਜਾਵੇਗਾ ਅਤੇ ਕੈਦ ਦੀ ਸਜ਼ਾ ਵੱਖਰੀ ਭੁਗਤਣੀ ਪੈਣੀ ਹੈ । ਮੈਂ ਇਕ ਵਕੀਲ ਦੇ ਤੌਰ ਉੱਤੇ ਕਾਨੂੰਨੀ

ਪੁਜ਼ੀਸ਼ਨ ਦੱਸ ਰਿਹਾ ਹਾਂ। ਅਸੀਂ ਆਪਣੇ ਅਖ਼ਬਾਰ ਵਿਚ ਵੀ ਤੁਹਾਡੀਆਂ ਚਿੱਠੀਆਂ ਨੂੰ ਪੂਰੀ ਤਰ੍ਹਾਂ ਕਾਂਟ-ਛਾਂਟ ਕੇ ਅਤੇ ਆਪਣੇ ਮਤਲਬ ਦੀਆਂ ਬਣਾ ਕੇ ਹੀ ਛਾਪਦੇ ਹਾਂ। ਤੁਹਾਡਾ ਸਿੱਧਾ ਪ੍ਰਚਾਰ ਕੋਈ ਵੀ ਛਾਪਾਖਾਨਾ ਛਾਪਣ ਲਈ ਤਿਆਰ ਨਹੀਂ ਹੋ ਸਕਦਾ।"

ਇਹੋ ਗੱਲਾਂ ਤੇਜਾ ਸਿੰਘ ਭੁੱਚਰ "ਗੜਗੱਜ" ਅਖ਼ਬਾਰ ਅਤੇ ਐਸ ਐਸ ਚਰਨ ਸਿੰਘ "ਜਥੇਦਾਰ" ਅਖ਼ਬਾਰ ਵਾਲਿਆ ਨੇ ਕਹਿ ਕੇ ਭਾਈ ਸਾਹਿਬ ਨੂੰ ਸਪੱਸ਼ਟ ਕਰ ਦਿੱਤਾ ਕਿ ਉਹ ਆਪਣੇ ਮਨੋਰਥ ਵਿਚ ਕਾਮਯਾਬ ਨਹੀਂ ਹੋ ਸਕਦੇ। ਸੋ ਭਾਈ ਸਾਹਿਬ ਵਾਪਸ ਪੰਡੋਰੀ ਨਿੱਝਰਾਂ ਪੁੱਜ ਗਏ ਅਤੇ ਆਸਾ ਸਿੰਘ ਵੀ ਪੁੱਜ ਗਿਆ। ਅਗੇ ਪੜ੍ਹੋ ਦੋ ਉੱਘੇ ਲੀਡਰਾਂ ਦੀ ਮੁਲਾਕਾਤ ਦਾ ਹਾਲ।

# 19. ਬਬਰ ਕਰਮ ਸਿੰਘ ਦੌਲਤਪੁਰ ਅਤੇ ਚਕਰਵਰਤੀ ਭਾਈ ਕਿਸ਼ਨ ਸਿੰਘ ਗੜਗੱਜ ਦੀ ਪਹਿਲੀ ਮੁਲਾਕਾਤ

ਪੇਪਰ-ਬੁੱਕ ਦੇ ਸਫ਼ਾ 223 ਦੀ ਸਤਰ 50 ਤੋਂ ਅਗੇ ਆਸਾ ਸਿੰਘ ਬਿਆਨ ਜਾਰੀ ਰਖਦਿਆਂ ਦਸਦਾ ਹੈ ਕਿ ਰਹਿਸੀਵਾਲ ਤੋਂ ਉਹ ਭੁਕੜੂੱਦੀ ਲਈ ਚੱਲ ਪਏ, ਜਿਹੜੀ ਅੰਦਾਜ਼ਨ ਉਥੋਂ 35 ਕੋਹ ਹੋਵੇਗੀ ਅਤੇ ਉਸੇ ਖੂਹ ਉੱਤੇ ਜਾ ਪੁੱਜੇ ਜਿਥੇ ਆਸਾ ਸਿੰਘ ਬਬਰ ਕਰਮ ਸਿੰਘ ਨੂੰ ਮਿਲਿਆ ਸੀ। ਥੋੜ੍ਹੀ ਦੇਰ ਬਾਅਦ ਬਬਰ ਕਰਮ ਸਿੰਘ ਅਤੇ ਉਦੇ ਸਿੰਘ ਰਾਮਗੜ੍ਹ ਝੁਗੀਆਂ ਵੀ ਉਥੇ ਆ ਗਏ। ਆਸਾ ਸਿੰਘ ਨੇ ਸਾਰਿਆਂ ਦੀ ਜਾਣ-ਪਛਾਣ ਕਰਾ ਦਿੱਤੀ। ਭਾਈ ਕਿਸ਼ਨ ਸਿੰਘ ਨੇ ਬਬਰ ਕਰਮ ਸਿੰਘ ਦਾ "ਬਬਰ ਅਕਾਲੀ ਦੁਆਬਾ" ਪਰਚਾ ਜਾਰੀ ਕਰਨ ਲਈ ਧੰਨਵਾਦ ਕੀਤਾ ਕਿ ਇਸ ਚੀਜ਼ ਦੀ ਐਸ ਵੇਲੇ ਸਖਤ ਜ਼ਰੂਰਤ ਮਹਿਸੂਸ ਹੋ ਰਹੀ ਸੀ ਅਤੇ ਮੈਂ ਆਪ ਇਸੇ ਕੋਸ਼ਿਸ਼ ਵਿਚ ਨੱਠ-ਭੱਜ ਕਰ ਰਿਹਾ ਸੀ। ਨਾਲ ਹੀ ਭਾਈ ਕਿਸ਼ਨ ਸਿੰਘ ਨੇ ਕਿਹਾ ਕਿ ਬੇਸ਼ੱਕ ਪਰਚਾ ਤਾਂ ਠੀਕ ਹੈ, ਪਰ ਇਹ ਸਾਡਾ ਉਹ ਮਨੋਰਥ ਪੂਰਾ ਨਹੀਂ ਕਰਦਾ, ਜੀਹਦੀ ਸਾਨੂੰ ਐਸ ਵੇਲੇ ਲੋੜ ਹੈ। ਇਹਦੇ ਵਿਚ ਨਜ਼ਮਾਂ ਤਾਂ ਹਨ, ਪਰ ਇਹ ਸਾਡੇ ਜਥੇ ਦਾ ਪ੍ਰੋਗਰਾਮ ਅਤੇ ਮਨੋਰਥ ਚੰਗੀ ਤਰ੍ਹਾਂ ਪੂਰਾ ਨਹੀਂ ਕਰਦਾ।

ਉਸ ਪਹਿਲੇ ਪਰਚੇ ਉੱਤੇ ਲਿਖਤ ਸੀ : "ਬਬਰ ਅਕਾਲੀ ਦੁਆਬਾ, ਸਫ਼ਰੀ ਪ੍ਰੈੱਸ, ਬਬਰ ਕਰਮ ਸਿੰਘ ਦੌਲਤਪੁਰ ਦੀ ਨਿਗਰਾਨੀ ਵਿਚ ਛਪਿਆ" ਅਤੇ ਪੰਜਾਬੀ ਵਿਚ ਕਰਮ ਸਿੰਘ ਬਬਰ ਦੇ ਦਸਖ਼ਤ ਦਰਜ ਸਨ।

ਬਬਰ ਕਰਮ ਸਿੰਘ ਹੱਸ ਪਏ ਅਤੇ ਆਖਿਆ ਕਿ "ਭਾਈ ਸਾਹਿਬ, ਮੈਂ ਤਾਂ ਠੋਸ ਅਨਪੜ੍ਹ ਆਦਮੀ ਹਾਂ। ਮੈਂ ਤਾਂ ਗੱਡੀ ਲੀਹਾ ਉੱਤੇ ਪਾਈ ਹੈ। ਅਗੋਂ ਚਲਾਉਣ ਦੀ ਜ਼ਿੰਮੇਵਾਰੀ ਤੁਸੀਂ ਆਪ ਸੰਭਾਲੋ।" ਤੇ ਸਾਰਾ ਸਾਮਾਨ, ਸਣੇ ਪਰਚੇ ਛਾਪਣ ਵਾਲੀ ਮਸ਼ੀਨ ਦੇ ਉਹਨਾਂ ਨੇ ਭਾਈ ਕਿਸ਼ਨ ਸਿੰਘ ਦੇ ਹਵਾਲੇ ਕਰ ਦਿੱਤਾ ਅਤੇ ਆਖਿਆ, "ਮੈਂ ਤਾਂ ਇਕ ਸੇਵਕ ਦੇ ਤੌਰ ਉੱਤੇ ਹੀ ਸੇਵਾ ਕਰ ਰਿਹਾ ਹਾਂ, ਮੈਨੂੰ ਕਿਸੇ ਵਡਿਆਈ ਜਾਂ ਚੌਧਰ ਦੀ ਲੋੜ ਨਹੀਂ।"

ਉੱਤਰ ਵਿਚ ਭਾਈ ਕਿਸ਼ਨ ਸਿੰਘ ਨੇ ਬੜੀ ਨਿਮਰਤਾ ਨਾਲ ਆਖਿਆ, "ਬਬਰ

ਸਾਹਿਬ, ਮੈਂ ਤਾਂ ਬਹੁਤ ਚਿਰ ਤੋਂ ਤੁਹਾਡੇ ਦਰਸ਼ਨਾਂ ਲਈ ਕੋਸ਼ਿਸ਼ ਕਰ ਰਿਹਾ ਸੀ ਅਤੇ ਪਹਿਲਾਂ ਵੀ ਕਈ ਚੱਕਰ ਕੱਢ ਚੁਕਿਆ ਹਾਂ। ਤੁਹਾਡੇ ਸੁਨੇਹੇ ਮਿਲਦੇ ਰਹੇ ਹਨ। ਖ਼ੁਸ਼-ਕਿਸਮਤੀ ਨਾਲ ਅੱਜ ਤੁਹਾਡੇ ਦਰਸ਼ਨ ਕਰਨ ਦਾ ਮੌਕਾ ਮਿਲ ਹੀ ਗਿਆ ਹੈ। ਤੁਹਾਡੀ ਸੇਵਾ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾ ਸਕੇ, ਥੋੜ੍ਹੀ ਹੀ ਹੈ। ਇਹ ਜਿਹੜਾ ਅਖ਼ਬਾਰ ਜਾਰੀ ਕਰਨ ਦਾ ਤੁਸੀਂ ਇਕ ਨਿਰਾਲਾ ਹੀ ਬੰਦੋਬਸਤ ਕਰ ਦਿੱਤਾ ਹੈ, ਇਹਦੇ ਲਈ ਤਾਂ ਮੈਂ ਬਹੁਤ ਚਿਰ ਤੋਂ ਕੋਸ਼ਿਸ਼ ਕਰ ਰਿਹਾ ਸੀ। ਇਹ ਤਾਂ ਇਕ ਨਵਾਂ ਹੀ ਚਮਤਕਾਰ ਤੁਸੀਂ ਕਰ ਵਿਖਾਇਆ ਹੈ।"

ਬਬਰ ਕਰਮ ਸਿੰਘ ਨੇ ਫੇਰ ਹੱਸ ਕੇ ਦਸਿਆ ਕਿ "ਇਹ ਜੁਗਤ ਮੈਂ ਕੈਨੇਡਾ ਵਿਚ ਸਿੱਖੀ ਸੀ, ਜਦੋਂ 'ਗ਼ਦਰ ਦੀ ਗੂੰਜ' ਅਖ਼ਬਾਰ ਕਢਿਆ ਕਰਦੇ ਸੀ। ਸਰਕਾਰੀ ਮਾਮਲਾ ਖੋਹਣ ਪਿਛੋਂ ਸਭ ਤੋਂ ਪਹਿਲਾਂ ਉਹ ਰਕਮ ਇਸੇ ਸ਼ੁਭ ਕੰਮ ਉੱਤੇ ਖ਼ਰਚਣ ਦਾ ਪਹਿਲਾਂ ਹੀ ਪੱਕਾ ਇਰਾਦਾ ਧਾਰ ਛਡਿਆ ਸੀ ਅਤੇ ਅਕਾਲੀ ਦੀ ਥਾਂ ਬਬਰ ਅਕਾਲੀ ਬਨਣ ਦੀ ਵੀ ਮਨ ਵਿਚ ਪੱਕੀ ਧਾਰ ਛੱਡੀ ਸੀ। ਤੇ ਹੁਣ ਮੈਂ ਪੱਕੇ ਪੈਰੀਂ ਬਬਰ ਅਕਾਲੀ ਬਣ ਚੁਕਿਆ ਹਾਂ।"

ਭਾਈ ਕਿਸ਼ਨ ਸਿੰਘ ਨੇ ਉੱਤਰ ਵਿਚ ਕਿਹਾ, "ਬਬਰ ਸਾਹਿਬ, ਮੈਂ ਇਕ ਸਾਲ ਵਿਚ ਕੁੱਲ 328 ਤਕਰੀਰਾਂ ਕਰ ਚੁਕਿਆ ਹਾਂ। ਹੁਣ ਤਕਰੀਰਾਂ ਦੇ ਨਾਲ-ਨਾਲ ਸੋਨੇ ਉੱਤੇ ਸੁਹਾਗੇ ਦਾ ਕੰਮ ਇਸੇ ਮਸ਼ੀਨ ਤੋਂ ਲਿਆ ਜਾਵੇਗਾ। ਸਗੋਂ ਅਖ਼ਬਾਰ ਤੋਂ ਜ਼ਿਆਦਾ ਕੰਮ ਲਿਆ ਜਾਵੇਗਾ। ਤਕਰੀਰ ਤਾਂ ਸੈਂਕੜੇ ਲੋਕ ਹੀ ਸੁਣ ਸਕਦੇ ਹਨ, ਇਹਦੇ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਬਬਰ ਲਹਿਰ ਦਾ ਅਸਲੀ ਮਨੋਰਥ ਲੋਕਾਂ ਤੱਕ ਪੁਚਾਇਆ ਜਾ ਸਕੇਗਾ। ਆਮ ਜੰਤਾ ਤੋਂ ਇਲਾਵਾ ਇਹਦੇ ਰਾਹੀਂ ਖ਼ੁਫ਼ੀਆ ਤੌਰ ਉੱਤੇ ਫ਼ੌਜੀਆਂ ਵਿਚ ਵੀ ਨਵੀਂ ਜਾਗਰਤ ਪੈਦਾ ਕਰਕੇ ਨੌਕਰਸ਼ਾਹੀ ਦੇ ਖ਼ਿਲਾਫ਼ ਖੁੱਲ੍ਹੀ ਬਗ਼ਾਵਤ ਕਰਨ ਲਈ ਕਿਹਾ ਜਾਵੇਗਾ ਅਤੇ 1857 ਦੀ ਹਿਸਟਰੀ ਦੁਹਰਾ ਕੇ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਦੂੜਾ ਦਿਤਾ ਜਾਵੇਗਾ।"

ਇਹਤੋਂ ਬਾਅਦ ਭਾਈ ਸਾਹਿਬ ਨੇ ਸਿਰਫ਼ 29 ਹੋਰ ਤਕਰੀਰਾਂ ਕੀਤੀਆਂ ਸਨ। ਕੁੱਲ ਮਿਲਾ ਕ ਇਹ 357 ਬਣਦੀਆਂ ਹਨ। 26 ਫ਼ਰਵਰੀ 1923 ਨੂੰ ਉਹ ਗਰਿਫ਼ਤਾਰ ਕਰ ਲਏ ਗਏ ਸਨ।

ਸਚਮੁੱਚ ਹੀ ਤਕਰੀਰਾਂ ਦੀ ਥਾਂ ਹੁਣ "ਬਬਰ ਅਕਾਲੀ ਦੁਆਬਾ" ਅਖ਼ਬਾਰ ਨੇ ਸਾਂਭ ਲਈ ਸੀ ਅਤੇ ਭਾਈ ਸਾਹਿਬ ਨਵੇਂ ਤੋਂ ਨਵੇਂ ਮਜ਼ਮੂਨ ਲਿਖਣ ਵਿਚ ਰੁੱਝੇ ਰਹਿੰਦੇ ਸਨ। ਪੰਡੋਰੀ ਨਿੱਝਰਾਂ ਵਾਲਾ ਊਧਮ ਸਿੰਘ ਸਟੀਲ ਦੀ ਕਲਮ ਨਾਲ ਮੋਮੀ ਕਾਗਜ਼ ਉੱਤੇ ਲਿਖਣ ਦਾ ਮਾਹਿਰ ਹੋ ਚੁਕਿਆ ਸੀ। ਉਹ ਗੁਰਮੁਖੀ ਪੜ੍ਹਨੀ ਜ਼ਿਲਾ ਲਾਇਲਪੁਰ, ਚੱਕ ਨੰ: 110 ਵਿਚ ਬਚਪਨ ਵਿਚ ਹੀ ਸਿੱਖ ਆਇਆ ਸੀ। ਉਹਦੀ ਲਿਖਤ ਵੀ ਬਹੁਤ ਵਧੀਆ ਸੀ। ਤਕਰੀਬਨ ਸਾਰੇ "ਬਬਰ ਅਕਾਲੀ ਦੁਆਬਾ" ਪਰਚੇ ਉਹਦੀ ਹੀ ਕਲਮ ਦੇ ਲਿਖੇ ਹੋਏ ਸਨ। ਉਮਰ ਉਹਦੀ ਸਾਰੀ 14-15 ਸਾਲ ਦੀ ਸੀ ਅਤੇ ਮਿਡਲ ਸਕੂਲ ਸ਼ਾਮਚੁਰਾਸੀ ਵਿਚ ਅੱਠਵੀਂ ਜਮਾਤ ਵਿਚ ਹੀ ਪੜ੍ਹ ਰਿਹਾ ਸੀ। ਮੈਂ ਉਸ ਵੇਲੇ ਜਲੰਧਰ ਖ਼ਾਲਸਾ ਸਕੂਲ ਵਿਚ ਨੌਵੀਂ ਵਿਚ ਸੀ। ਸਾਡਾ ਦੋਹਾਂ ਦੀ ਉਮਰ ਦਾ ਫ਼ਰਕ ਇਕ ਸਾਲ ਦਾ ਹੀ ਹੋਵੇਗਾ ਜਾਂ ਛੇ ਮਹੀਨੇ ਵੀ ਹੋ ਸਕਦਾ ਹੈ। ਦੋਨੋਂ ਸਕੂਲ ਵਿਚ ਪੜ੍ਹਦੇ ਹੀ ਇਸ ਕੇਸ ਵਿਚ ਫੜੇ ਗਏ ਸੀ। ਉਹ ਚਲਾਣਾ ਕਰ ਚੁਕਿਆ ਹੈ।

"ਬਬਰ ਅਕਾਲੀ ਦੁਆਬਾ" ਅਖ਼ਬਾਰ ਦੇ ਜਿੰਨੇ ਵੀ ਪਰਚੇ ਛਪਦੇ ਸਨ, ਨਾਲੋ-ਨਾਲ ਸਰਕਾਰ ਕੋਲ ਪੁੱਜੀਂ ਜਾ ਰਹੇ ਸਨ। ਝੋਲੀ-ਚੁੱਕ ਇਹ ਪਰਚੇ ਡਿਪਟੀ ਕਮਿਸ਼ਨਰਾਂ ਨੂੰ ਪੁਚਾ ਦਿੰਦੇ ਅਤੇ ਉਥੋਂ ਉਹ ਲਾਹੌਰ ਪੰਜਾਬ ਸਰਕਾਰ ਤੱਕ ਪੁੱਜ ਕੇ ਸੀ ਆਈ ਡੀ ਦੀ ਫ਼ਾਈਲ ਵਿਚ ਲੱਗ ਜਾਂਦੇ ਸਨ। ਕੇਸ ਵਿਚ ਕੁੱਲ ਪਰਚੇ ਪੇਸ਼ ਹੋਏ ਸਨ, ਜਿਨ੍ਹਾਂ ਦਾ ਅੰਗਰੇਜ਼ੀ ਤਰਜਮਾ ਵੀ ਨਾਲ ਹੀ ਪੇਸ਼ ਹੁੰਦਾ ਸੀ। ਤਰਜਮਾ ਕਰਨ ਵਾਲੇ ਸਾਰੇ ਗਵਾਹ ਵੀ ਸਰਕਾਰ ਨੇ ਸਬੂਤ ਲਈ ਪੇਸ਼ ਕੀਤੇ ਸਨ। ਵਾਇਦਾ-ਮੁਆਫ਼ਾਂ ਅਤੇ ਗਵਾਹਾਂ ਨੇ ਵੀ ਤਸਦੀਕ ਕੀਤੀ ਸੀ ਅਤੇ ਕੁਝ ਨਜ਼ਮਾਂ ਰੋਮਨ ਅਖਰਾਂ ਵਿਚ ਪੇਪਰ-ਬੁੱਕ ਵਿਚ ਦਰਜ ਹਨ। ਬਾਅਦ ਵਿਚ ਸਾਰੀਆਂ ਇਕੱਠੀਆਂ ਹੀ ਲਿਖ ਦੇਵਾਂਗਾ ਤਾਂ ਜੋ ਪਾਠਕਾਂ ਨੂੰ ਪੜ੍ਹਨ ਵਿਚ ਆਸਾਨੀ ਰਹਿਣ ਦੇ ਨਾਲ-ਨਾਲ ਸਹੀ ਜਾਣਕਾਰੀ ਵੀ ਹਾਸਲ ਹੋ ਸਕੇ।

ਗੱਲਾਂਬਾਤਾਂ ਪਿਛੋਂ ਭਾਈ ਕਿਸ਼ਨ ਸਿੰਘ ਨੇ ਤਜਵੀਜ਼ ਪੇਸ਼ ਕੀਤੀ ਕਿ "ਦੋਹਾਂ ਜਥਿਆਂ ਨੂੰ ਹੁਣ ਇਕੱਠੇ ਹੋ ਜਾਣਾ ਚਾਹੀਦਾ ਹੈ। ਇਕੋ ਲੀਡਰ ਅਤੇ ਇਕੋ ਪ੍ਰੋਗਰਾਮ ਤੈਅ ਹੋ ਜਾਣਾ ਚਾਹੀਦਾ ਹੈ ਤੇ ਇਹ ਪ੍ਰਣ ਧਾਰ ਲੈਣਾ ਚਾਹੀਦਾ ਹੈ ਕਿ ਇਕੱਠੇ ਹੀ ਜੀਆਂਗੇ ਅਤੇ ਇਕੱਠੇ ਹੀ ਮਰਾਂਗੇ। ਜਿੰਨਾ ਚਿਰ ਇਸ ਬਦੇਸੀ ਹਕੂਮਤ ਨੂੰ ਮੁਲਕ ਵਿਚੋਂ ਕੱਢ ਕੇ ਆਪਣਾ ਰਾਜ ਕਾਇਮ ਨਹੀਂ ਕਰ ਲੈਂਦੇ, ਦਮ ਨਹੀਂ ਲੈਣਾ। ਗੱਲ ਕੀ, ਇਸ ਕੰਮ ਲਈ ਸਿਰ-ਧੜ ਦੀ ਬਾਜੀ ਲਾ ਕੇ ਰਾਤ ਦਿਨ ਇਕ ਕਰ ਦਿਆਂਗੇ। ਇਸ ਸਰਕਾਰ ਦੀਆਂ ਜੜ੍ਹਾਂ ਬੜੀਆਂ ਪੱਕੀਆਂ ਹਨ। ਸਭ ਤੋਂ ਪਹਿਲਾਂ ਸਾਨੂੰ ਜੜ੍ਹਾ ਹੀ ਵੱਢਣੀਆਂ ਪੈਣੀਆਂ ਹਨ। ਥਾਣੇਦਾਰ, ਜ਼ੈਲਦਾਰ, ਲੰਬੜਦਾਰ, ਗਿਰਦਾਉਰ ਤੇ ਪਟਵਾਰੀ—ਇਹ ਸਾਰੇ ਇਸ ਮਸ਼ੀਨ ਦੇ ਪੁਰਜ਼ੇ ਹਨ, ਜਿਨ੍ਹਾਂ ਦੇ ਸਹਾਰੇ ਇਹ ਸਰਕਾਰ ਚੱਲ ਰਹੀ ਹੈ। ਇਸ ਮਸ਼ੀਨ ਦੇ ਜੇ ਇਹ ਪੁਰਜ਼ੇ ਕੱਢ ਦਿਤੇ ਜਾਣ ਤਾਂ ਇਹ ਆਪ ਹੀ ਚੱਲਣੋਂ ਬੰਦ ਹੋ ਜਾਵੇਗੀ। ਸੋ ਸਭ ਤੋਂ ਪਹਿਲਾਂ ਇਹਨਾਂ ਨੂੰ ਸਮਝਾ-ਬੁਝਾ ਕੇ ਸਿੱਧੇ ਰਾਹ ਪਾਉਣਾ ਚਾਹੀਦਾ ਹੈ। ਜੇ ਇਹ ਬਾਜ਼ ਨਾ ਆਉਣ ਤਾਂ ਨੱਕ-ਕੰਨ ਵੱਢ ਕੇ ਡਰਾਵਾ ਦੇਣਾ ਚਾਹੀਦਾ ਹੈ। ਜੇ ਫੇਰ ਵੀ ਬਾਜ਼ ਨਾ ਆਉਣ ਤਾਂ ਸੁਧਾਰ ਸ਼ੁਰੂ ਕਰ ਦੇਣਾ ਚਾਹੀਦਾ ਹੈ।"

ਮੇਰੇ ਲਿਖੇ ਦੇ ਸਬੂਤ ਲਈ ਪੜ੍ਹੋ ਪੇਪਰ-ਬੁੱਕ, ਸਫ਼ਾ 226। ਇਸੇ ਕਿਸਮ ਦੇ ਮਜ਼ਮੂਨ ਛਾਪੇ ਜਾ ਰਹੇ ਸਨ ਅਤੇ ਲੈਕਚਰ ਕੀਤੇ ਜਾ ਰਹੇ ਸਨ।

ਤੇ ਨਾਲ ਹੀ ਭਾਈ ਕਿਸ਼ਨ ਸਿੰਘ ਨੇ ਇਹ ਤਜਵੀਜ਼ ਵੀ ਰੱਖ ਦਿੱਤੀ ਕਿ "ਮੈਂ ਆਪਣੇ ਜਥੇ ਦਾ ਨਾਂ ਚਕਰਵਰਤੀ ਜਥਾ ਰਖਿਆ ਸੀ, ਪਰ ਬਬਰ ਸਾਹਿਬ ਨੇ ਜੋ ਅਖ਼ਬਾਰ ਦਾ ਨਾਂ ਬਬਰ ਅਕਾਲੀ ਰਖਿਆ ਹੈ, ਹੁਣ ਚਕਰਵਰਤੀ ਦੀ ਥਾਂ ਬਬਰ ਅਕਾਲੀ ਜਥਾ ਨਾਂ ਰਖ ਲੈਣਾ ਚਾਹੀਦਾ ਹੈ। ਬਹੁਤ ਵਧੀਆ ਅਤੇ ਢੁੱਕਵਾਂ ਨਾਂ ਹੈ। ਮੇਰੇ ਖ਼ਿਆਲ ਵਿਚ ਇਹੋ ਠੀਕ ਰਹੇਗਾ। ਕਰਮ ਸਿੰਘ ਨੂੰ ਅਸੀਂ ਸਾਰੇ ਬਬਰ ਸਾਹਿਬ ਆਖ ਕੇ ਬੁਲਾਇਆ ਕਰਾਂਗੇ ਅਤੇ ਬਾਕੀ ਅਸੀਂ ਸਾਰੇ ਬਬਰ ਅਕਾਲੀ ਜਥੇ ਦੇ ਮੈਂਬਰ ਅਖਵਾਇਆ ਕਰਾਂਗੇ।"

ਸੋ ਸਰਬਸੰਮਤੀ ਨਾਲ ਭਾਈ ਕਿਸ਼ਨ ਸਿੰਘ ਜੀ ਦੀ ਤਜਵੀਜ਼ ਮਨਜ਼ੂਰ ਕਰ ਲਈ ਗਈ ਅਤੇ ਚਕਰਵਰਤੀ ਜਥਾ ਵੀ ਬਬਰ ਅਕਾਲੀ ਜਥਾ ਬਣ ਗਿਆ। ਇਸ ਨਾਂ ਦੀ ਪ੍ਰਸਿੱਧੀ ਦਾ ਸੇਹਰਾ ਬਬਰ ਕਰਮ ਸਿੰਘ ਦੌਲਤਪੁਰ ਦੇ ਸਿਰ ਹੀ ਸਜਦਾ ਹੈ।

ਉਸੇ ਵੇਲੇ ਬਬਰ ਕਰਮ ਸਿੰਘ ਨੇ ਬਬਰ ਜਥੇ ਦੀ ਲੀਡਰੀ ਲਈ ਭਾਈ ਕਿਸ਼ਨ ਸਿੰਘ ਦਾ ਨਾਂ ਤਜਵੀਜ਼ ਕਰ ਦਿਤਾ। ਕਰਮ ਸਿੰਘ ਝਿੰਗੜ ਤਾਈਦ ਲਈ ਹਾਲੇ ਉੱਠ ਹੀ ਰਹੇ ਸਨ ਕਿ ਇਕਦਮ ਸਾਰਿਆਂ ਨੇ ਉੱਠ ਕੇ ਭਾਈ ਕਿਸ਼ਨ ਸਿੰਘ ਸਾਹਮਣੇ ਹੱਥ ਜੋੜ ਕੇ ਸੀਸ ਨਿਵਾ ਦਿੱਤੇ ਅਤੇ ਦੋਹਾਂ ਗੱਲਾਂ ਨੂੰ ਮੱਖ ਰਖ ਕੇ ਬਬਰ ਕਰਮ ਸਿੰਘ ਨੇ ਅਰਦਾਸਾ ਸੋਧ ਦਿੱਤਾ। ਬਬਰ ਅਕਾਲੀ ਜਥਾ ਇਸੇ ਨਾਂ ਥੱਲੇ ਅਮਲ ਦੇ ਮੈਦਾਨ ਵਿਚ ਪੂਰੇ ਜ਼ੋਰਾਂ-ਸ਼ੋਰਾਂ ਨਾਲ ਕੁੱਦ ਪਿਆ।

ਸਾਰੀ ਕਾਰਵਾਈ ਖ਼ਤਮ ਹੋ ਜਾਣ ਮਗਰੋਂ ਬਬਰ ਕਰਮ ਸਿੰਘ ਉਹ ਦੋ ਬੰਦੂਕਾਂ ਵੀ ਚੁੱਕ ਲਿਆਏ ਜਿਹੜੀਆਂ ਉਹ ਨਾਹਨ ਰਿਆਸਤ ਵਿਚੋਂ ਖ਼ਰੀਦ ਕੇ ਲਿਆਏ ਸਨ ਅਤੇ ਇਹ ਵੀ ਦੱਸ ਦਿਤਾ ਕਿ ਇਹ ਵੀ ਉਸੇ ਰਕਮ ਵਿਚੋਂ ਖ਼ਰੀਦੀਆਂ ਹਨ ਜਿਹੜੀ ਬਛੋੜੀ ਵਾਲੇ ਕਾਕੇ ਲੰਬੜਦਾਰ ਤੋਂ ਖੋਹੀ ਸੀ। ਭਾਈ ਕਿਸਨ ਸਿੰਘ ਨੇ ਇਕ ਵਾਰ ਫੇਰ ਬਬਰ ਸਾਹਿਬ ਦੀ ਪਰਸੰਸਾ ਕੀਤੀ।

ਹੁਣ ਵਿਚਾਰ ਸ਼ੁਰੂ ਹੋਇਆ ਕਿ ਅਗੋਂ ਲਈ "ਬਬਰ ਅਕਾਲੀ ਦੁਆਬਾ" ਅਖ਼ਬਾਰ ਕਿਸ ਜਗਾਹ ਤੋਂ ਕਢਿਆ ਜਾਵੇ। ਐਡੀਟਰ ਬਬਰ ਕਰਮ ਸਿੰਘ ਹੀ ਰਹਿਣਗੇ ਅਤੇ ਮਜ਼ਮੂਨ ਭਾਈ ਕਿਸ਼ਨ ਸਿੰਘ ਤਿਆਰ ਕਰਿਆ ਕਰਨਗੇ। ਭਾਈ ਕਿਸ਼ਨ ਸਿੰਘ ਨੇ ਸੰਤ ਠਾਕੁਰ ਸਿੰਘ ਰਾਜੋਵਾਲ ਦੀ ਕੁਟੀਆ ਦੀ ਤਜਵੀਜ਼ ਦਿੱਤੀ ਕਿ ਵਧੀਆ ਟਿਕਾਣਾ ਉਹੋ ਰਹੇਗਾ। ਇਕ ਤਾਂ ਭੋਰੇ ਹੋਣ ਦੀ ਸਹੂਲਤ ਹੈ। ਅੰਦਰ ਬੈਠੇ ਤਸੱਲੀ ਨਾਲ ਕੰਮ ਕੀਤਾ ਜਾ ਸਕਦਾ ਹੈ। ਅੰਨ-ਪਾਣੀ ਦੀ ਵੀ ਸੰਤਾਂ ਦੀ ਕਿਰਪਾ ਨਾਲ ਕੋਈ ਤੰਗੀ ਨਹੀਂ ਹੋਣ ਲਗੀ। ਆਲੇ-ਦੁਆਲੇ ਪਿੰਡਾਂ ਵਿਚ ਉਹਨਾਂ ਦੀ ਸਿਖੀ-ਸੇਵਕੀ ਸਦਕਾ ਇਹ ਕੰਮ ਵੀ ਸੌਖਿਆਂ ਚੱਲ ਸਕਦਾ ਹੈ। ਸੋ ਇਹ ਮਤਾ ਵੀ ਸਰਬਸੰਮਤੀ ਨਾਲ਼ ਪਾਸ ਹੋ ਗਿਆ।

ਇਹ ਕਾਰਵਾਈ ਜੁਲਾਈ 1922 ਦੇ ਅਖ਼ੀਰ ਅਤੇ ਅਗਸਤ 1922 ਦੇ ਸ਼ੁਰੂ ਵਿਚ ਹੋਈ ਸੀ। ਭਾਈ ਕਿਸ਼ਨ ਸਿੰਘ ਨੂੰ ਲੀਡਰ ਚੁਣੇ ਜਾਣ ਤੋਂ ਬਾਅਦ ਬਾਕੀ ਅਹੁਦੇਦਾਰ ਸਰਬਸੰਮਤੀ ਨਾਲ ਇਸ ਪ੍ਰਕਾਰ ਚੁਣੇ ਗਏ ਸਨ : ਸੈਕਟਰੀ, ਮਾਸਟਰ ਦਲੀਪ ਸਿੰਘ ਗੋਸਲ ; ਖ਼ਜ਼ਾਨਚੀ, ਕਰਮ ਸਿੰਘ ਝਿੰਗੜ ; ਅਤੇ ਐਡੀਟਰ, ਬਬਰ ਕਰਮ ਸਿੰਘ ਦੌਲਤਪੁਰ।

ਉਸ ਵੇਲੇ ਬਾਬੂ ਸੰਤਾ ਸਿੰਘ ਤੋਂ ਬਗ਼ੈਰ ਬਾਕੀ ਸਭ ਦੇ ਵਾਰੰਟ ਗਰਿਫ਼ਤਾਰੀ ਜਾਰੀ ਹੋ ਚੁੱਕੇ ਸਨ। ਇਹਦੀ ਇਤਲਾਹ ਜਲੰਧਰ, ਹੁਸ਼ਿਆਰਪੁਰ ਅਤੇ ਰਿਆਸਤ ਕਪੂਰਥਲੇ ਦੇ ਥਾਣਿਆਂ ਵਿਚ ਜਾ ਚੁੱਕੀ ਸੀ। ਸਭ ਨੂੰ ਮਫ਼ਰੂਰ ਕਰਾਰ ਦਿੱਤਾ ਜਾ ਚੁਕਿਆ ਸੀ। ਸਾਰਿਆਂ ਨੇ ਪੱਕਾ ਫ਼ੈਸਲਾ ਕਰ ਛਡਿਆ ਸੀ ਕਿ ਖ਼ਾਹਮਖ਼ਾਹ ਜਿਹਲ ਜਾਣ ਦਾ ਕੀ ਫ਼ਾਇਦਾ ? ਜਿੰਨਾ ਚਿਰ ਹੋ ਸਕੇ, ਬਾਹਰ ਰਹਿ ਕੇ ਕੰਮ ਕੀਤਾ ਜਾਵੇ। ਜੇ ਗਰਿਫ਼ਤਾਰ ਹੋ ਹੀ ਗਏ ਤਾਂ ਕੈਦ ਕੱਟ ਲਵਾਂਗੇ। ਉਸ ਵੇਲੇ ਕਿਸੇ ਨੂੰ ਕੀ ਪਤਾ ਸੀ ਕਿ ਇਹਨਾਂ ਜ਼ਿੰਮੇ ਕੁਦਰਤ ਨੇ ਕੀ ਕੰਮ ਸੌਂਪਿਆ ਹੋਇਆ ਹੈ ਅਤੇ ਇਹਨਾਂ ਨੇ ਉਹ ਕਾਰਨਾਮੇ ਕਰਨੇ ਹਨ, ਜਿਹੜੇ ਨਾ ਪਹਿਲਾਂ ਅਤੇ ਨਾ ਹੀ ਅੱਜ ਤੱਕ ਕਿਸੇ ਕਰਾਂਤੀਕਾਰੀ ਲਹਿਰ ਨੇ ਕਰਕੇ ਵਿਖਾਏ ਹਨ। ਫਾਂਸੀਆਂ ਉੱਤੇ ਤਾਂ ਬਬਰਾਂ ਸਣੇ ਕਈ ਦੇਸ਼ਭਗਤ ਚੜ੍ਹੇ ਹਨ, ਪਰ ਫ਼ੌਜ, ਰਸਾਲੇ ਅਤੇ ਪੁਲਸ ਨਾਲ ਸਿੱਧੀਆਂ ਟੱਕਰਾਂ ਲੈ ਕੇ ਸ਼ਹੀਦੀਆਂ ਹੋਰ ਕਿਸੇ ਕਰਾਂਤੀਕਾਰੀ ਲਹਿਰ ਦੇ ਹਿੱਸੇ ਨਹੀਂ ਆਈਆਂ ਅਤੇ ਨਾ ਹੀ

ਦੋ-ਢਾਈ ਸਾਲ ਰਾਜ ਕਰਨਾ ਕਿਸੇ ਦੇ ਹਿੱਸੇ ਆਇਆ ਹੈ, ਜਿਹੜਾ ਰੀਕਾਰਡ ਦੇ ਪੰਨਿਆਂ ਉੱਤੇ ਹਮੇਸ਼ਾ ਲਈ ਅੰਕਿਤ ਹੋ ਚੁਕਿਆ ਹੈ। ਉਹ ਵੀ ਅੰਗਰੇਜ਼ ਅਫ਼ਸਰਾਂ ਦੀ ਜ਼ਬਾਨੀ, ਜਿਹੜੇ ਆਪ ਰਾਜ ਕਰ ਰਹੇ ਸਨ।

ਹੁਣ ਬਬਰ ਲਹਿਰ ਆਪਣੇ ਪੂਰੇ ਜੋਬਨ ਉੱਤੇ ਆ ਚੁੱਕੀ ਸੀ। ਦੂਜੇ ਬੰਨੇ ਸਰਕਾਰ ਵੀ ਚੁਕੰਨੀ ਹੋ ਚੁਕੀ ਸੀ ਅਤੇ ਆਪਣੇ ਚਾਟੜਿਆਂ ਨੂੰ ਭਾਂਤ-ਭਾਂਤ ਦੇ ਲਾਲਚ ਦੇ ਕੇ ਪਿੰਡਾਂ ਵਿਚ ਅਮਨ ਸਭਾਵਾਂ ਬਣਵਾ ਰਹੀ ਸੀ ਅਤੇ ਜਲਸੇ ਕਰਵਾ ਰਹੀ ਸੀ।

ਇਹੋ ਜਿਹਾ ਇਕ ਜਲਸਾ ਜਲੰਧਰ ਛਾਉਣੀ ਦੇ ਨੇੜੇ ਜਲੰਧਰ-ਫਗਵਾੜਾ ਜਰਨੈਲੀ ਸੜਕ ਉੱਤੇ ਪਿੰਡ ਧੰਨੋਵਾਲੀ ਕੋਲ ਰੇਲ ਦੇ ਫ਼ਾਟਕ ਉੱਤੇ ਹੋ ਰਿਹਾ ਸੀ। ਆਮ ਲੋਕਾਂ ਤੋਂ ਇਲਾਵਾ ਇਸ ਇਲਾਕੇ ਦੇ ਸਾਰੇ ਸਿਰਕੱਢ ਝੋਲੀ-ਚੁੱਕ ਆਏ ਹੋਏ ਸਨ, ਜਿਨ੍ਹਾਂ ਵਿਚੋਂ ਮੋਹਰੀ ਇਹ ਸਨ : ਬੂਟਾ ਲੰਬੜਦਾਰ ਨੰਗਲ ਸ਼ਾਮਾ, ਜੈਮਲ ਸਿੰਘ ਜ਼ੈਲਦਾਰ ਜਮਸ਼ੇਰ, ਸੰਤਾ ਸਿੰਘ ਜ਼ੈਲਦਾਰ ਜੰਡੂ ਸਿੰਘਾ, ਸ਼ਾਮ ਸਿੰਘ ਜ਼ੈਲਦਾਰ ਤਲਹਣ, ਅਮਰ ਸਿੰਘ ਸਫੈਦਪੋਸ਼ ਜੌਹਲਾਂ ਅਤੇ ਕੋਈ ਵੀਹ-ਪੱਚੀ ਪਿੰਡਾਂ ਦੇ ਲੰਬੜਦਾਰ ਤੇ ਉਹਨਾਂ ਦੇ ਜਾਣੂ-ਪਛਾਣੂ। ਆਮ ਲੋਕੀਂ ਵੀ ਘੇਰ-ਘਾਰ ਕੇ ਲਿਆ ਇਕੱਠੇ ਕੀਤੇ ਸਨ। ਜਾਣ-ਬੁਝ ਕੇ ਇਸ ਅਮਨ ਸਭਾ ਦੇ ਜਲਸੇ ਦਾ ਪਰਧਾਨ ਭਾਈ ਕਿਸ਼ਨ ਸਿੰਘ ਦੇ ਪਿੰਡ ਬਿੜ੍ਹੰਗਾਂ ਦਾ ਬੰਦਾ ਭਾਨ ਸਿੰਘ ਰਿਟਾਇਰਡ ਸਬ-ਇੰਸਪੈਕਟਰ, ਜਿਹੜਾ ਭਾਈ ਸਹਿਬ ਦਾ ਹਮਦਰਦ ਵੀ ਸੀ ਅਤੇ ਬੁਹਾਨੀ ਜਲਸੇ ਵਿਚ ਨਾਲ ਵੀ ਗਿਆ ਸੀ, ਬਣਾਇਆ ਹੋਇਆ ਸੀ। ਜਲਸਾ ਪੂਰੇ ਜੋਬਨ ਉੱਤੇ ਸੀ ਅਤੇ ਬਬਰਾਂ ਦੇ ਖ਼ਿਲਾਫ਼ ਤਕਰੀਰਾਂ ਹੋ ਰਹੀਆਂ ਸਨ। ਇਕ ਕਾਰ ਬਿਲਕੁਲ ਜਲਸੇ ਦੇ ਨੇੜੇ ਆ ਕੇ ਰੁਕੀ। ਉਸ ਵਿਚੋਂ ਭਾਈ ਕਿਸ਼ਨ ਸਿੰਘ, ਜੋਗਿੰਦਰ ਸਿੰਘ ਖੁਰਦਪੁਰੀ, ਜਰਨੈਲ ਮੂਲਾ ਸਿੰਘ ਬਾਹੋਵਾਲ ਅਤੇ ਉਜਾਗਰ ਸਿੰਘ ਬਸਰਾਮਪੁਰ ਤਿੰਨ-ਤਿੰਨ ਫੁੱਟੀਆਂ ਕਿਰਪਾਨਾਂ ਲੈ ਕੇ ਉੱਤਰ ਸਟੇਜ ਉੱਤੇ ਆ ਗਏ ਅਤੇ ਬੋਲ ਰਹੇ ਝੋਲੀ-ਚੁੱਕ ਨੂੰ ਬਾਹੋਂ ਫੜ ਇਕ ਪਾਸੇ ਕਰਦਿਆਂ ਮਿਆਨ ਵਿਚੋਂ ਤਲਵਾਰ ਧੂ ਕੇ ਲੈਕਚਰ ਸ਼ੁਰੂ ਕਰ ਦਿੱਤਾ। ਸੱਜੇ-ਖੱਬੇ ਜੋਗਿੰਦਰ ਸਿੰਘ ਅਤੇ ਮੂਲਾ ਸਿੰਘ ਤਲਵਾਰਾਂ ਧੂ ਕੇ ਖੜੋ ਗਏ ਅਤੇ ਪਿਛਲੇ ਪਾਸੇ ਉਜਾਗਰ ਸਿੰਘ ਖੜੋ ਗਿਆ।

ਲੈਕਚਰ ਸ਼ੁਰੂ ਕਰਦਿਆਂ ਭਾਈ ਕਿਸ਼ਨ ਸਿੰਘ ਨੇ ਸਭ ਤੋਂ ਪਹਿਲਾਂ ਜਲਸੇ ਦੇ ਪ੍ਰਧਾਨ ਭਾਨ ਸਿੰਘ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ "ਸਾਡਾ ਦੋਹਾਂ ਦਾ ਖ਼ੂਨ ਇਕੋ ਹੈ। ਜਿਸ ਖ਼ੂਨ ਵਿਚੋਂ ਇਹ ਜੰਮਿਆ ਹੈ, ਉਸੇ ਵਿਚੋਂ ਹੀ ਮੈਂ ਜੰਮਿਆ ਹਾਂ। ਅਸੀਂ ਭਰਾ ਹੀ ਹਾਂ ਅਤੇ ਤੁਸੀਂ ਇਥੇ ਆਏ ਸਾਰੇ ਮੇਰੇ ਹੀ ਭਰਾ ਹੋ। ਇਹ ਵੱਖਰੀ ਗੱਲ ਹੈ ਕਿ ਅੱਜ ਸਾਡੇ ਇਹ ਭਰਾ ਲਾਲਚ ਵਿਚ ਆ ਕੇ ਸਾਡੀ ਮੁਖ਼ਾਲਫ਼ਤ ਕਰ ਰਹੇ ਹਨ ਅਤੇ ਬਦੇਸੀਆਂ ਦੀ ਮਦਦ ਕਰ ਰਹੇ ਹਨ। ਜ਼ੈਲਦਾਰੀਆਂ, ਸਫ਼ੈਦਪੋਸ਼ੀਆਂ ਅਤੇ ਲੰਬੜਦਾਰੀਆਂ ਤਾਂ ਗ਼ੁਲਾਮੀ ਦੇ ਪਟੇ ਹਨ, ਜਿਹੜੇ ਅੰਗਰੇਜ਼ ਸਰਕਾਰ ਇਹਨਾਂ ਦੇ ਗਲਾਂ ਵਿਚ ਪਾ ਕੇ ਜਿਧਰ ਮਰਜ਼ੀ ਹੈ, ਧੂਈ ਫਿਰਦੀ ਹੈ। ਕਦੀ ਇਹੋ ਨੌਕਰੀ ਦਾ ਪਟਾ ਮੈਂ ਵੀ ਗਲ ਪੁਆਈ ਫਿਰਦਾ ਰਿਹਾ ਹਾਂ। ਪਰ ਜਦੋਂ ਇਸ ਗੱਲ ਦੀ ਸੋਝੀ ਆਈ ਕਿ ਇਹ ਪਟਾ ਤਾਂ ਮੈਂ ਵਤਨ ਦੀ ਗ਼ੁਲਾਮੀ ਕਾਇਮ ਰੱਖਣ ਲਈ ਪੁਆਈ ਫਿਰਦਾ ਹਾਂ, ਤਾਂ ਇਹ ਪਟਾ ਲਾਹੁਣ ਵਿਚ ਇਕ ਮਿੰਟ ਦੀ ਦੇਰ ਨਹੀਂ ਕੀਤੀ। ਹੁਣ ਦੂਜਿਆਂ ਦੇ ਗਲਾਂ ਵਿਚੋਂ ਗ਼ੁਲਾਮੀ ਦਾ ਇਹ ਪਟਾ ਲੁਹਾਉਣ ਦਾ ਪ੍ਰਣ ਧਾਰ ਲਿਆ ਹੈ। ਸੋ ਮੈਂ

ਸਭ ਭਰਾਵਾਂ ਅਗੇ ਬੇਨਤੀ ਕਰਦਾ ਹਾਂ ਕਿ ਤੁਸੀਂ ਆਪਣੇ ਆਪ ਹੀ ਇਹ ਪਟੇ ਲਾਹ ਦਿਉ, ਨਹੀਂ ਤਾਂ ਬਬਰ ਜਥੇ ਨੇ ਫ਼ੈਸਲਾ ਕਰ ਲਿਆ ਹੈ ਕਿ ਉਹ ਇਹ ਪਟੇ ਕਿਸੇ ਕੀਮਤ ਉੱਤੇ ਵੀ ਲਾਹੇ ਬਿਨਾਂ ਨਹੀਂ ਰਹੇਗਾ, ਭਾਵੇਂ ਸਣੇ ਪਟੇ ਗਰਦਣਾਂ ਵੀ ਕਿਉਂ ਨਾ ਵੱਢਣੀਆਂ ਪੈਣ।

"ਮੈਨੂੰ ਪਤਾ ਹੈ, ਥਾਣੇਦਾਰ, ਜ਼ੈਲਦਾਰ, ਸਫ਼ੈਦਪੋਸ਼ ਅਤੇ ਲੰਬੜਦਾਰ ਇਸ ਵੱਡੀ ਮਸ਼ੀਨ ਦੇ ਪੁਰਜ਼ੇ ਹਨ, ਜਿਹੜੀ ਸਾਡੇ ਉੱਤੇ ਹਜ਼ਾਰਾਂ ਮੀਲਾਂ ਤੋਂ ਆ ਕੇ ਰਾਜ ਕਰ ਰਹੀ ਹੈ। ਅਸੀਂ ਫ਼ੈਸਲਾ ਕਰ ਲਿਆ ਹੈ ਕਿ ਪਹਿਲਾਂ ਇਹਨਾਂ ਪੁਰਜ਼ਿਆਂ ਨੂੰ ਹੀ ਖ਼ਤਮ ਕਰਾਂਗੇ, ਜਿਨ੍ਹਾਂ ਸਦਕਾ ਮਸ਼ੀਨ ਚੱਲ ਰਹੀ ਹੈ, ਜਦੋਂ ਪੁਰਜ਼ੇ ਖਤਮ ਹੋ ਗਏ ਤਾਂ ਮਸ਼ੀਨ ਨੇ ਆਪਣੇ ਆਪ ਹੀ ਬੰਦ ਹੋ ਜਾਣਾ ਹੈ। ਸੋ ਇਹ ਸੁਨਹਿਰੀ ਪਟੇ ਆਪਣੇ ਆਪ ਹੀ ਲਾਹ ਦਿਉ, ਜੋ ਤੁਸੀਂ ਆਪਣੇ ਭਰਾਵਾਂ ਨੂੰ ਹੀ ਵੱਢ ਖਾਣ ਲਈ ਪੁਆਈ,ਫਿਰਦੇ ਹੋ। ਬਦੇਸੀਆਂ ਦੇ ਕਹਿਣ ਉੱਤੇ ਆਪਣੇ ਹੀ ਭਰਾਵਾਂ ਦੇ ਖ਼ੂਨ ਦੇ ਤਿਹਾਏ ਅਮਨ ਕਾਨਫਰੰਸਾਂ ਕਰਕੇ ਲੋਕਾਂ ਨੂੰ ਭੁਲੇਖਿਆਂ ਵਿਚ ਪਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹੋ। ਨਿਗੂਣੇ ਸਵਾਰਥ ਲਈ ਬਦੇਸੀਆਂ ਦੀਆ ਜੁੱਤੀਆਂ ਚੱਟ-ਚੱਟ ਕੇ ਸਿਫ਼ਾਰਸ਼ੀ ਚਿੱਠੀਆਂ, ਜਗੀਰਾਂ ਅਤੇ ਮੁਰਬਿਆਂ ਦੇ ਲਾਲਚ ਵਿਚ ਦੇਸਭਗਤਾਂ ਦੇ ਖ਼ੂਨ ਨਾਲ ਹੱਥ ਰੰਗਣ ਤੋਂ ਬਾਜ ਆ ਜਾਉ। ਅਸੀਂ ਫ਼ੌਜੀਆਂ ਨੇ ਪਿਛਲੀ ਲੜਾਈ ਵਿਚ ਆਪਣਾ ਖ਼ੂਨ ਦੇ ਕੇ ਇਹ ਨੌਕਰਸ਼ਾਹੀ ਕਾਇਮ ਰੱਖਣ ਦਾ ਸੁਆਦ ਲੈ ਲਿਆ ਹੈ। ਜਲ੍ਹਿਆਂਵਾਲਾ ਬਾਗ਼ ਅਤੇ ਨਨਕਾਣਾ ਸਾਹਿਬ ਵਿਚ ਖ਼ੂਨ ਦੀ ਹੋਲੀ ਸਾਡੇ ਖ਼ੂਨ ਨਾਲ ਹੀ ਖੇਡੀ ਜਾ ਚੁੱਕੀ ਹੈ। ਪਤਾ ਨਹੀਂ ਹੋਰ ਕਿੰਨਾ ਖ਼ੂਨ ਹਾਲੇ ਦੇਣਾ ਪੈਣਾ ਹੈ। ਬਬਰ ਜਥੇ ਨੇ ਪ੍ਰਣ ਧਾਰ ਲਿਆ ਹੈ ਕਿ ਜਾਂ ਤਾਂ ਇਸ ਹਕੂਮਤ ਨੂੰ ਖ਼ਤਮ ਕਰਾਂਗੇ, ਨਹੀਂ ਤਾਂ ਆਪ ਖ਼ਤਮ ਹੋ ਜਾਵਾਂਗੇ। ਸੋ ਤੁਸੀਂ ਸਾਨੂੰ ਮਜਬੂਰ ਨਾ ਕਰੋ ਕਿ ਸਾਨੂੰ ਤੁਹਾਡੇ ਖ਼ੂਨ ਨਾਲ ਹੱਥ ਰੰਗਣੇ ਪੈਣ।"

ਇਸ ਪਿਛੋਂ ਜਥਾ ਉਸੇ ਕਾਰ ਉੱਤੇ ਤਿਤਰ ਹੋ ਗਿਆ। ਜਲਸਾ ਸਤਿ ਸ੍ਰੀ ਅਕਾਲ ਦੇ ਨਾਹਰਿਆਂ ਨਾਲ ਗੂੰਜ ਉਠਿਆ। ਆਵਾਜ਼ਾਂ ਆਉਣ ਲੱਗ ਪਈਆਂ ਕਿ ਅਸੀਂ ਵੀ ਆਜਾਦੀ ਲਈ ਬਬਰ ਜਥੇ ਦਾ ਹੱਥ ਵਟਾਵਾਂਗੇ। ਮਜ਼ੇ ਦੀ ਗੱਲ ਇਹ ਹੋਈ ਕਿ ਜਲਸਾ ਕਰਨ ਵਾਲੇ ਝੋਲੀ-ਚੁੱਕਾਂ ਨੇ ਭਾਈ ਕਿਸ਼ਨ ਸਿੰਘ ਨੂੰ ਦੇਖਦਿਆਂ ਹੀ ਉਥੋਂ ਖਿਸਕਣ ਦੀ ਕੀਤੀ। ਝੋਲੀ-ਚੁੱਕਾਂ ਦਾ ਅਸਰ ਪੈਣ ਦੀ ਥਾਂ ਉਲਟਾ, ਸਰਕਾਰ ਵਿਰੁੱਧ ਪ੍ਰਚਾਰ ਹੋ ਗਿਆ। ਇਹਦਾ ਸਿੱਟਾ ਇਹ ਹੋਇਆ ਕਿ ਮੁੜ ਕਦੀ ਕਿਸੇ ਵੀ ਥਾਂ ਝੋਲੀ-ਚੁੱਕਾਂ ਨੂੰ ਜਲਸਾ ਕਰਨ ਦਾ ਹੌਸਲਾ ਨਾ ਪਿਆ।

# 20. ਭਾਈ ਕਿਸ਼ਨ ਸਿੰਘ ਦੀ ਨਿਗਰਾਨੀ ਥੱਲੇ ਅਖ਼ਬਾਰ "ਬਬਰ ਅਕਾਲੀ ਦੁਆਬਾ"

ਭਾਈ ਕਿਸ਼ਨ ਸਿੰਘ ਭੂਕੜੌਦੀ ਤੋਂ ਮਸ਼ੀਨ ਅਤੇ ਬਾਕੀ ਸਾਰਾ ਸਾਮਾਨ ਲੈ ਕੇ ਰਾਜੋਵਾਲ ਆ ਗਏ। ਪੰਡੋਰੀ ਨਿੱਝਰਾਂ ਤੋਂ ਊਧਮ ਸਿੰਘ ਨੂੰ ਸੱਦ ਘਲਿਆ ਜੀਹਨੇ ਆ ਕੇ ਭਾਈ ਸਾਹਿਬ ਦੇ ਲਿਖਾਉਣ ਮੁਤਾਬਿਕ ਮੋਮੀ ਕਾਗਜ਼ ਉੱਤੇ ਸਟੀਲ ਦੀ ਕਲਮ ਨਾਲ ਲਿਖ ਕੇ ਪਰਚਾ ਤਿਆਰ ਕਰ ਦਿਤਾ। ਇਹ ਤੀਜਾ ਪਰਚਾ ਸੀ। ਪਹਿਲੇ ਦੋ ਪਰਚੇ ਬਬਰ ਕਰਮ ਸਿੰਘ ਅਤੇ ਉਦੇ ਸਿੰਘ ਜਾਰੀ ਕਰ ਚੁਕੇ ਸਨ। ਸੋ ਇਸ ਉੱਤੇ ਨੰ: ਤਿੰਨ ਦੇ ਦਿਤਾ ਗਿਆ।

ਪ੍ਰੈੱਸ ਦਾ ਨਾਂ ਸਫਰੀ ਦੀ ਥਾਂ ਉਡਾਰੂ ਪ੍ਰੈੱਸ ਰੱਖ ਕੇ ਹੇਠ ਲਿਖ ਦਿੱਤਾ : ਜੰਗਲ ਵਿਚ ਛਪਿਆ। ਅਗਲੇ ਸਭ ਪਰਚੇ "ਉਡਾਰੂ ਪ੍ਰੈੱਸ, ਜੰਗਲ ਵਿਚ ਛਪਿਆ" ਲਿਖ ਕੇ ਹੀ ਕਢੇ ਗਏ। ਪਰਚਾ ਬਹੁਤ ਧੜੱਲੇਦਾਰ ਸੀ ਅਤੇ ਅੰਗਰੇਜ਼ਾਂ ਦੇ ਖ਼ਿਲਾਫ਼ ਖੁੱਲ੍ਹੀ ਬਗ਼ਾਵਤ ਕਰਨ ਲਈ ਆਮ ਲੋਕਾਂ ਅਤੇ ਫੌਜੀਆਂ ਨੂੰ ਵੰਗਾਰਿਆ ਗਿਆ ਸੀ। ਸੋ ਹੱਥੋ-ਹੱਥੀ ਇਹ ਪਰਚਾ ਆਮ ਪਿੰਡਾਂ ਵਿਚ ਅਤੇ ਜਲੰਧਰ ਛਾਉਣੀ ਫੌਜੀਆਂ ਕੋਲ ਖ਼ੁਫ਼ੀਆ ਤੌਰ ਉੱਤੇ ਪੁਚਾ ਦਿੱਤਾ ਗਿਆ। ਉਹਨਾਂ ਦਿਨਾਂ ਵਿਚ ਪੰਜਾਬੀ ਪੜ੍ਹੇ-ਲਿਖੇ ਬਹੁਤ ਘੱਟ ਸਨ। ਸਕੂਲਾਂ ਵਿਚ ਸਿਰਫ਼ ਉਰਦੂ-ਅੰਗਰੇਜ਼ੀ ਹੀ ਪ੍ਰਧਾਨ ਸਨ। ਸੋ ਪਿੰਡਾਂ ਵਿਚ ਟਾਂਵਾਂ-ਟਾਂਵਾਂ ਪੜ੍ਹਿਆ ਬੰਦਾ ਆਮ ਲੋਕਾਂ ਦੇ ਇਕੱਠ ਵਿਚ ਪੜ੍ਹ ਕੇ ਸੁਣਾ ਦਿੰਦਾ ਸੀ। ਮੈਂ ਆਪ ਇਸੇ ਤਰ੍ਹਾਂ ਸੁਣਦਾ ਰਿਹਾ ਸੀ ਅਤੇ ਆਪਣੇ ਸਕੂਲ ਵਿਚ ਵੰਡਦਾ ਰਿਹਾ ਸੀ। ਉਦੋਂ ਇਹੋ ਰਿਵਾਜ ਆਮ ਪਿੰਡਾਂ ਵਿਚ ਪ੍ਰਚੱਲਤ ਹੋ ਗਿਆ ਸੀ।

ਅੰਬਾਂ ਅਤੇ ਜਾਮਣਾਂ ਦਾ ਮੌਸਮ ਸ਼ੁਰੂ ਸੀ। ਸੋ ਇਕ ਪਰਚਾ ਇਸ ਮਜ਼ਮੂਨ ਦਾ ਛਾਪ ਕੇ ਪਿੰਡਾਂ ਵਿਚ ਵੰਡ ਦਿਤਾ ਅਤੇ ਡਿਸਟਰਿਕਟ ਬੋਰਡ ਦੀਆਂ ਕੱਚੀਆਂ-ਪੱਕੀਆਂ ਸੜਕਾਂ ਉੱਤੇ ਦਰਖ਼ਤਾਂ ਨਾਲ ਵਿਰਲਾ-ਵਿਰਲਾ ਕਰਕੇ ਲਾ ਦਿੱਤਾ ਗਿਆ ਕਿ ਕੋਈ ਬੰਦਾ ਬੋਲੀ ਦੇ ਕੇ ਸੜਕਾਂ ਜਾਂ ਸਰਕਾਰੀ ਬਾਗ਼ਾਂ ਦੇ ਠੇਕੇ ਨਾ ਲਵੇ। ਜਿਹੜਾ ਨੀਲਾਮੀ ਵਿਚ ਬੋਲੀ ਦੇ ਕੇ ਠੇਕੇ ਲਵੇਗਾ, ਬਬਰ ਜਥਾ ਉਹਦਾ ਸੁਧਾਰ ਕਰ ਦੇਵੇਗਾ। ਉਹਨਾਂ ਦਿਨਾਂ ਵਿਚ ਸੜਕਾਂ ਡਿਸਟਰਿਕਟ ਬੋਰਡ ਦੇ ਅਧਿਕਾਰ ਵਿਚ ਸਨ। ਮੀਲ-ਮੀਲ ਦਾ ਠੇਕਾ ਦਿੱਤਾ ਜਾਂਦਾ ਸੀ। ਕੱਚੀਆਂ ਸੜਕਾਂ ਉੱਤੇ ਪਸ਼ੂ ਚਾਰਨ ਦਾ ਅਤੇ ਕੱਚੀਆਂ-ਪੱਕੀਆਂ ਸੜਕਾਂ ਉੱਤੇ ਕੱਚੇ-ਪੱਕੇ ਅੰਬਾਂ ਤੇ ਜਾਮਣਾਂ ਦਾ ਠੇਕਾ ਦਿੱਤਾ ਜਾਂਦਾ ਸੀ।

ਜ਼ਿਲਾ ਹੁਸ਼ਿਆਰਪੁਰ ਅਤੇ ਨਾਲ ਲਗਦੀਆਂ ਊਨਾ, ਭਰਵਾਈ ਤੇ ਜਵਾਲਾ ਜੀ ਦੀਆਂ ਸੜਕਾਂ ਉੱਤੇ ਬੇਸ਼ੁਮਾਰ ਅੰਬ ਤੇ ਜਾਮਣ ਸਨ। ਬਲਾਚੌਰ ਤੋਂ ਲੈ ਕੇ ਗੜ੍ਹਸ਼ੰਕਰ, ਮਾਹਲਪੁਰ ਤੇ ਆਲੇ-ਦੁਆਲੇ ਨਿਕਲਦੀਆਂ ਅਨੇਕ ਸੜਕਾਂ ਦੀ, ਗੜ੍ਹਸ਼ੰਕਰੋਂ ਕੀਰਤਪੁਰ, ਆਨੰਦਪੁਰ ਤੇ ਕਈ ਹੋਰ ਸੜਕਾਂ ਦੀ ਅਤੇ ਹੁਸ਼ਿਆਰਪੁਰੋਂ ਤੇ ਗੜ੍ਹਦੀਵਾਲਿਉਂ ਮੁਕੇਰੀਆਂ, ਦਸੂਹਾ, ਟਾਂਡਾ ਤੇ ਆਲੇ-ਦੁਆਲੇ ਜਾਂਦੀਆਂ ਕੁੱਲ ਸੜਕਾਂ ਦੀ ਲਗਾਤਾਰ ਲੱਖਾਂ ਰੁਪਏ ਦੀ ਆਮਦਨ ਇਕੱਲੇ ਜ਼ਿਲਾ ਹੁਸ਼ਿਆਰਪੁਰ ਦੇ ਡਿਸਟਰਿਕਟ ਬੋਰਡ ਨੂੰ ਹੁੰਦੀ ਸੀ। 1922 ਅਤੇ 1923 ਵਿਚ ਲਗਾਤਾਰ ਬਬਰਾਂ ਦੀ ਧਾਂਕ ਸਦਕਾ ਸਰਕਾਰ ਇਕ ਖੋਟਾ ਪੈਸਾ ਵੀ ਨਹੀਂ ਸੀ ਵਸੂਲ ਕਰ ਸਕੀ।

ਬਬਰਾ ਨੇ ਸਾਫ਼ ਐਲਾਨ ਕਰ ਦਿੱਤਾ ਸੀ ਕਿ ਸੜਕਾਂ ਆਮ ਲੋਕਾਂ ਦੀਆਂ ਹਨ ਅਤੇ ਆਮ ਲੋਕਾਂ ਨੂੰ ਹੱਕ ਹੈ ਕਿ ਕੁਦਰਤ ਦੀ ਇਸ ਦੇਣ ਨੂੰ ਸਭ ਅਮੀਰ-ਗ਼ਰੀਬ ਛਕਣ। ਸਰਕਾਰ ਨੂੰ ਕੋਈ ਹੱਕ ਨਹੀਂ ਕਿ ਗ਼ਰੀਬਾਂ ਤੋਂ ਇਹ ਮੇਵਾ ਖੋਹ ਕੇ ਆਪ ਤਾਂ ਟੋਕਰਿਆਂ ਦੇ ਟੋਕਰੇ ਡਾਲੀਆਂ ਦੇ ਰੂਪ ਵਿਚ ਮੁਫ਼ਤ ਲੈ ਲਵੇ ਤੇ ਇਹਦੇ ਚਾਟੜੇ ਗ਼ਰੀਬਾਂ ਦੇ ਸਿਰ ਉੱਤੇ ਗੁਲਛਰਰੇ ਉਡਾਉਣ ਅਤੇ ਗ਼ਰੀਬਾਂ ਦੇ ਬੱਚੇ ਇਹਨਾਂ ਅਮੀਰਾਂ ਦੀਆ ਜੂਠੀਆਂ ਗਿਟਕਾਂ ਲਈ ਵੀ ਤਰਸਣ।

ਉਹਨਾਂ ਦਿਨਾਂ ਵਿਚ ਟੋਡੀ ਹੀ ਡਿਸਟਰਿਕਟ ਬੋਰਡ ਦੇ ਮੈਂਬਰ ਹੁੰਦੇ ਸਨ। ਉਹਨਾਂ ਨੂੰ ਅੰਗਰੇਜ਼ ਡਿਪਟੀ ਕਮਿਸ਼ਨਰ ਆਪ ਚੁਣਦਾ ਸੀ। ਪਾਠਕ ਆਪ ਹੀ ਅੰਦਾਜ਼ਾ ਲਾ ਲੈਣ ਕਿ ਕੱਟੜ ਤੋਂ ਕੱਟੜ ਅੰਗਰੇਜ਼-ਭਗਤ ਟੋਡੀ-ਬੱਚਾ ਹੀ ਮੈਂਬਰ ਬਣ ਸਕਦਾ ਸੀ।

ਦੂਜੇ ਬੰਨੇ ਨੀਲਾਮੀ ਵਿਚ ਠੇਕਾ ਪਿੰਡਾਂ ਦੇ ਹਰੀਜਨ, ਮੋਚੀ, ਜੁਲਾਹੇ, ਗ਼ਰੀਬ ਆਦਮੀ ਹੀ ਲਿਆ ਕਰਦੇ ਸਨ, ਜਿਹੜੇ ਛੰਨਾਂ ਪਾ ਕੇ ਟੱਬਰਾਂ ਸਮੇਤ ਦਰਖਤਾਂ ਦੀ ਰਾਖੀ ਅਤੇ ਫ਼ਸਲ ਇਕੱਠੀ ਕਰਨ ਲਈ ਉਥੇ ਰਿਹਾ ਕਰਦੇ ਸਨ। ਉਹ ਚੁਣਵੀਂ ਚੀਜ਼ ਡਾਲੀਆਂ ਦੀ ਸ਼ਕਲ ਵਿਚ ਇਹਨਾਂ ਮੁਫ਼ਤਖੋਰੇ ਮੈਂਬਰਾਂ ਦੇ ਘਰੀਂ ਪੁਚਾਉਣ ਲਈ ਮਜਬੂਰ ਸਨ। ਪਾਠਕ ਅੰਦਾਜ਼ਾ ਆਪ ਲਾ ਲੈਣ ਕਿ ਇਸ ਇਲਾਕੇ ਦਾ ਕਿੰਨਾ ਘੇਰਾ ਬਣਦਾ ਹੈ। ਬਬਰਾਂ ਦੀ ਧਾਂਕ ਸਦਕਾ ਇਕ ਦਰਖ਼ਤ ਦੀ ਵੀ ਲਗਾਤਾਰ ਦੋ ਸਾਲ ਨੀਲਾਮੀ ਨਹੀਂ ਸੀ ਹੋ ਸਕੀ। ਇਸ ਗੱਲ ਨੂੰ ਅਦਾਲਤ ਵਿਚ ਅੰਗਰੇਜ਼ ਅਫ਼ਸਰਾਂ ਨੇ ਆਪ ਸਵੀਕਾਰ ਕੀਤਾ ਕਿ "ਬਬਰਾਂ ਦੀ ਦਹਿਸ਼ਤ ਏਨੇਂ ਜ਼ੋਰਾਂ ਉੱਤੇ ਸੀ ਕਿ ਸਾਡਾ ਆਪ ਬਾਹਰ ਜਾਣਾ ਬੰਦ ਹੋ ਚੁਕਿਆ ਸੀ ਅਤੇ ਬਬਰ ਰਾਜ ਕਰ ਰਹੇ ਸਨ।" ਦੋ ਸਾਲ ਆਮ ਲੋਕਾਂ ਨੇ ਮਨ ਦੀ ਮੌਜ ਨਾਲ ਇਸ ਮੇਵੇ ਦਾ ਆਨੰਦ ਮਾਣਿਆ ਸੀ ਅਤੇ ਬਬਰਾਂ ਨੂੰ ਵਧਾਈਆਂ ਮਿਲੀਆਂ ਸਨ। ਬਬਰਾਂ ਦੇ ਇਸ ਇਸ਼ਤਿਹਾਰ ਨੇ ਜਾਦੂ ਦਾ ਅਸਰ ਕੀਤਾ ਸੀ ਅਤੇ ਆਮ ਲੋਕੀਂ ਦੂਜੇ ਪਰਚੇ ਦੀ ਬੇਤਾਬੀ ਨਾਲ ਉਡੀਕ ਕਰਨ ਲੱਗ ਪਏ ਸਨ।

# 21. ਅਖ਼ਬਾਰ ਲਈ ਅੰਮ੍ਰਿਤਸਰੋਂ ਮਾਲੀ ਮਦਦ

ਸ਼ੁਰੂ ਸਤੰਬਰ 1922 ਵਿਚ ਭਾਈ ਕਿਸ਼ਨ ਸਿੰਘ, ਬਬਰ ਕਰਮ ਸਿੰਘ, ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਗੋਸਲ, ਉਦੇ ਸਿੰਘ ਰਾਮਗੜ੍ਹ ਝੁਗੀਆਂ, ਆਸਾ ਸਿੰਘ ਅਤੇ ਬਾਬੂ ਸੰਤਾ ਸਿੰਘ ਰਾਜੋਵਾਲ ਸੰਤ ਠਾਕੁਰ ਸਿੰਘ ਦੀ ਕੁਟੀਆ ਵਿਖੇ ਇਕੱਠੇ ਹੋਏ। ਉਹਨਾਂ ਨੇ ਸਲਾਹ ਕੀਤੀ ਕਿ ਅੰਮ੍ਰਿਤਸਰ ਜਾ ਕੇ ਇਕ ਤਾਂ ਅਖ਼ਬਾਰ ਜਾਰੀ ਕਰ ਲੈਣ ਦੀ ਗੱਲ ਆਪਣੇ ਸਾਥੀਆਂ ਨੂੰ ਦੱਸੀ ਜਾਵੇ ਅਤੇ ਨਾਲ ਹੀ ਮਦਦ ਲੈਣ ਦੀ ਕੋਸ਼ਿਸ ਕੀਤੀ ਜਾਵੇ। ਨਾਲ ਲਗਦਿਆਂ ਇਕ ਹੋਰ ਮਸ਼ੀਨ ਖਰੀਦ ਲਈ ਜਾਵੇ। ਜੇ ਇਕ ਮਸ਼ੀਨ ਪੁਲਸ ਦੇ ਹੱਥ ਆ ਜਾਵੇ ਤਾਂ ਦੂਜੀ ਨਾਲ ਕੰਮ ਚਾਲੂ ਰਖਿਆ ਜਾ ਸਕੇ। ਸੋ ਸਾਰੇ ਪਹਿਲਾਂ ਗੁਰਦੁਆਰਾ ਕਿਸ਼ਨਪੁਰਾ ਗਏ। ਅਗਲੇ ਦਿਨ ਰੰਧਾਵਾ ਮਸੰਦਾਂ ਬਸੰਤ ਸਿੰਘ ਦੇ ਖੂਹ ਉੱਤੇ ਜਾ ਪੁੱਜੇ। ਭਾਈ ਬਸੰਤ ਸਿੰਘ ਵੀ ਕੈਨੇਡਾ ਤੋਂ ਮੁੜਿਆ ਹੋਇਆ ਇਹਨਾਂ ਦਾ ਜਾਣੂ-ਪਛਾਣੂ ਹੀ ਸੀ। ਇਥੋਂ ਹੀ ਸੂਰਾਨੁਸੀ ਸਟੇਸ਼ਨ ਤੋਂ ਰੇਲ ਚੜ੍ਹ ਕੇ ਅੰਮ੍ਰਿਤਸਰ ਪੁੱਜਣ ਦਾ ਪ੍ਰੋਗਰਾਮ ਤੈਅ ਕਰ ਲਿਆ ਗਿਆ। ਬਬਰ ਕਰਮ ਸਿੰਘ ਵਾਲੀਆਂ ਦੋਨੋਂ ਬੰਦੂਕਾਂ ਭਾਈ ਬਸੰਤ ਸਿੰਘ ਦੇ ਹਵਾਲੇ ਕਰ ਦਿੱਤੀਆਂ ਕਿਉਂਕਿ ਅੰਮ੍ਰਿਤਸਰ ਨਾਲ ਲੈ ਜਾਣੀਆਂ ਮੁਸ਼ਕਲ ਸਨ। ਬਾਬੂ ਸੰਤਾ ਸਿੰਘ ਅਤੇ ਆਸਾ ਸਿੰਘ ਵਾਪਸ ਮੁੜ ਗਏ। ਬਾਕੀ ਭਾਈ ਕਿਸ਼ਨ ਸਿੰਘ, ਬਬਰ ਕਰਮ ਸਿੰਘ, ਉਦੇ ਸਿੰਘ ਰਾਮਗੜ੍ਹ ਝੁਗੀਆਂ, ਕਰਮ ਸਿੰਘ ਝਿੰਗੜ ਅਤੇ ਮਾਸਟਰ ਦਲੀਪ ਸਿੰਘ ਗੋਸਲ ਸੂਰਾਨੁਸੀ ਤੋਂ ਰਾਤ ਦੀ ਗੱਡੀ ਉੱਤੇ ਵੱਖ-ਵੱਖ ਡੱਬਿਆਂ ਵਿਚ ਸਵਾਰ ਹੋ ਕੇ ਦਿਨ ਚੜ੍ਹਦਿਆਂ ਜਥੇਦਾਰ ਤੇਜਾ ਸਿੰਘ ਚੂਹੜ ਕੋਲ "ਗੜਗੱਜ" ਅਖ਼ਬਾਰ ਦੇ ਦਫ਼ਤਰ ਜਾ ਪੁਜੇ। ਭਾਈ ਕਿਸ਼ਨ ਸਿੰਘ ਨੇ ਇਕ ਦੂਜੇ ਦੀ ਜਾਣ-ਪਛਾਣ ਕਰਵਾਈ ਅਤੇ ਚੂਹੜ ਸਾਹਿਬ ਨੂੰ ਬੀਤ ਚੁੱਕੇ ਕੁੱਲ ਹਾਲਾਤ ਤੋਂ ਜਾਣੂ ਕਰਵਾਇਆ। ਸਾਰੇ ਛਪ ਚੁੱਕੇ "ਬਬਰ ਅਕਾਲੀ ਦੁਆਬਾ" ਪਰਚੇ ਕਾਫ਼ੀ ਗਿਣਤੀ ਵਿਚ ਉਹਨਾਂ ਦੇ ਹਵਾਲੇ ਕਰ ਦਿੱਤੇ ਤਾਂ ਜੋ ਉਹ ਅੱਗੇ ਹੋਰ ਸਾਥੀਆਂ ਵਿਚ ਵੰਡੇ ਜਾ ਸਕਣ।

ਸਾਰੀ ਗੱਲ ਜਾਣ ਕੇ ਚੂਹੜ ਸਾਹਿਬ ਬਹੁਤ ਪ੍ਰਸੰਨ ਹੋਏ। ਬਹੁਤੀ ਖ਼ੁਸ਼ੀ ਇਸ ਗੱਲ ਉੱਤੇ ਪਰਗਟ ਕੀਤੀ ਕਿ ਇਕ ਤਾਂ ਦੋਨੋਂ ਜਥੇ ਇਕੱਠੇ ਹੋ ਗਏ ਹਨ; ਦੂਜੇ, ਜਥੇ ਦਾ ਬਹੁਤ ਹੀ ਢੁਕਵਾਂ ਨਾਂ ਰਖਿਆ ਗਿਆ ਹੈ। ਸਚਮੁੱਚ ਹੀ ਇਹ ਬਬਰ ਜਥਾ ਕਹਾਉਣ ਦੇ ਜੋਗ ਹੈ। ਨਾਲ ਹੀ ਉਹਨਾਂ ਨੇ ਤਾਕੀਦ ਕੀਤੀ ਕਿ "ਪਰਚੇ 'ਬਬਰ ਅਕਾਲੀ' ਮੇਰੇ ਪਾਸ ਪੁਚਾ ਦਿਆ ਕਰੋ, ਮੈਂ ਅੰਮ੍ਰਿਤਸਰ ਅਤੇ ਲਾਹੌਰ ਦੇ ਆਪਣੇ ਸਭ

ਜਾਣੂ-ਪਛਾਣੂ ਬੰਦਿਆਂ ਨੂੰ ਪੁਚਾ ਦਿਆ ਕਰਾਂਗਾ। ਬਹੁਤ ਵਧੀਆ ਨਾਂ ਹੋਣ ਕਰਕੇ ਇਹ ਕਾਫ਼ੀ ਮਸ਼ਹੂਰ ਹੋ ਜਾਵੇਗਾ ਅਤੇ ਇਸ ਲਹਿਰ ਨੂੰ ਰਲ-ਮਿਲ ਕੇ ਸਾਰੇ ਪੰਜਾਬ ਵਿਚ ਫੈਲਾਉਣ ਦੀ ਪੂਰੀ-ਪੂਰੀ ਕੋਸ਼ਿਸ਼ ਕੀਤੀ ਜਾਵੇਗੀ ਤੇ ਜਿੰਨੀ ਹੋ ਸਕੀ, ਮਾਲੀ ਮਦਦ ਵੀ ਕੀਤੀ ਜਾਵੇਗੀ।"

ਇਥੋਂ ਸਾਰੇ ਜਣੇ ਵਕੀਲ ਰਾਮ ਸਿੰਘ ਧਾਰੋਵਾਲ ਦੀ ਸੇਵਾ ਵਿਚ ਜਾ ਹਾਜ਼ਰ ਹੋਏ। ਪਹਿਲਾਂ ਭਾਈ ਕਿਸ਼ਨ ਸਿੰਘ ਨੇ ਸਾਰਿਆਂ ਦੀ ਜਾਣ-ਪਛਾਣ ਕਰਵਾਈ। ਫੇਰ ਬੀਤ ਚੁੱਕੀ ਸਾਰੀ ਕਹਾਣੀ ਅਲਫ਼ ਤੋਂ ਯੇ ਤੱਕ ਪੂਰੀ ਤਫ਼ਸੀਲ ਨਾਲ ਦਸਦਿਆਂ ਕੁੱਲ ਛਪ ਚੁਕੇ "ਬਬਰ ਅਕਾਲੀ ਦੁਆਬਾ" ਪਰਚੇ ਕਾਫ਼ੀ ਗਿਣਤੀ ਵਿਚ ਉਹਨਾਂ ਨੂੰ ਵੀ ਦਿਤੇ। ਧਾਰੋਵਾਲ ਸਾਹਿਬ ਵੀ ਪਰਚੇ ਦੇਖ ਕੇ ਅਤੇ ਜਥੇ ਦਾ ਨਾਂ ਸੁਣ ਕੇ ਬਹੁਤ ਹੀ ਖ਼ੁਸ਼ ਹੋਏ। ਉਹ ਕਹਿਣ ਲਗੇ, "ਬਹੁਤ ਵਧੀਆ ਨਾਂ ਬਬਰ ਸਾਹਿਬ ਨੇ ਰੱਖ ਕੇ ਇਸ ਲਹਿਰ ਨੂੰ ਸਿਖਰਾਂ ਉੱਤੇ ਪੁਚਾ ਦਿੱਤਾ ਹੈ। ਮੈਨੂੰ ਪਰਚੇ ਜ਼ਰੂਰ ਪੁਚਾਏ ਜਾਣ। ਮੈਂ ਅੱਗੇ ਤੋਂ ਅੱਗੇ ਬਬਰਾਂ ਦਾ ਪ੍ਰਚਾਰ ਕਰਨ ਦੀ ਪੂਰੀ-ਪੂਰੀ ਕੋਸ਼ਿਸ਼ ਕਰਾਂਗਾ।"

ਉਹਨਾਂ ਨੇ ਦਿਲ ਖੋਲ੍ਹ ਕੇ ਮਾਲੀ ਸਹਾਇਤਾ ਵੀ ਕੀਤੀ ਅਤੇ ਅਗੋਂ ਲਈ ਹੋਰ ਮਦਦ ਦਾ ਯਕੀਨ ਵੀ ਦੁਆ ਦਿੱਤਾ। ਭਾਈ ਕਿਸ਼ਨ ਸਿੰਘ ਨੇ ਇਕ ਹੋਰ ਮਸ਼ੀਨ ਖ਼ਰੀਦਣ ਲਈ ਰਕਮ ਦੀ ਮੰਗ ਕੀਤੀ ਤਾਂ ਧਾਰੋਵਾਲ ਸਾਹਿਬ ਨੇ ਹਾਮੀ ਭਰ ਦਿੱਤੀ ਕਿ ਉਹ ਵੀ ਲੈ ਦਿੱਤੀ ਜਾਵੇਗੀ।

ਸਾਰੇ ਵਿਦਾਇਗੀ ਲੈ ਇਸੇ ਤਰ੍ਹਾਂ ਐਸ ਐਸ ਚਰਨ ਸਿੰਘ "ਜਥੇਦਾਰ" ਅਖ਼ਬਾਰ ਨੂੰ ਜਾ ਮਿਲੇ ਅਤੇ ਸਾਰੀ ਜਾਣਕਾਰੀ ਦੇ ਕੇ ਮਾਲੀ ਮਦਦ ਲੈ ਰਾਤ ਦੀ ਰੇਲ ਵੱਖਰੇ-ਵੱਖਰੇ ਡਬਿਆਂ ਵਿਚ ਬੈਠ ਸੂਰਾਨੁਸੀ ਸਟੇਸ਼ਨ ਉੱਤੇ ਉੱਤਰ ਕੇ ਰੰਧਾਵਾ ਮਸੰਦਾਂ ਭਾਈ ਬਸੰਤ ਸਿੰਘ ਨੂੰ ਜਾ ਮਿਲੇ। ਭਾਈ ਸਾਹਿਬ ਦਾ ਇਹ ਚੱਕਰ ਬਹੁਤ ਹੀ ਕਾਮਯਾਬ ਰਿਹਾ। ਬਸੰਤ ਸਿੰਘ ਕੋਲੋਂ ਦੋਨੋਂ ਬੰਦੂਕਾਂ ਲੈ ਆਲੇ-ਦੁਆਲੇ ਘੁੰਮਦੇ-ਘੁਮਾਉਂਦੇ ਕੰਢੀ ਵੱਲ ਨਿਕਲ ਗਏ।

* * *

ਪਾਠਕਾਂ ਨੂੰ ਇਹ ਜਾਣਕਾਰੀ ਤਾਂ ਹੋ ਹੀ ਚੁੱਕੀ ਹੈ ਕਿ ਗੰਡਾ ਸਿੰਘ ਅਤੇ ਸਾਧੂ ਸਿੰਘ ਮੁਖ਼ਬਰ, ਜਿਹੜਾ "ਅਕਾਲੀ" ਅਖ਼ਬਾਰ ਲਾਹੌਰ ਵਿਚ ਕੰਮ ਕਰ ਰਿਹਾ ਸੀ, ਦੀ ਗ਼ੱਦਾਰੀ ਸਦਕਾ ਅੰਬਾਲੇ ਅਤੇ ਪਸ਼ੌਰ ਵਾਲਾ ਸਾਰਾ ਅਸਲਾ ਫੜਿਆ ਜਾ ਚੁਕਿਆ ਸੀ। ਕਈ ਸਾਥੀ ਕੈਦ ਹੋ ਚੁੱਕੇ ਸਨ ਤੇ ਕਈ ਮਫ਼ਰੂਰ। ਇਕ ਪਸਤੌਲ ਜਿਹੜਾ ਸੂਢ ਜਾਣ ਵੇਲੇ ਗਿਆਨੀ ਕਰਤਾਰ ਸਿੰਘ ਤੋਂ ਲਿਆ ਗਿਆ ਸੀ ਅਤੇ ਭਾਈ ਕਿਸ਼ਨ ਸਿੰਘ ਕੋਲ ਸੀ, ਉਹ ਵੀ ਗਿ: ਕਰਤਾਰ ਸਿੰਘ ਨੇ ਵਾਪਸ ਲੈ ਕੇ ਗੋਂਦਪੁਰ ਆਪਣੇ ਖੂਹ ਉੱਤੇ ਦਬਿਆ ਹੋਇਆ ਸੀ ਅਤੇ ਆਪ ਪੁਲਸ ਕੋਲ ਪੇਸ਼ ਹੋ ਕੇ ਇਕ ਸਾਲ ਲਈ ਜਿਹਲ ਚਲਿਆ ਗਿਆ ਸੀ।

ਊਧਮ ਸਿੰਘ ਜੰਡੂਸਿੰਘੀਆ ਵੀ ਫ਼ੌਜ ਵਿਚ ਨੌਕਰੀ ਕਰਕੇ ਪਿੰਡ ਆ ਚੁਕਿਆ ਸੀ ਅਤੇ ਹਜ਼ਾਰਾ ਸਿੰਘ ਮੰਡੇਰੀਆ ਵੀ ਬਾਬੂ ਊਧਮ ਸਿੰਘ ਦੀ ਪਲਟਣ ਵਿਚੋਂ ਹੀ ਆਇਆ ਸੀ, ਜਿਸ ਕਰਕੇ ਇਕ ਦੂਜੇ ਦੇ ਉਹ ਜਾਣੂ ਸਨ। ਭਾਈ ਕਿਸ਼ਨ ਸਿੰਘ ਅਤੇ ਊਧਮ ਸਿੰਘ ਵੀ ਇਕ ਦੂਜੇ ਦੇ ਵਾਕਫ਼ ਸਨ। ਊਧਮ ਸਿੰਘ ਕੋਲ ਵੀ ਇਕ ਪਸਤੌਲ ਸੀ, ਜੀਹਦਾ ਭਾਈ ਕਿਸ਼ਨ ਸਿੰਘ ਨੂੰ ਪਤਾ ਸੀ। ਸੋ ਇਕ ਦਿਨ ਭਾਈ ਕਿਸ਼ਨ ਸਿੰਘ ਨੇ

ਹਜ਼ਾਰਾ ਸਿੰਘ ਮੰਡੇਰ ਨੂੰ ਊਧਮ ਸਿੰਘ ਤੋਂ ਉਹੋ ਪਸਤੌਲ ਮੰਗਵਾਉਣ ਲਈ ਜੰਡੂ ਸਿੰਘ ਨੂੰ ਘੱਲ ਦਿਤਾ। ਉਹ ਪਸਤੌਲ ਲੈ ਆਇਆ ਅਤੇ ਭਾਈ ਕਿਸ਼ਨ ਸਿੰਘ ਨੂੰ ਲਿਆ ਫੜਾਇਆ। ਉਸ ਵੇਲੇ ਆਸਾ ਸਿੰਘ ਵੀ ਉਥੇ ਮੌਜੂਦ ਸੀ। ਆਸਾ ਸਿੰਘ ਕੋਲ ਵੀ ਪੰਜਾਂ ਗੋਲੀਆਂ ਦਾ ਇਕ ਛੋਟਾ ਜਿਹਾ ਪਸਤੌਲ ਸੀ ਜਿਹੜਾ ਉਹਨੇ ਬਹੁਤ ਪਹਿਲਾਂ ਖ਼ਰੀਦਿਆ ਹੋਇਆ ਸੀ। ਇਹ ਆਸਾ ਸਿੰਘ ਨੇ ਪਿੰਡ ਖਾਡਲੀ ਤੋਂ ਖ਼ਰੀਦਿਆ ਸੀ। ਸਾਰੀ ਕਹਾਣੀ ਆਸਾ ਸਿੰਘ ਦੇ ਬਿਆਨ ਵਿਚ ਪੂਰੀ ਤਰ੍ਹਾਂ ਦਰਜ ਹੈ ਜਿਹੜਾ ਪੇਪਰ-ਬੁੱਕ, ਸਫ਼ਾ 221, ਸਤਰ 40 ਤੋਂ ਸ਼ੁਰੂ ਹੁੰਦਾ ਹੈ।

ਜਦੋਂ ਸਾਰੇ ਰੰਧਾਵਿਆਂ ਤੋਂ ਕੰਢੀ ਵੱਲ ਚਲੇ ਗਏ ਤਾਂ ਭਾਈ ਕਿਸ਼ਨ ਸਿੰਘ ਅਤੇ ਆਸਾ ਸਿੰਘ ਵੱਖਰੇ ਹੋ ਗਏ। ਉਹ ਪਹਿਲਾਂ ਹਿਆਤਪੁਰ ਰੁੜਕੀ ਰਾਤ ਸੁਰਜਣ ਸਿੰਘ ਪਾਸ ਰਹੇ, ਫੇਰ ਕੁਝ ਪਿੰਡਾਂ ਵਿਚ ਲੈਕਚਰ ਕਰਦੇ ਹੋਏ ਪੰਡੋਰੀ ਫਗੂੜਿਆਂ ਥਾਣੀਂ ਹੁੰਦੇ ਗੁਰਦੁਆਰਾ ਕਿਸ਼ਨਪੁਰਾ ਪੁੱਜ ਗਏ। ਉਥੇ ਕਰਮ ਸਿੰਘ ਝਿੰਗੜ ਅਤੇ ਮੰਡੇਰੀਆ ਹਜ਼ਾਰਾ ਸਿੰਘ ਮਿਲ ਪਏ। ਇਥੋਂ ਹੀ ਹਜਾਰਾ ਸਿੰਘ ਨੂੰ ਭੇਜ ਕੇ ਜੰਡੂ ਸਿੰਘ ਵਾਲਾ ਰੀਵਾਲਵਰ ਮੰਗਵਾ ਲਿਆ ਗਿਆ ਸੀ। ਜਿਸ ਵੇਲੇ ਆਸਾ ਸਿੰਘ ਨੇ ਆਪਣਾ ਰੀਵਾਲਵਰ ਭਾਈ ਕਿਸ਼ਨ ਸਿੰਘ ਨੂੰ ਦਿਖਾਇਆ, ਉਹ ਉਹਨਾਂ ਦੇ ਪਸੰਦ ਆ ਗਿਆ। ਭਾਈ ਸਾਹਿਬ ਨੇ ਆਸਾ ਸਿੰਘ ਨੂੰ ਵਟਾਂਦਰਾ ਕਰਨ ਲਈ ਕਿਹਾ ਜਿਹੜਾ ਆਸਾ ਸਿੰਘ ਨੇ ਖ਼ੁਸ਼ੀ ਨਾਲ ਕਬੂਲ ਕਰ ਲਿਆ। ਪੰਜ ਗੋਲੀਆਂ ਵਾਲਾ ਛੋਟਾ ਭਾਈ ਕਿਸ਼ਨ ਸਿੰਘ ਨੇ ਲੈ ਲਿਆ ਅਤੇ ਛੇ ਗੋਲੀਆਂ ਵਾਲਾ ਆਸਾ ਸਿੰਘ ਨੇ ਲੈ ਲਿਆ। ਅਦਾਲਤ ਵਿਚ ਦੋਹਾਂ ਦੀ ਪਛਾਣ ਆਸਾ ਸਿੰਘ ਨੇ ਕੀਤੀ ਸੀ। ਆਸਾ ਸਿੰਘ ਇਹ ਵੀ ਦਸਦਾ ਹੈ ਕਿ ਭਾਈ ਕਿਸ਼ਨ ਸਿੰਘ ਨੇ ਉਹਨੂੰ ਇਹ ਵੀ ਦਸਿਆ ਸੀ ਕਿ ਉਹ ਐਸ ਵੇਲੇ 1857 ਦੇ ਗ਼ਦਰ ਦੀ ਤਵਾਰੀਖ ਪੜ੍ਹ ਰਹੇ ਹਨ ਤਾਂ ਜੋ ਉਹਨਾਂ ਹੀ ਲੀਹਾਂ ਉੱਤੇ ਮੁੜ ਹਮਲਾ ਕੀਤਾ ਜਾ ਸਕੇ। ਤਿੰਨ ਕੁ ਦਿਨ ਸਾਰੇ ਗੁਰਦੁਆਰੇ ਵਿਚ ਠਹਿਰੇ। ਦਿਨ ਖੇਤਾਂ ਵਿਚ ਕੱਟ ਲੈਂਦੇ ਅਤੇ ਰਾਤ ਗੁਰਦੁਆਰੇ ਸੌਂ ਲੈਂਦੇ। ਫੇਰ ਚਾਰੇ ਉਥੋਂ ਚਲੇ ਗਏ।

ਰਾਹ ਵਿਚ ਹਜ਼ਾਰਾ ਸਿੰਘ ਨੇ ਭਾਈ ਕਿਸ਼ਨ ਸਿੰਘ ਨੂੰ ਆਖਿਆ ਕਿ ਜੇ ਉਹ ਰੀਵਾਲਵਰ ਉਹਨੂੰ ਦੇ ਦੇਣ ਤਾਂ ਉਹ ਜੀਹਨੂੰ ਭਾਈ ਕਿਸ਼ਨ ਸਿੰਘ ਕਹਿਣ, ਉਹਨੂੰ ਹੀ ਕਤਲ ਕਰ ਸਕਦਾ ਹੈ। ਭਾਈ ਕਿਸ਼ਨ ਸਿੰਘ ਨੇ ਆਸਾ ਸਿੰਘ ਵਾਲਾ ਰੀਵਾਲਵਰ ਦੇ ਕੇ ਕਿਹਾ ਕਿ ਅਰਜਨ ਸਿੰਘ ਪਟਵਾਰੀ ਜਾਂ ਬੂਟੇ ਲੰਬੜਦਾਰ ਨੰਗਲ ਸ਼ਾਮਾ ਵਿਚੋਂ ਕਿਸੇ ਨੂੰ ਕਤਲ ਕਰ ਦੇਵੇ। ਹਜ਼ਾਰਾ ਸਿੰਘ ਵਖਰਾ ਹੋ ਗਿਆ। ਇਹਤੋਂ ਪਹਿਲਾਂ ਹਜ਼ਾਰਾ ਸਿੰਘ ਸਾਥੀਆਂ ਨਾਲ ਰਲ ਕੇ ਮਹੱਦੀਪੁਰੀਏ ਸਫ਼ੈਦਪੋਸ਼ ਉੱਤੇ ਹਮਲਾ ਕਰ ਹੀ ਚੁਕਿਆ ਸੀ ਜੀਹਦਾ ਪੂਰਾ ਹਾਲ ਮੈਂ ਪਹਿਲਾਂ ਲਿਖ ਚੁਕਿਆ ਹਾਂ।

# 22. ਇਕ ਬਹੁਤ ਹੀ ਛਟੇ ਹੋਏ ਦਸ-ਨੰਬਰੀਏ ਬਦਮਾਸ਼ ਜਗਤ ਸਿੰਘ ਮੰਡੇਰੀਏ ਦੀਆਂ ਕਰਤੂਤਾਂ

ਜਗਤ ਸਿੰਘ ਵਰਗੇ ਅਕਿਰਤਘਣ ਲਈ ਹੀ ਕਦੀ ਸਦੀਆਂ ਪਹਿਲਾਂ ਭਾਈ ਗੁਰਦਾਸ ਜੀ ਫਰਮਾ ਚੁੱਕੇ ਹਨ :

ਮਧ ਵਿਚ ਰਿਧਾ ਪਾਇ ਕੇ ਕੁਤੇ ਦਾ ਮਾਸ
ਧਰਿਆ ਮਾਣਸ ਖੋਪਰੀ ਤਿਸ ਮੰਦੀ ਵਾਸ
ਰਤੂ ਭਰਿਆ ਕਪੜਾ ਕਰ ਕਜਣ ਤਾਸ
ਢਕ ਲੈ ਚਲੀ ਚੂਹੜੀ ਕਰ ਭੋਗ ਵਿਲਾਸ
ਆਖ ਸੁਣਾਏ ਪੁਛਿਆ ਲਾਹੇ ਵਿਸ਼ਵਾਸ
ਨਦਰ ਪਵੇ ਮਤ ਅਕਿਰਤਘਣ ਹੋ ਜਾਏ ਵਿਣਾਸ

ਇਹ ਗੱਲ ਇਸ ਨੀਚ ਉੱਤੇ ਸੋਲਾਂ ਆਨੇ ਠੀਕ ਢੁਕਦੀ ਹੈ। ਇਹਦਾ ਜ਼ਿਕਰ ਕਈ ਘਟਨਾਵਾਂ ਵਿਚ ਵੱਖਰਿਆਂ-ਵੱਖਰਿਆਂ ਆਉਣਾ ਹੈ। ਇਸ ਲਈ ਪਾਠਕਾਂ ਦਾ ਧਿਆਨ ਦੁਆਉਣ ਵਾਸਤੇ ਜ਼ਰੂਰੀ ਸੀ ਕਿ ਆਪਣੇ ਜ਼ਾਤੀ ਇਲਮ ਦੀ ਬਿਨਾ ਉੱਤੇ ਪਹਿਲਾਂ ਹੀ ਸੁਚੇਤ ਕਰਦਾ ਜਾਵਾਂ।

ਜਗਤ ਸਿੰਘ ਨੂੰ ਹਜ਼ਾਰਾ ਸਿੰਘ ਦੀਆਂ ਸਰਗਰਮੀਆਂ ਦਾ ਪਹਿਲਾਂ ਹੀ ਪਤਾ ਲਗ ਚੁਕਿਆ ਸੀ ਅਤੇ ਉਹਨੇ ਹਜ਼ਾਰਾ ਸਿੰਘ ਨਾਲ ਯਾਰਾਨਾ ਗੰਢ ਲਿਆ ਸੀ। ਉਹਨਾਂ ਦਿਨਾਂ ਵਿਚ ਥਾਣਾ ਆਦਮਪੁਰ ਵਿਚ ਇਹ ਦਸ-ਨੰਬਰੀਏ ਬਦਮਾਸ਼ਾਂ ਦੀ ਲਿਸਟ ਵਿਚ ਦਰਜ ਹੋ ਚੁਕਿਆ ਸੀ ਅਤੇ ਕੋਈ ਐਸਾ ਕਾਰਨਾਮਾ ਕਰਨਾ ਚਾਹੁੰਦਾ ਸੀ ਕਿ ਇਨਾਮ ਵਜੋਂ ਬਦਮਾਸ਼ਾਂ ਦੀ ਸੂਚੀ ਵਿਚੋਂ ਨਿਕਲ ਸਕੇ। ਇਹ ਏਨਾਂ ਮੀਸਣਾ ਅਤੇ ਮਿਠ-ਬੋਲਾ ਸੀ ਕਿ ਬਦੋ-ਬਦੀ ਅਗਲੇ ਦੇ ਢਿਡ ਵਿਚ ਜਾ ਵੜਦਾ ਸੀ। ਹੁਸ਼ਿਆਰ ਤੋਂ ਹੁਸ਼ਿਆਰ ਬੰਦਾ ਉਹਦੇ ਉੱਤੇ ਇਤਬਾਰ ਕਰਕੇ ਧੋਖਾ ਖਾ ਜਾਂਦਾ ਸੀ। ਹਜ਼ਾਰਾ ਸਿੰਘ ਵੀ ਭਾਈ ਕਿਸ਼ਨ ਸਿੰਘ ਤੋਂ ਰੀਵਾਲਵਰ ਲੈ ਕੇ ਸਭ ਤੋਂ ਪਹਿਲਾਂ ਇਸੇ ਜਗਤ ਸਿੰਘ ਪਾਸ ਪੁਜਿਆ। ਉਹਨੇ ਦੱਸਿਆ ਕਿ ਉਹ ਅਰਜਨ ਸਿੰਘ ਪਟਵਾਰੀ ਹਰੀਪੁਰ ਅਤੇ ਬੂਟੇ ਲੰਬੜਦਾਰ ਨੰਗਲ ਸ਼ਾਮਾ ਵਿਚੋਂ ਕਿਸੇ ਇਕ ਨੂੰ ਕਤਲ ਕਰਨਾ ਚਾਹੁੰਦਾ ਹੈ। ਉਹਨੇ

ਉਹਨੂੰ ਸਾਥ ਦੇਣ ਲਈ ਆਖਿਆ। ਜਗਤ ਸਿੰਘ ਨੇ ਹਲਾਸ਼ੇਰੀ ਦਿੰਦਿਆਂ ਆਖਿਆ, "ਲੈ ਇਹ ਕਿਹੜੇ ਕੰਮਾਂ ਵਿਚੋਂ ਕੰਮ ਹੈ। ਇਹ ਤਾਂ ਮੇਰੇ ਬਾਏਂ ਹੱਥ ਦੀ ਖੇਡ ਹੈ। ਲਾਹੌਰ ਦੇ ਇਲਾਕੇ ਦਾ ਇਕ ਡਾਕੂ ਪ੍ਰਤਾਪੂ ਮੇਰਾ ਯਾਰ ਹੈ। ਉਹ ਇਹ ਕੰਮ ਸੁਖਾਲਿਆਂ ਹੀ ਸਿਰੇ ਚਾੜ੍ਹ ਦੇਵੇਗਾ। ਮੈਂ ਉਹਨੂੰ ਸੱਦ ਕੇ ਤੈਨੂੰ ਮਿਲਾ ਦਿੰਦਾ ਹਾਂ। ਬੱਸ ਤੂੰ ਉਸ ਆਦਮੀ ਦੀ ਸ਼ਕਲ ਦਿਖਾ ਦੇਵੀਂ। ਬਾਕੀ ਕੰਮ ਉਸ ਉੱਤੇ ਛਡ ਦੇਵੀਂ। ਉਹ ਕਈ ਕਤਲ ਕਰ ਚੁਕਿਆ ਹੈ। ਇਸ ਨੇਕ ਕੰਮ ਲਈ ਤਾਂ ਉਹ ਛਾਲਾਂ ਮਾਰੇਗਾ। ਐਸ ਵੇਲੇ ਦੋ-ਤਿੰਨਾਂ ਡਾਕਿਆਂ ਕਰਕੇ ਉਹ ਭਗੌੜਾ ਹੋ ਚੁਕਿਆ ਹੈ। ਸੋ ਇਹੋ ਜਿਹੇ ਕੰਮਾਂ ਲਈ ਹੀ ਮੈਂ ਇਹੋ ਜਿਹੇ ਬੰਦਿਆਂ ਨਾਲ ਯਾਰਾਨਾ ਗੰਢ ਰੱਖਿਆ ਹੈ ਅਤੇ ਉਹਨਾਂ ਨੂੰ ਪਨਾਹ ਦਿੰਦਾ ਹਾਂ। ਇਸੇ ਕਰਕੇ ਮੈਨੂੰ ਵੀ ਦਸ-ਨੰਬਰ ਵਿਚ ਹੋਣਾ ਪਿਆ ਹੈ।"

ਅਸਲ ਵਿਚ ਇਸੇ ਜਗਤ ਸਿੰਘ ਨੇ ਹੁਸ਼ਿਆਰਪੁਰ ਦੇ ਉਸ ਵੇਲੇ ਦੇ ਉੱਘੇ ਸੇਠ ਮੁਖੀ ਰਾਮ ਘੁੱਗੀ-ਮਾਰਾਂ ਨਾਲ ਯਾਰਾਨਾ ਗੰਢਿਆ ਹੋਇਆ ਸੀ। ਉਹਦੇ ਕੋਲ ਆਮ ਪਿੰਡਾਂ ਦੇ ਜੱਟ ਆਪਣੀਆਂ ਰਕਮਾ ਅਮਾਨਤ ਦੇ ਤੌਰ ਉੱਤੇ ਬਿਨਾਂ-ਸੂਦ ਹੀ ਰੱਖ ਛਡਦੇ ਸਨ, ਜਿਸ ਸਹਾਰੇ ਇਹ ਚਲਾਕ ਸ਼ਾਹੂਕਾਰ ਆਪਣਾ ਕਾਰੋਬਾਰ ਚਲਾਈ ਰਖਦੇ ਸਨ। ਜਗਤ ਸਿੰਘ ਵਰਗੇ ਬਦਮਾਸ ਡਕੈਤਾਂ ਦਾ ਮਾਲ ਇਹਨਾਂ ਰਾਹੀਂ ਵੇਚ ਕੇ ਅੱਧ-ਪਚੱਧ ਦੇ ਛਡਦੇ ਸਨ। ਚੋਰਾਂ ਦਾ ਮਾਲ ਲਾਠੀਆਂ ਦੇ ਗ਼ਜ਼ ਦੀ ਗੱਲ ਇਸ ਬਦਮਾਸ਼ ਉੱਤੇ ਠੀਕ ਢੁਕਦੀ ਸੀ। ਹਰ ਇਕ ਨੂੰ ਹੱਥਾਂ ਉੱਤੇ ਨਚਾਉਣ ਵਿਚ ਇਹ ਪੂਰਾ ਮਾਹਿਰ ਸੀ।

ਝੋਲੀ-ਚੁੱਕਾਂ ਨੂੰ ਉਹਨੇ ਕਤਲ ਤਾਂ ਕੀ ਕਰਾਉਣਾ ਸੀ, ਉਲਟਾ ਉਹਨੇ ਹਜ਼ਾਰਾ ਸਿੰਘ ਵਾਲਾ ਰੀਵਾਲਵਰ ਖਿਸਕਾਉਣ ਦਾ ਪੱਕਾ ਇਰਾਦਾ ਧਾਰ ਲਿਆ। ਸੋ ਉਹਨੇ ਡਕੈਤ ਪ੍ਰਤਾਪੂ ਨੂੰ ਸੁਨੇਹਾ ਭੇਜ ਕੇ ਪਿੰਡ ਆਪਣੇ ਕੋਲ ਮੰਗਵਾ ਲਿਆ ਅਤੇ ਪਹਿਲਾਂ ਹੀ ਉਹਨੂੰ ਸਾਰੀ ਸਕੀਮ ਸਮਝਾ ਦਿੱਤੀ ਕਿ "ਜਿਸ ਵੇਲੇ ਰੀਵਾਲਵਰ ਤੇਰੇ ਹੱਥ ਆ ਜਾਵੇ, ਤੂੰ ਲੈ ਕੇ ਖਿਸਕਦਾ ਬਣੀਂ। ਇੰਤਜ਼ਾਮ ਮੈਂ ਕਰ ਹੀ ਦੇਣਾ ਹੈ। ਮੈਂ, ਤੂੰ ਅਤੇ ਇਕ ਹੋਰ ਬੰਦਾ ਇਕ ਝੋਲੀ-ਚੁੱਕ ਨੂੰ ਕਤਲ ਕਰਨ ਲਈ ਪਿੰਡੋਂ ਚੱਲਾਂਗੇ। ਮੈਂ ਇਸ ਪਿਛੋਂ ਰੀਵਾਲਵਰ ਤੈਨੂੰ ਰਾਹ ਵਿਚ ਦੁਆ ਕੇ ਮੁੜ ਆਵਾਂਗਾ। ਅੱਗੇ ਜਾ ਕੇ ਕਿਸੇ ਪੱਜ ਰੀਵਾਲਵਰ ਲੈ ਕੇ ਤਿੱਤਰ ਹੋਵੀਂ। ਪਰ ਪਹਿਲਾਂ ਜ਼ਰੂਰ ਅਜਿਹਾ ਸਾਂਗ ਰਚੀਂ ਕਿ ਕਤਲ ਤਾਂ ਐਵੇਂ ਸਾਡੇ ਹੱਥ ਦੀ ਖੇਡ ਹੀ ਹੈ।"

ਜਗਤ ਸਿੰਘ ਨੇ ਫੇਰ ਹਜ਼ਾਰਾ ਸਿੰਘ ਨੂੰ ਆਪਣੇ ਘਰ ਸੱਦ ਕੇ ਆਖਿਆ, "ਲੈ ਬਈ, ਮੇਰਾ ਬੰਦਾ ਆ ਗਿਆ ਹੈ। ਤੂੰ ਹੁਣ ਜੇ ਕਿਸੇ ਹੋਰ ਨੂੰ ਵੀ ਨਾਲ ਲੈਣਾ ਹੈ ਤਾਂ ਪ੍ਰੋਗਰਾਮ ਪੱਕਾ ਬਣਾ ਲਉ। ਇਹ ਤਿਆਰ ਹੈ। ਡਕੈਤੀਆਂ ਵਿਚ ਹੌਸਲਾ ਖੁੱਲ੍ਹ ਚੁਕਿਆ ਹੈ। ਮੇਰੇ ਵੱਲੋਂ ਇਕੱਲਾ ਹੀ ਦਸਾਂ ਆਦਮੀਆਂ ਦਾ ਕੰਮ ਕਰ ਦੇਵੇਗਾ। ਬੱਸ ਸ਼ਿਕਾਰ ਵੱਲ ਇਸ਼ਾਰੇ ਦੀ ਲੋੜ ਹੈ।"

ਹਜ਼ਾਰਾ ਸਿੰਘ ਨੂੰ ਹੋਰ ਕੀ ਚਾਹੀਦਾ ਸੀ। ਉਹਨੇ ਕਿਹਾ ਕਿ ਕੱਲ੍ਹ ਨੂੰ ਪਹਿਲਾਂ ਜਾ ਕੇ ਉਹ ਜੌਹਲਾਂ ਵਾਲੇ ਮੁਣਸ਼ਾ ਸਿੰਘ ਨੂੰ ਤਿਆਰ ਕਰ ਲਵੇਗਾ ਅਤੇ ਹਨੇਰਾ ਹੋਏ ਤੋਂ ਦੋਨੋਂ ਜੰਡੂ ਸਿੰਘੇ ਰੇਲਵੇ ਸਟੇਸ਼ਨ ਉੱਤੇ ਛਾਉਣੀ ਵੱਲ ਦੇ ਆਖ਼ਰੀ ਸਿਗਨਲ ਕੋਲ ਮਿਲ ਪੈਣਗੇ। ਪ੍ਰਤਾਪੂ ਉਥੇ ਪਹੁੰਚ ਜਾਵੇ। ਉਥੋਂ ਤਿੰਨੇਂ ਇਕੱਠੇ ਨੰਗਲ ਸ਼ਾਮਾ ਚਲੇ ਜਾਣਗੇ। ਮੁਣਸ਼ਾ ਸਿੰਘ, ਜਿਹੜਾ ਬੂਟੇ ਲੰਬੜਦਾਰ ਦੇ ਘਰ ਨੂੰ ਚੰਗੀ ਤਰ੍ਹਾਂ ਜਾਣਦਾ ਹੈ, ਦੱਸ ਦੇਵੇਗਾ ਕਿ ਬੂਟਾ ਕਿਥੇ ਹੈ ਅਤੇ ਕਿਹੜਾ ਹੈ। ਜਗਤ ਸਿੰਘ ਦੀ ਜ਼ਿੰਮੇਦਾਰੀ

ਉੱਤੇ ਉਸੇ ਵੇਲੇ ਹੀ ਭਰਿਆ-ਭਰਾਇਆ ਰੀਵਾਲਵਰ ਅਤੇ ਪੰਜ-ਛੇ ਹੋਰ ਗੋਲੀਆਂ ਵੀ ਪ੍ਰਤਾਪੂ ਨੂੰ ਹਜ਼ਾਰਾ ਸਿੰਘ ਨੇ ਸੌਂਪ ਦਿਤੀਆਂ। ਆਪ ਖਾਲੀ ਹੱਥ ਆਪਣੇ ਘਰ ਨੂੰ ਚਲਿਆ ਗਿਆ। ਇਸ ਹੁਸ਼ਿਆਰ ਬੰਦੇ ਨੇ ਘਰ ਬੈਠਿਆਂ ਹੀ ਸਾਡੇ ਬੰਦੇ ਨੂੰ ਪੂਰੀ ਤਰ੍ਹਾਂ ਬੇਵਕੂਫ ਬਣਾ ਲਿਆ। ਘਰ ਬੈਠੇ ਨੇ ਹੀ ਉਹਨੇ ਆਪਣਾ ਉੱਲੂ ਸਿੱਧਾ ਕਰ ਲਿਆ। ਨਾਲ ਜਾਣ ਦੀ ਖੇਚਲ ਕਰਨ ਦੀ ਲੋੜ ਹੀ ਨਹੀਂ ਪਈ।

ਦੂਸਰੀ ਰਾਤ ਨੂੰ ਮਿਥੀ ਹੋਈ ਥਾਂ ਉੱਤੇ ਤਿੰਨੇ ਇਕੱਠੇ ਹੋ ਗਏ ਅਤੇ ਹਮਲਾ ਕਰਨ ਦੀ ਵਿਉਂਤ ਤਿਆਰ ਕਰਕੇ ਨੰਗਲ ਸ਼ਾਮਾ ਨੂੰ ਚੱਲ ਪਏ, ਜਿਹੜਾ ਛਾਉਣੀ ਵਾਲੀ ਰੇਲ ਦੀ ਲਾਈਨ ਦੇ ਨੇੜੇ ਹੀ ਹੈ।

ਪਿੰਡ ਦੇ ਲਾਗੇ ਜਾ ਕੇ ਪ੍ਰਤਾਪੂ ਨੇ ਆਖਿਆ, "ਪੰਜ-ਸੱਤ ਮਿੰਟ ਤੁਸੀਂ ਇਥੇ ਬੈਠੋ। ਮੈਂ ਜ਼ਰਾ ਜੰਗਲ-ਪਾਣੀ ਹੋ ਆਵਾਂ।" ਤੇ ਉਹ ਬੜੀ ਆਸਾਨੀ ਨਾਲ ਉਥੋਂ ਖਿਸਕਦਾ ਬਣਿਆ। ਇਹ ਦੋਨੋਂ ਕਾਫ਼ੀ ਦੇਰ ਤਕ ਉਡੀਕ ਕੇ ਨਿਪੋੜੂਣੇ ਜਿਹੇ ਹੋ ਜੌਹਲੀਂ ਮੁਣਸ਼ਾ ਸਿੰਘ ਦੇ ਘਰ ਆ ਸੁੱਤੇ। ਉਧਰ ਪ੍ਰਤਾਪੂ ਸਿੱਧਾ ਮੰਡੇਰੀਂ ਜਗਤ ਸਿੰਘ ਨੂੰ ਆ ਮਿਲਿਆ ਅਤੇ ਦੋਹਾਂ ਨੂੰ ਉੱਲੂ ਬਣਾਉਣ ਦੀ ਸਾਰੀ ਕਹਾਣੀ ਦੱਸ ਦਿੱਤੀ। ਜਗਤ ਸਿੰਘ ਨੇ ਆਖਿਆ, "ਤੂੰ ਹੁਣੇ ਹੀ ਖਿਸਕਦਾ ਹੋ। ਰੀਵਾਲਵਰ ਹਾਲੇ ਤੂੰ ਲੈ ਜਾ। ਜੇ ਜ਼ਰੂਰਤ ਹੋਈ ਤਾਂ ਮੈਂ ਸੁਨੇਹਾ ਭੇਜ ਕੇ ਮੰਗਵਾ ਲਵਾਂਗਾ।" ਤੇ ਪ੍ਰਤਾਪੂ ਹੁਰੀਂ ਤਿੱਤਰ ਹੋਏ।

ਹਜ਼ਾਰਾ ਸਿੰਘ ਅਗਲੇ ਦਿਨ ਜਗਤ ਸਿੰਘ ਨੂੰ ਆ ਮਿਲਿਆ ਅਤੇ ਪ੍ਰਤਾਪੂ ਦੀ ਧੋਖੇਬਾਜ਼ੀ ਦੀ ਗੱਲ ਆ ਦੱਸੀ। ਜਗਤ ਸਿੰਘ ਪਹਿਲਾਂ ਹੀ ਜਲਾਲ ਵਿਚ ਆਇਆ ਹੋਇਆ ਸੀ। ਲਗਿਆ ਪ੍ਰਤਾਪੂ ਨੂੰ ਅਬਾ-ਤਬਾ ਬੋਲਣ, "ਇਹ ਸਾਲੇ ਬਦਮਾਸ਼ ਕਿਸੇ ਗੁਰੂ-ਪੀਰ ਦੇ ਨਹੀਂ ਹੁੰਦੇ, ਇਹਨਾਂ ਸਾਲਿਆਂ ਨੂੰ ਤਾਹੀਉਂ ਤਾਂ ਸਿਆਣਿਆਂ ਨੇ ਅਕਿਰਤਘਣ ਆਖਿਆ ਹੋਇਆ ਹੈ, ਜਿਹੜੇ ਮਿੱਤਰਾਂ ਨੂੰ ਵੀ ਧੋਖਾ ਦੇ ਜਾਂਦੇ ਹਨ। ਆ ਲੈਣ ਦੇ ਸਾਲੇ ਨੂੰ। ਤੈਥੋਂ ਹੀ ਉਹਦੇ ਸਿਰ ਵਿਚ ਗਿਣ ਕੇ ਸੌ ਜੁੱਤੀਆਂ ਲੁਆਵਾਂਗਾ ਅਤੇ ਨੱਕ ਨਾਲ ਲਕੀਰਾਂ ਕਢਾਵਾਂਗਾ। ਰੀਵਾਲਵਰ ਲੈ ਕੇ ਕਿਤੇ ਨਹੀਂ ਦੌੜ ਚਲਿਆ। ਪਾਣੀ ਤਾਂ ਇਹਨਾਂ ਪੁਲਾਂ ਥਲਿਓਂ ਹੀ ਲੰਘਣਾ ਹੈ। ਤੂੰ ਫ਼ਿਕਰ ਨਾ ਕਰ। ਮੈਂ ਆਪਣੀ ਜ਼ਿੰਮੇਵਾਰੀ ਉੱਤੇ ਹੀ ਤੇਰੇ ਕੋਲੋਂ ਰੀਵਾਲਵਰ ਲੈ ਕੇ ਦਿੱਤਾ ਸੀ। ਸੋ ਮੈਂ ਹੀ ਵਾਪਸ ਦੁਆਵਾਂਗਾ। ਤੂੰ ਚਿੰਤਾ ਨਾ ਕਰ।"

ਗੱਲ ਕੀ, ਉਹਨੇ ਗੱਲਾਂ ਨਾਲ ਹਜ਼ਾਰਾ ਸਿੰਘ ਦੀ ਤਸੱਲੀ ਕਰਵਾ ਕੇ ਘਰ ਨੂੰ ਤੋਰ ਦਿੱਤਾ।

ਉਧਰ ਭਾਈ ਕਿਸ਼ਨ ਸਿੰਘ ਜੀ ਅਰਜਨ ਸਿੰਘ ਪਟਵਾਰੀ ਜਾਂ ਬੂਟੇ ਲੰਬੜਦਾਰ ਦੇ ਕਤਲ ਦੀ ਖ਼ਬਰ ਸੁਨਣ ਲਈ ਇੰਤਜ਼ਾਰ ਕਰ ਰਹੇ ਸਨ ਅਤੇ ਦੂਜੇ ਬੰਨੇ ਉਪਰ ਦੱਸਿਆ ਨਾਟਕ ਖੇਡਿਆ ਜਾ ਚੁਕਿਆ ਸੀ। ਭਾਈ ਸਾਹਿਬ ਨੇ ਸ਼ਿਵ ਸਿੰਘ ਹਰੀਪੁਰੀਏ ਅਤੇ ਕਈਆਂ ਹੋਰ ਬੰਦਿਆਂ ਨੂੰ ਹਜ਼ਾਰਾ ਸਿੰਘ ਨੂੰ ਲਿਆਉਣ ਲਈ ਭੇਜਿਆ। ਸ਼ਰਮਿੰਦਗੀ ਦਾ ਮਾਰਿਆ ਉਹ ਲਾਂਭੇ ਹੋ ਜਾਇਆ ਕਰੇ। ਉਹਨੇ ਬਥੇਰੇ ਤਰਲੇ ਲਏ ਕਿ ਰੀਵਾਲਵਰ ਵਾਪਸ ਮਿਲ ਜਾਵੇ, ਪਰ ਇੱਲ੍ਹ ਦੇ ਆਲ੍ਹਣੇ ਵਿਚ ਮਾਸ ਕਿਥੋਂ ਮਿਲਣਾ ਸੀ ? ਸੋ ਸ਼ਰਮਿੰਦਗੀ ਦਾ ਮਾਰਿਆ ਹਜ਼ਾਰਾ ਸਿੰਘ ਪਿੰਡ ਹੀ ਛੱਡ ਗਿਆ ਅਤੇ ਮਾਝੇ ਵੱਲ ਸਾਧ ਬਣ ਕੇ ਗੁਰਦੁਆਰਿਆਂ ਵਿਚ ਦਿਨ-ਕਟੀ ਕਰਨ ਲੱਗ ਪਿਆ। ਜਦੋਂ

ਸਾਡੀਆਂ ਗਰਿਫ਼ਤਾਰੀਆਂ ਹੋਈਆਂ ਤਾਂ ਉਹਦੀ ਗਰਿਫ਼ਤਾਰੀ ਦੇ ਵਾਰੰਟ ਵੀ ਨਿਕਲ ਗਏ। ਪਤਾ ਲਗਣ ਉੱਤੇ ਉਹ ਆਪ ਹੀ ਪੁਲਸ ਸਾਹਮਣੇ ਪੇਸ਼ ਜਾ ਹੋਇਆ ਅਤੇ ਵਾਇਦਾ-ਮੁਆਫ਼ੀ ਲੈ ਲਈ। (ਦੇਖੋ ਪੇਪਰ-ਬੁੱਕ, ਸਫ਼ਾ 224, ਸਰਕਾਰੀ ਗਵਾਹ ਨੰ: 28, ਹਜ਼ਾਰਾ ਸਿੰਘ ਵਲਦ ਇੰਦਰ ਸਿੰਘ, ਉਮਰ 27 ਸਾਲ, ਜ਼ਾਤ ਜੱਟ-ਸਿੱਖ, ਪਿੰਡ ਮੰਡੇਰਾਂ, ਜ਼ਿਲਾ ਜਲੰਧਰ।)

ਪਰ ਸ਼ੇਰ ਦਾ ਬੱਚਾ ਗਵਾਹੀ ਦੇਣ ਤੋਂ ਸਾਫ਼ ਮੁੱਕਰ ਗਿਆ। ਕਹੇ, ਸਭ ਪੁਲਸ ਨੇ ਮਨਘੜਤ ਕਹਾਣੀ ਬਣਾਈ ਹੈ। ਮੈਂ ਕਿਤੇ ਕੋਈ ਬਿਆਨ ਨਹੀਂ ਦਿੱਤਾ ਅਤੇ ਨਾ ਹੀ ਮੈਨੂੰ ਕਿਸੇ ਗੱਲ ਦਾ ਪਤਾ ਹੀ ਹੈ। ਹੇਠਲੀ ਅਤੇ ਸੈਸ਼ਨ ਜੱਜ ਦੀ ਅਦਾਲਤ ਵਿਚ ਬਿਆਨ ਪੇਪਰ-ਬੁੱਕ ਵਿਚ ਸਫ਼ਾ 244 ਤੋਂ 251 ਤੱਕ ਦਰਜ ਹਨ, ਜਿਹੜੇ 28 ਫ਼ਰਵਰੀ 1924 ਨੂੰ ਹੇਠਲੀ ਅਦਾਲਤ ਵਿਚ ਅਤੇ 31 ਜੁਲਾਈ 1924 ਨੂੰ ਸੈਸ਼ਨ ਜੱਜ ਸਾਹਮਣੇ ਹੋਏ ਸਨ।

ਮੁੜ ਦੂਜੇ ਕੇਸ ਵਿਚ ਮੁਲਜ਼ਮ ਬਣਨ ਉਤੇ ਉਹਨੂੰ ਉਮਰ ਕੈਦ ਹੋਈ ਅਤੇ ਜਿਹਲ ਵਿਚ ਜਿਹੜੇ ਕਾਰਨਾਮੇ ਇਸ ਮਾੜਕੂ ਜਿਹੇ ਬੰਦੇ ਨੇ ਕਰ ਵਿਖਾਏ, ਪਾਠਕ ਹੈਰਾਨ ਹੀ ਰਹਿ ਜਾਣਗੇ, ਜਦੋਂ ਅਖ਼ੀਰ ਵਿਚ ਜਿਹਲਾਂ ਦਾ ਹਾਲ ਲਿਖਾਂਗਾ। ਪੂਰੇ 90 ਬੈਂਤ, ਤਿੰਨ ਵਾਰ 30-30, ਖਾ ਕੇ ਵੀ ਜਿਹਲ ਵਾਲਿਆਂ ਤੋਂ ਨੱਕ ਨਾਲ ਲਕੀਰਾਂ ਇਸੇ ਨੇ ਕਢਵਾਈਆਂ ਸਨ। ਬਹੁਤ ਸਵਾਦਲੀ ਕਹਾਣੀ ਹੈ ਕਿ ਕਿਵੇਂ ਮਿੰਟਗੁਮਰੀ ਜਿਹਲ ਵਿਚੋਂ ਸੁਰੰਗ ਲੁਆ ਕੇ ਇਖ਼ਲਾਕੀ ਕੈਦੀਆਂ ਨੂੰ ਨਾਲ ਲੈ ਭੱਜ ਨਿਕਲਿਆ ਸੀ ਅਤੇ ਮੁੜ ਕਮਾਲੀਏ ਨੇੜੇ ਸਭ ਫੜੇ ਗਏ ਸਨ।

ਹੁਣ ਉਪਰ-ਦੱਸੀ ਜਗਤ ਸਿੰਘ ਦੀ ਕਾਰਗੁਜ਼ਾਰੀ ਉਹਦੀ ਆਪਣੀ ਜ਼ਬਾਨੀ, ਜੋ ਅਦਾਲਤ ਵਿਚ ਬਿਆਨ ਕੀਤੀ, ਇਸ ਤਰ੍ਹਾਂ ਹੈ। (ਪੇਪਰ-ਬੁੱਕ, ਸਫ਼ਾ 783, ਸਰਕਾਰੀ ਗਵਾਹ ਨੰ: 444, ਜਗਤ ਸਿੰਘ ਵਲਦ ਹਾਕਮ ਸਿੰਘ, ਉਮਰ 40 ਸਾਲ, ਜ਼ਾਤ ਜੱਟ ਸਿੱਖ, ਪਿੰਡ ਮੰਡੇਰਾਂ, ਜ਼ਿਲਾ ਜਲੰਧਰ, ਤਾਰੀਖ਼ 8 ਨਵੰਬਰ 1924) :

"ਹਜ਼ਾਰਾ ਸਿੰਘ ਵਲਦ ਇੰਦਰ ਸਿੰਘ ਗਵਾਹ ਨੰ: 28 ਨੂੰ ਮੈਂ ਜਾਣਦਾ ਹਾਂ। ਢਾਈ ਕੁ ਸਾਲ ਹੋਏ, ਹਜ਼ਾਰਾ ਸਿੰਘ ਮੇਰੇ ਘਰ ਆਇਆ ਅਤੇ ਮੈਨੂੰ ਇਕ ਰੀਵਾਲਵਰ ਦਿਖਾਇਆ ਤੇ ਦਸਿਆ ਕਿ ਇਹ ਮੈਨੂੰ ਝੋਲੀ-ਚੁੱਕਾਂ ਦੇ ਸੁਧਾਰ ਲਈ ਕਿਸ਼ਨ ਸਿੰਘ ਨੇ ਦਿੱਤਾ ਹੈ। ਉਹਨੇ ਮੈਨੂੰ ਨਾਲ ਹਿੱਸਾ ਲੈਣ ਲਈ ਕਿਹਾ। ਮੈਂ ਪੁੱਛਿਆ ਕਿ ਉਹ ਕੀ ਤਜਵੀਜ਼ ਕਰਦਾ ਹੈ। ਉਹਨੇ ਕਿਹਾ ਕਿ ਭਾਈ ਕਿਸ਼ਨ ਸਿੰਘ ਨੇ ਕਿਹਾ ਹੈ ਕਿ ਜਾਂ ਤਾਂ ਤਲਹਣ ਵਾਲੇ ਜ਼ੈਲਦਾਰ ਸ਼ਾਮ ਸਿੰਘ ਦਾ ਜਾਂ ਨੰਗਲ ਸ਼ਾਮਾ ਵਾਲੇ ਲੰਬੜਦਾਰ ਬੂਟੇ ਦਾ ਸੁਧਾਰ (ਕਤਲ) ਕਰ ਦਿਉ ਅਤੇ ਨਾਲ ਆਪਣੇ ਇਤਬਾਰ ਵਾਲੇ ਹੋਰ ਸਾਥੀ ਵੀ ਸਾਮਲ ਕਰ ਲਉ। ਮੈਂ ਉਹਤੋਂ ਉਹਦੇ ਦੂਜੇ ਸਾਥੀਆਂ ਦੇ ਨਾਂ ਪੁਛੇ। ਉਹਨੇ ਮੁਣਸ਼ਾ ਸਿੰਘ ਜੌਹਲਾਂ, ਮੁਲਜ਼ਮ ਨੰ: 59 ਦਾ ਨਾਂ ਦਸਿਆ, ਜਿਹੜਾ ਸਾਥ ਦੇਣ ਲਈ ਤਿਆਰ ਸੀ। ਮੈਂ ਆਪ ਤਾਂ ਇਸ ਗੱਲ ਲਈ ਤਿਆਰ ਨਹੀਂ ਸੀ। ਮੇਰੀ ਕਿਸੇ ਝੋਲੀ-ਚੁੱਕ ਨਾਲ ਦੁਸ਼ਮਣੀ ਨਹੀਂ ਸੀ। ਮੈਂ ਮਨ ਵਿਚ ਧਾਰ ਲਈ ਕਿ ਇਹਤੋਂ ਰੀਵਾਲਵਰ ਖਿਸਕਾ ਲੈਣਾ ਚਾਹੀਦਾ ਹੈ। ਸੋ ਮੈਂ ਕਿਹਾ ਕਿ ਚੰਗਾ ਮੈਂ ਇੰਤਜ਼ਾਮ ਕਰਦਾ ਹਾਂ ਅਤੇ ਦੱਸਿਆ ਕਿ ਮੇਰਾ ਇਕ ਪ੍ਰਤਾਪੂ ਡਕੈਤ, ਜ਼ਿਲਾ ਲਾਹੌਰ ਦਾ ਯਾਰ ਹੈ। ਮੈਂ ਉਹਨੂੰ ਤਿਆਰ ਕਰਕੇ ਤੁਹਾਡੇ ਨਾਲ ਭੇਜ ਦਿਆਂਗਾ।"

ਅਗਲੀ ਸਾਰੀ ਕਹਾਣੀ ਪਾਠਕ ਪੜ੍ਹ ਹੀ ਆਏ ਹਨ। ਜਗਤ ਸਿੰਘ ਦਸਦਾ ਹੈ ਕਿ "ਐਸ ਵੇਲੇ ਪ੍ਰਤਾਪੂ ਉੱਤੇ ਕਤਲ ਦਾ ਮੁਕੱਦਮਾ ਜ਼ਿਲਾ ਜਲੰਧਰ ਵਿਚ ਚੱਲ ਰਿਹਾ ਹੈ। ਬਾਅਦ ਵਿਚ ਹਜ਼ਾਰਾ ਸਿੰਘ ਮੇਰੇ ਕੋਲ ਰੀਵਾਲਵਰ ਵਾਪਸ ਲੈਣ ਲਈ ਕਈ ਵਾਰ ਆਇਆ, ਜਿਸ ਕਰਕੇ ਸਾਡੇ ਸੰਬੰਧ ਵਿਗੜ ਗਏ।"

ਮੈਂ ਆਸਾ ਸਿੰਘ ਅਤੇ ਜਗਤ ਸਿੰਘ ਦੇ ਬਿਆਨਾਂ ਮੁਤਾਬਿਕ ਸਾਰੀ ਗੱਲ ਦਰਜ ਕਰ ਦਿੱਤੀ ਹੈ। ਬਾਅਦ ਵਿਚ ਇਸ ਨੀਚ ਦੀ ਅਕਿਰਤਘਣਤਾ ਦੀ ਦਰਦਨਾਕ ਕਹਾਣੀ ਇਕ ਵਾਰ ਫੇਰ ਆਉਣੀ ਹੈ।

ਅੰਬਾਲਾ ਛਾਉਣੀ ਵਾਲੇ ਸਾਰੇ ਰੀਵਾਲਵਰ ਪੁਲਸ ਕਾਬੂ ਕਰ ਚੁੱਕੀ ਸੀ ਅਤੇ ਫਰੰਟੀਅਰ ਤੋਂ ਜਿਹੜੇ ਪਸਤੌਲ ਤੋਤਾ ਸਿੰਘ ਪਸ਼ੌਰੀ ਲਿਆਇਆ ਸੀ, ਉਹਨਾਂ ਵਿਚੋਂ ਪੁਲਸ ਕੋਲੋਂ ਬਚਿਆ ਸਿਰਫ ਇਕ ਪਸਤੌਲ ਮਾਸਟਰ ਮੋਤਾ ਸਿੰਘ ਕੋਲ ਸੀ ਜਿਹੜਾ ਉਹਨਾ ਨੇ ਭਾਈ ਕਿਸ਼ਨ ਸਿੰਘ ਨੂੰ ਦੇ ਦਿਤਾ ਸੀ। ਹੁਣ ਫੇਰ ਆਸਾ ਸਿੰਘ ਦੇ ਬਿਆਨ ਵੱਲ ਆਉਣਾ ਪੈ ਗਿਆ ਹੈ। (ਪੇਪਰ–ਬੁੱਕ, ਸਫਾ 224, ਸਤਰ 10)

"ਭਾਈ ਕਿਸ਼ਨ ਸਿੰਘ ਨੇ ਮੈਨੂੰ ਬਹਿਬਲਪੁਰ ਤੋਂ ਮਾਹਲ ਗਹਿਲੇ ਨੂੰ ਧੰਨਾ ਸਿੰਘ ਨੂੰ ਲਿਆਉਣ ਲਈ ਘੱਲ ਦਿਤਾ ਅਤੇ ਕਿਹਾ ਕਿ ਉਹ ਪਾਲਦੀ ਜਥੇਦਾਰ ਤੇਜਾ ਸਿੰਘ ਦੇ ਘਰ ਮਿਲ ਪੈਣ।" ਆਸਾ ਸਿੰਘ ਮਾਹਲ ਗਹਿਲੇ ਵਾਲੇ ਧੰਨਾ ਸਿੰਘ ਦਾ ਜਾਣੂ ਸੀ। ਮਾਹਲ ਗਹਿਲਾ ਬਹਿਬਲਪੁਰੋਂ 5–6 ਕੋਹ ਉਤੇ ਹੈ। "ਮੈਂ ਪਹਿਲਾਂ ਝਿਕੇ ਲਧਾਣੇ ਪੁੱਜਿਆ ਅਤੇ ਉਥੋਂ ਮਿਸਤਰੀ ਸ਼ੇਰ ਸਿੰਘ ਨੂੰ ਭੇਜ ਕੇ ਧੰਨਾ ਸਿੰਘ ਨੂੰ ਝਿਕੇ ਲਧਾਣੇ ਮੰਗਵਾ ਲਿਆ। ਅਸੀਂ ਪਾਲਦੀ ਜਥੇਦਾਰ ਤੇਜਾ ਸਿੰਘ ਦੇ ਘਰ ਭਾਈ ਕਿਸ਼ਨ ਸਿੰਘ ਨੂੰ ਆ ਮਿਲੇ ਅਤੇ ਉਥੇ ਬਬਰ ਕਰਮ ਸਿੰਘ ਦੌਲਤਪੁਰ, ਕਰਮ ਸਿੰਘ ਝਿੰਗੜ, ਉਦੇ ਸਿੰਘ ਰਾਮਗੜ ਝੁਗੀਆਂ ਅਤੇ ਧੰਨਾ ਸਿੰਘ ਬਹਿਬਲਪੁਰ ਆਏ ਹੋਏ ਸਨ। ਭਾਈ ਕਿਸ਼ਨ ਸਿੰਘ ਨੇ ਮਾਹਲ ਗਹਿਲੇ ਵਾਲੇ ਧੰਨਾ ਸਿੰਘ ਨੂੰ ਕਿਹਾ ਕਿ ਉਹਦੇ ਰਿਸ਼ਤੇਦਾਰ ਗੰਗਾ ਰਾਮ ਬਾੜੀਆਂ ਵਾਲੇ ਕੋਲ ਦੋ ਪਸਤੌਲ ਹਨ, ਜਿਨ੍ਹਾਂ ਵਿਚੋਂ ਇਕ ਉਹ ਉਹਨਾਂ ਨੂੰ ਲੈ ਦੇਵੇ। ਧੰਨਾ ਸਿੰਘ ਨੇ ਕਿਹਾ ਕਿ ਉਹ ਪੂਰੀ ਕੋਸ਼ਿਸ਼ ਕਰੇਗਾ ਅਤੇ ਇਕ ਪਸਤੌਲ ਜ਼ਰੂਰ ਲੈ ਦੇਵੇਗਾ।"

ਭਾਈ ਕਿਸ਼ਨ ਸਿੰਘ ਨੇ ਉਹਤੋਂ ਬਾਅਦ ਬੜੇ ਨੰਗਲ ਨੂੰ ਸਾਰਿਆਂ ਨੂੰ ਚੱਲਣ ਲਈ ਕਿਹਾ ਅਤੇ ਸਾਰਾ ਜਥਾ ਨੰਗਲ ਕਲਾਂ ਵੱਲ ਚੱਲ ਪਿਆ। ਪਿੰਡ ਦੇ ਨੇੜੇ ਅੱਪੜ ਕੇ ਮਾਹਲ ਗਹਿਲੇ ਵਾਲੇ ਧੰਨਾ ਸਿੰਘ ਨੂੰ ਭੇਜ ਕੇ ਜ਼ੈਲਦਾਰ ਬੇਅੰਤ ਸਿੰਘ ਨੂੰ ਖੇਤਾਂ ਵਿਚ ਮੰਗਵਾ ਲਿਆ। ਬੇਅੰਤ ਸਿੰਘ ਉਸੇ ਚੰਦਾ ਸਿੰਘ ਦਾ ਵੱਡਾ ਲੜਕਾ ਸੀ, ਜੀਹਤੋਂ ਸੰਘ–ਵਾਲੀਏ ਬੰਤਾ ਸਿੰਘ ਅਤੇ ਰੂੜ ਸਿੰਘ ਨੇ ਲੰਗੇਰੀ ਵਾਲੇ ਭਾਈ ਪਿਆਰਾ ਸਿੰਘ ਨੂੰ ਗਰਿਫ਼ਤਾਰ ਕਰਾਉਣ ਕਰਕੇ ਬਦਲਾ ਲਿਆ ਸੀ। ਬੇਅੰਤ ਸਿੰਘ ਜੈਲਦਾਰ ਬਣ ਚੁਕਿਆ ਸੀ ਅਤੇ ਬਬਰਾਂ ਨਾਲ ਗੰਢ–ਤੁੱਪ ਕਰ ਚੁਕਿਆ ਸੀ ਤੇ ਕਾਰਤੂਸਾਂ ਦੀ ਸੇਵਾ ਕਰਿਆ ਕਰਦਾ ਸੀ। ਸਰਕਾਰ ਵੱਲੋਂ ਉਹਨੂੰ ਕਾਰਤੂਸ ਭਰਨ ਦਾ ਲਾਇਸੈਂਸ ਮਿਲ ਚੁਕਿਆ ਸੀ ਅਤੇ ਉਹਨੇ ਇਕ ਮਸ਼ੀਨ ਲੈ ਰੱਖੀ ਸੀ ਤੇ ਆਪ ਕਾਰਤੂਸ ਭਰ ਲਿਆ ਕਰਦਾ ਸੀ। ਇਸੇ ਕਰਕੇ ਉਹ ਗਰਿਫ਼ਤਾਰ ਹੋ ਕੇ ਸਾਡੇ ਨਾਲ ਮੁਲਜ਼ਮ ਨੰ: 88 ਬਣਿਆ ਸੀ।

ਜਦੋਂ ਬੇਅੰਤ ਸਿੰਘ ਭਾਈ ਸਾਹਿਬ ਨੂੰ ਆ ਮਿਲਿਆ, ਤਾਂ ਉਹਨਾਂ ਨੇ ਕਾਰਤੂਸਾਂ ਦੀ ਮੰਗ ਕੀਤੀ। ਬੇਅੰਤ ਸਿੰਘ ਨੇ ਦੱਸਿਆ ਕਿ "ਐਸ ਵੇਲੇ ਤਾਂ ਤਿਆਰ ਨਹੀਂ ਹਨ।

ਦਸਾਂ-ਵੀਹਾਂ ਦਿਨਾਂ ਤੱਕ ਬੰਦਾ ਭੇਜ ਕੇ ਮੰਗਵਾ ਲੈਣੇ। ਮੈਂ ਤਿਆਰ ਕਰ ਰੱਖਾਂਗਾ।'' ਉਹਨਾਂ ਦਿਨਾਂ ਵਿਚ ਬੇਅੰਤ ਸਿੰਘ ਨੂੰ ਸਰਕਾਰ ਵਲੋਂ ਖੁੱਲ੍ਹੀ ਛੁੱਟੀ ਸੀ, ਜਿੰਨੇ ਦਿਲ ਚਾਹੇ ਕਾਰਤੂਸ ਭਰ ਲਵੇ। ਕੋਈ ਹਿਸਾਬ-ਕਿਤਾਬ ਰੱਖਣ ਦੀ ਲੋੜ ਨਹੀਂ ਸੀ। ਬਹੁਤ ਚਲਾਕ ਬੰਦਾ ਸੀ। ਢਾਈ-ਤਿੰਨ ਸਾਲ ਅਸੀਂ ਇਕੱਠੇ ਹੀ ਅੰਦਰ ਰਹੇ ਸੀ। ਇਸੇ ਕਰਕੇ ਉਹਨੇ ਕੋਸ਼ਿਸ਼ ਕਰਕੇ ਭਾਈ ਕਿਸਨ ਸਿੰਘ ਜੀ ਨਾਲ ਯਾਰਾਨਾ ਗੰਢ ਲਿਆ ਸੀ ਕਿ ਮੁੜ ਉਹਦਾ ਵੀ ਪਿਉ ਵਾਲਾ ਹਸ਼ਰ ਨਾ ਹੋ ਜਾਵੇ। ਅਸੀਂ ਜਿਹਲ ਵਿਚ ਉਹਦੇ ਨਾਲ ਠੱਠਾ ਮਖੌਲ ਕਰ ਲਿਆ ਕਰਦੇ ਸੀ। ਬਹੁਤ ਸੁਗਲੀ ਬੰਦਾ ਸੀ। ਜਿਹਲ ਵਿਚ ਕਦੀ ਉਹਦੇ ਚਿਹਰੇ ਉੱਤੇ ਮਲਾਲ ਨਹੀਂ ਸੀ ਆਇਆ, ਭਾਵੇਂ ਕਿ ਐਸ਼-ਆਰਾਮ ਦੀ ਜ਼ਿੰਦਗੀ ਭੋਗਦਾ ਅੰਦਰ ਹੋਇਆ ਸੀ। ਸੱਚੀ ਗੱਲ ਤਾਂ ਹੈ ਕਿ ਅਸੀਂ 91 ਬੰਦੇ ਹੀ ਜਿਹਲ ਵਿਚ ਬਹੁਤ ਬੇਪ੍ਰਵਾਹੀ ਨਾਲ ਇਕ ਕਿਸਮ ਦੀਆਂ ਮੌਜਾਂ ਹੀ ਮਾਣ ਰਹੇ ਸੀ, ਕਿਉਂਕਿ ਹਰ ਰੋਜ਼ ਪੇਸ਼ੀ ਹੋਣ ਕਰਕੇ ਅਦਾਲਤ, ਸਰਕਾਰੀ ਵਕੀਲ ਅਤੇ ਪੁਲਸ ਦੇ ਆਗੂ ਮੀਰ ਫ਼ਜ਼ਲ ਇਮਾਮ ਨਾਲ ਭਾਈ ਕਿਸ਼ਨ ਸਿੰਘ ਅਤੇ ਕਰਮ ਸਿੰਘ ਦੀਆਂ ਸਿੱਧੀਆ ਨੋਕਾਂ-ਝੋਕਾਂ ਅਤੇ ਟਕਰਾਂ ਭਲਾ ਉਦਾਸੀ ਕਿਉਂ ਨੇੜੇ ਆਉਣ ਦਿੰਦੀਆਂ। ਅੰਦਰ ਭਾਈ ਸਾਹਿਬ ਵੱਲੋਂ ਸਦਾ ਦੀ ਹਲਾਸ਼ੇਰੀ ਅਤੇ ਪੁਰਾਣੇ ਜ਼ਮਾਨੇ ਦੀਆਂ ਹੋ ਚੁੱਕੀਆਂ ਸ਼ਹੀਦੀਆਂ ਸੁਣ-ਸੁਣ ਨਜ਼ਾਰਾ ਆ ਜਾਂਦਾ ਸੀ। ਬੇੜੀਆਂ ਹੱਥ-ਕੜੀਆਂ ਦੀ ਕੋਈ ਪ੍ਰਵਾਹ ਨਹੀਂ ਸੀ ਕਰਦਾ। ਜਦੋਂ ਬਬਰਾਂ ਦੇ ਜਿਹਲ ਦੇ ਕਾਰਨਾਮੇ ਪੜ੍ਹੋਂਗੇ ਤਾਂ ਮੇਰੇ ਇਹਨਾਂ ਵਿਚਾਰਾਂ ਦੀ ਜਰੂਰ ਪੁਸ਼ਟੀ ਕਰੋਂਗੇ। ਅਸੀਂ ਘਰਾਂ ਤੋਂ ਨਿਕਲੇ ਹੀ ਮਰਨ-ਮਾਰਨ ਲਈ ਸੀ ਅਤੇ ਸਾਡਾ ਲੀਡਰ ਸਾਡੇ ਨਾਲ ਸੀ। ਹੋਰ ਸਾਨੂੰ ਕਾਹਦਾ ਘਾਟਾ ਹੋ ਸਕਦਾ ਸੀ?

# 23. ਬਬਰਾਂ ਦੀ ਹਥਿਆਰਾਂ ਅਤੇ ਦੂਜੇ ਵਸੀਲਿਆਂ ਦੀ ਭਾਲ

ਭਾਈ ਕਿਸ਼ਨ ਸਿੰਘ ਨੇ ਜੋਹਲਾਂ ਵਾਲੇ ਮੁਣਸ਼ਾ ਸਿੰਘ ਦੀ ਡਿਊਟੀ ਫਰੰਟੀਅਰ ਵੱਲ ਕੁਝ ਬੰਬ, ਪਸਤੌਲ ਅਤੇ ਗੋਲੀਆਂ ਇਕੱਠੇ ਕਰਨ ਦੀ ਲਾਈ ਹੋਈ ਸੀ। ਉਧਰ ਮੁਣਸ਼ਾ ਸਿੰਘ ਦਾ ਛੋਟਾ ਭਰਾ ਜਵੰਦ ਸਿੰਘ ਫ਼ੌਜ ਦੀ ਨੌਕਰੀ ਕਰ ਰਿਹਾ ਸੀ ਅਤੇ ਬਬਰ ਜਥੇ ਦਾ ਇਕ ਤਰ੍ਹਾਂ ਮੈਂਬਰ ਬਣ ਚੁਕਿਆ ਸੀ। ਮੁਣਸ਼ਾ ਸਿੰਘ ਬਾਬਤ ਪਾਠਕ ਪੜ੍ਹ ਹੀ ਚੁੱਕੇ ਹਨ ਕਿ ਉਹ ਬਬਰ ਜਥੇ ਦਾ ਮੈਂਬਰ ਬਣ ਕੇ ਹਜ਼ਾਰਾ ਸਿੰਘ ਨਾਲ ਨੰਗਲ ਸ਼ਾਮਾ ਦੇ ਬੂਟੇ ਲੰਬੜਦਾਰ ਨੂੰ ਕਤਲ ਕਰਨ ਗਿਆ ਸੀ। ਪਰ ਧੋਖਾ ਖਾ ਕੇ ਵਾਪਸ ਮੁੜ ਆਇਆ ਸੀ। ਸੋ ਬੰਬਾਂ ਦਾ ਜ਼ਿਕਰ ਮੈਂ ਇਸੇ ਜਵੰਦ ਸਿੰਘ ਦੇ ਬਿਆਨ ਮੁਤਾਬਿਕ ਲਿਖ ਰਿਹਾ ਹਾਂ ਜੋ ਬਾਅਦ ਵਿਚ ਵਾਇਦਾ-ਮੁਆਫ਼ ਬਣ ਕੇ ਸਾਡੇ ਕੇਸ ਵਿਚ ਭੁਗਤਿਆ ਸੀ।

(ਪੇਪਰ-ਬੁੱਕ, ਸਫ਼ਾ 174 ਤੋਂ 179, 18 ਜੁਲਾਈ 1924, ਸਰਕਾਰੀ ਗਵਾਹ ਨੰ: 19, ਜਵੰਦ ਸਿੰਘ ਵਲਦ ਬੇਲਾ ਸਿੰਘ, ਉਮਰ 30 ਸਾਲ, ਜਾਤ ਜੱਟ-ਸਿੱਖ, ਪਿੰਡ ਜੌਹਲਾਂ, ਜ਼ਿਲਾ ਜਲੰਧਰ) :

''1915 ਵਿਚ ਮੈਂ ਫ਼ੌਜ ਵਿਚ ਭਰਤੀ ਹੋਇਆ ਸੀ। ਗਣੇਸਪੁਰ ਭਾਰਟਾ, ਜ਼ਿਲਾ ਹੁਸ਼ਿਆਰਪੁਰ ਦੇ ਠਾਕੁਰ ਸਿੰਘ ਅਤੇ ਵਤਨ ਸਿੰਘ ਵੀ ਮੇਰੀ ਹੀ ਪਲਟਣ ਵਿਚ ਭਰਤੀ ਹੋਏ ਸਨ। ਅਸੀਂ ਤਿੰਨੋਂ ਇਕੱਠੇ ਹੀ ਪਹਿਲੀ ਵਡੀ ਲੜਾਈ ਵਿਚ ਬਾਹਰਲੇ ਮੁਲਕਾਂ ਵਿਚ ਗਏ ਸੀ। ਜਦੋਂ ਸਾਡੀ ਪਲਟਨ ਅਖੀਰ 1921 ਅਤੇ ਸ਼ੁਰੂ 1922 ਵਿਚ ਮਾੜੀ ਇੰਡਸ ਵਿਚ ਸੀ ਤਾਂ ਮੈਂ ਪਿੰਡ ਛੁੱਟੀ ਆਇਆ ਸੀ। ਉਸ ਵੇਲੇ ਮੇਰਾ ਭਰਾ ਮੁਣਸ਼ਾ ਸਿੰਘ ਬਬਰ ਜਥੇ ਦਾ ਮੈਂਬਰ ਬਣ ਚੁਕਿਆ ਸੀ, ਜਿਸ ਕਰਕੇ ਮੇਰੀ ਵਾਕਫ਼ੀ ਭਾਈ ਕਿਸ਼ਨ ਸਿੰਘ ਨਾਲ ਹੋ ਗਈ ਸੀ। ਭਾਈ ਸਾਹਿਬ ਨੇ ਮੈਨੂੰ ਕਹਿ ਛਡਿਆ ਸੀ ਕਿ ਜਿੰਨਾ ਹੋ ਸਕੇ, ਜਥੇ ਲਈ ਅਸਲਾ ਇਕੱਠਾ ਕਰਾਂ। ਮੇਰੇ ਵੱਡੇ ਭਰਾ ਮੁਣਸ਼ਾ ਸਿੰਘ ਨੇ ਪਹਿਲਾਂ ਹੀ ਭਾਈ ਕਿਸ਼ਨ ਸਿੰਘ ਨੂੰ ਯਕੀਨ ਦੁਆ ਛਡਿਆ ਸੀ ਕਿ ਉਹਦਾ ਛੋਟਾ ਭਰਾ ਫ਼ਰੰਟੀਅਰ ਵੱਲ ਫ਼ੌਜ ਵਿਚ ਭਰਤੀ ਹੈ ਅਤੇ ਜਦੋਂ ਉਹ ਛੁੱਟੀ ਆਇਆ, ਉਹਨੂੰ ਕਹਾਂਗੇ ਕਿ ਚੋਰੀ ਕਰਕੇ ਜਿੰਨੇ ਬੰਬ ਤੇ ਹੋਰ ਅਸਲਾ ਮਿਲ ਸਕੇ, ਸਾਂਭ ਕੇ ਰੱਖ ਲਵੇ ਤੇ ਚਿੱਠੀ ਪਾ ਦੇਵੇ ਅਤੇ ਮੁਣਸ਼ਾ ਸਿੰਘ ਭਰਾ ਨੂੰ ਮਿਲਣ ਦੇ ਬਹਾਨੇ ਲੈ ਆਵੇਗਾ। ਵੈਸੇ

ਮੁਣਸ਼ਾ ਸਿੰਘ ਵੀ ਫ਼ੌਜ ਦੀ ਨੌਕਰੀ ਕਰਕੇ ਨਾਮਾ ਕਟਵਾ ਮੁੜਿਆ ਸੀ। ਸੋ ਛੁੱਟੀ ਵੇਲੇ ਸਾਰਾ ਪ੍ਰੋਗਰਾਮ ਪੱਕਾ ਕਰਕੇ ਮੈਂ ਵਾਪਸ ਫ਼ੌਜ ਵਿਚ ਮੁੜ ਆਇਆ ਸੀ।

"ਮੈਂ, ਠਾਕੁਰ ਸਿੰਘ ਅਤੇ ਵਤਨ ਸਿੰਘ ਗੂਹੜੇ ਯਾਰ ਬਣ ਚੁੱਕੇ ਸੀ। ਵਾਪਸ ਆ ਕੇ ਮੈਂ ਸਾਰੀ ਗੱਲ ਉਹਨਾਂ ਦੋਹਾਂ ਨੂੰ ਖੋਲ੍ਹ ਕੇ ਦੱਸ ਦਿੱਤੀ। ਉਹ ਪਹਿਲਾਂ ਹੀ ਜਦੋਂ ਛੁੱਟੀ ਗਏ ਸਨ, ਆਪਣੇ ਪਿੰਡਾਂ ਵਿਚ ਬਬਰਾਂ ਦੇ ਕਾਰਨਾਮੇ ਸੁਣ ਕੇ ਅੰਦਰੋ-ਅੰਦਰੀ ਪੱਕੇ ਹਮਦਰਦ ਬਣ ਚੁੱਕੇ ਸਨ। ਸੋ ਮੇਰੇ ਉਹਨਾਂ ਨੂੰ ਬਹੁਤਾ ਸਮਝਾਉਣ ਦੀ ਲੋੜ ਹੀ ਨਾ ਪਈ। ਉਹ ਕਹਿਣ ਲਗੇ, ਅਸੀਂ ਤਾਂ ਪਹਿਲਾਂ ਹੀ ਫ਼ੌਜ ਦੀ ਨੌਕਰੀ ਛੱਡ ਕੇ ਬਬਰ ਜਥੇ ਦੇ ਮੈਂਬਰ ਬਣ ਜਾਣ ਦਾ ਇਰਾਦਾ ਕਰ ਚੁੱਕੇ ਹਾਂ।

"ਇਕ ਦਿਨ ਠਾਕੁਰ ਸਿੰਘ ਦੀ ਡਿਊਟੀ ਮੈਗਜ਼ੀਨ ਉੱਤੇ ਸੀ। ਮੈਂ ਉਹਦੀ ਰੋਟੀ ਲੈ ਕੇ ਗਿਆ, ਤਾਂ ਉਹਨੇ ਮੈਨੂੰ ਪੰਜ ਬੰਬ ਅਤੇ ਬਾਰਾਂ ਡੈਟੋਨੇਟਰ ਦਿੱਤੇ, ਜਿਹੜੇ ਉਹਨੇ ਮੈਗਜ਼ੀਨ ਵਿਚੋਂ ਚੋਰੀ ਕਰ ਛਡੇ ਸਨ। ਮੈਂ ਲਿਆ ਕੇ ਇਕ ਐਲੂਮੀਨੀਅਮ ਦੇ ਡੱਬੇ ਵਿਚ ਰੱਖ ਕੇ ਉਹ ਬਾਹਰ ਇਕ ਝਾੜੀ ਲਾਗੇ ਦੱਬ ਦਿੱਤੇ। ਉਸ ਦਿਨ ਵਤਨ ਸਿੰਘ ਪਿੰਡ ਛੁੱਟੀ ਗਿਆ ਹੋਇਆ ਸੀ। ਜਿਸ ਵੇਲੇ ਠਾਕੁਰ ਸਿੰਘ ਡਿਊਟੀ ਤੋਂ ਵਾਪਸ ਆਇਆ ਤਾਂ ਮੈਂ ਨਾਲ ਲਿਜਾ ਕੇ ਉਹ ਥਾਂ ਦਿਖਾ ਆਇਆ, ਜਿਥੇ ਬੰਬ ਦੱਬੇ ਸਨ।

"ਥੋੜ੍ਹੇ ਦਿਨਾਂ ਬਾਅਦ ਹੀ ਸਾਡੀ ਪਲਟਨ ਦੀ ਬਦਲੀ ਬੰਨੂ ਦੀ ਹੋ ਗਈ। ਅਸੀਂ ਬਾਕੀ ਸਾਮਾਨ ਨਾਲ ਉਹ ਡੱਬਾ ਬੰਨੂ ਲੈ ਆਂਦਾ ਅਤੇ ਸੰਭਾਲ ਕੇ ਬਾਹਰ ਲਿਜਾ ਦੱਬਿਆ। ਇਕ ਦਿਨ ਮੈਂ ਆਪਣੀ ਪਹਿਰੇ ਦੀ ਵਾਰੀ ਖ਼ਤਮ ਕਰਕੇ ਵਾਪਸ ਆ ਰਿਹਾ ਸੀ ਤਾਂ ਇਕ ਪੋਟਲੀ ਜੀਹਦੇ ਵਿਚ ਰੀਵਾਲਵਰ ਦੀਆਂ ਵੀਹ ਗੋਲੀਆਂ ਬੱਝੀਆਂ ਹੋਈਆਂ ਸਨ, ਜ਼ਮੀਨ ਉੱਤੇ ਪਈ ਮੈਨੂੰ ਮਿਲੀ। ਮੇਰਾ ਖ਼ਿਆਲ ਹੈ, ਕਿਸੇ ਨੇ ਚੋਰੀ ਕੀਤੀ ਹੋਵੇਗੀ ਅਤੇ ਰਾਹ ਵਿਚ ਡਿੱਗ ਪਈ ਹੋਵੇਗੀ। ਉਹ ਚੁੱਕ ਕੇ ਮੈਂ ਸੰਭਾਲ ਕੇ ਆਪਣੇ ਕੋਲ ਲਿਆ ਰੱਖੀ। ਫੇਰ ਮੈਂ ਆਪਣੇ ਭਰਾ ਨੂੰ ਚਿੱਠੀ ਲਿਖ ਕੇ ਸੱਦ ਘਲਿਆ ਕਿ ਮੇਰਾ ਫ਼ਾਲਤੂ ਸਾਮਾਨ ਆ ਕੇ ਪਿੰਡ ਨੂੰ ਲੈ ਜਾਵੇ। ਮੁਣਸ਼ਾ ਸਿੰਘ ਆ ਗਿਆ। ਮੈਂ ਇਕ ਫ਼ੌਜੀ ਕਿੱਟ ਥੱਲੇ ਪੰਜੇ ਬੰਬ, ਬਾਰਾਂ ਡੈਟੋਨੇਟਰ ਤੇ ਰੀਵਾਲਵਰ ਦੀਆਂ ਵੀਹ ਗੋਲੀਆਂ ਰੱਖ ਕੇ ਉੱਤੇ ਹੋਰ ਨਿੱਕੜ-ਸੁੱਕੜ ਰੱਖ ਕਿੱਟ ਮੁਣਸ਼ਾ ਸਿੰਘ ਦੇ ਹਵਾਲੇ ਕਰਦਿਆਂ ਉਹਨੂੰ ਪਿੰਡ ਨੂੰ ਮੋੜ ਦਿੱਤਾ। ਬੰਬਾਂ ਉੱਤੇ ਪਹਿਲਾਂ ਡਬਲ ਰੋਟੀਆਂ ਰੱਖ ਦਿੱਤੀਆਂ ਸਨ। ਉਹਨਾਂ ਦਿਨਾਂ ਵਿਚ ਵੀ ਵਤਨ ਸਿੰਘ ਪਿੰਡ ਛੁੱਟੀ ਕੱਟਣ ਗਿਆ ਹੋਇਆ ਸੀ। ਪਰ ਠਾਕੁਰ ਸਿੰਘ ਨੂੰ ਸਾਰੀ ਗੱਲ ਦਾ ਇਲਮ ਸੀ। ਜਦੋਂ ਵਤਨ ਸਿੰਘ ਛੁੱਟੀ ਤੋਂ ਮੁੜਿਆ ਤਾਂ ਅਸੀਂ ਸਾਰੀ ਗੱਲ ਉਹਨੂੰ ਵੀ ਦੱਸ ਦਿੱਤੀ। ਬੱਸ ਥੋੜ੍ਹੇ ਹੀ ਚਿਰ ਮਗਰੋਂ ਅਸੀਂ ਤਿੰਨੇ ਫ਼ੌਜ ਵਿਚੋਂ ਨਾਮਾ ਕਟਵਾ ਕੇ ਵਾਪਸ ਪਿੰਡੀਂ ਆ ਕੇ ਬਬਰ ਪਾਰਟੀ ਦੇ ਮੈਂਬਰ ਬਣ ਗਏ। ਸ਼ੁਰੂ ਜੂਨ 1922 ਵਿਚ ਅਸੀਂ ਨਾਂ ਕਟਵਾਏ ਸਨ।

"ਥੋੜ੍ਹੇ ਦਿਨਾਂ ਬਾਅਦ ਹੀ ਭਾਈ ਕਿਸ਼ਨ ਸਿੰਘ ਨੇ ਬਾਬੂ ਸੰਤਾ ਸਿੰਘ ਨੂੰ ਘੱਲ ਕੇ ਦੋ ਬੰਬ, ਛੇ ਡੈਟੋਨੇਟਰ ਅਤੇ ਰੀਵਾਲਵਰ ਦੀਆਂ ਵੀਹ ਗੋਲੀਆਂ ਮੰਗਵਾ ਲਈਆਂ ਸਨ। ਬਾਕੀ ਤਿੰਨ ਬੰਬ ਅਤੇ ਚਾਰ ਡੈਟੋਨੇਟਰ ਠਾਕੁਰ ਸਿੰਘ ਭਾਰਟਾ ਆ ਕੇ ਲੈ ਗਿਆ। ਬਾਕੀ ਦੋ ਡੈਟੋਨੇਟਰ ਮੈਂ ਛੱਪੜ ਵਿਚ ਸੁੱਟ ਦਿਤੇ। ਆਹ ਜਿਹੜਾ ਬੰਬ ਮੈਨੂੰ ਅਦਾਲਤ ਵਿਚ ਦਿਖਾਇਆ ਜਾ ਰਿਹਾ ਹੈ, ਉਹਨਾਂ ਵਰਗਾ ਹੀ ਹੈ ਜਿਹੜੇ ਭਾਈ ਕਿਸ਼ਨ ਸਿੰਘ ਤੇ ਠਾਕੁਰ ਸਿੰਘ ਭਾਰਟੇ ਨੂੰ ਮੈਂ ਦਿਤੇ ਸਨ ਅਤੇ ਜਿਹੜੇ ਮੇਰਾ ਭਰਾ ਮੁਣਸ਼ਾ ਸਿੰਘ

ਮੁਲਜ਼ਮ ਨੰ: 59 ਬੰਨੂ ਤੋਂ ਲੈ ਕੇ ਆਇਆ ਸੀ । ਠਾਕੁਰ ਸਿੰਘ ਮੁਲਜ਼ਮ ਨੰ: 61 ਹੈ ।"

ਮੁਣਸ਼ਾ ਸਿੰਘ ਅਤੇ ਠਾਕੁਰ ਸਿੰਘ, ਦੋਵੇਂ ਉਮਰ ਕੈਦ ਹੋ ਗਏ ਸਨ । ਮੁਣਸ਼ਾ ਸਿੰਘ ਕੈਦ ਵਿਚ ਹੀ ਚਲਾਣਾ ਕਰ ਗਿਆ ਸੀ ਅਤੇ ਠਾਕੁਰ ਸਿੰਘ ਕੈਦ ਕੱਟ ਕੇ ਮੁੜਿਆ ਸੀ । ਉਹਨੇ ਪਿਛੇ ਜਿਹੇ ਹੀ ਚਲਾਣਾ ਕੀਤਾ ਹੈ । ਸੈਸ਼ਨ ਜੱਜ ਨੇ ਠਾਕੁਰ ਸਿੰਘ ਨੂੰ ਬਰੀ ਕਰ ਦਿਤਾ ਸੀ, ਪਰ ਹਾਈਕੋਰਟ ਵਿਚੋਂ ਉਮਰ ਕੈਦ ਹੋ ਗਈ ਸੀ ।

ਮੈਂ ਪਹਿਲਾਂ ਦੱਸ ਚੁਕਿਆ ਹਾਂ ਕਿ 52 ਨੰਬਰ ਸਿੱਖ ਪਲਟਨ ਦੇ ਫ਼ੌਜੀ ਸੰਤ ਕਰਤਾਰ ਸਿੰਘ ਦੀ ਕੁਟੀਆ ਉੱਤੇ ਆ ਕੇ ਭਾਈ ਕਿਸ਼ਨ ਸਿੰਘ ਅਤੇ ਬਾਬੂ ਸੰਤਾ ਸਿੰਘ ਨੂੰ ਮਿਲਿਆ ਕਰਦੇ ਸਨ । ਇਹਨਾਂ ਫ਼ੌਜੀਆਂ ਦੇ ਨਾਂ ਗੰਗਾ ਸਿੰਘ, ਪ੍ਰਤਾਪ ਸਿੰਘ, ਮਾਣ ਸਿੰਘ ਅਤੇ ਕਿਰਪਾਲ ਸਿੰਘ ਸਨ । ਬਾਅਦ ਵਿਚ ਕਿਰਪਾਲ ਸਿੰਘ ਵਾਇਦਾ-ਮੁਆਫ਼ ਬਣ ਗਿਆ ਸੀ । ਸਾਰੇ ਰਫ਼ਲਾਂ ਦਾ ਤੇਲ, ਰਫ਼ਲਾਂ ਸਾਫ਼ ਕਰਨ ਵਾਲਾ ਕਪੜਾ ਅਤੇ ਗੋਲੀਆਂ ਦਿਆ ਕਰਦੇ ਸਨ । ਸੈਸ਼ਨ ਜੱਜ ਨੇ ਜੱਜਮੈਂਟ ਦੇ ਸਫ਼ਾ 205 ਅਤੇ 206 ਉੱਤੇ ਲਿਖਿਆ ਹੈ ਕਿ ਇਹਨਾਂ ਨੇ ਕੁੱਲ ਮਿਲਾ ਕੇ ਪੱਕੀ ਰਫ਼ਲ ਦੀਆਂ 40-45 ਗੋਲੀਆਂ, ਰਫ਼ਲ ਦਾ ਤੇਲ ਅਤੇ ਰਫ਼ਲਾਂ ਸਾਫ਼ ਕਰਨ ਵਾਲਾ ਕੱਪੜਾ ਦਿਤਾ ਸੀ । ਫੇਰ ਵੀ ਸੈਸ਼ਨ ਜੱਜ ਨੇ ਤਿੰਨੇ ਬਰੀ ਕਰ ਦਿੱਤੇ ਸਨ । ਪਰ ਹਾਈਕੋਰਟ ਨੇ ਠਾਕੁਰ ਸਿੰਘ ਭਾਰਟੇ ਵਾਂਗੂ ਦੋ ਨੂੰ, ਯਾਨੀ ਪ੍ਰਤਾਪ ਸਿੰਘ ਅਤੇ ਮਾਣ ਸਿੰਘ ਨੂੰ ਉਮਰ ਕੈਦ ਕਰ ਦਿੱਤੀ ਸੀ । ਜ਼ਿਆਦਾ ਜ਼ੋਰ ਅਸਲਾ ਇਕੱਠਾ ਕਰਨ ਦਾ 19 1-22 ਵਿਚ ਹੀ ਦਿਤਾ ਗਿਆ ਸੀ । 1922 ਵਿਚ ਸਿਰਫ਼ ਤਿੰਨ ਘਟਨਾਵਾਂ ਹੀ ਹੋਈਆਂ ਸਨ—ਮੂੰਢ ਦੀ ਘਟਨਾ, ਮਹੱਦੀਪੁਰੀਏ ਹਰਨਾਮ ਸਿੰਘ ਸਫ਼ੈਦਪੋਸ਼ ਉੱਤੇ ਹਮਲਾ ਅਤੇ ਰਲੇ ਲੰਬੜਦਾਰ ਬਛੋੜੀ ਵਾਲੇ ਤੋਂ ਸਰਕਾਰੀ ਮਾਮਲਾ ਖੋਹ ਕੇ ਛਾਪੇ ਦੀ ਮਸ਼ੀਨ ਤੇ ਬੰਦੂਕਾਂ ਦਾ ਖ਼ਰੀਦਿਆ ਜਾਣਾ । ਸੁਧਾਰ ਦਾ ਕੰਮ ਫਰਵਰੀ 1923 ਤੋਂ ਸ਼ੁਰੂ ਹੋ ਕੇ ਜੂਨ 1924 ਵਿਚ ਜਾ ਸਮਾਪਤ ਹੋਇਆ ਸੀ ।

ਹੁਣ ਥੋੜ੍ਹਾ ਜਿਹਾ ਜ਼ਿਕਰ ਸੰਤ ਕਰਤਾਰ ਸਿੰਘ ਵਾਇਦਾ-ਮੁਆਫ਼ ਨੰ: 9 ਦਾ ਕਰਨਾ ਪੈ ਗਿਆ ਹੈ । ਪਹਿਲਾਂ ਕਾਫ਼ੀ ਕੁਝ ਜੋ ਇਹਨੇ ਅਦਾਲਤ ਵਿਚ ਦੱਸਿਆ ਸੀ, ਪਾਠਕ ਪੜ੍ਹ ਹੀ ਚੁੱਕੇ ਹਨ । ਇਹ ਬਿਲਕੁਲ ਅਨਪੜ੍ਹ ਚਿਟ-ਕਪੜੀਆ ਚੰਗੀ ਲੰਮੀ-ਚੌੜੀ ਦਾਹੜੀ ਵਾਲਾ ਆਦਮੀ ਸਿਰ ਉੱਤੇ ਛੋਟ ਜਿਹੀ ਪੱਗ ਲਪੇਟ ਕੇ ਪੂਰਾ ਸੰਤ ਲਗਦਾ ਸੀ । ਜਦੋਂ ਭਾਈ ਕਿਸ਼ਨ ਸਿੰਘ ਜੀ ਲੈਕਚਰ ਕਰਨ ਲਗਦੇ ਸਨ ਤਾਂ ਬਿਨਾਂ ਕਿਸੇ ਦੇ ਕਿਹਾਂ-ਮੁਣਿਆਂ ਇਹ ਆਪ ਹੀ ਉੱਠ ਕੇ ਯਬਲੀਆਂ ਮਾਰਨ ਲੱਗ ਜਾਂਦਾ ਸੀ ਕਿ ਬੱਸ ਫ਼ਰੰਗੀਆਂ ਨੂੰ ਦੁੜਾਉਣ ਲਈ ਇਕੋ ਸ਼ੇਰ ਭਾਈ ਕਿਸ਼ਨ ਸਿੰਘ ਬਬੇਰਾ ਹੈ, ਤੁਸੀਂ ਇਹਨਾਂ ਆਖੇ ਲੱਗ ਕੇ ਫ਼ਰੰਗੀਆਂ ਨੂੰ ਦੁੜਾਉਣ ਦੀ ਕਰੋ । ਲੋਕ ਅੰਦਰੋ-ਅੰਦਰੀ ਹਸਦੇ ਰਹਿੰਦੇ ਅਤੇ ਇਹ ਵੀ ਸ਼ਹੀਦਾਂ ਵਿਚ ਨਾਂ ਲਿਖਾ ਕੇ ਬੈਠ ਜਾਂਦਾ । ਆਖ਼ਰ ਉਹ ਦਫ਼ਾ 107 ਅਧੀਨ ਫੜਿਆ ਗਿਆ ਅਤੇ ਸ਼ਾਮ ਸਿੰਘ ਜ਼ੈਲਦਾਰ ਤਲਹਣ ਵਾਲੇ ਦੀ ਗਵਾਹੀ ਸਦਕਾ ਇਕ ਸਾਲ ਲਈ ਕੈਦ ਹੋ ਕੇ ਜਿਹਲਮ ਦੀ ਜਿਹਲ ਵਿਚ ਚਲਿਆ ਗਿਆ । ਇਹਨੇ ਕੋਸ਼ਿਸ਼ ਤਾਂ ਕੀਤੀ ਕਿ ਕੋਈ ਜ਼ਮਾਨਤ ਦੇ ਕੇ ਛੁਡਾ ਲਵੇ, ਪਰ ਕੋਈ ਜ਼ਮਾਨਤੀ ਤਿਆਰ ਨਾ ਹੋਇਆ । ਵਿਹਲੀਆਂ ਖਾਣ ਵਾਲਾ ਭਲਾ ਜਿਹਲ ਦੀਆਂ ਘੱਟੇ-ਮਿੱਟੀ ਨਾਲ ਭਰੀਆਂ ਹੋਈਆਂ ਰੋਟੀਆਂ ਅਤੇ ਕਿਰਕ ਵਾਲੀ ਦਾਲ-ਸਬਜੀ

ਕਿਥੇ ਖਾ ਸਕਦਾ ਸੀ। ਸੋ ਪਹਿਲਾਂ ਉਹਨੇ ਜਿਹਲ-ਅਧਿਕਾਰੀਆਂ ਰਾਹੀਂ ਜਿਹਲਮ ਦੇ ਡਿਪਟੀ ਕਮਿਸ਼ਨਰ ਅਗੇ ਮਾਫ਼ੀਨਾਮਾ ਲਿਖ ਭੇਜਿਆ। ਉਹਨੇ ਇਹਨੂੰ ਜਲੰਧਰ ਜਿਹਲ ਵਿਚ ਵਾਪਸ ਮੋੜ ਦਿੱਤਾ ਅਤੇ ਮਾਫ਼ੀਨਾਮਾ ਜਲੰਧਰ ਦੇ ਡਿਪਟੀ ਕਮਿਸ਼ਨਰ ਨੂੰ ਕਾਰਵਾਈ ਕਰਨ ਲਈ ਘੱਲ ਦਿੱਤਾ। ਉਹਨੇ ਇਹਨੂੰ ਅਦਾਲਤ ਵਿਚ ਸੱਦ ਕੇ ਬਿਆਨ ਲੈ ਲਏ ਅਤੇ ਇਸ ਲਿਖਤ ਉੱਤੇ ਗੂਠਾ ਲੁਆ ਕੇ ਛੱਡ ਦਿੱਤਾ ਕਿ ਅਗੋਂ ਲਈ ਕੰਨਾਂ ਨੂੰ ਹੱਥ ਲਾਉਂਦਾ ਹਾਂ ਅਤੇ ਕਦੀ ਲੈਕਚਰ ਨਹੀਂ ਕਰਾਂਗਾ। ਸੋ ਸੰਤ ਜੀ ਪ੍ਰਾਗਪੁਰ ਕੁਟੀਆ ਵਿਚ ਵਾਪਸ ਪੁੱਜ ਗਏ। ਭਾਈ ਸਾਹਿਬ ਕਿਸ਼ਨ ਸਿੰਘ ਅਤੇ ਹੋਰਨਾਂ ਨੇ ਬਥੇਰੀ ਫਿਟ-ਲਾਹਣਤ ਪਾਈ। ਉਹ ਆਪ ਹੀ ਦਸਦਾ ਹੈ ਕਿ "ਭਾਈ ਕਿਸ਼ਨ ਸਿੰਘ ਤਲਵਾਰ ਲੈ ਕੇ ਮੈਨੂੰ ਪੈ ਵੀ ਗਿਆ ਸੀ, ਮੈਂ ਹੀ ਪੈਰੀਂ ਪੈ ਮਾਫ਼ੀ ਮੰਗਣ ਦੀ ਕੀਤੀ। ਬਾਬੂ ਸੰਤਾ ਸਿੰਘ ਤੇ ਬੇਲਾ ਸਿੰਘ ਨੇ ਵੀ ਮੇਰੀ ਮਦਦ ਕੀਤੀ ਅਤੇ ਮੈਂ ਮੁੜ ਬਬਰ ਜਥੇ ਵਿਚ ਅੰਦਰੋ-ਅੰਦਰੀ ਸਰਗਰਮ ਹਿੱਸਾ ਲੈਣ ਲਗ ਪਿਆ।" ਇਹ ਸਾਰਾ ਬਿਆਨ ਪੇਪਰ-ਬੁੱਕ ਦੇ ਸਫ਼ਾ 56 ਤੋਂ ਸ਼ੁਰੂ ਹੁੰਦਾ ਹੈ ਅਤੇ ਸਫ਼ਾ 57 ਦੀ ਦੂਜੀ ਸਤਰ ਤੱਕ ਚਲਦਾ ਹੈ।

ਬਬਰਾਂ ਨੇ ਇਕ ਡਾਇਰੀ ਤਿਆਰ ਕੀਤੀ ਹੋਈ ਸੀ ਜੋ ਬਾਅਦ ਵਿਚ ਪੁਲਸ ਦੇ ਹੱਥ ਆ ਗਈ ਸੀ। ਵੱਡੇ-ਵੱਡੇ ਝੋਲੀ-ਚੁੱਕਾਂ ਦੇ ਨਾਂ ਅਤੇ ਪਤੇ ਉਸ ਵਿਚ ਲਿਖੇ ਹੋਏ ਸਨ। ਸੋ ਸੰਤ ਦੇ ਕਹਿਣ ਉੱਤੇ ਸ਼ਾਮ ਸਿੰਘ ਜ਼ੈਲਦਾਰ ਤਲਹਣ ਵਾਲੇ ਦਾ ਨਾਂ ਵੀ ਸ਼ਾਮਲ ਕਰ ਲਿਆ ਗਿਆ। ਉਹਨੂੰ ਕਤਲ ਕਰਨ ਲਈ ਭਾਈ ਕਿਸ਼ਨ ਸਿੰਘ ਨੇ ਹਜ਼ਾਰਾ ਸਿੰਘ ਮੰਡੇਰੀਏ ਨੂੰ ਕਿਹਾ ਸੀ, ਜੀਹਦਾ ਜ਼ਿਕਰ ਮੈਂ ਕਰ ਚੁਕਿਆ ਹਾਂ। ਇਸੇ ਸ਼ਾਮ ਸਿੰਘ ਜ਼ੈਲਦਾਰ ਦੀਆਂ ਦੋ ਪੋਤੀਆ ਖੁਸਰੋਪੁਰ ਦੇ ਦੋ ਸਕੇ ਭਰਾਵਾਂ ਜਸਵੰਤ ਸਿੰਘ ਅਤੇ ਆਤਮਾ ਸਿੰਘ ਨਾਲ ਵਿਆਹੀਆਂ ਹੋਈਆਂ ਸਨ। ਇਹਨਾਂ ਦੇ ਪਿਤਾ ਦਾ ਨਾਂ ਵੀ ਸ਼ਾਮ ਸਿੰਘ ਹੀ ਸੀ, ਜਿਹੜੇ ਫ਼ੌਜ ਦੀ ਨੌਕਰੀ ਤੋਂ ਪੈਨਸ਼ਨ ਉੱਤੇ ਆ ਚੁੱਕੇ ਸਨ ਅਤੇ ਬਾਬੂ ਸ਼ਾਮ ਸਿੰਘ ਕਰਕੇ ਮਸ਼ਹੂਰ ਸਨ। ਖੁਸਰੋਪੁਰ ਅਤੇ ਸੰਸਾਰਪੁਰ ਪਿੰਡ ਲਾਗੋ-ਲਾਗੀ ਬਿਲਕੁਲ ਜਲੰਧਰ ਛਾਉਣੀ ਦੇ ਨਾਲ ਲਗਦੇ ਹਨ। ਹਾਕੀ ਦੀ ਬੜੀ ਵਧੀਆ ਗਰਾਊਂਡ ਪਿੰਡ ਦੀਆਂ ਕੰਧਾਂ ਨਾਲ ਲੱਗਣ ਕਰਕੇ ਦੋਵੇਂ ਪਿੰਡ ਹਾਕੀ ਦੇ ਖਿਡਾਰੀਆਂ ਸਦਕਾ ਦੁਨੀਆ ਭਰ ਵਿਚ ਮਸ਼ਹੂਰੀ ਪਾ ਚੁਕੇ ਹਨ। ਉਹਨਾਂ ਦਿਨਾਂ ਤੋਂ ਲੈ ਕੇ ਅੱਜ ਤੱਕ ਇਕ-ਦੋ ਖਿਡਾਰੀ ਲਾਜ਼ਮੀ ਤੌਰ ਉੱਤੇ ਉਲੰਪਿਕ ਖੇਡਾਂ ਵਿਚ ਹੁੰਦੇ ਹਨ।

ਦੋਨੋਂ ਭਰਾ ਹਾਕੀ ਦੇ ਖਿਡਾਰੀ ਸਨ। ਆਤਮਾ ਸਿੰਘ ਖ਼ਾਲਸਾ ਸਕੂਲ ਜਲੰਧਰ ਦੀ ਟੀਮ ਦਾ ਮੈਂਬਰ ਸੀ ਅਤੇ ਮੈਥੋਂ ਇਕ ਸਾਲ ਅੱਗੇ ਸੀ। ਜਸਵੰਤ ਸਿੰਘ ਬੀ ਏ ਵਿਚ ਪੜ੍ਹਦਾ ਸੀ ਅਤੇ ਹਾਕੀ ਦੇ ਮੈਚਾਂ ਵਿਚ ਹਿੱਸਾ ਲਿਆ ਕਰਦਾ ਸੀ। ਛਾਉਣੀ ਦੇ ਫ਼ੌਜੀਆਂ ਨਾਲ ਮੈਚ ਹੁੰਦੇ ਹੀ ਰਹਿੰਦੇ ਸਨ। ਬਾਬੂ ਸ਼ਾਮ ਸਿੰਘ ਅਤੇ ਬਾਬੂ ਸੰਤਾ ਸਿੰਘ ਦੀ ਜਾਣ-ਪਛਾਣ ਬਹੁਤ ਗੂਹੜੀ ਹੋ ਚੁੱਕੀ ਸੀ। ਬਾਬੂ ਸੰਤਾ ਸਿੰਘ ਆਮ ਕਰਕੇ ਇਹਨਾਂ ਦੇ ਖੂਹ ਵੱਲ ਵੀ ਚਲਾ ਜਾਇਆ ਕਰਦਾ ਸੀ, ਜੋ ਛਾਉਣੀ ਦੇ ਨਾਲ ਦੱਖਣ ਵੱਲ ਲਗਦਾ ਹੈ ਤੇ ਪ੍ਰਾਗਪੁਰ ਦੇ ਚੜ੍ਹਦੇ ਬੰਨੇ ਦੀ ਗੁੱਠੇ ਲਗਦਾ ਹੈ। ਜਦੋਂ ਮੈਚ ਹੋਇਆ ਕਰਦੇ ਸਨ ਤਾਂ ਬਾਬੂ ਸੰਤਾ ਸਿੰਘ ਅਤੇ ਜਸਵੰਤ ਸਿੰਘ ਦਾ ਮਿੱਤਰਚਾਰਾ ਵੀ ਸ਼ੁਰੂ ਹੋ ਚੁਕਿਆ ਸੀ ਤੇ ਘਰ ਵੀ ਆਉਣਾ-ਜਾਣਾ ਬਣ ਚੁਕਿਆ ਸੀ।

ਜਦੋਂ ਬਾਬੂ ਸੰਤਾ ਸਿੰਘ ਫ਼ੌਜੀ ਨੌਕਰੀ ਛੱਡ ਕੇ ਬਬਰ ਜਥੇ ਦਾ ਸਰਗਰਮ ਮੈਂਬਰ

ਬਣ ਚੁਕਿਆ ਸੀ, ਤਦ ਵੀ ਦੋਹਾਂ ਧਿਰਾਂ ਦੀ ਆਉਣੀ-ਜਾਣੀ ਉਸੇ ਤਰ੍ਹਾਂ ਚੱਲ ਰਹੀ ਸੀ। ਗੱਲਾਂ-ਗੱਲਾਂ ਵਿਚ ਇਹ ਭੇਤ ਵੀ ਖੁੱਲ੍ਹ ਗਿਆ ਕਿ ਬਾਬੂ ਜੀ ਬਬਰ ਜਥੇ ਦੇ ਪੱਕੇ ਮੈਂਬਰ ਹਨ। ਦੂਜੇ ਬੰਨੇ ਜਸਵੰਤ ਸਿੰਘ ਨੂੰ ਪਤਾ ਚੱਲ ਗਿਆ ਕਿ ਤਲਹਣ ਵਾਲਾ ਉਹਨਾਂ ਦਾ ਰਿਸ਼ਤੇਦਾਰ ਜ਼ੈਲਦਾਰ ਸ਼ਾਮ ਸਿੰਘ ਵੀ ਬਬਰਾਂ ਦੀ ਲਿਸਟ ਵਿਚ ਆ ਚੁਕਿਆ ਹੈ। ਜਸਵੰਤ ਸਿੰਘ ਨੇ ਬਾਬੂ ਸੰਤਾ ਸਿੰਘ ਨੂੰ ਕਿਹਾ ਕਿ "ਸਾਡੀ ਰਿਸ਼ਤੇਦਾਰੀ ਬਹੁਤ ਗੂਹੜੀ ਹੈ। ਸੋ ਮੈਂ ਜ਼ਿੰਮੇਵਾਰੀ ਲੈਂਦਾ ਹਾਂ ਕਿ ਅਗੋਂ ਲਈ ਜ਼ੈਲਦਾਰ ਕਿਸੇ ਅਕਾਲੀ ਉੱਤੇ ਗਵਾਹੀ ਨਹੀਂ ਦੇਣਗੇ ਅਤੇ ਨਾ ਹੀ ਮੁਖ਼ਬਰੀ ਕਰਨਗੇ। ਸਿਰਫ਼ ਨਾਂ-ਮਾਤਰ ਹੀ ਜ਼ੈਲਦਾਰੀ ਕਰੀ ਜਾਣਗੇ। ਤੁਸੀਂ ਉਹਨਾਂ ਦਾ ਨਾਂ ਲਿਸਟ ਵਿਚੋਂ ਕਢ ਦਿਉ। ਦੂਜੇ, ਸਾਡੇ ਕੋਲ ਦੁਨਾਲੀ ਬੰਦੂਕ ਦਾ ਲਾਇਸੈਂਸ ਵੀ ਹੈ। ਅਸੀਂ ਕਾਰਤੂਸਾਂ ਦੀ ਸੇਵਾ ਵੀ ਕਰ ਦਿਆ ਕਰਾਂਗੇ।"

ਗੱਲ ਕੀ, ਦੋਨੋਂ ਧਿਰਾਂ ਰਜ਼ਾਮੰਦ ਹੋ ਗਈਆਂ। ਬਾਬੂ ਸੰਤਾ ਸਿੰਘ ਨੇ ਭਾਈ ਕਿਸ਼ਨ ਸਿੰਘ ਜੀ ਨੂੰ ਰਜ਼ਾਮੰਦ ਕਰ ਲਿਆ। ਸੰਤ ਨੇ ਕੁਝ ਜੇ-ਜੱਕ ਕੀਤੀ, ਪਰ ਉਹ ਆਪ ਵੀ ਕਾਣਾ ਹੋ ਚੁਕਿਆ ਸੀ। ਉਹਨੂੰ ਵੀ ਚੁਪ ਹੋਣਾ ਪਿਆ। ਉਧਰ ਜਸਵੰਤ ਸਿੰਘ ਨੇ ਆਪਣੇ ਭਰਾ ਆਤਮਾ ਸਿੰਘ ਰਾਹੀਂ ਜਥੇ ਨੂੰ ਕਾਰਤੂਸ ਪੁਚਾਉਣੇ ਸ਼ੁਰੂ ਕਰ ਦਿੱਤੇ। ਜਦੋਂ ਸਾਡੀਆਂ ਗਰਿਫ਼ਤਾਰੀਆਂ 1923 ਵਿਚ ਸ਼ੁਰੂ ਹੋਈਆਂ, ਤਾਂ ਇਹਨਾਂ ਦੋਹਾਂ ਭਰਾਵਾਂ ਨੂੰ ਵੀ ਗਰਿਫ਼ਤਾਰ ਕਰ ਲਿਆ ਗਿਆ, ਜਿਹੜੇ ਮੁਲਜ਼ਮ ਨੰ: 89 ਅਤੇ 90 ਬਣੇ। ਸੰਤ ਕਰਤਾਰ ਸਿੰਘ ਆਪਣੇ ਬਿਆਨ ਵਿਚ ਸਫ਼ਾ 61 ਉੱਤੇ ਦਸਦਾ ਹੈ ਕਿ ਜਸਵੰਤ ਸਿੰਘ ਦੇ ਭੇਜੇ ਹੋਏ ਬਾਰਾਂ-ਬੋਰ ਦੇ 25 ਕਾਰਤੂਸ ਉਹਦੇ ਭਰਾ ਆਤਮਾ ਸਿੰਘ ਨੇ ਉਹਦੇ ਸਾਹਮਣੇ ਗੁਰਦੁਆਰਾ ਕਿਸ਼ਨਪੁਰਾ ਵਿਚ ਭਾਈ ਕਿਸ਼ਨ ਸਿੰਘ ਨੂੰ ਦਿੱਤੇ ਸਨ।

ਇਸੇ ਤਰ੍ਹਾਂ ਵਾਇਦਾ-ਮੁਆਫ਼ ਅਨੂਪ ਸਿੰਘ ਗਵਾਹ ਨੰ: 17, ਸਫ਼ਾ 161 ਉੱਤੇ ਦਸਦਾ ਹੈ ਕਿ ਜਸਵੰਤ ਸਿੰਘ ਨੇ 16 ਕਾਰਤੂਸ ਉਹਦੇ ਸਾਹਮਣੇ ਬਾਬੂ ਸੰਤਾ ਸਿੰਘ ਨੂੰ ਦਿਤੇ ਸਨ। ਬਾਬੂ ਸੰਤਾ ਸਿੰਘ ਇਕਬਾਲੀ ਬਿਆਨ ਵਿਚ ਸਾਰੀ ਗੱਲ ਦੀ ਤਸਦੀਕ ਕਰਦਾ ਹੈ। ਸ਼ੱਕ ਦਾ ਫ਼ਾਇਦਾ ਦੇ ਕੇ ਜੱਜ ਨੇ ਦੋਨੋਂ ਭਰਾ ਇਸ ਕਰਕੇ ਬਰੀ ਕਰ ਦਿਤੇ ਸਨ ਕਿ ਦੋਹਾਂ ਮੁਲਜ਼ਮਾਂ ਨੇ ਕੰਮ ਭਾਵੇਂ ਗ਼ਲਤ ਕੀਤਾ ਸੀ, ਪਰ ਉਹਨਾਂ ਦਿਨਾਂ ਵਿਚ ਹਾਲਾਤ ਹੀ ਏਨੇਂ ਭਿਆਨਕ ਹੋ ਚੁਕੇ ਸਨ ਕਿ ਬਬਰਾਂ ਦੀ ਦਹਿਸ਼ਤ ਨਾਲ ਹਕੂਮਤ ਸਮਾਪਤ ਹੋ ਚੁੱਕੀ ਸੀ, ਕਾਨੂੰਨ ਦਾ ਰਾਜ ਖ਼ਤਮ ਹੋ ਚੁਕਿਆ ਸੀ, ਦੋਹਾਂ ਜ਼ਿਲਿਆਂ, ਜਲੰਧਰ ਅਤੇ ਹੁਸ਼ਿਆਰਪੁਰ ਵਿਚ ਦਹਿਸ਼ਤ ਇਸ ਹਦ ਤਕ ਫੈਲ ਚੁੱਕੀ ਸੀ ਕਿ ਕੋਈ ਵੀ ਹਕੂਮਤ ਦਾ ਸਾਥ ਦੇਣ ਲਈ ਤਿਆਰ ਨਹੀਂ ਸੀ। ਦੋਹਾਂ ਭਰਾਵਾਂ ਦੇ ਰਿਸ਼ਤੇਦਾਰ ਜ਼ੈਲਦਾਰ ਸ਼ਾਮ ਸਿੰਘ ਤਲਹਣ ਵਾਲੇ ਦਾ ਨਾਂ ਬਬਰਾਂ ਦੀ ਕਾਲੀ ਲਿਸਟ ਵਿਚ ਅਠਾਰਵਾਂ ਸੀ। ਬਾਬੂ ਸੰਤਾ ਸਿੰਘ ਨੂੰ ਰਜ਼ਾਮੰਦ ਕਰਕੇ ਉਹਦੀ ਜਾਨ ਬਚਾਈ ਗਈ ਸੀ। (ਜੱਜਮੈਂਟ, ਸਫ਼ਾ 222 ਅਤੇ 223, ਫ਼ੈਸਲਾ ਮੁਲਜ਼ਮ ਨੰ: 89 ਅਤੇ 90)

* * *

ਸੂਬੇਦਾਰ ਅਮਰ ਸਿੰਘ ਧਾਰੀਵਾਲ ਨੇ ਵੀ ਬਬਰਾਂ ਦੀ ਮਾਇਆ ਅਤੇ ਗੋਲੀ-ਸਿੱਕੇ ਨਾਲ ਮਦਦ ਕੀਤੀ ਸੀ। ਇਹ ਚਾਰ ਭਰਾ ਸਨ। ਚਾਰੇ ਹੀ ਫ਼ੌਜ ਦੀ ਨੌਕਰੀ ਕਰ ਰਹੇ ਸਨ। ਇਹ ਆਪ ਕਪੂਰਥਲੇ ਦੀ ਪਲਟਨ ਵਿਚ ਸੂਬੇਦਾਰ ਬਣ ਚੁੱਕੇ ਸਨ।

ਫੇਰ ਪੈਨਸ਼ਨ ਆ ਕੇ ਅਕਾਲੀ ਸਜ ਗਏ ਸਨ ਅਤੇ ਰਿਆਸਤ ਦੇ ਜਥੇਦਾਰ ਚੁਣੇ ਜਾ ਚੁਕੇ ਸਨ। ਅੰਮ੍ਰਿਤਸਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੀ ਮੈਂਬਰ ਬਣ ਚੁਕੇ ਸਨ। 1922 ਵਿਚ ਇਹਨਾਂ ਨੇ ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਆਪਣੀ ਜਥੇਦਾਰੀ ਹੇਠ ਇਕ ਸੌ ਫ਼ੌਜੀ ਪੈਨਸ਼ਨਰਾਂ ਦਾ ਜਥਾ ਲੈ ਕੇ ਪਹਿਲੀ ਦਫ਼ਾ ਕੁੱਟ ਖਾਧੀ ਅਤੇ ਦੂਜੀ ਦਫ਼ਾ ਮੁੜ ਉਸੇ ਤਰ੍ਹਾਂ ਇਕ ਸੌ ਫ਼ੌਜੀ ਪੈਨਸ਼ਨਰਾਂ ਦਾ ਜਥਾ ਲੈ ਕੇ ਅਟਕ ਜਿਹਲ ਵਿਚ ਜਾ ਪੁੱਜੇ ਸਨ। ਬਾਕੀ ਸਾਰਿਆਂ ਨੂੰ ਛੇ-ਛੇ ਮਹੀਨੇ ਦੀ ਕੈਦ ਹੋਈ ਸੀ, ਮਗਰ ਇਹਨਾਂ ਨੂੰ ਜਥੇਦਾਰ ਹੋਣ ਕਰਕੇ ਢਾਈ ਸਾਲ ਦੀ ਕੈਦ ਦਾ ਹੁਕਮ ਹੋਇਆ ਸੀ। ਬਾਅਦ ਵਿਚ ਆਮ ਮਾਫ਼ੀ ਹੋ ਜਾਣ ਕਾਰਨ ਕੱਟਣੀ ਸਿਰਫ਼ ਚਾਰ ਮਹੀਨੇ ਹੀ ਪਈ ਸੀ। ਮੈਨੂੰ ਆਪ ਪਹਿਲੇ ਜਥੇ ਵਿਚ ਕੈਦ ਕਰਕੇ ਕੈਂਪ ਜਿਹਲ ਮਿੰਟਗੁਮਰੀ ਘੱਲਿਆ ਗਿਆ ਸੀ। ਪਰ ਬਾਅਦ ਵਿਚ ਹਜ਼ਾਰਾਂ ਅਕਾਲੀ ਅਟਕ ਦੇ ਕਿਲ੍ਹੇ ਵਿਚ ਲਿਜਾ ਕੇ ਡੱਕੇ ਗਏ ਸਨ। ਉਦੋਂ ਹੀ ਹਸਨ ਅਬਦਾਲ (ਪੰਜਾ ਸਾਹਿਬ) ਰੇਲਵੇ ਸਟੇਸ਼ਨ ਉੱਤੇ ਰੇਲ ਖੜ੍ਹੀ ਕਰਾਉਣ ਲਈ ਸਿੰਘ ਸਹੀਦ ਹੋਏ ਸਨ, ਜੋ ਕਹਿੰਦੇ ਸਨ ਕਿ ਜਥੇ ਨੂੰ ਲੰਗਰ ਛਕਾਏ ਬਿਨਾਂ ਰੇਲ ਅੱਗੇ ਨਹੀਂ ਜਾਣ ਦਿੱਤੀ ਜਾਵੇਗੀ।

ਇਹ ਅਟਕ ਤੋਂ ਆ ਕੇ ਜੈਤੋ ਦੇ ਮੋਰਚੇ ਵਿਚ ਜਾਣ ਦੀਆਂ ਹਾਲੇ ਤਿਆਰੀਆਂ ਵਿਚ ਰੁਝੇ ਹੋਏ ਸਨ ਕਿ ਸਾਡੇ ਕੇਸ ਵਿਚ ਗਰਿਫ਼ਤਾਰ ਕਰਕੇ ਮੁਲਜਮ ਨੰ: 52 ਬਣਾ ਕੇ ਸੈਂਟਰਲ ਜਿਹਲ ਲਾਹੌਰ ਵਿਚ ਸਾਡੇ ਸਾਥੀ ਬਣਾ ਦਿੱਤੇ ਗਏ। ਇਹ ਸਾਡੇ ਕੇਸ ਵਿਚ ਕਿਉਂ ਗਰਿਫ਼ਤਾਰ ਕਰ ਲਏ ਗਏ ਸਨ ? ਇਹ ਹਾਲ ਮੈਂ ਇਥੇ ਦਸਦਾ ਹਾਂ।

ਪਲਾਹੀ ਵਾਲੇ ਜਥੇਦਾਰ ਚੰਦਾ ਸਿੰਘ ਦਾ ਕਈ ਵਾਰ ਜ਼ਿਕਰ ਆ ਚੁਕਿਆ ਹੈ, ਜੋ ਸ਼ੁਰੂ ਤੋਂ ਬਬਰ ਜਥੇ ਦਾ ਮੈਂਬਰ ਬਣ ਚੁਕਿਆ ਸੀ। ਪਲਾਹੀ ਵੀ ਰਿਆਸਤ ਵਿਚ ਪੈਂਦੀ ਹੈ, ਜਿਸ ਕਰਕੇ ਦੋਨੋਂ ਜਥੇਦਾਰ ਇਕ ਦੂਜੇ ਦੇ ਚੰਗੀ ਤਰ੍ਹਾਂ ਜਾਣੂ-ਪਛਾਣੂ ਸਨ। ਸੂਬੇਦਾਰ ਸਾਹਿਬ ਨੂੰ ਪਤਾ ਸੀ ਕਿ ਚੰਦਾ ਸਿੰਘ ਬਬਰਾਂ ਦਾ ਪੱਕਾ ਸਾਥੀ ਹੈ। ਉਹ ਜਦੋਂ ਮਿਲਦੇ ਤਾਂ ਬਬਰਾਂ ਦੀਆਂ ਸਰਗਰਮੀਆਂ ਦੀਆਂ ਗੱਲਾਂ ਵੀ ਚੱਲ ਪੈਂਦੀਆਂ ਆਪ ਤਾਂ ਸੂਬੇਦਾਰ ਕੱਟੜ ਅਕਾਲੀ ਸਨ ਅਤੇ ਸ਼ਾਂਤਮਈ ਪ੍ਰੋਗਰਾਮ ਦੇ ਪਾਬੰਦ ਸਨ, ਪਰ ਦਿਲੋਂ ਬਬਰ ਜਥੇ ਦੀ ਕੁਝ ਮਦਦ ਵੀ ਕਰਨਾ ਚਾਹੁੰਦੇ ਸਨ। ਇਕ ਵਾਰ ਚੰਦਾ ਸਿੰਘ ਉਹਨਾਂ ਕੋਲ ਧਾਰੀਵਾਲ ਆਇਆ ਹੋਇਆ ਸੀ। ਜਦੋਂ ਬਬਰਾਂ ਦੀ ਗੱਲ ਤੁਰੀ ਤਾਂ ਉਹ ਕਹਿਣ ਲਗੇ ਕਿ ਉਹ ਵੀ ਬਬਰਾਂ ਦੀ ਥੋੜ੍ਹੀ-ਬਹੁਤ ਸੇਵਾ ਕਰਨੀ ਚਾਹੁੰਦੇ ਹਨ। ਸੋ ਜਦੋਂ ਉਹ ਚੰਦਾ ਸਿੰਘ ਨੂੰ ਸੁਨੇਹਾ ਭੇਜਣ, ਉਹ ਆ ਕੇ ਮਿਲ ਜਾਵੇ। ਥੋੜ੍ਹੇ ਦਿਨਾਂ ਬਾਅਦ ਚੰਦਾ ਸਿੰਘ ਨੂੰ ਸੂਬੇਦਾਰ ਸਾਹਿਬ ਦਾ ਸੁਨੇਹਾ ਮਿਲ ਗਿਆ ਕਿ ਆ ਕੇ ਮਿਲ ਜਾਵੇ। ਚੰਦਾ ਸਿੰਘ ਨੂੰ ਕੋਈ ਹੋਰ ਨਿੱਜੀ ਕੰਮ ਸੀ, ਜਿਸ ਕਰਕੇ ਉਹ ਆਪ ਤਾਂ ਨਾ ਜਾ ਸਕਿਆ, ਪਰ ਆਪਣੇ ਪਿੰਡ ਦੇ ਸਕੂਲ ਮਾਸਟਰ ਬੇਲਾ ਸਿੰਘ ਨੂੰ ਘੱਲ ਦਿੱਤਾ। ਇਹ ਬੇਲਾ ਸਿੰਘ ਕਈ ਵਾਰ ਭਾਈ ਕਿਸ਼ਨ ਸਿੰਘ ਅਤੇ ਬਾਕੀ ਬਬਰਾਂ ਨੂੰ ਮਿਲ ਚੁਕਿਆ ਸੀ ਅਤੇ ਆਪਣੀ ਮਰਜ਼ੀ ਨਾਲ ਮੈਂਬਰ ਬਣ ਚੁਕਿਆ ਸੀ। ਹੁਣ ਅਗਲੀ ਗੱਲ ਮੈਂ ਬੇਲਾ ਸਿੰਘ ਦੇ ਬਿਆਨ ਮੁਤਾਬਿਕ ਹੀ ਦਰਜ ਕਰਨ ਲਗਿਆ ਹਾਂ। ਇਹੋ ਬੇਲਾ ਸਿੰਘ ਸਾਡੇ ਕੇਸ ਵਿਚ ਵਾਇਦਾ-ਮੁਆਫ਼ੀ ਲੈ ਕੇ ਭੁਗਤਿਆ ਸੀ। (ਪੇਪਰ-ਬੁੱਕ, ਸਫ਼ਾ 98, ਸਰਕਾਰੀ ਗਵਾਹ ਨੰ: 12, ਬੇਲਾ ਸਿੰਘ ਵਲਦ ਅਰੂੜ ਸਿੰਘ, ਉਮਰ 22 ਸਾਲ, ਜਾਤ ਛੀਂਬਾ, ਪਿੰਡ ਨਡਾਲਾ, ਰਿਆਸਤ ਕਪੂਰਥਲਾ ; 18 ਜੂਨ 1924)

"ਮੈਂ ਪਲਾਹੀ ਦੇ ਖ਼ਾਲਸਾ ਸਕੂਲ ਵਿਚ ਤੀਜੇ ਨੰਬਰ ਦਾ ਸਕੂਲ-ਮਾਸਟਰ ਹਾਂ। ਪਲਾਹੀ ਦੇ ਕੁਝ ਬੰਦੇ ਗੁਰੂ ਕੇ ਬਾਗ਼ ਦੇ ਮੋਰਚੇ ਵਿਚੋਂ ਕੈਦ ਕੱਟ ਕੇ ਫਗਵਾੜੇ ਸਟੇਸ਼ਨ ਉੱਤੇ ਆ ਗਏ ਸਨ, ਜਿਨ੍ਹਾਂ ਵਿਚ ਚੰਦਾ ਸਿੰਘ ਵੀ ਸੀ। ਵਾਇਦਾ-ਮੁਆਫ਼ ਮਲੂਕ ਸਿੰਘ ਨੇ ਮੈਨੂੰ ਵੀ ਨਾਲ ਚੱਲਣ ਲਈ ਤਿਆਰ ਕਰ ਲਿਆ ਕਿ ਜਥੇ ਨੂੰ ਫਗਵਾੜੇ ਤੋਂ ਹੀ ਜਲੂਸ ਦੀ ਸ਼ਕਲ ਵਿਚ ਲਿਆਉਣਾ ਹੈ। ਸੋ ਜਦੋਂ ਅਸੀਂ ਜਲੂਸ ਦੀ ਸ਼ਕਲ ਵਿਚ ਜਥੇ ਨੂੰ ਲੈ ਕੇ ਪਿੰਡ ਦੇ ਨੇੜੇ ਪਹੁੰਚੇ, ਤਾਂ ਸਾਨੂੰ ਬਾਬੂ ਸੰਤਾ ਸਿੰਘ, ਧੰਨਾ ਸਿੰਘ ਕੋਟਲੀ, ਅਨੂਪ ਸਿੰਘ ਮਾਣਕੋ ਅਤੇ ਬੰਤਾ ਸਿੰਘ ਧਾਮੀਆਂ ਮਿਲ ਪਏ। ਸਾਡੀ ਇਕ ਦੂਜੇ ਨਾਲ ਬਾਬੂ ਸੰਤਾ ਸਿੰਘ ਨੇ ਜਾਣ-ਪਛਾਣ ਕਰਾਈ।"

ਅੱਗੇ ਚੱਲ ਕੇ ਸਫ਼ਾ 99 ਤੇ ਉਹ ਦਸਦਾ ਹੈ ਕਿ "ਕੁਝ ਦਿਨਾਂ ਬਾਅਦ ਉਹ ਚਾਰੇ ਬਬਰ ਮੁੜ ਚੰਦਾ ਸਿੰਘ ਦੇ ਖੂਹ ਉੱਤੇ ਆ ਗਏ। ਮੈਂ ਅਤੇ ਮਲੂਕ ਸਿੰਘ ਪਤਾ ਲੱਗਣ ਉੱਤੇ ਬਬਰਾਂ ਨੂੰ ਮਿਲਣ ਲਈ ਚੰਦਾ ਸਿੰਘ ਦੇ ਖੂਹ ਉੱਤੇ ਚਲੇ ਗਏ। ਬਾਬੂ ਸੰਤਾ ਸਿੰਘ, ਧੰਨਾ ਸਿੰਘ ਕੋਟਲੀ, ਬੰਤਾ ਸਿੰਘ ਧਾਮੀਆਂ ਅਤੇ ਅਨੂਪ ਸਿੰਘ ਉਥੇ ਮੌਜੂਦ ਸਨ। ਮਲੂਕ ਸਿੰਘ ਨੇ ਮੈਨੂੰ ਜਾ ਕੇ ਸੂਬੇਦਾਰ ਅਮਰ ਸਿੰਘ ਤੋਂ ਗੋਲੀਆਂ ਲਿਆਉਣ ਲਈ ਕਿਹਾ। ਮੈਂ ਧਾਰੀਵਾਲ ਜਾ ਕੇ ਸੂਬੇਦਾਰ ਸਾਹਿਬ ਨੂੰ ਦੱਸਿਆ ਕਿ ਮੈਨੂੰ ਬਬਰ ਜਥੇ ਵਾਲਿਆਂ ਨੇ ਤੁਹਾਡੇ ਕੋਲੋਂ ਗੋਲੀਆ ਮੰਗਵਾਉਣ ਲਈ ਘਲਿਆ ਹੈ। ਸੂਬੇਦਾਰ ਸਾਹਿਬ ਨੇ ਆਪਣੇ ਪਾਸ ਬੈਠੇ ਨੰਦ ਸਿੰਘ ਨੂੰ ਘਰ ਭੇਜਿਆ ਕਿ ਉਹ ਗੋਲੀਆਂ ਲੈ ਆਵੇ, ਜਿਹੜੀਆਂ ਝੋਲੀ-ਚੁੱਕਾਂ ਦੇ ਸੁਧਾਰ ਲਈ ਵਰਤੀਆਂ ਜਾਣੀਆਂ ਹਨ। ਨੰਦ ਸਿੰਘ ਕੁਝ ਚਿਰ ਬਾਅਦ ਇਕ ਪੋਟਲੀ ਲੈ ਆਇਆ।"

ਸੂਬੇਦਾਰ ਸਾਹਿਬ ਨੇ ਖੋਲ੍ਹ ਕੇ ਪੱਕੀ ਰਫ਼ਲ ਦੀਆਂ 49 ਗੋਲੀਆਂ ਗਿਣ ਕੇ ਬੇਲਾ ਸਿੰਘ ਨੂੰ ਦੇ ਦਿੱਤੀਆਂ। ਉਹਨੇ ਮੁੜ ਕੇ ਉਹ ਚੰਦਾ ਸਿੰਘ ਨੂੰ ਦੇ ਦਿਤੀਆਂ, ਕਿਉਂਕਿ ਬਾਬੂ ਸੰਤਾ ਸਿੰਘ ਅਤੇ ਉਹਦੇ ਸਾਥੀ ਜਾ ਚੁਕੇ ਸਨ। ਬਾਅਦ ਵਿਚ ਇਹੋ ਮਲੂਕ ਸਿੰਘ, ਧੰਨਾ ਸਿੰਘ ਕੋਟਲੀ ਅਤੇ ਅਨੂਪ ਸਿੰਘ ਵੀ ਵਾਇਦਾ-ਮੁਆਫ਼ ਹੋ ਚੁੱਕੇ ਸਨ। ਉਹਨਾਂ ਨੇ ਦਸਿਆ ਕਿ ਸਾਡੀ ਮੌਜੂਦਗੀ ਵਿਚ ਚੰਦਾ ਸਿੰਘ ਨੇ ਗੋਲੀਆਂ ਬਾਬੂ ਸੰਤਾ ਸਿੰਘ ਨੂੰ ਦੇ ਦਿਤੀਆਂ ਸਨ। ਨੰਦ ਸਿੰਘ ਵੀ ਗਵਾਹ ਬਣ ਕੇ ਭੁਗਤਿਆ ਸੀ। ਸਾਰਿਆਂ ਦੇ ਬਿਆਨਾਂ ਵਿਚ ਵਿਰੋਧ ਸੀ, ਜਿਸ ਕਰਕੇ ਸੂਬੇਦਾਰ ਸਾਹਿਬ ਬਰੀ ਕਰ ਦਿਤੇ ਗਏ ਸਨ।

ਇਕ ਹੋਰ ਮਜ਼ੇ ਦੀ ਗੱਲ ਇਹ ਹੋਈ ਕਿ ਜਦੋਂ ਬੇਲਾ ਸਿੰਘ ਭੁਗਤਿਆ ਸੀ ਤਾਂ ਸੂਬੇਦਾਰ ਨੇ ਦੱਸਿਆ ਸੀ ਕਿ "ਇਕ ਸੌ ਰੁਪਿਆ ਨਕਦ ਵੀ ਘੱਲਿਆ ਗਿਆ ਸੀ, ਜਿਹੜਾ ਇਹ ਛੀਂਬਾ ਛਕ-ਛਕਾ ਗਿਆ ਹੈ। ਮੈਨੂੰ ਬਾਅਦ ਵਿਚ ਕਿਸੇ ਨੂੰ ਮਿਲਣ ਦਾ ਮੌਕਾ ਨਹੀਂ ਸੀ ਮਿਲਿਆ, ਜੀਹਨੂੰ ਮੈਂ ਮਾਇਆ ਭੇਜਣ ਦੀ ਗੱਲ ਦੱਸ ਛਡਦਾ।"

# 24. ਮਾਸਟਰ ਮੋਤਾ ਸਿੰਘ ਦੀ ਗਰਿਫ਼ਤਾਰੀ

15 ਜੁਲਾਈ 1922 ਨੂੰ ਮਾਸਟਰ ਮੋਤਾ ਸਿੰਘ ਬੜੇ ਨਾਟਕੀ ਢੰਗ ਨਾਲ ਗਰਿਫ਼ਤਾਰ ਕਰ ਲਏ ਗਏ। ਇਹ ਵੀ ਨਿਰਾਲੀ ਕਿਸਮ ਦੀ ਕਹਾਣੀ ਹੈ, ਜੀਹਦਾ ਸਾਨੂੰ ਉਸ ਵੇਲੇ ਪਤਾ ਚਲਿਆ, ਜਿਸ ਵੇਲੇ ਸਾਡੇ ਉੱਤੇ ਲਾਹੌਰ ਜਿਹਲ ਵਿਚ ਮੁਕਦਮਾ ਚੱਲ ਰਿਹਾ ਸੀ। ਪਹਿਲਾਂ ਅਰਜਨ ਸਿੰਘ ਪਟਵਾਰੀ ਹਰੀਪੁਰੀਏ ਉੱਤੇ ਸ਼ੱਕ ਕੀਤਾ ਗਿਆ ਅਤੇ ਉਹਨੂੰ ਦੋ ਦਫ਼ਾ ਕਤਲ ਕਰਨ ਦਾ ਜਤਨ ਕੀਤਾ ਗਿਆ। ਪਰ ਉਹ ਮੌਤ ਦੇ ਮੂੰਹ ਆਉਂਦਾ-ਆਉਂਦਾ ਬਚ ਗਿਆ।

ਸੀ ਆਈ ਡੀ ਦੇ ਇਕ ਵੱਡੇ ਅਫ਼ਸਰ ਨੇ ਭਾਈ ਕਿਸ਼ਨ ਸਿੰਘ ਨੂੰ ਅਸਲੀ ਗੱਲ ਇਸ ਤਰ੍ਹਾਂ ਦੱਸੀ ਸੀ ਕਿ ਇਕ ਬਹੁਤ ਹੁਸ਼ਿਆਰ, ਪੜ੍ਹਿਆ-ਲਿਖਿਆ ਧਾਰਮਿਕ ਰੁਚੀ ਵਾਲਾ ਸੀ ਆਈ ਡੀ ਦਾ ਬੰਦਾ ਪਹੁੰਚਿਆ ਹੋਇਆ ਫ਼ਕੀਰ ਬਣ ਕੇ ਕਬਰਾਂ ਵਿਚ ਚਿੱਲਾ ਕੱਟਣ ਲਗ ਪਿਆ ਅਤੇ ਬਾਕੀ ਸੀ ਆਈ ਡੀ ਵਾਲਿਆਂ ਨੇ ਉਹਦੀਆਂ ਕਰਾਮਾਤਾਂ ਦੀਆਂ ਮਨਘੜਤ ਕਹਾਣੀਆਂ ਸੁਣਾ-ਸੁਣਾ ਕੇ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਨੂੰ ਉਹਦੇ ਸ਼ਰਧਾਲੂ ਬਣਾ ਦਿੱਤਾ। ਖ਼ਾਸ ਤੌਰ ਉੱਤੇ ਜ਼ਨਾਨੀਆਂ ਤਾਂ ਨੱਕ ਰਗੜਨ ਲੱਗ ਪਈਆਂ। ਕੋਈ ਔਲਾਦ, ਕੋਈ ਹੋਰ ਮੰਗ ਲੈ ਕੇ ਹਾਜ਼ਰੀ ਭਰਨ ਲਗ ਪਈਆਂ। ਸਾਈਂ ਜੀ ਚਿੱਲੇ ਤੋਂ ਫ਼ਾਰਗ ਹੋ ਪਤਾਰੇ ਦੇ ਆਲੇ-ਦੁਆਲੇ ਗੇੜੇ ਕੱਢਣ ਲੱਗ ਪਏ। ਉਧਰ ਮਾਸਟਰ ਜੀ ਵੀ ਬੇ-ਫ਼ਿਕਰੇ ਹੋ ਮੁਲਾਕਾਤਾਂ ਕਰਨ ਲੱਗ ਪਏ। ਉਸ ਚਲਾਕ ਪੀਰ ਨੇ ਅਵੇਰੇ-ਸਵੇਰੇ ਚਾਰੇ ਪਾਸੀਂ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ। ਮੁਲਾਕਾਤੀਆਂ ਦਾ ਪਿੱਛਾ ਕਰਕੇ ਉਹਨੇ ਮਾਸਟਰ ਸਾਹਿਬ ਦੇ ਠਿਕਾਣੇ ਦਾ ਪਤਾ ਕਰ ਲਿਆ। ਇਕ ਦਿਨ ਮੂੰਹ-ਹਨੇਰੇ ਹੀ ਪੁਲਸ ਨੇ ਊਧਮ ਸਿੰਘ ਦਾ ਖੂਹ ਆ ਘੇਰਿਆ। ਭੋਰੇ ਸਾਹਮਣਿਉਂ ਹਲ-ਪੰਜਾਲੀਆਂ ਲਾਂਭੇ ਕਰਕੇ ਅਤੇ ਮਾਸਟਰ ਸਾਹਿਬ ਨੂੰ ਭੋਰੇ ਵਿਚੋਂ ਬਾਹਰ ਬੁਲਾ ਕੇ ਗਰਿਫ਼ਤਾਰ ਕਰ ਲਿਆ ਗਿਆ। ਮਤਲਬ ਕੀ ਉਸ ਪਹੁੰਚੇ ਹੋਏ ਫ਼ਕੀਰ ਨੇ ਬੜੀ ਹੁਸ਼ਿਆਰੀ ਨਾਲ ਆਪਣੀ ਪੈਂਠ ਜਮਾ ਕੇ ਅਤੇ ਚੰਗੀ ਤਰ੍ਹਾਂ ਸੂਹ ਕੱਢ ਕੇ ਇਹ ਗਰਿਫ਼ਤਾਰੀ ਕਰਵਾ ਦਿਤੀ ਸੀ।

ਇਹਤੋਂ ਪਹਿਲਾਂ 1919 ਵਿਚ ਮਾਸਟਰ ਸਾਹਿਬ ਨੂੰ ਰੌਲਟ ਐਕਟ, 1918 ਅਧੀਨ ਗਰਿਫ਼ਤਾਰ ਕਰਕੇ ਲਾਹੌਰ ਕਿਲੇ ਵਿਚ ਨਜ਼ਰਬੰਦ ਰਖਿਆ ਗਿਆ ਸੀ, ਪਰ ਕੁਝ ਚਿਰ ਬਾਅਦ ਉਹ ਰਿਹਾਅ ਕਰ ਦਿਤੇ ਗਏ ਸਨ। ਉਹਨਾਂ ਨੇ 1920-21 ਵਿਚ ਕਾਂਗਰਸ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ ਸੀ। ਮੈਂ ਦੱਸ ਆਇਆ ਹਾਂ ਕਿ ਸਭ ਤੋਂ ਪਹਿਲਾਂ ਸਭ

ਸਿੱਖ ਕਾਂਗਰਸੀ ਹੀ ਸਨ। ਫੇਰ ਅਕਾਲੀ ਅਤੇ ਕਾਂਗਰਸੀ ਵਿਚ ਕੋਈ ਭਿੰਨ-ਭੇਦ ਨਹੀਂ ਸੀ। ਇਕੋ ਪ੍ਰੋਗਰਾਮ ਸ਼ਾਂਤਮਈ ਅਸੂਲਾਂ ਉੱਤੇ ਜਾਰੀ ਸੀ। ਮਾਸਟਰ ਸਾਹਿਬ ਵੀ ਲਾਲ ਲਾਜਪਤ ਰਾਏ, ਡਾਕਟਰ ਕਿਚਲੂ, ਡਾਕਟਰ ਸਤਪਾਲ ਅਤੇ ਰਾਇਜ਼ਾਦਾ ਹੰਸਰਾਜ ਜਲੰਧਰੀ ਦੇ ਹਮ-ਪੱਲਾ ਲੀਡਰ ਸਨ। ਜਦੋਂ ਗੁਰਦੁਆਰਾ ਲਹਿਰ ਸ਼ੁਰੂ ਹੋਈ, ਤਾਂ ਉਧਰ ਮੁਹਾਰਾਂ ਮੋੜ ਦਿੱਤੀਆਂ। ਨਾਨਕਾਣੇ ਸਾਹਿਬ ਦੇ ਸਾਕੇ ਵੇਲੇ ਅਕਾਲੀ ਸਜ ਕੇ ਉਥੇ ਪਹਿਲੀ ਬਾਗੀਆਨਾ ਤਕਰੀਰ ਜਾ ਕੀਤੀ।

ਉਹਤੋਂ ਬਾਅਦ ਪਾਠਕ ਸਾਰਾ ਹਾਲ ਪੜ੍ਹ ਹੀ ਆਏ ਹਨ ਕਿ ਕਿਵੇਂ ਭਾਈ ਕਿਸ਼ਨ ਸਿੰਘ ਅਤੇ ਤੋਤਾ ਸਿੰਘ ਨਾਲ ਰਲ ਕੇ ਮਿਸਟਰ ਕਿੰਗ, ਬੋਰਿੰਗ, ਸੁੰਦਰ ਸਿੰਘ ਮਜੀਠੀਏ ਅਤੇ ਮਹੰਤ ਨੂੰ ਕਤਲ ਕਰਨ ਦੀ ਸਾਜ਼ਿਸ਼ ਘੜੀ ਗਈ, ਜਿਸ ਮਗਰੋਂ ਮਾਸਟਰ ਸਾਹਿਬ, ਭਾਈ ਕਿਸ਼ਨ ਸਿੰਘ, ਬਿਜਲਾ ਸਿੰਘ, ਵਗੈਰਾ ਮਫ਼ਰੂਰ ਹੋ ਗਏ ਸਨ।

ਹੁਣ ਇਹ 15 ਜੁਲਾਈ 1922 ਨੂੰ ਗਰਿਫ਼ਤਾਰ ਕਰ ਲਏ ਗਏ। ਤੋਤਾ ਸਿੰਘ ਪਹਿਲੇ ਅਕਾਲੀ ਕੌਨਸਪੀਰੇਸੀ ਕੇਸ 1922 ਵਿਚ ਸਜ਼ਾ ਪਾ ਚੁੱਕੇ ਸਨ। ਮਾਸਟਰ ਸਾਹਿਬ ਉੱਤੇ ਸਾਜ਼ਿਸ਼ੀ ਕੇਸ ਤਾਂ ਨਾ ਚਲਾਇਆ ਗਿਆ, ਪਰ ਦਫ਼ਾ 124 ਏ ਅਤੇ 153 ਏ ਅਧੀਨ ਪੰਜ ਸਾਲ ਅਤੇ ਤਿੰਨ ਸਾਲ, ਕੁੱਲ ਅੱਠ ਸਾਲ ਦੀ ਸਜਾ ਸੁਣਾ ਕੇ ਮਾਂਡਲੇ ਜਿਹਲ ਵਿਚ ਪੁਚਾ ਦਿੱਤਾ ਗਿਆ। ਨਾ ਰਹੇ ਬਾਂਸ ਨਾ ਬੱਜੇ ਬੰਸਰੀ ਵਾਲੀ ਗੱਲ ਹੀ ਕੀਤੀ ਗਈ ਸਮਝੋ।

# 25. ਅਖ਼ਬਾਰ "ਬਬਰ ਅਕਾਲੀ ਦੁਆਬਾ" ਦਾ ਬਾਕਾਇਦਾ ਜਾਰੀ ਹੋਣਾ

ਮੈਂ ਦੱਸ ਚੁਕਿਆ ਹਾਂ ਕਿ ਅਖ਼ਬਾਰ ਦੇ ਪਹਿਲੇ ਦੋ ਪਰਚੇ ਬਬਰ ਕਰਮ ਸਿੰਘ ਜਾਰੀ ਕਰ ਚੁੱਕੇ ਸਨ। ਪਰ ਜਿਸ ਦਿਨ ਤੋਂ ਭਾਈ ਕਿਸ਼ਨ ਸਿੰਘ ਨੇ ਜ਼ਿੰਮੇਵਾਰੀ ਸੰਭਾਲ ਲਈ ਸੀ, ਪਰਚਾ ਬਾਕਾਇਦਾ ਹਰ ਮਹੀਨੇ ਪਿਛੋਂ ਛਪਣਾ ਸ਼ੁਰੂ ਹੋ ਗਿਆ। ਇਹਤੋਂ ਇਲਾਵਾ ਕੁਝ ਸਪੈਸ਼ਲ ਨੰਬਰ ਵੀ ਕੱਢੇ ਗਏ, ਜਿਵੇਂ ਵੈਸਾਖੀ ਨੰਬਰ ਅਤੇ ਮਾਘੀ ਨੰਬਰ। ਇਕ ਧੜੱਲੇਦਾਰ ਕਲਗੀਧਰ ਨੰਬਰ ਬਹੁਤ ਹੀ ਪ੍ਰਸਿੱਧ ਹੋਇਆ। ਲਿਖਣ ਦਾ ਕੰਮ ਊਧਮ ਸਿੰਘ ਪੰਡੋਰੀ ਨਿੱਝਰਾਂ ਤੋਂ ਲਿਆ ਜਾਂਦਾ ਸੀ। ਸਭ ਵਾਇਦਾ-ਮੁਆਫ਼ਾਂ ਦੇ ਬਿਆਨਾਂ ਵਿਚ ਵਾਰ-ਵਾਰ ਊਧਮ ਸਿੰਘ ਦੇ ਇਸੇ ਕੰਮ ਦਾ ਜ਼ਿਕਰ ਆਇਆ ਹੋਇਆ ਹੈ। ਖ਼ਾਸ ਕਰਕੇ ਸੰਤ ਕਰਤਾਰ ਸਿੰਘ, ਵਤਨ ਸਿੰਘ ਅਤੇ ਆਸਾ ਸਿੰਘ ਦੇ ਬਿਆਨਾਂ ਵਿਚ ਇਹ ਜ਼ਿਕਰ ਪੜ੍ਹਿਆ ਜਾ ਸਕਦਾ ਹੈ। ਦੁਆਬੇ ਦੇ ਪਿੰਡਾਂ ਤੋਂ ਇਲਾਵਾ ਹੁਸ਼ਿਆਰਪੁਰ, ਜਲੰਧਰ, ਕਪੂਰਥਲੇ ਅਤੇ ਅੰਮ੍ਰਿਤਸਰ ਦੇ ਸ਼ਹਿਰਾਂ ਵਿਚ ਚੰਗੇ-ਚੰਗੇ ਪੜ੍ਹਿਆਂ-ਲਿਖਿਆਂ ਨੂੰ ਪਰਚੇ ਪੁਚਾਏ ਜਾਂਦੇ ਸਨ। ਖ਼ਾਸ ਤੌਰ ਉੱਤੇ ਸਰਦਾਰ ਤੇਜਾ ਸਿੰਘ ਭੁੱਚਰ, ਸਰਦਾਰ ਰਾਮ ਸਿੰਘ ਧਾਰੋਵਾਲ ਅਤੇ ਐਸ. ਐਸ. ਚਰਨ ਸਿੰਘ ਕੋਲ ਇਹ ਪਰਚੇ ਬਾਬੂ ਸੰਤਾ ਸਿੰਘ ਜਾਂ ਬੂਟਾ ਸਿੰਘ ਪੰਡੋਰੀ ਨਿੱਝਰਾਂ ਰਾਹੀਂ ਪੁਚਾਏ ਜਾਂਦੇ ਸਨ। ਉਹ ਅਗੋਂ ਇਹਨਾਂ ਨੂੰ ਲਾਹੌਰ ਤੱਕ ਪੁਚਾਉਣ ਦਾ ਬੰਦੋਬਸਤ ਕਰ ਲਿਆ ਕਰਦੇ ਸਨ।

ਦੁਆਬੇ ਦੇ ਪਿੰਡਾਂ ਦਾ ਕੰਮ ਆਸਾ ਸਿੰਘ ਤੇ ਰਾਮ ਸਿੰਘ ਦੋਨੋਂ ਵਾਇਦਾ-ਮੁਆਫ਼ ਅਤੇ ਆਤਮਾ ਸਿੰਘ ਬੀਕਾ ਕਰਿਆ ਕਰਦੇ ਸਨ। ਉਹਨਾਂ ਦਿਨਾਂ ਵਿਚ ਮੰਗ ਏਨੀਂ ਵਧ ਗਈ ਸੀ ਕਿ ਪੂਰੀ ਨਹੀਂ ਸੀ ਕੀਤੀ ਜਾ ਸਕਦੀ। ਆਮ ਲੋਕੀਂ ਢਾਣੀਆਂ ਬਣਾ-ਬਣਾ ਸੁਨਣ ਲੱਗ ਪਏ ਸਨ। ਸਚਮੁੱਚ ਹੀ ਲੈਕਚਰਾਂ ਨਾਲੋਂ ਪਰਚੇ ਰਾਹੀਂ ਪ੍ਰਚਾਰ ਬਹੁਤ ਕਾਮਯਾਬ ਹੋਇਆ।

ਹੁਣ ਖ਼ਿਆਲ ਹੋਇਆ ਕਿ ਇਕ ਹੋਰ ਮਸ਼ੀਨ ਖ਼ਰੀਦ ਲੈਣੀ ਚਾਹੀਦੀ ਹੈ। ਰੱਬ ਨਾ ਕਰੇ, ਜੇ ਇਕ ਮਸ਼ੀਨ ਪੁਲਸ ਦੇ ਕਾਬੂ ਆ ਵੀ ਜਾਵੇ ਤਾਂ ਦੂਜੀ ਨਾਲ ਪ੍ਰਚਾਰ ਜਾਰੀ ਰਖਿਆ ਜਾ ਸਕੇ। ਇਕ ਕੰਢੀ ਦੇ ਇਲਾਕੇ ਵਿਚ ਅਤੇ ਦੂਜੀ ਸੀਹਰੋਵਾਲ ਦੇ ਇਲਾਕੇ ਵਿਚ ਰਖੀ ਜਾਵੇ। ਸੋ ਪੱਕੀ ਸਲਾਹ ਬਣਾ ਕੇ ਭਾਈ ਕਿਸ਼ਨ ਸਿੰਘ ਨੇ ਇਸੇ

ਮਤਲਬ ਦੀ ਇਕ ਚਿੱਠੀ ਸ: ਰਾਮ ਸਿੰਘ ਧਾਰੋਵਾਲ ਨੂੰ ਅੰਮ੍ਰਿਤਸਰ ਬਾਬੂ ਸੰਤਾ ਸਿੰਘ ਦੇ ਹੱਥ ਘੱਲ ਦਿੱਤੀ। ਉਹਨਾਂ ਨੇ ਉਸੇ ਵੇਲੇ ਪੰਜਾਬ-ਸਿੰਧ ਬੈਂਕ ਦਾ ਡੇਢ ਸੌ ਰੁਪਏ ਦਾ ਚੈੱਕ ਬਾਬੂ ਸੰਤਾ ਸਿੰਘ ਦੇ ਨਾਂ ਦਾ ਕੱਟ ਦਿਤਾ, ਜਿਹੜਾ ਬਾਬੂ ਸੰਤਾ ਸਿੰਘ ਨੇ ਬੈਂਕ ਵਿਚ ਜਾ ਕੇ ਵਸੂਲ ਕਰ ਲਿਆ। ਇਹਦੀ ਤਾਈਦ ਲਈ ਪੜ੍ਹੋ ਪੇਪਰ-ਬੁੱਕ, ਸਫ਼ਾ 681, ਸਰਕਾਰੀ ਗਵਾਹ ਨੰ: 365, ਜਗਜੀਤ ਸਿੰਘ ਵਲਦ ਹੀਰਾ ਸਿੰਘ, ਉਮਰ 36 ਸਾਲ, ਜ਼ਾਤ ਅਰੋੜਾ, ਅੰਮ੍ਰਿਤਸਰ; 24 ਅਕਤੂਬਰ 1924 :

"ਮੈਂ ਪੰਜਾਬ-ਸਿੰਧ ਬੈਂਕ ਅੰਮ੍ਰਿਤਸਰ ਦਾ ਮੈਨੇਜਰ ਹਾਂ। ਪਾਸ-ਬੁੱਕ ਪੀ ਏ 462, ਜਿਹੜੀ ਅਦਾਲਤ ਨੇ ਮੈਨੂੰ ਦਿਖਾਈ ਹੈ, ਰਾਮ ਸਿੰਘ ਧਾਰੋਵਾਲ ਦੀ ਹੈ, ਜੀਹਦਾ ਹਿਸਾਬ ਬੈਂਕ ਵਿਚ ਚਾਲੂ ਹੈ। ਆਹ ਜਿਹੜਾ ਚੈੱਕ ਨੰਬਰ 46176, ਤਾਰੀਖ਼ 8 ਨਵੰਬਰ 1922 ਦਾ ਮੈਨੂੰ ਪੀ ਏ 463 ਦਿਖਾਇਆ ਗਿਆ ਹੈ, ਮੇਰੇ ਹੀ ਬੈਂਕ ਦਾ ਹੈ। ਇਹ ਰਾਮ ਸਿੰਘ ਧਾਰੋਵਾਲ ਵੱਲੋਂ ਜਾਰੀ ਕੀਤਾ ਹੋਇਆ ਹੈ, ਜੀਹਨੂੰ ਭਾਈ ਸੰਤਾ ਸਿੰਘ ਨੇ ਵਸੂਲ ਕੀਤਾ ਹੋਇਆ ਹੈ । ਉਹਨੂੰ 150 ਰੁਪਏ ਅਦਾ ਕੀਤੇ ਹੋਏ ਹਨ। ਜਿਸ ਦਿਨ ਚੈੱਕ ਵਸੂਲ ਕੀਤਾ ਗਿਆ, ਉਸ ਦਿਨ ਪਾਸ-ਬੁੱਕ ਵਿਚ ਕੁੱਲ ਰਕਮ 3430 ਰੁਪਏ 8 ਆਏ 6 ਪਾਈ ਰਾਮ ਸਿੰਘ ਦੇ ਹਿਸਾਬ ਵਿਚ ਜਮ੍ਹਾਂ ਸੀ।

"7 ਨਵੰਬਰ 1923 ਨੂੰ ਸੱਯਦ ਅਹਿਮਦਸ਼ਾਹ ਮੇਰੇ ਬੈਂਕ ਵਿਚ ਆਇਆ ਅਤੇ ਜਿਹੜਾ ਚੈੱਕ ਰਾਮ ਸਿੰਘ ਧਾਰੋਵਾਲ ਵੱਲੋਂ ਸੰਤਾ ਸਿੰਘ ਦੇ ਹੱਕ ਵਿਚ ਜਾਰੀ ਕੀਤਾ ਗਿਆ ਸੀ, ਉਸ ਬਾਬਤ ਮੇਰੇ ਪਾਸੋਂ ਪੁਛ-ਗਿੱਛ ਕੀਤੀ। ਮੈਂ ਤਲਾਸ਼ ਕਰਕੇ ਚੈੱਕ ਪੀ ਏ 462 ਕੱਢ ਕੇ ਦਿਖਾਇਆ, ਤਾਂ ਉਹਨਾਂ ਨੇ ਉਹ ਆਪਣੇ ਕਬਜ਼ੇ ਵਿਚ ਕਰਕੇ ਮੈਨੂੰ ਰਸੀਦ ਦੇ ਦਿੱਤੀ। ਉਹ ਪੁਲਸ ਦਾ ਇੰਸਪੈਕਟਰ ਸੀ।"

ਅੰਮ੍ਰਿਤਸਰ ਜਾਣ ਤੋਂ ਪਹਿਲਾਂ ਬਾਬੂ ਸੰਤਾ ਸਿੰਘ ਨੇ ਪੰਡੋਰੀ ਨਿੱਝਰਾਂ ਤੋਂ ਬੂਟਾ ਸਿੰਘ ਨੂੰ ਵੀ ਨਾਲ ਲੈ ਲਿਆ। ਚੈੱਕ ਕੈਸ਼ ਕਰਾ ਕੇ ਦੋਨੋਂ ਲਾਹੌਰ ਚਲੇ ਗਏ ਅਤੇ ਪਹਿਲੀ ਮਸ਼ੀਨ ਵਾਂਗੂ ਦੂਜੀ ਮਸ਼ੀਨ ਅਤੇ ਨਾਲ ਲਗਦਾ ਬਾਕੀ ਕੁੱਲ ਜ਼ਰੂਰੀ ਸਾਮਾਨ ਵੀ ਖ਼ਰੀਦ ਲਿਆ। ਪਹਿਲੀ ਮਸ਼ੀਨ ਲਈ ਵੀ ਜਰੂਰੀ ਸਾਮਾਨ ਖ਼ਰੀਦ ਲਿਆ ਗਿਆ। ਵਾਪਸੀ ਉੱਤੇ ਜਲੰਧਰ ਸਟੇਸ਼ਨ ਉੱਤੇ ਪੁੱਜ ਕੇ ਪਹਿਲੀ ਮਸ਼ੀਨ ਦਾ ਸਾਮਾਨ ਦੇ ਕੇ ਬੂਟਾ ਸਿੰਘ ਨੂੰ ਜਸੋਵਾਲ ਨੂੰ ਘੱਲ ਦਿੱਤਾ ਗਿਆ ਅਤੇ ਦੂਜੀ ਮਸ਼ੀਨ ਤੇ ਬਾਕੀ ਸਾਮਾਨ ਲੈ ਕੇ ਬਾਬੂ ਸੰਤਾ ਸਿੰਘ ਪ੍ਰਾਗਪੁਰ ਪੁੱਜ ਗਿਆ।

ਬੂਟਾ ਸਿੰਘ ਅਤੇ ਮੈਂ ਚਾਚਿਉਂ-ਤਾਇਉਂ ਭਰਾ ਹੀ ਹਾਂ। ਮੈਂ ਦੱਸ ਚੁਕਿਆ ਹਾਂ ਕਿ ਪਹਿਲਾਂ-ਪਹਿਲ ਭਾਈ ਕਿਸ਼ਨ ਸਿੰਘ ਅਤੇ ਬਾਬੂ ਸੰਤਾ ਸਿੰਘ ਨੂੰ ਮੈਂ ਪਤਾਰਿਉਂ ਪਿੰਡ ਲਿਆਇਆ ਸੀ, ਤਾਂ ਇਸੇ ਬੂਟਾ ਸਿੰਘ ਨੂੰ ਭਾਈ ਕਿਸ਼ਨ ਸਿੰਘ ਜੀ ਦੀ ਸੇਵਾ ਵਿਚ ਛੱਡ ਕੇ ਮੈਂ ਬਾਬੂ ਸੰਤਾ ਸਿੰਘ ਨਾਲ ਅੰਮ੍ਰਿਤਸਰ ਚਲਿਆ ਗਿਆ ਸੀ। ਘਰ ਲਾਗੋ-ਲਾਗੀ ਹੀ ਸਨ। ਬਾਅਦ ਵਿਚ ਮੈਂ ਤਾਂ ਜਲੰਧਰ ਸਕੂਲ ਵਿਚ ਰਹਿੰਦਾ ਸੀ। ਪਿਛੋਂ ਜਦੋਂ ਵੀ ਭਾਈ ਕਿਸ਼ਨ ਸਿੰਘ ਜੀ ਪਿੰਡ ਆਉਂਦੇ, ਬੂਟਾ ਸਿੰਘ ਤੋਂ ਸਾਡੀ ਡਿਉਢੀ ਦਾ ਦਰਵਾਜ਼ਾ ਖੁਲ੍ਹਵਾ ਕੇ ਲਿਖਦੇ-ਪੜ੍ਹਦੇ ਰਹਿੰਦੇ ਸਨ। ਉਂਜ ਵੀ ਉਹ ਕਾਫ਼ੀ ਵਾਕਫ਼ ਹੋ ਜਾਣ ਕਰਕੇ ਕੋਈ ਸੰਕੋਚ ਨਹੀਂ ਸਨ ਕਰਦੇ । ਘਰ-ਵਾਲਾ ਮਾਹੌਲ ਹੀ ਬਣ ਚੁਕਿਆ ਸੀ।

ਦੂਜੇ ਬੰਨੇ ਪਿੰਡ ਵਿਚ 1920 ਵਿਚ ਹੀ ਕਾਂਗਰਸ ਕਮੇਟੀ ਬਣ ਚੱਕੀ ਸੀ ਅਤੇ

ਅਸੀਂ ਸਾਰੇ ਪਹਿਲਾਂ ਕਾਂਗਰਸੀ ਹੀ ਸੀ। ਫੇਰ ਅਸੀਂ ਅਕਾਲੀ ਸਜ ਗਏ ਅਤੇ ਬਾਅਦ ਵਿਚ ਬਬਰ ਅਕਾਲੀ ਬਣ ਗਏ। ਸਭ ਭਾਈ ਸਾਹਿਬ ਦੇ ਵਾਕਫ਼ ਬਣਦੇ ਚਲੇ ਗਏ। ਬਾਅਦ ਵਿਚ ਕਰਤਾਰ ਸਿੰਘ ਅਤੇ ਹੁਕਮ ਸਿੰਘ ਦੀ ਪੱਕੀ ਬੈਠਕ ਬਬਰਾਂ ਦਾ ਪੱਕਾ ਠਿਕਾਣਾ ਬਣ ਗਈ ਅਤੇ ਉਪਰਲੀ ਪੱਤੀ ਸਾਧਾ ਸਿੰਘ ਦੀ ਹਵੇਲੀ, ਜਿਹੜੀ ਬਿਲਕੁਲ ਨਿਵੇਕਲੀ ਸੀ, ਬਬਰਾਂ ਦਾ ਪੱਕਾ ਠਿਕਾਣਾ ਬਣ ਗਈ। ਇਹੋ ਕਾਰਨ ਸੀ ਕਿ ਇਕੋ ਪਿੰਡ ਦੇ ਪੰਦਰਾਂ ਬੰਦੇ ਬਬਰ ਅਕਾਲੀ ਕੇਸ ਵਿਚ ਪਹਿਲੇ 91 ਮੁਲਜ਼ਮਾਂ ਵਿਚ ਧਰ ਲਏ ਗਏ ਸਨ। ਦੋ ਵਾਇਦਾ-ਮੁਆਫ਼ ਬਣ ਗਏ ਅਤੇ ਬਾਕੀ ਤੇਰਾਂ ਮੁਲਜ਼ਮ। ਬਾਅਦ ਵਿਚ ਬੂਟਾ ਸਿੰਘ ਭਾਈ ਕਿਸ਼ਨ ਸਿੰਘ ਜੀ ਦਾ ਨੰਬਰ ਦੋ ਦਾ ਪ੍ਰਾਈਵੇਟ ਸੈਕਟਰੀ ਬਣ ਗਿਆ ਸੀ। ਪਹਿਲਾ ਨੰਬਰ ਬਾਬੂ ਸੰਤਾ ਸਿੰਘ ਦਾ ਸੀ।

ਉਹਨੇ 1922 ਦੇ ਗੁਰੂ ਦੇ ਬਾਗ਼ ਦੇ ਮੋਰਚੇ ਵਿਚ ਕੁੱਟ ਖਾਣ ਵਾਲੇ ਜਥੇਦਾਰ ਪ੍ਰਤਾਪ ਸਿੰਘ ਖੁਰਦਪੁਰੀਏ ਦੇ ਜਥੇ ਵਿਚ ਸ਼ਾਮਲ ਹੋ ਕੇ ਕੁੱਟ ਖਾਧੀ ਸੀ ਅਤੇ ਉਹਨੂੰ ਮਹੀਨਾ ਕੁ ਮੰਜਾ ਮੱਲਣਾ ਪਿਆ ਸੀ। ਗੁਰੂ ਦੇ ਬਾਗ਼ ਦੇ ਮੋਰਚੇ ਦੀ ਬੀ ਟੀ ਦੀ ਕੁੱਟ ਬਹੁਤ ਬਦਨਾਮ ਹੋ ਗਈ ਸੀ। ਪੁਲਸ ਹੁੱਜਾਂ ਮਾਰ-ਮਾਰ ਵੱਖੀਆਂ ਭੰਨ ਸੁਟਦੀ ਸੀ। ਇਹੋ ਕਾਰਨ ਸੀ ਕਿ ਹਿੰਦੁਸਤਾਨ ਦੇ ਉੱਚ-ਕੋਟੀ ਦੇ ਲੀਡਰ ਆਪ ਦੇਖਣ ਲਈ ਪੁੱਜੇ ਸਨ। ਪੰਡਿਤ ਮਦਨ ਮੋਹਨ ਮਾਲਵੀਆ, ਸਵਾਮੀ ਸ਼ਰਧਾ ਨੰਦ ਅਤੇ ਹੋਰ ਕਈ। ਮੋਰਚਾ ਫਤਿਹ ਹੋ ਜਾਣ ਪਿਛੋਂ ਮਹਾਤਮਾ ਗਾਂਧੀ ਵੱਲੋਂ ਉਸ ਵੇਲੇ ਦੇ ਸਿੱਖ ਆਗੂਆਂ ਨੂੰ ਵਧਾਈ ਦੀ ਤਾਰ ਪੁੱਜੀ ਸੀ ਕਿ "ਮੇਰੇ ਸ਼ਾਂਤਮਈ ਸਤਿਆਗਰਿਹ ਦੇ ਤਜਰਬੇ ਦੀ ਕਾਮਯਾਬੀ ਦਾ ਸਿਹਰਾ ਸਿੱਖ ਸੂਰਮਿਆਂ ਦੇ ਸਿਰ ਹੈ, ਜਿਨ੍ਹਾਂ ਨੂੰ ਮੈਂ ਜੁਸ਼ੀਲਿਆਂ ਅਤੇ ਮਰਨ-ਮਾਰਨ ਵਾਲਿਆਂ ਵਿਚ ਗਿਣਦਾ ਸੀ। ਇਸ ਮੋਰਚੇ ਦੀ ਕਾਮਯਾਬੀ ਨੇ ਮੇਰੇ ਸ਼ਾਂਤਮਈ ਦੇ ਅਪਣਾਏ ਰਸਤੇ ਦੀ ਉਹ ਕਾਮਯਾਬੀ ਕਰਕੇ ਦਿਖਾ ਦਿੱਤੀ ਹੈ, ਜੀਹਦੀ ਕੋਈ ਮਸਾਲ ਨਹੀਂ ਮਿਲਦੀ। ਮੇਰੀ ਵਧਾਈ ਕਬੂਲ ਕੀਤੀ ਜਾਵੇ।"

ਅਕਤੂਬਰ 1922 ਵਿਚ ਇਕ ਦਿਨ ਸਾਰਾ ਬਬਰ ਜਥਾ, ਭਾਈ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਕਰਮ ਸਿੰਘ ਝਿੰਗੜ, ਬਬਰ ਕਰਮ ਸਿੰਘ ਦੌਲਤਪੁਰ, ਮਾਸਟਰ ਦਲੀਪ ਸਿੰਘ ਗੋਸਲ, ਉਦੇ ਸਿੰਘ ਰਾਮਗੜ੍ਹ ਝੁਗੀਆਂ ਅਤੇ ਆਸਾ ਸਿੰਘ ਭੁਕੜੂੰਦੀ ਗੁਰਦੁਆਰਾ ਕਿਸ਼ਨਪੁਰਾ ਵਿਚ ਅਗਲਾ ਪ੍ਰੋਗਰਾਮ ਬਣਾ ਹੀ ਰਹੇ ਸਨ ਕਿ ਪਿੰਡ ਵਿਚੋਂ ਇਕ ਬੰਦੇ ਨੇ ਇਤਲਾਹ ਦਿੱਤੀ ਕਿ ਬੜੀ ਭਾਰੀ ਗਿਣਤੀ ਵਿਚ ਪੁਲਸ ਪਿੰਡ ਵੱਲ ਆ ਰਹੀ ਹੈ। ਉਸ ਵੇਲੇ ਆਸਾ ਸਿੰਘ ਨੂੰ ਸਖ਼ਤ ਬੁਖ਼ਾਰ ਚੜ੍ਹਿਆ ਹੋਇਆ ਸੀ। ਬਾਕੀ ਸਾਰੇ ਇਸ ਖ਼ਿਆਲ ਨਾਲ ਨਿੱਕਲ ਤੁਰੇ ਕਿ ਪੁਲਸ ਸ਼ਾਇਦ ਗੁਰਦੁਆਰੇ ਵੱਲ ਵੀ ਆ ਜਾਵੇ। ਆਸਾ ਸਿੰਘ ਨੂੰ ਇਕ ਕਮਾਦ ਵਿਚ ਲਿਜਾ ਕੇ ਲੰਮਾ ਪਾ ਦਿੱਤਾ ਗਿਆ।

ਅਸਲ ਵਿਚ ਪੁਲਸ ਆਪ ਵਾਹ ਲਗਦੀ ਬਬਰਾਂ ਨਾਲ ਟੱਕਰ ਲੈਣ ਤੋਂ ਬਚਦੀ ਸੀ। ਸਿਰਫ਼ ਅਫ਼ਸਰਾਂ ਦੀ ਅੱਖੀਂ ਘੱਟਾ ਪਾਉਣ ਲਈ ਹੀ ਦਿਖਾਵਾ ਬੜੇ ਵਧੀਆ ਢੰਗ ਨਾਲ ਕਰਦੀ ਸੀ। ਮਜ਼ੇ ਦੀ ਗੱਲ ਇਹ ਸੀ ਕਿ ਜੋ ਸੀ ਆਈ ਡੀ ਬਬਰਾਂ ਮਗਰ ਲਗੀ ਹੋਈ ਸੀ ਤਾਂ ਕਈ ਪੁਲਸ ਅਫ਼ਸਰ ਵੀ ਬਬਰਾਂ ਨੂੰ ਸੁਚੇਤ ਕਰਨ ਲਈ ਸੁਨੇਹਾ ਘੱਲ ਦਿਆ ਕਰਦੇ ਸਨ। ਉਹਨਾਂ ਦਿਨਾਂ ਵਿਚ ਸਮਝੋ ਲੁੱਕਣ-ਮੀਚੀ ਦੋਨੋਂ ਧਿਰਾਂ ਖੇਡ ਰਹੀਆਂ ਸਨ, ਜੀਹਨੂੰ ਅੰਗਰੇਜ਼ ਅਫ਼ਸਰਾਂ ਨੇ ਮੁਕੱਦਮੇ ਦੌਰਾਨ ਗਵਾਹੀ ਦਿੰਦਿਆਂ ਸਾਫ਼ ਲਫ਼ਜ਼ਾਂ ਵਿਚ ਮੰਨਿਆ ਕਿ ਦੋਹਾਂ ਜ਼ਿਲਿਆਂ ਦੀ ਪੁਲਸ ਏਨੀਂ ਬਦ-ਦਿਲ ਹੋ

ਗਈ ਸੀ ਕਿ ਬਬਰਾਂ ਦਾ ਸਾਹਮਣਾ ਕਰਨ ਤੋਂ ਘਬਰਾਉਂਦੀ ਸੀ, ਜਿਸ ਕਰਕੇ ਮਾਰਸ਼ਲ ਲਾਅ ਲਾਉਣਾ ਪਿਆ ਸੀ।

ਬਬਰ ਕਰਮ ਸਿੰਘ ਦਾ ਬੰਬਾਂ ਦਾ ਝੋਲਾ ਇਕ ਕੀਲੀ ਉੱਤੇ ਟੰਗਿਆ ਹੀ ਰਹਿ ਗਿਆ, ਜੀਹਦੀ ਯਾਦ ਬਾਅਦ ਵਿਚ ਆਈ। ਇਹ ਝੋਲਾ ਪ੍ਰੀਤਮ ਸਿੰਘ ਗਰੰਥੀ ਦੇ ਕਮਰੇ ਦੀ ਕੀਲੀ ਉੱਤੇ ਟੰਗਿਆ ਹੋਇਆ ਸੀ। ਸੋ ਬਾਬੂ ਸੰਤਾ ਸਿੰਘ ਦੀ ਡਿਊਟੀ ਲਾਈ ਗਈ ਕਿ ਉਹ ਝੋਲਾ ਗੁਰਦੁਆਰੇ ਤੋਂ ਅਤੇ ਆਸਾ ਸਿੰਘ ਨੂੰ ਕਮਾਦ ਵਿਚੋਂ ਲਿਆਉਣ ਦਾ ਬੰਦੋਬਸਤ ਕਰੇ ਅਤੇ ਡੁਮੇਲੀ ਸੁਰਜਨ ਸਿੰਘ ਦੀ ਕੋਠੀ ਵਿਖੇ ਪੁਚਾ ਦੇਵੇ।

ਡੁਮੇਲੀ ਵਾਲੀ ਇਹ ਕੋਠੀ ਮਿਸਤਰੀਆਂ ਦੀ ਸੀ ਜਿਹੜੇ ਬਾਹਰ ਬਰਮਾ ਵੱਲ ਠੇਕੇਦਾਰੀ ਕਰਦੇ ਹਨ ਅਤੇ ਸੁਰਜਨ ਸਿੰਘ ਨੂੰ ਸੰਭਾਲ ਗਏ ਸਨ। ਉਹਦੀ ਰਿਹਾਇਸ਼ ਇਸੇ ਕੋਠੀ ਵਿਚ ਸੀ। ਇਹ ਵੀ ਬਬਰਾਂ ਦਾ ਪੱਕਾ ਠਿਕਾਣਾ ਬਣ ਚੁੱਕੀ ਸੀ। ਅਗੋਂ ਜਾ ਕੇ ਇਸ ਕੋਠੀ ਦਾ ਜ਼ਿਕਰ ਵੀ ਵਾਰ-ਵਾਰ ਆਉਣਾ ਹੈ। ਸੁਰਜਨ ਸਿੰਘ ਦਾ ਸਕਾ ਭਤੀਜਾ ਕਰਤਾਰ ਸਿੰਘ ਵੱਡਾ, ਛੋਟਾ ਕਰਤਾਰ ਸਿੰਘ ਅਤੇ ਚੰਦਾ ਸਿੰਘ ਵੀ ਜਥੇ ਦੇ ਮੈਂਬਰ ਬਣ ਚੁੱਕੇ ਸਨ ਤੇ ਸਰਗਰਮ ਹਿੱਸਾ ਲੈ ਰਹੇ ਸਨ। ਚੰਦਾ ਸਿੰਘ ਬਾਅਦ ਵਿਚ ਵਾਇਦਾ-ਮੁਆਫ਼ ਬਣ ਗਿਆ ਸੀ। ਅੰਨ-ਪਾਣੀ ਦੀ ਸਾਰੀ ਜ਼ਿੰਮੇਵਾਰੀ ਇਹਨਾਂ ਚੌਹਾ ਨੇ ਸੰਭਾਲ ਰੱਖੀ ਸੀ।

ਬਾਬੂ ਸੰਤਾ ਸਿੰਘ ਕਿਸ਼ਨਪੁਰਿਉਂ ਸਿੱਧਾ ਪੰਡੋਰੀ ਨਿੱਝਰਾਂ ਸਾਧਾ ਸਿੰਘ ਕੋਲ ਜਾ ਪੁਜਿਆ ਅਤੇ ਦੋਹਾਂ ਗੱਲਾਂ ਦਾ ਪ੍ਰਬੰਧ ਕਰਨ ਲਈ ਕਿਹਾ। ਉਹ ਬਾਬੂ ਸੰਤਾ ਸਿੰਘ ਨੂੰ ਨਾਲ ਲੈ ਕੇ ਬੂਟਾ ਸਿੰਘ ਕੋਲ ਆ ਗਿਆ ਅਤੇ ਕਿਹਾ ਕਿ ਉਹ ਆਪਣੇ ਊਠ ਉੱਤੇ ਜਾ ਕੇ ਆਸਾ ਸਿੰਘ ਨੂੰ ਕਮਾਦ ਵਿਚੋਂ ਅਤੇ ਬੰਬਾਂ ਦਾ ਝੋਲਾ ਪ੍ਰੀਤਮ ਸਿੰਘ ਗਰੰਥੀ ਦੀ ਕੋਠੜੀ ਵਿਚੋਂ ਲੈ ਆਵੇ। ਬੂਟਾ ਸਿੰਘ ਫਟਾ-ਫਟ ਜਾ ਕੇ ਦੋਨਾਂ ਨੂੰ ਪਿੰਡ ਲੈ ਆਇਆ ਅਤੇ ਦੱਸਿਆ ਕਿ ਜਦੋਂ ਬਬਰ ਗੁਰਦੁਆਰੇ ਵਿਚੋਂ ਜਾ ਚੁਕੇ ਸਨ, ਤਾਂ ਪੁਲਸ ਗੁਰਦੁਆਰੇ ਵੀ ਪੁੱਜੀ ਸੀ। ਕਮਰਿਆਂ ਅੰਦਰ ਸਰਸਰੀ ਝਾਤੀਆਂ ਮਾਰ ਵਾਪਸ ਮੁੜ ਗਈ ਸੀ। ਜਾਪਦਾ ਸੀ ਕਿ ਉਹ ਬੰਦਿਆਂ ਦੀ ਭਾਲ ਵਿਚ ਆਈ ਸੀ ਅਤੇ ਬੰਬਾਂ ਦੇ ਝੋਲੇ ਵੱਲ ਕਿਸੇ ਦਾ ਧਿਆਨ ਨਹੀਂ ਸੀ ਗਿਆ। ਆਸਾ ਸਿੰਘ ਨੂੰ ਕਰਤਾਰ ਸਿੰਘ ਅਤੇ ਹੁਕਮ ਸਿੰਘ ਦੀ ਬੈਠਕ ਵਿਚ ਲੰਮਾ ਪਾ ਦਿੱਤਾ ਅਤੇ ਕਿਹਾ ਕਿ ਤਾਪ ਉੱਤਰੇ ਤੋਂ ਅਗਲੇ ਦਿਨ ਉਹ ਡੁਮੇਲੀ ਸੁਰਜਨ ਸਿੰਘ ਦੀ ਕੋਠੀ ਚਲਿਆ ਜਾਵੇ। ਝੋਲਾ ਬਬਰ ਸਾਹਿਬ ਨੂੰ ਦੇ ਦੇਵੇ ਅਤੇ ਪੁਲਸ ਦੀ ਕਾਰਵਾਈ ਵੀ ਦੱਸ ਦੇਵੇ। ਆਸਾ ਸਿੰਘ ਅਗਲੇ ਦਿਨ ਡੁਮੇਲੀ ਨੂੰ ਚਲਿਆ ਗਿਆ ਅਤੇ ਜਥੇ ਨੂੰ ਜਾ ਮਿਲਿਆ। ਬੀਤ ਚੁੱਕੀ ਸਾਰੀ ਗੱਲ ਵੀ ਦੱਸ ਦਿੱਤੀ।

ਜਿਸ ਵੇਲੇ ਬੂਟਾ ਸਿੰਘ ਕਿਸ਼ਨਪੁਰਿਉਂ ਵਾਪਸ ਆ ਕੇ ਊਠ ਦੀਆਂ ਗੱਦੀਆ ਖੋਲ੍ਹ ਹਵੇਲੀ ਦੇ ਵਿਹੜੇ ਵਿਚ ਪਸੀਨਾ ਸੁਕਾਉਣ ਲਈ ਟਹਿਲ ਰਿਹਾ ਸੀ, ਉਹਦਾ ਵਡਾ ਭਰਾ ਵਤਨ ਸਿੰਘ ਵੀ ਕਿਤੋਂ ਆ ਗਿਆ। ਪਸੀਨੇ ਨਾਲ ਨੁਚੜਦੇ ਊਠ ਨੂੰ ਦੇਖ ਕੇ ਉਹ ਗੁੱਸੇ ਵਿਚ ਆ ਗਿਆ। ਊਠ ਉਹਦਾ ਪਾਲਿਆ ਹੋਇਆ ਬਹੁਤ ਮਾਰਖੋਰਾ ਸੀ। ਉਹਨੇ ਸੋਚਿਆ ਕਿ ਜੇ ਕਿਤੇ ਅੜੀ ਕਰ ਬਹਿੰਦਾ ਤਾਂ ਉਹਨੇ ਬੂਟਾ ਸਿੰਘ ਨੂੰ ਪੈ ਜਾਣਾ ਸੀ। ਫੇਰ ਕੀ ਬਣਦਾ। ਊਠ ਸਿਰਫ਼ ਵਤਨ ਸਿੰਘ ਤੋਂ ਹੀ ਡਰਦਾ ਸੀ ਅਤੇ ਉਹਨੇ ਕਦੀ ਖੁੱਲ੍ਹਾ ਨਹੀਂ ਸੀ ਛਡਿਆ। ਬੂਟਾ ਸਿੰਘ ਨੇ ਉਹਦੇ ਪੁਛਣ ਉੱਤੇ ਸਚੋ-

ਸੱਚ ਦਸ ਦਿੱਤਾ, ਤਾਂ ਵਤਨ ਸਿੰਘ ਜ਼ਰਾ ਠੰਡਾ ਪਿਆ। ਊਠ ਵਾਂਗੂ ਇਹ ਵੀ ਪੱਕਾ ਅੜਬੈਂਗ ਸੀ। ਬੇਸ਼ੱਕ ਸਾਡਾ ਸੀ ਤਾਂ ਭਰਾ, ਪਰ ਕੰਨ ਫੜਨ ਵਿਚ ਰੱਤੀ ਲਿਹਾਜ ਨਹੀਂ ਸੀ ਕਰਦਾ। ਅਸੀਂ ਉਹਤੋਂ ਬਹੁਤ ਡਰਦੇ ਸੀ ਅਤੇ ਬਾਕੀ ਕਿਸੇ ਦੀ ਪ੍ਰਵਾਹ ਨਹੀਂ ਸੀ ਕਰਦੇ। ਬੱਸ ਬੂਟਾ ਸਿੰਘ ਨੂੰ ਖੂਹ ਜੁੜਾ ਦਿਤਾ ਅਤੇ ਰਾਤ ਪੈਂਦੀ ਤੱਕ ਉਹਨੂੰ ਕੰਮ ਲਾਈ ਰਖਿਆ। ਇਸ ਸਜ਼ਾ ਨੇ ਬੂਟਾ ਸਿੰਘ ਨੂੰ ਅਜਿਹਾ ਘਰੋਂ ਕਢਿਆ ਕਿ ਉਹ ਮੁੜ ਉਮਰ ਕੈਦ ਭੁਗਤ ਕੇ ਹੀ ਘਰ ਵੜਿਆ। ਆਉਂਦੇ ਨੂੰ ਭਰਾ ਚਲਾਣਾ ਕਰ ਚੁਕਿਆ ਸੀ। ਇਸੇ ਭਰਾ ਨੇ ਸਾਡੇ ਕੇਸ ਦੀ ਪੈਰਵੀ ਕਰਨ ਲਈ ਰਾਤ-ਦਿਨ ਇਕ ਕਰ ਦਿੱਤਾ ਸੀ ਅਤੇ ਮਰਦੇ ਦਮ ਤਕ ਸਾਡੀਆਂ ਮੁਲਾਕਾਤਾਂ ਕਰਦਾ ਰਿਹਾ ਸੀ।

ਬੂਟਾ ਸਿੰਘ ਨੇ ਮੈਨੂੰ ਦੱਸਿਆ ਕਿ "ਵਤਨ ਸਿੰਘ ਦੀਆਂ ਝਿੜਕੀਆਂ ਸੁਣ ਕੇ ਮੈਂ ਚੁੱਪਚੁਪੀਤਾ ਖੂਹ ਨੂੰ ਚਲਿਆ ਗਿਆ ਅਤੇ ਸਿੰਜਾਈ ਕਰਦਾ ਰਿਹਾ। ਰਾਤ ਨੂੰ ਸੌਣ ਲਗਿਆ ਤਾਂ ਨੀਂਦ ਹੀ ਨਾ ਆਵੇ। ਮੁੜ-ਮੁੜ ਇਹੋ ਸੋਚਾਂ ਆਈ ਜਾਣ ਕਿ ਇਕ ਪਾਸੇ ਤਾਂ ਦੇਸ ਨੂੰ ਆਜ਼ਾਦ ਕਰਾਉਣ ਲਈ ਸਿਰ-ਧੜ ਦੀ ਬਾਜ਼ੀ ਲਾਈ ਫਿਰਦੇ ਹਾਂ, ਦੂਜੇ ਬੰਨੇ ਖੂਹਾਂ ਦੇ ਗੇੜੇ ਲਾਉਣੇ ਪੈਂਦੇ ਹਨ। ਆਪਣੇ ਬਜ਼ੁਰਗਾਂ ਦੀਆਂ ਦਿੱਤੀਆਂ ਕੁਰਬਾਨੀਆਂ ਯਾਦ ਆਉਣ ਲੱਗ ਪਈਆਂ ਅਤੇ ਪੱਕਾ ਫ਼ੈਸਲਾ ਕਰ ਲਿਆ ਕਿ ਹੁਣ ਜਥੇ ਨਾਲ ਪੱਕੀ ਤਰ੍ਹਾਂ ਹੀ ਜੁੜ ਜਾਣਾ ਹੈ। ਸੋ ਅਗਲੇ ਦਿਨ ਹੀ ਜਾ ਕੇ ਭਾਈ ਕਿਸ਼ਨ ਸਿੰਘ ਨੂੰ ਬੀਤ ਚੁੱਕੀ ਕਹਾਣੀ ਦੱਸੀ ਅਤੇ ਆਖ ਦਿੱਤਾ ਕਿ ਹੁਣ ਜਿਥੇ ਤੁਸੀਂ ਜਾਣਾ ਹੈ, ਉਥੇ ਮੈਂ ਨਾਲ ਜਾਣਾ ਹੈ।" ਬੱਸ ਉਸੇ ਦਿਨ ਤੋਂ ਉਹ ਭਾਈ ਸਾਹਿਬ ਦਾ ਨਿੱਜੀ ਸਕੱਤਰ ਬਣ ਗਿਆ।

ਜਿਸ ਦਿਨ 26 ਫ਼ਰਵਰੀ 1923 ਨੂੰ ਭਾਈ ਕਿਸ਼ਨ ਸਿੰਘ ਗਰਿਫ਼ਤਾਰ ਹੋਏ ਸਨ, ਉਦੋਂ ਤੱਕ ਹਰ ਸਮੇਂ ਨਾਲ ਹੀ ਰਿਹਾ। ਉਸ ਰਾਤ ਵੀ ਭਾਈ ਸਾਹਿਬ ਨੇ ਉਹਨੂੰ ਧੰਨਾ ਸਿੰਘ ਬਹਿਬਲਪੁਰੀਏ ਨੂੰ ਨਾਲ ਲਿਆਉਣ ਲਈ ਘੱਲਿਆ ਹੋਇਆ ਸੀ। ਅਗਲੇ ਦਿਨ ਜਦੋਂ ਧੰਨਾ ਸਿੰਘ ਅਤੇ ਉਹ ਭਾਈ ਸਾਹਿਬ ਵੱਲ ਆ ਰਹੇ ਸਨ, ਤਾਂ ਗਰਿਫ਼ਤਾਰੀ ਦਾ ਪਤਾ ਲੱਗਣ ਉੱਤੇ ਵਾਪਸ ਮੁੜ ਗਏ ਸਨ। ਮਫ਼ਰੂਰੀ ਦਾ ਇਨਾਮ ਵੀ ਛਪਿਆ। ਗਰਿਫ਼ਤਾਰੀ ਦਾ ਜ਼ਿਕਰ ਬਾਅਦ ਵਿਚ ਆ ਹੀ ਜਾਣਾ ਹੈ। ਸੋ ਪਹਿਲਾਂ ਹੀ ਸੰਖੇਪ ਜਿਹੀ ਜਾਣਕਾਰੀ ਦੇ ਦਿੱਤੀ ਹੈ। ਬਾਅਦ ਵਿਚ ਸਾਡੀਆਂ ਤਲਾਸ਼ੀਆਂ ਅਤੇ ਗਰਿਫ਼ਤਾਰੀਆਂ ਦੀ ਸਿਲਸਿਲੇਵਾਰ ਕਹਾਣੀ ਆਉਣੀ ਹੈ।

* * *

ਗ਼ਦਰ ਪਾਰਟੀ ਦੇ ਅਖ਼ਬਾਰ "ਗ਼ਦਰ ਦੀ ਗੂੰਜ" ਜਿਹੜਾ ਛਪਦਾ ਭਾਵੇਂ ਉਰਦੂ ਅੱਖਰਾਂ ਵਿਚ ਸੀ, ਪਰ ਹੁੰਦਾ ਠੇਠ ਪੰਜਾਬੀ ਵਿਚ ਸੀ, ਵਿਚ ਬੜੀਆਂ ਜੁਸ਼ੀਲੀਆਂ ਨਜ਼ਮਾਂ ਛਪਿਆ ਕਰਦੀਆਂ ਸਨ। ਬਾਕੀ ਲੇਖ ਵੱਖਰੇ ਹੁੰਦੇ ਸਨ। ਮੈਂ ਨਿਆਣੀ ਉਮਰ ਵਿਚ ਆਪ ਪੜ੍ਹਿਆ ਕਰਦਾ ਸੀ। ਇਹ ਪਰਚਾ ਸਮਗਲ ਹੋ ਕੇ ਹਰ ਉਸ ਜਗਾਹ ਪੁਜਦਾ ਸੀ ਜਿਥੇ ਹਿੰਦੁਸਤਾਨੀ ਗ਼ੈਰ ਮੁਲਕਾਂ ਵਿਚ ਜਾ ਪੁੱਜੇ ਸਨ। ਇਸ ਦੀ ਮਸ਼ਹੂਰ ਕਵਿਤਾ ਸੀ "ਮੇਰਾ ਰੰਗ ਦੇ ਮਜੀਠੀ ਚੋਲਾ", ਜਿਹੜੀ ਕਰਤਾਰ ਸਿੰਘ ਸਰਾਭਾ ਗਰਿਫ਼ਤਾਰ ਹੋਣ ਤੋਂ ਬਾਅਦ ਅਦਾਲਤ ਅਤੇ ਜਿਹਲ ਵਿਚ ਗਾਇਆ ਕਰਦਾ ਸੀ।

ਇਸੇ ਦੀ ਵਰਤੋਂ ਬਾਅਦ ਵਿਚ ਭਗਤ ਸਿੰਘ ਨੇ ਵੀ ਕੀਤੀ ਸੀ। ਇਹ ਪਰਚਾ ਛਪਦਾ ਭਾਵੇਂ ਕੈਨੇਡਾ ਵਿਚ ਸੀ, ਪਰ ਪੁਜਦਾ ਕੁੱਲ ਦੁਨੀਆ ਵਿਚ ਸੀ। ਸੋ ਇਸੇ ਤਰ੍ਹਾਂ "ਬਬਰ ਅਕਾਲੀ ਦੁਆਬਾ" ਛਪਦਾ ਭਾਵੇਂ ਦੁਆਬੇ ਵਿਚ ਸੀ, ਪਰ ਵੰਡਿਆ ਸਾਰੇ ਪੰਜਾਬ ਵਿਚ ਜਾਂਦਾ ਸੀ। ਬਾਹਰ ਦਾ ਮੈਨੂੰ ਕੋਈ ਇਲਮ ਨਹੀਂ।

ਇਸ ਪਰਚੇ ਵਿਚ ਅੱਜ ਤੋਂ ਸੱਠ ਸਾਲ ਤੋਂ ਵੱਧ ਸਮਾਂ ਪਹਿਲਾਂ ਛਪ ਚੁਕੀਆਂ ਕਵਿਤਾਵਾਂ ਨਮੂਨੇ ਦੇ ਤੌਰ ਉੱਤੇ ਪਾਠਕਾਂ ਦੀ ਭੇਟ ਕਰ ਰਿਹਾ ਹਾਂ, ਜਿਹੜੀਆਂ ਰੋਮਨ ਅਖਰਾਂ ਵਿਚ ਛਪੀਆਂ ਪੇਪਰ-ਬੁੱਕ ਵਿਚ ਦਰਜ ਹਨ। ਇਹ ਵਾਇਦਾ-ਮੁਆਫ਼ਾਂ ਅਤੇ ਗਵਾਹਾਂ ਨੇ ਆਪਣੇ ਬਿਆਨਾਂ ਵਿਚ ਅਦਾਲਤ ਵਿਚ ਜੱਜ ਨੂੰ ਸੁਣਾਈਆਂ ਸਨ। ਉਹਨਾਂ ਦੇ ਨਾਂ ਲਿਖਣੇ ਤਾਂ ਫ਼ਜ਼ੂਲ ਹਨ, ਫੇਰ ਵੀ ਅਨੂਪ ਸਿੰਘ ਅਤੇ ਆਸਾ ਸਿੰਘ ਵਾਇਦਾ-ਮੁਆਫ਼ਾਂ ਨੇ ਬਿਆਨਾਂ ਵਿਚ ਕੁਝ ਇਕ ਕਵਿਤਾਵਾਂ ਆਈਆਂ ਸਨ।

ਹਿੰਦ ਦੇ ਬਹਾਦਰੋ ਨਹੀਂ ਵੇਲਾ ਸੌਣ ਦਾ।
ਆ ਗਿਆ ਵਕਤ ਤੇਗ਼ ਦੇ ਉਠਾਉਣ ਦਾ।

(ਪੇਪਰ-ਬੁੱਕ, ਸਫ਼ਾ 52)

ਹਸਨ-ਹੁਸੈਨ ਵਾਲੀ ਕਰੋ ਕਰਨੀ,
ਦਿਖਲਾ ਦਿਉ ਖਾਂ ਜ਼ਰਾ ਕੁਰਬਾਨ ਹੋ ਕੇ।
ਮੇਮਾਂ ਕਰੋ ਖਾਂ ਰੰਡੀਆਂ ਮਾਰ ਗੋਰੇ,
ਹਿੰਦ ਕਰੋ ਆਜ਼ਾਦ ਇਨਸਾਨ ਹੋ ਕੇ।

(ਸਫ਼ਾ 118)

ਆਹ ਨਜ਼ਮ ਉਹਨਾਂ ਦਿਨਾਂ ਵਿਚ ਆਮ ਪਿੰਡਾਂ ਵਿਚ ਪ੍ਰਚੱਲਤ ਹੋ ਗਈ ਸੀ :

ਝੋਲੀ-ਚੁੱਕ ਹਰਾਮੀਉਂ ਦੋ ਗੱਲਾਂ, ਅੱਜ ਤੁਸਾਂ ਦੇ ਤਾਈਂ ਸੁਣਾ ਦੇਸਾਂ।
ਤੁਸੀਂ ਫਿਰੋਂ ਇਨਾਮ ਨੂੰ ਨਿੱਤ ਭੱਜੇ, ਪੱਲੇ ਤੁਸਾਂ ਇਨਾਮ ਹੁਣ ਪਾ ਦੇਸਾਂ।
ਵਕਤ ਗਿਆ ਹੁਣ ਤੁਸਾਂ ਸਮਝਾਵਣੇ ਦਾ, ਮਾਰ-ਮਾਰ ਕੇ ਧਰਤ ਲਿਟਾ ਦੇਸਾਂ।
ਨੰਬਰਦਾਰ ਇਨਾਮ ਵਰਤਾ ਕੇ ਤੇ, ਘਰ-ਘਰ ਮੁਆਤੜੇ ਲਾ ਦੇਸਾਂ।
ਭੋਗ ਪਾ ਦਿੱਤਾ ਸ਼ਾਂਤਮਈ ਵਾਲਾ, ਹਵਾ ਗਰਮ ਤੋਂ ਗਰਮ ਵਗਾ ਦੇਸਾਂ।
ਬੀਜ ਬੀਜਿਆ ਹੈ ਜਿਹੜਾ ਤੁਸਾਂ ਪਿਛੇ, ਉਸੇ ਬੀਜ ਦੇ ਮੇਵੇ ਖੁਆ ਦੇਸਾਂ।
ਘਰੀਂ ਰੋਣ ਸੁਆਣੀਆਂ ਵੈਣ ਪਾ-ਪਾ, ਪੁੱਤਰ ਕਈਆਂ ਦੇ ਮਾਰ ਮੁਕਾ ਦੇਸਾਂ।
ਬਬਰ ਵਾਂਗ ਬਟੇਰਿਆਂ ਤੁਸਾਂ ਤਾਈਂ, ਤੁੰਬ-ਤੁੰਬ ਕੇ ਧਰਤ ਲਟਾ ਦੇਸਾਂ।

(ਸਫ਼ਾ 155)

ਅੱਖਾਂ ਖੋਲ੍ਹੋ ਹਿੰਦੀ ਭਾਈਉ, ਕੌਮ ਗਰਕਦੀ ਜਾਂਦੀ ਹੈ।
ਪਿਛਲੇ ਸਮੇਂ ਸੀ ਕਦਰ ਅਸਾਡੀ, ਖੇਤੀ ਪੈਦਾ ਕਰਦੇ ਸੀ।
ਪਿੰਡਾਂ ਦੇ ਵਿਚ ਪੰਚ ਅਸਾਡੇ, ਆਪ ਅਦਾਲਤ ਕਰਦੇ ਸੀ।
ਘਰ-ਘਰ ਸੌ-ਸੌ ਮਹੀਆਂ-ਗਾਈਆਂ, ਖੇਤਾਂ ਦੇ ਵਿਚ ਚਰਦੀਆਂ ਸਨ।
ਹੁਣ ਤਾਂ ਵੀਰੋ ਨਸਲ ਅਸਾਡੀ, ਰੁੱਖੀ ਰੋਟੀ ਖਾਂਦੀ ਹੈ।

(ਸਫ਼ਾ 216)

ਪੰਥ ਖ਼ਾਲਸਾ ਅਰਜ਼ ਗੁਜ਼ਾਰਦਾ ਹਾਂ,
ਕਿਉਂ ਨਹੀਂ ਸਮਝਦਾ ਇਹਨਾਂ ਦੀ ਚਾਲ ਜਲਦੀ।
ਸ਼ਾਂਤੀ ਨਾਲ ਨਹੀਂ ਪਾਜੀਆਂ ਬਾਜ਼ ਆਉਣਾ,
ਕਰੀਏ ਤੇਜ਼ ਤਲਵਾਰ ਦੀ ਧਾਰ ਜਲਦੀ।
ਬਦਲਾ ਲਉ ਖਾਂ ਗੁਰੂ ਦੁਲਾਰਿਆਂ ਦਾ,
ਕਰਕੇ ਪਾਜੀਆਂ ਦਾ ਵੀਰੋ ਨਾਸ ਜਲਦੀ।
ਹੱਥ ਜੋੜ ਦਿਉ ਹੁਣ ਜਿਹਲ ਅਗੇ,
ਰਲੋ ਬਬਰ ਅਕਾਲੀਆਂ ਨਾਲ ਜਲਦੀ।

(ਸਫ਼ਾ 226)

ਪਕੜੋ ਖੰਡਾ ਸ਼ੇਰੋ, ਆਖੇ ਬਬਰ ਪੁਕਾਰ।
ਖੰਡਾ ਪਕੜੋ ਸਾਣ ਤੇ ਲਾਉ ਤੇਜ਼ ਕਰੋ ਇਹਦੀ ਧਾਰ।
ਬਿਨ ਖੰਡਿਉਂ ਨਾ ਮਿਲੇ ਆਜ਼ਾਦੀ ਆਖੇ ਬਬਰ ਵੰਗਾਰ।

(ਸਫ਼ਾ 227)

ਮੇਮਾਂ ਕਰਕੇ ਰੰਡੀਆਂ ਖੜੋ ਸਾਰੇ।
ਗੋਲੀ ਦੁਸ਼ਮਣਾਂ ਦੀ ਛਾਤੀ ਜੜੋ ਸਾਰੇ।

(ਸਫ਼ਾ 615)

ਹੇਠ-ਲਿਖਿਆ ਕਬਿੱਤ ਪੇਪਰ-ਬੁੱਕ ਵਿਚ ਤਾਂ ਦਰਜ ਨਹੀਂ, ਪਰ ਉਹਨਾਂ ਦਿਨਾਂ ਵਿਚ ਮੈਨੂੰ ਅਤੇ ਊਧਮ ਸਿੰਘ ਨੂੰ ਰਲ ਕੇ ਜਲਸਿਆਂ ਵਿਚ ਸਰੋਤਿਆਂ ਦੀ ਮੰਗ ਉੱਤੇ "ਨੱਠੇ ਜਾਣ ਫਰੰਗੀ, ਨੱਠੇ ਜਾਂਦੇ" ਦੀ ਮੁਹਾਰਨੀ ਵਾਂਗੂੰ ਵਾਰ-ਵਾਰ ਸੁਣਾਉਣਾ ਪੈਂਦਾ ਸੀ। ਇਹ ਮਾਸਟਰ ਮੋਤਾ ਸਿੰਘ ਜੀ ਦੀ ਮਫ਼ਰੂਰੀ ਵੇਲੇ ਕਿਸੇ ਸ਼ਾਇਰ ਨੇ ਲਿਖਿਆ ਸੀ। ਕਬਿੱਤ ਤਾਂ ਚਾਰ ਸਨ, ਪਰ ਐਸ ਵੇਲੇ ਯਾਦ ਸਿਰਫ਼ ਇਹੋ ਹੀ ਰਹਿ ਗਿਆ ਹੈ। ਸੱਠ ਸਾਲ ਲੰਘ ਚੁੱਕੇ ਹਨ। ਹੋਰ ਵੀ ਕਈ ਗੱਲਾਂ ਭੁੱਲ ਚੁਕੀਆਂ ਹੋਣਗੀਆਂ। ਪਰ ਜਿਹੜੀਆਂ ਯਾਦ ਆ ਚੁੱਕੀਆਂ ਹਨ, ਕਲਮਬੰਦ ਕਰੀ ਜਾ ਰਿਹਾ ਹਾਂ।

ਘੰਟਾ ਖੜਕਾਇਆ, ਸੁੱਤੀ ਹਿੰਦ ਨੂੰ ਜਗਾਇਆ,
ਵਖ਼ਤ ਗੋਰਿਆਂ ਨੂੰ ਪਾਇਆ, ਕਲਾ ਅਜਬ ਦਿਖਾਲੀ ਹੈ।
ਰੋਟੀ ਅੱਠੀ ਪਹਿਰੀਂ ਖਾਵੇ, ਪੈਰੀਂ ਜੋੜਾ ਵੀ ਨਾ ਪਾਵੇ,
ਦੁਖ ਵੀਰਾਂ ਦੇ ਵੰਡਾਵੇ, ਫਿਰੇ ਜਿਵੇਂ ਘਟਾ ਬਣ ਕਾਲੀ ਹੈ।
ਮੁਰੱਬੇ ਇਨਾਮ ਦੇ ਛਪਾਏ, ਡਰਦਾ ਹੱਥ ਕੋਈ ਨਾ ਪਾਏ,
ਦੇਖ ਦੂਰੋਂ ਭੱਜ ਜਾਏ, ਤਿੰਨ ਫੁੱਟੀ ਜਿਉਂ ਦਿਖਾਲੀ ਹੈ।
ਸ਼ੇਰ ਗੱਜੇ ਨਨਕਾਣੇ, ਬਚਨ ਕਰੇ ਮਨ-ਭਾਣੇ,
ਹੱਥ ਜ਼ਾਲਮਾਂ ਨਾ ਆਣੇ, ਮੋਤਾ ਸਿੰਘ ਜੋ ਅਕਾਲੀ ਹੈ।

# 26. ਧੰਨਾ ਸਿੰਘ ਬਹਿਬਲਪੁਰੀਏ ਦੀ ਮਫ਼ਰੂਰੀ

ਪਿੰਡ ਬਹਿਬਲਪੁਰ ਥਾਣਾ ਮਾਹਲਪੁਰ, ਜ਼ਿਲਾ ਹੁਸ਼ਿਆਰਪੁਰ ਦੇ ਹਲਕੇ ਵਿਚ ਪੈਂਦਾ ਹੈ। ਧੰਨਾ ਸਿੰਘ ਇਸੇ ਪਿੰਡ ਦੇ ਅਕਾਲੀ ਜਥੇ ਦਾ ਜਥੇਦਾਰ ਸੀ। ਦੂਜੇ ਬੰਨੇ ਇਸੇ ਪਿੰਡ ਦਾ ਲੰਬੜਦਾਰ ਦਰਬਾਰਾ ਸਿੰਘ ਆਪ ਤਾਂ ਇਕ ਭਲਾਮਾਣਸ ਬੰਦਾ ਸੀ, ਪਰ ਇਹਦਾ ਛੋਟਾ ਭਰਾ ਹਜ਼ਾਰਾ ਸਿੰਘ ਸ਼ੈਤਾਨ ਦੀ ਟੂਟੀ ਪੱਕਾ ਬਦਮਾਸ਼ ਸੀ। ਉਹਨੇ ਵੱਡੇ ਭਰਾ ਤੋਂ ਲੰਬੜਦਾਰੀ ਹਥਿਆ ਲਈ ਸੀ ਅਤੇ ਖ਼ੁਦ ਸਰਬਰਾਹ ਬਣ ਕੇ ਪੁਲਸ ਦਾ ਪੱਕਾ ਹੱਥ-ਠੋਕਾ ਬਣ ਚੁਕਿਆ ਸੀ। ਉਹ ਐਵੇਂ ਮਨਘੜਤ ਗੱਲਾਂ ਬਣਾ ਕੇ ਅਕਾਲੀਆਂ ਵਿਰੁੱਧ ਮੁਖ਼ਬਰੀਆਂ ਕਰਦਾ ਰਹਿੰਦਾ।

ਉਹਨੇ ਇਸੇ ਪਿੰਡ ਦੇ ਇਕ ਰਮਦਾਸੀਆਂ ਦੇ ਮੁੰਡੇ ਦੀ ਸ਼ਰਾਬ ਦੀ ਭੱਠੀ ਮੁਖ਼ਬਰੀ ਕਰਕੇ ਪੁਲਸ ਨੂੰ ਫੜਾ ਦਿੱਤੀ ਸੀ ਅਤੇ ਆਪ ਮੌਕੇ ਦਾ ਗਵਾਹ ਬਣ ਬੈਠਾ ਸੀ। ਉਹੋ ਮੁੰਡਾ ਸਿਫ਼ਾਰਸ਼ ਕਰਾਉਣ ਲਈ ਧੰਨਾ ਸਿੰਘ ਕੋਲ ਪੁਜਿਆ ਕਿ ਕਹਿ-ਸੁਣ ਕੇ ਲੰਬੜਦਾਰ ਨੂੰ ਗਵਾਹੀ ਦੇਣ ਤੋਂ ਰੋਕੋ। ਸੋ ਧੰਨਾ ਸਿੰਘ ਉਸ ਮੁੰਡੇ ਨੂੰ ਨਾਲ ਲੈ ਕੇ ਲੰਬੜਦਾਰ ਦੀ ਸੇਵਾ ਵਿਚ ਜਾ ਹਾਜ਼ਰ ਹੋਇਆ ਅਤੇ ਮੁੰਡੇ ਤੋਂ ਮਿੰਨਤ-ਤਰਲਾ ਕਰਵਾਇਆ ਕਿ ਇਕ ਵਾਰ ਮੁਆਫ਼ੀ ਦੇ ਦਿੱਤੀ ਜਾਵੇ। ਅਗੋਂ ਲਈ ਕੰਨ ਫੜਵਾ ਦਿੱਤੇ ਕਿ ਮੁੜ ਇਹੋ ਜਿਹੀ ਗ਼ਲਤੀ ਨਹੀਂ ਕਰੇਗਾ। ਧੰਨਾ ਸਿੰਘ ਨੇ ਲੰਬੜਦਾਰ ਨੂੰ ਕਿਹਾ ਕਿ ਗ਼ਰੀਬ ਲੜਕਾ ਹੈ, ਗ਼ਲਤੀ ਕਰ ਬੈਠਾ ਹੈ, ਤੁਸੀਂ ਜਿਵੇਂ ਵੀ ਹੋ ਸਕੇ, ਇਹਦੀ ਬੰਦ-ਖ਼ਲਾਸੀ ਕਰਵਾ ਦਿਉ। ਧੰਨਾ ਸਿੰਘ ਬੇਫ਼ਿਕਰ ਜਿਹਾ ਹੋ ਕੇ ਮੁੜ ਆਇਆ।

ਇਸ ਸ਼ੈਤਾਨ ਦੀ ਟੂਟੀ ਨੇ ਥਾਣੇ ਰਪਟ ਜਾ ਦਰਜ ਕਰਵਾਈ ਕਿ ਧੰਨਾ ਸਿੰਘ ਨੇ ਮੈਨੂੰ ਕਿਰਪਾਨ ਦਿਖਾ ਕੇ ਧਮਕੀ ਦਿਤੀ ਹੈ ਕਿ ਜੇ ਗਵਾਹੀ ਦਿੱਤੀ ਤਾਂ ਨਤੀਜਾ ਤੂੰ ਸਮਝ ਲੈ, ਕੀ ਨਿਕਲੇਗਾ। ਮੈਨੂੰ ਡਰਾ ਕੇ ਗਵਾਹੀ ਦੇਣ ਤੋਂ ਜਥੇਦਾਰ ਰੋਕ ਰਿਹਾ ਹੈ। ਅੰਨ੍ਹੇ ਨੂੰ ਕੀ ਚਾਹੀਦਾ ਸੀ, ਦੋ ਅੱਖਾਂ। ਥਾਣੇਦਾਰ ਨੇ ਰਪਟ ਦਰਜ ਕਰਨ ਦੀ ਕੀਤੀ ਅਤੇ ਦਫ਼ਾ 107 ਅਧੀਨ ਧੰਨਾ ਸਿੰਘ ਦੇ ਵਾਰੰਟ ਜਾਰੀ ਕਰਵਾ ਲਏ। ਇਹਦੀ ਖਬਰ ਧੰਨਾ ਸਿੰਘ ਨੂੰ ਵੀ ਮਿਲ ਗਈ। ਉਹ ਜਿਹਲ ਜਾਣਾ ਨਹੀਂ ਸੀ ਚਾਹੁੰਦਾ। ਸੋ ਵਾਰੰਟ ਵਾਪਸ ਕਰਾਉਣ ਦੀ ਕੋਸ਼ਿਸ਼ ਕਰਨ ਲੱਗ ਪਿਆ ਅਤੇ ਪਿੰਡੋਂ ਲਾਂਭੇ ਹੋ ਗਿਆ। ਇਹ ਵਾਰੰਟ 1922 ਦੇ ਅਖ਼ੀਰ ਜਿਹੇ ਜਾਰੀ ਹੋਏ ਸਨ, ਜਦੋਂ ਬਬਰ ਲਹਿਰ ਪੂਰੇ ਖੇੜੇ ਉੱਤੇ ਆ ਚੁੱਕੀ ਸੀ। ਉਹ ਭਾਈ ਕਿਸ਼ਨ ਸਿੰਘ ਦਾ ਵਾਕਫ਼ ਹੋ ਚੁਕਿਆ ਸੀ ਅਤੇ

ਕਈਆਂ ਜਲਸਿਆਂ ਵਿਚ ਨਾਲ ਵੀ ਜਾ ਚੁਕਿਆ ਸੀ। ਸੰਤ ਕਰਤਾਰ ਸਿੰਘ ਦੇ ਬਿਆਨ ਵਿਚ ਜ਼ਿਕਰ ਆ ਵੀ ਚੁਕਿਆ ਹੈ। ਉਹਨਾਂ ਦਿਨਾਂ ਵਿਚ ਸਿਰਫ਼ ਅੰਨ-ਪਾਣੀ ਦੀ ਸੇਵਾ ਹੀ ਕਰਿਆ ਕਰਦਾ ਸੀ।

ਬੂੜੇ ਬਾੜੀਆਂ ਦਾ ਕਰਤਾਰ ਸਿੰਘ (ਜਿਹੜਾ ਬਾਅਦ ਵਿਚ ਵਾਇਦਾ-ਮੁਆਫ਼ ਬਣ ਗਿਆ ਸੀ) ਪਿੰਡ ਦੇ ਅਕਾਲੀ ਜਥੇ ਦਾ ਜਥੇਦਾਰ ਸੀ ਅਤੇ ਇਹਦੀ ਨਜ਼ਦੀਕੀ ਰਿਸ਼ਤੇਦਾਰੀ ਪਿੰਡ ਜਿਆਣ ਦੇ ਇਕ ਗ਼ਦਾਰ ਬੇਲਾ ਸਿੰਘ ਅਤੇ ਉਹਦੇ ਭਰਾ ਜਵਾਲਾ ਸਿੰਘ ਨਾਲ ਸੀ। ਆਪਸ ਵਿਚ ਉਹ ਸਕੇ ਮਾਮੇ-ਭੂਆ ਦੇ ਪੁੱਤ ਭਰਾ ਸਨ ਅਤੇ ਗੂਹੜਾ ਮੇਲਜੋਲ ਸੀ। ਇਸੇ ਬੇਲਾ ਸਿੰਘ ਨੇ ਕੈਨੇਡਾ ਵਿਚ ਵੈਨਕੂਵਰ ਦੇ ਗੁਰਦੁਆਰੇ ਵਿਚ ਤਾਬਿਆ ਬੈਠੇ ਭਾਈ ਭਾਗ ਸਿੰਘ ਗਰੰਥੀ ਨੂੰ ਇਕ ਅੰਗਰੇਜ਼ ਅਫ਼ਸਰ ਮਿਸਟਰ ਹੈਪਕਿਨਜ਼ ਦੇ ਇਸ਼ਾਰੇ ਉੱਤੇ ਗੋਲੀ ਮਾਰ ਕੇ ਸ਼ਹੀਦ ਕੀਤਾ ਸੀ। ਉਸ ਸਮੇਂ ਗ਼ਦਰ ਪਾਰਟੀ ਜ਼ੋਰਾਂ ਉੱਤੇ ਸੀ। ਮੁਲਕ ਵਿਚ ਆਉਣ ਉੱਤੇ ਇਹਨੂੰ ਸਰਕਾਰ ਨੇ ਛੇ ਮੁਰੱਬੇ ਜ਼ਿਲਾ ਮੁਲਤਾਨ, ਚੱਕ 96 ਵਿਚ ਮੀਆਂ ਚੰਨੂ ਲਾਗੇ ਬਤੌਰ ਇਨਾਮ ਦਿੱਤੇ ਸਨ। ਇਸੇ ਚੱਕ ਦਾ ਸੰਬੰਧ ਬਬਰਾਂ ਨਾਲ ਅਤੇ ਖ਼ਾਸ ਤੌਰ ਉੱਤੇ ਇਨੇ ਧੰਨਾ ਸਿੰਘ ਨਾਲ ਬਾਅਦ ਵਿਚ ਜੁੜਿਆ ਸੀ। ਇਹਦਾ ਹਾਲ ਪੂਰੇ ਵਿਸਥਾਰ ਨਾਲ ਅਗੇ ਜਾ ਕੇ ਆਵੇਗਾ। ਸੋ ਪਾਠਕ ਹੁਣ ਤੋਂ ਹੀ ਨੋਟ ਕਰ ਲੈਣ। ਮੈਂ ਜਾਣ-ਬੁੱਝ ਕੇ ਬੇਲਾ ਸਿੰਘ ਅਤੇ ਜਵਾਲਾ ਸਿੰਘ ਦਾ ਜ਼ਿਕਰ ਇਸ ਲਈ ਕੀਤਾ ਹੈ ਕਿ ਇਹੋ ਜਿਹੇ ਚੰਡਾਲ ਸਾਡੇ ਇਲਾਕੇ ਵਿਚ ਵੀ ਹੋ ਗੁਜ਼ਰੇ ਹਨ।

ਕਰਤਾਰ ਸਿੰਘ ਬੂੜੇ ਬਾੜੀਆਂ ਅਤੇ ਧੰਨਾ ਸਿੰਘ ਅਕਾਲੀ ਜਥੇ ਦੇ ਜਥੇਦਾਰ ਹੋਣ ਕਰਕੇ ਇਕ ਦੂਜੇ ਦੇ ਚੰਗੀ ਤਰ੍ਹਾਂ ਜਾਣੂ ਸਨ। ਧੰਨਾ ਸਿੰਘ ਨੂੰ ਇਹ ਵੀ ਪਤਾ ਸੀ ਕਿ ਜਿਆਣੀਏ ਭਰਾ ਕਰਤਾਰ ਸਿੰਘ ਦੇ ਰਿਸ਼ਤੇਦਾਰ ਹਨ, ਜਿਨ੍ਹਾਂ ਦੀ ਸਰਕਾਰ ਵਿਚ ਕਾਫ਼ੀ ਮਾਨਤਾ ਹੈ। ਉਹ ਪੁਲਸ ਕਪਤਾਨ ਕੋਲ ਸਿਫ਼ਾਰਸ਼ ਕਰਕੇ ਵਾਰੰਟ ਵਾਪਸ ਕਰਵਾ ਸਕਦੇ ਹਨ। ਸੋ ਧੰਨਾ ਸਿੰਘ ਸਿੱਧਾ ਕਰਤਾਰ ਸਿੰਘ ਪਾਸ ਬੂੜੇ ਬਾੜੀਏਂ ਜਾ ਪੁੱਜਿਆ ਅਤੇ ਮਦਦ ਲਈ ਕਿਹਾ ਕਿ ਆਪਣੇ ਭਰਾਵਾਂ ਨੂੰ ਕਹਿ-ਸੁਣ ਕੇ 107 ਦੇ ਵਾਰੰਟ ਵਾਪਸ ਕਰਵਾ ਦੇਣ।

ਦੋਨੋਂ ਜਿਆਣ ਜਾ ਕੇ ਬੇਲਾ ਸਿੰਘ ਅਤੇ ਜਵਾਲਾ ਸਿੰਘ ਨੂੰ ਮਿਲੇ ਅਤੇ ਉਪਰ-ਲਿਖੀ ਮੰਗ ਉਹਨਾਂ ਅਗੇ ਜਾ ਰੱਖੀ। ਜਵਾਲਾ ਸਿੰਘ ਨੇ ਕਿਹਾ ਕਿ ਇਕ ਕਾਬਲ ਸਿੰਘ ਥਾਣੇਦਾਰ ਸੀ ਆਈ ਡੀ ਗੜ੍ਹਸ਼ੰਕਰ ਦੇ ਇਲਾਕੇ ਵਿਚ ਲਗਿਆ ਹੋਇਆ ਹੈ, ਚਲੋ ਉਹਨੂੰ ਮਿਲ ਕੇ ਗੱਲ ਕਰਦੇ ਹਾਂ। ਗੱਲ ਕੀ, ਕਾਬਲ ਸਿੰਘ ਤਿੰਨਾਂ ਨੂੰ ਨਾਲ ਲੈ ਕੇ ਹੁਸ਼ਿਆਰਪੁਰ ਪੁਲਸ ਕਪਤਾਨ ਨੂੰ ਮਿਲਣ ਲਈ ਚੱਲ ਪਿਆ। ਕਰਤਾਰ ਸਿੰਘ ਅਤੇ ਧੰਨਾ ਸਿੰਘ ਤਾਂ ਬਾਹਰ ਰਹੇ, ਜਵਾਲਾ ਸਿੰਘ ਅਤੇ ਕਾਬਲ ਸਿੰਘ ਨੇ ਪੁਲਸ ਕਪਤਾਨ ਨਾਲ ਗੱਲਬਾਤ ਕਰਨ ਪਿਛੋਂ ਧੰਨਾ ਸਿੰਘ ਨੂੰ ਆ ਦਸਿਆ ਕਿ ਸਾਹਿਬ ਬਹਾਦਰ ਇਸ ਸ਼ਰਤ ਉੱਤੇ ਵਾਰੰਟ ਵਾਪਸ ਲੈ ਲੈਣਗੇ ਜੇ ਧੰਨਾ ਸਿੰਘ ਭਾਈ ਕਿਸ਼ਨ ਸਿੰਘ ਗੜਗੱਜ ਨੂੰ ਗਰਿਫ਼ਤਾਰ ਕਰਵਾ ਦੇਵੇ। ਧੰਨਾ ਸਿੰਘ ਨੇ ਕਿਹਾ ਕਿ ਮੈਨੂੰ ਸੋਚ ਲੈਣ ਦਿਉ, ਜਲਦੀ ਹੀ ਦੱਸ ਦਿਆਂਗਾ। ਤੇ ਸਾਰੇ ਆਪੋ-ਆਪਣੇ ਠਿਕਾਣਿਆਂ ਨੂੰ ਚਲੇ ਗਏ। (ਦੇਖੋ ਪੇਪਰ-ਬੁੱਕ, ਸਫ਼ਾ 68, ਬਿਆਨ ਕਰਤਾਰ ਸਿੰਘ, ਵਾਇਦਾ-ਮੁਆਫ਼ ਗਵਾਹ ਨੰ: 10)

ਸਰਕਾਰੀ ਗਵਾਹ ਨੰ: 381, ਜਵਾਲਾ ਸਿੰਘ ਸਫ਼ਾ 702 ਉੱਤੇ ਬਿਆਨ ਸ਼ੁਰੂ ਹੀ

ਇਸੇ ਗੱਲ ਤੋਂ ਕਰਦਾ ਹੈ ਕਿ ਕਿਵੇਂ ਕਰਤਾਰ ਸਿੰਘ ਉਹਦੇ ਰਿਸ਼ਤੇਦਾਰ ਧੰਨਾ ਸਿੰਘ ਨੂੰ ਲੈ ਕੇ ਉਹਨਾਂ ਕੋਲ ਆਇਆ ਸੀ ਅਤੇ ਪੁਲਸ ਕਪਤਾਨ ਭਾਈ ਕਿਸ਼ਨ ਸਿੰਘ ਦੀ ਗਰਿਫ਼ਤਾਰੀ ਬਦਲੇ ਉਹਦੇ 107 ਦੇ ਵਾਰੰਟ ਵਾਪਸ ਲੈਣ ਲਈ ਰਜ਼ਾਮੰਦ ਹੋ ਗਿਆ ਸੀ। ਇਹ ਸੀ ਧੰਨਾ ਸਿੰਘ ਦੀ ਬੇਲਾ ਸਿੰਘ ਅਤੇ ਜਵਾਲਾ ਸਿੰਘ ਜਿਆਣੀਏ ਭਰਾਵਾਂ ਨਾਲ ਪਹਿਲੀ ਮੁਲਾਕਾਤ।

ਧੰਨਾ ਸਿੰਘ ਨੇ ਵਾਪਸ ਆ ਕੇ ਕੁਝ ਜ਼ਮੀਨ ਗਿਰਵੀ ਰੱਖੀ। ਇਸ ਰਕਮ ਨਾਲ ਉਹਨੇ ਇਕ ਬੰਦੂਕ ਅਤੇ ਇਕ ਤਿੰਨ-ਫੁੱਟੀ ਕਿਰਪਾਨ ਖ਼ਰੀਦੀ ਅਤੇ ਘਰ-ਵਾਰ ਤਿਆਗ ਕੇ ਸਿੱਧਾ ਬਬਰ ਕਰਮ ਸਿੰਘ ਦੌਲਤਪੁਰ ਅਤੇ ਉਦੇ ਸਿਘ ਰਾਮਗੜ੍ਹ ਝੁਗੀਆਂ ਨੂੰ ਜਾ ਮਿਲਿਆ। ਉਹਨੇ ਦੇਸ ਦੀ ਆਜ਼ਾਦੀ ਲਈ ਮਰ ਮਿਟਣ ਦਾ ਉਹਨਾਂ ਦੋਹਾਂ ਨਾਲ ਰਲ ਕੇ ਅਰਦਾਸਾ ਜਾ ਸੋਧਿਆ। ਹੁਣੇ ਹੀ ਇਹ ਗਲ ਦਸ ਜਾਵਾਂ ਕਿ ਬਬਰਾਂ ਨੇ ਜਿਹੜਾ ਪਹਿਲਾ ਇਸ਼ਤਿਹਾਰ ਪੰਜਾਬ ਦੇ ਲੈਫਟੀਨੈਂਟ ਗਵਰਨਰ ਦੇ ਨਾਂ 22 ਮਾਰਚ 1923 ਨੂੰ ਜਾ ਕੇ ਖੁੱਲ੍ਹੀ ਚਿੱਠੀ ਦੇ ਸਿਰਲੇਖ ਹੇਠ ਲਿਖ ਕੇ ਕਢਿਆ ਸੀ, ਉਹ ਇਹਨਾਂ ਤਿੰਨਾਂ ਦਾ ਹੀ ਕਾਰਨਾਮਾ ਸੀ। ਉਹਦੇ ਪਹਿਲੇ ਦੋ ਪਰਚੇ ਉਸੇ ਰਾਤ ਪਡੋਰੀ ਨਿਝਰਾਂ ਦੀ ਗਭਲੀ ਪੱਤੀ ਦੀ ਡਿਉਢੀ ਵਿਚ ਬਾਬੂ ਸੰਤਾ ਸਿਘ ਨੇ ਲਾਏ ਸਨ ਅਤੇ 23 ਮਾਰਚ 1923 ਨੂੰ ਦਿਨ ਚੜ੍ਹਦਿਆਂ ਹੀ ਪੁਲਸ ਦੀ ਧਾੜ ਨੇ ਪਿਡ ਨੂੰ ਆ ਘੇਰਿਆ ਸੀ। ਸਭ ਤੋਂ ਪਹਿਲਾ ਨੋਟਸ ਝੋਲੀ-ਚੁੱਕਾਂ ਨੂੰ ਕਤਲ ਕਰਨ ਦਾ ਇਹਨਾਂ ਤਿਨਾਂ ਦੇ ਦਸਖਤਾਂ ਥੱਲੇ ਹੀ ਪੁਲਸ ਨੂੰ ਮਿਲਿਆ, ਜਿਹੜਾ ਅੱਗੇ ਜਾ ਕੇ ਅਗਰੇਜ ਅਫ਼ਸਰਾਂ ਦੇ ਬਿਆਨਾਂ ਵਿਚ ਆਵੇਗਾ। ਇਹ ਸੀ ਤਿੰਨਾਂ ਸਿਰਲੱਥ ਯੋਧਿਆਂ ਦੀ ਪਹਿਲੀ ਮਿਲਣੀ। ਦੇਸ ਦੀ ਆਜ਼ਾਦੀ ਦੇ ਸੰਘਰਸ਼ ਵਿਚ ਅੱਗੇ ਜਾ ਕੇ ਇਹਨਾਂ ਨੇ ਕਿਹੋ ਜਿਹੇ ਕਾਰਨਾਮੇ ਕਰਕੇ ਸ਼ਹੀਦੀਆਂ ਪਾਈਆਂ ਸਨ, ਉਹਨਾਂ ਦੀ ਅੱਜ ਤੱਕ ਅਗੋਂ ਨਾ ਪਿਛੋਂ ਕੋਈ ਮਿਸਾਲ ਨਹੀਂ ਮਿਲਦੀ।

# 27. ਹੋਰ ਹਥਿਆਰ ਇਕੱਠੇ ਕਰਨ ਦੀ ਕੋਸ਼ਿਸ਼

ਇਕ ਦਿਨ ਭਾਈ ਕਿਸ਼ਨ ਸਿੰਘ ਜੀ ਨੇ ਆਪਣੇ ਸਾਥੀਆਂ ਨੂੰ ਦੱਸਿਆ ਕਿ ਉਹਨਾਂ ਨੂੰ ਪਤਾ ਲਗਿਆ ਹੈ ਕਿ ਕਲਕੱਤੇ ਦੀ ਇਕ ਫ਼ਰਮ ਚੋਰੀ-ਛਿੱਪੇ ਪਸਤੌਲ ਤਿਆਰ ਕਰਕੇ 50 ਰੁਪਏ ਦੇ ਹਿਸਾਬ ਵੇਚ ਰਹੀ ਹੈ। ਜੇ ਕੁਝ ਰਕਮ ਦਾ ਬੰਦੋਬਸਤ ਹੋ ਜਾਵੇ ਤਾਂ ਕੁਝ ਪਸਤੌਲ ਖ਼ਰੀਦ ਲੈਣੇ ਚਾਹੀਦੇ ਹਨ। ਕਰਮ ਸਿੰਘ ਝਿੰਗੜ ਨੇ ਦਸਿਆ ਕਿ "ਮੇਰਾ ਜਾਣੂ-ਪਛਾਣੂ ਸੰਧਵਾਂ ਦਾ ਇਕ ਠੇਕੇਦਾਰ ਬਰਮਾ ਸਿੰਘ ਅਜ-ਕੱਲ੍ਹ ਪਿੰਡ ਆਇਆ ਹੋਇਆ ਹੈ। ਉਹ ਇਸ ਕੰਮ ਲਈ ਸਾਡੀ ਜ਼ਰੂਰ ਮਦਦ ਕਰ ਸਕਦਾ ਹੈ। ਅਸੀਂ ਇਹ ਵੀ ਕਹਿ ਸਕਦੇ ਹਾਂ ਜੇ ਕਿਸੇ ਵਸੀਲੇ ਤੋਂ ਸਾਡੇ ਹੱਥ ਰਕਮ ਲਗ ਗਈ ਤਾਂ ਵਾਪਸ ਕਰ ਦਿਆਂਗੇ। ਮੇਰੀ ਜ਼ਬਾਨ ਉੱਤੇ ਉਹ ਇਤਬਾਰ ਕਰ ਲਵੇਗਾ। ਸੋ ਉਹਨੂੰ ਮਿਲ ਕੇ ਹਾਲ ਦੀ ਘੜੀ ਕੰਮ ਸਾਰ ਲੈਣਾ ਚਾਹੀਦਾ ਹੈ।"

ਕਰਮ ਸਿੰਘ ਝਿੰਗੜ ਨੇ ਇਕ ਦਿਨ ਸੁਨੇਹਾ ਭੇਜ ਕੇ ਉਹਨੂੰ ਆਪਣੇ ਕੋਲ ਬੁਲਾ ਲਿਆ ਅਤੇ ਆਪਣਾ ਮਨੋਰਥ ਦਸਿਆ। ਬਰਮਾ ਸਿੰਘ ਨੇ ਕਿਹਾ ਕਿ ਐਸ ਵੇਲੇ ਤਾਂ ਰਕਮ ਤਿਆਰ ਨਹੀਂ। ਉਹ ਕਲਕੱਤੇ ਜਾ ਰਿਹਾ ਹੈ। ਝਿੰਗੜ ਸਾਹਿਬ ਕਲਕੱਤੇ ਉਹਦੇ ਕੋਲ ਆ ਜਾਣ। ਉਥੇ ਉਹ ਆਪਣੇ ਕੋਲੋਂ ਅਤੇ ਆਪਣੇ ਮਿੱਤਰ ਦੋ-ਚਾਰ ਹੋਰ ਠੇਕੇਦਾਰਾਂ ਕੋਲੋਂ ਵੀ ਮਦਦ ਲੈ ਕੇ ਕੰਮ ਸਾਰ ਦੇਵੇਗਾ। ਸੋ ਬਰਮਾ ਸਿੰਘ ਆਪਣਾ ਪਤਾ ਦੱਸ ਕੇ ਚਲਿਆ ਗਿਆ।

ਅਖ਼ੀਰ 1922 ਅਤੇ ਸ਼ੁਰੂ 1923 ਵਿਚ ਬਬਰ ਲਹਿਰ ਪੂਰੇ ਜੋਬਨ ਉੱਤੇ ਆ ਚੁੱਕੀ ਸੀ। ਦੂਜੇ ਬੰਨੇ ਸਰਕਾਰ ਨੇ ਵੀ ਇਸ ਲਹਿਰ ਨੂੰ ਖ਼ਤਮ ਕਰਨ ਲਈ ਕਮਰਕਸੇ ਕਰ ਲਏ ਸਨ। ਸਮਝ ਲਉ, ਬਰਾਬਰ ਦੀ ਟੱਕਰ ਸ਼ੁਰੂ ਹੋ ਗਈ ਸੀ। ਹਿੰਦ ਸਰਕਾਰ ਵੱਲੋਂ ਪੰਜਾਬ ਸਰਕਾਰ ਨੂੰ ਹਦਾਇਤਾਂ ਮਿਲਣੀਆਂ ਸ਼ੁਰੂ ਹੋ ਗਈਆਂ ਕਿ ਹਰ ਕੀਮਤ ਉੱਤੇ ਇਹ ਲਹਿਰ ਖ਼ਤਮ ਕੀਤੀ ਜਾਵੇ। ਸੋ ਸੀ ਆਈ ਡੀ ਨੇ ਆਪਣੇ ਬੰਦੇ ਵੱਖ-ਵੱਖ ਭੇਸਾਂ ਵਿਚ, ਜਿਥੇ-ਜਿਥੇ ਬਬਰਾਂ ਦੇ ਠਿਕਾਣਿਆਂ ਦਾ ਪਤਾ ਲਗਦਾ ਗਿਆ, ਖਿਲਾਰਨੇ ਸ਼ੁਰੂ ਕਰ ਦਿਤੇ। ਵੈਦ, ਹਕੀਮ, ਪਹੁੰਚੇ ਹੋਏ ਫ਼ਕੀਰ, ਸੋਨਾ ਬਣਾਉਣ ਵਾਲੇ, ਭਾਟੜੇ, ਨਿਹੰਗ ਸਿੰਘ, ਗੱਲ ਕੀ ਸਭ ਭੇਖ ਧਾਰ ਕੇ ਸਾਰੇ ਦੁਆਬੇ ਵਿਚ ਪੂਰਾ ਜਾਲ ਵਿਛਾ ਲਿਆ ਗਿਆ ਅਤੇ ਖੁਲ੍ਹੀਆਂ ਰਕਮਾਂ ਖ਼ਰਚਣ ਦੀ ਖੁੱਲ੍ਹ ਦੇ ਦਿਤੀ ਗਈ।

ਦੂਜੇ ਬੰਨੇ, ਵੱਡੇ-ਵੱਡੇ ਝੋਲੀ-ਚੁੱਕ ਡਰ ਦੇ ਮਾਰੇ ਦੁਆਬਾ ਛੱਡ ਬਾਰ ਨੂੰ ਭੱਜ ਰਹੇ ਸਨ। ਕਈਆਂ ਨੇ ਦਸ-ਨੰਬਰੀਏ ਬਦਮਾਸ਼ ਆਪਣੇ ਦੁਆਲੇ ਇਕੱਠੇ ਕਰਕੇ ਪਹਿਰਾ

ਲੁਆ ਲਿਆ ਸੀ। ਉਹਨਾਂ ਨੂੰ ਬਦਮਾਸ਼ੀਆਂ ਅਤੇ ਚੋਰੀਆਂ ਕਰਨ ਦੀ ਖੁੱਲ੍ਹੀ ਛੁੱਟੀ ਮਿਲ ਚੁੱਕੀ ਸੀ। ਇਹ ਭੱਦਰ ਪੁਰਸ਼ ਦੋਹੀਂ ਪਾਸੀਂ ਆਪਣਾ ਉੱਲੂ ਸਿੱਧਾ ਕਰਨ ਲੱਗ ਪਏ ਸਨ ਅਤੇ ਆਉਣ ਵਾਲੇ ਖ਼ਤਰੇ ਤੋਂ ਬਬਰਾਂ ਨੂੰ ਵੀ ਚੁਕੰਨਾ ਕਰ ਛਡਦੇ ਸਨ। ਇਹ ਸਨ ਹਾਲਾਤ ਉਹਨਾਂ ਦਿਨਾਂ ਦੇ, ਜਿਨ੍ਹਾਂ ਥਾਣੀਂ ਦੋਨੋਂ ਧਿਰਾਂ ਲੰਘ ਰਹੀਆਂ ਸਨ।

ਇਸ ਸੰਬੰਧ ਵਿਚ ਪਹਿਲੀ ਮੀਟਿੰਗ 26 ਨਵੰਬਰ 1922 ਨੂੰ ਜਲੰਧਰ ਦੇ ਡਿਪਟੀ ਕਮਿਸ਼ਨਰ ਮਿਸਟਰ ਸੀ ਡਬਲਯੂ ਜੈਕਬ ਆਈ ਸੀ ਐਸ ਨੇ ਆਪਣੀ ਕੋਠੀ ਵਿਚ ਹੇਠ ਲਿਖੇ ਅਫ਼ਸਰਾਂ ਦੀ ਬੁਲਾਈ। ਮਿਸਟਰ ਐਫ ਸੀ ਆਈਸਮੌਂਗਰ, ਸੀ ਬੀ ਆਈ, ਡੀ ਆਈ ਜੀ, ਸੀ ਆਈ ਡੀ, ਲਾਹੌਰ, ਮਿਸਟਰ ਮੈਥਿਊ, ਪੁਲਸ ਕਪਤਾਨ ਜਲੰਧਰ ਅਤੇ ਹੁਸ਼ਿਆਰਪੁਰ ਦਾ ਅੰਗਰੇਜ਼ ਪੁਲਸ ਕਪਤਾਨ, ਅਤੇ ਸੀ ਆਈ ਡੀ ਦਾ ਇੰਸਪੈਕਟਰ ਮੀਰ ਫ਼ਜਲ ਇਮਾਮ, ਜਿਹੜਾ ਪੂਰੇ ਅਖ਼ਤਿਆਰ ਦੇ ਕੇ ਜਲੰਧਰ, ਹੁਸ਼ਿਆਰਪੁਰ ਤੇ ਰਿਆਸਤ ਕਪੂਰਥਲੇ ਦੇ ਹਲਕਿਆਂ ਦਾ ਇੰਚਾਰਜ ਥਾਪਿਆ ਗਿਆ ਸੀ।

ਇਹ ਮੀਰ ਫ਼ਜ਼ਲ ਇਮਾਮ ਅਖ਼ੀਰ ਤੱਕ ਸਾਡੇ ਨਾਲ ਚਿੰਬੜਿਆ ਹੀ ਰਿਹਾ ਸੀ। ਸਿਰਫ਼ ਪਜ ਕੁ ਜਮਾਤਾਂ ਪੜ੍ਹਿਆ ਹੋਇਆ ਇਹ ਅਫ਼ਸਰ ਵਡੇ-ਵਡੇ ਚਲਾਕਾਂ ਦੇ ਕੰਨ ਕੁਤਰਦਾ ਸੀ। ਇਹ ਰਿਆਸਤ ਪਟਿਆਲਾ ਦੇ ਕਸਬੇ ਬਨੂੜ ਦਾ ਰਹਿਣ ਵਾਲਾ ਸੀ। ਆਖ਼ਰ ਉਹਦੀਆਂ ਚਲਾਕੀਆਂ ਅਤੇ ਹੁਸ਼ਿਆਰੀਆਂ ਦੀ ਦਾਦ ਦੇਣੀ ਹੀ ਪੈਂਦੀ ਹੈ। ਉਪਰ-ਲਿਖੇ ਸਾਰੇ ਅਫ਼ਸਰਾਂ ਦੇ ਅਦਾਲਤ ਵਿਚ ਦਿਤੇ ਬਿਆਨ ਅਗੇ ਜਾ ਕੇ ਪਾਠਕ ਪੜ੍ਹ ਹੀ ਲੈਣਗੇ।

ਇਸ ਮੀਟਿੰਗ ਤੋਂ ਪਹਿਲਾਂ ਸਰਕਾਰ ਵੱਲੋਂ ਮਾਸਟਰ ਮੋਤਾ ਸਿੰਘ ਦੀ ਗਰਿਫ਼ਤਾਰੀ ਬਦਲੇ 1,000 ਰੁਪਏ ਅਤੇ ਭਾਈ ਕਿਸ਼ਨ ਸਿੰਘ ਦੀ ਗਰਿਫ਼ਤਾਰੀ ਬਦਲੇ 200 ਰੁਪਏ ਇਨਾਮ ਦੇਣ ਦੇ ਇਸਤਿਹਾਰ ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਵਿਚ ਛਪਵਾ ਕੇ ਪਿੰਡਾਂ ਵਿਚ ਲੁਆਏ ਗਏ ਸਨ। ਤੇ ਪਿੰਡਾਂ ਵਿਚ ਮੁਨਾਦੀਆਂ ਵੀ ਕਰਵਾਈਆਂ ਗਈਆਂ ਸਨ। ਇਹ ਦੋਵੇਂ ਪਹਿਲੇ ਅਕਾਲੀ ਕੇਸ ਵਿਚੋਂ ਮਫ਼ਰੂਰ ਕਰਾਰ ਦੇ ਕੇ ਇਸ਼ਤਿਹਾਰੀ ਭਗੌੜੇ ਕਰਾਰ ਦੇ ਦਿਤੇ ਗਏ ਸਨ। ਬਾਅਦ ਵਿਚ ਮਾਸਟਰ ਮੋਤਾ ਸਿੰਘ ਜੀ ਗਰਿਫ਼ਤਾਰ ਕਰ ਲਏ ਗਏ ਸਨ। ਸਭ ਹਾਲ ਪਾਠਕ ਪੜ੍ਹ ਹੀ ਆਏ ਹਨ। ਇਸ ਮੀਟਿੰਗ ਵਿਚ ਹੇਠ-ਲਿਖੇ ਇਨਾਮਾਂ ਦਾ ਐਲਾਨ ਕਰਨ ਦੀ ਮਨਜ਼ੂਰੀ ਦਿੱਤੀ ਗਈ, ਜੀਹਦੇ ਇਸ਼ਤਿਹਾਰ ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਵਿਚ ਹਰ ਪਿੰਡ ਲੁਆਏ ਗਏ। ਮੁਨਾਦੀਆਂ ਵੀ ਕਰਵਾਈਆਂ ਗਈਆਂ। ਸੀ ਆਈ ਡੀ ਦੇ ਬੰਦੇ ਤਿੰਨਾਂ ਇਲਾਕਿਆਂ ਵਿਚ ਖਿਲਾਰ ਦਿਤੇ ਗਏ।

ਭਾਈ ਕਿਸ਼ਨ ਸਿੰਘ ਜੀ ਸੰਬੰਧੀ ਇਨਾਮ 200 ਤੋਂ ਵਧਾ ਕੇ 2,000 ਰੁਪਏ ਕਰ ਦਿੱਤਾ ਗਿਆ ਅਤੇ ਕਰਮ ਸਿੰਘ ਝਿੰਗੜ ਲਈ 500, ਮਾਸਟਰ ਦਲੀਪ ਸਿੰਘ ਗੋਸਲ ਲਈ 500, ਬਬਰ ਕਰਮ ਸਿੰਘ ਦੌਲਤਪੁਰ ਲਈ 1,000 ਅਤੇ ਆਸਾ ਸਿੰਘ ਭੁਕੜੂੰਦੀ ਲਈ 250 ਰੁਪਏ ਦਾ ਇਨਾਮ ਐਲਾਨਿਆ ਗਿਆ। ਇਹਨਾਂ ਇਨਾਮੀ ਇਸ਼ਤਿਹਾਰਾਂ ਦੇ ਪਰਚੇ ਬਬਰਾਂ ਕੋਲ ਵੀ ਪੁੱਜ ਗਏ ਅਤੇ ਉਹ ਹੋਰ ਵੀ ਚੁਕੰਨੇ ਹੋ ਗਏ। ਉਧਰ ਮੀਰ ਫ਼ਜਲ ਇਮਾਮ ਨੇ ਵੀ ਆਪਣੀ ਪੂਰੀ ਸੈਨਾ ਲੈ ਕੇ ਜਲੰਧਰ ਡੇਰੇ ਜਮਾ ਲਏ ਅਤੇ ਸਾਡੇ ਪਿੰਡ ਇਕ ਅਜਿਹਾ ਜਾਸੂਸ ਭੇਜ ਦਿੱਤਾ, ਜੀਹਦਾ ਸਾਨੂੰ ਉਸ ਦਿਨ ਪਤਾ ਲਗਿਆ ਜਿਸ ਦਿਨ ਉਹ ਗਵਾਹੀ ਦੇਣ ਲਈ ਅਦਾਲਤ ਦੇ ਕਟਹਿਰੇ ਵਿਚ ਆ

ਖਲੋਤਾ। ਉਹਦਾ ਜ਼ਿਕਰ ਮੀਰ ਫ਼ਜ਼ਲ ਇਮਾਮ ਨੇ ਆਪਣੀ ਗਵਾਹੀ ਦਿੰਦਿਆਂ ਇਸ ਤਰ੍ਹਾਂ ਕੀਤਾ ਸੀ ਕਿ ਅਜੀਤ ਸਿੰਘ ਉਰਫ਼ ਰਣਜੀਤ ਸਿੰਘ ਮੇਰਾ ਖ਼ਾਸ ਮੁਖ਼ਬਰ ਸੀ। (ਦੇਖੋ ਪੇਪਰ-ਬੁੱਕ, ਸਫ਼ਾ 845)।

ਇਹ ਠੋਸ ਅਨਪੜ੍ਹ, ਯੱਭਲ ਜਿਹਾ ਜੱਟ ਪਿੰਡ ਢਾਡਾ, ਥਾਣਾ ਮਾਹਲਪੁਰ, ਜ਼ਿਲਾ ਹੁਸ਼ਿਆਰਪੁਰ ਦੇ ਰਹਿਣ ਵਾਲਾ ਸੀ। ਇਹ ਵੀ ਕੈਨੇਡਾ ਹੋ ਆਇਆ ਸੀ। ਉਥੇ ਹੀ ਇਹ ਬਬਰ ਕਰਮ ਸਿੰਘ ਦੌਲਤਪੁਰ, ਆਸਾ ਸਿੰਘ ਭੁਕੜੌਦੀ (ਵਾਇਦਾ-ਮੁਆਫ਼) ਅਤੇ ਕਰਤਾਰ ਸਿੰਘ ਤੇ ਹੁਕਮ ਸਿੰਘ ਪੰਡੋਰੀ ਨਿੱਝਰਾਂ ਦੇ ਬਾਪ ਦੇਵਾ ਸਿੰਘ ਦਾ ਚੰਗਾ ਵਾਕਫ਼ ਬਣ ਚੁਕਿਆ ਸੀ। ਤਾਇਆ ਦੇਵਾ ਸਿੰਘ ਵੀ ਕੈਨੇਡਾ ਤੋਂ ਆਇਆ ਹੋਇਆ ਸੀ। ਉਹਨੇ ਉਧਰੋਂ ਆ ਕੇ ਚਾਰ ਖਣਾਂ ਦੀ ਪੱਕੀ ਬੈਠਕ ਬਣਾ ਲਈ ਸੀ, ਜੋ ਸਾਡੇ ਘਰ-ਹਵੇਲੀਆਂ ਦੇ ਬਿਲਕੁਲ ਨਾਲ ਲਗਦੀ ਸੀ। ਮੇਰਾ, ਬੂਟਾ ਸਿੰਘ, ਊਧਮ ਸਿੰਘ, ਹਰਨਾਮ ਸਿੰਘ ਅਤੇ ਵਡੇ ਕਰਤਾਰ ਸਿੰਘ ਦੇ ਘਰ-ਹਵੇਲੀਆਂ ਬਿਲਕੁਲ ਇਸ ਬੈਠਕ ਦੇ ਨਾਲ ਲਗਦੇ ਸਨ ਅਤੇ ਸਾਡਾ ਇਕੱਠ ਇਥੇ ਹੀ ਹੋਣ ਲੱਗ ਪਿਆ ਸੀ। ਕਰਤਾਰ ਸਿੰਘ ਦਾ ਚਾਚਾ ਮੁਣਸ਼ਾ ਸਿੰਘ ਇਸੇ ਬੈਠਕ ਵਿਚ ਰਹਿੰਦਾ ਸੀ।

ਢਾਡੀਆ ਅਜੀਤ ਸਿੰਘ ਹਕੀਮ ਦਾ ਸਾਂਗ ਬਣਾ ਕੇ ਇਕ ਤਰ੍ਹਾਂ ਨਾਲ ਇਸੇ ਬੈਠਕ ਦਾ ਵਾਸੀ ਬਣ ਗਿਆ, ਕਿਉਂਕਿ ਤਾਏ ਦੇਵਾ ਸਿੰਘ ਨਾਲ ਉਹਦੀ ਪਹਿਲਾਂ ਹੀ ਕੈਨੇਡਾ ਵਿਚ ਜਾਣ-ਪਛਾਣ ਹੋ ਚੁੱਕੀ ਸੀ। ਗਰਮੀਆਂ ਦੇ ਦਿਨ ਸਨ। ਉਹ ਕਈ ਕਿਸਮ ਦੀਆਂ ਬੂਟੀਆਂ, ਕੂੰਡੇ, ਘੋਟਣੇ, ਬਦਾਮ, ਖ਼ਸਖ਼ਸ, ਖੰਡ ਅਤੇ ਸਰਦਾਈ ਦਾ ਵਧੀਆ ਸਾਮਾਨ ਲੈ ਆਇਆ। ਛੋਟੀਆਂ ਲੈਚੀਆਂ ਅਤੇ ਕੂਜ਼ਾ ਮਿਸਰੀ ਦੇ ਖੁੱਲ੍ਹੇ ਗੱਫੇ ਲੁਆਉਣ ਲਗ ਪਿਆ ਅਤੇ ਲਗਿਆ ਸਾਥੋਂ ਬੂਟੀਆਂ ਰਗੜਾਉਣ। ਗੱਲ ਕੀ ਖੁਲ੍ਹਾ ਖ਼ਰਚ ਕਰਕੇ ਉਸ ਜਾਦੂਗਰ ਨੇ ਸਾਰਿਆਂ ਨੂੰ ਕੀਲ ਲਿਆ। ਮੁਫ਼ਤ ਦੇ ਪਦਾਰਥ ਭਲਾ ਉਹਨਾਂ ਦਿਨਾਂ ਵਿਚ ਕੌਣ ਛਡਦਾ ਸੀ। ਉਧਰ ਅਜੀਤ ਸਿੰਘ ਚੌਥੇ-ਪੰਜਵੇਂ ਦਿਨ ਚਾਚੇ ਮੁਣਸ਼ਾ ਸਿੰਘ ਨੂੰ ਨਾਲ ਲੈ ਜਲੰਧਰ ਜਾ ਵੜਦਾ। ਉਹਨੂੰ ਕਿਸੇ ਹੋਟਲ ਵਿਚ ਲਿਜਾ ਕੇ ਅਧੀਆ ਲੈ ਦਿੰਦਾ ਅਤੇ ਮੀਟ ਦੀਆਂ ਪਲੇਟ ਦਾ ਆਰਡਰ ਦੇ ਕੇ ਆਪ ਖਿਸਕ ਜਾਂਦਾ। ਉਹ ਸਾਰੀ ਖ਼ਬਰ ਮੀਰ ਸਾਹਿਬ ਨੂੰ ਦੇ ਕੇ ਲੋੜੀਂਦਾ ਸਾਮਾਨ ਖ਼ਰੀਦ ਲੈਂਦਾ। ਦੋਵੇਂ ਰਾਤ ਤੱਕ ਵਾਪਸ ਘਰ ਮੁੜ ਆਉਂਦੇ। ਆਦਮਪੁਰੋਂ ਆ ਕੇ ਇਕ ਅਧੀਆ ਹੋਰ ਲੈ ਕੇ ਚਾਚੇ ਮੁਣਸ਼ਾ ਸਿੰਘ ਨੂੰ ਦੇ ਛਡਦਾ।

ਉਹਨਾਂ ਹੀ ਦਿਨਾਂ ਵਿਚ ਭਾਈ ਕਿਸ਼ਨ ਸਿੰਘ ਦਾ ਆਉਣਾ-ਜਾਣਾ ਇਸੇ ਬੈਠਕ ਵਿਚ ਸ਼ੁਰੂ ਹੋ ਚੁਕਿਆ ਸੀ। ਇਧਰ ਅਸੀਂ ਖ਼ੂਬ ਸਰਦਾਈਆਂ ਘੋਟ-ਘੋਟ ਛਕਿਆ ਕਰੀਏ ਅਤੇ ਉਧਰ ਜੋ ਵੀ ਬਬਰਾਂ ਬਾਬਤ ਸਾਨੂੰ ਪਤਾ ਲਗਦਾ ਜਾਂ ਚਿੱਠੀ-ਚਪੱਠੀ ਪੁਚਾਉਂਦੇ, ਹਰ ਨਿੱਕੀ-ਨਿੱਕੀ ਗੱਲ ਦਾ ਪਤਾ ਅਜੀਤ ਸਿੰਘ ਨੂੰ ਲੱਗਣ ਲੱਗ ਗਿਆ।

ਮੈਂ ਉਹਨਾਂ ਦਿਨਾਂ ਦੀ ਸਾਰੀ ਗੱਲ ਥੋੜ੍ਹੇ ਸ਼ਬਦਾਂ ਵਿਚ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਮੀਰ ਫ਼ਜ਼ਲ ਇਮਾਮ ਸਾਹਿਬ ਦਾ ਬਿਆਨ ਤਾਂ ਬਾਅਦ ਵਿਚ ਆਉਣਾ ਹੀ ਹੈ, ਜਦੋਂ ਬਾਕੀ ਅੰਗਰੇਜ਼ ਅਤੇ ਦੇਸੀ ਅਫਸਰਾਂ ਦੇ ਬਿਆਨ ਦਰਜ ਕਰਾਂਗਾ। ਪਰ ਇਹਦਾ ਬਿਆਨ ਇਥੇ ਹੀ ਦਰਜ ਕਰ ਦਿੰਦਾ ਹਾਂ। (ਪੇਪਰ-ਬੁੱਕ, ਸਫ਼ਾ 377, ਤਾਰੀਖ਼

28 ਅਗਸਤ 1924, ਸਰਕਾਰੀ ਗਵਾਹ ਨੰ: 107, ਰਣਜੀਤ ਸਿੰਘ ਉਰਫ਼ ਅਜੀਤ ਸਿੰਘ ਵਲਦ ਭਗਵਾਨ ਸਿੰਘ, ਉਮਰ 40 ਸਾਲ, ਜ਼ਾਤ ਜੱਟ-ਸਿੱਖ, ਪਿਡ ਢਾਡਾ ਕਲਾਂ, ਜ਼ਿਲਾ ਹੁਸ਼ਿਆਰਪੁਰ) :

"ਮੈਂ ਹਿਕਮਤ ਦਾ ਕੰਮ ਕਰਦਾ ਹਾਂ। ਕੋਈ 20 ਸਾਲ ਹੋਏ, ਮੈਂ ਕੈਨੇਡਾ ਗਿਆ ਸੀ ਅਤੇ ਪੰਡੋਰੀ ਨਿੱਝਰਾਂ ਦਾ ਦੇਵਾ ਸਿੰਘ ਮੇਰਾ ਵਾਕਫ ਬਣ ਗਿਆ ਸੀ। ਨਾਲ ਹੀ ਨਰੈਣ ਸਿੰਘ ਉਰਫ਼ ਕਰਮ ਸਿੰਘ ਦੌਲਤਪੁਰ ਵੀ ਉਥੇ ਹੀ ਮੇਰਾ ਜਾਣੂ ਬਣ ਗਿਆ ਸੀ। ਪੰਜ ਕੁ ਸਾਲ ਹੋਏ, ਮੈਂ ਦੌਲਤਪੁਰ ਗਿਆ ਸੀ। ਮੈਨੂੰ ਉਥੇ ਕਰਮ ਸਿਘ ਮਿਲਿਆ ਸੀ ਜਿਹੜਾ ਬਾਅਦ ਵਿਚ ਬਬਰ ਬਣ ਗਿਆ ਸੀ, ਜੀਹਦੀ ਆਹ ਫ਼ੋਟੋ ਪੀ ਏ 181 ਹੈ। ਕੋਈ ਦੋ ਕੁ ਸਾਲ ਹੋਏ, ਮੈਂ ਪੰਡੋਰੀ ਨਿੱਝਰਾਂ ਵਿਚ ਦੇਵਾ ਸਿਘ ਦੀ ਬੈਠਕ ਵਿਚ ਸੌਣ ਲੱਗ ਪਿਆ ਸੀ। ਇਕ ਦਿਨ ਦਰਵਾਜ਼ੇ ਦਾ ਕੁੰਡਾ ਰਾਤ ਨੂੰ ਖੜਕਿਆ। ਮੈਂ ਉੱਠ ਕੇ ਕੁੰਡਾ ਖੋਲ੍ਹਿਆ ਤਾਂ ਬਬਰ ਕਰਮ ਸਿੰਘ, ਭਾਈ ਕਿਸ਼ਨ ਸਿੰਘ ਅਤੇ ਬਾਬੂ ਸੰਤਾ ਸਿੰਘ ਬਾਹਰ ਖੜੋਤੇ ਸਨ। ਮੁਣਸ਼ਾ ਸਿੰਘ ਨੇ ਉਹਨਾਂ ਨੂੰ ਅੰਦਰ ਲਿਆਂਦਾ। ਕਿਸਨ ਸਿੰਘ ਨੇ ਮੇਰੇ ਬਾਬਤ ਪੁੱਛ-ਗਿੱਛ ਕੀਤੀ। ਮੁਨਸ਼ਾ ਸਿੰਘ ਨੇ ਕਿਹਾ ਕਿ ਇਹ ਆਪਣਾ ਹੀ ਆਦਮੀ ਹੈ, ਇਹਦੇ ਪਾਸੋਂ ਘਬਰਾਉਣ ਦੀ ਲੋੜ ਨਹੀਂ। ਬਬਰ ਕਰਮ ਸਿੰਘ ਨੇ ਵੀ ਆਖ ਦਿਤਾ ਕਿ ਆਪਣਾ ਇਹ ਵੀ ਮੋਹਤਬਰ ਸਾਥੀ ਹੈ, ਮੈਂ ਇਹਨੂੰ ਚਿਰਾਂ ਤੋਂ ਜਾਣਦਾ ਹਾਂ।"

ਬਿਆਨ ਜਾਰੀ ਰਹਿੰਦਾ ਹੈ ਕਿ ਉਹ ਗੁਰਦੁਆਰਾ ਕਿਸ਼ਨਪੁਰਾ ਤੱਕ ਵੀ ਜਾਣ ਲੱਗ ਪਿਆ ਸੀ। ਸੰਤ ਕਰਤਾਰ ਸਿੰਘ ਨੇ ਵੀ ਬਿਆਨਾਂ ਵਿਚ ਇਸੇ ਸ਼ਖਸ ਦਾ ਗੁਰਦੁਆਰੇ ਅਤੇ ਹੋਰਨੀਂ ਥਾਂਈਂ ਬਬਰਾਂ ਨੂੰ ਮਿਲਦੇ ਰਹਿਣ ਦਾ ਜ਼ਿਕਰ ਕੀਤਾ ਹੈ। ਅੱਗੇ ਚੱਲ ਕੇ ਉਹ ਦਸਦਾ ਹੈ :

"ਭਾਈ ਕਿਸ਼ਨ ਸਿੰਘ ਨੇ ਮੁਣਸ਼ਾ ਸਿੰਘ ਨੂੰ ਬਬਰ ਜਥੇ ਦੇ ਮੈਂਬਰ ਇਕੱਠੇ ਕਰਨ ਲਈ ਕਿਹਾ ਤਾਂ ਮੁਣਸ਼ਾ ਸਿੰਘ ਨੇ ਆਪਣੇ ਭਤੀਜੇ ਕਰਤਾਰ ਸਿੰਘ ਨੂੰ ਘੱਲ ਦਿਤਾ। ਉਹ ਜਾ ਕੇ ਨਿਰਵੈਰ ਸਿੰਘ, ਸਾਧਾ ਸਿੰਘ, ਹੁਕਮ ਸਿੰਘ ਅਤੇ ਮਿਲਖਾ ਸਿੰਘ ਨੂੰ ਸੱਦ ਲਿਆਇਆ। (ਗਵਾਹ ਨੇ ਸਭ ਦੀ ਸ਼ਨਾਖ਼ਤ ਠੀਕ ਤੌਰ ਉੱਤੇ ਕਰ ਲਈ ਸੀ। ਇਹ ਸਾਰੇ ਮੁਲਜ਼ਮ ਪੰਡੋਰੀ ਨਿੱਝਰਾਂ ਦੇ ਹੀ ਸਨ।) ਬਾਅਦ ਵਿਚ ਸਾਰੇ ਇਕੱਠੇ ਹੀ ਬਾਹਰ ਨੂੰ ਚਲੇ ਗਏ ਸਨ। ਮੈਂ ਅਤੇ ਮੁਣਸ਼ਾ ਸਿੰਘ ਹੀ ਬੈਠਕ ਵਿਚ ਰਹਿ ਗਏ ਸੀ। ਕਿਉਂਕਿ ਮੇਰੀ ਡਿਊਟੀ ਪੰਡੋਰੀ ਨਿੱਝਰਾਂ ਲਈ ਮੁਕਰਰ ਸੀ ਅਤੇ ਮੈਂ ਆਪਣੀ ਪੈਂਠ ਏਨੀਂ ਪੱਕੀ ਤਰ੍ਹਾਂ ਜਮਾ ਲਈ ਸੀ ਕਿ ਸਮਝੋ ਪੰਡੋਰੀ-ਨਿਵਾਸੀ ਹੀ ਬਣ ਗਿਆ ਸੀ, ਬਬਰ ਕਈ ਵਾਰ ਆਏ, ਪਰ ਹਰ ਵਾਰ ਰਾਤ ਨੂੰ ਹੀ ਆਏ। ਜੇ ਦਿਨੇ ਠਹਿਰੇ ਵੀ ਤਾਂ ਮੈਂ ਇਹ ਚਾਹੁੰਦਾ ਹੋਇਆ ਵੀ ਕਿ ਕਿਸੇ ਨਾ ਕਿਸੇ ਤਰ੍ਹਾਂ ਮੀਰ ਸਾਹਿਬ ਨੂੰ ਖ਼ਬਰ ਕਰ ਆਵਾਂ, ਡਰਦਾ ਹੋਇਆ ਖ਼ਬਰ ਨਾ ਕਰ ਸਕਿਆ ਕਿ ਜੇ ਰੱਤੀ ਜਿੰਨਾ ਵੀ ਸ਼ੱਕ ਪੈ ਗਿਆ ਕਿ ਮੈਂ ਕਿਧਰੇ ਗਿਆ ਹੋਇਆ ਹਾਂ ਤਾਂ ਖ਼ੈਰ ਨਹੀਂ। ਮੈਂ ਦਿਲੋਂ ਚਾਹੁੰਦਾ ਸੀ ਕਿ ਮੁਖ਼ਬਰੀ ਕਰ ਆਵਾਂ, ਪਰ ਹੌਸਲਾ ਹੀ ਨਹੀਂ ਸੀ ਪੈਂਦਾ। ਕਿਤੇ ਮੇਰੀ ਗ਼ੈਰ-ਹਾਜ਼ਰੀ ਦਾ ਸ਼ੱਕ ਪੈ ਜਾਵੇ ਅਤੇ ਲੈਣੇ ਦੇ ਦੇਣੇ ਪੈ ਜਾਣ। ਵੈਸੇ ਮੈਂ ਸਾਰੀ ਖ਼ਬਰ ਮੁਣਸ਼ਾ ਸਿੰਘ ਨੂੰ ਨਾਲ ਲੈ ਕੇ ਦੇ ਆਉਂਦਾ ਸੀ। ਮੁਣਸ਼ਾ ਸਿੰਘ ਤੋਂ ਬਿਨਾਂ ਸ਼ਹਿਰ ਜਾਣਾ ਮੇਰੇ ਲਈ ਖ਼ਤਰੇ ਤੋਂ ਖ਼ਾਲੀ ਨਹੀਂ ਸੀ।"

ਇਹੋ ਕਾਰਨ ਸੀ ਕਿ 23 ਮਾਰਚ 1923 ਨੂੰ ਜਿੰਨੀ ਪੁਲਸ ਦੀ ਧਾੜ ਨੂੰ ਨਾਲ ਲੈ ਕੇ ਮੀਰ ਫ਼ਜ਼ਲ ਇਮਾਮ ਅਤੇ ਅੰਗਰੇਜ਼ ਪੁਲਸ ਕਪਤਾਨ ਮਿਸਟਰ ਮੈਥਿਊ ਪੰਡੋਰੀ ਨਿੱਝਰਾਂ ਉੱਤੇ ਚੜ੍ਹੇ ਸਨ, ਹੋਰ ਕਿਤੇ ਨਹੀਂ ਸਨ ਚੜ੍ਹੇ ਅਤੇ ਨਾ ਹੀ ਏਨੀਆਂ ਤਲਾਸ਼ੀਆਂ ਕਿਸੇ ਹੋਰ ਪਿੰਡ ਕੀਤੀਆਂ ਗਈਆਂ ਸਨ ਜਿੰਨੀਆ ਪੰਡੋਰੀ ਨਿੱਝਰਾਂ ਵਿਚ ਕੀਤੀਆਂ ਗਈਆਂ।

ਸੋ ਇਹ ਸੀ ਅਜੀਤ ਸਿੰਘ ਦਾ ਕਾਰਨਾਮਾ, ਜੀਹਦੀ ਰੱਤੀ ਜਿੰਨੀ ਭਿਣਕ ਵੀ ਸਾਨੂੰ ਤਾਂ ਕੀ, ਸਾਰੇ ਬਬਰਾਂ ਨੂੰ ਵੀ ਨਹੀਂ ਸੀ ਪੈਣ ਦਿੱਤੀ ਗਈ। ਭਾਵੇਂ ਕਿ ਸਾਰੇ ਸਿਰਕੱਢ ਬਬਰਾਂ ਵਿਚੋਂ, ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਗੋਸਲ, ਭਾਈ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਬਬਰ ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਝੁਗੀਆ, ਧੰਨਾ ਸਿੰਘ ਬਹਿਬਲਪੁਰ, ਬੰਤਾ ਸਿੰਘ ਧਾਮੀਆਂ ਅਤੇ ਵਰਿਆਮ ਸਿੰਘ ਧੁੱਗਾ, ਮੁਕਦੀ ਗੱਲ, ਕੋਈ ਨਾ ਕੋਈ ਆਇਆ ਹੀ ਰਹਿੰਦਾ ਸੀ।

ਇਸ ਬੰਦੇ ਦਾ ਸਾਨੂੰ ਅਖ਼ੀਰ 1923 ਵਿਚ ਜਾ ਕੇ ਪਤਾ ਲਗਿਆ ਕਿ ਇਹ ਸੀ ਆਈ ਡੀ ਦਾ ਸੀ, ਜਦੋਂ ਇਹਨੇ ਮੈਜਿਸਟਰੇਟ ਮਿਸਟਰ ਬੁਲ ਦੀ ਅਦਾਲਤ ਵਿਚ ਆ ਕੇ ਸਾਡੇ ਉੱਤੇ ਗਵਾਹੀ ਦਿੱਤੀ ਅਤੇ ਕਟਹਿਰੇ ਲਾਗੇ ਆ ਕੇ ਸਾਡੀ ਸ਼ਨਾਖ਼ਤ ਕੀਤੀ। ਅਸੀਂ ਇਹਦੇ ਵੱਲ ਦੇਖਦੇ ਹੀ ਰਹਿ ਗਏ।

# 28. ਜੱਸੋਵਾਲ ਦੀਆਂ ਤਿੰਨ ਯਾਦਗਾਰੀ ਮੀਟਿੰਗਾਂ : ਕਾਰਵਾਈ ਦਾ ਆਰੰਭ

25 ਦਸੰਬਰ 1922 ਨੂੰ ਪਹਿਲੀ ਮੀਟਿੰਗ ਜੱਸੋਵਾਲ ਦੀ ਝਿੜੀ ਵਿਚ ਸੰਤ ਚਰਨ ਸਿੰਘ ਦੀ ਕੁਟੀਆ ਵਿਖੇ ਹੋਈ। ਇਹ ਝਿੜੀ ਪਿੰਡ ਤੋਂ ਬਾਹਰ ਬਬਰਾਂ ਦਾ ਵਧੀਆ ਠਿਕਾਣਾ ਸੀ। ਆਲੇ-ਦੁਆਲੇ ਝਾੜੀਆਂ, ਬੂਝੇ ਅਤੇ ਛੋਟੀਆਂ-ਵੱਡੀਆਂ ਟਾਹਲੀਆਂ ਸਨ। ਬੜਾ ਵਧੀਆ ਲੁਕਵਾਂ ਸਥਾਨ ਸੀ। ਵਿਚਕਾਰ ਸੰਤ ਚਰਨ ਸਿੰਘ ਜੀ ਰਹਿੰਦੇ ਸਨ। ਸੁੰਨਸਾਨ ਨਿਵੇਕਲੀ ਜਗਾਹ ਸੀ। ਮੈਂ ਆਪ ਵੀ ਕਈ ਵਾਰ ਭਾਈ ਕਿਸ਼ਨ ਸਿੰਘ ਜੀ ਦੀ ਚਿਠੀ ਪੁਚਾਉਣ ਜਾਂ ਬਾਬੂ ਸੰਤਾ ਸਿਘ ਦਾ ਘੱਲਿਆ ਹੋਇਆ ਸਕੂਲੋਂ ਟਿਕੀ ਹੋਈ ਰਾਤ ਨੂੰ ਰੇਲ ਚੜ੍ਹ ਫਗਵਾੜਿਉਂ ਉੱਤਰ ਕੇ ਉਜਾੜਾਂ ਵਿਚੋਂ ਦੀ ਫੁੱਟਬਾਲ ਵਾਲੇ ਬੂਟ ਕਸ ਕੇ ਭੱਜ ਨਿਕਲਦਾ ਸੀ। ਤੜਕੇ ਝਿੜੀ ਵਿਚ ਸੁਨੇਹਾ ਪੁਚਾ ਕੇ ਸਵੇਰ ਦੀ ਰੇਲ ਚੜ੍ਹ ਜਲੰਧਰ ਛਾਉਣੀ ਉੱਤਰ ਕੇ ਮੂੰਹ-ਹਨੇਰੇ ਹੀ ਗੁਰਦੁਆਰੇ ਦਾ ਧੌਂਸਾ ਆ ਬਜਾਉਂਦਾ ਸੀ।

ਮੇਰੇ ਬੋਰਡਿੰਗ ਵਾਲੇ ਕਮਰੇ ਵਿਚ 20-22 ਪਾੜ੍ਹੇ ਰਹਿੰਦੇ ਸੀ ਅਤੇ ਮੈਂ ਬਿਲਕੁਲ ਖੂੰਜੇ ਦੀ ਸੀਟ ਮੱਲੀ ਹੋਈ ਸੀ। ਨਾਲ ਹੀ ਅਲਮਾਰੀ ਸੀ ਅਤੇ ਗੁਰਦੁਆਰੇ ਵੱਲ ਲੋਹੇ ਦੀਆਂ ਸੀਖਾਂ ਵਾਲੀ ਤਾਕੀ। ਇਹਦੀਆਂ ਦੋ ਸੀਖਾਂ ਇਸ ਤਰੀਕੇ ਨਾਲ ਢਿੱਲੀਆਂ ਕੀਤੀਆਂ ਹੋਈਆਂ ਸਨ ਕਿ ਉਹਨਾਂ ਨੂੰ ਖਿਸਕਾ ਕੇ ਇਕ ਪਾਸੇ ਕਰਦਿਆਂ ਤਾਕੀ ਵਿਚੋਂ ਬਾਹਰ ਨਿਕਲ ਜਾਈਦਾ ਸੀ। ਉਹਨਾਂ ਨੂੰ ਮੁੜ ਉਸੇ ਤਰ੍ਹਾਂ ਰੱਖ ਕੇ ਬਾਹਰੋਂ ਤਾਕੀ ਭੇੜ ਦਿਤੀ ਜਾਂਦੀ ਸੀ। ਸੁਨੇਹਾ ਪੁਚਾਉਣ ਦਾ ਕੰਮ ਜਾਂ ਦਿਨੇ ਕੋਈ ਬੰਦਾ ਆ ਕੇ ਦੱਸ ਜਾਂਦਾ ਸੀ ਜਾਂ ਬਾਬੂ ਸੰਤਾ ਸਿੰਘ ਤਾਕੀ ਕੋਲ ਇਸ਼ਾਰਾ ਕਰਕੇ ਸੱਦ ਲਿਆ ਕਰਦੇ ਸਨ। ਬੋਰਡਿੰਗ ਦੇ ਵੱਡੇ-ਛੋਟੇ ਗੇਟਾਂ ਨੂੰ ਜਿੰਦਰਾ ਲੱਗ ਜਾਂਦਾ ਸੀ। ਮੈਂ ਇਹ ਜੁਗਤ ਬਾਹਰ ਨਿਕਲਣ ਲਈ ਕੱਢ ਲਈ ਸੀ। ਮੇਰੀ ਇਸ ਕਾਰਗੁਜ਼ਾਰੀ ਵਿਚ ਹਰੀਪੁਰੀਆ ਕਰਮ ਸਿੰਘ ਅਤੇ ਖੁਰਦਪੁਰੀਆ ਪ੍ਰੀਤਮ ਸਿੰਘ ਭਾਈਵਾਲ ਸਨ। ਮੈਂ ਬਬਰ ਅਕਾਲੀ ਪਰਚੇ ਅਤੇ ਚਿੱਠੀ-ਚਪੱਠੀ ਇਹਨਾਂ ਦੀਆਂ ਅਲਮਾਰੀਆਂ ਵਿਚ ਰੱਖ ਛੱਡਿਆ ਕਰਦਾ ਸੀ। ਮੇਰੀਆਂ ਗੱਲਾਂ ਦਾ ਪਤਾ ਪਾੜ੍ਹਿਆਂ ਤੋਂ ਇਲਾਵਾ ਮਾਸਟਰਾਂ ਨੂੰ ਵੀ ਲੱਗ ਚੁਕਿਆ ਸੀ। ਪਰ ਉਹ ਮੈਨੂੰ ਵਰਜਣੋਂ ਘਬਰਾਉਂਦੇ ਸਨ। ਮਤਾਂ ਮੈਂ ਜਥੇ ਨੂੰ ਉਹਨਾਂ ਦੇ ਗਲ ਹੀ ਨਾ ਪੁਆ ਦਿਆਂ। ਇਸ਼ਾਰਿਆਂ ਵਿਚ ਮਾਸਟਰ ਵਤਨ ਸਿੰਘ,

ਚਤਰ ਸਿੰਘ ਅਤੇ ਗੁਰਨਾਮ ਸਿੰਘ ਨੇ ਕਈ ਵਾਰ ਚਿਤਾਵਨੀ ਤਾਂ ਦਿੱਤੀ, ਪਰ ਮੇਰੇ ਉੱਤੇ ਕਿਥੇ ਅਸਰ ਹੋਣਾ ਸੀ।

ਇਸ ਮੀਟਿੰਗ ਬਾਰੇ ਆਸਾ ਸਿੰਘ ਵਾਇਦਾ-ਮੁਆਫ਼ ਪੇਪਰ-ਬੁੱਕ ਦੇ ਸਫ਼ਾ 227 ਤੋਂ ਇਉਂ ਦਸਦਾ ਹੈ :

"ਮੈਂ ਇਕੱਲਾ ਘੁੰਮਦਾ-ਘੁਮਾਉਂਦਾ ਰਾਤ ਨੂੰ ਜੱਸੋਵਾਲ ਪੁਜਿਆ ਤਾਂ ਮੈਨੂੰ ਹਰਬਖ਼ਸ਼ ਸਿੰਘ ਦੀ ਹਵੇਲੀ ਵਿਚ ਭਾਈ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਬਬਰ ਕਰਮ ਸਿੰਘ ਦੌਲਤਪੁਰ, ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਗੋਸਲ, ਉਦੇ ਸਿੰਘ ਰਾਮਗੜ੍ਹ ਝੁਗੀਆਂ, ਧੰਨਾ ਸਿੰਘ ਬਹਿਬਲਪੁਰ ਅਤੇ ਬੂਟਾ ਸਿੰਘ ਪੰਡੋਰੀ ਨਿੱਝਰਾਂ ਮਿਲੇ। ਅਸੀਂ ਪ੍ਰਸ਼ਾਦੇ ਤਾਂ ਹਰਬਖ਼ਸ਼ ਸਿੰਘ ਦੀ ਹਵੇਲੀ ਵਿਚ ਛਕੇ, ਪਰ ਸੁੱਤੇ ਜਾ ਕੇ ਹਰਦਿੱਤ ਸਿੰਘ ਦੀ ਹਵੇਲੀ ਵਿਚ। ਦਿਨ ਚੜ੍ਹੇ ਅਸੀਂ ਸਾਰਿਆਂ ਕੰਮਾਂ ਤੋਂ ਵਿਹਲੇ ਹੋ ਕੇ ਝਿੜੀ ਵਿਚ ਸੰਤ ਚਰਨ ਸਿੰਘ ਦੀ ਕੁਟੀਆ ਵਿਖੇ ਚਲੇ ਗਏ।

"ਬਾਬੂ ਸੰਤਾ ਸਿੰਘ ਕਿਸੇ ਕੰਮ ਚਲਿਆ ਗਿਆ, ਪਰ ਅਮਰ ਸਿੰਘ ਗਰੰਥੀ ਭਾਈ ਕਰਮ ਸਿੰਘ ਦੇ ਸੱਦੇ ਉੱਤੇ ਉਥੇ ਪੁੱਜ ਗਿਆ। ਭਾਈ ਕਿਸ਼ਨ ਸਿੰਘ ਨੇ ਤਜਵੀਜ਼ ਪੇਸ਼ ਕੀਤੀ ਕਿ ਹੁਣ ਸਰਕਾਰ ਨੇ ਸਾਡੀਆਂ ਗਰਿਫ਼ਤਾਰੀਆਂ ਲਈ ਇਨਾਮ ਛਪਾ ਦਿਤੇ ਹਨ ਅਤੇ ਝੋਲੀ-ਚੁੱਕਾਂ ਨੇ ਜ਼ਰੂਰ ਸਾਨੂੰ ਫੜਾਉਣ ਦੀ ਕੋਸ਼ਿਸ਼ ਕਰਨੀ ਹੈ। ਇਸ ਲਈ ਜ਼ਰੂਰੀ ਹੈ ਕਿ ਹੁਣ ਸੁਧਾਰ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇ ਅਤੇ 'ਬਬਰ ਅਕਾਲੀ ਦੁਆਬਾ' ਵਿਚ ਐਲਾਨ ਛਾਪ ਦਿੱਤਾ ਜਾਇਆ ਕਰੇ ਕਿ ਕਤਲ ਅਸੀਂ ਕੀਤਾ ਹੈ, ਤਾਂ ਜੋ ਐਵੇਂ ਬੇਗੁਨਾਹ ਨਾ ਰਗੜੇ ਜਾਣ। ਜੇ ਝੋਲੀ-ਚੁੱਕਾਂ ਦੇ ਮੂੰਹ ਲਹੂ ਲੱਗ ਗਿਆ ਤਾਂ ਜਥੇ ਨੂੰ ਨੁਕਸਾਨ ਪੁੱਜ ਸਕਦਾ ਹੈ। ਸਭ ਤੋਂ ਪਹਿਲਾਂ ਅਰਜਨ ਸਿੰਘ ਪਟਵਾਰੀ ਹਰੀਪੁਰ ਦਾ ਸੁਧਾਰ ਕਰਨਾ ਚਾਹੀਦਾ ਹੈ, ਜੀਹਨੇ ਮਾਸਟਰ ਮੋਤਾ ਸਿੰਘ ਨੂੰ ਗਰਿਫ਼ਤਾਰ ਕਰਵਾਇਆ ਹੈ। ਹਰਦਿੱਤ ਸਿੰਘ ਅਤੇ ਹਰਬਖ਼ਸ਼ ਸਿੰਘ ਇਸ ਮੀਟਿੰਗ ਵਿਚ ਹਾਜ਼ਰ ਨਹੀਂ ਸਨ।"

ਇਹ ਮਤਾ ਬਬਰ ਜਥੇ ਦੇ ਹੇਠ-ਲਿਖੇ ਮੈਂਬਰਾਂ ਨੇ ਪਾਸ ਕੀਤਾ ਸੀ : 1. ਭਾਈ ਕਿਸ਼ਨ ਸਿਘ ਗੜਗੱਜ, 2. ਬਬਰ ਕਰਮ ਸਿੰਘ ਦੌਲਤਪੁਰ, 3. ਕਰਮ ਸਿੰਘ ਝਿੰਗੜ, 4. ਮਾਸਟਰ ਦਲੀਪ ਸਿੰਘ ਗੋਸਲ, 5. ਅਮਰ ਸਿੰਘ ਗਰੰਥੀ ਵਾਇਦਾ-ਮੁਆਫ਼, 6. ਬੂਟਾ ਸਿਘ ਪੰਡੋਰੀ ਨਿੱਝਰਾਂ, 7. ਉਦੇ ਸਿੰਘ ਰਾਮਗੜ੍ਹ ਝੁਗੀਆਂ, 8. ਧੰਨਾ ਸਿਘ ਬਹਿਬਲਪੁਰ, ਅਤੇ 9. ਆਸਾ ਸਿੰਘ ਭੁਕੜੂੰਦੀ ਵਾਇਦਾ-ਮੁਆਫ਼ ਆਪ।

ਇਹਤੋਂ ਬਾਅਦ "ਬਬਰ ਅਕਾਲੀ ਦੁਆਬਾ" ਅਖ਼ਬਾਰ ਦਾ ਕਲਗੀਧਰ ਨੰਬਰ ਛਾਪਿਆ ਗਿਆ। ਉਸ ਉੱਤੇ 25 ਦਸੰਬਰ 1922 ਦੀ ਤਾਰੀਖ਼ ਦਰਜ ਸੀ। ਗਵਾਹ ਨੇ ਪਰਚਾ ਪਛਾਣ ਲਿਆ, ਜੋ ਅਦਾਲਤ ਵਿਚ ਨੰਬਰ ਪੀ ਏ 134 ਵਜੋਂ ਪੇਸ਼ ਕੀਤਾ ਗਿਆ ਸੀ।

ਇਸ ਗੱਲ ਦੀ ਤਾਈਦ ਅਮਰ ਸਿੰਘ ਗਰੰਥੀ ਵਾਇਦਾ-ਮੁਆਫ਼ ਆਪਣੇ ਬਿਆਨ ਵਿਚ ਇਸ ਤਰ੍ਹਾਂ ਕਰਦਾ ਹੈ, ਜੋ ਪੇਪਰ-ਬੁੱਕ ਦੇ ਸਫ਼ਾ 43 ਤੋਂ ਸ਼ੁਰੂ ਹੁੰਦਾ ਹੈ :

"ਉਹਨਾਂ ਦਿਨਾਂ ਵਿਚ ਬਬਰ ਜਥੇ ਵਾਲਿਆਂ ਦੀ ਗਰਿਫ਼ਤਾਰੀ ਦੇ ਇਨਾਮਾਂ ਦੇ ਇਸ਼ਤਿਹਾਰ ਸਰਕਾਰ ਨੇ ਛਾਪ ਕੇ ਪਿੰਡਾਂ ਵਿਚ ਲਾ ਦਿੱਤੇ ਸਨ। ਕੋਟ ਫਤੂਹੀ ਵਿਖੇ ਲਗਿਆ ਹੋਇਆ ਮੈਂ ਪੜ੍ਹਿਆ ਸੀ। ਸੋ ਜੱਸੋਵਾਲ ਦਾ ਕਰਮ ਸਿਘ ਮੁਲਜ਼ਮ ਨੰ: 42

ਅਤੇ ਹਰੀ ਸਿੰਘ ਮੁਲਜ਼ਮ ਨੰ: 43 ਮੇਰੇ ਕੋਲ ਆਏ। ਉਹਨਾਂ ਨੇ ਕਿਹਾ ਕਿ ਮੈਨੂੰ ਭਾਈ ਕਿਸ਼ਨ ਸਿੰਘ ਨੇ ਬਾਜੇ (ਪਰਚਾ ਛਾਪਣ ਦੀ ਮਸ਼ੀਨ) ਸਮੇਤ ਜੱਸੋਵਾਲ ਬੁਲਾਇਆ ਹੈ। ਮੈਂ ਬਾਜਾ ਉਹਨਾਂ ਨੂੰ ਫੜਾ ਕੇ ਬਾਕੀ ਸਾਮਾਨ ਨਾਲ ਲੈ ਜੱਸੋਵਾਲ ਦੀ ਝਿੜੀ ਵਿਚ ਜਾ ਪੁਜਿਆ। ਭਾਈ ਕਿਸ਼ਨ ਸਿੰਘ ਨੇ ਕਲਗੀਧਰ ਨੰਬਰ ਛਾਪਣ ਦਾ ਕੰਮ ਮੇਰੇ ਜ਼ਿੰਮੇ ਲਾ ਦਿੱਤਾ, ਜਿਹੜਾ ਮੈਂ ਪੂਰਾ ਕਰ ਦਿੱਤਾ। ਇਨਾਮਾਂ ਵਾਲਾ ਜਿਹੜਾ ਇਸ਼ਤਿਹਾਰ ਕੋਟਫਤੂਹੀ ਮੈਂ ਪੜ੍ਹਿਆ ਸੀ, ਮੈਂ ਉਹਦੇ ਬਾਰੇ ਵੀ ਦੱਸਿਆ। ਉਹਨਾਂ ਨੇ ਕਿਹਾ ਕਿ ਸਾਨੂੰ ਪਤਾ ਲਗ ਚੁਕਿਆ ਹੈ ਅਤੇ ਇਸੇ ਕਰਕੇ ਇਹ ਮੀਟਿੰਗ ਕੀਤੀ ਹੈ।''

ਅਮਰ ਸਿੰਘ ਦਸਦਾ ਹੈ ਕਿ ਕਲਗੀਧਰ ਨੰਬਰ ਮੋਮੀ ਕਾਗਜ਼ ਉੱਤੇ ਮੇਰਾ ਅਤੇ ਮਾਸਟਰ ਦਲੀਪ ਸਿੰਘ ਗੋਸਲ ਦਾ ਲਿਖਿਆ ਹੋਇਆ ਹੈ।

ਇਸ ਮੀਟਿੰਗ ਦੀ ਸਹੀ ਕਾਰਵਾਈ, ਜਿਹੜੀ ਖੂਟਾ ਸਿੰਘ ਨੇ ਦੱਸੀ ਹੈ, ਇਸ ਤਰ੍ਹਾਂ ਹੋਈ ਸੀ :

ਭਾਈ ਕਿਸ਼ਨ ਸਿੰਘ ਨੇ ਇਨਾਮਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸੁਧਾਰ ਦਾ ਕੰਮ ਅਮਲੀ ਰੂਪ ਵਿਚ ਸ਼ੁਰੂ ਕਰ ਦਿੱਤਾ ਜਾਵੇ। ਹੁਣ ਸਮਝਾਉਣ ਦਾ ਵੇਲਾ ਲੰਘ ਗਿਆ ਹੈ। ਜੇ ਝੋਲੀ-ਚੁੱਕਾਂ ਦੇ ਮੂੰਹ ਲਹੂ ਲੱਗ ਗਿਆ ਤਾਂ ਸਾਨੂੰ ਜ਼ਰੂਰ ਨੁਕਸਾਨ ਪੁੱਜੇਗਾ। ਸੋ ਸਾਨੂੰ ਪਹਿਲਾਂ ਹੀ ਵਾਰ ਕਰ ਦੇਣਾ ਚਾਹੀਦਾ ਹੈ ਤਾਂ ਜੋ ਝੋਲੀ-ਚੁੱਕਾਂ ਨੂੰ ਪਹਿਲਾਂ ਤੋਂ ਹੀ ਕੰਨ ਹੋ ਜਾਣ। ਕਰਮ ਸਿੰਘ ਝਿੰਗੜ ਨੇ ਤਾਈਦ ਕਰਦਿਆਂ ਸਭ ਤੋਂ ਪਹਿਲਾ ਨਾਂ ਅਰਜਨ ਸਿੰਘ ਪਟਵਾਰੀ ਹਰੀਪੁਰੀਏ ਦਾ ਪੇਸ਼ ਕਰ ਦਿੱਤਾ, ਕਿਉਂਕਿ ਜਥੇ ਨੂੰ ਉਹਦੇ ਉੱਤੇ ਪੱਕਾ ਸ਼ੱਕ ਸੀ ਕਿ ਮਾਸਟਰ ਮੋਤਾ ਦੀ ਗਰਿਫ਼ਤਾਰੀ ਉਹਨੇ ਹੀ ਕਰਵਾਈ ਹੈ। ਸੋ ਬੋਹਣੀ ਉਹਤੋਂ ਕੀਤੀ ਜਾਵੇ ਅਤੇ ਐਲਾਨ ਕਰ ਦਿੱਤਾ ਜਾਵੇ ਕਿ ਮਾਸਟਰ ਮੋਤਾ ਸਿੰਘ ਦੀ ਗਰਿਫ਼ਤਾਰੀ ਦਾ ਬਦਲਾ ਲਿਆ ਗਿਆ ਹੈ। ਇਉਂ ਝੋਲੀ-ਚੁੱਕਾਂ ਨੂੰ ਕੰਨ ਹੋ ਜਾਣਗੇ। ਜੇ ਅਰਜਨ ਸਿੰਘ ਕਾਬੂ ਨਾ ਆਵੇ, ਤਾਂ ਦੂਜੇ ਨੰਬਰ ਉੱਤੇ ਜ਼ੈਲਦਾਰ ਬਿਸ਼ਨ ਸਿੰਘ ਰਾਣੀਥੂਹੇ ਦਾ ਸੁਧਾਰ ਕੀਤਾ ਜਾਵੇ, ਜੀਹਨੇ ਰਿਆਸਤ ਵਿਚ ਸਿੰਗ-ਮਿੱਟੀ ਚੁੱਕੀ ਹੋਈ ਹੈ। ਸਭ ਨੇ ਪ੍ਰਵਾਨਗੀ ਦੇ ਦਿੱਤੀ।

ਉਸੇ ਵੇਲੇ ਬਬਰ ਕਰਮ ਸਿੰਘ ਦੌਲਤਪੁਰ ਗਲ ਵਿਚ ਪੱਲਾ ਪਾ ਹੱਥ ਜੋੜ ਕੇ ਖਲੋ ਗਿਆ ਕਿ ਜਦੋਂ ਸਾਡਾ ਕੋਈ ਵੀ ਮੈਂਬਰ ਇਹ ਸ਼ੁਭ ਮਹੂਰਤ ਕਰ ਦੇਵੇ ਤਾਂ ਪਰਚੇ ਵਿਚ ਮੇਰਾ ਨਾਂ ਛਾਪ ਦਿੱਤਾ ਜਾਵੇ ਕਿ ਇਹ ਸੁਧਾਰ ਮੈਂ ਕੀਤਾ ਹੈ। ਮੈਂ ਦਸਖ਼ਤ ਕਰ ਦਿਆਂਗਾ। ਉਦੇ ਸਿੰਘ ਰਾਮਗੜ੍ਹ ਝੁੱਗੀਆਂ ਨੇ ਇਸ ਗੱਲ ਦੀ ਤਾਈਦ ਕਰ ਦਿਤੀ ਅਤੇ ਮਤਾ ਸਰਬਸੰਮਤੀ ਨਾਲ ਪਾਸ ਹੋ ਗਿਆ। ਇਹਤੋਂ ਮਗਰੋਂ ਪਰਚਾ ਛਾਪਣਾ ਸ਼ੁਰੂ ਕਰ ਦਿੱਤਾ ਗਿਆ ਸੀ ਅਤੇ ਬਾਬੂ ਸੰਤਾ ਸਿੰਘ ਵੀ ਵਾਪਸ ਆ ਗਿਆ ਸੀ। ਇਸ ਪਿਛੋਂ ਮੀਟਿੰਗ ਬਰਖ਼ਾਸਤ ਹੋ ਗਈ ਸੀ।

ਬਬਰ ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਝੁੱਗੀਆਂ, ਬਾਬੂ ਸੰਤਾ ਸਿੰਘ ਅਤੇ ਆਸਾ ਸਿੰਘ, ਚਾਰੇ ਬਲਾਚੌਰ ਵੱਲ ਅਤੇ ਉਥੋਂ ਹੀ ਕੰਢੀ ਦੇ ਪਹਾੜੀ ਇਲਾਕੇ ਵੱਲ ਚਲੇ ਗਏ। ਉਸ ਵੇਲੇ ਬਬਰ ਕਰਮ ਸਿੰਘ ਕੋਲ ਦੁਨਾਲੀ ਬੰਦੂਕ ਤੇ ਦੋ ਬੰਬ ਸਨ, ਉਦੇ ਸਿੰਘ ਕੋਲ ਇਕ-ਨਾਲੀ ਬੰਦੂਕ ਤੇ ਤਿੰਨ-ਫੁੱਟੀ ਕਿਰਪਾਨ ਸੀ ਅਤੇ ਬਾਬੂ ਸੰਤਾ ਸਿੰਘ ਤੇ ਆਸਾ ਸਿੰਘ ਕੋਲ ਇਕ-ਇਕ ਰੀਵਾਲਵਰ ਸੀ। ਕੁਝ ਦਿਨ ਉਧਰ

ਘੁੰਮਣ ਮਗਰੋਂ ਉਹ ਮੁੜ ਜੱਸੋਵਾਲ ਆ ਗਏ। ਇਹਨਾਂ ਬਲਾਚੌਰ ਤੋਂ ਪਹਾੜ ਵੱਲ ਜਾਂਦਿਆਂ ਮਨਧਾਨੀ ਵਾਲੇ ਅਮਰ ਸਿੰਘ ਨੂੰ ਨਾਲ ਲੈ ਲਿਆ ਸੀ, ਜਿਹੜਾ ਉਸ ਇਲਾਕੇ ਵਾਲਿਆਂ ਦਾ ਜਾਣੂ ਸੀ, ਤਾਂ ਜੋ ਅੰਨ-ਪਾਣੀ ਦੀ ਤਕਲੀਫ਼ ਨਾ ਹੋਵੇ। ਵਾਪਸੀ ਉੱਤੇ ਉਹ ਪਿੰਡ ਠਹਿਰ ਗਿਆ ਸੀ।

ਜਦੋਂ ਚਾਰੇ ਜੱਸੋਵਾਲ ਹਰਬਖ਼ਸ਼ ਸਿੰਘ ਦੀ ਹਵੇਲੀ ਪੁੱਜੇ, ਤਾਂ ਉਥੇ ਭਾਈ ਕਿਸ਼ਨ ਸਿੰਘ, ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਗੋਸਲ, ਧੰਨਾ ਸਿੰਘ ਬਹਿਬਲਪੁਰ ਅਤੇ ਬੂਟਾ ਸਿੰਘ ਪਹਿਲਾਂ ਹੀ ਮੌਜੂਦ ਸਨ। ਰਾਤ ਸਾਰੇ ਫੇਰ ਹਰਦਿੱਤ ਸਿੰਘ ਦੀ ਹਵੇਲੀ ਆ ਗਏ ਅਤੇ ਗੱਲਾਂਬਾਤਾਂ ਕਰਦੇ ਰਹੇ।

ਅਸਲ ਵਿਚ ਉਹਨਾਂ ਦਿਨਾਂ ਵਿਚ ਭਾਈ ਕਿਸ਼ਨ ਸਿੰਘ ਅਤੇ ਬਾਬੂ ਸੰਤਾ ਸਿੰਘ ਵਿਚ ਕੁਝ ਮਤਭੇਦ ਪੈਦਾ ਹੋ ਚੁੱਕੇ ਸਨ। ਇਹੋ ਕਾਰਨ ਸੀ ਕਿ ਬਾਬੂ ਸੰਤਾ ਸਿੰਘ ਜ਼ਿਆਦਾ ਕਰਕੇ ਬਬਰ ਕਰਮ ਸਿੰਘ ਨਾਲ ਜੁੜ ਗਿਆ ਸੀ ਅਤੇ ਉਹਦੀ ਥਾਂ ਬੂਟਾ ਸਿੰਘ ਪੰਡੋਰੀ ਨਿੱਝਰਾਂ ਭਾਈ ਕਿਸ਼ਨ ਸਿੰਘ ਦਾ ਪ੍ਰਾਈਵੇਟ ਸੈਕਟਰੀ ਬਣ ਚੁਕਿਆ ਸੀ। ਜਦੋਂ ਸਾਰੇ ਕੰਢੀ ਵੱਲ ਘੁੰਮ ਰਹੇ ਸਨ ਤਾਂ ਬਾਬੂ ਸੰਤਾ ਸਿੰਘ ਨੇ ਭਾਈ ਕਿਸ਼ਨ ਸਿੰਘ ਦੀ ਮੁਖ਼ਾਲਫ਼ਤ ਕਰਦਿਆਂ ਬਬਰ ਕਰਮ ਸਿੰਘ ਨੂੰ ਕਿਹਾ ਕਿ "ਐਸ ਵੇਲੇ 'ਬਬਰ ਅਕਾਲੀ ਦੁਆਬਾ' ਅਖ਼ਬਾਰ ਦੇ ਐਡੀਟਰ ਭਾਵੇਂ ਤੁਸੀਂ ਹੋ, ਪਰ ਭਾਈ ਕਿਸ਼ਨ ਸਿੰਘ ਤੁਹਾਡੀ ਇਜਾਜ਼ਤ ਲਏ ਬਿਨਾਂ ਇਕ ਉੱਘੇ ਅਕਾਲੀ ਲੀਡਰ, ਹਰੀ ਸਿੰਘ ਜਲੰਧਰੀ ਦੇ ਖ਼ਿਲਾਫ਼ ਮਜਮੂਨ ਲਿਖ ਕੇ ਫੁੱਟ ਪਾ ਰਹੇ ਹਨ, ਜਿਸ ਕਰਕੇ ਆਮ ਪਿੰਡਾਂ ਦੇ ਅਕਾਲੀ ਸਾਡੀ ਤਹਿਰੀਕ ਦੇ ਵਿਰੁੱਧ ਹੁੰਦੇ ਜਾ ਰਹੇ ਹਨ। ਸੋ ਤੁਸੀਂ ਇਸ ਕੰਮ ਤੋਂ ਭਾਈ ਕਿਸ਼ਨ ਸਿੰਘ ਨੂੰ ਰੋਕੋ।"

ਦੂਜੇ ਦਿਨ ਸਾਰਾ ਜਥਾ ਸਵੇਰ ਦੇ ਸਾਰੇ ਕੰਮਾਂ ਤੋਂ ਫਾਰਗ ਹੋ ਕੇ ਦੋ-ਢਾਈ ਮੀਲ ਉੱਤੇ ਮਹਿੰਗਰੋਵਾਲ ਦੀ ਝਿੜੀ ਵਿਚ ਚਲਿਆ ਗਿਆ ਅਤੇ ਇਕ ਨਿਵੇਕਲੀ ਜਗਾਹ ਬੈਠ ਕੇ ਅਗਲੇ ਪ੍ਰੋਗਰਾਮ ਉੱਤੇ ਵਿਚਾਰ ਕਰਨ ਲੱਗ ਪਿਆ। ਬਬਰ ਕਰਮ ਸਿੰਘ ਨੇ ਬਾਬੂ ਸੰਤਾ ਸਿੰਘ ਵਾਲੀ ਗੱਲ ਚਲਾਈ ਅਤੇ ਭਾਈ ਕਿਸ਼ਨ ਸਿੰਘ ਜੀ ਤੋਂ ਪੁਛਿਆ ਕਿ "ਭਾਈ ਸਾਹਿਬ ਤੁਸੀਂ ਮੇਰੀ ਇਜਾਜ਼ਤ ਲਏ ਬਿਨਾਂ ਹੀ ਇਕ ਉੱਘੇ ਅਕਾਲੀ ਲੀਡਰ, ਹਰੀ ਸਿੰਘ ਜਲੰਧਰੀ ਦੇ ਖ਼ਿਲਾਫ਼ ਆਪਣੇ ਪਰਚੇ ਵਿਚ ਮੁਹਿੰਮ ਚਲਾ ਰੱਖੀ ਹੈ, ਜਿਸ ਕਰਕੇ ਆਮ ਪਿੰਡਾਂ ਦੇ ਅਕਾਲੀ ਸਾਡੇ ਵਿਰੁੱਧ ਹੁੰਦੇ ਜਾ ਰਹੇ ਹਨ।"

ਭਾਈ ਕਿਸ਼ਨ ਸਿੰਘ ਜੀ ਤਾੜ ਗਏ ਕਿ ਬਾਬੂ ਸੰਤਾ ਸਿੰਘ ਨੇ ਹੀ ਉਹਨਾਂ ਦੇ ਖ਼ਿਲਾਫ਼ ਕੰਨ ਭਰਨ ਦੀ ਕੋਸ਼ਿਸ਼ ਕੀਤੀ ਹੈ, ਤਾਂ ਜੋ ਸਾਡੇ ਵਿਚ ਮਤਭੇਦ ਪੈਦਾ ਕੀਤੇ ਜਾਣ। ਪਰ ਭਾਈ ਕਿਸ਼ਨ ਸਿੰਘ ਨੇ ਬੜੀ ਨਿਮਰਤਾ ਨਾਲ ਹੱਸ ਕੇ ਬਬਰ ਸਾਹਿਬ ਨੂੰ ਸਾਰੀ ਗੱਲ ਪੂਰੀ ਤਫ਼ਸੀਲ ਨਾਲ ਸਮਝਾਈ ਕਿ ਹਰੀ ਸਿੰਘ ਨੇ ਕਿਵੇਂ "ਅਕਾਲੀ ਤੇ ਪ੍ਰਦੇਸੀ" ਅਖ਼ਬਾਰ ਰਾਹੀਂ ਬਬਰ ਜਥੇ ਦੇ ਖ਼ਿਲਾਫ਼ ਭੰਡੀ-ਪ੍ਰਚਾਰ ਸ਼ੁਰੂ ਕੀਤਾ ਹੋਇਆ ਸੀ ਕਿ "ਆਮ ਸਿੱਖਾਂ ਦੀ ਬਬਰ ਅਕਾਲੀਆਂ ਨਾਲ ਕੋਈ ਹਮਦਰਦੀ ਨਹੀਂ ਹੈ। ਸਾਡੇ ਅਤੇ ਬਬਰਾਂ ਦੇ ਰਸਤੇ ਅਲੱਗ-ਅਲੱਗ ਹਨ। ਸਾਡਾ ਅੰਦੋਲਨ ਸ਼ਾਂਤਮਈ ਲੀਹਾਂ ਉੱਤੇ ਬੜੀ ਕਾਮਯਾਬੀ ਨਾਲ ਚੱਲ ਰਿਹਾ ਹੈ ਜਦੋਂ ਕਿ ਬਬਰ ਅਕਾਲੀ ਪੁੱਠੇ ਰਾਹ ਚੱਲ ਰਹੇ ਹਨ ਅਤੇ ਲੋਕਾਂ ਨੂੰ ਵੀ ਉਲਟੇ ਰਾਹ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਸਿੱਖਾਂ ਨੂੰ ਗੁਰੂ ਕੇ ਬਾਗ਼ ਦੇ ਮੋਰਚੇ ਵਿਚੋਂ ਹਿੱਸਾ ਲੈਣੋਂ ਰੋਕ ਰਹੇ ਹਨ,

ਜਿਹੜਾ ਅਸੀਂ ਸ਼ਾਂਤਮਈ ਲੀਹਾਂ ਉੱਤੇ ਚਲਾ ਰਹੇ ਹਾਂ।" ਬਬਰਾਂ ਨੂੰ ਮਹਾਰਾਜਾ ਫ਼ਰੀਦਕੋਟ ਅਤੇ ਪਟਿਆਲੇ ਦੇ ਏਜੰਟ ਤੱਕ ਲਿਖ ਮਾਰਿਆ ਸੀ।

ਭਾਈ ਸਾਹਿਬ ਨੇ ਇਸੇ ਤਰ੍ਹਾਂ ਦੇ ਲੇਖਾਂ ਦੇ ਪਰਚੇ, ਜੋ ਹਰੀ ਸਿੰਘ ਵੱਲੋਂ ਛਪ ਚੁੱਕੇ ਸਨ, ਬਬਰ ਕਰਮ ਸਿੰਘ ਅੱਗੇ ਰਖਦਿਆਂ ਪੁਛਿਆ ਕਿ "ਕੀ, ਬਬਰ ਸਾਹਿਬ, ਸਾਡੇ ਉੱਤੇ ਲਾਈਆਂ ਗਈਆਂ ਇਹਨਾਂ ਤੂਹਮਤਾਂ ਨੂੰ ਤੁਸੀਂ ਸਵੀਕਾਰ ਕਰਦੇ ਹੋ ? ਜੇ ਮੈਂ ਇਹਨਾਂ ਇਲਜ਼ਾਮਾਂ ਦਾ ਜਵਾਬ ਉਹਨਾਂ ਦੀ ਜ਼ਬਾਨ ਵਿਚ ਦੇ ਕੇ ਗ਼ਲਤੀ ਕੀਤੀ ਹੈ, ਤਾਂ ਮੈਨੂੰ ਜੋ ਸਜ਼ਾ ਤੁਸੀਂ ਦਿਉਗੇ, ਮੈਂ ਖਿੜੇ ਮਥੇ ਸਵੀਕਾਰ ਕਰਾਂਗਾ। ਮੈਂ ਤਾਂ ਸਿੰਘ ਸ਼ਹੀਦਾ ਦੇ ਕਾਰਨਾਮਿਆਂ ਉੱਤੇ ਚੱਲਣ ਲਈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਆਸੇ ਨੂੰ ਮੁੱਖ ਰਖ ਕੇ ਖਾਲਸਾ ਸਾਜਿਆ ਸੀ ਕਿ ਜ਼ੁਲਮ ਅਗੇ ਸੀਸ ਨਹੀਂ ਝੁਕਾਇਆ ਜਾਵੇਗਾ ਕਟਿਆ ਭਾਵੇਂ ਜਾਵੇ, ਉਹਨੂੰ ਮੁੱਖ ਰੱਖ ਕੇ ਹੀ ਸਿਰੀ ਸਾਹਿਬ ਨੂੰ ਲਹਿਰਾ ਕੇ ਪ੍ਰਚਾਰ ਕਰਨ ਦਾ ਢੰਗ ਅਪਣਾਇਆ ਸੀ। ਅਗੋਂ ਵੀ ਇਸੇ ਉੱਤੇ ਹੀ ਚੱਲਾਂਗਾ। ਜੇ ਤੁਸੀਂ ਨਹੀਂ ਚਾਹੁੰਦੇ ਤਾਂ ਅਖ਼ਬਾਰ ਦਾ ਕੰਮ ਅੱਜ ਤੋਂ ਤੁਸੀਂ ਆਪ ਸੰਭਾਲ ਲਉ। ਮੈਂ ਅੱਜ ਤੋਂ ਹੀ ਤੁਹਾਨੂੰ ਆਪਣਾ ਆਗੂ ਮੰਨ ਕੇ ਤੁਹਾਡੇ ਹੁਕਮ ਦੀ ਪੂਰਤੀ ਕਰਾਂਗਾ। ਮੈਂ ਜਿਸ ਵੇਲੇ ਅਖਬਾਰਾਂ ਵਿਚ ਪੜ੍ਹਿਆ ਕਿ ਨਿਹੱਥੇ ਸਿੰਘਾਂ ਨੂੰ ਕੇਸਾਂ ਤੋਂ ਫੜ-ਫੜ ਕੇ ਘਸੀਟਿਆ ਜਾ ਰਿਹਾ ਹੈ ਤਾਂ ਮੇਰਾ ਖ਼ੂਨ ਖੌਲ ਉਠਿਆ। ਇਹਦੇ ਖ਼ਿਲਾਫ਼ ਮੈਂ ਧੜੱਲੇਦਾਰ ਮਜ਼ਮੂਨ ਜ਼ਰੂਰ ਲਿਖੇ ਹਨ। ਲਗਦੀ ਵਾਹ ਇਸੇ ਤਰ੍ਹਾਂ ਜ਼ਰੂਰ ਲਿਖਾਂਗਾ। ਹੁਣ ਫ਼ੈਸਲਾ ਤੁਹਾਡੇ ਹੱਥ ਹੈ। ਜੋ ਹੁਕਮ ਦਿਉਗੇ, ਸਿਰ-ਮੱਥੇ ਮੰਨਾਂਗਾ।

"ਮੈਂ ਜੋ ਵੀ ਪਰਚੇ ਵਿਚ ਲਿਖਿਆ ਹੈ, ਸਾਰੇ ਬਬਰਾਂ ਵੱਲੋਂ ਲਿਖਿਆ ਹੈ। ਆਪਣੀ ਜ਼ਾਤ ਵੱਲੋਂ ਇਕ ਲਫ਼ਜ਼ ਵੀ ਨਹੀਂ ਲਿਖਿਆ। ਬਬਰਾਂ ਦੀ ਭੰਡੀ ਦਾ ਡਟ ਕੇ ਵਿਰੋਧ ਕੀਤਾ ਹੈ। ਸਭ ਵੱਡੇ-ਵੱਡੇ ਅਕਾਲੀ ਸਾਡੀ ਮਾਲੀ ਮਦਦ ਕਰ ਰਹੇ ਹਨ। ਪਰਚੇ ਮੰਗਵਾ-ਮੰਗਵਾ ਅੱਗੇ ਵੰਡ ਰਹੇ ਹਨ। ਤੁਸੀਂ ਆਪ ਅੱਖੀਂ ਦੇਖ ਵੀ ਆਏ ਹੋ। ਮਦਦ ਜੋ ਸਾਨੂੰ ਮਿਲ ਰਹੀ ਹੈ, ਬਦਸਤੂਰ ਜਾਰੀ ਹੈ। ਇਕੱਲਾ ਜਲੰਧਰੀ ਹੀ ਮੁਖਾਲਫ਼ਿਤ ਕਰਦਾ ਸੀ। ਪਤਾਰੇ ਆ ਕੇ ਉਹ ਸੁਲਾਹ ਕਰ ਗਿਆ ਸੀ। ਉਹਤੋਂ ਬਾਅਦ ਦੋਨੋਂ ਧਿਰਾਂ ਆਪਣਾ-ਆਪਣਾ ਪ੍ਰਚਾਰ ਮਨਮਰਜ਼ੀ ਨਾਲ ਕਰ ਰਹੀਆਂ ਹਨ। ਪਿਛਲੇ ਗਿਲੇ ਖ਼ਤਮ ਹੋ ਚੁੱਕੇ ਹਨ। ਪਤਾ ਨਹੀਂ ਜਦੋਂ ਸਾਰੀ ਗੱਲ ਨਜਿੱਠੀ ਜਾ ਚੁੱਕੀ ਹੈ, ਤਾਂ ਤੁਹਾਨੂੰ ਇਹ ਗੱਲ ਤੋਰਨ ਦਾ ਏਨੇਂ ਚਿਰ ਬਾਅਦ ਕਿਉਂ ਖ਼ਿਆਲ ਆਇਆ ਹੈ।"

ਪਾਠਕਾਂ ਨੂੰ ਇਥੇ ਇਹ ਵੀ ਦੱਸ ਦਿਆਂ ਕਿ ਉਸ ਵੇਲੇ ਗੁਰੂ ਕੇ ਬਾਗ਼ ਦਾ ਮੋਰਚਾ ਪੂਰੇ ਜੋਬਨ ਉੱਤੇ ਸੀ। ਘੋੜੇ ਚੜ੍ਹੇ ਸਿਪਾਹੀ ਘੋੜੇ ਦੁੜਾ ਕੇ ਜਥਾ ਖਿੰਡਾਉਣ ਲਈ ਹਮਲਾ ਕਰਦੇ ਸਨ ਅਤੇ ਡਾਂਗਾਂ ਵਾਲੇ ਵੱਖਰੇ ਜੌਹਰ ਦਿਖਾਉਂਦੇ ਸਨ। ਧਰਨਾ ਮਾਰੀ ਬੈਠੇ ਨਿਹੱਥੇ ਸਿੰਘ ਜ਼ਖ਼ਮੀ ਹੋ ਕੇ ਡਿੱਗ ਪੈਂਦੇ ਸਨ ਤਾਂ ਕੇਸਾਂ ਤੋਂ ਫੜ-ਫੜ ਘਸੀਟ ਕੇ ਸੜਕ ਵਿਹਲੀ ਕੀਤੀ ਜਾਂਦੀ ਸੀ। ਇਸ ਸਾਰੇ ਨਜ਼ਾਰੇ ਨੂੰ ਭਾਈ ਕਿਸ਼ਨ ਸਿੰਘ ਜੀ ਭੇਸ ਵਟਾ ਕੇ ਮੌਕੇ ਉੱਤੇ ਜਾ ਕੇ ਦੇਖ ਵੀ ਆਏ ਸਨ। ਸਾਡੇ 91 ਮੁਲਜ਼ਮਾਂ ਵਿਚ ਬਹੁਗਿਣਤੀ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਜਾ ਕੇ ਕੈਦ ਕੱਟਣ ਵਾਲਿਆਂ ਅਤੇ ਕੁੱਟ-ਮਾਰ ਖਾਣ ਵਾਲਿਆਂ ਦੀ ਹੀ ਸੀ। ਇਹ ਮੋਰਚਾ ਸ਼ੁਰੂ ਕਰਨ ਵਾਲਿਆਂ ਵਿਚ ਮੈਂ

ਆਪ ਛੇਆਂ ਮਹੀਨਿਆਂ ਲਈ ਕੈਂਪ ਜਿਹਲ ਮਿੰਟਗੁਮਰੀ ਵਿਚ ਕੈਦ ਕੱਟ ਕੇ ਮੁੜਿਆ ਸੀ। ਬੂਟਾ ਸਿੰਘ ਕੁੱਟ ਖਾ ਕੇ ਮੰਜੇ ਉੱਤੇ ਪਿਆ ਰਿਹਾ ਸੀ। ਬਾਕੀਆਂ ਦਾ ਜ਼ਿਕਰ ਮੈਂ ਕਰ ਹੀ ਚੁਕਿਆ ਹਾਂ।

* * *

ਹੁਣ ਮੈਂ ਆਸਾ ਸਿੰਘ ਵਾਇਦਾ-ਮੁਆਫ਼ ਦੇ ਬਿਆਨ ਮੁਤਾਬਕ, ਜੋ ਪੇਪਰ-ਬੁੱਕ ਦੇ ਸਫ਼ਾ 228 ਉੱਤੇ ਦਰਜ ਹੈ ਅਤੇ ਕੁਝ ਬੂਟਾ ਸਿੰਘ ਦੇ ਜ਼ਬਾਨੀ ਦੱਸੇ ਮੁਤਾਬਿਕ ਜੱਸੋਵਾਲ ਦੀ ਦੂਜੀ ਮੀਟਿੰਗ ਦਾ ਹਾਲ ਦਸਦਾ ਹਾਂ।

ਜੱਸੋਵਾਲ ਦੀ ਪਹਿਲੀ ਮੀਟਿੰਗ ਪਿਛੋਂ ਬਬਰ ਕਰਮ ਸਿੰਘ, ਉਦੇ ਸਿੰਘ ਅਤੇ ਆਸਾ ਸਿੰਘ ਆਪਣੇ ਪਿੰਡਾਂ ਵੱਲ ਨਿਕਲ ਗਏ। ਬਾਬੂ ਸੰਤਾ ਸਿੰਘ ਪ੍ਰਾਗਪੁਰ ਵੱਲ, ਕਰਮ ਸਿੰਘ ਝਿੰਗੜ ਤੇ ਮਾਸਟਰ ਦਲੀਪ ਸਿੰਘ ਬੰਗਿਆਂ ਵੱਲ ਅਤੇ ਭਾਈ ਕਿਸ਼ਨ ਸਿੰਘ ਤੇ ਬੂਟਾ ਸਿੰਘ ਆਪਣੇ ਇਲਾਕੇ ਵੱਲ ਚਲੇ ਗਏ। ਧੰਨਾ ਸਿੰਘ ਬਹਿਬਲਪੁਰ ਆਪਣੇ ਪਿੰਡ ਵੱਲ ਚਲਿਆ ਗਿਆ। ਦਸੰਬਰ 1922 ਦੇ ਅਖ਼ੀਰ ਜਾਂ ਸ਼ੁਰੂ ਜਨਵਰੀ 1923 ਵਿਚ ਇਕ ਵਾਰ ਫੇਰ ਸਾਰਿਆਂ ਦਾ ਇਕੱਠ ਜੱਸੋਵਾਲ ਹਰਬਖ਼ਸ਼ ਸਿੰਘ ਦੀ ਹਵੇਲੀ ਵਿਖੇ ਹੋਇਆ। ਉਸ ਰਾਤ ਹਰਬਖ਼ਸ਼ ਸਿੰਘ ਨੇ ਬੱਕਰਾ ਝਟਕਾ ਕੇ ਜਥੇ ਦੀ ਦਾਅਵਤ ਕੀਤੀ ਅਤੇ ਪਹਿਲਾਂ ਵਾਂਗੂ ਸਭ ਹਰਦਿਤ ਸਿੰਘ ਦੀ ਹਵੇਲੀ ਵਿਚ ਸੁੱਤੇ। ਸਵੇਰੇ ਸਾਰੇ ਕੰਮਾਂ ਤੋਂ ਵਿਹਲੇ ਹੋ ਕੇ ਮੁੜ ਝਿੜੀ ਵਿਚ ਚਰਨ ਸਿੰਘ ਦੀ ਕੁਟੀਆ ਵਿਚ ਆ ਮੀਟਿੰਗ ਕੀਤੀ।

ਭਾਈ ਕਿਸ਼ਨ ਸਿੰਘ ਨੇ ਤਜਵੀਜ ਪੇਸ਼ ਕੀਤੀ ਕਿ "ਐਸ ਵੇਲੇ ਸਾਡਾ ਅਤੇ ਸਰਕਾਰ ਦਾ ਮੁਕਾਬਲਾ ਬਰਾਬਰ ਦੀ ਪੱਧਰ ਉੱਤੇ ਚੱਲ ਪਿਆ ਹੈ। ਸੋ ਸਾਨੂੰ ਹੁਣ ਪਹਿਲਾਂ ਅਮੀਰ ਝੋਲੀ-ਚੁੱਕਾਂ ਨੂੰ ਕਤਲ ਕਰ ਦੇਣਾ ਚਾਹੀਦਾ ਹੈ ਅਤੇ ਬਾਅਦ ਵਿਚ ਜੋ ਮਾਇਆ-ਜ਼ੇਵਰ ਹੱਥ ਲਗੇ, ਉਹਦੇ ਹਥਿਆਰ ਖ਼ਰੀਦ ਲੈਣੇ ਚਾਹੀਦੇ ਹਨ।" ਬਬਰ ਕਰਮ ਸਿੰਘ ਤਾਂ ਬਹੁਤ ਪਹਿਲਾਂ ਹੀ ਇਹ ਮਤਾ ਪੇਸ਼ ਕਰ ਚੁੱਕੇ ਸਨ ਜੀਹਦੀ ਮੁਬਾਲਫ਼ਿਤ ਆਸਾ ਸਿੰਘ ਨੇ ਕਰਕੇ ਕੰਮ ਟਾਲ ਦਿੱਤਾ ਸੀ। ਇਹ ਆਸਾ ਸਿੰਘ, ਸਮਝ ਲਉ, ਹਵਾ ਦਾ ਗੁਬਾਰਾ ਹੀ ਸੀ। ਇਸ ਭੁਕਾਨੇ ਨੇ ਬਾਅਦ ਵਿਚ ਪਾਟ ਕੇ ਆਪਣਾ ਸਭ ਆਲਾ-ਦੁਆਲਾ ਖ਼ਰਾਬ ਕਰ ਦਿੱਤਾ ਸੀ।

ਮਤਾ ਸਰਬਸੰਮਤੀ ਨਾਲ ਪਾਸ ਹੋ ਗਿਆ ਅਤੇ ਸਭ ਵੱਖਰੇ-ਵੱਖਰੇ ਜਥੇ ਬਣਾ ਕੇ ਆਪਣੀਆਂ-ਆਪਣੀਆਂ ਠਾਹਰਾਂ ਵੱਲ ਤੁਰਦੇ ਹੋਏ। ਉਹ ਕਿੱਧਰ-ਕਿੱਧਰ ਗਏ, ਵਾਰ-ਵਾਰ ਦੱਸਣ ਦੀ ਲੋੜ ਨਹੀਂ। ਹੁਣ ਮੈਂ ਕੇਵਲ ਘਟਨਾਵਾਂ ਦਾ ਜ਼ਿਕਰ ਹੀ ਕਰਿਆ ਕਰਾਂਗਾ, ਜੋ 1923 ਦੇ ਸ਼ੁਰੂ ਵਿਚ ਸ਼ੁਰੂ ਹੋਈਆਂ ਅਤੇ ਅਖ਼ੀਰ 12 ਦਸੰਬਰ 1923 ਨੂੰ ਜਾ ਕੇ ਖ਼ਤਮ ਹੋਈਆਂ। ਉਸ ਪਿਛੋਂ ਸਿਰਫ਼ ਇਕੋ-ਇਕ ਯੋਧਾ ਵਰਿਆਮ ਸਿੰਘ ਧੁੱਗਾ ਹੀ ਰਹਿ ਗਿਆ ਜਿਹੜਾ 8 ਜੂਨ 1924 ਨੂੰ ਆਪਣੇ ਹੀ ਇਕ ਰਿਸ਼ਤੇਦਾਰ ਦੀ ਗ਼ੱਦਾਰੀ ਕਾਰਨ ਸ਼ਹੀਦੀ ਪਾ ਗਿਆ।

ਇਸ ਮੀਟਿੰਗ ਵਿਚ ਹਿੱਸਾ ਲੈਣ ਵਾਲੇ ਸਨ : 1. ਭਾਈ ਕਿਸ਼ਨ ਸਿੰਘ ਗੜਗੱਜ, 2. ਬਾਬੂ ਸੰਤਾ ਸਿੰਘ, 3. ਕਰਮ ਸਿੰਘ ਝਿੰਗੜ, 4. ਮਾਸਟਰ ਦਲੀਪ ਸਿੰਘ ਗੋਸਲ, 5. ਬਬਰ ਕਰਮ ਸਿੰਘ ਦੌਲਤਪੁਰ, 6. ਉਦੇ ਸਿੰਘ ਰਾਮਗੜ੍ਹ ਝੁੱਗੀਆ, 7. ਧੰਨਾ

ਸਿੰਘ ਬਹਿਬਲਪੁਰ, 8. ਬੂਟਾ ਸਿੰਘ ਪੰਡੋਰੀ ਨਿੱਝਰਾਂ ਅਤੇ 9. ਆਸਾ ਸਿੰਘ ਭੁੱਕੜੁੱਦੀ ਵਾਇਦਾ-ਮੁਆਫ਼ ਗਵਾਹ ਨੰ: 25।

* * *

ਜੱਸੋਵਾਲ ਦੀ ਤੀਜੀ ਮੀਟਿੰਗ ਵੀ ਪਹਿਲੀਆਂ ਦੋਹਾਂ ਮੀਟਿੰਗਾਂ ਵਾਂਗੂ ਬਿਲਕੁਲ ਉੱਪਰ-ਦੱਸੇ ਨੌਂਆਂ ਹੀ ਮੈਂਬਰਾਂ ਵਿਚ ਉਸੇ ਕੁਟੀਆ ਵਿਖੇ ਹੋਈ। ਬਬਰ ਕਰਮ ਸਿੰਘ ਨੇ ਦੱਸਿਆ ਕਿ ਸਾਡਾ ਪਹਿਲਾ ਫੈਸਲਾ ਤਾਂ ਇਹ ਹੈ ਕਿ ਅਮੀਰ ਝੁਲੀ-ਚੁੱਕਾਂ ਨੂੰ ਲੁੱਟਣ ਤੋਂ ਬਾਅਦ ਉਸ ਰਕਮ ਦੇ ਹਥਿਆਰ ਖ਼ਰੀਦ ਲਏ ਜਾਣ। ਪਰ ਬਾਬੂ ਸੰਤਾ ਸਿੰਘ ਦਾ ਖਿਆਲ ਹੈ ਕਿ ਕੁਝ ਰਕਮ ਹਿੱਸਾ ਲੈਣ ਵਾਲਿਆਂ ਵਿਚ ਵੀ ਤਕਸੀਮ ਕਰਨੀ ਚਾਹੀਦੀ ਹੈ, ਤਾਂ ਜੋ ਲਾਲਚ ਕਰਕੇ ਹੋਰ ਮੈਂਬਰ ਵੀ ਜਥੇ ਵਿਚ ਆ ਭਰਤੀ ਹੋਣ। ਤੇ ਪਹਿਲਿਆਂ ਨੂੰ ਵੀ ਮਾਲੀ ਮਦਦ ਮਿਲਦੀ ਰਹਿਣੀ ਚਾਹੀਦੀ ਹੈ। ਸੋ ਕੋਈ ਆਖ਼ਰੀ ਫ਼ੈਸਲਾ ਹੋ ਜਾਣਾ ਚਾਹੀਦਾ ਹੈ। ਸਾਰਿਆਂ ਨੇ ਬੜੇ ਧਿਆਨ ਨਾਲ ਸਾਰੀ ਗੱਲ ਸੁਣੀ।

ਭਾਈ ਕਿਸ਼ਨ ਸਿੰਘ ਨੇ ਕਿਹਾ ਕਿ "ਬੇਸ਼ੱਕ ਅਮੀਰ ਝੋਲੀ-ਚੁੱਕਾਂ ਨੂੰ ਲੁੱਟਣ ਦਾ ਫ਼ੈਸਲਾ ਤਾਂ ਅਸੀਂ ਕਰ ਚੁੱਕੇ ਹਾਂ, ਪਰ ਬਾਅਦ ਵਿਚ ਮੈਂ ਸੋਚਿਆ ਹੈ ਕਿ ਇਸ ਹਰਕਤ ਨਾਲ ਸਾਡੇ ਅਤੇ ਆਮ ਡਕੈਤਾਂ ਵਿਚ ਕੀ ਫ਼ਰਕ ਰਹਿ ਜਾਵੇਗਾ ? ਉਲਟਾ ਪੁਲਸ ਹੱਥ ਇਕ ਬੜਾ ਵਧੀਆ ਹਥਿਆਰ ਆ ਜਾਵੇਗਾ ਕਿ ਇਹ ਤਾਂ ਡਕੈਤਾਂ ਦਾ ਟੋਲਾ ਹੈ, ਜਿਹੜਾ ਡਾਕੇ ਮਾਰ ਕੇ ਲੁੱਟਣ-ਖੋਹਣ ਪਿਛੋਂ ਜਾਂਦਾ-ਜਾਂਦਾ ਕਤਲ ਵੀ ਕਰ ਜਾਂਦਾ ਹੈ। 1914-15 ਵਿਚ ਪੁਲਸ ਇਹੋ ਹਥਿਆਰ ਗ਼ਦਰ ਪਾਰਟੀ ਦੇ ਦੇਸ਼ਭਗਤਾਂ ਨੂੰ ਬਦਨਾਮ ਕਰਨ ਲਈ ਬੜੀ ਕਾਮਯਾਬੀ ਨਾਲ ਵਰਤ ਚੁੱਕੀ ਹੈ ਅਤੇ ਅਸੀਂ ਵੀ ਇਸ ਤੂਹਮਤ ਤੋਂ ਬਚ ਨਹੀਂ ਸਕਦੇ। ਸੋ ਪਹਿਲਾਂ ਪਾਸ ਕੀਤਾ ਮਤਾ ਸਾਨੂੰ ਰੱਦ ਹੀ ਕਰ ਦੇਣਾ ਚਾਹੀਦਾ ਹੈ।"

ਕਰਮ ਸਿੰਘ ਝਿੰਗੜ ਨੇ ਤਾਈਦ ਕਰਦਿਆਂ ਕਿਹਾ ਕਿ "ਮੈਂ ਉਸ ਦਿਨ ਮੁਖ਼ਾਲਫ਼ਿਤ ਕਰਦਾ-ਕਰਦਾ ਐਵੇਂ ਕਮਜ਼ੋਰੀ ਦਿਖਾ ਗਿਆ ਸੀ। ਸਚਮੁੱਚ ਹੀ ਸਾਨੂੰ ਸਭ ਲੋਕਾਂ ਨੇ ਡਕੈਤ ਹੀ ਸਮਝ ਲੈਣਾ ਹੈ। ਮੈਨੂੰ ਜ਼ਾਤੀ ਤਜਰਬਾ ਵੀ ਹੋ ਚੁੱਕਾ ਹੈ, ਜਦੋਂ ਮੈਂ ਗ਼ਦਰ ਪਾਰਟੀ ਵਿਚ ਸੀ। ਕੁਝ ਲੋਕੀਂ ਸਾਨੂੰ ਸਚਮੁੱਚ ਹੀ ਡਾਕੂ ਸਮਝਦੇ ਸਨ। ਸੋ ਹਾਲ ਦੀ ਘੜੀ ਇਹ ਕੰਮ ਮੁਲਤਵੀ ਕਰ ਦੇਣਾ ਚਾਹੀਦਾ ਹੈ। ਮੈਂ ਕਲਕੱਤੇ ਜਾ ਰਿਹਾ ਹਾਂ ਅਤੇ ਬਰਮਾ ਸਿੰਘ ਜ਼ਰੂਰ ਮਦਦ ਕਰੇਗਾ। ਜੇ ਬਾਅਦ ਵਿਚ ਕੋਈ ਹੋਰ ਵਾਹ-ਪੇਸ਼ ਨਾ ਗਈ, ਤਾਂ ਇਸ ਗੱਲ ਉੱਤੇ ਮੁੜ ਸੋਚ-ਵਿਚਾਰ ਕਰ ਲਵਾਂਗੇ। ਫਿਲਹਾਲ ਇਹ ਪ੍ਰੋਗਰਾਮ ਮੁਲਤਵੀ ਕਰਨਾ ਠੀਕ ਰਹੇਗਾ।" ਇਹ ਮਤਾ ਸਰਬਸੰਮਤੀ ਨਾਲ ਪਾਸ ਹੋ ਗਿਆ।

ਮੈਨੂੰ ਜ਼ਾਤੀ ਇਲਮ ਹੈ ਕਿ ਜਦੋਂ ਸੰਘਵਾਲੀਆ ਬੰਤਾ ਸਿੰਘ ਮਫਰੂਰ ਸੀ, ਸਾਡੇ ਪਿੰਡਾਂ ਵਿਚ ਆਮ ਲੋਕ ਬੰਤਾ ਸਿੰਘ ਨੂੰ ਡਾਕੂ ਹੀ ਕਿਹਾ ਕਰਦੇ ਸਨ ਅਤੇ ਅਸੀਂ ਨਿਆਣੇ ਰੌਲਾ ਪਾਉਂਦੇ ਹੁੰਦੇ ਸੀ, "ਆ ਗਿਆ ਡਾਕੂ ਬੰਤਾ ਸਿੰਘ"। ਅੱਜ-ਕਲ੍ਹ ਸਾਡਾ ਇਕ ਸਾਥੀ ਬੰਤਾ ਸਿੰਘ ਉਪਰਲੀ ਪੱਤੀ ਦਾ ਜਿਉਂਦਾ ਹੈ। ਉਹਨੇ ਵੀ ਸਾਡੇ ਨਾਲ ਹਿੱਸਾ ਲਿਆ ਸੀ। ਅਸੀਂ ਅੱਜ ਵੀ ਉਹਨੂੰ ਬੰਤਾ ਸਿੰਘ ਡਾਕੂ ਆਖ ਕੇ ਹੀ ਬੁਲਾਉਂਦੇ ਹਾਂ, ਜੀਹਦਾ ਜ਼ਿਕਰ ਅੱਗੇ ਜਾ ਕੇ ਆਵੇਗਾ।

ਉਹਨਾਂ ਦਿਨਾਂ ਵਿਚ ਸਭ ਫ਼ੈਸਲੇ ਜ਼ਬਾਨੀ ਹੀ ਕੀਤੇ ਜਾਂਦੇ ਸਨ ਅਤੇ ਜੋ ਫ਼ੈਸਲਾ ਹੋ ਗਿਆ, ਉਸ ਉੱਤੇ ਅਮਲ ਕਰਨਾ ਪਰਮ-ਧਰਮ ਸਮਝਿਆ ਜਾਂਦਾ ਸੀ। ਅੱਜ-ਕੱਲ੍ਹ ਵਾਂਗੂੰ ਕਾਗ਼ਜ਼ੀ ਕਾਰਵਾਈ ਨਹੀਂ ਸੀ ਕੀਤੀ ਜਾਂਦੀ।

* * *

ਜੱਸੋਵਾਲ ਦੀ ਇਸ ਤੀਜੀ ਮੀਟਿੰਗ ਦੀ ਸਮਾਪਤੀ ਪਿਛੋਂ ਬਬਰ ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਝੁੱਗੀਆਂ ਅਤੇ ਆਸਾ ਸਿੰਘ ਬਲਾਚੌਰ ਵੱਲ ਨਿਕਲ ਗਏ। ਕਰਮ ਸਿੰਘ ਝਿੰਗੜ ਅਤੇ ਮਾਸਟਰ ਦਲੀਪ ਸਿੰਘ ਗੋਸਲ ਬੰਗਿਆਂ ਵੱਲ ਚਲੇ ਗਏ। ਧੰਨਾ ਸਿੰਘ ਬਹਿਬਲਪੁਰ ਮਾਹਲਪੁਰ ਵੱਲ ਤੁਰ ਗਿਆ। ਭਾਈ ਕਿਸ਼ਨ ਸਿੰਘ ਜੀ ਬੂਟਾ ਸਿੰਘ ਨੂੰ ਨਾਲ ਲੈ ਕੇ ਗੁਰਦੁਆਰਾ ਕਿਸ਼ਨਪੁਰਾ ਵੱਲ ਆ ਗਏ ਅਤੇ ਬਾਬੂ ਸੰਤਾ ਸਿੰਘ ਪ੍ਰਾਗਪੁਰ ਵੱਲ ਨਿਕਲ ਗਏ।

ਹੁਣ ਭਾਈ ਕਿਸ਼ਨ ਸਿੰਘ ਅਤੇ ਬਾਬੂ ਸੰਤਾ ਸਿੰਘ ਇਕ ਦੂਜੇ ਤੋਂ ਪੂਰੀ ਤਰ੍ਹਾਂ ਨਿੱਖੜ ਚੁੱਕੇ ਸਨ। ਸੋ ਬਾਬੂ ਸੰਤਾ ਸਿੰਘ ਨੇ ਪੱਕਾ ਡੇਰਾ ਪੰਡੋਰੀ ਨਿੱਝਰਾਂ ਵਿਚ ਆ ਲਾਇਆ। ਤਕਰੀਬਨ ਸਾਰਾ ਪਿੰਡ ਹੀ ਉਹਦਾ ਜਾਣੂ ਹੋ ਚੁਕਿਆ ਸੀ। ਮਜ਼ੇ ਦੀ ਗੱਲ ਇਹ ਸੀ ਕਿ ਸਿਵਾਏ ਸਾਡੇ ਸਰਗਰਮ ਮੈਂਬਰਾਂ ਦੇ ਬਾਕੀ ਕਿਸੇ ਪਿੰਡ-ਵਾਸੀ ਨੂੰ ਉਹਦੀਆਂ ਸਰਗਰਮੀਆਂ ਦਾ ਕੋਈ ਇਲਮ ਨਹੀਂ ਸੀ। ਤੇ ਉਹ ਸੀ ਵੀ ਖ਼ਾਮੋਸ਼ ਵਰਕਰ। ਪਿੰਡ ਦੇ ਕਿਸੇ ਝੋਲੀ-ਚੁੱਕ ਨੂੰ ਉਹਦੀ ਬਾਬਤ ਕੋਈ ਪਤਾ ਨਹੀਂ ਸੀ ਕਿ ਇਹ ਕੌਣ ਹੈ ਅਤੇ ਕੀ ਕਰ ਰਿਹਾ ਹੈ। ਸਭ ਅਕਾਲੀ ਸਮਝ ਕੇ ਉਹਦਾ ਆਦਰ ਕਰਦੇ ਸਨ।

ਬਾਬੂ ਸੰਤਾ ਸਿੰਘ ਨੇ ਆਲੇ-ਦੁਆਲੇ ਗੇੜੇ ਕੱਢ ਕੇ ਹੋਰ ਮੈਂਬਰ ਭਰਤੀ ਕਰਕੇ ਇਕ ਤੀਜਾ ਜਥਾ ਪੰਡੋਰੀ ਨਿੱਝਰਾਂ ਦੇ ਨੇੜੇ ਦੇ ਪਿੰਡਾਂ ਵਿਚੋਂ ਤਿਆਰ ਕਰ ਲਿਆ। ਇਸ ਜਥੇ ਵਿਚ ਪੰਡੋਰੀ ਨਿੱਝਰਾਂ ਵਿਚੋਂ ਹੀ ਪੰਦਰਾਂ ਬੰਦੇ ਸਨ। ਇਹ ਸਭ ਮੁਲਜ਼ਮ ਬਣੇ ਸਨ। ਕੁਝ ਸ਼ਹੀਦ ਹੋਏ, ਕੁਝ ਫਾਂਸੀ ਲੱਗੇ ਅਤੇ ਕੁਝ ਕਾਲੇ-ਪਾਣੀ ਤੇ ਹੋਰ ਕੈਦਾਂ ਹੋਏ। ਇਸ ਜਥੇ ਦਾ ਲੀਡਰ ਸੀ ਬਾਬੂ ਸੰਤਾ ਸਿੰਘ। ਇਹਤੋਂ ਪਹਿਲਾਂ ਹਰੀਪੁਰੀਆ ਸ਼ਿਵ ਸਿੰਘ, ਉਜਾਗਰ ਸਿੰਘ ਬਸਰਾਮਪੁਰ, ਸਾਧੂ ਸਿੰਘ, ਬੰਤਾ ਸਿੰਘ, ਪ੍ਰੇਮ ਸਿੰਘ ਪ੍ਰਾਗਪੁਰੀਆ ਅਤੇ ਸਾਰੇ ਪੰਡੋਰੀ ਨਿੱਝਰਾਂ ਵਾਲੇ ਬਬਰ ਜਥੇ ਦੇ ਪੱਕੇ ਮੈਂਬਰ ਬਣ ਹੀ ਚੁੱਕੇ ਸਨ। 1921 ਤੋਂ ਪਹਿਲਾਂ ਚਕਰਵਰਤੀ ਜਥਾ ਸੀ ਅਤੇ ਮੁੜ ਬਬਰ ਜਥਾ ਬਣ ਗਿਆ ਸੀ। ਤੀਜੇ ਜਥੇ ਦੀ ਭਰਤੀ ਅਖ਼ੀਰ 1922 ਅਤੇ ਸ਼ੁਰੂ 1923 ਵਿਚ ਬਾਬੂ ਸੰਤਾ ਸਿੰਘ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਸੀ।

ਕੰਢੀ ਵੱਲ ਅਤੇ ਨਵਾਂ ਸ਼ਹਿਰ ਵੱਲ ਬਬਰ ਕਰਮ ਸਿੰਘ ਦੀ, ਜਲੰਧਰ ਦੇ ਆਲੇ-ਦੁਆਲੇ ਭਾਈ ਕਿਸ਼ਨ ਸਿੰਘ ਦੀ ਅਤੇ ਹੁਸ਼ਿਆਰਪੁਰ-ਜਲੰਧਰ ਦੀਆਂ ਹੱਦਾਂ ਉੱਤੇ ਇਸ ਤੀਜੇ ਜਥੇ ਦੀ ਅਗਵਾਈ ਥੱਲੇ ਸਾਰੇ ਦੁਆਬੇ ਵਿਚ ਪੱਕੇ ਪੈਰੀਂ ਬਬਰ ਹਕੂਮਤ ਕਾਇਮ ਕਰ ਲਈ ਗਈ ਸੀ। ਬੰਗੇ, ਮਾਹਲਪੁਰ ਅਤੇ ਗੜ੍ਹਸ਼ੰਕਰ ਵੱਲ ਜੱਸੋਵਾਲੀਏ, ਕੋਟਫਤੂਹੀ ਤੇ ਬਹਿਬਲਪੁਰੀਆ ਧੰਨਾ ਸਿੰਘ, ਹਰੀ ਸਿੰਘ ਖੰਡਾ, ਗਿਆਨੀ ਕਰਤਾਰ ਸਿੰਘ, ਸੁੰਦਰ ਸਿੰਘ ਮਖਸੂਸਪੁਰੀ ਅਤੇ ਗਿਆਨੀ ਹਰਬੰਸ ਸਿੰਘ ਛੋਟਾ ਸਰਹਾਲਾ ਆਪਣਾ ਸਿੱਕਾ ਜਮਾ ਚੁਕੇ ਸਨ। ਰਿਆਸਤ ਕਪੂਰਥਲੇ ਵਿਚ ਡੁਮੇਲੀ ਅਤੇ ਪਲਾਹੀ ਵਾਲੇ ਚੜ੍ਹਦੀਆਂ ਕਲਾਂ ਵਿਚ ਆ ਚੁਕੇ ਸਨ। ਦੋਹਾਂ ਦਰਿਆਵਾਂ,

ਸਤਲੁਜ ਅਤੇ ਬਿਆਸ ਦੇ ਅੰਦਰ-ਅੰਦਰ ਬਬਰਾਂ ਦਾ ਰਾਜ ਪੱਕੇ ਪੈਰੀਂ ਕਾਇਮ ਹੋ ਚੁਕਿਆ ਸੀ।

ਅਗੇ ਜਾ ਕੇ ਅੰਗਰੇਜ ਅਫ਼ਸਰਾਂ, ਹੋਮ ਸੈਕਟਰੀ ਗਵਰਨਮਿੰਟ ਆਫ਼ ਇੰਡੀਆ, ਕਮਿਸ਼ਨਰ, ਡਿਪਟੀ ਕਮਿਸ਼ਨਰ, ਪੁਲਸ ਕਪਤਾਨ, ਡੀ ਆਈ ਜੀ ਸੀ ਆਈ ਡੀ, ਰਸਾਲਦਾਰ ਤੇ ਦਫ਼ੇਦਾਰ ਰਸਾਲੇ ਵਾਲਿਆਂ ਤੋਂ ਇਲਾਵਾ ਸਭ ਦੇਸੀ ਅਫ਼ਸਰਾਂ, ਸਾਰੇ ਬਦਨਾਮ ਝੋਲੀ-ਚੁੱਕਾਂ ਅਤੇ ਸਾਡੇ ਆਪਣੇ ਕੁਝ ਸਾਥੀਆਂ ਜਿਹੜੇ ਬਾਅਦ ਵਿਚ ਵਾਇਦਾ-ਮੁਆਫ਼ ਬਣ ਗਏ ਸਨ, ਦੇ ਬਿਆਨ ਰੀਕਾਰਡ ਦੇ ਆਧਾਰ ਉੱਤੇ ਦਰਜ ਕਰਕੇ ਮੈਂ ਸਾਬਤ ਕਰ ਦਿਆਂਗਾ ਕਿ ਸਚਮੁੱਚ ਹੀ 1922 ਤੋਂ 1924 ਦੇ ਤਕਰੀਬਨ ਅੱਧ ਤਕ ਸਾਰੇ ਦੁਆਬੇ ਵਿਚ ਬਬਰਾਂ ਦਾ ਰਾਜ ਕਾਇਮ ਹੋ ਚੁਕਿਆ ਸੀ। ਰਸਾਲੇ ਅਤੇ ਫ਼ੌਜੀਆਂ ਦੀ ਮਦਦ ਨਾਲ ਮਾਰਸਲ ਲਾਅ ਲਾ ਕੇ ਸਹਿਜੇ-ਸਹਿਜੇ ਮੁੜ ਅੰਗਰੇਜ਼ੀ ਰਾਜ ਦੀ ਸਥਾਪਨਾ ਕਰਨੀ ਪਈ ਸੀ।

* * *

ਇਕ ਦਿਨ ਗੁਰਦੁਆਰਾ ਕਿਸ਼ਨਪੁਰਾ ਵਿਚ ਭਾਈ ਕਿਸ਼ਨ ਸਿੰਘ ਨੇ ਬੂਟਾ ਸਿੰਘ ਨੂੰ ਕਿਹਾ ਕਿ "ਮੈਨੂੰ ਪਤਾ ਲਗਿਆ ਹੈ ਕਿ ਲੁਧਿਹਾਣੇ ਦਾ ਇਕ ਸਿਰਕੱਢ ਵਕੀਲ ਗੱਜਣ ਸਿੰਘ ਤਕੜਾ ਝੋਲੀ-ਚੁੱਕ ਹੈ ਅਤੇ ਉਹਦੇ ਉਕਾੜੇ ਲਾਗੇ ਮੁਰੱਬੇ ਵੀ ਹਨ ਤੇ ਉਹ ਕਪਾਹ ਵੇਚਣ ਉਥੇ ਜਾ ਰਿਹਾ ਹੈ। ਤੂੰ ਬਬਰ ਕਰਮ ਸਿੰਘ ਅਤੇ ਉਦੇ ਸਿੰਘ ਨੂੰ ਨਾਲ ਲੈ ਕੇ ਉਕਾੜੇ ਚਲਿਆ ਜਾ ਅਤੇ ਜਾ ਕੇ ਆਪਣੇ ਪਿੰਡ ਦੇ ਜਗਤ ਸਿੰਘ ਨੂੰ ਮਿਲ। ਉਹ ਇਸ ਕੰਮ ਲਈ ਮਦਦ ਕਰਨ ਨੂੰ ਮੇਰੇ ਨਾਲ ਇਕਰਾਰ ਕਰ ਗਿਆ ਹੈ। ਜਦੋਂ ਵਕੀਲ ਮੰਡੀ ਵਿਚੋਂ ਰਕਮ ਵੱਟ ਕੇ ਮੁੜੇ ਤਾਂ ਤੁਸੀਂ ਸੁਖਾਲਿਆਂ ਹੀ ਮੌਕਾ ਤਾੜ ਕੇ ਰਕਮ ਕਾਬੂ ਕਰ ਸਕਦੇ ਹੋ। ਇਉਂ ਹਥਿਆਰ ਖ਼ਰੀਦਣ ਦਾ ਮਸਲਾ ਸੁਖਾਲਿਆਂ ਹੀ ਹੱਲ ਹੋ ਜਾਵੇਗਾ। ਜਗਤ ਸਿੰਘ ਕਹਿ ਗਿਆ ਹੈ ਕਿ ਬੰਦੇ ਹਥਿਆਰਾਂ ਵਾਲੇ ਹੋਣੇ ਚਾਹੀਦੇ ਹਨ ਅਤੇ ਮੇਰੇ ਪਿੰਡ ਦਾ ਬੂਟਾ ਸਿੰਘ ਨਾਲ ਆ ਜਾਵੇ, ਤਾਂ ਜੋ ਮੈਨੂੰ ਵੀ ਯਕੀਨ ਹੋ ਜਾਵੇ ਕਿ ਰਕਮ ਸਹੀ ਹੱਥਾਂ ਵਿਚ ਜਾ ਰਹੀ ਹੈ। ਉਹ ਵਕੀਲ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਤੁਹਾਡੀ ਰਿਹਾਇਸ਼ ਦੀ ਜ਼ਿੰਮੇਵਾਰੀ ਲੈ ਗਿਆ ਹੈ।"

ਬੂਟਾ ਸਿੰਘ ਨੇ ਆਖਿਆ ਕਿ "ਉਕਾੜੇ ਲਾਗੇ ਚਾਰ ਚੱਕ ਵਿਚ ਜਗਤ ਸਿੰਘ ਤੋਂ ਇਲਾਵਾ ਮੇਰੇ ਪਿੰਡ ਦੇ ਹੋਰ ਬੰਦੇ ਵੀ ਹਨ। ਆਲੇ-ਦੁਆਲੇ ਦੇ ਚੱਕਾਂ ਵਿਚ ਵੀ ਸਾਡੇ ਪਿੰਡ ਵਾਲਿਆਂ ਦੇ ਕਾਫ਼ੀ ਮੁਰੱਬੇ ਹਨ। ਤੁਸੀਂ ਤਸੱਲੀ ਰੱਖੋ। ਮੈਂ ਸਾਰਾ ਕੰਮ ਕਰ ਆਵਾਂਗਾ।"

ਭਾਈ ਕਿਸ਼ਨ ਸਿੰਘ ਨੇ ਆਪਣਾ ਪਸਤੌਲ ਉਸੇ ਵੇਲੇ ਬੂਟਾ ਸਿੰਘ ਨੂੰ ਦੇ ਦਿੱਤਾ।

ਬੂਟਾ ਸਿੰਘ ਨਵਾਂ ਸ਼ਹਿਰ ਥਾਣੀਂ ਹੁੰਦਾ ਹੋਇਆ ਬਬਰ ਸਾਹਿਬ ਦੀ ਤਲਾਸ਼ ਵਿਚ ਦੌਲਤਪੁਰ ਜਾ ਪੁਜਿਆ। ਦੀਵਾਨ ਸਿੰਘ ਤੋਂ ਪਤਾ ਕੀਤਾ ਕਿ ਬਬਰ ਸਾਹਿਬ ਕਿਥੇ ਮਿਲਣਗੇ। ਅਸਲ ਵਿਚ ਸਿਰਕੱਢ ਬਬਰਾਂ ਨੇ ਖ਼ਾਸ ਪਿੰਡਾਂ ਵਿਚ ਕੋਈ ਨਾ ਕੋਈ ਪੱਕਾ ਬੰਦਾ ਮੁਕੱਰਰ ਕਰ ਛਡਿਆ ਸੀ, ਜੀਹਨੂੰ ਪਤਾ ਹੁੰਦਾ ਸੀ ਕਿ ਉਹ ਕਿਥੇ ਮਿਲਣਗੇ। ਦੌਲਤਪੁਰ ਵਿਚ ਇਹੋ ਦੀਵਾਨ ਸਿੰਘ ਬਬਰ ਸਾਹਿਬ ਦੇ ਭਰੋਸੇ ਵਾਲਾ ਪੱਕਾ ਬੰਦਾ ਸੀ। ਰਾਤ ਨੂੰ ਬਬਰ ਸਾਹਿਬ ਵੀ ਆ ਗਏ। ਬੂਟਾ ਸਿੰਘ ਨੇ ਭਾਈ ਸਾਹਿਬ ਦੀ ਸਾਰੀ ਤਜਵੀਜ਼ ਦੱਸ ਦਿੱਤੀ। ਬਬਰ ਕਰਮ ਸਿੰਘ ਦੇ ਦੱਸਿਆ ਕਿ "ਉਦੇ ਸਿੰਘ ਦੇ ਪੈਰ

ਉੱਤੇ ਜ਼ਬਰਦਸਤ ਸੱਟ ਲੱਗ ਗਈ ਹੈ, ਜਿਸ ਕਰਕੇ ਉਹ ਤੁਰਨ-ਫਿਰਨ ਤੋਂ ਵੀ ਆਰੀ ਹੈ। ਐਸ ਵੇਲੇ ਮੰਜਾ ਮੱਲੀ ਪਿਆ ਹੈ। ਇਲਾਜ ਦੀ ਸਾਰੀ ਜ਼ਿੰਮੇਵਾਰੀ ਮੇਰੀ ਹੈ। ਮੈਂ ਕਿਸੇ ਕੀਮਤ ਉੱਤੇ ਉਹਨੂੰ ਛੱਡ ਕੇ ਨਹੀਂ ਜਾ ਸਕਦਾ ਅਤੇ ਬੰਦੂਕਾਂ ਸਮੇਤ ਰੇਲ ਉੱਤੇ ਸਫ਼ਰ ਕਰਨਾ ਵੀ ਖ਼ਤਰੇ ਤੋਂ ਖ਼ਾਲੀ ਨਹੀਂ। ਬਿਨਾਂ ਬੰਦੂਕ ਕਿਤੇ ਜਾਣਾ ਮੇਰੇ ਵੱਸ ਦੀ ਗੱਲ ਨਹੀਂ, ਕਿਉਂਕਿ ਮੈਂ ਅਰਦਾਸਾ ਸੋਧ ਕੇ ਕਸਮ ਖਾ ਲਈ ਹੈ ਕਿ ਸਿਰ ਭਾਵੇਂ ਚਲਿਆ ਜਾਵੇ, ਮਰਦੇ ਦਮ ਤਕ ਬੰਦੂਕ ਹੱਥੋਂ ਨਹੀਂ ਛੱਡਣੀ ਤੇ ਜਿਉਂਦਿਆਂ ਪੁਲਸ ਦੇ ਹੱਥ ਨਹੀ ਆਉਣਾ।''

ਮਿੱਤਰੋ, ਗੱਲ ਮਗਰੋਂ ਇਉਂ ਹੀ ਹੋਈ ਸੀ। ਸਿੱਧੀ ਮੱਥੇ ਵਿਚ ਗੋਲੀ ਖਾ ਕੇ ਹੀ ਇਸ ਸੂਰਮੇ ਨੇ ਸ਼ਹੀਦੀ ਪਾਈ ਸੀ।

ਸੋ ਬਬਰ ਸਾਹਿਬ ਨੇ ਬੂਟਾ ਸਿੰਘ ਨੂੰ ਆਖਿਆ ਕਿ ''ਮੇਰੀ ਬੇਵਸੀ ਦੱਸ ਕੇ ਭਾਈ ਸਾਹਿਬ ਨੂੰ ਕਹਿਣਾ ਕਿ ਕਿਸੇ ਹੋਰ ਮੈਂਬਰ ਨੂੰ ਘੱਲ ਕੇ ਜਿਵੇਂ ਵੀ ਹੋ ਸਕੇ, ਇਹ ਕੰਮ ਜ਼ਰੂਰ ਸਿਰੇ ਚੜ੍ਹਾਇਆ ਜਾਵੇ।'' ਸੋ ਬੂਟਾ ਸਿੰਘ ਨੇ ਵਾਪਸ ਆ ਕੇ ਸਾਰੀ ਗੱਲ ਭਾਈ ਸਾਹਿਬ ਨੂੰ ਦੱਸ ਦਿੱਤੀ।

ਇਸੇ ਸੱਟ ਨਾਲ ਉਦੇ ਸਿੰਘ ਰਾਮਗੜ੍ਹ ਝੁੱਗੀਆਂ ਬਬਰ ਸਾਹਿਬ ਨਾਲ ਸ਼ਹੀਦੀ ਪਾਉਣ ਤੱਕ ਲੰਗ ਮਾਰ ਕੇ ਹੀ ਚਲਦਾ ਰਿਹਾ ਸੀ। ਬੜੀ ਮੁਸ਼ਕਲ ਨਾਲ ਤੁਰਦਾ ਸੀ। ਬਹੁਤ ਹੀ ਮਾੜਕੂ ਜਿਹਾ ਸਰੀਰ ਸੀ। ਕੱਦ ਲੰਮਾ, ਇਕਹਿਰਾ ਬਦਨ, ਦਰਿੜ੍ਹ ਇਰਾਦਾ, ਬੜਾ ਸਿਰੜੀ ਬੰਦਾ ਸੀ ਉਹ। ਬਬਰ ਸਾਹਿਬ ਤਾਂ ਚੰਗੇ ਜੁੱਸੇ ਵਾਲੇ ਭਰਵੇਂ ਸਰੀਰ ਦੇ ਸਨ। ਵੈਸੇ ਉਦੇ ਸਿੰਘ ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲੇ ਸਨ। ਧੰਨਾ ਸਿੰਘ ਬਹਿਬਲਪੁਰ ਵਾਲੇ ਦਰਮਿਆਨੇ ਜਿਸਮ, ਸਾਢੇ ਕੁ ਪੰਜ ਫੁੱਟ ਕੱਦ ਅਤੇ ਚੁਸਤ ਸਰੀਰ ਦੇ ਮਾਲਕ ਸਨ। ਇਹ ਸੀ ਇਹਨਾਂ ਤਿੰਨਾਂ ਸਿਰ-ਲੱਥ ਯੋਧਿਆਂ ਦਾ ਹੁਲੀਆ।

* * *

ਬੂਟਾ ਸਿੰਘ ਨੇ ਵਾਪਸੀ ਉਤੇ ਪਸਤੌਲ ਫੇਰ ਭਾਈ ਕਿਸ਼ਨ ਸਿੰਘ ਦੇ ਹਵਾਲੇ ਕਰ ਦਿੱਤਾ। ਅਗਲੇ ਦਿਨ ਭਾਈ ਸਾਹਿਬ ਨੇ ਬੂਟਾ ਸਿੰਘ ਨੂੰ ਆਖਿਆ ਕਿ ''ਉਕਾੜੇ ਵਾਲਾ ਪ੍ਰੋਗਰਾਮ ਤਾਂ ਹੁਣ ਫਿਹਲ ਹੀ ਹੋ ਗਿਆ ਸਮਝੋ। ਇਹ ਕੰਮ ਬਬਰ ਸਾਹਿਬ ਹੀ ਸਿਰੇ ਚੜ੍ਹਾ ਸਕਦੇ ਸਨ। ਸੋ ਹੁਣ ਸਾਨੂੰ ਹਰੀਪੁਰੀਏ ਅਰਜਨ ਸਿੰਘ ਪਟਵਾਰੀ ਦਾ ਕੰਡਾ ਕੱਢ ਸੁੱਟਣਾ ਚਾਹੀਦਾ ਹੈ। ਤੁਹਾਡੇ ਪਿੰਡ ਦੇ ਸਾਧਾ ਸਿੰਘ ਦੇ ਨਾਨਕੇ ਹਰੀਪੁਰ ਹਨ ਅਤੇ ਉਹ ਉਹਨੂੰ ਜਾਣਦਾ ਹੈ। ਸੋ ਤੁਸੀਂ ਹੁਣ ਇਹ ਕੰਮ ਸਿਰੇ ਚੜ੍ਹਾਉਣ ਦੀ ਤਿਆਰੀ ਕਰੋ।'' ਆਪਣਾ ਪਸਤੌਲ ਉਹਨਾਂ ਨੇ ਫੇਰ ਬੂਟਾ ਸਿੰਘ ਦੇ ਹਵਾਲੇ ਕਰ ਦਿੱਤਾ।

ਬੂਟਾ ਸਿੰਘ ਤਿੰਨ-ਚਾਰ ਦਿਨ ਸਾਧਾ ਸਿੰਘ ਹੁਰਾਂ ਨਾਲ ਸਲਾਹਾਂ ਕਰਦਾ ਰਿਹਾ ਅਤੇ ਘੁੰਮਦਾ-ਘੁਮਾਉਂਦਾ ਪ੍ਰਾਗਪੁਰ ਸੰਤ ਕਰਤਾਰ ਸਿੰਘ ਦੀ ਕੁਟੀਆ ਵਿਖੇ ਚਲਿਆ ਗਿਆ। ਉਥੇ ਕਰਮ ਸਿੰਘ ਝਿੰਗੜ ਮਿਲ ਪਏ ਅਤੇ ਕਿਹਾ ਕਿ ''ਐਸ ਵੇਲੇ ਪਰਚਾ ਛਾਪਣ ਵਾਲੀ ਸਿਆਹੀ ਅਤੇ ਮੋਮੀ ਕਾਗਜ਼ ਖ਼ਤਮ ਹੋ ਚੁੱਕੇ ਹਨ, ਸੋ ਤੂੰ ਜਾ ਕੇ ਲਾਹੌਰੋਂ ਖ਼ਰੀਦ ਲਿਆ। ਸਿੱਧਾ ਜੱਸੋਵਾਲ ਆ ਜਾਵੀਂ।'' ਉਹਨਾ ਨੇ ਰਕਮ ਬੂਟਾ ਸਿੰਘ ਦੇ ਹਵਾਲੇ ਕਰ ਦਿੱਤੀ। ਬੂਟਾ ਸਿੰਘ ਨੇ ਭਾਈ ਕਿਸ਼ਨ ਸਿੰਘ ਵਾਲਾ ਪਸਤੌਲ ਅਤੇ ਗੋਲੀਆਂ ਕਰਮ ਸਿੰਘ ਦੇ ਹਵਾਲੇ ਕੀਤੀਆਂ ਅਤੇ ਸਿੱਧਾ ਲਾਹੌਰ ਜਾ ਪੁਜਿਆ। ਲੋੜੀਂਦਾ ਸਾਮਾਨ

ਖ਼ਰੀਦ ਕੇ ਰੇਲ ਚੜ੍ਹ ਉਹ ਜੱਸੋਵਾਲ ਸੰਤ ਚਰਨ ਸਿੰਘ ਦੀ ਕੁਟੀਆ ਵਿਖੇ ਜਾ ਪੁਜਿਆ। ਉਥੇ ਭਾਈ ਕਿਸ਼ਨ ਸਿੰਘ, ਬਬਰ ਕਰਮ ਸਿੰਘ ਦੌਲਤਪੁਰ, ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਗੋਸਲ, ਬਾਬੂ ਸੰਤਾ ਸਿੰਘ ਅਤੇ ਆਸਾ ਸਿੰਘ ਪਹਿਲਾਂ ਹੀ ਆਏ ਬੈਠੇ ਸਨ।

ਉਥੇ ਹੀ "ਬਬਰ ਅਕਾਲੀ ਦੁਆਬਾ" ਪਰਚਾ ਛਾਪਿਆ ਗਿਆ ਅਤੇ ਵੰਡਣ ਲਈ ਪਿਛਲੇ ਪ੍ਰੋਗਰਾਮ ਮੁਤਾਬਿਕ ਸਾਰਿਆਂ ਵਿਚ ਤਕਸੀਮ ਕਰ ਦਿਤਾ ਗਿਆ। ਬਬਰ ਕਰਮ ਸਿੰਘ ਅਤੇ ਆਸਾ ਸਿੰਘ ਪਿੰਡ ਵੱਲ ਚਲੇ ਗਏ। ਕਰਮ ਸਿੰਘ ਝਿੰਗੜ ਕਲਕੱਤੇ ਜਾ ਕੇ ਬਰਮਾ ਸਿੰਘ ਰਾਹੀਂ ਹਥਿਆਰ ਖ਼ਰੀਦਣ ਦਾ ਪ੍ਰੋਗਰਾਮ ਤਿਆਰ ਕਰਨ ਲੱਗ ਪਿਆ। ਉਸੇ ਵੇਲੇ ਆਤਮਾ ਸਿੰਘ ਬੀਕਾ ਪਿੰਡੋਂ ਕਰਮ ਸਿੰਘ ਲਈ ਸੁਨੇਹਾ ਲੈ ਕੇ ਆ ਗਿਆ।

# 29. ਕਰਮ ਸਿੰਘ ਝਿੰਗੜ ਅਤੇ ਮਾਸਟਰ ਦਲੀਪ ਸਿੰਘ ਗੋਸਲ ਦੀ ਗਰਿਫ਼ਤਾਰੀ

ਆਤਮਾ ਸਿੰਘ ਨੇ ਕਰਮ ਸਿੰਘ ਨੂੰ ਦੱਸਿਆ ਕਿ ਉਹਦੇ ਭਰਾ ਕਿਹਰ ਸਿੰਘ ਨੇ ਉਹਨੂੰ ਇਹ ਸੁਨੇਹਾ ਦੇਣ ਲਈ ਭੇਜਿਆ ਹੈ ਕਿ ਐਸ ਵੇਲੇ ਮਾਤਾ ਬੀਮਾਰ ਹੈ ਤੇ ਤੈਨੂੰ ਯਾਦ ਕਰ ਰਹੀ ਹੈ ਅਤੇ ਜਲਦੀ ਤੋਂ ਜਲਦੀ ਪਿੰਡ ਪੁਜਣ ਲਈ ਕਿਹਾ ਹੈ। ਕਰਮ ਸਿੰਘ ਨੇ ਪਹਿਲਾਂ ਮਾਈ ਨੂੰ ਦੇਖਣ ਜਾਣ ਦਾ ਮਨ ਬਣਾ ਲਿਆ ਅਤੇ ਪਿੰਡੋਂ ਹੀ ਕਲਕੱਤੇ ਜਾਣ ਦੀ ਸਲਾਹ ਪੱਕੀ ਕਰਕੇ ਮਾਸਟਰ ਦਲੀਪ ਸਿੰਘ ਗੋਸਲ ਨੂੰ ਨਾਲ ਲੈ ਕੇ ਪਿੰਡ ਨੂੰ ਚੱਲ ਪਿਆ।

ਉਹਨੇ ਤੁਰਨ ਵੇਲੇ ਭਾਈ ਕਿਸ਼ਨ ਸਿੰਘ ਨੂੰ ਕਿਹਾ ਕਿ ਕੁਝ ਦਿਨਾਂ ਤੱਕ, ਤਕਰੀਬਨ 5 ਜਨਵਰੀ 1923 ਤੱਕ ਉਹ ਜਗਤਪੁਰੀਏ ਬਸਾਵਾ ਸਿੰਘ ਕੋਲ ਪੁੱਜ ਜਾਵੇਗਾ ਅਤੇ ਰਾਹ ਦੇ ਖ਼ਰਚੇ ਲਈ ਉਥੇ ਰਕਮ ਪੁਚਾ ਦਿੱਤੀ ਜਾਵੇ। ਹੋ ਸਕੇ ਤਾਂ ਬਾਬੂ ਸੰਤਾ ਸਿੰਘ ਜਾਂ ਕੋਈ ਹੋਰ ਸਾਥੀ ਆ ਕੇ ਦੇ ਜਾਵੇ।

ਉਸੇ ਵੇਲੇ ਭਾਈ ਕਿਸ਼ਨ ਸਿੰਘ ਨੇ ਇਕ ਰੁੱਕਾ ਭਰੋਲੀ ਵਾਲੇ ਮੋਤਾ ਸਿੰਘ ਅਤੇ ਆਸਾ ਸਿੰਘ ਦੇ ਨਾਂ ਲਿਖ ਕੇ ਬਾਬੂ ਸੰਤਾ ਸਿੰਘ ਨੂੰ ਦੇ ਕੇ ਆਖਿਆ ਕਿ ਰਕਮ ਲੈ ਕੇ 5 ਜਨਵਰੀ 1923 ਨੂੰ ਭਰੋਲੀ ਪੁਚਾ ਦੇਵੇ। ਭਾਈ ਕਿਸ਼ਨ ਸਿੰਘ ਅਤੇ ਬੂਟਾ ਸਿੰਘ ਬਹਿਬਲਪੁਰ ਵੱਲ ਚਲੇ ਗਏ।

ਕਰਮ ਸਿੰਘ, ਮਾਸਟਰ ਦਲੀਪ ਸਿੰਘ ਅਤੇ ਆਤਮਾ ਸਿੰਘ ਬੀਕਾ ਤੜਕੇ ਹੀ ਝਿੰਗੜੀਂ ਜਾ ਪੁੱਜੇ। ਦਿਨ ਚੜ੍ਹੇ ਆਤਮਾ ਸਿੰਘ ਨੂੰ ਬੰਗਿਆਂ ਨੂੰ ਘੱਲ ਦਿੱਤਾ ਗਿਆ ਕਿ ਉਹ ਥਾਣੇ ਲਾਗੇ ਰਹਿ ਕੇ ਤਾੜ ਰਖੇ। ਜੇ ਪੁਲਸ ਇਧਰ ਆਉਣ ਲੱਗੇ ਤਾਂ ਪਹਿਲਾਂ ਹੀ ਪੁੱਜ ਕੇ ਆ ਦੱਸੇ। ਉਹਨਾਂ ਦਾ ਇਰਾਦਾ ਸਾਰਾ ਦਿਨ ਪਿੰਡ ਰਹਿਣ ਦਾ ਬਣ ਗਿਆ।

ਸਚਮੁੱਚ ਹੀ ਪੁਲਸ ਥਾਣਿਉਂ ਤਿਆਰ ਹੋ ਕੇ ਨਿਕਲ ਤੁਰੀ। ਪਰ ਆਤਮਾ ਸਿੰਘ ਭੱਜ ਕੇ ਪਹਿਲਾਂ ਹੀ ਝਿੰਗੜੀਂ ਆ ਪੁਜਿਆ ਅਤੇ ਸਿੱਧਾ ਮਾਤਾ ਜੀ ਕੋਲ ਆ ਕੇ ਪੁਛਿਆ ਕਿ ਕਰਮ ਸਿੰਘ ਹੁਰੀਂ ਕਿਥੇ ਹਨ। ਮਾਤਾ ਜੀ ਨੇ ਦੱਸਿਆ ਕਿ ਉਹ ਤਾਂ ਚਲੇ ਗਏ ਹਨ। ਇਹ ਕਰਮ ਸਿੰਘ ਦੀ ਆਪਣੀ ਹੀ ਗ਼ਲਤੀ ਸੀ। ਅੰਨ-ਪਾਣੀ ਛਕ ਕੇ ਉਹਨਾਂ ਨੇ ਮਾਤਾ ਜੀ ਨੂੰ ਕਹਿ ਦਿੱਤਾ ਕਿ ਅਸੀਂ ਹੁਣ ਜਾ ਰਹੇ ਹਾਂ। ਜਾਣ ਦੀ ਥਾਂ

ਉਹ ਨਾਲ ਲਗਦੀ ਕੋਠੜੀ ਵਿਚ ਹੀ ਜਾ ਲੰਮੇ ਪਏ ਸਨ। ਉਧਰ ਆਤਮਾ ਸਿੰਘ ਨਿਸਚਿੰਤ ਹੋ ਗਿਆ। ਇਹ ਗੱਲ ਵੀ ਸੱਚ ਹੈ ਕਿ ਇਹ ਆਤਮਾ ਸਿੰਘ ਬਹੁਤ ਹੀ ਸਾਧਾਰਨ, ਸਿੱਧਾ-ਪੱਧਰਾ ਜਿਹਾ ਬੰਦਾ ਸੀ। ਜੇ ਜ਼ਰਾ ਵੀ ਸਿਆਣਪ ਤੋਂ ਕੰਮ ਲੈਂਦਾ ਤਾਂ ਸੋਚ ਸਕਦਾ ਸੀ ਕਿ ਮੈਨੂੰ ਨਿਗਰਾਨੀ ਲਈ ਭੇਜ ਕੇ ਉਹ ਜਾ ਕਿਵੇਂ ਸਕਦੇ ਸਨ। ਪਰ ਕੁਦਰਤ ਦੇ ਰੰਗ ਨਿਆਰੇ ਹਨ। ਉਹ ਦੋਵੇਂ ਬੇਫ਼ਿਕਰ ਕੋਠੜੀ ਦਾ ਕੁੰਡਾ ਲਾ ਕੇ ਆਰਾਮ ਕਰ ਰਹੇ ਸਨ। ਏਨੇਂ ਨੂੰ ਪੁਲਸ ਨੇ ਆ ਕੁੰਡਾ ਖੜਕਾਇਆ। ਕਰਮ ਸਿੰਘ ਹੁਰੀਂ ਵੀ ਸਮਝ ਗਏ। ਭਰਿਆ ਹੋਇਆ ਪਸਤੌਲ ਅਤੇ ਗੋਲੀਆਂ ਫਟਾ-ਫਟ ਕਛਹਿਰੇ ਵਿਚ ਲਪੇਟ ਕੇ ਛੱਤ ਦੀ ਖੋਢ ਵਿਚ ਲੁਕਾ ਦਿੱਤੇ। ਉਹਨਾਂ ਦਿਨਾਂ ਵਿਚ ਸਾਡੇ ਮਕਾਨ ਪੁਰਾਣੇ ਜ਼ਮਾਨਿਆਂ ਦੇ ਬਣੇ ਹੋਏ ਕੱਚੇ ਅਤੇ ਅਨਘੜਤ ਜਿਹੀਆਂ ਲਟੈਣਾਂ ਤੇ ਬਾਲਿਆਂ ਨਾਲ ਕਾਨਿਆਂ ਦੀਆਂ ਛੱਤਾਂ ਵਾਲੇ ਹੀ ਹੁੰਦੇ ਸਨ। ਇਹੋ ਜਿਹਾ ਸਾਮਾਨ ਸੁਖਾਲਿਆਂ ਹੀ ਲੁਕਾਇਆ ਜਾ ਸਕਦਾ ਸੀ। ਦੂਜੇ ਕਾਗਜ ਵੀ ਇਸੇ ਤਰ੍ਹਾਂ ਲਪੇਟ-ਲਪਾਟ ਕੇ ਖੋਢਾਂ ਅੰਦਰ ਥੁੰਨ ਦਿਤੇ ਅਤੇ ਵਿਹਲੇ ਹੋ ਕੇ ਕੋਠੜੀ ਦਾ ਕੁੰਡਾ ਖੋਲ੍ਹ ਦਿੱਤਾ।

ਪੁਲਸ ਨੇ ਫਟਾ-ਫਟ ਦੋਹਾਂ ਨੂੰ ਗਰਿਫ਼ਤਾਰ ਕਰਕੇ ਤੁਰਨ ਦੀ ਕੀਤੀ। ਹੋਰ ਤਲਾਸ਼ੀ ਲੈਣ ਦੀ ਕੋਈ ਲੋੜ ਹੀ ਨਹੀਂ ਸਮਝੀ। ਇਸੇ ਗੱਲ ਦੀ ਖ਼ੁਸ਼ੀ ਵਿਚ ਪੁਲਸ ਨੇ ਵਾਪਸ ਪਰਤਣ ਦੀ ਕੀਤੀ ਕਿ ਇਸ਼ਤਿਹਾਰੀ ਮੁਲਜ਼ਮ ਉਹਨਾਂ ਨੇ ਫੜ ਲਏ ਹਨ ਜਿਨ੍ਹਾਂ ਦੀ ਗਰਿਫ਼ਤਾਰੀ ਲਈ ਇਨਾਮੀ ਇਸ਼ਤਿਹਾਰ ਸਰਕਾਰ ਵਲੋਂ ਜਾਰੀ ਕੀਤੇ ਜਾ ਚੁੱਕੇ ਸਨ। ਤੁਰਨ ਲਗਿਆਂ ਪੁਲਸ ਨੇ ਆਤਮਾ ਸਿੰਘ ਨੂੰ ਵੀ ਨਾਲ ਲੈ ਲਿਆ। ਕਿਉਂਕਿ ਉਹਦੇ ਵਾਰੰਟ ਗਰਿਫ਼ਤਾਰੀ ਪੁਲਸ ਕੋਲ ਨਹੀਂ ਸਨ, ਇਸ ਲਈ ਥਾਣੇ ਲਿਜਾ ਕੇ ਉਹਨੂੰ ਛਡ ਦਿੱਤਾ। ਤੁਰਨ ਲਗੇ ਨੂੰ ਕਰਮ ਸਿੰਘ ਨੇ ਤਾਕੀਦ ਕਰ ਦਿੱਤੀ ਕਿ ਉਹ ਜਾਂਦਿਆਂ ਹੀ ਛੱਤ ਵਿਚੋਂ ਪਸਤੌਲ ਅਤੇ ਕਾਗਜ਼ ਕੱਢ ਕੇ ਭਾਈ ਕਿਸ਼ਨ ਸਿੰਘ ਨੂੰ ਸਾਰੀ ਕਹਾਣੀ ਜਾ ਦੱਸੇ।

ਉਧਰ ਬਾਬੂ ਸੰਤਾ ਸਿੰਘ 5 ਜਨਵਰੀ 1923 ਨੂੰ ਜਗਤਪੁਰ ਜਾ ਪੁਜਿਆ। ਉਥੋਂ ਪਤਾ ਲਗਿਆ ਕਿ ਕਰਮ ਸਿੰਘ ਅਤੇ ਮਾਸਟਰ ਦਲੀਪ ਸਿੰਘ ਜਲੰਧਰ ਜਿਹਲ ਵਿਚ ਪੁਚਾ ਦਿੱਤੇ ਗਏ ਹਨ। ਬਾਬੂ ਸੰਤਾ ਸਿੰਘ ਆਤਮਾ ਸਿੰਘ ਬੀਕਾ ਕੋਲ ਜਾ ਪੁਜਿਆ। ਉਹਨੇ ਗਰਿਫ਼ਤਾਰੀ ਦੀ ਸਾਰੀ ਕਹਾਣੀ ਸ਼ੁਰੂ ਤੋਂ ਅਖ਼ੀਰ ਤੱਕ ਦੱਸ ਦਿਤੀ। ਉਹਨੇ ਪਸਤੌਲ, ਗੋਲੀਆਂ ਅਤੇ ਕਾਗਜ ਬਾਬੂ ਸਾਹਿਬ ਦੇ ਹਵਾਲੇ ਕਰ ਦਿੱਤੇ।

ਪੁਲਸ ਨੇ ਦੋਹਾਂ ਦਾ ਚਲਾਨ 124 ਏ ਅਤੇ 153 ਏ ਅਧੀਨ ਕਰਕੇ ਮਾਸਟਰ ਦਲੀਪ ਸਿੰਘ ਗੋਸਲ ਨੂੰ ਪੰਜ ਸਾਲਾਂ ਲਈ ਅਤੇ ਕਰਮ ਸਿੰਘ ਝਿੰਗੜ ਨੂੰ ਚਾਰ ਸਾਲਾਂ ਲਈ ਕੈਦ ਕਰਵਾ ਕੇ ਮੁਲਤਾਨ ਜਿਹਲ ਵਿਚ ਪੁਚਾ ਦਿਤਾ।

# 30. (ੳ) ਅਹਿਮ ਘਟਨਾਵਾਂ ਅਤੇ ਦੋਸ਼

ਇਥੇ ਮੈਂ ਉਹਨਾਂ ਅਹਿਮ ਘਟਨਾਵਾਂ ਦਾ ਵੇਰਵਾ ਦੇ ਰਿਹਾ ਹਾਂ, ਜਿਨ੍ਹਾਂ ਨੂੰ ਦੋਸ਼ਾਂ ਵਜੋਂ ਲੈ ਕੇ ਮੁਕੱਦਮੇ ਚਲਾਏ ਗਏ।

1. ਜੱਜਮੈਂਟ ਸਫ਼ਾ 61, ਪਿੰਡ ਸੂੰਢ ਦੀ ਘਟਨਾ, 11 ਮਈ 1922।

2. ਸਫ਼ਾ 62, ਮਹੱਦੀਪੁਰੀਏ ਸਫ਼ੈਦਪੋਸ਼ ਹਰਨਾਮ ਸਿੰਘ ਉੱਤੇ ਕਾਤਲਾਨਾ ਹਮਲਾ, 20-21 ਮਈ 1922 ਦੀ ਰਾਤ।

3. ਸਫ਼ਾ 64, ਬਛੌੜੀ ਵਾਲੇ ਰਾਮ ਦਿੱਤਾ ਉਰਫ਼ ਕਾਕੇ ਲੰਬੜਦਾਰ ਤੋਂ ਸਰਕਾਰੀ ਮਾਮਲਾ ਖੋਹੇ ਜਾਣਾ, 3 ਜੁਲਾਈ 1922।

4. ਸਫ਼ਾ 66, ਪੰਡੋਰੀ ਨਿੱਝਰਾਂ ਵਾਲੇ ਲੰਬੜਦਾਰਾਂ ਅਤੇ ਚੌਕੀਦਾਰਾਂ ਨੂੰ ਧਮਕਾਉਣ ਲਈ ਨੱਕ-ਕੰਨ ਕੱਟਣ ਦੇ ਨੋਟਿਸ ਉਹਨਾਂ ਦੇ ਮਕਾਨਾਂ ਉੱਤੇ ਲਾਉਣਾ, ਸਤੰਬਰ 1922।

5. ਸਫ਼ੇ 66-67, ਜੱਸੋਵਾਲ ਦੀਆਂ ਤਿੰਨ ਮੀਟਿੰਗਾਂ, ਦਸੰਬਰ 1922-ਜਨਵਰੀ 1923।

6. ਸਫ਼ਾ 68, ਹਰੀਪੁਰੀਏ ਅਰਜਨ ਸਿੰਘ ਪਟਵਾਰੀ ਨੂੰ ਕਤਲ ਕਰਨ ਦਾ ਦੋ ਵਾਰ ਜਤਨ, 16 ਅਤੇ 23 ਜਨਵਰੀ 1923।

7. ਸਫ਼ਾ 69, ਜਾਡਲੇ ਦੀ ਡਕੈਤੀ, ਅੱਧੀ ਰਾਤ, 2-3 ਫ਼ਰਵਰੀ 1923।

8. ਸਫ਼ਾ 72, ਰਾਣੀਥੂਹੇ ਦੇ ਜ਼ੈਲਦਾਰ ਬਿਸ਼ਨ ਸਿੰਘ ਨੂੰ ਕਤਲ ਕਰਨ ਦਾ ਜਤਨ ਅਤੇ ਫੇਰ ਕਤਲ ਕਰ ਦੇਣ ਦੀ ਵਾਰਦਾਤ, 10 ਫ਼ਰਵਰੀ 1923।

9. ਸਫ਼ਾ 74, ਹਿਆਤਪੁਰ ਰੁੜਕੀ ਦੇ ਦੀਵਾਨ ਦਾ ਕਤਲ, ਰਾਤ, 13-14 ਫ਼ਰਵਰੀ 1923।

10. ਸਫ਼ਾ 77, ਰੇਲਵੇ ਸਟੇਸ਼ਨ ਜਮਸ਼ੇਰ ਨੂੰ ਲੁੱਟਣਾ, ਰਾਤ, 3-4 ਮਾਰਚ 1923।

11. ਸਫ਼ਾ 80, ਨੰਗਲ ਸ਼ਾਮਾ ਵਾਲੇ ਲੰਬੜਦਾਰ ਬੂਟੇ ਤੇ ਉਹਦੇ ਪੋਤੇ ਦਾ ਕਤਲ ਅਤੇ ਦੂਜੇ ਪੋਤੇ ਨੂੰ ਸਖ਼ਤ ਜ਼ਖ਼ਮੀ ਕਰ ਸੁੱਟਣਾ, ਰਾਤ, 11-12 ਮਾਰਚ 1923।

12. ਸਫ਼ਾ 84, ਢੱਡਿਆਂ ਵਾਲੇ ਲਾਭ ਸਿੰਘ ਨੂੰ ਕਤਲ ਕਰਨ ਦੀਆਂ ਤਿੰਨ ਵਾਰ ਤਿਆਰੀਆਂ, 14, 17 ਅਤੇ 23 ਮਾਰਚ 1923।

13. ਸਫ਼ਾ 87, ਗੜ੍ਹਸ਼ੰਕਰੀਏ ਮਿਸਤਰੀ ਲਾਭ ਸਿੰਘ ਦਾ ਕਤਲ, 19 ਮਾਰਚ 1923 ।

14. ਸਫ਼ਾ 91, ਹਜ਼ਾਰਾ ਸਿੰਘ ਬਹਿਬਲਪੁਰੀਏ ਦਾ ਕਤਲ, 27 ਮਾਰਚ 1923 ।

15. ਸਫ਼ਾ 93, ਸੂਬੇਦਾਰ ਗੇਂਦਾ ਸਿੰਘ ਘੁੜਿਆਲੀਏ ਦਾ ਕਤਲ, 17 ਅਪ੍ਰੈਲ 1923 ।

16. ਸਫ਼ਾ 99, ਲੰਬੜਦਾਰ ਅਤੇ ਚੌਕੀਦਾਰ ਪੰਡੋਰੀ ਨਿੱਝਰਾਂ ਨੂੰ ਕਤਲ ਕਰਨ ਦੀ ਕੋਸ਼ਿਸ, ਅਪ੍ਰੈਲ 1923 ।

17. ਸਫ਼ਾ 102, ਕੌਲਗੜ੍ਹੀਏ ਰਲੇ ਅਤੇ ਦਿੱਤੂ ਭਰਾਵਾਂ ਦਾ ਕਤਲ ਅਤੇ ਡਕੈਤੀ, ਰਾਤ, 20-21 ਮਈ 1923 ।

18. ਸਫ਼ਾ 105, ਰੰਧਾਵਿਆਂ ਵਾਲੇ ਸੂਬੇਦਾਰ ਦੇ ਕਤਲ ਦੀ ਸਾਜ਼ਿਸ਼, ਮਈ 1923 ।

19. ਸਫ਼ਾ 106, ਅਤਾ ਮੁਹੰਮਦ ਪਟਵਾਰੀ ਦਾ ਕਤਲ, 6 ਜੂਨ 1923 ।

20. ਸਫ਼ਾ 108, ਬਿਸ਼ਨ ਸਿੰਘ ਸਾਂਧਰੇ ਉੱਤੇ ਕਾਤਲਾਨਾ ਹਮਲਾ, ਰਾਤ, 15-16 ਜੁਲਾਈ 1923 ।

21. ਸਫ਼ਾ 110, ਬਬਰਾਂ ਨਾਲ ਰਸਾਲੇ ਦਾ ਮੁਕਾਬਲਾ, ਬਮੇਲੀ, 1 ਸਤੰਬਰ 1923 ।

22. ਸਫ਼ਾ 112, ਧੰਨਾ ਸਿੰਘ ਬਹਿਬਲਪੁਰੀਏ ਦੀ ਗਰਿਫਤਾਰੀ ਵੇਲੇ ਬੰਬ ਧਮਾਕਾ, 25 ਅਕਤੂਬਰ 1923 ।

23. ਸਫ਼ਾ 113, ਜਵਾਲਾ ਸਿੰਘ ਕੋਟਲੀ ਵਾਲੇ ਦਾ ਕਤਲ, ਰਾਤ, 13-14 ਨਵੰਬਰ 1923 ।

24. ਸਫ਼ਾ 116, ਬਬਰਾਂ ਨਾਲ ਰਸਾਲੇ ਦਾ ਮੁਕਾਬਲਾ, ਪਿੰਡ ਮੰਡੇਰਾਂ, 12 ਦਸੰਬਰ 1923 ।

25. ਪੇਪਰ-ਬੁੱਕ, ਸਫ਼ਾ 774, ਵਰਿਆਮ ਸਿੰਘ ਧੁੱਗੇ ਦੀ ਸ਼ਹੀਦੀ, ਚੱਕ ਨੰ: 54, ਤਹਿਸੀਲ ਜੜ੍ਹਾਂਵਾਲਾ, ਜ਼ਿਲਾ ਲਾਇਲਪੁਰ, 7-8 ਅਪ੍ਰੈਲ 1924, ਬਿਆਨ ਬੂਟਾ ਰਾਮ ।

# (ਅ) ਵਾਇਦਾ-ਮੁਆਫ਼ ਸਰਕਾਰੀ ਗਵਾਹਾਂ ਦਾ ਵੇਰਵਾ

1. ਗਵਾਹ ਨੰ: 8, ਅਮਰ ਸਿੰਘ ਵਲਦ ਗੰਡਾ ਸਿੰਘ, ਉਮਰ 27 ਸਾਲ, ਜ਼ਾਤ ਸਿੱਖ, ਪਿੰਡ ਕੋਟ ਬਾੜੇ ਖਾਂ, ਜ਼ਿਲਾ ਗੁਜਰਾਂਵਾਲਾ, ਪੇਪਰ-ਬੁੱਕ ਸਫ਼ਾ 40 ਤੋਂ 47 ਉਤਲਾ ਬਿਆਨ 5 ਤੋਂ 7 ਜੂਨ 1924 ਤੱਕ ਹੋਇਆ ।

2. ਗਵਾਹ ਨੰ: 9, ਸੰਤ ਕਰਤਾਰ ਸਿੰਘ ਵਲਦ ਫਤਿਹ ਦੀਨ, ਉਮਰ 35 ਸਾਲ,

ਜ਼ਾਤ ਸਾਧੂ, ਪਿੰਡ ਪ੍ਰਾਗਪੁਰ, ਜ਼ਿਲਾ ਜਲੰਧਰ, ਪੇਪਰ-ਬੁੱਕ ਸਫ਼ਾ 48 ਤੋਂ 67 ਉਤਲਾ ਬਿਆਨ 7 ਤੋਂ 11 ਜੂਨ 1924 ਤੱਕ ਹੋਇਆ।

3. ਗਵਾਹ ਨੰ: 10, ਕਰਤਾਰ ਸਿੰਘ ਵਲਦ ਜਵਾਲਾ ਸਿੰਘ, ਉਮਰ 30 ਸਾਲ, ਜ਼ਾਤ ਜੱਟ, ਪਿੰਡ ਬੂੜੋ ਬਾੜੀਆਂ, ਜ਼ਿਲਾ ਹੁਸ਼ਿਆਰਪੁਰ, ਪੇਪਰ-ਬੁੱਕ ਸਫ਼ਾ 68 ਤੋਂ 75 ਉਤਲਾ ਬਿਆਨ 11 ਤੋਂ 12 ਜੂਨ 1924 ਤੱਕ ਹੋਇਆ।

4. ਗਵਾਹ ਨੰ: 11, ਵਤਨ ਸਿੰਘ ਵਲਦ ਹਰਨਾਮ ਸਿੰਘ, ਉਮਰ 25–26 ਸਾਲ, ਜ਼ਾਤ ਝਿਉਰ, ਪਿੰਡ ਪੰਡੋਰੀ ਨਿੱਝਰਾਂ, ਜ਼ਿਲਾ ਜਲੰਧਰ, ਫ਼ੌਜੀ, ਪੇਪਰ-ਬੁੱਕ ਸਫ਼ਾ 76 ਤੋਂ 97 ਉਤਲਾ ਬਿਆਨ 12 ਤੋਂ 17 ਜੂਨ 1924 ਤੱਕ ਹੋਇਆ।

5. ਗਵਾਹ ਨੰ: 12, ਬੇਲਾ ਸਿੰਘ ਵਲਦ ਅਰੂੜ ਸਿੰਘ, ਉਮਰ 22 ਸਾਲ, ਜ਼ਾਤ ਛੀਂਬਾ, ਪਿੰਡ ਨਡਾਲਾ, ਰਿਆਸਤ ਕਪੂਰਥਲਾ, ਸਕੂਲ ਮਾਸਟਰ, ਪੇਪਰ-ਬੁੱਕ ਸਫ਼ਾ 98 ਤੋਂ 101 ਉਤਲਾ ਬਿਆਨ 18 ਜੂਨ 1924 ਨੂੰ ਹੋਇਆ।

6. ਗਵਾਹ ਨੰ: 13, ਰਾਮ ਸਿੰਘ ਵਲਦ ਭਗਵਾਨਾ, ਉਮਰ 26 ਸਾਲ, ਜ਼ਾਤ ਜੱਟ-ਸਿੱਖ, ਪਿੰਡ ਮਜ਼ਾਰਾ ਕਲਾਂ, ਜ਼ਿਲਾ ਜਲੰਧਰ, ਪੇਪਰ-ਬੁੱਕ ਸਫ਼ਾ 102 ਤੋਂ 115 ਉਤਲਾ ਬਿਆਨ 18 ਤੋਂ 20 ਜੂਨ 1924 ਤੱਕ ਹੋਇਆ।

7. ਗਵਾਹ ਨੰ: 14, ਤੁਫ਼ੈਲ ਮੁਹੰਮਦ ਵਲਦ ਇਮਾਮ ਦੀਨ, ਉਮਰ 18 ਸਾਲ, ਜ਼ਾਤ ਮੋਚੀ, ਪਿੰਡ ਪੰਡੋਰੀ ਨਿੱਝਰਾਂ, ਜ਼ਿਲਾ ਜਲੰਧਰ, ਪੇਪਰ-ਬੁੱਕ ਸਫ਼ਾ 116 ਤੋਂ 121 ਉਤਲਾ ਬਿਆਨ 20 ਅਤੇ 21 ਜੂਨ 1924 ਨੂੰ ਹੋਇਆ।

8. ਗਵਾਹ ਨੰ: 15, ਸਾਧੂ ਸਿੰਘ ਵਲਦ ਬੇਲਾ ਸਿੰਘ, ਉਮਰ 24 ਸਾਲ, ਜ਼ਾਤ ਜੱਟ, ਪਿੰਡ ਪ੍ਰਾਗਪੁਰ, ਜ਼ਿਲਾ ਜਲੰਧਰ, ਪੇਪਰ-ਬੁੱਕ ਸਫ਼ਾ 122 ਤੋਂ 140 ਉਤਲਾ ਬਿਆਨ 21 ਤੋਂ 25 ਜੂਨ 1924 ਤੱਕ ਹੋਇਆ।

9. ਗਵਾਹ ਨੰ: 16, ਰਾਮ ਸਿੰਘ ਵਲਦ ਗੁਰਮੁਖ ਸਿੰਘ, ਉਮਰ 25 ਸਾਲ, ਜ਼ਾਤ ਜੱਟ-ਸਿੱਖ, ਪਿੰਡ ਹਿਆਤਪੁਰ ਰੁੜਕੀ, ਜ਼ਿਲਾ ਜਲੰਧਰ, ਪੇਪਰ-ਬੁੱਕ ਸਫ਼ਾ 141 ਤੋਂ 144 ਉਤਲਾ ਬਿਆਨ 25 ਜੂਨ 1924 ਨੂੰ ਹੋਇਆ।

10. ਗਵਾਹ ਨੰ: 17, ਅਨੂਪ ਸਿੰਘ ਵਲਦ ਇੰਦਰ ਸਿੰਘ, ਉਮਰ 25 ਸਾਲ, ਜ਼ਾਤ ਜੱਟ-ਸਿੱਖ, ਪਿੰਡ ਮਾਣਕੋ, ਜ਼ਿਲਾ ਜਲੰਧਰ, ਪੇਪਰ-ਬੁੱਕ ਸਫ਼ਾ 145 ਤੋਂ 167 ਉਤਲਾ ਬਿਆਨ 25 ਜੂਨ ਤੋਂ 1 ਜੁਲਾਈ 1924 ਤੱਕ ਹੋਇਆ।

11. ਗਵਾਹ ਨੰ: 18, ਮਲੂਕ ਸਿੰਘ ਵਲਦ ਨਥਾ ਸਿੰਘ, ਉਮਰ 25 ਸਾਲ, ਜ਼ਾਤ ਜੱਟ-ਸਿੱਖ, ਪਿੰਡ ਪਲਾਹੀ, ਰਿਆਸਤ ਕਪੂਰਥਲਾ, ਪੇਪਰ-ਬੁੱਕ ਸਫ਼ਾ 168 ਤੋਂ 173 ਉਤਲਾ ਬਿਆਨ 18 ਜੁਲਾਈ 1924 ਨੂੰ ਹੋਇਆ।

12. ਗਵਾਹ ਨੰ: 19, ਜਵੰਦ ਸਿੰਘ ਵਲਦ ਬੇਲਾ ਸਿੰਘ, ਉਮਰ 30 ਸਾਲ, ਜ਼ਾਤ ਜੱਟ-ਸਿੱਖ, ਪਿੰਡ ਜੌਹਲਾਂ, ਜ਼ਿਲਾ ਜਲੰਧਰ, ਪੇਪਰ-ਬੁੱਕ ਸਫ਼ਾ 174 ਤੋਂ 179 ਉਤਲਾ ਬਿਆਨ 17 ਅਤੇ 18 ਜੁਲਾਈ 1924 ਨੂੰ ਹੋਇਆ।

13. ਗਵਾਹ ਨੰ: 20, ਬੇਲਾ ਸਿੰਘ ਵਲਦ ਖ਼ੁਸ਼ਹਾਲ ਸਿੰਘ, ਉਮਰ 55 ਸਾਲ, ਜ਼ਾਤ ਜੱਟ-ਸਿੱਖ, ਪਿੰਡ ਪ੍ਰਾਗਪੁਰ, ਜ਼ਿਲਾ ਜਲੰਧਰ, ਪੇਪਰ-ਬੁੱਕ ਸਫ਼ਾ 179 ਤੋਂ 192 ਉਤਲਾ ਬਿਆਨ 18 ਤੋਂ 21 ਜੁਲਾਈ 1924 ਤੱਕ ਹੋਇਆ।

14. ਗਵਾਹ ਨੰ: 21, ਮਿੱਤ ਸਿੰਘ ਵਲਦ ਖੜਕ ਸਿੰਘ, ਉਮਰ 50 ਸਾਲ, ਜ਼ਾਤ

ਜੱਟ-ਸਿੱਖ, ਪਿੰਡ ਮਲਕਾਣਾ, ਰਿਆਸਤ ਪਟਿਆਲਾ, ਪੇਪਰ-ਬੁੱਕ ਸਫ਼ਾ 192 ਤੋਂ 198 ਉਤਲਾ ਬਿਆਨ 21 ਜੁਲਾਈ 1924 ਨੂੰ ਹੋਇਆ।

15. ਗਵਾਹ ਨੰ: 22, ਕਿਰਪਾਲ ਸਿੰਘ ਵਲਦ ਨੱਥਾ ਸਿੰਘ, ਉਮਰ 27 ਸਾਲ, ਜ਼ਾਤ ਖੱਤਰੀ ਸਿੱਖ, ਪਿੰਡ ਮਲਕਪੁਰ, ਜ਼ਿਲਾ ਰਾਵਲਪਿੰਡੀ, ਪੇਪਰ-ਬੁੱਕ ਸਫ਼ਾ 199 ਤੋਂ 204 ਉਤਲਾ ਬਿਆਨ 22 ਜੁਲਾਈ 1924 ਨੂੰ ਹੋਇਆ।

16. ਗਵਾਹ ਨੰ: 23, ਚੰਦਾ ਸਿੰਘ ਵਲਦ ਛੱਜਾ ਸਿੰਘ, ਉਮਰ 30 ਸਾਲ, ਜ਼ਾਤ ਜੱਟ-ਸਿੱਖ, ਪਿੰਡ ਡੁਮੇਲੀ, ਰਿਆਸਤ ਕਪੂਰਥਲਾ, ਪੇਪਰ-ਬੁੱਕ ਸਫ਼ਾ 206 ਤੋਂ 209 ਉਤਲਾ ਬਿਆਨ 23 ਜੁਲਾਈ 1924 ਨੂੰ ਹੋਇਆ।

17. ਗਵਾਹ ਨੰ: 24, ਹਜ਼ਾਰਾ ਸਿੰਘ ਵਦਲ ਸ਼ੇਰੂ, ਉਮਰ 25 ਸਾਲ, ਜ਼ਾਤ ਜੱਟ, ਪਿੰਡ ਮੰਡੇਰਾਂ, ਜ਼ਿਲਾ ਜਲੰਧਰ, ਪੇਪਰ-ਬੁੱਕ ਸਫ਼ਾ 211-212 ਉਤਲਾ ਬਿਆਨ 24 ਜੁਲਾਈ 1924 ਨੂੰ ਹੋਇਆ।

18. ਗਵਾਹ ਨੰ: 25, ਆਸਾ ਸਿੰਘ ਉਰਫ਼ ਮਹਿਤਾਬ ਸਿੰਘ ਵਲਦ ਰਾਮ ਦਿੱਤਾ, ਉਮਰ 40 ਸਾਲ, ਜ਼ਾਤ ਜੱਟ-ਸਿੱਖ, ਪਿੰਡ ਭੁਕੜੂੰਦੀ, ਜਿਲਾ ਜਲੰਧਰ, ਪੇਪਰ-ਬੁੱਕ ਸਫ਼ਾ 215 ਤੋਂ 237 ਉਤਲਾ ਬਿਆਨ 24 ਤੋਂ 29 ਜੁਲਾਈ 1924 ਨੂੰ ਹੋਇਆ।

19. ਗਵਾਹ ਨੰ: 26, ਬੰਤਾ ਸਿੰਘ ਵਲਦ ਘਨਈਆ ਸਿੰਘ, ਉਮਰ 35 ਸਾਲ, ਜ਼ਾਤ ਜੱਟ-ਸਿੱਖ, ਪਿੰਡ ਬੋਪਾਰਾਏ, ਰਿਆਸਤ ਕਪੂਰਥਲਾ, ਪੇਪਰ-ਬੁੱਕ ਸਫ਼ਾ 238 ਤੋਂ 242 ਉਤਲਾ ਬਿਆਨ 29 ਅਤੇ 30 ਜੁਲਾਈ 1924 ਨੂੰ ਹੋਇਆ।

20. ਗਵਾਹ ਨੰ: 27, ਬੇਲਾ ਸਿੰਘ ਵਲਦ ਫੱਤੂ, ਉਮਰ 30 ਸਾਲ, ਜ਼ਾਤ ਸਿੱਖ ਰਾਮਦਾਸੀਆ, ਪਿੰਡ ਬੋਪਾਰਾਏ, ਰਿਆਸਤ ਕਪੂਰਥਲਾ, ਪੇਪਰ-ਬੁੱਕ ਸਫ਼ਾ 243 ਉਤਲਾ ਬਿਆਨ ਤਾਰੀਖ 30 ਜੁਲਾਈ 1924 ਨੂੰ ਹੋਇਆ।

21. ਗਵਾਹ ਨੰ: 28, ਹਜ਼ਾਰਾ ਸਿੰਘ ਵਲਦ ਇੰਦਰ ਸਿੰਘ, ਉਮਰ 27 ਸਾਲ, ਜ਼ਾਤ ਜੱਟ-ਸਿੱਖ, ਪਿੰਡ ਮੰਡੇਰਾਂ, ਜ਼ਿਲਾ ਜਲੰਧਰ, ਪੇਪਰ-ਬੁੱਕ ਸਫ਼ਾ 244 ਤੋਂ 251 ਉਤਲਾ ਬਿਆਨ 31 ਜੁਲਾਈ 1924 ਨੂੰ ਹੋਇਆ।

22. ਗਵਾਹ ਨੰ: 29, ਧੰਨਾ ਸਿੰਘ ਵਲਦ ਰਾਮ ਸਿੰਘ, ਉਮਰ 26 ਸਾਲ, ਜ਼ਾਤ ਜੱਟ-ਸਿੱਖ, ਪਿੰਡ ਕੋਟਲੀ ਬਾਵਾ ਦਾਸ, ਜ਼ਿਲਾ ਹੁਸ਼ਿਆਰਪੁਰ, ਪੇਪਰ-ਬੁੱਕ ਸਫ਼ਾ 252 ਤੋਂ 277 ਉਤਲਾ ਬਿਆਨ 31 ਜੁਲਾਈ ਤੋਂ 5 ਅਗਸਤ 1924 ਤੱਕ ਹੋਇਆ।

23. ਰਲਾ ਸਿੰਘ, ਡਿਚਕੋਟ ਮਾਣਕੋ, ਜ਼ਿਲਾ ਲਾਇਲਪੁਰ, ਪੇਸ਼ ਕੀਤਾ ਗਿਆ, ਪਰ ਬਿਆਨ ਲੈਣ ਦੀ ਅਦਾਲਤ ਨੇ ਲੋੜ ਨਹੀਂ ਸਮਝੀ ਕਿਉਂਕਿ ਕੋਈ ਮੁਲਜ਼ਮ ਅਦਾਲਤ ਵਿਚ ਨਹੀਂ ਸੀ। ਇਹ ਦੂਜੇ ਕੇਸ ਵਿਚ ਭੁਗਤਿਆ ਸੀ।

## (ੲ) ਕੁਝ ਹੋਰ ਅਹਿਮ ਗਵਾਹ

ਪਹਿਲੇ ਕੇਸ ਦੇ ਕੁੱਲ 91 ਮੁਲਜ਼ਮ ਸਨ ਅਤੇ ਬਾਕੀ 22 ਵਾਇਦਾ-ਮੁਆਫ਼ ਬਣ ਗਏ ਸਨ। ਵਾਇਦਾ-ਮੁਆਫ਼ਾਂ ਸਮੇਤ ਕੁੱਲ ਗਵਾਹ 477 ਸਨ, ਜੋ ਸਾਡੇ ਕੇਸ ਵਿਚ

ਭੁਗਤੇ ਸਨ। ਮੈਂ ਸਿਰਫ਼ ਅਹਿਮ ਗਵਾਹਾਂ ਦੀ ਸੂਚੀ ਪਾਠਕਾਂ ਦੀ ਜਾਣਕਾਰੀ ਲਈ ਦਰਜ ਕਰ ਰਿਹਾ ਹਾਂ, ਜਿਸ ਵਿਚ ਅੰਗਰੇਜ਼, ਦੇਸੀ ਅਤੇ ਰਸਾਲੇ ਦੇ ਅਫ਼ਸਰਾਂ ਤੋਂ ਇਲਾਵਾ ਝੋਲੀ-ਚੁੱਕਾਂ ਦੇ ਵੇਰਵੇ ਵੀ ਦੇ ਰਿਹਾ ਹਾਂ।

1. ਗਵਾਹ ਨੰ: 49, ਸ਼ਾਮ ਸਿੰਘ ਵਲਦ ਦਸੌਂਧਾ ਸਿੰਘ, ਉਮਰ 75 ਸਾਲ, ਪਿੰਡ ਤਲਹਨ, ਜ਼ਾਤ ਜੱਟ-ਸਿੱਖ, ਜ਼ਿਲਾ ਜਲੰਧਰ, ਜ਼ੈਲਦਾਰ, ਪੇਪਰ-ਬੁੱਕ ਸਫ਼ਾ 298, ਗਵਾਹੀ ਹੋਈ 19 ਅਗਸਤ 1924।

2. ਗਵਾਹ ਨੰ: 59, ਕਾਬੁਲ ਸਿੰਘ, ਥਾਣੇਦਾਰ, ਗੜ੍ਹਸ਼ੰਕਰ, ਸਫ਼ਾ 309, 20 ਅਗਸਤ 1924।

3. ਗਵਾਹ ਨੰ: 69, ਹਰਨਾਮ ਸਿੰਘ ਵਲਦ ਮੰਗਲ ਸਿੰਘ, ਉਮਰ 70 ਸਾਲ, ਜ਼ਾਤ ਜੱਟ-ਸਿੱਖ, ਪਿੰਡ ਮਹੱਦੀਪੁਰ, ਜ਼ਿਲਾ ਜਲੰਧਰ, ਸਫ਼ੈਦਪੋਸ਼, ਕੁਰਸੀ-ਨਸ਼ੀਨ, ਜਗੀਰਦਾਰ, ਸਫ਼ਾ 327, 21 ਅਗਸਤ 1924।

4. ਗਵਾਹ ਨੰ: 85, ਰਾਮ ਦਿੱਤਾ ਉਰਫ਼ ਕਾਕਾ ਵਲਦ ਰੁਲਦੂ, ਉਮਰ 60 ਸਾਲ, ਜ਼ਾਤ ਹਿੰਦੂ ਜੱਟ, ਪਿੰਡ ਬਛੌੜੀ, ਜ਼ਿਲਾ ਹੁਸ਼ਿਆਰਪੁਰ, ਲੰਬੜਦਾਰ, ਸਫ਼ਾ 344, 23 ਅਗਸਤ 1924।

5. ਗਵਾਹ ਨੰ: 92, ਭਗਵਾਨ ਸਿੰਘ ਵਲਦ ਅਛਰ ਸਿੰਘ, ਉਮਰ 58 ਸਾਲ, ਜ਼ਾਤ ਜੱਟ-ਸਿੱਖ, ਪਿੰਡ ਪੰਡੋਰੀ ਨਿੱਝਰਾਂ, ਜ਼ਿਲਾ ਜਲੰਧਰ, ਲੰਬੜਦਾਰ, ਸਫ਼ਾ 353, 26 ਅਗਸਤ 1924।

6. ਗਵਾਹ ਨੰ: 93, ਹਰਨਾਮ ਸਿੰਘ ਵਲਦ ਵਧਾਵਾ ਸਿੰਘ, ਉਮਰ 36 ਸਾਲ, ਜ਼ਾਤ ਜੱਟ-ਸਿੱਖ, ਪਿੰਡ ਪੰਡੋਰੀ ਨਿੱਝਰਾਂ, ਜ਼ਿਲਾ ਜਲੰਧਰ, ਲੰਬੜਦਾਰ, ਸਫ਼ਾ 356, 26 ਅਗਸਤ 1924।

7. ਗਵਾਹ ਨੰ: 94, ਮੌਲੂ ਵਲਦ ਬੂਟਾ, ਉਮਰ 60 ਸਾਲ, ਜ਼ਾਤ ਬਰਵਾਲਾ, ਪਿੰਡ ਪੰਡੋਰੀ ਨਿੱਝਰਾਂ, ਜ਼ਿਲਾ ਜਲੰਧਰ, ਚੌਕੀਦਾਰ, ਸਫ਼ਾ 358, 26 ਅਗਸਤ 1924।

8. ਗਵਾਹ ਨੰ: 95, ਜੀਵਨ ਵਲਦ ਮਹਿਤਾਬ, ਉਮਰ 50 ਸਾਲ, ਜ਼ਾਤ ਬਰਵਾਲਾ, ਪਿੰਡ ਪੰਡੋਰੀ ਨਿੱਝਰਾਂ, ਜ਼ਿਲਾ ਜਲੰਧਰ, ਚੌਕੀਦਾਰ, ਸਫ਼ਾ 360, 26 ਅਗਸਤ 1924।

9. ਗਵਾਹ ਨੰ: 101, ਅਰਜਨ ਸਿੰਘ ਵਲਦ ਚਤ੍ਰ ਸਿੰਘ, ਉਮ੍ਰ 35 ਸਾਲ, ਜ਼ਾਤ ਜੱਟ-ਸਿੱਖ, ਪਿੰਡ ਹਰੀਪੁਰ, ਜ਼ਿਲਾ ਜਲੰਧਰ, ਪਟਵਾਰੀ, ਸਫ਼ਾ 368, 27 ਅਗਸਤ 1924।

10. ਗਵਾਹ ਨੰ: 102, ਗਜਾ ਸਿੰਘ ਵਲਦ ਭਗਵਾਨ ਸਿੰਘ, ਉਮਰ 33 ਸਾਲ, ਜ਼ਾਤ ਜੱਟ-ਸਿੱਖ, ਪਿੰਡ ਹਰੀਪੁਰ, ਜ਼ਿਲਾ ਜਲੰਧਰ, ਜ਼ੈਲਦਾਰ, ਸਫ਼ਾ 371, 27 ਅਗਸਤ 1924।

11. ਗਵਾਹ ਨੰ: 107, ਰਣਜੀਤ ਸਿੰਘ ਉਰਫ਼ ਅਜੀਤ ਸਿੰਘ ਵਲਦ ਭਗਵਾਨ ਸਿੰਘ, ਉਮਰ 40 ਸਾਲ, ਜ਼ਾਤ ਜੱਟ-ਸਿੱਖ, ਪਿੰਡ ਢੱਡਾ ਕਲਾਂ, ਜ਼ਿਲਾ ਹੁਸ਼ਿਆਰਪੁਰ, ਹਕੀਮ, ਸਫ਼ਾ 377 ਤੋਂ 380, 28 ਅਗਸਤ 1924।

12. ਗਵਾਹ ਨੰ: 108, ਮੁਣਸ਼ੀ ਰਾਮ ਵਲਦ ਰਾਮ ਚੰਦ, ਉਮਰ 50 ਸਾਲ,

ਜ਼ਾਤ ਖੱਤਰੀ, ਪਿੰਡ ਜਾਡਲਾ, ਜ਼ਿਲਾ ਜਲੰਧਰ, ਸ਼ਾਹੂਕਾਰਾ, ਸਫ਼ਾ 381, 28 ਅਗਸਤ 1924 ।

13. ਗਵਾਹ ਨੰ: 245, ਨਰੈਣ ਸਿੰਘ ਵਲਦ ਸ਼ੇਰ ਸਿੰਘ, ਉਮਰ 45 ਸਾਲ, ਜ਼ਾਤ ਜੱਟ-ਸਿੱਖ, ਪਿੰਡ ਕੋਟਲੀ ਬਾਵਾਦਾਸ, ਜ਼ਿਲਾ ਹੁਸ਼ਿਆਰਪੁਰ, ਸਫ਼ਾ 541, 13 ਅਕਤੂਬਰ 1924 ।

14. ਗਵਾਹ ਨੰ: 300, ਕੈਪਟਨ ਬੀ ਜੀ ਐਮ ਸਾਂਡਰਸ, ਆਰ ਜੀ ਏ, ਡਿਪਟੀ ਐਸਿਸਟੈਂਟ ਡਾਇਰੈਕਟਰ, ਆਰਡੀਨੈਂਸ, ਲਾਹੌਰ, ਸਫ਼ਾ 600, 17 ਅਕਤੂਬਰ 1924 ।

15. ਲੈਫਟੀਨੈਂਟ ਪੀ ਡਬਲਯੂ ਗਰੀਸਟ, ਫੀਰੋਜ਼ਪੁਰ, ਸਫ਼ਾ 601, 17 ਅਕਤੂਬਰ 1924 ।

16. ਮਿਸਟਰ ਟੀ ਵੀ ਲੂਈਸ, ਮੈਨੇਜਰ, ਆਰਮਜ਼ ਡੀਪਾਰਟਮੈਂਟ, ਮੈਸਰਜ਼ ਵਾਲਟਰ ਲੌਕ ਐਂਡ ਕੰਪਨੀ, ਸਫ਼ਾ 602, 17 ਅਕਤੂਬਰ 1924 ।

17. ਗਵਾਹ ਨੰ: 306, ਸਰਦਾਰ ਬਹਾਦੁਰ ਸੰਤ ਸਿੰਘ, ਡੀ ਐਸ ਪੀ, ਸੀ ਆਈ ਡੀ, ਲਾਹੌਰ, ਸਫ਼ਾ 606, 17 ਅਕਤੂਬਰ 1924 ।

18. ਗਵਾਹ ਨੰ: 333, ਰਾਇ ਬਹਾਦੁਰ ਦੀਵਾਨ ਦੁਰਗਾ ਦਾਸ, ਆਈ ਜੀ ਪੁਲੀਸ, ਰਿਆਸਤ ਕਪੂਰਥਲਾ, ਸਫ਼ਾ 641, 22 ਅਕਤੂਬਰ 1924 ।

19. ਗਵਾਹ ਨੰ: 334, ਫਤਿਹ ਖਾਂ, ਰਸਾਲਦਾਰ ਜਲੰਧਰ, ਸਫ਼ਾ 648, 22 ਅਕਤੂਬਰ 1924 ।

20. ਗਵਾਹ ਨੰ: 337, ਚੌਧਰੀ ਅਬਦੁਲ ਹੱਕ, ਡੀ ਐਸ ਪੀ, ਜਲੰਧਰ, ਸਫ਼ਾ 651, 22 ਅਕਤੂਬਰ 1924 ।

21. ਗਵਾਹ ਨੰ: 339, ਵਜ਼ੀਰ ਖਾਂ, ਸਿਪਾਹੀ ਨੰ: 289, ਜਲੰਧਰ, ਸਫ਼ਾ 654, 22 ਅਕਤੂਬਰ 1924 ।

22. ਗਵਾਹ ਨੰ: 355, ਬਸ਼ੰਭਰ ਦੱਤ, ਐਸਿਸਟੈਂਟ ਜਿਹਲਰ, ਜਲੰਧਰ, ਸਫ਼ਾ 671, 29 ਅਕਤੂਬਰ 1924 ।

23. ਗਵਾਹ ਨੰ: 366, ਮਿਸਟਰ ਮੈਥਿਊਜ਼, ਸੁਪਰਿੰਟੈਂਡੈਂਟ ਪੁਲੀਸ, ਜਲੰਧਰ, ਸਫ਼ਾ 682, 29 ਅਕਤੂਬਰ 1924 ।

24. ਗਵਾਹ ਨੰ: 376, ਚੁਮੇਲ ਸਿੰਘ ਥਾਣੇਦਾਰ, ਮਾਹਲਪੁਰ, ਜ਼ਿਲਾ ਹੁਸ਼ਿਆਰਪੁਰ, ਸਫ਼ਾ 693, 31 ਅਕਤੂਬਰ 1924 ।

25. ਗਵਾਹ ਨੰ: 381, ਜਵਾਲਾ ਸਿੰਘ ਵਲਦ ਸੁੰਦਰ ਸਿੰਘ, ਉਮਰ 36 ਸਾਲ, ਜ਼ਾਤ ਜੱਟ-ਸਿੱਖ, ਪਿੰਡ ਜਿਆਨ, ਜ਼ਿਲਾ ਹੁਸ਼ਿਆਰਪੁਰ, ਸਫ਼ਾ 702 ਤੋਂ 704, 31 ਅਕਤੂਬਰ ਅਤੇ 1 ਨਵੰਬਰ 1924 ।

26. ਗਵਾਹ ਨੰ: 383, ਪੁੰਨਾ ਸਿੰਘ ਵਲਦ ਬਾਵਾ ਸਿੰਘ, ਉਮਰ 35 ਸਾਲ, ਜ਼ਾਤ ਜੱਟ-ਸਿੱਖ, ਪਿੰਡ ਬਮੇਲੀ, ਰਿਆਸਤ ਕਪੂਰਥਲਾ, ਸਫ਼ਾ 708, 1 ਨਵੰਬਰ 1924 ।

27. ਗਵਾਹ ਨੰ: 384, ਮਿਹਰ ਸਿੰਘ ਵਲਦ ਬਿਸ਼ਨ ਸਿੰਘ, ਉਮਰ 26 ਸਾਲ, ਪਿੰਡ ਬਮੇਲੀ, ਰਿਆਸਤ ਕਪੂਰਥਲਾ, ਸਫ਼ਾ 710, 1 ਨਵੰਬਰ 1924 ।

28. ਗਵਾਹ ਨੰ: 431, ਮਿ: ਐਫ ਸੀ ਆਈਸਮੈਂਗਰ, ਸੀ ਬੀ ਈ, ਡੀ ਆਈ ਜੀ, ਸੀ ਆਈ ਡੀ, ਲਾਹੌਰ, ਸਫ਼ਾ 762, 6 ਨਵੰਬਰ 1924 ।

29. ਗਵਾਹ ਨੰ: 434, ਮਿ: ਸੀ ਡਬਲਿਊ ਜੈਕਬ, ਆਈ ਸੀ ਐਸ, ਡਿਪਟੀ ਸੈਕਟਰੀ, ਗਵਰਨਮੈਂਟ ਆਫ਼ ਇੰਡੀਆ, ਹੋਮ ਡੀਪਾਰਟਮੈਂਟ, ਸਫ਼ਾ 766, 6 ਨਵੰਬਰ 1924 ।

30. ਗਵਾਹ ਨੰ: 438, ਲਾਲਾ ਬੂਟਾ ਰਾਮ, ਇੰਸਪੈਕਟਰ, ਸੀ ਆਈ ਡੀ, ਪੰਜਾਬ, ਸਫ਼ਾ 774, 7 ਨਵੰਬਰ 1924 ।

31. ਗਵਾਹ ਨੰ: 444, ਜਗਤ ਸਿੰਘ ਵਲਦ ਹਾਕਮ ਸਿੰਘ, ਉਮਰ 40 ਸਾਲ, ਜ਼ਾਤ ਜੱਟ-ਸਿੱਖ, ਪਿੰਡ ਮੰਡੇਰਾਂ, ਜ਼ਿਲਾ ਜਲੰਧਰ, ਸਫ਼ਾ 783, 8 ਨਵੰਬਰ 1924 ।

32. ਗਵਾਹ ਨੰ: 461, ਬਾਵਾ ਉਜਾਗਰ ਸਿੰਘ, ਈ ਏ ਸੀ ਮੈਜਿਸਟਰੇਟ, ਦਰਜਾ ਅੱਵਲ, ਹੁਸ਼ਿਆਰਪੁਰ, ਸਫ਼ਾ 805, 13 ਨਵੰਬਰ 1924 ।

33. ਗਵਾਹ ਨੰ: 462, ਬੋਘ ਸਿੰਘ ਵਲਦ ਗੁਰਮੁਖ ਸਿੰਘ, ਜ਼ਾਤ ਜੱਟ, ਪਿੰਡ ਮਾਣਕੋ, ਜਿਲਾ ਜਲੰਧਰ, ਸਫ਼ਾ 806, 13 ਨਵੰਬਰ 1924 ।

34. ਗਵਾਹ ਨੰ: 463, ਆਰ ਐਸ ਐਲ ਸ਼ੰਕਰਦਾਸ, ਐਡੀਸ਼ਨਲ ਜ਼ਿਲਾ ਮੈਜਿਸਟਰੇਟ, ਲਾਹੌਰ, ਸਫ਼ਾ 808, 13 ਨਵੰਬਰ 1924 ।

35. ਗਵਾਹ ਨੰ: 464, ਮਿ: ਸੀ ਏ ਐਚ ਟਾਊਨਸੈਂਡ, ਕਮਿਸ਼ਨਰ ਜਲੰਧਰ, ਸਫ਼ਾ 809, 13 ਨਵੰਬਰ 1924 ।

36. ਗਵਾਹ ਨੰ: 467, ਮੀਆਂ ਮੁਹੰਮਦ ਅਬਦੁਲ ਫਤਿਹ, ਈ ਏ ਸੀ, ਮੈਜਿਸਟਰੇਟ ਫਸਟ ਕਲਾਸ, ਸਫ਼ਾ 815 ਤੋਂ 829, 14 ਨਵੰਬਰ 1924 ਤੋਂ 15 ਨਵੰਬਰ 1924 ।

37. ਗਵਾਹ ਨੰ: 474, ਖਾਨ ਸਾਹਿਬ ਮੀਰ ਫ਼ਜ਼ਲ ਇਮਾਮ, ਡੀ ਐਸ ਪੀ, ਸੀ ਆਈ ਡੀ, ਪੰਜਾਬ, ਸਫ਼ਾ 842 ਤੋਂ 857, 18 ਨਵੰਬਰ 1924 ਤੋਂ 20 ਨਵੰਬਰ 1924 । (ਸ਼ੁਰੂ ਤੋਂ ਅਖ਼ੀਰ ਹਾਈ ਕੋਰਟ ਦੀ ਅਪੀਲ ਤੱਕ ਇਹੋ ਅਫ਼ਸਰ ਮੁਕੱਦਮੇ ਦਾ ਇੰਚਾਰਜ ਰਿਹਾ ਸੀ ।)

38. ਗੰਡਾ ਸਿੰਘ ਵਲਦ ਹੀਰਾ ਸਿੰਘ, ਉਮਰ 35 ਸਾਲ, ਜ਼ਾਤ ਜੱਟ-ਸਿੱਖ, ਪਿੰਡ ਸਰਹਾਲੀ ਖ਼ੁਰਦ, ਜ਼ਿਲਾ ਅੰਮ੍ਰਿਤਸਰ, ਸਫ਼ਾ 860 ਤੋਂ 863, 5 ਅਕਤੂਬਰ 1923 । (ਇਹ ਪਹਿਲੇ ਅਕਾਲੀ ਕੌਂਸਪੀਰੇਸੀ ਕੇਸ ਵਿਚ ਵਾਇਦਾ-ਮੁਆਫ਼ ਬਣ ਗਿਆ ਸੀ । ਮੈਂ ਸ਼ੁਰੂ ਵਿਚ ਹੀ ਇਹਦੀ ਬਾਬਤ ਪੂਰੀ ਤਫ਼ਸੀਲ ਦੇ ਚੁਕਿਆ ਹਾਂ ।)

* * *

ਇਹ ਰੀਕਾਰਡ ਦੇ ਮੁਤਾਬਿਕ ਕੁੱਲ ਘਟਨਾਵਾਂ ਹਨ, ਜੋ ਸ਼ੁਰੂ 1922 ਤੋਂ ਜੂਨ 1924 ਤੱਕ ਵਾਪਰੀਆਂ ਸਨ । ਮੈਂ ਸੈਸ਼ਨ ਜੱਜ ਦੇ ਲਿਖੇ ਮੁਤਾਬਿਕ ਦਰਜ ਕਰ ਦਿਤੀਆਂ ਹਨ ।

ਹੁਣ ਮੈਂ ਇਕੱਲੀ-ਇਕੱਲੀ ਘਟਨਾ ਦਰਜ ਕਰ ਰਿਹਾ ਹਾਂ । ਇਕ ਪਾਸੇ ਦੇਸ ਨੂੰ ਆਜ਼ਾਦ ਕਰਾਉਣ ਲਈ ਦੇਸਭਗਤਾਂ ਨੇ ਸਿਰਾਂ ਉੱਤੇ ਕਫ਼ਨ ਬੰਨ੍ਹ ਕੇ ਸਿਰ-ਧੜ ਦੀ ਬਾਜ਼ੀ ਲਾਈ ਹੋਈ ਸੀ ਅਤੇ ਦੂਜੇ ਬੰਨੇ ਉਪਰ-ਲਿਖੇ ਦੇਸ-ਧਰੋਹੀਆਂ ਨੇ ਅੰਗਰੇਜ਼ਾਂ ਦੀਆਂ ਜੜਾਂ ਮਜ਼ਬੂਤ ਕਰਨ ਲਈ, ਗ਼ੁਲਾਮੀ ਦੀਆਂ ਜ਼ੰਜੀਰਾਂ ਹੋਰ ਕਸਣ ਲਈ ਅਤੇ ਦੇਸਭਗਤਾਂ ਦੇ ਖ਼ੂਨ ਦੀ ਹੋਲੀ ਖੇਡਣ ਲਈ ਪੂਰੀ ਵਾਹ ਲਾਈ ਹੋਈ ਸੀ ।

ਪਹਿਲੀਆਂ ਤਿੰਨ ਘਟਨਾਵਾਂ—ਸੂੰਢ, ਮਹੱਦੀਪੁਰ ਅਤੇ ਬਛੌੜੀ—ਦਾ ਹਾਲ ਪਾਠਕ ਪੜ੍ਹ ਚੁੱਕੇ ਹਨ।

* * *

ਚੌਥੀ ਘਟਨਾ ਜੋ ਜੱਜਮੈਂਟ ਦੇ ਸਫ਼ਾ 66 ਉੱਤੇ ਦਰਜ ਹੈ, ਪੰਡੋਰੀ ਨਿੱਝਰਾਂ ਨਾਲ ਸੰਬੰਧ ਰਖਦੀ ਹੈ। ਇਹ ਪਿੰਡ ਦੇ ਭਗਵਾਨ ਸਿੰਘ ਤੇ ਹਰਨਾਮ ਸਿੰਘ ਲੰਬੜਦਾਰਾਂ ਅਤੇ ਜੀਵਨ ਤੇ ਮੌਲੂ ਚੌਕੀਦਾਰਾਂ ਦੇ ਨੱਕ-ਕੰਨ ਕੱਟਣ ਦੇ ਨੋਟਿਸਾਂ ਬਾਬਤ ਹੈ। ਇਹ ਨੋਟਸ ਉਰਦੂ ਅੱਖਰਾਂ ਵਿਚ ਲਿਖ ਕੇ ਊਧਮ ਸਿੰਘ ਮੁਲਜ਼ਮ ਨੰ: 15 ਨੇ ਲੁਆਏ ਸਨ। ਉਸ ਵੇਲੇ ਉਹ ਅੱਠਵੀਂ ਵਿਚ ਪੜ੍ਹ ਰਿਹਾ ਸੀ। ਇਸੇ ਗੱਲ ਦੀ ਗਵਾਹੀ ਦੋਹਾਂ ਲੰਬੜਦਾਰਾਂ ਅਤੇ ਦੋਹਾਂ ਚੌਕੀਦਾਰਾਂ ਨੇ ਦਿਤੀ ਸੀ, ਜੋ ਗਵਾਹ ਨੰ: 92, 93, 94 ਤੇ 95 ਬਣ ਕੇ ਭੁਗਤੇ ਸਨ ਅਤੇ ਬਿਆਨ ਪੇਪਰ-ਬੁੱਕ ਦੇ ਸਫ਼ਾ 353 ਤੋਂ 360 ਤਕ ਦਰਜ ਹਨ। ਇਹ ਸਾਰੇ ਗਵਾਹ 26 ਅਗਸਤ 1924 ਨੂੰ ਭੁਗਤੇ ਸਨ।

ਪੱਕੇ ਗਵਾਹ ਵਾਇਦਾ-ਮੁਆਫ਼ ਤੁਫ਼ੈਲ ਮੁਹੰਮਦ ਨੰ: 14 ਅਤੇ ਸੋਹਣ ਸਿੰਘ ਨੰ: 98 ਸਨ। ਨੋਟਿਸ ਉਰਦੂ ਵਿਚ ਇਸ ਤਰ੍ਹਾਂ ਸੀ: ਬਦਜ਼ਾਤ ਭਗਵਾਨ ਸਿੰਘ ਲੰਬੜਦਾਰ, ਬਦਜ਼ਾਤ ਹਰਨਾਮ ਸਿੰਘ ਲੰਬੜਦਾਰ, ਬਦਜ਼ਾਤ ਜੀਵਨ ਔਰ ਬਦਜ਼ਾਤ ਮੌਲੂ ਕੋ ਫ਼ਰਮਾਇਆ ਜਾਤਾ ਹੈ, ਅਪਨੀ ਸ਼ਰਾਰਤੋਂ ਸੇ ਬਾਜ਼ ਆ ਜਾਏਂ। ਵਰਨਾ ਨਾਕ-ਕਾਨ ਕ਼ਾਟੇ ਜਾਏਂਗੇ।" ਇਹੋ ਨੋਟਿਸ ਅਦਾਲਤ ਵਿਚ ਪੇਸ਼ ਹੋਏ ਸਨ, ਜੋ ਪੀ ਏ 261, 262 ਅਤੇ 263 ਸਨ। ਸਾਰੇ ਗਵਾਹਾਂ ਨੇ ਸ਼ਨਾਖਤ ਕੀਤੀ ਸੀ।

ਇਹ ਚੌਕੀਦਾਰਾ ਦੇ ਘਰਾਂ ਉੱਤੇ ਤੁਫ਼ੈਲ ਮੁਹੰਮਦ ਨੇ ਲਾਏ ਸਨ। ਭਗਵਾਨ ਸਿੰਘ ਲੰਬੜਦਾਰ ਦੇ ਮਕਾਨ ਉੱਤੇ ਗਵਾਹ ਨੰ: 98 ਸੋਹਣ ਸਿੰਘ ਨੇ ਲਾਇਆ ਸੀ। ਹਰਨਾਮ ਸਿੰਘ ਲੰਬੜਦਾਰ ਦੇ ਮਕਾਨ ਉੱਤੇ ਊਧਮ ਸਿੰਘ ਨੇ ਆਪ ਲਾਇਆ ਸੀ।

* * *

ਪੰਜਵੀਂ ਘਟਨਾ ਜੋ ਜੱਜਮੈਂਟ ਦੇ ਸਫ਼ਾ 66 ਉਤੇ ਦਰਜ ਹੈ, ਵਿਚ ਜੱਸੋਵਾਲ ਦੀਆਂ ਤਿੰਨਾਂ ਮੀਟਿੰਗਾਂ ਦਾ ਜ਼ਿਕਰ ਜੱਜ ਨੇ ਸੰਖੇਪ ਵਿਚ ਕੀਤਾ ਹੈ। ਇਹ ਮੈਂ ਪੂਰੀ ਤਫ਼ਸੀਲ ਨਾਲ ਪਹਿਲਾਂ ਹੀ ਲਿਖ ਚੁਕਿਆ ਹਾਂ। ਇਹਨਾਂ ਵਿਚ ਝੋਲੀ-ਚੁੱਕਾਂ ਦੇ ਸੁਧਾਰ ਦਾ ਫ਼ੈਸਲਾ ਕੀਤਾ ਗਿਆ ਸੀ। ਸੈਸ਼ਨ ਜੱਜ ਨੇ ਇਸੇ ਗੱਲ ਨੂੰ ਮੁੱਖ ਰੱਖ ਕੇ ਇਹਨਾਂ ਮੀਟਿੰਗਾਂ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਘੱਟੋ-ਘੱਟ ਉਮਰ-ਕੈਦਾਂ ਕੀਤੀਆਂ ਸਨ। ਆਸਾ ਸਿੰਘ ਮੁਆਫ਼ੀ ਲੈ ਕੇ ਜਾਨ ਬਚਾ ਗਿਆ ਸੀ, ਜਿਹੜਾ ਫਿੱਟੇ ਹੋਏ ਸਾਨ੍ਹ ਵਾਂਗੂ ਬਬਰ ਕਰਮ ਸਿੰਘ ਨਾਲ ਰਲ ਕੇ ਖੌਰੂ ਪਾਉਂਦਾ ਹੁੰਦਾ ਸੀ। ਸਾਰੇ ਕੇਸ ਦਾ ਧੁਰਾ ਇਹਨਾਂ ਹੀ ਮੀਟਿੰਗਾਂ ਨੂੰ ਮੰਨਿਆ ਗਿਆ ਸੀ।

# 31. ਅਰਜਨ ਸਿੰਘ ਪਟਵਾਰੀ ਹਰੀਪੁਰ ਨੂੰ ਕਤਲ ਕਰਨ ਲਈ ਨਿਹਫਲ ਹਮਲੇ

ਇਹ ਘਟਨਾ ਨੰ: 6 ਜੱਜਮੈਂਟ ਦੇ ਸਫ਼ਾ 67 ਉੱਤੇ ਦਰਜ ਹੈ। ਸਭ ਤੋਂ ਪਹਿਲਾਂ ਅਰਜਨ ਸਿੰਘ ਪਟਵਾਰੀ ਹਰੀਪੁਰ ਨੂੰ ਕਤਲ ਕਰਨ ਦਾ ਫ਼ੈਸਲਾ ਜੱਸੋਵਾਲ ਦੀ ਮੀਟਿੰਗ ਵਿਚ ਹੋ ਚੁਕਿਆ ਸੀ, ਜੋ 25 ਦਸੰਬਰ 1922 ਨੂੰ ਹੋਈ ਸੀ। ਸੋ ਪਹਿਲਾਂ ਮੈਂ ਅਰਜਨ ਸਿੰਘ ਦਾ ਬਿਆਨ ਹੀ ਦਰਜ ਕਰ ਰਿਹਾ ਹਾਂ।

(ਪੇਪਰ–ਬੁੱਕ ਸਫ਼ਾ 368 ਅਤੇ 369, ਸਰਕਾਰੀ ਗਵਾਹ ਨੰ: 101, ਅਰਜਨ ਸਿੰਘ ਵਲਦ ਚੜ੍ਹਤ ਸਿੰਘ, ਉਮਰ 35 ਸਾਲ, ਜ਼ਾਤ ਜੱਟ–ਸਿੱਖ, ਪਿੰਡ ਹਰੀਪੁਰ, ਜ਼ਿਲਾ ਜਲੰਧਰ, 27 ਅਗਸਤ 1924) :

ਪਹਿਲੀ ਜੰਗ ਵੇਲੇ ਉਹ ਪਟਵਾਰੀ ਸੀ। 1921 ਵਿਚ ਅਕਾਲੀ ਸਜ ਕੇ ਨੌਕਰੀ ਤਿਆਗ ਦਿੱਤੀ। ਫੇਰ ਉਹ ਦਸਦਾ ਹੈ ਕਿ "15 ਜਾਂ 16 ਜੂਨ 1922 ਨੂੰ ਹਰੀਪੁਰ ਵਿਖੇ ਇਕ ਬੜਾ ਭਾਰੀ ਦੀਵਾਨ ਹੋਇਆ, ਜਿਸ ਵਿਚ ਮਸ਼ਹੂਰ ਅਕਾਲੀ ਲੀਡਰ ਕਰਤਾਰ ਸਿੰਘ ਝੱਬਰ ਵੀ ਆਇਆ। ਜਲੰਧਰ ਤੋਂ ਪੰਡਿਤ ਅਮਰ ਸਿੰਘ ਅਤੇ ਕਈ ਹੋਰ ਉਘੇ ਲੀਡਰ ਵੀ ਪੁੱਜੇ। ਤਿੰਨ–ਚਾਰ ਹਜ਼ਾਰ ਦੀ ਹਾਜ਼ਰੀ ਸੀ। ਪੁਲਸ ਦਾ ਡਿਪਟੀ ਸੁਪਰਿੰਟੈਂਡੈਂਟ ਅਤੇ ਲਾਲਾ ਸ਼ੰਕਰਦਾਸ ਮੈਜਿਸਟਰੇਟ ਵੀ ਮੌਜੂਦ ਸਨ। ਕਰਤਾਰ ਸਿੰਘ ਝੱਬਰ ਨੂੰ ਸ਼ੱਕ ਪੈ ਗਿਆ ਕਿ ਹੋ ਸਕਦਾ ਹੈ, ਉਹਨੂੰ ਗਰਿਫ਼ਤਾਰ ਕਰ ਲਿਆ ਜਾਵੇ। ਸੋ ਮੈਂ ਉਹਨੂੰ ਅਤੇ ਪ੍ਰੀਤਮ ਸਿੰਘ ਨੂੰ ਦੀਵਾਨ ਵਿਚੋਂ ਲੈ ਕੇ ਖਿਸਕ ਗਿਆ। ਆਪਣੇ ਖੂਹ ਉੱਤੇ ਲਿਜਾ ਕੇ ਮੈਂ ਉਹਨਾਂ ਨੂੰ ਆਪਣੇ ਊਠ ਉੱਤੇ ਆਪਣੇ ਪਿੰਡ ਦੇ ਦੀਵਾਨ ਸਿੰਘ ਨਾਲ ਤੋਰ ਦਿਤਾ। ਇਕ ਹੋਰ ਅਕਾਲੀ ਵੀ ਨਾਲ ਸੀ। ਮੈਨੂੰ ਕੋਈ ਪਤਾ ਨਹੀਂ ਕਿ ਝੱਬਰ ਸਾਹਿਬ ਕਿੱਧਰ ਨੂੰ ਗਏ।...ਦੀਵਾਨ ਸਿੰਘ ਨੇ ਵਾਪਸੀ ਉੱਤੇ ਦਸਿਆ ਸੀ ਕਿ ਉਹ ਝੱਬਰ ਨੂੰ ਪਤਾਰੇ ਛਡ ਆਇਆ ਹੈ। ਪਤਾਰਾ ਮੇਰੇ ਪਿੰਡੋਂ 4–5 ਮੀਲ ਉੱਤੇ ਹੈ। ਬਾਅਦ ਵਿਚ ਪਤਾ ਲਗਿਆ ਕਿ ਮਾਸਟਰ ਮੋਤਾ ਸਿੰਘ ਨੂੰ ਗਰਿਫ਼ਤਾਰ ਕਰ ਲਿਆ ਗਿਆ ਹੈ, ਜੀਹਦਾ ਨਤੀਜਾ ਇਹ ਨਿਕਲਿਆ ਕਿ ਥੋੜ੍ਹੇ ਦਿਨਾਂ ਬਾਅਦ ਮੇਰੇ ਭਤੀਜੇ ਕਰਤਾਰ ਸਿੰਘ, ਜਿਹੜਾ ਪਿੰਡ ਦੇ ਅਕਾਲੀ ਜਥੇ ਦਾ ਜਥੇਦਾਰ ਸੀ, ਨੂੰ ਇਕ ਚਿੱਠੀ ਆਈ ਕਿ ਤੇਰਾ ਚਾਚਾ ਸੀ ਆਈ ਡੀ ਦਾ ਆਦਮੀ ਹੈ, ਜੋ 50 ਰੁਪਏ ਮਹੀਨਾ ਤਨਖ਼ਾਹ ਲੈਂਦਾ ਹੈ ਅਤੇ ਮਾਸਟਰ ਮੋਤਾ ਸਿੰਘ ਦੀ ਗਰਿਫ਼ਤਾਰੀ

ਦਾ ਉਹੋ ਜ਼ਿੰਮੇਵਾਰ ਹੈ। ਕਰਤਾਰ ਸਿੰਘ ਨੇ ਸਾਰੀ ਚਿੱਠੀ ਮੈਨੂੰ ਪੜ੍ਹ ਕੇ ਸੁਣਾਈ ਸੀ, ਕਿਉਂਕਿ ਮੈਂ ਗੁਰਮੁਖੀ ਨਹੀਂ ਜਾਣਦਾ।"

ਇਸੇ ਗੱਲ ਦੀ ਤਾਈਦ ਦੀਵਾਨ ਸਿੰਘ, ਕਰਤਾਰ ਸਿੰਘ ਅਤੇ ਕਈ ਗਵਾਹਾਂ ਨੇ ਅਦਾਲਤ ਵਿਚ ਕੀਤੀ ਸੀ। ਬਬਰਾਂ ਦੀ ਬਲੈਕ ਲਿਸਟ ਪੀ ਏ 323 ਵਿਚ ਪਹਿਲੇ ਨੰਬਰ ਉੱਤੇ ਇਸੇ ਅਰਜਨ ਸਿੰਘ ਦਾ ਨਾਂ ਦਰਜ ਸੀ।

ਜੱਜਮੈਂਟ ਦੇ ਸਫ਼ਾ 67 ਮੁਤਾਬਿਕ ਜੱਜ ਸਾਹਿਬ ਦਸਦੇ ਹਨ ਕਿ 16 ਜਨਵਰੀ 1923 ਨੂੰ ਹੇਠ-ਲਿਖੇ ਮੁਲਜ਼ਮਾਂ ਨੇ ਅਰਜਨ ਸਿੰਘ ਨੂੰ ਕਤਲ ਕਰਨ ਦੀ ਕੋਸ਼ਿਸ ਕੀਤੀ ਸੀ : ਕਿਸ਼ਨ ਸਿੰਘ ਮੁਲਜ਼ਮ ਨੰ: 1, ਬੰਤਾ ਸਿੰਘ ਨੰ: 2, ਪ੍ਰੇਮ ਸਿੰਘ ਨੰ: 3, ਸਾਧਾ ਸਿੰਘ ਨੰ: 13, ਜਗਜੀਤ ਸਿੰਘ ਨੰ: 21, ਸੰਤਾ ਸਿੰਘ ਨੰ: 51, ਬੂਟਾ ਸਿੰਘ ਨੰ: 55, ਮੁਣਸ਼ਾ ਸਿੰਘ ਨੰ: 59, ਧੰਨਾ ਸਿੰਘ ਬਹਿਬਲਪੁਰ (ਸ਼ਹੀਦ) ਅਤੇ ਸਾਧੂ ਸਿੰਘ ਵਾਇਦਾ-ਮੁਆਫ਼ ਨੰ: 15।

ਬਬਰਾਂ ਨੂੰ ਪਤਾ ਲਗਿਆ ਕਿ 16 ਜਨਵਰੀ 1923 ਨੂੰ ਅਰਜਨ ਸਿੰਘ ਪਿੰਡ ਦੇ ਕਿਸੇ ਫ਼ੌਜਦਾਰੀ ਮੁਕੱਦਮੇ ਵਿਚ ਜਲੰਧਰ ਕਚਹਿਰੀ ਜਾ ਰਿਹਾ ਹੈ, ਜਿਸ ਕਰਕੇ ਹੇਠ-ਲਿਖੇ ਬਬਰਾਂ ਦੀਆਂ ਇਸ ਪ੍ਰਕਾਰ ਡਿਊਟੀਆਂ ਲਾਈਆਂ ਗਈਆਂ ਕਿ ਜਿਹੜੀ ਟੋਲੀ ਦਾ ਵੀ ਦਾਅ ਲੱਗੇ, ਓਹਨੂੰ ਖ਼ਤਮ ਕਰ ਦੇਵੇ। ਸਾਰਿਆਂ ਦਾ ਖ਼ਿਆਲ ਸੀ ਕਿ ਉਹ ਆਦਮਪੁਰੋਂ ਜਾਂ ਜੰਡੂ ਸਿੰਘੇ ਦੇ ਸਟੇਸ਼ਨ ਤੋਂ ਹੀ ਰੇਲ ਚੜ੍ਹੇਗਾ ਅਤੇ ਵਾਪਸ ਵੀ ਰੇਲ ਉੱਤੇ ਹੀ ਆਵੇਗਾ। ਭਾਈ ਕਿਸ਼ਨ ਸਿੰਘ, ਧੰਨਾ ਸਿੰਘ ਬਹਿਬਲਪੁਰ ਤੇ ਜਗਜੀਤ ਸਿੰਘ ਕਠਾਰ ਨੇ ਆਦਮਪੁਰ ਸਟੇਸ਼ਨ ਦੀ ਡਿਊਟੀ ਸੰਭਾਲ ਲਈ ਅਤੇ ਮੁਣਸ਼ਾ ਸਿੰਘ ਤੇ ਬਾਬੂ ਸੰਤਾ ਸਿੰਘ ਜੰਡੂ ਸਿੰਘੇ ਸਟੇਸ਼ਨ ਉੱਤੇ ਚਲੇ ਗਏ। ਜਲੰਧਰ ਬੰਤਾ ਸਿੰਘ, ਪ੍ਰੇਮ ਸਿੰਘ, ਸਾਧੂ ਸਿੰਘ ਵਾਇਦਾ-ਮੁਆਫ਼, ਬੂਟਾ ਸਿੰਘ ਅਤੇ ਸਾਧਾ ਸਿੰਘ ਪੰਡੋਰੀ ਨਿੱਝਰਾਂ ਘੱਲ ਦਿਤੇ ਗਏ। ਉਧਰ ਅਰਜਨ ਸਿੰਘ ਸਾਈਕਲ ਉੱਤੇ ਜਾ ਕੇ ਪੇਸ਼ੀ ਭੁਗਤ ਆਇਆ ਅਤੇ ਸਾਰੀ ਸਕੀਮ ਧਰੀ ਦੀ ਧਰੀ ਰਹਿ ਗਈ। ਇਹ ਸਾਰੀ ਗੱਲ ਸਾਧੂ ਸਿੰਘ ਪ੍ਰਾਗਪੁਰੀਏ ਦੇ ਬਿਆਨ ਵਿਚ ਪੇਪਰ-ਬੁੱਕ ਦੇ ਸਫਾ 125 ਉੱਤੇ ਦਰਜ ਹੈ।

ਜੱਜਮੈਂਟ ਦੇ ਸਫ਼ਾ 68 ਮੁਤਾਬਿਕ ਹੇਠ-ਲਿਖੇ ਮੁਲਜ਼ਮਾਂ ਨੇ ਅਰਜਨ ਸਿੰਘ ਪਟਵਾਰੀ ਉੱਤੇ ਦੂਜੇ ਹਮਲੇ ਵਿਚ ਹਿਸਾ ਲਿਆ, ਜੋ 23 ਜਨਵਰੀ 1923 ਨੂੰ ਕੀਤਾ ਗਿਆ : ਪ੍ਰੇਮ ਸਿੰਘ ਮੁਲਜ਼ਮ ਨੰ: 3, ਸਾਧਾ ਸਿੰਘ ਨੰ: 13, ਸੰਤਾ ਸਿੰਘ ਨੰ: 51, ਬੂਟਾ ਸਿੰਘ ਨੰ: 55 ਅਤੇ ਰਾਮ ਸਿੰਘ ਵਾਇਦਾ-ਮੁਆਫ਼ ਗਵਾਹ ਨੰ: 13। ਇਸ ਗੱਲ ਦੀ ਹੇਠ-ਲਿਖੇ ਵਾਇਦਾ-ਮੁਆਫ਼ ਗਵਾਹਾਂ ਨੇ ਤਸਦੀਕ ਕੀਤੀ : ਕਰਤਾਰ ਸਿੰਘ ਨੰ: 9, ਰਾਮ ਸਿੰਘ ਨੰ: 13, ਸਾਧੂ ਸਿੰਘ ਨੰ: 15, ਬੇਲਾ ਸਿੰਘ ਨੰ: 20 ਅਤੇ ਮਿਤ ਸਿੰਘ ਨੰ: 21।

ਇਹਤੋਂ ਇਲਾਵਾ ਦੀਵਾਨ ਸਿੰਘ ਗਵਾਹ ਨੰ: 103 ਸੀ ਅਤੇ ਰਣਜੀਤ ਸਿੰਘ ਉਰਫ਼ ਅਜੀਤ ਸਿੰਘ ਨੰ: 107 ਸੀ।

ਜਿਸ ਤਰ੍ਹਾਂ ਹਮਲਾ ਕੀਤਾ ਗਿਆ ਸੀ, ਉਸ ਬਾਰੇ ਵਾਇਦਾ-ਮੁਆਫ਼ ਰਾਮ ਸਿੰਘ ਦਾ ਬਿਆਨ, ਜੋ ਇਸ ਵਿਉਂਤ ਵਿਚ ਅਖ਼ੀਰ ਤਕ ਸ਼ਾਮਲ ਰਿਹਾ ਸੀ, ਪੇਪਰ-ਬੁੱਕ ਦੇ ਸਫ਼ਾ 105 ਅਤੇ 106 ਉੱਤੇ ਦਰਜ ਹੈ। ਉਹ ਦਸਦਾ ਹੈ, "ਮੈਂ ਨਵਾਂ ਸ਼ਹਿਰ ਤੋਂ ਰੇਲ ਚੜ੍ਹ ਚਹੇੜੂ ਸਟੇਸ਼ਨ ਉੱਤੇ ਉਤਰ ਕੇ ਪ੍ਰਾਗਪੁਰ ਸੰਤ ਕਰਤਾਰ ਸਿੰਘ ਦੀ ਕੁਟੀਆ ਵਿਚ ਜਾ ਪੁਜਿਆ। ਉਹ ਨਾ ਮਿਲਿਆ ਤਾਂ ਮੈਂ ਬੇਲਾ ਸਿੰਘ ਨੂੰ ਜਾ ਮਿਲਿਆ। ਉਂਹਤੋਂ

ਬਾਬੂ ਸੰਤਾ ਸਿੰਘ ਦਾ ਪਤਾ ਕੀਤਾ। ਉਹਨੇ ਦਸਿਆ ਕਿ ਉਹ ਅੰਮ੍ਰਿਤਸਰ ਗਿਆ ਹੋਇਆ ਹੈ। ਸ਼ਾਇਦ ਕੱਲ੍ਹ ਮੁੜੇ। ਮੈਂ ਰਾਤ ਉਥੇ ਹੀ ਠਹਿਰ ਗਿਆ। ਅਗਲੇ ਦਿਨ ਬਾਬੂ ਸੰਤਾ ਸਿੰਘ ਵੀ ਆ ਗਿਆ ਪਰ ਉਹਦੇ ਨਾਲ ਇਕ ਮੁੰਡਾ ਹੋਰ ਵੀ ਸੀ, ਜੀਹਨੂੰ ਮੈਂ ਨਹੀਂ ਸੀ ਜਾਣਦਾ ਪਰ ਬਾਬੂ ਸੰਤਾ ਸਿੰਘ ਨੇ ਦਸਿਆ ਕਿ ਇਹ ਪੰਡੋਰੀ ਨਿੱਝਰਾਂ ਦਾ ਮਿਲਖਾ ਸਿੰਘ ਹੈ, ਜੋ ਖਾਲਸਾ ਸਕੂਲ ਜਲੰਧਰ ਵਿਚ ਪੜ੍ਹਦਾ ਹੈ ਅਤੇ ਜਥੇ ਦਾ ਮੈਂਬਰ ਹੈ। ਮੇਰਾ ਖ਼ਿਆਲ ਹੈ ਕਿ ਮੈਂ ਸ਼ਾਇਦ ਹੁਣ ਪਛਾਣ ਨਾ ਸਕਾਂ, ਪਰ ਕੋਸ਼ਿਸ਼ ਕਰਦਾ ਹਾਂ। (ਉਹਨੇ ਮਿਲਖਾ ਸਿੰਘ ਮੁਲਜ਼ਮ ਨੰ: 12 ਪੰਡੋਰੀ ਨਿੱਝਰਾਂ ਨੂੰ ਪਛਾਣ ਲਿਆ।) ਫੇਰ ਅਸੀਂ ਤਿੰਨੇ ਸੰਤ ਕਰਤਾਰ ਸਿੰਘ ਦੀ ਕੁਟੀਆ ਵਿਚ ਚਲੇ ਗਏ। ਮੈਂ ਪਹਿਲੀ ਵਾਰ ਹੀ ਕਰਤਾਰ ਸਿੰਘ ਨੂੰ ਮਿਲਿਆ ਸੀ ਅਤੇ ਬਾਬੂ ਸੰਤਾ ਸਿੰਘ ਨੇ ਜਾਣ-ਪਛਾਣ ਕਰਾਈ ਸੀ। ਹੁਣ ਉਹ ਵਾਇਦਾ-ਮੁਆਫ਼ ਨੰ: 9 ਹੈ ਅਤੇ ਅਦਾਲਤ ਵਿਚ ਬੈਠਾ ਹੈ। ਉਸੇ ਵੇਲੇ ਬੂਟਾ ਸਿੰਘ ਪੰਡੋਰੀ ਨਿੱਝਰਾਂ ਵੀ ਉਥੇ ਆ ਗਿਆ। ਉਹਦੇ ਨਾਲ ਸਾਧਾ ਸਿੰਘ ਪੰਡੋਰੀ ਨਿੱਝਰਾਂ ਸੀ, ਜੀਹਦੀ ਜਾਣ-ਪਛਾਣ ਬਾਬੂ ਸੰਤਾ ਸਿੰਘ ਨੇ ਕਰਵਾਈ।''

ਬਾਬੂ ਸੰਤਾ ਸਿੰਘ ਨੇ ਰਾਮ ਸਿੰਘ ਨੂੰ ਦਸਿਆ ਕਿ ''ਪਹਿਲਾਂ ਅਸੀਂ ਅਰਜਨ ਸਿੰਘ ਪਟਵਾਰੀ ਹਰੀਪੁਰੀਏ ਨੂੰ ਕਤਲ ਕਰਨ ਦਾ ਪ੍ਰੋਗਰਾਮ ਬਣਾ ਚੁੱਕੇ ਹਾਂ। ਮਾਸਟਰ ਮੋਤਾ ਸਿੰਘ ਦੀ ਗਰਿਫ਼ਤਾਰੀ ਲਈ ਉਹੋ ਜ਼ਿੰਮੇਵਾਰ ਹੈ ਅਤੇ ਕਲ੍ਹ ਨੂੰ ਉਹ ਜਲੰਧਰ ਕਚਹਿਰੀ ਵਿਚ ਪੇਸ਼ੀ ਭੁਗਤਣ ਆ ਰਿਹਾ ਹੈ, ਜਿਥੇ ਉਹਨੂੰ ਕਤਲ ਕਰਨਾ ਹੈ। ਤੂੰ ਵੀ ਚਾਹੇਂ ਤਾਂ ਸਾਡੇ ਨਾਲ ਸ਼ਾਮਲ ਹੋ ਸਕਦਾ ਹੈਂ।'' ਤੇ ਰਾਮ ਸਿੰਘ ਰਜ਼ਾਮੰਦ ਹੋ ਗਿਆ!

ਰਾਮ ਸਿੰਘ ਦਸਦਾ ਹੈ, ''ਅਗਲੇ ਦਿਨ ਸਵੇਰੇ ਜਦੋਂ ਅਸੀਂ ਜਾਣ ਦੀ ਤਿਆਰੀ ਕਰ ਰਹੇ ਸੀ ਤਾਂ ਮਿਲਖਾ ਸਿੰਘ ਮੁਲਜ਼ਮ ਨੰ: 12 ਵੀ ਸਾਡੇ ਨਾਲ ਜਾਣਾ ਚਾਹੁੰਦਾ ਸੀ। ਪਰ ਬਾਬੂ ਸੰਤਾ ਸਿੰਘ ਨੇ ਉਹਨੂੰ ਸਖ਼ਤੀ ਨਾਲ ਮਨਾਹ ਕਰਦਿਆਂ ਆਖਿਆ ਕਿ ਜੇ ਅਸੀਂ ਕਤਲ ਵਿਚ ਕਾਮਯਾਬ ਹੋ ਗਏ ਅਤੇ ਤੂੰ ਸਕੂਲ ਵਿਚੋਂ ਗ਼ੈਰ-ਹਾਜ਼ਰ ਪਾਇਆ ਗਿਆ ਤਾਂ ਸਿੱਧਾ ਸ਼ੱਕ ਤੇਰੇ ਉੱਤੇ ਹੋ ਜਾਣਾ ਹੈ, ਕਿਉਂਕਿ ਸਭ ਨੂੰ ਤੇਰੀਆਂ ਇਹਨਾਂ ਸਰਗਰਮੀਆਂ ਦੀ ਪਹਿਲਾਂ ਹੀ ਜਾਣਕਾਰੀ ਹੋ ਚੁੱਕੀ ਹੈ। ਮਿਲਖਾ ਸਿੰਘ ਸਕੂਲ ਨੂੰ ਚਲਿਆ ਗਿਆ। ਉਸ ਵੇਲੇ ਅਸੀਂ ਸਾਰੇ ਸੰਤ ਕਰਤਾਰ ਸਿੰਘ ਦੀ ਕੁਟੀਆ ਉਤੇ ਮੌਜੂਦ ਸੀ।''

ਇਸੇ ਗੱਲ ਦੀ ਤਾਈਦ ਸੰਤ ਕਰਤਾਰ ਸਿੰਘ ਨੇ ਆਪਣੇ ਬਿਆਨ ਵਿਚ ਪੇਪਰ-ਬੁੱਕ ਦੇ ਸਫ਼ਾ 61 ਉੱਤੇ ਅਤੇ ਵਾਇਦਾ-ਮੁਆਫ਼ ਸਾਧੂ ਸਿੰਘ ਨੇ ਸਫ਼ਾ 125 ਉੱਤੇ ਕੀਤੀ ਹੈ ਕਿ ਮਿਲਖਾ ਸਿੰਘ ਮੁਲਜ਼ਮ ਨੰ: 12, ਪੰਡੋਰੀ ਨਿੱਝਰਾਂ ਵੀ ਕਤਲ ਵਿਚ ਹਿੱਸਾ ਲੈਣਾ ਚਾਹੁੰਦਾ ਸੀ, ਪਰ ਉਹ ਜਲੰਧਰ ਖਾਲਸਾ ਸਕੂਲ ਨੂੰ ਚਲਿਆ ਗਿਆ ਸੀ। (ਬਾਕੀ ਗੱਲ ਮੈਂ ਬਾਅਦ ਵਿਚ ਦੱਸਾਂਗਾ ਕਿ ਅਸਲ ਵਿਚ ਕਿਵੇਂ ਹੋਇਆ ਸੀ।)

''ਬਾਬੂ ਸੰਤਾ ਸਿੰਘ ਨੇ ਸਾਨੂੰ ਤਿੰਨਾਂ ਨੂੰ ਇਕ-ਇਕ ਲਾਠੀ ਅਤੇ ਇਕ-ਇਕ ਛਵ੍ਹੀ ਦਿੱਤੀ, ਜਿਹੜੀਆਂ ਸਾਧੂ ਸਿੰਘ ਵਾਇਦਾ-ਮੁਆਫ਼ ਲਿਆਇਆ ਸੀ ਅਤੇ ਨਾਲ ਹੀ ਦਸਿਆ ਕਿ ਪ੍ਰੇਮ ਸਿੰਘ ਪ੍ਰਾਗਪੁਰੀਆ ਸਾਨੂੰ ਕਚਹਿਰੀ ਵਿਚ ਹੀ ਮਿਲ ਪਵੇਗਾ। ਉਹ

ਆਪਣੇ ਕਿਸੇ ਜ਼ਰੂਰੀ ਕੰਮ ਲਈ ਪਹਿਲਾਂ ਹੀ ਚਲਿਆ ਗਿਆ ਹੈ ਅਤੇ ਉਹਦੇ ਕੋਲ ਇਕ ਪਸਤੌਲ ਵੀ ਹੈ। ਦੂਜਾ ਮੇਰੇ ਕੋਲ ਹੈ।

"ਅਸੀਂ ਛਵ੍ਹੀਆਂ ਡੱਬਾਂ ਵਿਚ ਅੜੰਗ ਕੇ ਲਾਠੀਆਂ ਹੱਥੀਂ ਫੜ ਕੇ ਜਲੰਧਰ ਕਚਹਿਰੀ ਨੂੰ ਚੱਲ ਪਏ। ਮੈਂ ਪਹਿਲਾਂ ਪ੍ਰੇਮ ਸਿੰਘ ਨੂੰ ਨਹੀਂ ਸੀ ਦੇਖਿਆ। ਉਹ ਸਾਡੇ ਕਚਹਿਰੀ ਪੁਜਦਿਆਂ ਤੋਂ ਪਹਿਲਾਂ ਹੀ ਆਪਣਾ ਕੰਮ ਮੁਕਾ ਚੁੱਕਿਆ ਸੀ ਅਤੇ ਸਾਡੇ ਕੋਲ ਆ ਗਿਆ। ਫੇਰ ਸਾਰੇ ਕੰਪਣੀ ਬਾਗ਼ ਲਾਗੇ ਜਾ ਕੇ ਅਰਜਨ ਸਿੰਘ ਦੀ ਉਡੀਕ ਕਰਨ ਲੱਗ ਪਏ।"

ਸਨਾਖ਼ਤ ਵੇਲੇ ਪਹਿਲਾਂ ਗ਼ਲਤੀ ਨਾਲ ਰਾਮ ਸਿੰਘ ਨੇ ਹਰੀਪੁਰੀਏ ਸ਼ਿਵ ਸਿੰਘ ਨੂੰ ਪ੍ਰੇਮ ਸਿੰਘ ਆਖਿਆ, ਪਰ ਦੂਜੀ ਵਾਰ ਠੀਕ ਸ਼ਨਾਖ਼ਤ ਕਰ ਲਈ ਸੀ।

ਉਹ ਦੋ-ਢਾਈ ਘੰਟੇ ਉਹਦੀ ਉਡੀਕ ਕਰਦੇ ਰਹੇ। ਇਕ ਵਾਰ ਉਹ ਕੋਲ ਦੀ ਲੰਘ ਵੀ ਗਿਆ ਸੀ, ਪਰ ਜਲਦੀ ਹੀ ਸਾਈਕਲ ਉੱਤੇ ਮੁੜ ਕਚਹਰੀ ਜਾ ਵੜਿਆ ਸੀ। ਏਨੇਂ ਨੂੰ ਸਾਰੇ ਉਥੋਂ ਸਰਕਾਰੀ ਸਕੂਲ ਕੋਲ ਜਾ ਕੇ ਉਡੀਕਣ ਲੱਗ ਪਏ, ਜੋ ਬਾਗ਼ ਤੋਂ ਅੱਧ ਕੁ ਮੀਲ ਉਤੇ ਚੜ੍ਹਦੇ ਵੱਲ ਸੀ। ਡਿਊਟੀਆਂ ਇਸ ਪ੍ਰਕਾਰ ਸਨ ਕਿ ਪਹਿਲਾਂ ਬੂਟਾ ਸਿੰਘ ਲਾਠੀ ਅੜਾ ਕੇ ਸਾਈਕਲ ਨੂੰ ਭੁੰਜੇ ਸੁੱਟ ਦੇਵੇਗਾ। ਉਸੇ ਵੇਲੇ ਸਾਧਾ ਸਿੰਘ ਅਤੇ ਰਾਮ ਸਿੰਘ ਛਵ੍ਹੀਆਂ ਨਾਲ ਕੰਮ ਖ਼ਤਮ ਦੇਣਗੇ। ਜੇ ਬਚ ਜਾਏ, ਤਾਂ ਪ੍ਰੇਮ ਸਿੰਘ ਗੋਲੀ ਨਾਲ ਕੰਮ ਮੁਕਾ ਦੇਵੇਗਾ। ਜੇ ਫੇਰ ਵੀ ਨਿਕਲ ਗ੍ਰਿਆ ਤਾਂ ਰਹਿੰਦੀ ਕਸਰ ਬਾਬੂ ਸੰਤਾ ਸਿੰਘ ਪੂਰੀ ਕਰ ਦੇਵੇਗਾ।

ਜਦੋਂ ਅਰਜਨ ਸਿੰਘ ਇਹਨਾਂ ਤੋਂ 20-25 ਕਰਮਾਂ ਪਿੱਛੇ ਹੀ ਸੀ ਤਾਂ ਸਾਧਾ ਸਿੰਘ ਨੇ ਫਟਾ-ਫਟ ਛਵ੍ਹੀ ਡਾਂਗ ਉੱਤੇ ਚੜ੍ਹਾ ਲਈ। ਪਰ ਰਾਮ ਸਿੰਘ ਦੀ ਛਵ੍ਹੀ ਡੱਬ ਵਿਚ ਹੀ ਫਸ ਗਈ। ਉਧਰ ਪਟਵਾਰੀ ਵੀ ਸਾਰਿਆਂ ਦੇ ਠਾਠੇ ਬੱਝੇ ਦੇਖ ਕੇ ਤਾੜ ਗਿਆ। ਉਹ ਸਾਈਕਲ ਦੀਆਂ ਘਚਾਉਣੀਆਂ ਦਿੰਦਾ ਨਿਕਲਦਾ ਹੋਇਆ ਅਤੇ ਇਹ ਸਾਰੇ ਖੜ੍ਹੇ ਦੇਖਦੇ ਹੀ ਰਹਿ ਗਏ। ਮੁੜ ਅਰਜਨ ਸਿੰਘ ਉੱਤੇ ਹਮਲਾ ਕਰਨ ਦਾ ਕਦੀ ਕੋਈ ਮੌਕਾ ਹੱਥ ਨਹੀਂ ਸੀ ਆਇਆ।

ਉਂਜ ਵੀ ਸਚਮੁੱਚ ਹੀ ਇਹ ਬਿਲਕੁਲ ਬੇਕਸੂਰ ਸੀ। ਅਸੀਂ ਇਸ ਗੁਨਾਹ ਤੋਂ ਕੁਦਰਤੀ ਹੀ ਬਚ ਗਏ। ਮੈਂ ਇਹ ਗੱਲ ਜ਼ਾਤੀ ਇਲਮ ਦੀ ਬਿਨਾ ਉੱਤੇ ਲਿਖ ਰਿਹਾ ਹਾਂ ਅਤੇ ਹੁਣ ਬੂਟਾ ਸਿੰਘ ਵੀ ਮੇਰੀ ਤਸਦੀਕ ਕਰਦਾ ਹੈ ਜੀਹਨੇ ਦੋਵੇਂ ਵਾਰ ਹਮਲੇ ਵਿਚ ਹਿੱਸਾ ਲਿਆ ਸੀ। ਸ਼ਿਵ ਸਿੰਘ ਹਰੀਪੁਰੀਆ ਵੀ ਮੰਨਦਾ ਹੈ ਕਿ ਅਸੀਂ ਸ਼ੱਕ ਵਿਚ ਹੀ ਇਹ ਕੰਮ ਕਰਨ ਲਗੇ ਸੀ।

ਹੁਣ ਮੈਂ ਪਾਠਕਾਂ ਨੂੰ ਆਪਣੀ ਬਾਬਤ ਇਸ ਕੰਮ ਵਿਚ ਸ਼ਾਮਲ ਹੋਣ ਬਾਰੇ ਸਹੀ ਗੱਲ ਦੱਸ ਰਿਹਾ ਹਾਂ। ਮੈਂ ਅਗਸਤ 1922 ਵਿਚ ਗੁਰੂ ਕੇ ਬਾਗ਼ ਤੋਂ ਕੈਦ ਹੋ ਕੇ ਮਿੰਟਗੁਮਰੀ ਜਿਹਲ ਵਿਚ ਚਲਿਆ ਗਿਆ ਸੀ। ਸ਼ੁਰੂ ਜਨਵਰੀ 1923 ਵਿਚ ਜਦੋਂ ਸਭ ਤੋਂ ਪਹਿਲਾਂ ਬੱਚੇ ਰਿਹਾ ਕਰ ਦਿੱਤੇ ਗਏ ਸਨ, ਤਾਂ ਮੈਂ ਮੁੜ ਸਕੂਲ ਵਿਚ ਆ ਦਾਖ਼ਲ ਹੋਇਆ ਸੀ। ਥੋੜ੍ਹੇ ਦਿਨਾਂ ਬਾਅਦ ਬੁੱਢੇ ਵੀ ਛੱਡ ਦਿਤੇ ਗਏ ਸਨ। ਜਦੋਂ ਮੇਰੀ ਵਾਪਸੀ ਦਾ ਪਤਾ ਬਾਬੂ ਸੰਤਾ ਸਿੰਘ ਨੂੰ ਲਗਿਆ ਤਾਂ ਉਹ ਸਕੂਲੇ ਮਿਲਣ ਲਈ ਆ ਗਿਆ ਸੀ ਅਤੇ ਮੈਂ ਵੀ ਉਹਦੇ ਨਾਲ ਹੀ ਪ੍ਰਾਗਪੁਰ ਨੂੰ ਚਲਿਆ ਗਿਆ ਸੀ। ਸਾਰਿਆਂ ਦਾ ਇਕੱਠ ਹੋਇਆ ਸੀ। ਅਸੀਂ ਰੋਟੀਆਂ ਬੇਲਾ ਸਿੰਘ ਦੀ ਬੈਠਕ ਵਿਚ

ਖਾਧੀਆਂ ਅਤੇ ਉਥੇ ਹੀ ਸੁੱਤੇ। ਸਵੇਰੇ ਸੰਤ ਦੀ ਕੁਟੀਆ ਵਿਚ ਆ ਗਏ। ਉਪਰ ਦਸਿਆ ਪ੍ਰੋਗਰਾਮ ਬੇਲਾ ਸਿੰਘ ਦੀ ਬੈਠਕ ਵਿਚ ਹੀ ਬਣਿਆ ਸੀ। ਜਦੋਂ ਸਾਰੇ ਤੁਰਨ ਲੱਗੇ ਤਾਂ ਮੈਂ ਕਿਹਾ, ਮੈਂ ਵੀ ਨਾਲ ਚੱਲਾਂਗਾ ਅਤੇ ਇਹ ਤਮਾਸ਼ਾ ਦੇਖਾਂਗਾ। ਸੱਚ ਮੰਨਿਉ, ਮੈਂ ਇਹਨੂੰ ਇਕ ਤਮਾਸ਼ਾ ਹੀ ਸਮਝਦਾ ਸੀ। ਬਚਪਨਾ ਹੋਣ ਕਰਕੇ ਕਤਲ ਦਾ ਅਰਥ ਸਮਝਣ ਦੀ ਅਕਲ ਹੀ ਨਹੀਂ ਸੀ। ਮੈਂ ਇਕ ਕਿਸਮ ਦੀ ਜ਼ਿੱਦ ਫੜ ਲਈ ਅਤੇ ਬਾਬੂ ਸੰਤਾ ਸਿੰਘ ਨੇ ਕੰਨ ਫੜ ਕੇ ਬੜੀ ਸਖ਼ਤੀ ਨਾਲ ਆਖਿਆ, ''ਸਿਧਾ ਸਕੂਲ ਨੂੰ ਦੌੜ ਜਾ। ਖ਼ਬਰਦਾਰ ਜੇ ਅਗੋਂ ਲਈ ਇਹੋ ਜਿਹੀ ਗੱਲ ਸੋਚੀ। ਇਹ ਦੁੱਧ-ਚੁੰਘਦੇ ਨਿਆਣਿਆਂ ਦਾ ਕੰਮ ਨਹੀਂ।'' ਸੋ ਮੈਂ ਨਿਮੋਝੂਣਾ ਵਾਪਸ ਸਕੂਲ ਨੂੰ ਪਰਤ ਆਇਆ ਸੀ। ਪਰ ਸਾਰਾ ਦਿਨ ਕੰਨ ਇਹ ਖਬਰ ਸੁਨਣ ਵੱਲ ਹੀ ਲੱਗੇ ਰਹੇ ਸਨ। ਇਥੋਂ ਤਕ ਕਿ ਤਰਕਾਲਾ ਵੇਲੇ ਮੈਂ ਕਚਹਿਰੀ ਦਾ ਗੇੜਾ ਵੀ ਕੱਢ ਆਇਆ ਸੀ।

# 32. ਜਾਡਲੇ ਦਾ ਡਾਕਾ

ਜੱਜਮੈਂਟ ਦੇ ਸਫ਼ਾ 69 ਉੱਤੇ ਦੋਸ਼ ਨੰ: 7 ਦੇ ਰੂਪ ਵਿਚ ਦਰਜ ਇਸ ਘਟਨਾ ਦੇ ਸੰਬੰਧ ਵਿਚ ਜੱਜ ਸਾਹਿਬ ਲਿਖਦੇ ਹਨ ਕਿ 2 ਅਤੇ 3 ਫ਼ਰਵਰੀ 1923 ਦੀ ਰਾਤ ਨੂੰ ਪਏ ਇਸ ਡਾਕੇ ਵਿਚ ਹੇਠ-ਲਿਖੇ ਮੁਲਜ਼ਮਾ ਨੇ ਹਿੱਸਾ ਲਿਆ ਸੀ : ਬੰਤਾ ਸਿੰਘ, ਠਾਕੁਰ ਸਿੰਘ, ਹਰੀ ਸਿੰਘ, ਵਰਿਆਮ ਸਿੰਘ ਦੌਲਤਪੁਰ, ਵਰਿਆਮ ਸਿੰਘ, ਕਰਤਾਰ ਸਿੰਘ, ਰਾਮ ਸਿੰਘ ਮੁਜ਼ਾਰਾ ਕਲਾਂ, ਗੁਰਬਚਨ ਸਿੰਘ ਸਾਹਦੜਾ, ਹਰੀ ਸਿੰਘ, ਹਰਦਿਤ ਸਿੰਘ ਜੱਸੋਵਾਲ, ਸੁਰਜਨ ਸਿੰਘ, ਧਰਮ ਸਿੰਘ ਹਿਆਤਪੁਰ ਰੁੜਕੀ, ਰਾਮ ਸਿੰਘ, ਦੂਜਾ ਰਾਮ ਸਿੰਘ ਤੇ ਆਸਾ ਸਿੰਘ ਵਾਇਦਾ-ਮੁਆਫ਼ ਨੰ: 13, 16 ਤੇ 25, ਸੁੰਦਰ ਸਿੰਘ ਹਿਆਤਪੁਰ ਰੁੜਕੀ, ਗੁਰਬਚਨ ਸਿੰਘ ਮਫ਼ਰੂਰ ਮਿਸਤਰੀ ਦੌਲਤਪੁਰ, ਹਰਬਖ਼ਸ਼ ਸਿੰਘ ਮਫ਼ਰੂਰ ਦੌਲਤਪੁਰ, ਅਮਰ ਸਿੰਘ ਮਫ਼ਰੂਰ ਮਿਸਤਰੀ ਮੰਧਾਣੀ, ਬਬਰ ਕਰਮ ਸਿੰਘ ਦੌਲਤਪੁਰ ਅਤੇ ਉਦੇ ਸਿੰਘ ਰਾਮਗੜ੍ਹ ਝੁਗੀਆਂ। ਕੁੱਲ ਗਿਣਤੀ 21 ਹੈ।

ਪਿੰਡ ਜਾਡਲਾ ਬਬਰ ਕਰਮ ਸਿੰਘ ਦੇ ਪਿੰਡ ਦੌਲਤਪੁਰ ਦੇ ਬਿਲਕੁਲ ਲਾਗੇ ਹੀ ਹੈ। ਇਹ ਦੋਨੋਂ ਪਿੰਡ ਨਵਾਂ ਸ਼ਹਿਰ ਤੋਂ ਰੋਪੜ ਨੂੰ ਜਾਂਦੀ ਸੜਕ ਉੱਤੇ ਨਵਾਂ ਸ਼ਹਿਰ ਤੋਂ ਸੱਤਵੇਂ-ਅਠਵੇਂ ਮੀਲ ਉੱਤੇ ਹੀ ਹਨ। ਇਥੋਂ ਦਾ ਇਕ ਮੁਣਸ਼ੀ ਰਾਮ ਉਹਨਾਂ ਦਿਨਾਂ ਵਿਚ ਬੜੇ ਵਡੇ ਪੈਮਾਨੇ ਉੱਤੇ ਸ਼ਾਹੂਕਾਰਾ ਕਰ ਰਿਹਾ ਸੀ। ਉਹ ਗ਼ਰੀਬਾਂ ਦੀ ਚੰਗੀ ਛਿੱਲ ਲਾਹੁੰਦਾ ਸੀ। ਅਸ਼ਟਾਮ ਲਿਖਾਉਣ ਵੇਲੇ ਇਕ ਸਾਲ ਦਾ ਵਿਆਜ ਪਹਿਲਾਂ ਹੀ ਕੱਟ ਲੈਂਦਾ ਸੀ। ਪੈਸਾ ਰੁਪਿਆ ਵਿਆਜ ਆਮ ਪ੍ਰਚੱਲਤ ਸੀ। ਲੋਕਾਂ ਦੇ ਗਹਿਣੇ ਗਿਰਵੀ ਰੱਖ ਕੇ ਖ਼ੂਬ ਹੱਥ ਰੰਗਦਾ ਸੀ। ਉਹਨਾਂ ਦਿਨਾਂ ਵਿਚ ਜਿਹੜਾ ਗ਼ਰੀਬ ਇਹਨਾਂ ਦੇ ਪੰਜੇ ਵਿਚ ਇਕ ਵਾਰ ਫਸ ਗਿਆ, ਸਮਝ ਲਉ ਪੁਸ਼ਤ-ਦਰ-ਪੁਸ਼ਤ ਫਸਿਆ ਚਲਿਆ ਜਾਂਦਾ ਸੀ। ਪਤਾ ਨਹੀਂ ਕਿੰਨੇ ਅਸਲ ਵਸੂਲਣ ਤੋਂ ਬਾਅਦ ਵੀ ਅਸਲ ਰਕਮ ਕਾਇਮ ਰਹਿੰਦੀ ਸੀ ਅਤੇ ਤਿੰਨਾਂ ਸਾਲਾਂ ਬਾਅਦ ਬਚਿਆ ਸੂਦ ਨਾਲ ਰਲਾ ਕੇ ਮੁੜ ਅਸ਼ਟਾਮ ਲਿਖਾ ਲਿਆ ਜਾਂਦਾ ਸੀ।

ਬਬਰ ਕਰਮ ਸਿੰਘ ਨੇ ਸਭ ਤੋਂ ਪਹਿਲਾਂ ਇਸੇ ਸ਼ਾਹੂਕਾਰ ਤੋਂ ਰਕਮ ਵਸੂਲਣ ਦਾ ਮਨ ਬਣਾ ਲਿਆ। ਇਉਂ ਹਥਿਆਰ ਖ਼ਰੀਦਣ ਦਾ ਮਸਲਾ ਸੁਖਾਲਿਆਂ ਹੀ ਹੱਲ ਹੋ ਜਾਣਾ ਸੀ। ਹੁਣ ਮੈਂ ਰਾਮ ਸਿੰਘ ਵਾਇਦਾ-ਮੁਆਫ਼ ਨੰ: 13 ਦੇ ਬਿਆਨ ਮੁਤਾਬਿਕ ਸਾਰੀ ਤਫਸੀਲ ਲਿਖ ਰਿਹਾ ਹਾਂ। ਇਸੇ ਰਾਮ ਸਿੰਘ ਦਾ ਜ਼ਿਕਰ ਅਰਜਨ ਸਿੰਘ ਪਟਵਾਰੀ ਹਰੀਪੁਰੀਏ ਬਾਬਤ ਪਾਠਕ ਹੁਣੇ ਪੜ੍ਹ ਕੇ ਹਟੇ ਹਨ। (ਪੇਪਰ-ਬੁੱਕ ਸਫ਼ਾ 102,

ਵਾਇਦਾ-ਮੁਆਫ਼ ਗਵਾਹ ਨੰ: 13, ਰਾਮ ਸਿੰਘ ਵਲਦ ਭਗਵਾਨਾ, ਉਮਰ 26 ਸਾਲ, ਜ਼ਾਤ ਜੱਟ-ਸਿੱਖ, ਪਿੰਡ ਮੁਜ਼ਾਰਾ ਕਲਾਂ, ਜ਼ਿਲਾ ਜਲੰਧਰ) :

''ਮੈਂ 1915 ਵਿਚ ਫ਼ੌਜ ਵਿਚ ਭਰਤੀ ਹੋਇਆ ਸੀ ਅਤੇ 1920 ਵਿਚ ਨੌਕਰੀ ਛੱਡ ਆਇਆ ਸੀ। ਮੇਰਾ ਇਕੋ-ਇਕ ਸਕਾ ਭਰਾ ਕਰਤਾਰ ਸਿੰਘ ਐਸ ਵੇਲੇ ਮੁਲਜ਼ਮ ਨੰ: 27 ਅਦਾਲਤ ਵਿਚ ਮੌਜੂਦ ਹੈ। ਕਰਮ ਸਿੰਘ ਬਬਰ ਦੌਲਤਪੁਰ ਨੇ ਮੈਨੂੰ ਦਸਿਆ ਕਿ ਉਹਨਾਂ ਨੇ ਇਕ ਬਬਰ ਜਥਾ ਕਾਇਮ ਕੀਤਾ ਹੈ, ਜੀਹਦਾ ਮਨੋਰਥ ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿਚੋਂ ਕੱਢਣਾ ਹੈ। ਸਭ ਤੋਂ ਪਹਿਲਾਂ ਜਿਹੜੇ ਅੰਗਰੇਜ਼ਾਂ ਦੀ ਮਦਦ ਕਰ ਰਹੇ ਹਨ, ਉਹਨਾਂ ਝੋਲੀ-ਚੁੱਕਾਂ ਦਾ ਸੁਧਾਰ ਕਰਨਾ ਹੈ ਤਾਂ ਜੋ ਬਾਕੀ ਝੋਲੀ-ਚੁੱਕ ਡਰ ਕੇ ਨੌਕਰਸ਼ਾਹੀ ਦੀ ਮਦਦ ਕਰਨੋਂ ਹਟ ਜਾਣ। ਤੇ ਉਹਨੇ ਮੈਨੂੰ ਬਬਰ ਜਥੇ ਦਾ ਮੈਂਬਰ ਬਣ ਜਾਣ ਲਈ ਪ੍ਰੇਰਿਆ। ਮੈਂ ਬੜੀ ਖ਼ੁਸ਼ੀ ਨਾਲ ਮੈਂਬਰ ਬਣ ਗਿਆ।

''...ਬਬਰ ਕਰਮ ਸਿੰਘ ਨੇ ਸਾਨੂੰ ਸਾਰੀ ਸਕੀਮ ਸਮਝਾਈ ਅਤੇ ਸਾਡੀ ਸਾਰਿਆਂ ਦੀ ਡਿਊਟੀ ਲਾਈ ਕਿ ਅਸੀਂ ਜਥੇ ਦੇ ਬਾਕੀ ਮੈਂਬਰਾਂ ਨੂੰ ਨਾਲ ਲੈ ਕੇ 2 ਫ਼ਰਵਰੀ 1923 ਦੀ ਰਾਤ ਨੂੰ ਨੌਂ ਕੁ ਬਜੇ ਤੱਕ ਜਾਡਲੇ ਪੁੱਜ ਜਾਈਏ। ਸੋ ਉਪਰ-ਦੱਸੇ ਸਾਰੇ ਮੈਂਬਰ ਮਿਥੀ ਤਾਰੀਖ ਨੂੰ ਠੀਕ ਥਾਂ ਇਕੱਠੇ ਹੋ ਗਏ।''

ਜਥੇ ਦੇ ਮੈਂਬਰਾਂ ਕੋਲ ਤਿੰਨ-ਫੁੱਟੀਆਂ ਤਲਵਾਰਾਂ, ਛਵ੍ਹੀਆਂ, ਹਥੌੜਾ ਅਤੇ ਤਾਲੇ ਤੋੜਨ ਦਾ ਹੋਰ ਸਾਮਾਨ, ਪਸਤੌਲ, ਬੰਦੂਕਾਂ, ਬੰਬ ਅਤੇ ਸਫ਼ਾ-ਜੰਗ ਸਨ। ਸਾਰੇ ਮੁਣਸ਼ੀ ਰਾਮ ਦੇ ਮਕਾਨ ਉੱਤੇ ਜਾ ਪੁੱਜੇ। ਉਹ ਬੈਠਕ ਵਿਚ ਬੈਠਾ ਸੀ ਅਤੇ ਤਿੰਨ-ਚਾਰ ਹੋਰ ਬੰਦੇ ਬੈਠੇ ਗੱਲਾਂ ਕਰ ਰਹੇ ਸਨ। ਰਾਮ ਸਿੰਘ ਵਾਇਦਾ-ਮੁਆਫ਼ ਨੰ: 13 ਮੁਜ਼ਾਰਾ ਕਲਾਂ ਨੇ ਕੁੰਡਾ ਖੜਕਾਇਆ। ਮੁਣਸ਼ੀ ਰਾਮ ਨੇ ਪੁਛਿਆ, ਕੌਣ ਹੈ ? ਰਾਮ ਸਿੰਘ ਨੇ ਦੱਸਿਆ ਕਿ ਮੈਂ ਭਗਤਾਂ ਦਾ ਬਾਬੂ ਹਾਂ। ਮੁਣਸ਼ੀ ਰਾਮ ਨੇ ਫੇਰ ਪੁਛਿਆ, ਤੇਰੇ ਨਾਲ ਹੋਰ ਕੌਣ ਹੈ ? ਰਾਮ ਸਿੰਘ ਨੇ ਦੱਸਿਆ, ਇਹ ਦੂਜਾ ਸਾਥੀ ਲਾਲ ਮੱਲ ਹੈ ਅਤੇ ਸਾਨੂੰ ਐਸ ਵੇਲੇ ਜ਼ਰੂਰੀ ਕੰਮ ਲਈ ਆਉਣਾ ਪਿਆ ਹੈ, ਸੋ ਕੁੰਡਾ ਖੋਲ੍ਹ ਕੇ ਗੱਲ ਸੁਣੋ। ਮੁਣਸ਼ੀ ਰਾਮ ਇਹਨਾਂ ਦੋਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਉਸ ਵੇਲੇ ਤਿੰਨ-ਚਾਰ ਬੰਦੇ ਹੋਰ ਵੀ ਕੋਲ ਬੈਠੇ ਸਨ। ਸੋ ਉਹਨੇ ਕੁੰਡਾ ਖੋਲ੍ਹ ਦਿੱਤਾ। ਬੱਸ ਫੇਰ ਕੀ ਸੀ, ਸੱਤਾਂ-ਅੱਠਾਂ ਨੇ ਅੰਦਰ ਲੰਘ ਕੇ ਸਾਰਿਆਂ ਨੂੰ ਕਾਬੂ ਕਰ ਲਿਆ ਅਤੇ ਬਾਕੀਆਂ ਨੇ ਪ੍ਰੋਗਰਾਮ ਮੁਤਾਬਿਕ ਬੈਠਕ ਘੇਰ ਲਈ ਅਤੇ ਛਤ ਉੱਤੇ ਵੀ ਜਾ ਚੜ੍ਹੇ। ਮੁਣਸ਼ੀ ਰਾਮ ਬੱਸ ਅਧਮੋਏ ਜਿਹੇ ਹੀ ਹੋ ਗਏ। ਫਟਾ-ਫਟ ਪੇਟੀ ਅਤੇ ਅਲਮਾਰੀ ਖੋਲ੍ਹ ਦਿੱਤੀਆਂ, ਜੋ ਖਾਲੀ ਵਰਗੀਆਂ ਹੀ ਪਈਆਂ ਸਨ। ਇਕ ਸੋਨੇ ਦੀ ਤੰਦੀਰੀ ਤੇ ਇਕ ਚਾਂਦੀ ਦੀ ਤੜਾਗੀ—ਬੱਸ ਇਹੋ ਠੋਸ ਮਾਲ ਹੱਥ ਲਗਿਆ। ਨਕਦ ਕੁਝ ਹੱਥ-ਪੱਲੇ ਨਾ ਪਿਆ। ਜਾਂ ਐਵੇਂ ਨਾਂ-ਮਾਤਰ ਟੂੰਬ-ਛੱਲੇ, ਉਹ ਵੀ ਚਾਂਦੀ ਦੇ ਹੀ ਮਿਲੇ ਸਨ। ਮੁਕਦੀ ਗੱਲ, ਸਾਰੇ ਢਾਣੇ ਨੂੰ ਖਾਲੀ ਹੱਥ ਹੀ ਮੁੜਨਾ ਪਿਆ ਸਮਝੋ।

ਹੁਣ ਪੜ੍ਹੋ ਮੁਣਸ਼ੀ ਰਾਮ ਦਾ ਆਪਣਾ ਬਿਆਨ (ਪੇਪਰ-ਬੁੱਕ, ਸਫ਼ਾ 381, ਸਰਕਾਰੀ ਗਵਾਹ ਨੰ: 108, ਮੁਣਸ਼ੀ ਰਾਮ ਵਲਦ ਰਾਮ ਚੰਦ, ਉਮਰ 50 ਸਾਲ, ਜ਼ਾਤ ਖੱਤਰੀ, ਪਿੰਡ ਜਾਡਲਾ, ਤਹਿਸੀਲ ਨਵਾਂ ਸ਼ਹਿਰ, ਜਿਲਾ ਜਲੰਧਰ, ਪੇਸ਼ਾ ਸ਼ਾਹੂਕਾਰਾ) :

''ਮੈਂ 224 ਰੁਪਏ ਇਨਕਮ ਟੈਕਸ ਅਦਾ ਕਰਦਾ ਹਾਂ। ਸ਼ਾਹੂਕਾਰਾ ਵੀ ਕਰਦਾ

ਹਾਂ ਅਤੇ ਆਮ ਤੌਰ ਉੱਤੇ ਮੈਨੂੰ ਖਾਚੀਵਾਲਾ ਕਰਕੇ ਸੱਦਿਆ ਜਾਂਦਾ ਹੈ। 2-3 ਫ਼ਰਵਰੀ ਦੀ ਰਾਤ ਨੂੰ ਕੋਈ 9-10 ਬਜੇ ਮੈਂ, ਚੌਕੀਦਾਰ ਨਬੀਆ, ਤੇਜਾ ਅਤੇ ਪੌਲਾ ਆਪਣੀ ਬੈਠਕ ਵਿਚ ਬੈਠੇ ਗੱਲਾਂਬਾਤਾਂ ਕਰਦੇ ਸੀ। ਇਹ ਤਿੰਨੇ ਰਾਤ ਨੂੰ ਮੇਰੇ ਕੋਲ ਹੀ ਸੌਂਦੇ ਸਨ। ਬੈਠਕ ਦਾ ਕੁੰਡਾ ਖੜਕਿਆ।...ਡਾਕੂਆਂ ਨੇ ਮੈਨੂੰ ਕਾਫ਼ੀ ਕੁਟਿਆ ਅਤੇ ਕਹਿਣ, ਕਢ ਬਾਕੀ ਰਕਮ ਕਿਥੇ ਲੁਕੋਈ ਹੋਈ ਹੈ। ਮੈਂ ਦੱਸਿਆ ਕਿ ਇਹ ਤਾਂ ਤੁਹਾਡੀ ਕਿਸਮਤ ਦੀ ਗੱਲ ਹੈ, ਕਲ੍ਹ ਹੀ ਮੈਂ ਵੀਹ ਹਜ਼ਾਰ ਰੁਪਿਆ ਨਕਦ ਨਵਾਂ ਸ਼ਹਿਰ ਜਾ ਕੇ ਜਮ੍ਹਾਂ ਕਰਵਾ ਆਇਆ ਹਾਂ। ਤੇ ਆਪਣੀ ਬਹੀ ਉੱਤੇ ਇਸ ਰਕਮ ਦਾ ਅੰਦਰਾਜ ਉਹਨਾਂ ਨੂੰ ਦਿਖਾ ਕੇ ਤਸੱਲੀ ਕਰਵਾ ਦਿੱਤੀ। ਪਰ ਉਹਨਾਂ ਨੇ ਬਹੀ ਫੜ ਕੇ ਵਗਾਹ ਮਾਰੀ ਅਤੇ ਮੈਨੂੰ ਨਾਲ ਲੈ ਕੇ ਮੇਰੇ ਘਰ ਦੀ ਵੀ ਤਲਾਸ਼ੀ ਕੀਤੀ। ਸਚਮੁੱਚ ਮੇਰੇ ਕੋਲ ਉਸ ਵੇਲੇ ਰਕਮ ਹੈ ਹੀ ਨਹੀਂ ਸੀ, ਨਹੀਂ ਤਾਂ ਮੈਂ ਜ਼ਰੂਰ ਦੇ ਕੇ ਜਾਨ ਛਡਾਉਣ ਦੀ ਕਰਨੀ ਸੀ।" ਗਵਾਹਾਂ ਨੇ ਵੀ ਮੁਣਸ਼ੀ ਰਾਮ ਦੇ ਬਿਆਨ ਦੀ ਤਸਦੀਕ ਕਰ ਦਿਤੀ। ਇਹਨਾਂ ਸਾਰੇ ਗਵਾਹਾਂ ਦੇ ਬਿਆਨ 28 ਅਗਸਤ 1924 ਨੂੰ, ਇਕੋ ਦਿਨ ਵਿਚ ਹੋਏ ਸਨ।

"ਡਾਕੂਆਂ ਦੇ ਚਲੇ ਜਾਣ ਤੋਂ ਬਾਅਦ ਪਿੰਡ ਦੇ ਲੰਬੜਦਾਰ ਅਤੇ ਹੋਰ ਬੰਦੇ ਵੀ ਆ ਗਏ। ਦਿਨ ਚੜ੍ਹੇ ਨਿਹਾਲੇ ਚੌਕੀਦਾਰ ਨੂੰ ਥਾਣੇ ਭੇਜ ਕੇ ਰਪਟ ਲਿਖਵਾ ਦਿੱਤੀ ਗਈ। ਕੋਈ ਦਸ-ਗਿਆਰਾਂ ਬਜੇ ਦੇ ਕਰੀਬ ਪੁਲਸ ਦਾ ਹੌਲਦਾਰ ਤਸ਼ਰੀਫ਼ ਲੈ ਆਇਆ, ਜਿਸ ਕੋਲ ਮੈਂ ਨੁਕਸਾਨ ਦੀ ਲਿਸਟ ਆਪ ਤਿਆਰ ਕਰਕੇ ਦੇ ਦਿੱਤੀ। ਬਾਅਦ ਵਿਚ ਪੁਲਸ ਨੇ ਮੇਰੀਆਂ ਸੱਟਾਂ ਦਾ ਮੁਲਾਹਜ਼ਾ ਡਾਕਟਰ ਪਾਸੋਂ ਕਰਵਾ ਲਿਆ ਸੀ।"

# 33. ਰਾਣੀਬੂਹੇ ਵਾਲੇ ਜ਼ੈਲਦਾਰ ਬਿਸ਼ਨ ਸਿੰਘ ਦਾ ਕਤਲ

ਮੈਂ ਪਹਿਲਾਂ ਹੀ "ਬੂਹਾਨੀ, ਰਿਆਸਤ ਕਪੂਰਥਲੇ ਦਾ ਦੀਵਾਨ" ਨਾਂ ਦੇ ਲੇਖ ਵਿਚ ਰਿਆਸਤ ਕਪੂਰਥਲੇ ਦੇ ਇਸ ਸਿਰਕੱਢ ਝੋਲੀ-ਚੁੱਕ ਦੀਆਂ ਕਰਤੂਤਾਂ ਦਾ ਜ਼ਿਕਰ ਪੂਰੀ ਤਫਸੀਲ ਨਾਲ ਦਰਜ ਕਰ ਚੁਕਿਆ ਹਾਂ ਕਿ ਇਹਨੇ ਦੀਵਾਨ ਦੁਰਗਾ ਦਾਸ ਨਾਲ ਮਿਲ ਕੇ ਕਿਵੇਂ ਸਿੰਗ-ਮਿੱਟੀ ਚੁੱਕੀ ਹੋਈ ਸੀ ਅਤੇ ਉਸ ਵੇਲੇ ਦੇ ਰਜਵਾੜਿਆਂ ਦੀਆਂ ਕਰਤੂਤਾਂ ਦੀ ਵੀ ਨਾਂ-ਮਾਤਰ ਝਲਕ ਦੱਸ ਚੁਕਿਆ ਹਾਂ।

ਜੱਜਮੈਂਟ ਦੇ ਸਫ਼ਾ 72 ਉਤੇ ਦੋਸ਼ ਨੰ: 8 ਦੇ ਰੂਪ ਵਿਚ 10 ਫ਼ਰਵਰੀ 1923 ਦੀ ਇਸ ਅੱਠਵੀਂ ਘਟਨਾ ਦੀ ਅਸਲੀ ਹਕੀਕਤ ਲਿਖਣ ਤੋਂ ਪਹਿਲਾਂ ਮੈਂ ਉਸ ਵੇਲੇ ਵਾਇਦਾ-ਮੁਆਫ਼ ਦਾ ਬਿਆਨ ਦਰਜ ਕਰਨਾ ਜ਼ਰੂਰੀ ਸਮਝਦਾ ਹਾਂ, ਜੋ ਪੇਪਰ-ਬੁੱਕ ਦੇ ਸਫ਼ਾ 68 ਤੋਂ ਸ਼ੁਰੂ ਹੁੰਦਾ ਹੈ। (ਵਾਇਦਾ-ਮੁਆਫ਼ ਗਵਾਹ ਨੰ: 10, ਕਰਤਾਰ ਸਿੰਘ ਵਲਦ ਜਵਾਲਾ ਸਿੰਘ, ਉਮਰ 30 ਸਾਲ, ਜ਼ਾਤ ਜੱਟ-ਸਿੱਖ, ਪਿੰਡ ਬੂੜੋ ਬਾੜੀਆਂ, ਜ਼ਿਲਾ ਹੁਸ਼ਿਆਰਪੁਰ) :

"...ਅੱਠਾਂ-ਦਸਾਂ ਦਿਨਾਂ ਬਾਅਦ ਧੰਨਾ ਸਿੰਘ ਬਹਿਬਲਪੁਰ ਮੁੜ ਕੇ ਫੇਰ ਮੇਰੇ ਕੋਲ ਆ ਗਿਆ ਅਤੇ ਮੈਂ ਉਹਨੂੰ ਪਿੰਡੋਂ ਬਾਹਰ ਖੇਤਾਂ ਵਿਚ ਛੱਡ ਆਇਆ। ਲੌਢੇ ਕੁ ਵੇਲੇ ਬਾਬੂ ਸੰਤਾ ਸਿੰਘ ਵੀ ਆ ਗਿਆ ਅਤੇ ਮੈਨੂੰ ਧੰਨਾ ਸਿੰਘ ਬਹਿਬਲਪੁਰੀਏ ਨੂੰ ਦੇਣ ਲਈ 16 ਕਾਰਤੂਸ ਦੇ ਦਿਤੇ। ਇਸੇ ਤਰ੍ਹਾਂ ਦੇ ਕਾਰਤੂਸ ਧੰਨਾ ਸਿੰਘ ਨੂੰ ਦੇਣ ਲਈ ਉਹ ਪਹਿਲਾਂ ਵੀ ਦੇ ਚੁਕਿਆ ਸੀ। ਮੈਂ ਬਾਬੂ ਸੰਤਾ ਸਿੰਘ ਨੂੰ ਦੱਸ ਦਿੱਤਾ ਕਿ ਧੰਨਾ ਸਿੰਘ ਇਥੇ ਹੀ ਹੈ। ਹਨੇਰਾ ਹੋਏ ਤੋਂ ਉਹਨੇ ਆ ਜਾਣਾ ਹੈ। ਸੋ ਉਹ ਉਹਦੀ ਉਡੀਕ ਕਰਨ ਲੱਗ ਪਿਆ। ਸੂਰਜ ਛਿਪਣ ਤੋਂ ਬਾਅਦ ਧੰਨਾ ਸਿੰਘ ਆ ਗਿਆ ਅਤੇ ਮੈਂ ਕਾਰਤੂਸ ਉਹਦੇ ਹਵਾਲੇ ਕਰ ਦਿੱਤੇ। ਉਸ ਵੇਲੇ ਧੰਨਾ ਸਿੰਘ ਕੋਲ ਇਕ ਬੰਦੂਕ ਅਤੇ ਇਕ ਪਸਤੌਲ ਵੀ ਸੀ। ਆਹ ਜਿਹੜੀ ਬੰਦੂਕ ਅਦਾਲਤ ਵਿਚ ਪੀ 37 ਮੈਨੂੰ ਦਿਖਾਈ ਗਈ ਹੈ, ਉਹੋ ਹੀ ਹੈ। ਬਾਬੂ ਸੰਤਾ ਸਿੰਘ ਕੋਲ ਵੀ ਪਸਤੌਲ ਸੀ। ਦੋਨੋਂ ਆਪੋ ਵਿਚ ਗੱਲਾਂ ਕਰਦੇ ਰਹੇ।

"ਥੋੜ੍ਹੇ ਚਿਰ ਪਿਛੋਂ ਉਹਨਾਂ ਨੇ ਮੈਨੂੰ ਕਿਹਾ ਕਿ ਸਾਨੂੰ ਐਸ ਵੇਲੇ ਦੋ-ਚਾਰ ਅਜਿਹੇ ਬੰਦਿਆਂ ਦੀ ਮਦਦ ਦੀ ਲੋੜ ਹੈ ਜਿਹੜੇ ਝੋਲੀ-ਚੁੱਕਾਂ ਦੇ ਸੁਧਾਰ ਵਿਚ ਸਾਡੀ ਮਦਦ

ਕਰ ਸਕਣ। ਪਰ ਉਸ ਵੇਲੇ ਮੈਨੂੰ ਕੋਈ ਪਤਾ ਨਹੀਂ ਸੀ ਕਿ ਉਹ ਕਿਹੜੇ ਝੋਲੀ-ਚੁੱਕਾਂ ਦੇ ਸੁਧਾਰ ਕਰਨਾ ਚਾਹੁੰਦੇ ਸਨ। ਮੈਂ ਕਿਹਾ, ਇਹ ਬੜਾ ਮੁਸ਼ਕਲ ਕੰਮ ਹੈ। ਪਰ ਉਹਨਾਂ ਨੇ ਮੇਰੇ ਉੱਤੇ ਬਹੁਤ ਜ਼ੋਰ ਪਾਇਆ ਕਿ ਹੁਣੇ ਹੀ ਕੋਈ ਬੰਦੋਬਸਤ ਕਰਾਂ। ਸੋ ਮੈਂ ਆਪਣੇ ਪਿੰਡ ਦੇ ਸਰਦੂਲ ਸਿੰਘ ਉਰਫ਼ ਬੰਤਾ ਸਿੰਘ ਕੋਲ ਗਿਆ, ਜੋ ਐਸ ਵੇਲੇ ਅਦਾਲਤ ਵਿਚ ਮੁਲਜਮ ਨੰ: 33 ਹੈ ਅਤੇ ਉਸ ਵੇਲੇ ਸਾਡੇ ਅਕਾਲੀ ਜਥੇ ਦਾ ਸਰਗਰਮ ਮੈਂਬਰ ਸੀ। ਮੈਂ ਆਪ ਜਥੇਦਾਰ ਸੀ। ਮੈਂ ਸਾਰੀ ਗੱਲ ਦੱਸੀ। ਉਹ ਉਸੇ ਵੇਲੇ ਤਿਆਰ ਹੋ ਗਿਆ। ਮੈਂ ਪਹਿਲਾਂ ਹੀ ਤਿਆਰ ਸੀ। ਸੋ ਫਟਾ-ਫਟ ਪ੍ਰਸ਼ਾਦੇ ਛਕੇ ਅਤੇ ਅਸੀਂ ਉਹਨਾਂ ਦੋਹਾਂ ਨਾਲ ਚੱਲ ਪਏ। ਰਾਤੋ-ਰਾਤ ਪਾਂਸ਼ਟਾ, ਮਾਈਉ ਪੱਟੀ ਅਤੇ ਬਰਨਾ ਥਾਣੀਂ ਹੁੰਦੇ ਰਾਣੀਥੁਹੇ ਲਾਗੇ ਆ ਪੁੱਜੇ। ਰਾਹ ਵਿਚ ਮੀਂਹ ਉਤਰ ਆਉਣ ਕਾਰਨ ਦੋ-ਚਾਰ ਵਾਰ ਖਾਲੀ ਕੋਠਿਆਂ ਵਿਚ ਰੁਕਣਾ ਵੀ ਪਿਆ ਸੀ।

"ਦਿਨ ਚੜ੍ਹਦਿਆਂ ਧੰਨਾ ਸਿੰਘ ਅਤੇ ਸਰਦੂਲ ਸਿੰਘ ਨੂੰ ਸੜਕ ਉੱਤੇ ਛੱਡ ਕੇ ਮੈਂ ਅਤੇ ਬਾਬੂ ਸੰਤਾ ਸਿੰਘ ਰਾਣੀਥੁਹੇ ਜ਼ੈਲਦਾਰ ਬਿਸਨ ਸਿੰਘ ਦੀ ਕੋਠੀ ਕੋਲ ਜਾ ਪੁੱਜੇ। ਗੇਟ ਕੋਲ ਖੜੋਤੇ ਬੰਦੇ ਕੋਲੋਂ ਪੁੱਛਿਆ ਕਿ ਐਸ ਵੇਲੇ ਜ਼ੈਲਦਾਰ ਸਾਹਿਬ ਕਿਥੇ ਮਿਲ ਸਕਦੇ ਹਨ, ਸਾਡੀ ਘੋੜੀ ਗੁੰਮ ਹੋ ਗਈ ਹੈ, ਜੀਹਦੀ ਭਾਲ ਲਈ ਅਸੀਂ ਉਹਨਾਂ ਦੀ ਮਦਦ ਲੈਣੀ ਚਾਹੁੰਦੇ ਹਾਂ। ਇਹ ਸਾਡਾ ਘੜਿਆ-ਘੜਾਇਆ ਬਹਾਨਾ ਹੀ ਸੀ। ਨਾਲ ਹੀ ਪੁੱਛ ਲਿਆ ਕਿ ਜੇ ਕਿਤੇ ਤੁਸੀਂ ਦੇਖੀ ਹੋਵੇ ਤਾਂ ਕਿਰਪਾ ਕਰਕੇ ਦੱਸ ਦਿਉ। ਅਸੀਂ ਉਹਦਾ ਖੁਰਾ ਫੜ ਕੇ ਰਾਤ ਦੇ ਇਥੇ ਆਏ ਹੋਏ ਹਾਂ। ਜਵਾਬ ਤਾਂ ਕੁਦਰਤੀ ਨਾਂਹ ਵਿਚ ਮਿਲਣਾ ਹੀ ਸੀ ਅਤੇ ਨਾਲ ਹੀ ਉਹਨੇ ਦਸਿਆ ਕਿ ਜ਼ੈਲਦਾਰ ਸਾਹਿਬ ਕਪੂਰਥਲੇ ਦੇ ਰਾਜੇ ਦੀ ਧੀ ਦੇ ਵਿਆਹ ਕਾਰਨ ਉਥੇ ਗਏ ਹੋਏ ਹਨ। ਪਤਾ ਨਹੀਂ ਕਿਸ ਦਿਨ ਮੁੜਨਗੇ। ਅਸੀਂ ਨਿਰਾਸ਼ ਹੋ ਕੇ ਵਾਪਸ ਸੜਕ ਉੱਤੇ ਆ ਗਏ, ਜਿਥੇ ਧੰਨਾ ਸਿੰਘ ਅਤੇ ਸਰਦੂਲ ਸਿੰਘ ਸਾਡੀ ਉਡੀਕ ਕਰ ਰਹੇ ਸਨ। ਉਥੋਂ ਅਸੀਂ ਚਾਰੇ ਪਲਾਹੀ ਆ ਗਏ, ਜਿਥੇ ਮੇਰੇ ਚਾਚੇ ਦੀ ਧੀ ਵਿਆਹੀ ਹੋਈ ਸੀ। ਉਹਨਾਂ ਦੇ ਖੂਹ ਉੱਤੇ ਪੁੱਜ ਕੇ ਮੈਂ ਆਪਣੇ ਭਾਣਜੇ ਤੋਂ ਛਾਹ-ਵੇਲਾ ਮੰਗਵਾਇਆ। ਛਕਣ-ਛਕਾਉਣ ਤੋਂ ਬਾਅਦ ਮੈਂ ਅਤੇ ਸਰਦੂਲ ਸਿੰਘ ਆਪਣੇ ਪਿੰਡ ਵੱਲ ਚੱਲ ਪਏ। ਬਾਬੂ ਸੰਤਾ ਸਿੰਘ ਪ੍ਰਾਗਪੁਰ ਵੱਲ ਅਤੇ ਧੰਨਾ ਸਿੰਘ ਆਪਣੇ ਪਿੰਡ ਬਹਿਬਲਪੁਰ ਵੱਲ ਚਲਿਆ ਗਿਆ।"

* * *

10 ਫ਼ਰਵਰੀ 1923 ਦੇ ਸ਼ੁਭ ਦਿਹਾੜੇ ਰਾਹ ਵਿਚ ਬਾਬੂ ਸੰਤਾ ਸਿੰਘ ਦੀ ਜ਼ੈਲਦਾਰ ਨਾਲ ਸਿੱਧੀ ਟੱਕਰ ਹੋ ਗਈ ਅਤੇ ਬਬਰਾਂ ਦੇ ਮਿਥੇ ਹੋਏ ਸੁਧਾਰ ਦੇ ਪ੍ਰੋਗਰਾਮ ਦਾ ਮਹੂਰਤ ਹੋ ਗਿਆ। ਉਸ ਦਿਨ ਜ਼ੈਲਦਾਰ ਲੌਢੇ ਵੇਲੇ ਦੀ ਰੇਲ ਤੋਂ ਚਹੇੜੂ ਸਟੇਸ਼ਨ ਉੱਤੇ ਆ ਉਤਰਿਆ ਅਤੇ ਉਹਦੇ ਪਿੰਡ ਦੇ ਸਾਈਂਦਾਸ, ਸਰਕਾਰੀ ਗਵਾਹ ਨੰ: 118, ਅਰਜਨ ਸਿੰਘ ਨੰ: 389 ਅਤੇ ਵਜ਼ੀਰ ਸਿੰਘ ਨੰ: 390 ਵੀ ਆਪਣੇ-ਆਪਣੇ ਕੰਮਾਂ ਤੋਂ ਫਾਰਗ ਹੋ ਕੇ ਉਸੇ ਗੱਡੀ ਤੋਂ ਜ਼ੈਲਦਾਰ ਦੇ ਨਾਲ ਹੀ ਉੱਤਰੇ ਸਨ। ਜ਼ੈਲਦਾਰ ਦਾ ਬਾਰਾਂ ਕੁ ਸਾਲ ਦੀ ਉਮਰ ਦਾ ਪੋਤਾ ਲੱਛੂ ਵੀ ਨਾਲ ਹੀ ਸੀ। ਜ਼ੈਲਦਾਰ ਨੇ ਆਪਣੀ ਘੋੜੀ ਉਸ ਵੇਲੇ ਸਟੇਸ਼ਨ ਉੱਤੇ ਪੁਚਾਉਣ ਲਈ ਗੰਡੂ ਚੌਕੀਦਾਰ, ਗਵਾਹ ਨੰ: 119 ਨੂੰ ਆਖ ਰਖਿਆ ਸੀ। ਪਰ ਘੋੜੀ ਹਾਲੇ ਨਹੀਂ ਸੀ ਆਈ। ਬਾਬਾ-ਪੋਤਾ ਘੋੜੀ ਦੀ ਉਡੀਕ ਕਰਨ ਦੀ ਥਾਂ ਪੈਦਲ ਹੀ ਤੁਰ ਪਏ ਅਤੇ ਬਿਸਤਰਾ ਸਟੇਸ਼ਨ ਮਾਸਟਰ

ਦੇ ਹਵਾਲੇ ਕਰ ਦਿੱਤਾ, ਜਿਸ ਵਿਚ ਇਕ ਦੁਨਾਲੀ ਬੰਦੂਕ ਦੋ ਟੋਟੇ ਕਰਕੇ ਬੰਨ੍ਹੀ ਹੋਈ ਸੀ। ਉਹਨੂੰ ਕੀ ਪਤਾ ਸੀ ਕਿ ਰਾਹ ਵਿਚ ਹੋਣੀ ਉਡੀਕ ਰਹੀ ਹੈ। ਜ਼ੈਲਦਾਰ ਨੇ ਇਕ ਫੁੱਲਾਂ ਦਾ ਗਮਲਾ ਆਪ ਚੁਕ ਲਿਆ ਜਿਹੜਾ ਕਪੂਰਥਲਿਉਂ ਨਾਲ ਲਿਆਇਆ ਸੀ ਅਤੇ ਤਿੰਨ-ਫੁੱਟੀ ਕਿਰਪਾਨ ਪੋਤੇ ਨੂੰ ਫੜਾ ਦਿੱਤੀ। ਜ਼ੈਲਦਾਰ ਨੂੰ ਯਕੀਨ ਸੀ ਕਿ ਘੋੜੀ ਜ਼ਰੂਰ ਰਾਹ ਵਿਚ ਆਉਂਦੀ ਮਿਲ ਹੀ ਪੈਣੀ ਹੈ। ਪਿੰਡ ਦੇ ਬੰਦੇ ਦੋ ਕੁ ਸੌ ਕਰਮਾਂ ਅੱਗੇ ਜਾ ਚੁਕੇ ਸਨ। ਮੀਲ ਕੁ ਉੱਤੇ ਚੌਕੀਦਾਰ ਗੰਡੂ ਮਿਲ ਪਿਆ। ਜ਼ੈਲਦਾਰ ਆਪ ਘੋੜੀ ਉੱਤੇ ਚੜ੍ਹ ਬੈਠਾ ਅਤੇ ਗਮਲਾ ਅਗੇ ਸਜਾ ਲਿਆ। ਚੌਕੀਦਾਰ ਨੂੰ ਬਿਸਤਰਾ ਲਿਆਉਣ ਲਈ ਸਟੇਸ਼ਨ ਵੱਲ ਭੇਜ ਦਿੱਤਾ। ਰਾਹ ਵਿਚ ਇਕ ਮਧਰੇ ਜਿਹੇ ਕੱਦ ਦਾ ਬੰਦਾ ਸਾਹਮਣਿਉਂ ਆਇਆ। ਉਹਨੇ ਕਾਲੀ ਪੱਗ ਬੰਨ੍ਹੀ ਹੋਈ ਸੀ ਅਤੇ ਪਾਜਾਮਾ ਗੋਡਿਆਂ ਤੱਕ ਟੰਗਿਆ ਹੋਇਆ ਸੀ। ਉਹ ਫਤਿਹ ਬੁਲਾ ਕੇ ਘੋੜੀ ਦੇ ਕੋਲੋਂ ਦੀ ਲੰਘ ਗਿਆ। ਏਨੇਂ ਨੂੰ ਜ਼ੈਲਦਾਰ ਨੇ ਗੋਲੀ ਦਾ ਖੜਾਕ ਸੁਣਿਆ। ਫਾਇਰ ਖੁੰਝ ਚੁਕਿਆ ਸੀ। ਜ਼ੈਲਦਾਰ ਨੇ ਪਿਛਲੇ ਪਾਸੇ ਦੇਖ ਕੇ ਗਮਲਾ ਹਮਲਾਵਰ ਉੱਤੇ ਵਗਾਹ ਮਾਰਿਆ ਅਤੇ ਆਪ ਘੋੜੀ ਤੋਂ ਥੱਲੇ ਛਾਲ ਮਾਰ, ਸੋਟੀ ਲੈ ਕੇ ਹਮਲਾਵਰ ਉੱਤੇ ਟੁੱਟ ਪਿਆ। ਤਿੰਨ-ਚਾਰ ਸੋਟੀਆਂ ਜੜ ਵੀ ਦਿਤੀਆਂ। ਗਮਲਾ ਹਮਲਾਵਰ ਦੇ ਮੌਰਾਂ ਉੱਤੇ ਵਜਿਆ ਸੀ। ਉਹਨੇ ਇਕ ਹੋਰ ਫ਼ਾਇਰ ਕੀਤਾ ਜਿਹੜਾ ਜ਼ੈਲਦਾਰ ਦੀ ਛਾਤੀ ਵਿਚ ਜਾ ਲਗਿਆ ਅਤੇ ਉਹ ਢੇਰੀ ਹੋ ਗਿਆ। ਹਮਲਾਵਰ ਕਣਕਾਂ ਵਿਚ ਜਾ ਵੜਿਆ। ਜ਼ੈਲਦਾਰ ਦਾ ਰੌਲਾ ਅਤੇ ਗੋਲੀਆਂ ਦਾ ਖੜਾਕ ਸੁਣ ਕੇ ਅਗੇ ਜਾਂਦੇ ਪਿੰਡ ਦੇ ਬੰਦੇ ਅਤੇ ਗੰਡੂ ਚੌਕੀਦਾਰ ਜ਼ੈਲਦਾਰ ਵੱਲ ਭੱਜੇ ਆਏ। ਦੇਖਿਆ ਤਾਂ ਉਹ ਮਰਿਆ ਪਿਆ ਸੀ। ਉਹ ਸਾਰੇ ਉਹਨੂੰ ਮਰੇ ਪਏ ਨੂੰ ਉਥੇ ਛੱਡ ਕੇ ਪਿੰਡ ਨੂੰ ਚਲੇ ਗਏ। ਘੋੜੀ ਪਹਿਲਾਂ ਹੀ ਭਜ ਕੇ ਪਿੰਡ ਜਾ ਵੜੀ ਸੀ। ਪੋਤਾ ਗੋਲੀ ਦਾ ਖੜਾਕ ਸੁਣ ਕੇ ਪਹਿਲਾਂ ਹੀ ਪਿੰਡ ਵੱਲ ਭਜ ਗਿਆ ਸੀ। ਸਾਢੇ ਨੌਂ ਬਜੇ ਰਾਤ ਫਗਵਾੜੇ ਇਤਲਾਹ ਪੁੱਜੀ। ਥਾਣੇਦਾਰ ਦਿਲਾ ਰਾਮ, ਗਵਾਹ ਨੰ: 391 ਨੇ ਰਪੋਟ ਦਰਜ ਕੀਤੀ ਅਤੇ ਮੌਕੇ ਉੱਤੇ ਆ ਹਾਜ਼ਰ ਹੋਇਆ।

ਮਿੱਤਰੋ, ਇਹ ਸਾਰੀ ਗੱਲ ਜੱਜਮੈਂਟ ਦੇ ਸਫ਼ਾ 72 ਅਤੇ 73 ਉੱਤੇ ਦਰਜ ਹੈ। ਨਾਲ ਹੀ ਜੱਜ ਸਾਹਿਬ ਲਿਖਦੇ ਹਨ ਕਿ ਦੀਵਾਨ ਦੁਰਗਾ ਦਾਸ ਗਵਾਹ ਨੰ: 333 ਨੇ ਆਪਣੇ ਬਿਆਨ, ਜੋ ਪੇਪਰ-ਬੁੱਕ ਦੇ ਸਫ਼ਾ 641 ਉੱਤੇ ਦਰਜ ਹੈ, ਵਿਚ ਕਿਹਾ ਹੈ ਕਿ ਜ਼ੈਲਦਾਰ ਬਿਸ਼ਨ ਸਿੰਘ ਬੜਾ ਦਲੇਰ ਬੰਦਾ ਸੀ ਜੀਹਨੇ ਪਹਿਲਾਂ ਗਮਲਾ ਉਹਦੇ ਉੱਤੇ ਵਗਾਹ ਮਾਰਿਆ ਅਤੇ ਫੇਰ ਸੋਟੀ ਲੈ ਕੇ ਹਮਲਾ ਕੀਤਾ। ਬਾਕੀ ਗਵਾਹਾਂ ਤੋਂ ਵੀ ਪੁਲਸ ਨੇ ਜ਼ੈਲਦਾਰ ਦੀ ਬਹਾਦਰੀ ਦੀ ਤਾਰੀਫ਼ ਕਰਵਾਉਣ ਲਈ ਪੂਰਾ ਟਿੱਲ ਲਾਇਆ ਸੀ। ਜੱਜ ਸਾਹਿਬ ਇਹ ਵੀ ਨਾਲ ਹੀ ਦਰਜ ਕਰਦੇ ਹਨ ਕਿ ਕਿਸੇ ਵੀ ਗਵਾਹ ਨੇ ਗੋਲੀ ਚਲਦੀ ਨਹੀਂ ਦੇਖੀ ਅਤੇ ਨਾ ਹੀ ਕਿਸੇ ਨੇ ਹਮਲਾਵਰ ਨੂੰ ਹਮਲਾ ਕਰਦਿਆਂ ਦੇਖਿਆ। ਸਿਰਫ਼ ਏਨਾਂ ਸਾਰੇ ਕਹਿੰਦੇ ਹਨ ਕਿ ਹਮਲਾਵਰ ਮਧਰੇ ਜਿਹੇ ਕੱਦ ਦਾ, ਮਾੜਕੂ ਜਿਹਾ ਬੰਦਾ ਸਾਨੂੰ ਫਤਿਹ ਬੁਲਾ ਕੇ ਸਾਡੇ ਕੋਲ ਦੀ ਸਟੇਸ਼ਨ ਵੱਲ ਨੂੰ ਜ਼ਰੂਰ ਲੰਘਿਆ ਸੀ। ਕੋਈ ਵੀ ਗਵਾਹ ਅਦਾਲਤ ਵਿਚ ਸ਼ਨਾਖ਼ਤ ਨਹੀਂ ਕਰ ਸਕਿਆ ਅਤੇ ਨਾ ਹੀ ਪੋਤਾ।

ਜੱਜਮੈਂਟ ਦੇ ਸਫ਼ਾ 73 ਅਨੁਸਾਰ ਲੋਥ ਅਗਲੇ ਦਿਨ ਸਵੇਰੇ ਕਪੂਰਥਲੇ ਨੂੰ ਘੱਲ ਦਿੱਤੀ ਗਈ ਅਤੇ ਰਸਤੇ ਵਿਚ ਹੀ ਸਿਵਲ ਸਰਜਨ ਐਡਮਸਨ ਅਤੇ ਡਾਕਟਰ ਭੀਮ ਸੈਨ

ਮਿਲ ਪਏ। ਉਹਨਾਂ ਨੇ ਸੜਕ ਦੇ ਕੰਢੇ ਹੀ ਪੋਸਟ ਮਾਰਟਮ ਕਰਨਾ ਸ਼ੁਰੂ ਕਰ ਦਿੱਤਾ। ਡਾਕਟਰ ਐਡਮਸਨ ਰਿਆਸਤ ਕਪੂਰਥਲੇ ਦੀ ਨੌਕਰੀ ਪੂਰੀ ਕਰਨ ਪਿਛੋਂ ਵਲਾਇਤ ਜਾ ਚੁਕਿਆ ਸੀ ਅਤੇ ਡਾਕਟਰ ਭੀਮ ਸੈਨ ਹੀ ਗਵਾਹ ਨੰ: 2 ਵਜੋਂ ਪੇਸ਼ ਹੋ ਕੇ ਗਵਾਹੀ ਦੇ ਰਿਹਾ ਸੀ। ਡਾਕਟਰ ਦਸਦਾ ਹੈ ਕਿ ਜ਼ੈਲਦਾਰ ਦੇ ਸਿਰਫ਼ ਬੰਦੂਕ ਦੀ ਇਕ ਗੋਲੀ ਪਿਛਲੇ ਪਾਸਿਉਂ, ਸੱਜੇ ਮੌਰ ਦੇ ਥਲਿਉਂ, ਮੋਢੇ ਥਾਣੀ ਹੁੰਦੀ, ਸੱਜੇ ਫੇਫੜੇ ਦੇ ਵਿਚਕਾਰ ਦੀ ਲੰਘਦੀ ਖਬੇ ਪਾਸੇ ਦੀ ਨੌਵੀਂ ਪਸਲੀ ਵਿਚ ਜਾ ਅਟਕੀ। ਉਹ ਕੱਢ ਕੇ ਤੋਲੀ ਗਈ ਅਤੇ 160 ਗਰਾਮ ਦੀ ਹੋਈ।

ਇਹੋ ਸਰਕਾਰੀ ਗਵਾਹ ਨੰ: 2, ਕੈਪਟਨ ਭੀਮ ਸੈਨ ਮੈਡੀਕਲ ਆਫ਼ੀਸਰ ਕਪੂਰਥਲਾ, ਪੇਪਰ-ਬੁੱਕ ਦੇ ਸਫ਼ਾ 126 ਉੱਤੇ ਦਰਜ ਬਿਆਨ ਵਿਚ ਵਿਸਥਾਰ ਦਸਦਾ ਹੈ : "ਮੈਂ ਬਿਸ਼ਨ ਸਿੰਘ ਦੇ ਪੋਸਟ-ਮਾਰਟਮ ਵਿਚ 11 ਫ਼ਰਵਰੀ 1923 ਨੂੰ 12-30 ਬਜੇ ਦੁਪਹਿਰ ਚਹੇੜੂ ਰੇਲਵੇ ਸਟੇਸ਼ਨ ਲਾਗੇ ਹਿੱਸਾ ਲਿਆ ਸੀ। ਛਾਤੀ ਖ਼ੂਨ ਨਾਲ ਭਰੀ ਹੋਈ ਸੀ ਅਤੇ ਨਾਸਾਂ ਵਿਚੋਂ ਖ਼ੂਨ ਵਗ ਚੁਕਿਆ ਸੀ। ਜ਼ੈਲਦਾਰ ਕਾਫ਼ੀ ਜੁੱਸੇ ਵਾਲਾ ਸੀ ਅਤੇ ਲੋਥ ਹਾਲੇ ਤਕ ਖ਼ਰਾਬ ਨਹੀਂ ਸੀ ਹੋਈ। ਖਾਕੀ ਓਵਰਕੋਟ, ਵਾਸਕਟ ਅਤੇ ਕਮੀਜ਼, ਜਿਹੜੇ ਖ਼ੂਨ ਨਾਲ ਭਰੇ ਪਏ ਸਨ, ਵਿਚ ਮੋਢੇ ਥੱਲੇ ਪਿੱਠ ਪਿਛੇ ਉਸੇ ਗੋਲੀ ਦਾ ਨਿਸ਼ਾਨ ਸਾਫ਼ ਦਿਸ ਰਿਹਾ ਸੀ। ਕੋਟ ਉੱਤੇ ਝੁਲਸਣ ਦਾ ਕੋਈ ਨਿਸ਼ਾਨ ਨਹੀਂ ਸੀ। ਗੋਲੀ ਦੂਰੋਂ ਚਲਾਈ ਗਈ ਸੀ।" ਇਹ ਬਿਆਨ 30 ਨਵੰਬਰ 1924 ਨੂੰ ਕਲਮਬੰਦ ਕੀਤਾ ਗਿਆ ਸੀ। ਗਵਾਹ ਨੇ ਓਵਰਕੋਟ, ਵਾਸਕਟ ਅਤੇ ਪੋਸਟ-ਮਾਰਟਮ ਦੀ ਰਪੋਟ ਆਦਿ ਦੀ ਸ਼ਨਾਖ਼ਤ ਕਰ ਦਿੱਤੀ ਸੀ।

* * *

ਹੁਣ ਪੜ੍ਹੋ ਅਸਲ ਸਚਾਈ ਕਿ ਕਤਲ ਕਿਵੇਂ ਹੋਇਆ, ਜਿਹੜਾ ਬਾਬੂ ਸੰਤਾ ਸਿੰਘ ਨੇ ਜਿਹਲ ਵਿਚ, ਮੁਕੱਦਮਾ ਚਲਦੇ ਸਮੇਂ, ਆਪ ਦੱਸਿਆ ਸੀ :

"ਅਸੀਂ ਜੱਸੋਵਾਲ ਦੀਆਂ ਮੀਟਿੰਗਾਂ ਵਿਚ ਪਹਿਲੇ ਨੰਬਰ ਉੱਤੇ ਅਰਜਨ ਸਿੰਘ ਅਤੇ ਦੂਜੇ ਉੱਤੇ ਇਸੇ ਜ਼ੈਲਦਾਰ ਨੂੰ ਕਤਲ ਕਰਨ ਦਾ ਫ਼ੈਸਲਾ ਕਰ ਹੀ ਚੁੱਕੇ ਸੀ। ਅਰਜਨ ਸਿੰਘ ਨੂੰ ਬਾਵਜੂਦ ਦੋ ਵਾਰ ਜਤਨ ਕਰਨ ਦੇ ਵੀ ਅਸੀਂ ਅਸਫ਼ਲ ਰਹਿ ਚੁੱਕੇ ਸੀ, ਜਿਸ ਕਰਕੇ ਸ਼ਰਮਿੰਦਗੀ ਉਠਾਉਣੀ ਪਈ ਸੀ। ਇਸੇ ਕਰਕੇ ਬੂੜੇ ਬਾੜੀਆਂ ਵਿਚ ਮੈਂ ਅਤੇ ਧੰਨਾ ਸਿੰਘ ਬਹਿਬਲਪੁਰੀਏ ਨੇ ਪੱਕਾ ਫ਼ੈਸਲਾ ਕਰਕੇ ਹੀ ਰਾਣੀਥੂਹੇ ਦਾ ਰੁਖ ਕੀਤਾ ਸੀ...

"ਪਲਾਹੀ ਤੋਂ ਪ੍ਰਾਗਪੁਰ ਨੂੰ ਵਾਪਸੀ ਉੱਤੇ ਮੈਂ ਮਾਧੋਪੁਰ ਲੰਘ ਕੇ ਚਹੇੜੂ ਸਟੇਸ਼ਨ ਵੱਲ ਰੇਲ ਚੜ੍ਹਨ ਦੇ ਖ਼ਿਆਲ ਨਾਲ ਜਾ ਰਿਹਾ ਸੀ ਤਾਂ ਮੈਨੂੰ ਚਾਰ-ਪੰਜ ਬੰਦੇ ਟੱਕਰੇ। ਉਹਨਾਂ ਨੂੰ ਮੈਂ ਗੱਜ ਕੇ ਫ਼ਤਿਹ ਬੁਲਾਈ ਅਤੇ ਉਹਨਾਂ ਨੇ ਵੀ ਉਸੇ ਤਰ੍ਹਾਂ ਮੋੜਵਾਂ ਜਵਾਬ ਦਿਤਾ। ਥੋੜ੍ਹਾ ਹੀ ਅਗੇ ਵਧਿਆ ਤਾਂ ਰਾਣੀਥੂਹੇ ਵਾਲਾ ਜ਼ੈਲਦਾਰ ਆਉਂਦਾ ਨਜ਼ਰ ਪਿਆ, ਜੋ ਘੋੜੀ ਉੱਤੇ ਆਕੜਿਆ ਬੈਠਾ ਸੀ। ਮੈਂ ਤਿਆਰ-ਬਰ-ਤਿਆਰ ਹੋ ਗਿਆ। ਰੀਵਾਲਵਰ ਪਹਿਲਾਂ ਹੀ ਛੇਆਂ ਗੋਲੀਆਂ ਨਾਲ ਭਰਿਆ ਪਿਆ ਸੀ। ਮੈਂ ਸੋਚਿਆ, ਜੇ ਸਾਹਮਣਿਓਂ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਤਾਂ ਹੋ ਸਕਦਾ ਹੈ, ਵਾਰ ਖਾਲੀ ਹੀ ਚਲਿਆ ਜਾਵੇ। ਉਂਜ ਵੀ ਜ਼ੈਲਦਾਰ ਚੰਗੀ ਡੀਲ-ਡੋਲ ਵਾਲਾ ਲ ਗ ਰਿਹਾ ਸੀ। ਵਾਰ ਖਾਲੀ ਜਾਣ ਉੱਤੇ ਉਹ ਘੋੜੀ ਦੌੜਾ ਕੇ ਤੱਜ ਸਕਦਾ ਸੀ। ਸੋ

ਸਤਿ ਸ੍ਰੀ ਅਕਾਲ ਬੁਲਾ ਕੇ ਕੋਲੋਂ ਦੀ ਲੰਘ, ਮੈਂ ਪਿਛੇ ਦਾ ਨਿਸ਼ਾਨਾ ਲੈ ਕੇ ਰੱਬ ਦਾ ਨਾਂ ਧਿਆਇਆ ਅਤੇ ਗੋਲੀ ਛੱਡ ਦਿੱਤੀ। ਜ਼ੈਲਦਾਰ ਘੋੜੀ ਤੋਂ ਮੂੰਹ ਦੇ ਭਾਰ ਥਲੇ ਆ ਗਿਆ। ਇਕ ਗਮਲਾ ਅਤੇ ਸੋਟੀ ਵੀ ਉਹਦੇ ਨਾਲ ਹੀ ਥੱਲੇ ਡਿਗ ਪਏ। ਉਸ ਵੇਲੇ ਨੇੜੇ-ਤੇੜੇ ਦੂਰ ਤੱਕ ਕੋਈ ਬੰਦਾ ਨਹੀਂ ਸੀ। ਸਿਰਫ਼ ਇਕ ਨਿਆਣਾ ਜਿਹਾ ਮੁੰਡਾ ਘੋੜੀ ਦੇ ਅਗੇ-ਅਗੇ ਜਾ ਰਿਹਾ ਸੀ। ਜ਼ੈਲਦਾਰ ਦੇ ਥੱਲੇ ਡਿਗਦਿਆਂ ਹੀ ਉਹ ਪੱਤਰਾ ਵਾਚ ਗਿਆ। ਮੈਂ ਤਸੱਲੀ ਨਾਲ ਜ਼ੈਲਦਾਰ ਨੂੰ ਜਾ ਕੇ ਦੇਖਿਆ, ਜੋ ਮੂੰਹ ਭਾਰ ਪਿਆ ਸੀ। ਨਾਸਾਂ ਥਾਣੀਂ ਖ਼ੂਨ ਦੀ ਤਤੀਰੀ ਵਗ ਰਹੀ ਸੀ। ਮੈਂ ਪੈਰ ਨਾਲ ਮੂੰਹ ਹਿਲਾਇਆ ਅਤੇ ਅੰਦਾਜ਼ਾ ਲਾ ਲਿਆ ਕਿ ਦੂਜੀ ਗੋਲੀ ਜ਼ਾਇਆ ਕਰਨੀ ਫ਼ਜ਼ੂਲ ਹੈ। ਸੋ ਤਸੱਲੀ ਕਰਕੇ ਇਕ ਚੋਈ ਜਿਹੀ ਥਾਣੀਂ ਕਣਕਾਂ ਦੀ ਓਟ ਲੈ ਕੇ ਮੈਂ ਪੈਦਲ ਹੀ ਪ੍ਰਾਗਪੁਰ ਆ ਗਿਆ।

''ਜਿਹੜਾ ਛੋਕਰਾ ਘੋੜੀ ਦੇ ਅਗੇ-ਅਗੇ ਤਿੰਨ-ਫੁੱਟੀ ਕਿਰਪਾਨ ਫੜੀਂ ਚੱਲ ਰਿਹਾ ਸੀ, ਮੈਂ ਸਮਝ ਗਿਆ ਸੀ ਕਿ ਇਹ ਜ਼ੈਲਦਾਰ ਦਾ ਪੋਤਾ ਹੀ ਹੋ ਸਕਦਾ ਹੈ। ਉਹ ਰਿਸ਼ਟ-ਪੁਸ਼ਟ, ਸੋਹਣੇ ਕਪੜਿਆਂ ਵਿਚ ਸਜਿਆ, ਕਲਗੀ ਵਾਲੀ ਰਿਆਸਤੀ ਪੱਗ ਬੰਨ੍ਹੀਂ, ਪੈਰੀਂ ਬੂਟ ਸਜਾਈਂ, ਠੁਮਕ-ਠੁਮਕ ਤੁਰਿਆ ਆ ਰਿਹਾ ਸੀ। ਪਰ ਅਸੀਂ ਸੱਪਾਂ ਦੇ ਬੱਚਿਆਂ ਨੂੰ ਵੀ ਕਤਲ ਕਰਨਾ ਠੀਕ ਨਹੀਂ ਸੀ ਸਮਝਦੇ। ਵੈਸੇ ਵੀ ਉਹ ਡਰਦਾ ਭੱਜ ਗਿਆ ਸੀ।

''ਬਾਅਦ ਵਿਚ ਸਾਰੀ ਗੱਲ ਮੈਂ ਬਬਰ ਕਰਮ ਸਿੰਘ ਅਤੇ ਧੰਨਾ ਸਿੰਘ ਬਹਿਬਲਪੁਰੀਏ ਨੂੰ ਦੱਸ ਦਿੱਤੀ। ਬਾਕੀ ਪੁਲਸ ਦਾ ਇਹ ਸਾਬਤ ਕਰਨਾ ਕਿ ਜ਼ੈਲਦਾਰ ਨੇ ਪਹਿਲਾਂ ਗਮਲਾ ਵਗਾਹ ਮਾਰਿਆ ਅਤੇ ਸੋਟੀਆਂ ਮਾਰੀਆਂ, ਐਵੇਂ ਬਕਵਾਸ ਹੈ। ਸੋਟੀ ਤਾਂ ਅੱਧੀ ਉਹਦੇ ਥੱਲੇ ਆਈ ਪਈ ਸੀ ਅਤੇ ਗਮਲਾ ਉਹਦੇ ਮੂੰਹ ਸਾਹਮਣੇ ਪਿਆ ਸੀ, ਜਿਸ ਉੱਤੇ ਉਸ ਵੇਲੇ ਵੀ ਜ਼ੈਲਦਾਰ ਦਾ ਹੱਥ ਟਿਕਿਆ ਪਿਆ ਸੀ।''

ਨਕਸ਼ੇ ਉਤੇ ਵੀ ਹੂਬਹੂ ਇਸੇ ਤਰ੍ਹਾਂ ਦਰਜ ਸੀ ਕਿ ਸੋਟੀ ਅਤੇ ਗਮਲਾ ਬਿਲਕੁਲ ਜ਼ੈਲਦਾਰ ਦੇ ਨਾਲ ਹੀ ਡਿਗੇ ਪਏ ਸਨ। ਜਿਰਹਾ ਵਿਚ ਨਕਸ਼ਾ-ਨਵੀਸ ਤੋਂ ਵੀ ਇਹੋ ਗੱਲ ਬਿਲਕੁਲ ਸਪੱਸ਼ਟ ਕਰਾ ਕੇ ਸਿੱਧ ਕਰ ਦਿੱਤੀ ਗਈ ਸੀ ਕਿ ਜ਼ੈਲਦਾਰ ਨੂੰ ਹੀਰੋ ਬਣਾਉਣ ਦੀ ਪੁਲਸ ਦੀ ਕਾਰਵਾਈ ਅਲਫ਼-ਲੈਲਾ ਦੀ ਕਹਾਣੀ ਹੀ ਸੀ। ਮੁਕੱਦਮਾ ਚਲਦੇ ਸਮੇਂ ਵੀ ਭਾਈ ਕਿਸ਼ਨ ਸਿੰਘ ਨੇ ਮੀਰ ਫ਼ਜ਼ਲ ਇਮਾਮ ਤੋਂ ਪੁਛਿਆ ਸੀ ਕਿ ਤੁਹਾਨੂੰ ਇਹੋ ਜਿਹੀਆਂ ਮਨਘੜਤ ਕਹਾਣੀਆਂ ਘੜਨ ਦੀ ਕਿਉਂ ਲੋੜ ਪਈ, ਜਦੋਂ ਅਦਾਲਤ ਸਾਹਮਣੇ ਤੁਹਾਡੇ ਹੀ ਗਵਾਹਾਂ ਨੇ ਤੁਹਾਡੀ ਹੁਸ਼ਿਆਰੀ ਖੇਹ ਵਿਚ ਰਲਾ ਦਿੱਤੀ ਹੈ। ਮੀਰ ਸਾਹਿਬ ਨੇ ਹੱਸ ਕੇ ਕਿਹਾ ਸੀ, ''ਭਾਈ ਸਾਹਿਬ, ਜਦੋਂ ਰਿਆਸਤੀ ਅਹਿਲਕਾਰ ਇਸੇ ਗੱਲ ਨਾਲ ਖ਼ੁਸ਼ ਹੋ ਜਾਣ, ਤਾਂ ਸਾਡੇ ਪਲਿਉਂ ਕੀ ਜਾਂਦਾ ਹੈ? ਅਸੀਂ ਤਾਂ ਸਿਰਫ਼ ਇਹੋ ਸਾਬਤ ਕਰਨਾ ਹੈ ਕਿ ਇਹ ਕਤਲ ਬਬਰਾਂ ਨੇ ਹੀ ਕੀਤਾ ਸੀ। ਬਾਕੀ ਜੋ ਹੋ ਚੁਕਿਆ, ਸਭ ਠੀਕ ਸਮਝੋ।''

# 34. ਹਿਆਤਪੁਰ ਰੁੜਕੀ ਵਾਲੇ ਦੀਵਾਨ ਦਾ ਕਤਲ

ਜੱਜਮੈਂਟ ਦੇ ਸਫ਼ਾ 74 ਉੱਤੇ ਇਸ ਕਤਲ ਦਾ ਜ਼ਿਕਰ ਦੋਸ਼ ਨੰ: 9 ਅਧੀਨ ਆਉਂਦਾ ਹੈ ਜੋ 13-14 ਫ਼ਰਵਰੀ 1923 ਦੀ ਰਾਤ ਨੂੰ ਕੀਤਾ ਗਿਆ ਸੀ। ਇਸ ਵਿਚ ਹੇਠ-ਲਿਖੇ ਬੰਦਿਆਂ ਨੇ ਹਿੱਸਾ ਲਿਆ ਸੀ : ਵਾਇਦਾ-ਮੁਆਫ਼ ਆਸਾ ਸਿੰਘ, ਸੁੰਦਰ ਸਿੰਘ ਜੋ ਜਿਹਲ ਵਿਚ ਮੁਕੱਦਮਾ ਚਲਦੇ ਵਿਚ ਹੀ ਮਰ ਗਿਆ ਸੀ, ਸੁਰਜਨ ਸਿੰਘ, ਧਰਮ ਸਿੰਘ ਹਿਆਤਪੁਰ ਰੁੜਕੀ ਅਤੇ ਉਦੇ ਸਿੰਘ ਰਾਮਗੜ੍ਹ ਝੁਗੀਆਂ। ਜੱਜਮੈਂਟ ਦੇ ਸਫ਼ਾ 75 ਉੱਤੇ ਜੱਜ ਸਾਹਿਬ ਦਸਦੇ ਹਨ ਕਿ ਇਸ ਕਤਲ ਦਾ ਸਿਰਫ਼ ਇਕੋ-ਇਕ ਚਸ਼ਮ-ਦੀਦ ਗਵਾਹ ਆਸਾ ਸਿੰਘ ਵਾਇਦਾ-ਮੁਆਫ਼ ਹੀ ਹੈ ਜੋ ਦਸਦਾ ਹੈ ਕਿ ਜਦੋਂ ਬਬਰ ਕਰਮ ਸਿੰਘ ਅਤੇ ਰਾਮ ਸਿੰਘ ਵਾਇਦਾ-ਮੁਆਫ਼ ਨੰ: 13 ਪ੍ਰਤਾਪੇ ਗਵਾਹ ਨੰ: 113 ਤੋਂ 180 ਰੁਪਏ ਉਧਾਰੇ ਲੈ ਕੇ ਹਥਿਆਰ ਖ਼ਰੀਦਣ ਲਈ ਰਿਆਸਤ ਨਾਹਨ ਵੱਲ ਚਲੇ ਗਏ ਸਨ ਤਾਂ ਆਸਾ ਸਿੰਘ ਅਤੇ ਉਦੇ ਸਿੰਘ ਰਾਮਗੜ੍ਹ ਝੁਗੀਆਂ ਹਿਆਤਪੁਰ ਰੁੜਕੀ ਸੁੰਦਰ ਸਿੰਘ ਕੋਲ ਆ ਗਏ ਸਨ। ਉਥੇ ਹੀ ਸੁਰਜਨ ਸਿੰਘ ਅਤੇ ਧਰਮ ਸਿੰਘ ਵੀ ਆ ਗਏ ਤਾਂ ਉਦੇ ਸਿੰਘ ਨੇ ਇਸ਼ਾਰੇ ਨਾਲ ਸੁੰਦਰ ਸਿੰਘ ਤੋਂ ਪੁਛਿਆ ਕਿ ਕੀ ਕੰਮ ਤਿਆਰ ਹੈ ? ਤਾਂ ਸੁੰਦਰ ਸਿੰਘ ਨੇ ਹਾਂ ਵਿਚ ਸਿਰ ਹਿਲਾ ਦਿਤਾ। ਇਹਨਾਂ ਇਸ਼ਾਰਿਆਂ ਵਾਲੀਆਂ ਗੱਲਾਂ ਦਾ ਜਦੋਂ ਆਸਾ ਸਿੰਘ ਨੇ ਸਪੱਸ਼ਟੀਕਰਨ ਮੰਗਿਆ ਤਾਂ ਉਦੇ ਸਿੰਘ ਨੇ ਦੱਸਿਆ ਕਿ ਇਥੇ ਇਕ ਬੜਾ ਖ਼ਤਰਨਾਕ ਮੁਖ਼ਬਰ ਦੀਵਾਨ ਹੈ, ਜਿਹੜਾ ਸਮੁੰਦੜੇ ਵਾਲੇ ਮੁਖ਼ਬਰ ਸਰਧੇ ਨਾਲ ਰਲ ਕੇ ਮੁਖਬਰੀਆਂ ਕਰਦਾ ਰਹਿੰਦਾ ਹੈ। ਸਾਡਾ ਇਹ ਅੱਡਾ ਖ਼ਤਰੇ ਤੋਂ ਖ਼ਾਲੀ ਨਹੀਂ। ਇਹ ਦੋਵੇਂ ਇਲਾਕੇ ਦੇ ਅਕਾਲੀਆਂ ਦੀਆਂ ਸਰਗਰਮੀਆਂ ਦੀਆਂ ਰਪੋਟਾਂ ਗੜ੍ਹਸ਼ੰਕਰ ਦੇ ਥਾਣੇ ਪੁਚਾਉਂਦੇ ਰਹਿੰਦੇ ਹਨ ਅਤੇ ਬਛੌੜੀ ਵਾਲੇ ਲੰਬੜਦਾਰ ਤੋਂ ਮਾਮਲਾ ਖੋਹਣ ਦੀ ਘਟਨਾ ਵਿਚ ਵੀ ਇਹ ਦੋਵੇਂ ਦੂਜੇ ਪਾਸੇ ਸ਼ਾਮਲ ਸਨ। (ਬਾਅਦ ਵਿਚ ਇਹੋ ਸਰਧਾ ਪੁਲਸ ਦਾ ਗਵਾਹ ਨੰ: 135 ਬਣ ਕੇ ਭੁਗਤਿਆ ਸੀ ਅਤੇ ਤਾਈਦ ਕੀਤੀ ਸੀ ਕਿ ਉਹ ਅਤੇ ਦੀਵਾਨ ਇਕੱਠੇ ਅਕਾਲੀਆਂ ਦੇ ਬਰਖ਼ਿਲਾਫ਼ ਮੁਖਬਰੀਆਂ ਕਰਿਆ ਕਰਦੇ ਸੀ।)

ਆਸਾ ਸਿੰਘ ਨੇ ਇਤਰਾਜ਼ ਕੀਤਾ ਕਿ "ਅਸੀਂ ਦੂਜੇ-ਤੀਜੇ ਦਿਨ ਇਧਰ ਤੁਰੇ ਹੀ ਰਹਿੰਦੇ ਹਾਂ। ਅੱਜ ਤੱਕ ਤਾਂ ਅਸੀਂ ਕਿਸੇ ਵੀ ਬੰਦੇ ਬਾਬਤ ਮੁਖ਼ਬਰੀ ਵਾਲੀ ਗੱਲ

ਨਹੀਂ ਸੁਣੀ।" ਸੁਰਜਨ ਸਿੰਘ ਅਤੇ ਧਰਮ ਸਿੰਘ ਨੇ ਆਖਿਆ, "ਇਹ ਪੁਲਸ ਦਾ ਪੱਕਾ ਮੁਖ਼ਬਰ ਹੈ। ਅਸੀਂ ਬਬਰ ਕਰਮ ਸਿੰਘ ਅਤੇ ਉਦੇ ਸਿੰਘ ਨੂੰ ਸਾਰੀ ਗੱਲ ਦੱਸ ਚੁੱਕੇ ਹਾਂ। ਤੁਹਾਡੇ ਨਾਲ ਹਾਲੇ ਤੱਕ ਕੋਈ ਗੱਲ ਨਹੀਂ ਹੋਈ। ਜੇ ਤੁਸੀਂ ਸਾਡਾ ਯਕੀਨ ਨਾ ਕੀਤਾ ਤਾਂ ਕਿਸੇ ਨਾ ਕਿਸੇ ਵੇਲੇ ਉਹ ਤੁਹਾਨੂੰ ਜ਼ਰੂਰ ਫੜਾ ਦੇਵੇਗਾ ਅਤੇ ਅਸੀਂ ਖਾਹਮੁਖਾਹ ਹੀ ਬਦਨਾਮ ਹੋ ਜਾਵਾਂਗੇ ਕਿ ਬਬਰ ਸਾਡੇ ਘਰੋਂ ਫੜੇ ਗਏ ਹਨ।"

ਉਸੇ ਹੀ ਵੇਲੇ ਦੀਵਾਨ ਦੇ ਸੁਧਾਰ ਦਾ ਫ਼ੈਸਲਾ ਹੋ ਗਿਆ। ਉਹਨੂੰ ਪਿੰਡੋਂ ਬਾਹਰ ਲਿਜਾ ਕੇ ਕਤਲ ਕਰਨ ਦੀ ਸਕੀਮ ਵੀ ਤਿਆਰ ਕਰ ਲਈ ਗਈ। ਦੀਵਾਨ ਇਕ ਸ਼ਰਾਬੀ-ਕਬਾਬੀ ਬਦਮਾਸ਼ ਸੀ ਅਤੇ ਪੁਲਸ ਨਾਲ ਹਰ ਵੇਲੇ ਜੁੜਿਆ ਰਹਿੰਦਾ ਸੀ। ਉਸ ਦਿਨ ਦਿੱਤੂ ਦੀ ਲੜਕੀ ਦੀ ਸ਼ਾਦੀ ਸੀ ਅਤੇ ਮਜ਼ਾਰੀ ਤੋਂ ਬਰਾਤ ਆਈ ਹੋਈ ਸੀ। ਵਿਆਹ 13 ਫ਼ਰਵਰੀ 1923 ਦਾ ਸੀ। ਬਰਾਤੀਆਂ ਵਿਚੋਂ ਇਕ ਦੇ ਗਲ ਵਿਚ ਸੋਨੇ ਦਾ ਕੈਂਠਾ ਸੀ ਅਤੇ ਉਸ ਵੇਲੇ ਉਹ ਸ਼ਰਾਬ ਵਿਚ ਧੁੱਤ ਹੋਇਆ ਪਿਆ ਸੀ। ਦੀਵਾਨ ਵੀ ਬਰਾਤ ਦੀ ਸੇਵਾ ਵਿਚ ਲਗਿਆ ਹੋਇਆ ਸੀ। ਸੁੰਦਰ ਸਿੰਘ ਵੀ ਉਥੇ ਹੀ ਚਲਿਆ ਗਿਆ ਅਤੇ ਦੀਵਾਨ ਨੂੰ ਆਖਿਆ, "ਆਹ ਬਰਾਤੀ ਤਾਂ ਸ਼ਰਾਬ ਨਾਲ ਅੰਨ੍ਹਾ ਹੋਇਆ ਪਿਆ ਹੈ, ਆਪਾ ਕਿਉਂ ਨਾ ਇਹਦਾ ਸੁੱਤੇ ਪਏ ਦਾ ਕੈਂਠਾ ਲਾਹ ਲਈਏ ? ਇਹਨੂੰ ਕਿਹੜਾ ਪਤਾ ਲੱਗਣ ਲਗਿਆ ਹੈ। ਬਾਕੀ ਬਰਾਤੀ ਵੀ ਸ਼ਰਾਬੀ ਹੀ ਹਨ। ਸੁੱਤਿਆਂ ਨੂੰ ਕਿਹੜਾ ਜਾਗ ਆਉਣ ਲੱਗੀ ਹੈ।" ਦੀਵਾਨ ਤਾਂ ਪਹਿਲਾਂ ਹੀ ਇਹੋ ਜਿਹੇ ਕੰਮਾਂ ਦਾ ਮਾਹਿਰ ਸੀ। ਫਟਾ-ਫਟ ਰਜ਼ਾਮੰਦ ਹੋ ਗਿਆ। ਸਕੀਮ ਤਿਆਰ ਕਰ ਲਈ ਗਈ ਕਿ ਜਿਸ ਵੇਲੇ ਮੇਲੀ ਅਤੇ ਪਿੰਡ ਵਾਲੇ ਰੋਟੀ-ਟੁੱਕ ਖਾ ਕੇ ਆਪਣੇ-ਆਪਣੇ ਘਰੀਂ ਚਲੇ ਜਾਣ, ਤਾਂ ਤੂੰ ਫੁਲਾਣੀ ਜਗਾਹ ਪੁੱਜ ਜਾਈਂ ਅਤੇ ਉਥੋਂ ਆ ਕੇ ਕੰਮ ਨਜਿੱਠ ਲਵਾਂਗੇ। ਅੱਧੋ-ਅੱਧ ਦਾ ਹਿੱਸਾ ਤੈਅ ਹੋ ਗਿਆ। ਸੁੰਦਰ ਸਿੰਘ ਨੇ ਇਹ ਜ਼ਿੰਮੇਵਾਰੀ ਲੈ ਲਈ ਕਿ ਦੇਖੇ, ਇਹ ਬਰਾਤੀ ਕਿਥੇ ਸੁੱਤਾ ਪਿਆ ਹੈ। ਦੀਵਾਨ ਨਾਲ ਪੱਕ ਪਕਾ ਕੇ ਸੁੰਦਰ ਸਿੰਘ ਮੁੜ ਹਵੇਲੀ ਆ ਗਿਆ।

ਮਗਰੋਂ ਉਦੇ ਸਿੰਘ ਰਾਮਗੜ੍ਹ ਝੁੱਗੀਆ, ਆਸਾ ਸਿੰਘ ਵਾਇਦਾ-ਮੁਆਫ਼, ਸੁਰਜਨ ਸਿੰਘ, ਧਰਮ ਸਿੰਘ ਅਤੇ ਸੁੰਦਰ ਸਿੰਘ ਮਿਥੀ ਜਗਾਹ ਉੱਤੇ ਜਾ ਪੁੱਜੇ ਅਤੇ ਦੀਵਾਨ ਵੀ ਖੇਸੀ ਦੀ ਬੁਕਲ ਮਾਰ ਕੇ ਆ ਪੁਜਿਆ। ਆਉਂਦੇ ਨੂੰ ਹੀ ਉਹਨੂੰ ਉਦੇ ਸਿੰਘ ਨੇ ਬੰਦੂਕ ਨਾਲ ਖ਼ਤਮ ਕਰ ਦਿੱਤਾ। ਰਹਿੰਦੀ ਕਸਰ ਆਸਾ ਸਿੰਘ ਨੇ ਕਿਰਪਾਨ ਨਾਲ ਪੂਰੀ ਕਰ ਦਿੱਤੀ। ਉਦੇ ਸਿੰਘ ਅਤੇ ਆਸਾ ਸਿੰਘ ਤੁਰਦੇ ਹੋਏ। ਮਗਰੋਂ ਬਾਕੀ ਤਿੰਨਾਂ ਨੇ ਦੀਵਾਨ ਦੀ ਲੋਥ ਉਹਦੀ ਹੀ ਖੇਸੀ ਵਿਚ ਬੰਨ੍ਹ ਕੇ ਆਪਣੀ ਹਵੇਲੀ ਲਿਜਾ ਕੇ ਇਕ ਟੋਏ ਵਿਚ ਸੁਟ ਉਹਨੂੰ ਮਿੱਟੀ ਨਾਲ ਭਰ ਦਿੱਤਾ ਅਤੇ ਉੱਤੇ ਪਸ਼ੂਆਂ ਦੀਆਂ ਖੁਰਲੀਆਂ ਰੱਖ ਕੇ ਪਸ਼ੂ ਬੰਨ੍ਹ ਦਿੱਤੇ। ਮੁੜ ਦੀਵਾਨ ਦੀ ਕੋਈ ਉਘ-ਸੁੱਘ ਨਾ ਨਿਕਲੀ।

ਫੇਰ ਇਹੋ ਆਸਾ ਸਿੰਘ, ਜਿਹੜਾ ਕਿਸੇ ਵੇਲੇ ਸਟੇਜਾਂ ਉੱਤੇ ਖੜੋ-ਖੜੋ ਫਿੱਟੇ ਹੋਏ ਸੰਢੇ ਵਾਂਗੂ ਖੌਰੂ ਪਾਉਂਦਾ ਹੁੰਦਾ ਸੀ, ਗਊ ਦਾ ਜਾਇਆ ਬਣ ਕੇ ਇਸ ਤਰ੍ਹਾਂ ਮੋਕ ਮਾਰਨ ਲਗ ਪਿਆ ਕਿ ਆਪਣਾ ਆਪ ਤਾਂ ਇਕ ਪਾਸੇ, ਸਾਰਾ ਦੁਆਬਾ ਹੀ ਲਬੇੜ ਛਡਿਆ ਸੀ। ਉਹਨੇ ਇਸ ਕਤਲ ਦੀ ਜਾਣਕਾਰੀ ਵੀ ਦੇ ਦਿੱਤੀ। ਪਰ ਉਹਨੂੰ ਅਖ਼ੀਰ ਤੱਕ ਇਸ ਗੱਲ ਦਾ ਪਤਾ ਨਹੀਂ ਸੀ ਲਗਿਆ ਕਿ ਲੋਥ ਕਿਥੇ ਦੱਬੀ ਪਈ ਹੈ। ਬਾਕੀ

ਸਾਰੀ ਕਾਰਵਾਈ ਕਿ ਇਹ ਲੋਥ ਕਿਵੇਂ ਲੱਭੀ ਗਈ, ਬਾਅਦ ਵਿਚ ਦਰਜ ਕਰਾਂਗਾ ਜਦੋਂ ਆਸਾ ਸਿੰਘ ਦਾ ਬਿਆਨ ਇਥੇ ਪੁੱਜੇਗਾ। ਪਰ ਇਹ ਗੱਲ ਵੀ ਪੱਕੀ ਹੈ ਕਿ ਜੇ ਹਿਆਤਪੁਰੀਏ ਸੁਰਜਨ ਸਿੰਘ ਅਤੇ ਸੁੰਦਰ ਸਿੰਘ ਆਪਣੇ ਪੈਰੀਂ ਆਪ ਕੁਹਾੜਾ ਨਾ ਮਾਰਦੇ, ਤਾਂ ਇਹ ਲੋਥ ਸਦੀਆਂ ਤੱਕ ਬਬਰਾਂ ਦੀ ਜਿਹਲ ਵਿਚ ਹੀ ਦੱਬੀ ਰਹਿਣੀ ਸੀ, ਜੀਹਦਾ ਜ਼ਿਕਰ ਵਾਰ-ਵਾਰ ਬਬਰਾਂ ਦੇ ਇਸ਼ਤਿਹਾਰਾਂ ਵਿਚ ਛਪ ਰਿਹਾ ਸੀ ਕਿ ਐਸ ਵੇਲੇ ਇਕ ਉਮਰ ਕੈਦੀ ਸਾਡੀ ਜਿਹਲ ਵਿਚ ਉਮਰ ਕੈਦ ਭੁਗਤ ਰਿਹਾ ਹੈ। ਸੁੰਦਰ ਸਿੰਘ ਤੇ ਧਰਮ ਸਿੰਘ ਸਕੇ ਭਰਾ ਸਨ ਅਤੇ ਸੁਰਜਨ ਸਿੰਘ ਇਹਨਾਂ ਦਾ ਚਾਚਾ ਸੀ। ਸੁੰਦਰ ਸਿੰਘ ਉਸ ਵੇਲੇ ਹੀ ਜਿਹਲ ਅੰਦਰ ਚਲਾਣਾ ਕਰ ਗਿਆ ਸੀ ਜਿਸ ਵੇਲੇ ਸਾਡਾ ਮੁਕੱਦਮਾ ਹਾਲੇ ਮੈਜਿਸਟਰੇਟ ਦੀ ਅਦਾਲਤ ਵਿਚ ਹੀ ਸੀ।

# 35. ਰੇਲਵੇ ਸਟੇਸ਼ਨ ਜਮਸ਼ੇਰ ਦੀ ਲੁੱਟ-ਖੋਹ

ਇਹ ਘਟਨਾ 3-4 ਮਾਰਚ 1923 ਦੀ ਰਾਤ ਨੂੰ ਹੋਈ ਸੀ ਅਤੇ ਦੋਸ਼ ਨੰ: 10 ਵਜੋਂ ਜੱਜਮੈਂਟ ਦੇ ਸਫ਼ਾ 77 ਉੱਤੇ ਦਰਜ ਹੈ। 'ਇਸ ਘਟਨਾ ਵਿਚ ਚਾਰ ਬੰਦੇ ਸ਼ਾਮਲ ਸਨ : ਸਾਧੂ ਸਿੰਘ ਵਾਇਦਾ-ਮੁਆਫ਼, ਬੰਤਾ ਸਿੰਘ ਪ੍ਰਾਗਪੁਰ, ਬਾਬੂ ਸੰਤਾ ਸਿੰਘ ਅਤੇ ਬੰਤਾ ਸਿੰਘ ਧਾਮੀਆਂ। ਪੇਪਰ-ਬੁੱਕ ਦੇ ਸਫ਼ਾ 128 ਉੱਤੇ ਸਾਧੂ ਸਿੰਘ ਬਿਆਨ ਕਰਦਾ ਹੈ ਕਿ "ਮੈਨੂੰ ਬਾਬੂ ਸੰਤਾ ਸਿੰਘ ਨੇ ਰੇਲਵੇ ਸਟੇਸ਼ਨ ਜਮਸ਼ੇਰ ਨੂੰ ਲੁੱਟਣ ਲਈਂ ਤਿਆਰ ਕਰ ਲਿਆ। ਉਸ ਵੇਲੇ ਬੰਤਾ ਸਿੰਘ ਧਾਮੀਆਂ ਉਹਦੇ ਨਾਲ ਸੀ।

"ਮੈਂ ਆਪਣੇ ਪਿੰਡ ਦੇ ਬੰਤਾ ਸਿੰਘ ਪ੍ਰਾਗਪੁਰ ਨੂੰ ਕਿਹਾ ਕਿ ਚੱਲ ਅੱਜ ਤੈਨੂੰ ਖੁਸਰੋਪੁਰ ਲਾਗੇ ਤਮਾਸ਼ਾ ਦਿਖਾ ਲਿਆਵਾਂ, ਜੋ ਮੀਲ ਕੁ ਫ਼ਾਸਲੇ ਉੱਤੇ ਹੀ ਸੀ। ਅਸੀਂ ਖੁਸਰੋਪੁਰ ਦੇ ਭੱਠੇ ਉੱਤੇ ਜਾ ਪੁੱਜੇ। ਇਹ 3 ਮਾਰਚ 1923 ਦੀ ਰਾਤ ਸੀ। ਉਥੇ ਬਾਬੂ ਸੰਤਾ ਸਿੰਘ ਅਤੇ ਬੰਤਾ ਸਿੰਘ ਧਾਮੀਆਂ ਪਹਿਲਾਂ ਹੀ ਮੌਜੂਦ ਸਨ। ਬੰਤਾ ਸਿੰਘ ਨੇ ਮੈਨੂੰ ਪੁਛਿਆ ਕਿ ਤਮਾਸ਼ਾ ਕਿਥੇ ਹੈ। ਬਾਬੂ ਸੰਤਾ ਸਿੰਘ ਨੇ ਆਖਿਆ, ਚੱਲ ਤੈਨੂੰ ਬਹੁਤ ਵਧੀਆ ਤਮਾਸ਼ਾ ਦਿਖਾਉਂਦੇ ਹਾਂ। ਅਸੀਂ ਚਾਰੇ ਜਮਸ਼ੇਰ ਦੇ ਰੇਲਵੇ ਸਟੇਸ਼ਨ ਉੱਤੇ ਜਾ ਪੁੱਜੇ ਅਤੇ ਬੁਕਿੰਗ ਆਫ਼ਿਸ ਵਿਚ ਸੁੱਤੇ ਹੋਏ ਚੌਕੀਦਾਰ ਰੁਲੀਏ, ਗਵਾਹ ਨੰ: 144 ਨੂੰ ਜਾ ਜਗਾਇਆ। ਬਾਬੂ ਸੰਤਾ ਸਿੰਘ ਨੇ ਉਹਦੇ ਵੱਲ ਪਸਤੌਲ ਕਰਦਿਆਂ ਆਖਿਆ, ਚੁਪ-ਚੁਪੀਤਾ ਦਰਵਾਜ਼ਾ ਖੋਲ੍ਹ ਦੇ, ਨਹੀਂ ਤਾਂ ਗੋਲੀ ਆਈ ਕਿ ਆਈ। ਉਹਨੇ ਡਰਦੇ ਨੇ ਬੁਕਿੰਗ ਆਫ਼ਿਸ ਦਾ ਦਰਵਾਜ਼ਾ ਖੋਲ੍ਹ ਦਿੱਤਾ। ਟਿਕਟਾਂ ਵਾਲੀ ਅਲਮਾਰੀ ਖੋਲ੍ਹ ਕੇ ਜਿੰਨੀ ਰਕਮ ਹੱਥ ਲਗੀ, ਬਾਬੂ ਜੀ ਨੇ ਸੰਭਾਲ ਲਈ।

"ਮੁੜ ਚੌਕੀਦਾਰ ਨੂੰ ਨਾਲ ਲੈ ਕੇ ਉਹਦੀ ਸਹਾਇਤਾ ਨਾਲ ਸਟੇਸ਼ਨ ਮਾਸਟਰ ਚਾਨਣ ਰਾਮ ਦਾ ਕੁਆਟਰ ਜਾ ਖੁਲ੍ਹਵਾਇਆ, ਜੋ ਗਵਾਹ ਨੰ: 143 ਬਣਿਆ। ਉਹਦੇ ਘਰੋਂ ਨਕਦੀ, ਗਹਿਣਾ, ਕਪੜਾ, ਜੋ ਮਤਲਬ ਦੀ ਚੀਜ਼ ਹੱਥ ਲਗੀ, ਲੈ ਕੇ ਨਾਲ ਲਗਦਾ ਗੈਂਗਮੈਨ ਸੰਪੂਰਨ ਸਿੰਘ ਗਵਾਹ ਨੰ: 146 ਦਾ ਦਰਵਾਜ਼ਾ ਵੀ ਖੁਲ੍ਹਵਾ ਲਿਆ। ਉਹਦੇ ਘਰੋਂ ਜੋ ਮਾਲ ਹੱਥ ਲਗਿਆ, ਉਹ ਵੀ ਸਾਂਭ ਲਿਆ। ਸਾਰਿਆਂ ਨੂੰ ਨਾਲ ਲੈ ਕੇ ਮੁੜ ਬੁਕਿੰਗ ਆਫ਼ਿਸ ਵਿਚ ਆ ਕੇ ਕੈਸ਼ ਵਾਲੀ ਪੇਟੀ ਵੀ ਸਟੇਸ਼ਨ ਮਾਸਟਰ ਤੋਂ ਖੁਲ੍ਹਵਾ ਲਈ, ਜਿਸ ਵਿਚ ਸਿਰਫ਼ 30 ਰੁਪਏ ਹੀ ਮਿਲੇ। ਸਟੇਸ਼ਨ ਮਾਸਟਰ ਤੋਂ ਰੇਲ ਦੇ ਅੰਮ੍ਰਿਤਸਰ ਦੇ ਪੰਜ ਟਿਕਟ ਵੀ 4 ਮਾਰਚ 1923 ਦੀ ਤਾਰੀਖ਼ ਪਵਾ ਕੇ ਕਟਵਾ ਲਏ। ਇਹ ਪੁਲਸ ਨੂੰ ਧੋਖੇ ਵਿਚ ਰੱਖਣ ਲਈ ਹੀ ਕਟਵਾਏ ਗਏ ਸਨ। ਸਭ ਰਕਮ

ਅਤੇ ਗਹਿਣੇ ਬਾਬੂ ਸੰਤਾ ਸਿੰਘ ਨੇ ਜਥੇ ਲਈ ਹਥਿਆਰ ਖਰੀਦਣ ਵਾਸਤੇ ਆਪਣੇ ਕੋਲ ਰੱਖ ਲਏ ਅਤੇ ਅਸੀਂ ਵਾਪਸ ਪਿੰਡ ਮੁੜ ਆਏ ।''

ਉਸੇ ਦਿਨ ਸਦਰ ਜਲੰਧਰ ਦਾ ਥਾਣੇਦਾਰ ਜ਼ੈਨੁਲ ਆਬ ਦੀਨ, ਗਵਾਹ ਨੰ: 160, ਕਿਸੇ ਤਫ਼ਤੀਸ਼ ਦੇ ਸਿਲਸਿਲੇ ਵਿਚ ਜਮਸ਼ੇਰ ਆਇਆ ਹੋਇਆ ਸੀ ਅਤੇ ਰਾਤ ਜਮਸ਼ੇਰ ਹੀ ਜ਼ੈਲਦਾਰ ਜੈਮਲ ਸਿੰਘ ਦੀ ਬੈਠਕ ਵਿਚ ਠਹਿਰਿਆ ਹੋਇਆ ਸੀ । ਇਸ ਗੱਲ ਦਾ ਪਤਾ ਸਟੇਸਨ ਮਾਸਟਰ ਨੂੰ ਵੀ ਸੀ । ਸਟੇਸ਼ਨ ਮਾਸਟਰ ਨੇ ਸਾਰੀ ਘਟਨਾ ਦੀ ਰਪੋਟ ਲਿਖ ਕੇ ਉਸੇ ਵੇਲੇ ਚੌਕੀਦਾਰ ਹੱਥੀਂ ਥਾਣੇਦਾਰ ਨੂੰ ਪੁਚਾ ਦਿੱਤੀ । ਇਕ ਤਾਰ ਉਸੇ ਵੇਲੇ ਲੋਹੀਆਂ ਦੇ ਰੇਲਵੇ ਸਟੇਸ਼ਨ ਦੇ ਥਾਣੇਦਾਰ ਨੂੰ ਪੂਰੀ ਘਟਨਾ ਦੀ ਦੇ ਦਿੱਤੀ ਗਈ । ਤੇ ਉਸੇ ਵੇਲੇ ਹੀ ਇਸ ਘਟਨਾ ਦੀ ਤਾਰ ਡੀ ਟੀ ਐਸ, ਫ਼ੀਰੋਜ਼ਪੁਰ ਨੂੰ ਘੱਲ ਦਿੱਤੀ ਗਈ । ਗਵਾਹਾਂ ਨੂੰ ਸਾਡੇ ਕੇਸ ਵਿਚ ਪੇਸ਼ ਕਰਕੇ ਇਹ ਸਾਬਤ ਕਰਨ ਲਈ ਪੂਰਾ ਜ਼ੋਰ ਲਾ ਦਿੱਤਾ ਗਿਆ ਕਿ ਇਹ ਗਰੋਹ ਡਕੈਤਾਂ, ਲੁਟੇਰਿਆ ਅਤੇ ਦਸ-ਨੰਬਰੀਏ ਬਦਮਾਸ਼ਾਂ ਦਾ ਸੀ, ਜਿਹੜਾ ਉਸ ਵੇਲੇ ਦੁਆਬੇ ਵਿਚ ਆਮ ਡਕੈਤੀਆਂ ਦੀਆਂ ਲਗਾਤਾਰ ਵਾਰਦਾਤਾਂ ਕਰ ਰਿਹਾ ਸੀ ।

ਸਟੇਸ਼ਨ ਮਾਸਟਰ ਨੇ ਇਹ ਵੀ ਦਸਿਆ ਸੀ ਕਿ ਚਾਰੇ ਡਕੈਤ ਸਾਨੂੰ ਕਮਰਿਆਂ ਵਿਚ ਬੰਦ ਕਰਕੇ ਬਾਹਰੋਂ ਕੁੰਡੇ ਲਾ ਚਲੇ ਗਏ ਸਨ ਅਤੇ ਆਖ ਗਏ ਸਨ ਕਿ ''ਅਸੀਂ ਬਬਰ ਹਾਂ ਅਤੇ ਸਰਕਾਰੀ ਖ਼ਜ਼ਾਨਾ ਲੁੱਟਣ ਦੇ ਖ਼ਿਆਲ ਨਾਲ ਹੀ ਆਏ ਸੀ, ਪਰ ਨਿਰਾਸ਼ ਹੋ ਵਾਪਸ ਮੁੜਨਾ ਪਿਆ ਹੈ । ਜੇ ਤੁਸੀਂ ਰੌਲਾ-ਰੱਪਾ ਕੀਤਾ ਤਾਂ ਤੁਹਾਡਾ ਸੁਧਾਰ ਵੀ ਕੀਤਾ ਜਾ ਸਕਦਾ ਹੈ । ਵੈਸੇ ਅਸੀਂ ਸਿਰਫ਼ ਝੋਲੀ-ਚੁੱਕਾਂ ਦਾ ਹੀ ਸੁਧਾਰ ਕਰਦੇ ਹਾਂ । ਇਸੇ ਕਰਕੇ ਤੁਹਾਨੂੰ ਛੱਡ ਚੱਲੇ ਹਾਂ । ਪਰ ਹੋਰ ਗਵਾਹਾਂ ਨੇ ਇਹੋ ਬਿਆਨ ਦਿੱਤੇ ਸਨ ਕਿ ਇਹ ਡਕੈਤ ਸਨ ।

# 36. ਭਾਈ ਕਿਸ਼ਨ ਸਿੰਘ ਦੀਆਂ ਜਨਵਰੀ 1923 ਦੀਆਂ ਕੁਝ ਸਰਗਰਮੀਆਂ

ਦੋਵਾਂ ਹਮਲਿਆਂ ਵਿਚੋਂ ਅਰਜਨ ਸਿੰਘ ਪਟਵਾਰੀ ਦੇ ਸਾਫ ਬਚ ਨਿਕਲਣ ਬਾਬਤ ਸਾਰੀ ਜਾਣਕਾਰੀ ਬੂਟਾ ਸਿੰਘ ਪੰਡੋਰੀ ਨਿੱਝਰਾਂ ਨੇ ਭਾਈ ਸਾਹਿਬ ਨੂੰ ਜਾ ਦਿਤੀ ਸੀ। ਭਾਈ ਕਿਸ਼ਨ ਸਿੰਘ ਜੀ ਬੂਟਾ ਸਿੰਘ ਨੂੰ ਨਾਲ ਲੈ ਕੇ ਭਾਈ ਬਸੰਤ ਸਿੰਘ ਰੰਧਾਵਾ ਮਸੰਦਾ ਨੂੰ ਆ ਮਿਲੇ। ਇਥੇ ਹੀ ਸੰਤ ਕਰਤਾਰ ਸਿੰਘ ਵਾਇਦਾ-ਮੁਆਫ਼ ਵੀ ਇਹਨਾਂ ਨੂੰ ਮਿਲ ਪਿਆ। ਇਹ ਸਾਰੇ ਪ੍ਰਾਗਪੁਰ ਵੱਲ ਆ ਗਏ। ਸ਼ਹਿਰ ਜਲੰਧਰ ਲਾਗੇ ਪੁੱਜ ਕੇ ਸੰਤ ਕਰਤਾਰ ਸਿੰਘ ਨੇ ਜ਼ਰੂਰੀ ਕੰਮ ਦਾ ਬਹਾਨਾ ਕਰਕੇ ਸ਼ਹਿਰ ਜਾਣ ਦੀ ਇਜਾਜ਼ਤ ਲੈ ਲਈ ਅਤੇ ਭਾਈ ਸਾਹਿਬ ਨੇ ਸੰਤ ਨੂੰ ਕਿਹਾ ਕਿ "ਪਹਿਲਾਂ ਅਸੀਂ ਰਾਤ ਵੇਲੇ ਸ਼ਾਇਦ ਆਪਣੇ ਘਰ ਤੱਕ ਹੋ ਆਈਏ, ਪਰ ਫੇਰ ਤੇਰੀ ਕੁਟੀਆ ਉੱਤੇ ਆ ਜਾਵਾਂਗੇ।" ਸੰਤ ਵੀ ਰਾਤ ਤਕ ਕੁਟੀਆ ਪੁੱਜਣ ਦਾ ਵਚਨ ਦੇ ਕੇ ਤੁਰਦਾ ਬਣਿਆ। ਮਿਥੇ ਪ੍ਰੋਗਰਾਮ ਮੁਤਾਬਿਕ ਰਾਤ ਨੂੰ ਮੁੜ ਸਾਰੇ ਕੁਟੀਆ ਉੱਤੇ ਆ ਇਕੱਠੇ ਹੋਏ। ਭਾਈ ਕਿਸ਼ਨ ਸਿੰਘ ਅਤੇ ਬੂਟਾ ਸਿੰਘ ਸੌਣ ਲਈ ਬੇਲਾ ਸਿੰਘ ਦੀ ਬੈਠਕ ਨੂੰ ਚਲੇ ਗਏ। ਭਾਈ ਕਿਸ਼ਨ ਸਿੰਘ ਨੇ ਕੁਝ ਜ਼ਰੂਰੀ ਕਾਗਜ਼ ਬੇਲਾ ਸਿੰਘ ਨੂੰ ਸੰਭਾਲਣ ਲਈ ਦੇ ਦਿਤੇ, ਜਿਹੜੇ ਉਹਨੇ ਪਸ਼ੂਆਂ ਦੇ ਇਕ ਝੁੱਲ ਵਿਚ ਲੁਕੋ ਦਿਤੇ। ਇਹ ਹਾਲੇ ਸੌਣ ਦੀ ਤਿਆਰੀ ਵਿਚ ਹੀ ਸਨ ਕਿ ਸੰਤ ਕਰਤਾਰ ਸਿੰਘ ਫੇਰ ਉਥੇ ਆ ਗਿਆ ਅਤੇ ਦਸਿਆ ਕਿ ਉਹਨੂੰ ਖ਼ਬਰ ਮਿਲੀ ਹੈ ਕਿ ਅੱਜ ਰਾਤ ਪੁਲਸ ਇਥੇ ਭਾਈ ਸਾਹਿਬ ਦੀ ਤਲਾਸ਼ ਵਿਚ ਛਾਪਾ ਮਾਰੇਗੀ। ਭਾਈ ਸਾਹਿਬ ਨੇ ਆਖਿਆ, ਥੋੜ੍ਹਾ ਚਿਰ ਆਰਾਮ ਕਰ ਲਈਏ, ਵੱਡੇ ਤੜਕੇ ਨਿਕਲ ਚਲਾਂਗੇ। ਸੰਤ ਨੇ ਬੂਟਾ ਸਿੰਘ ਨੂੰ ਇਕਲਿਆਂ ਕਰਕੇ ਦਸਿਆ ਕਿ "ਤੂੰ ਜ਼ੋਰ ਪਾ ਕੇ ਇਹਨਾਂ ਨੂੰ ਨਾਲ ਲੈ ਕੇ ਖਿਸਕਦਾ ਬਣ। ਮੇਰੀ ਪੱਕੀ ਇਤਲਾਹ ਹੈ ਕਿ ਪੁਲਸ ਕਿਸੇ ਵੇਲੇ ਵੀ ਛਾਪਾ ਮਾਰ ਸਕਦੀ ਹੈ। ਮੇਰਾ ਜਾਣੂ-ਪਛਾਣੂ ਇਕ ਪੁਲਸੀਆ ਆਪ ਆ ਕੇ ਮੈਨੂੰ ਪੱਕੀ ਖ਼ਬਰ ਦੇ ਗਿਆ ਹੈ।" ਸੋ ਬੂਟਾ ਸਿੰਘ ਜ਼ੋਰ ਪਾ ਕੇ ਉਸੇ ਵੇਲੇ ਹੀ ਭਾਈ ਸਾਹਿਬ ਨੂੰ ਭੋਜੋਵਾਲੀਏ ਠਾਕੁਰ ਸਿੰਘ ਕੋਲ ਲੈ ਗਿਆ।

ਸਵੇਰੇ ਮੂੰਹ-ਹਨੇਰੇ ਹੀ ਪੁਲਸ ਨੇ ਬਿੜੰਗੀਂ ਭਾਈ ਕਿਸ਼ਨ ਸਿੰਘ ਦਾ ਘਰ ਅਤੇ ਪ੍ਰਾਗਪੁਰ ਸੰਤ ਦੀ ਕੁਟੀਆ ਤੇ ਬੇਲਾ ਸਿੰਘ ਦੀ ਬੈਠਕ ਆ ਘੇਰੇ। ਭਾਈ ਸਾਹਿਬ ਦੇ ਦਿੱਤੇ ਸਾਰੇ ਕਾਗਜ਼ ਬੇਲਾ ਸਿੰਘ ਦੀ ਬੇਵਕੂਫ਼ੀ ਸਦਕਾ ਪੁਲਸ ਦੇ ਕਾਬੂ ਆ ਗਏ।

ਪੁਲਸ ਨੂੰ ਦੇਖ ਕੇ ਬੇਲਾ ਸਿੰਘ ਝੁੱਲ ਨੂੰ ਲਾਂਭੇ ਕਰਨ ਦੀ ਕੋਸ਼ਿਸ਼ ਕਰਦਾ ਪੁਲਸ ਨੇ ਕਾਬੂ ਕਰ ਲਿਆ। ਇਹੋ ਬੇਲਾ ਸਿੰਘ ਸਾਧ ਦੀ ਕੋਸ਼ਿਸ਼ ਨਾਲ ਵਾਇਦਾ-ਮੁਆਫ਼ੀ ਲੈ ਗਿਆ ਅਤੇ ਆਪਣੇ ਪੁੱਤ, ਸਾਧੂ ਸਿੰਘ ਨੂੰ ਵੀ ਵਾਇਦਾ-ਮੁਆਫ਼ੀ ਦੁਆ ਲਈ। ਅਗੜ-ਪਿਛੇ ਤਿੰਨੇ ਹੀ ਭੁਗਤੇ ਸਨ।

ਜਿਹੜੇ ਕਾਗਜ਼ ਪੁਲਸ ਦੇ ਹੱਥ ਆ ਗਏ ਸਨ, ਉਹਨਾਂ ਸਦਕਾ ਪੁਲਸ ਨੂੰ ਬਹੁਤ ਸਾਰੇ ਭੇਤਾਂ ਦੀ ਜਾਣਕਾਰੀ ਮਿਲ ਗਈ ਸੀ, ਜਿਨ੍ਹਾਂ ਵਿਚ ਕੀਤੀ ਜਾ ਚੁੱਕੀ ਕਾਰ-ਗੁਜ਼ਾਰੀ ਅਤੇ ਅਗੋਂ ਕਰਨ ਦੀਆਂ ਤਿਆਰੀਆਂ ਦਾ ਜ਼ਿਕਰ ਦਰਜ ਸੀ। "ਬਬਰ ਅਕਾਲੀ ਦੁਆਬਾ" ਅਖ਼ਬਾਰ ਦੇ ਸਭ ਛਪ ਚੁੱਕੇ ਪਰਚੇ ਮਿਲ ਗਏ। ਪਹਿਲੀਆਂ ਹੋ ਚੁਕੀਆਂ ਸਭ ਘਟਨਾਵਾਂ ਦੀ, ਪਟਵਾਰੀ ਅਰਜਨ ਸਿੰਘ ਉੱਤੇ ਕੀਤੇ ਗਏ ਹਮਲਿਆਂ ਸਮੇਤ, ਪੱਕੀ ਜਾਣਕਾਰੀ ਪੁਲਸ ਨੂੰ ਮਿਲ ਗਈ। ਇਹ ਉਹਦੇ ਲਈ ਹੱਦ ਤੋਂ ਜਿਆਦਾ ਲਾਹੇਵੰਦ ਸਾਬਤ ਹੋਈ।

ਕਾਫ਼ੀ ਚਿਰ ਬਾਅਦ ਸੰਤ ਦੀਆਂ ਕਰਤੂਤਾਂ ਦਾ ਪਤਾ ਲਗਿਆ। ਜਿਸ ਵੇਲੇ ਉਹ ਰੰਧਾਵੇ ਮਸੰਦਾਂ ਤੋਂ ਵਾਪਸੀ ਵੇਲੇ ਵੱਖ ਹੋਇਆ ਸੀ ਤਾਂ ਸਿੱਧਾ ਸੀ ਆਈ ਡੀ ਦੇ ਇੰਚਾਰਜ ਮੀਰ ਫ਼ਜ਼ਲ ਇਮਾਮ ਨੂੰ ਜਾ ਮਿਲਿਆ ਸੀ, ਜੋ ਪੰਜਾਬ ਸਰਕਾਰ ਵਲੋਂ ਪੂਰੀ ਤਰ੍ਹਾਂ ਹਰ ਹਥਿਆਰ ਨਾਲ ਲੈਸ ਹੋ ਕੇ ਜਲੰਧਰ ਆ ਚੁਕਿਆ ਸੀ ਅਤੇ ਪਿੰਡਾਂ ਵਿਚ ਆਪਣੇ ਮੁਖਬਰ ਵੱਖਰੇ-ਵੱਖਰੇ ਭੇਸਾਂ ਵਿਚ ਖਿਲਾਰ ਚੁਕਿਆ ਸੀ। ਉਸ ਸਮੇਂ ਸੰਤ ਦੱਸ ਆਇਆ ਸੀ ਕਿ ਅੱਜ ਰਾਤ ਭਾਈ ਕਿਸ਼ਨ ਸਿੰਘ ਬਿੜੰਗੀਂ ਜਾਂ ਪ੍ਰਾਗਪੁਰ ਠਹਿਰਨਗੇ। ਵਾਪਸੀ ਉੱਤੇ ਆ ਕੇ ਅੰਦਰਲੇ ਪਾਪ ਨੇ ਹੀ ਉਹਨੂੰ ਮਜਬੂਰ ਕਰ ਦਿੱਤਾ ਸੀ, ਜਿਸ ਕਰਕੇ ਸਿਪਾਹੀ ਤੋਂ ਖ਼ਬਰ ਮਿਲਣ ਦਾ ਝੂਠਾ ਬਹਾਨਾ ਕੀਤਾ ਸੀ। ਬੇਗਾਨੇ ਟੁਕੜਿਆਂ ਉੱਤੇ ਪਲਣ ਵਾਲਾ ਇਹ ਸਾਧ ਦੋਗਲੀ ਨਸਲ ਦਾ ਹੋਣ ਕਰਕੇ ਬਬਰ ਲਹਿਰ ਨੂੰ ਅਖ਼ੀਰ ਵਿਚ ਜਾ ਕੇ ਭਸਮ ਕਰਨ ਦਾ ਕਾਰਨ ਬਣਿਆ ਸੀ। ਬਬਰ ਆਖਰੀ ਦਮਾਂ ਤਕ ਇਹਦੇ ਉੱਤੇ ਭਰੋਸਾ ਕਰਦੇ ਚਲੇ ਗਏ ਅਤੇ ਇਹ ਚੰਡਾਲ ਦੋਹਾਂ ਪਾਸਿਆਂ ਉੱਤੇ ਉਪਰ-ਦੱਸੀ ਵਰਗੀਆਂ ਹਰਕਤਾਂ ਕਰਦਾ ਗਿਆ। ਇਹਦੀਆਂ ਕਰਤੂਤਾਂ ਪੜ੍ਹ ਕੇ ਪਾਠਕ ਦੰਗ ਰਹਿ ਜਾਣਗੇ।

ਦੂਜੇ ਬੰਨੇ ਜ਼ੈਲਦਾਰ ਬਿਸ਼ਨ ਸਿੰਘ ਰਾਣੀਥੂਹੇ ਦੇ ਕਤਲ ਨੇ ਰਿਆਸਤੀ ਅਤੇ ਅੰਗਰੇਜ਼ੀ ਸਰਕਾਰੀ ਹਲਕਿਆਂ ਵਿਚ ਇਕ ਝੱਖੜ ਦਾ ਮਾਹੌਲ ਪੈਦਾ ਕਰ ਦਿੱਤਾ। ਰਾਜੇ ਨੇ ਉਸ ਵਿਅਕਤੀ ਲਈ ਨਕਦ ਇਨਾਮ ਤੋਂ ਇਲਾਵਾ ਦੋ ਮੁਰੱਬਿਆਂ ਦਾ ਐਲਾਨ ਕਰ ਦਿੱਤਾ ਜਿਹੜਾ ਉਸ ਮਾੜਕੂ ਜਿਹੇ ਬੰਦੇ ਨੂੰ ਗਰਿਫ਼ਤਾਰ ਕਰਵਾਏਗਾ, ਜੀਹਨੇ ਦਿਨ-ਦੀਵੀਂ ਦਹਿਸਰ ਦਾ ਫਸਤਾ ਵਢਿਆ ਸੀ। ਇਹ ਮਾੜਕੂ ਜਿਹਾ ਬੰਦਾ ਸੀ ਬਾਬੂ ਸੰਤਾ ਸਿੰਘ ਜਿਹੜਾ ਪਟਵਾਰੀ ਅਰਜਨ ਸਿੰਘ ਉੱਤੇ ਦੋ ਹਮਲਿਆਂ ਵਿਚ ਨਾਕਾਮਯਾਬ ਰਹਿਣ ਪਿਛੋਂ ਬਿਫ਼ਰਿਆ ਫਿਰ ਰਿਹਾ ਸੀ ਅਤੇ ਸਭ ਤੋਂ ਵਧੀਆ ਸ਼ਿਕਾਰ ਹੱਥ ਆਉਂਦਿਆਂ ਹੀ ਭੁੱਖੇ ਸ਼ੇਰ ਵਾਂਗੂ ਝਪਟ ਪਿਆ ਸੀ।

ਫ਼ਰਵਰੀ 1923 ਦੇ ਤੀਜੇ ਹਫ਼ਤੇ ਬੂਟਾ ਸਿੰਘ ਜੱਸੋਵਾਲ ਗਿਆ ਤਾਂ ਉਥੇ ਉਹਨੂੰ ਆਪਣੇ ਪਿੰਡ ਦਾ ਝਿਉਰ ਵਤਨ ਸਿੰਘ ਅਤੇ ਬੰਤਾ ਸਿੰਘ ਧਾਮੀਆਂ ਮਿਲ ਪਏ। ਉਹਨਾਂ ਦਿਨਾਂ ਵਿਚ ਇਹ ਬੰਤਾ ਸਿੰਘ ਧਾਮੀਆਂ ਫ਼ੌਜ ਦੀ ਨੌਕਰੀ ਛੱਡ ਕੇ ਪਿੰਡ ਆ ਚੁਕਿਆ ਸੀ ਅਤੇ ਇਹਨੇ ਪਿੰਡ ਫਿਰਦੇ ਇਕ ਆਵਾਰਾ ਸਾਧ ਦੀ ਬਾਂਹ ਭੰਨ ਸੁੱਟੀ ਸੀ। ਥਾਣੇ

ਵਿਚ ਰਪਟ ਦਰਜ ਹੋਈ ਸੀ, ਪਰ ਬੰਤਾ ਸਿੰਘ ਪਿੰਡੋਂ ਖਿਸਕ ਗਿਆ ਸੀ ਅਤੇ ਪੱਕੇ ਪੈਰੀਂ ਬਬਰ ਜਥੇ ਦਾ ਮੈਂਬਰ ਬਨਣ ਲਈ ਸਿੱਧਾ ਪੰਡੋਰੀ ਨਿੱਝਰਾਂ ਵਤਨ ਸਿੰਘ ਕੋਲ ਆ ਗਿਆ ਸੀ। ਉਹ ਪਹਿਲਾਂ ਹੀ ਇਕ-ਦੂਜੇ ਦੇ ਜਾਣੂ-ਪਛਾਣੂ ਸਨ ਅਤੇ ਬੰਤਾ ਸਿੰਘ ਨੂੰ ਵਤਨ ਸਿੰਘ ਨੇ ਆਪਣੀਆਂ ਸਰਗਰਮੀਆਂ ਬਾਬਤ ਦੱਸ ਛਡਿਆ ਸੀ। ਇਸੇ ਕਰਕੇ ਵਤਨ ਸਿੰਘ ਬੰਤਾ ਸਿੰਘ ਨੂੰ ਬਬਰ ਜਥੇ ਵਿਚ ਭਰਤੀ ਕਰਾਉਣ ਲਈ ਭਾਈ ਕਿਸ਼ਨ ਸਿੰਘ ਦੀ ਭਾਲ ਵਿਚ ਜੱਸੋਵਾਲ ਪੁਜਿਆ ਸੀ। ਭਾਈ ਸਾਹਿਬ ਜੱਸੋਵਾਲ ਨਾ ਮਿਲ ਸਕੇ, ਤਾਂ ਤਿੰਨੇ ਮਾਸਟਰ ਕਾਬੁਲ ਸਿੰਘ ਗੋਬਿੰਦਪੁਰੀ ਕੋਲ ਜਾ ਠਹਿਰੇ। ਅਗਲੇ ਦਿਨ ਹੋਰ ਠਿਕਾਣਿਆਂ ਉੱਤੇ ਪਤਾ ਕਰਦੇ-ਕਰਾਉਂਦੇ ਰਾਤ ਫੇਰ ਜੱਸੋਵਾਲ ਆ ਗਏ, ਜਿਥੇ ਭਾਈ ਕਿਸ਼ਨ ਸਿੰਘ ਜੀ ਇਹਨਾਂ ਤੋਂ ਪਹਿਲਾਂ ਹੀ ਪੁੱਜ ਚੁੱਕੇ ਸਨ। ਤੇ ਮੁਲਾਕਾਤ ਹੋ ਗਈ।

ਬੰਤਾ ਸਿੰਘ ਨੇ ਬੀਤ ਚੁੱਕੀ ਹਕੀਕਤ ਦਸਦਿਆਂ ਕਿਹਾ ਕਿ "ਪੁਲਸ ਨੇ ਮੁਕੱਦਮਾ ਦਰਜ ਕਰਕੇ ਮੇਰਾ 325 ਦਫ਼ਾ ਥੱਲੇ ਚਲਾਨ ਕਰ ਹੀ ਦੇਣਾ ਹੈ। ਤੇ ਐਵੇਂ ਨਿਗੂਣੇ ਜਿਹੇ ਕੰਮ ਵਿਚ ਕੈਦ ਕੱਟਣ ਨਾਲੋਂ ਮੈਂ ਬਬਰ ਜਥੇ ਵਿਚ ਸ਼ਾਮਲ ਹੋ ਕੇ ਕੋਈ ਮਾਅਰਕੇ ਦਾ ਕੰਮ ਕਰ ਜਾਣਾ ਚਾਹੁੰਦਾ ਹਾਂ, ਜੀਹਨੂੰ ਆਉਣ ਵਾਲੀਆਂ ਨਸਲਾਂ ਯਾਦ ਕਰਕੇ ਫ਼ਖ਼ਰ ਕਰਿਆ ਕਰਨ। ਇਕ ਆਵਾਰਾ ਵਿਗੜੇ ਦਿਮਾਗ਼ ਵਾਲੇ ਸਾਧ ਨੂੰ ਬੰਦਾ ਬਣਾ ਕੇ ਆਇਆ ਹਾਂ। ਮੈਂ ਇਕੱਲਾ ਹੀ ਨਹੀਂ, ਮੇਰੇ ਪਿੰਡ ਦੇ 4-5 ਹੋਰ ਜਵਾਨ ਵੀ ਤਿਆਰ-ਬਰ-ਤਿਆਰ ਹੋ ਕੇ ਜਥੇ ਵਿਚ ਸ਼ਾਮਲ ਹੋਣ ਦੀਆਂ ਕਸਮਾਂ ਖਾਈਂ ਬੈਠੇ ਹਨ। ਤੁਸੀਂ ਸਾਡੇ ਹੱਥ ਦੇਖਿਉ, ਅਸੀਂ ਕਿਵੇਂ ਝੋਲੀ-ਚੁੱਕਾਂ ਦੇ ਪੜਖਚੇ ਲਾਹੁੰਦੇ ਹਾਂ।"

ਭਾਈ ਸਾਹਿਬ ਨੇ ਬਥੇਰੀ ਸਲਾਹ ਦਿੱਤੀ ਕਿ "ਹਾਲੇ ਕੁਝ ਚਿਰ ਹੋਰ ਠਹਿਰ ਲਿਆ ਜਾਵੇ। ਪਹਿਲਾਂ ਹੀ ਕਾਫ਼ੀ ਬੰਦੇ ਭਗੌੜੇ ਹੋ ਚੁੱਕੇ ਹਨ ਅਤੇ ਉਹਨਾ ਦੇ ਅੰਨ-ਪਾਣੀ ਦਾ ਵੀ ਮਸਲਾ ਪੈਦਾ ਹੋ ਜਾਂਦਾ ਹੈ। ਓਪਰੇ ਸਾਧ ਦੀ ਕਿਸੇ ਨੇ ਗਵਾਹੀ ਨਹੀਂ ਦੇਣੀ। ਰੱਬ-ਸਬੱਬੀ ਜੇ ਕੋਈ ਤਿਆਰ ਹੋ ਵੀ ਗਿਆ, ਤਾਂ ਬਬਰ ਜਥੇ ਵਲੋਂ ਉਹਨੂੰ ਮਨਾਹ ਕਰ ਦਿੱਤਾ ਜਾਵੇਗਾ। ਅਸੀਂ ਪ੍ਰਚਾਰ ਅਤੇ ਪਰਚਿਆਂ ਰਾਹੀਂ ਕਾਫ਼ੀ ਜਾਗਰਤ ਪੈਦਾ ਕਰ ਲਈ ਹੈ। ਬੱਸ ਸਮਾਂ ਆਉਣ ਹੀ ਵਾਲਾ ਹੈ ਕਿ ਅੰਦਰੋਂ-ਬਾਹਰੋਂ ਇਕੱਠਾ ਹਮਲਾ ਕਰਕੇ ਬਿੱਲਿਆਂ ਨੂੰ ਦੌੜਾ ਦਿਤਾ ਜਾਵੇਗਾ। ਐਸ ਵੇਲੇ ਫ਼ੌਜੀਆ ਵਿਚ ਕਾਫ਼ੀ ਜਾਗਰਤ ਪੈਦਾ ਹੋ ਹੀ ਚੁੱਕੀ ਹੈ।"

ਪਰ ਇਸ ਸਿਰਲੱਥ ਯੋਧੇ ਉੱਤੇ ਭਾਈ ਸਾਹਿਬ ਦੀਆਂ ਨਸੀਹਤਾਂ ਦਾ ਰੱਤੀ-ਮਾਸ਼ਾ ਵੀ ਅਸਰ ਨਾ ਹੋ ਸਕਿਆ। ਅਖ਼ੀਰ ਵਿਚ ਭਾਈ ਸਾਹਿਬ ਨੂੰ ਹੀ ਝੁਕਣਾ ਪਿਆ। ਗੱਲ ਕੀ, ਇਸੇ ਯੋਧੇ ਨੇ ਆਪਣੇ ਪਿੰਡੋਂ ਹੋਰ ਯੋਧੇ ਨਾਲ ਲੈ ਕੇ ਨੰਗਲ ਸ਼ਾਮਾ ਵਾਲੇ ਲੰਬੜਦਾਰ ਬੂਟੇ ਦੇ ਟਕੂਏ ਦੇ ਟਕ ਲਾ ਕੇ ਆਪਣੀ ਬਹਾਦਰੀ ਦਾ ਸ੍ਰੀ ਗਣੇਸ਼ ਕੀਤਾ ਸੀ ਅਤੇ ਅਗੇ ਜਾ ਕੇ ਜੋ ਬੇਮਿਸਾਲ ਕਾਰਨਾਮੇ ਕੀਤੇ ਸਨ, ਪਾਠਕ ਪੜ੍ਹ ਕੇ ਅਸ਼-ਅਸ਼ ਕਰ ਉਠਣਗੇ।

ਉਸੇ ਰਾਤ ਬਾਬੂ ਸੰਤਾ ਸਿੰਘ, ਉਦੇ ਸਿੰਘ ਰਾਮਗੜ੍ਹ ਝੁੰਗੀਆ ਅਤੇ ਆਸਾ ਸਿੰਘ ਵੀ ਭਾਈ ਕਿਸ਼ਨ ਸਿੰਘ ਜੀ ਦੇ ਬੁਲਾਵੇ ਉੱਤੇ ਜੱਸੋਵਾਲ ਪੁੱਜ ਗਏ। ਜਾਡਲੇ ਤੋਂ ਮਿਲੀ ਮਾਇਆ ਨਾਲ ਬਬਰ ਕਰਮ ਸਿੰਘ ਅਤੇ ਵਾਇਦਾ-ਮੁਆਫ਼ ਰਾਮ ਸਿੰਘ ਹਥਿਆਰ ਖ਼ਰੀਦਣ ਲਈ ਰਿਆਸਤ ਨਾਹਨ ਵੱਲ ਗਏ ਹੋਏ ਸਨ।

ਜੱਸੋਵਾਲ ਦੀ ਇਹ ਆਖਰੀ, ਚੋਥੀ ਮੀਟਿੰਗ ਉਸੇ ਰਾਤ ਹਰਦਿੱਤ ਸਿੰਘ ਦੀ ਹਵੇਲੀ ਵਿਚ ਹੋਈ ਸੀ, ਜਿਸ ਵਿਚ ਭਾਈ ਕਿਸ਼ਨ ਸਿੰਘ ਨੇ ਤਜਵੀਜ਼ ਪੇਸ਼ ਕੀਤੀ ਕਿ "ਐਸ ਵੇਲੇ ਰਾਣੀਥੂਹੇ ਦੇ ਜ਼ੈਲਦਾਰ ਦੇ ਕਤਲ ਨੂੰ 10-12 ਦਿਨ ਹੋ ਚੁੱਕੇ ਹਨ। ਰਜਵਾੜਾਸ਼ਾਹੀ ਬੇਗੁਨਾਹ ਲੋਕਾਂ ਉੱਤੇ ਅੰਨ੍ਹਾ ਕਹਿਰ ਢਾਹ ਰਹੀ ਹੈ। ਬੱਚੇ, ਬੁੱਢੇ ਅਤੇ ਜ਼ਨਾਨੀਆਂ ਤੱਕ ਉੱਤੇ ਕਹਿਰ ਵਰਤਿਆ ਜਾ ਰਿਹਾ ਹੈ। ਆਲੇ-ਦੁਆਲੇ ਦੇ ਪਿੰਡਾਂ ਦੀ ਬੁਰੀ ਹਾਲਤ ਬਣੀ ਪਈ ਹੈ। ਸੋ ਵੇਲਾ ਆ ਗਿਆ ਹੈ ਕਿ ਹੋ ਚੁੱਕੇ ਫ਼ੈਸਲੇ ਮੁਤਾਬਿਕ ਬਬਰਾਂ ਵਲੋਂ ਐਲਾਨ ਛਪ ਜਾਣਾ ਚਾਹੀਦਾ ਹੈ ਕਿ ਜ਼ੈਲਦਾਰ ਦੇ ਸੁਧਾਰ ਦੇ ਜ਼ਿੰਮੇਵਾਰ ਅਸੀਂ ਹਾਂ, ਤਾਂ ਜੋ ਗ਼ਰੀਬਾਂ ਉੱਤੇ ਹੋ ਰਿਹਾ ਜ਼ੁਲਮ ਬੰਦ ਹੋ ਸਕੇ। ਪਿੰਡਾਂ ਦੇ ਲੋਕਾਂ ਨੂੰ ਐਸ ਵੇਲੇ ਡੰਗਰਾਂ ਵਾਂਗ ਇਕੱਠੇ ਕਰਕੇ ਤਸੀਹੇ ਦਿੱਤੇ ਜਾ ਰਹੇ ਹਨ। ਸੋ ਬਬਰ ਕਰਮ ਸਿੰਘ ਵੱਲੋਂ ਐਸ ਮੌਕੇ ਉੱਤੇ ਐਲਾਨ ਹੋ ਜਾਣਾ ਚਾਹੀਦਾ ਹੈ ਕਿ ਇਸ ਜ਼ੈਲਦਾਰ ਦਾ ਸੁਧਾਰ ਮੈਂ ਕੀਤਾ ਹੈ, ਤਾਂ ਜੋ ਨਿਰਦੋਸ਼ ਲੋਕਾਂ ਦੀ ਬੰਦਖ਼ਲਾਸੀ ਹੋ ਸਕੇ।"

ਬਾਬੂ ਸੰਤਾ ਸਿੰਘ ਨੇ ਜ਼ਿੰਮੇਵਾਰੀ ਲੈ ਲਈ ਕਿ ਬਬਰ ਸਾਹਿਬ ਦੋ-ਚਾਰ ਦਿਨਾਂ ਅੰਦਰ ਵਾਪਸ ਆਉਣ ਵਾਲੇ ਹਨ। ਉਹਨਾਂ ਦੇ ਆਉਣ ਉੱਤੇ ਇਹ ਐਲਾਨ ਉਹਨਾਂ ਵਲੋਂ ਜਾਰੀ ਕਰ ਦਿਤਾ ਜਾਵੇਗਾ ਅਤੇ ਛਾਪ ਕੇ ਵੰਡ ਦਿੱਤਾ ਜਾਵੇਗਾ।

# 37. ਨੰਗਲ ਸ਼ਾਮਾ ਦੇ ਲੰਬੜਦਾਰ ਬੂਟੇ ਦਾ ਕਤਲ

ਇਹ ਗਿਆਰਵੀਂ ਘਟਨਾ ਬੂਟੇ ਲੰਬੜਦਾਰ, ਪਿੰਡ ਨੰਗਲ ਸ਼ਾਮਾ ਅਤੇ ਉਹਦੇ ਪੋਤੇ ਸੁਰਜਨ ਸਿੰਘ ਦੇ ਕਤਲਾਂ ਅਤੇ ਰਾਮ ਚੰਦ ਨੂੰ ਸਖ਼ਤ ਜ਼ਖ਼ਮੀ ਕੀਤੇ ਜਾਣ ਤੇ ਡਕੈਤੀ ਦੀ ਹੈ ਜੋ 10-11 ਮਾਰਚ 1923 ਨੂੰ ਅੱਧੀ ਰਾਤ ਵੇਲੇ ਕੀਤੀ ਗਈ ਸੀ। ਜੱਜਮੈਂਟ ਦੇ ਸਫ਼ਾ 80 ਉੱਤੇ ਇਹ ਦੋਸ਼ ਨੰ: 11 ਵਜੋਂ ਦਰਜ ਹੈ। ਇਸ ਵਿਚ ਹੇਠ-ਲਿਖੇ ਬਬਰਾਂ ਨੇ ਹਿੱਸਾ ਲਿਆ ਸੀ : 1. ਵਤਨ ਸਿੰਘ ਪੰਡੋਰੀ ਨਿੱਝਰਾਂ, 2. ਸਾਧੂ ਸਿੰਘ ਪ੍ਰਾਗਪੁਰ, 3. ਧੰਨਾ ਸਿੰਘ ਕੋਟਲੀ ਬਾਵਾਦਾਸ, 4. ਸਾਧਾ ਸਿੰਘ ਪੰਡੋਰੀ ਨਿੱਝਰਾਂ, 5. ਰਤਨ ਸਿੰਘ ਸੀਗੜੀਵਾਲਾ, 6. ਬਾਬੂ ਦਲੀਪ ਸਿੰਘ ਧਾਮੀਆ ਕਲਾਂ, 7. ਪਿਆਰਾ ਸਿੰਘ ਧਾਮੀਆਂ ਕਲਾਂ, 8. ਬਾਬੂ ਸੰਤਾ ਸਿੰਘ ਹਰੀਉ, ਜ਼ਿਲਾ ਲੁਧਿਆਣਾ, 9. ਦਲੀਪਾ ਧਾਮੀਆਂ ਕਲਾਂ, 10. ਬੰਤਾ ਸਿੰਘ ਧਾਮੀਆਂ ਕਲਾਂ, 11. ਧੰਨਾ ਸਿੰਘ ਬਹਿਬਲਪੁਰ, ਅਤੇ 12. ਹਰਬਖ਼ਸ਼ ਸਿੰਘ ਜੱਸੋਵਾਲ।

ਮੈਂ ਸ਼ੁਰੂ ਵਿਚ ਹੀ ਲਿਖ ਆਇਆ ਹਾਂ ਕਿ ਇਹ ਕਤਲ ਕਰਨ ਲਈ ਭਾਈ ਕਿਸ਼ਨ ਸਿੰਘ ਨੇ ਆਪਣਾ ਪਸਤੌਲ ਹਜ਼ਾਰਾ ਸਿੰਘ ਮੰਡੇਰੀਏ ਨੂੰ ਦੇ ਕੇ ਭੇਜਿਆ ਸੀ, ਜੀਹਨੂੰ ਜਗਤ ਸਿੰਘ ਮੰਡੇਰੀਏ ਨੇ ਬੜੀ ਸਫ਼ਾਈ ਨਾਲ ਧੋਖਾ ਦੇ ਕੇ ਸਾਰੀ ਸਕੀਮ ਹੀ ਫਿਹਲ ਕਰ ਦਿੱਤੀ ਸੀ ਤੇ ਪਸਤੌਲ ਇਕ ਪ੍ਰਤਾਪੂ ਬਦਮਾਸ਼ ਨੂੰ ਦੁਆ ਦਿੱਤਾ ਸੀ। ਇਸੇ ਸ਼ਰਮ ਦਾ ਮਾਰਿਆ ਮੰਡੇਰੀਆ ਮੁੜ ਭਾਈ ਸਾਹਿਬ ਦੇ ਮੱਥੇ ਹੀ ਨਹੀਂ ਸੀ ਲਗਿਆ। ਅੰਮ੍ਰਿਤਸਰ ਅਤੇ ਲਾਹੌਰ ਜ਼ਿਲਿਆਂ ਦੇ ਪਿੰਡਾਂ ਦੇ ਗੁਰਦੁਆਰਿਆਂ ਵਿਚ ਦਿਨ ਕਟਦਾ ਆਖਰ ਸਾੜੀਆਂ ਆਮ ਗਰਿਫ਼ਤਾਰੀਆਂ ਵੇਲੇ ਉਹ ਆਪ ਹੀ ਪੁਲਸ ਸਾਹਮਣੇ ਪੇਸ਼ ਹੋ ਗਿਆ ਸੀ। ਪਹਿਲਾਂ ਵਾਇਦਾ-ਮੁਆਫ਼ੀ ਲੈ ਬੈਠਾ, ਪਰ ਫੇਰ ਅਦਾਲਤਾ ਵਿਚ ਜਾ ਕੇ ਮੁਕਰ ਗਿਆ। ਅਖ਼ੀਰ ਦੂਜੇ ਕੇਸ ਵਿਚ ਉਮਰ ਕੈਦ ਹੋ ਕੇ ਜਿਹਲਾਂ ਵਿਚ ਉਹ ਕਾਰਨਾਮੇ ਕੀਤੇ ਜਿਨ੍ਹਾਂ ਦਾ ਰੀਕਾਰਡ ਅੱਜ ਤੱਕ ਕੋਈ ਕੈਦੀ ਨਹੀਂ ਤੋੜ ਸਕਿਆ।

ਜੱਜ ਸਾਹਿਬ ਇਸ ਘਟਨਾ ਦਾ ਸਿਰਲੇਖ ਲਿਖਦਿਆਂ ਗ਼ਲਤੀ ਨਾਲ 11-12 ਮਾਰਚ 1923 ਲਿਖ ਗਏ ਹਨ। ਅਸਲ ਵਿਚ ਇਹ ਹਮਲਾ ਥਾਣੇ ਵਿਚ ਦਰਜ ਕਰਾਈ ਗਈ ਰਪੋਟ ਮੁਤਾਬਿਕ ਵੀ 10-11 ਮਾਰਚ ਦੀ ਰਾਤ ਦਾ ਬਣਦਾ ਹੈ, ਕਿਉਂਕਿ ਚੌਕੀਦਾਰ ਨੇ

ਅੱਧੀ ਰਾਤੀਂ ਸਦਰ ਥਾਣਾ ਜਲੰਧਰ ਜਾ ਕੇ ਇਤਲਾਹ ਦਿੱਤੀ ਸੀ ਅਤੇ ਰਪੋਟ ਉੱਤੇ ਤਾਰੀਖ 11 ਮਾਰਚ 1923 ਸਮਾਂ 1 ਬਜੇ ਸਵੇਰ ਦਾ ਦਰਜ ਹੈ।

ਮੇਰੇ ਹੀ ਪਿੰਡ ਦਾ ਵਤਨ ਸਿੰਘ ਝਿਊਰ ਵਾਇਦਾ-ਮੁਆਫ਼ ਨੰ: 11 ਪੇਪਰ-ਬੁੱਕ ਦੇ ਸਫ਼ਾ 80 ਉੱਤੇ ਦਸਦਾ ਹੈ ਕਿ "ਬਾਬੂ ਸੰਤਾ ਸਿੰਘ 8-9 ਦਿਨਾਂ ਬਾਅਦ ਮੁੜ ਮੇਰੇ ਕੋਲ ਆਇਆ ਅਤੇ ਮੇਰੇ ਪਿੰਡ ਦਾ ਸਾਧਾ ਸਿੰਘ ਵੀ ਨਾਲ ਸੀ। ਉਹਨੇ ਸਾਨੂੰ ਦੋਹਾਂ ਨੂੰ ਦਸਿਆ ਕਿ ਸਾਡਾ ਪ੍ਰੋਗਰਾਮ ਨੰਗਲ ਸ਼ਾਮਾ ਵਾਲੇ ਬੂਟੇ ਲੰਬੜਦਾਰ ਨੂੰ ਕਤਲ ਕਰਨ ਦਾ ਹੈ। ਸੋ ਸਾਧੂ ਸਿੰਘ ਪ੍ਰਾਗਪੁਰੀਆ ਕਲ੍ਹ ਨੂੰ ਸਾਧਾ ਸਿੰਘ ਕੋਲ ਪੁੱਜ ਜਾਵੇਗਾ। ਤੁਸੀਂ ਰਾਤ ਪੈਂਦੀ ਤੱਕ ਜੰਡੂਸਿੰਘਾ ਸਟੇਸ਼ਨ ਦੇ ਛਾਉਣੀ ਜਲੰਧਰ ਵੱਲ ਦੇ ਆਖ਼ਰੀ ਸਿਗਨਲ ਕੋਲ ਪੁੱਜ ਜਾਣਾ ਅਤੇ ਮੈਂ ਧਾਮੀਆਂ ਥਾਣੀ ਹੁੰਦਾ ਸੀਗੜੀ ਵਾਲੇ ਰਤਨ ਸਿੰਘ ਨੂੰ ਨਾਲ ਲੈ ਮਿਥੀ ਜਗਾਹ ਉੱਤੇ ਪੁੱਜ ਜਾਵਾਂਗਾ। ਉਹ ਚਲਿਆ ਗਿਆ। ਅਗਲੇ ਦਿਨ ਸ਼ਾਮੀਂ ਮੈਂ ਸਾਧਾ ਸਿੰਘ ਦੇ ਘਰ ਗਿਆ, ਜਿਥੇ ਸਾਧੂ ਸਿੰਘ ਪ੍ਰਾਗਪੁਰੀਆ ਆਇਆ ਬੈਠਾ ਸੀ। ਮੈਂ ਕਿਹਾ, ਤੁਸੀਂ ਅੰਨ-ਪਾਣੀ ਛਕ ਕੇ ਬਾਬੇ ਨੱਥਾ ਸਿੰਘ ਦੇ ਖੂਹ ਉੱਤੇ ਆ ਜਾਣਾ। ਉਹ ਆ ਗਏ ਤਾਂ ਅਸੀਂ ਤਿੰਨੇ ਆਦਮਪੁਰ ਰੇਲ ਦੀ ਲਾਈਨ ਉੱਤੇ ਜਾ ਪੁਜੇ। ਉਥੇ ਸਾਨੂੰ ਬਾਬੂ ਸੰਤਾ ਸਿੰਘ ਅਤੇ ਰਤਨ ਸਿੰਘ ਵੀ ਮਿਲ ਪਏ। ਅਸੀਂ ਮਿਥੀ ਥਾਂ ਜਾ ਪੁੱਜੇ, ਜਿਥੇ ਪਹਿਲਾਂ ਹੀ ਹੋਰ ਸੱਤ ਬੰਦੇ ਇਕ ਖੇਤ ਵਿਚ ਬੈਠੇ ਸਨ। ਉਹ ਸਨ ਬੰਤਾ ਸਿੰਘ, ਬਾਬੂ ਦਲੀਪ ਸਿੰਘ, ਪਿਆਰਾ ਸਿੰਘ ਤੇ ਦਲੀਪਾ, ਸਾਰੇ ਧਾਮੀਆਂ ਦੇ; ਧੰਨਾ ਸਿੰਘ ਬਹਿਬਲਪੁਰੀਆ; ਉਦੇ ਸਿੰਘ (ਅਸਲ ਵਿਚ ਇਹ ਹਰਬਖ਼ਸ਼ ਸਿੰਘ ਜੱਸੋਵਾਲੀਆ ਸੀ) ਅਤੇ ਧੰਨਾ ਸਿੰਘ ਕੋਟਲੀ ਬਾਵਾਦਾਸ।"

ਤਿੰਨਾਂ ਹੀ ਵਾਇਦਾ-ਮੁਆਫ਼ਾਂ ਦੇ ਬਿਆਨਾਂ ਮੁਤਾਬਿਕ ਸਾਰਿਆਂ ਕੋਲ ਇਹ ਹਥਿਆਰ ਸਨ: ਤਿੰਨ ਪਸਤੌਲ, ਇਕ ਬੰਬ, ਸੱਤ ਛਵ੍ਹੀਆਂ, ਇਕ ਕਿਰਪਾਨ ਅਤੇ ਇਕ ਟਕੂਆ।

ਸਾਰੇ ਜਣੇ ਜੰਡੂਸਿੰਘੇ ਦੇ ਸਟੇਸ਼ਨ ਤੋਂ ਚੱਲ ਕੇ ਨੰਗਲ ਸ਼ਾਮਾ ਪੁੱਜੇ। ਪਿੰਡੋਂ ਚਾਰ ਸੌ ਕਰਮਾਂ ਉੱਤੇ ਪੁਜ ਕੇ ਇਕ ਭੱਠੇ ਲਾਗੇ ਟਾਹਲੀ ਥੱਲੇ ਫਾਲਤੂ ਸਾਮਾਨ ਰਖ ਦਿੱਤਾ। ਵਾਇਦਾ-ਮੁਆਫ਼ ਧੰਨਾ ਸਿੰਘ ਦੀ ਜੁੱਤੀ ਜ਼ਰਾ ਖੁੱਲ੍ਹੀ ਸੀ, ਜੋ ਭੱਜਣ ਵੇਲੇ ਤੰਗ ਕਰ ਸਕਦੀ ਸੀ। ਉਹਨੇ ਉਹ ਉਥੇ ਹੀ ਦੱਬ ਦਿੱਤੀ। ਬਾਬੂ ਸੰਤਾ ਸਿੰਘ ਨੇ ਦਸਿਆ ਕਿ ਪਹਿਲਾਂ ਬੂਟੇ ਨੂੰ ਕਤਲ ਕਰਨਾ ਹੈ, ਫੇਰ ਲੁੱਟ ਲੈਣਾ ਹੈ। ਜੋ ਮਾਲ ਅਤੇ ਨਕਦ ਹੱਥ ਲਗੇ, ਉਸ ਨਾਲ ਹਥਿਆਰ ਖ਼ਰੀਦੇ ਜਾਣਗੇ। ਫੇਰ ਬਾਬੂ ਸੰਤਾ ਸਿੰਘ ਨੇ ਕਾਮਯਾਬੀ ਲਈ ਅਰਦਾਸਾ ਸੋਧਿਆ ਅਤੇ ਬੂਟੇ ਦਾ ਘਰ ਜਾ ਘੇਰਿਆ, ਜੋ ਪਿੰਡ ਦੇ ਚੜ੍ਹਦੇ ਪਾਸੇ ਸੀ।

ਵਤਨ ਸਿੰਘ ਪੇਪਰ-ਬੁੱਕ ਦੇ ਸਫ਼ਾ 81 ਤੋਂ ਸ਼ੁਰੂ ਕਰਦਾ ਹੈ ਕਿ "ਮੇਰੀ, ਰਤਨ ਸਿੰਘ ਅਤੇ ਸਾਧਾ ਸਿੰਘ ਦੀ ਡਿਊਟੀ ਮਕਾਨ ਦੇ ਚੜ੍ਹਦੇ ਪਾਸੇ ਦੀ ਗਲੀ ਵਿਚ ਪਹਿਰਾ ਦੇਣ ਦੀ ਲਾਈ ਗਈ। ਲਹਿੰਦੇ ਪਾਸੇ ਬਾਬੂ ਸੰਤਾ ਸਿੰਘ ਆਪ, ਬਾਬੂ ਦਲੀਪ ਸਿੰਘ ਤੇ ਛੋਟਾ ਦਲੀਪਾ ਪਹਿਰਾ ਦੇਣ ਲੱਗ ਪਏ। ਛੋਟੇ ਦਰਵਾਜ਼ੇ ਅੱਗੇ ਪਿਆਰਾ ਸਿੰਘ ਅਤੇ ਸਾਧੂ ਸਿੰਘ ਖੜੇ ਕਰ ਦਿਤੇ ਗਏ। ਮਕਾਨ ਦਾ ਇਕ ਵੱਡਾ ਦਰਵਾਜ਼ਾ ਸੀ ਜਿਹੜਾ ਵਿਹੜੇ ਵਿਚ ਖੁਲ੍ਹਦਾ ਸੀ। ਛੋਟਾ ਦਲਾਨ ਵਿਚ। ਅੱਠ ਕੁ ਫੁੱਟ ਉੱਚੀ ਕੰਧ ਨਾਲ ਵਲਗਣ ਕੀਤਾ ਹੋਇਆ ਸੀ। ਬੰਤਾ ਸਿੰਘ, ਧੰਨਾ ਸਿੰਘ ਬਹਿਬਲਪੁਰ, ਹਰਬਖ਼ਸ਼ ਸਿੰਘ

ਅਤੇ ਵਾਇਦਾ-ਮੁਆਫ਼ ਧੰਨਾ ਸਿੰਘ ਨੂੰ ਕੰਧ ਟੱਪ ਕੇ ਅੰਦਰ ਛਾਲ ਮਾਰਨ ਦਾ ਹੁਕਮ ਹੋ ਗਿਆ। ਪਹਿਲਾਂ ਬੂਟੇ ਦਾ ਕੰਡਾ ਕੱਢ ਦਿਤਾ ਜਾਵੇ ਅਤੇ ਫੇਰ ਜੁਰਮਾਨਾ ਵਸੂਲ ਲਿਆ ਜਾਵੇ। ਦੂਜਿਆਂ ਦੀ ਮਦਦ ਨਾਲ ਬੰਤਾ ਸਿੰਘ ਅਤੇ ਬਹਿਬਲਪੁਰੀਆ ਧੰਨਾ ਸਿੰਘ ਕੰਧ ਉੱਤੇ ਜਾ ਚੜ੍ਹੇ, ਤਾਂ ਅੰਦਰੋਂ ਬੂਟੇ ਦੀ ਆਵਾਜ਼ ਆਈ, ਕੌਣ ਹੈ ? ਬੰਤਾ ਸਿੰਘ ਨੇ ਕਿਹਾ, ਤੇਰੇ ਪਿਉ ਪੁਲਸੀਏ ਹਾਂ, ਅਤੇ ਵਿਹੜੇ ਵਿਚ ਛਾਲਾਂ ਮਾਰ ਦਿੱਤੀਆਂ। ਬੂਟਾ ਰੌਲਾ ਪਾਉਂਦਾ ਪੌੜੀਏਂ ਜਾ ਚੜ੍ਹਿਆ ਅਤੇ ਉਹ ਵੀ ਮਗਰ ਹੀ ਜਾ ਚੜ੍ਹੇ। ਛਤ ਉੱਤੇ ਪੁਜਦਿਆਂ ਦੋ ਗੋਲੀਆਂ ਧੰਨਾ ਸਿੰਘ ਬਹਿਬਲਪੁਰੀਏ ਨੇ ਛੱਡ ਦਿੱਤੀਆਂ ਅਤੇ ਬੰਤਾ ਸਿੰਘ ਨੇ 4-5 ਟਕ ਟਕੂਏ ਦੇ ਜੜ ਦਿਤੇ। ਬੂਟੇ ਦੇ ਮਕਾਨ ਦੇ ਨਾਲ ਲਗਦਾ ਘਰ ਦੀਨੇ ਤੇਲੀ ਦਾ ਸੀ, ਜਿਹੜਾ ਕਾਫ਼ੀ ਨੀਵਾਂ ਸੀ। ਉਹਦੇ ਬਨੇਰੇ ਉੱਤੇ ਕੱਚਾ ਭਾਂਡਾ ਪਿਆ ਸੀ। ਸੱਟਾਂ ਖਾ ਕੇ ਉਹ ਪਹਿਲਾਂ ਬਨੇਰੇ ਦੇ ਭਾਡੇ ਉੱਤੇ ਜਾ ਡਿਗਿਆ ਅਤੇ ਮੁੜ ਵਿਹੜੇ ਵਿਚ ਜਾ ਡਿਗਿਆ। ਦਸਾਂ ਕੁ ਕਰਮਾਂ ਉੱਤੇ ਉਹਦੇ ਚਾਚੇ ਚੇਤੂ ਦਾ ਘਰ ਸੀ। ਬੂਟਾ ਜ਼ਖ਼ਮੀ ਹੋਇਆ ਡਿਗਦਾ-ਢਹਿੰਦਾ ਉਹਦੇ ਘਰ ਜਾ ਵੜਿਆ ਅਤੇ ਮੰਜੇ ਉੱਤੇ ਜਾ ਡਿਗਿਆ। ਬਾਕੀਆਂ ਨੇ ਛੋਟਾ ਦਰਵਾਜ਼ਾ ਤੋੜ ਸੁਟਿਆ ਅਤੇ ਦਲਾਨ ਵਿਚ ਜਾ ਵੜੇ। ਦਰਵਾਜ਼ਾ ਹਰਬਖ਼ਸ਼ ਸਿੰਘ, ਸਾਧੂ ਸਿੰਘ ਵਾਇਦਾ-ਮੁਆਫ਼ ਅਤੇ ਧੰਨਾ ਸਿੰਘ ਵਾਇਦਾ-ਮੁਆਫ਼ ਨੇ ਤੋੜਿਆ ਸੀ। ਕੁਝ ਚਿਰ ਬਾਅਦ ਥੋੜ੍ਹੇ-ਥੋੜ੍ਹੇ ਵਕਫ਼ੇ ਨਾਲ ਦੋ ਫ਼ਾਇਰ ਵਤਨ ਸਿੰਘ ਨੇ ਪਸਤੌਲ ਨਾਲ ਕੀਤੇ ਅਤੇ ਇਸੇ ਤਰ੍ਹਾਂ ਦੋ ਫ਼ਾਇਰ ਬਾਬੂ ਸੰਤਾ ਸਿੰਘ ਨੇ ਵੀ ਕਰ ਦਿੱਤੇ, ਤਾਂ ਜੋ ਪਿੰਡ ਦੇ ਲੋਕ ਬੂਟੇ ਦਾ ਰੌਲਾ ਸੁਣ ਕੇ ਮਦਦ ਲਈ ਨਾ ਆ ਜਾਣ। ਇਸੇ ਗੱਲ ਦਾ ਨਤੀਜਾ ਸੀ ਕਿ ਹੋਰ ਕੋਈ ਵੀ ਡਰਦਾ ਮਦਦ ਲਈ ਨਹੀਂ ਸੀ ਆਇਆ।"

ਬੰਤਾ ਸਿੰਘ ਅਤੇ ਧੰਨਾ ਸਿੰਘ ਬਹਿਬਲਪੁਰੀਆ ਉਤਲਾ ਕੰਮ ਨਿਬੇੜ ਕੇ ਥੱਲੇ ਆ ਗਏ। ਉਹਨਾਂ ਨੇ ਇਕ ਮੋਮਬੱਤੀ ਬਾਲ ਲਈ ਜਿਹੜੀ ਪਹਿਲਾਂ ਹੀ ਨਾਲ ਲਿਆਂਦੀ ਹੋਈ ਸੀ। ਦਲਾਨ ਵਿਚ ਤਿੰਨ ਜ਼ਨਾਨੀਆਂ ਸਨ ਅਤੇ ਨਾਲ ਦੀ ਕੋਠੜੀ ਵਿਚ ਬੂਟੇ ਦੇ ਦੋ ਪੋਤੇ ਪਏ ਸਨ। ਰੌਲਾ ਸੁਣ ਕੇ ਮੁੰਡੇ ਵੀ ਜਾਗ ਪਏ। ਇਕ ਮੁੰਡੇ ਨੇ ਕਿਹਾ, "ਮੈਂ ਤੁਹਾਨੂੰ ਪਛਾਣ ਲਿਆ ਹੈ। ਲੌਢੇ ਵੇਲੇ ਸਾਡੇ ਘਰੋਂ ਚਾਹ ਪੀ ਕੇ ਗਏ ਹੋ ਤੇ ਹੁਣ ਸਾਨੂੰ ਮਾਰਨ ਆ ਗਏ ਹੋ।" ਧੰਨਾ ਸਿੰਘ ਵਾਇਦਾ-ਮੁਆਫ਼ ਨੇ ਇਹ ਸੋਚ ਕੇ ਕਿ ਜੇ ਸਚਮੁੱਚ ਹੀ ਸਾਨੂੰ ਪਛਾਣ ਲਿਆ ਹੈ ਤਾਂ ਜ਼ਰੂਰ ਪੁਲਸ ਨੂੰ ਪਤਾ ਲਗ ਜਾਵੇਗਾ, ਛਵ੍ਹੀ ਦਾ ਵਾਰ ਕਰਕੇ ਮੁੰਡੇ ਦੀ ਗਰਦਨ ਲਾਹ ਸੁਟੀ। ਜਿਸ ਵੇਲੇ ਦੂਜਾ ਮੁੰਡਾ ਰੌਲਾ ਪਾਉਣ ਲਗਿਆ ਤਾਂ ਬੰਤਾ ਸਿੰਘ ਨੇ ਉਹਦੀ ਬਾਂਹ ਵੱਢ ਸੁੱਟੀ ਅਤੇ ਉਹ ਬੇਹੋਸ਼ ਹੋ ਕੇ ਡਿਗ ਪਿਆ। ਉਸ ਵੇਲੇ ਉਹ ਦੋਨੋਂ ਹੀ ਅੰਦਰ ਸਨ। ਬਾਕੀ ਦਲਾਨ ਦੇ ਬਾਹਰ ਹੀ ਖੜੋਤੇ ਸਨ। ਕੋਠੜੀ ਦੀ ਤਲਾਸ਼ੀ ਲੈਣ ਉੱਤੇ ਵੀ ਕੁਝ ਹੱਥ-ਪੱਲੇ ਨਾ ਪਿਆ। ਫੇਰ ਉਹ ਦਲਾਨ ਵਿਚ ਆ ਗਏ।

ਧੰਨਾ ਸਿੰਘ ਵਾਇਦਾ-ਮੁਆਫ਼ ਮੋਮਬੱਤੀ ਲਈ ਖੜੋਤਾ ਰਿਹਾ, ਬੰਤਾ ਸਿੰਘ ਨੇ ਬੂਟੇ ਦੀ ਘਰਵਾਲੀ ਦੀਆਂ ਕੰਨਾਂ ਦੀਆਂ ਸੋਨੇ ਦੀਆਂ ਮੁਰਕੀਆਂ ਤੇ ਹੱਥਾਂ ਦੇ ਚਾਂਦੀ ਦੇ ਕੜੇ ਲੁਹਾ ਲਏ। ਇਕ ਕੁੜੀ ਦੇ ਗਲੋਂ ਚਾਂਦੀ ਦੀ ਤੰਦੀਰ ਲੁਹਾ ਲਈ। ਦੂਜੀ ਕੋਠੜੀ ਵਿਚੋਂ ਤਲਾਸ਼ੀ ਲੈਣ ਉੱਤੇ ਕੁਝ ਮਾਮੂਲੀ ਜਿਹੇ ਸੋਨੇ-ਚਾਂਦੀ ਦੇ ਗਹਿਣੇ ਵੀ ਮਿਲੇ। ਪਰ ਨਕਦ ਕੁਝ ਪੱਲੇ ਨਾ ਪਿਆ। ਬੂਟੇ ਦੀ ਜ਼ਨਾਨੀ ਨੇ ਆਖਿਆ, "ਤੁਹਾਨੂੰ

ਜਨਾਨੀਆਂ ਦੇ ਗਹਿਣੇ ਨਹੀਂ ਸੀ ਖੋਹਣੇ ਚਾਹੀਦੇ।" ਸੰਤਾ ਸਿੰਘ ਨੇ ਆਖਿਆ, "ਭਲਾ ਏਸ ਵਿਚ ਸਾਡਾ ਕੀ ਕਸੂਰ ਹੈ ? ਤੇਰੇ ਘਰ-ਵਾਲਾ ਰੋਜ਼ ਥਾਣੇ ਜਾ-ਜਾ ਮੁਖ਼ਬਰੀਆਂ ਕਰਦਾ ਹੈ। ਬੇਗੁਨਾਹਾਂ ਉੱਤੇ ਝੂਠੀਆਂ ਗਵਾਹੀਆਂ ਦੇ-ਦੇ ਕੈਦ ਕਰਵਾ ਰਿਹਾ ਹੈ। ਕਾਲੀਆਂ ਪੱਗਾਂ ਵਾਲਿਆਂ ਉੱਤੇ ਜਾ-ਜਾ ਸ਼ਕਾਇਤਾਂ ਕਰਕੇ ਅੰਦਰ ਕਰਵਾਈ ਜਾਂਦਾ ਹੈ। ਅੰਗਰੇਜ਼ਾਂ ਦੀ ਮੁੱਛ ਦਾ ਵਾਲ ਬਣਿਆ ਜਗੀਰਾਂ ਅਤੇ ਮੁਰੱਬਿਆਂ ਦੇ ਲਾਲਚ ਵਿਚ ਅੰਨ੍ਹਾ ਹੋਇਆ ਫਿਰਦਾ ਹੈ। ਵਾਰ-ਵਾਰ ਸਾਡੇ ਕਹਿਣ ਉੱਤੇ ਵੀ ਬਾਜ਼ ਨਹੀਂ ਆਇਆ। ਕੀ ਹੁਣ ਵੀ ਝੋਲੀ-ਚੁਕਣੀ ਛਡੋਂਗੇ ਜਾਂ ਨਹੀਂ ?" ਉਸ ਵੇਲੇ ਬਾਬੂ ਸੰਤਾ ਸਿੰਘ ਅੰਦਰ-ਬਾਹਰ ਲਗਾਤਾਰ ਨਿਗਰਾਨੀ ਲਈ ਗੇੜੇ ਮਾਰ ਰਿਹਾ ਸੀ।

ਏਨੇਂ ਨੂੰ ਛਾਉਣੀ ਤੋਂ ਇਕ ਬਿਗਲ ਦੀ ਆਵਾਜ਼ ਸੁਣਾਈ ਦਿੱਤੀ ਅਤੇ ਵਤਨ ਸਿੰਘ ਨੇ ਅੰਦਰ ਆ ਕੇ ਚਲੋ ਚੱਲਣ ਦਾ ਮਸ਼ਵਰਾ ਦਿੱਤਾ। ਸਾਰੇ ਵਾਪਸ ਉਥੇ ਆ ਗਏ ਜਿਥੇ ਫ਼ਾਲਤੂ ਸਾਮਾਨ ਰੱਖ ਗਏ ਸਨ। ਜੋ ਮਾਲ ਹੱਥ ਲਗਿਆ ਸੀ, ਬਾਬੂ ਸੰਤਾ ਸਿੰਘ ਅਤੇ ਬੰਤਾ ਸਿੰਘ ਧਾਮੀਆਂ ਦੇ ਹਵਾਲੇ ਹਥਿਆਰ ਖ਼ਰੀਦਣ ਲਈ ਕਰ ਦਿੱਤਾ। ਪਿਆਰਾ ਸਿੰਘ ਧਾਮੀਆਂ ਵਾਲੇ ਦਾ ਭਤੀਜਾ ਕਣਕ ਦਾ ਗੱਡਾ ਲੈ ਕੇ ਵੇਚਣ ਲਈ ਜਲੰਧਰ ਮੰਡੀ ਨੂੰ ਜਾ ਚੁਕਿਆ ਸੀ, ਸੋ ਉਹ ਤਾਂ ਜਲੰਧਰ ਨੂੰ ਚਲਿਆ ਗਿਆ। ਧੰਨਾ ਸਿੰਘ ਦੀ ਦੱਬੀ ਹੋਈ ਜੁੱਤੀ ਤਲਾਸ਼ ਦੇ ਬਾਵਜੂਦ ਨਾ ਮਿਲ ਸਕੀ। ਸਾਰੇ ਵਾਪਸ ਮੁੜ ਤੁਰੇ। ਰੇਲ ਦੀ ਪਟੜੀ ਆਦਮਪੁਰ ਲਾਗੇ ਬਾਗ਼ ਵਿਚ ਆ ਕੇ ਥੋੜ੍ਹਾ ਚਿਰ ਆਰਾਮ ਕੀਤਾ। ਦਿਨ ਚੜ੍ਹਦਿਆਂ ਵਤਨ ਸਿੰਘ, ਸਾਧਾ ਸਿੰਘ ਤੇ ਪ੍ਰਾਗਪੁਰੀਆ ਸਾਧੂ ਸਿੰਘ ਪੰਡੋਰੀ ਨਿੱਝਰਾਂ ਨੂੰ ਆ ਗਏ ਅਤੇ ਬਾਕੀ ਵੀ ਆਪਣੇ-ਆਪਣੇ ਠਿਕਾਣਿਆਂ ਵੱਲ ਚਲੇ ਗਏ।

ਜਿਸ ਵੇਲੇ ਸਾਰਾ ਕੰਮ ਨਿਬੇੜ ਕੇ ਬਬਰ ਜਾ ਚੁੱਕੇ ਸਨ, ਤਾਂ ਬੂਟੇ ਦਾ ਚਾਚਾ ਚੇਤੂ ਬੂਟੇ ਦੇ ਘਰ ਆਇਆ ਅਤੇ ਪ੍ਰੇਮੀ ਨੂੰ ਦਸਿਆ ਕਿ ਉਹਦਾ ਘਰਵਾਲਾ ਉਹਦੇ ਘਰ ਜ਼ਖ਼ਮੀ ਹੋਇਆ ਪਿਆ ਹੈ। ਉਸੇ ਵੇਲੇ ਭੋਲਾ ਚੌਂਕੀਦਾਰ ਰਪੋਟ ਦੇਣ ਲਈ ਸਦਰ ਥਾਣੇ ਜਲੰਧਰ ਘੱਲ ਦਿਤਾ ਗਿਆ।

ਬੂਟੇ ਦੀ ਘਰਵਾਲੀ ਪ੍ਰੇਮੀ, ਗਵਾਹ ਨੰ: 448 ਪੇਪਰ-ਬੁੱਕ ਦੇ ਸਫ਼ਾ 790 ਉੱਤੇ ਦਸਦੀ ਹੈ ਕਿ "ਮੈਂ, ਮੇਰੀ ਨੂੰਹ ਚੇਤਨ ਕੌਰ ਅਤੇ ਲੜਕੀ ਦਲਾਨ ਵਿਚ ਸੁੱਤੀਆਂ ਪਈਆਂ ਸੀ। ਡਾਕੂ ਸਾਡੇ ਘਰ ਆ ਵੜੇ ਅਤੇ ਸਾਡੇ ਚਪੇੜਾਂ ਮਾਰ-ਮਾਰ ਪੁੱਛ ਰਹੇ ਸਨ ਕਿ ਅਗੋਂ ਵੀ ਝੋਲੀ ਚੁੱਕੋਂਗੇ।"

ਸੈਸ਼ਨ ਜੱਜ ਸਾਹਿਬ ਜੱਜਮੈਂਟ ਦੇ ਸਫ਼ਾ 87 ਉੱਤੇ ਲਿਖਦੇ ਹਨ ਕਿ ਇਸ ਬਦਕਿਸਮਤ ਲੰਬੜਦਾਰ ਦਾ ਨਾਂ ਬਬਰਾਂ ਦੀ ਬਲੈਕ ਲਿਸਟ ਵਿਚ ਨੰਬਰ 13 ਉੱਤੇ ਦਰਜ ਸੀ, ਜੋ ਪੀ ਏ 323 ਅਦਾਲਤ ਵਿਚ ਮੌਜੂਦ ਹੈ ਅਤੇ ਉਹਦੇ ਉਤੇ ਬੂਟੇ ਦਾ ਸੁਧਾਰ ਕਰਨ ਦੀ ਤਾਰੀਖ 10 ਮਾਰਚ 1923 ਦਰਜ ਹੈ।

# 38. ਭਾਈ ਕਿਸ਼ਨ ਸਿੰਘ ਗੜਗੱਜ ਦੀ ਗਰਿਫ਼ਤਾਰੀ : 26 ਫ਼ਰਵਰੀ 1923

ਭਾਈ ਕਿਸ਼ਨ ਸਿੰਘ ਦੇ ਪਿੰਡ ਦਾ ਇਕ ਆਦਮੀ ਕਾਬੁਲ ਸਿੰਘ ਭਾਈ ਸਾਹਿਬ ਦਾ ਇਕ ਭਰੋਸੇਜੋਗ ਸਾਥੀ ਸੀ ਜਿਹੜਾ ਢੱਡੇ ਖਾਂਚੀਆਂ, ਜ਼ਿਲਾ ਹੁਸ਼ਿਆਰਪੁਰ ਦੇ ਇਕ ਲਾਭ ਸਿੰਘ ਨਾਮੀ ਬੰਦੇ ਦਾ ਜੁਆਈ ਸੀ। ਇਹ ਲਾਭ ਸਿੰਘ ਪੁਲਸ ਦਾ ਪੱਕਾ ਟਾਊਟ ਸੀ। ਇਹ ਪਿੰਡ ਆਦਮਪੁਰ ਹਰਿਆਣੇ ਨੂੰ ਜਾਂਦੀ ਸੜਕ ਉੱਤੇ ਸ਼ਾਮਚੁਰਾਸੀ ਤੋਂ ਕੋਈ ਤਿੰਨ-ਚਾਰ ਮੀਲ ਹਰਿਆਣੇ ਵੱਲ ਬੁਲੋਵਾਲ ਦੇ ਦੁਸੜਕੇ ਲਾਗੇ ਸੀ। ਇਸ ਦੁਸੜਕੇ ਲਾਗੇ ਹੁਸ਼ਿਆਰਪੁਰ ਵੱਲ ਪੰਡੋਰੀ ਖਜੂਰ ਦੀ ਲਾਗੇ ਇਕ ਬੇਆਬਾਦ ਕੋਠਾ ਸੀ। ਉਸ ਵਿਚ ਇਕ ਪਹੁੰਚਿਆ ਹੋਇਆ ਫ਼ਕੀਰ ਚਿੱਲਾ ਕੱਟ ਰਿਹਾ ਸੀ। ਆਲੇ-ਦੁਆਲੇ ਦੇ ਪਿੰਡਾਂ ਵਿਚ ਪਹਿਲਾਂ ਦੱਸੇ ਜਾ ਚੁੱਕੇ ਸੰਤਾਂ ਵਾਂਗੂ ਆਪਣੇ ਬਣਾਉਟੀ ਚੇਲਿਆਂ-ਚਾਟਿਆਂ ਰਾਹੀਂ ਕਾਫ਼ੀ ਪ੍ਰਚਾਰ ਕਰਵਾ ਚੁਕਿਆ ਸੀ ਕਿ ਇਕ ਤਾਂ ਉਹ ਸੋਨਾ ਬਣਾਉਣ ਦਾ ਮਾਹਿਰ ਹੈ ਅਤੇ ਦੂਜੇ, ਉਹਦੇ ਕੋਲ ਇਕ ਇਹੋ ਜਿਹਾ ਸੁਰਮਾ ਹੈ ਜਿਹੜਾ ਅੱਖਾਂ ਵਿਚ ਪਾ ਲੈਂਦਾ ਹੈ ਤਾਂ ਉਹ ਤਾਂ ਸਭ ਨੂੰ ਦੇਖ ਸਕਦਾ ਹੈ, ਪਰ ਉਹਨੂੰ ਕੋਈ ਨਹੀਂ ਦੇਖ ਸਕਦਾ। ਇਹੋ ਢੱਡਿਆਂ ਵਾਲਾ ਲਾਭ ਸਿੰਘ ਉਹਦਾ ਪਹਿਲੇ ਨੰਬਰ ਦਾ ਭਰੋਸੇਜੋਗ ਚੇਲਾ ਬਣ ਕੇ ਪੈਂਠ ਬਣਾਈ ਬੈਠਾ ਸੀ। ਇਸ ਕੋਠੇ ਨੂੰ ਬੱਸ ਇਕੋ-ਇਕ ਪੁਰਾਣਾ ਜਿਹਾ ਲਕੜੀ ਦਾ ਦਰਵਾਜ਼ਾ ਸੀ ਅਤੇ ਅੰਦਰ ਦੋ ਮੰਜੀਆਂ ਪਈਆਂ ਹੋਈਆਂ ਸਨ। ਕੋਠਾ ਬਿਲਕੁਲ ਨਿਵੇਕਲੀ ਥਾਂ ਸੀ।

ਇਸ ਪਹੁੰਚੇ ਹੋਏ ਫ਼ਕੀਰ ਦਾ ਨਾਂ ਸੀ ਕਰਮ-ਉਦ-ਦੀਨ। ਉਹ ਨਾਲ ਹੀ ਹਿਕਮਤ ਦਾ ਵੀ ਪ੍ਰਪੰਚ ਚਲਾਈ ਬੈਠਾ ਸੀ। ਲੜਕੇ ਜਮਾਉਣ ਦੇ ਤਾਵੀਜ਼ ਅਤੇ ਬਾਂਝ ਔਰਤਾਂ ਨੂੰ ਔਲਾਦ ਦੀਆਂ ਬਖਸ਼ਿਸ਼ਾਂ ਵੀ ਕਰ ਰਿਹਾ ਸੀ। ਸੋਲਾਂ ਕਲਾਂ ਸੰਪੂਰਨ ਹੋਣ ਦੀ ਮਸ਼ਹੂਰੀ ਹਾਸਲ ਕਰ ਚੁਕਿਆ ਸੀ। ਸਵੇਰੇ ਦਸ ਬਜੇ ਦਰਵਾਜ਼ਾ ਖੁਲ੍ਹਦਾ ਅਤੇ ਸ਼ਾਮ ਚਾਰ ਬਜੇ ਫ਼ਕੀਰ ਹੁਰੀਂ ਚਿੱਲਾ ਸ਼ੁਰੂ ਕਰਨ ਲਈ ਦਰਵਾਜ਼ਾ ਬੰਦ ਕਰਕੇ ਅੰਦਰ ਬਰਾਜਮਾਨ ਹੋ ਜਾਂਦੇ। ਚੇਲੇ-ਚੇਲੀਆਂ, ਮੁਰੀਦ-ਮੁਰੀਦਣਾਂ ਆਪਣੇ-ਆਪਣੇ ਦੁਖੜੇ ਫੋਲ ਕੇ ਤਾਵੀਜ਼ ਮੰਗਦੇ, ਜਿਹੜੇ ਢੇਰਾਂ ਦੇ ਢੇਰ ਤਿਆਰ ਹੁੰਦੇ ਅਤੇ ਫ਼ਕੀਰ ਸਾਹਿਬ ਵਰਤਾਈ ਜਾਂਦੇ। ਸੁਆਹ ਦੀ ਚੁਟਕੀ ਵੱਖਰੀ ਵੰਡੀ ਜਾਂਦੀ, ਜਿਹੜੀ ਧੂਣੇ ਤੋਂ ਤਿਆਰ ਕੀਤੀ ਜਾਂਦੀ ਸੀ।

ਦੂਜੇ ਬੰਨੇ ਭਾਈ ਸਾਹਿਬ ਦੇ ਪਿੰਡ ਵਾਲਾ ਕਾਬੁਲ ਸਿੰਘ ਵੀ ਅੰਦਰੋ-ਅੰਦਰੀ ਪੁਲਸ ਨਾਲ ਗੰਢ-ਤ੍ਰੁੱਪ ਕਰ ਚੁਕਿਆ ਸੀ। ਕੁਝ ਸਮੇਂ ਲਈ ਫ਼ਕੀਰ ਸਾਹਿਬ ਨੂੰ ਉਹ ਬਿੜੰਗੀਂ ਆਪਣੇ ਖੂਹ ਉੱਤੇ ਲੈ ਆਇਆ ਅਤੇ ਇਥੇ ਵੀ ਜਾਦੂ ਚੱਲ ਨਿਕਲਿਆ। ਢੱਡਿਆਂ ਵਾਲੇ ਚੇਲੇ-ਚਾਂਟੇ ਵੀ ਸਹਿਜੇ-ਸਹਿਜੇ ਦਰਸ਼ਨਾਂ ਲਈ ਆਉਣੇ ਸ਼ੁਰੂ ਹੋ ਗਏ ਅਤੇ ਮਾਨਤਾ ਚੱਲ ਨਿਕਲੀ। ਉਧਰ ਕਾਬੁਲ ਸਿੰਘ ਪਹਿਲਾਂ ਤੋਂ ਹੀ ਥੋੜ੍ਹੀ ਬਹੁਤੀ ਮਾਲੀ ਸਹਾਇਤਾ ਬਬਰਾਂ ਦੀ ਸੱਚੇ ਦਿਲੋਂ ਕਰਦਾ ਸੀ। ਹੁਣ ਸਹੁਰੇ ਦੇ ਅਸਰ ਹੇਠ ਸੁਆਰਥ ਲਈ ਜ਼ਰਾ ਜ਼ਿਆਦਾ ਕਰਨ ਲੱਗ ਪਿਆ। ਭਾਈ ਸਾਹਿਬ ਨੂੰ ਮਿੰਨ੍ਹਾ-ਮੀਸਣਾ ਬਣ ਕੇ ਭਰਮਾ ਕੇ ਚੰਗੀ ਤਰ੍ਹਾਂ ਆਪਣੇ ਭਰੋਸੇ ਵਿਚ ਲੈ ਆਂਦਾ। ਉਹਨਾਂ ਦਿਨਾਂ ਵਿਚ ਭਾਈ ਸਾਹਿਬ ਦੇ ਇਕੋ-ਇਕ ਲੜਕਾ ਦੋ-ਤਿੰਨਾਂ ਸਾਲਾਂ ਦਾ ਸੀ ਜੀਹਦੀ ਖ਼ਬਰਗੀਰੀ ਇਸੇ ਕਾਬੁਲ ਸਿੰਘ ਨੇ ਸੰਭਾਲ ਰੱਖੀ ਸੀ। ਬਾਅਦ ਵਿਚ ਜਦੋਂ ਸਾਡਾ ਕੇਸ ਲਾਹੌਰ ਸੈਂਟਰਲ ਜਿਹਲ ਵਿਚ ਚੱਲ ਰਿਹਾ ਸੀ ਤਾਂ ਇਹ ਲੜਕਾ ਛਪੜ ਵਿਚ ਡੁੱਬ ਕੇ ਚਲਾਣਾ ਕਰ ਗਿਆ ਸੀ ਅਤੇ ਦੂਜਾ ਪੈਦਾ ਹੋਣ ਦੀ ਖ਼ਬਰ ਜਿਹਲ ਵਿਚ ਹੀ ਮਿਲੀ ਸੀ।

ਅੱਜ-ਕੱਲ੍ਹ ਜਿਹਲ ਵੇਲੇ ਦਾ ਜੰਮਿਆ ਹੋਇਆ ਲੜਕਾ ਫ਼ੌਜ ਦੀ ਨੌਕਰੀ ਤੋਂ ਰੀਟਾਇਰ ਹੋ ਕੇ ਸੰਤ ਅਕਾਲੀ ਦਲ ਦਾ ਲੀਡਰ ਸਜ ਚੁਕਿਆ ਹੈ। ਮੈਂ ਮਿਲਿਆ ਤਾਂ ਨਹੀਂ, ਸੁਣਿਆ ਜ਼ਰੂਰ ਹੈ।

ਕਾਬੁਲ ਸਿੰਘ ਦੀ ਪ੍ਰੇਰਨਾ ਸਦਕਾ ਭਾਈ ਸਾਹਿਬ ਵੀ ਉਹਦੇ ਨਾਲ ਇਸ ਕੋਲ ਆਉਣ-ਜਾਣ ਲੱਗ ਪਏ ਅਤੇ ਚੰਗੀ ਜਾਣ-ਪਛਾਣ ਹੋਣ ਮਗਰੋਂ ਫ਼ਕੀਰ ਨੇ ਮੁੜ ਉਸੇ ਢੁਸੜਕੇ ਵਾਲੇ ਕੋਠੇ ਵਿਚ ਜਾ ਆਪਣਾ ਅਡੰਬਰ ਦੁਬਾਰਾ ਰਚਾ ਲਿਆ। ਫ਼ਜ਼ੂਲ ਜਿਹੀਆਂ ਅਜੀਬ-ਅਜੀਬ ਜੜੀ-ਬੂਟੀਆਂ ਪਹਾੜਾਂ ਵਿਚੋਂ ਮੰਗਵਾ ਕੇ ਪਹਿਲਾਂ ਹੀ ਸਲੀਕੇ ਨਾਲ ਸਜਾ-ਸਜਾ ਰੱਖੀਆਂ ਜਾ ਚੁੱਕੀਆਂ ਸਨ। ਕੁਝ ਡਬਿਆਂ ਉਤੇ ਲੇਬਲ ਲਾ-ਲਾ ਅਤੇ ਪੱਥਰ ਦੇ ਕੂੰਡੇ-ਸੋਟੇ ਵੀ ਰੱਖੇ ਹੋਏ ਸਨ, ਜਿਨ੍ਹਾਂ ਦਾ ਪਹਿਲਾਂ ਹੀ ਚੇਲੇ-ਚਾਟਿਆਂ ਨੇ ਬੜੇ ਸੁਚੱਜੇ ਢੰਗ ਨਾਲ ਇੰਤਜ਼ਾਮ ਕਰ ਛਡਿਆ ਸੀ। ਹੁਣ ਤਕ ਪਾਠਕ ਸ਼ਾਇਦ ਸਮਝ ਚੁੱਕੇ ਹੋਣਗੇ ਕਿ ਇਹ ਸਭ ਬੰਦੋਬਸਤ ਉਸੇ ਮੀਰ ਫ਼ਜ਼ਲ ਇਮਾਮ ਸੀ ਆਈ ਡੀ ਇੰਚਾਰਜ ਦੇ ਦਿਮਾਗ਼ ਦੀ ਕਾਢ ਸੀ, ਜੀਹਨੇ ਬਬਰ ਅਕਾਲੀ ਲਹਿਰ ਦੇ ਮੰਨੇ-ਪ੍ਰਮੰਨੇ ਹੁਸ਼ਿਆਰ ਆਗੂ ਨੂੰ ਫਾਹੁਣ ਲਈ ਅਜਿਹੀ ਕੁੜੱਕੀ ਤਿਆਰ ਕਰ ਲਈ ਸੀ ਕਿ ਉਹ ਚੌਕਸ ਅਤੇ ਸਾਵਧਾਨ ਹੋਣ ਦੇ ਬਾਵਜੂਦ ਤੰਦੂਏ ਦੇ ਜਾਲ ਵਿਚ ਫਸਦਾ ਹੀ ਚਲਿਆ ਗਿਆ। ਸਾਥੀਆਂ ਦੇ ਕਹਿਣ ਉੱਤੇ ਵੀ ਉਹਨੇ ਸ਼ਿਕੰਜੇ ਵਿਚੋਂ ਨਿਕਲਣ ਬਾਰੇ ਨਾ ਸੋਚਿਆ। ਇਸ ਫ਼ਕੀਰ ਦੀ ਚਰਬ-ਜ਼ਬਾਨੀ ਅਤੇ ਤੇਜ਼ ਨਿਗਾਹ ਭਾਈ ਸਾਹਿਬ ਨੂੰ ਵਿਸ਼ਵਾਸੀ ਬਣਾਉਂਦੀ ਹੀ ਚਲੀ ਗਈ। ਸੋਨਾ ਬਣਾ ਕੇ ਹਥਿਆਰ ਖ਼ਰੀਦਣ ਦੇ ਜਨੂੰਨ ਨੇ ਉਸ ਵੇਲੇ, ਗੁਸਤਾਖ਼ੀ ਮੁਆਫ਼, ਭਾਈ ਸਾਹਿਬ ਨੂੰ ਵੀ, ਸਮਝ ਲਉ, ਕੁਰਾਹੇ ਪਾ ਹੀ ਲਿਆ ਸੀ।

ਇਸੇ ਗੱਲ ਦੀ ਖ਼ਬਰ ਭਾਈ ਕਿਸ਼ਨ ਸਿੰਘ ਨੇ ਉੱਪਰ-ਦੱਸੀ ਜੱਸੋਵਾਲ ਦੀ ਮੀਟਿੰਗ ਤੋਂ ਵਾਪਸੀ ਵੇਲੇ ਜਦੋਂ ਧੰਨਾ ਸਿੰਘ ਨੂੰ ਮਿਲ ਕੇ ਦੱਸੀ ਕਿ ਅਸੀਂ ਢੇਰ ਸਾਰਾ ਸੋਨਾ ਬਣਾਉਣ ਦਾ ਪੱਕਾ ਇੰਤਜ਼ਾਮ ਕਰ ਲਿਆ ਹੈ, ਜਿਸ ਨਾਲ ਕਾਫ਼ੀ ਹਥਿਆਰ ਹਾਸਲ ਕਰ ਲਏ ਜਾਣਗੇ ਤਾਂ ਧੰਨਾ ਸਿੰਘ ਹੱਸ ਪਿਆ ਅਤੇ ਆਖਿਆ,

''ਭਾਈ ਸਾਹਿਬ, ਮੈਂ ਬੜਾ ਹੈਰਾਨ ਹਾਂ, ਤੁਸੀਂ ਐਡੇ ਵਡੇ ਸਮਝਦਾਰ ਹੁੰਦੇ ਹੋਏ ਵੀ ਭਰਮਾਂ ਵਿਚ ਫਸ ਗਏ ਜਾਪਦੇ ਹੋ। ਚਲੋ ਮੈਂ ਤੁਹਾਡੇ ਨਾਲ ਚਲਦਾ ਹਾਂ। ਉਹਤੋਂ ਸੋਨਾ ਬਣਵਾ ਦਿਉ ਅਤੇ ਮੇਰੇ ਸਾਹਮਣੇ ਅੱਖਾਂ ਵਿਚ ਸੁਰਮਾ ਪੁਆ ਲਉ। ਜੇ ਦੋਵੇਂ ਗੱਲਾਂ ਝੂਠੀਆਂ ਹੋਈਆਂ, ਇਕ ਤਾਂ ਤੁਸੀਂ ਵਹਿਮਾਂ ਵਿਚੋਂ ਛੁਟਕਾਰਾ ਪਾ ਲਉਗੇ ਅਤੇ ਦੂਜੇ ਮੈਂ ਤੁਹਾਡੇ ਸਾਹਮਣੇ ਉਸ ਪਖੰਡੀ ਫ਼ਕੀਰ ਦੀ ਬੋਟੀ-ਬੋਟੀ ਉਡਾ ਦਿਆਂਗਾ। ਮੇਰੀ ਸਮਝ ਵਿਚ ਨਹੀਂ ਆ ਰਿਹਾ, ਏਨਾਂ ਹੁਸ਼ਿਆਰ ਅਤੇ ਸਮਝਦਾਰ ਵਿਅਕਤੀ ਐਨਾਂ ਅੰਧ-ਵਿਸ਼ਵਾਸੀ ਵੀ ਹੋ ਸਕਦਾ ਹੈ। ਮੈਨੂੰ ਜਾਪਦਾ ਹੈ, ਇਹ ਕੋਈ ਬਹੁਤ ਚਤਰ ਸੂਹੀਆ ਤੁਹਾਨੂੰ ਤੁਹਾਡੇ ਭਰੋਸੇਜੋਗ ਬੰਦਿਆਂ ਦੀ ਮਦਦ ਨਾਲ ਜਾਲ ਵਿਚ ਫਸਾ ਚੁਕਿਆ ਹੈ। ਚਲੋ ਇਕ-ਦੋ ਦਿਨਾਂ ਵਿਚ ਕੁਝ ਨਹੀਂ ਵਿਗੜ ਚਲਿਆ। ਮੈਨੂੰ ਹੀ ਇਹਦੀ ਅਲਖ ਮੁਕਾ ਕੇ ਤੁਹਾਨੂੰ ਸ਼ਿਕੰਜੇ ਵਿਚੋਂ ਕੱਢਣਾ ਪੈਣਾ ਹੈ।''

ਇਹ 24 ਫ਼ਰਵਰੀ 1923 ਦੀ ਗੱਲਬਾਤ ਧੰਨਾ ਸਿੰਘ ਬਹਿਬਲਪੁਰੀਏ ਨਾਲ ਬੂਟਾ ਸਿੰਘ ਪੰਡੋਰੀ ਨਿੱਝਰਾਂ ਦੀ ਮੌਜੂਦਗੀ ਵਿਚ ਬਹਿਬਲਪੁਰ ਲਾਗੇ ਹੋਈ ਸੀ।

ਸੋ ਧੰਨਾ ਸਿੰਘ ਨੇ ਆਖਿਆ, ਤੁਸੀਂ ਅੱਜ ਹੀ ਜਾ ਕੇ ਫ਼ਕੀਰ ਨੂੰ ਕਹਿ ਦਿਉ ਕਿ ਉਹ ਸੋਨਾ ਤਿਆਰ ਕਰਨ ਦੀ ਤਿਆਰੀ ਕਰੇ, ਮੈਂ ਕੱਲ੍ਹ, 25 ਫ਼ਰਵਰੀ 1923 ਦੀ ਰਾਤ ਨੂੰ ਪੰਡੋਰੀ ਨਿੱਝਰਾਂ ਜਮੀਅਤ ਸਿੰਘ ਦੇ ਘਰ ਪੁੱਜ ਜਾਵਾਂਗਾ, ਜਿਥੇ ਮੇਰੇ ਚਾਚੇ ਦੀ ਲੜਕੀ ਉਹਦੇ ਲੜਕੇ ਨਾਲ ਵਿਆਹੀ ਹੋਈ ਹੈ ਅਤੇ 26 ਫ਼ਰਵਰੀ 1923 ਨੂੰ ਸਵੇਰੇ ਹੀ ਦੱਸੇ ਕੋਠੇ ਉੱਤੇ ਪੁੱਜ ਜਾਵਾਂਗਾ ਅਤੇ ਅਗਲੀ ਕਾਰਵਾਈ ਕੀਤੀ ਜਾਵੇਗੀ। ਸੋ ਤਿੰਨਾਂ ਨੇ, ਭਾਵ ਭਾਈ ਕਿਸ਼ਨ ਸਿੰਘ, ਬੂਟਾ ਸਿੰਘ ਅਤੇ ਧੰਨਾ ਸਿੰਘ ਨੇ 26 ਫ਼ਰਵਰੀ 1923 ਨੂੰ ਮੂੰਹ-ਹਨੇਰੇ ਫ਼ਕੀਰ ਦੀ ਕਰਾਮਾਤ ਦੇਖਣ ਦਾ ਫ਼ੈਸਲਾ ਕਰਕੇ ਆਪਣੀ-ਆਪਣੀ ਰਾਹ ਲਈ।

ਰਾਹ ਵਿਚੋਂ ਭਾਈ ਕਿਸ਼ਨ ਸਿੰਘ ਨੇ ਬੂਟਾ ਸਿੰਘ ਨੂੰ ਕੁਝ ਕਾਗਜ਼ ਲੈਣ ਲਈ ਹੁਸ਼ਿਆਰਪੁਰ ਘੱਲ ਦਿੱਤਾ ਅਤੇ ਫ਼ਕੀਰ ਦੇ ਕੋਠੇ ਉੱਤੇ ਪੁੱਜਣ ਲਈ ਆਖ ਕੇ ਆਪ ਫ਼ਕੀਰ ਪਾਸ ਆ ਗਏ। ਪਿੰਡ ਵਾਲਾ ਕਾਬੁਲ ਸਿੰਘ ਪਹਿਲਾਂ ਹੀ ਮੌਜੂਦ ਸੀ। ਸੋ ਫ਼ਕੀਰ ਨੂੰ ਆਖ ਦਿੱਤਾ ਕਿ ਕੱਲ੍ਹ ਨੂੰ ਉਹ ਸੋਨਾ ਤਿਆਰ ਕਰਨ ਦੀ ਤਿਆਰੀ ਕਰ ਲਵੇ। ਪਰਸੋਂ ਸਵੇਰੇ ਹੋਰ ਸਾਥੀ ਆ ਰਹੇ ਹਨ, ਸੋ ਹਰ ਹਾਲਤ ਵਿਚ ਸੋਨਾ ਤਿਆਰ ਹੋ ਜਾਣਾ ਚਾਹੀਦਾ ਹੈ। ''ਨਹੀਂ ਤਾਂ ਸਮਝ ਲਿਆ ਜਾਵੇਗਾ ਕਿ ਇਹ ਸਭ ਢੌਂਗ ਹੈ ਅਤੇ ਨਤੀਜਾ ਤੂੰ ਆਪ ਸਮਝ ਲੈ।'' ਭਾਈ ਸਾਹਿਬ ਨੇ ਇਹ ਚੈਲਿੰਜ ਦੇ ਕੇ ਉਸ ਹੁਸ਼ਿਆਰ ਵਿਅਕਤੀ ਨੂੰ ਖੁਲ੍ਹਾ ਮੌਕਾ ਦੇ ਦਿੱਤਾ ਕਿ ਉਹ ਆਪਣੀ ਕਾਰਗੁਜ਼ਾਰੀ ਮੌਜ ਨਾਲ ਸਿਰੇ ਚੜ੍ਹਾ ਲਵੇ।

ਮਿੱਤਰੋ, ਜਦੋਂ ਪਾਸਾ ਪੁੱਠਾ ਪੈਣ ਲੱਗੇ ਤਾਂ ਪੈਂਦਾ ਹੀ ਚਲਿਆ ਜਾਂਦਾ ਹੈ। ਬਿਲਕੁਲ ਸਾਡੇ ਲੀਡਰ ਨਾਲ ਇਹੋ ਭਾਣਾ ਵਰਤ ਰਿਹਾ ਸੀ। ਇਕ ਗੱਲੋਂ ਕੁਦਰਤ ਇਹ ਖੇਡ ਰਚਾ ਕੇ ਸਾਡੇ ਅਗੇ ਜਾ ਕੇ ਆਉਣ ਵਾਲੇ ਹਾਲਾਤ ਲਈ ਸਾਡੇ ਵਾਸਤੇ ਠੀਕ ਵੀ ਕਰ ਰਹੀ ਸੀ। ਜੋ ਨਜ਼ਾਰੇ ਮੁਕੱਦਮਾ ਚਲਦੇ ਵਿਚ ਸਾਨੂੰ ਦੇਖਣ ਲਈ ਮਿਲੇ ਸਨ, ਉਹ ਕਿਥੋਂ ਮਿਲਣੇ ਸਨ। ਜੇ ਕਿਤੇ ਭਾਈ ਸਾਹਿਬ ਪਹਿਲਾਂ ਹੀ ਕੁਝ ਹੋਰ ਸਾਥੀਆਂ ਵਾਂਗੂ ਸ਼ਹੀਦੀ ਪਾ ਜਾਂਦੇ, ਮੇਰੇ ਖ਼ਿਆਲ ਮੁਤਾਬਿਕ ਤਾਂ ਅਸੀਂ ਬਾਕੀ 90 ਮੁਲਜ਼ਮਾਂ ਨੇ, ਸਮਝ ਲਉ, ਯਤੀਮ ਹੀ ਹੋ ਜਾਣਾ ਸੀ। ਭਾਈ ਸਾਹਿਬ ਦੀਆਂ

ਮੁਕੱਦਮਾ ਚਲਦੇ ਸਮੇਂ ਅਦਾਲਤਾਂ ਨਾਲ ਸਿੱਧੀਆਂ ਨਿਧੜਕ ਝਪਟਾਂ ਸੁਨਣੀਆਂ ਕਿਥੋਂ ਨਸੀਬ ਹੋਣੀਆਂ ਸਨ, ਜਿਹੜੀਆਂ ਬਾਹਰ ਦੇ ਕਾਰਨਾਮਿਆਂ ਤੋਂ ਕਿਤੇ ਵੱਧ ਨਜ਼ਾਰਾ ਦੇ ਜਾਂਦੀਆਂ ਸਨ। . . .

25 ਫ਼ਰਵਰੀ 1925 ਨੂੰ ਬੂਟਾ ਸਿੰਘ ਲੌਢੇ ਵੇਲੇ ਫ਼ਕੀਰ ਦੇ ਕੋਠੇ ਉਤੇ ਸਾਮਾਨ ਲੈ ਕੇ ਪੁਜਿਆ ਤਾਂ ਸਿਰਫ਼ ਕਾਬੁਲ ਸਿੰਘ ਹੀ ਉਥੇ ਸੀ। ਪੁੱਛਣ ਉੱਤੇ ਪਤਾ ਲਗਿਆ ਕਿ ਭਾਈ ਸਾਹਿਬ ਖੂਹ ਉੱਤੇ ਅਸ਼ਨਾਨ ਕਰਨ ਗਏ ਹੋਏ ਹਨ ਅਤੇ ਫ਼ਕੀਰ ਸਾਹਿਬ ਕੱਲ੍ਹ ਨੂੰ ਸੋਨਾ ਬਣਾਉਣ ਦੀ ਤਿਆਰੀ ਲਈ ਕਿਸੇ ਪਾਸੇ ਸਾਮਾਨ ਲੈਣ ਗਏ ਹਨ। ਬੂਟਾ ਸਿੰਘ ਵੀ ਉਸੇ ਖੂਹ ਉੱਤੇ ਜਾ ਪੁਜਿਆ ਅਤੇ ਕਮਰੇ ਵਿਚ ਪਈ ਇਕ ਡਾਇਰੀ ਚੁੱਕ ਕੇ ਨਾਲ ਲੈ ਗਿਆ, ਜੋ ਉਰਦੂ ਵਿਚ ਲਿਖੀ ਗਈ ਸੀ। ਭਾਈ ਸਾਹਿਬ ਉਰਦੂ ਨਹੀਂ ਸਨ ਜਾਣਦੇ, ਬੂਟਾ ਸਿੰਘ ਜਾਣਦਾ ਸੀ। ਸੋ ਉਹਨੇ ਉਹ ਪੜ੍ਹ ਕੇ ਭਾਈ ਸਾਹਿਬ ਨੂੰ ਸੁਣਾਈ, ਜਿਸ ਵਿਚ ਦਰਜ ਸੀ : "ਛਾਉਣੀ ਤੋਂ ਆਦਮਪੁਰ ਤਕ ਰੇਲ ਦਾ ਕਿਰਾਇਆ ਚਾਰ ਆਨੇ ; ਛਾਉਣੀ ਤੋਂ ਬੰਗੇ ਅੱਠ ਆਨੇ ; ਵਾਪਸੀ।" ਬਾਕੀ ਖਾਲੀ ਪਈ ਸੀ। ਭਾਈ ਸਾਹਿਬ ਨੇ ਦਸਿਆ ਕਿ "ਫ਼ਕੀਰ ਸਾਮਾਨ ਦੀ ਤਿਆਰੀ ਲਈ ਜਲੰਧਰ ਵੱਲ ਗਿਆ ਹੈ ਅਤੇ ਕੱਲ੍ਹ ਸਵੇਰੇ ਤਿਆਰੀ ਕਰਨੀ ਸ਼ੁਰੂ ਕਰ ਦੇਵੇਗਾ। ਕਾਬਲ ਸਿੰਘ ਨੂੰ ਪਾਥੀਆਂ ਲਿਆਉਣ ਲਈ ਕਹਿ ਗਿਆ ਹੈ। ਕੁਝ ਆ ਚੁਕੀਆਂ ਹਨ, ਕੁਝ ਆ ਰਹੀਆਂ ਹਨ।"

ਬੂਟਾ ਸਿੰਘ ਨੇ ਮਖੌਲ ਕਰਦਿਆਂ ਕਿਹਾ, "ਭਾਈ ਸਾਹਿਬ, ਤੁਸੀਂ ਕਿੰਨੇ ਭੋਲੇ ਬਣ ਗਏ ਹੋ ਅਤੇ ਪਿੰਡ ਦੇ ਬੰਦੇ ਦੇ ਸ਼ਿਕੰਜੇ ਵਿਚ ਫਸ ਚੁੱਕੇ ਹੋ। ਫਕੀਰ ਤੁਹਾਡੇ ਲਈ ਸੋਨਾ ਨਹੀਂ ਬਣਾਉਣ ਗਿਆ, ਸਗੋਂ ਆਪਣੇ ਲਈ ਅਤੇ ਕਾਬੁਲ ਸਿੰਘ ਤੇ ਉਹਦੇ ਸਹੁਰੇ ਲਈ ਸੋਨਾ ਬਣਾਉਣ ਗਿਆ ਹੈ। ਮੇਰੀ ਮੰਨੋ, ਤਾਂ ਇਥੋਂ ਖਿਸਕਦੇ ਬਣੀਏ। ਸਵੇਰੇ ਪਤਾ ਕਰ ਲਵਾਂਗੇ ਕਿ ਉਹ ਮੁੜਦਾ ਹੈ ਜਾਂ ਨਹੀਂ। ਮੈਨੂੰ ਪੱਕਾ ਯਕੀਨ ਹੈ, ਉਹ ਜਲੰਧਰ ਪੁਲਸ ਲੈਣ ਗਿਆ ਹੈ।"

ਭਾਈ ਸਾਹਿਬ ਹੱਸ ਕੇ ਕਹਿਣ ਲਗੇ, "ਇਹ ਹੁਸ਼ਿਆਰਪੁਰ ਦਾ ਇਲਾਕਾ ਹੈ। ਜਲੰਧਰ ਦੀ ਪੁਲਸ ਦੂਜੇ ਇਲਾਕੇ ਵਿਚ ਕਿਵੇਂ ਆ ਜਾਵੇਗੀ"। ਫੇਰ ਵੀ ਬੂਟਾ ਸਿੰਘ ਨੇ ਚਿਤਾਵਨੀ ਵਜੋਂ ਕਿਹਾ, "ਹੁਸ਼ਿਆਰਪੁਰ ਤੋਂ ਆਉਣੀ ਕਿਹੜੀ ਔਖੀ ਹੈ। ਉਹ ਸਵੇਰ ਦਾ ਜਾ ਚੁਕਿਆ ਹੈ। ਉਹਦੀ ਡਾਇਰੀ ਦਸਦੀ ਹੈ ਕਿ ਉਹ ਰੇਲਾਂ ਵਿਚ ਆਉਂਦਾ-ਜਾਂਦਾ ਹੈ। ਮੇਰੀ ਮੰਨੋ ਤਾਂ ਰਾਤ ਪੈਂਦਿਆਂ ਹੀ ਨਿੱਕਲ ਤੁਰੀਏ। ਦਿਨੇ ਪੁਲਸ ਨਹੀਂ ਆਉਣ ਲਗੀ। ਦੂਰੋਂ ਦਿਸ ਸਕਦੀ ਹੈ। ਉਹ ਆਈ ਵੀ ਤਾਂ ਅੱਧੀ ਰਾਤ ਤੱਕ ਹੀ ਆਵੇਗੀ, ਜਦੋਂ ਚੁਪ-ਚਾਂ ਹੋ ਚੁਕੀ ਹੋਵੇਗੀ।"

ਪਰ ਹੋਣੀ ਉਸ ਵੇਲੇ ਵੱਖਰੀ ਕਿਸਮ ਦੀ ਖੇਡ ਰਚਾਈ ਬੈਠੀ ਸੀ। ਬਬਰ ਲਹਿਰ ਦੇ ਜਨਮਦਾਤਾ ਨਾਲ ਸਿੱਧੀ ਟੱਕਰ ਲੈਣ ਤੋਂ ਪੁਲਸ ਉਸ ਵੇਲੇ ਦੇ ਹਾਲਾਤ ਮੁਤਾਬਿਕ ਸਾਫ਼ ਕੰਨੀ ਕਤਰਾ ਜਾਂਦੀ ਸੀ। ਕਈ ਪੁਲਸੀਏ ਤਾਂ ਦਿਲੋਂ ਇਸ ਲਹਿਰ ਨਾਲ ਹਮਦਰਦੀ ਰੱਖਣ ਲੱਗ ਪਏ ਸਨ ਅਤੇ ਅੰਦਰੋ-ਅੰਦਰੀ ਸਰਕਾਰੀ ਸਰਗਰਮੀਆਂ ਦੀਆਂ ਇਤਲਾਹਾਂ ਵੀ ਪਹਿਲਾਂ ਹੀ ਪੁਚਾਉਣ ਲੱਗ ਪਏ ਸਨ। ਇਸ ਗੱਲ ਦੀ ਸੋਲਾਂ ਆਨੇ ਤਸਦੀਕ ਅਗੇ ਜਾ ਕੇ ਵਡੇ-ਵਡੇ ਸਭ ਅੰਗਰੇਜ਼ ਅਤੇ ਦੇਸੀ ਅਫ਼ਸਰਾਂ ਨੇ ਅਦਾਲਤ ਸਾਹਮਣੇ ਬਿਆਨ ਦਿੰਦਿਆਂ ਕੀਤੀ ਸੀ। ਤੇ ਬਬਰਾਂ ਦੀ ਦਹਿਸ਼ਤ ਸਚਮੁੱਚ ਏਨੀਂ

ਫੈਲ ਚੁੱਕੀ ਸੀ ਅਤੇ ਸਾਰੀ ਦੀ ਸਾਰੀ ਮਸ਼ੀਨਰੀ ਏਨਾਂ ਡਰ ਅਤੇ ਸਹਿਮ ਗਈ ਸੀ ਕਿ ਲਫ਼ਜ਼ "ਡੀਮੌਰਲਾਈਜ਼ਡ" ਵਾਰ-ਵਾਰ ਪੜ੍ਹਿਆ ਜਾ ਸਕਦਾ ਹੈ।

ਜਦੋਂ ਭਾਈ ਕਿਸ਼ਨ ਸਿੰਘ ਅਸ਼ਨਾਨ ਕਰਨ ਤੋਂ ਬਾਅਦ ਮੁੜ ਕੋਠੇ ਵਿਚ ਆ ਗਏ ਤਾਂ ਉਹਨਾਂ ਨੇ ਬੂਟਾ ਸਿੰਘ ਦੀ ਡਿਊਟੀ ਲਾਈ ਕਿ ਪਹਿਲਾਂ ਉਹ ਪਿੰਡ ਜਾ ਕੇ ਧੰਨਾ ਸਿੰਘ ਨੂੰ ਹੁਣੇ ਹੀ ਇਥੇ ਘੱਲ ਦੇਵੇ ਅਤੇ ਆਪ ਅਗਲੀ ਸਵੇਰ ਆਦਮਪੁਰੋਂ ਪਹਿਲੀ ਗੱਡੀ ਫੜ ਕੇ ਅੰਮ੍ਰਿਤਸਰ ਚਲਿਆ ਜਾਵੇ ਅਤੇ ਧਾਰੋਵਾਲੀਏ ਰਾਮ ਸਿੰਘ ਨੂੰ ਚਿੱਠੀ ਪੁਚਾ ਕੇ ਸ਼ਾਮ ਤਕ ਇਸੇ ਕੋਠੇ ਵਿਚ ਆ ਜਾਵੇ। ਸੋ ਬੂਟਾ ਸਿੰਘ ਸਿੱਧਾ ਪਹਿਲਾਂ ਧੰਨਾ ਸਿੰਘ ਦੇ ਦੱਸੇ ਮੁਤਾਬਿਕ ਜਮੀਅਤ ਸਿੰਘ ਦੇ ਘਰ ਪੁਜਿਆ, ਪਰ ਧੰਨਾ ਸਿੰਘ ਨਾ ਮਿਲ ਸਕਿਆ। ਫੇਰ ਉਹ ਕਰਤਾਰ ਸਿੰਘ ਦੀ ਬੈਠਕ ਵਿਚ ਇਸ ਖਿਆਲ ਨਾਲ ਚਲਿਆ ਗਿਆ ਕਿ ਸ਼ਾਇਦ ਧੰਨਾ ਸਿੰਘ ਉਥੇ ਮਿਲ ਪਏ। ਕਰਤਾਰ ਸਿੰਘ ਨੇ ਦਸਿਆ ਕਿ ਧੰਨਾ ਸਿੰਘ ਦਾ ਸੁਨੇਹਾ ਮਿਲਿਆ ਸੀ ਕਿ ਉਹ ਪੰਡੋਰੀ ਦੀ ਥਾਂ ਕਠਾਰ ਅਰਜਨ ਸਿੰਘ ਕੋਲ ਪੁੱਜ ਜਾਵੇਗਾ। ਸੋ ਦੋਵੇਂ ਉਸੇ ਵੇਲੇ ਕਠਾਰ ਜਾ ਕੇ ਅਰਜਨ ਸਿੰਘ ਨੂੰ ਜਾ ਮਿਲੇ। ਪਰ ਧੰਨਾ ਸਿੰਘ ਉਥੇ ਵੀ ਨਹੀਂ ਸੀ। ਸੋ ਦੋਵੇਂ ਪਿੰਡ ਨੂੰ ਮੁੜ ਆਏ। ਅਗਲੇ ਦਿਨ ਤੜਕੇ ਦੀ ਰੇਲ ਚੜ੍ਹ ਬੂਟਾ ਸਿੰਘ ਅੰਮ੍ਰਿਤਸਰ ਜਾ ਪੁਜਿਆ।

ਫ਼ਕੀਰ ਸਾਹਿਬ ਸਿੱਧੇ ਆਪਣੇ ਗੁਰੂ ਮੀਰ ਫ਼ਜ਼ਲ ਇਮਾਮ ਨੂੰ ਜਾ ਮਿਲੇ ਅਤੇ ਦੱਸ ਦਿੱਤਾ ਕਿ "ਬੱਸ ਮੌਕਾ ਅੱਜ ਦੀ ਰਾਤ ਤੱਕ ਹੀ ਹੈ। ਹੁਣ ਮੈਂ ਅਗੋਂ ਲਈ ਕੁਝ ਨਹੀਂ ਕਰ ਸਕਾਂਗਾ ਅਤੇ ਨਾ ਹੀ ਮੁੜ ਉਸ ਕੋਠੇ ਵਿਚ ਜਾਣ ਜੋਗਾ ਰਹਾਂਗਾ।" ਕੌਣ ਆਪਣੀ ਜਾਨ ਗੁਆਉਣੀ ਲੋੜਦਾ ਹੈ।

ਉਸੇ ਵੇਲੇ ਪੁਲਸ ਦੀ ਇਕ ਬਹੁਤ ਵੱਡੀ ਧਾੜ ਬੰਦੂਕਾਂ ਅਤੇ ਸੰਗੀਨਾਂ ਨਾਲ ਲੈਸ ਹੋ ਕੇ ਅਤੇ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਹੋ ਕੇ ਰਾਤੋ-ਰਾਤ 'ਕੋਠੇ ਉੱਤੇ ਆ ਪੁਜੀ, ਜਿਥੇ ਭਾਈ ਕਿਸ਼ਨ ਸਿੰਘ ਜੀ ਅਤੇ ਕਾਬੁਲ ਸਿੰਘ ਗੂੜ੍ਹੀ ਨੀਂਦ ਬੇਫ਼ਿਕਰੇ ਸੁੱਤੇ ਪਏ ਸਨ। ਹੁਣ ਕੋਠਾ ਪੂਰੀ ਤਰ੍ਹਾਂ ਮੁਸੱਲਾਹ ਪੁਲਸ ਦੇ ਘੇਰੇ ਵਿਚ ਆ ਚੁਕਿਆ ਸੀ। ਇਕ ਦੀਵਾ ਅੰਦਰ ਜਗ ਰਿਹਾ ਸੀ ਅਤੇ ਕੁਝ ਕਾਗ਼ਜ਼ ਜ਼ਮੀਨ ਤੇ ਖਿਲਰੇ ਪਏ ਸਨ। ਭਾਈ ਸਾਹਿਬ ਹਰ ਵੇਲੇ ਕੁਝ ਨਾ ਕੁਝ ਲਿਖਦੇ ਹੀ ਰਹਿੰਦੇ ਸਨ। ਇਕ ਡਾਇਰੀ ਵੀ ਪੂਰੇ-ਪੂਰੇ ਵੇਰਵਿਆਂ ਨਾਲ ਲਿਖ ਰਖੀ ਸੀ ਜਾਂ ਅਖ਼ਬਾਰ ਲਈ ਲੇਖ ਲਿਖ ਰਖੇ ਸਨ। ਸੋ ਦਰਵਾਜ਼ੇ ਦੀਆਂ ਝੀਤਾਂ ਥਾਣੀਂ ਦੀਵੇ ਦੀ ਲੋਅ ਸਦਕਾ ਪੁਲਸ ਕਪਤਾਨ ਨੇ, ਜਿਹੜਾ ਧਾੜ ਦੀ ਰਹਿਨੁਮਾਈ ਕਰ ਰਿਹਾ ਸੀ, ਭਾਈ ਸਾਹਿਬ ਨੂੰ ਗੂੜ੍ਹੀ ਨੀਂਦੇ ਸੁੱਤਿਆਂ ਦੇਖ ਲਿਆ ਅਤੇ ਦਰਵਾਜ਼ੇ ਦਾ ਕੁੰਡਾ ਖੜਕਾ ਕੇ ਭਾਈ ਸਾਹਿਬ ਤੇ ਕਾਬੁਲ ਸਿੰਘ ਨੂੰ ਜਗਾ ਲਿਆ।

ਮਿੱਤਰੋ, ਹੁਣ ਬਬਰ ਤਹਿਰੀਕ ਦਾ ਬਾਨੀ ਪੂਰੀ ਤਰ੍ਹਾਂ ਪੁਲਸ ਦੇ ਘੇਰੇ ਵਿਚ ਫਸ ਚੁਕਿਆ ਸੀ। ਹੁਣ ਤੁਸੀਂ ਉਸੇ ਪੁਲਸ ਕਪਤਾਨ ਦਾ ਬਿਆਨ ਪੜ੍ਹੋ, ਜਿਹੜਾ ਉਹਨੇ ਸੈਸ਼ਨ ਦੀ ਅਦਾਲਤ ਵਿਚ 29 ਅਕਤੂਬਰ 1924 ਨੂੰ ਦਿੱਤਾ ਸੀ। ਇਹ ਪੇਪਰ-ਬੁੱਕ ਦੇ ਸਫ਼ਾ 682 ਉੱਤੇ ਦਰਜ ਹੈ। (ਸਰਕਾਰੀ ਗਵਾਹ ਨੰ: 366, ਮਿਸਟਰ ਐੱਚ. ਮੈਥਿਊਸ, ਸੁਪਰਰਿੰਟੈਂਡੈਂਟ ਪੁਲਸ, ਰੋਹਤਕ) :

"ਮੈਂ 12 ਅਕਤੂਬਰ 1922 ਤੋਂ 14 ਅਪ੍ਰੈਲ 1923 ਤੱਕ ਜਲੰਧਰ ਵਿਚ ਪੁਲਸ

ਕਪਤਾਨ ਰਹਿ ਚੁਕਿਆ ਹਾਂ। ਉਹਨਾਂ ਦਿਨਾਂ ਵਿਚ ਕਿਸ਼ਨ ਸਿੰਘ ਇਕ ਭਗੌੜਾ ਸੀ, ਜੀਹਦੀ ਗਰਿਫ਼ਤਾਰੀ ਵਾਸਤੇ ਸਰਕਾਰ ਨੇ ਦੋ ਹਜ਼ਾਰ ਰੁਪਏ ਨਕਦ ਇਨਾਮ ਦੇਣ ਦਾ ਐਲਾਨ ਕਰ ਛਡਿਆ ਸੀ। 25 ਫ਼ਰਵਰੀ 1923 ਨੂੰ ਮੈਨੂੰ ਇਤਲਾਹ ਮਿਲੀ ਕਿ ਐਸ ਵੇਲੇ ਭਗੌੜਾ ਕਿਸ਼ਨ ਸਿੰਘ ਜਲੰਧਰ ਅਤੇ ਹੁਸ਼ਿਆਰਪੁਰ ਦੇ ਜ਼ਿਲਿਆਂ ਦੀ ਸਰਹੱਦ ਦੇ ਪਿੰਡ ਪੰਡੋਰੀ ਮਾਹਲ ਵਿਚ ਮੌਜੂਦ ਹੈ। ਇਤਲਾਹ ਮਿਲਦਿਆਂ ਹੀ ਉਸੇ ਵੇਲੇ ਪੁਲਸ ਦੀ ਵੱਡੀ ਭਾਰੀ ਕੁਮਕ ਲੈ ਕੇ ਮੈਂ ਉਪਰ-ਦੱਸੇ ਪਿੰਡ ਨੂੰ ਚੱਲ ਪਿਆ। ਮੈਂ ਉਸ ਮਕਾਨ ਨੂੰ ਜਾ ਘੇਰਿਆ, ਜਿਸ ਵਿਚ ਕਿਸਨ ਸਿੰਘ ਦੀ ਮੌਜੂਦਗੀ ਦੱਸੀ ਗਈ ਸੀ। ਇਹ 26 ਫ਼ਰਵਰੀ 1924 ਸੀ ਅਤੇ ਕੋਈ 4 ਬਜੇ ਤੜਕੇ ਦਾ ਵਕਤ ਸੀ। ਮੁਖ਼ਬਰ ਦੇ ਇਸਾਰੇ ਉੱਤੇ ਮੈਂ ਦਰਵਾਜ਼ੇ ਦੀਆਂ ਝੀਤਾਂ ਰਾਹੀਂ ਤਕਿਆ, ਤਾਂ ਇਕ ਦੀਵੇ ਦੀ ਰੌਸ਼ਨੀ ਕਰਕੇ ਮੈਨੂੰ ਕਿਸ਼ਨ ਸਿੰਘ ਅਤੇ ਇਕ ਹੋਰ ਬੰਦਾ ਬੈਠੇ ਦਿਸੇ, ਜਿਨ੍ਹਾਂ ਨੇ ਸਾਡੇ ਪੈਰਾਂ ਦਾ ਖੜਕਾ ਸੁਣ ਕੇ ਦੀਵਾ ਬੁਝਾ ਦਿੱਤਾ। ਮੈਂ ਪੁਛਿਆ, ਤੁਸੀਂ ਕੌਣ ਹੋ ? ਕਿਸਨ ਸਿੰਘ ਨੇ ਆਪਣਾ ਨਾਂ, ਆਪਣੇ ਪਿਤਾ ਅਤੇ ਪਿੰਡ ਦਾ ਨਾਂ ਸਹੀ-ਸਹੀ ਦਸਦਿਆਂ ਆਖਿਆ ਕਿ ਮੈਂ ਮੁਜ਼ਾਹਮਤ ਨਹੀਂ ਕਰਾਂਗਾ, ਗਰਿਫ਼ਤਾਰ ਹੋਣ ਲਈ ਤਿਆਰ ਹਾਂ। ਮੈਨੂੰ ਪਹਿਲਾਂ ਇਤਲਾਹ ਮਿਲ ਚੁੱਕੀ ਸੀ ਕਿ ਕਿਸ਼ਨ ਸਿੰਘ ਹਥਿਆਰਬੰਦ ਹੈ, ਜਿਸ ਕਰਕੇ ਮੈਂ ਕਿਸੇ ਕਿਸਮ ਦਾ ਖ਼ਤਰਾ ਲੈਣ ਲਈ ਤਿਆਰ ਨਹੀਂ ਸੀ।

"ਜਿਸ ਵੇਲੇ ਦਿਨ ਚੜ੍ਹ ਗਿਆ, ਮੈਂ ਪਿੰਡੋਂ ਇਕ ਤਰਖਾਣ ਬੁਲਾਉਣ ਲਈ ਹੁਕਮ ਦਿੱਤਾ। ਮੈਂ ਉਹਨੂੰ ਦਰਵਾਜੇ ਵਿਚ ਇਕ ਮੋਰੀ ਕਰਨ ਦਾ ਹੁਕਮ ਦਿੱਤਾ, ਜਿਸ ਵਿਚੋਂ ਦੀ ਮੁਲਜ਼ਮ ਦੇ ਦੋਨੋਂ ਹੱਥ ਬਾਹਰ ਨਿਕਲ ਸਕਣ। ਸੋ ਮੈਂ ਕਿਸ਼ਨ ਸਿੰਘ ਨੂੰ ਦੋਨੋਂ ਹੱਥ ਦਰਵਾਜ਼ੇ ਦੀ ਮੋਰੀ ਥਾਣੀਂ ਬਾਹਰ ਕੱਢਣ ਲਈ ਕਿਹਾ। ਜਿਸ ਵੇਲੇ ਦੋਵੇਂ ਹੱਥ ਬਾਹਰ ਆ ਗਏ, ਮੈਂ ਦੋਹਾਂ ਹੱਥਾਂ ਵਿਚ ਹੱਥਕੜੀ ਜੜ ਦਿੱਤੀ। ਕੋਠੇ ਵਿਚ ਦੂਜਾ ਆਦਮੀ ਕਾਬੁਲ ਸਿੰਘ ਸੀ ਜੀਹਦੇ ਹੱਥਕੜੀ ਲਾ ਲਈ ਗਈ। (ਨੋਟ: ਕਾਬੁਲ ਸਿੰਘ ਦੇ ਹੱਥਕੜੀ ਜੜਨੀ ਸਿਰਫ ਨਾਟਕ ਹੀ ਸੀ।) ਕਾਬੁਲ ਸਿੰਘ ਵਲੋਂ ਸਾਨੂੰ ਕੋਈ ਖ਼ਤਰਾ ਨਹੀਂ ਸੀ। ਕਿਸ਼ਨ ਸਿੰਘ ਦੀ ਜਾਮਾ-ਤਲਾਸ਼ੀ ਤੋਂ ਸਾਨੂੰ ਕੋਈ ਹਥਿਆਰ ਨਾ ਮਿਲਿਆ। ਤਿੰਨ-ਫੁੱਟੀ ਤਲਵਾਰ ਹੀ ਮਿਲੀ। ਸਾਰੇ ਮਕਾਨ ਦੀ ਚੰਗੀ ਤਰ੍ਹਾਂ ਤਲਾਸ਼ੀ ਲੈਣ ਉੱਤੇ ਵੀ ਕੁਝ ਹੱਥ-ਪੱਲੇ ਨਾ ਪਿਆ। ਕੁਝ ਕਾਗਜ ਅਤੇ ਇਕ ਡਾਇਰੀ ਹੀ ਮਿਲ ਸਕੇ।

"ਉਸ ਵੇਲੇ ਬਬਰ ਅਕਾਲੀਆਂ ਦੇ ਦੁਆਬੇ ਵਿਚ ਏਨੀਂ ਦਹਿਸ਼ਤ ਫੈਲਾਈ ਹੋਈ ਸੀ ਕਿ ਕੋਈ ਬੰਦਾ ਮੁਖ਼ਬਰੀ ਕਰਨ ਦੀ ਹਿੰਮਤ ਨਹੀਂ ਸੀ ਕਰ ਰਿਹਾ, ਜਿਸ ਨਾਲ ਅਸੀਂ ਇਹਨਾਂ ਸਰਗਰਮ ਭਗੌੜਿਆਂ ਨੂੰ ਹੱਥ ਪਾ ਸਕਦੇ। ਜੇ ਕੋਈ ਇਹੋ ਜਿਹੀ ਗੱਲ ਕਰ ਬੈਠਦਾ ਸੀ ਤਾਂ ਬਬਰ ਅਕਾਲੀ ਉਸ ਬੰਦੇ ਨੂੰ ਹੀ ਖ਼ਤਮ ਕਰ ਦਿੰਦੇ ਸਨ। ਇਸ ਗੱਲ ਦੀ ਇਕ ਮਿਸਾਲ ਮੈਂ ਦਸਦਾ ਹਾਂ। ਬੂਟਾ ਸਿੰਘ ਨੰਗਲ ਸ਼ਾਮਾ ਪੁਲਸ ਦੀ ਮਦਦ ਕਰ ਰਿਹਾ ਸੀ ਅਤੇ ਜ਼ਾਤੀ ਤੌਰ ਉੱਤੇ ਮੈਨੂੰ ਮਿਲਿਆ ਕਰਦਾ ਸੀ ਤੇ ਮੇਰੇ ਘਰ ਆ ਕੇ ਬਬਰ ਅਕਾਲੀਆਂ ਦੀਆਂ ਹਰਕਤਾਂ ਦੀ ਜਾਣਕਾਰੀ ਦਿੰਦਾ ਰਹਿੰਦਾ ਸੀ। ਇਸੇ ਕਰਕੇ ਉਹਨੂੰ ਅਤੇ ਉਹਦੇ ਪੋਤੇ ਨੂੰ ਬਬਰ ਅਕਾਲੀਆਂ ਨੇ ਕਤਲ ਕਰ ਛਡਿਆ ਸੀ। ਇਸੇ ਤਰ੍ਹਾਂ ਪੰਡੋਰੀ ਨਿੱਝਰਾਂ ਦੇ ਲੰਬੜਦਾਰ ਅਤੇ ਚੌਕੀਦਾਰ ਵੀ ਮੇਰੇ ਕੋਲ ਆ ਕੇ ਰੋਂਡੀ-ਰੋਣੇ ਰੋਂਦੇ ਸਨ।..."

ਪੁਲਸ ਕਪਤਾਨ ਦਾ ਇਹ ਬਿਆਨ ਅਤੇ ਬਾਕੀ ਅੰਗਰੇਜ਼ ਅਫ਼ਸਰਾਂ ਦੇ ਬਿਆਨ ਇਹਤੋਂ ਵੀ ਵਧ ਕੇ ਤਸਲੀਮ ਕਰਦੇ ਹਨ ਕਿ ਸਚਮੁੱਚ ਹੀ ਅੰਗਰੇਜ਼ ਦਾ ਰਾਜ ਖ਼ਤਮ ਹੋ ਚੁਕਿਆ ਸੀ ਅਤੇ ਬਬਰਾਂ ਦਾ ਰਾਜ ਕਾਇਮ ਹੋ ਚੁਕਿਆ ਸੀ ।

ਹੁਣ ਭਾਈ ਸਾਹਿਬ ਗਰਿਫ਼ਤਾਰ ਹੋ ਚੁੱਕੇ ਹਨ । ਪੁਲਸ ਭਾਈ ਸਾਹਿਬ ਨਾਲ ਮੁਲਾਕਾਤਾਂ ਕਰਨ ਵਾਲਿਆਂ ਦੀਆਂ ਨਿਗਰਾਨੀਆਂ ਕਰ ਰਹੀ ਸੀ । ਦੂਜੇ ਬੰਨੇ ਪੁਲਸ ਦੇ ਚਲਾਕ ਅਤੇ ਹੁਸ਼ਿਆਰ ਅਫ਼ਸਰ ਮੀਰ ਫ਼ਜ਼ਲ ਇਮਾਮ ਨੇ ਹੋਰ ਜਾਲ ਵਿਛਾ ਛੱਡਿਆ ਸੀ । ਬਣਾਉਟੀ ਬਣਾਏ ਗਏ ਕੈਦੀ ਅਤੇ ਮੁਲਾਕਾਤੀ ਭਾਈ ਸਾਹਿਬ ਦੀ ਮੁਲਾਕਾਤ ਕਰਨ ਆਏ ਵਿਅਕਤੀਆਂ ਤੋਂ ਗੱਲਾਂਬਾਤਾਂ ਕਰਕੇ ਖੋਜ ਕਢ ਲਿਆ ਕਰਦੇ ਸਨ । ਭਾਈ ਸਾਹਿਬ ਦੀ ਅੰਦਰੋਂ ਬੈਠਿਆਂ ਦਿੱਤੀ ਰਹਿਨੁਮਾਈ ਹੀ ਇਸ ਲਹਿਰ ਦੀ ਸਮਾਪਤੀ ਦਾ ਕਾਰਨ ਬਣਦੀ ਚਲੀ ਗਈ । ਭਾਵੇਂ ਉਹ ਬੜੀ ਹੁਸ਼ਿਆਰੀ ਅਤੇ ਆਪਣੇ ਵਲੋਂ ਸਮਝਦਾਰੀ ਵਰਤ ਰਹੇ ਸਨ, ਪਰ ਹਰ ਰੱਤੀ-ਰੱਤੀ ਗੱਲ ਦੀ ਖ਼ਬਰ ਮੀਰ ਸਾਹਿਬ ਕੋਲ ਪੁੱਜਣੀ ਸ਼ੁਰੂ ਹੋ ਗਈ । ਜਿਥੇ ਕੈਦੀ ਨਾਲ ਚੋਣਵੇਂ ਮੁਲਾਕਾਤੀ ਹੀ ਮੁਲਾਕਾਤ ਕਰ ਸਕਦੇ ਸਨ, ਮੀਰ ਸਾਰਿਬ ਨੇ ਭਾਈ ਸਾਹਿਬ ਨੂੰ ਹਰ ਇਕ ਨਾਲ ਮੁਲਾਕਾਤ ਕਰਨ ਦੀ ਖੁੱਲ੍ਹ ਦੇ ਦਿੱਤੀ ਸੀ । ਜਿੰਨੀ ਵਾਰੀ ਦਿਨ ਵਿਚ ਮੁਲਾਕਾਤੀ ਆਉਂਦਾ, ਉਸੇ ਵੇਲੇ ਦਰਖ਼ਾਸਤ ਮਨਜ਼ੂਰ ਹੁੰਦੀ ਅਤੇ ਮੁਲਾਕਾਤ ਸ਼ੁਰੂ ਹੋ ਜਾਂਦੀ । ਮੁਲਾਕਾਤੀ ਪਿਛੇ ਘਟੋ-ਘੱਟ ਤਿੰਨ ਸੀ ਆਈ ਡੀ ਵਾਲੇ ਵੱਖਰੇ-ਵੱਖਰੇ ਭੇਸਾਂ ਵਿਚ ਖੁਰਾ ਨੱਪ ਤੁਰਦੇ । ਦੂਜੇ ਬੰਨੇ ਬਬਰਾਂ ਨੇ ਵੀ ਹਥਿਆਰ ਚੁੱਕ ਲਏ । ਹੁਣ ਮੈਂ ਇਹ ਜ਼ਿਕਰ ਸ਼ੁਰੂ ਕਰ ਰਿਹਾ ਹਾਂ ਕਿ ਉਹਨਾਂ ਨੇ ਕਿਵੇਂ ਆਹੂ ਲਾਹੁਣੇ ਸ਼ੁਰੂ ਕਰ ਦਿਤੇ ਸਨ ।

# 39. ਲਾਭ ਸਿੰਘ ਢੱਡੇ ਨੂੰ ਕਤਲ ਕਰਨ ਦੀਆਂ ਤਿੰਨ ਕੋਸ਼ਿਸ਼ਾਂ

ਬਾਹਰਵਾਂ ਦੋਸ਼ ਜੱਜਮੈਂਟ ਦੇ ਸਫ਼ਾ 84 ਉੱਤੇ ਲਾਭ ਸਿੰਘ ਢੱਡੇ ਨੂੰ 14, 17 ਅਤੇ 23 ਮਾਰਚ 1923 ਨੂੰ ਬਬਰਾਂ ਵੱਲੋਂ ਅੱਗੜ-ਪਿਛੇ ਲਗਾਤਾਰ ਤਿੰਨ ਵਾਰ ਕਤਲ ਕਰਨ ਦੀ ਕੋਸ਼ਿਸ਼ ਦਾ ਹੈ।

ਭਾਈ ਕਿਸ਼ਨ ਸਿੰਘ ਜੀ ਖੁਦ ਮੁਲਾਕਾਤੀਆਂ ਰਾਹੀਂ ਸਾਥੀਆਂ ਨੂੰ ਲਗਾਤਾਰ ਇਹ ਸੁਨੇਹਾ ਘਲਦੇ ਰਹੇ ਸਨ ਕਿ ਉਹਨਾਂ ਦੀ ਗਰਿਫ਼ਤਾਰੀ ਵਿਚ ਕਾਬੁਲ ਸਿੰਘ ਦਾ ਕੋਈ ਹੱਥ ਨਹੀਂ, ਉਹ ਬਿਲਕੁਲ ਬੇਕਸੂਰ ਹੈ। ਸੀ ਆਈ ਡੀ ਦੇ ਚਲਾਕ ਇੰਚਾਰਜ ਮੀਰ ਫ਼ਜ਼ਲ ਇਮਾਮ ਨੇ ਭਾਈ ਸਾਹਿਬ ਨਾਲ ਖੁੱਲ੍ਹੀਆਂ ਮੁਲਾਕਾਤਾਂ ਦੀ ਇਜਾਜ਼ਤ ਦੇ ਕੇ ਉਹ ਕੁਝ ਹਾਸਲ ਕਰ ਲਿਆ ਸੀ, ਜਿਹੜਾ ਉਹਦੇ ਸੂਹੀਏ ਹਾਸਲ ਨਹੀਂ ਸਨ ਕਰ ਸਕੇ। ਮੁਲਾਕਾਤਾਂ ਵੇਲੇ ਬਾਬੂ ਸੰਤਾ ਸਿੰਘ ਦਾ ਨਾਂ ਵਾਰ-ਵਾਰ ਆਉਣ ਕਰਕੇ ਉਸ ਗੁਮਨਾਮ ਉਚ-ਕੋਟੀ ਦੇ ਖ਼ਾਮੋਸ਼ ਵਰਕਰ ਦਾ ਪੁਲਸ ਨੂੰ ਸਹਿਜੇ-ਸਹਿਜੇ ਪਤਾ ਲਗਦਾ ਹੀ ਚਲਿਆ ਗਿਆ। ਕੁਝ ਮੁਖ਼ਬਰਾਂ ਰਾਹੀਂ ਇਹਨਾਂ ਮੁਲਾਕਾਤਾਂ ਤੋਂ ਸੀ ਆਈ ਡੀ ਨੂੰ ਬਬਰਾਂ ਦੇ ਅਹਿਮ ਠਿਕਾਣਿਆਂ ਅਤੇ ਮੈਂਬਰਾਂ ਦਾ ਪਤਾ ਲਗਦਾ ਹੀ ਚਲਿਆ ਗਿਆ। ਇਹੋ ਵਜਾਹ ਸੀ ਕਿ ਪੰਜਾਬ ਤੋਂ ਸਾਰੀ ਪੁਲਸ ਇਕੱਠੀ ਕਰਕੇ ਇਕੋ ਦਿਨ ਇਕੋ ਵੇਲੇ 23 ਮਾਰਚ 1923 ਨੂੰ ਊਂਘੇ ਬਬਰਾਂ ਦੇ ਪੱਕੇ ਠਿਕਾਣਿਆਂ ਅਤੇ ਪੱਕੇ ਸਰਗਰਮ ਮੈਂਬਰਾਂ ਦੇ ਘਰਾਂ ਉੱਤੇ ਤਲਾਸ਼ੀਆਂ ਲਈ ਛਾਪੇ ਮਾਰੇ ਗਏ ਸਨ। ਇਹ ਸੀ ਨਤੀਜਾ ਭਾਈ ਸਾਹਿਬ ਦੀ ਗਰਿਫ਼ਤਾਰੀ ਦਾ ਅਤੇ ਬਬਰਾਂ ਦੀ ਸਾਜ਼ਿਸ਼ ਦੇ ਭੇਦ ਖੁੱਲਣ ਦਾ। 1923 ਦਾ ਸਾਲ ਹੀ ਬਬਰ ਲਹਿਰ ਦੇ ਸਿਖਰਾਂ ਛੋਹਣ ਅਤੇ ਉਹਦਾ ਦਸੰਬਰ ਮਹੀਨਾ ਤਕਰੀਬਨ-ਤਕਰੀਬਨ ਸਮਾਪਤੀ ਹੋਣ ਦਾ ਗਿਣਿਆ ਜਾ ਸਕਦਾ ਹੈ। ਪਰ 23 ਮਾਰਚ 1923 ਦਾ ਦਿਨ ਤਾਂ ਹੱਦ ਤੋਂ ਵੱਧ ਮਹੱਤਵ ਰਖਦਾ ਹੈ।

21 ਅਪ੍ਰੈਲ 1923 ਦੀਆਂ ਸਾਡੀਆਂ ਆਮ ਗਰਿਫ਼ਤਾਰੀਆਂ ਤੋਂ ਬਾਅਦ ਜਦੋਂ ਸਾਨੂੰ ਬੇੜੀਆਂ ਅਤੇ ਹਥਕੜੀਆਂ ਨਾਲ ਜਕੜ ਕੇ ਲਾਹੌਰ ਸੈਂਟਰਲ ਜਿਹਲ ਵਿਚ ਲਿਜਾ ਡਕਿਆ ਸੀ, ਤਾਂ ਉਹਨਾਂ ਦਿਨਾਂ ਵਿਚ ਪਹਿਲਾਂ-ਪਹਿਲਾਂ ਭਾਈ ਕਿਸ਼ਨ ਸਿੰਘ ਜੀ ਨੂੰ ਸਾਥੋਂ ਬਿਲਕੁਲ ਵਖਰਿਆਂ ਇਕੱਲੀ ਕੋਠੀ ਵਿਚ ਰਖਿਆ ਜਾਂਦਾ ਸੀ। ਸਿਰਫ਼ ਪੇਸ਼ੀ ਵੇਲੇ ਹੀ ਉਹ ਸਾਡੇ ਨਾਲ ਅਦਾਲਤ ਦੇ ਕਟਹਿਰੇ ਵਿਚ ਲਿਆਂਦੇ ਜਾਂਦੇ ਸਨ। ਬੈਰਕ

ਨੰਬਰ ਦੋ ਵਿਚ ਅਸੀਂ ਆਪਣੇ ਕੁਝ ਵੱਡੇ ਆਗੂਆਂ ਤੋਂ ਇਹ ਵੀ ਸੁਣਿਆ ਕਰਦੇ ਸੀ ਕਿ "ਭਾਈ ਸਾਹਿਬ ਲਗਾਤਾਰ ਦੋ-ਢਾਈ ਸਾਲ ਦੀ ਰਾਤ-ਦਿਨ ਦੀ ਨੱਠ-ਭੱਜ ਤੋਂ ਤੰਗ ਆ ਚੁੱਕੇ ਸਨ, ਜਿਸ ਕਰਕੇ ਕਾਬੁਲ ਸਿੰਘ ਨੂੰ ਵਿਚ ਪਾ ਕੇ ਨਾਟਕੀ ਢੰਗ ਨਾਲ ਗਰਿਫ਼ਤਾਰੀ ਨੂੰ ਠੀਕ ਸਮਝਿਆ ਸੀ। ਜੇ ਸਿੱਧੀ ਗਰਿਫ਼ਤਾਰੀ ਦਿੰਦੇ ਤਾਂ ਸਾਥੀਆਂ ਵਿਚ ਬਦਨਾਮੀ ਦਾ ਕਾਰਨ ਬਣ ਜਾਣੀ ਸੀ। ਸੋ ਕਾਬੁਲ ਸਿੰਘ ਦਾ ਸਹਾਰਾ ਲਿਆ ਸੀ। ਨਹੀਂ ਤਾਂ ਭਾਈ ਸਾਹਿਬ ਏਨੇਂ ਨਿਆਣੇ ਤਾਂ ਨਹੀਂ ਸਨ ਕਿ ਇਕ ਉਜੱਡ ਜਿਹੇ ਬਣਾਉਟੀ ਫ਼ਕੀਰ ਦੇ ਸੋਨਾ ਬਣਾਉਣ ਦੇ ਜਾਂ ਅੱਖਾਂ ਵਿਚ ਸੁਰਮਾ ਪੁਆਉਣ ਤੋਂ ਬਾਅਦ ਅਲੋਪ ਹੋ ਜਾਣ ਦੇ ਪਖੰਡ ਦੇ ਅਸਰ ਵਿਚ ਆ ਜਾਂਦੇ। ਏਨਾਂ ਹੁਸਿਆਰ ਅਤੇ ਚਾਰਾ ਪੱਤਣਾਂ ਦਾ ਤਾਰੂ ਸਹਿਜੇ ਕੀਤੇ ਕਦੀ ਪੁਲਸ ਦੇ ਕਾਬੂ ਨਹੀਂ ਸੀ ਆ ਸਕਦਾ।"

ਚਲਦੇ ਮੁਕੱਦਮੇ ਵਿਚ ਭਾਈ ਸਾਹਿਬ ਨੂੰ ਪਤਾ ਲਗ ਗਿਆ ਸੀ ਕਿ ਫਾਂਸੀ ਦਾ ਰੱਸਾ ਬੜੀ ਬੇਤਾਬੀ ਨਾਲ ਉਹਨਾਂ ਦੀ ਉਡੀਕ ਕਰ ਰਿਹਾ ਹੈ। ਕਰਮ ਸਿੰਘ ਜੀ ਝਿੰਗੜ ਤਾਂ ਹਰ ਵੇਲੇ ਬੜੇ ਦਿਲਚਸਪ ਮਖੌਲੀਆ ਢੰਗ ਨਾਲ ਆਖਿਆ ਕਰਦੇ ਸਨ, "ਭਾਈ ਸਾਹਿਬ ਮੈਂ ਤੁਹਾਥੋਂ ਪਹਿਲਾਂ ਅੰਦਰ ਹੋਇਆ ਹਾਂ, ਸੋ ਕਿਰਪਾ ਕਰਕੇ ਮੈਨੂੰ ਪਹਿਲਾਂ ਝੂਟਾ ਲੈਣ ਤੋਂ ਨਾ ਰੋਕਣਾ। ਨਹੀਂ ਤਾਂ ਮੈਂ ਲੀਡਰ ਦੇ ਹੁਕਮ ਦੀ ਉਲੰਘਣਾ ਕਰਕੇ ਭੱਜ ਕੇ ਪਹਿਲਾਂ ਫੱਟੇ ਉਤੇ ਜਾ ਖਲੋਵਾਂਗਾ।" ਤਾਂ ਭਾਈ ਸਾਹਿਬ ਹੱਸ ਕੇ ਆਖਿਆ ਕਰਦੇ ਸਨ, "ਝਿੰਗੜ ਸਾਹਿਬ, ਇਹ ਸਾਡੇ ਵੱਸ ਦੀ ਗੱਲ ਨਹੀਂ। ਇਹ ਤਾਂ ਅਧਿਕਾਰੀਆਂ ਦੀ ਮਰਜ਼ੀ ਉੱਤੇ ਨਿਰਭਰ ਹੋਏਗਾ। ਪਰ ਮੈਂ ਵਾਇਦਾ ਕਰਦਾ ਹਾਂ ਕਿ ਮੈਥੋਂ ਪਹਿਲਾਂ ਝਿੰਗੜ ਸਾਹਿਬ ਦੀ ਆਖ਼ਰੀ ਇੱਛਾ ਪੂਰੀ ਕਰਨ ਦਾ ਕਾਨੂੰਨ ਮੁਤਾਬਿਕ ਹੱਕ ਬਣਦਾ ਹੈ ਜਿਸ ਵਿਚ ਮੈਨੂੰ ਕੋਈ ਇਤਰਾਜ਼ ਨਹੀਂ ਹੋਏਗਾ। ਇਹ ਤਾਂ ਚੰਗੀ ਗੱਲ ਹੋਏਗੀ ਕਿ ਮੇਰਾ ਸਾਥੀ ਮੇਰੀ ਉਡੀਕ ਕਰ ਰਿਹਾ ਹੋਵੇਗਾ ਅਤੇ ਮਿਲਣ ਲਈ ਮੈਨੂੰ ਦੌੜ ਲਾਉਣੀ ਪੈਣੀ ਹੈ। ਆਪਾਂ ਮੁੜ ਜਨਮ ਲੈ ਕੇ ਆਏ ਕਿ ਆਏ। ਜਿੰਨਾ ਚਿਰ ਫਰੰਗੀਆਂ ਨੂੰ ਦੇਸ ਵਿਚੋਂ ਕੱਢ ਨਹੀਂ ਲੈਂਦੇ, ਵਾਰ-ਵਾਰ ਆਵਾਂਗੇ। ਫ਼ਿਕਰ ਨਾ ਕਰੋ, ਸਾਡੇ ਗਰੰਥ ਇਹੋ ਸਿਖਿਆ ਹੀ ਦਿੰਦੇ ਹਨ। ਐਵੇਂ ਭਾਂਡਾ ਹੀ ਭੱਜਣਾ ਹੈ, ਆਤਮਾ ਨੇ ਤਾਂ ਵਾਰ-ਵਾਰ ਉਨਾਂ ਚਿਰ ਕਿਸੇ ਨਾ ਕਿਸੇ ਰੂਪ ਵਿਚ ਆਉਂਦੀ ਹੀ ਰਹਿਣਾ ਹੈ ਜਿੰਨਾ ਚਿਰ ਉਹ ਪ੍ਰਣ ਪੂਰਾ ਨਹੀਂ ਕਰ ਲੈਂਦੀ।"

ਸਾਨੂੰ ਸਾਰਿਆਂ ਨੂੰ ਵਾਇਦਾ-ਮੁਆਫ਼ਾਂ ਅਤੇ ਬਾਕੀ ਗਵਾਹਾ ਦੇ ਬਿਆਨਾਂ ਤੋਂ ਯਕੀਨ ਹੋ ਚੁਕਿਆ ਸੀ ਕਿ ਫ਼ਰੰਗੀ ਘਟੋ-ਘੱਟ ਅਧਿਆਂ ਨੂੰ ਜ਼ਰੂਰ ਲਟਕਾਉਣਗੇ ਅਤੇ ਬਾਕੀਆਂ ਨੂੰ ਕਾਲੇ ਪਾਣੀ ਭੇਜ ਕੇ ਹੀ ਦਮ ਲੈਣਗੇ, ਕਿਉਂਕਿ ਉਸ ਵੇਲੇ ਦਾ ਗਵਰਨਰ ਹੇਲੀ ਆਪ ਚੱਲ ਕੇ ਜਿਹਲ ਅੰਦਰ ਸਾਡੇ ਦਰਸ਼ਨਾਂ ਲਈ ਆਇਆ ਸੀ ਕਿ ਅੱਖੀਂ ਦੇਖ ਲਵੇ ਕਿ ਉਹ ਕਿਹੜੇ ਸਿਰਲੱਥ ਦੇਸਭਗਤ ਹਨ ਜਿਨ੍ਹਾਂ ਨੇ ਉਸ ਸਾਮਰਾਜ ਨੂੰ ਲਗਾਤਾਰ ਢਾਈ-ਤਿੰਨ ਸਾਲ ਦੋ ਦਰਿਆਵਾਂ ਦੀ ਧਰਤੀ ਤੋਂ ਹਕੂਮਤ ਕਰਨੋਂ ਰੋਕ ਛਡਿਆ ਸੀ, ਜੀਹਦੀ ਅਮਲਦਾਰੀ ਵਿਚ ਕਦੀ ਸੂਰਜ ਨਹੀਂ ਸੀ ਡੁਬਦਾ।

ਮੁਕੱਦਮੇ ਦੌਰਾਨ ਜਿਹੜੀਆਂ ਝਪਟਾਂ ਸਰਕਾਰੀ ਵਕੀਲ ਅਤੇ ਅਦਾਲਤ ਨਾਲ ਹੋਈਆਂ, ਮਿੱਤਰੋ ਪੜ੍ਹਨ ਵਾਲੀਆਂ ਹੀ ਹੋਣਗੀਆਂ। ਪਰ ਆਇਰਲੈਂਡ ਦਾ ਹੋਣ ਕਰਕੇ ਸੈਸ਼ਨ ਜੱਜ ਏਨੀਂ ਸਹਿਨਸ਼ੀਲਤਾ ਵਾਲਾ ਸੀ ਕਿ ਅੱਜ ਵੀ ਯਾਦ ਕਰਕੇ ਉਹਦੇ ਠਰ੍ਹੰਮੇ

ਅਤੇ ਫ਼ੈਸਲੇ ਲਈ ਘੱਟੋ-ਘੱਟ ਮੇਰਾ ਸਿਰ ਜ਼ਰੂਰ ਝੁਕ ਜਾਂਦਾ ਹੈ। ਉਮਰ ਕੈਦਾਂ ਕੱਟ ਕੇ ਮੁੜੇ ਸਾਥੀ ਵੀ ਮੇਰੀ ਪੂਰੀ-ਪੂਰੀ ਤਾਈਦ ਕਰਦੇ ਹਨ। ਸਚਮੁੱਚ ਨਿਰਪਖ ਆਇਰਿਸ਼ ਸੀ ਸੈਸ਼ਨ ਜੱਜ ਜੇ ਕੇ ਐਮ ਟੈਪ, ਜਿਹੜਾ ਆਪਣੀ ਕਲਮ ਰਾਹੀਂ ਬਬਰ ਲਹਿਰ ਨੂੰ ਅਮਰ ਬਣਾ ਗਿਆ।

* * *

ਜਿਸ ਵੇਲੇ ਦਿਨ ਚੜ੍ਹੇ 26 ਫ਼ਰਵਰੀ 1923 ਨੂੰ ਭਾਈ ਸਾਹਿਬ ਦੀ ਖ਼ਬਰ ਬਿਜਲੀ ਦੀ ਲਿਸ਼ਕ ਵਾਂਗੂ ਪਿੰਡਾਂ ਵਿਚ ਪੁਜੀ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਟਕੂਏ, ਲਾਠੀਆਂ ਅਤੇ ਗੰਡਾਸੇ ਲੈ ਕੇ ਮੇਰੇ ਪਿੰਡ ਦੇ ਗੁਰਦੁਆਰੇ, ਜਿਹੜਾ ਸ਼ਾਮਚੁਰਾਸੀ ਤੋਂ ਆਦਮਪੁਰ ਨੂੰ ਜਾਂਦੀ ਕੱਚੀ ਸੜਕ ਉੱਤੇ ਪਿੰਡੋਂ ਪੌਣੇ ਕੁ ਮੀਲ ਉੱਤੇ ਚੜ੍ਹਦੇ ਵੱਲ ਸੀ, ਘੁਰ ਖੁਰਦਪੁਰ ਤੱਕ ਇਕੱਠੇ ਹੋ ਗਏ ਅਤੇ ਫ਼ੈਸਲਾ ਕਰ ਲਿਆ ਕਿ ਹਰ ਹਾਲਤ ਵਿਚ ਭਾਈ ਸਾਹਿਬ ਨੂੰ ਪੁਲਸ ਦੇ ਕਬਜੇ ਵਿਚੋਂ ਛੁਡਾ ਲੈਣਾ ਹੈ। ਜਦੋਂ ਪੁਲਸ ਦਾ ਜਲੂਸ ਭਾਈ ਸਾਹਿਬ ਨੂੰ ਲਈ ਪੰਡੋਰੀ ਨਿੱਝਰਾਂ ਦੇ ਗੁਰਦੁਆਰੇ ਲਾਗੇ ਪੁੱਜਿਆ ਤਾਂ ਅੰਗਰੇਜ਼ ਪੁਲਸ ਕਪਤਾਨ ਘੋੜੇ ਉੱਤੇ ਚੜ੍ਹਿਆ ਅਗੇ-ਅਗੇ ਬੜੇ ਰੋਹਬ ਅਤੇ ਜਲਾਲ ਨਾਲ ਆ ਰਿਹਾ ਸੀ। ਬੱਚੇ, ਬੁੱਢੇ ਅਤੇ ਜਵਾਨ ਨਰ-ਨਾਰੀਆਂ ਨਾਲ ਸੜਕ ਰੁਕੀ ਦੇਖ ਕੇ ਉਹ ਘਬਰਾ ਗਿਆ। ਲੋਕ ਬਿੱਫਰੇ ਹੋਏ ਸ਼ੇਰ ਵਾਂਗੂ ਉਹਦੇ ਵੱਲ ਭੱਜੇ ਅਤੇ ਭਾਈ ਕਿਸ਼ਨ ਸਿੰਘ ਵੀ ਤਾੜ ਗਏ। ਉਹਨਾਂ ਨੇ ਅੰਗਰੇਜ਼ ਤੋਂ ਅੱਗੇ ਵਧ ਕੇ ਉੱਚੀ ਹੱਥ ਚੁੱਕ ਕੇ ਕਿਹਾ, "ਭਰਾਵੋ, ਠਹਿਰੋ। ਪਹਿਲਾਂ ਮੇਰੀ ਗੱਲ ਸੁਣ ਲਓ।" ਏਨੇਂ ਨੂੰ ਸਾਹਿਬ ਨੇ ਘੋੜੇ ਤੋਂ ਉੱਤਰ ਕੇ ਭਾਈ ਸਾਹਿਬ ਦੇ ਇਕ ਹੱਥ ਦੀ ਹੱਥਕੜੀ ਫਟਾ-ਫਟ ਆਪ ਖੋਲ੍ਹ ਦਿੱਤੀ। ਭਾਈ ਸਾਹਿਬ ਨੇ ਲੋਕਾਂ ਨੂੰ ਪਹਿਲਾਂ ਵਾਂਗੂ ਸਮਝਾਉਂਦਿਆਂ ਆਖਿਆ ਕਿ "ਜੇ ਐਸ ਵੇਲੇ ਮੈਨੂੰ ਤੁਸੀਂ ਛੁਡਾ ਵੀ ਲਿਆ, ਤਾਂ ਏਸ ਦਾ ਨਤੀਜਾ ਪਹਿਲਾਂ ਨਾਲੋਂ ਵੀ ਖ਼ਤਰਨਾਕ ਨਿਕਲੇਗਾ। ਮੈਂ ਨਹੀਂ ਚਾਹੁੰਦਾ ਕਿ ਥਾਂ-ਥਾਂ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਕਾਂਡ ਨੂੰ ਦੁਹਰਾਇਆ ਜਾਏ। ਹੁਣ ਇਕ ਕਿਸ਼ਨ ਸਿੰਘ ਦੀ ਥਾਂ ਘਰ-ਘਰ ਕਿਸ਼ਨ ਸਿੰਘ ਪੈਦਾ ਹੋ ਚੁੱਕੇ ਹਨ। ਮੇਰੇ ਸਾਥੀ ਸਿਰਧੜ ਦੀ ਬਾਜ਼ੀ ਲਾਈ ਬੈਠੇ ਹਨ। ਜਿੰਨਾ ਚਿਰ ਉਹ ਇਹਨਾਂ ਫਰੰਗੀਆਂ ਨੂੰ ਮੁਲਕ ਵਿਚੋਂ ਭਜਾ ਨਹੀਂ ਲੈਂਦੇ, ਦਮ ਨਹੀਂ ਲੈਣਗੇ। ਸੋ ਕਿਰਪਾ ਕਰਕੇ ਰਸਤਾ ਦਿਉ ਅਤੇ ਮੈਨੂੰ ਪੁਲਸ ਸਮੇਤ ਲੰਘ ਲੈਣ ਦਿਉ।"

ਪੁਲਸ ਕਪਤਾਨ ਨੇ ਹੱਥਕੜੀ ਭਾਈ ਸਾਹਿਬ ਦੇ ਇਕ ਹੱਥ ਲਗੀ ਰਹਿਣ ਦਿੱਤੀ ਤੇ ਜ਼ੰਜੀਰ ਉਹਨਾ ਦੇ ਦੂਜੇ ਹੱਥ ਫੜਾ ਦਿੱਤੀ ਅਤੇ ਚੁਪਚੁਪੀਤਾ ਭਾਈ ਸਾਹਿਬ ਦੇ ਨਾਲ ਹੀ ਪੈਦਲ ਚੱਲ ਪਿਆ। ਘੋੜੀ ਸਭ ਤੋਂ ਪਿੱਛੇ ਘੱਲ ਦਿੱਤੀ। ਸਾਹਿਬ ਦੇ ਕਹਿਣ ਉੱਤੇ ਬੰਦੂਕਾਂ ਤੋਂ ਸੰਗੀਨਾਂ ਲਾਹ ਲਈਆਂ ਗਈਆਂ ਅਤੇ ਪੁਲਸ ਬੰਦੂਕਾਂ ਬਗਲਾਂ ਵਿਚ ਦਬਾਈ ਨਾਲ-ਨਾਲ ਚੱਲਣ ਲਗ ਪਈ। ਖੁਰਦਪੁਰ ਪੱਕੀ ਸੜਕ ਉੱਤੇ ਪੁਜ ਕੇ ਇਕ ਪੁਲੀ ਉੱਤੇ ਖੜ੍ਹੇ ਹੋ ਉਹਨਾਂ ਨੇ ਆਖ਼ਰੀ ਲੈਕਚਰ ਦੇ ਕੇ ਲੋਕਾਂ ਨੂੰ ਸ਼ਾਂਤ ਕੀਤਾ। ਭਾਈ ਸਾਹਿਬ ਪੁਲੀ ਉੱਤੇ ਖੜੋਤੇ ਲੈਕਚਰ ਦੇ ਰਹੇ ਸਨ ਅਤੇ ਅੰਗਰੇਜ਼ ਪੁਲਸ ਕਪਤਾਨ ਥੱਲੇ ਖਲੋਤਾ ਚੁਪਚੁਪੀਤਾ ਲੈਕਚਰ ਸੁਣਦਾ ਰਿਹਾ। ਪੁਲਸ ਨੇ ਕਿਸੇ ਕਿਸਮ ਦੀ ਹਿਲਜੁਲ ਨਹੀਂ ਸੀ ਕੀਤੀ।

ਅੰਗਰੇਜ਼ ਸਮੇਂ ਦੀ ਨਬਜ਼ ਪਛਾਨਣ ਵਿਚ ਦੁਨੀਆ ਭਰ ਵਿਚੋਂ ਪਹਿਲੇ ਨੰਬਰ

ਉੱਤੇ ਗਿਣੇ ਜਾਂਦੇ ਹਨ। ਪਹਿਲਾਂ ਦਹਿਸ਼ਤ ਦਾ ਮਾਹੌਲ ਪੈਦਾ ਕਰਦੇ ਹਨ। ਦਾਅ ਚੱਲ ਗਿਆ ਤਾਂ ਖਰੀ ਵਾਹ-ਵਾਹ, ਨਹੀਂ ਤਾਂ ਆਪ ਮੀਸਣੇ ਬਣ ਕੇ ਬੜੇ ਠਰ੍ਹੰਮੇ ਨਾਲ ਸਮੇਂ ਉੱਤੇ ਕਾਬੂ ਪਾ ਲੈਂਦੇ ਹਨ। ਬਿਲਕੁਲ ਇਹੋ ਗੱਲ ਇਸ ਮੌਕੇ ਉੱਤੇ ਸੋਲਾਂ ਆਨੇ ਦਰੁਸਤ ਸਿੱਧ ਹੋਈ ਸੀ।

* * *

ਬਬਰਾਂ ਨੂੰ ਹੁਣ ਪਤਾ ਲਗ ਚੁਕਿਆ ਸੀ ਕਿ ਭਾਈ ਕਿਸਨ ਸਿੰਘ ਦੀ ਗਰਿਫ਼ਤਾਰੀ ਵਿਚ ਸਹੁਰੇ-ਜੁਆਈ, ਭਾਵ ਢੱਡਿਆਂ ਵਾਲੇ ਲਾਭ ਸਿੰਘ ਅਤੇ ਬਿੜੰਗਾਂ ਵਾਲੇ ਕਾਬੁਲ ਸਿੰਘ ਦਾ ਸਿੱਧਾ ਹੱਥ ਹੈ। ਸੋ ਬਬਰਾਂ ਨੇ ਆਪਣੀ ਬਲੈਕ ਲਿਸਟ ਵਿਚ ਕਾਬੁਲ ਸਿੰਘ ਦਾ ਨਾਂ 26 ਨੰਬਰ ਉੱਤੇ ਅਤੇ ਲਾਭ ਸਿੰਘ ਦਾ ਨਾਂ 27 ਨੰਬਰ ਉੱਤੇ ਦਰਜ ਕਰ ਲਿਆ। ਇਹਦਾ ਨਤੀਜਾ 14 ਮਾਰਚ 1923 ਨੂੰ ਲਾਭ ਸਿੰਘ ਦਾ ਸੁਧਾਰ ਕਰਨ ਲਈ ਸ਼ਾਮਚੁਰਾਸੀ ਦੇ ਭੱਠੇ ਉੱਤੇ ਇਕੱਠ ਕਰਨ ਵਿਚ ਨਿਕਲਿਆ। ਸਾਰੀ ਸਕੀਮ ਬਾਬੂ ਸੰਤਾ ਸਿੰਘ ਨੇ ਤਿਆਰ ਕੀਤੀ ਸੀ। ਪੰਡੋਰੀ ਨਿੱਝਰਾਂ ਤੋਂ ਤਿੰਨ ਬੰਦੇ ਵਤਨ ਸਿੰਘ, ਸਾਧਾ ਸਿੰਘ ਤੇ ਵੱਡਾ ਕਰਤਾਰ ਸਿੰਘ ਅਤੇ ਹਰੀਪੁਰੋਂ ਸ਼ਿਵ ਸਿੰਘ, ਚਾਰੇ ਇਕੱਠੇ ਹੋ ਸ਼ਾਮਚੁਰਾਸੀ ਵਾਲੇ ਉੱਜੜੇ ਹੋਏ ਭੱਠੇ ਉੱਤੇ ਜਾ ਪੱਜੇ, ਜਿਥੇ ਬਾਬੂ ਸੰਤਾ ਸਿੰਘ, ਧੰਨਾ ਸਿੰਘ ਬਹਿਬਲਪੁਰ ਤੇ ਦਲੀਪਾ ਧਾਮੀਆਂ ਵਾਲਾ ਪੁਜ ਚੁੱਕੇ ਸਨ। ਜਿਹੜਾ ਬੰਦਾ ਬਾਬੂ ਸੰਤਾ ਸਿੰਘ ਨੇ ਢੱਡਿਆਂ ਨੂੰ ਘਲਿਆ ਹੋਇਆ ਸੀ, ਉਹਨੇ ਇਹ ਪਤਾ ਕਰਕੇ ਆਉਣਾ ਸੀ ਕਿ ਲਾਭ ਸਿੰਘ ਕਿਥੇ ਸੁੱਤਾ ਮਿਲ ਸਕਦਾ ਹੈ ਤਾਂ ਜੋ ਜਾਂਦਿਆਂ ਹੀ ਉਹਦਾ ਫਸਤਾ ਵਢਿਆ ਜਾ ਸਕੇ। ਪਰ ਅੱਧੀ ਰਾਤ ਤੋਂ ਬਾਅਦ ਤੱਕ ਇੰਤਜ਼ਾਰ ਕਰਨ ਦੇ ਬਾਵਜੂਦ ਵੀ ਸੂਹ ਦੇਣ ਵਾਲਾ ਬੰਦਾ ਮੁੜ ਕੇ ਨਾ ਆਇਆ। ਸੋ ਇਹ ਪਹਿਲਾ ਹਮਲਾ ਕਰਨ ਵਾਲਾ ਇਕੱਠ ਖ਼ਤਮ ਕਰਕੇ ਸਾਰੇ ਸਾਥੀ ਆਪਣੇ-ਆਪਣੇ ਰਾਹ ਪਏ।

ਉਹਨਾਂ ਦਿਨਾਂ ਵਿਚ ਝੋਲੀ-ਚੁੱਕਾਂ ਨੂੰ ਵਖਤ ਪਿਆ ਹੋਇਆ ਸੀ। ਕੋਈ ਆਪਣੇ ਘਰ ਨਹੀਂ ਸੀ ਸੌਂਦਾ। ਰੋਜ਼ ਦੀ ਰੋਜ਼ ਥਾਂ ਬਦਲਦੇ ਰਹਿੰਦੇ ਸਨ। ਕਦੀ ਕਿਸੇ ਜਾਣੂ-ਪਛਾਣੂ ਦੇ, ਕਦੀ ਕਿਸੇ ਹੋਰ ਦੇ ਘਰ। ਇਥੋਂ ਤਕ ਕਿ ਉਹਨਾਂ ਨੇ ਡੰਗਰਾਂ ਦੀਆਂ ਖੁਰਲੀਆਂ ਵਿਚ ਸੌਣਾ ਸ਼ੁਰੂ ਕਰ ਦਿੱਤਾ ਸੀ। ਕਈ ਤਾਂ ਚੁਮਾਰਾਂ ਦੇ ਘਰੀਂ ਜਾ ਸੌਂਦੇ ਸਨ। ਮੈਨੂੰ ਜ਼ਾਤੀ ਤੌਰ ਉੱਤੇ ਇਲਮ ਹੈ ਕਿ ਮੇਰੇ ਪਿੰਡ ਦਾ ਸਿਰਕੱਢ ਝੋਲੀ-ਚੁੱਕ ਲੰਬੜਦਾਰ ਹਰਨਾਮ ਸਿੰਘ, ਜੀਹਦਾ ਘਰ ਬਿਲਕੁਲ ਮੇਰੇ ਅਤੇ ਬੂਟਾ ਸਿੰਘ ਦੇ ਘਰਾਂ ਨਾਲ ਹੀ ਜੁੜਵਾਂ ਸੀ, ਕਦੀ ਆਪਣੇ ਘਰ ਨਹੀਂ ਸੀ ਸੁੱਤਾ। ਉਹਦਾ ਚਾਚਾ, ਭਾਈ ਰਲਾ ਸਿੰਘ ਉਹਦੀਆਂ ਕਰਤੂਤਾਂ ਤੋਂ ਬਹੁਤ ਹੀ ਦੁਖੀ ਰਹਿੰਦਾ ਸੀ। ਉਹਦੇ ਘਰਵਾਲੀ ਤਾਂ ਸਭ ਤੋਂ ਵੱਧ ਦੁਖੀ ਸੀ। ਗੁਆਂਢ ਹੋਣ ਕਰਕੇ ਉਹ ਆਪਣੀ ਨੌਜਵਾਨ ਧੀ ਨੂੰ ਨਾਲ ਲੈ ਕੇ ਕਈ ਵਾਰੀ ਮੈਂ ਆਪ ਮੇਰੀ ਮਾਂ ਕੋਲ ਰੰਡੀ-ਰੋਣੇ ਰੋਂਦੀ ਸੁਣੀ ਸੀ। ਕਿਹਾ ਕਰੇ, "ਹਾਏ ਮੈਂ ਕੀ ਕਰਾਂ। ਏਸ ਮੁਟਿਆਰ ਧੀ ਨੂੰ ਕਿਹੜੇ ਖੂਹ ਵਿਚ ਧੱਕਾ ਦੇ ਦਿਆਂ। ਮੁਸ਼ਟੰਡੇ ਸਿਪਾਹੀਆਂ ਨੂੰ ਹਰ ਵੇਲੇ ਘਰ ਵਾੜੀ ਰਖਦਾ ਹੈ"। ਤੇ ਉਹਦੇ ਮਕਾਨ ਦੇ ਚੁਬਾਰੇ ਵਿਚ ਸਿਪਾਹੀ ਮੈਂ ਆਪ ਵੀ ਦੇਖਿਆ ਕਰਦਾ ਸੀ। ਲੰਬੜਦਾਰਨੀ ਇਸੇ ਹੌਕੇ ਵਿਚ ਚਲਾਣਾ ਕਰ ਗਈ। ਵੱਡੇ ਮੁੰਡੇ ਨੇ ਦੁਖੀ ਹੋ ਕੇ ਖ਼ੁਦਕਸ਼ੀ ਕਰ ਲਈ। ਰਹਿ ਗਿਆ 6-7 ਸਾਲ ਦਾ ਇਕ ਲੜਕਾ ਅਤੇ ਸਭ ਤੋਂ ਵਡੀ ਧੀ। ਬਾਅਦ ਵਿਚ ਜੋ ਹਸ਼ਰ ਹੋਇਆ, ਲਿਖਦਿਆਂ ਸ਼ਰਮ ਆਉਂਦੀ ਹੈ। ਪਰ ਲੰਬੜਦਾਰ

ਅਖੀਰ ਵਿਚ ਜਾ ਕੇ ਸਾਡੀਆਂ ਗਰਿਫ਼ਤਾਰੀਆਂ ਤੋਂ ਬਾਅਦ ਲਾਇਲਪੁਰ ਜ਼ਿਲੇ ਵਿਚ ਇਕ ਮੁਰੱਬਾ ਅਤੇ ਪੰਜ ਸੌ ਦੀ ਸਾਲਾਨਾ ਜਗੀਰ, ਇਕ 38 ਬੋਰ ਦਾ ਰੀਵਾਲਵਰ ਅਤੇ ਬੰਦੂਕ ਲੈਣ ਵਿਚ ਜ਼ਰੂਰ ਕਾਮਯਾਬ ਹੋ ਗਿਆ ਸੀ। ਕੀ ਹੋਇਆ ਜੇ ਜ਼ਨਾਨੀ ਅਤੇ ਪੁੱਤ ਉਹਦੀ ਜਾਨ ਨੂੰ ਰੋਂਦੇ ਚਲਦੇ ਹੋਏ।

ਬਾਕੀ ਤਿੰਨਾਂ ਦੂਜੇ ਝੋਲੀ-ਚੁੱਕਾਂ ਨੂੰ ਸਿਰਫ਼ ਇਕ-ਇਕ ਮੁਰੱਬਾ ਹੀ ਮਿਲਿਆ ਸੀ, ਉਸੇ ਹੀ ਚੱਕ ਵਿਚ, ਜਿਥੇ ਹਰਨਾਮ ਸਿੰਘ ਨੂੰ ਮਿਲਿਆ ਸੀ ਅਤੇ ਇਹ ਚੱਕ ਚੁਗਲਖ਼ੋਰਾਂ ਦੇ ਚੱਕ ਦੇ ਨਾਂ ਨਾਲ ਪ੍ਰਸਿੱਧੀ ਪਾ ਗਿਆ ਸੀ, ਕਿਉਂਕਿ ਜਿੰਨੇ ਵੀ ਝੋਲੀ-ਚੁੱਕਾਂ ਨੂੰ ਬਬਰਾਂ ਨੂੰ ਸ਼ਹੀਦ ਜਾਂ ਗਰਿਫਤਾਰ ਕਰਾਉਣ ਬਦਲੇ ਮੁਰੱਬੇ ਮਿਲੇ ਸਨ, ਤਕਰੀਬਨ-ਤਕਰੀਬਨ ਇਸੇ ਹੀ ਚੁਗਲਖੋਰਾਂ ਦੇ ਚੱਕ ਵਿਚ ਦਿੱਤੇ ਗਏ ਸਨ, ਤਾਂ ਜੋ ਬਾਅਦ ਵਿਚ ਆਪਣੀ ਹਿਫ਼ਾਜ਼ਤ ਇਕੱਠੇ ਹੋ ਕੇ ਆਪ ਹੀ ਕਰ ਲਿਆ ਕਰਨ। ਸਰਕਾਰ ਨੂੰ ਇਕੱਲੇ-ਇਕੱਲੇ ਦੀ ਰਾਖੀ ਲਈ ਥਾਂ-ਥਾਂ ਪੁਲਸ ਨਾ ਘੱਲਣੀ ਪਵੇ।

* * *

ਢਡਿਆਂ ਵਾਲੇ ਲਾਭ ਸਿੰਘ ਉੱਤੇ ਪਹਿਲੇ ਹਮਲੇ ਦੀ ਨਾ-ਕਾਮਯਾਬੀ ਤੋਂ ਬਾਅਦ ਬਾਬੂ ਸੰਤਾ ਸਿੰਘ ਨੇ ਫੇਰ ਦੂਜੇ ਹਮਲੇ ਦਾ ਮੁੱਢ ਬੰਨ੍ਹ ਲਿਆ। ਉਹਨੇ ਪੰਡੋਰੀ ਨਿੱਝਰਾਂ ਵਾਲੇ ਵਤਨ ਸਿੰਘ ਝਿਊਰ ਦੀ ਡਿਊਟੀ ਲਾਈ ਕਿ ਉਹ ਪਹਿਲਾਂ ਪ੍ਰਾਗਪੁਰ ਜਾ ਕੇ ਸਾਧੂ ਸਿੰਘ ਨੂੰ, ਫੇਰ ਬਸਰਾਮਪੁਰੀਏ ਊਜਾਗਰ ਸਿੰਘ ਨੂੰ ਅਤੇ ਮੁੜ ਹਰੀਪੁਰੀਏ ਸ਼ਿਵ ਸਿੰਘ ਨੂੰ ਮਿਲ ਕੇ ਕਹਿ ਆਵੇ ਕਿ 17 ਮਾਰਚ 1923 ਨੂੰ ਹਨੇਰਾ ਹੁੰਦਿਆਂ ਹੀ ਸ਼ਾਮਚੁਰਾਸੀ ਵਾਲੇ ਭੱਠੇ ਉੱਤੇ ਪੁੱਜ ਜਾਣ। ਵਾਪਸੀ ਉੱਤੇ ਉਹ ਆਪ ਸਾਧਾ ਸਿੰਘ ਨੂੰ ਨਾਲ ਲੈ ਕੇ ਪੁੱਜ ਜਾਵੇ। ਜੇ ਪਿੰਡੋਂ ਹੋਰ ਕੋਈ ਸਾਥੀ ਮਿਲ ਸਕੇ ਤਾਂ ਉਹਨੂੰ ਵੀ ਨਾਲ ਲਈ ਆਵੇ।

ਮਿਥੇ ਦਿਨ ਉੱਤੇ ਉਜਾਗਰ ਸਿੰਘ ਨੇ ਆਪਣੇ ਪਿੰਡ ਦੇ ਇਕ ਬੁਜ਼ਦਿਲ ਜਿਹੇ ਬੰਦੇ ਨੂੰ ਇਹ ਆਖ ਕੇ ਨਾਲ ਲੈ ਲਿਆ ਕਿ ਚੱਲ ਤੈਨੂੰ ਅੱਜ ਸ਼ਾਮਚੁਰਾਸੀ ਦੀਵਾਨ ਦਿਖਾ ਲਿਆਵਾਂ। ਦੋਨੋਂ ਹਰੀਪੁਰ ਸ਼ਿਵ ਸਿੰਘ ਕੋਲ ਆ ਗਏ, ਜਿਥੇ ਸਾਧੂ ਸਿੰਘ ਪ੍ਰਾਗਪੁਰੀਆ ਪਹਿਲਾਂ ਹੀ ਆ ਚੁਕਿਆ ਸੀ। ਤਹਿਪਾਲਾ ਨੂੰ ਅੰਨ-ਪਾਣੀ ਛਕ ਕੇ ਸਾਮਚੁਰਾਸੀ ਜਾ ਕੇ ਇਕ ਚਾਹ ਵਾਲੇ ਦੀ ਦੁਕਾਨ ਉੱਤੇ ਪੁੱਜ ਚਾਹ ਪੀਣ ਲੱਗ ਪਏ। ਉਧਰ ਵਤਨ ਸਿੰਘ ਨੇ ਪਿੰਡੋਂ ਸਾਧਾ ਸਿੰਘ ਤੋਂ ਇਲਾਵਾ ਇਕ ਹੋਰ ਬੰਦਾ, ਅਮਰ ਸਿੰਘ ਵੀ ਤਿਆਰ ਕਰ ਲਿਆ ਅਤੇ ਸਾਧਾ ਸਿੰਘ ਨੂੰ ਕਿਹਾ ਕਿ ਉਹ ਅਤੇ ਅਮਰ ਸਿੰਘ ਸਾਮਚੁਰਾਸੀ ਦੇ ਭੱਠੇ ਉੱਤੇ ਪੁਜ ਜਾਣ। ਆਪ ਉਹ ਉਪਰ-ਦੱਸੇ ਚੌਹਾਂ ਸਾਥੀਆਂ ਨੂੰ ਚਾਹ ਵਾਲੀ ਦੁਕਾਨ ਉੱਤੇ ਆ ਮਿਲਿਆ। ਚਾਹ ਪੀਣ ਪਿਛੋਂ ਇਹ ਪੰਜੇ ਇਕੱਠੇ ਭੱਠੇ ਉੱਤੇ ਜਾ ਪੁੱਜੇ। ਉਥੇ ਬਾਬੂ ਸੰਤਾ ਸਿੰਘ, ਧੰਨਾ ਸਿੰਘ ਬਹਿਬਲਪੁਰ, ਸਾਧਾ ਸਿੰਘ ਅਤੇ ਅਮਰ ਸਿੰਘ ਪੰਡੋਰੀ ਨਿੱਝਰਾਂ ਪਹਿਲਾਂ ਹੀ ਆ ਚੁੱਕੇ ਸਨ। ਉਸੇ ਵੇਲੇ ਦੁੱਮਣ ਸਿੰਘ ਪੰਡੋਰੀ ਮਹਾਤਮਾ, ਦਲੀਪਾ ਧਾਮੀਆਂ, ਵਰਿਆਮ ਸਿੰਘ ਧੁੱਗਾ, ਬੰਤਾ ਸਿੰਘ ਅਤੇ ਬੇਲਾ ਸਿੰਘ ਬੋਪਾਰਾਏ ਵੀ ਪੁੱਜ ਗਏ। ਏਨੇਂ ਨੂੰ ਬੰਤਾ ਸਿੰਘ ਧਾਮੀਆਂ ਤੇ ਧੰਨਾ ਸਿੰਘ ਕੋਟਲੀ ਬਾਵਾਦਾਸ ਵੀ ਆ ਰਲੇ। ਕੁੱਲ ਮਿਲਾ ਕੇ 16 ਬੰਦੇ ਆ ਇਕੱਠੇ ਹੋਏ, ਜਿਨ੍ਹਾਂ ਕੋਲ ਉਸ ਵੇਲੇ ਹੇਠ-ਲਿਖੇ ਮੁਤਾਬਿਕ ਹਥਿਆਰ ਮੌਜੂਦ ਸਨ : ਪਸਤੌਲ, ਬੰਬ, ਛਵ੍ਹੀਆਂ ਅਤੇ ਬੰਦੂਕ।

ਜੱਜ ਸਾਹਿਬ ਫੈਸਲਾ ਲਿਖਦੇ ਹੋਏ ਜੱਜਮੈਂਟ ਦੇ ਸਫ਼ਾ 86 ਤੋਂ ਇਸ ਪ੍ਰਕਾਰ ਦਸਦੇ ਹਨ :

''ਤੁਰਨ ਤੋਂ ਪਹਿਲਾਂ ਬਾਬੂ ਸੰਤਾ ਸਿੰਘ ਨੇ ਐਲਾਨ ਕੀਤਾ ਕਿ ਅਸੀਂ ਹੁਣ ਢੱਡੇ ਫਤਿਹ ਸਿੰਘ ਵੱਲ ਲਾਭ ਸਿੰਘ ਅਤੇ ਉਹਦੇ ਜੁਆਈ ਕਾਬੁਲ ਸਿੰਘ ਨੂੰ ਕਤਲ ਕਰਨ ਲਈ ਜਾ ਰਹੇ ਹਾਂ। ਉਹਨਾਂ ਨੇ ਧੋਖੇ ਨਾਲ ਭਾਈ ਕਿਸਨ ਸਿੰਘ ਨੂੰ ਗਰਿਫ਼ਤਾਰ ਕਰਵਾਇਆ ਸੀ। ਸੋ ਪਹਿਲਾਂ ਬਾਬੂ ਸੰਤਾ ਸਿੰਘ ਨੇ ਅਰਦਾਸ ਕੀਤੀ ਅਤੇ ਮੁੜ ਸਾਰੇ ਢਡਿਆਂ ਵੱਲ ਨੂੰ ਤੁਰ ਪਏ। ਤਕਰੀਬਨ ਦੋ-ਤਿੰਨ ਸੌ ਗਜ਼ ਪਿੰਡੋਂ ਪਹਿਲਾਂ ਹੀ ਇਕ ਥਾਂ ਫ਼ਾਲਤੂ ਸਾਮਾਨ ਰੱਖ ਦਿੱਤਾ ਅਤੇ ਹਥਿਆਰ ਸੰਭਾਲ ਕੇ ਪਿੰਡ ਵੱਲ ਚੱਲ ਪਏ। ਪਿੰਡ ਲਾਗੇ ਜਾ ਕੇ ਬੇਹਰਾਂ ਦੀ ਵਾੜ ਆ ਗਈ, ਜੀਹਨੂੰ ਲੰਘਣ ਲਗਿਆਂ ਇਕ ਵਾਰ ਫੇਰ ਸਾਰਿਆਂ ਦੀ ਗਿਣਤੀ ਕੀਤੀ ਗਈ। ਪਤਾ ਲਗਿਆ ਕਿ ਬਸਰਾਮਪੁਰ ਵਾਲਾ ਸੁਰੈਣ ਸਿੰਘ, ਜੀਹਨੂੰ ਦੀਵਾਨ ਦਿਖਾਉਣ ਦੇ ਪੱਜ ਨਾਲ ਉਜਾਗਰ ਸਿੰਘ ਲੈ ਕੇ ਆਇਆ ਸੀ, ਗੁੰਮ ਹੈ। ਤਾਂ ਵਤਨ ਸਿੰਘ ਅਤੇ ਉਜਾਗਰ ਸਿੰਘ ਉਹਦੀ ਭਾਲ ਲਈ ਇਕ ਵਾਰ ਫੇਰ ਵਾਪਸ ਮੁੜੇ। ਦੇਖਿਆ ਕਿ ਉਹ ਇਕ ਟਾਹਲੀ ਉੱਤੇ ਚੜ੍ਹਿਆ ਪੱਤਿਆਂ ਵਿਚ ਲੁਕਿਆ ਬੈਠਾ ਹੈ। ਇਹਨਾਂ ਨੇ ਉਹਨੂੰ ਥੱਲੇ ਉਤਰਨ ਲਈ ਕਿਹਾ ਤਾਂ ਉਹਨੇ ਉਤਰਨ ਤੋਂ ਇਨਕਾਰ ਕਰਦਿਆਂ ਆਖਿਆ ਕਿ ਜਿਸ ਕੰਮ ਲਈ ਤੁਸੀਂ ਜਾ ਰਹੇ ਹੋ, ਮੈਨੂੰ ਕਰਨ ਤੋਂ ਡਰ ਲੱਗ ਰਿਹਾ ਹੈ। ਉਜਾਗਰ ਸਿਘ ਨੇ ਮੇਰੇ ਨਾਲ ਧੋਖਾ ਕੀਤਾ ਹੈ। ਇਹਨਾਂ ਨੇ ਕਿਹਾ, ਤੂੰ ਥੱਲੇ ਆ ਜਾ ਅਤੇ ਪਿੰਡ ਨੂੰ ਭੱਜ ਜਾ। ਜੇ ਬਾਕੀ ਆ ਗਏ, ਤੈਨੂੰ ਹੁਣੇ ਹੀ ਖ਼ਤਮ ਕਰ ਦੇਣਗੇ। ਸੋ ਉਹ ਉੱਤਰ ਕੇ ਪਿੱਛੇ ਨੂੰ ਭੱਜ ਨਿਕਲਿਆ। ਇਹਨਾਂ ਨੇ ਜਾ ਦੱਸਿਆ ਕਿ ਉਹ ਕਿਤੇ ਨਹੀਂ ਮਿਲਿਆ। ਵਰਿਆਮ ਸਿੰਘ ਧੁੱਗੇ ਨੇ ਆਖਿਆ, ਹੁਣ ਸਾਡੇ ਲਈ ਅੱਗੇ ਜਾਣਾ ਠੀਕ ਨਹੀਂ ਰਹੇਗਾ। ਉਸ ਬੁਜ਼ਦਿਲ ਨੇ ਸਾਰਾ ਭਾਂਡਾ ਭੰਨ ਦੇਣਾ ਹੈ। ਸੋ ਸਿਰੇ ਚੜ੍ਹਦਾ-ਚੜ੍ਹਦਾ ਕੰਮ ਵਿਚਕਾਰ ਹੀ ਰੁਕ ਗਿਆ ਅਤੇ ਜਥਾ ਨਾਕਾਮ ਹੀ ਵਾਪਸ ਮੁੜ ਆਪਣੇ-ਆਪਣੇ ਰਾਹ ਲਗਿਆ।

* * *

23 ਮਾਰਚ 1923 ਨੂੰ ਪੁਲਸ ਜਦੋਂ ਸਾਡੇ ਘਰਾਂ ਉੱਤੇ ਛਾਪੇ ਮਾਰ ਕੇ ਮੁੜ ਗਈ ਤਾਂ ਅਸੀਂ ਕਰਤਾਰ ਸਿੰਘ ਅਤੇ ਹੁਕਮ ਸਿੰਘ ਦੀ ਬੈਠਕ ਵਿਚ ਆ ਬੈਠੇ। ਮੇਰੇ ਕੋਲ ਕਰਤਾਰ ਸਿੰਘ, ਹਰਨਾਮ ਸਿੰਘ ਅਤੇ ਠਾਕੁਰ ਸਿੰਘ ਸਨ। ਵਤਨ ਸਿੰਘ ਸਾਡੇ ਕੋਲ ਆਇਆ ਤੇ ਕਹਿਣ ਲੱਗਿਆ ਕਿ ਚੱਲ, ਦੁਪਹਿਰੇ ਤੁਸੀਂ ਪੁਲਸ ਨਾਲ ਟੱਕਰ ਲੈਣ ਲਈ ਰੌਲਾ ਪਾ ਰਹੇ ਸੀ, ਤੁਹਾਡਾ ਚਾਅ ਮੱਠਾ ਕਰਾ ਲਿਆਵਾਂ। ਅਸੀਂ ਪੁਛਿਆ, ਉਹ ਕਿਵੇਂ ? ਉਹਨੇ ਕਿਹਾ, ਜਾ ਕੇ ਪਤਾ ਲਗੂਗਾ। ਗੱਲ ਕੀ ਅਸੀਂ ਉਹਦੇ ਨਾਲ ਹੋ ਤੁਰੇ।

ਵਤਨ ਸਿੰਘ ਆਪਣੇ ਬਿਆਨ ਵਿਚ ਦਸਦਾ ਹੈ ਕਿ ''ਮੈਂ ਅਤੇ ਸਾਧਾ ਸਿੰਘ ਪੁਲਸ ਦੇ ਜਾਣ ਤਕ ਬਾਹਰ ਦਰਖਤਾਂ ਵਿਚ ਹੀ ਰਹੇ। ਜਦੋਂ ਮੈਂ ਵਾਪਸ ਘਰ ਆਇਆ, ਤਾਂ ਦਲੀਪਾ ਮੇਰੇ ਕੋਲ ਆਇਆ ਅਤੇ ਉਹਨੇ ਕਿਹਾ ਕਿ ਬਾਬੂ ਸੰਤਾ ਸਿੰਘ ਨੇ ਉਹਨੂੰ ਕਿਹਾ ਹੈ ਕਿ ਉਹ ਇਕ ਬੰਦਾ ਹੁਣੇ ਹੀ ਸ਼ਾਮਚੁਰਾਸੀ ਦੇ ਭੱਠੇ ਉੱਤੇ ਭੇਜ ਦੇਵੇ। ਉਥੇ ਇਕ ਬੰਦਾ ਹੋਰ ਢੱਡਿਆਂ ਤੋਂ ਹੋ ਕੇ ਆਵੇਗਾ, ਜਿਹੜਾ ਢੱਡਿਆਂ ਵਾਲੇ

ਲਾਭ ਸਿੰਘ ਬਾਬਤ ਪਤਾ ਲਿਆਵੇਗਾ ਕਿ ਉਹ ਕਿਥੇ ਹੋਵੇਗਾ। ਸਾਡੇ ਆਉਣ ਤਕ ਉਸ ਬੰਦੇ ਨੂੰ ਉਹ ਭੱਠੇ ਉੱਤੇ ਅਟਕਾ ਛੱਡੇ ਅਤੇ ਬਾਅਦ ਵਿਚ ਸਾਧਾ ਸਿੰਘ ਤੇ ਪ੍ਰਾਗਪੁਰੀਏ ਸਾਧੂ ਸਿੰਘ ਨੂੰ ਨਾਲ ਲੈ ਕੇ ਭੱਠੇ ਉੱਤੇ ਪੁੱਜ ਜਾਏ।''

ਸੋ ਵਤਨ ਸਿੰਘ ਨੇ ਪਹਿਲਾਂ ਜਾ ਕੇ ਊਧਮ ਸਿੰਘ ਨੂੰ ਭੱਠੇ ਵੱਲ ਭਜਾ ਦਿੱਤਾ। ਫੇਰ ਸਾਧਾ ਸਿੰਘ ਦੇ ਘਰ ਜਾ ਕੇ ਉਹਨੂੰ ਸੁਨੇਹਾ ਦਿੱਤਾ, ਜਿਥੇ ਸਾਧੂ ਸਿੰਘ ਪਹਿਲਾਂ ਹੀ ਆਇਆ ਬੈਠਾ ਸੀ ਅਤੇ ਆਪ ਸਾਡੇ ਕੋਲ ਆ ਗਿਆ। ਪਰ ਬਿਆਨ ਵਿਚ ਉਹ ਮੇਰੀ ਉੱਪਰ-ਲਿਖੀ ਗੱਲ ਦੀ ਥਾਂ ਪਿੰਡ-ਵਾਸੀ ਹੋਣ ਕਰਕੇ ਸਾਡੇ ਬਚਾਉ ਦੀ ਇਹ ਗੱਲ ਕਹਿ ਗਿਆ ਕਿ ਮੈਂ ਉਪਰ-ਲਿਖੇ ਚੌਹਾਂ ਨੂੰ ਕਰਤਾਰ ਸਿੰਘ ਦੀ ਬੈਠਕ ਵਿਚ ਜਾ ਕੇ ਕਿਹਾ ਸੀ ਕਿ ਚਲੋ ਤੁਹਾਨੂੰ ਅੱਜ ਸ਼ਾਮਚੁਰਾਸੀ ਜਾ ਕੇ ਦੀਵਾਨ ਦਿਖਾ ਲਿਆਵਾਂ।

ਅਸੀਂ ਛਾਲਾਂ ਮਾਰਨ ਲੱਗ ਪਏ ਸੀ ਕਿ ਚਲੋ ਪੁਲਸ ਨੇ ਜੋ ਵਧੀਕੀ ਸਾਡੇ ਨਾਲ ਕੀਤੀ ਹੈ ਅਤੇ ਸਾਡੇ ਮਾਪਿਆਂ ਦੀ ਬੇਪਤੀ ਕੀਤੀ ਹੈ, ਉਹਦਾ ਬਦਲਾ ਲੈਣ ਦਾ ਮੌਕਾ ਅੱਜ ਹੀ ਮਿਲ ਗਿਆ ਹੈ। ਅਸੀਂ ਚਾਈਂ-ਚਾਈਂ ਸ਼ਾਮਚੁਰਾਸੀ ਵਾਲੇ ਭੱਠੇ ਉੱਤੇ ਜਾ ਪੁੱਜੇ। ਊਧਮ ਸਿੰਘ ਉਥੇ ਪਹਿਲਾਂ ਹੀ ਬੈਠਾ ਸੀ ਜੀਹਨੇ ਵਤਨ ਸਿੰਘ ਨੂੰ ਦਸਿਆ ਕਿ ਹਾਲੇ ਤੱਕ ਕੋਈ ਬੰਦਾ ਸੁਨੇਹਾ ਲੈ ਕੇ ਢੱਡਿਆਂ ਤੋਂ ਨਹੀਂ ਆਇਆ।

ਅਸੀਂ ਹਾਲੇ ਬੈਠੇ ਹੀ ਸੀ ਕਿ ਉਸੇ ਵੇਲੇ ਬਬਰ ਕਰਮ ਸਿੰਘ, ਉਦੇ ਸਿੰਘ, ਧੰਨਾ ਸਿੰਘ, ਦਲੀਪਾ, ਬਾਬੂ ਸੰਤਾ ਸਿੰਘ, ਸਾਧਾ ਸਿੰਘ ਅਤੇ ਬਖ਼ਸ਼ੀਸ਼ ਸਿੰਘ ਪੰਡੋਰੀ ਨਿੱਝਰਾਂ ਵੀ ਆ ਗਏ। ਭਾਵ ਗਿਣਤੀ ਵਿਚ ਅਸੀਂ ਕੁੱਲ 14 ਬੰਦੇ ਇਕੱਠੇ ਹੋ ਗਏ ਸੀ। ਸਾਨੂੰ ਨਿਆਣਿਆਂ ਨੂੰ ਦੇਖ ਕੇ ਬਬਰ ਕਰਮ ਸਿੰਘ ਗੁੱਸੇ ਵਿਚ ਆ ਕੇ ਇਕ ਕਿਸਮ ਨਾਲ ਵਤਨ ਸਿੰਘ ਦੇ ਗਲ ਹੀ ਪੈ ਗਏ ਅਤੇ ਤੈਸ਼ ਵਿਚ ਆਖਿਆ ਕਿ ''ਬਾਂਦਰਾ ਝਿਉਰਾ, ਤੂੰ ਇਹ ਦੁੱਧ-ਚੁੰਘਦਾ ਚੀਂਗੜ-ਬੋਟ ਕੀ ਇਕੱਠਾ ਕਰ ਲਿਆਇਆ ਹੈਂ। ਦਿਨੇ ਪੁਲਸ ਹਰਲ-ਹਰਲ ਕਰਦੀ ਫਿਰ ਰਹੀ ਸੀ। ਪਤਾ ਨਹੀਂ, ਕਿਹੜੇ ਵੇਲੇ ਕਿਥੇ ਟਾਕਰਾ ਹੋ ਜਾਵੇ।'' ਵਤਨ ਸਿੰਘ ਨੇ ਆਖਿਆ, ''ਬਬਰ ਸਾਹਿਬ, ਐਨਾ ਤੈਸ਼ ਵਿਚ ਆਉਣ ਦੀ ਲੋੜ ਨਹੀਂ। ਇਹ ਤਾਂ ਦਿਨੇ ਹੀ ਪੁਲਸ ਦੇ ਗਲ ਪੈਣ ਲਈ ਤਿਆਰ ਸਨ ਅਤੇ ਬਦੋਬਦੀ ਨਾਲ ਆਏ ਹਨ।'' ਏਨੇਂ ਨੂੰ ਅਸੀਂ ਆਖਿਆ ਕਿ ''ਬਬਰ ਸਾਹਿਬ, ਇਕ ਵਾਰ ਸਾਡੇ ਹੱਥ ਵੀ ਦੇਖ ਲਉ ਕਿ ਕਿਵੇਂ ਕਤਲ ਵਿਚ ਹਿੱਸਾ ਲੈਂਦੇ ਹਾਂ।'' ਬਬਰ ਸਾਹਿਬ ਨੇ ਵੱਟ ਕੇ ਚੁਪੇੜਾਂ ਜੜਦਿਆਂ ਕੰਨਾਂ ਤੋਂ ਫੜ ਕੇ ਕਿਹਾ, ''ਦੌੜੋ ਛਤੂੰਗੜਿਉ। ਅੱਜ ਤੱਕ ਤੁਹਾਡੀਆਂ ਮਾਂਵਾਂ ਜਿਹੜੀਆਂ ਸਾਨੂੰ ਗਿਆਂ ਨੂੰ ਸਿਰ-ਮੱਥੇ ਚੁਕਦੀਆਂ ਹਨ, ਕੱਲ੍ਹ ਨੂੰ ਸਾਡਾ ਸਿਆਪਾ ਕਰਦੀਆਂ ਫਿਰਨਗੀਆਂ। ਅੱਜ ਥਾਂ-ਥਾਂ ਪੁਲਸ ਘੁੰਮ ਰਹੀ ਹੈ ਅਤੇ ਤੁਸੀਂ ਮਰਨ ਲਈ ਭੱਜੇ ਆਏ ਹੋ।''

ਗੱਲ ਕੀ, ਬਹਿਬਲਪੁਰੀਏ ਧੰਨਾ ਸਿੰਘ, ਉਦੇ ਸਿੰਘ ਅਤੇ ਬਾਬੂ ਸੰਤਾ ਸਿੰਘ ਨੇ ਸਾਡੇ ਦੁਆਲੇ ਛਿੱਤਰ ਹੀ ਫੜ ਲਿਆ ਸਮਝੋ। ਸੋ ਅਸੀਂ ਚੰਗੀ ਖੁੰਬ ਠਪਾ ਕੇ ਕੰਨ ਝਾੜਦੇ ਪਿੰਡ ਨੂੰ ਮੁੜ ਪਏ। ਵਤਨ ਸਿੰਘ ਅਤੇ ਸਾਧੂ ਸਿੰਘ ਦੇ ਬਿਆਨਾਂ ਤੋਂ ਮੇਰੇ ਉਪਰ-ਲਿਖੇ ਦੀ ਤਸਦੀਕ ਕੀਤੀ ਜਾ ਸਕਦੀ ਹੈ। ਸੋ ਸਾਡੀ ਖ਼ਾਤਰ ਅੱਜ ਦਾ ਇਹ ਤੀਜਾ ਹਮਲਾ ਵੀ, ਜਿਹੜਾ 23 ਮਾਰਚ 1923 ਵਾਲੇ ਦਿਨ ਢੱਡਿਆਂ ਵਾਲੇ ਲਾਭ ਸਿੰਘ ਉੱਤੇ ਕੀਤਾ ਜਾਣਾ ਸੀ, ਵਿਚੇ ਛੱਡਣਾ ਪੈ ਗਿਆ ਸੀ। ਇਹ ਉਹਦੀ ਖ਼ੁਸ਼ਕਿਸਮਤੀ ਸਮਝੋ।

# 40. ਬਬਰ ਲਹਿਰ ਵਿਚ 23 ਮਾਰਚ 1923 ਦਾ ਦਿਨ

23 ਮਾਰਚ 1923 ਦਾ ਦਿਨ ਬਬਰ ਲਹਿਰ ਦਾ ਉਹ ਇਤਿਹਾਸਕ ਦਿਨ ਹੈ, ਜੀਹਦੀ ਮਿਸਾਲ ਨਾ ਤਾਂ ਪਹਿਲਾਂ ਦੇ ਕਰਾਂਤੀਕਾਰੀਆਂ ਦੀਆਂ ਸਰਗਰਮੀਆਂ ਤੋਂ ਮਿਲਦੀ ਹੈ ਅਤੇ ਨਾ ਬਾਅਦ ਦੇ। ਇਹ ਉਹ ਦਿਨ ਹੈ, ਜਿਸ ਦਿਨ ਤਿੰਨਾਂ ਬਬਰਾਂ, ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਝੁਗੀਆਂ ਅਤੇ ਧੰਨਾ ਸਿੰਘ ਬਹਿਬਲਪੁਰੀਏ ਨੇ ਲੈਫ਼ਟੀਨੈਂਟ ਗਵਰਨਰ ਪੰਜਾਬ ਨੂੰ ਆਪਣੇ ਦਸਖ਼ਤਾਂ ਨਾਲ ਪਹਿਲੀ ਖੁੱਲ੍ਹੀ ਚਿੱਠੀ ਲਿਖੀ ਸੀ ਕਿ "ਰਾਣੀਥੂਹੇ ਵਾਲੇ ਜ਼ੈਲਦਾਰ ਬਿਸ਼ਨ ਸਿੰਘ, ਨੰਗਲ ਸ਼ਾਮਾ ਵਾਲੇ ਲੰਬੜਦਾਰ ਬੂਟੇ ਤੇ ਉਹਦੇ ਪੁੱਤੇ ਅਤੇ ਗੜ੍ਹਸ਼ੰਕਰ ਵਾਲੇ ਪੁਲਸ ਦੇ ਮੁਖ਼ਬਰ ਮਿਸਤਰੀ ਲਾਭ ਸਿੰਘ ਦੇ ਸੁਧਾਰ ਦੇ ਜਿੰਮੇਵਾਰ ਅਸੀਂ ਹਾਂ। ਇਕ ਹੋਰ ਕੈਦੀ ਐਸ ਵੇਲੇ ਬਬਰਾਂ ਦੀ ਜਿਹਲ ਵਿਚ ਉਮਰ-ਕੈਦ ਭੁਗਤ ਰਿਹਾ ਹੈ। ਸੋ ਸਰਕਾਰ ਐਵੇਂ ਬੇਗੁਨਾਹ ਬੰਦਿਆਂ ਉੱਤੇ ਜ਼ੁਲਮ ਢਾਹੁਣਾ ਬੰਦ ਕਰਕੇ ਸਾਡੇ ਨਾਲ ਸਿੱਧੀ ਟੱਕਰ ਲਵੇ। ਸਾਡਾ ਇਹ ਕਰਮ ਉਨਾਂ ਚਿਰ ਜਾਰੀ ਰਹੇਗਾ, ਜਿੰਨਾ ਚਿਰ ਅਸੀਂ ਫ਼ਰੰਗੀਆਂ ਨੂੰ ਮੁਲਕ ਵਿਚੋਂ ਭਜਾ ਕੇ ਸਵਰਾਜ ਕਾਇਮ ਨਹੀਂ ਕਰ ਲੈਂਦੇ।"

ਹੁਣ ਮੈਨੂੰ ਮੁੜ ਫ਼ਰਵਰੀ 1923 ਦੇ ਤਕਰੀਬਨ ਅੱਧ ਦੀਆਂ ਬਬਰਾਂ ਦੀਆਂ ਸਰਗਰਮੀਆਂ ਦਾ ਜ਼ਿਕਰ ਕਰਨਾ ਪੈ ਗਿਆ ਹੈ। ਮੈਂ ਹਿਆਤਪੁਰ ਰੁੜਕੀ ਵਾਲੇ ਦੀਵਾਨ ਦੇ ਕਤਲ ਦੀ ਪੂਰੀ ਤਫ਼ਸੀਲ ਲਿਖ ਆਇਆ ਹਾਂ। ਉਹਨੂੰ ਕਤਲ ਕਰਨ ਤੋਂ ਬਾਅਦ ਉਦੇ ਸਿੰਘ ਰਾਮਗੜ੍ਹ ਝੁਗੀਆਂ ਅਤੇ ਆਸਾ ਸਿੰਘ ਜੱਸੋਵਾਲ ਪਿੰਡ ਕੁਲੇਵਾਲ ਅਤੇ ਪਿੰਡ ਭੁਕੜੌਦੀ ਵੱਲ ਘੁੰਮਦੇ ਰਹੇ। ਇਕ ਦਿਨ ਜੱਸੋਵਾਲੀਆ ਹਰਬਪਸ ਸਿੰਘ ਆ ਕੇ ਦੋਹਾਂ ਨੂੰ ਆਪਣੇ ਪਿੰਡ ਲੈ ਗਿਆ, ਜਿਥੇ ਭਾਈ ਕਿਸ਼ਨ ਸਿੰਘ ਅਤੇ ਬਾਬੂ ਸੰਤਾ ਸਿੰਘ ਇਹਨਾਂ ਦੀ ਉਡੀਕ ਕਰ ਰਹੇ ਸਨ। ਇਹਨਾਂ ਦੇ ਜੱਸੋਵਾਲ ਪੁੱਜਣ ਉੱਤੇ ਭਾਈ ਕਿਸ਼ਨ ਸਿੰਘ ਨੇ ਮੁੜ ਗੱਲ ਚਲਾਈ ਕਿ ਹੁਣ ਵੇਲਾ ਆ ਗਿਆ ਹੈ ਕਿ ਹੋ ਚੁੱਕੇ ਫ਼ੈਸਲੇ ਮੁਤਾਬਿਕ ਅੱਜ ਤੱਕ ਜਿੰਨੇ ਕਤਲ ਬਬਰ ਕਰ ਚੁੱਕੇ ਹਨ, ਉਹਨਾ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਕੇ ਸਰਕਾਰ ਨੂੰ ਚੈਲੰਜ ਕਰ ਦੇਣਾ ਚਾਹੀਦਾ ਹੈ ਕਿ ਤੁਹਾਡੇ ਚਾਟੜਿਆਂ ਦੇ ਕਾਤਲ ਅਸੀਂ ਹਾਂ। ਘੱਟੋ-ਘੱਟ ਹਾਲੇ ਤਿੰਨ-ਚਾਰ ਬਬਰਾਂ ਦੇ ਨਾਂ ਜ਼ਰੂਰ ਦਰਜ ਹੋਣੇ ਚਾਹੀਦੇ ਹਨ। ਇਹ ਗੱਲ ਹੋਰ ਵੀ ਚੰਗੀ ਰਹੇਗੀ ਜੇ ਛੜੇ ਆਪਣਾ ਨਾਂ ਪਹਿਲਾਂ

ਪੇਸ਼ ਕਰ ਦੇਣ। ਇਸੇ ਵੇਲੇ ਧੰਨਾ ਸਿੰਘ ਬਹਿਬਲਪੁਰੀਆ ਵੀ ਆ ਗਿਆ। ਭਾਈ ਸਾਹਿਬ ਦਾ ਖ਼ਿਸ਼ਾਰਾ ਉਸ ਵੇਲੇ ਸਿੱਧਾ ਆਸਾ ਸਿੰਘ ਵੱਲ ਸੀ, ਕਿਉਂਕਿ ਉਹੋ ਹੀ ਇਕੋ-ਇਕ ਛੜਾ ਸੀ। ਉਦੇ ਸਿੰਘ ਅਤੇ ਧੰਨਾ ਸਿੰਘ ਨਾਂ ਜ਼ਾਹਰ ਕਰਨ ਲਈ ਪਹਿਲਾਂ ਹੀ ਤਿਆਰ ਹੋ ਚੁੱਕੇ ਸਨ, ਭਾਵੇਂ ਕਿ ਦੋਨੋਂ ਵਿਆਹੇ ਹੋਏ ਸਨ।

ਆਸਾ ਸਿੰਘ ਨੇ ਕਿਹਾ ਕਿ ਉਹ ਬਬਰ ਕਰਮ ਸਿੰਘ ਨਾਲ ਸਲਾਹ ਕਰਕੇ ਫ਼ੈਸਲਾ ਕਰੇਗਾ ਕਿ ਇਸ਼ਤਿਹਾਰ ਵਿਚ ਆਪਣਾ ਨਾਂ ਦੇਵੇ ਜਾਂ ਨਾ। ਬਬਰ ਕਰਮ ਸਿੰਘ ਉਸ ਵੇਲੇ ਰਿਆਸਤ ਨਾਹਨ ਵੱਲ ਹੋਰ ਹਥਿਆਰ ਖਰੀਦਣ ਲਈ ਗਏ ਹੋਏ ਸਨ। ਇਹਨਾਂ ਗੱਲਾਂਬਾਤਾਂ ਪਿਛੋਂ ਸਾਰੇ ਆਪਣੇ-ਆਪਣੇ ਰਾਹਾਂ ਨੂੰ ਚਲਦੇ ਬਣੇ। ਇਥੋਂ ਆ ਕੇ ਹੀ ਭਾਈ ਕਿਸ਼ਨ ਸਿੰਘ ਗਰਿਫ਼ਤਾਰ ਹੋ ਗਏ ਸਨ।

ਉਦੇ ਸਿੰਘ ਅਤੇ ਆਸਾ ਸਿੰਘ ਜੱਸੋਵਾਲ ਤੋਂ ਭੁਕੜੁੱਦੀ ਆ ਗਏ। ਆਸਾ ਸਿੰਘ ਨੇ ਉਦੇ ਸਿੰਘ ਨੂੰ ਕਿਹਾ ਕਿ ਉਹ ਆਨੰਦਪੁਰ ਦੇ ਹੋਲੇ-ਮਹੱਲੇ ਦੇ ਮੇਲੇ ਜਾਣਾ ਚਾਹੁੰਦਾ ਹੈ, ਉਹ ਵੀ ਨਾਲ ਚੱਲਣ। ਉਦੇ ਸਿੰਘ ਜੀ ਵੀ ਤਿਆਰ ਹੋ ਗਏ। ਆਸਾ ਸਿੰਘ ਨੇ ਆਪਣਾ ਪਸਤੌਲ ਕੋਠੜੀ ਅੰਦਰ ਦੱਬ ਦਿੱਤਾ ਅਤੇ ਉਦੇ ਸਿੰਘ ਦੀ ਬੰਦੂਕ ਲੱਕੜਾਂ ਦੇ ਢੇਰ ਵਿਚ ਲੁਕੋ ਦਿੱਤੀ, ਜਿਥੇ ਬਬਰ ਕਰਮ ਸਿੰਘ ਵਾਲੀ ਪਹਿਲਾਂ ਹੀ ਲੁਕੋਈ ਹੋਈ ਸੀ ਜਿਹੜੀ ਉਹ ਨਾਹਨ ਵੱਲ ਜਾਣ ਲਗਿਆਂ ਆਸਾ ਸਿੰਘ ਕੋਲ ਛੱਡ ਗਏ ਸਨ। ਇਸ ਕੰਮ ਤੋਂ ਵਿਹਲੇ ਹੋ, ਕੋਠੜੀ ਨੂੰ ਜੰਦਰਾ ਮਾਰ ਚਾਬੀ ਇਕ ਥਾਂ ਲੁਕੋ ਦਿੱਤੀ। ਜਾਂਦਾ ਹੋਇਆ ਆਸਾ ਸਿੰਘ ਚਾਬੀ ਦਾ ਪਤਾ ਆਪਣੇ ਭਰਾ ਪ੍ਰਤਾਪੇ ਨੂੰ ਦਸਦਾ ਗਿਆ ਕਿ ਜੇ ਬਬਰ ਸਾਹਿਬ ਆ ਕੇ ਬੰਦੂਕ ਮੰਗਣ ਤਾਂ ਕੱਢ ਕੇ ਦੇ ਦੇਵੇ। ਆਪ ਦੋਨੋਂ ਮੁੜ ਸੁੰਦਰ ਸਿੰਘ ਪਾਸ ਚਲੇ ਗਏ, ਜਿਥੇ ਕੁਦਰਤੀ ਬਬਰ ਕਰਮ ਸਿੰਘ ਵੀ ਉਹਨਾਂ ਨੂੰ ਮਿਲ ਪਏ। ਰਾਮ ਸਿੰਘ ਵੀ ਬਬਰ ਸਾਹਿਬ ਦੇ ਨਾਲ ਹੀ ਸੀ।

ਆਸਾ ਸਿੰਘ ਨੇ ਭਾਈ ਕਿਸ਼ਨ ਸਿੰਘ ਨਾਲ ਹੋਈ ਗੱਲ ਦੀ ਜਾਣਕਾਰੀ ਬਬਰ ਸਾਹਿਬ ਨੂੰ ਦਿੰਦਿਆਂ ਦਸਿਆ ਕਿ ਭਾਈ ਸਾਹਿਬ ਦਾ ਸਿੱਧਾ ਇਸ਼ਾਰਾ ਆਸਾ ਸਿੰਘ ਵੱਲ ਹੀ ਸੀ ਕਿ ਉਹ ਵੀ ਐਲਾਨ ਉੱਤੇ ਦਸਖ਼ਤ ਕਰ ਦੇਵੇ। ਤਿੰਨਾਂ ਦੀ ਥਾਂ ਚਾਰ ਹੋ ਜਾਣਗੇ। ਬਬਰ ਸਾਹਿਬ ਨੇ ਹੱਸ ਕੇ ਆਖਿਆ ਕਿ "ਇਹਤੋਂ ਹੋਰ ਚੰਗੀ ਗੱਲ ਕਿਹੜੀ ਹੋ ਸਕਦੀ ਹੈ। ਤੁਸੀਂ ਵੀ ਤਿਆਰ ਹੋ ਜਾਉ। ਇਕੱਠੇ ਹੀ ਸ਼ਹੀਦੀਆਂ ਪਾਵਾਂਗੇ।" ਪਰ ਇਹ ਦੋ ਕੁਇੰਟਲ ਦਾ ਸੰਢਾ ਏਡਾ ਵੱਡਾ ਹੌਸਲਾ ਕਿਥੋਂ ਲਿਆਉਂਦਾ। ਕਹਿਣ ਲਗਿਆ, "ਬਬਰ ਸਾਹਿਬ, ਮੈਂ ਐਸ ਵੇਲੇ ਤਾਂ ਸ੍ਰੀ ਆਨੰਦਪੁਰ ਸਾਹਿਬ ਦੇ ਹੋਲੇ-ਮਹੱਲੇ ਦੇ ਮੇਲੇ ਜਾ ਰਿਹਾ ਹਾਂ। ਮੁੜ ਕੇ ਦੱਸਾਂਗਾ।" ਉਦੇ ਸਿੰਘ ਨੇ ਉਹਦੇ ਨਾਲ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ।

ਇਹ ਸਿੱਧਾ ਪਹਿਲਾਂ ਕੀਰਤਪੁਰ ਪੁਜਿਆ। ਪੁਲਸ ਪਹਿਲਾਂ ਹੀ ਬਬਰਾਂ ਦੀਆਂ ਗਰਿਫ਼ਤਾਰੀਆਂ ਲਈ ਚੁਕੰਨੀ ਹੋ ਚੁੱਕੀ ਸੀ। ਉਹਨੂੰ ਯਕੀਨ ਸੀ ਕਿ ਕੁਝ ਬਬਰ ਮੇਲੇ ਉੱਤੇ ਜ਼ਰੂਰ ਆਉਣਗੇ। ਸੋ ਇਹਨੂੰ ਗੁਰੂ ਕੇ ਲੰਗਰ ਵਿਚ ਪ੍ਰਸ਼ਾਦੇ ਛਕਦੇ ਦੇ ਹੱਥ ਵਿਚ ਪੁਲਸ ਨੇ ਜਾ ਹੱਥਕੜੀ ਠੋਕੀ। ਇਹ ਗਰਿਫ਼ਤਾਰੀ ਪਹਿਲੀ ਮਾਰਚ 1923 ਨੂੰ ਕੀਤੀ ਗਈ ਸੀ। ਇਹਦਾ ਚਲਾਨ 124-ਏ ਅਤੇ 153-ਏ ਅਧੀਨ ਕਰਕੇ ਚਾਰ ਸਾਲਾਂ ਦੀ ਸਜ਼ਾ ਸੁਣਾ ਕੇ ਮੁਲਤਾਨ ਜਿਹਲ ਵਿਚ ਪੁਚਾ ਦਿੱਤਾ ਗਿਆ। ਮਗਰੋਂ ਜਦੋਂ ਸਾਡੀਆਂ ਆਮ ਗਰਿਫ਼ਤਾਰੀਆਂ ਅਪ੍ਰੈਲ 1923 ਵਿਚ ਹੋਣੀਆਂ ਸ਼ੁਰੂ ਹੋਈਆਂ, ਤਾਂ

ਪਹਿਲਾਂ ਕੈਦ ਹੋ ਚੁਕੇ ਸਾਰੇ ਬਬਰ ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਗੋਸਲ, ਸੁੰਦਰ ਸਿੰਘ ਮਖ਼ਸੂਸਪੁਰੀ ਅਤੇ ਇਹੋ ਆਸਾ ਸਿੰਘ ਲਾਹੌਰ ਜਿਹਲ ਵਿਚ ਲਿਆਂਦੇ ਗਏ। ਉਸ ਵੇਲੇ ਸਾਰੇ ਸਿਆਸੀ ਕੈਦੀ ਮੁਲਤਾਨ ਜਿਹਲ ਵਿਚ ਹੀ ਰੱਖੇ ਜਾਂਦੇ ਸਨ।

ਆਸਾ ਸਿੰਘ ਨੇ ਲਾਹੌਰ ਪੁਜਦਿਆਂ ਸਾਡੇ ਕੇਸ ਦੇ ਇੰਚਾਰਜ ਮੀਰ ਫ਼ਜ਼ਲ ਇਮਾਮ ਅਗੇ ਗੋਡੇ ਟੇਕ ਦਿੱਤੇ ਅਤੇ ਨੱਕ ਰਗੜ ਕੇ ਵਾਇਦਾ-ਮੁਆਫ਼ੀ ਲੈ ਲਈ ਤੇ ਸਭ ਹੱਗਿਆ-ਮੂਤਿਆ ਦੱਸ ਕੇ ਆਪਣੇ ਸਾਥੀਆਂ ਉੱਤੇ ਬੇਗੈਰਤਾਂ ਵਾਂਗ ਪੂਰੀ-ਪੂਰੀ ਢੀਠਤਾ ਤੇ ਬੇਸ਼ਰਮੀ ਨਾਲ ਗਵਾਹੀ ਦਿੰਦਾ ਚਲਿਆ ਗਿਆ। ਭਾਈ ਕਿਸ਼ਨ ਸਿੰਘ ਅਤੇ ਕਰਮ ਸਿੰਘ ਜੀ ਝਿੰਗੜ ਸਿੱਧੀਆਂ ਚੋਟਾਂ ਕਰ-ਕਰ ਉਹਦੇ ਆਮ ਜਲਸਿਆਂ ਵਿਚ ਦਿੱਤੇ ਲੈਕਚਰਾਂ ਅਤੇ ਬਬਰ ਸਾਹਿਬ ਦੀ ਸੁਰ ਨਾਲ ਸੁਰ ਮਿਲਾ ਕੇ ਪੜ੍ਹੀਆਂ ਨਜ਼ਮਾਂ ਦੇ ਹਵਾਲੇ ਦੇ-ਦੇ ਮਖੌਲ ਉਡਾਉਂਦੇ ਰਹੇ। ਪਰ ਇਸ ਸੰਢੇ ਉੱਤੇ ਅਸਰ ਹੋਣ ਦੀ ਥਾਂ ਉਹ ਹੋਰ ਜ਼ੋਰ ਲਾ ਕੇ ਗਵਾਹੀ ਦੇਣ ਦਾ ਕਾਰਾ ਕਰਦਾ ਰਿਹਾ। ਮੇਰੀ ਨਜ਼ਰ ਵਿਚ ਸ਼ਾਇਦ ਹੀ ਹੋਰ ਕੋਈ ਏਨੀਂ ਬੇਸ਼ਰਮੀ ਨਾਲ ਸਾਡੇ ਉੱਤੇ ਭੁਗਤਿਆ ਹੋਵੇਗਾ। ਹਾਂ, ਸੰਤ ਕਰਤਾਰ ਸਿੰਘ ਜ਼ਰੂਰ ਇਹਦੀਆਂ ਲੀਹਾਂ ਉੱਤੇ ਚਲਿਆ ਤਾਂ ਸੀ, ਫੇਰ ਵੀ ਕਈ ਵਾਰ ਨਿਮੋਝੂਣਾ ਹੋ ਜਾਂਦਾ ਸੀ।

* * *

23 ਮਾਰਚ 1923 ਦੇ ਦਿਨ ਪੁਲਸ ਦੀਆਂ ਧਾੜਾਂ ਨੇ ਬਬਰਾਂ ਦੇ ਠਿਕਾਣਿਆਂ ਉੱਤੇ ਹੱਲਾ ਬੋਲ ਦਿੱਤਾ। ਪੁਲਸ ਦੇ ਮੁਖਬਰਾਂ ਨੇ ਪੱਕੀਆਂ ਖ਼ਬਰਾਂ ਪੁਲਸ ਨੂੰ ਦੱਸ ਛਡੀਆਂ ਸਨ। ਪੁਲਸ ਨੇ ਉਹਨਾਂ ਹੀ ਪਿੰਡਾਂ ਅਤੇ ਬਬਰਾਂ ਦੇ ਪੱਕੇ ਸਾਥੀਆਂ ਦੇ ਘਰਾਂ ਦੀਆਂ ਤਲਾਸ਼ੀਆਂ ਲਈਆਂ ਸਨ। ਕਈ ਮਹੱਤਵਪੂਰਨ ਕਾਗਜ਼ ਅਤੇ ਹੋਰ ਮਸਾਲਾ ਹੱਥ ਆ ਗਿਆ ਸੀ। ਤਕਰੀਬਨ ਇਕ ਮਹੀਨੇ ਬਾਅਦ 21 ਅਪ੍ਰੈਲ 1923 ਵਾਲੇ ਦਿਨ ਅੱਧੀ ਰਾਤ ਤੋਂ ਪਹਿਲਾਂ-ਪਹਿਲਾਂ ਉਹਨਾਂ ਹੀ ਬਬਰਾਂ ਦੇ ਸਾਥੀਆਂ ਨੂੰ ਜਾ ਗਰਿਫ਼ਤਾਰ ਕੀਤਾ ਸੀ, ਜਿਨ੍ਹਾਂ ਦੀ ਗਰਿਫ਼ਤਾਰੀ ਅਗਲੇ ਦਿਨ, ਭਾਵ 22 ਅਪ੍ਰੈਲ 1923 ਵਿਚ ਦਿਖਾਈ ਗਈ ਸੀ।

ਸਭ ਤੋਂ ਪਹਿਲਾਂ ਮੈਂ ਆਪਣੇ ਹੀ ਪਿੰਡ ਪੰਡੋਰੀ ਨਿੱਝਰਾਂ ਬਾਬਤ ਲਿਖ ਰਿਹਾ ਹਾਂ, ਕਿਉਂਕਿ ਮੇਰੇ ਹੀ ਪਿੰਡ ਬਬਰ ਕੇਸ ਦਾ ਇੰਚਾਰਜ ਮੀਰ ਫ਼ਜ਼ਲ ਇਮਾਮ ਜਲੰਧਰ ਦੇ ਅੰਗਰੇਜ਼ ਪੁਲਸ ਕਪਤਾਨ ਨੂੰ ਨਾਲ ਲੈ ਕੇ ਪੁਲਸ ਦੀ ਸਭ ਤੋਂ ਵੱਡੀ ਧਾੜ ਲੈ ਹਮਲਾਵਰ ਹੋਇਆ ਸੀ। ਇਸ ਜ਼ਿਕਰ ਤੋਂ ਬਾਅਦ ਮੈਂ ਆਪਣੇ ਹੀ ਪਿੰਡ ਦੇ ਵਾਇਦ-ਮੁਆਫ਼ ਵਤਨ ਸਿੰਘ ਝਿਊਰ ਦਾ ਬਿਆਨ ਦਰਜ ਕਰਾਂਗਾ ਕਿ ਕਿਵੇਂ ਸਿਰਕੱਢ ਬਬਰ 22 ਮਾਰਚ 1923 ਦੀ ਰਾਤ ਨੂੰ ਪੰਡੋਰੀ ਨਿੱਝਰਾਂ ਦੀ ਝਿੜੀ ਵਿਚ ਠਹਿਰੇ ਸਨ। ਦਿਨ ਚੜ੍ਹੇ ਬਬਰ ਤਾਂ ਗੁਰਦੁਆਰਾ ਕਿਸ਼ਨਪੁਰਾ ਵੱਲ ਚਲੇ ਗਏ ਸਨ ਅਤੇ ਬਾਅਦ ਵਿਚ ਪੁਲਸ ਨੇ ਪਿੰਡ ਆ ਘੇਰਿਆ ਸੀ।

ਪੇਪਰ-ਬੁੱਕ ਦੇ ਸਫ਼ਾ 682 ਉੱਤੇ ਸਰਕਾਰੀ ਗਵਾਹ ਨੰ: 366, ਮਿਸਟਰ ਐਚ. ਮੈਥਿਊਜ਼, ਪੁਲਸ ਕਪਤਾਨ 24 ਅਕਤੂਬਰ 1924 ਨੂੰ ਬਿਆਨ ਦਿੰਦਾ ਹੈ :

''23 ਮਾਰਚ 1923 ਨੂੰ ਮੈਂ ਅਤੇ ਮੀਰ ਫ਼ਜ਼ਲ ਇਮਾਮ ਪੰਡੋਰੀ ਨਿੱਝਰਾਂ ਪੁੱਜੇ ਤਾਂ ਪਿੰਡ ਦੀ ਡਿਉਢੀ ਉੱਤੇ ਗੁਰਮੁਖੀ ਵਿਚ ਲਿਖੇ ਦੋ ਇਸ਼ਤਿਹਾਰ ਦੇਖੇ ਜੋ ਕੰਧ ਉੱਤੇ ਜੜੇ ਹੋਏ ਸਨ। ਉਹ ਅਸੀਂ ਕੰਧ ਤੋਂ ਉਤਾਰ ਲਏ ਅਤੇ ਆਪਣੇ ਕਬਜ਼ੇ ਵਿਚ ਲੈ

ਲਏ। ਪੜ੍ਹਾਉਣ ਤੋਂ ਬਾਅਦ ਮੈਨੂੰ ਪਤਾ ਲੱਗਿਆ ਕਿ ਇਸ਼ਤਿਹਾਰ ਬਬਰ ਅਕਾਲੀਆਂ ਵਲੋਂ ਕਢਿਆ ਗਿਆ ਹੈ। ਇਹ ਬਬਰ ਅਕਾਲੀਆਂ ਵਲੋਂ ਲੈਫ਼ਟੀਨੈਂਟ ਗਵਰਨਰ ਦੇ ਨਾਂ ਖੁੱਲੀ ਚਿੱਠੀ ਹੈ, ਜਿਸ ਵਿਚ ਦਰਜ ਹੈ ਕਿ 'ਰਿਆਸਤ ਕਪੂਰਥਲੇ ਦੇ ਜ਼ੈਲਦਾਰ ਬਿਸ਼ਨ ਸਿੰਘ, ਲੰਬੜਦਾਰ ਬੂਟਾ ਸਿੰਘ ਅਤੇ ਇਕ ਗੜ੍ਹਸ਼ੰਕਰ ਦੇ ਆਦਮੀ ਨੂੰ ਅਸੀਂ ਕਤਲ ਕੀਤਾ ਹੈ।' ਮੇਰਾ ਖ਼ਿਆਲ ਹੈ ਕਿ ਇਹ ਆਦਮੀ ਪਹਿਲਾਂ ਪੁਲਸ ਦਾ ਸਿਪਾਹੀ ਰਹਿ ਚੁਕਿਆ ਸੀ। ਅਸੀਂ ਪਿੰਡ ਦੇ ਹੇਠ-ਲਿਖੇ ਬੰਦਿਆਂ ਦੇ ਘਰਾਂ ਦੀਆਂ ਤਲਾਸ਼ੀਆਂ ਲਈਆਂ ਸਨ : ਬੂਟਾ ਸਿੰਘ, ਹੁਕਮ ਸਿੰਘ, ਕਰਤਾਰ ਸਿੰਘ, ਨਿਰਵੈਰ ਸਿੰਘ, ਸਾਧਾ ਸਿੰਘ ਅਤੇ ਮਿਲਖਾ ਸਿੰਘ (ਲੇਖਕ)। ਹੁਕਮ ਸਿੰਘ ਅਤੇ ਕਰਤਾਰ ਸਿੰਘ ਦੋਨੋਂ ਦੇਵਾ ਸਿੰਘ ਦੇ ਲੜਕੇ ਹਨ ਅਤੇ ਆਪਣੇ ਬਾਪ ਦੇ ਘਰ ਵਿਚ ਹੀ ਰਹਿੰਦੇ ਸਨ। ਸਾਨੂੰ ਇਹਨਾਂ ਦੇ ਘਰ ਵਿਚੋਂ ਕੁਝ ਕਾਗ਼ਜ਼ਾਤ ਮਿਲੇ ਸਨ।

"ਮਿਲਖਾ ਸਿੰਘ ਦੇ ਘਰੋਂ ਵੀ ਕਈ ਕਾਗ਼ਜ਼ਾਤ ਮਿਲੇ ਸਨ। ਉਹਨਾ ਸਾਰੇ ਕਾਗ਼ਜ਼ਾਂ ਉੱਤੇ ਮੇਰੇ ਦਸਖ਼ਤ ਹਨ, ਜਿਹੜੇ ਮਿਲਖਾ ਸਿੰਘ ਦੇ ਘਰੋਂ ਮਿਲੇ ਸਨ।... ਬੂਟਾ ਸਿੰਘ ਦੇ ਘਰੋਂ ਇਕ ਤਲਵਾਰ, ਕੁਝ ਕਿਤਾਬਾਂ ਅਤੇ ਕੁਝ ਕਾਗ਼ਜ਼ ਮਿਲੇ ਸਨ।"

ਪੁਲਸ ਕਪਤਾਨ ਸਫ਼ਾ 683 ਉੱਤੇ ਦਸਦਾ ਹੈ ਕਿ "ਮੈਨੂੰ ਬਬਰ ਅਕਾਲੀਆਂ ਦੀਆਂ ਸਰਗਰਮੀਆਂ ਦਾ 1922 ਵਿਚ ਪਤਾ ਲਗਿਆ ਸੀ ਜਦੋਂ ਮੈਂ ਛੁੱਟੀ ਕੱਟ ਕੇ ਵਲੈਤ ਤੋਂ ਮੁੜ ਕੇ ਜਲੰਧਰ ਪੁਲਸ ਕਪਤਾਨ ਆ ਲਗਿਆ ਸੀ। ਆਉਂਦੇ ਨੂੰ ਹੀ ਪਤਾ ਲਗਿਆ ਕਿ ਤਕਰੀਬਨ 30 ਬੰਦੇ ਇਸ ਸਾਜ਼ਿਸ਼ ਵਿਚ ਹਿੱਸਾ ਲੈ ਰਹੇ ਹਨ ਅਤੇ ਬਬਰ ਜਥਾ ਬਣਾ ਕੇ ਸਰਕਾਰ ਦੇ ਮਦਦਗਾਰਾਂ ਨੂੰ ਕਤਲ ਕਰ ਰਹੇ ਹਨ ਅਤੇ ਸਾਰੇ ਦੁਆਬੇ ਵਿਚ ਏਨੀਂ ਦਹਿਸ਼ਤ ਫੈਲਾ ਰਖੀ ਹੈ ਕਿ ਸਰਕਾਰ ਦੇ ਹਮਾਇਤੀਆਂ ਨੂੰ ਜਾਨਾਂ ਬਚਾਉਣ ਦੀ ਪਈ ਹੋਈ ਹੈ। ਸਾਨੂੰ ਇਹ ਪੱਕੀ ਇਤਲਾਹ ਮਿਲ ਚੁੱਕੀ ਸੀ ਕਿ ਪੰਡੋਰੀ ਨਿੱਝਰਾਂ ਵਿਚ ਜਿਨ੍ਹਾਂ ਘਰਾਂ ਦੀਆਂ ਅਸੀਂ 23 ਮਾਰਚ 1923 ਨੂੰ ਤਲਾਸ਼ੀਆਂ ਲਈਆਂ ਸਨ, ਉਹ ਬਬਰ ਜਥੇ ਦੇ ਪੱਕੇ ਮੈਂਬਰ ਬਣ ਚੁਕੇ ਹਨ। ਇਹ ਇਤਲਾਹ ਤਕਰੀਬਨ ਦਸ ਪੰਦਰਾਂ ਕੁ ਦਿਨ ਪਹਿਲਾਂ ਮਿਲੀ ਸੀ।"

ਇਸੇ ਪੁਲਸ ਕਪਤਾਨ ਨੇ 26 ਫ਼ਰਵਰੀ 1923 ਨੂੰ ਭਾਈ ਕਿਸ਼ਨ ਸਿੰਘ ਨੂੰ ਗਰਿਫ਼ਤਾਰ ਕੀਤਾ ਸੀ।

ਹੁਣ ਮੈਂ ਬਬਰ ਅਕਾਲੀ ਕੇਸ ਦੇ ਇੰਚਾਰਜ ਮੀਰ ਫ਼ਜ਼ਲ ਇਮਾਮ ਦਾ ਬਿਆਨ ਦਰਜ ਕਰਨ ਲਗਿਆ ਹਾਂ। ਪੇਪਰ-ਬੁੱਕ ਦੇ ਸਫ਼ਾ 842 ਉੱਤੇ ਸਰਕਾਰੀ ਗਵਾਹ ਨੰ: 474, ਖ਼ਾਨ ਸਾਹਿਬ ਮੀਰ ਫ਼ਜ਼ਲ ਇਮਾਮ, ਡੀ ਐਸ ਪੀ ਪੁਲਸ, ਸੀ ਆਈ ਡੀ, ਪੰਜਾਬ ਕਹਿੰਦਾ ਹੈ :

"1920 ਵਿਚ ਮਾਝੇ, ਦੁਆਬੇ ਅਤੇ ਮਾਲਵੇ ਦੇ ਇਲਾਕਿਆਂ ਵਿਚ ਜਿਥੇ ਸਿੱਖਾਂ ਦੀ ਬਹੁਗਿਣਤੀ ਹੈ, ਅਕਾਲੀ ਲਹਿਰ ਚੱਲ ਪਈ ਸੀ। ਮੈਂ ਗੁਜਰਾਂਵਾਲਾ, ਸਿਆਲਕੋਟ ਅਤੇ ਸ਼ੇਖ਼ੂਪੁਰੇ ਦੇ ਇਲਾਕਿਆਂ ਨੂੰ ਵੀ ਇਸੇ ਵਿਚ ਸ਼ੁਮਾਰ ਕਰਦਾ ਹਾਂ, ਜਿਹੜੇ ਅਕਾਲੀ ਤਹਿਰੀਕ ਦੇ ਅਸਰ ਥੱਲੇ ਆ ਚੁਕੇ ਸਨ। 20 ਫ਼ਰਵਰੀ 1921 ਦੇ ਮੰਦਭਾਗੇ ਹਾਦਸੇ ਨੇ ਇਸ ਲਹਿਰ ਨੂੰ ਬਹੁਤ ਹੀ ਜ਼ਿਆਦਾ ਅਹਿਮੀਅਤ ਦੇ ਦਿੱਤੀ, ਜਿਸ ਦੇ ਸਿੱਟੇ ਵਜੋਂ ਚੁਣਵੇਂ ਅਕਾਲੀਆਂ ਨੇ ਇਕ ਸਾਜ਼ਿਸ਼ ਘੜੀ ਕਿ ਸਰਕਾਰ ਦੇ ਹਮਾਇਤੀਆਂ ਅਤੇ ਅਫ਼ਸਰਾਂ ਨੂੰ ਕਤਲ ਕੀਤਾ ਜਾਵੇ। ਮੈਂ ਆਪ ਨਨਕਾਣਾ ਸਾਹਿਬ ਦੀ ਤਫ਼ਤੀਸ਼ ਵਿਚ

ਸ਼ਾਮਲ ਰਿਹਾ ਸੀ। ਇਹ ਸਾਜ਼ਿਸ ਮੁਲਜ਼ਮ ਕਿਸ਼ਨ ਸਿੰਘ ਅਤੇ ਵਾਇਦਾ-ਮੁਆਫ਼ ਗਵਾਹ ਨੰ: 8 ਨੇ ਰਲ ਕੇ ਤਿਆਰ ਕੀਤੀ ਸੀ ਜਿਸ ਵਿਚ ਦੋ ਸਾਜ਼ਿਸ਼ੀ ਲਾਹੌਰ ਰੇਲਵੇ ਸਟੇਸ਼ਨ ਉੱਤੇ ਫੜੇ ਗਏ ਸਨ ਅਤੇ ਸਾਰੀ ਸਾਜ਼ਿਸ਼ ਦਾ ਪਤਾ ਲੱਗਣ ਪਿਛੋਂ ਮੁਲਜ਼ਮਾਂ ਦਾ ਚਲਾਨ ਕਰ ਦਿੱਤਾ ਗਿਆ ਸੀ। ਪਰ ਮਾਸਟਰ ਮੋਤਾ ਸਿੰਘ ਅਤੇ ਮੁਲਜ਼ਮ ਕਿਸ਼ਨ ਸਿੰਘ ਮਫ਼ਰੂਰ ਹੋ ਗਏ ਸਨ।

''23 ਮਾਰਚ 1923 ਨੂੰ ਮੈਂ ਪੰਡੋਰੀ ਨਿੱਝਰਾਂ ਨੂੰ ਜਾ ਘੇਰਾ ਪਾਇਆ ਅਤੇ ਚੰਦ ਖ਼ਾਸ ਘਰਾਂ ਦੀਆਂ ਤਲਾਸ਼ੀਆਂ ਜਾ ਕੀਤੀਆਂ। ਨਾਲ ਹੀ ਇਹ ਫ਼ੈਸਲਾ ਵੀ ਕਰ ਲਿਆ ਗਿਆ ਸੀ ਕਿ ਬਾਕੀ ਬਬਰਾਂ ਦੇ ਠਿਕਾਣਿਆਂ ਦੀਆਂ ਤਲਾਸੀਆਂ ਵੀ ਕੀਤੀਆਂ ਜਾਣ, ਜਿਨ੍ਹਾਂ ਦੀ ਇਤਲਾਹ ਮੈਂ ਹਾਸਲ ਕਰ ਚੁਕਿਆ ਸੀ। ਸੋ ਪੁਲਸ ਨੇ ਕਿਸ਼ਨਪੁਰਾ ਗੁਰਦੁਆਰਾ, ਲਾਭ ਸਿੰਘ ਜੱਸੋਵਾਲ, ਆਤਮਾ ਸਿੰਘ ਬੀਕਾ, ਬੇਲਾ ਸਿੰਘ ਪ੍ਰਾਗਪੁਰ ਤੇ ਸ਼ਾਮ ਸਿੰਘ ਰਹਿਸੀਵਾਲ ਦੇ ਘਰਾਂ ਅਤੇ ਹੋਰ ਕਈ ਪਿੰਡਾਂ ਵਿਚ ਪੁਲਸ ਟੁਕੜੀਆਂ ਘੱਲ ਕੇ ਉਸੇ ਦਿਨ ਇਕ-ਵਾਰਗੀ ਅਚਾਨਕ ਛਾਪੇ ਮਾਰ ਕੇ ਤਲਾਸ਼ੀਆਂ ਲਈਆਂ ਸਨ। ਕਈ ਮਹੱਤਵਪੂਰਨ ਸੁਰਾਗ ਸਾਡੇ ਹੱਥ ਲਗੇ ਸਨ।

''ਪੰਡੋਰੀ ਨਿੱਝਰਾਂ ਵਿਚ ਛਾਪੇ ਵੇਲੇ ਮੇਰੇ ਨਾਲ ਪੁਲਸ ਕਪਤਾਨ ਜਲੰਧਰ, ਮਿਸਟਰ ਮੈਥਿਊਜ਼, ਗਵਾਹ ਨੰ: 366 ਵੀ ਸੀ। ਪੰਡੋਰੀ ਨਿੱਝਰਾਂ ਵਿਚ ਅਸੀਂ ਵਤਨ ਸਿੰਘ, ਬੂਟਾ ਸਿੰਘ, ਮਿਲਖਾ ਸਿੰਘ, ਸਾਧਾ ਸਿੰਘ, ਨਿਰਵੈਰ ਸਿੰਘ ਅਤੇ ਕਰਤਾਰ ਸਿੰਘ ਤੇ ਹੁਕਮ ਸਿੰਘ ਵਲਦ ਦੇਵਾ ਸਿੰਘ ਦੇ ਘਰਾਂ ਦੀਆਂ ਤਲਾਸ਼ੀਆਂ ਕੀਤੀਆਂ ਸਨ। ਹਾਲੇ ਅਸੀਂ ਘਰਾਂ ਦੀਆਂ ਦਰਬੰਦੀਆਂ ਹੀ ਕਰ ਰਹੇ ਸੀ ਤਾਂ ਸਾਨੂੰ ਪਿੰਡ ਦੀ ਡਿਉਢੀ ਉੱਤੇ ਦੋ ਇਸ਼ਤਿਹਾਰ ਲੱਗੇ ਦਿਸੇ...

''ਇਹਨਾਂ ਕਤਲਾਂ ਬਾਬਤ ਇਹ ਤਾਂ ਪਤਾ ਲੱਗ ਗਿਆ ਸੀ ਕਿ ਇਹ ਬਬਰਾਂ ਨੇ ਹੀ ਕੀਤੇ ਸਨ, ਪਰ ਮੈਨੂੰ ਇਹ ਯਕੀਨ ਨਹੀਂ ਸੀ ਹੋਇਆ ਕਿ ਇਹ ਕਤਲ ਸਿਰਫ ਤਿੰਨਾਂ ਬਬਰਾਂ, ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਝੁਗੀਆ ਅਤੇ ਧੰਨਾ ਸਿੰਘ ਬਹਿਬਲਪੁਰੀਏ ਨੇ ਹੀ ਕੀਤੇ ਹੋਣਗੇ, ਜਿਨ੍ਹਾਂ ਦੇ ਨਾਂ ਉਥੇ ਦਰਜ ਸਨ ਕਿ ਸਾਰੇ ਕਤਲ ਉਹਨਾਂ ਨੇ ਹੀ ਕੀਤੇ ਹਨ। ਮੈਨੂੰ ਯਕੀਨ ਸੀ ਕਿ ਇਹਨਾਂ ਜੁਰਮਾਂ ਵਿਚ ਹੋਰ ਮੁਜਰਮ ਵੀ ਜ਼ਰੂਰ ਸ਼ਾਮਲ ਹੋਣਗੇ।

''ਉਸ ਵੇਲੇ ਇਹ ਗੱਲ ਸਾਨੂੰ ਉੱਕਾ ਹੀ ਸਮਝ ਨਹੀਂ ਸੀ ਆ ਰਹੀ ਕਿ ਉਹ ਜਿਹਲ ਕਿਹੜੀ ਹੈ, ਜਿਥੇ ਇਕ ਕੈਦੀ ਬਬਰਾਂ ਦੀ ਉਮਰ ਕੈਦ ਦੀ ਸਜਾ ਭੁਗਤ ਰਿਹਾ ਹੈ। ਪਰ ਬਾਅਦ ਵਿਚ ਪਤਾ ਚੱਲ ਗਿਆ ਸੀ ਕਿ ਇਹ ਪੁਲਸ ਦਾ ਇਕ ਮੁਖ਼ਬਰ ਦੀਵਾਨ ਹਿਆਤਪੁਰ ਰੁੜਕੀ ਵਾਲਾ ਸੀ, ਜੀਹਨੂੰ ਬਬਰਾਂ ਨੇ ਕਤਲ ਕਰਕੇ ਟੋਏ ਵਿਚ ਦਬਿਆ ਹੋਇਆ ਸੀ। ਇਸ ਕਤਲ ਦਾ ਪਤਾ ਵਾਇਦਾ-ਮੁਆਫ਼ ਰਾਮ ਸਿੰਘ ਗਵਾਹ ਨੰ: 13, ਜੋ ਉਸੇ ਹਿਆਤਪੁਰ ਰੁੜਕੀ ਦਾ ਹੈ, ਤੋਂ ਲਗਿਆ ਸੀ।

''ਮੇਰਾ ਇਕ ਖ਼ਾਸ ਮੁਖ਼ਬਰ ਅਜੀਤ ਸਿੰਘ ਢਾਡਾ, ਥਾਣਾ ਮਾਹਲਪੁਰ, ਜਿਲਾ ਹੁਸ਼ਿਆਰਪੁਰ ਸੀ, ਜੀਹਦੀ ਮਦਦ ਨਾਲ ਗਰੀਬੀ ਅਮਰ ਸਿੰਘ ਨੂੰ ਗਰਿਫ਼ਤਾਰ ਕਰਕੇ ਉਹਤੋਂ ਬਹੁਤ ਮਹੱਤਵਪੂਰਨ ਖ਼ਬਰਾਂ ਮਿਲੀਆਂ ਅਤੇ ਉਹਦੇ ਦੱਸਣ ਉੱਤੇ ਪੰਡੋਰੀ ਨਿੱਝਰਾਂ, ਕੋਟ ਫਤੂਹੀ, ਚੇਲਾ, ਬਸਰਾਮਪੁਰ, ਬੀਕਾ, ਸਾਹਦੜਾ, ਪ੍ਰਾਗਪੁਰ ਅਤੇ ਕਈਆਂ ਹੋਰਨਾਂ ਪਿੰਡਾਂ ਵਿਚ ਇਕੋ ਵਾਰ ਇਕੋ ਵੇਲੇ ਛਾਪੇ ਮਾਰ ਕੇ ਮੁਲਜ਼ਮਾਂ ਦੀਆਂ

ਗਰਿਫ਼ਤਾਰੀਆਂ ਕੀਤੀਆਂ ਗਈਆਂ। ਪੰਡੋਰੀ ਨਿੱਝਰਾਂ ਤੋਂ ਵਤਨ ਸਿੰਘ ਵਾਇਦ-ਮੁਆਫ਼ ਤੋਂ ਇਲਾਵਾ ਹੁਕਮ ਸਿੰਘ, ਕਰਤਾਰ ਸਿੰਘ, ਸਾਧਾ ਸਿੰਘ, ਨਿਰਵੈਰ ਸਿੰਘ ਅਤੇ ਮਿਲਖਾ ਸਿੰਘ ਗਰਿਫ਼ਤਾਰ ਕਰ ਲਏ ਗਏ। ਇਹ ਸਭ ਗਰਿਫ਼ਤਾਰੀਆਂ 22 ਅਪ੍ਰੈਲ 1923 ਨੂੰ ਇਕੋ ਵੇਲੇ ਕੀਤੀਆਂ ਗਈਆਂ ਸਨ।" (ਨੋਟ : ਅਸਲ ਵਿਚ ਸਾਨੂੰ 21 ਅਪ੍ਰੈਲ 1923 ਨੂੰ ਤਕਰੀਬਨ ਗਿਆਰਾਂ ਬਜੇ ਰਾਤ ਨੂੰ ਸੁਤਿਆਂ ਪਿਆਂ ਨੂੰ ਦੱਬ ਲਿਆ ਗਿਆ ਸੀ)।

ਇਸੇ ਤਰ੍ਹਾਂ ਬਾਕੀ ਪਿੰਡਾਂ ਦੇ ਨਾਂ ਅਤੇ ਮੁਲਜ਼ਮ ਜਿਹੜੇ ਉਸੇ ਦਿਨ ਗਰਿਫ਼ਤਾਰ ਕਰ ਲਏ ਗਏ ਸਨ, ਤਰਤੀਬਵਾਰ ਬਿਆਨ ਵਿਚ ਦਰਜ ਹਨ। ਬੱਸ ਫੇਰ ਕੀ ਸੀ, ਕਈਆਂ ਮੁਲਜ਼ਮਾ ਨੇ ਵੀ ਇਕਬਾਲ ਕਰਨਾ ਸ਼ੁਰੂ ਕਰ ਦਿੱਤਾ ਅਤੇ ਧੜਾ-ਧੜ ਵਾਇਦਾ-ਮੁਆਫ਼ੀਆਂ ਲੈਣੀਆਂ ਸ਼ੁਰੂ ਕਰ ਦਿਤੀਆਂ। ਪੁਲਸ ਨੂੰ ਸੁਨਹਿਰੀ ਮੌਕਾ ਹੱਥ ਆ ਗਿਆ। ਜਿਵੇਂ-ਜਿਵੇਂ ਨਵੇਂ-ਨਵੇਂ ਸੁਰਾਗ਼ ਮਿਲਦੇ ਗਏ, ਗਰਿਫ਼ਤਾਰੀਆਂ ਹੁੰਦੀਆਂ ਚਲੀਆਂ ਗਈਆਂ ਅਤੇ ਸਭ ਤੋਂ ਪਹਿਲਾਂ ਸਾਨੂੰ 61 ਮੁਲਜ਼ਮਾਂ ਨੂੰ 13 ਅਗਸਤ 1923 ਨੂੰ ਲਾਹੌਰ ਸੈਂਟਰਲ ਜਿਹਲ ਵਿਚ ਪੁਚਾ ਦਿੱਤਾ ਗਿਆ ਅਤੇ 15 ਅਗਸਤ 1923 ਨੂੰ ਸਾਡਾ 61 ਮੁਲਜ਼ਮਾਂ ਦਾ ਚਲਾਨ ਜਿਹਲ ਦੇ ਵੱਖਰੇ ਵਿਹਾਤੇ ਵਿਚ ਸਪੈਸ਼ਲ ਮੈਜਿਸਟਰੇਟ ਮਿਸਟਰ ਬੁਲ ਦੀ ਅਦਾਲਤ ਵਿਚ ਪੇਸ਼ ਕਰ ਦਿੱਤਾ ਗਿਆ।

* * *

ਮੇਰੇ ਪਿੰਡ ਵਾਲਾ ਵਾਇਦਾ-ਮੁਆਫ਼ ਵਤਨ ਸਿੰਘ, ਗਵਾਹ ਨੰ: 11 ਪੇਪਰ-ਬੁੱਕ ਦੇ ਸਫ਼ਾ 84 ਉੱਤੇ ਦਸਦਾ ਹੈ ਕਿ ਜਿਸ ਵੇਲੇ ਢਡਿਆਂ ਵਾਲੇ ਲਾਭ ਸਿੰਘ ਉੱਤੇ ਦੂਜੇ ਹਮਲੇ ਦੀ ਸਕੀਮ ਵਿਚੇ ਛੱਡਣੀ ਪਈ ਤਾਂ ਬਾਬੂ ਸੰਤਾ ਸਿੰਘ, ਧੰਨਾ ਸਿੰਘ ਬਹਿਬਲਪੁਰ, ਦਲੀਪਾ ਧਾਮੀਆਂ ਅਤੇ ਵਤਨ ਸਿੰਘ, ਚਾਰੇ ਢੱਡਿਆਂ ਤੋਂ ਮੁੜ ਕੇ ਬੂੜੇ ਬਾੜੀ ਦੇ ਵਾਇਦ-ਮੁਆਫ਼ ਕਰਤਾਰ ਸਿੰਘ, ਗਵਾਹ ਨੰ: 10 ਦੇ ਕੋਲ ਜਾ ਠਹਿਰੇ। ਅਗਲੇ ਦਿਨ ਜੱਸੋਵਾਲ ਜਾ ਪੁੱਜੇ ਅਤੇ ਬਬਰ ਕਰਮ ਸਿੰਘ ਤੇ ਉਦੇ ਸਿੰਘ ਬਾਬਤ ਜਥੇਦਾਰ ਲਾਭ ਸਿੰਘ ਤੋਂ ਪਤਾ ਕੀਤਾ। ਪਰ ਕੋਈ ਉਘ-ਸੁਘ ਨਾ ਮਿਲੀ। ਜਥੇਦਾਰ ਪਾਸੋਂ ਚੌਹਾਂ ਨੇ ਪ੍ਰਸ਼ਾਦੇ ਛਕੇ। ਪਰਚਾ ਛਾਪਣ ਵਾਲੀ ਮਸ਼ੀਨ ਜਿਹੜੀ ਲਾਭ ਸਿੰਘ ਨੇ ਮੁੰਡਾ ਘੱਲ ਕੇ ਘਰੋਂ ਮੰਗਵਾ ਦਿੱਤੀ ਸੀ, ਲੈ ਕੇ ਨਾਲ ਲਗਦੇ ਪਿੰਡ ਧਾਂਸੀਵਾਲ ਨੂੰ ਚੱਲ ਪਏ, ਕਿਉਂਕਿ ਲਾਭ ਸਿੰਘ ਨੇ ਸਲਾਹ ਦਿੱਤੀ ਸੀ ਕਿ ਅੱਜ ਧਾਂਸੀਵਾਲ ਇਸ ਇਲਾਕੇ ਦੀ ਮਸ਼ਹੂਰ ਛਿੰਜ ਦਾ ਮੇਲਾ ਲਗ ਰਿਹਾ ਹੈ। ਹੋ ਸਕਦਾ ਹੈ, ਬਬਰ ਸਾਹਿਬ ਉਸ ਮੇਲੇ ਉੱਤੇ ਮਿਲ ਪੈਣ। ਮੇਲੇ ਵਿਚ ਬਬਰ ਸਾਹਿਬ ਤਾਂ ਨਾ ਮਿਲੇ, ਪਰ ਇਹਨਾਂ ਦੇ ਅੜਿੱਕੇ ਗੜ੍ਹਸ਼ੰਕਰ ਦਾ ਇਕ ਮਿਸਤਰੀ ਲਾਭ ਸਿੰਘ, ਜੋ ਪੁਲਸ ਦਾ ਮੁਖ਼ਬਰ ਸੀ, ਆ ਗਿਆ, ਜੀਹਦਾ ਜ਼ਿਕਰ ਮੈਂ ਅਗੇ ਜਾ ਕੇ ਕਰਾਂਗਾ।

ਧਾਂਸੀਵਾਲ ਤੋਂ ਚਾਰੇ ਸਾਥੀ ਫੇਰ ਜੱਸੋਵਾਲ ਆ ਗਏ ਅਤੇ ਰਾਤ ਦਾ ਖਾਣਾ ਪਿੰਡੋਂ ਬਾਹਰ ਮੰਗਵਾ ਕੇ ਹੀ ਛਕਿਆ। ਉਸੇ ਵੇਲੇ ਬਬਰ ਕਰਮ ਸਿੰਘ ਅਤੇ ਉਦੇ ਸਿੰਘ ਵੀ ਇਹਨਾਂ ਨੂੰ ਆ ਮਿਲੇ। ਉਹਨਾਂ ਦੋਹਾਂ ਕੋਲ ਬੰਦੂਕਾਂ ਸਨ। ਬਬਰ ਕਰਮ ਸਿੰਘ ਨੇ ਕਿਹਾ ਕਿ ਐਸ ਵੇਲੇ ਮਸ਼ੀਨ ਸਾਡੇ ਕੋਲ ਮੌਜੂਦ ਹੈ, ਸੋ ਹੁਣੇ ਹੀ ਪਿਛੇ ਕੀਤੇ ਜਾ ਚੁੱਕੇ ਸੁਧਾਰਾਂ ਦਾ ਜ਼ਿਕਰ ਕਰਕੇ ਪਰਚਾ ਛਾਪ ਲੈਣਾ ਚਾਹੀਦਾ ਹੈ ਜੀਹਦੀ ਅਸੀਂ ਜ਼ਿਮੇਵਾਰੀ ਪਹਿਲਾਂ ਹੀ ਲੈ ਚੁੱਕੇ ਹਾਂ ਅਤੇ ਅਸੀਂ ਹੁਣੇ ਹੀ ਆਪਣੇ ਦਸਖ਼ਤ ਵੀ ਕਰ ਦਿੰਦੇ ਹਾਂ।

ਬਾਬੂ ਸੰਤਾ ਸਿੰਘ ਨੇ ਆਖਿਆ ਕਿ ਐਸ ਵੇਲੇ ਨਾ ਤਾਂ ਕੋਈ ਲਿਖਾਰੀ ਹੀ ਮੌਜੂਦ ਹੈ, ਨਾ ਸਟੀਲ ਦੀ ਕਲਮ ਅਤੇ ਬਾਕੀ ਲੋੜੀਂਦਾ ਸਾਮਾਨ ਇਥੇ ਹੈ। ਸਾਰਾ ਸਾਮਾਨ ਰਾਜੋਵਾਲ ਸੰਤ ਠਾਕੁਰ ਸਿੰਘ ਹੁਰਾਂ ਦੀ ਕੁਟੀਆ ਵਿਚ ਪਿਆ ਹੈ। ਚਲੋ, ਉਥੇ ਚੱਲ ਕੇ ਹੀ ਇਹ ਸ਼ੁਭ ਕੰਮ ਨਿਬੇੜ ਲੈਂਦੇ ਹਾਂ। ਸੋ ਸਾਰੇ ਰਾਜੋਵਾਲ ਸੰਤਾਂ ਦੀ ਕੁਟੀਆ ਨੂੰ ਚੱਲ ਪਏ।

ਰਾਹ ਵਿਚ ਟੂਟੋ ਮਾਜਰੇ ਆ ਕੇ ਇਕ ਦੁਕਾਨ ਤੋਂ ਮਿਠਾਈ ਅਤੇ ਦੁੱਧ ਲੈ ਕੇ ਛਕੇ (ਇਹ ਹਲਵਾਈ ਗਵਾਹੀ ਦੇਣ ਵੀ ਆਇਆ ਸੀ) ਅਤੇ ਰਾਤ ਆ ਕੇ ਵਾਇਦਾ-ਮੁਆਫ਼ ਕਰਤਾਰ ਸਿੰਘ ਬੂੜੋ ਬਾੜੀਆ ਕੋਲ ਕੱਟੀ। ਸਵੇਰੇ ਫੇਰ ਕਰਤਾਰ ਸਿੰਘ ਤੋਂ ਅੰਨ-ਪਾਣੀ ਛਕ ਕੇ ਜਦੋਂ ਤੁਰਨ ਲਗੇ ਤਾਂ ਦਲੀਪੇ ਦਾ ਪੈਰ ਜ਼ਿਆਦਾ ਦਰਦ ਕਰਨ ਲੱਗ ਪਿਆ, ਜਿਸ ਵਿਚ ਪਹਿਲਾਂ ਸੱਟ ਲਗ ਚੁੱਕੀ ਸੀ। ਸੋ ਇਹਨਾਂ ਨੇ ਕਰਤਾਰ ਸਿੰਘ ਦੀ ਘੋੜੀ ਨਾਲ ਲੈ ਲਈ। ਖੇਸੀ ਵਿਚ ਇਕ ਪਾਸੇ ਮਸੀਨ ਅਤੇ ਦੂਜੇ ਪਾਸੇ ਦੋਨੋਂ ਬੰਦੂਕਾਂ ਬੰਨ੍ਹ ਕੇ ਘੋੜੀ ਉੱਤੇ ਲਟਕਾ ਲਈਆਂ ਅਤੇ ਉੱਤੇ ਦਲੀਪੇ ਨੂੰ ਬਿਠਾ ਰਾਜੋਵਾਲ ਨੂੰ ਚਾਲੇ ਪਾ ਦਿਤਾ। ਹਾਲੇ ਦੋ ਕੁ ਮੀਲ ਹੀ ਆਏ ਹੋਣਗੇ ਕਿ ਇਕ ਸੂਬੇਦਾਰ ਸਾਹਿਬ ਡੰਗਰ ਚਾਰਦੇ ਮਿਲੇ, ਜਿਨ੍ਹਾਂ ਨੇ ਸਿੰਘਾਂ ਨੂੰ ਬੜੇ ਪਿਆਰ ਅਤੇ ਸਤਿਕਾਰ ਨਾਲ ਫਤਿਹ ਬੁਲਾਈ ਤੇ ਜਲ-ਪਾਣੀ ਦੀ ਸੇਵਾ ਪੁੱਛੀ। ਇਹਨਾਂ ਨੇ ਧੰਨਵਾਦ ਕਰਦਿਆਂ ਦਸਿਆ ਕਿ ਹੁਣੇ ਹੀ ਛਕ-ਛਕਾ ਕੇ ਤੁਰੇ ਹਾਂ। ਜਿਸ ਵੇਲੇ ਜਥਾ ਰਾਜੋਵਾਲ ਸੰਤਾਂ ਦੀ ਕੁਟੀਆ ਲਾਗੇ ਢੁਕਿਆ ਤਾਂ ਬਾਬੂ ਸੰਤਾ ਸਿੰਘ ਨੇ ਦਲੀਪੇ ਨੂੰ ਘੋੜੀ ਤੋਂ ਉਤਾਰ ਲਿਆ ਅਤੇ ਘੋੜੀ ਵਤਨ ਸਿੰਘ ਨੂੰ ਦੇ ਕੇ ਆਖਿਆ ਕਿ ਉਹ ਜਾ ਕੇ ਪਿੰਡੋਂ ਊਧਮ ਸਿੰਘ ਨੂੰ ਲੈ ਆਵੇ ਤਾਂ ਜੋ ਪਰਚਾ ਲਿਖਵਾ ਲਿਆ ਜਾਵੇ।

ਵਤਨ ਸਿੰਘ ਅਤੇ ਊਧਮ ਸਿੰਘ ਪਿੰਡੋਂ ਪ੍ਰਸ਼ਾਦੇ ਛਕ ਕੇ ਰਾਤ ਨੂੰ ਰਾਜੋਵਾਲ ਸੰਤਾਂ ਦੀ ਕੁਟੀਆ ਵਿਚ ਆ ਗਏ, ਤਾਂ ਬਾਬੂ ਸੰਤਾ ਸਿੰਘ ਨੇ ਦੋਹਾਂ ਨੂੰ ਇਕ ਬੰਦੇ ਨਾਲ ਰਹਿਸੀਵਾਲ ਨੂੰ ਸ਼ਾਮ ਸਿੰਘ ਕੋਲ ਘੱਲ ਦਿੱਤਾ ਕਿ ਰਾਤ ਉਥੇ ਜਾ ਸੌਣ। ਸੋ ਸ਼ਾਮ ਸਿੰਘ ਨੇ ਦੋਹਾਂ ਨੂੰ ਇਕ ਖਾਲੀ ਮਕਾਨ ਵਿਚ ਲਿਜਾ ਕੇ ਸੌਣ ਦਾ ਇੰਤਜ਼ਾਮ ਕਰ ਦਿੱਤਾ ਅਤੇ ਘੋੜੀ ਵੀ ਉਥੇ ਬੰਨ੍ਹਵਾ ਦਿੱਤੀ। ਅਗਲੇ ਦਿਨ ਸਵੇਰੇ ਹੀ ਬਬਰ ਕਰਮ ਸਿੰਘ, ਉਦੇ ਸਿੰਘ, ਧੰਨਾ ਸਿੰਘ, ਦਲੀਪਾ ਅਤੇ ਬਾਬੂ ਸੰਤਾ ਸਿੰਘ ਵੀ ਰਹਿਸੀਵਾਲ ਹੀ ਆ ਗਏ ਅਤੇ ਸ਼ਾਮ ਸਿੰਘ ਨੇ ਸਾਰਿਆਂ ਦੀ ਅੰਨ-ਪਾਣੀ ਨਾਲ ਟਹਿਲ-ਸੇਵਾ ਕੀਤੀ। ਫੇਰ ਬਾਬੂ ਸੰਤਾ ਸਿੰਘ ਨੇ ਵਤਨ ਸਿੰਘ ਨੂੰ ਪ੍ਰਾਗਪੁਰ ਨੂੰ ਘੱਲ ਦਿੱਤਾ ਕਿ ਉਹ ਜਾ ਕੇ ਸਾਧੂ ਸਿੰਘ ਨੂੰ ਕਹਿ ਆਵੇ ਕਿ ਪਰਸੋਂ, 23 ਮਾਰਚ 1923 ਨੂੰ ਤਰਕਾਲਾਂ ਤਕ ਪੰਡੋਰੀ ਨਿੱਝਰਾਂ ਸਾਧਾ ਸਿੰਘ ਦੇ ਘਰ ਪੁੱਜ ਜਾਵੇ। ਵਤਨ ਸਿੰਘ ਉਸੇ ਵੇਲੇ ਕਠਾਰੋਂ ਰੇਲ ਚੜ੍ਹ ਕੇ ਛਾਉਣੀ ਜਲੰਧਰ ਜਾ ਉਤਰਿਆ ਅਤੇ ਫਟਾ-ਫਟ ਸਾਧੂ ਸਿੰਘ ਨੂੰ ਪ੍ਰਾਗਪੁਰ ਸੁਨੇਹਾ ਦੇ ਕੇ ਮੁੜ ਪਿੰਡ ਰਾਤ ਆ ਕੱਟੀ ਤੇ ਅਗਲੇ ਦਿਨ ਫੇਰ ਰਾਜੋਵਾਲ ਸੰਤਾਂ ਦੀ ਕੁਟੀਆ ਵਿਚ ਆ ਗਿਆ। ਦੋਹਾਂ ਪਿੰਡਾਂ ਵਿਚ ਫ਼ਾਸਲਾ ਤਿੰਨ ਕੁ ਮੀਲਾਂ ਦਾ ਹੀ ਹੈ। ਉਸ ਵੇਲੇ ਬਾਬੂ ਸੰਤਾ ਸਿੰਘ, ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਝੁਗੀਆਂ, ਧੰਨਾ ਸਿੰਘ ਬਹਿਬਲਪੁਰ ਅਤੇ ਦਲੀਪਾ ਮੌਜੂਦ ਸਨ ਅਤੇ ਊਧਮ ਸਿੰਘ ਸਟੀਲ ਦੀ ਕਲਮ ਨਾਲ ਮੋਮੀ ਕਾਗ਼ਜ਼ ਉੱਤੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਦੇ ਨਾਂ ਤਿੰਨਾਂ ਬਬਰਾਂ ਵੱਲੋਂ ਪਹਿਲੀ ਖੁੱਲ੍ਹੀ ਚਿੱਠੀ ਲਿਖ ਰਿਹਾ ਸੀ।

ਜਿਸ ਵੇਲੇ ਊਧਮ ਸਿੰਘ ਨੇ ਮੋਮੀ ਕਾਗ਼ਜ਼ ਉੱਤੇ ਉਪਰ-ਦਸਿਆ ਐਲਾਨ ਸਟੀਲ ਦੀ ਕਲਮ ਨਾਲ ਪੂਰਾ ਲਿਖ ਲਿਆ ਤਾਂ ਉਸੇ ਕਲਮ ਨਾਲ ਪਹਿਲਾਂ ਬਬਰ ਕਰਮ ਸਿੰਘ ਦੌਲਤਪੁਰ, ਫੇਰ ਉਦੇ ਸਿੰਘ ਰਾਮਗੜ ਝੁਗੀਆਂ ਅਤੇ ਅਖ਼ੀਰ ਉੱਤੇ ਧੰਨਾ ਸਿੰਘ ਬਹਿਬਲਪੁਰ ਨੇ ਪੰਜਾਬੀ ਵਿਚ ਦਸਖ਼ਤ ਕਰਕੇ ਸਾਰੇ ਕਤਲਾਂ ਦੀ ਜ਼ਿੰਮੇਵਾਰੀ ਆਪ ਲੈ ਲਈ ਅਤੇ ਉਸੇ ਵੇਲੇ ਤਿੰਨ-ਚਾਰ ਸੌ ਕਾਪੀਆਂ ਛਾਪ ਲਈਆਂ। 22 ਮਾਰਚ 1923 ਦੀ ਤਾਰੀਖ ਪਾ ਦਿੱਤੀ ਗਈ ਅਤੇ ਉਸੇ ਵੇਲੇ ਬਾਬੂ ਸੰਤਾ ਸਿੰਘ ਨੇ ਵਤਨ ਸਿੰਘ ਅਤੇ ਊਧਮ ਸਿੰਘ ਨੂੰ ਪਿੰਡ ਨੂੰ ਘੱਲ ਦਿੱਤਾ ਤੇ ਤਾਕੀਦ ਕਰ ਦਿੱਤੀ ਕਿ ਬਾਕੀ ਜਥਾ ਪਿੰਡ ਦੀ ਉਸੇ ਝਿੜੀ ਵਿਚ ਪਹੁੰਚ ਜਾਵੇਗਾ ਅਤੇ ਸਾਥੀਆਂ ਨੂੰ ਕਹਿ ਕੇ ਪ੍ਰਸ਼ਾਦੇ ਤੇ ਬਿਸਤਰਿਆਂ ਦਾ ਵੀ ਇੰਤਜ਼ਾਮ ਉਥੇ ਹੀ ਕਰ ਛੱਡਣਾ, ਜਿਥੇ ਪਹਿਲਾਂ ਬਬਰ ਠਹਿਰਦੇ ਸਨ।

ਵਾਇਦਾ-ਮੁਆਫ਼ ਵਤਨ ਸਿੰਘ ਬਿਆਨ ਜਾਰੀ ਰਖਦਾ ਦਸਦਾ ਹੈ ਕਿ ਉਹ ਅਤੇ ਸਾਧਾ ਸਿੰਘ ਪ੍ਰਸ਼ਾਦੇ ਲੈ ਕੇ ਝਿੜੀ ਵੱਲ ਜਾ ਹੀ ਰਹੇ ਸਨ ਤਾਂ ਰਸਤੇ ਵਿਚ ਕਰਤਾਰ ਸਿੰਘ ਮੁਲਜ਼ਮ ਨੰ: 9 ਅਤੇ ਮਿਲਖਾ ਸਿੰਘ ਮੁਲਜ਼ਮ ਨੰ: 12 ਮਿਲ ਪਏ। "ਅਸੀਂ ਚਾਰੇ ਝਿੜੀ ਵਾਲੀ ਛੰਨ ਵਿਚ ਜਾ ਪੁੱਜੇ। ਮੈਨੂੰ ਪਤਾ ਸੀ ਕਿ ਮਿਲਖਾ ਸਿੰਘ ਬਬਰ ਜਥੇ ਦਾ ਪੱਕਾ ਮੈਂਬਰ ਸੀ ਅਤੇ ਭਾਈ ਕਿਸ਼ਨ ਸਿੰਘ ਨਾਲ ਪਹਿਲੋਂ-ਪਹਿਲ ਮੇਰੀ ਮੁਲਾਕਾਤ ਇਸੇ ਮਿਲਖਾ ਸਿੰਘ ਨੇ ਆਪਣੀ ਹਵੇਲੀ ਵਿਚ ਸੱਦ ਕੇ ਕਰਵਾਈ ਸੀ। ਇਸੇ ਕਰਕੇ ਮੈਂ ਜਾਣ-ਬੁੱਝ ਕੇ ਦੋਹਾਂ ਨੂੰ ਕਹਿ ਕੇ ਨਾਲ ਲੈ ਲਿਆ ਸੀ। ਉਸ ਵੇਲੇ ਝਿੜੀ ਦੀ ਛੰਨ ਵਿਚ ਬਾਬੂ ਸੰਤਾ ਸਿੰਘ, ਬਬਰ ਕਰਮ ਸਿੰਘ, ਉਦੇ ਸਿੰਘ ਰਾਮਗੜ੍ਹ ਝੁਗੀਆ, ਧੰਨਾ ਸਿੰਘ ਬਹਿਬਲਪੁਰ ਅਤੇ ਦਲੀਪਾ ਧਾਮੀਆਂ ਮੌਜੂਦ ਸਨ। ਪ੍ਰਸ਼ਾਦੇ ਛਕਾਉਣ ਪਿਛੋਂ ਅਸੀਂ ਭਾਂਡਾ-ਟੀਂਡਾ ਸਾਂਭ ਕੇ ਵਾਪਸ ਘਰਾਂ ਨੂੰ ਆ ਗਏ।" ਸਾਧਾ ਸਿੰਘ, ਵਤਨ ਸਿੰਘ ਅਤੇ ਊਧਮ ਸਿੰਘ ਬਿਸਤਰੇ ਲੈ ਕੇ ਮੁੜ ਝਿੜੀ ਨੂੰ ਚਲੇ ਗਏ ਅਤੇ ਰਾਤ ਉਥੇ ਹੀ ਸੁੱਤੇ।

ਸਾਡੇ ਆਉਣ ਤੋਂ ਪਿਛੋਂ ਉਸੇ ਵੇਲੇ ਬਾਬੂ ਸੰਤਾ ਸਿੰਘ ਨੇ ਲੈਫਟੀਨੈਂਟ ਗਵਰਨਰ ਪੰਜਾਬ ਦੇ ਨਾਂ ਲਿਖੀ ਖੁੱਲ੍ਹੀ ਚਿੱਠੀ ਦੇ ਦੋ ਪਰਚੇ ਸਾਡੀ ਗਭਲੀ ਪੱਤੀ ਦੀ ਡਿਉਢੀ ਵਿਚ ਲਿਆ ਜੜੇ। ਇਹ 22 ਮਾਰਚ 1923 ਦੀ ਰਾਤ ਦੀ ਗੱਲ ਹੈ।

23 ਮਾਰਚ 1923 ਨੂੰ ਸਵੇਰੇ 8-9 ਬਜੇ ਦੇ ਕਰੀਬ ਮੈਂ ਦੂਰੋਂ ਦੇਖਿਆ ਕਿ ਇਕ ਅੰਗਰੇਜ਼ ਅਫ਼ਸਰ ਘੋੜੇ ਉੱਤੇ ਚੜ੍ਹਿਆ ਅਗੇ-ਅਗੇ ਅਤੇ ਤਿੰਨ-ਚਾਰ ਹੋਰ ਘੋੜਿਆਂ ਉੱਤੇ ਚੜ੍ਹੇ ਪੁਲਸੀਏ ਪਿੱਛੇ-ਪਿੱਛੇ ਪਿੰਡ ਵੱਲ ਆ ਰਹੇ ਹਨ। ਸੌ ਕੁ ਦੇ ਕਰੀਬ ਪੁਲਸ ਦੇ ਸਿਪਾਹੀ ਮੋਢਿਆਂ ਉੱਤੇ ਸੰਗੀਨਾਂ ਵਾਲੀਆਂ ਬੰਦੂਕਾਂ ਸਜਾ ਕੇ ਚਾਰ-ਚਾਰ ਦੇ ਜੁੱਟ ਵਿਚ ਮਾਰਚ ਕਰਦੇ ਆ ਰਹੇ ਹਨ। ਮੈਨੂੰ ਖੁੜਕੀ ਕਿ ਇਹ ਤਾਂ ਸਾਡੀ ਖ਼ਾਤਰ ਹੀ ਆਏ ਹਨ। ਸੋ ਮੈਂ ਉਸੇ ਵੇਲੇ ਲਕ-ਲਕ ਹੋਈਆਂ ਕਣਕਾਂ ਵਿਚ ਜਾ ਵੜਿਆ ਅਤੇ ਕਰਤਾਰ ਸਿੰਘ ਤੇ ਹੁਕਮ ਸਿੰਘ ਨੂੰ ਵੀ ਭੱਜ ਕੇ ਨਾਲ ਲੈ ਲਿਆ। ਬੈਠਕ ਸਾਡੀ ਹਵੇਲੀ ਦੇ ਰਾਹ ਵਿਚ ਹੀ ਆਉਂਦੀ ਸੀ। ਬੂਟਾ ਸਿੰਘ ਦੇ ਖੂਹ ਉੱਤੇ ਪੁੱਜੇ ਹੀ ਸੀ ਤਾਂ ਕਰਤਾਰ ਸਿੰਘ ਅਤੇ ਹੁਕਮ ਸਿੰਘ ਨੇ ਦਸਿਆ ਕਿ ਬੰਤਾ ਸਿੰਘ ਧਾਮੀਆਂ ਅਤੇ ਧੰਨਾ ਸਿੰਘ ਕੋਟਲੀ ਬਾਵਾਦਾਸ ਇਕ ਬੰਦੂਕ ਅਤੇ ਇਕ ਛਵ੍ਹੀ ਸਾਡੇ ਕੋਲ ਛੱਡ ਗਏ ਸਨ, ਜਿਹੜੀਆਂ ਐਸ ਵੇਲੇ ਬੈਠਕ ਦੀ ਛੱਤ ਉਤੇ ਕੜਬ ਦੀਆਂ ਪੂਲੀਆਂ ਵਿਚ

ਲੁਕੋਈਆਂ ਹੋਈਆਂ ਹਨ। ਕਿਤੇ ਪੁਲਸ ਉਪਰ ਚੜ੍ਹ ਕੇ ਕਾਬੂ ਨਾ ਕਰ ਲਵੇ। ਕਿਵੇਂ ਕੀਤਾ ਜਾਵੇ। ਉਸ ਵੇਲੇ ਬੈਠਕ ਦੇ ਸਾਹਮਣੇ ਵਾਲੇ ਥੜ੍ਹੇ ਉੱਤੇ ਦੋ ਸਿਪਾਹੀ ਬੈਠੇ ਬੇਫਿਕਰੇ ਜਿਹੇ ਗੱਪਾਂ ਮਾਰ ਰਹੇ ਸਨ ਅਤੇ ਬਾਕੀ ਪੁਲਸ ਦੀ ਧਾੜ ਪਿੰਡ ਵਿਚ ਜਾ ਵੜੀ ਸੀ ਅਤੇ ਸਾਡੇ ਸੱਤਾਂ ਘਰਾਂ ਦੀਆਂ ਦਰਬੰਦੀਆਂ ਕਰ ਰਹੀ ਸੀ। ਝੋਲੀ-ਚੁੱਕ ਸਾਡੇ ਘਰਾਂ ਦੀ ਨਿਸ਼ਾਨਦੇਹੀ ਕਰਨ ਵਿਚ ਰੁੱਝੇ ਹੋਏ ਸਨ ਅਤੇ ਅਫ਼ਸਰ ਲੋਕ ਸਾਡੀ ਪੱਤੀ ਦੀ ਡਿਉਢੀ ਵਿਚ ਖੜੋਤੇ ਸਨ।

ਪੁਲਸ ਚਲੀ ਜਾਣ ਤੋਂ ਬਾਅਦ ਜਿਸ ਵੇਲੇ ਅਸੀਂ ਵਾਪਸ ਘਰਾਂ ਨੂੰ ਮੁੜੇ ਤਾਂ ਸਭ ਤੋਂ ਪਹਿਲਾਂ ਅਸੀਂ ਇਸੇ ਡਿਉਢੀ ਵਿਚ ਪੁੱਜੇ। ਸਾਨੂੰ ਪਤਾ ਲਗਿਆ ਕਿ ਜਿਸ ਵੇਲੇ ਅੰਗਰੇਜ਼ ਪੁਲਸ ਕਪਤਾਨ ਨੂੰ ਖੁੱਲ੍ਹੀ ਚਿੱਠੀ ਦਾ ਤਰਜਮਾ ਕਰਕੇ ਅੰਗਰੇਜ਼ੀ ਵਿਚ ਪਿੰਡ ਦੇ ਹੀ ਇਕ ਪੜ੍ਹੇ-ਲਿਖੇ ਡਾਕਟਰ ਨੇ ਸਮਝਾਇਆ ਤਾਂ ਉਹ ਕੁਰਸੀ ਤੋਂ ਉਛਲ ਕੇ ਖੜੋ ਗਿਆ ਅਤੇ ਤੈਸ਼ ਵਿਚ ਆ ਕੇ ਜ਼ੋਰ-ਜ਼ੋਰ ਨਾਲ ਬੂਟ ਦੀਆਂ ਅੱਡੀਆਂ ਜ਼ਮੀਨ ਉੱਤੇ ਮਾਰ-ਮਾਰ ਕੇ ਪਾਗਲਾਂ ਵਾਂਗੂ ਬਕਣ ਲਗ ਪਿਆ ਕਿ ਜੇ ਮੈਨੂੰ ਕਾਨੂੰਨ ਇਜਾਜ਼ਤ ਦਿੰਦਾ ਤਾਂ ਮੈਂ ਹੁਣੇ ਹੀ ਤੋਪਖਾਨਾ ਮੰਗਵਾ ਕੇ ਇਸ ਪਿੰਡ ਨੂੰ ਤੋਪ ਦੇ ਗੋਲਿਆਂ ਨਾਲ ਉਡਾ ਦਿੰਦਾ।

ਸਾਡੇ ਕੋਲ ਇਕ ਬੰਦੂਕ, ਵਤਨ ਸਿੰਘ ਤੇ ਸਾਧਾ ਸਿੰਘ ਵਾਲੇ ਦੋ ਰੀਵਾਲਵਰ ਅਤੇ ਦੋ ਛਵ੍ਹੀਆਂ ਸਨ। ਅਸੀਂ ਵਤਨ ਸਿੰਘ ਨੂੰ ਆਖਿਆ ਚਲੋ ਪੁਲਸ ਉੱਤੇ ਹਮਲਾ ਕਰ ਦੇਈਏ। ਸਚਮੁੱਚ ਅਸੀਂ ਨਿਆਣੇ ਉਸ ਵੇਲੇ ਐਵੇਂ ਇਸ ਗੱਲ ਨੂੰ ਤਮਾਸ਼ਾ ਹੀ ਸਮਝੀ ਬੈਠੇ ਸੀ। ਨਤੀਜੇ ਤੋਂ ਬਿਲਕੁਲ ਅਣਜਾਣ ਸੀ ਅਤੇ ਆਪਣੇ ਆਪ ਵਿਚ ਫੰਨੇ ਖਾਂ ਬਣੇ ਬੈਠੇ ਸੀ। ਵਤਨ ਸਿੰਘ ਨੇ ਆਖਿਆ, "ਐਵੇਂ ਚਾਂਭਲੇ ਨਾ ਫਿਰੋ। ਤੁਹਾਡੀ ਬੰਦੂਕ ਅਤੇ ਸਾਡੇ ਰੀਵਾਲਵਰ ਪੁਲਸ ਦੀਆਂ ਪੱਕੀਆਂ ਰਫ਼ਲਾਂ ਅਗੇ ਤਾਂ ਖਿਡੌਣੇ ਵੀ ਨਹੀਂ ਹੋਣੇ। ਬੰਦੂਕ ਵਿਚ ਦੋ ਗੋਲੀਆਂ ਪੁਲਸ ਦਾ ਕੀ ਖੋਹ ਲੈਣਗੀਆਂ। ਜਾਂਦੇ ਹੀ ਜਾਨਾਂ ਤੋਂ ਹੱਥ ਧੋ ਬੈਠੋਗੇ।"...

ਜਦੋਂ ਅਸੀਂ ਤਰਕਾਲਾਂ ਨੂੰ ਪਿੰਡ ਨੂੰ ਮੁੜੇ ਤਾਂ ਪੁਲਸ ਸਾਡੇ ਘਰਾਂ ਦੀਆਂ ਤਲਾਸ਼ੀਆਂ ਲੈਣ ਪਿਛੋਂ ਵਾਪਸ ਜਾ ਚੁੱਕੀ ਸੀ ਅਤੇ ਘਰੀਂ ਜਾ ਕੇ ਦੇਖਿਆ ਕਿ ਸਚਮੁੱਚ ਹੀ ਭੂਤਨੇ ਘਰਾਂ ਵਿਚ ਫਿਰ ਗਏ ਸਨ। ਸਭ ਮਾੜਾ-ਮੋਟਾ ਲੀੜਾ-ਕਪੜਾ, ਕਚੇ-ਪੱਕੇ ਭਾਂਡੇ ਦਲਾਨ ਅਤੇ ਵਿਹੜੇ ਵਿਚ ਖਿਲਰੇ ਪਏ ਸਨ ਅਤੇ ਮਾਪੇ ਬੇਬੱਸ ਡਰੇ-ਸਹਿਮੇ ਨਿਮੋਝੂਣੇ ਜਿਹੇ ਉਦਾਸ-ਪ੍ਰੇਸ਼ਾਨ ਨੀਵੀਆਂ ਪਾਈ ਬਿਟਰ-ਬਿਟਰ ਸਾਡੇ ਮੂੰਹਾਂ ਵੱਲ ਦੇਖੀਂ ਜਾ ਰਹੇ ਸਨ।

ਸਾਡੇ ਪਿੰਡੋਂ ਪੰਜੇ ਬਬਰ, ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਝੁਗੀਆਂ, ਧੰਨਾ ਸਿੰਘ ਬਹਿਬਲਪੁਰ, ਦਲੀਪਾ ਧਾਮੀਆਂ ਅਤੇ ਬਾਬੂ ਸੰਤਾ ਸਿੰਘ ਜਿਸ ਵੇਲੇ ਗੁਰਦੁਆਰਾ ਕਿਸ਼ਨਪੁਰਾ ਦੇ ਨੇੜੇ ਪੁੱਜੇ ਤਾਂ ਦੂਰੋਂ ਹੀ ਦੇਖਿਆ ਕਿ ਪੁਲਸ ਚਾਰਾਂ ਪਾਸਿਆਂ ਤੋਂ ਗੁਰਦੁਆਰੇ ਨੂੰ ਘੇਰੀਂ ਖੜੋਤੀ ਹੈ ਅਤੇ ਚੁਬਾਰੇ ਉੱਤੇ ਵੀ ਸੰਗੀਨਾਂ ਵਾਲੀਆਂ ਬੰਦੂਕਾਂ ਮੋਢਿਆ ਉੱਤੇ ਸਜਾਈ ਪੁਲਸੀਏ ਖੜੋਤੇ ਹਨ। ਪੰਜੇ ਉਥੋਂ ਹੀ ਵਾਪਸ ਮੁੜ ਤੁਰੇ ਅਤੇ ਪਿੰਡਾਂ ਤੋਂ ਬਾਹਰੋ-ਬਾਹਰ, ਖੜੀਆਂ ਕਣਕਾਂ ਵਿਚ ਦੀ ਮੁੜ ਸਾਡੇ ਪਿੰਡ ਵੱਲ ਨੂੰ ਚੱਲ ਪਏ ਅਤੇ ਸਿੱਧੇ ਬਖ਼ਸ਼ੀਸ਼ ਸਿੰਘ ਦੇ ਖ਼ੂਹ ਉੱਤੇ ਆ ਗਏ। ਉਸ ਵੇਲੇ ਬਖ਼ਸ਼ੀਸ਼ ਸਿੰਘ ਦਾ ਬਾਪ ਪ੍ਰੇਮ ਸਿੰਘ ਖੂਹ ਉੱਤੇ ਮੌਜੂਦ ਸੀ। ਉਹਤੋਂ ਬਬਰਾਂ ਨੂੰ

ਪਿੰਡ ਆ ਚੁੱਕੀ ਪੁਲਸ ਦਾ ਪਤਾ ਲਗਿਆ ਅਤੇ ਇਹ ਵੀ ਪਤਾ ਲਗਿਆ ਕਿ ਪੁਲਸ ਨੇ ਉਹ ਖੁੱਲੀ ਚਿੱਠੀ ਵੀ ਕਬਜ਼ੇ ਵਿਚ ਕਰ ਲਈ ਹੈ, ਜਿਹੜੀ ਬਾਬੂ ਸੰਤਾ ਸਿੰਘ ਨੇ ਅੱਧੀ ਰਾਤ ਵੇਲੇ ਪਿੰਡ ਦੀ ਡਿਉਢੀ ਵਿਚ ਲਾਈ ਸੀ। ਸਾਡੇ ਸੱਤਾ ਘਰਾਂ ਦੀਆਂ ਤਲਾਸ਼ੀਆਂ ਦਾ ਜ਼ਿਕਰ ਵੀ ਹੋਇਆ। ਬਬਰ ਤਰਕਾਲਾਂ ਤੱਕ ਉਥੇ ਹੀ ਟਿਕੇ ਰਹੇ ਅਤੇ ਬਜ਼ੁਰਗ ਦੋ-ਤਿੰਨ ਵਾਰ ਪਿੰਡ ਜਾ ਕੇ ਪੁਲਸ ਦੀ ਕਾਰਵਾਈ ਦਾ ਪਤਾ ਲਿਆ ਕੇ ਬਬਰਾਂ ਨੂੰ ਦਸਦਾ ਰਿਹਾ।

ਇਹ ਵੀ ਕੁਦਰਤ ਦੀ ਲੀਲਾ ਹੀ ਸਮਝੋ ਕਿ ਇਕ ਪਾਸੇ ਸਰਕਾਰ ਸਾਰੇ ਦੁਆਬੇ ਦੇ ਚੁਣਵੇਂ ਬਬਰਾਂ ਦੇ ਠਿਕਾਣਿਆਂ ਉੱਤੇ ਉਸੇ ਵੇਲੇ ਧਾਵਾ ਬੋਲੀ ਬੈਠੀ ਸੀ ਅਤੇ ਦੂਜੇ ਬੰਨੇ ਪੰਜ ਸਿਰਕੱਢ ਬਬਰ ਜ਼ਿਆਦਾ ਤੋਂ ਜ਼ਿਆਦਾ ਪੌਣੇ ਕੁ ਮੀਲ ਦੀ ਵਿਥ ਉੱਤੇ ਸਿਰਾਂ ਉੱਤੇ ਕਫਨ ਬੰਨ੍ਹੀ ਸਿਰਧੜ ਦੀ ਬਾਜ਼ੀ ਲਾਈਂ ਬੈਠੇ ਸਨ ਅਤੇ ਲੈਫਟੀਨੈਂਟ ਗਵਰਨਰ ਪੰਜਾਬ ਨੂੰ ਉਸੇ ਦਿਨ ਖੁੱਲ੍ਹੀ ਚਿੱਠੀ ਲਿਖ ਕੇ ਆਹਮੋ-ਸਾਹਮਣੇ ਸਿਧਿਆਂ ਟਕਰਨ ਲਈ ਲਲਕਾਰ ਚੁੱਕੇ ਸਨ ਅਤੇ ਲਿਖ ਚੁੱਕੇ ਸਨ ਕਿ ਫਰੰਗੀਆਂ ਨੂੰ ਮੁਲਕ ਵਿਚੋਂ ਭਜਾਏ ਬਿਨਾਂ ਦਮ ਨਹੀਂ ਲਵਾਂਗੇ।

# 41. ਮਿਸਤਰੀ ਲਾਭ ਸਿੰਘ ਦਾ ਕਤਲ

ਇਸ ਕਤਲ ਵਿਚ ਵਤਨ ਸਿੰਘ ਵਾਇਦਾ-ਮੁਆਫ਼ ਨੰ: 11, ਬਾਬੂ ਸੰਤਾ ਸਿੰਘ ਮੁਲਜ਼ਮ ਨੰ: 51, ਦਲੀਪਾ ਧਾਮੀਆਂ ਮੁਲਜ਼ਮ ਨੰ: 76 ਅਤੇ ਧੰਨਾ ਸਿੰਘ ਬਹਿਬਲਪੁਰ ਨੇ ਹਿੱਸਾ ਲਿਆ ਸੀ। ਇਹ 19 ਮਾਰਚ 1923 ਨੂੰ ਹੋਇਆ ਸੀ। ਇਹ ਜੱਜਮੈਂਟ ਦੇ ਸਫ਼ਾ 87 ਉਤੇ ਦੋਸ਼ ਨੰ: 13 ਦੇ ਰੂਪ ਵਿਚ ਦਰਜ ਹੈ।

ਇਹ ਉਹੋ ਮਿਸਤਰੀ ਲਾਭ ਸਿੰਘ ਹੈ ਜੀਹਦਾ ਜ਼ਿਕਰ ਜਲੰਧਰ ਦੇ ਪੁਲਸ ਕਪਤਾਨ ਨੇ ਬਿਆਨ ਦਿੰਦਿਆਂ ਕੀਤਾ ਸੀ ਕਿ ਮਿਸਤਰੀ ਲਾਭ ਸਿੰਘ ਪੁਲਸ ਦੀ ਨੌਕਰੀ ਕਰ ਚੁਕਿਆ ਸੀ (ਪੇਪਰ-ਬੁੱਕ, ਸਫ਼ਾ 682)।

ਇਹ ਗੜ੍ਹਸ਼ੰਕਰ ਦਾ ਮਿਸਤਰੀ ਪੁਲਸ ਦੀ ਨੌਕਰੀ ਛਡ ਕੇ ਪੁਲਸ ਦਾ ਟਾਊਟ ਜਾਂ ਮੁਖ਼ਬਰ ਬਣ ਕੇ ਐਵੇਂ ਹੀ ਅਕਾਲੀਆਂ ਦੀਆਂ ਝੂਠੀਆਂ ਰਪੋਟਾਂ ਕਰਨ ਲੱਗ ਪਿਆ ਸੀ ਕਿ ਫੁਲਾਣੇ ਕੋਲ ਬਬਰ ਆ ਕੇ ਠਹਿਰਦੇ ਹਨ। ਪਹਿਲਾਂ ਬੰਦੇ ਨੂੰ ਬਿਨਾਂ-ਕਸੂਰ ਹੀ ਕਸੂਰਵਾਰ ਬਣਾ ਕੇ ਥਾਣੇ ਪੁਚਾ ਦੇਣਾ ਅਤੇ ਬਾਅਦ ਵਿਚ ਉਹਦੇ ਘਰ ਵਾਲਿਆਂ ਤੋਂ ਕੁਝ ਲੈ-ਦੇ ਕੇ ਬੰਦਖ਼ਲਾਸੀ ਵੀ ਕਰਵਾ ਦੇਣੀ। ਜਾਂ ਜੀਹਦੇ ਨਾਲ ਕੋਈ ਵਿਰੋਧ ਹੋ ਜਾਵੇ, ਉਹਨੂੰ ਬਬਰਾਂ ਦਾ ਸਾਥੀ ਦੱਸ ਕੇ ਥਾਣੇ ਪੁਚਾ ਛਡਣਾ। ਬਸ ਇਹਦਾ ਇਹੋ ਪੇਸ਼ਾ ਬਣ ਗਿਆ ਜੀਹਦੀ ਖ਼ਬਰ ਬਬਰਾਂ ਕੋਲ ਵੀ ਪਹੁੰਚ ਗਈ।

ਮੈਂ ਵਤਨ ਸਿੰਘ ਵਾਇਦਾ-ਮੁਆਫ਼ ਦੇ ਬਿਆਨ ਦਾ ਜ਼ਿਕਰ ਪਹਿਲਾਂ ਹੀ ਕਰ ਆਇਆ ਹਾਂ, ਜੋ ਪੇਪਰ-ਬੁੱਕ ਦੇ ਸਫ਼ਾ 84 ਦੀ ਸਤਰ 45 ਤੋਂ ਅਗੇ ਸ਼ੁਰੂ ਕੀਤਾ ਸੀ। ਵਤਨ ਸਿੰਘ ਵਾਇਦਾ-ਮੁਆਫ਼, ਧੰਨਾ ਸਿੰਘ ਬਹਿਬਲਪੁਰ, ਦਲੀਪਾ ਧਾਮੀਆਂ ਅਤੇ ਬਾਬੂ ਸੰਤਾ ਸਿੰਘ, ਚਾਰੇ ਬੰਦੇ ਜਥੇਦਾਰ ਲਾਭ ਸਿੰਘ ਜੱਸੋਵਾਲੇ ਦੇ ਕਹਿਣ ਉੱਤੇ ਪਰਚਾ ਛਾਪਣ ਵਾਲੀ ਮਸੀਨ ਨਾਲ ਲੈ ਕੇ ਬਬਰ ਕਰਮ ਸਿੰਘ ਦੀ ਭਾਲ ਲਈ ਧਾਂਸੀਵਾਲ ਦੀ ਛਿੰਝ ਵਿਚ ਜਾ ਵੜੇ ਸਨ, ਜਿਸ ਵਿਚ ਬਬਰ ਸਾਹਿਬ ਤਾਂ ਨਾ ਮਿਲੇ, ਪਰ ਪੁਲਸ ਦਾ ਮੁਖ਼ਬਰ ਮਿਸਤਰੀ ਲਾਭ ਸਿੰਘ ਗੜ੍ਹਸ਼ੰਕਰ ਅੜਿੱਕੇ ਆ ਗਿਆ।

ਪੇਪਰ-ਬੁੱਕ, ਸਫ਼ਾ 85, ਸਤਰ 20 ਤੋਂ ਅਗੇ ਵਤਨ ਸਿੰਘ ਦਸਦਾ ਹੈ ਕਿ "ਅਸੀਂ ਚਾਰੇ ਹਾਲੇ ਮੇਲੇ ਵਿਚ ਦਾਖ਼ਲ ਹੋਏ ਹੀ ਸੀ ਕਿ ਧੰਨਾ ਸਿੰਘ ਨੇ ਦੱਸਿਆ ਕਿ ਔਹ ਪੁਲਸ ਦਾ ਮੁਖ਼ਬਰ ਲਾਭ ਸਿੰਘ ਹੈ, ਜਿਹੜਾ ਐਵੇਂ ਝੂਠੀਆਂ ਖ਼ਬਰਾਂ ਦੇ-ਦੇ ਕੇ ਅਕਾਲੀਆਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ।" ਤਾਂ ਵਤਨ ਸਿੰਘ ਨੂੰ ਕੁਝ ਸ਼ੱਕ ਪੈ ਗਿਆ ਕਿ ਇਹ ਬੰਦਾ ਤਾਂ ਉਹਦੇ ਨਾਲ ਫ਼ੌਜ ਵਿਚ ਨੌਕਰ ਸੀ ਅਤੇ ਵਤਨ ਸਿੰਘ ਨੇ ਧੰਨਾ ਸਿੰਘ ਨੂੰ

ਕਿਹਾ, ਜ਼ਰਾ ਠਹਿਰ। ਉਹ ਮਸ਼ੀਨ ਦਲੀਪੇ ਨੂੰ ਫੜਾ ਕੇ ਲਾਭ ਸਿੰਘ ਨੂੰ ਜਾ ਮਿਲਿਆ। ਦੋਵਾਂ ਨੇ ਇਕ-ਦੂਜੇ ਨੂੰ ਪਛਾਣ ਲਿਆ ਅਤੇ ਲਾਭ ਸਿੰਘ ਨੇ ਵਤਨ ਸਿੰਘ ਨੂੰ ਪਿੰਡ ਜਾਣ ਲਈ ਸੱਦਾ ਵੀ ਦਿੱਤਾ। ਪਿੰਡ ਲਾਗੇ ਹੀ ਸੀ। ਵਤਨ ਸਿੰਘ ਸ਼ੁਕਰੀਆ ਅਦਾ ਕਰਕੇ ਵਾਪਸ ਸਾਥੀਆਂ ਨਾਲ ਆ ਰਲਿਆ ਅਤੇ ਧੰਨਾ ਸਿੰਘ ਨੂੰ ਕਿਹਾ ਕਿ ਉਹ ਗ਼ਲਤੀ ਉੱਤੇ ਹੈ। "ਇਹ ਤਾਂ ਜੱਟ ਹੈ ਅਤੇ ਮੇਰਾ ਵਾਕਫ਼ ਹੈ। ਇਹ ਪਿੰਡ ਲਿਜਾਣ ਲਈ ਜ਼ੋਰ ਪਾ ਰਿਹਾ ਸੀ।"

ਅਸਲ ਵਿਚ ਧੰਨਾ ਸਿੰਘ ਗ਼ਲਤੀ ਨਾਲ ਹੀ ਉਹਨੂੰ ਮਿਸਤਰੀ ਲਾਭ ਸਿੰਘ ਸਮਝ ਬੈਠਾ ਸੀ। ਮੜ੍ਹੰਗਾ ਤਕਰੀਬਨ ਮਿਲਦਾ ਸੀ। ਇਸ ਕਰਕੇ ਉਹਨਾਂ ਬਾਰੇ ਗ਼ਲਤੀ ਲਗਣੀ ਸੁਭਾਵਿਕ ਸੀ।

ਇਹੋ ਲਾਭ ਸਿੰਘ ਸਰਕਾਰੀ ਗਵਾਹ ਬਣ ਕੇ ਸਾਡੇ ਕੇਸ ਵਿਚ ਭੁਗਤਿਆ ਸੀ, ਜੀਹਦਾ ਜ਼ਿਕਰ ਵਤਨ ਸਿੰਘ ਨੇ ਬਿਆਨ ਵਿਚ ਕਰ ਦਿੱਤਾ ਸੀ ਅਤੇ ਪੁਲਸ ਨੇ ਵਤਨ ਸਿੰਘ ਦੇ ਬਿਆਨ ਦੀ ਤਾਈਦ ਲਈ ਭੁਗਤਾਇਆ ਸੀ। (ਦੇਖੋ ਪੇਪਰ-ਬੁੱਕ, ਸਫ਼ਾ 475, ਤਾਰੀਖ਼ 4 ਸਤੰਬਰ 1924, ਸਰਕਾਰੀ ਗਵਾਹ ਨੰ: 187, ਲਾਭ ਸਿੰਘ ਵਲਦ ਬਾਨਾਂ, ਉਮਰ 40 ਸਾਲ, ਜ਼ਾਤ ਜੱਟ-ਸਿੱਖ, ਪਿੰਡ ਬਾਠਾਂ, ਜ਼ਿਲਾ ਹੁਸਿਆਰਪੁਰ।)

ਬਿਆਨ ਦਿੰਦਿਆਂ ਗਵਾਹ ਨੇ ਸਾਰੀ ਗੱਲ ਦੀ ਤਾਈਦ ਕੀਤੀ ਹੋਈ ਹੈ, ਜਿਵੇਂ ਉਹ ਪਲਟਨ ਵਿਚ ਇਕੱਠੇ ਰਹੇ ਅਤੇ ਧਾਂਸੀਵਾਲ ਦੀ ਛਿੰਝ ਦਾ ਸਾਰਾ ਜ਼ਿਕਰ। ਤੇ ਉਹਨੇ ਇਹ ਵੀ ਕਿਹਾ ਕਿ ਉਹਨੇ ਉਸ ਛਿੰਝ ਵਿਚ ਮਿਸਤਰੀ ਲਾਭ ਸਿੰਘ ਨੂੰ ਇਕ ਅਨਦਾੜ੍ਹੀਏ ਮੁੰਡੇ ਨਾਲ ਮੇਲੇ ਵਿਚ ਘੁੰਮਦਿਆਂ ਦੇਖਿਆ ਸੀ ਅਤੇ ਵਤਨ ਸਿੰਘ ਨਾਲ ਤਿੰਨ ਹੋਰ ਅਕਾਲੀ ਵੀ ਦੇਖੇ ਸਨ। ਅਗਲੇ ਦਿਨ ਮਿਸਤਰੀ ਲਾਭ ਸਿੰਘ ਦੇ ਕਤਲ ਦੀ ਖ਼ਬਰ ਮਿਲੀ। ਉਹਨੇ ਬਾਬੂ ਸੰਤਾ ਸਿੰਘ ਅਤੇ ਦਲੀਪੇ ਦੀ ਸਨਾਖ਼ਤ ਕਰਨ ਤੋਂ ਇਲਾਵਾ ਧੰਨਾ ਸਿੰਘ ਦੀ ਫ਼ੋਟੋ ਵੀ ਪਛਾਣ ਲਈ ਸੀ। ਅਜਿਹੀਆਂ ਫ਼ੋਟੋ ਪੁਲਸ ਪਹਿਲਾਂ ਹੀ ਗਵਾਹਾਂ ਨੂੰ ਦਿਖਾ ਛਡਦੀ ਸੀ।

ਥੋੜ੍ਹੇ ਹੀ ਚਿਰ ਪਿਛੋਂ ਅਸਲੀ ਲਾਭ ਸਿੰਘ ਮਿਸਤਰੀ ਗੜ੍ਹਸੰਕਰੀਆ ਧੰਨਾ ਸਿੰਘ ਦੀ ਨਜ਼ਰ ਪੈ ਗਿਆ, ਤਾਂ ਉਹਨੇ ਕਿਹਾ, ਲਉ ਸ਼ਿਕਾਰ ਕਾਬੂ ਆ ਗਿਆ ਹੈ; ਇਹਨੇ ਜਿਹੜੀ ਸਿੰਗ-ਮਿੱਟੀ ਚੁੱਕੀ ਹੋਈ ਹੈ, ਅੱਜ ਇਹਦਾ ਕੰਡਾ ਕੱਢ ਹੀ ਦੇਣਾ ਹੈ। ਸੋ ਇਹ ਚਾਰੇ ਮਿਸਤਰੀ ਦੀ ਤਾੜ ਵਿਚ ਲੱਗ ਗਏ। ਜਦੋਂ ਤਰਕਾਲਾਂ ਵੇਲੇ ਮੇਲਾ ਖਿੰਡ ਗਿਆ ਤਾਂ ਚਾਰੇ ਹੀ ਮਿਸਤਰੀ ਲਾਭ ਸਿੰਘ ਦੇ ਪਿੱਛੇ ਲੱਗ ਤੁਰੇ। ਉਸ ਵੇਲੇ ਮਿਸਤਰੀ ਲਾਭ ਸਿੰਘ ਦੀ ਉਂਗਲੀ ਫੜੀ ਇਕ ਨਿਆਣਾ ਮੁੰਡਾ ਵੀ ਨਾਲ ਚੱਲ ਰਿਹਾ ਸੀ। ਥੋੜ੍ਹੀ ਹੀ ਦੂਰ ਜਾਣ ਪਿਛੋਂ ਇਕ ਢਲਾਣ ਜਿਹੀ ਆ ਗਈ ਜੀਹਦੇ ਨਾਲ ਹੀ ਅੰਬਾਂ ਦਾ ਬਾਗ਼ ਸੀ ਅਤੇ ਝਾੜ-ਬੂਝੇ ਉਗੇ ਹੋਏ ਸਨ। ਧੰਨਾ ਸਿੰਘ ਨੇ ਫਟਾ-ਫਟ ਅੱਗੇ ਲੰਘ ਕੇ ਮੁੰਡੇ ਨੂੰ ਫੜ ਕੇ ਇਕ ਪਾਸੇ ਕਰ ਦਿੱਤਾ ਅਤੇ ਗੋਲੀ ਜੜ ਦਿੱਤੀ। ਲਾਭ ਸਿੰਘ ਢੇਰੀ ਹੋ ਗਿਆ। ਧੰਨਾ ਸਿੰਘ ਨੇ ਇਕ ਹੋਰ ਗੋਲੀ ਵੀ ਜੜ ਦਿੱਤੀ। ਇਹਨਾਂ ਤੋਂ ਅਗੇ-ਅਗੇ ਇਕ ਹੋਰ ਬੰਦਾ ਜਾ ਰਿਹਾ ਸੀ, ਜਿਹੜਾ ਗੋਲੀਆਂ ਦਾ ਖੜਾਕ ਸੁਣ ਕੇ ਰੌਲਾ ਪਾਉਣ ਲੱਗ ਪਿਆ। ਧੰਨਾ ਸਿੰਘ ਨੇ ਉਹਨੂੰ ਵੀ ਜਾ ਘੇਰਿਆ, ਤਾਂ ਉਹ ਵੀ ਸਮਝ ਗਿਆ ਕਿ ਉਹਨੇ ਗ਼ਲਤੀ ਕੀਤੀ ਹੈ। ਉਹ ਕਹਿਣ ਲੱਗ ਪਿਆ, "ਮੈਂ ਝੋਲੀ-ਚੁੱਕ ਨਹੀਂ, ਝੋਲੀ-ਚੁੱਕ ਉਹੋ ਸੀ। ਮੈਨੂੰ ਨਾ ਮਾਰੋ। ਮੈਂ ਡਰ ਕੇ ਗ਼ਲਤੀ ਨਾਲ ਹੀ ਰੌਲਾ

ਪਾ ਬੈਠਾ ਸੀ।" ਧੰਨਾ ਸਿੰਘ ਹੱਸ ਪਿਆ ਅਤੇ ਕਿਹਾ, "ਭੱਜ ਜਾ। ਹੁਣ ਨਾ ਰੌਲਾ ਪਾਈਂ।" ਇਹ ਵੀ ਗਵਾਹ ਭੁਗਤਿਆ ਸੀ।

ਲਾਭ ਸਿੰਘ ਪੂਰੀ ਤਰ੍ਹਾਂ ਮਰਿਆ ਨਹੀਂ ਸੀ। ਬਾਬੂ ਸੰਤਾ ਸਿੰਘ ਨੇ ਇਕ ਫ਼ਾਇਰ ਉਹਦੇ ਸਿਰ ਦਾ ਨਿਸ਼ਾਨਾ ਲੈ ਕੇ ਕੀਤਾ, ਪਰ ਗੋਲੀ ਕੋਲੋਂ ਦੀ ਲੰਘ ਗਈ। ਵਤਨ ਸਿੰਘ ਨੇ ਤਲਵਾਰ ਦੇ ਵਾਰ ਕੀਤੇ। ਏਨੇਂ ਨੂੰ ਧੰਨਾ ਸਿੰਘ ਨੇ ਮੁੜ ਕੇ ਆ ਕੇ ਉਹਦੀ ਪੁੜਪੁੜੀ ਵਿਚ ਗੋਲੀ ਮਾਰ ਕੇ ਉਹਨੂੰ ਠੰਡਾ ਕੀਤਾ। ਇਹਤੋਂ ਬਾਅਦ ਚਾਰੇ ਜਣੇ ਮੁੜ ਜਸੋਵਾਲ ਆ ਗਏ, ਜਿਥੇ ਬਬਰ ਕਰਮ ਸਿੰਘ ਤੇ ਉਦੇ ਸਿੰਘ ਵੀ ਟੱਕਰ ਪਏ। ਇਹਨਾ ਨੇ ਸਾਰੀ ਵਾਰਦਾਤ ਉਹਨਾਂ ਨੂੰ ਦੱਸ ਦਿੱਤੀ ਅਤੇ ਜਾ ਕੇ ਸੰਤ ਠਾਕੁਰ ਸਿੰਘ ਦੀ ਕੁਟੀਆ ਵਿਖੇ ਪੁੱਜ ਕੇ ਖੁੱਲ੍ਹੀ ਚਿੱਠੀ ਵਿਚ ਇਸੇ ਕਤਲ ਦਾ ਜ਼ਿਕਰ ਕੀਤਾ, ਜਿਹੜਾ ਪਾਠਕ ਵਿਸਥਾਰ ਨਾਲ ਪੜ੍ਹ ਆਏ ਹਨ।

ਬਬਰਾਂ ਦੀ ਬਲੈਕ ਲਿਸਟ ਉੱਤੇ ਇਸ ਮਿਸਤਰੀ ਦਾ ਨਾਂ ਨੰ: 94 ਉੱਤੇ ਦਰਜ ਸੀ। ਇਸ ਕਤਲ ਦੇ ਗਵਾਹ ਕੁੱਲ ਗਿਣਤੀ ਵਿਚ, ਸਣੇ ਵਾਹਿਦਾ-ਮੁਆਫ ਵਤਨ ਸਿੰਘ, ਪੰਦਰਾਂ ਸਨ : ਨੰਬਰ 11, 60, 178-188, 191 ਅਤੇ 192। ਇਹਨਾ ਵਿਚ ਉਹ ਨਿਆਣਾ ਵੀ ਸ਼ਾਮਲ ਸੀ ਜੀਹਨੇ ਲਾਭ ਸਿੰਘ ਦੀ ਉਂਗਲੀ ਫੜੀ ਹੋਈ ਸੀ। ਬਿਆਨ ਅਦਾਲਤ ਵਿਚ 4 ਸਤੰਬਰ 1924 ਨੂੰ ਹੋਏ ਸਨ। ਨਿਆਣਾ ਸੀ ਸਰਕਾਰੀ ਗਵਾਹ ਨੰ: 178, ਚੂਹੜ ਸਿੰਘ ਵਲਦ ਬਸੰਤ ਸਿੰਘ, ਉਮਰ 9 ਸਾਲ, ਜਾਤ ਤਰਖਾਣ, ਪਿੰਡ ਕੁੱਕੜਾਂ, ਜ਼ਿਲਾ ਹੁਸ਼ਿਆਰਪੁਰ, ਪੇਪਰ-ਬੁੱਕ, ਸਫ਼ਾ 465। ਮੁੰਡਾ ਤੀਜੀ ਜਮਾਤ ਵਿਚ ਪੜ੍ਹਦਾ ਸੀ ਅਤੇ ਉਹਨੇ ਵਤਨ ਸਿੰਘ ਦੇ ਬਿਆਨ ਦੀ ਤਾਈਦ ਕੀਤੀ ਹੋਈ ਹੈ।

# 42. ਬਹਿਬਲਪੁਰੀਏ ਹਜ਼ਾਰਾ ਸਿੰਘ ਦਾ ਕਤਲ

ਇਸ ਕਤਲ ਵਿਚ 27 ਮਾਰਚ 1923 ਨੂੰ ਹੇਠ–ਲਿਖੇ ਬਬਰਾਂ ਨੇ ਹਿੱਸਾ ਲਿਆ ਸੀ : ਬਾਬੂ ਸੰਤਾ ਸਿੰਘ ਮੁਲਜ਼ਮ ਨੰ: 51, ਦਲੀਪਾ ਧਾਮੀਆਂ ਮੁਲਜ਼ਮ ਨੰ: 76, ਬਬਰ ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਝੁੱਗੀਆਂ ਅਤੇ ਧੰਨਾ ਸਿੰਘ ਬਹਿਬਲਪੁਰ। ਇਹ ਜੱਜਮੈਂਟ ਦੇ ਸਫ਼ਾ 91 ਉੱਤੇ ਦੋਸ਼ ਨੰ: 14 ਦੇ ਰੂਪ ਵਿਚ ਦਰਜ ਹੈ।

ਮੈਂ ਸ਼ੁਰੂ ਵਿਚ ਦੱਸ ਆਇਆ ਹਾਂ ਕਿ ਇਸੇ ਪਿੰਡ ਦੇ ਸ਼ੈਤਾਨ ਹਜ਼ਾਰਾ ਸਿੰਘ ਨੇ ਆਪਣੇ ਸਕੇ ਭਰਾ ਦਰਬਾਰਾ ਸਿੰਘ, ਜਿਹੜਾ ਇਕ ਭਲਾਮਾਣਸ ਲੰਬੜਦਾਰ ਸੀ, ਦੀ ਲੰਬੜਦਾਰੀ ਸਰਬਰਾਹ ਬਣ ਕੇ ਆਪ ਸੰਭਾਲ ਲਈ ਸੀ ਅਤੇ ਅਕਾਲੀਆਂ ਵਿਰੁੱਧ ਪੁਲਸ ਕੋਲ ਸ਼ਿਕਾਇਤਾਂ ਕਰਨ ਲੱਗ ਪਿਆ ਸੀ ਤੇ ਗਵਾਹੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਧੰਨਾ ਸਿੰਘ ਪਿੰਡ ਦੇ ਅਕਾਲੀ ਜਥੇ ਦਾ ਜਥੇਦਾਰ ਸੀ ਅਤੇ ਉਹਨੇ ਇਹਨੂੰ ਪਿੰਡ ਦੇ ਇਕ ਚੁਮਾਰਾਂ ਦੇ ਮੁੰਡੇ ਵਿਰੁੱਧ ਗਵਾਹੀ ਦੇਣੋਂ ਰੋਕਿਆ ਸੀ, ਜੀਹਦੀ ਇਹਨੇ ਸ਼ਰਾਬ ਦੀ ਭੱਠੀ ਫੜਾਈ ਸੀ। ਉਹਨੇ ਉਲਟੀ ਸ਼ਿਕਾਇਤ ਕਰਕੇ ਕਿ ਜਥੇਦਾਰ ਮੈਨੂੰ ਧਮਕੀਆਂ ਦਿੰਦਾ ਹੈ ਕਿ ਜੇ ਗਵਾਹੀ ਦਿੱਤੀ ਤਾਂ ਤੇਰੇ ਲਈ ਚੰਗਾ ਨਹੀਂ ਹੋਵੇਗਾ, ਧੰਨਾ ਸਿੰਘ ਦੇ ਦਫ਼ਾ 107 ਹੇਠ ਵਾਰੰਟ ਜਾਰੀ ਕਰਵਾ ਕੇ ਆਪ ਗਵਾਹ ਬਣ ਬੈਠਾ ਸੀ। ਇਸ ਕਰਕੇ ਧੰਨਾ ਸਿੰਘ ਜਿਆਣੀਏ ਭਰਾਵਾਂ ਬੇਲਾ ਸਿੰਘ ਅਤੇ ਜਵਾਲਾ ਸਿੰਘ ਕੋਲ ਉਹਨਾਂ ਦੇ ਰਿਸ਼ਤੇਦਾਰ ਦੀ ਸਿਫ਼ਾਰਸ਼ ਲੈ ਕੇ ਪੁਜਿਆ ਸੀ। ਅਖ਼ੀਰ ਵਿਚ ਇਹਨਾਂ ਦੋਹਾਂ ਭਰਾਵਾਂ ਦੀ ਗੱਦਾਰੀ ਸਦਕਾ ਧੰਨਾ ਸਿੰਘ ਸ਼ਹੀਦੀ ਪਾ ਗਿਆ ਸੀ, ਭਾਵੇਂ ਕਿ ਜਵਾਲਾ ਸਿੰਘ ਨੇ ਧੰਨਾ ਸਿੰਘ ਨੂੰ ਨਾਲ ਲਿਜਾ ਕੇ ਜਿਆਣ ਦੇ ਗੁਰਦੁਆਰੇ ਸੰਤ ਹਰੀ ਸਿੰਘ ਕੋਲੋਂ ਅਰਦਾਸਾ ਸੁਧਾ ਕੇ ਕਸਮ ਖਾਧੀ ਸੀ ਕਿ ਮੈਂ ਆਪਣੇ ਭਰਾ ਬੇਲਾ ਸਿੰਘ ਦਾ ਕਲੰਕ ਧੋਣ ਲਈ ਬਬਰਾਂ ਦੀ ਗੋਲੀ–ਸਿੱਕੇ ਅਤੇ ਅੰਨ–ਪਾਣੀ ਨਾਲ ਟਹਿਲ–ਸੇਵਾ ਕਰਿਆ ਕਰਾਂਗਾ।

ਇਸੇ ਬੇਲਾ ਸਿੰਘ ਜਿਆਣ ਨੇ ਕੈਨੇਡਾ ਵਿਚ ਭਾਈ ਭਾਗ ਸਿੰਘ ਜੀ ਨੂੰ ਗੁਰਦੁਆਰਾ ਵੈਨਕੂਵਰ ਵਿਚ ਇਕ ਅੰਗਰੇਜ਼ ਪੁਲਸੀਏ ਦੇ ਇਸ਼ਾਰੇ ਉੱਤੇ ਗੋਲੀ ਮਾਰ ਕੇ ਸ਼ਹੀਦ ਕੀਤਾ ਸੀ ਅਤੇ ਬਾਅਦ ਵਿਚ ਮੀਆਂ ਚੰਨੂ ਲਾਗੇ ਚੱਕ 96 ਵਿਚ ਛੇ ਮੁਰੱਬੇ ਇਨਾਮ ਦੇ ਲਏ ਸਨ। ਇਸੇ ਜਵਾਲਾ ਸਿੰਘ ਦੀ ਕਰਤੂਤ ਅੱਗੇ ਜਾ ਕੇ ਜਿਸ ਵੇਲੇ ਪਾਠਕ ਪੜ੍ਹਨਗੇ, ਤਾਂ ਮੈਨੂੰ ਪੱਕਾ ਯਕੀਨ ਹੈ ਕਿ ਉਹ ਹੱਥਾਂ ਉੱਤੇ ਦੰਦੀਆਂ ਵੱਢਣ ਲਈ ਬੇਬੱਸ

ਹੋ ਜਾਣਗੇ ਕਿ ਇਹੋ ਜਿਹੇ ਅਕਿਰਤਘਣ ਅਤੇ ਨੀਚ ਵੀ ਉਸੇ ਧਰਤੀ ਉੱਤੇ ਹੋ ਗੁਜ਼ਰੇ ਹਨ ਜਿਥੇ ਧੰਨਾ ਸਿੰਘ ਵਰਗੇ ਯੋਧਿਆਂ ਨੇ ਜਨਮ ਲਿਆ ਸੀ। ਜਵਾਲਾ ਸਿੰਘ ਆਪ ਲੰਡ-ਲਡੋਰ, ਸ਼ਰਾਬੀ-ਕਬਾਬੀ, ਗਿਆ-ਗੁਜਰਿਆ ਬੰਦਾ ਸੀ। ਬੇਲਾ ਸਿੰਘ ਵੀ ਬਬਰਾਂ ਹੱਥੋਂ ਕਤਲ ਹੋ ਕੇ ਨਰਕੀਂ ਗਿਆ।

* * *

ਧੰਨਾ ਸਿੰਘ ਨੇ ਜਿਹੜੀ ਬੰਦੂਕ ਜ਼ਮੀਨ ਗਿਰਵੀ ਰੱਖ ਕੇ ਖ਼ਰੀਦੀ ਸੀ, ਅੱਜ ਉਹੋ ਬੰਦੂਕ ਉਸੇ ਹੀ ਗੱਦਾਰ ਉੱਤੇ ਵਰਤਣ ਦਾ ਵੇਲਾ ਆ ਗਿਆ, ਜੀਹਦੀ ਕਿਰਪਾ ਸਦਕਾ ਜ਼ਮੀਨ ਗਿਰਵੀ ਰੱਖਣੀ ਪਈ ਸੀ। ਇਹੋ ਬੰਦੂਕ ਲੈ ਕੇ ਉਹ ਬਬਰ ਕਰਮ ਸਿੰਘ ਅਤੇ ਉਦੇ ਸਿੰਘ ਰਾਮਗੜ੍ਹ ਝੁੱਗੀਆਂ ਨਾਲ ਜਾ ਰਲਿਆ ਸੀ। ਸਿਰਫ਼ ਚਾਰ ਦਿਨ ਪਹਿਲਾ ਹੀ ਉਹਨੇ 23 ਮਾਰਚ 1923 ਨੂੰ ਪੰਜਾਬ ਦੇ ਲੈਫਟੀਨੈਂਟ-ਗਵਰਨਰ ਦੇ ਨਾਂ ਖੁੱਲ੍ਹੀ ਚਿੱਠੀ ਲਿਖੀ ਸੀ ਜੀਹਦਾ ਪੂਰਾ ਜ਼ਿਕਰ ਮੈਂ ਕਰ ਚੁਕਿਆ ਹਾਂ। ਉਸ ਵਿਚ ਤਿੰਨਾਂ ਸਿਰ-ਲੱਥਾਂ ਨੇ ਵੰਗਾਰਿਆ ਸੀ ਕਿ ਜਿੰਨਾ ਚਿਰ ਤੁਹਾਡਾ ਬਿਸਤਰਾ-ਬੋਰੀਆ ਆਪਣੇ ਮੁਲਕ ਵਿਚੋਂ ਲਪੇਟ ਕੇ ਮੁੜ ਵਲੈਤ ਨਹੀਂ ਘੱਲ ਦਿੰਦੇ ਅਤੇ ਮੁਲਕ ਆਜ਼ਾਦ ਨਹੀਂ ਕਰਵਾ ਲੈਂਦੇ, ਸਾਡਾ ਕਰਮ ਜਾਰੀ ਰਹੇਗਾ।

27 ਮਾਰਚ 1923 ਨੂੰ ਤੜਕੇ ਹੀ ਬਬਰ ਕਰਮ ਸਿੰਘ, ਉਦੇ ਸਿੰਘ ਰਾਮਗੜ੍ਹ ਝੁਗੀਆਂ, ਧੰਨਾ ਸਿੰਘ, ਦਲੀਪਾ ਧਾਮੀਆਂ ਅਤੇ ਬਾਬੂ ਸੰਤਾ ਸਿੰਘ ਬਹਿਬਲਪੁਰ ਆ ਪੁੱਜੇ। ਉਧਰ ਹਜ਼ਾਰਾ ਸਿੰਘ ਅਤੇ ਉਹਦੇ ਦੋ ਭਤੀਜੇ ਚੰਨਣ ਸਿੰਘ ਤੇ ਧੰਨਾ ਸਿੰਘ ਆਪਣੀ ਹਵੇਲੀ ਵਿਚ ਸੁੱਤੇ ਪਏ ਸਨ। ਧੰਨਾ ਸਿੰਘ ਨੇ ਆਪਣੇ ਖ਼ਾਸ ਬੰਦੇ ਰਾਹੀਂ ਇਸ ਗੱਲ ਦੀ ਪੱਕੀ ਤਸੱਲੀ ਕਰ ਲਈ ਸੀ। ਹਜ਼ਾਰਾ ਸਿੰਘ ਨੇ ਮੂੰਹ-ਹਨੇਰੇ ਉੱਠ ਕੇ ਆਪਣੇ ਦੋਹਾਂ ਭਤੀਜਿਆਂ ਨੂੰ ਪਸ਼ੂਆਂ ਲਈ ਪੱਠੇ ਲਿਆਉਣ ਵਾਸਤੇ ਬਾਹਰ ਖੇਤਾਂ ਨੂੰ ਭੇਜ ਦਿੱਤਾ ਅਤੇ ਪਸ਼ੂਆਂ ਦਾ ਗੋਹਾ ਫੌਹੜੇ ਨਾਲ ਹਟਾ ਕੇ ਪੱਠਾ-ਦੱਥਾ ਪਾਉਣ ਲੱਗ ਪਿਆ। ਸਾਰੇ ਕੰਮ ਤੋਂ ਵਿਹਲਾ ਹੋ ਕੇ ਘਰ ਵੱਲ ਆ ਹੀ ਰਿਹਾ ਸੀ ਤਾਂ ਦੇਖਦਾ ਹੈ ਕਿ ਤਿੰਨ ਅਕਾਲੀ ਬੰਦੂਕਾਂ ਫੜੀ ਸਿੱਧੇ ਉਹਦੇ ਕੋਲ ਪੁੱਜ ਚੁੱਕੇ ਹਨ। ਉਹਨੇ ਧੰਨਾ ਸਿੰਘ ਨੂੰ ਪਛਾਣ ਵੀ ਲਿਆ ਅਤੇ ਰੌਲਾ ਪਾਉਂਦਾ ਪਿੱਛੇ ਨੂੰ ਭਜਿਆ। ਉਹ ਉੱਚੀ ਆਵਾਜ਼ ਵਿਚ ਚੀਕਿਆ, ''ਧੰਨਾ ਸਿਆਂ, ਮੈਂ ਤੇਰਾ ਕੀ ਵਿਗਾੜਿਆ ਹੈ ? ਮੈਨੂੰ ਕਿਉਂ ਮਾਰਨ ਲਗਿਆ ਹੈਂ ?'' ਧੰਨਾ ਸਿੰਘ ਨੇ ਵੀ ਉਸੇ ਸੁਰ ਵਿਚ ਆਖਿਆ, ''ਸਾਲ ਭਰ ਤੋਂ ਮੈਨੂੰ ਘਰੋਂ ਬੇਘਰ ਕੀਤਾ ਹੋਇਆ ਹੈ। ਮੇਰੇ ਲਹੂ ਦਾ ਤਿਹਾਇਆ ਆਪਣੀ ਮਾਂ ਪੁਲਸ ਨੂੰ ਕੁੱਤਿਆਂ ਵਾਂਗ ਮੇਰੇ ਪਿਛੇ ਲਾਈ ਫਿਰਦਾ ਹੈਂ। ਤੇ ਹੁਣ ਕਹਿੰਦਾ ਹੈਂ, ਧੰਨਾ ਸਿਆਂ, ਮੈਂ ਤੇਰਾ ਕੀ ਵਿਗਾੜਿਆ ਹੈ।''

ਤਿੰਨਾਂ ਬੰਦੂਕਾਂ ਦਾ ਇਕੱਠਾ ਫਾਇਰ ਹੁੰਦਾ ਸਭ ਆਂਢੀਆਂ-ਗੁਆਂਢੀਆਂ ਨੇ ਸੁਣਿਆ। ਹਜ਼ਾਰਾ ਸਿੰਘ ਆਪਣੀ ਹਵੇਲੀ ਦੇ ਲਾਗੇ ਹੀ ਤਿੰਨਾਂ ਦੀਆਂ ਗੋਲੀਆਂ ਐਨ ਠਿਕਾਣੇ ਉੱਤੇ ਲੱਗਣ ਕਾਰਨ ਮੂਹ ਦੇ ਮੂੰਹ ਡਿੱਗ ਚਲਦਾ ਬਣਿਆ। ਬਾਬੂ ਸੰਤਾ ਸਿੰਘ ਅਤੇ ਦਲੀਪੇ ਨੇ ਇਸ ਕਤਲ ਵਿਚ ਪਿੱਛਾ ਕਰਨ ਦੀ ਕੋਈ ਲੋੜ ਨਹੀਂ ਸੀ ਸਮਝੀ, ਕਿਉਂਕਿ ਤਿੰਨੇ ਹੀ ਕਾਫ਼ੀ ਸਨ। ਸੋ ਤਿੰਨੇ ਬਬਰ ਧੰਨਾ ਸਿੰਘ ਦੇ ਘਰ ਹੁੰਦੇ ਹੋਏ ਅੰਨ-ਪਾਣੀ ਛਕ-ਛਕਾ ਕੇ ਬੜੀ ਤਸੱਲੀ ਨਾਲ ਤੁਰਦੇ ਹੋਏ।

ਪਹਿਲੀ ਖੁੱਲ੍ਹੀ ਚਿੱਠੀ ਦੇ ਬਾਅਦ ਇਹ ਪਹਿਲਾ ਕਤਲ ਸੀ। ਸੋ ਬਬਰਾਂ ਨੇ ਦੂਜੀ ਚਿੱਠੀ ਛਾਪ ਕੇ ਵੰਡ ਦਿੱਤੀ, ਜਿਸ ਵਿਚ ਇਸ ਕਤਲ ਦੀ ਜ਼ਿੰਮੇਵਾਰੀ ਲੈ ਲਈ ਅਤੇ ਪਹਿਲਾਂ ਵਾਂਗੂੰ ਉਸੇ ਬੋਲੀ ਵਿਚ ਵੰਗਾਰ ਕਾਇਮ ਸੀ। ਅਦਾਲਤ ਵਿਚ ਇਸ ਚਿਠੀ ਦਾ ਨੰਬਰ ਪੀ ਏ 142 ਸੀ ਅਤੇ ਗਵਾਹਾਂ ਤੋਂ ਇਹਦੀ ਸ਼ਨਾਖ਼ਤ ਕਰਵਾਈ ਗਈ ਸੀ।

ਦੂਜੇ ਬੰਨੇ ਹਜ਼ਾਰਾ ਸਿੰਘ ਦਾ ਵੱਡਾ ਭਰਾ ਦਰਬਾਰਾ ਸਿੰਘ, ਜੋ ਅਸਲੀ ਲੰਬੜਦਾਰ ਸੀ, ਘਰ ਸੁੱਤਾ ਪਿਆ ਸੀ। ਉਹਦੀ ਘਰਵਾਲੀ ਨੇ ਬੰਦੂਕਾਂ ਦੀਆਂ ਗੋਲੀਆਂ ਦੀ ਆਵਾਜ਼ ਅਤੇ ਆਪਣੀ ਹਵੇਲੀ ਵੱਲ ਰੌਲਾ ਪੈਂਦਾ ਸੁਣਿਆ ਤਾਂ ਆਪਣੇ ਘਰਵਾਲੇ ਨੂੰ ਜਗਾ ਕੇ ਕਿਹਾ ਕਿ "ਆਪਣੀ ਹਵੇਲੀ ਵੱਲ ਗੋਲੀਆਂ ਚਲੀਆਂ ਹਨ ਤੇ ਰੌਲਾ ਪੈ ਰਿਹਾ ਹੈ। ਜਾ ਕੇ ਪਤਾ ਕਰੋ ਕਿ ਕਾਹਦਾ ਰੌਲਾ ਹੈ।" ਲੰਬੜਦਾਰ ਨੂੰ ਖੁੜਕ ਗਈ ਅਤੇ ਉਹ ਉਸੇ ਵੇਲੇ ਹਵੇਲੀ ਵੱਲ ਚਲਿਆ ਗਿਆ। ਹਵੇਲੀ ਅੰਦਰ ਨਾ ਹਜਾਰਾ ਸਿੰਘ ਸੀ ਅਤੇ ਨਾ ਹੀ ਦੋਨੋਂ ਮੁੰਡੇ, ਚੰਨਣ ਸਿੰਘ ਅਤੇ ਧੰਨਾ ਸਿੰਘ ਸਨ। ਸੋ ਉਹ ਤਿੰਨਾਂ ਦੀ ਭਾਲ ਲਈ ਹਵੇਲੀ ਦੇ ਆਲੇ-ਦੁਆਲੇ ਦੇਖਣ ਤੁਰ ਪਿਆ। ਥੋੜ੍ਹੀ ਹੀ ਦੂਰ ਇਕ ਪਿਪਲ ਹੇਠਾਂ ਹਜ਼ਾਰਾ ਸਿੰਘ ਮਰਿਆ ਪਿਆ ਦਿੱਸ ਪਿਆ। ਉਸ ਵੇਲੇ ਸਭ ਲੋਕ ਜਿਹੜੇ ਰਾਤ ਨੂੰ ਆਲੇ-ਦੁਆਲੇ ਦੀਆਂ ਹਵੇਲੀਆਂ ਵਿਚ ਸੁੱਤੇ ਸਨ, ਦੜ ਵੱਟ ਕੇ ਚੁੱਪ-ਚੁਪੀਤੇ ਖਿਸਕਦੇ ਹੋਏ। ਕਿਸੇ ਨੇ ਰੌਲਾ ਪਾਉਣ ਦੀ ਜਾਂ ਬਬਰਾਂ ਦੇ ਲਾਗੇ ਆਉਣ ਦੀ ਜ਼ਰੂਰਤ ਹੀ ਨਹੀਂ ਸੀ ਸਮਝੀ, ਕਿਉਂਕਿ ਸਭ ਸਮਝ ਗਏ ਸਨ ਕਿ ਧੰਨਾ ਸਿੰਘ ਨੇ ਆਪਣਾ ਬਦਲਾ ਹੀ ਲਿਆ ਹੈ। ਸਾਰੇ ਹੀ ਜਾਣਦੇ ਸਨ ਕਿ ਹਜ਼ਾਰਾ ਸਿੰਘ ਵਾਧਾ ਕਰ ਰਿਹਾ ਸੀ ਅਤੇ ਪੁਲਸ ਨੂੰ ਨਾਲ ਲਿਆਕੇ ਪਿੰਡ ਵਿਚ ਖਾਹਮੁਖਾਹ ਲੁੱਚਪੁਣਾ ਖਿਲਾਰ ਰਿਹਾ ਸੀ। ਅੰਦਰੋ-ਅੰਦਰੀ ਸਭ ਉਹਦੇ ਉੱਤੇ ਦੁਖੀ ਸਨ। ਕਿਸੇ ਨੇ ਆਹ ਦਾ ਨਾਹਰਾ ਨਹੀਂ ਸੀ ਮਾਰਿਆ, ਸਗੋਂ ਸ਼ੁਕਰ ਹੀ ਮਨਾਇਆ ਸੀ। ਪਹਿਲਾਂ-ਪਹਿਲਾਂ ਪੁਲਸ ਨੇ ਬਥੇਰੀ ਕੋਸ਼ਿਸ਼ ਕੀਤੀ ਕਿ ਆਲੇ-ਦੁਆਲੇ ਦੀਆਂ ਹਵੇਲੀਆਂ ਵਾਲੇ ਗਵਾਹੀ ਲਈ ਤਿਆਰ ਹੋ ਜਾਣ। ਪਰ ਕਿਸੇ ਨੇ ਹਾਂ ਨਹੀਂ ਸੀ ਭਰੀ। ਸਭ ਦੜ ਵੱਟੀ ਖ਼ਾਮੋਸ਼ ਰਹੇ ਸਨ। ਜਿੰਨਾ ਚਿਰ ਧੰਨਾ ਸਿੰਘ ਜਿਉਂਦਾ ਸੀ, ਕਿਸੇ ਦਾ ਗਵਾਹੀ ਦੇਣ ਲਈ ਤਿਆਰ ਹੋਣਾ ਤਾਂ ਇਕ ਪਾਸੇ, ਕੋਈ ਪੁਲਸ ਨਾਲ ਅੱਖ ਮਿਲਾਉਣ ਲਈ ਤਿਆਰ ਨਹੀਂ ਸੀ। ਨਰੈਣ ਸਿੰਘ ਅਤੇ ਹੁਕਮਾ ਸਿੰਘ ਦੀਆਂ ਹਵੇਲੀਆਂ ਹਜ਼ਾਰਾ ਸਿੰਘ ਦੀ ਹਵੇਲੀ ਦੇ ਬਿਲਕੁਲ ਨਾਲ ਹੀ ਲਗਦੀਆਂ ਸਨ। ਉਹਨਾਂ ਨੇ ਧੰਨਾ ਸਿੰਘ ਨੂੰ ਕਤਲ ਕਰਦਿਆਂ ਵੇਖ ਵੀ ਲਿਆ ਸੀ। ਉਹ ਪਿਪਲ ਬਿਲਕੁਲ ਹੁਕਮਾ ਸਿੰਘ ਦੀ ਹਵੇਲੀ ਦੇ ਸਾਹਮਣੇ ਹੀ ਸੀ, ਜਿਥੇ ਹਜ਼ਾਰਾ ਸਿੰਘ ਮਰਿਆ ਪਿਆ ਸੀ। ਫੇਰ ਵੀ ਚਸ਼ਮਦੀਦ ਗਵਾਹ ਬਣਨ ਲਈ ਕੋਈ ਤਿਆਰ ਨਹੀਂ ਸੀ ਹੋਇਆ। ਕਈਆਂ ਹੋਰਨਾਂ ਨੇ ਵੀ ਧੰਨਾ ਸਿੰਘ ਨੂੰ ਅਤੇ ਉਹਦੇ ਸਾਥੀਆਂ ਨੂੰ ਗੋਲੀਆਂ ਚਲਾਉਂਦਿਆਂ ਦੇਖ ਲਿਆ ਸੀ ਅਤੇ ਧੰਨਾ ਸਿੰਘ ਹੁਰਾਂ ਨੂੰ ਘਰ ਵੱਲ ਜਾਂਦਿਆਂ ਵੀ ਦੇਖਿਆ ਸੀ, ਪਰ ਸਭ ਚੁੱਪ ਹੀ ਰਹੇ ਸਨ।

ਦਰਬਾਰਾ ਸਿੰਘ ਆਪ ਤਾਂ ਭਰਾ ਦੀ ਲਾਸ਼ ਕੋਲ ਬੈਠ ਗਿਆ ਅਤੇ ਦੂਜੇ ਲੰਬੜਦਾਰ, ਸਰਕਾਰੀ ਗਵਾਹ ਨੰ: 199, ਗੰਗਾ ਸਿੰਘ ਵਲਦ ਢੇਰਾ ਸਿੰਘ, ਉਮਰ 50 ਸਾਲ, ਜ਼ਾਤ ਜੱਟ, ਪਿੰਡ ਬਹਿਬਲਪੁਰ, ਜ਼ਿਲਾ ਹੁਸ਼ਿਆਰਪੁਰ, (ਪੇਪਰ-ਬੁੱਕ, ਸਫ਼ਾ 490, ਬਿਆਨ 5 ਸਤੰਬਰ 1924) ਨੇ ਰਪੋਟ ਨੰ: ਪੀ ਏ 282 ਲਿਖਾਈ ਸੀ। ਉਸ ਵਿਚ ਦਰਜ ਹੈ ਕਿ "27 ਮਾਰਚ 1923 ਨੂੰ ਮੈਂ ਸਵੇਰੇ ਹੀ ਤਿੰਨਾਂ ਗੋਲੀਆਂ ਦਾ

ਖੜਾਕ ਤਾਂ ਸੁਣਿਆ ਸੀ, ਪਰ ਮੈਂ ਸਮਝਿਆ ਸੀ ਕਿ ਆਟਾ ਪੀਹਣ ਵਾਲੀ ਚੱਕੀ, ਜਿਹੜੀ ਤੇਲ ਨਾਲ ਚਲਦੀ ਸੀ, ਦੇ ਮਿਸ-ਫ਼ਾਇਰ ਹੋਏ ਹੋਣਗੇ। ਮੈਂ ਬਾਹਰ ਵੱਲ ਜਾ ਰਿਹਾ ਸੀ ਤਾਂ ਮੈਂ ਹੁਕਮਾ ਸਿੰਘ ਦੀ ਹਵੇਲੀ ਲਾਗੇ ਪਿਪਲ ਥੱਲੇ ਹਜ਼ਾਰਾ ਸਿੰਘ ਮਰਿਆ ਪਿਆ ਦੇਖਿਆ। ਉਹਦਾ ਭਰਾ ਦਰਬਾਰਾ ਸਿੰਘ ਅਤੇ ਹੋਰ ਬੰਦੇ ਉਥੇ ਬੈਠੇ ਦੇਖੇ। ਇਸ ਕਰਕੇ ਮੈਂ ਥਾਣੇ ਰਪੋਟ ਦੇਣ ਲਈ ਆਇਆ ਹਾਂ।" ਸਿਰਫ਼ ਏਨਾਂ ਹੀ ਬਿਆਨ ਹੈ।

ਜਿਸ ਵੇਲੇ ਗੰਗਾ ਸਿੰਘ ਲੰਬੜਦਾਰ ਮਾਹਲਪੁਰ ਥਾਣੇ ਰਪੋਟ ਦੇਣ ਪੁਜਿਆ ਸੀ, ਇੰਚਾਰਜ ਥਾਣੇਦਾਰ ਕਿਸੇ ਦੂਜੇ ਕੇਸ ਦੀ ਤਫਤੀਸ਼ ਲਈ ਬਾੜੀਆਂ ਨੂੰ ਗਿਆ ਹੋਇਆ ਸੀ। ਰਪਟ ਹਵਾਲਦਾਰ ਗੁਰਬਖ਼ਸ਼ ਸਿੰਘ, ਗਵਾਹ ਨੰ: 200 ਨੇ ਲਿਖ ਕੇ ਥਾਣੇਦਾਰ ਨੂੰ ਇਕ ਰੁੱਕਾ ਬਾੜੀਏਂ ਘੱਲ ਦਿੱਤਾ। ਰਪਟ ਦਿਨੇ 10 ਬਜੇ ਦਰਜ ਕੀਤੀ ਗਈ। ਥਾਣੇਦਾਰ ਦਸੌਂਧਾ ਸਿੰਘ, ਗਵਾਹ ਨੰ: 204 ਰੁੱਕਾ ਮਿਲਦਿਆਂ ਹੀ ਸ਼ਾਮ 3-4 ਬਜੇ ਬਹਿਬਲਪੁਰ ਪੁੱਜ ਗਿਆ। ਹਜ਼ਾਰਾ ਸਿੰਘ ਉਸੇ ਤਰ੍ਹਾਂ ਮਰਿਆ ਪਿਆ ਦੇਖਿਆ। ਨਕਸ਼ੇ ਤਿਆਰ ਹੋਏ। ਲਾਸ਼ ਪੋਸਟ-ਮਾਰਟਮ ਲਈ ਘੱਲੀ ਗਈ। ਸਾਰੀ ਮੁਢਲੀ ਕਾਰਵਾਈ ਕੀਤੀ ਗਈ। ਪਰ ਚਸ਼ਮਦੀਦ ਗਵਾਹ ਕੋਈ ਨਾ ਮਿਲਿਆ। ਹਾਂ, ਸੈਸ਼ਨ ਅਦਾਲਤ ਵਿਚ ਹੇਠ-ਲਿਖੇ ਗਵਾਹ ਜ਼ਰੂਰ ਭੁਗਤੇ ਸਨ, ਜੋ 5 ਸਤੰਬਰ 1924 ਨੂੰ ਪੇਸ਼ ਹੋਏ ਸਨ। ਸਭ ਦੇ ਇਹੋ ਬਿਆਨ ਸਨ ਕਿ "ਹਜ਼ਾਰਾ ਸਿੰਘ ਦਾ ਰੌਲਾ ਜ਼ਰੂਰ ਸੁਣਿਆ ਸੀ, 'ਧੰਨਾ ਸਿਆਂ, ਮੈਂ ਤੇਰਾ ਕੀ ਵਿਗਾੜਿਆ ਹੈ ? ਮੈਨੂੰ ਕਿਉਂ ਮਾਰਨ ਲਗਿਆ ਹੈਂ ?' ਤੇ ਧੰਨਾ ਸਿੰਘ ਨੇ ਆਖਿਆ ਸੀ, 'ਸਾਲ ਭਰ ਤੋਂ ਮੈਨੂੰ ਘਰੋਂ-ਬੇਘਰ ਕਰ ਛਡਿਆ ਹੈ। ਮੇਰੇ ਲਹੂ ਦਾ ਤਿਹਾਇਆ ਆਪਣੀ ਮਾਂ ਪੁਲਸ ਨੂੰ ਹਰ ਵੇਲੇ ਮੇਰੇ ਪਿਛੇ ਲਾਈ ਫਿਰਦਾ ਹੈਂ। ਤੇ ਹੁਣ ਆਖਦਾ ਹੈਂ, ਮੈਂ ਤੇਰਾ ਕੀ ਵਿਗਾੜਿਆ ਹੈ।' ਤੇ ਤਿੰਨ ਇਕੱਠੇ ਬੰਦੂਕਾਂ ਦੇ ਫ਼ਾਇਰ ਸੁਣੇ ਸਨ ਅਤੇ ਬਾਅਦ ਵਿਚ ਮਰਿਆ ਪਿਆ ਹਜਾਰਾ ਸਿੰਘ ਵੀ ਦੇਖਿਆ ਸੀ। ਪਰ ਅੱਖੀਂ ਗੋਲੀ ਚਲਦੀ ਨਹੀਂ ਸੀ ਦੇਖੀ। ਕਾਫ਼ੀ ਹਨੇਰਾ ਸੀ।"

ਇਹ ਗਵਾਹ ਸਨ ਨੰ: 193 ਚੰਨਣ ਸਿੰਘ, 194 ਧੰਨਾ ਸਿੰਘ, ਦੋਨੋਂ ਭਤੀਜੇ ; 195 ਹੁਕਮਾ ਸਿੰਘ, 196 ਸਾਹਿਬ ਸਿੰਘ, 197 ਹਰਨਾਮ ਸਿੰਘ, 198 ਦਰਬਾਰਾ ਸਿੰਘ ਸਕਾ ਭਰਾ ਤੇ ਲੰਬੜਦਾਰ, 199 ਗੰਗਾ ਸਿੰਘ, 200 ਗੁਰਬਖ਼ਸ਼ ਸਿੰਘ, 201 ਰਾਮ ਲੋਕ, 202 ਵਰਿਆਮ ਸਿੰਘ, 203 ਰਾਮ ਲਾਲ, 204 ਥਾਣੇਦਾਰ ਦਸੌਂਧਾ ਸਿੰਘ, 452 ਸ਼ੇਰ ਸਿੰਘ ਅਤੇ 453 ਕਰਤਾਰ ਸਿੰਘ। ਬਬਰ ਅਕਾਲੀ ਇਸ਼ਤਿਹਾਰ ਪੀ ਏ 142, ਜਿਸ ਵਿਚ ਹਜ਼ਾਰਾ ਸਿੰਘ ਦੇ ਕਤਲ ਦੀ ਜ਼ਿੰਮੇਵਾਰੀ ਤਿੰਨਾਂ ਬਬਰਾਂ ਨੇ ਲਈ ਹੋਈ ਸੀ, ਵੀ ਪੇਸ਼ ਕੀਤਾ ਗਿਆ। ਅਬਦੁਲ ਅਜ਼ੀਜ਼ ਐਸਿਸਟੈਂਟ ਸਰਜਨ ਗਵਾਹ ਨੰ: 6 ਸੀ।

ਲੰਬੜਦਾਰ ਦਰਬਾਰਾ ਸਿੰਘ ਨੇ ਆਖਿਆ ਸੀ ਕਿ "ਸਾਨੂੰ ਦੋਹਾਂ ਭਰਾਵਾਂ ਨੂੰ ਧੰਨਾ ਸਿੰਘ ਦੇ ਸੁਨੇਹੇ ਮਿਲਦੇ ਰਹੇ ਸਨ ਕਿ 'ਤਕੜੇ ਹੋ ਜਾਉ। ਬੱਸ ਤੁਹਾਡੀ ਵਾਰੀ ਆਉਣ ਹੀ ਵਾਲੀ ਹੈ।' ਤੇ ਜਦੋਂ ਪੁਲਸ ਪਿੰਡ ਆਉਂਦੀ ਸੀ ਤਾਂ ਸਾਡੀ ਹਵੇਲੀ ਆ ਕੇ ਹੀ ਠਹਿਰਿਆ ਕਰਦੀ ਸੀ। ਅਸੀਂ ਵੀ ਧੰਨਾ ਸਿੰਘ ਨੂੰ ਫੜਾਉਣ ਲਈ ਪੂਰੀ ਵਾਹ ਲਾ ਰਹੇ ਸੀ।" (ਪੇਪਰ-ਬੁੱਕ, ਸਫ਼ਾ 495)

ਲੰਬੜਦਾਰ ਇਹ ਵੀ ਦਸਦਾ ਹੈ ਕਿ ਲਾਸ਼ ਕੋਲ ਇਕ ਕਛਹਿਰਾ ਪਿਆ ਵੀ ਮਿਲਿਆ ਸੀ, ਜੀਹਦੇ ਵਿਚ ਕੁਝ ਕਾਰਤੂਸ, ਇਕ ਲੋਹੇ ਦਾ ਗੋਲਾ (ਬੰਬ) ਤੇ ਕੁਝ

ਚੱਲ-ਚੁੱਕੇ ਕਾਰਤੂਸ ਵੀ ਮਿਲੇ ਸਨ, ਜਿਹੜੇ ਪੁਲਸ ਨੇ ਸਾਂਭ ਲਏ ਸਨ ਅਤੇ ਫਰਦ ਬਣਾ ਲਈ ਸੀ।

ਪੋਸਟ-ਮਾਰਟਮ ਦੀ ਰਪੋਟ ਵਿਚ ਡਾਕਟਰ ਸਾਹਿਬ ਦਸਦੇ ਹਨ ਕਿ ਬੰਦੂਕਾਂ ਦਿਆਂ ਛਰਰਿਆਂ ਨਾਲ ਢਿੱਡ, ਫੇਫੜੇ, ਛਾਤੀ, ਸਿਰ, ਮੂੰਹ, ਸਭ ਉੱਡੇ ਪਏ ਸਨ ਅਤੇ ਹੁਲੀਆ ਵਿਗੜਿਆ ਪਿਆ ਸੀ। ਰਪੋਟ ਪੇਪਰ-ਬੁੱਕ ਦੇ ਸਫ਼ੇ 36-37 ਉੱਤੇ ਪੂਰੀ ਤਫ਼ਸੀਲ ਨਾਲ ਦਰਜ ਹੈ।

ਸੈਸ਼ਨ ਜੱਜ ਨੇ ਜੱਜਮੈਂਟ ਦੇ ਸਫ਼ਾ 92 ਦੀ ਸਤਰ 10 ਤੋਂ ਅੱਗੇ ਲਿਖਿਆ ਹੈ ਕਿ ਬਬਰਾਂ ਦੀ ਬਲੈਕ ਲਿਸਟ ਪੀ ਏ 323 ਉੱਤੇ ਬਦਕਿਸਮਤ ਹਜ਼ਾਰਾ ਸਿੰਘ ਦਾ ਨਾਂ ਨੰਬਰ 136 ਉੱਤੇ ਦਰਜ ਸੀ, ਜਿਸ ਵਿਚ ਅਖ਼ੀਰ ਵਿਚ ਲਿਖਿਆ ਹੋਇਆ ਸੀ ਕਿ 27 ਮਾਰਚ 1923 ਨੂੰ ਹਜ਼ਾਰਾ ਸਿੰਘ ਦਾ ਸੁਧਾਰ (ਅਰਥਾਤ ਕਤਲ) ਕੀਤਾ ਗਿਆ। ਤੇ ਬਬਰ ਅਕਾਲੀ ਪਰਚੇ ਪੀ ਏ 142 ਵਿਚ ਦਰਜ ਹੈ—ਇਨਾਮ : ਅੱਜ ਅਸੀਂ ਬਹਿਬਲਪੁਰੀਏ ਹਜ਼ਾਰਾ ਸਿੰਘ ਨੂੰ ਤਿੰਨ ਮੁਰੱਬੇ ਇਨਾਮ ਬਖ਼ਸ਼ਿਆ ਹੈ, ਅਰਥਾਤ ਤਿੰਨ ਗੋਲੀਆਂ ਮਾਰੀਆਂ ਹਨ। ਤੇ 27 ਮਾਰਚ 1923 ਦੀ ਤਾਰੀਖ਼ ਦਰਜ ਹੈ ਅਤੇ ਤਿੰਨਾਂ ਬਬਰਾਂ ਦੇ ਨਾਂ ਵੀ ਇਸ਼ਤਿਹਾਰ ਵਿਚ ਦਰਜ ਹਨ। ਦਸਖ਼ਤ, ਬਬਰ ਕਰਮ ਸਿੰਘ, ਉਦੇ ਸਿੰਘ ਰਾਮਗੜ੍ਹ ਝੁੱਗੀਆਂ ਅਤੇ ਧੰਨਾ ਸਿੰਘ ਬਹਿਬਲਪੁਰ।

ਇਸ ਸ਼ੈਤਾਨ ਦੇ ਚਰਖ਼ੇ ਨੂੰ ਉਹਦੀਆਂ ਕਰਤੂਤਾਂ ਦਾ ਫਲ ਭੁਗਤਾ ਕੇ ਹੀ ਛਡਿਆ ਗਿਆ ਸੀ, ਜੀਹਨੇ ਸਿੰਗ-ਮਿੱਟੀ ਚੁੱਕੀ ਹੋਈ ਸੀ। ਤਕਰੀਬਨ ਸਾਰੇ ਗਵਾਹ ਇਕੋ ਰੱਸੇ ਹੀ ਲੰਘੇ ਸਨ ਕਿ ਦੋਹਾਂ ਦਾ ਰੌਲਾ ਜ਼ਰੂਰ ਸੁਣਿਆ ਸੀ, ਆਵਾਜ਼ਾਂ ਵੀ ਪਛਾਣ ਲਈਆਂ ਸਨ। ਅੱਖੀਂ ਦੇਖ ਕੇ ਵੀ ਮੰਨਣ ਤੋਂ ਸਭ ਇਨਕਾਰੀ ਹੀ ਰਹੇ। ਉਹ ਇਹਨਾਂ ਗਵਾਹੀਆਂ ਲਈ ਵੀ ਉਦੋਂ ਤਿਆਰ ਹੋਏ, ਜਦੋਂ ਪੁਲਸ ਨੇ ਨਾਸੀਂ ਧੂੰਆਂ ਦੇ ਦਿਤਾ ਅਤੇ ਸਭ ਸਿਰ-ਕੱਢ ਬਬਰ ਸ਼ਹੀਦੀਆਂ ਪਾ ਗਏ।

# 43. ਸੂਬੇਦਾਰ ਗੇਂਦਾ ਸਿੰਘ ਘੁੜਿਆਲੀਏ ਦਾ ਕਤਲ

ਇਹ ਕਤਲ 17 ਅਪ੍ਰੈਲ 1923 ਨੂੰ ਹੋਇਆ ਸੀ ਅਤੇ ਜੱਜਮੈਂਟ ਦੇ ਸਫ਼ਾ 93 ਉੱਤੇ ਦੋਸ਼ ਨੰ: 15 ਦੇ ਰੂਪ ਵਿਚ ਦਰਜ ਹੈ। ਇਸ ਕਤਲ ਵਿਚ ਹੇਠ-ਲਿਖੇ ਬਬਰਾਂ ਨੇ ਹਿੱਸਾ ਲਿਆ ਸੀ : 1. ਵਤਨ ਸਿੰਘ ਵਾਇਦਾ-ਮੁਆਫ਼ ਨੰ: 11, ਪਿੰਡ ਪੰਡੋਰੀ ਨਿੱਝਰਾਂ, 2. ਅਨੂਪ ਸਿੰਘ ਵਾਇਦਾ-ਮੁਆਫ਼ ਨੰ: 17, ਪਿੰਡ ਮਾਣਕੋ, 3. ਕਰਮ ਸਿੰਘ ਮੁਲਜ਼ਮ ਨੰ: 20, ਪਿੰਡ ਮਾਣਕੋ ਤੇ 4. ਨੰਦ ਸਿੰਘ ਮੁਲਜ਼ਮ ਨੰ: 22, ਪਿੰਡ ਘੁੜਿਆਲ, ਜੋ ਚਾਰੇ ਜ਼ਿਲਾ ਜਲੰਧਰ ਦੇ ਸਨ ਅਤੇ 5. ਬਾਬੂ ਸੰਤਾ ਸਿੰਘ ਮੁਲਜ਼ਮ ਨੰ: 51, ਪਿੰਡ ਹਰੀਉਂ, ਜੋ ਜ਼ਿਲਾ ਲੁਧਿਆਣਾ ਵਿਚ ਸੀ।

ਇਸ ਕਤਲ ਦੀ ਮੁਕੰਮਲ ਤਫ਼ਸੀਲ ਮੈਂ ਦੋਹਾਂ ਵਾਇਦਾ-ਮੁਆਫ਼ਾਂ ਦੇ ਬਿਆਨਾਂ ਮੁਤਾਬਿਕ ਦਰਜ ਕਰ ਰਿਹਾ ਹਾਂ। ਵਤਨ ਸਿੰਘ ਦਾ ਬਿਆਨ ਪੇਪਰ-ਬੁੱਕ ਦੇ ਸਫ਼ਾ 89 ਤੋਂ ਅਤੇ ਅਨੂਪ ਸਿੰਘ ਦਾ ਸਫ਼ਾ 148 ਤੋਂ ਅਗੇ ਚਲਦੇ ਹਨ। ਇਹਤੋਂ ਇਲਾਵਾ 30 ਹੋਰ ਗਵਾਹ ਪੁਲਸ ਨੇ ਭੁਗਤਾਏ ਸਨ, ਜਿਨ੍ਹਾਂ ਵਿਚ ਮੀਰ ਫ਼ਜ਼ਲ ਇਮਾਮ, ਮੁਕੱਦਮੇ ਦਾ ਇੰਚਾਰਜ ਵੀ ਸ਼ਾਮਲ ਸੀ। ਕਮਿਸ਼ਨਰ, ਡਿਪਟੀ ਕਮਿਸ਼ਨਰ ਅਤੇ ਪੁਲਸ ਕਪਤਾਨ ਜਲੰਧਰ, ਤਿੰਨਾਂ ਅੰਗਰੇਜ਼ ਅਫ਼ਸਰਾਂ ਨੇ ਵੀ ਇਸ ਕਤਲ ਤੋਂ ਇਲਾਵਾ ਉਸ ਵੇਲੇ ਦੇ ਹਾਲਾਤ ਦਾ ਜ਼ਿਕਰ ਕੀਤਾ ਹੋਇਆ ਹੈ ਕਿ ਇਸ ਕਤਲ ਪਿਛੋਂ ਵੱਡੇ-ਵੱਡੇ ਅੰਗਰੇਜ਼-ਭਗਤ, ਅਰਥਾਤ ਝੋਲੀ-ਚੁੱਕ ਬਾਰ (ਕੈਨਾਲ ਕਾਲੋਨੀਜ਼) ਵੱਲ ਭਜ ਗਏ ਸਨ। ਇਥੋਂ ਤੱਕ ਕਿ ਕੋਈ ਝੋਲੀ-ਚੁੱਕ ਉੱਚੀ ਸਾਹ ਵੀ ਨਹੀਂ ਸੀ ਲੈ ਸਕਦਾ। ਸਾਰਾ ਸਰਕਾਰੀ ਢਾਂਚਾ ਲੜਖੜਾ ਗਿਆ ਸੀ।

ਇਸ ਦੌਰਾਨ ਵਤਨ ਸਿੰਘ ਆਪਣੇ ਸਕੇ ਭਰਾਵਾਂ ਦੇ ਅਸਰ ਹੇਠ ਆ ਚੁਕਿਆ ਸੀ ਅਤੇ ਹੌਸਲਾ ਢਾਹ ਬੈਠਾ ਸੀ। ਦੋਨੋਂ ਭਰਾ ਸਰਕਾਰੀ ਨੌਕਰੀ ਕਰ ਰਹੇ ਸਨ। ਸੋ ਉਹਨੂੰ ਇਹ ਮੌਕਾ ਉਸ ਵੇਲੇ ਹੱਥ ਆ ਗਿਆ, ਜਿਸ ਵੇਲੇ ਉਹ ਸਾਨੂੰ, ਪਿੰਡ ਦੇ ਨਿਆਣਿਆਂ ਨੂੰ ਢੱਡਿਆਂ ਵਾਲੇ ਲਾਭ ਸਿੰਘ ਨੂੰ ਕਤਲ ਕਰਨ ਲਈ ਸ਼ਾਮਚੁਰਾਸੀ ਦੇ ਭੱਠੇ ਉੱਤੇ ਲੈ ਗਿਆ ਸੀ। ਬਬਰ ਕਰਮ ਸਿੰਘ ਨੇ ਸਾਨੂੰ ਦੇਖ ਕੇ ਵਤਨ ਸਿੰਘ ਨੂੰ ਕਿਹਾ ਸੀ ਕਿ "ਬਾਂਦਰਾ ਝਿਉਰਾ, ਤੂੰ ਇਹਨਾਂ ਬੱਚਿਆਂ ਨੂੰ ਕਿਉਂ ਨਾਲ ਲਿਆਇਆ ਹੈ ?" ਉਹਨੇ ਬਹਾਨਾ ਬਣਾ ਕੇ ਪਿੰਡ ਆ ਕੇ ਬਾਬੂ ਸੰਤਾ ਸਿੰਘ ਨੂੰ ਸਾਫ਼ ਕਹਿ ਦਿੱਤਾ

ਸੀ ਕਿ "ਅਗੋਂ ਲਈ ਮੈਂ ਹੋਰ ਕਿਸੇ ਕੰਮ ਵਿਚ ਹਿੱਸਾ ਨਹੀਂ ਲੈਣਾ। ਬਬਰ ਸਾਹਿਬ ਨੇ ਮੇਰੀ ਬਹੁਤ ਬੇਇਜ਼ਤੀ ਕਰ ਦਿੱਤੀ ਹੈ।" ਪਰ ਬਾਬੂ ਸੰਤਾ ਸਿੰਘ ਨੇ ਉਹਨੂੰ ਕਿਹਾ, "ਤੂੰ ਏਨਾਂ ਬਹਾਦਰ ਹੋ ਕੇ ਐਵੇਂ ਨਿੱਕੀਆਂ ਗੱਲਾਂ ਦਾ ਗੁੱਸਾ ਕਰਨ ਲਗ ਪਿਆ ਹੈਂ। ਬਬਰ ਸਾਹਿਬ ਸਾਡੇ ਲੀਡਰ ਹਨ। ਮੈਂ ਉਹਨਾਂ ਨੂੰ ਕਹਿ ਕੇ ਗ਼ਲਤੀ ਮੰਨਵਾ ਦਿਆਂਗਾ। ਏਨੇਂ ਮਾਅਰਕੇ ਮਾਰ ਕੇ ਹੁਣ ਬੁਜ਼ਦਿਲ ਬਣ ਕੇ ਘਰ ਬੈਠ ਜਾਣਾ ਕਿਥੋਂ ਦੀ ਅਕਲਮੰਦੀ ਹੈ ?" ਇਸ ਤਰ੍ਹਾਂ ਦੀਆਂ ਦਲੀਲਾਂ ਦੇ ਕੇ ਬਾਬੂ ਸਾਹਿਬ ਨੇ ਉਹਨੂੰ ਫੇਰ ਰਜ਼ਾਮੰਦ ਕਰ ਲਿਆ। ਵਤਨ ਸਿੰਘ ਦਾ ਇਹ ਬਿਆਨ ਪੇਪਰ-ਬੁੱਕ ਦੇ ਸਫ਼ਾ 89 ਉੱਤੇ ਦਰਜ ਹੈ।

ਬਾਬੂ ਸੰਤਾ ਸਿੰਘ ਨੇ ਵਤਨ ਸਿੰਘ ਨੂੰ ਕਿਹਾ ਕਿ ਉਹ ਕਿਸ਼ਨਪੁਰੇ ਜਾ ਕੇ ਸੰਤ ਮਿੱਤ ਸਿੰਘ ਨੂੰ ਸੁਨੇਹਾ ਦੇ ਆਵੇ ਕਿ ਭਾਈ ਕਿਸ਼ਨ ਸਿੰਘ ਨੇ ਉਹਨਾਂ ਨੂੰ ਮੁਲਾਕਾਤ ਵਾਸਤੇ ਸਦਿਆ ਹੈ। ਸੋ ਵਤਨ ਸਿੰਘ ਕਿਸ਼ਨਪੁਰਾ ਜਾ ਕੇ ਸੰਤਾਂ ਨੂੰ ਸੁਨੇਹਾ ਦੇ ਆਇਆ ਕਿ ਉਹ ਜਾ ਕੇ ਜਲੰਧਰ ਜਿਹਲ ਵਿਚ ਭਾਈ ਕਿਸ਼ਨ ਸਿੰਘ ਨਾਲ ਮੁਲਾਕਾਤ ਕਰ ਆਉਣ। ਵਤਨ ਸਿੰਘ ਕਿਸ਼ਨਪੁਰਿਉਂ ਆਪਣੇ ਸਹੁਰਿਆਂ, ਬੁੱਢੀ ਪਿੰਡ ਵੱਲ ਚੱਲਿਆ ਗਿਆ। ਬਾਬੂ ਸੰਤਾ ਸਿੰਘ ਆਪ ਦਲੀਪੇ ਧਾਮੀਆਂ ਨੂੰ ਨਾਲ ਲੈ ਕੇ ਬਹਿਬਲਪੁਰ ਵੱਲ ਚਲੇ ਗਏ ਅਤੇ ਉਧਰ ਜਾ ਕੇ ਬਹਿਬਲਪੁਰੀਏ ਹਜ਼ਾਰਾ ਸਿੰਘ ਦੇ ਕਤਲ ਵਿਚ ਜਾ ਹਿੱਸਾ ਲਿਆ।

* * *

ਪੁਲਸ ਨੇ ਭਾਈ ਕਿਸ਼ਨ ਸਿੰਘ ਨਾਲ ਆਮ ਖੁੱਲ੍ਹੀਆਂ ਮੁਲਾਕਾਤਾਂ ਦੀ ਇਜਾਜ਼ਤ ਦੇ ਕੇ ਵੀ ਕਾਮਯਾਬੀ ਹਾਸਲ ਕੀਤੀ। ਭਾਈ ਸਾਹਿਬ ਦੀਆਂ ਮੁਲਾਕਾਤਾਂ ਤੋਂ ਭੇਦ ਕੱਢਣ ਲਈ ਮੀਰ ਫ਼ਜ਼ਲ ਇਮਾਮ ਨੇ ਹਰ ਹੱਥ-ਕੰਡਾ ਇਉਂ ਵਰਤਿਆ ਕਿ ਦਾਦ ਦਿੰਦਿਆਂ ਹੀ ਬਣਦੀ ਹੈ। ਜਿਸ ਵੇਲੇ ਮੀਰ ਫ਼ਜ਼ਲ ਇਮਾਮ ਤੋਂ ਇਲਾਵਾ ਜਿਹਲ ਦਾ ਦਰੋਗਾ, ਸੀ ਆਈ ਡੀ ਦੇ ਜਾਅਲੀ ਮੁਲਾਕਾਤੀ ਅਤੇ ਭਾਂਤ-ਭਾਂਤ ਦੇ ਗਵਾਹ ਭੁਗਤੇ ਤਾਂ ਅਸੀਂ ਹੱਕੇ-ਬੱਕੇ ਹੀ ਰਹਿ ਗਏ। ਭਾਈ ਸਾਹਿਬ ਆਪ ਵੀ ਹੈਰਾਨ ਅਤੇ ਪਸ਼ੇਮਾਨ ਜਿਹੇ ਜਾਪਣ ਲੱਗ ਪਏ ਸਨ। ਜਿਸ ਵੇਲੇ ਕਚਹਿਰੀ ਦੀ ਕਾਰਵਾਈ ਖ਼ਤਮ ਹੋ ਜਾਣ ਪਿਛੋਂ ਸਾਰੇ ਵਾਪਸ ਬੈਰਕ ਵਿਚ ਪਹੁੰਚਦੇ ਸਨ, ਤਾਂ ਕਰਮ ਸਿੰਘ ਝਿੰਗੜ ਭਾਈ ਸਾਹਿਬ ਨਾਲ ਬਹੁਤ ਠੱਠਾ-ਮਖ਼ੌਲ ਅਤੇ ਸਵਾਦਲੀਆਂ ਚੋਟਾਂ ਕਰਿਆ ਕਰਦੇ ਸਨ। ਅਸੀਂ ਨਿਆਣੇ ਉਹਨਾਂ ਦੁਆਲੇ ਘੇਰਾ ਪਾ ਕੇ ਬੈਠ ਜਾਇਆ ਕਰਦੇ ਸੀ, ਅਤੇ ਭਾਈ ਸਾਹਿਬ ਗੰਭੀਰਤਾ ਨਾਲ ਝਿੰਗੜ ਸਾਹਿਬ ਸਾਹਮਣੇ ਆਪਣੀ ਹੁਸ਼ਿਆਰੀ ਦੀ ਨਾਕਾਮਯਾਬੀ ਮੰਨ ਜਾਇਆ ਕਰਦੇ ਸਨ। ਝਿੰਗੜ ਸਾਹਿਬ ਬਹੁਤ ਦਿਲਚਸਪ ਸ਼ਖ਼ਸੀਅਤ ਦੇ ਮਾਲਕ ਸਨ। ਉਹ ਗੱਲ ਕਹਿ ਵੀ ਜਾਂਦੇ ਸਨ, ਪਰ ਅਗਲੇ ਨੂੰ ਚੋਭ ਮਹਿਸੂਸ ਵੀ ਨਹੀਂ ਸਨ ਹੋਣ ਦਿੰਦੇ। ਇਹ ਸਚਾਈ ਦੀ ਸਚਾਈ ਅਤੇ ਇਹਦੇ ਨਾਲ ਹੀ ਮਖ਼ੌਲ ਦਾ ਮਖ਼ੌਲ ਸੀ।

ਬਾਵਜੂਦ ਸਾਡੀ ਕੱਚੀ ਉਮਰ ਦੇ ਉਹਨਾਂ ਨੇ ਸਾਨੂੰ ਕਦੀ ਮਹਿਸੂਸ ਹੀ ਨਹੀਂ ਸੀ ਹੋਣ ਦਿਤਾ ਕਿ ਅਸੀਂ ਬੇੜੀਆਂ-ਹੱਥਕੜੀਆਂ ਵਿਚ ਜਕੜੇ ਹੋਏ ਕਾਲ-ਕੋਠੜੀਆਂ ਦੇ ਵਾਸੀ ਹਾਂ ਅਤੇ ਕੋਈ ਪਤਾ ਨਹੀਂ ਸੀ ਕਿ ਅਗੇ ਜਾ ਕੇ ਸਾਡੇ ਨਾਲ ਕੀ ਬੀਤਣੀ ਹੈ। ਪਰ ਇਹ ਪਤਾ ਜ਼ਰੂਰ ਲਗ ਚੁਕਿਆ ਸੀ ਕਿ ਵੱਡੇ ਲੀਡਰਾਂ ਨੂੰ ਫਾਂਸੀ ਅਤੇ ਬਾਕੀਆਂ ਨੂੰ ਕਾਲੇ ਪਾਣੀਆਂ ਦੀ ਸੈਰ ਜ਼ਰੂਰ ਕਰਨੀ ਪੈਣੀ ਹੈ, ਕਿਉਂਕਿ ਝਿੰਗੜ ਸਾਹਿਬ ਗ਼ਦਰ

ਪਾਰਟੀ ਦੇ ਫ਼ੈਸਲਿਆਂ ਦੀ ਮਿਸਾਲ ਦਿਆ ਕਰਦੇ ਸਨ ਕਿ ਸਾਜ਼ਿਸ਼ ਵਿਚ ਦਿਹਤੋਂ ਘੱਟ ਸਜ਼ਾ ਹੋਇਆ ਹੀ ਨਹੀਂ ਕਰਦੀ। ਉਹਨਾਂ ਨੇ ਸਾਨੂੰ ਕਹਿਣਾ, "ਮੁੰਡਿਉ, ਕੋਈ ਡਰ ਨਹੀਂ। ਅਸੀਂ ਜੱਜ ਨੂੰ ਕਹਾਂਗੇ, 'ਇਹਨਾਂ ਨਿਆਣਿਆਂ ਦੀ ਸਜ਼ਾ ਵੀ ਸਾਨੂੰ ਵੰਡਵੀਂ ਦੇ ਦਿਉ। ਇਹਨਾਂ ਬੱਚਿਆਂ ਨੂੰ ਕੀ ਪਤਾ ਕਿ ਸਾਜ਼ਿਸ਼ ਕੀ ਬਲਾ ਹੁੰਦੀ ਹੈ। ਇਹ ਤਾਂ ਸਾਡੇ ਸਿਰਫ਼ ਸੇਵਾਦਾਰ ਹੀ ਸਨ।' ਗੱਲ ਕੀ ਉਹ ਹਰ ਕਿਸਮ ਦਾ ਸਾਡਾ ਦਿਲ-ਪ੍ਰਚਾਵਾ ਕਰੀਂ ਹੀ ਰਖਦੇ ਸਨ। ਨਾ ਭੁਲਾਈ ਜਾਣ ਵਾਲੀ ਅਜੀਬ ਹਸਤੀ ਸੀ ਇਹ ਝਿੰਗੜ ਸਾਹਿਬ।

ਸੱਚ ਜਾਣਿਉ, ਇਹੋ ਜਿਹੀਆਂ ਨਿਸ਼ਕਾਮ ਦੇਸਭਗਤ ਸਤਜੁਗੀ ਹਸਤੀਆਂ ਵਿਰਲੀਆਂ ਹੀ ਹੁੰਦੀਆਂ ਹਨ, ਜਿਹੜੀਆਂ ਸਾਰੀ ਦੁਨੀਆ ਦਾ ਦੁੱਖ-ਦਰਦ ਸਮੇਟ ਕੇ ਆਪਣੀ ਝੋਲੀ ਵਿਚ ਪਾਈਂ ਦੂਜਿਆਂ ਨੂੰ ਖ਼ੁਸ਼ੀਆਂ ਹੀ ਵੰਡਦੀਆਂ ਰਹਿੰਦੀਆਂ ਹਨ। ਅਸੀਂ ਉਹਨਾਂ ਦੇ ਬਚੇ-ਖੁਚੇ ਸਾਥੀ ਜਦੋਂ ਪੁਰਾਣੀਆਂ ਯਾਦਾਂ ਦੁਹਰਾਉਂਦੇ ਹਾਂ ਤਾਂ ਸਿਰ ਬਦੋ-ਬਦੀ ਉਹਨਾਂ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਝੁਕ ਜਾਂਦਾ ਹੈ। ਮੈਂ ਅੱਜ ਵੀ ਉਹਨਾਂ ਹੀ ਦਿਨਾਂ ਨੂੰ ਆਪਣੀ ਜ਼ਿੰਦਗੀ ਦੇ ਸੁਨਹਿਰੀ ਦਿਨ ਸਮਝਦਾ ਹਾਂ ਜਿਹੜੇ ਉਹਨਾਂ ਦੇਸਭਗਤਾਂ ਦੀ ਸੰਗਤ ਜਾਂ ਚਰਨਾਂ ਵਿਚ ਰਹਿ ਕੇ ਗੁਜ਼ਾਰੇ ਸਨ। ਇਕ ਤੋਂ ਵੱਧ ਇਕ ਦੇਸਭਗਤ ਬੱਸ ਆਪਣੀ ਮਿਸਾਲ ਆਪ ਹੀ ਸੀ।

* * *

ਬਹਿਬਲਪੁਰ ਹੋ ਕੇ ਬਾਬੂ ਸੰਤਾ ਸਿੰਘ ਪੰਡੋਰੀ ਨਿੱਝਰਾਂ ਨੂੰ ਪਰਤ ਆਇਆ ਅਤੇ ਵਤਨ ਸਿੰਘ ਵੀ ਆਪਣੇ ਸਹੁਰਿਆਂ ਵੱਲ ਘੁੰਮ-ਘੁੰਮਾ ਕੇ ਪਿੰਡ ਪਰਤ ਆਇਆ। ਮੁੜ ਇਕ ਵਾਰ ਸਾਰੇ ਪੰਡੋਰੀ ਨਿੱਝਰਾਂ ਵਾਲੀ ਝਿੜੀ ਦੀ ਛੰਨ ਵਿਚ ਜਾ ਇਕੱਠੇ ਹੋਏ। ਬਾਬੂ ਸੰਤਾ ਸਿੰਘ, ਵਤਨ ਸਿੰਘ, ਸਾਧਾ ਸਿੰਘ ਤੇ ਊਧਮ ਸਿੰਘ ਰਾਤ ਉਥੇ ਹੀ ਸੁਤੇ ਅਤੇ ਅਗਲੀ ਸਵੇਰ ਬਾਬੂ ਸੰਤਾ ਸਿੰਘ ਊਧਮ ਸਿੰਘ ਨੂੰ ਨਾਲ ਲੈ ਕੇ ਮਾਣਕੋ ਨੂੰ ਚਲਿਆ ਗਿਆ ਅਤੇ ਵਤਨ ਸਿੰਘ ਨੂੰ ਮਾਣਕੋ ਪੁੱਜਣ ਲਈ ਕਹਿ ਗਿਆ। ਵਤਨ ਸਿੰਘ ਘਰੋਗੀ ਕੰਮ ਤੋਂ ਵਿਹਲਾ ਹੋ ਮਾਣਕੋ ਅਨੂਪ ਸਿੰਘ ਦੀ ਹਵੇਲੀ ਜਾ ਪੁਜਿਆ, ਜਿਥੋਂ ਅਨੂਪ ਸਿੰਘ ਦੇ ਭਰਾ ਨੇ ਉਹਨੂੰ ਇਕ ਚੁਬਾਰੇ ਵਿਚ ਪੁਚਾ ਦਿੱਤਾ, ਜਿਥੇ ਬਾਬੂ ਸੰਤਾ ਸਿੰਘ, ਅਨੂਪ ਸਿੰਘ ਅਤੇ ਊਧਮ ਸਿੰਘ "ਬਬਰ ਅਕਾਲੀ ਦੁਆਬਾ" ਪਰਚਾ ਛਾਪ ਰਹੇ ਸਨ। ਹਾਲੇ 40-50 ਪਰਚੇ ਹੀ ਛਪੇ ਸਨ ਕਿ ਊਧਮ ਸਿੰਘ ਜਲੰਧਰ ਖ਼ਾਲਸਾ ਸਕੂਲ ਨੂੰ ਚਲਿਆ ਗਿਆ, ਜਿਥੇ ਉਹ ਸ਼ਾਮਚੁਰਾਸੀ ਤੋਂ ਅੱਠਵੀਂ ਪਾਸ ਕਰਕੇ ਪਹਿਲੀ ਅਪ੍ਰੈਲ 1923 ਨੂੰ ਨੌਵੀਂ ਜਮਾਤ ਵਿਚ ਜਾ ਦਾਖ਼ਲ ਹੋਇਆ ਸੀ ਅਤੇ ਮੈਂ ਦਸਵੀਂ ਵਿਚ ਦਾਖ਼ਲ ਹੋ ਗਿਆ ਸੀ। ਊਧਮ ਸਿੰਘ ਦੇ ਚਲੇ ਜਾਣ ਪਿਛੋਂ ਤਿੰਨ-ਚਾਰ ਸੌ ਹੋਰ ਪਰਚੇ ਛਾਪ ਲਏ ਗਏ।

ਇਹ ਉਹੋ ਪਰਚਾ ਸੀ ਜਿਸ ਵਿਚ ਬਹਿਬਲਪੁਰੀਏ ਹਜ਼ਾਰਾ ਸਿੰਘ ਨੂੰ ਕਤਲ ਕਰਨ ਦਾ ਹਵਾਲਾ ਦਿੱਤਾ ਹੋਇਆ ਸੀ। ਪਰਚੇ ਵਿਚ ਇਹ ਲਿਖਤ ਦਰਜ ਸੀ ਕਿ ਟੋਡੀ ਹਜ਼ਾਰਾ ਸਿੰਘ ਬਹਿਬਲਪੁਰ ਨੂੰ 27 ਮਾਰਚ ਨੂੰ ਤਿੰਨ ਮੁਰੱਬੇ ਇਨਾਮ ਦਿਤਾ ਗਿਆ (ਭਾਵ ਤਿੰਨ ਗੋਲੀਆਂ)। ਨਾਲ ਹੀ ਇਸੇ ਪਰਚੇ ਵਿਚ ਦਰਜ ਸੀ ਕਿ ਬਬਰਾਂ ਦੇ ਭੈ ਸਦਕਾ ਮਾਹਲ ਗਹਿਲੇ ਦਾ ਜ਼ੈਲਦਾਰ ਪਾਗਲ ਹੋ ਗਿਆ ਸੀ, ਰਾਤ ਪੈਣ ਉੱਤੇ ਦੁਹਾਈ ਪਾਉਂਦਾ ਭੱਜ ਉਠਦਾ—ਮੈਨੂੰ ਬਚਾਉ, ਬਬਰ ਆ ਗਏ ; ਬਬਰੋ, ਮੈਂ ਝੋਲੀ-ਚੁੱਕ ਨਹੀਂ,

ਮੈਨੂੰ ਨਾ ਮਾਰੋ। ਸਾਰੀ ਰਾਤ ਇਹੋ ਅਮਲ ਜਾਰੀ ਰਹਿੰਦਾ ਅਤੇ ਥੋੜ੍ਹੇ ਹੀ ਦਿਨਾਂ ਬਾਅਦ ਇਸੇ ਹਾਲਤ ਵਿਚ ਉਹਦੀ ਮੌਤ ਹੋ ਚੁੱਕੀ ਹੈ। ਦੂਜਾ ਜ਼ੈਲਦਾਰ ਮਾਹਲਪੁਰ ਦਾ ਹੈ, ਜਿਹੜਾ ਮੰਜੇ ਉੱਤੇ ਪਿਆ ਐਸ ਵੇਲੇ ਪਾਗਲਪੁਣੇ ਵਿਚ ਦੁਹਾਈ ਪਾਈ ਜਾ ਰਿਹਾ ਹੈ। ਉੱਠਣ ਦੀ ਹਿੰਮਤ ਨਾ ਹੋਣ ਕਰਕੇ ਟੱਟੀ-ਪਿਸ਼ਾਬ ਵੀ ਮੰਜੇ ਉੱਤੇ ਹੀ ਕਰ ਰਿਹਾ ਹੈ। "ਬਬਰ ਆ ਗਏ, ਬਬਰ ਆ ਗਏ, ਬਚਾਉ, ਬਚਾਉ, ਤੁਹਾਨੂੰ ਨਹੀਂ ਦਿਸਦੇ ? ਤੁਸੀਂ ਅੰਨ੍ਹੇ ਹੋ ਗਏ ਹੋ। ਔਹ ਬੰਦੂਕਾਂ ਚੁੱਕੀਂ ਆ ਰਹੇ ਹਨ।"

ਇਹ ਪਰਚਾ ਛਪਣ ਤੋਂ ਥੋੜ੍ਹੇ ਦਿਨਾਂ ਬਾਅਦ ਇਹ ਜ਼ੈਲਦਾਰ ਵੀ ਚਲਦਾ ਬਣਿਆ ਸੀ, ਜੀਹਦਾ ਜ਼ਿਕਰ ਅਗਲੇ ਪਰਚੇ ਵਿਚ ਬਬਰਾਂ ਨੇ ਕਰ ਦਿੱਤਾ ਸੀ। ਇਹੋ ਉਹ ਪਰਚਾ ਸੀ ਜੋ ਅਦਾਲਤ ਵਿਚ ਹਜਾਰਾ ਸਿੰਘ ਦੇ ਕਤਲ ਬਾਰੇ ਪੁਲਸ ਨੇ ਪੇਸ਼ ਕੀਤਾ ਸੀ, ਜੀਹਦਾ ਨੰ: ਪੀ ਏ 142 ਸੀ। ਤੇ ਉਹੋ ਮਸ਼ੀਨ ਪੀ 26 ਵੀ ਅਦਾਲਤ ਵਿਚ ਪੇਸ਼ ਕੀਤੀ ਗਈ ਸੀ, ਜਿਸ ਉੱਤੇ ਉਪਰ-ਦੱਸਿਆ ਪਰਚਾ ਛਾਪਿਆ ਗਿਆ ਸੀ। ਹਜ਼ਾਰਾ ਸਿੰਘ ਦੇ ਨਾਲ ਦੋਹਾਂ ਜੈਲਦਾਰਾਂ ਦਾ ਹਵਾਲਾ ਦਿਤਾ ਹੋਇਆ ਸੀ। ਮਸ਼ੀਨ ਬਾਅਦ ਵਿਚ ਪੁਲਸ ਦੇ ਹੱਥ ਆ ਗਈ ਸੀ । ਦੂਜੀ ਮਸ਼ੀਨ ਪੁਲਸ ਨੂੰ ਬਾਵਜੂਦ ਕੋਸ਼ਿਸ਼ ਦੇ ਨਹੀਂ ਸੀ ਮਿਲ ਸਕੀ ਅਤੇ ਨਾ ਹੀ ਅੱਜ ਤਕ ਸਾਨੂੰ ਉਹਦਾ ਪਤਾ ਲਗ ਸਕਿਆ ਹੈ, ਨਹੀਂ ਤਾਂ ਅਜ ਉਹ ਇਕ ਅਨਮੋਲ ਵਸਤੂ ਹੋਣੀ ਸੀ, ਜਿਸ ਸਦਕਾ ਬਬਰ ਲਹਿਰ ਸਿਖਰਾਂ ਉੱਤੇ ਪੁਜੀ ਸੀ। ਇਹ ਬਬਰ ਅਕਾਲੀ ਪਰਚੇ ਹੀ ਸਨ, ਜਿਨ੍ਹਾਂ ਨੇ ਝੋਲੀ-ਚੁੱਕਾਂ ਤੋਂ ਇਲਾਵਾ ਐਡੀ ਵੱਡੀ ਸਰਕਾਰ ਦੀ ਨੀਂਦ ਹਰਾਮ ਕਰ ਛੱਡੀ ਸੀ। ਇਸ ਪਰਚੇ ਦੇ ਮਜ਼ਮੂਨਾਂ ਅਤੇ ਮਸ਼ੀਨ ਦੀ ਦੋਹਾਂ ਵਾਇਦਾ-ਮੁਆਫ਼ਾਂ ਦੀ ਕੀਤੀ ਹੋਈ ਸ਼ਨਾਖ਼ਤ ਪੇਪਰ-ਬੁੱਕ ਵਿਚ ਦਰਜ ਹੈ।

ਪਰਚਾ ਛਪ ਜਾਣ ਪਿਛੋਂ ਤਿੰਨਾਂ ਨੇ ਸਲਾਹ ਕੀਤੀ ਕਿ ਬਹਿਬਲਪੁਰੀਏ ਹਜ਼ਾਰਾ ਸਿੰਘ ਦੇ ਕਤਲ ਵਾਂਗੂੰ ਸਾਨੂੰ ਵੀ ਆਪਣੇ ਇਲਾਕੇ ਵਿਚ ਕੋਈ ਅਜਿਹਾ ਕਾਰਨਾਮਾ ਕਰਨਾ ਚਾਹੀਦਾ ਹੈ, ਜੀਹਦੀ ਦਹਿਸ਼ਤ ਨਾਲ ਹੋਰ ਝੋਲੀ-ਚੁੱਕ ਪਾਗਲ ਹੋ ਉੱਠਣ, ਕਿਉਂਕਿ ਬਾਬੂ ਸੰਤਾ ਸਿੰਘ ਨੇ ਬਹਿਬਲਪੁਰ ਦੇ ਕਤਲ ਦੀ ਸਾਰੀ ਗੱਲ ਦੋਹਾਂ ਨੂੰ ਦੱਸ ਦਿਤੀ ਸੀ। ਇਹਨਾਂ ਨੇ ਫ਼ੈਸਲਾ ਕਰ ਲਿਆ ਕਿ ਜਲਦੀ ਤੋਂ ਜਲਦੀ ਕਿਸੇ ਸਿਰ-ਕੱਢ ਝੋਲੀ-ਚੁੱਕ ਦਾ ਕੰਡਾ ਕੱਢ ਕੇ ਏਨੀਂ ਦਹਿਸ਼ਤ ਪੈਦਾ ਕਰ ਦਿਤੀ ਜਾਵੇ ਕਿ ਝੋਲੀ-ਚੁੱਕ ਬੁੜ-ਬੜਾ ਕੇ ਉਠ ਭੱਜ ਨਿਕਲਣ ਅਤੇ ਸਾਡੇ ਉਤੇ ਕਿਸੇ ਝੋਲੀ-ਚੁੱਕ ਨੂੰ ਵਾਰ ਕਰਨ ਦੀ ਹਿੰਮਤ ਹੀ ਨਾ ਰਹਿਣ ਦਿਤੀ ਜਾਵੇ। ਸੋ ਅਨੂਪ ਸਿੰਘ ਜਾ ਕੇ ਆਪਣੇ ਘਰੋਂ ਦੋ ਪਸਤੌਲ ਚੁੱਕ ਲਿਆਇਆ, ਜਿਹੜੇ ਬਾਬੂ ਸੰਤਾ ਸਿੰਘ ਨੇ ਉਹਨੂੰ ਪਹਿਲਾਂ ਦੇ ਰੱਖੇ ਸਨ। ਇਕ ਪਸਤੌਲ ਬਾਬੂ ਸੰਤਾ ਸਿੰਘ ਦੇ ਆਪਣੇ ਕੋਲ ਪਹਿਲਾਂ ਹੀ ਮੌਜੂਦ ਸੀ।

ਅਨੂਪ ਸਿੰਘ ਨੂੰ ਪਿੰਡ ਛੱਡ ਕੇ ਅਤੇ ਪਰਚੇ ਲੈ ਕੇ ਬਾਬੂ ਸੰਤਾ ਸਿੰਘ ਤੇ ਵਤਨ ਸਿੰਘ ਸੰਤ ਠਾਕੁਰ ਸਿੰਘ ਦੀ ਕੁਟੀਆ ਵਿਖੇ ਰਾਜੋਵਾਲ ਆ ਗਏ ਅਤੇ ਕੁਝ ਪਰਚੇ ਅਨੂਪ ਸਿੰਘ ਕੋਲ ਆਲੇ-ਦੁਆਲੇ ਦੇ ਪਿੰਡਾਂ ਵਿਚ ਵੰਡਣ ਲਈ ਛੱਡ ਆਏ।

ਬਾਬੂ ਸੰਤਾ ਸਿੰਘ ਨੇ ਵਤਨ ਸਿੰਘ ਨੂੰ ਦਸਿਆ ਕਿ ਇਕ ਮਿਸਤਰੀ ਨੰਦ ਸਿੰਘ ਘੁੜਿਆਲ ਵਾਲਾ ਸੰਤਾਂ ਕੋਲ ਆ ਕੇ ਕਈ ਵਾਰ ਸ਼ਿਕਾਇਤ ਕਰ ਚੁਕਿਆ ਹੈ ਕਿ ਉਹਦੇ ਪਿੰਡ ਦਾ ਸੂਬੇਦਾਰ ਗੇਂਦਾ ਸਿੰਘ ਐਸ ਵੇਲੇ ਬਹੁਤ ਭੂਤਰਿਆ ਫਿਰਦਾ ਹੈ

ਅਤੇ ਰਾਣੀਬੂਹੇ ਦੇ ਜ਼ੈਲਦਾਰ ਵਾਂਗੂੰ ਸਿੰਗ-ਮਿੱਟੀ ਚੁੱਕੀ ਹੋਈ ਹੈ। ਸਰਕਾਰ ਦੇ ਇਸ਼ਾਰੇ ਉੱਤੇ ਇਕ ਅਮਨ ਕਮੇਟੀ ਬਣਾ ਕੇ ਅਤੇ ਆਪ ਉਹਦਾ ਕਰਤਾ-ਧਰਤਾ ਬਣ ਕੇ ਉਹ ਅਕਾਲੀਆਂ ਉੱਤੇ ਝੂਠੀਆਂ ਗਵਾਹੀਆਂ ਦੇ-ਦੇ ਕੈਦ ਕਰਵਾ ਰਿਹਾ ਹੈ ਅਤੇ ਕਈਆਂ ਕਾਲੀਆਂ ਪੱਗਾਂ ਵਾਲਿਆਂ ਨੂੰ ਪੁਲਸ ਕੋਲ ਜਾ ਕੇ ਥਾਣੇ ਸਦਵਾ-ਸਦਵਾ ਤੰਗ ਕਰਵਾ ਰਿਹਾ ਹੈ ਕਿ ਇਹ ਬਬਰਾਂ ਨੂੰ ਪਨਾਹ ਦੇ ਰਹੇ ਹਨ। ਨੰਦ ਸਿੰਘ ਆਪ ਵੀ ਅਕਾਲੀ ਹੈ, ਜਿਸ ਕਰਕੇ ਸੂਬੇਦਾਰ ਉਹਦੇ ਪੋਸ਼ ਪਿਆ ਹੋਇਆ ਹੈ। ਜਲੰਧਰ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਕੋਲ ਵੀ ਜਾ-ਜਾ ਸ਼ਿਕਾਇਤਾਂ ਕਰ ਰਿਹਾ ਹੈ ਅਤੇ ਇਲਾਕੇ ਦੇ ਸਭ ਅਕਾਲੀ ਉਹਦੀਆਂ ਕਰਤੂਤਾਂ ਤੋਂ ਤੰਗ ਆਏ ਪਏ ਹਨ। ਨੰਦ ਸਿੰਘ ਕਹਿੰਦਾ ਹੈ ਕਿ ਉਹਦੇ ਕੋਲ ਇਕ ਪਸਤੌਲ ਤਾਂ ਹੈ, ਪਰ ਗੋਲੀਆਂ ਨਹੀਂ ਹਨ। ਜੇ ਸੰਤ ਉਹਨੂੰ ਬਬਰਾਂ ਨਾਲ ਮਿਲਾ ਦੇਣ ਅਤੇ ਉਹ ਗੋਲੀਆਂ ਦਾ ਬੰਦੋਬਸਤ ਕਰ ਦੇਣ ਤਾਂ ਉਹ ਆਪ ਹੀ ਸੂਬੇਦਾਰ ਨੂੰ ਖ਼ਤਮ ਕਰ ਸਕਦਾ ਹੈ ਅਤੇ ਬਬਰ ਆਪਣੇ ਵੱਲੋਂ ਇਹ ਕਤਲ ਆਪਣੇ ਸਿਰ ਲੈ ਕੇ ਪਰਚਾ ਛਾਪ ਦੇਣ। ਨਹੀਂ ਤਾਂ ਬਬਰ ਜਥਾ ਆਪ ਇਹ ਕੰਮ ਸਿਰੇ ਚੜ੍ਹਾ ਦੇਵੇ। ਸੋ ਦੋਹਾਂ ਨੇ ਸੰਤਾਂ ਨੂੰ ਕਿਹਾ ਕਿ ਉਹ ਕਿਸੇ ਨੂੰ ਭੇਜ ਕੇ ਨੰਦ ਸਿੰਘ ਨੂੰ ਬੁਲਾ ਲੈਣ, ਤਾਂ ਜੋ ਅਗਲਾ ਪ੍ਰੋਗਰਾਮ ਤਿਆਰ ਕਰ ਲਿਆ ਜਾਵੇ।

ਸੰਤਾਂ ਨੇ ਆਪਣਾ ਇਕ ਚੇਲਾ ਭੇਜ ਕੇ ਉਸੇ ਵੇਲੇ ਨੰਦ ਸਿੰਘ ਨੂੰ ਬੁਲਾ ਲਿਆ ਅਤੇ ਆਉਂਦਾ ਹੋਇਆ ਉਹ ਆਪਣਾ ਪਸਤੌਲ ਵੀ ਲਈ ਆਇਆ। ਸੂਬੇਦਾਰ ਬਾਬਤ ਉਹਨੇ ਸਾਰੀ ਗਲ ਦੱਸੀ ਕਿ "ਉਹ ਸਾਨੂੰ ਤੁਹਾਡਾ ਨਾਂ ਲੈ-ਲੈ ਥਾਣੇ ਬੁਲਾਈ ਰਖਦਾ ਹੈ ਕਿ ਬਬਰ ਸਾਡੇ ਕੋਲ ਆਉਂਦੇ ਰਹਿੰਦੇ ਹਨ, ਭਾਵੇਂ ਕਿ ਮੈਂ ਪਹਿਲੀ ਵਾਰ ਹੀ ਤੁਹਾਡੇ ਦਰਸ਼ਨ ਕੀਤੇ ਹਨ। ਤੇ ਉਹ ਕਹਿੰਦਾ ਹੈ ਕਿ ਬਬਰ ਤੀਜੇ-ਚੌਥੇ ਦਿਨ ਇਹਦੇ ਕੋਲ ਆਉਂਦੇ ਮੈਂ ਦੇਖਦਾ ਹਾਂ। ਸੋ ਜਾਂ ਤਾਂ ਤੁਸੀਂ ਇਹਦਾ ਫਾਹਾ ਵੱਢੋ, ਨਹੀਂ ਤਾਂ ਮੈਨੂੰ ਐਸ ਪਸਤੌਲ ਦੀਆਂ ਗੋਲੀਆਂ ਦਿਉ, ਤਾਂ ਜੋ ਮੈਂ ਇਹ ਕੰਡਾ ਕੱਢ ਦਿਆਂ।" ਬਾਬੂ ਸੰਤਾ ਸਿੰਘ ਨੇ ਨੰਦ ਸਿੰਘ ਦਾ ਪਸਤੌਲ ਆਪਣੇ ਕੋਲ ਰੱਖ ਲਿਆ ਅਤੇ ਉਹਨੂੰ ਪਿੰਡ ਨੂੰ ਘੱਲ ਦਿਤਾ ਕਿ ਕੱਲ੍ਹ ਨੂੰ ਆ ਕੇ ਦੱਸੇ ਕਿ ਸੂਬੇਦਾਰ ਉਹਨਾਂ ਨੂੰ ਕਿਥੇ ਟੱਕਰ ਸਕਦਾ ਹੈ। ਸੋ ਨੰਦ ਸਿੰਘ ਪਿੰਡ ਨੂੰ ਮੁੜ ਗਿਆ।

ਅਗਲੇ ਦਿਨ ਛਾਹ ਵੇਲੇ ਨੰਦ ਸਿੰਘ ਨੇ ਆ ਦੱਸਿਆ ਕਿ ਐਸ ਵੇਲੇ ਸੂਬੇਦਾਰ ਆਪਣੇ ਖੇਤਾਂ ਵਿਚ ਕਾਮਿਆਂ ਤੋਂ ਕਣਕ ਵਢਵਾ ਰਿਹਾ ਹੈ। ਬਾਬੂ ਸੰਤਾ ਸਿੰਘ ਨੇ ਕਿਹਾ ਕਿ ਐਸ ਵੇਲੇ ਜੇ ਹਮਲਾ ਕਰਦੇ ਹਾਂ ਤਾਂ ਰੌਲਾ ਪੈਣ ਉੱਤੇ ਇਕ ਤਾਂ ਕਾਮੇ ਵੀ ਉਹਦੀ ਮਦਦ ਕਰ ਸਕਦੇ ਹਨ ਅਤੇ ਦੂਜੇ ਆਲੇ-ਦੁਆਲੇ ਵੀ ਲੋਕੀਂ ਜ਼ਰੂਰ ਕਣਕਾਂ ਵੱਢ ਰਹੇ ਹੋਣਗੇ। ਸੋ ਮੁਕਾਬਲਾ ਹੋ ਸਕਦਾ ਹੈ ਅਤੇ ਬੇਗੁਨਾਹ ਬੰਦੇ ਵੀ ਮਾਰੇ ਜਾ ਸਕਦੇ ਹਨ। ਤੂੰ ਤਰਕਾਲਾਂ ਨੂੰ ਆ ਕੇ ਦੱਸ ਕਿ ਸੂਬੇਦਾਰ ਪਿੰਡ ਬੈਠਾ ਕਿਥੇ ਟੱਕਰ ਸਕਦਾ ਹੈ। ਥੋੜ੍ਹਾ ਜੇਹਾ ਹਨੇਰਾ ਵੀ ਹੋ ਜਾਣਾ ਚਾਹੀਦਾ ਹੈ। ਇਹ ਗੱਲ ਠੀਕ ਸਮਝ ਕੇ ਨੰਦ ਸਿੰਘ ਫੇਰ ਪਿੰਡ ਨੂੰ ਮੁੜ ਗਿਆ

ਪਿੰਡ ਘੁੜਿਆਲ ਉਸ ਕੁਟੀਆ ਤੋਂ ਸਿਰਫ ਮੀਲ ਕੁ ਦੀ ਵਿੱਥ ਉੱਤੇ ਹੀ ਸੀ। ਇਸੇ ਪਿੰਡ ਵਿਚ ਹੀ ਅਖੰਡ ਪਾਠਾਂ ਤੋਂ ਬਾਅਦ ਭਾਈ ਕਿਸ਼ਨ ਸਿੰਘ ਨੇ ਪ੍ਰਿੰਸ ਆਫ਼ ਵੇਲਜ਼ ਨੂੰ ਭੂਤਨਾ ਕਹਿ ਕੇ ਬੰਬਾਂ ਦੇ ਹਾਰ ਪਾ ਕੇ ਸਵਾਗਤ ਕਰਨ ਦਾ ਐਲਾਨ

ਤਕਰੀਬਨ ਸਾਲ ਕੁ ਭਰ ਪਹਿਲਾਂ ਕੀਤਾ ਸੀ, ਜੀਹਦਾ ਜ਼ਿਕਰ ਮੈਂ ਸ਼ੁਰੂ ਵਿਚ ਹੀ ਕਰ ਆਇਆ ਹਾਂ।

ਉਸੇ ਦਿਨ ਤਰਕਾਲਾਂ ਨੂੰ ਨੰਦ ਸਿੰਘ ਫੇਰ ਆਇਆ ਅਤੇ ਦੱਸਿਆ ਕਿ ਐਸ ਵੇਲੇ ਸੂਬੇਦਾਰ ਇਕੱਲਾ ਹੀ ਚੋਅ ਦੇ ਨਾਲ-ਨਾਲ ਡੰਗਰ ਚਾਰ ਰਿਹਾ ਹੈ। ਇਹ ਚੋਅ ਘੁੜਿਆਲ ਤੋਂ ਵੱਡੀ ਡਰੋਲੀ ਵੱਲ ਜਾਂਦਾ ਸੀ। ਬਾਬੂ ਸੰਤਾ ਸਿੰਘ ਅਤੇ ਵਤਨ ਸਿੰਘ ਪਸਤੌਲਾਂ ਨਾਲ ਲੈਸ ਹੋ ਕੇ ਡਰੋਲੀ ਵੱਲ ਚੱਲ ਪਏ। ਨੇੜੇ ਜਾ ਕੇ ਵੇਖਿਆ ਤਾਂ ਹੋਰ ਲੋਕ ਵੀ ਉਸੇ ਪਾਸੇ ਡੰਗਰ ਚਾਰ ਰਹੇ ਸਨ, ਜਿਨ੍ਹਾਂ ਵਿਚ ਕਈ ਫੌਜੀ ਨਾਮ-ਕਟੇ ਵੀ ਸਨ। ਸੋ ਸੂਬੇਦਾਰ ਪਛਾਨਣਾ ਮੁਸ਼ਕਲ ਹੋ ਗਿਆ ਅਤੇ ਦੋਨੋਂ ਵਾਪਸ ਸੰਤਾਂ ਦੀ ਕੁਟੀਆ ਵਿਚ ਆ ਗਏ। ਵਤਨ ਸਿੰਘ ਬਿਆਨ ਕਰਦਾ ਹੈ ਕਿ ''ਸਾਡੀਆਂ ਸਾਰੀਆਂ ਹਰਕਤਾ ਦੀ ਜਾਣਕਾਰੀ ਸੰਤ ਠਾਕੁਰ ਸਿੰਘ ਹੋਰਾਂ ਨੂੰ ਨਾਲੋ-ਨਾਲ ਅਸੀਂ ਦੇਈਂ ਜਾ ਰਹੇ ਸੀ। ਜਿੰਨੀ ਵਾਰ ਵੀ ਅਸੀਂ ਗਏ ਸੀ, ਵਾਪਸੀ ਉੱਤੇ ਸੰਤਾਂ ਨੂੰ ਦੱਸ ਦਿੰਦੇ ਸੀ।'' ਸੰਤਾ ਨੂੰ ਵੀ ਉਮਰ-ਕੈਦ ਭੁਗਤਣੀ ਪਈ ਸੀ ਕਿ ਉਹਨਾਂ ਨੂੰ ਸਾਰੀ ਸਾਜ਼ਿਸ਼ ਦਾ ਇਲਮ ਸੀ।

ਕੁਟੀਆ ਵਿਚ ਮੁੜ ਕੇ ਬਾਬੂ ਸੰਤਾ ਸਿੰਘ ਨੇ ਨੰਦ ਸਿੰਘ ਨੂੰ ਵਾਪਸ ਪਿੰਡ ਨੂੰ ਭੇਜ ਦਿਤਾ ਕਿ ਉਹ ਸੂਬੇਦਾਰ ਦੀ ਪੂਰੀ ਤਰ੍ਹਾਂ ਸੂਹ ਰਖੇ। ਜਿਸ ਵੇਲੇ ਸਾਡਾ ਸੁਨੇਹਾ ਮਿਲੇ, ਸਾਨੂੰ ਆ ਕੇ ਦੱਸੇ ਕਿ ਸੂਬੇਦਾਰ ਕਿਥੇ ਟੱਕਰ ਸਕਦਾ ਹੈ। ਤਰਕਾਲਾਂ ਪਈਆਂ ਤੋਂ ਦੋਨੋਂ ਅਨੂਪ ਸਿੰਘ ਮਾਣਕੋ ਕੋਲ ਚਲੇ ਗਏ ਅਤੇ ਅਨੂਪ ਸਿੰਘ ਨੂੰ ਪਹਿਲਾਂ ਸੂਬੇਦਾਰ ਨੂੰ ਕਤਲ ਕਰਨ ਦੀ ਗੱਲ ਦੱਸ ਕੇ ਪੁੱਛਿਆ ਕਿ ਕੀ ਹੋਰ ਕੋਈ ਬੰਦਾ ਇਸ ਕੰਮ ਵਿਚ ਆਪਣੀ ਰਜ਼ਾਮੰਦੀ ਨਾਲ ਸਾਡਾ ਸਾਥ ਦੇ ਸਕਦਾ ਹੈ। ਅਨੂਪ ਸਿੰਘ ਨੇ ਦੱਸਿਆ ਕਿ ਕਰਮ ਸਿੰਘ ਸੁਨਿਆਰਾ ਉਹਨੂੰ ਕਈ ਵਾਰ ਕਹਿ ਚੁਕਿਆ ਹੈ ਕਿ ਉਹ ਬਬਰਾਂ ਦੇ ਦਰਸ਼ਨ ਕਰਨੇ ਚਾਹੁੰਦਾ ਹੈ, ਸੋ ਉਹਨੂੰ ਪੁੱਛ ਲੈਂਦੇ ਹਾਂ, ਸ਼ਾਇਦ ਤਿਆਰ ਹੋ ਜਾਵੇ। ਉਹ ਕਰਮ ਸਿੰਘ ਨੂੰ ਸੱਦ ਲਿਆਇਆ। ਇਹ ਕਰਮ ਸਿੰਘ ਸੁਨਿਆਰਾ ਹਰੀਪੁਰ ਦਾ ਰਹਿਣ ਵਾਲਾ ਸੀ ਅਤੇ ਸਾਲ ਕੁ ਤੋਂ ਮਾਣਕੋ ਆ ਵਸਿਆ ਸੀ, ਜੀਹਦਾ ਕਾਰਨ ਇਹ ਸੀ ਕਿ ਇਥੋਂ ਦੀ ਇਕ ਵਿਧਵਾ ਜ਼ਨਾਨੀ ਬਾਰ ਵਿਚ ਰਹਿੰਦੀ ਸੀ ਅਤੇ ਪਿਛੇ ਉਹਦਾ ਪੱਕਾ ਮਕਾਨ ਖਾਲੀ ਪਿਆ ਸੀ। ਉਹ ਚਾਹੁੰਦੀ ਸੀ ਕਿ ਕੋਈ ਇਹੋ ਜਿਹਾ ਬੰਦਾ ਮਿਲ ਜਾਵੇ ਜਿਹੜਾ ਉਹਦੇ ਮਕਾਨ ਵਿਚ ਰਿਹਾਇਸ਼ ਰੱਖ ਕੇ ਦੇਖ-ਭਾਲ ਕਰਦਾ ਰਹੇ। ਕਰਮ ਸਿੰਘ ਹਰੀਪੁਰੋਂ ਆ ਕੇ ਇਸੇ ਮਕਾਨ ਵਿਚ ਬਾਲ-ਬੱਚਿਆਂ ਸਮੇਤ ਰਹਿਣ ਲੱਗ ਪਿਆ ਸੀ। ਜਦੋਂ ਉਹ ਹਰੀਪੁਰ ਰਹਿੰਦਾ ਸੀ ਤਾਂ ਭਾਈ ਕਿਸ਼ਨ ਸਿੰਘ ਜੀ ਦੇ ਲੈਕਚਰ ਸੁਣ ਕੇ ਅਕਾਲੀ ਸਜ ਚੁਕਿਆ ਸੀ ਅਤੇ ਬਬਰਾਂ ਦਾ ਹਮਦਰਦ ਬਣ ਚੁਕਿਆ ਸੀ।

ਮੈਂ ਪਹਿਲਾਂ ਹੀ ਦੱਸ ਦਿਆਂ ਕਿ ਕੁਦਰਤ ਦੀ ਇਹ ਵੀ ਖੇਡ ਹੀ ਸੀ ਕਿ ਇਹ ਦੋਨੋਂ ਸੱਜਣ ਸਿਰਫ ਇਸੇ ਇਕੋ-ਇਕ ਮਾਅਰਕੇ ਵਿਚ ਸ਼ਾਮਲ ਹੋ ਕੇ ਸਿੱਧੇ ਫਾਂਸੀ ਦੇ ਫੱਟੇ ਉੱਤੇ ਜਾ ਖਲੋਤੇ ਸਨ।

ਦੂਜੇ ਪਾਸੇ ਬਾਬੂ ਸੰਤਾ ਸਿੰਘ ਅਨੇਕ ਅਜਿਹੇ ਕਤਲਾਂ ਪਿਛੋਂ ਇਹਨਾਂ ਦੇ ਨਾਲ ਹੀ ਉਸੇ ਫੱਟੇ ਉੱਤੇ ਸਿਰਫ ਅੱਧਾ ਘੰਟਾ ਪਹਿਲਾਂ ਝੂਲ ਚੁੱਕੇ ਸਨ ਅਤੇ ਵਤਨ ਸਿੰਘ ਵਾਇਦਾ-ਮੁਆਫ ਬਣ ਕੇ ਇਹਨਾਂ ਨੂੰ ਸਦਾ ਲਈ ਅਮਰ ਬਣਾ ਕੇ ਤੇ ਆਪ

ਕਲੰਕ ਦਾ ਟਿੱਕਾ ਮੱਥੇ ਲੁਆ ਕੇ ਜਾਨ ਬਚਾ ਗਿਆ ਸੀ ਅਤੇ ਸਮਝੋ ਸਦਾ ਲਈ ਮਰ ਗਿਆ ਸੀ।

ਜਿਸ ਵੇਲੇ ਕਰਮ ਸਿੰਘ ਇਹਨਾਂ ਕੋਲ ਆਇਆ ਤਾਂ ਬਾਬੂ ਸੰਤਾ ਸਿੰਘ ਨੇ ਸਾਰੀ ਸਕੀਮ ਦਸਦਿਆਂ ਉਹਨੂੰ ਕਿਹਾ ਕਿ "ਤੂੰ ਇਕ ਨਵਾਂ ਨੌਜਵਾਨ ਹੈਂ। ਸੋਚ ਲੈ। ਰਸਤਾ ਬਹੁਤ ਬਿਖੜਾ ਹੈ। ਅਸੀਂ ਤਾਂ ਆਪਣਾ ਜੀਵਨ ਦੇਸ ਦੀ ਆਜ਼ਾਦੀ ਖ਼ਾਤਰ ਦੇਸ ਨੂੰ ਅਰਪਨ ਕਰ ਚੁੱਕੇ ਹਾਂ ਅਤੇ ਸਿਰ ਤਲੀ ਉੱਤੇ ਧਰੀਂ ਫਿਰਦੇ ਹਾਂ। ਤੂੰ ਚੰਗੀ ਤਰ੍ਹਾਂ ਸੋਚ ਲੈ ਕਿ ਇਹੋ ਜਿਹੇ ਕੰਮਾਂ ਵਿਚ ਜਾਨ ਵੀ ਜਾ ਸਕਦੀ ਹੈ। ਜੇ ਹੌਸਲਾ ਹੈ ਤਾਂ ਹੀ ਸਾਡੇ ਨਾਲ ਜਾਣ ਲਈ ਤਿਆਰ ਹੋਈਂ। ਨਹੀਂ ਤਾਂ ਕੋਈ ਗੱਲ ਨਹੀਂ। ਤੂੰ ਕਬੀਲਦਾਰ ਆਦਮੀ ਹੈਂ। ਇਹੋ ਸੋਚ ਕੇ ਮੈਂ ਪਹਿਲਾਂ ਹੀ ਤੈਨੂੰ ਸਮਝਾਉਣ ਦੀ ਖ਼ਾਤਰ ਸਾਰੀ ਗੱਲ ਸਾਫ਼-ਸਾਫ਼ ਦੱਸ ਦਿਤੀ ਹੈ।" ਤਾਂ ਕਰਮ ਸਿੰਘ ਨੇ ਕਿਹਾ, "ਮੈਂ ਪਹਿਲਾਂ ਹੀ ਤੁਹਾਡੇ ਦਰਸ਼ਨਾਂ ਲਈ ਕਈ ਵਾਰ ਅਨੂਪ ਸਿੰਘ ਨੂੰ ਕਹਿ ਚੁਕਿਆ ਹਾਂ ਅਤੇ ਮੇਰਾ ਦਿਲ ਵੀ ਜਥੇ ਵਿਚ ਸ਼ਾਮਲ ਹੋ ਕੇ ਕੋਈ ਕਾਰਨਾਮਾ ਕਰਨ ਲਈ ਉਤਾਵਲਾ ਸੀ। ਮੈਂ ਸੋਚ ਚੁਕਿਆ ਹਾਂ ਅਤੇ ਹਿੱਸਾ ਲੈਣ ਲਈ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਹਾਂ। ਇਸ ਸੂਬੇਦਾਰ ਨੇ ਜਿਹੜੀ ਸਿੰਗ-ਮਿੱਟੀ ਚੁੱਕੀ ਹੋਈ ਹੈ, ਇਹਨੂੰ ਜ਼ਰੂਰ ਖ਼ਤਮ ਕਰਨਾ ਚਾਹੀਦਾ ਹੈ।"

ਅੰਨ-ਪਾਣੀ ਛਕਣ ਤੋਂ ਬਾਅਦ ਚਾਰੇ ਸਾਥੀ, ਬਾਬੂ ਸੰਤਾ ਸਿੰਘ, ਵਤਨ ਸਿੰਘ, ਅਨੂਪ ਸਿੰਘ ਅਤੇ ਇਹ ਬਿਲਕੁਲ ਨਵਾਂ ਰਲਿਆ ਸਾਥੀ ਕਰਮ ਸਿੰਘ ਘੁੜਿਆਲ ਵੱਲ ਚੱਲ ਪਏ, ਜੋ ਮੀਲ ਦੇ ਫ਼ਾਸਲੇ ਉੱਤੇ ਹੀ ਸੀ। ਤਕਰੀਬਨ ਅੱਧ ਵਿਚ ਇਕ ਭੱਠਾ ਆ ਗਿਆ ਤਾਂ ਕਰਮ ਸਿੰਘ ਨੂੰ ਘੁੜਿਆਲ ਭੇਜਿਆ ਗਿਆ ਕਿ ਉਹ ਨੰਦ ਸਿੰਘ ਨੂੰ ਮਿਲ ਕੇ ਪਤਾ ਕਰ ਆਵੇ ਕਿ ਐਸ ਵੇਲੇ ਸੂਬੇਦਾਰ ਕਿਥੇ ਟੱਕਰ ਸਕਦਾ ਹੈ। ਅਕਾਲੀ ਹੋਣ ਕਰਕੇ ਨੰਦ ਸਿੰਘ ਅਤੇ ਕਰਮ ਸਿੰਘ ਇਕ ਦੂਜੇ ਦੇ ਜਾਣ-ਪਛਾਣੂ ਹੋ ਚੁੱਕੇ ਸਨ।

ਕਰਮ ਸਿੰਘ ਤਾਂ ਘੁੜਿਆਲ ਨੂੰ ਚਲਿਆ ਗਿਆ ਅਤੇ ਬਾਕੀ ਤਿੰਨੇ ਭੱਠੇ ਉੱਤੇ ਉਹਨਾਂ ਦੀ ਉਡੀਕ ਕਰਨ ਲਗ ਪਏ। ਥੋੜ੍ਹੇ ਚਿਰ ਪਿਛੋਂ ਹੀ ਨੰਦ ਸਿੰਘ ਅਤੇ ਕਰਮ ਸਿੰਘ ਆ ਗਏ।

ਨੰਦ ਸਿੰਘ ਨੇ ਆ ਕੇ ਦਸਿਆ ਕਿ "ਐਸ ਵੇਲੇ ਸੂਬੇਦਾਰ ਆਪਣੇ ਘਰ ਦੇ ਸਾਹਮਣੇ ਤਖ਼ਤਪੋਸ਼ ਉੱਤੇ ਬੈਠਾ ਗੱਪਾਂ ਜੜ ਰਿਹਾ ਹੈ। ਵਧੀਆ ਮੌਕਾ ਹੈ।" ਸੋ ਬਾਬੂ ਸੰਤਾ ਸਿੰਘ ਨੇ ਅਨੂਪ ਸਿੰਘ ਵਾਲੀ ਕਿਰਪਾਨ ਕਰਮ ਸਿੰਘ ਨੂੰ ਦੇ ਦਿਤੀ ਅਤੇ ਅਨੂਪ ਸਿੰਘ ਨੂੰ ਬੰਦੂਕ ਦੇ ਦਿੱਤੀ ਤੇ ਦੂਜੀ ਬੰਦੂਕ ਨੰਦ ਸਿੰਘ ਨੂੰ ਦੇ ਕੇ ਕਿਹਾ ਕਿ "ਤੂੰ ਸਭ ਤੋਂ ਪਹਿਲਾਂ ਸੂਬੇਦਾਰ ਉੱਤੇ ਗੋਲੀ ਚਲਾ ਦੇਵੀਂ। ਉਹਤੋਂ ਬਾਅਦ ਅਸੀਂ ਸਮਝ ਜਾਵਾਂਗੇ ਕਿ ਇਹੋ ਹੀ ਸੂਬੇਦਾਰ ਹੈ ਅਤੇ ਬਾਕੀ ਕੰਮ ਅਸੀਂ ਸੰਭਾਲ ਲਵਾਂਗੇ।" ਉਸ ਵੇਲੇ ਦੋ ਪਸਤੌਲ ਬਾਬੂ ਸੰਤਾ ਸਿੰਘ ਕੋਲ ਸਨ ਅਤੇ ਦੋ ਹੀ ਵਤਨ ਸਿੰਘ ਕੋਲ ਸਨ। ਇਕ-ਇਕ ਦੋਹਾਂ ਨੇ ਗਲ ਵਿਚ ਪਾਇਆ ਹੋਇਆ ਸੀ ਅਤੇ ਇਕ-ਇਕ ਹੱਥ ਵਿਚ ਸੀ।

ਬਾਬੂ ਸੰਤਾ ਸਿੰਘ ਨੇ ਅਰਦਾਸਾ ਸੋਧਿਆ ਅਤੇ ਸੂਬੇਦਾਰ ਦੇ ਮਕਾਨ ਵੱਲ ਚਲ ਪਏ। ਉਹ ਚੁਮਾਰਾਂ ਦੇ ਘਰਾਂ ਥਾਣੀਂ ਹੁੰਦੇ ਹੋਏ ਸੂਬੇਦਾਰ ਦੇ ਮਕਾਨ ਉੱਤੇ ਜਾ ਪੁੱਜੇ। ਪਰ ਜਾਂਦਿਆਂ ਨੂੰ ਸੂਬੇਦਾਰ ਦੀ ਮਹਿਫ਼ਲ ਖ਼ਤਮ ਹੋ ਚੁੱਕੀ ਸੀ। ਉਹ ਆਪਣੇ ਮਕਾਨ ਅੰਦਰ ਜਾ ਚੁਕਿਆ ਸੀ ਅਤੇ ਦਰਵਾਜ਼ੇ ਬੰਦ ਕਰੀਂ ਬੈਠਾ ਸੀ। ਸੋ ਸਾਰੇ ਨਿਰਾਸ਼ ਹੋ

ਵਾਪਸ ਹੋ ਤੁਰੇ ਅਤੇ ਰਾਜੋਵਾਲ ਸੰਤਾਂ ਦੀ ਕੁਟੀਆਂ ਵੱਲ ਚੱਲ ਪਏ। ਪਿੰਡੋਂ ਬਾਹਰ ਨਿਕਲੇ ਹੀ ਸਨ ਕਿ ਅਣਜਾਣਪੁਣੇ ਕਾਰਨ ਨੰਦ ਸਿੰਘ ਦੀ ਬੰਦੂਕ ਉਹਤੋਂ ਚੱਲ ਗਈ। ਚਾਰੇ ਸੋਚੀਂ ਪੈ ਗਏ ਕਿ ਇਹ ਤਾਂ ਬਦਸ਼ਗਨੀ ਹੋ ਗਈ ਹੈ। ਸੂਬੇਦਾਰ ਨੇ ਤਾੜ ਜਾਣਾ ਹੈ ਕਿ ਇਹ ਬੰਦੂਕ ਦਾ ਕੇਹਾ ਫ਼ਾਇਰ ਹੋਇਆ ਹੈ ਅਤੇ ਉਹਨੇ ਚੁਕੰਨਾ ਹੋ ਜਾਣਾ ਹੈ। ਸੋ ਕਿਹਾ ਨਹੀਂ ਜਾ ਸਕਦਾ ਕਿ ਹੁਣ ਉਹ ਕਾਬੂ ਆ ਸਕੇਗਾ ਜਾਂ ਨਹੀਂ। ਕਿਤੇ ਬਣਿਆ-ਬਣਾਇਆ ਕੰਮ ਵਿਚਕਾਰ ਹੀ ਨਾ ਛੱਡਣਾ ਪੈ ਜਾਵੇ। ਤਾਂ ਨੰਦ ਸਿੰਘ ਨੇ ਕਿਹਾ, "ਇਹ ਕੋਈ ਘਬਰਾਉਣ ਵਾਲੀ ਗੱਲ ਨਹੀਂ। ਆਲੇ-ਦੁਆਲੇ ਪਿੰਡਾਂ ਵਾਲੇ ਤਿੱਤਰ-ਬਟੇਰਿਆਂ ਦਾ ਸ਼ਿਕਾਰ ਖੇਡਦੇ ਹੀ ਰਹਿੰਦੇ ਹਨ ਅਤੇ ਆਮ ਗੋਲੀਆਂ ਦੇ ਖੜਕੇ ਹੁੰਦੇ ਰਹਿੰਦੇ ਹਨ। ਚਿੰਤਾ ਨਾ ਕਰੋ। ਕੱਲ੍ਹ ਨੂੰ ਜਰਾ ਪਹਿਲਾਂ ਪੁੱਜ ਕੇ ਇਹ ਕੰਮ ਨਜਿੱਠ ਲਵਾਂਗੇ।"

ਸੋ ਸੋਚ-ਵਿਚਾਰ ਮਗਰੋਂ ਸਾਰਿਆਂ ਨੇ ਇਹੋ ਫ਼ੈਸਲਾ ਕਰ ਲਿਆ ਕਿ ਅੱਜ ਵਾਂਗੂ ਉਸੇ ਭੱਠੇ ਉੱਤੇ ਇਕੱਠੇ ਹੋ ਜਾਣ ਅਤੇ ਨੰਦ ਸਿੰਘ ਮੁੜ ਸੂਬੇਦਾਰ ਦਾ ਪਤਾ ਕਰੀ ਆਵੇ। ਨੰਦ ਸਿੰਘ ਵਾਲੀ ਬੰਦੂਕ ਕਰਮ ਸਿੰਘ ਨੂੰ ਦੇ ਦਿੱਤੀ ਗਈ ਅਤੇ ਸਾਰੇ ਆਪਣੇ-ਆਪਣੇ ਰਾਹ ਪਏ।

ਵਤਨ ਸਿੰਘ ਤੇ ਬਾਬੂ ਸੰਤਾ ਸਿੰਘ ਕੁਟੀਆ ਵਿਖੇ ਆ ਠਹਿਰੇ ਅਤੇ ਬਾਕੀ ਆਪਣੇ-ਆਪਣੇ ਘਰਾਂ ਨੂੰ ਚਲੇ ਗਏ।

ਬਾਬੂ ਸੰਤਾ ਸਿੰਘ ਅਤੇ ਵਤਨ ਸਿੰਘ ਰਾਤ ਕੁਟੀਆ ਵਿਚ ਕੱਟ ਕੇ ਦਿਨੇ ਨਾਲ ਦੀ ਝਿੜੀ ਵਿਚ ਚਲੇ ਗਏ। ਦੁਪਹਿਰ ਦੀ ਰੋਟੀ ਸੰਤਾਂ ਨੇ ਝਿੜੀ ਵਿਚ ਹੀ ਪੁਚਾ ਦਿੱਤੀ। ਸ਼ਾਮ ਦੀ ਸਰਦਾਈ ਲੈ ਕੇ ਸੰਤ ਆਪ ਆਏ ਅਤੇ ਦੱਸਿਆ ਕਿ ਨੰਦ ਸਿੰਘ ਆ ਕੇ ਦੱਸ ਗਿਆ ਸੀ ਕਿ ਰਾਤ ਵਾਲੇ ਫ਼ਾਇਰ ਦਾ ਕਿਸੇ ਉੱਤੇ ਕੋਈ ਅਸਰ ਨਹੀਂ ਪਿਆ। ਸੋ ਫ਼ਿਕਰ ਵਾਲੀ ਕੋਈ ਗੱਲ ਨਹੀਂ। ਜ਼ਰਾ ਸੁਵਖ਼ਤੇ ਹੀ ਮਿਥੀ ਜਗਾਹ ਉੱਤੇ ਪੁੱਜ ਜਾਣਾ।

ਸੋ ਸ਼ਾਮ ਨੂੰ ਮੁੜ ਪੰਜੇ ਭੱਠੇ ਉੱਤੇ ਇਕੱਠੇ ਹੋ ਗਏ। ਪਹਿਲਾਂ ਵਾਂਗੂ ਸਾਰੇ ਹਥਿਆਰਬੰਦ ਹੋ ਗਏ।

ਨੰਦ ਸਿੰਘ ਦੇ ਦੱਸਣ ਮੁਤਾਬਿਕ ਉਸ ਮੌਕੇ ਉੱਤੇ ਸੂਬੇਦਾਰ ਆਪਣੇ ਘਰ ਦੇ ਸਾਹਮਣੇ ਤਖ਼ਤਪੋਸ਼ ਉੱਤੇ ਮਹਿਫ਼ਲ ਜਮਾਈ ਬੈਠਾ ਗੱਪਾਂ ਜੜ ਰਿਹਾ ਸੀ। ਸੋ ਇਹ ਅਰਦਾਸਾ ਸੋਧ ਕੇ ਫਟਾ-ਫਟ ਸੂਬੇਦਾਰ ਦੇ ਘਰ ਵੱਲ ਚੱਲ ਪਏ। ਨੰਦ ਸਿੰਘ ਨੂੰ ਪਹਿਲਾ ਫ਼ਾਇਰ ਕਰਨ ਦੀ ਤਾਕੀਦ ਕਰ ਦਿੱਤੀ ਗਈ ਤਾਂ ਜੋ ਪਤਾ ਲੱਗ ਸਕੇ ਕਿ ਕਿਹੜਾ ਸੂਬੇਦਾਰ ਹੈ। ਤੇ ਪਹਿਲਾਂ ਵਾਂਗੂ ਚੁਮਾਰਾਂ ਦੇ ਘਰਾਂ ਥਾਣੀਂ ਉਹ ਸੂਬੇਦਾਰ ਦੇ ਘਰ ਕੋਲ ਜਾ ਪੁੱਜੇ। ਸੂਬੇਦਾਰ ਕੋਲ ਉਸ ਵੇਲੇ ਪੰਜ-ਛੇ ਹੋਰ ਬੰਦੇ ਬੈਠੇ ਗੱਪਾਂ ਮਾਰ ਰਹੇ ਸਨ।

ਨੰਦ ਸਿੰਘ ਨੇ ਜਾਂਦਿਆਂ ਹੀ ਬੰਦੂਕ ਸੂਬੇਦਾਰ ਦੀ ਛਾਤੀ ਨਾਲ ਲਾ ਦਿੱਤੀ। ਇਹਤੋਂ ਪਹਿਲਾਂ ਕਿ ਨੰਦ ਸਿੰਘ ਘੋੜਾ ਦਬਾਉਂਦਾ, ਸੂਬੇਦਾਰ ਨੇ ਫੁਰਤੀ ਨਾਲ ਬੰਦੂਕ ਦੀ ਨਾਲੀ ਉਤਾਂਹ ਚੁਕ ਦਿੱਤੀ ਤੇ ਨੰਦ ਸਿੰਘ ਦਾ ਵਾਰ ਨਿਸਫ਼ਲ ਬਣਾ ਦਿੱਤਾ। ਉਹ ਵਿਚਾਰਾ ਕਿਹੜਾ ਬੰਦੂਕ ਚਲਾਉਣੀ ਜਾਣਦਾ ਸੀ। ਅਨਾੜੀ ਵਾਂਗੂ ਜੋਸ਼ ਵਿਚ ਹੀ ਗੱਲ ਵਿਗਾੜ ਬੈਠਾ। ਸੂਬੇਦਾਰ ਚੰਗੀ ਡੀਲਡੌਲ ਵਾਲਾ ਅਤੇ ਨੰਦ ਸਿੰਘ ਨਾਲੋਂ ਦੂਗਣੇ

ਜੁੱਸੇ ਵਾਲਾ ਸੀ। ਉਹ ਛਾਲ ਮਾਰ ਕੇ ਨੰਦ ਸਿੰਘ ਉੱਤੇ ਝਪਟ ਪਿਆ ਅਤੇ ਗੁੱਥਮਗੁੱਥਾ ਹੋ ਗਿਆ। ਉਹ ਫ਼ੌਜੀ ਪੂਰਾ ਤਜਰਬੇਕਾਰ ਜਾਣ ਬਚਾਉਣੀ ਜਾਣਦਾ ਸੀ। ਬਾਕੀ ਜਿੰਨੇ ਬੰਦੇ ਕੋਲ ਬੈਠੇ ਸਨ, ਉਸੇ ਵੇਲੇ ਭੱਜ ਨਿਕਲੇ। ਉਹ ਸਮਝ ਚੁੱਕੇ ਸਨ ਕਿ ਇਹ ਤਾਂ ਸੂਬੇਦਾਰ ਨੂੰ ਬਬਰ ਆ ਪਏ ਹਨ। ਸੂਬੇਦਾਰ ਨਾਲੇ ਘੁਲੀ ਜਾਵੇ, ਨਾਲੇ ਰੌਲਾ ਪਾਈਂ ਜਾਵੇ—ਬਚਾਉ, ਬਚਾਉ। ਏਨੇਂ ਨੂੰ ਵਤਨ ਸਿੰਘ ਨੇ, ਜਿਹੜਾ ਫ਼ੌਜੀ ਸੀ, ਬੈਠ ਕੇ ਸੂਬੇਦਾਰ ਦੇ ਢਿੱਡ ਨਾਲ ਪਸਤੌਲ ਲਾ ਕੇ ਗੋਲੀ ਦਾਗ ਦਿਤੀ। ਸੂਬੇਦਾਰ ਵੱਖੀ ਭਾਰ ਇਕ ਪਾਸੇ ਡਿੱਗ ਪਿਆ। ਤਦ ਨੰਦ ਸਿੰਘ ਉਹਦੇ ਥਲਿਉਂ ਬਾਹਰ ਨਿਕਲਿਆ। ਵਤਨ ਸਿੰਘ ਨੇ ਤਿੰਨ ਹੋਰ ਗੋਲੀਆਂ ਸੂਬੇਦਾਰ ਦੇ ਸਿਰ ਵਿਚ ਜੜ ਕੇ ਇਸ ਨਰਕੀ ਜੀਵਨ ਤੋਂ ਉਹਨੂੰ ਸਦਾ ਲਈ ਛੁਟਕਾਰਾ ਦੁਆ ਦਿੱਤਾ। ਮਰੇ ਪਏ ਉੱਤੇ ਕਰਮ ਸਿੰਘ ਨੇ ਤਲਵਾਰ ਦੇ ਵੀ ਚਾਰ-ਪੰਜ ਵਾਰ ਕਰ ਛਡੇ। ਅਨੂਪ ਸਿੰਘ ਨੇ ਗੋਲੀ ਚਲਾਉਣ ਦੀ ਥਾਂ ਨਾਲੀ ਵਲੋਂ ਬੰਦੂਕ ਫੜ ਕੇ ਡਾਂਗ ਦਾ ਕੰਮ ਲਿਆ ਅਤੇ ਬੰਦੂਕ ਦਾ ਦਸਤਾ ਹੀ ਤੁੜਵਾ ਲਿਆ।

ਸਾਰੇ ਤਸੱਲੀ ਨਾਲ ਵਾਪਸ ਮੁੜ ਪਏ। ਆਲਾ-ਦੁਆਲਾ ਸੁੰਨਸਾਨ ਪਿਆ ਸੀ। ਸਭ ਲੋਕੀਂ ਡਰਦੇ ਦੜ ਵੱਟ ਕੇ ਘਰੀਂ ਜਾ ਵੜੇ ਸਨ। ਇਕ ਗਵਾਹ ਨੰ: 405 ਪੇਪਰ-ਬੁੱਕ ਦੇ ਸਫ਼ਾ 734 ਉੱਤੇ ਬਿਆਨ ਕਰਦਾ ਹੈ (ਸਰਕਾਰੀ ਗਵਾਹ ਨੰ: 405, ਤਾਰਾ ਸਿੰਘ ਵਲਦ ਸਾਂਈਂ, ਉਮਰ 50 ਸਾਲ, ਜ਼ਾਤ ਰਾਜਪੂਤ, ਪਿੰਡ ਘੁੜਿਆਲ, ਜ਼ਿਲਾ ਜਲੰਧਰ) :

"ਅਸੀਂ ਸੂਬੇਦਾਰ ਦੇ ਘਰ ਸਾਹਮਣੇ ਰਾਤ ਪੈਂਦਿਆਂ ਤਖ਼ਤਪੋਸ਼ ਉੱਤੇ ਬੈਠੇ ਸੀ ਤਾਂ ਬਬਰ ਸੂਬੇਦਾਰ ਉੱਤੇ ਟੁੱਟ ਪਏ। ਅਸੀਂ ਡਰਦੇ ਭੱਜ ਗਏ ਅਤੇ ਮੈਂ ਇਕ ਗੱਡੇ ਥੱਲੇ ਜਾ ਲੁਕਿਆ। ਪੰਜਾਂ-ਛੇਆਂ ਗੋਲੀਆ ਦਾ ਗੱਡੇ ਹੇਠਾਂ ਲੁਕੇ ਨੇ ਖੜਕਾ ਵੀ ਸੁਣਿਆ ਸੀ।" ਗੱਲ ਕੀ ਸਾਰੇ ਗਵਾਹ ਇਸੇ ਤਰ੍ਹਾਂ ਬਿਆਨ ਦਿੰਦੇ ਗਏ ਸਨ।

ਗਲੀ ਦੇ ਮੋੜ ਉੱਤੇ ਆ ਕੇ ਬਾਬੂ ਸੰਤਾ ਸਿੰਘ ਨੇ ਉੱਚੀ ਆਵਾਜ਼ ਵਿਚ ਕਿਹਾ, "ਮੈਂ ਬਬਰ ਕਰਮ ਸਿੰਘ ਦੌਲਤਪੁਰੀਆ ਬੋਲ ਰਿਹਾ ਹਾਂ। ਮੇਰੇ ਨਾਲ ਐਸ ਵੇਲੇ ਉਦੇ ਸਿੰਘ ਰਾਮਗੜ੍ਹ ਝੁਗੀਆਂ ਅਤੇ ਧੰਨਾ ਸਿੰਘ ਬਹਿਬਲਪੁਰ ਹਨ। ਅਸੀਂ ਤਿੰਨਾਂ ਨੇ ਹੀ ਇਸ ਸੂਬੇਦਾਰ ਨੂੰ ਕਤਲ ਕੀਤਾ ਹੈ, ਤਾਂ ਜੋ ਆਲੇ-ਦੁਆਲੇ ਦੇ ਝੋਲੀ-ਚੁੱਕ ਸਮਝ ਜਾਣ ਕਿ ਅੰਗਰੇਜ਼ਾਂ ਦੀ ਮਦਦ ਕਰਨ ਵਾਲਿਆਂ ਦਾ ਕੀ ਹਸ਼ਰ ਹੁੰਦਾ ਹੈ। ਸਾਨੂੰ ਪਤਾ ਹੈ, ਇਥੇ ਸੂਬੇਦਾਰ ਵਾਂਗੂੰ ਫਿਟਿਆ ਹੋਇਆ ਇਕ ਹੋਰ ਝੋਲੀ-ਚੁੱਕ ਵੀ ਹੈ। ਅਗਲੀ ਵਾਰੀ ਹੁਣ ਉਹਦੀ ਹੀ ਹੈ। ਅਸੀਂ ਉਹਨੂੰ ਪਹਿਲਾਂ ਹੀ ਦੱਸ ਚੱਲੇ ਹਾਂ ਕਿ ਉਹ ਸਾਥੋਂ ਬਚ ਕੇ ਕਿਤੇ ਨਹੀਂ ਜਾ ਸਕਦਾ। ਬਾਕੀ ਪਿੰਡ ਵਾਲੇ ਬਿਲਕੁਲ ਬੇਫ਼ਿਕਰ ਰਹਿਣ। ਅਸੀਂ ਇਹਨਾਂ ਦੁਸ਼ਟਾਂ ਨੂੰ ਖ਼ਤਮ ਕਰਕੇ ਨਗਰ-ਨਿਵਾਸੀਆਂ ਤੋਂ ਇਲਾਵਾ ਆਲੇ-ਦੁਆਲੇ ਦੇ ਪਿੰਡਾਂ ਵਾਲਿਆਂ ਨੂੰ ਵੀ ਸੁਖ ਨਾਲ ਦਿਨ-ਕਟੀ ਕਰਾਉਣ ਲਈ ਹੀ ਸੁਧਾਰ ਦਾ ਕੰਮ ਅਰੰਭਿਆ ਹੋਇਆ ਹੈ। ਇਹ ਨੀਚ ਲੋਕ ਪੁਲਸ ਕੋਲ ਜਾ-ਜਾ ਕੇ ਬੇਗੁਨਾਹ ਅਕਾਲੀਆਂ ਦੀ ਬੇਇਜ਼ਤੀ ਕਰਾਉਂਦੇ ਹਨ, ਜੀਹਦਾ ਨਤੀਜਾ ਕੁਝ ਸਿਰ-ਕੱਢ ਝੋਲੀ-ਚੁੱਕ ਭੁਗਤ ਚੁੱਕੇ ਹਨ ਅਤੇ ਰਹਿੰਦੇ-ਖੂੰਹਦੇ ਜਲਦੀ ਹੀ ਭੁਗਤ ਲੈਣਗੇ।"

ਇਹਤੋਂ ਪਹਿਲਾਂ ਕਿ ਮੈਂ ਪੰਜਾਂ ਬਬਰਾਂ ਬਾਬਤ ਅਗਲੀ ਕਾਰਵਾਈ ਲਿਖਾਂ, ਪਹਿਲਾਂ ਦੂਜੇ ਝੋਲੀ-ਚੁੱਕ ਦਾ ਜ਼ਿਕਰ ਕਰ ਦੇਣਾ ਠੀਕ ਰਹੇਗਾ।

ਸੂਬੇਦਾਰ ਦਾ ਦੂਜਾ ਸਾਥੀ ਸੀ ਸਰਕਾਰੀ ਗਵਾਹ ਨੰ: 409, ਪੇਪਰ-ਬੁੱਕ, ਸਫ਼ਾ 738, ਰਾਮ ਰਤਨ, ਵਲਦ ਰਾਧਾ ਕਿਸ਼ਨ, ਉਮਰ 50 ਸਾਲ, ਜਾਤ ਬਰਾਹਮਣ, ਪਿੰਡ ਘੁੜਿਆਲ, ਜ਼ਿਲਾ ਜਲੰਧਰ, ਅਰਜ਼ੀ ਅਤੇ ਅਸ਼ਟਾਮ ਨਵੀਸ।

ਉਹ ਬਿਆਨ ਕਰਦਾ ਹੈ, "ਅਸੀਂ ਇਕ ਅਮਨ ਸਭਾ ਬਣਾਈ ਹੋਈ ਸੀ। ਸੂਬੇਦਾਰ ਗੇਂਦਾ ਸਿੰਘ ਸਭਾ ਦਾ ਪ੍ਰਧਾਨ ਸੀ ਅਤੇ ਮੈਂ ਖ਼ਜ਼ਾਨਚੀ ਸੀ। ਅਤਰ ਸਿੰਘ ਸੈਕਟਰੀ ਸੀ। ਅਸੀਂ ਗੌਰਮਿੰਟ ਨੂੰ ਅਕਾਲੀਆਂ ਅਤੇ ਬਬਰ ਅਕਾਲੀਆਂ ਦੀਆਂ ਸਰਗਰਮੀਆਂ ਦੀਆਂ ਰਪੋਟਾਂ ਦਿਆ ਕਰਦੇ ਸੀ। ਮੇਰੀ ਬੈਠਕ ਵੀ ਉਸੇ ਗਲੀ ਵਿਚ ਹੈ, ਜਿਸ ਵਿਚ ਸੂਬੇਦਾਰ ਦਾ ਮਕਾਨ ਹੈ। ਮੈਂ ਉਸ ਵੇਲੇ ਬੈਠਕ ਵਿਚ ਬੈਠਾ ਸੀ ਜਿਸ ਵੇਲੇ ਪੰਜ-ਛੇ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਅਤੇ ਨਾਲ ਹੀ ਸੂਬੇਦਾਰ ਨੂੰ ਦੁਹਾਈ ਪਾਉਂਦਿਆਂ ਸੁਣਿਆ। ਇਹ ਦੁਹਾਈ ਵੀ ਸੁਣੀ ਕਿ ਬਬਰ ਅਕਾਲੀਆਂ ਨੇ ਸੂਬੇਦਾਰ ਨੂੰ ਕਤਲ ਕਰ ਦਿੱਤਾ ਹੈ। ਮੈਂ ਡਰ ਕੇ ਦਰਵਾਜ਼ੇ ਬੰਦ ਕਰਨ ਦੀ ਕੀਤੀ ਅਤੇ ਦੜ ਵੱਟ ਕੇ ਅੰਦਰ ਪਿਆ ਰਿਹਾ। ਮੈਂ ਏਨਾਂ ਡਰ ਗਿਆ ਸੀ ਕਿ ਉਨਾਂ ਚਿਰ ਅੰਦਰੋਂ ਬਾਹਰ ਨਹੀਂ ਸੀ ਨਿਕਲਿਆ, ਜਿੰਨਾ ਚਿਰ ਪੁਲਸ ਨਹੀਂ ਸੀ ਆ ਗਈ। ਪੁਲਸ ਆਈ ਤੋਂ ਸੂਬੇਦਾਰ ਨੂੰ ਮਰੇ ਪਏ ਨੂੰ ਵੇਖਣ ਦੀ ਹਿੰਮਤ ਪਈ ਸੀ ਅਤੇ ਉਸ ਵੇਲੇ ਮੈਨੂੰ ਇਹ ਵੀ ਪਤਾ ਲਗਿਆ ਕਿ ਅਗਲੀ ਵਾਰੀ ਮੇਰੀ ਹੈ। ਸੋ ਮੈਂ ਡਰਦਿਆਂ ਪਿੰਡੋਂ ਬਾਹਰ ਜਾਣਾ ਹੀ ਛਡ ਦਿਤਾ ਸੀ। ਤਰਕਾਲਾਂ ਪੈਂਦਿਆਂ ਹੀ ਅੰਦਰ ਵੜਨ ਦੀ ਕਰੀਦੀ ਸੀ ਅਤੇ ਥਾਂ ਬਦਲ-ਬਦਲ ਦਿਨ ਲੰਘਾਉਣੇ ਪੈ ਗਏ ਸਨ, ਕਿਉਂਕਿ ਮੈਨੂੰ ਯਕੀਨ ਹੋ ਚੁਕਿਆ ਸੀ ਕਿ ਬਬਰਾਂ ਦਾ ਅਗਲਾ ਨਿਸ਼ਾਨਾ ਮੈਂ ਹੀ ਹਾਂ। ਕਤਲ ਤੋਂ ਬਾਅਦ ਉਹ ਮੈਨੂੰ ਹੀ ਚਿਤਾਵਣੀ ਦੇ ਗਏ ਸਨ।"

ਇਥੇ ਇਹ ਦੱਸ ਦੇਵਾਂ ਕਿ ਇਸ ਕਤਲ ਨੇ ਸਰਕਾਰੀ ਹਲਕਿਆਂ ਵਿਚ ਭੁਚਾਲ ਲੈ ਆਂਦਾ ਸੀ, ਜੀਹਦਾ ਹਵਾਲਾ ਮੈਂ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਦੇ ਬਿਆਨ ਦਰਜ ਕਰਕੇ ਪਾਠਕਾਂ ਸਾਹਮਣੇ ਪੇਸ਼ ਕਰ ਦਿਆਂਗਾ। ਸਚਮੁੱਚ ਹੀ ਦੁਆਬੇ ਵਿਚ ਤਰਥੱਲੀ ਮੱਚ ਗਈ ਸੀ। ਝੋਲੀ-ਚੁੱਕਾਂ ਦੇ ਪਹਿਲਾਂ ਵਾਲੇ ਕਤਲਾਂ ਦਾ ਏਨਾਂ ਜ਼ਬਰਦਸਤ ਝਟਕਾ ਸਰਕਾਰੀ ਹਲਕਿਆਂ ਨੇ ਮਹਿਸੂਸ ਨਹੀਂ ਸੀ ਕੀਤਾ ਜਿੰਨਾ ਇਸ ਸੂਬੇਦਾਰ ਦੇ ਕਤਲ ਨੇ ਸਰਕਾਰ ਨੂੰ ਹਲੂਣ ਕੇ ਰਖ ਦਿੱਤਾ ਸੀ। ਇਹ ਕਤਲ ਬਬਰ ਲਹਿਰ ਦੀ ਸਿਖਰ ਹੀ ਸਮਝਿਆ ਜਾਣਾ ਚਾਹੀਦਾ ਹੈ, ਕਿਉਂਕਿ ਚਾਰ ਦਿਨ ਬਾਅਦ ਹੀ ਸਾਨੂੰ ਗਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਇਸ ਉਸਰ ਚੁਕੇ ਮਹਿਲ ਦੀ ਇਕੱਲੀ-ਇਕੱਲੀ ਇੱਟ ਖਿਸਕਣੀ ਸ਼ੁਰੂ ਹੋ ਗਈ ਸੀ।

ਪਿੰਡੋਂ ਬਾਹਰ ਨਿਕਲ ਕੇ ਬਬਰਾਂ ਨੇ ਬੰਦੂਕ ਦੇ ਦੋ-ਤਿੰਨ ਫ਼ਾਇਰ ਇਸ ਖ਼ਿਆਲ ਨਾਲ ਕਰ ਦਿਤੇ ਕਿ ਕੋਈ ਪਿੰਡ ਵਾਲਾ ਉਹਨਾਂ ਦਾ ਪਿੱਛਾ ਕਰਨ ਦੀ ਜੁਰਅਤ ਨਾ ਕਰੇ। ਅਸਲ ਵਿਚ ਬਬਰਾਂ ਨੇ ਐਵੇਂ ਮੁਫ਼ਤ ਵਿਚ ਹੀ ਕਾਰਤੂਸ ਖ਼ਰਾਬ ਕੀਤੇ। ਬਬਰ੍ਹਾਂ ਦੀ ਦਹਿਸ਼ਤ ਏਨੀਂ ਜੰਮ ਚੁੱਕੀ ਸੀ ਕਿ ਜਿਸ ਵੇਲੇ ਪੁਲਸ ਦੀਆਂ ਧਾੜਾਂ ਗਸ਼ਤ ਨੂੰ ਨਿਕਲਦੀਆਂ ਸਨ ਤਾਂ ਇਹ ਪਤਾ ਲੱਗਣ ਉੱਤੇ ਕਿ ਟਾਕਰਾ ਹੋ ਜਾਣ ਦਾ ਡਰ ਹੈ,

ਆਪ ਕੰਨੀ ਕਤਰਾ ਜਾਂਦੀਆਂ ਸਨ। ਮੈਂ ਇਹ ਵੀ ਦੱਸ ਚੁੱਕਿਆ ਹਾਂ ਕਿ ਕਈ ਬਬਰਾਂ ਦੇ ਹਮਦਰਦ ਪੁਲਸੀਏ ਖ਼ੁਦ ਇਤਲਾਹਾਂ ਭੇਜ ਦਿਆ ਕਰਦੇ ਸਨ। ਅੰਗਰੇਜ਼ ਅਫ਼ਸਰ ਆਪ ਮੰਨਦੇ ਹਨ ਕਿ "ਪੁਲਸ ਇਥੋਂ ਤਕ ਦਿਲ ਛੱਡ ਬੈਠੀ ਸੀ ਕਿ ਸਾਨੂੰ ਹਾਰ ਕੇ ਹਿੰਦ ਸਰਕਾਰ ਨੂੰ ਮਾਰਸਲ ਲਾਅ ਲਾਉਣ ਲਈ ਲਿਖਣਾ ਪਿਆ ਸੀ। ਜੇ ਅਸੀਂ ਫ਼ੌਜ ਦੀ ਮਦਦ ਉਸ ਵੇਲੇ ਨਾ ਲੈਂਦੇ ਤਾਂ ਸਾਡਾ ਬੋਰੀਆ-ਬਿਸਤਰਾ ਗੋਲ ਸੀ। ਛੋਟੀਆਂ-ਛੋਟੀਆਂ ਟੁਕੜੀਆਂ ਬਣਾ ਕੇ ਪਿੰਡਾਂ ਵਿਚ ਗਸ਼ਤ ਕਰਾਉਣੀ ਪਈ ਸੀ।" ਕਮਿਸਨਰ ਕਹਿੰਦਾ ਹੈ ਕਿ 1924 ਦੇ ਅਖ਼ੀਰ ਤੱਕ ਵੀ ਅਮਨ ਪੂਰੀ ਤਰ੍ਹਾਂ ਕਾਇਮ ਨਹੀਂ ਸੀ ਹੋ ਸਕਿਆ।

ਸੂਬੇਦਾਰ ਨੂੰ ਕਤਲ ਕਰਨ ਪਿਛੋਂ ਪੰਜੇ ਸਾਥੀ ਮੁੜ ਸੰਤ ਠਾਕੁਰ ਸਿੰਘ ਦੀ ਕੁਟੀਆ ਵਿਚ ਆ ਗਏ। ਜਿਸ ਵੇਲੇ ਸੂਬੇਦਾਰ ਦੇ ਢਿਡ ਵਿਚ ਵਤਨ ਸਿੰਘ ਨੇ ਗੋਲੀ ਜੜ ਦਿਤੀ ਤਾਂ ਨੰਦ ਸਿੰਘ ਨੂੰ ਸੂਬੇਦਾਰ ਨੇ ਥੱਲੇ ਦਬਿਆ ਹੋਇਆ ਸੀ ਅਤੇ ਨਾਲੋ-ਨਾਲ ਉਹ ਦੁਹਾਈ ਵੀ ਪਾਈਂ ਜਾ ਰਿਹਾ ਸੀ। ਨੰਦ ਸਿੰਘ ਦਾ ਕੁੜਤਾ ਅਤੇ ਚਾਦਰ ਖ਼ੂਨ ਨਾਲ ਭਿੱਜ ਚੁੱਕੇ ਸਨ। ਸੋ ਉਹ ਲੁਹਾ ਕੇ ਕਰਮ ਸਿੰਘ ਦਾ ਕੁੜਤਾ ਅਤੇ ਚਾਦਰ ਨੰਦ ਸਿੰਘ ਦੇ ਪੁਆ ਦਿਤੇ ਗਏ। ਸੰਤਾਂ ਤੋਂ ਇਕ ਝਾਲਰ ਵਾਲਾ ਕੁੜਤਾ ਅਤੇ ਧੋਤੀ ਲੈ ਕੇ ਕਰਮ ਸਿੰਘ ਦੇ ਪੁਆ ਦਿੱਤੇ ਗਏ।

ਲਹੂ ਨਾਲ ਭਿੱਜੇ ਹੋਏ ਕਪੜਿਆਂ ਵਿਚ ਇਕ ਬੰਦੂਕ ਲਪੇਟ ਕੇ ਉਹ ਅਨੂਪ ਸਿੰਘ ਦੇ ਹਵਾਲੇ ਕਰ ਦਿਤੇ। ਇਸ ਬੰਦੂਕ ਦਾ ਦਸਤਾ ਅਨੂਪ ਸਿੰਘ ਨੇ ਸੂਬੇਦਾਰ ਉੱਤੇ ਡਾਂਗ ਵਾਂਗੂ ਵਰਤ ਕੇ ਤੋੜ ਸੁਟਿਆ ਸੀ। ਦੂਜੀ ਬੰਦੂਕ ਵੀ ਅਨੂਪ ਸਿੰਘ ਨੂੰ ਦੇ ਦਿੱਤੀ ਕਿ ਹਾਲ ਦੀ ਘੜੀ ਉਹ ਉਹਨੂੰ ਪਿੰਡ ਰਖ ਛੱਡੇ।

ਨੰਦ ਸਿੰਘ ਵਾਲਾ ਪਸਤੌਲ ਬਾਬੂ ਸੰਤਾ ਸਿੰਘ ਨੇ ਰੱਖ ਲਿਆ। ਨੰਦ ਸਿੰਘ ਘੁੜਿਆਲ ਨੂੰ ਚਲਿਆ ਗਿਆ। ਅਨੂਪ ਸਿੰਘ ਅਤੇ ਕਰਮ ਸਿੰਘ ਮਾਣਕੋ ਨੂੰ ਮੁੜ ਗਏ। ਬਾਬੂ ਸੰਤਾ ਸਿੰਘ ਅਤੇ ਵਤਨ ਸਿੰਘ ਪੰਡੋਰੀ ਨਿੱਝਰਾਂ ਨੂੰ ਆ ਗਏ। ਰਾਤ ਪਿੰਡ ਠਹਿਰ ਕੇ ਅਗਲੇ ਦਿਨ ਬਾਬੂ ਸੰਤਾ ਸਿੰਘ ਵਤਨ ਸਿੰਘ ਤੋਂ ਛਾਹ-ਵੇਲਾ ਛਕ ਕੇ ਧਾਮੀਆਂ ਨੂੰ ਬੰਤਾ ਸਿੰਘ ਹੁਰਾਂ ਕੋਲ ਚਲਿਆ ਗਿਆ ਕਿ ਹੁਣ ਕਿਸੇ ਹੋਰ ਝੋਲੀ-ਚੱਕ ਨੂੰ ਕਤਲ ਕਰਨ ਦਾ ਪ੍ਰੋਗਰਾਮ ਬਣਾਇਆ ਜਾਵੇ। ਉਹ ਵਤਨ ਸਿੰਘ ਨੂੰ ਅਗਲੇ ਦਿਨ, ਭਾਵ 19 ਅਪ੍ਰੈਲ 1923 ਨੂੰ ਕਿਸਨਪੁਰੇ ਗੁਰਦੁਆਰੇ ਪੁੱਜਣ ਲਈ ਕਹਿ ਗਿਆ। ਸੋ ਵਤਨ ਸਿੰਘ ਗੁਰਦੁਆਰੇ ਚਲਿਆ ਗਿਆ। 20 ਅਪ੍ਰੈਲ 1923 ਨੂੰ ਦੋਨੋਂ ਗੁਰਦੁਆਰੇ ਹੀ ਠਹਿਰੇ ਅਤੇ 21 ਅਪ੍ਰੈਲ 1923 ਨੂੰ ਦੋਨੋਂ ਮੁੜ ਸਵੇਰੇ ਮੂੰਹ-ਹਨੇਰੇ ਪੰਡੋਰੀ ਨਿੱਝਰਾਂ ਆ ਗਏ। ਬਾਬੂ ਸੰਤਾ ਸਿੰਘ ਨੂੰ ਵਤਨ ਸਿੰਘ ਪਿੰਡ ਦੀ ਝਿੜੀ ਵਾਲੀ ਛੰਨ ਵਿਚ ਛੱਡ ਕੇ ਆਪ ਘਰ ਨੂੰ ਆ ਗਿਆ ਅਤੇ ਮੁੜ ਛਾਹ-ਵੇਲਾ ਲੈ ਕੇ ਬਾਬੂ ਸੰਤਾ ਸਿੰਘ ਕੋਲ ਚਲਿਆ ਗਿਆ।

ਹੁਣ ਇਕ ਹੋਰ ਨਵੀਂ ਕਹਾਣੀ ਦਾ ਇਕ ਅਜਿਹਾ ਮੋੜ ਆਉਂਦਾ ਹੈ ਜੀਹਨੇ ਇਸ ਸਿਖਰਾਂ ਉੱਤੇ ਪੁੱਜ ਚੁੱਕੀ ਬਬਰ ਲਹਿਰ ਨੂੰ ਢਾਹ ਲਾਉਣੀ ਸੁਰੂ ਕਰ ਦਿੱਤੀ। ਇਸ ਮੋੜ ਦਾ ਜ਼ਿਕਰ ਬਾਅਦ ਵਿਚ ਹੀ ਕਰਾਂਗਾ, ਪਹਿਲਾਂ ਸੂਬੇਦਾਰ ਦਾ ਪ੍ਰਸੰਗ ਖ਼ਤਮ ਕਰ ਲਵਾਂ ਅਤੇ ਅੰਗਰੇਜ਼ ਅਫ਼ਸਰਾਂ ਦੇ ਬਿਆਨਾਂ ਦਾ ਹਵਾਲਾ ਦਰਜ ਕਰ ਲਵਾਂ, ਤਾਂ ਜੋ ਲੜੀ ਦੀਆਂ ਸੰਗਲੀਆਂ ਜੁੜੀਆਂ ਰਹਿਣ।

ਪੇਪਰ-ਬੁੱਕ, ਸਫ਼ਾ 731, ਸਰਕਾਰੀ ਗਵਾਹ ਨੰ: 403, ਦੁੱਲਾ ਵਲਦ ਸੋਭਾ, ਉਮਰ 55 ਸਾਲ, ਜ਼ਾਤ ਚੁਮਾਰ, ਪਿੰਡ ਘੁੜਿਆਲ, ਜ਼ਿਲਾ ਜਲੰਧਰ, ਚੌਕੀਦਾਰ ਬਿਆਨ ਦਿੰਦਾ ਹੈ ਕਿ "ਅਠਾਰਾਂ ਕੁ ਮਹੀਨੇ ਹੋਏ, ਤਰਕਾਲਾਂ ਨੂੰ ਹਨੇਰੇ ਹੋਏ ਤੋਂ ਮੈਂ ਬਾਹਰੋਂ ਪਿੰਡ ਆਇਆ ਤਾਂ ਮੈਂ ਸੁਣਿਆ ਕਿ ਬਬਰਾਂ ਨੇ ਸੂਬੇਦਾਰ ਗੇਂਦਾ ਸਿੰਘ ਨੂੰ ਕਤਲ ਕਰ ਦਿੱਤਾ ਹੈ। ਮੈਂ ਸੂਬੇਦਾਰ ਦੇ ਘਰ ਨੂੰ ਚਲਿਆ ਗਿਆ। ਉਥੇ ਦੇਖਿਆ ਕਿ ਸੂਬੇਦਾਰ ਇਕ ਮੰਜੇ ਉੱਤੇ ਮਰਿਆ ਪਿਆ ਹੈ। ਮੈਨੂੰ ਦਸਿਆ ਗਿਆ ਕਿ ਬਬਰ ਅਕਾਲੀ ਕਤਲ ਕਰ ਗਏ ਹਨ। ਉਸ ਵੇਲੇ ਦੋ ਲੰਬੜਦਾਰ ਵੀ ਮੌਜੂਦ ਸਨ। ਰਾਤ ਉੱਤਰ ਆਈ ਸੀ। ਇਸ ਕਰਕੇ ਸਾਡੇ ਕਿਸੇ ਵਿਚ ਹੌਸਲਾ ਨਾ ਪਿਆ ਕਿ ਜਾ ਕੇ ਪੁਲਸ ਕੋਲ ਰਪੋਟ ਦਰਜ ਕਰਵਾ ਦੇਈਏ। ਮੇਰੇ ਇਕੱਲੇ ਦੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਸਾਰੇ ਭਿਆਨਕ ਡਰ ਛਾਇਆ ਹੋਇਆ ਸੀ। ਅਗਲੇ ਦਿਨ ਸਵੇਰੇ, 18 ਅਪ੍ਰੈਲ 1923 ਨੂੰ ਮੈਂ ਇਕ ਹੋਰ ਚੌਕੀਦਾਰ, ਸਾਂਈਂ ਨੂੰ ਨਾਲ ਲੈ ਕੇ ਦਸ ਬਜੇ ਦੇ ਕਰੀਬ ਥਾਣਾ ਆਦਮਪੁਰ ਵਿਚ ਇਸ ਕਤਲ ਦੀ ਰਪੋਟ ਦਰਜ ਕਰਵਾਈ ਸੀ, ਜੋ ਪੀ ਏ 265 ਹੈ।"

ਬਾਅਦ ਵਿਚ ਲੌਢੇ ਵੇਲੇ ਪੁਲਸ ਆਈ। ਨਕਸ਼ੇ ਬਣੇ ਅਤੇ ਲਾਸ਼ ਜਲੰਧਰ ਪੋਸਟ ਮਾਰਟਮ ਲਈ ਘੱਲੀ ਗਈ। ਸਭ ਕਾਨੂੰਨੀ ਕਾਰਵਾਈ ਕੀਤੀ ਗਈ। ਸਭ ਗਵਾਹ ਬੱਸ ਇਕ-ਦੂਜੇ ਦੀ ਤਾਈਦ ਹੀ ਕਰ ਰਹੇ ਹਨ। ਸਭ ਦੇ ਬਿਆਨ ਲਿਖਣੇ ਫ਼ਜ਼ੂਲ ਹਨ।

ਹਮਲਾ ਕਰਨ ਵੇਲੇ ਨੰਦ ਸਿੰਘ ਨੇ ਚੰਗੀ ਤਰ੍ਹਾਂ ਸਿਰ-ਮੂੰਹ ਲਪੇਟਿਆ ਹੋਇਆ ਸੀ, ਜਿਸ ਕਰਕੇ ਪਿੰਡ ਦਾ ਕੋਈ ਗਵਾਹ ਉਸ ਵੇਲੇ ਉਹਨੂੰ ਪਛਾਣ ਨਹੀਂ ਸੀ ਸਕਿਆ।

# 44. ਉਸ ਵੇਲੇ ਦੇ ਵੱਡੇ-ਵੱਡੇ ਅੰਗਰੇਜ਼ ਅਫ਼ਸਰਾਂ ਦੇ ਬਿਆਨ

ਇਥੇ ਆ ਕੇ ਮੈਂ ਉਸ ਵੇਲੇ ਦੇ ਸਭ ਅਹਿਮ ਅੰਗਰੇਜ਼ ਅਫਸਰਾਂ ਦੇ ਬਿਆਨ ਤਰਤੀਬਵਾਰ ਦਰਜ ਕਰ ਦੇਣੇ ਠੀਕ ਸਮਝਦਾ ਹਾਂ, ਤਾਂ ਜੋ ਬਬਰ ਲਹਿਰ ਦਾ ਸਹੀ ਮਕਸਦ ਪਾਠਕਾਂ ਨੂੰ ਸਮਝਣ ਵਿਚ ਸਹੂਲਤ ਰਹੇ ।

* * *

ਪਹਿਲਾ ਅੰਗਰੇਜ਼ ਅਫ਼ਸਰ ਪੇਪਰ-ਬੁੱਕ ਦੇ ਸਫ਼ਾ 762 ਉੱਤੇ 6 ਨਵੰਬਰ 1924 ਨੂੰ ਸਰਕਾਰੀ ਗਵਾਹ ਨੰ: 431 ਵਜੋਂ ਮਿਸਟਰ ਆਈਸਮੌਂਗਰ ਸੀ ਬੀ ਈ, ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲੀਸ, ਸੀ ਆਈ ਡੀ, ਪੰਜਾਬ ਆਪਣੇ ਬਿਆਨ ਵਿਚ ਕਹਿੰਦਾ ਹੈ :

"ਅਕਤੂਬਰ 1922 ਤੋਂ ਕੁਝ ਚਿਰ ਪਹਿਲਾਂ ਮੈਨੂੰ ਬਬਰ ਅਕਾਲੀਆਂ ਦੀਆਂ ਸਰਗਰਮੀਆਂ ਦੀਆਂ ਰਪੋਟਾਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ, ਜਿਹੜੇ ਭੜਕਾਊ ਤਕਰੀਰਾਂ ਕਰਕੇ ਸਰਕਾਰ ਵਿਰੁੱਧ ਨਫ਼ਰਤ ਫੈਲਾ ਰਹੇ ਸਨ । ਇਹਨਾਂ ਵਿਚ ਮਫ਼ਰੂਹ ਕਿਸ਼ਨ ਸਿੰਘ ਅਤੇ ਉਹਦੇ ਹੋਰ ਸਾਥੀ ਸ਼ਾਮਲ ਸਨ । ਉਹ ਕਾਨੂੰਨ ਦੀ ਗਰਿਫ਼ਤ ਤੋਂ ਬਾਹਰ ਹੋ ਚੁਕੇ ਸਨ । ਸੋ ਡਿਪਟੀ ਕਮਿਸ਼ਨਰ ਜਲੰਧਰ ਦੀ ਦਰਖ਼ਾਸਤ ਉੱਤੇ ਮੈਂ ਅਕਤੂਬਰ 1922 ਵਿਚ ਆਪ ਜਲੰਧਰ ਪੁਜਿਆ, ਤਾਂ ਮੈਨੂੰ ਉਹਨੇ ਦੱਸਿਆ ਕਿ ਬਬਰ ਅਕਾਲੀਆਂ ਦੀਆਂ ਸਰਗਰਮੀਆਂ ਕਾਰਨ ਇਸ ਇਲਾਕੇ ਵਿਚ ਹਾਲਤ ਖਤਰਨਾਕ ਸੂਰਤ ਅਖ਼ਤਿਆਰ ਕਰ ਰਹੀ ਸੀ, ਕਿਉਂਕਿ ਜਿਲੇ ਦੀ ਪੁਲਸ ਮਫ਼ਰੂਰ ਅਕਾਲੀਆਂ ਨੂੰ ਗਰਿਫ਼ਤਾਰ ਕਰਨ ਵਿਚ ਬਿਲਕੁਲ ਨਾਕਾਮਯਾਬ ਰਹੀ ਸੀ । ਜੇ ਹਾਲਾਤ ਇਸੇ ਤਰ੍ਹਾਂ ਦੇ ਰਹੇ ਤਾਂ ਤਸੱਦਦ ਦੇ ਭੜਕ ਉੱਠਣ ਦਾ ਸਖ਼ਤ ਖ਼ਤਰਾ ਪੈਦਾ ਹੋ ਜਾਵੇਗਾ । ਉਸ ਵੇਲੇ ਜਲੰਧਰ ਦਾ ਡਿਪਟੀ ਕਮਿਸ਼ਨਰ ਮਿਸਟਰ ਸੀ ਡਬਲਊ ਜੈਕਬ ਸੀ । ਸਾਡੀ ਹੇਠ-ਲਿਖੇ ਅਫ਼ਸਰਾਂ ਦੀ ਇਸ ਗੱਲ ਉੱਤੇ ਵਿਚਾਰ ਕਰਨ ਲਈ ਮੀਟਿੰਗ ਹੋਈ— ਡਿਪਟੀ ਕਮਿਸ਼ਨਰ ਜਲੰਧਰ, ਮੈਂ ਆਪ, ਖ਼ਾਨ ਬਹਾਦਰ ਸ਼ੇਖ਼ ਅਬਦੁਲ ਅਜ਼ੀਜ਼, ਖ਼ਾਨ ਸਾਹਿਬ ਮੀਰ ਫ਼ਜ਼ਲ ਇਮਾਮ ਅਤੇ ਜਲੰਧਰ ਤੇ ਹੁਸ਼ਿਆਰਪੁਰ ਦੇ ਦੋਨੋਂ ਪੁਲਸ ਕਪਤਾਨ (ਦੋਨੋਂ ਹੀ ਅੰਗਰੇਜ਼ ਸਨ) । ਦੋਹਾਂ ਜ਼ਿਲਿਆਂ ਦੇ ਹੋਰ ਵਡੇ ਪੁਲਸ ਅਫ਼ਸਰ ਵੀ ਸ਼ਾਮਲ ਹੋਏ । ਮੈਂ ਤਜਵੀਜ਼ ਪੇਸ਼ ਕੀਤੀ ਕਿ ਐਸ ਵੇਲੇ ਸਾਨੂੰ ਪੂਰੀ ਮਜ਼ਬੂਤੀ ਨਾਲ

ਇਸ ਤਹਿਰੀਕ ਨੂੰ ਦਬਾਉਣ ਲਈ ਕੰਮ ਸ਼ੁਰੂ ਕਰ ਦੇਣਾ ਚਾਹੀਦਾ ਹੈ ਅਤੇ ਹਰ ਕੀਮਤ ਉੱਤੇ ਮਫ਼ਰੂਰਾਂ ਨੂੰ ਗਰਿਫ਼ਤਾਰ ਕਰਕੇ ਕਾਨੂੰਨ ਦੇ ਹਵਾਲੇ ਕਰੈਨਾ ਚਾਹੀਦਾ ਹੈ। (ਨੋਟ : ਅੰਗਰੇਜ਼ੀ ਵਿਚ, ਲਫਜ਼ 'ਮੋਰ ਵਿੱਗਰਸ ਮਈਅਰਜ਼ ਫ਼ਾਰ ਦੀ ਸੁਪਰੈਸ਼ਨ ਆਫ਼ ਦਿਸ ਮੂਵਮੈਂਟ' ਲਿਖੇ ਹੋਏ ਹਨ।) ਇਹਨਾਂ ਦਾ ਸਿਰਕੱਢ ਲੀਡਰ ਕਿਸ਼ਨ ਸਿੰਘ ਹੈ, ਜਿਹੜਾ ਤਾਜ ਬਨਾਮ ਤੋਤਾ ਸਿੰਘ ਵਗੈਰਾ ਕੇਸ ਵਿਚੋਂ ਮਫਰੂਰ ਹੋ ਕੇ ਇਲਾਕੇ ਵਿਚ ਦਹਿਸ਼ਤ ਫੈਲਾ ਰਿਹਾ ਹੈ ਅਤੇ ਭੜਕਾਊ ਤਕਰੀਰਾਂ ਕਰਕੇ ਤੇ ਹੋਰ ਸਾਥੀਆਂ ਨਾਲ ਰਲ ਕੇ ਹਰ ਪਾਸੇ ਤਸ਼ੱਦਦ ਦਾ ਮਾਹੌਲ ਪੈਦਾ ਕਰ ਰਿਹਾ ਹੈ। ਸੋ ਤਜਵੀਜ਼ ਕੀਤਾ ਗਿਆ ਕਿ ਮਫਰੂਰਾਂ ਦੀ ਗਰਿਫ਼ਤਾਰੀ ਲਈ ਸਰਕਾਰ ਵੱਲੋਂ ਇਨਾਮਾਂ ਦਾ ਐਲਾਨ ਕਰ ਦਿੱਤਾ ਜਾਵੇ। ਇਸ਼ਤਿਹਾਰ ਛਪਵਾ ਕੇ ਪਿੰਡਾ ਵਿਚ ਤਕਸੀਮ ਕਰ ਦਿੱਤੇ ਜਾਣ ਅਤੇ ਹਰ ਪਿੰਡ ਵਿਚ ਮਨਾਦੀ ਕਰਾ ਦਿੱਤੀ ਜਾਵੇ ਕਿ ਮਫਰੂਰਾਂ ਨੂੰ ਗਰਿਫ਼ਤਾਰ ਕਰਾਉਣ ਵਾਲਿਆਂ ਨੂੰ ਨਕਦ ਇਨਾਮ ਦਿੱਤੇ ਜਾਣਗੇ। ਮੈਂ ਮੀਰ ਫ਼ਜਲ ਇਮਾਮ ਨੂੰ ਪੂਰੇ ਅਖ਼ਤਿਆਰ ਦੇ ਕੇ ਇਸ ਤਹਿਰੀਕ ਨੂੰ ਖ਼ਤਮ ਕਰਨ ਦਾ ਚਾਰਜ ਸੰਭਾਲ ਦਿੱਤਾ ਅਤੇ ਇਕ ਖਾਸ ਸਟਾਫ਼ ਵੀ ਉਹਦੇ ਮਾਤਹਿਤ ਕਰ ਦਿੱਤਾ। ਮੈਂ ਜ਼ਿਲਾ ਅਧਿਕਾਰੀਆਂ ਨੂੰ ਵੀ ਹਦਾਇਤ ਕਰ ਦਿੱਤੀ ਕਿ ਮੀਰ ਸਾਹਿਬ ਦੀ ਪੂਰੀ-ਪੂਰੀ ਮਦਦ ਕੀਤੀ ਜਾਵੇ।

''ਸਾਡੀ ਇਸ ਕਾਰਵਾਈ ਦਾ ਨਤੀਜਾ ਮਫ਼ਰੂਰਾਂ ਵੱਲੋਂ ਛਾਪੇ ਇਕ ਇਸ਼ਤਿਹਾਰ ਦੇ ਰੂਪ ਵਿਚ ਨਿਕਲਿਆ ਕਿ ਜਿਹੜਾ ਬੰਦਾ ਇਨਾਮ ਦੇ ਲਾਲਚ ਵਿਚ ਆ ਕੇ ਸਾਨੂੰ ਗਰਿਫ਼ਤਾਰ ਕਰਾਉਣ ਦੀ ਕੋਸਿਸ਼ ਕਰੇਗਾ ਜਾਂ ਪੁਲਸ ਦੀ ਕਿਸੇ ਕਿਸਮ ਦੀ ਮਦਦ ਕਰੇਗਾ, ਬਬਰ ਜਥਾ ਉਸ ਬੰਦੇ ਨੂੰ ਹੀ ਕਤਲ ਕਰ ਦੇਵੇਗਾ। ਇਸੇ ਕਿਸਮ ਦੀਆਂ ਕਈ ਹੋਰ ਗੱਲਾਂ, ਜਿਹੜੀਆਂ ਬਹੁਤ ਭੜਕਾਊ ਅਤੇ ਦਹਿਸ਼ਤ ਫੈਲਾਉਣ ਵਾਲੀਆਂ ਸਨ, ਉਸ ਇਸ਼ਤਿਹਾਰ ਵਿਚ ਦਰਜ ਸਨ। ਇਹ ਇਸ਼ਤਿਹਾਰ ਮੇਰੇ ਕੋਲ ਵੀ ਪੁੱਜੇ ਜਿਹੜੇ ਖ਼ਤਰਨਾਕ ਹਦ ਤਕ ਡਰਾਉਣੇ ਸਨ ਅਤੇ ਏਨੇਂ ਨੂੰ, ਸ਼ੁਰੂ 1923 ਵਿਚ ਹੀ ਹਾਜੀਬੂਹੇ ਵਾਲਾ ਜ਼ੈਲਦਾਰ ਬਿਸ਼ਨ ਸਿੰਘ, ਜਿਹੜਾ ਸਰਕਾਰ ਦਾ ਪੱਕਾ ਹਮਾਇਤੀ ਸੀ, ਕਤਲ ਕਰ ਦਿੱਤਾ ਗਿਆ। ਨਾਲ ਲਗਦਿਆਂ ਸਾਡਾ ਇਕ ਹੋਰ ਹਮਾਇਤੀ, ਬੂਟਾ ਲੰਬੜਦਾਰ ਨੰਗਲ ਸਾਮਾ ਅਤੇ ਉਹਦਾ ਪੋਤਾ ਕਤਲ ਕਰ ਦਿੱਤੇ ਗਏ। ਇਸ ਤੋਂ ਬਾਅਦ ਦੋ-ਤਿੰਨ ਹੋਰ ਸਰਕਾਰੀ ਹਮਾਇਤੀ ਕਤਲ ਕਰ ਦਿੱਤੇ ਗਏ ਅਤੇ ਨਾਲ ਹੀ ਬਬਰਾਂ ਵੱਲੋਂ. ਇਕ ਇਸ਼ਤਿਹਾਰ ਛਾਪ ਕੇ ਆਮ ਪਿੰਡਾਂ ਵਿਚ ਤਕਸੀਮ ਕਰ ਦਿਤਾ ਗਿਆ ਕਿ ਇਹ ਕਤਲ ਬਬਰ ਅਕਾਲੀਆਂ ਨੇ ਕੀਤੇ ਹਨ ਅਤੇ ਜਿਹੜਾ ਟੋਡੀ ਸਰਕਾਰ ਦੀ ਮਦਦ ਕਰੇਗਾ, ਬਬਰ ਜਥਾ ਉਹਦਾ ਵੀ ਸੁਧਾਰ ਕਰ ਦੇਵੇਗਾ। ਸੋ ਉਦੋਂ ਹੀ ਇਕ ਹੋਰ ਕਤਲ, ਜਿਥੋਂ ਤੱਕ ਮੈਨੂੰ ਯਾਦ ਹੈ, ਸੂਬੇਦਾਰ ਗੇਂਦਾ ਸਿੰਘ ਪਿੰਡ ਘੁੜਿਆਲ ਦਾ ਹੋਇਆ ਸੀ, ਜਿਹੜਾ ਅਪ੍ਰੈਲ 1923 ਵਿਚ ਕੀਤਾ ਗਿਆ। ਇਹਦਾ ਮਤਲਬ ਸੀ ਕਿ ਦਹਿਸ਼ਤ ਦਾ ਮਾਹੌਲ ਪੂਰੀ ਤਰ੍ਹਾਂ ਪੈਦਾ ਹੋ ਗਿਆ ਸੀ।

''ਸਾਰੇ ਦੁਆਬੇ ਵਿਚ ਡਰ ਦੇ ਬੱਦਲ ਛਾ ਗਏ। ਲੋਕੀਂ ਐਨੇ ਡਰ ਅਤੇ ਸਹਿਮ ਗਏ ਕਿ ਕੋਈ ਵੀ ਸਰਕਾਰ ਦੀ ਮਦਦ ਕਰਨ ਲਈ ਅੱਗੇ ਨਹੀਂ ਸੀ ਆ ਰਿਹਾ। ਅਫ਼ਸਰ ਆਪ ਘਬਰਾ ਗਏ ਸਨ। ਹਰ ਕੋਈ ਸਮਝੀ ਬੈਠਾ ਸੀ ਕਿ ਪਤਾ ਨਹੀਂ ਕੱਲ੍ਹ ਨੂੰ ਕੀਹਦੀ ਵਾਰੀ ਆ ਰਹੀ ਹੈ। ਹਾਲਤ ਸਚਮੁੱਚ ਹੀ ਬੇਕਾਬੂ ਹੋ ਚੁੱਕੀ ਸੀ। ਮੈਨੂੰ

ਸਰਕਾਰ ਵਲੋਂ ਹਦਾਇਤ ਹੋਈ ਕਿ ਮੈਂ ਆਪ ਸਾਰੀ ਜ਼ਿੰਮੇਵਾਰੀ ਆਪਣੇ ਉੱਤੇ ਲੈ ਕੇ ਜਲੰਧਰ ਡੇਰੇ ਲਾ ਲਵਾਂ ਅਤੇ ਆਪਣੀ ਨਿਗਰਾਨੀ ਹੇਠ ਹਰ ਕੀਮਤ ਉੱਤੇ ਸਰਕਾਰ-ਪੱਖੀਆਂ ਦੀਆਂ ਜਾਨਾਂ ਦੀ ਰਖਵਾਲੀ ਕਰਾਂ। ਸੋ ਮੈਂ ਸ਼ੇਖ ਅਬਦੁਲ ਅਜ਼ੀਜ਼ ਨੂੰ ਅਤੇ ਹੋਰ ਮਾਤਹਿਤ ਸਟਾਫ਼ ਨੂੰ ਨਾਲ ਲੈ ਕੇ ਹਰ ਕੀਮਤ ਉੱਤੇ ਇਸ ਵਧ ਰਹੇ ਸੰਕਟ ਨੂੰ ਠੱਲ੍ਹ ਪਾਉਣ ਲਈ ਅਤੇ ਆਮ ਕਤਲਾਂ ਨੂੰ ਬੰਦ ਕਰਨ ਤੇ ਭਗੌੜਿਆਂ ਨੂੰ ਫੜਨ ਲਈ ਜਲੰਧਰ ਡੇਰੇ ਲਾ ਲਏ। ਹਾਲਾਤ ਬਿਲਕੁਲ ਹੱਥੋਂ ਨਿਕਲ ਚੁੱਕੇ ਸਨ।

"ਸ਼ੁਰੂ ਵਿਚ ਸਾਡੇ ਸਾਹਮਣੇ ਬਹੁਤ ਅੜਿੱਚਨਾਂ ਆਈਆਂ। ਕੋਈ ਸਰਕਾਰ-ਪੱਖੀ ਬਬਰਾਂ ਦੇ ਖ਼ਿਲਾਫ਼ ਕਿਸੇ ਕਿਸਮ ਦੀ ਇਤਿਲਾਹ ਦੇਣ ਲਈ ਤਿਆਰ ਨਹੀਂ ਸੀ ਹੋ ਰਿਹਾ। ਇਥੋਂ ਤਕ ਕਿ ਦਹਿਸ਼ਤ ਦੇ ਬਣੇ ਹੋਏ ਮਾਹੌਲ ਕਰਕੇ ਸਾਰੇ ਦੁਆਬੇ ਦੀ ਪੁਲਸ ਵੀ ਸਾਡੀ ਕਿਸੇ ਕਿਸਮ ਦੀ ਮਦਦ ਕਰਨ ਲਈ ਉੱਕਾ ਹੀ ਤਿਆਰ ਨਹੀਂ ਸੀ।

ਬਬਰ ਆਜ਼ਾਦਾਨਾ ਤੌਰ ਉੱਤੇ ਸਾਰੇ ਦੁਆਬੇ ਵਿਚ ਘੁੰਮ ਰਹੇ ਸਨ ਅਤੇ ਜਿਹੜਾ ਵੀ ਮਾੜੀ-ਮੋਟੀ ਖ਼ਬਰ ਸਾਨੂੰ ਪੁਚਾਉਂਦਾ, ਬਬਰ ਉਹਨੂੰ ਹੀ ਕਤਲ ਕਰ ਦਿੰਦੇ। ਸਰਕਾਰ ਦੀ ਸਾਰੀ ਮਸ਼ੀਨਰੀ ਬਿਲਕੁਲ ਫਿਹਲ ਹੋਣ ਉੱਤੇ ਅਖ਼ੀਰ ਸਾਨੂੰ ਹਿੰਦ-ਸਰਕਾਰ ਤੋਂ ਫ਼ੌਜ ਦੀ ਮਦਦ ਲੈਣ ਲਈ ਕਹਿਣਾ ਪਿਆ। ਸੋ ਫੌਜ ਆਉਣ ਉੱਤੇ ਅਸੀਂ ਸਹਿਜੇ-ਸਹਿਜੇ ਅਮਨ ਬਹਾਲ ਕਰਾਉਣ ਵੱਲ ਵਧਣਾ ਸ਼ੁਰੂ ਕੀਤਾ ਅਤੇ ਗਰਿਫ਼ਤਾਰੀਆਂ ਕਰਨੀਆਂ ਸ਼ੁਰੂ ਕੀਤੀਆਂ। ਅਸੀਂ ਫ਼ੌਜੀ ਟੁਕੜੀਆਂ ਪਿੰਡਾਂ ਵਿਚ ਘੁਮਾ-ਘੁਮਾ ਕੇ ਲੋਕਾਂ ਨੂੰ ਯਕੀਨ ਦੁਆਉਣਾ ਸ਼ੁਰੂ ਕੀਤਾ ਕਿ ਹੁਣ ਉਹਨਾਂ ਦੀਆਂ ਜਾਨਾਂ ਸੁਰਖਿਅਤ ਹਨ।"

* * *

ਦੂਜਾ ਅੰਗਰੇਜ਼ ਅਫ਼ਸਰ, ਪੇਪਰ-ਬੁੱਕ ਦੇ ਸਫ਼ਾ 766 ਉੱਤੇ 6 ਨਵੰਬਰ 1924 ਨੂੰ ਸਰਕਾਰੀ ਗਵਾਹ ਨੰ: 434 ਵਜੋਂ ਮਿਸਟਰ ਸੀ ਡਬਲਿਊ ਜੈਕਬ ਆਈ ਸੀ ਐਸ, ਡਿਪਟੀ ਸੈਕਰੇਟਰੀ, ਗਵਰਨਮਿੰਟ ਆਫ਼ ਇੰਡੀਆ, ਹੋਮ ਡੀਪਾਰਟਮੈਂਟ, ਨਵੀਂ ਦਿੱਲੀ, ਆਪਣੇ ਬਿਆਨ ਵਿਚ ਦਸਦਾ ਹੈ :

"ਮੈਂ ਜੁਲਾਈ 1922 ਤੋਂ ਅਪ੍ਰੈਲ 1924 ਤੱਕ ਜਲੰਧਰ ਦਾ ਡਿਪਟੀ ਕਮਿਸ਼ਨਰ ਰਹਿ ਚੁਕਿਆ ਹਾਂ। ਅਗਸਤ 1924 ਵਿਚ ਮੈਨੂੰ ਜ਼ਿਲੇ ਦੇ ਪਿੰਡਾਂ ਦੇ ਕੁਝ ਸਰਕਾਰ-ਪੱਖੀਆਂ ਤੋਂ ਖ਼ਬਰਾਂ ਮਿਲੀਆਂ ਕਿ ਕੁਝ ਇੰਤਿਹਾ-ਪਸੰਦ ਅਕਾਲੀ ਪਿੰਡਾਂ ਵਿਚ ਘੁੰਮ ਕੇ ਸਰਕਾਰ ਵਿਰੁੱਧ ਭੜਕਾਊ ਤਕਰੀਰਾਂ ਅਤੇ ਕਾਰਵਾਈਆਂ ਕਰ ਰਹੇ ਸਨ, ਜਿਸ ਕਰਕੇ ਪਿੰਡਾਂ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਰਿਹਾ ਸੀ। ਉਹ ਅਕਾਲੀ ਹਥਿਆਰਬੰਦ ਹੋ ਕੇ ਆਮ ਪਿੰਡਾਂ ਵਿਚ ਘੁੰਮ ਰਹੇ ਸਨ ਅਤੇ ਸਰਕਾਰ ਵਿਰੁੱਧ ਨਫ਼ਰਤ ਦਾ ਮਾਹੌਲ ਪੈਦਾ ਕਰਕੇ ਲੋਕਾਂ ਨੂੰ ਭੜਕਾ ਰਹੇ ਸਨ।

"ਮੈਂ ਪੁਲਸ ਕਪਤਾਨ, ਜਿਹੜਾ ਹਾਲੇ ਵਲੈਤੋਂ ਛੁੱਟੀ ਕੱਟ ਕੇ ਮੁੜਿਆ ਹੀ ਸੀ, ਨਾਲ ਗੱਲ ਕੀਤੀ ਤਾਂ ਉਹਨੇ ਮੈਨੂੰ ਦਸਿਆ ਕਿ ਐਸ ਵੇਲੇ ਦੋ ਬੰਦੇ ਅਜਿਹੇ ਹਨ, ਜਿਹੜੇ ਸਰਕਾਰ ਵਿਰੁੱਧ ਬਗ਼ਾਵਤ ਦਾ ਪ੍ਰਚਾਰ ਕਰ ਰਹੇ ਹਨ ਅਤੇ ਪੁਲਸ ਉਹਨਾਂ ਨੂੰ

ਫੜਨ ਵਿਚ ਰੁਝੀ ਹੋਈ ਹੈ। ਉਹ ਜਲਦੀ ਹੀ ਕਾਬੂ ਕਰ ਲਏ ਜਾਣਗੇ। ਇਹ ਸਤੰਬਰ ਦੀ ਗੱਲ ਹੈ ਕਿ ਇਕ ਸਰਕਾਰ-ਪੱਖੀ ਬੰਦੇ ਨੇ, ਜਿਹੜਾ ਨਵਾਂ ਸ਼ਹਿਰ ਦੇ ਇਲਾਕੇ ਦਾ ਰਹਿਣ ਵਾਲਾ ਸੀ, ਦੋ ਬਬਰ ਅਕਾਲੀ ਪਰਚੇ ਮੈਨੂੰ ਲਿਆ ਕੇ ਦਿਤੇ। ਮੈਂ ਉਹ ਪੜ੍ਹਾਏ ਤਾਂ ਪਤਾ ਲਗਿਆ ਕਿ ਉਹ ਖ਼ਤਰਨਾਕ ਹੱਦ ਤੱਕ ਭੜਕਾਊ ਤੇ ਤਸ਼ੱਦਦ-ਆਮੇਜ਼ ਅਤੇ ਸਰਕਾਰ ਦੇ ਖ਼ੈਰ-ਖੁਆਹਾਂ ਨੂੰ ਧਮਕਾਉਣ ਵਾਲੇ ਸਨ, ਜਿਨ੍ਹਾਂ ਵਿਚ ਉਹਨਾਂ ਨੂੰ ਚਿਤਾਵਨੀ ਦਿੱਤੀ ਗਈ ਸੀ ਕਿ ਜੇ ਉਹ ਸਰਕਾਰ ਦੀ ਮਦਦ ਕਰਨੋਂ ਬਾਜ਼ ਨਾ ਆਏ ਤਾਂ ਉਹਨਾਂ ਨੂੰ ਬਬਰ ਅਕਾਲੀਆਂ ਹੱਥੋਂ ਹਰ ਕਿਸਮ ਦੀ ਸਜ਼ਾ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ।

''ਉਸ ਵੇਲੇ ਹਾਲਤ ਬਹੁਤ ਤੇਜ਼ੀ ਨਾਲ ਤਬਾਹੀ ਵੱਲ ਵਧ ਰਹੀ ਸੀ। ਸੋ ਮੈਂ ਫ਼ੌਰਨ ਸੀ ਆਈ ਡੀ ਦੇ ਇੰਸਪੈਕਟਰ-ਜਨਰਲ ਨੂੰ ਲਾਹੌਰ ਨੂੰ ਖਤ ਲਿਖਿਆ ਅਤੇ ਦੱਸਿਆ ਕਿ ਐਸ ਵੇਲੇ ਮੇਰੇ ਇਲਾਕੇ ਵਿਚ ਕਿਹੋ ਜਿਹੇ ਖ਼ਤਰਨਾਕ ਹਾਲਾਤ ਪੈਦਾ ਹੋ ਚੁੱਕੇ ਹਨ ; ਜੇ ਜਲਦੀ ਤੋਂ ਜਲਦੀ ਇਹਨਾਂ ਵਿਗੜ ਰਹੇ ਹਾਲਾਤ ਉੱਤੇ ਅਸੀਂ ਕਾਬੂ ਨਾ ਪਾਇਆ ਅਤੇ ਖ਼ਾਸ ਕਦਮ ਨਾ ਉਠਾਏ ਗਏ, ਤਾਂ ਹੋ ਸਕਦਾ ਹੈ ਕਿ ਸਰਕਾਰ ਦੇ ਹਮਾਇਤੀਆਂ ਦੇ ਕਤਲ ਸ਼ੁਰੂ ਹੋ ਜਾਣ। ਸੋ ਸਾਨੂੰ ਜਲਦੀ ਤੋਂ ਜਲਦੀ ਆਪਣੇ ਪੱਖੀਆਂ ਦੀਆਂ ਜਾਨਾਂ ਬਚਾਉਣ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਇਹ ਖ਼ਤ ਮੈਂ ਸਤੰਬਰ 1922 ਦੇ ਅਖ਼ੀਰ ਵਿਚ ਡੀ ਆਈ ਜੀ, ਸੀ ਆਈ ਡੀ ਨੂੰ ਲਿਖਿਆ ਸੀ ਅਤੇ ਇਕ ਖ਼ਾਸ ਡੀ ਐਸ ਪੀ ਰਾਹੀਂ ਦਸਤੀ ਘੱਲਿਆ ਸੀ। ਮੈਂ ਉਹਨੂੰ ਇਹ ਹਦਾਇਤ ਵੀ ਕਰ ਦਿੱਤੀ ਸੀ ਕਿ ਉਹ ਜ਼ਬਾਨੀ ਵੀ ਸਾਰੀ ਗੱਲ ਸਮਝਾ ਦੇਵੇ।

''ਡੀ ਆਈ ਜੀ ਨੇ ਉਸੇ ਵੇਲੇ ਸੀ ਆਈ ਡੀ ਦੇ ਖ਼ਾਨ ਸਾਹਿਬ ਮੀਰ ਫ਼ਜ਼ਲ ਇਮਾਮ ਨੂੰ ਅਮਲੇ ਸਮੇਤ ਜਲੰਧਰ ਘੱਲ ਦਿੱਤਾ ਅਤੇ ਹਾਲਾਤ ਉੱਤੇ ਕਾਬੂ ਪਾਉਣ ਲਈ ਉਹਨੂੰ ਖੁੱਲ੍ਹੇ ਅਖ਼ਤਿਆਰ ਸੌਂਪ ਦਿੱਤੇ ਗਏ। ਸਾਨੂੰ ਵੀ ਸੀ ਆਈ ਡੀ ਦੀ ਪੂਰੀ-ਪੂਰੀ ਮਦਦ ਕਰਨ ਦੀਆਂ ਹਦਾਇਤਾਂ ਸਰਕਾਰ ਵੱਲੋਂ ਮਿਲ ਗਈਆਂ ਅਤੇ ਜਲਦੀ ਹੀ ਡੀ ਆਈ ਜੀ, ਸੀ ਆਈ ਡੀ ਮਿਸਟਰ ਆਈਸਮੌਂਗਰ ਆਪ ਵੀ ਜਲੰਧਰ ਪੁੱਜ ਗਿਆ ਅਤੇ ਫ਼ੌਰਨ ਉੱਚ-ਅਧਿਕਾਰੀਆਂ ਦੀ ਮੀਟਿੰਗ ਜਲੰਧਰ ਬੁਲਾ ਲਈ ਗਈ, ਜਿਸ ਵਿਚ ਜਲੰਧਰ ਤੇ ਹੁਸ਼ਿਆਰਪੁਰ ਦੇ ਪੁਲਸ ਕਪਤਾਨ ਵੀ ਸ਼ਾਮਲ ਹੋਏ। ਮਫ਼ਰੂਰਾਂ ਨੂੰ ਫੜਨ ਲਈ ਹਰ ਕਿਸਮ ਦੇ ਕਦਮ ਉਠਾਉਣ ਦਾ ਫ਼ੈਸਲਾ ਕਰ ਲਿਆ ਗਿਆ ਅਤੇ ਜਿਹੜੇ ਇਨਾਮ ਗਰਿਫ਼ਤਾਰ ਕਰਾਉਣ ਵਾਲਿਆਂ ਲਈ ਪਹਿਲਾਂ ਮੁਕਰਰ ਕੀਤੇ ਜਾ ਚੁੱਕੇ ਸਨ, ਉਹਨਾਂ ਦੀਆਂ ਰਕਮਾਂ ਹੋਰ ਵਧਾਉਣ ਲਈ ਵੀ ਫ਼ੈਸਲਾ ਕਰ ਲਿਆ ਗਿਆ।

''ਇਹਦੇ ਬਾਵਜੂਦ ਹਾਲਾਤ ਬੜੀ ਤੇਜ਼ੀ ਨਾਲ ਵਿਗੜਨੇ ਸ਼ੁਰੂ ਹੋ ਗਏ ਅਤੇ ਸਾਰੇ ਜ਼ਿਲੇ ਵਿਚ ਦਹਿਸ਼ਤ ਦਾ ਵਾਤਾਵਰਨ ਛਾ ਗਿਆ। ਵੱਧ ਤੋਂ ਵੱਧ ਬਬਰ ਅਕਾਲੀ ਪਰਚੇ ਮੇਰੇ ਕੋਲ ਪੁੱਜਣੇ ਸ਼ੁਰੂ ਹੋ ਗਏ, ਜਿਹੜੇ ਵਿਰਲਾ-ਵਿਰਲਾ ਸਰਕਾਰ ਦਾ ਖ਼ੈਰ-ਖੁਆਹ ਬੰਦਾ ਲਿਆ ਕੇ ਦੇ ਜਾਂਦਾ ਸੀ। ਨਾਲ ਹੀ ਉਹ ਬਹੁਤ ਘਬਰਾਇਆ ਹੋਇਆ ਵੀ ਹੁੰਦਾ ਸੀ। ਮੈਨੂੰ ਪੱਕਾ ਯਕੀਨ ਹੋ ਗਿਆ ਸੀ ਕਿ ਹੁਣ ਜਲਦੀ ਹੀ ਸਰਕਾਰ ਦੇ

ਹਮਾਇਤੀਆਂ ਦਾ ਕਤਲ ਸ਼ੁਰੂ ਹੋ ਜਾਵੇਗਾ। ਮੈਂ ਇਹ ਸਮਝ ਲਿਆ ਸੀ ਕਿ ਬਬਰ ਅਕਾਲੀ ਪਰਚਿਆਂ ਨਾਲ ਪਿੰਡਾਂ ਵਿਚ ਬੇਦਿਲੀ ਪੈਦਾ ਕਰਨ ਵਾਲਾ ਅਸਰ ਹੋਣੋਂ ਨਹੀਂ ਰਹਿ ਸਕਦਾ। ਸੋ ਮੈਂ ਸਰਕਾਰ ਤੋਂ ਇਹਨਾਂ ਖ਼ਤਰਨਾਕ ਹਾਲਾਤ ਉੱਤੇ ਕਾਬੂ ਪਾਉਣ ਲਈ ਹੋਰ ਅਖ਼ਤਿਆਰਾਂ ਦੀ ਮੰਗ ਕੀਤੀ। ਇਹੋ ਹਾਲਾਤ ਗੁਆਂਢੀ ਜ਼ਿਲਿਆਂ, ਹੁਸ਼ਿਆਰਪੁਰ ਅਤੇ ਰਿਆਸਤ ਕਪੂਰਥਲਾ ਵਿਚ ਵੀ ਪੈਦਾ ਹੋ ਚੁਕੇ ਸਨ। ਪੁਲਸ ਸਪੱਸ਼ਟ ਤੌਰ ਉੱਤੇ ਚਿੰਤਾਤੁਰ ਸੀ।

"ਏਨੇ ਵਿਚ ਹੀ ਸ਼ੁਰੂ ਫ਼ਰਵਰੀ 1923 ਵਿਚ ਰਿਆਸਤ ਕਪੂਰਥਲਾ ਦੇ ਪਿੰਡ ਰਾਣੀਬੂਹੇ ਦੇ ਜ਼ੈਲਦਾਰ ਬਿਸ਼ਨ ਸਿੰਘ ਨੂੰ ਬਬਰਾਂ ਨੇ ਕਤਲ ਕਰ ਦਿਤਾ ਅਤੇ ਨਾਲ ਲਗਦਿਆਂ ਹੀ ਇਕ ਹੋਰ ਸਰਕਾਰ-ਪੱਖੀ ਨੰਗਲ ਸ਼ਾਮਾ ਦੇ ਲੰਬੜਦਾਰ ਬੂਟੇ ਅਤੇ ਉਹਦੇ ਪੋਤੇ ਨੂੰ ਵੀ ਬਬਰਾਂ ਨੇ ਕਤਲ ਕਰ ਦਿੱਤਾ। ਪੁਲਸ ਇਹਨਾਂ ਕਤਲਾਂ ਦੀ ਖੋਜ ਕੱਢਣ ਵਿਚ ਸਰਾਸਰ ਨਾਕਾਯਾਬ ਰਹੀ। ਪਰ ਮੈਨੂੰ ਯਕੀਨ ਸੀ ਕਿ਼ ਇਹ ਸਭ ਕਤਲ ਬਬਰਾਂ ਨੇ ਹੀ ਕੀਤੇ ਹਨ। ਨਾਲ ਲਗਦਿਆਂ ਅਪ੍ਰੈਲ ਵਿਚ ਘੁੜਿਆਲ ਵਾਲੇ ਸੂਬੇਦਾਰ ਗੇਂਦਾ ਸਿੰਘ ਦੇ ਕਤਲ ਦੀ ਖ਼ਬਰ ਵੀ ਮੇਰੇ ਤੱਕ ਪੁੱਜ ਗਈ, ਜਿਸ ਬਾਬਤ ਸੁਣ ਕੇ ਮੈਨੂੰ ਸਖ਼ਤ ਸਦਮਾ ਪਹੁੰਚਿਆ, ਕਿਉਂਕਿ ਉਹ ਅਕਸਰ ਹੀ ਮੇਰੇ ਕੋਲ ਆਉਂਦਾ ਰਹਿੰਦਾ ਸੀ ਅਤੇ ਬਬਰਾਂ ਦੀਆਂ ਸਰਗਰਮੀਆਂ ਦੀਆਂ ਖ਼ਬਰਾਂ ਮੈਨੂੰ ਦਿੰਦਾ ਰਹਿੰਦਾ ਸੀ। ਉਹ ਕਿਹਾ ਕਰਦਾ ਸੀ ਕਿ ਉਹਨੂੰ ਪੱਕਾ ਯਕੀਨ ਹੈ ਕਿ ਕਿਸੇ ਦਿਨ ਉਹ ਬਬਰਾਂ ਹੱਥੋਂ ਜ਼ਰੂਰ ਕਤਲ ਹੋਵੇਗਾ। ਇਹ ਗੱਲ ਉਹ ਮੈਨੂੰ ਹਰ ਮੁਲਾਕਾਤ ਵੇਲੇ ਕਿਹਾ ਕਰਦਾ ਸੀ, ਜਿਸ ਕਰਕੇ ਮੈਂ ਉਹਨੂੰ ਹਰ ਸਮੇਂ ਇਹੋ ਨਸੀਹਤ ਕਰਦਾ ਸੀ ਕਿ ਉਹ ਹਰ ਵੇਲੇ ਰੀਵਾਲਵਰ ਆਪਣੇ ਕੋਲ ਰਖਿਆ ਕਰੇ। ਉਹ ਜਵਾਬ ਦਿੰਦਾ ਹੁੰਦਾ ਸੀ ਕਿ ਇਸ ਗੱਲ ਨਾਲ ਉਹ ਮੈਨੂੰ ਡਰਪੋਕ ਅਤੇ ਬੁਜ਼ਦਿਲ ਸਮਝਣ ਲੱਗ ਜਾਣਗੇ ਅਤੇ ਹੋਰ ਜ਼ਿਆਦਾ ਜ਼ੋਰ ਨਾਲ ਮੈਨੂੰ ਕਤਲ ਕਰਨ ਦੀ ਤਿਆਰੀ ਵਿਚ ਜੁਟ ਜਾਣਗੇ। ਸੋ ਉਹ ਖ਼ਿਆਲ ਕਰਦਾ ਸੀ ਕਿ ਜਿਹੜੇ ਤਰੀਕੇ ਆਪਣੇ ਬਚਾ ਲਈ ਉਹ ਕਰ ਰਿਹਾ ਹੈ, ਉਹੋ ਹੀ ਠੀਕ ਹਨ। ਉਹ ਮੈਨੂੰ ਸਪੱਸ਼ਟ ਕਿਹਾ ਕਰਦਾ ਸੀ ਕਿ ਜੇ ਸਰਕਾਰ ਉਹਨੂੰ ਕੁਝ ਜ਼ਮੀਨ ਨਹਿਰੀ ਇਲਾਕੇ, ਅਰਥਾਤ ਬਾਰ ਵਿਚ ਦੇ ਦੇਵੇ ਤਾਂ ਉਧਰ ਜਾ ਕੇ ਉਹ ਜ਼ਿਆਦਾ ਮਹਿਫ਼ੂਜ਼ ਰਹਿ ਸਕਦਾ ਹੈ।

"ਮੈਂ ਸਰਕਾਰ ਨੂੰ ਸਾਫ਼ ਤੌਰ ਉੱਤੇ ਲਿਖ ਦਿੱਤਾ ਸੀ ਕਿ ਹੁਣ ਸਮਾਂ ਆ ਗਿਆ ਹੈ ਕਿ ਹਾਲਾਤ ਨੂੰ ਕਾਬੂ ਵਿਚ ਲਿਆਉਣ ਲਈ ਫ਼ੌਰਨ ਵਿਸ਼ੇਸ਼ ਕਾਰਵਾਈ ਕੀਤੀ ਜਾਵੇ ਅਤੇ ਮਾਰਸ਼ਲ ਲਾਅ ਲਾ ਦਿੱਤਾ ਜਾਵੇ, ਨਹੀਂ ਤਾਂ ਹਾਲਤ ਹੱਥੋਂ ਨਿਕਲ ਜਾਵੇਗੀ। ਮੇਰੇ ਇਸ ਖ਼ਤ ਦੇ ਜਵਾਬ ਵਿਚ ਸਰਕਾਰ ਨੇ ਉਸੇ ਵੇਲੇ ਖ਼ਾਨ ਬਹਾਦੁਰ ਸ਼ੇਖ਼ ਅਬਦੁਲ ਅਜ਼ੀਜ਼ ਨੂੰ ਖ਼ਾਸ ਸਟਾਫ਼ ਦੇ ਕੇ ਜਲੰਧਰ ਭੇਜ ਦਿੱਤਾ, ਤਾਂ ਜੋ ਹਾਲਤ ਦਾ ਮੁਕਾਬਲਾ ਕੀਤਾ ਜਾ ਸਕੇ। ਬਾਵਜੂਦ ਸਾਰਾ ਤਾਣ ਲਾਉਣ ਦੇ ਕੋਈ ਬੰਦਾ ਸਾਡੀ ਅਗਵਾਈ ਲਈ ਤਿਆਰ ਨਹੀਂ ਸੀ ਹੋ ਰਿਹਾ, ਜਿਹੜਾ ਬਬਰਾਂ ਬਾਬਤ ਖ਼ਬਰ ਦੇ ਸਕੇ। ਦਹਿਸ਼ਤ ਏਨੀਂ ਫੈਲ ਚੁੱਕੀ ਸੀ ਕਿ ਸਾਡੇ ਪੱਕੇ ਖ਼ੈਰ-ਖ਼ੁਆਹ ਵੀ ਸਾਡਾ ਸਾਥ ਛਡ ਗਏ ਸਨ। ਸਾਡੇ ਬੁਲਾਉਣ ਉੱਤੇ ਵੀ ਆਨਿਆਂ-ਬਹਾਨਿਆਂ ਨਾਲ ਟਾਲਣ ਲੱਗ ਪਏ ਸਨ। ਸਭ ਸਰਕਾਰੀ ਮਸ਼ੀਨਰੀ ਨਕਾਰਾ ਹੋ ਚੁੱਕੀ ਸੀ। ਇਕ ਤਰ੍ਹਾਂ ਸਾਡਾ ਰਾਜ ਖ਼ਤਮ ਹੋ ਕੇ ਸਾਰੇ ਦੁਆਬੇ ਵਿਚ ਬਬਰਾਂ ਦਾ ਰਾਜ ਕਾਇਮ ਹੋ ਚੁਕਿਆ ਸੀ। ਕੋਈ

ਹੋਰ ਚਾਰਾ ਚਲਦਾ ਨਾ ਦੇਖ ਕੇ ਸਰਕਾਰ ਨੇ ਇਕ ਮੀਟਿੰਗ ਸ਼ਿਮਲੇ ਬੁਲਾਈ, ਜਿਸ ਵਿਚ ਫ਼ੈਸਲਾ ਕੀਤਾ ਗਿਆ ਕਿ ਇਲਾਕਾ ਫ਼ੌਜ ਨੂੰ ਸੌਂਪ ਦਿੱਤਾ ਜਾਵੇ। ਸੋ ਫਟਾ-ਫਟ ਫ਼ੌਜ ਬੁਲਾ ਲਈ ਗਈ ਅਤੇ ਨਾਲ ਹੀ ਐਡੀਸ਼ਨਲ ਪੁਲਸ ਵੀ ਬੁਲਾ ਲਈ ਗਈ। ਸਰਕਾਰ ਨੇ ਹਰ ਕੀਮਤ ਉੱਤੇ ਅਮਨ ਕਾਇਮ ਕਰਨ ਦਾ ਫ਼ੈਸਲਾ ਕਰ ਲਿਆ। ਫ਼ੌਜੀ ਅਤੇ ਰਸਾਲੇ ਦੀਆਂ ਟੁਕੜੀਆਂ ਆਮ ਪਿੰਡਾਂ ਵਿਚ ਘੱਲ ਦਿੱਤੀਆਂ ਗਈਆਂ। ਖ਼ਾਸ-ਖ਼ਾਸ ਠਿਕਾਣਿਆਂ ਉੱਤੇ ਚੌਕੀਆਂ ਕਾਇਮ ਕਰ ਦਿੱਤੀਆਂ ਗਈਆਂ। ਸਹਿਜੇ-ਸਹਿਜੇ ਅਮਨ ਬਹਾਲ ਹੋਣਾ ਸ਼ੁਰੂ ਹੋ ਗਿਆ। ਸਰਕਾਰੀ ਖ਼ੈਰ-ਖ਼ੁਆਹਾਂ ਦੇ ਘਰਾਂ ਵਿਚ ਐਡੀਸ਼ਨਲ ਪੁਲਸ ਭੇਜ ਦਿੱਤੀ ਗਈ। ਆਮ ਗਰਿਫ਼ਤਾਰੀਆਂ ਸ਼ੁਰੂ ਹੋ ਹੀ ਚੁਕੀਆਂ ਸਨ। ਆਮ ਲੋਕਾਂ ਵਿਚ ਭਰੋਸਾ ਪੈਦਾ ਕਰਨ ਲਈ ਜ਼ਿਲਾ ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲੇ ਵਿਚ ਪੈਦਲ ਫ਼ੌਜ, ਰਸਾਲਾ ਅਤੇ ਐਡੀਸ਼ਨਲ ਪੁਲਸ ਨੂੰ ਪਿੰਡ-ਪਿੰਡ ਘੁਮਾਇਆ ਗਿਆ ਅਤੇ ਲੋਕਾਂ ਨੂੰ ਯਕੀਨ ਦੁਆਇਆ ਗਿਆ ਕਿ ਸਰਕਾਰ ਅਮਨ ਕਾਇਮ ਕਰਨ ਅਤੇ ਦੁਬਾਰਾ ਕਾਨੂੰਨ ਦਾ ਰਾਜ ਕਾਇਮ ਕਰਨ ਦਾ ਪੱਕਾ ਨਿਸਚਾ ਧਾਰ ਚੁੱਕੀ ਹੈ।"

* * *

ਪਾਠਕਾਂ ਨੇ ਉਸ ਵੇਲੇ ਦੀ ਹਾਲਤ ਦੀ ਜਾਣਕਾਰੀ ਇਹਨਾਂ ਦੋ ਅੰਗਰੇਜ਼ ਅਫ਼ਸਰਾਂ ਦੇ ਬਿਆਨਾਂ ਤੋਂ ਹਾਸਲ ਕਰ ਲਈ ਹੈ। ਤੀਜੇ ਅੰਗਰੇਜ਼ ਅਫ਼ਸਰ, ਮਿਸਟਰ ਮੈਥਿਊਜ਼, ਪੁਲਸ ਕਪਤਾਨ ਜਲੰਧਰ ਦਾ ਬਿਆਨ ਮੈਂ ਪਹਿਲਾਂ ਹੀ ਦਰਜ ਕਰ ਚੁਕਿਆ ਹਾਂ। ਸੋ ਹੁਣ ਚੌਥੇ ਅੰਗਰੇਜ਼ ਅਫ਼ਸਰ ਮਿਸਟਰ ਸੀ ਏ ਟਾਊਨਸੈਂਡ ਦਾ ਬਿਆਨ ਦਰਜ ਕਰ ਰਿਹਾ ਹਾਂ, ਜਿਹੜਾ ਉਸ ਵੇਲੇ ਜਲੰਧਰ ਕਮਿਸ਼ਨਰੀ ਦਾ ਕਮਿਸ਼ਨਰ ਸੀ।

ਇਸ ਸਰਕਾਰੀ ਗਵਾਹ ਨੰ: 464 ਦਾ ਪੇਪਰ-ਬੁੱਕ ਦੇ ਸਫ਼ਾ 809 ਉੱਤੇ ਦਰਜ ਇਹ ਬਿਆਨ 13 ਨਵੰਬਰ 1924 ਨੂੰ ਹੋਇਆ ਸੀ।

"ਮੈਂ 15 ਮਈ 1923 ਨੂੰ ਜਲੰਧਰ ਕਮਿਸ਼ਨਰੀ ਦਾ ਚਾਰਜ ਸੰਭਾਲਿਆ ਸੀ। ਜਿਸ ਵੇਲੇ ਮੈਂ ਇਹ ਚਾਰਜ ਸੰਭਾਲਿਆ, ਬਬਰ ਅਕਾਲੀ ਸਾਜ਼ਿਸ਼ ਦੀ ਤਫ਼ਤੀਸ਼ ਚੱਲ ਰਹੀ ਸੀ।

ਮੈਂ ਅਚਾਨਕ ਜਲੰਧਰ ਜਿਹਲ ਦਾ ਦੌਰਾ ਕੀਤਾ, ਤਾਂ ਜੋ ਇਸ ਕੇਸ ਵਿਚ ਗਰਿਫ਼ਤਾਰ ਬੰਦਿਆਂ ਨੂੰ ਦੇਖ ਸਕਾਂ। ਦੋ ਦਫ਼ਾ ਮੈਂ ਖ਼ੁਦ ਬਾਬੂ ਸੰਤਾ ਸਿੰਘ ਨੂੰ ਦੇਖਣ ਵੀ ਗਿਆ ਸੀ, ਜਿਹੜਾ ਉਸ ਵੇਲੇ ਪੁਲਸ ਦੀ ਹਿਰਾਸਤ ਵਿਚ ਸੀ ਅਤੇ ਹਵਾਲਾਤ ਵਿਚ ਬੰਦ ਸੀ। ਉਸ ਵੇਲੇ ਬਾਬੂ ਸੰਤਾ ਸਿੰਘ ਨੇ ਮੇਰੇ ਕੋਲ ਪੁਲਸ ਦੀ ਜ਼ਿਆਦਤੀ ਦੀ ਕੋਈ ਸ਼ਿਕਾਇਤ ਨਹੀਂ ਸੀ ਕੀਤੀ ਅਤੇ ਨਾ ਹੀ ਕਿਸੇ ਹੋਰ ਮੁਲਜ਼ਮ ਨੇ ਅਜਿਹੀ ਸ਼ਿਕਾਇਤ ਕੀਤੀ ਸੀ।

"ਸੰਤਾ ਸਿੰਘ ਬਾਬਤ ਮੈਨੂੰ ਦਸਿਆ ਗਿਆ ਸੀ ਕਿ ਉਹ ਆਪਣੀ ਰਜ਼ਾਮੰਦੀ ਨਾਲ ਇਕਬਾਲੀ ਬਿਆਨ ਦੇ ਰਿਹਾ ਹੈ। ਸੋ ਮੈਂ ਆਪਣੀ ਤਸੱਲੀ ਕਰਨ ਲਈ ਗਿਆ ਸੀ ਕਿ ਸਚਮੁੱਚ ਹੀ ਉਹ ਆਪਣੀ ਰਜ਼ਾਮੰਦੀ ਨਾਲ ਬਿਆਨ ਦੇ ਰਿਹਾ ਹੈ ਜਾਂ ਪੁਲਸ ਦੇ ਦਬਾਅ ਥੱਲੇ।

"ਉਹਨੇ ਮੈਨੂੰ ਕਿਹਾ ਸੀ ਕਿ ਉਹਨੂੰ ਪੁਲਸ ਦੇ ਖ਼ਿਲਾਫ਼ ਕੋਈ ਸ਼ਿਕਾਇਤ

ਨਹੀਂ। ਉਹ ਆਪਣੀ ਮਰਜ਼ੀ ਨਾਲ ਬਿਆਨ ਦੇ ਰਿਹਾ ਹੈ। ਸਾਰੀ ਤਫ਼ਤੀਸ਼ ਵੇਲੇ ਮੈਂ ਆਪ ਨੇੜਿਉਂ ਸੰਬੰਧਿਤ ਰਿਹਾ ਸੀ ਅਤੇ ਤਫ਼ਤੀਸ਼ ਖ਼ੁਸ਼-ਅਸਲੂਬੀ ਨਾਲ ਚੱਲ ਰਹੀ ਸੀ।"

* * *

ਇਥੇ ਮੈਂ ਪਾਠਕਾਂ ਨੂੰ ਇਹ ਜਾਣਕਾਰੀ ਦੇ ਦੇਣੀ ਠੀਕ ਸਮਝਦਾ ਹਾਂ ਕਿ ਸਚਮੁੱਚ ਬਾਬੂ ਸੰਤਾ ਸਿੰਘ ਨੇ ਜੇ ਬਿਆਨ ਦੇ ਕੇ ਕਮਜ਼ੋਰੀ ਨਾ ਦਿਖਾਈ ਹੁੰਦੀ, ਇਕ ਤਾਂ ਬਬਰ ਲਹਿਰ ਹਾਲੇ ਹੋਰ ਕਾਫ਼ੀ ਚਿਰ ਜ਼ਿੰਦਾ ਰਹਿਣੀ ਸੀ। ਕਿਉਂਕਿ ਉਹ ਸ਼ੁਰੂ ਤੋਂ ਗਰਿਫ਼ਤਾਰੀ ਤੱਕ ਹਰ ਗੱਲ ਵਿਚ ਨਾਲ ਰਿਹਾ ਅਤੇ ਅਗਵਾਈ ਕਰਦਾ ਰਿਹਾ ਸੀ, ਜਿਹੜੀਆਂ ਗੱਲਾਂ ਦਾ ਵਾਇਦਾ-ਮੁਆਫ਼ਾਂ ਨੂੰ ਵੀ ਪਤਾ ਨਹੀਂ ਸੀ, ਸਿਰਫ਼ ਬਾਬੂ ਸਾਹਿਬ ਨੂੰ ਹੀ ਇਲਮ ਸੀ। ਜਿਹੜੇ ਬਾਕੀ ਮੁਲਜ਼ਮਾਂ ਨੇ ਇਕਬਾਲੀ ਬਿਆਨ ਦਿਤੇ ਸਨ, ਉਹਨਾਂ ਵਿਚ ਵੀ ਕਈ ਭੇਤ ਹਾਲੇ ਲੁਕੇ ਹੋਏ ਸਨ, ਜਿਹੜੇ ਬਾਬੂ ਸਾਹਿਬ ਨੇ ਪੁਲਸ ਨੂੰ ਦੱਸ ਦਿਤੇ ਅਤੇ ਸਪਲੀਮੈਂਟਰੀ ਕੇਸ ਵਿਚ ਜਿਹੜੇ 36 ਮੁਲਜ਼ਮ ਗਰਿਫ਼ਤਾਰ ਕੀਤੇ ਗਏ ਸਨ, ਉਹ ਬਾਬੂ ਸੰਤਾ ਸਿੰਘ ਦੇ ਬਿਆਨ ਤੋਂ ਬਾਅਦ ਹੀ ਗਰਿਫ਼ਤਾਰ ਕੀਤੇ ਗਏ ਸਨ।

ਪਹਿਲਾਂ ਅਸੀਂ ਕੁੱਲ ਮਿਲਾ ਕੇ 61 ਮੁਲਜ਼ਮ ਹੀ ਫੜੇ ਗਏ ਸੀ, ਜਿਨ੍ਹਾਂ ਵਿਚੋਂ ਇਕ ਚਲਾਣਾ ਕਰ ਗਿਆ ਸੀ ਅਤੇ ਪੰਜ ਮੈਜਿਸਟਰੇਟ ਨੇ ਛੱਡ ਦਿਤੇ ਸਨ ਤੇ ਅਸੀਂ 55 ਰਹਿ ਗਏ ਸੀ। 36 ਦਾ ਵੱਖਰਾ ਮੁਕੱਦਮਾ ਹੋ ਕੇ ਮੁੜ ਕੁੱਲ 91 ਮੁਲਜ਼ਮਾਂ ਦਾ ਇਕੱਠਾ ਚਲਾਨ ਸੈਸ਼ਨ ਜੱਜ ਸਾਹਮਣੇ ਪੇਸ਼ ਹੋਇਆ ਸੀ, ਜੀਹਦਾ ਹਾਲ ਮੈਂ ਕਲਮਬੰਦ ਕਰ ਰਿਹਾ ਹਾਂ। ਉਸ ਵੇਲੇ ਦੇ ਇੰਚਾਰਜ ਮੀਰ ਫ਼ਜ਼ਲ ਇਮਾਮ ਨੇ ਜਾਲ ਵਿਛਾ ਕੇ ਸੰਤ ਕਰਤਾਰ ਸਿੰਘ ਰਾਹੀਂ ਬਾਬੂ ਸੰਤਾ ਸਿੰਘ ਨੂੰ ਗਰਿਫ਼ਤਾਰ ਕੀਤਾ ਸੀ। ਪਾਠਕ ਛੇਤੀ ਹੀ ਪੜ੍ਹ ਲੈਣਗੇ ਕਿ ਇਸੇ ਮੀਰ ਸਾਹਿਬ ਨੇ ਬਾਬੂ ਸੰਤਾ ਸਿੰਘ ਨੂੰ ਚਕਮਾ ਦਿੱਤਾ ਸੀ ਕਿ ਤੂੰ ਬਿਆਨ ਦੇ ਕੇ ਆਪਣੀ ਜਾਨ ਛੁੜਾ ਅਤੇ ਸੰਤ ਕਰਤਾਰ ਸਿੰਘ ਤੋਂ ਬਦਲਾ ਲੈ ਲੈ। ਝੂਠੀਆਂ-ਸੱਚੀਆਂ ਕਸਮਾਂ ਖਾ ਕੇ ਬਾਬੂ ਸਾਹਿਬ ਨੂੰ ਅਜਿਹਾ ਜਾਲ ਵਿਚ ਫਸਾਇਆ ਕਿ ਅਸੀਂ ਜਿਹਲ ਅੰਦਰ ਉਹਨੂੰ ਮਖੌਲ ਕਰ-ਕਰ ਰੋਣ-ਹਾਕਾ ਕਰ ਛਡਿਆ ਕਰਦੇ ਸੀ ਅਤੇ ਕਿਹਾ ਕਰਦੇ ਸੀ, ਬਾਬੂ ਜੀ ਅਸੀਂ ਨਿਆਣੇ ਹੁੰਦਿਆਂ ਵੀ ਪੁਲਸ ਦਾ ਤਸ਼ੱਦਦ ਕਿਸੇ ਨਾ ਕਿਸੇ ਤਰ੍ਹਾਂ ਸਹਿ ਕੇ ਆਪਣੇ ਪਾੜ੍ਹੇ ਮਿੱਤਰਾਂ ਨੂੰ ਬਚਾ ਲਿਆ ਸੀ ਜਿਹੜੇ ਤੁਹਾਡੀ ਦਿਨ-ਰਾਤ ਸੇਵਾ ਕਰਿਆ ਕਰਦੇ ਸਨ, ਪਰ ਤੁਸੀਂ ਤਾਂ ਐਵੇਂ ਹੀ ਢੇਰੀ ਢਾਹ ਬੈਠੇ ਹੋ।

ਕਰਮ ਸਿੰਘ ਝਿੰਗੜ ਹੁਰੀਂ ਸਾਨੂੰ ਝਿੜਕ ਦਿਆ ਕਰਦੇ ਸਨ ਕਿ "ਕੀ ਹੋਇਆ ਜੇ ਬਾਬੂ ਜੀ ਗ਼ਲਤੀ ਕਰ ਬੈਠੇ ਹਨ, ਹੁਣ ਫਾਂਸੀ ਚੜ੍ਹਨ ਵੇਲੇ ਤਾਂ ਸਾਥੋਂ ਸਾਰਿਆ ਤੋਂ ਪਹਿਲਾਂ ਦੌੜ ਕੇ ਫਾਂਸੀ ਦਾ ਰੱਸਾ ਗਲ ਪਾਉਣਗੇ। ਤੁਸੀਂ ਛੋਕਰੇ ਤਾਂ ਐਵੇਂ ਖਾਹਮੁਖਾਹ ਰੌਲਾ ਪਾਉਂਦੇ ਰਹਿੰਦੇ ਹੋ। ਬਾਬੂ ਜੀ, ਕੋਈ ਗੱਲ ਨਹੀਂ, ਤੁਸੀਂ ਇਕ ਹੱਡੀਆਂ ਦੀ ਮੁੱਠ ਜਿਹੀ ਨੇ ਵਲੈਤ ਦਾ ਸਿੰਘਾਸਣ ਹਿਲਾ ਕੇ ਰਖ ਦਿੱਤਾ ਸੀ, ਇਕ ਨਾ ਇਕ ਦਿਨ ਤਾਂ ਅਸੀਂ ਕਾਬੂ ਆਉਣਾ ਹੀ ਸੀ। ਜਿਥੇ ਸਾਡੇ ਲੀਡਰ ਭਾਈ ਕਿਸ਼ਨ ਜੀ ਜਿਹਲ ਵੜਦਿਆਂ ਧੋਖਾ ਖਾ ਸਕਦੇ ਹਨ ਅਤੇ ਪੁਲਸ ਦੇ ਵਿਛਾਏ ਜਾਲ ਵਿਚ ਫਸ ਸਕਦੇ ਹਨ, ਜੇ ਤੁਹਾਥੋਂ ਗ਼ਲਤੀ ਹੋ ਗਈ ਤਾਂ ਕੀ ਹੋਇਆ।" ਪਰ ਬਾਬੂ ਜੀ ਅਖ਼ੀਰ ਦਮ ਤਕ

ਹੋ ਚੁੱਕੀ ਗ਼ਲਤੀ ਉੱਤੇ ਪਛਤਾਵਾ ਹੀ ਕਰਦੇ ਚਲੇ ਗਏ ਸਨ। ਜਿਸ ਦਿਨ ਫਾਂਸੀ ਦਾ ਹੁਕਮ ਸੁਣਿਆ ਸੀ, ਦਸਦੇ ਹਨ, ਉਸ ਦਿਨ ਸੁਖ ਦਾ ਸਾਹ ਲਿਆ ਸੀ। ਜਿਹਲ ਦੇ ਕਾਨੂੰਨ ਮੁਤਾਬਿਕ ਕੋਠੀ ਲੱਗਣ ਤੋਂ ਪਹਿਲਾਂ ਸਾਰਿਆਂ ਦਾ ਭਾਰ ਤੋਲਿਆ ਗਿਆ ਸੀ। ਜਿਸ ਦਿਨ ਆਖ਼ਰੀ ਝੂਟਾ ਲੈਣਾ ਸੀ, ਕਿਸੇ ਬਬਰ ਦਾ ਭਾਰ ਘਟਿਆ ਬਿਲਕੁਲ ਨਹੀਂ ਸੀ, ਸਾਵਾਂ ਜਾਂ ਕੁਝ ਵੱਧ ਹੀ ਰਿਹਾ ਸੀ। ਉਸ ਵੇਲੇ ਦੇ ਜਿਹਲ ਦਾ ਸੁਪਰਿੰਟੈਂਡੈਂਟ ਡੁਬਡੁਬਾਈਆਂ ਅੱਖੀਆਂ ਨਾਲ ਆ ਕੇ ਬਬਰਾਂ ਨੂੰ ਮਿਲਿਆ ਸੀ ਅਤੇ ਕਿਹਾ ਸੀ ਕਿ ਇਹੋ ਜਿਹੇ ਵਿਅਕਤੀ ਫਾਂਸੀ ਨਹੀਂ ਸਨ ਲੱਗਣੇ ਚਾਹੀਦੇ।

* * *

ਕਮਿਸ਼ਨਰ ਦਾ ਬਿਆਨ ਅਗੇ ਜਾਰੀ ਰਹਿੰਦਾ ਹੈ : "1901 ਵਿਚ ਮੈਂ ਪਹਿਲਾਂ ਜਲੰਧਰ ਰਹਿ ਚੁਕਿਆ ਸੀ ਅਤੇ ਬਹੁਤ ਸਾਰੇ ਪੁਜ਼ੀਸ਼ਨਾਂ ਵਾਲੇ ਸਿੱਖ ਮੇਰੇ ਮਿੱਤਰ ਬਣ ਚੁਕੇ ਸਨ। ਉਹ ਜ਼ੈਲਦਾਰ ਅਤੇ ਭੱਦਰ-ਪੁਰਸ਼ ਚੰਗੇ ਮਰਾਤਬਿਆਂ ਵਾਲੇ ਸਨ। ਜਦੋਂ ਮੈਂ ਮੁੜ ਜਲੰਧਰ ਕਮਿਸ਼ਨਰੀ ਦਾ ਕਮਿਸ਼ਨਰ ਆ ਲਗਿਆ ਤਾ ਉਹ ਮੈਨੂੰ ਮਿਲਣ ਲਈ ਆਏ ਸਨ।

"ਮੈਨੂੰ ਉਹਨਾਂ ਤੋਂ ਬਬਰ ਅਕਾਲੀਆਂ ਦੀਆਂ ਸਰਗਰਮੀਆਂ ਦੀਆਂ ਗੱਲਾਂ ਸੁਣ ਕੇ ਸਖ਼ਤ ਧੱਕਾ ਲਗਿਆ, ਜਿਨ੍ਹਾਂ ਨੇ ਖ਼ਤਰਨਾਕ ਹੱਦ ਤੱਕ ਦਹਿਸ਼ਤ ਫੈਲਾਈ ਹੋਈ ਸੀ। ਉਸ ਵੇਲੇ ਮੈਨੂੰ ਹੋਰ ਵੀ ਬਹੁਤਾ ਸਦਮਾ ਪਹੁੰਚਿਆ, ਜਿਸ ਵੇਲੇ ਉਹਨਾਂ ਨੇ ਮੇਰੇ ਆਪਣੇ ਮਕਾਨ ਅੰਦਰ, ਜਿਥੇ ਫ਼ੌਜੀ ਪਹਿਰਾ ਲਗਿਆ ਹੋਇਆ ਸੀ, ਮੂੰਹ ਮੇਰੇ ਕੰਨ ਲਾਗੇ ਕਰਕੇ ਹੌਲੀ-ਹੌਲੀ ਗੱਲਾਂ ਕੀਤੀਆਂ। ਬਹੁਤਿਆਂ ਨੇ ਮੈਨੂੰ ਦੱਸਿਆ ਕਿ ਉਹਨਾਂ ਨੇ ਆਪਣੀ ਹਿਫ਼ਾਜ਼ਤ ਲਈ ਆਪਣੇ ਹਥਿਆਰਬੰਦ ਪਹਿਰੇਦਾਰ ਰੱਖੇ ਹੋਏ ਹਨ ਅਤੇ ਇਸੇ ਤਰ੍ਹਾਂ ਰਾਤਾਂ ਗੁਜ਼ਾਰਦੇ ਹਨ। ਕਈਆਂ ਨੇ ਆਪਣੇ ਬੱਚੇ ਰਿਸ਼ਤੇਦਾਰਾਂ ਕੋਲ ਘੱਲ ਰਖੇ ਹਨ। ਕਈ ਟੱਬਰਾਂ ਸਮੇਤ ਬਾਰ ਵੱਲ ਨਹਿਰੀ ਜ਼ਮੀਨਾਂ ਵਿਚ ਚਲੇ ਗਏ ਹਨ, ਜਿਥੇ ਉਹ ਆਪਣੇ ਆਪ ਨੂੰ ਜ਼ਿਆਦਾ ਮਹਿਫ਼ੂਜ਼ ਖ਼ਿਆਲ ਕਰਦੇ ਹਨ। ਇਹੋ ਜਿਹੇ ਭਿਆਨਕ ਮਾਹੌਲ ਵਿਚ ਕੋਈ ਵੀ ਉਸ ਵੇਲੇ ਸਾਡੀ ਮਦਦ ਕਰਨ ਦਾ ਹੌਸਲਾ ਨਹੀਂ ਸੀ ਕਰ ਰਿਹਾ, ਜਿਹੜਾ ਸਾਹਮਣੇ ਆ ਕੇ ਬਬਰਾਂ ਦੀਆਂ ਕਾਰਵਾਈਆਂ ਦੇ ਖ਼ਿਲਾਫ਼ ਗਵਾਹੀ ਦੇ ਸਕੇ। ਇਹਦਾ ਮਤਲਬ ਸੀ ਕਿ ਹਾਲਾਤ ਅਤਿਅੰਤ ਖ਼ਤਰਨਾਕ ਹੱਦ ਤੱਕ ਵਿਗੜ ਚੁੱਕੇ ਸਨ।

"ਮੈਂ ਇਸ ਸੰਬੰਧੀ ਹਰ ਵੇਲੇ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਅਤੇ ਪੁਲਸ ਕਪਤਾਨਾਂ ਨਾਲ ਸੰਪਰਕ ਬਣਾਈ ਰਖਦਾ ਸੀ ਅਤੇ ਇਸੇ ਤਰ੍ਹਾਂ ਰਿਆਸਤ ਕਪੂਰਥਲਾ ਦੇ ਉੱਚ-ਅਧਿਕਾਰੀਆਂ ਨਾਲ ਵੀ ਸੰਬੰਧ ਕਾਇਮ ਕੀਤਾ ਜਾ ਚੁਕਿਆ ਸੀ। ਖ਼ਾਨ ਬਹਾਦੁਰ ਖ਼ਾਨ ਅਬਦੁਲ ਅਜ਼ੀਜ਼ ਤਫ਼ਤੀਸ਼ ਦਾ ਇੰਚਾਰਜ ਸੀ। ਸੋ ਇਹਨਾਂ ਖਤਰਨਾਕ ਹਾਲਾਤ ਵਿਚ ਸਾਨੂੰ ਸਰਕਾਰ ਨੂੰ ਫ਼ੌਜੀ ਮਦਦ ਲਈ ਕਾਹੋਣਾ ਪਿਆ, ਜਿਸ ਦੀ ਫਟਾ-ਫਟ ਮਨਜ਼ੂਰੀ ਮਿਲ ਗਈ। ਸੋ ਸ਼ੁਰੂ ਜੂਨ 1923 ਵਿਚ ਰਸਾਲੇ ਦੇ 200 ਜਵਾਨ ਅਤੇ 250 ਪੈਦਲ ਫ਼ੌਜੀ ਸਾਨੂੰ ਅਮਨ ਬਹਾਲ ਕਰਨ ਲਈ ਮਿਲ ਗਏ, ਜਿਹੜੇ ਮੇਰੇ ਹੁਕਮ ਅਧੀਨ ਕੰਮ ਕਰਨ ਲਗ ਪਏ। ਨਾਲ ਲਗਦਿਆਂ ਅਸੀਂ ਹੋਰ ਐਡੀਸ਼ਨਲ ਪੁਲਸ ਦਾ ਵੀ ਇੰਤਜ਼ਾਮ ਕਰ ਲਿਆ।

"ਫ਼ੌਜੀ ਮਦਦ ਅਸੀਂ ਦੋ ਕੰਮਾਂ ਲਈ ਵਰਤਣੀ ਸੁਰੂ ਕਰ ਦਿੱਤੀ। ਇਕ ਤਾਂ

ਪਿੰਡਾਂ ਵਿਚ ਆਮ ਲੋਕਾਂ ਵਿਚ ਮੁੜ ਭਰੋਸਾ ਪੈਦਾ ਕਰਨਾ । ਦੂਜੇ, ਜ਼ਿਲਾ ਅਧਿਕਾਰੀਆਂ ਨੂੰ ਜੁਰਮ ਕਰਨ ਵਾਲਿਆਂ ਨੂੰ ਗਰਿਫ਼ਤਾਰ ਕਰਨ ਲਈ ਮਦਦ ਦੇਣਾ ।...

"ਅਖ਼ੀਰ ਜੁਲਾਈ 1923 ਵਿਚ ਮੈਂ ਜ਼ਾਤੀ ਤੌਰ ਉੱਤੇ ਜ਼ਿਲਾ ਜਲੰਧਰ ਅਤੇ ਹੁਸ਼ਿਆਰਪੁਰ ਦੇ ਸਭ ਤੋਂ ਭੈੜੇ ਪਿੰਡਾਂ ਦਾ ਦੌਰਾ ਸ਼ੁਰੂ ਕੀਤਾ । ਮੇਰੇ ਨਾਲ ਫ਼ੌਜ ਅਤੇ ਰਸਾਲੇ ਦਾ ਖ਼ਾਸ ਪ੍ਰਬੰਧ ਹੁੰਦਾ ਸੀ, ਕਿਉਂਕਿ ਮੈਨੂੰ ਸਰਕਾਰ ਵਲੋਂ ਸਖ਼ਤ ਹਦਾਇਤਾਂ ਮਿਲ ਚੁਕੀਆਂ ਸਨ ਕਿ ਇਹੋ ਜਿਹੇ ਭਿਆਨਕ ਹਾਲਾਤ ਵਿਚ ਮੈਂ ਫ਼ੌਜੀ ਸਹਾਇਤਾ ਤੋਂ ਬਿਨਾਂ ਕਿਤੇ ਬਾਹਰ ਦੌਰੇ ਉੱਤੇ ਨਾ ਜਾਵਾਂ । ਉਸ ਵੇਲੇ ਸਾਡੇ ਮਾਤਹਿਤਾਂ ਦੇ, ਅਰਥਾਤ ਸਰਕਾਰੀ ਅਫ਼ਸਰਾਂ ਦੇ ਹੌਸਲੇ ਢਹਿ ਕੇ ਢੇਰੀ ਹੋ ਚੁਕੇ ਸਨ ਅਤੇ ਦੋਹਾਂ ਜਿਲਿਆਂ ਵਿਚ ਰਾਜਪਰਬੰਧ ਚਲਾਉਣ ਦਾ ਕੰਮ ਬਹੁਤ ਔਖਾ ਹੋ ਚੁਕਿਆ ਸੀ ।

ਸਾਡੀਆਂ ਇਹਨਾਂ ਕਾਰਵਾਈਆਂ ਦਾ ਨਤੀਜਾ ਸਹਿਜੇ-ਸਹਿਜੇ ਨਿਕਲਣਾ ਸ਼ੁਰੂ ਹੋ ਗਿਆ ਅਤੇ ਹੌਲੀ-ਹੌਲੀ ਅਮਨ ਬਹਾਲ ਹੋਣਾ ਸ਼ੁਰੂ ਹੋ ਗਿਆ । ਪਰ ਹਾਲੇ ਤੱਕ ਵੀ ਪੂਰੀ ਤਰ੍ਹਾਂ ਅਮਨ ਬਹਾਲ ਕਰਨ ਵਿਚ ਅਸੀਂ ਕਾਮਯਾਬ ਨਹੀਂ ਹੋ ਸਕੇ ।"

# 45. ਕੁਝ ਗੱਲਾਂ ਦੀ ਜਾਣਕਾਰੀ ਆਪਣੀ ਬਾਬਤ

23 ਮਾਰਚ 1923 ਬਾਬਤ ਮੈਂ ਪੂਰੇ ਵਿਸਥਾਰ ਨਾਲ ਬਬਰਾਂ ਦੀਆਂ ਉਸ ਦਿਨ ਦੀਆਂ ਸਰਗਰਮੀਆਂ ਦੀ ਜਾਣਕਾਰੀ ਪਾਠਕਾਂ ਨੂੰ ਦੇ ਚੁਕਿਆ ਹਾਂ। ਹੁਣ ਕੁਝ ਸਤਰਾਂ ਆਪਣੀ ਬਾਬਤ ਪਾਠਕਾਂ ਦੀ ਭੇਟ ਕਰਨ ਦੀ ਗੁਸਤਾਖ਼ੀ ਕਰਨ ਲਈ ਮਜਬੂਰ ਹੋ ਰਿਹਾ ਹਾਂ। ਸਿਰਫ਼ ਇਹ ਦੱਸਣ ਲਈ ਕਿ ਇਕ ਨੌਵੀਂ ਜਮਾਤ ਵਿਚ ਪੜ੍ਹ ਰਿਹਾ ਛੋਕਰਾ ਉਸ ਵੇਲੇ ਦੀ ਏਡੀ ਵੱਡੀ ਤਹਿਰੀਕ ਵਿਚ ਕਿਵੇਂ ਹਿੱਸਾ ਲੈ ਰਿਹਾ ਸੀ। ਸ਼ਾਇਦ ਅੱਜ ਦੇ ਪਾੜ੍ਹੇ ਅਤੇ ਆਉਣ ਵਾਲੀਆਂ ਨਸਲਾਂ ਦੇਸ ਦੀ ਆਜ਼ਾਦੀ ਦੇ ਘੋਲ ਦੀ ਜਾਣਕਾਰੀ ਹਾਸਲ ਕਰ ਸਕਣ।

ਮੈਂ ਪਹਿਲੀ ਅਪ੍ਰੈਲ 1923 ਨੂੰ ਮੁੜ ਖ਼ਾਲਸਾ ਸਕੂਲ ਜਲੰਧਰ ਵਿਚ ਦਸਵੀਂ ਜਮਾਤ ਵਿਚ ਜਾ ਦਾਖ਼ਲ ਹੋਇਆ। ਮੈਨੂੰ ਬੋਰਡਿੰਗ ਹਾਊਸ ਵਾਲਾ ਕਮਰਾ ਨੰ: 2 ਛੱਡਣਾ ਪੈ ਗਿਆ, ਕਿਉਂਕਿ ਦਸਵੀਂ ਦੇ ਵਿਦਿਆਰਥੀ ਚਾਰ-ਚਾਰ ਸੀਟਾਂ ਵਾਲੇ ਕਮਰਿਆਂ ਵਿਚ ਚਲੇ ਜਾਂਦੇ ਸਨ। ਮੈਂ, ਕਰਮ ਸਿੰਘ ਹਰੀਪੁਰ, ਜੋ ਇਕ ਕਿਸਮ ਦਾ ਮੇਰਾ ਉਸਤਾਦ ਸੀ, ਰਤਨ ਸਿੰਘ ਮਾਣਕਰਾਈ ਅਤੇ ਪ੍ਰੀਤਮ ਸਿੰਘ ਖੁਰਦਪੁਰੀ (ਇਹ ਸਾਰੇ ਸਕੂਲ ਵਿਚ ਆਏ ਬਬਰਾਂ ਦੀ ਸੇਵਾ ਕਰਨ ਵਾਲੇ ਸਨ) ਇਕੋ ਕਮਰੇ ਦੇ ਵਾਸੀ ਬਣ ਗਏ। ਕਮਰਾ ਨੰ: 2, ਜਿਹੜਾ ਛੱਡਣਾ ਪਿਆ ਸੀ, ਵਿਚ ਤਕਰੀਬਨ 30 ਕੁ ਲੜਕੇ ਰਹਿੰਦੇ ਸਨ। ਇਕ ਮੰਜਾ ਅਤੇ ਇਕ ਅਲਮਾਰੀ ਹਰ ਇਕ ਕੋਲ ਹੁੰਦੀ ਸੀ। ਉਪਰ-ਲਿਖੇ ਅਸੀਂ ਚਾਰੇ ਜਣੇ ਨਾਲੋ-ਨਾਲ ਮੰਜਿਆਂ ਦੇ ਮਾਲਕ ਸੀ। ਪਰ ਮੇਰੀ ਮੰਜੀ ਕਮਰੇ ਦੇ ਦੱਖਣ ਵੱਲ ਚੜ੍ਹਦੇ ਪਾਸੇ ਦੀ ਕਤਾਰ ਵਿਚ ਇਕ ਸੀਖਾਂ ਵਾਲੀ ਤਾਕੀ ਦੇ ਬਿਲਕੁਲ ਨਾਲ ਸੀ। ਉਹਦੀਆਂ ਦੋ ਸੀਖਾਂ ਮੈਂ ਇਸ ਢੰਗ ਨਾਲ ਖਿਸਕਾ ਛਡੀਆਂ ਸਨ ਕਿ ਉਹਨਾਂ ਨੂੰ ਕੱਢ ਕੇ ਤਾਕੀ ਥਾਣੀਂ ਬਾਹਰ ਨਿਕਲ ਕੇ ਮੁੜ ਉਂਜ ਦੀਆਂ ਉਂਜ ਜੜ ਕੇ ਤਾਕੀ ਬੰਦ ਕਰ ਦਿੱਤੀ ਜਾਂਦੀ ਸੀ। ਇਸ ਜੁਗਤ ਦਾ ਇਲਮ ਮੇਰੇ ਉਪਰ-ਲਿਖੇ ਸਾਥੀਆਂ ਨੂੰ ਹੀ ਸੀ। ਦਸ ਬਜੇ ਰਾਤ ਨੂੰ ਜਦੋਂ ਬੋਰਡਿੰਗ ਦੇ ਵੱਡੇ ਗੇਟ ਨੂੰ ਜਿੰਦਰਾ ਲੱਗ ਜਾਂਦਾ ਸੀ ਤਾਂ ਮੇਰੇ ਲਈ ਬਾਹਰ ਨਿਕਲਣ ਦਾ ਇਹੋ ਤਰੀਕਾ ਰਹਿ ਜਾਂਦਾ ਸੀ। ਸੋ ਇਸੇ ਤਰ੍ਹਾਂ ਮੈਂ ਕਈ ਵਾਰੀ ਬਬਰਾਂ ਦਾ ਇਕ ਦੂਜੇ ਨੂੰ ਸੁਨੇਹਾ ਪੁਚਾਉਣ ਦਾ ਕੰਮ ਕਰਨ ਭੱਜ ਉਠਦਾ ਸੀ, ਜਿਹੜਾ ਬਾਬੂ ਸੰਤਾ ਸਿੰਘ ਦਿਨ

ਵੇਲੇ ਆ ਕੇ ਦੇ ਜਾਇਆ ਕਰਦੇ ਸਨ ਜਾਂ ਤਾਕੀ ਵਿਚ ਖੜਕਾ ਕਰਕੇ ਜਗਾ ਲਿਆ ਕਰਦੇ ਸਨ ਤੇ ਦੱਸ ਦਿੰਦੇ ਸਨ। ਕਈ ਵਾਰ ਭਰਿਆ ਰੀਵਾਲਵਰ, "ਬਬਰ ਅਕਾਲੀ ਦੁਆਬਾ" ਅਖ਼ਬਾਰ ਦੇ ਪਰਚੇ ਅਤੇ ਕਈ ਚਿੱਠੀ-ਪੱਤਰ ਵੀ ਮੈਨੂੰ ਇਸੇ ਬਾਰੀ ਵਿਚੋਂ ਫੜ ਕੇ ਸਾਂਭਣੇ ਪੈਂਦੇ ਸਨ। ਭਾਈ ਕਿਸ਼ਨ ਸਿੰਘ ਹੁਰਾਂ ਦੇ ਘਰ ਸੁਨੇਹਾ, ਜਿਹੜਾ ਆਮ ਕਰਕੇ ਮੈਂ ਚਾਚੀ ਜੀ ਧਰਮ ਕੌਰ ਨੂੰ ਪੁਚਾਉਂਦਾ ਰਹਿੰਦਾ ਸੀ, ਦੇਣ ਜਾਣ ਵੇਲੇ ਵੀ ਇਹੋ ਤਾਕੀ ਹੀ ਕੰਮ ਦਿੰਦੀ ਸੀ। ਪਸਤੌਲ ਜਾਂ ਪਰਚੇ ਮੈਂ ਹਮੇਸ਼ਾ ਕਰਮ ਸਿੰਘ ਜਾਂ ਦੂਜੇ ਮਿੱਤਰਾਂ ਦੀਆਂ ਅਲਮਾਰੀਆਂ ਵਿਚ ਰੱਖ ਦਿਆ ਕਰਦਾ ਸੀ, ਕਿਉਂਕਿ ਆਮ ਪਾੜ੍ਹਿਆਂ ਅਤੇ ਮਾਸਟਰਾਂ ਨੂੰ ਪਤਾ ਲੱਗ ਚੁਕਿਆ ਸੀ ਕਿ ਮੇਰਾ ਬਬਰਾਂ ਨਾਲ ਸਿੱਧਾ ਸੰਪਰਕ ਕਾਇਮ ਹੋ ਚੁਕਿਆ ਹੈ। ਕਈ ਵਾਰੀ ਜੱਸੋਵਾਲ ਤਕ ਵੀ ਜਾਣਾ ਪਿਆ ਸੀ। ਬਹੁਤ ਲੰਮੀ ਕਹਾਣੀ ਹੈ, ਪਰ ਮੈਂ ਇਸ਼ਾਰੇ-ਮਾਤਰ ਦਰਜ ਕਰ ਦਿੱਤੀ ਹੈ।

ਸ਼ੱਕ ਜ਼ਰੂਰ ਸੀ ਕਿ ਪੁਲਸ ਕਦੇ ਵੀ ਮੇਰੀ ਅਲਮਾਰੀ ਦੀ ਤਲਾਸ਼ੀ ਕਰ ਸਕਦੀ ਹੈ। ਸੋ 23 ਮਾਰਚ 1923 ਵਾਲੇ ਦਿਨ, ਜਿਸ ਦਿਨ ਮੈਂ ਨੌਵੀਂ ਦਾ ਸਾਲਾਨਾ ਇਮਤਿਹਾਨ ਦੇ ਕੇ ਪਿੰਡ ਜਾ ਚੁਕਿਆ ਸੀ, ਪੁਲਸ ਨੇ ਸਕੂਲ ਜਾ ਕੇ ਮੇਰੀ ਅਲਮਾਰੀ ਦਾ ਜਿੰਦਰਾ ਹੈਡਮਾਸਟਰ ਸਾਹਿਬ ਦੀ ਮੌਜੂਦਗੀ ਵਿਚ ਤੁੜਵਾ ਕੇ ਤਲਾਸ਼ੀ ਕੀਤੀ ਸੀ। ਪਿੰਡ ਦੀ ਤਲਾਸ਼ੀ ਦਾ ਮੈਂ ਜ਼ਿਕਰ ਕਰ ਹੀ ਚੁਕਿਆ ਹਾਂ। ਅਲਮਾਰੀ ਵਿਚ ਕੋਈ ਐਸੀ ਚੀਜ਼ ਨਹੀਂ ਸੀ ਜਿਹੜੀ ਪੁਲਸ ਦੇ ਕੰਮ ਦੀ ਹੁੰਦੀ।

ਪਹਿਲੀ ਅਪ੍ਰੈਲ 1923 ਨੂੰ ਸਕੂਲ ਖੁਲ੍ਹਦਿਆ ਹੀ ਹੈਡਮਾਸਟਰ ਚੰਨਣ ਸਿੰਘ ਜੀ ਨੇ ਮੈਨੂੰ ਆਪਣੇ ਕਮਰੇ ਵਿਚ ਸੱਦ ਕੇ ਕਾਫ਼ੀ ਨਸੀਹਤ ਕੀਤੀ ਸੀ। ਹੁਣ ਚਾਰ ਵਿਦਿਆਰਥੀਆਂ ਵਾਲੇ ਕਮਰੇ ਵਿਚੋਂ ਬਾਹਰ ਨਿਕਲਣਾ ਉਂਜ ਵੀ ਅਸੰਭਵ ਹੋ ਚੁਕਿਆ ਸੀ।

18-19 ਅਪ੍ਰੈਲ 1923 ਨੂੰ ਸਕੂਲ ਦਾ ਚਪੜਾਸੀ, ਬਾਬਾ ਰੱਬ ਮੈਨੂੰ ਜਮਾਤ ਵਿਚ ਬੈਠੇ ਨੂੰ ਬੁਲਾ ਕੇ ਹੈਡਮਾਸਟਰ ਸਾਹਿਬ ਦੇ ਕਮਰੇ ਵਿਚ ਲੈ ਗਿਆ। ਮੈਂ ਦੇਖਿਆ ਪੁਲਸ ਦਾ ਇਕ ਬਾਵਰਦੀ ਸਿਪਾਹੀ ਕਮਰੇ ਦੇ ਬਾਹਰ ਚਪੜਾਸੀ ਵਾਲੇ ਸਟੂਲ ਉੱਤੇ ਬੈਠਾ ਹੈ। ਮੈਨੂੰ ਖੁੜਕ ਗਈ ਕਿ ਬੱਸ ਜ਼ਰੂਰ ਕੋਈ ਬਖੇੜਾ ਖੜਾ ਹੋਣ ਵਾਲਾ ਹੈ। ਮੈਨੂੰ ਹੈਡਮਾਸਟਰ ਸਾਹਿਬ ਨੇ ਸਾਹਮਣੀ ਕੁਰਸੀ ਉੱਤੇ ਬੈਠਣ ਲਈ ਕਿਹਾ। ਪਰ ਮੈਂ ਖੜੋਤਾ ਰਿਹਾ। ਉਹਨਾਂ ਦਿਨਾਂ ਵਿਚ ਇਕ ਤਾਲਬ-ਇਲਮ ਇਹੋ ਜਿਹੀ ਗੁਸਤਾਖ਼ੀ ਕਰਨ ਦੀ ਕਦਾਚਿਤ ਹਿੰਮਤ ਨਹੀਂ ਸੀ ਕਰ ਸਕਦਾ ਕਿ ਮਾਸਟਰਾਂ ਸਾਹਮਣੇ ਕੁਰਸੀ ਉੱਤੇ ਬੈਠ ਸਕੇ। ਉਹਨਾਂ ਨੇ ਬੜੇ ਪਿਆਰ ਨਾਲ ਦੁਹਰਾਇਆ ਵੀ, ਪਰ ਮੈਂ ਬੁੱਤ ਬਣਿਆ ਖੜੋਤਾ ਰਿਹਾ। ਆਖ਼ਰ ਹੈਡਮਾਸਟਰ ਸਾਹਿਬ ਨੇ ਉਰਦੂ ਅਖਰਾਂ ਵਿਚ ਲਿਖੀ ਹੋਈ ਪੁਲਸ ਕਪਤਾਨ ਜਲੰਧਰ ਦੀ ਇਕ ਚਿੱਠੀ ਮੈਨੂੰ ਪੜ੍ਹਨ ਲਈ ਫੜਾ ਦਿੱਤੀ। ਉਸ ਵਿਚ ਲਿਖਿਆ ਹੋਇਆ ਸੀ, "ਮਿਲਖਾ ਸਿੰਘ ਵਲਦ ਗੁਲਾਬ ਸਿੰਘ, ਸਾਕਨ ਪੰਡੋਰੀ ਨਿੱਝਰਾਂ, ਥਾਣਾ ਆਦਮਪੁਰ, ਜ਼ਿਲਾ ਜਲੰਧਰ, ਜੋ ਆਪ ਕੇ ਸਕੂਲ ਮੇਂ ਜ਼ੇਰੇ-ਤਾਲੀਮ ਹੈ, ਉਸੇ ਪੋਲੀਸ ਨੇ ਦਸ ਨੰਬਰ ਕੇ ਬਦਮਾਸ਼ੋਂ ਕੀ ਫਹਿਰਿਸਤ ਮੇਂ ਦਰਜ ਕਰ ਲੀਆ ਹੈ ਔਰ ਉਸ ਕੀ ਨਿਗਰਾਨੀ ਕੇ ਲੀਏ ਏਕ ਬਾਵਰਦੀ ਸਿਪਾਹੀ ਭੇਜਾ ਜਾ ਰਹਾ ਹੈ। ਜਿਤਨੀ ਦੇਰ ਯਿਹ ਬਦਮਾਸ਼ ਆਪ ਕੇ ਸਕੂਲ ਮੇਂ ਰਹੇਗਾ, ਯੇਹ ਸਿਪਾਹੀ ਹਰ ਵਕਤ ਉਸ ਕੀ ਨਿਗਰਾਨੀ ਕੇ ਲੀਏ ਆਪ ਕੇ ਸਕੂਲ ਮੇਂ ਰਹੇਗਾ,

ਜਿਸ ਕਾ ਕੁੱਲ ਖ਼ਰਚ ਸਕੂਲ ਕੋ ਅਦਾ ਕਰਨਾ ਪੜੇਗਾ।'' ਥੱਲੇ ਪੁਲਸ ਕਪਤਾਨ ਦੇ ਦਸਖ਼ਤ ਸਨ ਅਤੇ ਮੋਹਰ ਲਗੀ ਹੋਈ ਸੀ।

ਹੈਡਮਾਸਟਰ ਸਾਹਿਬ ਨੇ ਮੈਨੂੰ ਉਸੇ ਵੇਲੇ ਸਕੂਲ ਛੱਡ ਜਾਣ ਦੀ ਸਲਾਹ ਦਿੱਤੀ ਅਤੇ ਕਿਹਾ, ''ਹੁਣ ਤੂੰ ਪਿੰਡ ਨੂੰ ਚਲਿਆ ਜਾ। ਜਦੋਂ ਚਾਂ-ਭਾਂ ਮਿਟ ਜਾਵੇਗੀ, ਮੁੜ ਆ ਜਾਈਂ। ਜਿਵੇਂ ਨੌਵੀਂ ਵਿਚ ਪੜ੍ਹਦਿਆਂ ਛੇ ਮਹੀਨੇ ਜਿਹਲ ਵਿਚ ਲਾ ਹੀ ਚੁਕਿਆ ਹੈਂ ਅਤੇ ਮੁੜ ਆ ਕੇ ਦਸਵੀਂ ਵਿਚ ਹੋ ਗਿਆ ਹੈਂ, ਫੇਰ ਆ ਜਾਵੀਂ।'' ਮੈਂ ਬੋਰਡਿੰਗ ਵਿਚ ਪੁਜਿਆ, ਸਾਮਾਨ ਬੰਨ੍ਹਿਆ, ਗੁਰਦੁਆਰੇ ਜਾ ਕੇ ਮੱਥਾ ਟੇਕਿਆ ਅਤੇ ਡੁਬਡੁਬਾਈਆਂ ਅੱਖਾਂ ਨਾਲ ਹਮੇਸ਼ਾ-ਹਮੇਸ਼ਾ ਵਾਸਤੇ ਪਿੰਡ ਪੁੱਜ ਗਿਆ।

ਸੱਚੀ ਗੱਲ ਤਾਂ ਇਹ ਹੈ ਕਿ ਜਿਸ ਵੇਲੇ ਮੈਂ ਸਾਮਾਨ ਬੰਨ੍ਹ ਰਿਹਾ ਸੀ ਤਾਂ ਸਕੂਲ ਵਿਚ ਰੌਲਾ ਪੈ ਗਿਆ। ਮੁੰਡੇ ਕਲਾਸਾਂ ਵਿਚੋਂ ਬਾਹਰ ਨਿਕਲ ਆਏ। ਉਹਨਾਂ ਦਿਨਾਂ ਵਿਚ ਸਰਕਾਰ ਦਾ ਡਰ ਖ਼ਤਮ ਹੋ ਚੁਕਿਆ ਸੀ। ਪਰ ਅੱਜ ਵਾਂਗੂ ਨਾਹਰੇਬਾਜ਼ੀ ਬਿਲਕੁਲ ਨਹੀਂ ਸੀ ਹੁੰਦੀ। ਪਾੜ੍ਹਿਆਂ ਦੀ ਇਕ ਦੂਜੇ ਨਾਲ ਹਮਦਰਦੀ ਇਕ ਵੱਖਰੀ ਹੀ ਕਿਸਮ ਦੀ ਦੁਰਲਭ ਸ਼ੈਅ ਕਹੀ ਜਾ ਸਕਦੀ ਹੈ। ਮੈਂ ਸਾਮਾਨ ਵੀ ਬੰਨ੍ਹ ਰਿਹਾ ਸੀ ਅਤੇ ਅੱਥਰੂ ਵੀ ਮੀਂਹ ਵਾਂਗੂ ਡਿੱਗ ਰਹੇ ਸਨ। ਜਮਾਤੀ ਬੁੱਤ ਬਣੇ ਡੁਬਡੁਬਾਈਆਂ ਅੱਖਾਂ ਨਾਲ ਦੇਖੀਂ ਜਾ ਰਹੇ ਸਨ। ਅੱਜ ਜਦੋਂ ਮੈਂ ਇਹ ਸਤਰਾਂ ਦਰਜ ਕਰ ਰਿਹਾ ਹਾਂ, ਮਿੱਤਰੋ ਯਕੀਨ ਮੰਨਿਉਂ, ਉਹੋ ਝਾਕੀ ਮੇਰੀਆਂ ਅੱਖਾਂ ਸਾਹਮਣੇ ਘੁੰਮ ਰਹੀ ਹੈ। ਬੁੱਢੇ-ਵਾਰੇ ਵੀ ਅੱਖਾਂ ਡੁਬਡੁਬਾ ਆਈਆਂ ਹਨ, ਕਿਉਂਕਿ ਸਕੂਲ ਦੀ ਜ਼ਿੰਦਗੀ ਦੇ ਉਹ ਨਜ਼ਾਰੇ ਸਾਖਿਆਤ ਰੂਪ ਧਾਰੀਂ ਮੇਰੇ ਸਾਹਮਣੇ ਆ ਖੜੋਤੇ ਹਨ।

ਹੁਣ ਪੜ੍ਹੋ 20 ਅਤੇ 21 ਅਪ੍ਰੈਲ 1923 ਦੀ ਕਾਰਵਾਈ।

ਮੈਂ ਪਹਿਲਾਂ ਪੂਰੇ ਵਿਸਥਾਰ ਨਾਲ ਦੱਸ ਆਇਆ ਹਾਂ ਕਿ ਵਤਨ ਸਿੰਘ ਅਤੇ ਬਾਬੂ ਸੰਤਾ ਸਿੰਘ 20 ਅਪ੍ਰੈਲ 1923 ਨੂੰ ਰਾਤ ਪਈ ਤੋਂ ਗੁਰਦੁਆਰਾ ਕਿਸ਼ਨਪੁਰੇ ਤੋਂ ਵਾਪਸ ਆ ਕੇ ਪੰਡੋਰੀ ਨਿੱਝਰਾਂ ਦੀ ਝਿੜੀ ਵਾਲੀ ਛੰਨ ਵਿਚ ਆ ਸੁਤੇ ਸਨ। 21 ਅਪ੍ਰੈਲ 1923 ਦਾ ਛਾਹ ਵੇਲਾ ਲੈ ਕੇ ਵਤਨ ਸਿੰਘ ਮੁੜ ਝਿੜੀ ਵਿਚ ਬਾਬੂ ਸੰਤਾ ਸਿੰਘ ਕੋਲ ਚਲਿਆ ਗਿਆ ਸੀ। ਮੈਂ ਲਿਖਿਆ ਸੀ ਕਿ ਹੁਣ ਇਕ ਹੋਰ ਅਜਿਹਾ ਮੋੜ ਆਉਂਦਾ ਹੈ, ਜੀਹਨੇ ਇਸ ਸਿਖਰਾਂ ਉੱਤੇ ਪੁਜ ਚੁੱਕੀ ਬਬਰ ਲਹਿਰ ਨੂੰ ਢਾਹ ਲਾਉਣੀ ਸ਼ੁਰੂ ਕਰ ਦਿੱਤੀ। ਵਤਨ ਸਿੰਘ ਨੇ ਵਾਇਦਾ-ਮੁਆਫ਼ੀ ਲੈ ਕੇ ਸੈਸ਼ਨ ਜੱਜ ਦੀ ਅਦਾਲਤ ਵਿਚ ਪੇਪਰ-ਬੁੱਕ ਦੇ ਸਫ਼ਾ 94 ਤੋਂ ਆਪਣੀ ਗਰਿਫ਼ਤਾਰੀ ਬਾਰੇ ਕਿਹਾ ਸੀ ਕਿ ਉਹਨੂੰ 21 ਅਪ੍ਰੈਲ 1923 ਨੂੰ ਗਰਿਫ਼ਤਾਰ ਕੀਤਾ ਗਿਆ ਸੀ। ਸਫ਼ਾ 94 ਉਤੇ ਉਹ ਕਹਿੰਦਾ ਹੈ ਕਿ ਉਹਨੂੰ ਪੁਲਸ ਨੇ ਘਰੋਂ ਗਰਿਫਤਾਰ ਕੀਤਾ ਅਤੇ ਜਿਰਾਹ ਵਿਚ ਸਫ਼ਾ 95 ਉਤੇ ਕਹਿੰਦਾ ਹੈ ਕਿ ''ਇਹ ਠੀਕ ਹੈ, ਜਦੋਂ ਮੈਂ ਪਿੰਡ ਦੇ ਚਾਰ ਨਾਬਾਲਗਾਂ ਨੂੰ ਨਾਲ ਲੈ ਕੇ ਢੱਡਿਆਂ ਵਾਲੇ ਲਾਭ ਸਿੰਘ ਨੂੰ ਕਤਲ ਕਰਨ ਲਈ ਸ਼ਾਮਚੁਰਾਸੀ ਦੇ ਭੱਠੇ ਉਤੇ ਗਿਆ ਸੀ ਤਾਂ ਮੇਰਾ ਬਬਰਾਂ ਨਾਲ ਝਗੜਾ ਹੋ ਗਿਆ ਸੀ ਅਤੇ ਮੈਨੂੰ ਪੁਲਸ ਨੇ ਛਾਹ ਵੇਲੇ ਗਰਿਫ਼ਤਾਰ ਕੀਤਾ ਸੀ।'' ਹੁਣ ਮੈਂ ਸਹੀ ਗੱਲ ਪਾਠਕਾਂ ਨੂੰ ਦੱਸ ਰਿਹਾ ਹਾਂ, ਜਿਵੇਂ ਇਸ ਨੀਚ ਨੇ ਸਾਡੇ ਨਾਲ ਗੱਦਾਰੀ ਕੀਤੀ ਸੀ।

ਵਤਨ ਸਿੰਘ ਦੇ ਇਹਤੋਂ ਛੋਟੇ ਦੋ ਭਰਾ ਸਰਕਾਰੀ ਨੌਕਰੀ ਕਰ ਰਹੇ ਸਨ, ਜਿਨ੍ਹਾਂ ਨੂੰ ਇਹਦੀਆਂ ਸਰਗਰਮੀਆਂ ਦਾ ਪਤਾ ਸੀ। ਮੈਨੂੰ ਵੀ ਸਕੂਲੋਂ ਕਢਿਆ ਜਾ ਚੁਕਿਆ

ਸੀ ਅਤੇ ਉਸ ਦਿਨ ਮੈਂ ਪਿੰਡ ਹੀ ਸੀ। ਇਹਦੇ ਭਰਾਵਾਂ ਨੇ ਮੀਰ ਫਜ਼ਲ ਇਮਾਮ ਨਾਲ ਗੰਢ-ਤੁੱਪ ਕਰਕੇ ਇਹਨੂੰ ਵਾਇਦਾ-ਮੁਆਫ਼ੀ ਦੁਆਉਣ ਦਾ ਇਕਰਾਰ ਕਰ ਲਿਆ ਜੀਹਨੇ ਇਕ ਹੈਡਕੰਸਟੇਬਲ ਕਰਮ ਦੀਨ ਅਤੇ ਦੋ ਸਿਪਾਹੀ ਭੇਜ ਦਿੱਤੇ। ਉਹ ਪਿੰਡੋਂ ਬਾਹਰ ਇਕ ਖੂਹ ਉੱਤੇ ਆ ਬੈਠੇ ਅਤੇ ਇਹ ਬਾਬੂ ਸੰਤਾ ਸਿੰਘ ਨਾਲ ਐਵੇਂ ਹੀ ਝਗੜ ਕੇ ਪਸਤੌਲ ਉਹਦੇ ਸਾਹਮਣੇ ਸੁੱਟ ਕੇ ਪਿੰਡ ਨੂੰ ਆ ਗਿਆ। ਮਿਥੇ ਪ੍ਰੋਗਰਾਮ ਮੁਤਾਬਿਕ ਜਿਥੇ ਪੁਲਸ ਇਹਨੂੰ ਉਡੀਕ ਰਹੀ ਸੀ, ਐਵੇਂ ਬਣਾਉਟੀ ਝੁਗਲ-ਮਾਟਾ ਕਰਕੇ ਉਧਰ ਨੂੰ ਚੱਲ ਪਿਆ। ਪੁਲਸੀਆਂ ਨਾਲ ਫ਼ੈਸਲਾ ਸੀ ਕਿ ਜਿਹੜਾ ਬੰਦਾ ਸਿਰ-ਮੂੰਹ ਲਪੇਟੀਂ ਉਹਨਾਂ ਦੇ ਕੋਲੋਂ ਦੀ ਲੰਘੇਗਾ, ਉਹ ਸਮਝ ਲੈਣ ਕਿ ਉਹੋ ਵਤਨ ਸਿੰਘ ਹੋਵੇਗਾ। ਖੂਹ ਆਦਮਪੁਰ ਨੂੰ ਜਾਣ ਵਾਲੇ ਰਾਹ ਉੱਤੇ ਸੀ। ਸੋ ਉਹਨਾਂ ਨੇ ਹਥਕੜੀ ਲਾਈ ਅਤੇ ਜਲੰਧਰ ਜਾ ਮੀਰ ਸਾਹਿਬ ਅਗੇ ਪੇਸ਼ ਕੀਤਾ। ਸਮਝ ਲਉ, ਪੁਲਸ ਨੂੰ ਬੈਠਿਆਂ-ਬਿਠਾਇਆਂ ਪਕਿਆ-ਪਕਾਇਆ ਫਲ ਝੋਲੀ ਵਿਚ ਆ ਡਿਗਿਆ।

ਗਰਿਫ਼ਤਾਰੀ ਦਾ ਨਾਟਕ ਜਾਣ-ਬੁਝ ਕੇ ਘੜਿਆ ਗਿਆ ਸੀ, ਤਾਂ ਜੋ ਪਿੰਡ ਵਾਲਿਆਂ ਦੀ ਨੁਕਤਾਚੀਨੀ ਤੋਂ ਬਚਿਆ ਜਾ ਸਕੇ। ਜਿਸ ਵੇਲੇ ਸਾਨੂੰ ਕਰਤਾਰ ਸਿੰਘ ਦੀ ਬੈਠਕ ਵਿਚ ਬੈਠਿਆਂ ਨੂੰ ਪਤਾ ਲਗਿਆ ਕਿ ਵਤਨ ਸਿੰਘ ਸਿਰ-ਮੂੰਹ ਵਲ੍ਹੇਟੀਂ ਬਾਹਰ ਜਾ ਰਿਹਾ ਸੀ ਅਤੇ ਪਿੰਡ ਦਾ ਇਕ ਚੌਕੀਦਾਰ, ਜਾਲ੍ਹੂ ਕੁਦਰਤੀ ਹੀ ਇਕ ਹੌਲਦਾਰ ਤੇ ਦੋ ਸਿਪਾਹੀਆਂ ਨਾਲ ਆਦਮਪੁਰੋਂ ਪਿੰਡ ਵੱਲ ਆ ਰਿਹਾ ਸੀ ਅਤੇ ਲੰਬੜਾਂ ਦੇ ਖੂਹ ਕੋਲ ਜਾਲ੍ਹੂ ਨੇ ਪਛਾਣ ਕੇ ਗਰਿਫ਼ਤਾਰ ਕਰਵਾ ਦਿੱਤਾ ਹੈ, ਅਸੀਂ ਟਕੂਏ ਲੈ ਕੇ ਖੂਹ ਵੱਲ ਭੱਜੇ। ਸਾਡੀ ਸਲਾਹ ਸੀ ਕਿ ਚੱਲ ਕੇ ਛੁਡਾ ਲਈਏ। ਅਸੀਂ ਖੁਰਦਪੁਰ ਤਕ ਭੱਜੇ ਵੀ ਗਏ, ਪਰ ਉਹ ਤਾਂ ਥਾਣੇ ਜਾ ਪੁੱਜੇ ਸੀ। ਅਸੀਂ ਨਾਕਾਮ ਵਾਪਸ ਮੁੜ ਆਏ ਸੀ। ਇਹ ਭੇਤ ਉਦੋਂ ਖੁਲ੍ਹਿਆ, ਜਦੋਂ ਪੁਲਸ ਉਹਨੂੰ ਸਾਡੇ ਸਾਹਮਣੇ ਲਿਆ ਕੇ ਉਹਤੋਂ ਇਹ ਕਹਾਉਣ ਲੱਗੀ ਕਿ "ਕਿਉਂ ਐਵੇਂ ਹੱਡ ਤੁੜਵਾ ਰਹੇ ਹੋ, ਸਚੋ-ਸੱਚ ਦੱਸ ਕੇ ਮੇਰੇ ਵਾਂਗੂ ਖੁਲ੍ਹੇ ਜਿਧਰ ਦਿਲ ਕਰਦਾ ਹੈ, ਤੁਰੋ-ਫਿਰੋ। ਐਵੇਂ ਪੁਲਸ ਦੀ ਮਾਮੂਲੀ ਨਿਗਰਾਨੀ ਹੀ ਮੇਰੇ ਵਾਂਗੂ ਰਹਿ ਜਾਣੀ ਹੈ।"

ਸਚਮੁੱਚ ਉਹ ਬਿਨਾਂ ਹਥਕੜੀ, ਨਾਤ੍ਹਾ-ਧੋਤਾ, ਸਾਫ਼-ਸੁਥਰੇ ਕਪੜੇ ਪਾਈਂ ਸਾਡੇ ਸਾਹਮਣੇ ਆਉਂਦਾ ਹੁੰਦਾ ਸੀ ਅਤੇ ਇਕੱਲਾ ਹੀ ਹੁੰਦਾ ਸੀ। ਅਸੀਂ ਹੈਰਾਨ ਹੋਣਾ ਕਿਉਂਕਿ ਮਈ ਦੀ ਗਰਮੀ, ਚਿੱਕੜ ਵਰਗੇ ਹੋ ਚੁੱਕੇ ਝੱਗਾ ਤੇ ਕਛਹਿਰਾ, ਸਿਰ ਵਿਚ ਗਿਠ-ਗਿਠ ਮਿੱਟੀ, ਪੱਗ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ, ਪੁਲਸ ਪਹਿਲਾਂ ਹੀ ਲਾਹ ਕੇ ਲਿਜਾ ਚੁੱਕੀ ਸੀ, ਰੋਜ਼ਾਨਾ ਦੀ ਛਿਤਰ-ਕੁੱਟ ਵੱਖਰੀ ਕਿ ਦੱਸੋ ਢੱਡਿਆਂ ਨੂੰ ਕੀ ਕਰਨ ਗਏ ਸੀ ਅਤੇ ਸਕੂਲ ਵਿਚ ਕਿਹੜੇ ਯਾਰਾਂ ਤੋਂ ਕਲਾਕੰਦ ਤੇ ਦੁੱਧ ਆਪਣੇ ਕੁ-ਲਗਦਿਆਂ ਨੂੰ ਖੁਆਉਂਦਾ-ਪਿਆਉਂਦਾ ਸੀ। ਬਾਕੀ ਪਾਠਕ ਆਪ ਹੀ ਅੰਦਾਜ਼ਾ ਲਾ ਲੈਣ ਕਿ ਤਪਦੇ ਫ਼ਰਸ਼ਾਂ ਉੱਤੇ ਖਿਲਰੀ ਤਪਦੀ ਰੇਤ ਉੱਤੇ ਸਾਨੂੰ ਅਲਫ਼ ਨੰਗਿਆਂ ਕਰਕੇ ਕੇਸਾਂ ਤੋਂ ਫੜ ਘੜੀਸੀ ਫਿਰਨਾ ਅਤੇ ਸ਼ਰਮਨਾਕ ਤਸੀਹੇ ਦੇਣੇ। ਇਹ ਇਕੱਲੇ ਵਤਨ ਸਿੰਘ ਵਾਇਦਾ-ਮੁਆਫ਼ ਦੀ ਗੱਲ ਨਹੀਂ ਸੀ, ਜਿਸ-ਜਿਸ ਗੱਲ ਵਿਚ ਜਿਸ-ਜਿਸ ਵਾਇਦਾ-ਮੁਆਫ਼ ਦਾ ਬਿਆਨ ਆਉਂਦਾ ਸੀ, ਉਹਤੋਂ ਸਾਡੇ ਮੂੰਹ ਉੱਤੇ ਲਿਆ ਕੇ ਇਕਬਾਲ ਕਰਾਉਣ ਦੀ ਪੁਲਸ ਪੂਰੀ ਵਾਹ ਲਾ ਰਹੀ ਸੀ। ਸਾਧੂ ਸਿੰਘ ਪ੍ਰਾਗਪੁਰ, ਰਾਮ ਸਿੰਘ ਮੁਜਾਰਾ ਕਲਾਂ ਅਤੇ ਸੰਤ ਕਰਤਾਰ ਸਿੰਘ ਦੇ ਨਾਂਵਾਂ ਦਾ ਹਵਾਲਾ ਦੇ

ਦਿਆਂ ਤਾਂ ਠੀਕ ਹੀ ਹੈ। ਢੱਡਿਆਂ ਵਾਲੀ ਘਟਨਾ ਵਿਚ ਅਤੇ ਪਟਵਾਰੀ ਅਰਜਨ ਸਿੰਘ ਉੱਤੇ ਹਮਲਿਆਂ ਵੇਲੇ ਮੇਰਾ ਸ਼ਰੀਕ ਹੋਣ ਦਾ ਅਤੇ ਖ਼ਾਲਸਾ ਸਕੂਲ ਵਿਚ 4-5 ਪਾੜ੍ਹਿਆਂ ਨਾਲ ਮਿਲ ਕੇ ਬਬਰਾਂ ਨੂੰ ਮਿਠਾਈ ਖੁਆਉਣ ਦਾ ਇਹਨਾ ਨੇ ਜ਼ਿਕਰ ਕਰ ਦਿੱਤਾ ਸੀ। 21 ਅਪ੍ਰੈਲ 1923 ਤੋਂ ਅਖੀਰ ਜੁਲਾਈ 1923 ਤੱਕ ਹਵਾਲਾਤਾਂ ਦਾ ਪੂਰਾ ਨਰਕ ਭੁਗਤਾਉਣ ਪਿਛੋਂ ਹੀ ਅਸੀਂ ਜਿਹਲ ਵਿਚ ਘੱਲੇ ਗਏ ਸੀ। 13 ਅਗਸਤ 1923 ਨੂੰ ਅਸੀਂ ਲਾਹੌਰ ਸੈਂਟਰਲ ਜਿਹਲ ਵਿਚ ਪੁਚਾ ਦਿਤੇ ਗਏ ਸੀ ਅਤੇ 1923 ਵਿਚ 15 ਅਗਸਤ ਨੂੰ ਸਾਡੀ ਪਹਿਲੀ ਪੇਸ਼ੀ ਮਿਸਟਰ ਬੂਲ ਮੈਜਿਸਟਰੇਟ ਦੀ ਅਦਾਲਤ ਵਿਚ ਹੋਈ ਸੀ। ਇਸੇ 15 ਅਗਸਤ ਨੂੰ 1947 ਵਿਚ ਉੱਪਰ-ਦੱਸੇ ਤਸੀਹੇ ਦੇਣ ਵਾਲੀ ਸਰਕਾਰ ਬਿਸਤਰਾ-ਬੋਰੀਆ ਗੋਲ ਕਰਕੇ ਉਸ ਮੋਤੀਆਂ ਵਾਲੀ ਸਰਕਾਰ ਦੇ ਹਵਾਲੇ ਕਰ ਤੁਰ ਗਈ ਸੀ ਜੀਹਦੀ ਛਤਰਛਾਇਆ ਹੇਠ ਅਸੀਂ ਉਸ ਆਜ਼ਾਦੀ ਦੇ ਨਜ਼ਾਰੇ ਮਾਣ ਰਹੇ ਹਾਂ, ਜੀਹਦੀ ਖ਼ਾਤਰ ਸਿਰਲੱਥ ਦੇਸਭਗਤਾਂ ਨੇ ਕੁਰਬਾਨੀਆਂ ਦੇ ਕਾਰਨਾਮੇ ਕੀਤੇ ਸਨ।

ਵਤਨ ਸਿੰਘ ਹਾਲੇ ਤੱਕ ਜਿਉਂਦਾ ਹੈ। ਅਸੀਂ ਤਾਂ ਮੁੜ ਕੇ ਸਾਰੀ ਉਮਰ ਉਹਦੇ ਮੱਥੇ ਨਹੀਂ ਲਗੇ। ਪਰ ਕਈ ਸੱਜਣ ਮਿੱਤਰ ਦਸਦੇ ਹਨ ਕਿ ਉਹ ਬਹੁਤ ਪਛਤਾ ਰਿਹਾ ਹੈ ਅਤੇ ਮੰਨਦਾ ਹੈ ਕਿ "ਮੇਰੇ ਭਰਾਵਾਂ ਨੇ ਮੈਨੂੰ ਪੁੱਠੇ ਰਾਹ ਪਾ ਕੇ ਇਹ ਨਰਕ ਭੋਗਣ ਲਈ ਜਿਉਂਦਾ ਰਖਿਆ ਹੈ"। ਛੋਟੇ ਦੋਵੇਂ, ਕਾਫ਼ੀ ਅਰਸਾ ਹੋਇਆ, ਰੱਬ ਨੂੰ ਪਿਆਰੇ ਹੋ ਚੁੱਕੇ ਹਨ। ਸਚਮੁੱਚ ਜੇ ਇਹ ਪੁੱਠੇ ਰਾਹ ਨਾ ਪੈਂਦਾ ਤਾਂ ਅੱਜ ਇਹਦਾ ਨਾਂ ਵੀ ਚੋਟੀ ਦੇ ਸ਼ਹੀਦਾਂ ਵਿਚ ਹੋਣਾ ਸੀ। ਉਹਨੇ ਫਾਂਸੀ ਤਾਂ ਹਰ ਹਾਲਤ ਵਿਚ ਲਗਣਾ ਹੀ ਸੀ, ਕਿਉਂਕਿ ਦਲੀਪੇ ਧਾਮੀਆਂ ਅਤੇ ਬਾਬੂ ਸੰਤਾ ਸਿੰਘ ਵਾਂਗੂ ਇਹ ਵੀ ਬਹੁਤਿਆਂ ਕਤਲਾਂ ਵਿਚ ਹਿੱਸਾ ਲੈ ਚੁਕਿਆ ਸੀ। ਹੁਣ ਉਹਨੂੰ ਵੱਡੇ ਗ਼ੱਦਾਰਾਂ ਵਿਚ ਹਮੇਸ਼ਾ-ਹਮੇਸ਼ਾ ਲਈ ਬਤੌਰ ਕਲੰਕੀ ਯਾਦ ਕੀਤਾ ਜਾਵੇਗਾ।

ਜਾਲ੍ਹੂ ਚੌਕੀਦਾਰ ਸਿਰਫ਼ ਸ਼ਨਾਖ਼ਤ ਕਰਨ ਬਦਲੇ ਇਕ ਮੁਰੱਬਾ ਜ਼ਮੀਨ ਲੈ ਕੇ ਜ਼ਿਲਾ ਲਾਇਲਪੁਰ ਵਿਚ ਚੁਗ਼ਲਖੋਰਾਂ ਦੇ ਚੱਕ ਦਾ ਵਾਸੀ ਜਾ ਬਣਿਆ ਸੀ। ਵਤਨ ਸਿੰਘ ਦੇ ਬਿਆਨ ਸਦਕਾ 21 ਅਪ੍ਰੈਲ 1923 ਨੂੰ ਤਕਰੀਬਨ ਗਿਆਰਾਂ ਕੁ ਬਜੇ ਰਾਤ ਦੇ, ਜਿਸ ਵੇਲੇ ਅਸੀਂ ਗੂਹੜੀ ਨੀਂਦ ਸੁੱਤੇ ਪਏ ਸੀ, ਪੁਲਸ ਦੀਆਂ ਧਾੜਾਂ ਨੇ ਸਾਨੂੰ ਸੁੱਤਿਆਂ ਪਿਆਂ ਨੂੰ ਆ ਚੁੱਕਿਆ ਸੀ ਅਤੇ ਦੋਹਾਂ ਹੱਥਾਂ ਵਿਚ ਹੱਥਕੜੀ ਜੜ ਕੇ ਕਰਤਾਰ ਸਿੰਘ, ਹੁਕਮ ਸਿੰਘ ਦੀ ਉਸੇ ਬੈਠਕ ਦੇ ਥੜ੍ਹੇ ਉੱਤੇ ਲਿਆ ਬਿਠਾਇਆ ਸੀ, ਜਿਥੇ ਦੋਵੇਂ ਭਰਾ ਹੱਥਕੜੀਆਂ ਲਾ ਕੇ ਮੇਰੇ ਪੁੱਜਣ ਤੋਂ ਪਹਿਲਾਂ ਹੀ ਬਿਠਾਏ ਹੋਏ ਸਨ। ਥੋੜ੍ਹੇ ਹੀ ਚਿਰ ਬਾਅਦ ਸਾਧਾ ਸਿੰਘ ਅਤੇ ਨਿਰਵੈਰ ਸਿੰਘ ਵੀ ਉਥੇ ਹੀ ਲਿਆ ਬਿਠਾਏ।

ਸਾਡੇ ਘਰਾਂ ਉੱਤੇ ਪੁਲਸ ਦਾ ਪਹਿਰਾ ਬਿਠਾ ਦਿੱਤਾ ਗਿਆ ਸੀ। ਦਿਨ ਚੜ੍ਹੇ ਸਾਨੂੰ ਨਾਲ ਲੈ ਕੇ ਮੁੜ 23 ਮਾਰਚ 1923 ਵਾਂਗੂ ਇਕੱਲੇ-ਇਕੱਲੇ ਘਰ ਦੀ ਤਲਾਸ਼ੀ ਲਈ ਗਈ। ਮਿਲਣਾ ਕੀ ਸੀ। ਪਹਿਲੀ ਤਲਾਸ਼ੀ ਤੋਂ ਬਾਅਦ ਘਰ ਕੋਈ ਚੀਜ਼ ਰੱਖਣ ਦਾ ਸਵਾਲ ਹੀ ਨਹੀਂ ਸੀ। 22 ਅਪ੍ਰੈਲ 1923 ਨੂੰ ਤਕਰੀਬਨ ਦਸ-ਗਿਆਰਾਂ ਬਜੇ ਦਿਨੇ ਸਾਨੂੰ ਆਦਮਪੁਰ ਥਾਣੇ ਦੀ ਹਵਾਲਾਤ ਵਿਚ ਜਾ ਡਕਿਆ ਸੀ। ਬੇਸ਼ੱਕ ਸਾਨੂੰ ਗਰਿਫ਼ਤਾਰ ਤਾਂ 21 ਅਪ੍ਰੈਲ 1923 ਨੂੰ ਕਰ ਲਿਆ ਗਿਆ ਸੀ, ਪਰ ਪੁਲਸ ਨੇ ਗਰਿਫ਼ਤਾਰੀ 22 ਅਪ੍ਰੈਲ 1923 ਦੀ ਜ਼ਾਹਰ ਕੀਤੀ ਹੈ, ਜੀਹਦਾ ਜ਼ਿਕਰ ਮੈਂ

ਪਹਿਲਾਂ ਕਰ ਹੀ ਚੁਕਿਆ ਹਾਂ। ਅਗਲੇ ਦਿਨ ਮੇਰੇ ਚਾਰਾਂ ਸਾਥੀਆਂ ਨੂੰ ਪੁਲਸ ਪਤਾ ਨਹੀਂ ਕਿਧਰ ਲੈ ਗਈ, ਪਰ ਮੈਂ ਆਦਮਪੁਰ ਦੀ ਹਵਾਲਾਤ ਵਿਚ ਹੀ ਰਹਿ ਗਿਆ ਸੀ। ਅਗਲੇ ਦਿਨ 23 ਅਪ੍ਰੈਲ 1923 ਦੀ ਘਟਨਾ ਦੱਸ ਦੇਵਾਂ, ਤਾਂ ਕੋਈ ਹਰਜ ਵਾਲੀ ਗੱਲ ਨਹੀਂ, ਕਿਉਂਕਿ ਉਸ ਦਿਨ ਦੀ ਯਾਦ ਜਿਸ ਵੇਲੇ ਆਉਂਦੀ ਹੈ ਤਾਂ 75ਵੇਂ ਸਾਲ ਵਿਚ ਵੀ ਝੁਣਝੁਣੀ ਆ ਜਾਂਦੀ ਹੈ।

19 ਅਪ੍ਰੈਲ 1923 ਨੂੰ ਥਾਣਾ ਆਦਮਪੁਰ ਦਾ ਇੰਚਾਰਜ ਹਰਚਰਨ ਸਿੰਘ ਰੰਧਾਵਾ ਆ ਲਗਿਆ ਸੀ। ਜਿਸ ਵੇਲੇ ਮੈਂ ਇਕੱਲਾ ਹਵਾਲਾਤ ਵਿਚ ਬੰਦ ਸੀ, ਉਹ ਸੀਖਾਂ ਵਾਲੇ ਦਰਵਾਜ਼ੇ ਅੱਗੇ ਆ ਕੇ ਗਾਲੀ ਕੱਢ ਕੇ ਕਹਿਣ ਲਗਿਆ, "ਉਇ, ਤੁਸੀਂ ਅੰਗਰੇਜ਼ ਹਕੂਮਤ ਨੂੰ ਉਲਟਾਉਣਾ ਚਾਹੁੰਦੇ ਸੀ?" ਕਿਉਂਕਿ ਉਸ ਵੇਲੇ ਅਸੀਂ ਵੀ ਆਪਣੇ-ਆਪ ਵਿਚ ਕੁਝ ਬਣੇ ਬੈਠੇ ਸੀ, ਮੈਂ ਵੀ ਉਸੇ ਲਹਿਜ਼ੇ ਵਿਚ ਗਾਲੀ ਦਾ ਜਵਾਬ ਗਾਲੀ ਨਾਲ ਦੇ ਦਿੱਤਾ। ਬੱਸ ਫੇਰ ਕੀ ਸੀ, ਵੱਡਾ ਗੇਟ ਤਾਂ ਪਹਿਲਾਂ ਹੀ ਬੰਦ ਸੀ, ਛੋਟੀ ਤਾਕੀ ਵੀ ਅਰਦਲੀ ਤੋਂ ਬੰਦ ਕਰਵਾ ਲਈ ਅਤੇ ਮੈਨੂੰ ਗਾਲਾਂ ਕਢਦੇ ਨੇ ਆਪਣੀ ਵਰਦੀ ਵੀ ਉਥੇ ਖੜ੍ਹੇ ਨੇ ਹੀ ਲਾਹ ਕੇ ਸਿਪਾਹੀਆਂ ਨੂੰ ਫੜਾ ਦਿੱਤੀ। ਰਹਿ ਗਏ ਬਨੈਨ, ਨਿੱਕਰ ਅਤੇ ਫ਼ੌਜੀ ਬੂਟ। ਹਵਾਲਾਤ ਦਾ ਦਰਵਾਜ਼ਾ ਖੁਲ੍ਹਵਾ ਕੇ ਉਹਨੇ ਮੈਨੂੰ ਅੰਦਰੇ ਹੀ ਆ ਢਾਹਿਆ। ਉਹ ਤਕਰੀਬਨ ਪੌਣੇ ਛੇ ਫੁੱਟਾ ਉੱਚਾ ਹੱਟਾ-ਕੱਟਾ, ਮੱਲਿਆ ਹੋਇਆ ਸੰਢਾ ਅਤੇ ਮੈਂ ਐਵੇਂ 16 ਕੁ ਸਾਲ ਦਾ ਛੋਟਾ ਜਿਹਾ ਛਲਾਰੂ। ਮੈਂ ਉਸ ਦੈਂਤ ਅੱਗੇ ਕੀ ਕਰ ਸਕਦਾ ਸੀ।

ਉਹ ਮੈਨੂੰ ਕੇਸਾਂ ਤੋਂ ਫੜ ਕੇ ਵਿਹੜੇ ਵਿਚ ਘੜੀਸ ਲਿਆਇਆ ਅਤੇ ਉਲਾਰ-ਉਲਾਰ ਜ਼ਮੀਨ ਉੱਤੇ ਵਗਾਹ ਮਾਰਦਾ ਰਿਹਾ। ਵਿਚ-ਵਿਚ ਢਾਕ ਉੱਤੇ ਹੱਥ ਰੱਖ ਕੇ ਇਹ ਗੱਲ ਕਈ ਵਾਰ ਦੁਹਰਾਈ, ਜਿਹੜੀ ਮਰਦੇ-ਦਮ ਤਕ ਭੁੱਲਣ ਵਾਲੀ ਨਹੀਂ, "ਉਇ, ਕੁੱਤੇ ਦੀਏ ਮੂਤਰੀਏ, ਇਕ ਮੈਂ ਜੱਟ, ਦੂਜੇ ਮੈਂ ਜੁਆਨ, ਤੀਜੇ ਮੈਂ ਤਹਿਸੀਲਦਾਰ ਦਾ ਪੁੱਤ, ਚੌਥੇ ਮੈਂ ਹੋਵਾਂ ਥਾਣੇਦਾਰ ਤੇ ਤੂੰ ਮੈਨੂੰ ਗਾਲੀ ਕੱਢ ਜਾਏਂ!" ਜਿੰਨਾ ਚਿਰ ਮੇਰੇ ਸਿਰ, ਮੂੰਹ, ਨਾਸਾਂ, ਕੰਨਾਂ ਵਿਚੋਂ ਲਹੂ ਨਾ ਵਗਣ ਲਗ ਪਿਆ ਅਤੇ ਮੈਂ ਬੇਸੁਰਤ ਹੋ ਕੇ ਚੁਫਾਲ ਢੇਰੀ ਨਾ ਹੋ ਗਿਆ, ਉਹ ਮੈਨੂੰ ਕੁਟਾਪਾ ਚਾੜ੍ਹਦਾ ਰਿਹਾ। ਮੈਨੂੰ ਕੋਈ ਪਤਾ ਨਹੀਂ ਕਿ ਰਾਤ ਕਿਵੇਂ ਲੰਘੀ। ਅਗਲੇ ਦਿਨ ਸਿਰ ਉੱਤੇ ਪੱਟੀ ਜ਼ਰੂਰ ਬੱਧੀ ਮਹਿਸੂਸ ਕੀਤੀ ਸੀ। ਅਗਲਾ ਦਿਨ ਵੀ ਇਸੇ ਤਰ੍ਹਾਂ ਲੰਘ ਗਿਆ। ਥੋੜ੍ਹੀ ਹੋਸ਼ ਆਈ ਤੋਂ ਗਰਮ ਦੁੱਧ ਪੀਣ ਦਾ ਜ਼ਰੂਰ ਚੇਤਾ ਹੈ। ਦੁੱਧ ਨਾਲ ਹੋਸ਼ ਜ਼ਰੂਰ ਪਰਤ ਆਈ ਸੀ। ਰਾਤ ਪੈ ਚੁੱਕੀ ਸੀ। ਅਗਲੇ ਦਿਨ ਸਵੇਰੇ ਵੀ ਗਰਮ ਦੁੱਧ ਮਿਲ ਗਿਆ ਸੀ ਅਤੇ ਮਲ੍ਹਮ-ਪੱਟੀ ਵੀ ਹੋ ਗਈ ਸੀ। ਥਾਣੇਦਾਰ ਸਾਹਿਬ ਦੇ ਮੁੜ ਦਰਸ਼ਨ ਤਾਂ ਨਹੀਂ ਸਨ ਹੋਏ, ਪਰ ਇਕ ਮੁਸਲਮਾਨ ਹੌਲਦਾਰ ਦੀ ਯਾਦ ਅੱਜ ਵੀ ਤਾਜ਼ਾ ਹੈ, ਜੀਹਦੀਆਂ ਅੱਖਾਂ ਮੇਰੇ ਵੱਲ ਤੱਕ ਕੇ ਭਰ ਆਉਂਦੀਆਂ ਸਨ। ਉਸੇ ਨੇ ਹੀ ਆਪ ਪਾਣੀ ਕੱਢ ਕੇ ਮੈਨੂੰ ਨੁਹਾਇਆ ਸੀ ਅਤੇ ਮੇਰੇ ਪਾਟੇ ਕਪੜਿਆਂ ਦੀ ਥਾਂ ਉਹਨੇ ਨਵਾਂ ਝੱਗਾ ਤੇ ਕਛਹਿਰਾ ਪੁਆਇਆ ਸੀ। ਮੁੜ ਮੈਨੂੰ ਜਲੰਧਰ ਲੈ ਗਏ ਸਨ, ਜੀਹਦਾ ਹਾਲ ਪਾਠਕ ਪੜ੍ਹ ਚੁੱਕੇ ਹਨ।

ਉਹੋ ਸਰਦਾਰ ਹਰਚਰਨ ਸਿੰਘ, ਜੱਟ, ਜੁਆਨ, ਤਹਿਸੀਲਦਾਰ ਦਾ ਪੁੱਤ ਅਤੇ ਥਾਣੇਦਾਰ, ਆਜ਼ਾਦ ਭਾਰਤ ਵਿਚ ਡੀ ਐਸ ਪੀ ਬਣ ਕੇ ਰੀਟਾਇਰ ਹੋਇਆ ਸੀ।

1950–51 ਵਿਚ ਮੈਂ ਦੁਆਬਾ ਮੋਟਰ ਸਰਵਿਸ ਕੰਪਨੀ ਹੁਸ਼ਿਆਰਪੁਰ ਦੀ ਮੈਨੇਜਰੀ ਕਰ ਰਿਹਾ ਸੀ। ਇਕ ਦਿਨ ਉਹ ਪੁਰਾਣੇ ਅੱਡੇ ਦੇ ਚੁਬਾਰੇ ਵਿਚ ਤਸ਼ਰੀਫ਼ ਲੈ ਆਏ। ਮੈਂ ਆਪਣੇ ਬੈਂਚ ਉੱਤੇ ਚੌਂਕੜੀ ਮਾਰੀ ਬੈਠਾ ਸੀ।

ਉਹਨਾਂ ਨੇ ਆਵਾਜ਼ ਦਿਤੀ, "ਉਇ, ਮੈਨੂੰ ਪਛਾਣਦਾ ਏਂ।" ਮੈਂ ਫਟਾ–ਫਟ ਬੈਂਚ ਤੋਂ ਉਠਿਆ। ਉਹ ਹਾਲੇ ਦਰਵਾਜ਼ੇ ਵਿਚ ਖੜੋਤੇ ਸਨ। 27–28 ਸਾਲ ਬਾਅਦ ਉਹਨਾਂ ਦੇ ਦਰਸ਼ਨ ਹੋ ਰਹੇ ਸਨ। ਮੈਂ ਉਹਨਾਂ ਵੱਲ ਇਹ ਕਹਿੰਦਾ ਹੋਇਆ ਵਧਿਆ, "ਆਹੋ ਜੀ, ਪਛਾਣ ਗਿਆ ਹਾਂ।" ਉਹਨਾਂ ਨੇ ਅਗੇ ਵਧ ਕੇ ਮੈਨੂੰ ਕਲਾਵੇ ਵਿਚ ਲੈਂਦਿਆਂ ਆਖਿਆ, "ਉਇ ਮਿਲਖਾ ਸਿਆਂ, ਮੈਨੂੰ ਹੁਣੇ ਥੱਲਿਉਂ ਪਤਾ ਲਗਿਆ ਹੈ ਕਿ ਪੰਡੋਰੀ ਨਿੱਝਰਾਂ ਵਾਲਾ ਮਿਲਖਾ ਸਿੰਘ ਉਤੇ ਆਪਣੇ ਕਮਰੇ ਵਿਚ ਬੈਠਾ ਹੈ। ਮੈਂ ਤੈਥੋਂ ਮੁਆਫ਼ੀ ਮੰਗਣ ਆਇਆ ਹਾਂ। ਥਾਣੇਦਾਰੀ, ਇੰਸਪੈਕਟਰੀ ਅਤੇ ਡੀ ਐਸ ਪੀ ਪੁਣਾ ਜ਼ਰੂਰ ਕੀਤਾ, ਪਰ ਤੈਨੂੰ ਪਈ ਕੁੱਟ ਹਾਲੇ ਤੱਕ ਨਹੀਂ ਭੁਲਾ ਸਕਿਆ। ਅਸੀਂ ਸਰਕਾਰ ਦੇ ਖੈਰ–ਖੁਆਹ, ਤੁਸੀਂ ਆਜ਼ਾਦੀ ਦੇ ਮਤਵਾਲੇ। ਅੱਗ–ਪਾਣੀ ਦਾ ਮੇਲ ਕਿਵੇਂ ਹੋ ਸਕਦਾ ਸੀ?" ਗੱਲ ਕੀ ਉਹ ਪਛਤਾ ਰਹੇ ਸਨ ਅਤੇ ਮੈਂ ਬਿਟਰ–ਬਿਟਰ ਤੱਕੀਂ ਜਾ ਰਿਹਾ ਸੀ। ਉਹਨਾਂ ਦੀਆਂ ਅੱਖਾਂ ਮੈਨੂੰ ਤੱਕ ਕੇ ਸਚਮੁੱਚ ਭਰ ਆਈਆਂ ਸਨ। ਇਹ ਗੱਲ ਦੱਸਣੀ ਵੀ ਦਿਲਚਸਪ ਰਹੇਗੀ ਕਿ ਇਹ ਸਰਦਾਰ ਹਰਚਰਨ ਸਿੰਘ ਰੰਧਾਵਾ ਪਰਸਿੱਧ ਡਾਕਟਰ ਐਮ. ਐਸ. ਰੰਧਾਵਾ ਹੁਰਾਂ ਦਾ ਸਭ ਤੋਂ ਵੱਡਾ ਭਰਾ ਸੀ।

22 ਅਪ੍ਰੈਲ 1923 ਤੋਂ 25 ਮਈ 1923 ਤੱਕ ਮੈਂ ਪੁਲਸ ਦਾ ਤਸ਼ੱਦਦ ਬਰਦਾਸ਼ਤ ਕੀਤਾ। 26 ਮਈ 1923 ਨੂੰ ਮੀਆਂ ਮੁਹੰਮਦ ਅਬਦੁਲ ਫਤਿਹ, ਮੈਜਿਸਟਰੇਟ ਅਗੇ ਮੇਰਾ ਬਿਆਨ ਹੋਇਆ। ਮੈਂ ਦੱਸਿਆ ਕਿ ਭਾਈ ਕਿਸ਼ਨ ਸਿੰਘ ਜੀ ਨਾਲ ਵਤਨ ਸਿੰਘ ਦੀ ਮੁਲਾਕਾਤ ਮੈਂ ਹੀ ਆਪਣੀ ਹਵੇਲੀ ਵਿਚ ਸੱਦ ਕੇ ਕਰਵਾਈ ਸੀ। ਢੱਡਿਆਂ ਨੂੰ ਦੀਵਾਨ ਦੇਖਣ ਲਈ ਵਤਨ ਸਿੰਘ ਨਾਲ ਜਾਣ ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਅਸੀਂ ਸਾਮਚੁਰਾਸੀ ਭੱਠੇ ਤੋਂ ਮੁੜ ਆਏ ਸੀ। ਪਰ ਸਕੂਲ ਵਿਚ ਮਿਠਾਈ ਖੁਆਉਣ ਅਤੇ ਅਰਜਨ ਸਿੰਘ ਪਟਵਾਰੀ ਨੂੰ ਕਤਲ ਕਰਨ ਲਈ ਜਾਣ ਦੀ ਮੈਂ ਕੋਈ ਗੱਲ ਨਹੀਂ ਸੀ ਮੰਨੀ ਜਾਂ ਦੱਸੀ। ਇਸੇ ਕਰਕੇ ਜੱਜ ਸਾਹਿਬ ਨੇ ਮੈਨੂੰ ਇਹ ਲਿਖ ਕੇ ਬਰੀ ਕਰ ਦਿੱਤਾ ਸੀ ਕਿ ਇਹਨੂੰ ਬਹਾਦਰਾਂ ਦੀ ਸੇਵਾ ਕਰਨ ਦਾ ਸੁਦਾਅ ਹੋ ਚੁਕਿਆ ਸੀ। ਜੱਜਮੈਂਟ ਦੇ ਸਫ਼ਾ 163 ਉੱਤੇ ਲਫਜ਼ "ਮਿਸਪਲੇਸਡ ਹੀਰੋ–ਵਰਸ਼ਿਪ" ਦਰਜ ਹਨ। ਪਰ ਮਹੀਨੇ ਪਿਛੋਂ ਹਾਈਕੋਰਟ ਦੇ ਹੁਕਮ ਅਧੀਨ ਮੈਨੂੰ ਮੁੜ ਗਰਿਫ਼ਤਾਰ ਕਰ ਲਿਆ ਗਿਆ ਸੀ ਅਤੇ 19 ਜਨਵਰੀ 1926 ਨੂੰ ਮੈਂ ਫੇਰ ਹਾਈਕੋਰਟ ਵਿਚੋਂ ਬਰੀ ਹੋ ਗਿਆ ਸੀ ਤੇ 21 ਅਪ੍ਰੈਲ 1926 ਨੂੰ ਜਿਹਲ ਵਿਚੋਂ ਪਿੰਡ ਪੁੱਜ ਗਿਆ ਸੀ।

ਉਪਰ ਮੈਂ ਸਿਰਫ਼ ਆਪਣੀ ਹੱਡ–ਬੀਤੀ ਹੀ ਲਿਖੀ ਹੈ। ਵੈਸੇ ਸਾਨੂੰ ਜਿੰਨਿਆਂ ਨੂੰ ਗਰਿਫ਼ਤਾਰ ਕੀਤਾ ਗਿਆ ਸੀ, ਹਰ ਇਕ ਨਾਲ ਇਹੋ ਭਾਣਾ ਵਾਪਰਿਆ ਸੀ। ਕਈਆਂ ਨੇ ਇਕਬਾਲ ਕਰ ਲਿਆ ਸੀ, ਪਰ ਕਈ ਅੜੇ ਰਹੇ ਸਨ। ਮੇਰੇ ਹੀ ਪਿੰਡ ਦੇ ਕਰਤਾਰ ਸਿੰਘ ਨੇ ਇਕਬਾਲ ਨਹੀਂ ਸੀ ਕੀਤਾ, ਬੇਸ਼ੱਕ ਉਹਨੂੰ ਉਮਰ–ਕੈਦ ਭੋਗਣੀ ਪਈ ਸੀ। ਹੁਣ ਮੈਂ ਸਮਝਦਾ ਹਾਂ ਕਿ ਭਾਈ ਕਿਸ਼ਨ ਸਿੰਘ ਤੇ ਵਤਨ ਸਿੰਘ ਨੂੰ ਮਿਲਾਉਣ ਅਤੇ ਢੱਡਿਆਂ ਨੂੰ ਜਾਣ ਬਾਰੇ ਵੀ ਮੈਂ ਜੋ ਦੱਸਿਆ, ਉਹ ਵੀ ਨਹੀਂ ਸੀ ਦੱਸਣਾ ਚਾਹੀਦਾ। ਇਹਨੂੰ ਮੇਰੀ ਕਮਜ਼ੋਰੀ ਹੀ ਸਮਝੋ।

# 46. ਪੰਡੋਰੀ ਨਿੱਝਰਾਂ ਦੇ ਲੰਬੜਦਾਰਾਂ ਅਤੇ ਚੌਕੀਦਾਰਾਂ ਨੂੰ ਕਤਲ ਕਰਨ ਦੀ ਸਾਜ਼ਿਸ਼

ਇਸ ਮੰਤਵ ਲਈ ਬਬਰਾਂ ਦਾ ਇਕੱਠ 21 ਅਪ੍ਰੈਲ 1923 ਤੋਂ ਪਹਿਲਾਂ ਹੋਇਆ ਸੀ ਅਤੇ ਹੋਇਆ ਵੀ ਉਸੇ ਝਿੜੀ ਵਿਚ ਸੀ ਜਿਹੜੀ ਬਬਰਾਂ ਦਾ ਪੱਕਾ ਠਿਕਾਣਾ ਬਣ ਚੁੱਕੀ ਸੀ। ਇਸ ਇਕੱਠ ਦੀ ਪੱਕੀ ਤਾਰੀਖ ਹੁਣ ਮੇਰੇ ਯਾਦ ਨਹੀਂ। ਇਸ ਇਕੱਠ ਵਿਚ ਹੇਠ-ਲਿਖੇ 19 ਬਬਰ ਸ਼ਾਮਲ ਹੋਏ ਸਨ : ਅਨੂਪ ਸਿੰਘ ਮਾਣਕੋ ਤੇ ਚੰਦਾ ਸਿੰਘ ਡੁਮੇਲੀ, ਦੋਨੋਂ ਵਾਇਦਾ-ਮੁਆਫ਼ ਗਵਾਹ, ਕਰਤਾਰ ਸਿੰਘ, ਊਧਮ ਸਿੰਘ, ਸਾਧਾ ਸਿੰਘ, ਮਹਿੰਗਾ ਸਿੰਘ ਤੇ ਬਖ਼ਸ਼ੀਸ਼ ਸਿੰਘ, ਪੰਜੇ ਪੰਡੋਰੀ ਨਿੱਝਰਾਂ ਤੋਂ ਜੋ ਸਾਰੇ ਬਬਰ ਕੇਸ ਦੇ ਮੁਲਜ਼ਮ ਬਣੇ, ਬਾਬੂ ਸੰਤਾ ਸਿੰਘ, ਸੁਰਜਨ ਸਿੰਘ ਡੁਮੇਲੀ, ਮੂਲਾ ਸਿੰਘ ਪਲਾਹੀ, ਦਲੀਪ ਸਿੰਘ ਮਾਣਕਾਂ, ਧਰਮ ਸਿੰਘ ਘੁਮਿਆਰ ਪਲਾਹੀ, ਚੈਂਚਲ ਸਿੰਘ ਕਲਾਲ ਸੰਗਤਪੁਰ ਤੇ ਭਾਨ ਸਿੰਘ ਮਾਂਗਟਾਂ, ਇਹ ਸਭ ਵੀ ਬਬਰ ਕੇਸ ਦੇ ਮੁਲਜਮ ਬਣੇ, ਬਬਰ ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਝੁਗੀਆਂ ਤੇ ਧੰਨਾ ਸਿੰਘ ਬਹਿਬਲਪੁਰ, ਤਿੰਨੇ ਸ਼ਹੀਦੀ ਪਾ ਚੁੱਕੇ ਸਨ, ਬਿਸ਼ਨ ਸਿੰਘ ਮਾਂਗਟਾਂ ਸ਼ਹੀਦ, ਅਮਰ ਸਿੰਘ ਮਾਣਕੋ ਜਿਹੜਾ ਮਫ਼ਰੂਰੀ ਵੇਲੇ ਚਲਾਣਾ ਕਰ ਗਿਆ ਸੀ।

ਇਹ ਇਕੱਠ ਬਾਬੂ ਸੰਤਾ ਸਿੰਘ ਨੇ ਬੁਲਾਇਆ ਸੀ। ਕਿਉਂਕਿ ਉਹ ਪੰਡੋਰੀ ਨਿੱਝਰਾਂ ਦਾ ਪੱਕੇ-ਪੈਰੀਂ ਵਾਸੀ ਬਣ ਚੁਕਿਆ ਸੀ ਅਤੇ ਲਗਾਤਾਰ ਘੱਟੋ-ਘੱਟ ਢਾਈ ਸਾਲ ਇਸੇ ਪਿੰਡ ਵਿਚ ਰਹਿੰਦੇ ਨੂੰ ਬੀਤ ਚੁੱਕੇ ਸਨ, ਪਿੰਡ ਦੀ ਇਕੱਲੀ-ਇਕੱਲੀ ਗੱਲ ਦਾ ਪਤਾ ਉਹਨੂੰ ਲਗਦਾ ਰਹਿੰਦਾ ਸੀ ਅਤੇ ਪਿੰਡ ਦੇ ਝੋਲੀ-ਚੁੱਕਾਂ ਦੀਆਂ ਕਰਤੂਤਾਂ ਉਹਤੋਂ ਕਿਵੇਂ ਛਿਪੀਆਂ ਰਹਿ ਸਕਦੀਆਂ ਸਨ। 23 ਮਾਰਚ 1923 ਦੀਆਂ ਸਾਡੀਆਂ ਤਲਾਸੀਆਂ ਨੇ ਉਹਨੂੰ, ਸਮਝ ਲਉ, ਅੱਗ ਹੀ ਲਾ ਦਿੱਤੀ ਸੀ ਅਤੇ ਉਹ ਸਿਰਕੱਢ ਝੋਲੀ-ਚੁੱਕਾਂ, ਦੋ ਲੰਬੜਦਾਰਾਂ ਅਤੇ ਦੋ ਚੌਕੀਦਾਰਾਂ ਦੇ ਖ਼ੂਨ ਦਾ ਤਿਹਾਇਆ ਬਣ ਚੁਕਿਆ ਸੀ, ਜਿਨ੍ਹਾਂ ਦਾ ਜ਼ਿਕਰ ਮੈਂ ਜਲੰਧਰ ਵਾਲੇ ਪੁਲਸ ਕਪਤਾਨ ਦੇ ਬਿਆਨ ਦਾ ਹਵਾਲਾ ਦੇ ਕੇ ਕਰ ਆਇਆ ਹਾਂ। ਪੁਲਸ ਕਪਤਾਨ ਨੇ ਬੂਟਾਂ ਦੀਆਂ ਅੱਡੀਆਂ ਠੋਕ-ਠੋਕ ਆਖਿਆ ਸੀ ਕਿ ਕਾਨੂੰਨ ਇਜਾਜ਼ਤ ਦਿੰਦਾ ਤਾਂ ਉਹ ਹੁਣੇ ਇਸ ਪਿੰਡ ਨੂੰ ਤੋਪ ਦੇ ਗੋਲਿਆਂ ਨਾਲ ਉਡਾ ਦਿੰਦਾ। ਸਾਡੀਆਂ ਤਲਾਸ਼ੀਆਂ ਵੇਲੇ ਇਹ ਚਾਰੇ ਸਿਰਕੱਢ ਝੋਲੀ-ਚੁੱਕ ਪੁਲਸ ਦੀ ਅਗਵਾਈ ਕਰ ਰਹੇ ਸਨ।

ਇਸ ਇਕੱਠ ਬਾਬਤ ਸਭ ਤੋਂ ਪਹਿਲਾਂ ਮੈਂ ਆਪਣੇ ਪਿੰਡ ਦੇ ਵਾਇਦਾ-ਮੁਆਫ਼ ਤੁਫ਼ੈਲ ਮੁਹੰਮਦ ਦੇ ਬਿਆਨ ਦਾ ਹਵਾਲਾ ਦੇ ਰਿਹਾ ਹਾਂ, ਜੋ ਪੇਪਰ-ਬੁੱਕ ਦੇ ਸਫ਼ਾ 120 ਤੋਂ ਸ਼ੁਰੂ ਹੁੰਦਾ ਹੈ : "ਇਕ ਦਿਨ ਮੈਨੂੰ ਊਧਮ ਸਿੰਘ ਮੁਲਜ਼ਮ ਨੰ: 15 ਨੇ ਦੱਸਿਆ ਕਿ ਉਹ ਆਪ, ਕਰਤਾਰ ਸਿੰਘ ਮੁਲਜ਼ਮ ਨੰ: 9, ਸਾਧਾ ਸਿੰਘ ਨੰ: 13, ਬਖ਼ਸ਼ੀਸ਼ ਸਿੰਘ ਨੰ: 86, ਸਾਰੇ ਪੰਡੋਰੀ ਨਿੱਝਰਾਂ, ਬਾਬੂ ਸੰਤਾ ਸਿੰਘ, ਬਬਰ ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਝੁੰਗੀਆਂ ਤੇ ਧੰਨਾ ਸਿੰਘ ਬਹਿਬਲਪੁਰ ਡੀਂਗਰੀਆਂ ਦੇ ਰਾਹ ਉੱਤੇ ਭਾਈ ਚਰਨ ਸਿੰਘ ਦੇ ਖੂਹ ਉੱਤੇ ਇਕੱਠੇ ਹੋਏ ਸਨ ਅਤੇ ਪਿੰਡ ਦੇ ਦੋ ਲੰਬੜਦਾਰਾਂ, ਭਗਵਾਨ ਸਿੰਘ ਤੇ ਹਰਨਾਮ ਸਿੰਘ ਅਤੇ ਦੋ ਚੌਕੀਦਾਰਾਂ, ਜੀਵਣ ਤੇ ਮੌਲੂ ਨੂੰ ਕਤਲ ਕਰਨ ਦੀ ਸਲਾਹ ਕਰਦੇ ਰਹੇ ਸਨ। ਸਾਡੇ ਪਿੰਡ ਦਾ ਫ਼ਕੀਰ ਨੱਥੂ ਸ਼ਾਹ ਖੰਘਦਾ ਹੋਇਆ ਡੀਂਗਰੀਆਂ ਵੱਲੋਂ ਪਿੰਡ ਨੂੰ ਆ ਰਿਹਾ ਸੀ। ਬਬਰਾਂ ਨੂੰ ਸ਼ੱਕ ਪੈ ਗਿਆ ਕਿ ਕਿਤੇ ਪੁਲਸ ਦੇ ਸੂਹੀਏ ਹੀ ਸਾਡਾ ਪਿੱਛਾ ਨਾ ਕਰ ਰਹੇ ਹੋਣ। ਆਹਮੋ-ਸਾਹਮਣੇ ਸਿੱਧੀ ਟੱਕਰ ਤੋਂ ਬਚਣ ਲਈ ਕਤਲ ਦਾ ਇਰਾਦਾ ਬਦਲਣਾ ਪੈ ਗਿਆ ਸੀ।"

ਇਸੇ ਬਿਆਨ ਦੀ ਤਸਦੀਕ ਫ਼ਕੀਰ ਨੱਥੂ ਸ਼ਾਹ ਤੋਂ ਵੀ ਕਰਵਾਈ ਗਈ, ਜੋ ਪੇਪਰ-ਬੁੱਕ ਦੇ ਸਫ਼ਾ 363 ਉੱਤੇ ਦਰਜ ਹੈ। ਸਰਕਾਰੀ ਗਵਾਹ ਨੰ: 97, ਨੱਥੂ ਸ਼ਾਹ ਵਲਦ ਮੁਰਾਦ ਅਲੀ ਸ਼ਾਹ, ਉਮਰ 70 ਸਾਲ, ਜ਼ਾਤ ਫ਼ਕੀਰ, ਪਿੰਡ ਪੰਡੋਰੀ ਨਿੱਝਰਾਂ, ਜ਼ਿਲਾ ਜਲੰਧਰ, ਪੇਸ਼ਾ ਮੰਗਤਾ-ਭਿਖਾਰੀ : "ਮੈਂ ਡੀਂਗਰੀਆਂ ਤੋਂ ਰਮਜ਼ਾਨ ਦੀ ਨਿਆਜ਼ ਖਾ ਕੇ ਰਾਤ ਵੇਲੇ ਪਿੰਡ ਨੂੰ ਆ ਰਿਹਾ ਸੀ। ਪਿੰਡ ਤੋਂ ਤਿੰਨ-ਚਾਰ ਸੌ ਕਰਮਾਂ ਉੱਤੇ ਭਾਈ ਚਰਨ ਸਿੰਘ ਦੇ ਖੂਹ ਲਾਗੇ 8-10 ਆਦਮੀ ਪਿੰਡ ਵਲੋਂ ਆਉਂਦੇ ਮਿਲੇ, ਜਿਹੜੇ ਗੱਲਾਂ ਕਰ ਰਹੇ ਸਨ ਕਿ ਦੋ ਲੰਬੜਦਾਰਾਂ, ਭਗਵਾਨ ਸਿੰਘ ਤੇ ਹਰਨਾਮ ਸਿੰਘ ਅਤੇ ਦੋ ਚੌਕੀਦਾਰਾਂ, ਜੀਵਣ ਤੇ ਮੌਲੂ ਨੂੰ ਅੱਜ ਕਤਲ ਕਰਨਾ ਹੈ। ਸੁਣ ਕੇ ਮੈਨੂੰ ਹੱਥੂ ਆ ਗਿਆ ਅਤੇ ਉਹ ਬੰਦੇ ਮੈਨੂੰ ਦੇਖ ਕੇ ਦੂਜੇ ਪਾਸੇ ਨੂੰ ਤੁਰ ਗਏ। ਮੈਂ ਉਸੇ ਵੇਲੇ ਦੋਹਾਂ ਚੌਕੀਦਾਰਾਂ ਨੂੰ ਖ਼ਬਰਦਾਰ ਕਰ ਦਿੱਤਾ ਅਤੇ ਉਹਨਾਂ ਨੇ ਜਾ ਕੇ ਦੋਹਾਂ ਲੰਬੜਦਾਰਾਂ ਨੂੰ ਖ਼ਬਰਦਾਰ ਕਰ ਦਿੱਤਾ।" ਵਗੈਰਾ, ਵਗੈਰਾ।

ਇਸੇ ਗੱਲ ਦੀ ਤਾਈਦ ਲਈ ਉੱਪਰ-ਲਿਖੇ ਚਾਰੇ ਜਣੇ ਗਵਾਹ ਬਣ ਕੇ ਸਾਡੇ ਕੇਸ ਵਿਚ ਪੇਸ਼ ਹੋਏ ਸਨ, ਜਿਨ੍ਹਾਂ ਦੇ ਗਵਾਹੀ ਨੰ: 92, 93, 94 ਤੇ 95 ਸਨ ਅਤੇ ਬਿਆਨ ਪੇਪਰ-ਬੁੱਕ ਦੇ ਸਫ਼ਾ 353, 356, 358 ਅਤੇ 360 ਉੱਤੇ ਦਰਜ ਹਨ।

ਇਹ ਇਕੱਠ ਤਕਰੀਬਨ ਅਪ੍ਰੈਲ ਦੇ ਅੱਧ ਵਿਚ ਹੋਇਆ ਸੀ ਜੀਹਦੇ ਬਾਰੇ ਵਾਇਦਾ-ਮੁਆਫ਼ਾਂ ਨੇ ਆਪਣੇ ਬਿਆਨਾਂ ਵਿਚ ਦਸਿਆ ਹੈ। ਪਹਿਲਾ ਹੈ ਅਨੂਪ ਸਿੰਘ, ਜੋ ਪੇਪਰ-ਬੁੱਕ ਦੇ ਸਫ਼ਾ 151 ਤੋਂ ਦਸਦਾ ਹੈ ਕਿ ਇਸ ਇਕੱਠ ਵਿਚ ਫ਼ੈਸਲਾ ਕਰ ਲਿਆ ਗਿਆ ਕਿ ਅੱਜ ਪੰਡੋਰੀ ਨਿੱਝਰਾਂ ਦੇ ਦੋ ਲੰਬੜਦਾਰਾਂ ਅਤੇ ਦੋ ਚੌਕੀਦਾਰਾਂ ਨੂੰ ਜ਼ਰੂਰ ਕਤਲ ਕੀਤਾ ਜਾਵੇਗਾ, ਜਿਹੜੇ ਪਿੰਡ ਦੇ ਸਾਡੇ ਸਾਥੀਆਂ ਵਿਰੁੱਧ ਪੁਲਸ ਨੂੰ ਇਤਲਾਹਾਂ ਦੇ ਰਹੇ ਹਨ ਅਤੇ ਤਲਾਸ਼ੀਆਂ ਕਰਵਾ ਰਹੇ ਹਨ। ਏਨੇਂ ਨੂੰ ਮੁਲਜ਼ਮ ਸਾਧਾ ਸਿੰਘ ਅਤੇ ਮਹਿੰਗਾ ਸਿੰਘ ਨੇ ਸਾਨੂੰ ਆ ਦੱਸਿਆ ਕਿ ਅੱਜ ਪੁਲਸ ਪਿੰਡ ਵਿਚ ਆਈ ਹੋਈ ਹੈ, ਜਿਸ ਨਾਲ ਸਿੱਧੀ ਟਕਰ ਹੋ ਸਕਦੀ ਹੈ ਅਤੇ ਝੋਲੀ-ਚੁੱਕ ਬਚ ਸਕਦੇ ਹਨ।

ਸੋ ਫੇਰ ਇਕੱਠ ਕਰਨ ਦਾ ਫ਼ੈਸਲਾ ਕਰਕੇ ਅਸੀਂ ਆਪਣੇ-ਆਪਣੇ ਠਿਕਾਣਿਆਂ ਵੱਲ ਚਲੇ ਗਏ।

ਦੂਜਾ ਵਾਇਦਾ-ਮੁਆਫ਼, ਚੰਦਾ ਸਿੰਘ ਝੁਮੇਲੀ ਪੇਪਰ-ਬੁੱਕ ਦੇ ਸਫ਼ਾ 206 ਉੱਤੇ ਦਸਦਾ ਹੈ, "ਅਗਲੀ ਸ਼ਾਮ ਅਮਰ ਸਿੰਘ ਮਾਣਕੋ ਫੇਰ ਸਾਡੇ ਕੋਲ ਆਇਆ। ਮੈਂ ਅਤੇ ਸੁਰਜਨ ਸਿੰਘ ਮੁਲਜ਼ਮ ਨੰ: 70 ਉਹਦੇ ਨਾਲ ਚੱਲ ਪਏ ਅਤੇ ਕਾਲਰੇ ਦੇ ਇਕ ਖੂਹ ਉੱਤੇ ਜਾ ਪੁੱਜੇ, ਜਿਥੇ ਹੋਰ ਛੇ ਬੰਦੇ ਪਹਿਲਾਂ ਹੀ ਬੈਠੇ ਹੋਏ ਸਨ, ਜਿਨ੍ਹਾਂ ਵਿਚੋਂ ਮੈਂ ਮੂਲਾ ਸਿੰਘ ਪਲਾਹੀ ਅਤੇ ਦਲੀਪ ਸਿੰਘ ਮਾਣਕਾਂ ਨੂੰ ਪਹਿਲਾਂ ਤੋਂ ਹੀ ਜਾਣਦਾ ਸੀ। ਬਾਕੀ ਬੰਦਿਆਂ ਨਾਲ ਉਸੇ ਖੂਹ ਉੱਤੇ ਜਾਣ-ਪਛਾਣ ਕਰਵਾਈ ਗਈ ਸੀ, ਜਿਹੜੇ ਧਰਮ ਸਿੰਘ ਪਲਾਹੀ, ਭਾਨ ਸਿੰਘ ਮਾਂਗਟਾਂ, ਚੈਂਚਲ ਸਿੰਘ ਸੰਗਤਪੁਰ ਅਤੇ ਬਿਸ਼ਨ ਸਿੰਘ ਮਾਂਗਟਾਂ ਸਨ। ਅਸੀਂ ਕੁੱਲ ਨੌਂ ਬੰਦੇ ਪੰਡੋਰੀ ਨਿੱਝਰਾਂ ਨੂੰ ਚੱਲ ਪਏ ਅਤੇ ਪਿੰਡ ਦੀ ਝਿੜੀ ਵਿਚ ਜਾ ਪੁੱਜੇ। ਉਥੇ ਬਾਬੂ ਸੰਤਾ ਸਿੰਘ, ਜੀਹਨੂੰ ਮੈਂ ਪਹਿਲਾਂ ਤੋਂ ਹੀ ਜਾਣਦਾ ਸੀ, ਅਨੂਪ ਸਿੰਘ ਵਾਇਦਾ-ਮੁਆਫ਼, ਸਾਧਾ ਸਿੰਘ ਤੇ ਮਹਿੰਗਾ ਸਿੰਘ, ਜਿਨ੍ਹਾਂ ਦੀ ਜਾਣ-ਪਛਾਣ ਬਾਬੂ ਸੰਤਾ ਸਿੰਘ ਨੇ ਸਾਡੇ ਸਾਰਿਆਂ ਨਾਲ ਕਰਵਾ ਦਿੱਤੀ, ਮੌਜੂਦ ਸਨ। ਉਸ ਵੇਲੇ ਬਾਬੂ ਸੰਤਾ ਸਿੰਘ ਕੋਲ ਪਸਤੌਲ, ਅਨੂਪ ਸਿੰਘ ਕੋਲ ਦੁਨਾਲੀ ਬੰਦੂਕ ਅਤੇ ਬਾਕੀਆਂ ਕੋਲ ਕਿਰਪਾਨਾਂ ਤੇ ਛਵ੍ਹੀਆਂ ਸਨ। ਬਾਬੂ ਸੰਤਾ ਸਿੰਘ ਨੇ ਦੱਸਿਆ ਕਿ ਹੁਣ ਅਸੀਂ ਇਸ ਪਿੰਡ ਦੇ ਦੋ ਲੰਬੜਦਾਰਾਂ ਤੇ ਦੋ ਚੌਕੀਦਾਰਾਂ ਨੂੰ ਕਤਲ ਕਰਨ ਲਈ ਚੱਲਣਾ ਹੈ। ਬਾਬੂ ਸੰਤਾ ਸਿੰਘ ਨੇ ਸਾਧਾ ਸਿੰਘ ਅਤੇ ਮਹਿੰਗਾ ਸਿੰਘ ਨੂੰ ਪਿੰਡ ਵੱਲ ਘਲ ਦਿੱਤਾ ਕਿ ਪਤਾ ਕਰਕੇ ਆਉਣ ਕਿ ਚਾਰੇ ਕਿਥੇ ਟੱਕਰ ਸਕਦੇ ਹਨ। ਥੋੜ੍ਹੇ ਚਿਰ ਬਾਅਦ ਉਹਨਾਂ ਨੇ ਸਾਨੂੰ ਆ ਦਸਿਆ ਕਿ ਐਸ ਵੇਲੇ ਪਿੰਡ ਪੁਲਸ ਆਈ ਹੋਈ ਹੈ, ਜਿਹੜੀ ਝੋਲੀ-ਚੁੱਕਾਂ ਦੇ ਘਰਾਂ ਵਿਚ ਬੈਠੀ ਹੈ। ਸੋ ਪੁਲਸ ਨਾਲ ਮੁਕਾਬਲਾ ਹੋ ਜਾਣਾ ਹੈ ਅਤੇ ਝੋਲੀ-ਚੁੱਕਾਂ ਨੇ ਫੇਰ ਵੀ ਬਚ ਜਾਣਾ ਹੈ। ਇਸ ਕਰਕੇ ਪ੍ਰੋਗਰਾਮ ਅਗਲੀ ਵਾਰ ਉੱਤੇ ਛੱਡ ਕੇ ਅਸੀਂ ਆਪੋ-ਆਪਣੇ ਠਿਕਾਣਿਆਂ ਨੂੰ ਮੁੜ ਪਏ।

ਇਹ ਹੈ ਪੁਲਸ ਦੀ ਘੜੀ ਕਹਾਣੀ ਜਿਹੜੀ ਕਾਰਵਾਈ ਵਿਚ ਦਰਜ ਹੈ। ਹੁਣ ਪੜ੍ਹੋ ਅਸਲੀ ਕਹਾਣੀ ਕਿ ਇਕੱਠ ਕਿਵੇਂ ਹੋਇਆ ਅਤੇ ਕਿਵੇਂ ਉਹਨਾਂ ਦੇ ਪਿੰਡ ਵਾਲੇ ਸਾਥੀਆਂ ਨੇ ਜਾਣ-ਬੁੱਝ ਕੇ ਝੂਠ ਬੋਲ ਕੇ ਮੁਲਤਵੀ ਕਰਵਾ ਲਿਆ ਸੀ।

ਉੱਪਰ-ਦਸੇ ਗਵਾਹਾਂ ਨੇ 13 ਬੰਦਿਆਂ ਦਾ ਇਕੱਠ ਦਸਿਆ ਹੈ, ਜਦੋਂ ਕਿ ਜੱਜ ਸਾਹਿਬ ਜੱਜਮੈਂਟ ਦੇ ਸਫ਼ਾ 99 ਉੱਤੇ 19 ਬੰਦਿਆਂ ਦਾ ਨਾਂ ਦਰਜ ਕਰਦੇ ਹਨ ਜਿਹੜੇ ਉਸ ਇਕੱਠ ਵਿਚ ਮੌਜੂਦ ਸਨ। ਉਹਨਾਂ ਦੇ ਨਾਂ ਮੈਂ ਸ਼ੁਰੂ ਵਿਚ ਹੀ ਦਰਜ ਕਰ ਚੁਕਿਆ ਹਾਂ। ਜਿਸ ਵੇਲੇ ਬਾਬੂ ਸੰਤਾ ਸਿੰਘ ਦੇ ਸੱਦੇ ਉੱਤੇ ਸਾਰੇ ਬਬਰ ਝਿੜੀ ਵਿਚ ਆ ਗਏ ਸਨ ਤਾਂ ਪੰਡੋਰੀ ਨਿੱਝਰਾਂ ਦੇ ਸਿਰਫ਼ ਸਾਧਾ ਸਿੰਘ ਅਤੇ ਮਹਿੰਗਾ ਸਿੰਘ ਹੀ ਉਹਨਾਂ ਕੋਲ ਮੌਜੂਦ ਸਨ। ਇਸੇ ਕਰਕੇ ਹੀ ਦੋਨੋਂ ਬਾਬੂ ਸੰਤਾ ਸਿੰਘ ਦੇ ਕਹਿਣ ਉੱਤੇ ਝੋਲੀ-ਚੁੱਕਾਂ ਦੀ ਸੂਹ ਲੈਣ ਪਿੰਡ ਨੂੰ ਗਏ ਸਨ। ਇਹ ਬਖਸ਼ੀਸ਼ ਸਿੰਘ, ਕਰਤਾਰ ਸਿੰਘ ਅਤੇ ਊਧਮ ਸਿੰਘ ਨੂੰ ਵੀ ਮਿਲੇ ਅਤੇ ਸਾਰੀ ਗੱਲ ਦਸਦਿਆਂ ਕਿਹਾ ਕਿ "ਐਸ ਵੇਲੇ ਕਣਕ ਦੀ ਵਾਢੀ ਦਾ ਜ਼ੋਰ ਹੈ। ਥੋੜ੍ਹੇ ਦਿਨਾਂ ਅੰਦਰ ਗਹਾਈ ਵੀ ਸ਼ੁਰੂ ਹੋ ਜਾਣੀ ਹੈ। ਜੇ ਅੱਜ ਚਾਰ ਝੋਲੀ-ਚੁੱਕ ਇਕੱਠੇ ਹੀ ਕਤਲ ਕਰ ਦਿਤੇ ਜਾਣ ਤਾਂ ਦੁਹਾਈ ਪੈ ਜਾਣੀ ਹੈ। ਪੁਲਸ ਪਹਿਲਾਂ ਹੀ ਸਾਡੀਆਂ ਤਲਾਸ਼ੀਆ ਕਰ ਚੁੱਕੀ ਹੈ ਅਤੇ ਪੁਲਸ

ਦਾ ਕਪਤਾਨ ਪਹਿਲਾਂ ਹੀ ਦੰਦੀਆਂ ਪੀਂਹਦਾ ਗਿਆ ਹੈ। ਜੇ ਇਹ ਕਾਰਾ ਅੱਜ ਹੋ ਗਿਆ ਤਾਂ ਪਿੰਡ ਨੂੰ ਵਖ਼ਤ ਪੈ ਜਾਣਾ ਹੈ ਅਤੇ ਸਾਰੇ ਪਿੰਡ ਨੇ ਸਾਡੇ ਹੀ ਗਲ ਪੈ ਜਾਣਾ ਹੈ। ਸੋ ਹਾਲੇ ਕਣਕ-ਪੱਠਾ ਸਾਂਭ ਲਈਏ, ਫੇਰ ਇਹ ਕੰਮ ਕਰ ਲਵਾਂਗੇ।'' ਉਹਨਾਂ ਨੇ ਇਹਨਾਂ ਤਿੰਨਾਂ ਨੂੰ ਵੀ ਨਾਲ ਲਿਆ ਅਤੇ ਸ਼ੱਕਰ ਦਾ ਸ਼ਰਬਤ ਬਣਾ ਕੇ ਉਹਨਾਂ ਅਗੇ ਲਿਜਾ ਰਖਿਆ ਅਤੇ ਝੂਠ ਬੋਲਿਆ ਕਿ ਐਸ ਵੇਲੇ ਸਾਰੇ ਝੋਲੀ-ਚੁੱਕਾਂ ਦੇ ਘਰਾਂ ਵਿਚ ਪੁਲਸ ਆਈ ਬੈਠੀ ਹੈ। ਇਹ ਠੀਕ ਹੈ ਕਿ ਪੁਲਸ ਦੀਆਂ ਗਸ਼ਤਾਂ ਸ਼ੁਰੂ ਹੋ ਚੁਕੀਆਂ ਸਨ, ਪਰ ਉਸ ਵੇਲੇ ਪੁਲਸ ਬਿਲਕੁਲ ਨਹੀਂ ਸੀ ਆਈ ਹੋਈ। ਸੋ ਇਕੱਠ ਖਿੰਡ ਗਿਆ ਅਤੇ ਪਿੰਡ ਦੇ ਪੰਜੇ ਬੰਦੇ ਸਾਧਾ ਸਿੰਘ, ਮਹਿੰਗਾ ਸਿੰਘ, ਬਖ਼ਸੀਸ਼ ਸਿੰਘ, ਕਰਤਾਰ ਸਿੰਘ ਅਤੇ ਊਧਮ ਸਿੰਘ ਵੀ ਘਰਾਂ ਨੂੰ ਮੁੜ ਗਏ।

ਇਹ ਇਕੱਠ ਮੇਰੀ ਅਤੇ ਵਾਇਦਾ-ਮੁਆਫ਼ ਵਤਨ ਸਿੰਘ ਦੀ ਗ਼ੈਰ-ਹਾਜ਼ਰੀ ਵਿਚ ਹੀ ਹੋਇਆ ਸੀ। ਵਤਨ ਸਿੰਘ ਮਿਸਤਰੀ ਲਾਭ ਸਿੰਘ ਨੂੰ ਧਾਮੀਵਾਲ ਦੀ ਛਿੰਜ ਵਿਚ ਕਤਲ ਕਰਨ ਪਿਛੋਂ ਆਪਣੇ ਸਹੁਰਿਆਂ, ਬੁੱਢੀ ਪਿੰਡ ਵੱਲ ਜਾ ਚੁਕਿਆ ਸੀ ਅਤੇ ਮੈਂ ਹਾਲੇ ਜਲੰਧਰ ਸਕੂਲ ਵਿਚ ਹੀ ਸੀ।

ਪੰਡੋਰੀ ਨਿੱਝਰਾਂ ਦੇ ਉੱਪਰ-ਦੱਸੇ ਇਕੱਠ ਬਾਬਤ ਸੈਸ਼ਨ ਜੱਜ ਸਾਹਿਬ ਨੇ ਹੇਠ-ਲਿਖੇ ਮੁਲਜ਼ਮਾਂ ਨੂੰ ਇਕੋ ਫ਼ੈਸਲੇ ਅਧੀਨ ਦਫ਼ਾ 120 ਬੀ ਅਤੇ 115 ਅਧੀਨ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਪੰਜ-ਪੰਜ ਸਾਲ ਦੀ ਸਜ਼ਾ ਦੇ ਦਿਤੀ ਸੀ, ਜੋ 28 ਫ਼ਰਵਰੀ 1925 ਦੇ ਫ਼ੈਸਲੇ ਵਿਚ ਦਰਜ ਹੈ: ਮਹਿੰਗਾ ਸਿੰਘ ਪੰਡੋਰੀ ਨਿਝਰਾਂ, ਮੁਲਜ਼ਮ ਨੰ: 69, ਸੁਰਜਣ ਸਿੰਘ ਡੁਮੇਲੀ, ਨੰ: 70, ਮੂਲਾ ਸਿੰਘ ਪਲਾਹੀ, ਨੰ: 71, ਦਲੀਪ ਸਿੰਘ ਮਾਣਕਾਂ, ਨੰ: 72, ਧਰਮ ਸਿੰਘ ਘੁਮਿਆਰ ਪਲਾਹੀ, ਨੰ: 73, ਚੈਂਚਲ ਸਿੰਘ ਕਲਾਲ ਸੰਗਤਪੁਰ, ਨੰ: 74, ਅਤੇ ਭਾਨ ਸਿੰਘ ਮਾਂਗਟਾਂ, ਨੰ: 75।

# 47. ਕੌਲਗੜ੍ਹੀਏ ਰਲੇ ਅਤੇ ਦਿੱਤੂ ਦਾ ਕਤਲ ਅਤੇ ਡਕੈਤੀ

20-21 ਮਈ 1923 ਦੀ ਰਾਤ ਨੂੰ ਇਹ ਇਕੱਠੇ ਦੋਨੋਂ ਕਤਲ ਹੇਠ-ਲਿਖੇ ਬਬਰਾਂ ਨੇ ਕੀਤੇ ਸਨ, ਜਦੋਂ ਕਿ ਸਾਡੀਆਂ ਗਰਿਫ਼ਤਾਰੀਆਂ ਹੋ ਚੁਕੀਆਂ ਸਨ। ਇਹ ਜੱਜਮੈਂਟ ਦੇ ਸਫ਼ਾ 102 ਉਤੇ ਦੋਸ਼ ਨੰ: 17 ਵਜੋਂ ਦਰਜ ਹਨ : ਅਨੂਪ ਸਿੰਘ ਵਾਇਦਾ-ਮੁਆਫ਼ ਮਾਣਕੋ ਗਵਾਹ ਨੰ: 17, ਧੰਨਾ ਸਿੰਘ ਵਾਇਦਾ-ਮੁਆਫ਼ ਕੋਟਲੀ ਬਾਵਾਦਾਸ ਗਵਾਹ ਨੰ: 29, ਬਾਬੂ ਸੰਤਾ ਸਿੰਘ ਮੁਲਜ਼ਮ ਨੰ: 51, ਦਲੀਪਾ ਧਾਮੀਆਂ ਮੁਲਜ਼ਮ ਨੰ: 76, ਅਤੇ ਬਬਰ ਕਰਮ ਸਿੰਘ ਦੌਲਤਪੁਰ, ਧੰਨਾ ਸਿੰਘ ਬਹਿਬਲਪੁਰ, ਬੰਤਾ ਸਿੰਘ ਧਾਮੀਆਂ, ਬਿਸ਼ਨ ਸਿੰਘ ਮਾਂਗਟਾਂ ਤੇ ਉਦੇ ਸਿੰਘ ਰਾਮਗੜ੍ਹ ਝੁਗੀਆਂ, ਪੰਜੇ ਸ਼ਹੀਦ ਹੋ ਚੁੱਕੇ।

ਪੇਪਰ-ਬੁੱਕ ਦੇ ਸਫ਼ਾ 153 ਤੋਂ ਵਾਇਦਾ-ਮੁਆਫ਼ ਅਨੂਪ ਸਿੰਘ ਬਿਆਨ ਜਾਰੀ ਰਖਦਿਆਂ ਦਸਦਾ ਹੈ ਕਿ ਅਗਲੀ ਸਵੇਰ ਬਬਰ ਕਰਮ ਸਿੰਘ, ਧੰਨਾ ਸਿੰਘ, ਉਦੇ ਸਿੰਘ, ਦਲੀਪਾ ਛੋਟਾ, ਬਾਬੂ ਸੰਤਾ ਸਿੰਘ ਅਤੇ ਅਨੂਪ ਸਿੰਘ ਆਪ ਕਸਬਾ ਜੇਜੋਂ ਵੱਲ ਚਲੇ ਗਏ। ਬਬਰ ਕਰਮ ਸਿੰਘ, ਧੰਨਾ ਸਿੰਘ, ਉਦੇ ਸਿੰਘ ਅਤੇ ਦਲੀਪਾ ਕਸਬੇ ਤੋਂ ਬਾਹਰ ਰਹੇ, ਬਾਬੂ ਸੰਤਾ ਸਿੰਘ, ਧੰਨਾ ਸਿੰਘ ਤੇ ਅਨੂਪ ਸਿੰਘ ਨੇ ਕਸਬੇ ਅੰਦਰ ਜਾ ਕੇ ਕੁਝ ਮਿਠਾਈ ਤੇ ਦੁੱਧ ਖਰੀਦਿਆ। ਅਨੂਪ ਸਿੰਘ ਨੇ ਇਕ ਖਾਕੀ ਕੁੜਤੇ ਅਤੇ ਦੋ ਪਜਾਮਿਆਂ ਦਾ ਕਪੜਾ ਖਰੀਦ ਕੇ ਇਕ ਮੁਸਲਮਾਨ ਦਰਜੀ ਨੂੰ ਸਿਊਣ ਲਈ ਦੇ ਦਿੱਤੇ ਅਤੇ ਉਸੇ ਵੇਲੇ ਸਿਊਂ ਕੇ ਦੇ ਦੇਣ ਦੀ ਤਾਕੀਦ ਕਰਕੇ ਮਿਠਾਈ ਤੇ ਦੁੱਧ ਆਪਣੇ ਸਾਥੀਆਂ ਨੂੰ ਜਾ ਛਕਾਇਆ। ਦੁੱਧ ਵਾਲੇ ਭਾਂਡੇ ਹਲਵਾਈ ਨੂੰ ਵਾਪਸ ਕੀਤੇ ਅਤੇ ਕਪੜੇ ਲੈ ਕੇ ਸਾਰੇ ਸਾਥੀ ਬਾਅਦ ਵਿਚ ਜੰਗਲ ਵੱਲ ਨਿਕਲ ਗਏ। ਓਧਰ ਹੀ ਬਬਰ ਕਰਮ ਸਿੰਘ ਅਤੇ ਧੰਨਾ ਸਿੰਘ ਨੇ ਆਪਣੇ ਵਾਕਫ਼ਾਂ ਤੋਂ ਸਾਰਿਆਂ ਦੇ ਅੰਨ-ਪਾਣੀ ਦਾ ਇੰਤਜ਼ਾਮ ਕਰਵਾ ਦਿੱਤਾ। "ਬਬਰ ਕਰਮ ਸਿੰਘ ਅਤੇ ਧੰਨਾ ਸਿੰਘ ਕਿਸੇ ਜ਼ਰੂਰੀ ਕੰਮ ਲਈ ਬਹਿਬਲਪੁਰ ਵੱਲ ਚਲੇ ਗਏ। 4-5 ਦਿਨਾਂ ਪਿਛੋਂ ਦੋਵੇਂ ਬਿਸ਼ਨ ਸਿੰਘ ਮਾਂਗਟਾ ਨੂੰ ਨਾਲ ਲੈ ਕੇ ਮੁੜ ਸਾਡੇ ਨਾਲ ਆ ਰਲੇ। ਏਨੇਂ ਨੂੰ ਬੰਤਾ ਸਿੰਘ ਧਾਮੀਆਂ ਤੇ ਧੰਨਾ ਸਿੰਘ ਕੋਟਲੀ ਵੀ ਆ ਮਿਲੇ ਅਤੇ ਫ਼ੈਸਲਾ ਕੀਤਾ ਗਿਆ ਕਿ ਹੁਣ ਕਿਸੇ ਝੋਲੀ-ਚੁੱਕ ਦਾ ਸੁਧਾਰ ਕਰਨਾ ਚਾਹੀਦਾ ਹੈ। ਉਸੇ ਹੀ ਵੇਲੇ ਬਬਰ

ਕਰਮ ਸਿੰਘ ਨੇ ਦਸਿਆ ਕਿ ਐਸ ਵੇਲੇ ਕੌਲਗੜ੍ਹ ਦੇ ਦੋ ਝੋਲੀ-ਚੁੱਕਾਂ ਨੇ ਕਾਫ਼ੀ ਸਿੰਗ-ਮਿੱਟੀ ਚੁੱਕੀ ਹੋਈ ਹੈ, ਪਹਿਲਾਂ ਉਹਨਾਂ ਦੋਹਾਂ ਦਾ ਸੁਧਾਰ ਕਰ ਲਿਆ ਜਾਵੇ ਅਤੇ ਫੇਰ ਅਗਲਾ ਪ੍ਰੋਗਰਾਮ ਸੋਚ ਲਿਆ ਜਾਵੇ। ਕੌਲਗੜ੍ਹ ਹੈ ਵੀ ਲਾਗੇ ਹੀ ਸੀ। ਬਬਰ ਕਰਮ ਸਿੰਘ ਨੇ ਉਸੇ ਵੇਲੇ ਜ਼ਮੀਨ ਉੱਤੇ ਨਕਸ਼ਾ ਬਣਾ ਕੇ ਦੋਹਾਂ ਝੋਲੀ-ਚੁੱਕਾਂ ਦੇ ਮਕਾਨਾਂ ਦੀ ਜਾਣਕਾਰੀ ਸਾਰਿਆਂ ਨੂੰ ਦੇ ਦਿੱਤੀ ਅਤੇ ਦਸਿਆ ਕਿ ਉਹਨਾਂ ਦੇ ਨਾਂ ਰਲਾ ਤੇ ਦਿੱਤੂ ਹਨ ਅਤੇ ਘਰ ਲਾਗੋ-ਲਾਗੀ ਹੀ ਹਨ। ਉਹਨਾਂ ਨੂੰ ਬਬਰ ਕਰਮ ਸਿੰਘ ਚੰਗੀ ਤਰ੍ਹਾਂ ਜਾਣਦਾ ਸੀ। ਸਾਰੇ ਕੌਲਗੜ੍ਹ ਨੂੰ ਚੱਲ ਪਏ। ਪਿੰਡ ਲਾਗੇ ਪੁੱਜ ਕੇ ਬਬਰ ਕਰਮ ਸਿੰਘ ਨੇ ਅਰਦਾਸਾ ਸੋਧਿਆ। ਉਸ ਵੇਲੇ ਸਾਰਿਆਂ ਕੋਲ ਇਸ ਕਿਸਮ ਦੇ ਹਥਿਆਰ ਸਨ : ਐਸ ਬੀ ਗੱਨ, ਬੋਲਟ ਵਾਲੀ ਬੰਦੂਕ, ਦੋ ਦੁਨਾਲੀਆਂ ਬੰਦੂਕਾਂ, ਪੰਜ ਤੇ ਸੱਤ ਗੋਲੀ ਦਾ ਇਕ-ਇਕ ਤੇ ਛੇ ਗੋਲੀ ਦੇ ਦੋ ਰੀਵਾਲਵਰ ਅਤੇ ਵਡੀਆਂ-ਛੋਟੀਆਂ ਕਿਰਪਾਨਾਂ ਤੇ ਤਿੰਨ ਛਵ੍ਹੀਆਂ।"

ਹਥਿਆਰਾਂ ਦੀ ਚੰਗੀ ਤਰ੍ਹਾਂ ਜਾਂਚ ਕਰਕੇ ਅਤੇ ਫ਼ਾਲਤੂ ਸਾਮਾਨ ਝੋਲਿਆ ਵਿਚ ਪਾ ਕੇ ਚੰਗੀ ਤਰ੍ਹਾਂ ਸੰਭਾਲ ਦਿਤਾ। ਦੋਹਾਂ ਝੋਲੀ-ਚੁੱਕਾਂ ਦੇ ਮਕਾਨਾਂ ਨੂੰ ਮਿਥੀ ਵਿਉਂਤ ਅਨੁਸਾਰ ਜਾ ਘੇਰਿਆ। ਅਨੂਪ ਸਿੰਘ ਅਤੇ ਬਿਸ਼ਨ ਸਿੰਘ ਮਕਾਨਾਂ ਦੇ ਚੜ੍ਹਦੇ ਪਾਸੇ ਦੀ ਗਲੀ ਵਿਚ ਪਹਿਰਾ ਦੇਣ ਲੱਗ ਪਏ। ਲਹਿੰਦੇ ਪਾਸੇ ਉਦੇ ਸਿੰਘ ਅਤੇ ਦਲੀਪਾ ਖੜੋ ਗਏ।

ਉਸ ਵੇਲੇ ਰਲੇ ਦੇ ਬਰਾਂਡੇ ਵਿਚ ਪੰਜ-ਛੇ ਬੰਦੇ ਬੈਠੇ ਹੁਕਾ ਪੀ ਰਹੇ ਸਨ। ਬਬਰ ਕਰਮ ਸਿੰਘ ਬਾਕੀ ਚਾਰ ਸਾਥੀਆਂ ਨੂੰ ਨਾਲ ਲੈ ਕੇ ਉਹਨਾਂ ਕੋਲ ਚਲਿਆ ਗਿਆ ਅਤੇ ਪੁਛਿਆ ਕਿ ਰਲਾ ਅਤੇ ਦਿੱਤੂ ਕਿਹੜੇ ਹਨ। ਰਲੇ ਨੂੰ ਪਛਾਣ ਕੇ ਬਾਹੋਂ ਫੜ ਕੇ ਖੜ੍ਹਾ ਕਰ ਲਿਆ ਅਤੇ ਇਕ ਪਾਸੇ ਕਰਕੇ ਬਾਕੀ ਸਾਰਿਆਂ ਨੂੰ ਇਕ ਕੋਠੜੀ ਵਿਚ ਬੰਦ ਕਰਕੇ ਬਾਹਰੋਂ ਜਿੰਦਰਾ ਜੜ ਦਿੱਤਾ। ਰਲੇ ਨੂੰ ਨਾਲ ਲੈ ਕੇ ਉਹਦੇ ਘਰ ਦੀ ਤਲਾਸ਼ੀ ਜਾ ਕੀਤੀ ਅਤੇ ਦਸਿਆ ਕਿ ਤੈਨੂੰ ਦੋ ਸੌ ਰੁਪਏ ਜੁਰਮਾਨਾ ਕੀਤਾ ਜਾਂਦਾ ਹੈ। ਵਸੂਲੀ ਲਈ ਜੋ ਕੰਮ ਦੀ ਚੀਜ਼ ਹੱਥ ਲਗੀ, ਉਹ ਲੈ ਕੇ ਮੁੜ ਕੋਠੜੀ ਦਾ ਕੁੰਡਾ ਆ ਖੋਲ੍ਹਿਆ ਅਤੇ ਦਿੱਤੂ ਨੂੰ ਬਾਹਰ ਕੱਢ ਕੇ ਬਾਕੀਆਂ ਨੂੰ ਫੇਰ ਉਸੇ ਤਰ੍ਹਾਂ ਅੰਦਰ ਡੱਕ ਕੇ ਜਿੰਦਰਾ ਜੜ ਦਿੱਤਾ। ਉਹਨੂੰ ਵੀ ਦੋ ਸੌ ਜਰਮਾਨਾ ਸੁਣਾ ਕੇ ਉਹਦੇ ਘਰੋਂ ਜਿਹੜੀ ਕੰਮ ਦੀ ਚੀਜ਼ ਹੱਥ ਲਗੀ, ਸਾਂਭ ਕੇ ਦੋਹਾਂ ਨੂੰ ਗਲੀ ਵਿਚ ਲਿਆਂਦਾ। ਉਥੇ ਉਦੇ ਸਿੰਘ ਅਤੇ ਦਲੀਪਾ ਪਹਿਰਾ ਦੇ ਰਹੇ ਸਨ। ਉਥੇ ਦੋਹਾਂ ਨੂੰ ਬਿਠਾ ਕੇ ਹੁਕਮ ਸੁਣਾ ਦਿੱਤਾ ਕਿ ਅੰਗਰੇਜ਼ੀ ਸਰਕਾਰ ਦੀ ਥਾਂ ਅਸੀਂ ਤੁਹਾਨੂੰ ਤਿੰਨ-ਤਿੰਨ ਮੁਰੱਬੇ ਇਨਾਮ ਦੇ ਰਹੇ ਹਾਂ। ਸੋ ਬਬਰ ਕਰਮ ਸਿੰਘ ਅਤੇ ਉਦੇ ਸਿੰਘ ਨੇ ਤਿੰਨ-ਤਿੰਨ ਗੋਲੀਆਂ ਜੜ ਕੇ ਸੁਧਾਰ ਦਾ ਕੰਮ ਪੂਰਾ ਕਰ ਦਿੱਤਾ। ਬਾਕੀ ਕੰਮ ਬੰਤਾ ਸਿੰਘ ਅਤੇ ਧੰਨਾ ਸਿੰਘ ਨੇ ਛਵ੍ਹੀਆਂ ਦੇ ਟੱਕ ਲਾ ਕੇ ਪੂਰਾ ਕਰ ਦਿਤਾ।

ਜਿਸ ਵੇਲੇ ਬਬਰ ਕਰਮ ਸਿੰਘ ਨੇ ਦੋਹਾਂ ਨੂੰ ਗਲੀ ਵਿਚ ਬਿਠਾ ਕੇ ਹੁਕਮ ਸੁਣਾਇਆ ਤਾਂ ਦੋਹਾਂ ਨੇ ਨੱਕ ਨਾਲ ਬਥੇਰੀਆਂ ਲੀਕਾਂ ਕਢੀਆਂ। ਬਬਰ ਜੀ ਦੇ ਪੈਰਾਂ ਉੱਤੇ ਮੱਥੇ ਰਗੜੇ ਅਤੇ ਕਿਹਾ ਕਿ ਅਗੋਂ ਲਈ ਕਦੀ ਤੁਹਾਡੀ ਮੁਖਾਲਫ਼ਤ ਨਹੀਂ ਕਰਾਂਗੇ, ਪਿਛਲੀਆਂ ਗਲਤੀਆਂ ਦੀ ਮੁਆਫ਼ੀ ਬਖ਼ਸ਼ੋ। ਪਰ ਬਬਰ ਕਰਮ ਸਿੰਘ ਨੇ

ਕਿਹਾ ਕਿ ਸਾਡਾ ਤਜਰਬਾ ਦਸਦਾ ਹੈ ਕਿ ਕੁੱਤੇ ਦੀ ਪੂਛ ਕਦੀ ਸਿੱਧੀ ਨਹੀਂ ਹੋ ਸਕਦੀ, ਸੋ ਤੁਸੀਂ ਹੁਣ ਅਗਲਾ ਹੀ ਧਿਆਨ ਕਰੋ।

ਉਸੇ ਹੀ ਵੇਲੇ ਬਾਬੂ ਸੰਤਾ ਸਿੰਘ ਨੇ ਇਕ ਕਾਗਜ਼ ਉਤੇ ਇਹ ਲਿਖ ਕੇ ਕਿ ਇਹਨਾਂ ਦੋਹਾਂ ਝੋਲੀ-ਚੁੱਕਾਂ ਦਾ ਸੁਧਾਰ ਅਸੀਂ ਹੇਠ-ਲਿਖੇ ਬਬਰਾਂ ਨੇ ਕੀਤਾ ਹੈ ਅਤੇ ਜੋ ਜੁਰਮਾਨਾ ਕੀਤਾ ਗਿਆ ਸੀ, ਉਹ ਵੀ ਵਸੂਲ ਲਿਆ ਗਿਆ ਹੈ, ਰਲੇ ਦੇ ਬੂਹੇ ਉੱਤੇ ਜੜ ਦਿਤਾ। ਸੱਤਾਂ ਬਬਰਾਂ ਦੇ ਨਾਂ ਲਿਖ ਕੇ ਟੰਗ ਦਿਤੇ ਗਏ ਸਨ : ਬਬਰ ਕਰਮ ਸਿੰਘ, ਉਦੇ ਸਿੰਘ, ਧੰਨਾ ਸਿੰਘ, ਬਾਬੂ ਸੰਤਾ ਸਿੰਘ, ਬਿਸ਼ਨ ਸਿੰਘ, ਦਲੀਪਾ ਭੁਜੰਗੀ ਅਤੇ ਅਨੂਪ ਸਿੰਘ।

ਬੰਤਾ ਸਿੰਘ ਧਾਮੀਆਂ ਅਤੇ ਧੰਨਾ ਸਿੰਘ ਕੋਟਲੀ ਦੇ ਨਾਂ ਜਾਣ-ਬੁੱਝ ਕੇ ਛੱਡ ਦਿਤੇ ਗਏ ਸਨ, ਕਿਉਂਕਿ ਪੁਲਸ ਨੂੰ ਹਾਲੇ ਇਹਨਾਂ ਬਾਬਤ ਜ਼ਿਆਦਾ ਜਾਣਕਾਰੀ ਨਹੀਂ ਸੀ ਮਿਲੀ। ਉਪਰ-ਲਿਖੇ ਸੱਤਾਂ ਬਬਰਾਂ ਦੇ ਪੂਰੇ ਪਤੇ ਇਸ ਇਸ਼ਤਿਹਾਰ ਵਿਚ ਦਰਜ ਸਨ। ਮੁਕੱਦਮੇ ਦੌਰਾਨ ਇਹ ਹੱਥ-ਲਿਖਤ ਇਸ਼ਤਿਹਾਰ ਪੁਲਸ ਨੇ ਅਦਾਲਤ ਵਿਚ ਪੇਸ਼ ਕੀਤਾ ਸੀ ਅਤੇ ਗਵਾਹਾਂ ਤੋਂ ਬਾਕਾਇਦਾ ਸ਼ਨਾਖ਼ਤ ਕਰਵਾਈ ਸੀ। ਤੁਰਨ ਤੋਂ ਪਹਿਲਾਂ ਗਲੀ ਵਿਚ ਖੜੋ ਕੇ ਬਾਬੂ ਸੰਤਾ ਸਿੰਘ ਅਤੇ ਅਨੂਪ ਸਿੰਘ ਨੇ ਮਸ਼ਹੂਰ ਨਜ਼ਮ "ਝੋਲੀ-ਚੁੱਕ ਹਰਾਮੀਉ" ਵਾਲੀ ਉੱਚੀ, ਗੂੰਜਵੀਂ ਆਵਾਜ਼ ਵਿਚ ਪੜ੍ਹੀ ਸੀ, ਜੀਹਦਾ ਜ਼ਿਕਰ ਸਭ ਗਵਾਹਾਂ ਨੇ ਗਵਾਹੀ ਦਿੰਦਿਆ ਕੀਤਾ ਸੀ। ਫੇਰ ਬਬਰ ਚਲਦੇ ਬਣੇ।

ਪੇਪਰ-ਬੁੱਕ ਦੇ ਸਫ਼ਾ 516 ਉੱਤੇ ਦਿੱਤੂ ਦੇ ਲੜਕੇ, ਰਲੇ ਦੇ ਲੜਕੇ ਤੇ ਦਿੱਤੂ ਦੀ ਘਰਵਾਲੀ ਦੇ ਅਤੇ ਤਾਜ ਮੁਹੰਮਦ ਥਾਣੇਦਾਰ ਦੇ ਬਿਆਨ ਦਰਜ ਹਨ। ਇਸੇ ਤਰ੍ਹਾਂ ਗਵਾਹ ਨੰਬਰ 224, 225, 227 ਅਤੇ 230 ਦੇ ਬਿਆਨ ਵੀ ਦਰਜ ਹਨ। ਸਾਰੇ ਗਵਾਹ ਕਤਲਾਂ ਦੀ ਤਾਈਦ ਹੀ ਕਰਦੇ ਹਨ। ਸੋ ਮੈਂ ਸਾਰਿਆਂ ਦੇ ਬਿਆਨਾਂ ਦਾ ਨਿਚੋੜ ਹੀ ਦਰਜ ਕਰ ਰਿਹਾ ਹਾਂ।

ਗਵਾਹ ਨੰਬਰ 224, ਦੇਵੀ ਚੰਦ ਵਲਦ ਦਿੱਤੂ, ਉਮਰ 30 ਸਾਲ, ਜੱਟ, ਪਿੰਡ ਕੌਲਗੜ੍ਹ, ਜ਼ਿਲਾ ਹੁਸ਼ਿਆਰਪੁਰ, ਸਫ਼ਾ 516 ਉੱਤੇ 11 ਅਕਤੂਬਰ 1923 ਨੂੰ ਦਸਦਾ ਹੈ ਕਿ "ਅਸੀਂ 20 ਮਈ 1923 ਨੂੰ ਬਰਾਂਡੇ ਵਿਚ ਬੈਠੇ ਗੱਲਾਂ ਕਰ ਰਹੇ ਸੀ। ਮੇਰਾ ਚਾਚਾ ਰਲਾ, ਬਾਪ ਦਿੱਤੂ, ਧੰਨਾ, ਜੈਮਲ ਅਤੇ ਮੈਂ ਪੰਜੇ ਬੈਠੇ ਸੀ। ਏਨੇਂ ਨੂੰ 8-9 ਬਬਰਾਂ ਨੇ, ਜਿਨ੍ਹਾਂ ਕੋਲ ਬੰਦੂਕਾਂ, ਪਸਤੌਲ ਅਤੇ ਲਾਠੀਆਂ ਸਨ, ਸਾਨੂੰ ਆ ਘੇਰਿਆ ਅਤੇ ਰਲੇ ਨੂੰ ਇਕ ਪਾਸੇ ਕਰ ਲਿਆ। ਬਾਕੀ ਚਾਰਾਂ ਨੂੰ ਕੋਠੜੀ ਵਿਚ ਬੰਦ ਕਰ ਦਿੱਤਾ। ਬਾਹਰ ਇਕ ਬਬਰ ਪਹਿਰੇ ਉੱਤੇ ਖੜੋ ਗਿਆ। ਥੋੜ੍ਹੇ ਚਿਰ ਪਿਛੋਂ ਮੇਰੇ ਪਿਉ ਦਿੱਤੂ ਨੇ ਉਸ ਬਬਰ ਨੂੰ ਕਿਹਾ ਕਿ ਉਹ ਜ਼ਰੂਰੀ ਹਾਜਤ ਲਈ ਬਾਹਰ ਜਾਣਾ ਚਾਹੁੰਦਾ ਹੈ। ਪਹਿਰੇ ਉੱਤੇ ਖੜੋਤੇ ਬਬਰ ਨੇ ਕਿਹਾ, ਬੇਈਮਾਨ ਦਿਆ ਪੁੱਤਰਾ, ਚੁੱਪ ਕਰਕੇ ਬੈਠਾ ਰਹਿ। ਥੋੜ੍ਹੇ ਚਿਰ ਪਿਛੋਂ ਬਬਰਾਂ ਨੇ ਮੇਰੇ ਪਿਉ ਦਿੱਤੂ ਨੂੰ ਵੀ ਬਾਹਰ ਆ ਕਢਿਆ ਅਤੇ ਰਲੇ ਨੂੰ ਵੀ ਲਿਆਂਦਾ ਤੇ ਬਰਾਂਡੇ ਸਾਹਮਣੇ ਵਿਹੜੇ ਦੇ ਚੌਕ ਵਿਚ ਦੋਹਾਂ ਨੂੰ ਬੰਦੂਕਾਂ ਅਤੇ ਛਵ੍ਹੀਆਂ ਨਾਲ ਕਤਲ ਕਰ ਦਿੱਤਾ। ਉਸ ਵੇਲੇ ਦੋਹਾਂ ਲਾਗੇ ਇਕ ਲਾਲਟੈਣ ਜਗ ਰਹੀ ਸੀ ਅਤੇ ਦਰਵਾਜ਼ੇ ਦੀਆਂ ਝੀਤਾਂ ਥਾਣੀਂ ਅਸੀਂ ਸਭ ਕੁਝ ਦੇਖਦੇ ਰਹੇ ਸੀ। ਬਾਅਦ ਵਿਚ ਬਬਰ ਸਤਿ ਸ੍ਰੀ ਅਕਾਲ ਦੇ ਜੈਕਾਰੇ ਲਾਉਂਦੇ ਹੋਏ ਚਲੇ ਗਏ ਸਨ। ਅਸੀਂ ਦਰਵਾਜ਼ੇ ਦੀ ਚੀਥੀ ਪੁੱਟ ਕੇ ਬਾਹਰ ਨਿਕਲੇ। ਮੈਂ ਸਿੱਧਾ

ਆਪਣੇ ਘਰ ਨੂੰ ਗਿਆ ਤਾਂ ਦੇਖਿਆ ਕਿ ਮੇਰੀ ਮਾਂ, ਭੈਣ ਅਤੇ ਭਣੋਈਆ ਇਕ ਕੋਠੜੀ ਵਿਚ ਡੱਕੇ ਪਏ ਸਨ, ਜਿਨ੍ਹਾਂ ਨੂੰ ਮੈਂ ਬਾਹਰ ਕਢਿਆ। ਮੁੜ ਆ ਕੇ ਦੇਖਿਆ, ਮੇਰੇ ਪਿਉ ਅਤੇ ਚਾਚਾ ਮਰੇ ਪਏ ਸਨ। ਖ਼ੂਨ ਵਗ ਰਿਹਾ ਸੀ। ਲੋਥਾਂ ਅਸੀਂ ਵਰਾਂਡੇ ਦੇ ਅੰਦਰ ਕਰ ਲਈਆਂ। ਦਿਨ ਚੜ੍ਹੇ ਮੈਂ ਆਪਣੇ ਚਾਚੇ ਦੇ ਪੁੱਤ ਭਰਾ ਨਰੈਣ ਚੰਦ ਨੂੰ ਥਾਣੇ ਘੱਲ ਦਿੱਤਾ। ਸਾਡਾ 1,500 ਰੁਪਏ ਦੇ ਲਗਭਗ ਨੁਕਸਾਨ ਹੋਇਆ ਸੀ। ਜ਼ੇਵਰ, ਕੱਪੜੇ ਅਤੇ ਕੁਝ ਨਕਦ ਲੁੱਟ ਲਿਆ ਗਿਆ ਸੀ।''

ਪੇਪਰ-ਬੁੱਕ ਦੇ ਸਫ਼ਾ 517 ਉੱਤੇ ਸਰਕਾਰੀ ਗਵਾਹ ਨੰ: 225, ਨਰੈਣ ਚੰਦ ਵਲਦ ਰਲਾ, ਉਮਰ 25 ਸਾਲ, ਜ਼ਾਤ ਜੱਟ, ਪਿੰਡ ਕੌਲਗੜ੍ਹ, ਜ਼ਿਲਾ ਹੁਸ਼ਿਆਰਪੁਰ 11 ਅਕਤੂਬਰ 1924 ਨੂੰ ਦਸਦਾ ਹੈ ਕਿ ''20 ਮਈ 1923 ਨੂੰ 8 ਕੁ ਬਜੇ ਰਾਤ ਨੂੰ ਮੈਂ ਅਤੇ ਮੇਰਾ ਛੋਟਾ ਭਰਾ ਰੋਟੀ ਖਾ ਕੇ ਹਟੇ ਸੀ। ਮੇਰਾ ਬਾਪ, ਤਾਇਆ ਦਿੱਤੂ ਅਤੇ ਦੇਵੀ ਚੰਦ ਆਪਣੇ ਬਰਾਂਡੇ ਵਿਚ ਬੈਠੇ ਗੱਲਾਂ ਕਰ ਰਹੇ ਸਨ। ਸਾਡੇ ਘਰ ਲਾਗੇ-ਲਾਗੇ ਹੀ ਹਨ ਅਤੇ ਗਲੀ ਵਿਚਕਾਰ ਹੈ। ਮੈਂ ਦਿੱਤੂ ਦੇ ਬਰਾਂਡੇ ਵੱਲ ਰੌਲਾ ਸੁਣਿਆ ਕਿ ਝੋਲੀ-ਚੁੱਕਾਂ ਨੂੰ ਫੜ ਕੇ ਕਤਲ ਕਰ ਦਿਉ, ਕਿਤੇ ਦੌੜ ਨਾ ਜਾਣ। ਮੈਂ ਆਪਣੀ ਡਿਉਢੀ ਵਿਚੋਂ ਦੇਖਿਆ ਕਿ ਬਬਰ ਆ ਗਏ ਹਨ । ਕੋਈ 20 ਦਿਨ ਪਹਿਲਾਂ ਕੌਲਗੜ੍ਹ ਵਿਚ ਇਕ ਇਸ਼ਤਿਹਾਰ ਵੀ ਲੱਗ ਚੁਕਿਆ ਸੀ ਕਿ ਇਥੋਂ ਦੇ ਝੋਲੀ-ਚੁੱਕਾਂ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਪੁਲਸ ਨੂੰ ਰਪੋਟਾਂ ਕਰਨੀਆਂ ਬੰਦ ਕਰ ਦੇਣ, ਨਹੀਂ ਤਾਂ ਉਹਨਾਂ ਦਾ ਸੁਧਾਰ ਕਰ ਦਿੱਤਾ ਜਾਵੇਗਾ। ਸੋ ਮੈਂ ਆਪਣੀ ਮਾਂ ਅਤੇ ਭਰਾ ਨੂੰ ਖ਼ਬਰਦਾਰ ਕਰ ਦਿੱਤਾ ਕਿ ਉਹ ਦੌੜ ਜਾਣ ਅਤੇ ਮੈਂ ਪਿਛਲੇ ਦਰਵਾਜ਼ੇ ਥਾਣੀਂ ਹੁੰਦਾ ਹੋਇਆ ਛੱਤ ਉੱਤੇ ਜਾ ਚੜ੍ਹਿਆ ਤੇ ਦੂਜੀਆਂ ਛੱਤਾਂ ਤੋਂ ਹੁੰਦਾ ਬਾਹਰ ਅੰਬਾਂ ਦੇ ਇਕ ਬਾਗ਼ ਵਿਚ ਜਾ ਲੁਕਿਆ। ਉਥੇ ਹੀ ਬੰਦੂਕਾਂ ਦੇ ਖੜਾਕ ਸੁਣੇ। ਮੈਂ ਸਾਰੀ ਰਾਤ ਉਥੇ ਹੀ ਲੁਕਿਆ ਰਿਹਾ। ਦਿਨ ਚੜ੍ਹੇ ਆਪਣੀ ਹਵੇਲੀ ਨੂੰ ਆਇਆ ਅਤੇ ਆਪਣੇ ਬਾਪ ਤੇ ਤਾਏ ਨੂੰ ਮਰੇ ਪਏ ਦੇਖਿਆ, ਜਿਹੜੇ ਘਰ ਦੇ ਵਿਹੜੇ ਵਿਚ ਕਤਲ ਕੀਤੇ ਜਾ ਚੁਕੇ ਸਨ। ਮੇਰੇ ਬਾਪ ਦੀ ਸਾਰੀ ਜਾਇਦਾਦ ਲੁੱਟੀ ਜਾ ਚੁਕੀ ਸੀ। ਸਾਰਾ ਨੁਕਸਾਨ ਰਲਾ-ਮਿਲਾ ਕੇ ਪੰਜ ਕੁ ਹਜ਼ਾਰ ਦਾ ਸੀ। ਮੈਂ ਜਾ ਕੇ ਥਾਣੇ ਰਪੋਟ ਦਰਜ ਕਰਵਾ ਦਿੱਤੀ। ਪੁਲਸ ਦਾ ਹੌਲਦਾਰ ਦੌਲਤ ਰਾਮ ਮੇਰੇ ਨਾਲ ਆਇਆ ਸੀ। ਮੈਨੂੰ ਵਿਹੜੇ ਵਿਚ ਇਕ ਗੋਲੀ ਪਈ ਮਿਲੀ ਜਿਹੜੀ ਮੈਂ ਹੌਲਦਾਰ ਨੂੰ ਦੇ ਦਿੱਤੀ। ਮੇਰਾ ਪਿਉ ਅਤੇ ਤਾਇਆ ਬਬਰਾਂ ਦੇ ਖ਼ਿਲਾਫ਼ ਸਨ ਅਤੇ ਉਹਨਾਂ ਨੂੰ ਗਰਿਫ਼ਤਾਰ ਕਰਾਉਣਾ ਚਾਹੁੰਦੇ ਸਨ । ਮੇਰੇ ਪਿੰਡ ਦੇ ਊਧਮ ਸਿੰਘ ਅਤੇ ਬਾਵਾ ਸਿੰਘ ਸਾਡੇ ਖ਼ਿਲਾਫ਼ ਸਨ, ਜਿਨ੍ਹਾਂ ਕੋਲ ਬਬਰ ਆਇਆ ਕਰਦੇ ਸਨ। ਇਹ ਬਬਰਾਂ ਦਾ ਉਹਨਾਂ ਕੋਲ ਆਉਣਾ ਪੁਲਸ ਨੂੰ ਜਾ ਦਸਿਆ ਕਰਦੇ ਸਨ, ਜਿਸ ਗੱਲ ਦਾ ਬਬਰਾਂ ਨੂੰ ਵੀ ਪਤਾ ਲਗ ਚੁਕਿਆ ਸੀ। ਇਸੇ ਕਰਕੇ ਦੋਹਾਂ ਨੂੰ ਬਬਰਾਂ ਨੇ ਕਤਲ ਕਰ ਦਿੱਤਾ ਸੀ।''

ਥਾਣੇਦਾਰ ਤਾਜ ਮੁਹੰਮਦ ਥਾਣਾ ਬਲਾਚੌਰ, ਸਫ਼ਾ 522 ਦੇ ਸ਼ੁਰੂ ਵਿਚ ਹੀ ਬਿਆਨ ਕਰਦਾ ਹੈ ਕਿ ''ਕਤਲ ਵਾਲੇ ਦਿਨ ਮੈਂ ਥਾਣੇ ਵਿਚ ਮੌਜੂਦ ਨਹੀਂ ਸੀ ਅਤੇ 22 ਮਈ 1923 ਨੂੰ ਹੀ ਕੌਲਗੜ੍ਹ ਜਾ ਸਕਿਆ ਸੀ। ਰਲਾ ਅਤੇ ਦਿੱਤੂ ਮੇਰੇ ਪੱਕੇ ਮੁਖ਼ਬਰ ਸਨ। ਸਫ਼ੈਦਪੋਸ਼ ਰਲਾ ਅਤੇ ਉਹਦਾ ਭਰਾ ਦਿੱਤੂ ਸਰਕਾਰ ਦੇ ਪੂਰੇ-ਪੂਰੇ ਖ਼ੈਰ-ਖੁਆਹ ਸਨ ਅਤੇ ਬਬਰਾਂ ਦੀਆਂ ਸਰਗਰਮੀਆਂ ਦੀਆਂ ਮੈਨੂੰ ਇਤਲਾਹਾਂ ਦਿਆ

ਕਰਦੇ ਸਨ। ਦੋਹਾਂ ਭਰਾਵਾਂ ਨੇ ਅਕਾਲੀਆਂ ਵਿਰੁੱਧ ਗਵਾਹੀਆਂ ਵੀ ਦਿੱਤੀਆਂ ਸਨ, ਜਿਨ੍ਹਾਂ ਵਿਚ ਕਰਮ ਸਿੰਘ ਝਿੰਗੜ ਅਤੇ ਮਾਸਟਰ ਦਲੀਪ ਸਿੰਘ ਗੋਸਲ ਸ਼ਾਮਲ ਸਨ। ਇਹਨਾਂ ਦੀ ਗਵਾਹੀ ਉੱਤੇ ਹੀ ਉਹਨਾਂ ਨੂੰ ਕੈਦ ਦੀ ਸਜ਼ਾ ਹੋਈ ਸੀ। ਵੈਸੇ ਦੋਨੋਂ ਭਰਾ ਬਾਵਾ ਸਿੰਘ ਮੁਲਜਮ ਨੰ: 65, ਊਧਮ ਸਿੰਘ ਨੰ: 66 ਅਤੇ ਦਲੀਪ ਸਿੰਘ ਸਾਹਦੜਾ ਨੰ: 68 ਦੇ ਖਿਲਾਫ਼ ਵੀ ਸਰਕਾਰ ਕੋਲ ਇਤਲਾਹਾਂ ਦਿਆ ਕਰਦੇ ਸਨ, ਜਿਨ੍ਹਾਂ ਕੋਲ ਬਬਰ ਆਉਂਦੇ-ਜਾਂਦੇ ਸਨ। ਇਕ ਵਾਰ ਦੋਹਾਂ ਭਰਾਵਾਂ ਨੇ ਬਬਰਾਂ ਵੱਲੋਂ ਛਪਿਆ ਇਕ ਇਸ਼ਤਿਹਾਰ ਵੀ ਲਿਆ ਕੇ ਮੈਨੂੰ ਦਿੱਤਾ ਸੀ, ਜਿਸ ਵਿਚ ਬਬਰਾਂ ਨੇ ਝੋਲੀ-ਚੁੱਕਾਂ ਨੂੰ ਧਮਕੀ ਦਿੱਤੀ ਹੋਈ ਸੀ ਕਿ ਉਹ ਪੁਲਸ ਕੋਲ ਜਾ-ਜਾ ਕੇ ਬਬਰਾਂ ਦੀਆਂ ਸਰਗਰਮੀਆਂ ਦੀਆਂ ਖ਼ਬਰਾਂ ਦੇਣੀਆਂ ਬੰਦ ਕਰ ਦੇਣ, ਨਹੀਂ ਤਾਂ ਉਹਨਾਂ ਦਾ ਸੁਧਾਰ ਕਰ ਦਿੱਤਾ ਜਾਵੇਗਾ। ਇਹ ਇਸ਼ਤਿਹਾਰ ਕੌਲਗੜ੍ਹ ਲਗਿਆ ਹੋਇਆ ਸੀ। ਬਬਰਾਂ ਦੀ ਲਿਸਟ ਪੀ ਏ 123 ਉੱਤੇ ਦੋਹਾਂ ਦਾ ਨਾਂ ਨੰਬਰ 108 ਉੱਤੇ ਦਰਜ ਹੈ ਅਤੇ ਸੁਧਾਰ ਦੀ ਤਾਰੀਖ਼ 20 ਮਈ 1923 ਦਰਜ ਹੈ। ਪੋਸਟ-ਮਾਰਟਮ ਵਿਚ ਦੋਹਾਂ ਦੇ ਸਰੀਰਾਂ ਉੱਤੇ ਛੇ-ਛੇ ਜ਼ਖਮਾਂ ਦਾ ਜ਼ਿਕਰ ਹੈ, ਜਿਨ੍ਹਾਂ ਕਰਕੇ ਮੌਤ ਹੋਈ ਦੱਸੀ ਗਈ ਹੈ।"

ਉਪਰ-ਲਿਖੀਆਂ ਗਵਾਹੀਆਂ ਅਤੇ ਥਾਣੇਦਾਰ ਦੇ ਬਿਆਨ ਤੋਂ ਪਾਠਕਾਂ ਨੂੰ ਮੁਕੰਮਲ ਯਕੀਨ ਆ ਗਿਆ ਹੋਵੇਗਾ ਕਿ ਇਹਨਾਂ ਦੋਹਾਂ ਭਰਾਵਾਂ ਨੇ ਕਿੰਨੀ ਸਿੰਗ-ਮਿੱਟੀ ਚੁੱਕੀ ਹੋਈ ਸੀ ਅਤੇ ਇਹ 1922 ਤੋਂ ਹੀ ਅਕਾਲੀਆਂ ਵਿਰੁੱਧ ਗਵਾਹੀਆਂ ਦੇ-ਦੇ ਕਰਮ ਸਿੰਘ ਝਿੰਗੜ ਅਤੇ ਮਾਸਟਰ ਦਲੀਪ ਸਿੰਘ ਗੋਸਲ ਜਿਹੇ ਕੱਟੜ ਦੇਸਭਗਤਾਂ ਨੂੰ ਕੈਦ ਕਰਵਾ ਚੁੱਕੇ ਸਨ। ਜਿਸ ਵੇਲੇ ਮੌਤ ਸਾਹਮਣੇ ਖੜੋਤੀ ਦੇਖੀ ਤਾਂ ਟੱਟੀ ਵੀ ਵਿਚੇ ਨਿਕਲਣ ਲਗ ਪਈ ਸੀ। ਨੱਕ ਦੀਆਂ ਲਕੀਰਾਂ ਵੱਖਰੀਆਂ ਰਹੀਆਂ। ਇਥੋਂ ਤਕ ਵੀ ਕਿਹਾ ਸੀ ਕਿ ਜੇ ਹੁਣ ਇਕ ਵਾਰ ਸਾਡੀ ਜਾਨ-ਬਖਸ਼ੀ ਕਰ ਦਿੱਤੀ ਜਾਵੇ ਤਾਂ ਅਸੀਂ ਘਰ ਦੀ ਸਾਰੀ ਜ਼ਮੀਨ ਬਬਰਾਂ ਦੇ ਨਾਂ ਕਰਵਾ ਦਿਆਂਗੇ। ਪਰ ਬਬਰਾਂ ਨੇ ਤਿੰਨ-ਤਿੰਨ ਮੁਰੱਬੇ ਇਨਾਮ ਆਪਣੇ ਕੋਲੋਂ ਬਖਸ਼ ਕੇ ਕਲੰਕ ਹੀ ਨਿਬੇੜ ਦਿੱਤਾ ਸੀ ਅਤੇ ਛਵ੍ਹੀਆਂ ਦੇ ਟੱਕ ਵਖਰੇ ਰਹੇ।

ਅਨੂਪ ਸਿੰਘ ਅਤੇ ਧੰਨਾ ਸਿੰਘ, ਦੋਹਾਂ ਹੀ ਵਾਇਦਾ-ਮੁਆਫ਼ਾਂ ਦੇ ਬਿਆਨ ਅਗੋਂ ਜਾਰੀ ਰਹਿੰਦੇ ਹਨ। ਅਨੂਪ ਸਿੰਘ ਦਸਦਾ ਹੈ ਕਿ "ਦੋਹਾਂ ਝੋਲੀ-ਚੁੱਕਾਂ ਦੇ ਕੰਮ ਤੋਂ ਵਿਹਲੇ ਹੋ ਕੇ ਅਰਦਾਸਾ ਸੋਧਣ ਤੋਂ ਬਾਅਦ ਝੋਲਿਆਂ ਵਿਚ ਪਾ ਕੇ ਰਖਿਆ ਫ਼ਾਲਤੂ ਸਾਮਾਨ ਸੰਭਾਲ ਕੇ ਅਸੀਂ ਮੁੜ ਜੰਗਲ ਵੱਲ ਨਿਕਲ ਗਏ ਸੀ। ਗੁੱਜਰਾਂ ਦੇ ਪਿੰਡਾਂ ਵਿਚ ਸ਼ਿਕਾਰੀ ਬਣ ਕੇ ਘੁੰਮਦੇ-ਘੁਮਾਉਂਦੇ ਰਹੇ। ਇਕ ਦਿਨ ਬਬਰ ਕਰਮ ਸਿੰਘ ਇਕ ਪਿੰਡ ਦੇ ਚਾਰ-ਪੰਜ ਅਕਾਲੀਆਂ ਨੂੰ ਸਾਥੋਂ ਵੱਖਰੇ ਹੋ ਕੇ ਮਿਲੇ ਸਨ। ਇਕ ਦਿਨ ਬਾਬੂ ਸੰਤਾ ਸਿੰਘ ਨੇ ਮੈਥੋਂ ਪੁੱਛਿਆ ਕਿ ਪਰਚਾ ਛਾਪਣ ਵਾਲੀ ਮਸ਼ੀਨ ਕਿਥੇ ਹੈ, ਤਾਂ ਮੈਂ ਦੱਸਿਆ ਕਿ ਮਸ਼ੀਨ ਐਸ ਵੇਲੇ ਮੇਰੇ ਚਾਚੇ ਬੋਘ ਸਿੰਘ ਕੋਲ ਪਈ ਹੈ। ਜਿਹੜਾ ਬੰਦਾ ਇਕ ਖ਼ਾਲੀ ਲਫ਼ਾਫ਼ਾ ਲਿਜਾ ਕੇ ਦਿਖਾ ਕੇ ਦੱਸੇਗਾ ਕਿ ਮੈਨੂੰ ਅਨੂਪ ਸਿੰਘ ਨੇ ਮਸ਼ੀਨ ਲੈਣ ਲਈ ਭੇਜਿਆ ਹੈ, ਉਹ ਮਸ਼ੀਨ ਉਸੇ ਬੰਦੇ ਨੂੰ ਦੇ ਦੇਵੇਗਾ। ਸੋ ਉਸੇ ਵੇਲੇ ਧੰਨਾ ਸਿੰਘ ਬਹਿਬਲਪੁਰ ਜਾ ਕੇ ਮਸ਼ੀਨ ਲਿਆਉਣ ਲਈ ਆਪਣੇ ਪਿੰਡ ਦੇ ਬੰਤਾ ਸਿੰਘ ਮੁਲਜ਼ਮ ਨੰ: 79 ਨੂੰ ਮਾਣਕੋ ਨੂੰ ਭੇਜ ਆਇਆ, ਜਿਹੜਾ ਮਸ਼ੀਨ ਲੈ ਕੇ ਸਾਡੇ

ਨਾਲ ਆ ਰਲਿਆ। ਹੁਣ ਅਸੀਂ ਗਿਣਤੀ ਵਿਚ 10 ਹੋ ਗਏ ਅਤੇ ਸਾਰਾ ਟੋਲਾ ਸੰਤੋਖਗੜ੍ਹ ਦੁਆਲੇ ਘੁੰਮਦਾ ਰਿਹਾ। ਅੰਨ-ਪਾਣੀ ਕਦੀ ਆਪ ਸਜਾ ਲੈਂਦੇ ਅਤੇ ਕਦੀ ਛੋਲੇ ਖ਼ਰੀਦ ਕੇ ਗੁੜ ਨਾਲ ਗੁਜ਼ਾਰਾ ਕਰ ਲੈਂਦੇ। ਬਹੁਤੀ ਵਾਰੀ ਪਿੰਡਾਂ ਦੇ ਅਕਾਲੀ ਹੀ ਸੇਵਾ ਕਰ ਛਡਦੇ ਸਨ। ਉਸ ਇਲਾਕੇ ਵੱਲ ਨਾ ਝੋਲੀ-ਚੁੱਕਾਂ ਦਾ ਡਰ ਸੀ ਅਤੇ ਨਾ ਹੀ ਪੁਲਸ ਦਾ।''

ਜਿਸ ਵੇਲੇ ਮਸ਼ੀਨ ਪੁੱਜ ਗਈ ਤਾਂ ਸਤਲੁਜ ਦਰਿਆ ਦੇ ਕੰਢੇ ਪਿੰਡ ਭਗੋਰ ਦੇ ਗੁਰਦੁਆਰੇ ਡੇਰਾ ਜਾ ਜਮਾਇਆ। ਇਥੇ ਉਹੋ ਪਰਚਾ ਮਸ਼ੀਨ ਉੱਤੇ ਛਾਪਿਆ ਗਿਆ, ਜਿਹੜਾ ਬਾਬੂ ਸੰਤਾ ਸਿੰਘ ਨੇ ਪਿਨਸਲ ਨਾਲ ਲਿਖ ਕੇ ਰਲੇ ਅਤੇ ਦਿੱਤੂ ਦੇ ਘਰ ਉੱਤੇ ਕੌਲਗੜ੍ਹ ਛਡਿਆ ਸੀ। ਇਸ ਪਰਚੇ ਵਿਚ ਉਹਨਾਂ ਦੋਹਾਂ ਤੋਂ ਇਲਾਵਾ ਹਜ਼ਾਰਾ ਸਿੰਘ ਬਹਿਬਲਪੁਰ ਅਤੇ ਸੂਬੇਦਾਰ ਗੇਂਦਾ ਸਿੰਘ ਘੁੜਿਆਲ ਦੇ ਕਤਲਾਂ ਦਾ ਜਿਕਰ ਵੀ ਕਰ ਦਿੱਤਾ ਗਿਆ ਅਤੇ ਤਾਰੀਖ਼ 20 ਮਈ 1923 ਪਾ ਦਿੱਤੀ ਗਈ। ਤਿੰਨ-ਚਾਰ ਸੌ ਕਾਪੀਆਂ ਛਾਪ ਲਈਆਂ ਗਈਆਂ ਅਤੇ ਇਸ ਪਰਚੇ ਵਿਚ ਹੁਣ ਤਿੰਨਾਂ ਦੀ ਥਾਂ ਸੱਤਾਂ ਬਬਰਾਂ ਦੇ ਨਾਂ ਛਾਪ ਦਿੱਤੇ ਗਏ ਜਿਹੜੇ ਮੈਂ ਦਰਜ ਕਰ ਹੀ ਚੁਕਿਆ ਹਾਂ। ਮਸ਼ੀਨ ਬੰਤਾ ਸਿੰਘ ਬਹਿਬਲਪੁਰੀਏ ਦੇ ਹਵਾਲੇ ਕਰ ਦਿੱਤੀ ਗਈ ਅਤੇ ਸਾਰੇ ਫਤਿਹਪੁਰ ਕੋਠੀ ਵੱਲ ਚਲੇ ਗਏ। ਇਥੋਂ ਹੀ ਬਾਬੂ ਸੰਤਾ ਸਿੰਘ, ਬੰਤਾ ਸਿੰਘ, ਦਲੀਪਾ ਧਾਮੀਆਂ, ਧੰਨਾ ਸਿੰਘ ਕੋਟਲੀ ਅਤੇ ਅਨੂਪ ਸਿੰਘ ਆਪਣੇ ਇਲਾਕੇ ਵੱਲ ਚਲ ਪਏ ਅਤੇ ਬਾਕੀ ਸਾਥੀ ਨਵਾਂ ਸ਼ਹਿਰ ਵੱਲ ਆਪਣੇ ਇਲਾਕੇ ਵੱਲ ਚਲੇ ਗਏ।

# 48. ਸੂਬੇਦਾਰ ਸੁੰਦਰ ਸਿੰਘ ਪਿੰਡ ਰੰਧਾਵੇ, ਜ਼ਿਲਾ ਹੁਸ਼ਿਆਰਪੁਰ ਦੇ ਕਤਲ ਦੀ ਸਾਜ਼ਿਸ਼

ਮਈ 1923 ਦੀ ਇਹ ਘਟਨਾ ਦੋਸ਼ ਨੰ: 18 ਵਜੋਂ ਜੱਜਮੈਂਟ ਦੇ ਸਫ਼ਾ 105 ਉੱਤੇ ਦਰਜ ਹੈ। ਇਸ ਵਿਚ ਹੇਠ-ਲਿਖੇ ਬਬਰਾਂ ਨੇ ਹਿੱਸਾ ਲਿਆ ਸੀ :

1. ਅਨੂਪ ਸਿੰਘ ਵਾਇਦਾ-ਮੁਆਫ਼ ਨੰ: 17, ਮਾਣਕੋ, 2. ਚੰਦਾ ਸਿੰਘ ਨੰ: 23, ਛੁਮੇਲੀ, 3. ਹਜ਼ਾਰਾ ਸਿੰਘ ਨੰ: 28, ਮੰਡੇਰਾਂ (ਇਹ ਸਾਫ਼ ਮੁੱਕਰ ਗਿਆ ਸੀ), ਤੇ 4. ਧੰਨਾ ਸਿੰਘ ਨੰ: 29, ਕੋਟਲੀ ਬਾਵਾਦਾਸ, ਅਤੇ 5. ਬਾਬੂ ਸੰਤਾ ਸਿੰਘ ਮੁਲਜ਼ਮ ਨੰ: 51, ਹਰੀਉਂ ਖ਼ੁਰਦ, 6. ਦਲੀਪਾ ਨੰ: 76, ਧਾਮੀਆਂ, 7. ਕਰਤਾਰ ਸਿੰਘ ਨੰ: 77, ਵੱਡੀ ਛੁਮੇਲੀ, 8. ਕਰਤਾਰ ਸਿੰਘ ਨੰ: 78, ਛੋਟੀ ਛੁਮੇਲੀ, ਤੇ 9. ਬੰਤਾ ਸਿੰਘ (ਸ਼ਹੀਦ ਹੋ ਚੁਕਿਆ), ਧਾਮੀਆਂ।

ਸਾਰੀ ਤਫ਼ਸੀਲ ਲਿਖਣ ਤੋਂ ਪਹਿਲਾਂ ਮੈਂ ਪਾਠਕਾਂ ਨੂੰ ਇਹ ਦੱਸ ਦੇਣਾ ਠੀਕ ਸਮਝਦਾ ਹਾਂ ਕਿ ਮੰਡੇਰੀਆ ਹਜ਼ਾਰਾ ਸਿੰਘ ਪਹਿਲਾਂ ਵਾਇਦਾ-ਮੁਆਫ਼ ਜ਼ਰੂਰ ਬਣ ਗਿਆ ਸੀ, ਪਰ ਜਿਸ ਵੇਲੇ ਸਾਡੇ ਉਤੇ ਗਵਾਹੀ ਦੇਣ ਲਈ ਮਿਸਟਰ ਬੁਲ ਮੈਜਿਸਟਰੇਟ ਸਾਹਮਣੇ 28 ਫ਼ਰਵਰੀ 1924 ਨੂੰ ਪੇਸ਼ ਹੋਇਆ, ਤਾਂ ਸਾਫ਼ ਮੁੱਕਰ ਗਿਆ ਸੀ। ਮੁੜ 31 ਜੁਲਾਈ 1924 ਨੂੰ ਜਦੋਂ ਸੈਸ਼ਨ ਜੱਜ ਸਾਹਿਬ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਵੀ ਸਾਫ਼ ਮੁੱਕਰ ਗਿਆ। ਸਰਕਾਰੀ ਵਕੀਲ ਦੀ ਜਿਰਾਹ ਪੇਪਰ-ਬੁੱਕ ਦੇ ਸਫ਼ਾ 244 ਤੋਂ 250 ਤੱਕ ਦਰਜ ਹੈ। ਅਖ਼ੀਰ ਦੂਜੇ, ਸਪਲੀਮੈਂਟਰੀ ਕੇਸ ਵਿਚ ਇਹਨੂੰ ਉਮਰ ਕੈਦ ਦੀ ਸਜ਼ਾ ਭੁਗਤਣੀ ਪਈ ਸੀ, ਜਦੋਂ ਕਿ ਇਹਦੇ ਸਾਥੀ ਸਿਰਫ਼ ਛੇ-ਛੇ ਸਾਲ ਭੁਗਤਣ ਤੋਂ ਬਾਅਦ ਬਾਹਰ ਆ ਗਏ ਸਨ। ਬਾਕੀ ਜਿਹੜੇ ਕਾਰਨਾਮੇਂ ਇਹਨੇ ਮਿੰਟਗੁਮਰੀ ਅਤੇ ਮੁਲਤਾਨ ਦੀਆਂ ਜਿਹਲਾਂ ਵਿਚ ਉਸ ਜ਼ਮਾਨੇ ਵਿਚ ਕਰਕੇ ਦਿਖਾਏ ਸਨ, ਅਗੇ ਜਾ ਕੇ ਜਦੋਂ ਪਾਠਕ ਪੜ੍ਹਨਗੇ ਤਾਂ ਅਸ਼-ਅਸ਼ ਕਰ ਉੱਠਣਗੇ। ਇਹਦੀ ਜਿਹਲ ਦੀ ਭੁੱਖ-ਹੜਤਾਲ, ਬੈਂਤਾਂ, ਡੰਡਾ-ਬੇੜੀਆਂ, ਟਾਟ-ਵਰਦੀਆਂ, ਖੜ੍ਹੀਆਂ ਹੱਥਕੜੀਆਂ ਅਤੇ ਹਰ ਕਿਸਮ ਦੇ ਤਸੀਹੇ ਜਿਵੇਂ ਇਸ ਮਾੜਕੂ ਜਿਹੇ ਬੰਦੇ ਨੇ ਚੁਪ-ਚੁਪੀਤੇ ਅਤੇ ਸਹਿਨਸ਼ੀਲਤਾ ਨਾਲ ਬਰਦਾਸ਼ਤ ਕੀਤੇ, ਉਹ ਬੱਸ ਕਮਾਲ ਹੀ ਸੀ।

ਹੁਣ ਮੈਂ ਉਪਰ-ਦੱਸੇ ਚਾਰਾਂ ਵਾਇਦਾ-ਮੁਆਫ਼ਾਂ ਦੇ ਬਿਆਨਾਂ ਮੁਤਾਬਿਕ ਇਸ ਸਾਜ਼ਿਸ਼ ਦੀ ਪੂਰੀ ਤਫ਼ਸੀਲ ਦਰਜ ਕਰ ਰਿਹਾ ਹਾਂ। ਪਾਠਕ ਪੜ੍ਹ ਚੁੱਕੇ ਹਨ ਕਿ

ਅਨੂਪ ਸਿੰਘ ਅਤੇ ਬਾਕੀ ਸਾਥੀ ਕੌਲਗੜ੍ਹ ਦੇ ਕਤਲਾਂ ਪਿਛੋਂ ਜੇਜੋਂ, ਫਤਿਹਪੁਰ ਕੋਠੀ ਵੱਲ ਘੁੰਮਦੇ-ਘੁਮਾਉਂਦੇ ਆਪਣੇ ਇਲਾਕੇ ਵੱਲ ਪਰਤ ਆਏ ਸਨ। ਕਤਲਾਂ ਦਾ ਛਾਪਿਆ ਜਾ ਚੁਕਿਆ ਇਸ਼ਤਿਹਾਰ ਵੀ ਦੋਨੋਂ ਪਾਰਟੀਆਂ ਆਪ ਪਿੰਡਾਂ ਵਿਚ ਵੰਡਦੀਆਂ ਰਹੀਆਂ ਸਨ। ਇਕ ਜਥਾ ਨਵਾਂ ਸਹਿਰ ਵੱਲ ਬਬਰ ਕਰਮ ਸਿੰਘ ਦੀ ਰਹਿਨੁਮਾਈ ਥੱਲੇ ਨਿਕਲ ਗਿਆ ਅਤੇ ਦੂਜਾ ਬਾਬੂ ਸੰਤਾ ਸਿੰਘ ਦੀ ਅਗਵਾਈ ਥੱਲੇ ਪਿੰਡ ਡੁਮੇਲੀ, ਰਿਆਸਤ ਕਪੂਰਥਲੇ ਸੁਰਜਨ ਸਿੰਘ ਕੋਲ ਰਾਮਗੜ੍ਹੀਆਂ ਦੀ ਕੋਠੀ ਆ ਪੁਜਿਆ। ਇਥੇ ਹੀ ਛੋਟਾ ਵੱਡਾ ਕਰਤਾਰ ਸਿੰਘ ਡੁਮੇਲੀ ਵਾਲੇ ਵੀ ਆ ਮਿਲੇ, ਜਿਨ੍ਹਾਂ ਨੇ ਬਬਰ ਜਥੇ ਨਾਲ ਰਲਣ ਲਈ ਬਾਬੂ ਸੰਤਾ ਸਿੰਘ ਨੂੰ ਆਖਿਆ। ਏਨੇਂ ਨੂੰ ਚੰਦਾ ਸਿੰਘ ਡੁਮੇਲੀ, ਜਿਹੜਾ ਵਾਇਦਾ-ਮੁਆਫ਼ ਬਣ ਗਿਆ ਸੀ, ਅਤੇ ਹਜ਼ਾਰਾ ਸਿੰਘ ਮੰਡੇਰੀਆ ਵੀ ਆ ਮਿਲੇ।

ਸੋ ਇਥੇ ਹੀ ਰੰਧਾਵਿਆਂ ਵਾਲੇ ਸੂਬੇਦਾਰ ਸੁੰਦਰ ਸਿੰਘ ਦੇ ਸੁਧਾਰ ਦਾ ਫ਼ੈਸਲਾ ਕੀਤਾ ਗਿਆ। ਇਹ ਸੂਬੇਦਾਰ ਵੀ ਘੁੜਿਆਲੀਏ ਸੂਬੇਦਾਰ ਵਾਂਗੂੰ ਸਰਕਾਰ ਦਾ ਪੱਕਾ ਹੱਥਠੋਕਾ ਬਣ ਕੇ ਆਮ ਅਕਾਲੀਆਂ ਦੀਆਂ ਝੂਠੀਆਂ-ਮੂਠੀਆਂ ਸ਼ਕਾਇਤਾਂ ਕਰਕੇ ਅਤੇ ਗਵਾਹੀਆਂ ਦੇ ਕੇ ਉਹਨਾਂ ਨੂੰ ਕੈਦ ਕਰਵਾ ਰਿਹਾ ਸੀ। ਬਬਰਾਂ ਨੂੰ ਗਰਿਫ਼ਤਾਰ ਕਰਵਾਉਣ ਲਈ ਉਹ ਕਈ ਗੁੰਡੇ ਆਪਣੇ ਨਾਲ ਰਲਾਈ ਫਿਰਦਾ ਸੀ। ਉਹਨਾਂ ਦਿਨਾਂ ਵਿਚ ਆਮ ਦਸ-ਨੰਬਰੀਏ ਬਦਮਾਸ਼ ਦੋਹੀਂ ਪਾਸੀਂ ਹਮਦਰਦ ਬਣ ਕੇ ਆਪਣਾ ਉੱਲੂ ਸਿੱਧਾ ਕਰ ਰਹੇ ਸਨ। ਉਹ ਬਬਰਾਂ ਨੂੰ ਝੋਲੀ-ਚੁੱਕਾਂ ਦੀਆਂ ਅਤੇ ਝੋਲੀ-ਚੁੱਕਾਂ ਨੂੰ ਬਬਰਾਂ ਦੀਆਂ ਸਰਗਰਮੀਆਂ ਦੀਆਂ ਇਤਲਾਹਾਂ ਦੇ ਕੇ ਦੋਹਾਂ ਪਾਸਿਆਂ ਉੱਤੇ ਅਸਰ ਜਮਾਈ ਬੈਠੇ ਸਨ। ਉਹਨਾਂ ਵਿਚ ਦੋ ਛਟੇ ਹੋਏ ਦਸ-ਨੰਬਰੀਏ, ਜਗਤ ਸਿੰਘ ਮੰਡੇਰਾਂ ਅਤੇ ਬਿਸ਼ਨ ਸਿੰਘ ਸਾਂਧਰਾ ਸਭ ਤੋਂ ਪਹਿਲਾਂ ਗਿਣੇ ਜਾ ਸਕਦੇ ਹਨ।

ਸੂਬੇਦਾਰ ਸੁੰਦਰ ਸਿੰਘ ਨੇ ਹੀ ਬੰਤਾ ਸਿੰਘ ਦੇ ਛੋਟੇ ਭਰਾ ਲੱਖਾ ਸਿੰਘ ਅਤੇ ਸਾਂਧਰੇ ਵਾਲੇ ਸਾਧੂ ਸਿੰਘ (ਜਿਹੜਾ ਬਾਅਦ ਵਿਚ ਫਾਂਸੀ ਲਗਿਆ ਸੀ) ਨੂੰ ਗਵਾਹੀ ਦੇ ਕੇ ਕੈਦ ਕਰਵਾਇਆ ਸੀ। ਸੋ ਬੰਤਾ ਸਿੰਘ ਧਾਮੀਆਂ ਦੇ ਕਹਿਣ ਉੱਤੇ ਇਹਦੇ ਸੁਧਾਰ ਦਾ ਫ਼ੈਸਲਾ ਕੀਤਾ ਗਿਆ। ਸੂਬੇਦਾਰ ਪੈਨਸ਼ਨ ਆ ਚੁਕਿਆ ਸੀ ਅਤੇ ਉਹਨੇ ਆਪਣਾ ਲੜਕਾ ਪੁਲਸ ਵਿਚ ਭਰਤੀ ਕਰਾ ਦਿੱਤਾ ਸੀ। ਲਗਦੀ ਵਾਹ ਉਹ ਹੋਰਨਾਂ ਨੂੰ ਵੀ ਬਬਰਾਂ ਨੂੰ ਫੜਾਉਣ ਲਈ ਉਤਸਾਹ ਦੇ ਰਿਹਾ ਸੀ। ਇਕ ਦਿਨ ਬਬਰਾਂ ਨੇ ਇਹਦੇ ਮਕਾਨ ਉੱਤੇ ਵੀ ਨੋਟਿਸ ਲਾ ਕੇ ਚਿਤਾਵਨੀ ਦੇ ਦਿੱਤੀ ਕਿ ਜਲਦੀ ਹੀ ਤੈਨੂੰ ਝੋਲੀ-ਚੁੱਕੀ ਦੇ ਮੁਰੱਬੇ ਇਨਾਮ ਵਿਚ ਦੇ ਦਿੱਤੇ ਜਾਣਗੇ। ਸੂਬੇਦਾਰ ਇਹ ਨੋਟਿਸ ਲੈ ਕੇ ਹੁਸ਼ਿਆਰਪੁਰ ਪੁਲਸ ਇੰਸਪੈਕਟਰ ਨੇਕ ਮੁਹੰਮਦ, ਗਵਾਹ ਨੰ: 192 ਨੂੰ ਜਾ ਮਿਲਿਆ, ਜੀਹਦੀ ਸਿਫ਼ਾਰਸ਼ ਉੱਤੇ ਉਸੇ ਵੇਲੇ ਦੋ ਬੰਦੂਕਾਂ ਅਤੇ ਦੋ ਛਵ੍ਹੀਆਂ ਵਾਲੇ ਪਹਿਰੇਦਾਰ ਸੂਬੇਦਾਰ ਨੂੰ ਮਿਲ ਗਏ। ਇਹਤੋਂ ਇਲਾਵਾ ਜਿਹੜੇ ਬੰਦੇ ਉਹਨੇ ਪੁਲਸ ਵਿਚ ਭਰਤੀ ਕਰਾਏ ਸਨ, ਉਹਦੇ ਲੜਕੇ ਸਣੇ ਉਹ ਵੀ ਸੂਬੇਦਾਰ ਦੀ ਰਾਖੀ ਲਈ ਉਹਦੇ ਹਵਾਲੇ ਕਰ ਦਿੱਤੇ ਗਏ। ਹੁਣ ਸੂਬੇਦਾਰ ਹੁਰੀਂ ਜਿੱਧਰ ਜਾਂਦੇ, ਸਾਰਾ ਜਲੂਸ ਹਰ ਵੇਲੇ ਉਹਦੀ ਰਾਖੀ ਲਈ ਨਾਲ ਹੀ ਜੁੜਿਆ ਰਹਿੰਦਾ। ਸੂਰਜ ਡੁੱਬਣ ਤੋਂ ਪਹਿਲਾਂ ਹੀ ਸੂਬੇਦਾਰ ਚੁਬਾਰੇ ਵਿਚ ਜਾ ਵੜਦਾ। ਪਹਿਰੇਦਾਰ ਸਿਪਾਹੀਆਂ ਦੀ ਤਨਖ਼ਾਹ ਸਰਕਾਰ ਅਦਾ ਕਰਦੀ ਸੀ ਅਤੇ ਅੰਨ-ਪਾਣੀ ਸੂਬੇਦਾਰ ਦਿੰਦਾ ਸੀ। ਦੋ-ਦੋ

ਬੰਦਿਆਂ ਦੀ ਡਿਊਟੀ ਵਾਰੀ ਨਾਲ ਪਹਿਰਾ ਦੇਣ ਦੀ ਹਰ ਵੇਲੇ ਸੂਬੇਦਾਰ ਦੇ ਮਕਾਨ ਉੱਤੇ ਲੱਗੀ ਰਹਿੰਦੀ ਸੀ। ਕਦੇ-ਕਦਾਈ ਜਦੋਂ ਸੂਬੇਦਾਰ ਹੁਸ਼ਿਆਰਪੁਰ ਨੂੰ ਅਫ਼ਸਰਾਂ ਦੀ ਹਾਜ਼ਰੀ ਭਰਨ ਜਾਂਦਾ, ਬੰਦੂਕਾਂ ਅਤੇ ਛਵ੍ਹੀਆਂ ਵਾਲੇ ਆਲੇ-ਦੁਆਲੇ ਘੇਰਾ ਪਾਈਂ ਜਲੂਸ ਦੀ ਸ਼ਕਲ ਵਿਚ ਹੀ ਉਹਨੂੰ ਲਿਜਾਇਆ ਕਰਦੇ ਸਨ। ਜਦੋਂ ਜਲੂਸ ਸ਼ਹਿਰ ਵਿਚ ਦੀ ਲੰਘਦਾ ਤਾਂ ਆਮ ਸ਼ਹਿਰੀਏ ਅਤੇ ਪਿੰਡਾਂ ਤੋਂ ਆਏ ਲੋਕ ਇਸ ਜਲੂਸ ਨੂੰ ਦੇਖ-ਦੇਖ ਖ਼ੂਬ ਹੱਸਿਆ ਕਰਦੇ ਸਨ। ਕਈ ਮਨਚਲੇ ਨੌਜਵਾਨ "ਟੋਡੀ ਬੱਚਾ ਜਾ ਰਿਹਾ ਹੈ" ਕਹਿ ਕੇ ਉਹਦਾ ਮਖੌਲ ਉਡਾਇਆ ਕਰਦੇ ਸਨ। ਇਹੋ ਜਿਹੀ ਸੀ ਸਹੀ ਤਸਵੀਰ ਉਹਨਾਂ ਦਿਨਾਂ ਵਿਚ ਝੋਲੀ-ਚੁੱਕਾਂ ਦੀ।

ਪੇਪਰ-ਬੁੱਕ ਦੇ ਸਫ਼ਾ 504 ਉੱਤੇ ਸਰਕਾਰੀ ਗਵਾਹ ਨੰ: 212, ਸੁੰਦਰ ਸਿੰਘ ਵਲਦ ਜਵਾਹਰ ਸਿੰਘ, ਉਮਰ 68 ਸਾਲ, ਜ਼ਾਤ ਜੱਟ-ਸਿੱਖ, ਪਿੰਡ ਰੰਧਾਵਾ ਬਰੋਟਾ, ਜ਼ਿਲਾ ਹੁਸ਼ਿਆਰਪੁਰ, ਪੈਨਸ਼ਨਰ ਸੂਬੇਦਾਰ ਬਿਆਨ ਕਰਦਾ ਹੈ: "ਮੈਂ ਆਪਣਾ ਲੜਕਾ ਅਤੇ ਚਾਰ ਹੋਰ ਆਪਣੇ ਬੰਦੇ ਪੁਲਸ ਵਿਚ ਭਰਤੀ ਕਰਵਾ ਕੇ ਦੋ ਬੰਦੂਕਾਂ ਦੇ ਲਾਇਸੈਂਸ ਆਪਣੇ ਨਾਂ ਤੇ ਆਪਣੇ ਲੜਕੇ ਦੇ ਨਾਂ ਅਤੇ ਦੋ ਛਵ੍ਹੀਆਂ ਲੈ ਕੇ ਆਪਣੇ ਚੁਬਾਰੇ ਵਿਚ ਮੋਰਚਾ ਬਣਾ ਲਿਆ ਸੀ।"

ਪੇਪਰ-ਬੁੱਕ ਦੇ ਸਫ਼ਾ 483 ਉੱਤੇ ਸਰਕਾਰੀ ਗਵਾਹ ਨੰ: 192, ਖ਼ਾਨ ਸਾਹਿਬ ਨੇਕ ਮੁਹੰਮਦ ਖ਼ਾਨ ਇੰਸਪੈਕਟਰ ਪੁਲਸ, ਹੁਸ਼ਿਆਰਪੁਰ ਦਾ ਤਾਈਦੀ ਬਿਆਨ ਦਰਜ ਹੈ।

ਰਾਮਗੜ੍ਹੀਆਂ ਦੀ ਕੋਠੀ, ਡੁਮੇਲੀ ਤੋਂ ਫ਼ੈਸਲੇ ਮੁਤਾਬਿਕ ਬਾਬੂ ਸੰਤਾ ਸਿੰਘ, ਬੰਤਾ ਸਿੰਘ ਧਾਮੀਆਂ, ਅਨੂਪ ਸਿੰਘ ਮਾਣਕੋ ਅਤੇ ਧੰਨਾ ਸਿੰਘ ਕੋਟਲੀ ਨਸਰਾਲੇ ਦੇ ਰੇਲਵੇ ਸਟੇਸ਼ਨ ਲਾਗੇ ਝਿੜੀ ਵਿਚ ਪੁੱਜ ਗਏ ਅਤੇ ਦਲੀਪੇ ਦੀ ਉਡੀਕ ਕਰਨ ਲੱਗ ਪਏ ਜੀਹਨੂੰ ਬਾਬੂ ਸੰਤਾ ਸਿੰਘ ਨੇ ਪਹਿਲਾਂ ਹੀ ਹੋਰ ਸਾਥੀਆਂ ਨੂੰ ਨਾਲ ਲਿਆਉਣ ਲਈ ਘੱਲ ਛੱਡਿਆ ਸੀ। ਮਿਥੇ ਪ੍ਰੋਗਰਾਮ ਮੁਤਾਬਿਕ ਬੰਤਾ ਸਿੰਘ ਦਾ ਵੱਡਾ ਭਰਾ ਭੋਲਾ ਸਿੰਘ ਦੋ ਬੰਦੂਕਾਂ ਦੇ ਕੇ ਵਾਪਸ ਚਲਿਆ ਗਿਆ ਸੀ। (ਬਾਅਦ ਵਿਚ ਇਸ ਭੋਲਾ ਸਿੰਘ ਨੂੰ ਦੂਜੇ ਕੇਸ ਵਿਚ ਉਮਰ ਕੈਦ ਹੋਈ ਸੀ।)

ਕਾਫ਼ੀ ਇੰਤਜ਼ਾਰ ਦੇ ਬਾਵਜੂਦ ਦਲੀਪਾ ਹੋਰ ਸਾਥੀਆਂ ਨੂੰ ਨਾਲ ਲੈ ਕੇ ਨਾ ਪੁੱਜ ਸਕਿਆ। ਸੋ ਇਹ ਪਰੋਗਰਾਮ ਮੁਲਤਵੀ ਕਰਨਾ ਪਿਆ।

ਕੁਝ ਦਿਨਾਂ ਬਾਅਦ ਮੁੜ ਡੁਮੇਲੀ, ਰਾਮਗੜ੍ਹੀਆਂ ਦੀ ਕੋਠੀ ਵਿਚ ਹੀ ਫੇਰ ਇਕੱਠ ਕੀਤਾ ਗਿਆ ਤੇ ਉਹੋ ਨੌਂ ਬਬਰ ਇਕੱਠੇ ਹੋਏ ਤੇ ਰੰਧਾਵਿਆਂ ਲਾਗੇ ਆ ਪੁੱਜੇ। ਪਰ ਉਸ ਵੇਲੇ ਸਿਰਫ਼ ਅਨੂਪ ਸਿੰਘ ਵਾਲੀ ਇਕੋ-ਇਕ ਬੰਦੂਕ ਹੀ ਇਹਨਾਂ ਕੋਲ ਸੀ। ਉਹ ਵੀ ਨਕਾਰਾ ਹੋ ਚੁੱਕੀ ਸੀ, ਕਿਉਂਕਿ ਅਨੂਪ ਸਿੰਘ ਨੇ ਘੁੜਿਆਲ ਵਾਲੇ ਸੂਬੇਦਾਰ ਉੱਤੇ ਡਾਂਗ ਦਾ ਕੰਮ ਲੈਣ ਕਰਕੇ ਦਸਤਾ ਤੋੜ ਲਿਆ ਸੀ। ਹਾਂ, ਬਾਬੂ ਸੰਤਾ ਸਿੰਘ ਅਤੇ ਬੰਤਾ ਸਿੰਘ ਕੋਲ ਦੋ ਰੀਵਾਲਵਰ ਸਨ। ਸੂਹੀਏ ਨੇ ਪੱਕੀ ਖ਼ਬਰ ਆ ਦਿੱਤੀ ਕਿ "ਸੂਬੇਦਾਰ ਚੁਬਾਰੇ ਅੰਦਰ ਜਾ ਵੜਿਆ ਹੈ ਅਤੇ ਬੰਦੂਕਾਂ ਤੇ ਛਵ੍ਹੀਆਂ ਵਾਲੇ ਪਹਿਰਾ ਦੇ ਰਹੇ ਹਨ। ਜੇ ਹਮਲਾ ਕੀਤਾ ਗਿਆ, ਤਾਂ ਸਿੱਧੀ ਟੱਕਰ ਪਹਿਰਾ ਦੇਣ ਵਾਲਿਆਂ ਨਾਲ ਹੀ ਕਰਨੀ ਪੈਣੀ ਹੈ। ਬੰਦੂਕਾਂ-ਪਸਤੌਲਾਂ ਨਾਲ ਹਮਲਾ ਕਾਮਯਾਬ ਹੋਣਾ ਬਹੁਤ ਮੁਸ਼ਕਲ ਹੈ, ਸਿਰਫ਼ ਬੰਬਾਂ ਨਾਲ ਹੀ ਇਹ ਕੰਮ ਸਿਰੇ ਚੜ੍ਹ ਸਕਦਾ ਹੈ। ਪਹਿਲਾਂ ਬੰਬ

ਸੁੱਟ ਕੇ ਪਹਿਰੇਦਾਰ ਖ਼ਤਮ ਕੀਤੇ ਜਾਣ ਅਤੇ ਮੁੜ ਦਰਵਾਜ਼ੇ ਤੋੜ ਕੇ ਸੂਬੇਦਾਰ ਤੱਕ ਪੁਜਿਆ ਜਾ ਸਕਦਾ ਹੈ। ਸੋ ਸਾਨੂੰ ਬਹੁਤ ਵੱਡੀ ਤਿਆਰੀ ਤੋਂ ਬਾਅਦ ਹੀ ਹਮਲਾ ਕਰਨਾ ਚਾਹੀਦਾ ਹੈ।'' ਸੋ ਇਹ ਦੂਜੀ ਵਾਰ ਦਾ ਪ੍ਰੋਗਰਾਮ ਵੀ ਵਿਚਕਾਰ ਹੀ ਛੱਡਣਾ ਪਿਆ।

ਪਹਿਲਾਂ ਲਾਭ ਸਿੰਘ ਢੱਡਿਆਂ ਵਾਲੇ ਉੱਤੇ ਤਿੰਨ ਹਮਲੇ ਐਵੇਂ ਗਏ ਸਨ। ਫੇਰ ਪੰਡੋਰੀ ਨਿੱਝਰਾਂ ਵਾਲਾ ਪ੍ਰੋਗਰਾਮ ਮੁਲਤਵੀ ਕੀਤਾ ਗਿਆ ਸੀ। ਤੇ ਤੀਜਾ ਇਹ ਸੂਬੇਦਾਰ ਵਾਲਾ ਸਿਰੇ ਨਾ ਚੜ੍ਹਿਆ। ਸਿਵਾਇ ਵਾਇਦਾ-ਮੁਆਫ਼ਾਂ ਦੇ ਬਾਕੀ ਸਭ ਬਬਰ ਇਹਨਾਂ ਤਿੰਨਾਂ ਹੀ ਨਾਕਾਮਯਾਬ ਹਮਲਿਆਂ ਤੋਂ ਬਾਅਦ ਸੱਤ-ਸੱਤ ਸਾਲ ਦੀਆਂ ਸਜ਼ਾਵਾਂ ਭੁਗਤ ਕੇ ਬਾਹਰ ਆਏ ਸਨ।

ਸੂਬੇਦਾਰ ਸੁੰਦਰ ਸਿੰਘ ਨੂੰ ਦੋ ਮੁਰੱਬੇ ਇਨਾਮ ਜ਼ਿਲਾ ਲਾਇਲਪੁਰ ਵਿਚ, ਚੁਗਲ-ਖੋਰਾਂ ਦੇ ਚੱਕ ਵਿਚ ਮਿਲੇ ਸਨ।

ਇਹਨਾਂ ਹੀ ਦਿਨਾਂ ਵਿਚ ਸਾਡੀਆਂ ਆਮ ਗਰਿਫ਼ਤਾਰੀਆ ਹੋ ਚੁੱਕੀਆਂ ਸਨ। ਜਿਵੇਂ-ਜਿਵੇਂ ਭੇਤ ਖੁਲ੍ਹਦਾ ਗਿਆ, ਗਰਿਫ਼ਤਾਰੀਆਂ ਹੁੰਦੀਆਂ ਗਈਆਂ। ਬਾਹਰ ਰਹਿੰਦੇ ਬਬਰ ਜਿਹੜੀ ਨਵੀਂ ਕਾਰਵਾਈ ਕਰਦੇ ਸਨ, ਪੁਲਸ ਉਹਦਾ ਗੁੱਸਾ ਸਾਡੇ ਉੱਤੇ ਕੱਢ ਲਿਆ ਕਰਦੀ ਸੀ।

# 49. ਪਟਵਾਰੀ ਅਤਾ ਮੁਹੰਮਦ ਦਾ ਕਤਲ

ਇਹ ਕਤਲ 6 ਜੂਨ 1923 ਨੂੰ ਹੋਇਆ ਅਤੇ ਇਹ ਮਾਮਲਾ ਦੋਸ ਨੰ: 19 ਵਜੋਂ ਜੱਜਮੈਂਟ ਦੇ ਸਫ਼ਾ 106 ਉਤੇ ਦਰਜ ਹੈ। ਇਸ ਕਤਲ ਵਿਚ ਸਿਰਫ਼ ਤਿੰਨਾਂ ਬਬਰਾਂ ਨੇ ਹਿੱਸਾ ਲਿਆ ਸੀ : 1. ਧੰਨਾ ਸਿੰਘ ਵਾਇਦਾ-ਮੁਆਫ਼, ਕੋਟਲੀ ਬਾਵਾਦਾਸ, ਗਵਾਹ ਨੰ: 29, 2. ਦਲੀਪਾ ਧਾਮੀਆਂ, ਮੁਲਜਮ ਨੰ: 76, ਅਤੇ 3. ਬੰਤਾ ਸਿੰਘ ਧਾਮੀਆਂ (ਜੋ 12 ਦਸੰਬਰ 1924 ਨੂੰ ਸ਼ਹੀਦੀ ਪਾ ਗਿਆ ਸੀ)।

ਧੰਨਾ ਸਿੰਘ ਵਾਇਦਾ-ਮੁਆਫ਼ ਹੀ ਇਕੋ-ਇਕ ਮੌਕੇ ਦਾ ਗਵਾਹ ਵੀ ਸੀ ਅਤੇ ਕਾਤਲ ਵੀ। ਉਹਦਾ ਬਿਆਨ ਪੇਪਰ-ਬੁੱਕ ਦੇ ਸਫ਼ਾ 269 ਤੋਂ ਸ਼ੁਰੂ ਹੁੰਦਾ ਹੈ। ਉਹ ਦਸਦਾ ਹੈ ਕਿ ਜਿਸ ਵੇਲੇ ਰੰਧਾਵਿਆਂ ਵਾਲੇ ਸੂਬੇਦਾਰ ਦਾ ਪ੍ਰੋਗਰਾਮ ਮੁਲਤਵੀ ਕਰਨਾ ਪਿਆ ਤਾਂ ਬਾਬੂ ਸੰਤਾ ਸਿੰਘ ਨੇ ਤਜਵੀਜ਼ ਪੇਸ਼ ਕੀਤੀ ਕਿ ਚੁਖਾਰਿਆਂ ਵਾਲੇ ਮੁਖ਼ਬਰ ਬਾਹਮਣ ਨੂੰ ਕਤਲ ਕੀਤਾ ਜਾਵੇ। ਇਸ ਬਾਹਮਣ ਅਤੇ ਘੁੜਿਆਲ ਵਾਲੇ ਰਾਮ ਕਿਸ਼ਨ ਨੂੰ ਕਤਲ ਕਰਨ ਦੀ ਪਹਿਲਾਂ ਵੀ ਇਕ ਵਾਰ ਸਲਾਹ ਹੋ ਚੁੱਕੀ ਸੀ, ਜਦੋਂ ਗੇਂਦਾ ਸਿੰਘ ਸੂਬੇਦਾਰ ਨੂੰ ਕਤਲ ਕੀਤਾ ਗਿਆ ਸੀ। ਧੰਨਾ ਸਿੰਘ ਦਸਦਾ ਹੈ ਕਿ ਪਹਿਲਾਂ ਬਾਬੂ ਸੰਤਾ ਸਿੰਘ ਨੇ ਸਾਂਧਰੇ ਵਾਲੇ ਬਿਸ਼ਨ ਸਿੰਘ, ਜਿਹੜਾ ਪੁਲਸ ਦਾ ਪੱਕਾ ਮੁਖ਼ਬਰ ਸੀ, ਨੂੰ ਕਤਲ ਕਰਨ ਦੀ ਸਲਾਹ ਦਿੱਤੀ, ਜਿਹੜੀ ਧੰਨਾ ਸਿੰਘ ਨੇ ਇਹ ਗੱਲ ਦੱਸ ਕੇ ਰੱਦ ਕਰ ਦਿੱਤੀ ਕਿ ਬਿਸਨ ਸਿੰਘ ਵੀ ਆਪਣੀ ਹਿਫ਼ਾਜ਼ਤ ਲਈ ਹੋਰ ਬੰਦੇ ਨਾਲ ਰਖਦਾ ਹੈ, ਸੋ ਉਹਦੇ ਉੱਤੇ ਐਸ ਵੇਲੇ ਹਮਲਾ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ। ਫੇਰ ਅਨੂਪ ਸਿੰਘ ਮਾਣਕੋ ਨੇ ਚੁਖਾਰਿਆਂ ਵਾਲੇ ਬਾਹਮਣ ਦਾ ਨਾਂ ਤਜਵੀਜ ਕਰ ਦਿੱਤਾ ਅਤੇ ਸਰਬਸੰਮਤੀ ਨਾਲ ਅਗਲੀ ਰਾਤ ਮਸਾਣੀਆਂ ਦੇ ਛੱਪੜ ਉੱਤੇ ਇਕੱਠੇ ਹੋਣ ਦਾ ਫ਼ੈਸਲਾ ਕਰਕੇ ਸਭ ਸਾਥੀ ਨਿੱਖੜ ਗਏ।

ਬੰਤਾ ਸਿੰਘ, ਧੰਨਾ ਸਿੰਘ ਅਤੇ ਦਲੀਪਾ ਪਿੰਡ ਕੋਟਲੀ ਵੱਲ ਆ ਗਏ।

ਉਹਨਾਂ ਦਿਨਾਂ ਵਿਚ ਫ਼ੌਜ ਸਾਰੇ ਦੁਆਬੇ ਵਿਚ ਖਿਲਾਰੀ ਜਾ ਚੁੱਕੀ ਸੀ ਅਤੇ ਫ਼ੌਜ ਤੇ ਰਸਾਲੇ ਦੀ ਇਕ ਟੁਕੜੀ ਉਸ ਵੇਲੇ ਬੁੱਲੋਵਾਲ ਵਿਚ ਡੇਰਾ ਜਮਾਈ ਬੈਠੀ ਸੀ, ਜੋ ਕੋਟਲੀ ਤੋਂ ਡੇਢ ਕੁ ਮੀਲ ਦੇ ਫ਼ਾਸਲੇ ਉੱਤੇ ਹੀ ਸੀ। ਟੁਕੜੀਆਂ ਆਮ ਪਿੰਡਾਂ ਵਿਚ ਗਸ਼ਤ ਲਾਉਣ ਲੱਗ ਪਈਆਂ ਸਨ ਅਤੇ ਕੋਟਲੀ, ਧਾਮੀਏਂ ਤੇ ਸਾਂਧਰੇ ਖ਼ਾਸ ਤੌਰ ਉੱਤੇ ਤਕਰੀਬਨ ਰੋਜ਼ ਗੇੜਾ ਮਾਰਿਆ ਕਰਦੀਆਂ ਸਨ। ਨਾਲ ਇਕ ਸਿਵਲ ਅਫ਼ਸਰ ਹੁੰਦਾ ਸੀ, ਜਿਹੜਾ ਲੋਕਾਂ ਨੂੰ ਇਕੱਠੇ ਕਰਕੇ ਬਬਰਾਂ ਨੂੰ ਫੜਾਉਣ ਵਾਲਿਆਂ

ਲਈ ਨਕਦ ਇਨਾਮ ਤੋਂ ਇਲਾਵਾ ਬਾਰ ਵਿਚ ਨਹਿਰੀ ਜ਼ਮੀਨ ਵਾਲੇ ਮੁਰਬਿਆਂ ਦਾ ਲਾਲਚ ਦਿਆ ਕਰਦਾ ਸੀ। ਪਿੰਡ ਵਾਲਿਆਂ ਨੇ ਤਿੰਨਾਂ ਬਬਰਾਂ ਨੂੰ ਸਲਾਹ ਦਿੱਤੀ ਕਿ ਹਾਲਤ ਦੇ ਮੁਤਾਬਿਕ ਉਹ ਇਹ ਇਲਾਕਾ ਛੱਡ ਕੇ ਕੰਢੀ ਵੱਲ ਨਿਕਲ ਜਾਣ। ਸੋ ਤਿੰਨੇ ਜਣੇ ਤਰਕਾਲਾਂ ਪਈਆਂ ਤੋਂ ਮਿਥੇ ਪ੍ਰੋਗਰਾਮ ਮੁਤਾਬਿਕ ਮਸਾਣੀਆਂ ਦੇ ਛੱਪੜ ਉੱਤੇ ਪੁੱਜਣ ਲਈ ਨੰਦਾ ਚੌਰ ਵੱਲ ਚੱਲ ਪਏ।

ਨੰਦਾ ਚੌਰ ਪੁੱਜ ਕੇ ਇਹਨਾਂ ਨੇ ਮਿਲਖੀ ਹਲਵਾਈ ਦੀ ਦੁਕਾਨ ਉੱਤੇ ਚਾਹ ਪੀਤੀ ਅਤੇ ਅਗੇ ਚੱਲ ਪਏ। ਇਹੋ ਮਿਲਖੀ ਰਾਮ ਗਵਾਹ ਭੁਗਤਿਆ ਸੀ। ਪੇਪਰ-ਬੁੱਕ ਦੇ ਸਫਾ 509 ਉਤੇ ਸਰਕਾਰੀ ਗਵਾਹ ਨੰ: 217, ਮਿਲਖੀ ਰਾਮ ਵਲਦ ਰਾਮ ਲਾਲ, ਉਮਰ 29 ਸਾਲ, ਜ਼ਾਤ ਬਰਾਹਮਣ, ਪਿੰਡ ਨੰਦਾ ਚੌਰ, ਜਿਲਾ ਹੁਸਿਆਰਪੁਰ, 10 ਅਕਤੂਬਰ 1924 ਨੂੰ ਬਿਆਨ ਦਿੰਦਾ ਹੈ: "ਧੰਨਾ ਸਿੰਘ, ਬੰਤਾ ਸਿੰਘ ਅਤੇ ਦਲੀਪਾ, ਤਿੰਨਾਂ ਬਬਰਾਂ ਨੇ ਮੇਰੀ ਦੁਕਾਨ ਤੋਂ ਦੁੱਧ ਪੀਤਾ ਤੇ ਮਿਠਾਈ ਖਾਧੀ ਅਤੇ ਫੰਬੀਆਂ ਵੱਲ ਚਲੇ ਗਏ। ਮੈਂ ਤਿੰਨਾਂ ਨੂੰ ਹੀ ਪਹਿਲਾਂ ਤੋਂ ਚੰਗੀ ਤਰ੍ਹਾਂ ਜਾਣਦਾ ਸੀ। ਅਗਲੇ ਦਿਨ ਨੰਦਾ ਚੌਰ ਦੇ ਚੋਅ ਵਿਚ ਮੈਂ ਅਤਾ ਮੁਹੰਮਦ ਪਟਵਾਰੀ ਦੀ ਲਾਸ਼ ਦੇਖੀ, ਜੋ ਫੰਬੀਆਂ ਦੇ ਰਾਹ ਵਿਚ ਪਈ ਸੀ।"

ਜਿਸ ਵੇਲੇ ਤਿੰਨੇ ਬਬਰ ਨੰਦਾ ਚੌਰ ਦੇ ਚੋਅ ਕੋਲ ਪੁਜੇ ਤਾਂ ਸਾਹਮਣਿਓਂ ਪਟਵਾਰੀ ਅਤਾ ਮੁਹੰਮਦ ਆਉਂਦਾ ਟੱਕਰ ਪਿਆ। ਇਹ ਪਟਵਾਰੀ ਸਰਕਾਰ ਦਾ ਕੱਟੜ ਖ਼ੈਰ-ਖੁਆਹ ਸੀ ਅਤੇ ਕਈਆਂ ਅਕਾਲੀਆਂ ਉੱਤੇ ਗਵਾਹੀਆਂ ਦੇ ਕੇ ਕੈਦ ਕਰਵਾ ਚੁਕਿਆ ਸੀ। ਇਹ ਬੰਤਾ ਸਿੰਘ ਦੇ ਪਿੰਡ ਧਾਮੀਏਂ ਹੀ ਲਗਿਆ ਹੋਇਆ ਸੀ। ਇਹ ਪਿੰਡੋਰੀ ਫਗੂੜਿਆਂ ਵਾਲੇ ਜਥੇਦਾਰ ਗੰਡਾ ਸਿੰਘ ਨੂੰ ਹੁਣੇ-ਹੁਣੇ ਗਵਾਹੀ ਦੇ ਕੇ ਕੈਦ ਕਰਵਾ ਚੁਕਿਆ ਸੀ। ਜਿਸ ਵੇਲੇ ਬੰਤਾ ਸਿੰਘ ਨੇ ਪਿੰਡ ਵਿਚ ਇਕ ਲਫੰਗੇ ਸਾਧ ਦੀ ਬਾਂਹ ਤੋੜੀ ਸੀ ਤਾਂ ਇਹੋ ਪਟਵਾਰੀ ਉਸ ਕੇਸ ਦਾ ਗਵਾਹ ਬਣ ਬੈਠਾ ਸੀ ਅਤੇ ਬੰਤਾ ਸਿੰਘ ਇਸੇ ਕੇਸ ਵਿਚੋਂ ਮਫ਼ਰੂਰ ਹੋ ਕੇ ਬਬਰ ਜਥੇ ਨਾਲ ਜਾ ਰਲਿਆ ਸੀ। ਸੋ ਮੱਛੀ ਆਪ ਹੀ ਜਾਲ ਵਿਚ ਆ ਫਸੀ ਸਮਝੋ।

ਬੰਤਾ ਸਿੰਘ ਨੇ ਆਪਣੇ ਦੋਹਾਂ ਸਾਥੀਆਂ ਨੂੰ ਪਟਵਾਰੀ ਦੀਆਂ ਕਰਤੂਤਾਂ ਦੀ ਜਾਣਕਾਰੀ ਦਿੰਦਿਆਂ ਉਹਨੂੰ ਕਾਬੂ ਕਰ ਲਿਆ ਅਤੇ ਚੋਅ ਦੇ ਨਾਲ ਲਗਦੇ ਟਿੱਬੇ ਉਤੇ ਬਿਠਾ ਲਿਆ। ਪਹਿਲਾਂ ਉਹਦੀ ਪੱਗ ਲਾਹੀ, ਫੇਰ ਕੋਟ। ਤਲਾਸ਼ੀ ਲੈਣ ਪਿਛੋਂ ਚਾਂਦੀ ਦਾ ਇਕ ਰੁਪਿਆ ਅਤੇ ਇਕ ਅਫ਼ੀਮ ਵਾਲੀ ਡੱਬੀ ਮਿਲੀ ਜਿਸ ਵਿਚ ਤਿੰਨ ਮਾਸੇ ਅਫ਼ੀਮ ਮੌਜੂਦ ਸੀ। ਪਟਵਾੜੀ ਹੱਥ ਜੋੜ ਕੇ ਬੰਤਾ ਸਿੰਘ ਦੀਆਂ ਲੇਹਲੜੀਆਂ ਕੱਢ ਰਿਹਾ ਸੀ ਅਤੇ ਕੀਤੇ ਗੁਨਾਹਾਂ ਤੋਂ ਤੋਬਾ ਕਰ ਕੇ ਵਾਰ-ਵਾਰ ਕੰਨ ਫੜ ਰਿਹਾ ਸੀ ਤੇ ਅਗੋਂ ਲਈ ਨੇਕ-ਚਲਣੀ ਦੀਆਂ ਕਸਮਾਂ ਖਾ ਕੇ ਪਾਕ ਕੁਰਾਨ ਦਾ ਵਾਸਤਾ ਪਾ ਰਿਹਾ ਸੀ। ਏਨੇਂ ਨੂੰ ਧੰਨਾ ਸਿੰਘ ਨੇ ਛਵ੍ਹੀ ਦੇ ਭਰਵੇਂ ਵਾਰ ਨਾਲ ਅੱਧੀ ਤੋਂ ਵੱਧ ਗਰਦਨ ਵੱਢ ਛੱਡੀ ਅਤੇ ਪਟਵਾਰੀ ਪਿੱਠ ਭਾਰ ਢੇਰੀ ਹੋ ਗਿਆ। ਧੰਨਾ ਸਿੰਘ ਨੇ ਕਈ ਵਾਰ ਹੋਰ ਕਰ ਕੇ ਪਟਵਾਰੀ ਦੇ ਸਿਰ-ਮੂੰਹ ਦਾ ਹੁਲੀਆ ਵਿਗਾੜ ਦਿੱਤਾ ਅਤੇ ਪਟਵਾਰੀ ਖ਼ਤਮ ਹੋ ਗਿਆ। ਨਕਦ ਰੁਪਿਆ ਅਤੇ ਅਫ਼ੀਮ ਵਾਲੀ ਡਬੀ ਪਟਵਾਰੀ ਦੇ ਕੋਟ ਦੀ ਜੇਬ ਵਿਚ ਪਾ ਕੇ ਕੋਟ ਅਤੇ ਪੱਗ ਪਟਵਾਰੀ ਦੀ ਦੇਹ ਉੱਤੇ ਰਖ ਦਿਤੇ। 4-5 ਪਰਚੇ "ਬਬਰ ਅਕਾਲੀ ਦੁਆਬਾ" ਅਖਬਾਰ ਦੇ ਵੀ ਦੋਹਾਂ ਕੱਪੜਿਆਂ ਥੱਲੇ ਰਖ

ਕੇ ਉਹ ਤਿੰਨੇ ਮਸਾਣੀਆਂ ਦੇ ਛੱਪੜ ਵੱਲ ਚਲੇ ਗਏ। ਕਾਫ਼ੀ ਰਾਤ ਤੱਕ ਸਾਥੀਆਂ ਵਿਚੋਂ ਕੋਈ ਨਾ ਬਹੁੜਿਆ, ਤਾਂ ਰਾਤ ਰਾਜੋਵਾਲੀ ਦੀ ਝਿੜੀ ਵਿਚ ਹੀ ਲੰਘਾਈ।

7 ਜੂਨ 1923 ਦਾ ਦਿਨ ਲੋਥ ਉਥੇ ਹੀ ਪਈ ਰਹੀ। ਤੀਜੇ ਦਿਨ, 8 ਜੂਨ ਨੂੰ ਫੰਬੀਆਂ ਦਾ ਚੁਮਾਰ ਚੌਕੀਦਾਰ ਲੱਭੂ ਨੌਂ ਕੁ ਬਜੇ ਦਿਨੇ ਆਪਣੇ ਪਿੰਡੋਂ ਨੰਦਾ ਚੌਰ ਵੱਲ ਜਾ ਰਿਹਾ ਸੀ। ਜਿਸ ਵੇਲੇ ਉਹ ਚੋਅ ਕੋਲ ਪੁੱਜਿਆ ਤਾਂ ਸੱਜੇ ਹੱਥ ਕੋਈ 15-20 ਕਰਮਾਂ ਹਟਵੀਂ ਲਾਸ਼ ਉਹਦੀ ਨਜ਼ਰ ਪਈ। ਉਹਨੇ ਲਾਗੇ ਜਾ ਕੇ ਲਾਸ਼ ਦੇਖੀ। ਹੁਲੀਆ ਵਿਗੜਿਆ ਹੋਣ ਕਰਕੇ ਉਹ ਪਛਾਣ ਨਾ ਸਕਿਆ ਅਤੇ ਵਾਪਸ ਪਿੰਡ ਨੂੰ ਮੁੜ ਗਿਆ। ਉਹਨੇ ਪਿੰਡ ਦੇ ਲੰਬੜਦਾਰ ਗੁਰਦਿੱਤਾ ਮਲ (ਗਵਾਹ ਨੰ: 219) ਨੂੰ ਖਬਰ ਦਿੱਤੀ। ਲੰਬੜਦਾਰ ਨੇ ਪਿੰਡ ਦੇ ਹੋਰ ਚਾਰ-ਪੰਜ ਬੰਦੇ ਨਾਲ ਲਏ ਅਤੇ ਲਾਸ਼ ਕੋਲ ਜਾ ਕੇ ਸ਼ਨਾਖ਼ਤ ਦੀ ਕੋਸਿਸ਼ ਕੀਤੀ। ਪਰ ਕੋਈ ਵੀ ਪਛਾਣ ਨਾ ਸਕਿਆ। ਆਖ਼ਰ ਲੱਭੂ ਨੂੰ ਹੀ ਨੰਦਾ ਚੌਰ ਨੂੰ ਭੇਜ ਕੇ ਜ਼ੈਲਦਾਰ ਬਰਕਤ ਅਲੀ ਅਤੇ ਲੰਬੜਦਾਰਾਂ ਨੂੰ ਮੌਕੇ ਉੱਤੇ ਸੱਦ ਘਲਿਆ। ਉਹਨਾਂ ਆਉਂਦਿਆਂ ਨੇ ਹੀ ਪਛਾਣ ਲਿਆ ਕਿ ਇਹ ਲਾਸ਼ ਉਹਨਾਂ ਦੇ ਪਿੰਡ ਦੇ ਪਟਵਾਰੀ ਅਤਾ ਮੁਹੰਮਦ ਦੀ ਹੈ, ਜਿਹੜਾ ਉਸ ਵੇਲੇ ਧਾਮੀਆਂ ਸਰਕਲ ਵਿਚ ਲਗਿਆ ਹੋਇਆ ਸੀ।

ਸਾਰਿਆਂ ਨੇ ਸਲਾਹ ਕਰਕੇ ਲੱਭੂ ਚੌਕੀਦਾਰ ਨੂੰ ਥਾਣੇ ਹਰਿਆਣੇ, ਜ਼ਿਲਾ ਹੁਸ਼ਿਆਰਪੁਰ ਰਪਟ ਕਰਨ ਲਈ ਭੇਜ ਦਿੱਤਾ ਅਤੇ ਆਪ ਸਾਰੇ ਲਾਸ਼ ਕੋਲ ਬੈਠ ਕੇ ਪੁਲਸ ਦੀ ਉਡੀਕ ਕਰਨ ਲਗ ਪਏ। ਤਰਕਾਲਾਂ ਨੂੰ ਥਾਣੇਦਾਰ ਮੌਕੇ ਉੱਤੇ ਪੁੱਜਿਆ। ਸਭ ਨਕਸ਼ੇ, ਫਰਦਾਂ ਤੇ ਕੁੱਲ ਕਾਨੂੰਨੀ ਕਾਰਵਾਈ ਰਾਤ ਤੱਕ ਹੁੰਦੀ ਰਹੀ। ਅਗਲੇ ਦਿਨ, 9 ਜੂਨ 1923 ਨੂੰ ਲਾਸ਼ ਪੋਸਟ ਮਾਰਟਮ ਲਈ ਹੁਸ਼ਿਆਰਪੁਰ ਪੁਚਾਈ ਗਈ। ਗਰਮੀ ਪੂਰੇ ਜੋਬਨ ਉੱਤੇ ਸੀ : ਵੱਢੀ-ਟੁੱਕੀ ਲਾਸ਼ ਪੂਰੀ ਤਰ੍ਹਾਂ ਸੜ-ਗਲ ਚੁੱਕੀ ਸੀ। ਉਪਰ-ਦੱਸੇ ਸਭ ਬੰਦੇ ਗਵਾਹੀ ਦੇਣ ਆਏ ਸਨ। ਗਵਾਹਾਂ ਦੀ ਕੁੱਲ ਗਿਣਤੀ ਨੌਂ ਬਣਦੀ ਹੈ—215 ਤੋਂ 223 ਤਕ। ਉਹ 10 ਅਕਤੂਬਰ 1924 ਨੂੰ ਭੁਗਤੇ ਸਨ।

ਧੰਨਾ ਸਿੰਘ ਕੋਟਲੀ ਬਾਵਾਦਾਸ ਨੇ ਵਾਇਦਾ-ਮੁਆਫ਼ੀ ਲੈ ਕੇ ਜੋ ਬਿਆਨ ਦਿੱਤਾ ਸੀ, ਉਸੇ ਦੀ ਬਿਨਾ ਉੱਤੇ ਪੁਲਸ ਨੇ ਇਹ ਸਭ ਬੰਦੇ ਸਰਕਾਰੀ ਗਵਾਹ ਬਣਾ ਕੇ ਪੇਸ਼ ਕੀਤੇ ਸਨ।

# 50. ਸਾਂਧਰੀਏ ਬਿਸ਼ਨ ਸਿੰਘ ਉੱਤੇ ਕਾਤਲਾਨਾ ਹਮਲਾ

ਇਹ ਹਮਲਾ 15-16 ਜੁਲਾਈ 1923 ਦੀ ਰਾਤ ਨੂੰ ਕੀਤਾ ਗਿਆ ਅਤੇ ਦੋਸ਼ ਨੰ: 20 ਵਜੋਂ ਜੱਜਮੈਂਟ ਦੇ ਸਫ਼ਾ 108 ਉੱਤੇ ਦਰਜ ਹੈ। ਇਸ ਹਮਲੇ ਵਿਚ ਹੇਠ-ਲਿਖੇ ਬਬਰਾਂ ਨੇ ਹਿੱਸਾ ਲਿਆ ਸੀ : 1. ਧੰਨਾ ਸਿੰਘ, ਕੋਟਲੀ ਬਾਵਾਦਾਸ, ਵਾਇਦਾ-ਮੁਆਫ਼ ਗਵਾਹ ਨੰ: 29, 2. ਦਲੀਪਾ ਧਾਮੀਆਂ, ਮੁਲਜ਼ਮ ਨੰ: 76, ਅਤੇ 3. ਬੰਤਾ ਸਿੰਘ ਧਾਮੀਆਂ ਤੇ 4. ਵਰਿਆਮ ਸਿੰਘ ਧੁੱਗਾ (ਜੋ ਦੋਨੋਂ 12 ਦਸੰਬਰ 1923 ਅਤੇ 8 ਜੂਨ 1924 ਨੂੰ ਸ਼ਹੀਦ ਹੋ ਗਏ ਸਨ)।

ਸਭ ਤੋਂ ਪਹਿਲਾਂ ਮੈਂ ਇਸੇ ਬਿਸ਼ਨ ਸਿੰਘ ਦਾ ਬਿਆਨ ਦਰਜ ਕਰਨਾ ਠੀਕ ਸਮਝਦਾ ਹਾਂ। ਬਿਆਨ ਪੇਪਰ-ਬੁੱਕ ਦੇ ਸਫ਼ਾ 527 ਤੋਂ ਸ਼ੁਰੂ ਹੁੰਦਾ ਹੈ। ਉਹ 11 ਅਕਤੂਬਰ 1924 ਨੂੰ ਭੁਗਤਿਆ ਸੀ। ਸਰਕਾਰੀ ਗਵਾਹ ਨੰ: 234, ਬਿਸ਼ਨ ਸਿੰਘ ਵਲਦ ਦਲੀਪ ਸਿੰਘ, ਉਮਰ 30 ਸਾਲ, ਜਾਤ ਜੱਟ-ਸਿੱਖ, ਪਿੰਡ ਸਾਂਧਰਾ, ਜ਼ਿਲਾ ਹੁਸ਼ਿਆਰਪੁਰ : "ਪਿਛਲੇ ਸਾਲ ਜੇਠ ਵਿਚ ਮੈਂ ਪੁਲਸ ਵਿਚ ਵਿਸੇਸ਼ ਸਿਪਾਹੀ ਭਰਤੀ ਹੋਇਆ ਸੀ ਤਾਂ ਜੋ ਬਬਰ ਅਕਾਲੀਆਂ ਨੂੰ ਗਰਿਫ਼ਤਾਰ ਕਰਾਉਣ ਵਿਚ ਪੁਲਸ ਦੀ ਮਦਦ ਕਰ ਸਕਾਂ, ਜਿਨ੍ਹਾਂ ਵਿਚ ਧੰਨਾ ਸਿੰਘ ਕੋਟਲੀ, ਵਰਿਆਮ ਸਿੰਘ ਧੁੱਗਾ, ਬੰਤਾ ਸਿੰਘ ਧਾਮੀਆਂ ਅਤੇ ਦਲੀਪਾ ਧਾਮੀਆਂ ਸ਼ਾਮਲ ਸਨ। ਮੈਂ ਇਹਨਾਂ ਚੌਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ।"

ਇਸੇ ਤਰ੍ਹਾਂ ਜੱਜ ਸਾਹਿਬ ਜੱਜਮੈਂਟ ਲਿਖਦਿਆਂ ਸਫ਼ਾ 109 ਉੱਤੇ ਦਸਦੇ ਹਨ ਕਿ "ਇਹ ਗਵਾਹ ਸਿਰਫ਼ ਬਬਰ ਅਕਾਲੀਆਂ ਨੂੰ ਗਰਿਫ਼ਤਾਰ ਕਰਾਉਣ ਵਾਸਤੇ ਹੀ ਬਤੌਰ ਸਪੈਸ਼ਲ ਕਾਂਸਟੇਬਲ ਪੁਲਸ ਵਿਚ ਭਰਤੀ ਹੋਇਆ ਸੀ। ਇਹਦਾ ਨਾਂ ਬਬਰਾਂ ਦੀ ਬਲੈਕ ਲਿਸਟ ਵਿਚ, ਜਿਹੜੀ ਐਸ ਵੇਲੇ ਅਦਾਲਤ ਵਿਚ ਪੀ ਏ 323 ਮੌਜੂਦ ਹੈ, ਨੰਬਰ 168 ਉੱਤੇ ਦਰਜ ਹੈ ਅਤੇ ਇਸ ਗਵਾਹ ਦੇ ਸੁਧਾਰ ਦੀ ਤਾਰੀਖ਼ 15 ਜੁਲਾਈ 1923 ਦਰਜ ਹੈ ਤੇ ਲਿਖਿਆ ਹੋਇਆ ਹੈ ਕਿ ਸੀ ਆਈ ਡੀ ਦੇ ਸਿਪਾਹੀ ਬਿਸ਼ਨ ਸਿੰਘ ਨੂੰ 15-16 ਜੁਲਾਈ ਦੀ ਰਾਤ ਨੂੰ ਦਸ ਬਜੇ ਪਿੰਡ ਸਾਂਧਰੇ ਵਿਚ ਤਰੱਕੀ ਦੇ ਦਿਤੀ ਗਈ ਹੈ।

ਹੁਣ ਮੈਂ ਬਿਸ਼ਨ ਸਿੰਘ ਦੇ ਬਿਆਨ ਤੋਂ ਇਲਾਵਾ ਵਾਇਦਾ-ਮੁਆਫ਼ ਧੰਨਾ ਸਿੰਘ ਅਤੇ ਹੋਰ ਗਵਾਹਾਂ ਦੇ ਬਿਆਨਾਂ ਦੇ ਆਧਾਰ ਉੱਤੇ ਸਾਰੀ ਤਫ਼ਸੀਲ ਦਰਜ ਕਰ ਰਿਹਾ

ਹਾਂ। ਖ਼ੁਦ ਬਿਸ਼ਨ ਸਿੰਘ ਉਸ ਵੇਲੇ ਦੀ ਸਰਕਾਰ ਦਾ ਹੱਥ-ਠੋਕਾ ਹੋਣਾ ਸਵੀਕਾਰ ਕਰ ਰਿਹਾ ਹੈ। ਇਕ ਵਾਰ ਬਿਸ਼ਨ ਸਿੰਘ ਆਪਣੇ ਹੀ ਪਿੰਡ ਦੇ ਸੁੰਦਰ ਸਿੰਘ ਨਾਲ ਮੱਝ ਖਰੀਦਣ ਲਈ ਚੱਕ ਗੁਜਰਾਂ ਨੂੰ ਗਿਆ ਤਾਂ ਵਾਪਸੀ ਉੱਤੇ ਉਹਨੂੰ ਉੱਪਰ-ਦਸੇ ਚਾਰੇ ਬਬਰ ਮਿਲ ਪਏ।

ਉਸ ਵੇਲੇ ਚਾਰੇ ਬਬਰ ਦਿਉਵਾਲ ਲਾਗੇ ਝਿੜੀ ਵਿਚ ਸਨ। ਇਹ ਦੋਵੇਂ ਅੱਖ ਬਚਾ ਕੇ ਦੂਜੇ ਪਾਸੇ ਵੱਲ ਖਿਸਕ ਗਏ। ਉਸੇ ਹੀ ਰਾਤ ਪਿੰਡ ਮੇਘੋਵਾਲ ਵਿਚ ਡਾਕਾ ਪੈ ਗਿਆ। ਜਿਸ ਵੇਲੇ ਡਾਕੇ ਦੀ ਖ਼ਬਰ ਬਿਸ਼ਨ ਸਿੰਘ ਨੂੰ ਮਿਲੀ ਤਾਂ ਉਹਨੇ ਹੁਸ਼ਿਆਰ-ਪੁਰ ਜਾ ਕੇ ਇੰਸਪੈਕਟਰ ਨੇਕ ਮੁਹੰਮਦ ਨੂੰ ਖ਼ਬਰ ਦਿੱਤੀ ਕਿ ਉਹਨੇ ਉੱਪਰ-ਦੱਸੇ ਚਾਰੇ ਬਬਰ ਦੂਰੋਂ ਦਿਉਵਾਲ ਲਾਗੇ ਦੇਖੇ ਸਨ ਅਤੇ ਪੁਲਸ ਨੂੰ ਯਕੀਨ ਦੁਆ ਦਿੱਤਾ ਕਿ ਇਹ ਕਾਰਵਾਈ ਚੌਹਾਂ ਬਬਰਾਂ ਨੇ ਹੀ ਕੀਤੀ ਹੈ।

ਬਿਸ਼ਨ ਸਿੰਘ ਬਿਆਨ ਵਿਚ ਮੰਨਦਾ ਹੈ ਕਿ ਉਹਨੇ ਆਪਣੇ ਹੀ ਪਿੰਡ ਦੇ ਇਕ ਹੋਰ ਬਬਰ ਸਾਧੂ ਸਿੰਘ ਦੇ ਖਿਲਾਫ਼ ਮੁਖ਼ਬਰੀ ਕੀਤੀ ਸੀ ਅਤੇ ਬਾੜੀਆਂ ਵਾਲੇ ਡਾਕੇ ਵਿਚ ਇਸੇ ਮੁਖ਼ਬਰੀ ਸਦਕਾ ਸਾਧੂ ਸਿੰਘ ਨੂੰ ਸੱਤ ਸਾਲ ਦੀ ਕੈਦ ਹੋ ਗਈ ਸੀ। ਉਹ ਬਾਅਦ ਵਿਚ ਹਾਈ ਕੋਰਟ ਵਿਚੋਂ ਬਰੀ ਹੋ ਗਿਆ ਸੀ ਅਤੇ ਆ ਕੇ ਬਬਰ ਜਥੇ ਵਿਚ ਭਰਤੀ ਹੋ ਗਿਆ ਸੀ। ਉਹਨੂੰ ਬਬਰ ਅਕਾਲੀ ਸਪਲੀਮੈਂਟਰੀ ਕੇਸ ਵਿਚ ਫੇਰ ਉਮਰ ਕੈਦ ਦੀ ਸਜ਼ਾ ਹੋ ਗਈ ਸੀ, ਪਰ ਉਹ ਹਾਈ ਕੋਰਟ ਵਿਚੋਂ ਦੁਬਾਰਾ ਬਰੀ ਹੋ ਗਿਆ ਸੀ। ਆਖ਼ਰ ਇਕੋ ਦਿਨ ਛੇ ਮੁਖ਼ਬਰਾਂ ਨੂੰ ਕਤਲ ਕਰਨ ਦੇ ਦੋਸ਼ ਵਿਚ ਉਹ ਫਾਂਸੀ ਉੱਤੇ ਝੂਲ ਗਿਆ ਸੀ।

ਇਕ ਦਿਨ ਸਾਧੂ ਸਿੰਘ ਦੇ ਵੱਡੇ ਭਰਾ ਕਿਸ਼ਨ ਸਿੰਘ ਨੇ ਬੰਤਾ ਸਿੰਘ ਧਾਮੀਆਂ ਨੂੰ ਦਸਿਆ ਕਿ ਉਹ ਜਿਹਲ ਵਿਚ ਸਾਧੂ ਸਿੰਘ ਨਾਲ ਮੁਲਾਕਾਤ ਕਰਕੇ ਆਇਆ ਹੈ ਅਤੇ ਉਹਨੇ ਤੁਹਾਨੂੰ ਤਾਕੀਦ ਕੀਤੀ ਹੈ ਕਿ ਹੁਣ ਤੁਸੀਂ ਬਬਰ ਜਥੇ ਦੇ ਮੈਂਬਰ ਤਾਂ ਬਣ ਹੀ ਚੁੱਕੇ ਹੋ, ਸੋ ਛੇਤੀ ਤੋਂ ਛੇਤੀ ਬਿਸ਼ਨ ਸਿੰਘ ਦਾ ਸੁਧਾਰ ਕਰ ਦਿਉ। ਇਸ ਗੱਦਾਰ ਨੇ ਜਿਹੜੀ ਸਿਰ-ਮਿੱਟੀ ਚੁੱਕੀ ਹੋਈ ਹੈ, ਉਹ ਖ਼ਤਮ ਹੋ ਜਾਣੀ ਚਾਹੀਦੀ ਹੈ। (ਇਹ ਕਿਸ਼ਨ ਸਿੰਘ ਸਪਲੀਮੈਂਟਰੀ ਕੇਸ ਵਿਚ ਉਮਰ ਕੈਦ ਹੋ ਗਿਆ ਸੀ ਅਤੇ ਸਜ਼ਾ ਭੁਗਤ ਕੇ 1936-37 ਵਿਚ ਬਾਕੀ ਸਾਥੀਆਂ ਨਾਲ ਬਾਹਰ ਆਇਆ ਸੀ।) ਬੰਤਾ ਸਿੰਘ ਹੁਰੀਂ ਤਾਂ ਪਹਿਲਾਂ ਹੀ ਇਸ ਗੱਦਾਰ ਨੂੰ ਬਿਲੇ ਲਾਉਣ ਦਾ ਮਨ ਬਣਾਈ ਬੈਠੇ ਸਨ। ਸਾਧੂ ਸਿੰਘ ਦੇ ਸੁਨੇਹੇ ਨੇ ਸਮਝੋ ਸੋਨੇ ਉੱਤੇ ਸੁਹਾਗੇ ਦਾ ਕੰਮ ਦਿੱਤਾ, ਕਿਉਂਕਿ ਮੇਘੋਵਾਲ ਵਾਲੇ ਡਾਕੇ ਦੇ ਅਗਲੇ ਹੀ ਦਿਨ ਬਿਸ਼ਨ ਸਿੰਘ ਦੀ ਮੁਖ਼ਬਰੀ ਸਦਕਾ ਉਪਰ-ਦੱਸੇ ਚਾਰਾਂ ਬਬਰਾਂ ਦੇ ਘਰਾਂ ਦੀਆਂ ਤਲਾਸ਼ੀਆਂ ਹੋਈਆਂ ਸਨ, ਜੀਹਦਾ ਪਤਾ ਪਹਿਲਾਂ ਹੀ ਚਾਰਾਂ ਨੂੰ ਲਗ ਚੁਕਿਆ ਸੀ। ਸੋ ਬਿਸ਼ਨ ਸਿੰਘ ਦੇ ਸੁਧਾਰ ਦਾ ਪੱਕਾ ਫ਼ੈਸਲਾ ਕਰ ਲਿਆ ਗਿਆ। ਮੇਘੋਵਾਲ ਦਾ ਡਾਕਾ ਬਬਰਾਂ ਨੇ ਨਹੀਂ ਸੀ ਮਾਰਿਆ। ਡਾਕੂ ਹੋਰ ਹੀ ਸਨ।

ਇਕ ਦਿਨ ਸਾਂਧਰੇ ਦੇ ਚੜ੍ਹਦੇ ਪਾਸੇ ਇਹ ਬਬਰ ਇਕੱਠੇ ਹੋਏ : ਬੰਤਾ ਸਿੰਘ ਤੇ ਦਲੀਪਾ ਦੋਨੋਂ ਧਾਮੀਆਂ, ਧੰਨਾ ਸਿੰਘ ਵਾਇਦਾ-ਮੁਆਫ਼ ਕੋਟਲੀ ਬਾਵਾਦਾਸ, ਵਰਿਆਮ ਸਿੰਘ ਧੁੱਗਾ, ਭੋਲਾ ਸਿੰਘ ਸੁਰਹਿੜਾ ਕਾਠੇ, ਕਿਸ਼ਨ ਸਿੰਘ ਸਾਂਧਰਾ (ਸਾਧੂ ਸਿੰਘ ਦਾ ਭਰਾ) ਅਤੇ ਦੀਵਾਨ ਸਿੰਘ ਅਧਕਾਰੇ ਕਾਠੇ। ਇਹ ਦੀਵਾਨ ਸਿੰਘ ਦਸ-ਨੰਬਰ ਦਾ

ਬਦਮਾਸ਼ ਸੀ ਅਤੇ ਸਾਰਿਆਂ ਨੇ ਮਿਲ ਕੇ ਸਲਾਹ ਕਰਕੇ ਉਹਨੂੰ ਜਥੇ ਵਿਚ ਸ਼ਾਮਲ ਕਰਨਾ ਠੀਕ ਨਾ ਸਮਝਿਆ ਤੇ ਉਹਨੂੰ ਵਾਪਸ ਘੱਲ ਦਿੱਤਾ ਗਿਆ। ਕਿਸ਼ਨ ਸਿੰਘ ਨੂੰ ਵੀ ਵਾਪਸ ਮੋੜ ਦਿੱਤਾ ਗਿਆ ਕਿਉਂਕਿ ਉਹ ਉਸੇ ਹੀ ਪਿੰਡ ਦਾ ਹੋਣ ਕਰਕੇ ਪਛਾਣਿਆ ਜਾ ਸਕਦਾ ਸੀ। ਸੋ ਬਾਕੀ ਦੇ ਪੰਜੇ ਬਬਰ ਪਿੰਡ ਦੇ ਸਕੂਲ ਦੇ ਕੋਲ ਦੀ ਹੁੰਦੇ ਹੋਏ ਬਿਸ਼ਨ ਸਿੰਘ ਦੇ ਮਕਾਨ ਉੱਤੇ ਜਾ ਪੁੱਜੇ।

ਉਸ ਵੇਲੇ ਬੰਤਾ ਸਿੰਘ ਅਤੇ ਵਰਿਆਮ ਸਿੰਘ ਕੋਲ ਇਕ-ਇਕ ਪਸਤੌਲ ਤੇ ਇਕ-ਇਕ ਛਵ੍ਹੀ, ਦਲੀਪੇ ਕੋਲ ਛਵ੍ਹੀ, ਧੰਨਾ ਸਿੰਘ ਕੋਲ ਬੰਦੂਕ ਅਤੇ ਭੋਲਾ ਸਿੰਘ ਕੋਲ ਤਿੰਨ-ਫੁੱਟੀ ਕਿਰਪਾਨ ਸੀ। ਬਿਸ਼ਨ ਸਿੰਘ ਦੇ ਮਕਾਨ ਅਤੇ ਹਵੇਲੀ ਦੁਆਲੇ 5-6 ਫੁੱਟ ਉੱਚੀ ਕੰਧ ਸੀ, ਜਿਸ ਵਿਚ ਇਕ ਪਾਸੇ ਫਾਟਕ ਤੋਂ ਬਿਨਾਂ ਖੁੱਲਾ ਰਾਹ ਸੀ। ਉਥੇ ਭੋਲਾ ਸਿੰਘ ਦੀ ਡਿਊਟੀ ਲਾ ਦਿੱਤੀ ਗਈ। ਬੰਤਾ ਸਿੰਘ ਅਤੇ ਦਲੀਪੇ ਨੇ ਸੁੱਤੇ ਪਏ ਬਿਸ਼ਨ ਸਿੰਘ ਉੱਤੇ ਛਵ੍ਹੀਆਂ ਦੇ ਵਾਰ ਕੀਤੇ, ਪਰ ਉਹ ਛਾਲ ਮਾਰ ਕੇ ਮੰਜੇ ਤੋਂ ਰਾਹ ਵੱਲ ਭਜ ਉੱਠਿਆ। ਅਗੇ ਰਾਹ ਰੋਕਿਆ ਦੇਖ ਕੇ ਉਹ ਦੂਜੇ ਪਾਸੇ ਕੰਧ ਵੱਲ ਭੱਜਿਆ। ਕੰਧ ਟਪਦੇ ਉੱਤੇ ਵਰਿਆਮ ਸਿੰਘ ਨੇ ਛਵ੍ਹੀ ਦਾ ਵਾਰ ਤਾਂ ਕੀਤਾ, ਪਰ ਉਹ ਡਾਂਗ ਉਹਦੇ ਗਲ ਪਏ ਪਰਨੇ ਵਿਚ ਫਸ ਕੇ ਵਾਰ ਖ਼ਾਲੀ ਗਿਆ। ਬੇਸਕ ਵਰਿਆਮ ਸਿੰਘ ਨੇ ਪਰਨਾ ਤੇ ਪਗ ਵਗਾਹ ਮਾਰੇ ਅਤੇ ਫੇਰ ਉਹਦੇ ਪਿਛੇ ਭਜਿਆ ਅਤੇ ਉਧਰ ਮੌਕਾ ਦੇਖ ਕੇ ਭੋਲਾ ਸਿੰਘ ਵੀ ਉਹਦੇ ਪਿਛੇ ਭੱਜ ਤੁਰਿਆ, ਪਰ ਬਿਸ਼ਨ ਸਿੰਘ ਦੋਹਾਂ ਨੂੰ ਘੁੱਚੀ ਦੇ ਕੇ ਖਾਲੀ ਰਾਹ ਥਾਣੀਂ ਭੱਜ ਨਿਕਲਿਆ ਤੇ ਨਾਲ ਲਗਦੇ ਆਪਣੇ ਚਾਚੇ ਇੰਦਰ ਸਿੰਘ ਦੇ ਵਲਗਣੇ ਅੰਦਰ ਜਾ ਵੜਿਆ। ਉਧਰ ਧੰਨਾ ਸਿੰਘ ਨੇ ਦੌੜੇ ਜਾਂਦੇ ਉੱਤੇ ਬੰਦੂਕ ਦਾ ਫ਼ਾਇਰ ਵੀ ਕੀਤਾ, ਪਰ ਉਹ ਵੀ ਖਾਲੀ ਹੀ ਗਿਆ। ਬਾਕੀ ਚਾਰੇ ਉਹਦੇ ਮਗਰ ਭੱਜੇ ਅਤੇ ਇਕ ਖੁਰਲੀ ਟਪਦੇ ਨੂੰ ਜਾ ਘੇਰਿਆ। ਚੌਹਾਂ ਨੇ ਮੁੜ ਛਵ੍ਹੀਆਂ ਅਤੇ ਤਲਵਾਰਾਂ ਦਾ ਇਕੱਠਾ ਵਾਰ ਕਰਕੇ ਉਹਨੂੰ ਥੱਲੇ ਸੁੱਟ ਲਿਆ। ਸਿਰ ਅਤੇ ਕੰਨ ਬੁਰੀ ਤਰ੍ਹਾਂ ਵਢੇ ਗਏ ਸਨ। ਇਹਨਾਂ ਨੇ ਸਮਝਿਆ ਕਿ ਕੰਮ ਖ਼ਤਮ ਹੋ ਗਿਆ ਹੈ। ਉਹ ਧਰਤੀ ਉੱਤੇ ਚੁਫਾਲ ਪਿਆ ਸੀ। ਏਨੇਂ ਨੂੰ ਧੰਨਾ ਸਿੰਘ ਵੀ ਪੁੱਜ ਗਿਆ। ਉਹ ਬੰਦੂਕ ਦਾ ਫ਼ਾਇਰ ਕਰਨ ਲੱਗਿਆ ਤਾਂ ਵਰਿਆਮ ਸਿੰਘ ਨੇ ਰੋਕ ਦਿੱਤਾ ਕਿ ਕਾਰਤੂਸ ਕਾਹਦੇ ਲਈ ਜ਼ਾਇਆ ਕਰਨਾ ਹੈ, ਕਿਸੇ ਹੋਰ ਕੰਮ ਆਵੇਗਾ। ਉਸ ਵੇਲੇ ਉਹਦਾ ਚਾਚਾ ਇੰਦਰ ਸਿੰਘ, ਮਾਂ ਅਤੇ ਹੋਰ ਬੰਦੇ ਉੱਚੀ-ਉੱਚੀ ਰੌਲਾ ਪਾ ਰਹੇ ਸਨ ਅਤੇ ਬਚਾਉ-ਬਚਾਉ ਦੀ ਦੁਹਾਈ ਦੇ ਰਹੇ ਸਨ। ਕਾਫ਼ੀ ਰੋਲਾ-ਰੱਪਾ ਪੈ ਜਾਣ ਕਰਕੇ ਇਹਨਾਂ ਸਾਰਿਆਂ ਨੇ ਖਿਸਕਣਾ ਹੀ ਠੀਕ ਸਮਝਿਆ ਅਤੇ ਵਰਿਆਮ ਸਿੰਘ ਦੀ ਪੀਲੀ ਪੱਗ ਤੇ ਪਰਨਾ ਉਥੇ ਹੀ ਪਏ ਰਹਿ ਗਏ, ਜਿਹੜੇ ਬਾਅਦ ਵਿਚ ਪੁਲਸ ਨੇ ਆ ਕੇ ਸਾਂਭੇ ਅਤੇ ਅਦਾਲਤ ਵਿਚ ਪੇਸ਼ ਕੀਤੇ। ਧੰਨਾ ਸਿੰਘ ਸਮੇਤ ਮੌਕੇ ਦੇ ਸਭ ਗਵਾਹਾਂ ਨੇ ਸ਼ਨਾਖਤ ਕੀਤੀ ਸੀ। ਉਹ ਪੀ 206 ਅਤੇ 207 ਸਨ।

ਇਹ ਵੀ ਤਾਂ ਕੁਦਰਤ ਦੀ ਇਕ ਖੇਡ ਹੀ ਸੀ ਕਿ ਵਰਿਆਮ ਸਿੰਘ ਧੁੱਗੇ ਨੂੰ ਪੀਲੀ ਪੱਗ ਅਤੇ ਪਰਨਾ ਮਜਬੂਰ ਹੋ ਕੇ ਬਿਸ਼ਨ ਸਿੰਘ ਦੀ ਹਵੇਲੀ ਸੁੱਟਣੇ ਪਏ ਸਨ। ਉਹਨੂੰ ਮਗਰੋਂ ਦੁਬਾਰਾ ਪੀਲੀ ਪੱਗ ਅਤੇ ਪਰਨਾ ਉਸ ਵੇਲੇ ਵੀ ਸਿਰ ਤੋਂ ਲਾਹ ਕੇ ਸੁਟਣੇ ਪਏ ਸਨ, ਜਿਸ ਵੇਲੇ ਮੰਡੇਰਾਂ ਵਿਚ 12 ਦਸੰਬਰ 1923 ਨੂੰ ਰਸਾਲੇ ਨੇ ਚੁਬਾਰੇ ਨੂੰ ਅੱਗ ਲੁਆ ਦਿੱਤੀ ਸੀ ਅਤੇ ਬਲਦੇ ਭਾਂਬੜਾਂ ਵਿਚੋਂ ਇਹ ਸ਼ੇਰ ਭੱਜ ਨਿਕਲਿਆ ਸੀ।

ਉਹਤੋਂ ਬਾਅਦ 8 ਜੂਨ 1924 ਨੂੰ, ਜਦੋਂ ਜੜ੍ਹਾਂਵਾਲੇ ਲਾਗੇ ਚੱਕ 54 ਵਿਚ ਉਹ ਸ਼ਹੀਦ ਹੋਇਆ ਸੀ, ਉਹਨੇ ਤਾਂ ਵੀ ਪੀਲੀ ਪੱਗ ਅਤੇ ਪਰਨਾ ਹੀ ਪਹਿਨੇ ਹੋਏ ਸਨ। ਉਹ ਸਾਨੂੰ ਆਖਿਆ ਕਰਦਾ ਸੀ ਕਿ ਸਿੰਘ ਕੇਸਰੀ ਬਾਣੇ ਵਿਚ ਹੀ ਸ਼ਹੀਦੀ ਪਾਵੇਗਾ। ਸੋ ਮਿੱਤਰੋ, ਇਹ ਸ਼ੇਰ ਆਪਣਾ ਸਿਦਕ ਸੱਚੇ ਅਰਥਾਂ ਵਿਚ ਨਿਭਾ ਕੇ ਸਦਾ ਲਈ ਅਮਰ ਹੋ ਗਿਆ।

ਬਬਰਾਂ ਦੇ ਚਲੇ ਜਾਣ ਤੋਂ ਬਾਅਦ ਗੁਲਜ਼ਾਰਾ ਸਿੰਘ ਅਤੇ ਜਵਾਲਾ ਸਿੰਘ ਵੀ ਮੌਕੇ ਉੱਤੇ ਆ ਗਏ ਅਤੇ ਬਿਸ਼ਨ ਸਿੰਘ ਨੂੰ ਜ਼ਮੀਨ ਤੋਂ ਚੁੱਕ ਕੇ ਇੰਦਰ ਸਿੰਘ ਵਾਲੇ ਮੰਜੇ ਉੱਤੇ ਲਿਟਾ ਦਿੱਤਾ। ਰੌਲਾ ਸੁਣ ਕੇ ਉਸੇ ਹੀ ਪਿੰਡ ਦਾ ਇਕ ਰਿਟਾਇਰ ਹੋ ਚੁਕਿਆ ਐਸਿਸਟੈਂਟ ਸਰਜਨ ਬਸੰਤ ਰਾਮ ਮੌਕੇ ਉੱਤੇ ਆ ਗਿਆ ਅਤੇ ਉਹਨੇ ਫਟਾਫਟ ਜ਼ਖ਼ਮ ਸਾਫ਼ ਕਰਕੇ ਟਾਂਕੇ ਲਾ ਦਿੱਤੇ। ਸਾਰਾ ਸਾਮਾਨ ਪਹਿਲਾਂ ਹੀ ਉਹਦੇ ਕੋਲ ਮੌਜੂਦ ਸੀ, ਜਿਹੜਾ ਵੇਲੇ-ਸਿਰ ਕੰਮ ਦੇ ਗਿਆ। ਉਹ ਡਾਕਟਰ ਪੂਰੀ ਤਰ੍ਹਾਂ ਬਿਸ਼ਨ ਸਿੰਘ ਦੀ ਦੇਖਭਾਲ ਕਰਦਾ ਰਿਹਾ। ਫੇਰ ਹੁਸ਼ਿਆਰਪੁਰੋਂ ਇਕ ਹੋਰ ਡਾਕਟਰ ਅਤੇ ਸਿਵਲ ਸਰਜਣ ਮੌਕੇ ਉਤੇ ਹੋਰ ਦਵਾ-ਦਾਰੂ ਲੈ ਕੇ ਵੀ ਪੁੱਜ ਗਏ। ਬਿਸ਼ਨ ਸਿੰਘ ਦੋ ਮਹੀਨਿਆਂ ਤੋਂ ਵੱਧ ਅਰਸਾ ਹੁਸ਼ਿਆਰਪੁਰ ਦੇ ਹਸਪਤਾਲ ਵਿਚ ਇਲਾਜ ਅਧੀਨ ਰਿਹਾ ਸੀ।

ਗੁਲਜ਼ਾਰਾ ਸਿੰਘ ਵੀ ਬਿਸ਼ਨ ਸਿੰਘ ਦਾ ਚਾਚਾ ਹੀ ਸੀ। ਬਿਸ਼ਨ ਸਿੰਘ ਹਾਲੇ ਵੀ ਸੁਰਤ ਵਿਚ ਹੀ ਸੀ ਅਤੇ ਉਹਨੇ ਆਪਣੇ ਚਾਚੇ ਰਾਹੀਂ ਥਾਣਾ ਸਦਰ ਹੁਸ਼ਿਆਰਪੁਰ ਖ਼ਬਰ ਘੱਲ ਦਿੱਤੀ ਕਿ ਉਹਨੂੰ ਬੰਤਾ ਸਿੰਘ ਧਾਮੀਆਂ, ਧੰਨਾ ਸਿੰਘ ਕੋਟਲੀ ਅਤੇ ਵਰਿਆਮ ਸਿੰਘ ਧੁੱਗੇ ਨੇ ਕਤਲ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਨ੍ਹਾਂ ਨੂੰ ਉਹਨੇ ਚੰਗੀ ਤਰ੍ਹਾਂ ਪਛਾਣ ਲਿਆ ਸੀ। ਉਹ ਦਲੀਪੇ ਅਤੇ ਭੋਲਾ ਸਿੰਘ ਨੂੰ ਨਹੀਂ ਸੀ ਪਛਾਣ ਸਕਿਆ। ਸੋ ਪੁਲਸ ਇਤਲਾਹ ਮਿਲਦਿਆਂ ਹੀ ਸਿਵਲ ਸਰਜਣ ਅਤੇ ਡਾਕਟਰ ਨੂੰ ਨਾਲ ਲੈ ਕੇ ਦਿਨ ਚੜ੍ਹਦਿਆਂ ਹੀ ਸਾਂਧਰੇ ਪੁੱਜ ਗਈ ਸੀ। ਸਖ਼ਤ ਜ਼ਖ਼ਮੀ ਹੋ ਜਾਣ ਦੇ ਬਾਵਜੂਦ ਉਹਦੀ ਸੁਰਤ ਕਾਇਮ ਸੀ।

ਸਰਕਾਰੀ ਗਵਾਹ ਨੰ: 271, ਡਾਕਟਰ ਬੰਸੀ ਲਾਲ, ਐਸ ਏ ਐਸ, ਹੁਸ਼ਿਆਰਪੁਰ ਕਹਿੰਦਾ ਹੈ ਕਿ ਉਹਨੇ ਬਿਸ਼ਨ ਸਿੰਘ ਦੇ ਲਗੇ ਹੋਏ ਘੱਟੋ-ਘੱਟ 20 ਜ਼ਖ਼ਮ ਦੇਖੇ ਸਨ। ਜ਼ਖ਼ਮਾਂ ਦੀ ਸਾਰੀ ਤਫ਼ਸੀਲ ਪੇਪਰ-ਬੁੱਕ ਵਿਚ ਪੂਰੇ ਵਿਸਥਾਰ ਨਾਲ ਦਰਜ ਹੈ। ਇਹ ਵੀ ਕਿਹਾ ਗਿਆ ਹੈ ਕਿ ਮਰੀਜ਼ ਦੀ ਹਾਲਤ ਨਿਹਾਇਤ ਤਸ਼ਵੀਸ਼ਨਾਕ ਸੀ। ਬੇਸ਼ੱਕ ਫਸਟ-ਏਡ ਮੌਕੇ-ਸਿਰ ਮਿਲ ਜਾਣ ਨਾਲ ਜਾਨ ਬਚੀ ਹੋਈ ਸੀ, ਪਰ ਮੌਤ ਦਾ ਖ਼ਤਰਾ ਜ਼ਰੂਰ ਸੀ, ਵਗੈਰਾ। ਉਪਰ-ਦੱਸੇ ਸਾਰੇ ਬੰਦੇ ਸਰਕਾਰੀ ਗਵਾਹ ਬਣ ਕੇ ਭੁਗਤੇ ਸਨ।

ਨੰਗਲ ਸ਼ਾਮਾ ਵਾਲੇ ਬੂਟੇ ਲੰਬੜਦਾਰ ਵਾਂਗੂੰ ਇਹ ਮਰਦਾ-ਮਰਦਾ ਵੀ ਬਚ ਗਿਆ। ਪਰ ਮਗਰੋਂ ਬੂਟਾ ਚਲਦਾ ਬਣਿਆ ਸੀ, ਭਾਵੇਂ ਲੱਤਾਂ-ਖੁਰੀਆਂ ਉਹਨੇ ਵੀ ਖ਼ੂਬ ਅੜਾਈਆਂ ਸਨ।

# 51. ਪਿੰਡ ਬਮੇਲੀ ਵਿਚ ਰਸਾਲੇ ਨਾਲ ਮੁਕਾਬਲਾ

ਪਹਿਲੀ ਸਤੰਬਰ 1923 ਨੂੰ ਬਬਰਾਂ ਦਾ ਪਿੰਡ ਬਮੇਲੀ ਵਿਚ ਰਸਾਲੇ ਨਾਲ ਮੁਕਾਬਲਾ ਹੋਇਆ। ਇਹ ਘਟਨਾ ਜੱਜਮੈਂਟ ਦੇ ਸਫ਼ਾ 110 ਉੱਤੇ ਦਰਜ ਹੈ। ਮੈਂ ਪਹਿਲਾਂ ਹੀ ਦੱਸ ਚੁੱਕਿਆ ਹਾਂ ਕਿ ਸਾਨੂੰ ਦੋ ਟੋਲਿਆਂ ਵਿਚ ਅੱਗੇ-ਪਿੱਛੇ ਗਰਿਫ਼ਤਾਰ ਕਰਕੇ ਪੁਲਸ ਸੈਂਟਰਲ ਜਿਹਲ ਲਾਹੌਰ ਪੁਚਾ ਚੁੱਕੀ ਸੀ ਅਤੇ ਸਾਡਾ ਪਹਿਲਾਂ 61 ਮੁਲਜ਼ਮਾਂ ਦਾ ਚਲਾਨ 15 ਅਗਸਤ 1923 ਨੂੰ ਹੀ ਸਪੈਸ਼ਲ ਮੈਜਿਸਟਰੇਟ ਮਿਸਟਰ ਏ ਕੇ ਬੂਲ ਦੀ ਅਦਾਲਤ ਵਿਚ ਪੇਸ਼ ਹੋ ਚੁੱਕਿਆ ਸੀ ਜੀਹਦੀ ਸਮਾਇਤ ਬਾਕਾਇਦਾ ਰੋਜ਼ਾਨਾ ਜਾਰੀ ਸੀ। 2 ਸਤੰਬਰ 1923 ਨੂੰ ਹੀ ਮੀਰ ਫ਼ਜ਼ਲ ਇਮਾਮ ਸਾਡੇ ਕੇਸ ਦੇ ਇੰਚਾਰਜ ਸੀ ਆਈ ਡੀ ਦੇ ਕੁੱਲ ਮੁਖ਼ਤਿਆਰ ਅਫ਼ਸਰ ਨੇ ਇਸ ਘਟਨਾ ਦੀ ਗੱਲ ਬੜੇ ਚਾਅ ਨਾਲ ਭਾਈ ਕਿਸ਼ਨ ਸਿੰਘ ਨੂੰ ਖ਼ੂਬ ਮਸਾਲੇ ਲਾ-ਲਾ ਕੇ ਸੁਣਾਈ। ਸੁਣ ਕੇ ਸਾਨੂੰ ਸਾਰਿਆਂ ਨੂੰ ਡਾਢਾ ਧੱਕਾ ਲਗਿਆ। ਫੇਰ ਵੀ ਭਾਈ ਕਿਸ਼ਨ ਸਿੰਘ ਨੇ ਬੜੇ ਠਰੰਮੇ ਨਾਲ ਮੀਰ ਸਾਹਿਬ ਨੂੰ ਉੱਤਰ ਦਿੰਦਿਆਂ ਪੁਰਾਣੀ ਸਿਖ ਹਿਸਟਰੀ ਦਾ ਹਵਾਲਾ ਦਿਤਾ, "ਮੀਰ ਸਾਹਿਬ, ਇਹ ਤਾਂ ਸਾਡੀ ਖ਼ੁਸ਼ਕਿਸਮਤੀ ਹੀ ਸਮਝੀ ਜਾਣੀ ਚਾਹੀਦੀ ਹੈ ਕਿ ਸਾਡਾ ਲੀਡਰ ਜਿਹੜਾ ਪ੍ਰਣ ਧਾਰ ਕੇ ਮੈਦਾਨ ਵਿਚ ਕੁਦਿਆ ਸੀ, ਆਪਣਾ ਬਚਨ ਪੂਰਾ ਕਰਕੇ ਆਪਣੇ ਪੁਰਖਿਆਂ ਦੀਆਂ ਪਾਈਆਂ ਲੀਹਾਂ ਉੱਤੇ ਫੁੱਲ ਚੜ੍ਹਾ ਗਿਆ ਹੈ। ਇਸ ਕੌਮ ਦੀ ਉਸਾਰੀ ਹੀ ਦੁੱਧ ਚੁੰਘਦੇ ਬਚਿਆਂ ਨੇ ਨੀਹਾਂ ਵਿਚ ਸਿਰ ਚਿਣਾ ਕੇ ਅਤੇ ਹੱਥ ਵਿਚ ਖੰਡਾ ਫੜ ਕੇ ਕੀਤੀ ਸੀ। ਤੇ ਇਸ ਦੇਸ ਦੀ ਆਜ਼ਾਦੀ ਖਾਤਰ ਇਹ ਕੌਮ ਅਣਗਿਣਤ ਕੁਰਬਾਨੀਆਂ ਦਿੰਦੀ ਆ ਰਹੀ ਹੈ। ਤੁਸੀਂ ਯਕੀਨ ਰਖੋ, ਜਿੰਨਾ ਚਿਰ ਅਸੀਂ ਤੁਹਾਡੀ ਇਸ ਗੋਰੀ ਸਰਕਾਰੀ ਨੂੰ ਸੱਤਾਂ ਸਮੁੰਦਰਾਂ ਤੋਂ ਪਾਰ ਦੁੜਾ ਨਹੀਂ ਦਿੰਦੇ; ਵਾਰ-ਵਾਰ ਜਨਮ ਲੈ ਕੇ ਜੱਦੋ-ਜਹਿਦ ਜਾਰੀ ਰਖਾਂਗੇ। ਕੋਈ ਪਤਾ ਨਹੀਂ, ਇਸ ਆਜ਼ਾਦੀ ਦੀ ਦੇਵੀ ਨੇ ਹੋਰ ਕਿੰਨਿਆਂ ਦੇਸ-ਭਗਤਾਂ ਦਾ ਲਹੂ ਮੰਗਣਾ ਹੈ। ਤੁਸੀਂ ਯਕੀਨ ਰੱਖੋ, ਤੁਹਾਡੇ ਜਿਊਂਦਿਆਂ ਹੀ ਇਹ ਮੁਲਕ ਆਜ਼ਾਦ ਹੋਵੇਗਾ। ਅਸੀਂ ਮੁੱਠੀ-ਭਰ ਬੰਦਿਆਂ ਨੇ ਢਾਈ-ਤਿੰਨ ਸਾਲ ਤੱਕ ਲਗਾਤਾਰ ਤੁਹਾਡੀ ਸਰਕਾਰ ਨੂੰ ਨੱਕ ਚਣੇ ਚਬਾ ਛੱਡੇ ਸਨ। ਜਿਸ ਵੇਲੇ ਸਾਰਾ ਮੁਲਕ ਜਾਗ ਪਿਆ, ਤਾਂ ਗ਼ੁਲਾਮੀ ਦੀਆਂ ਜ਼ੰਜੀਰਾਂ ਖ਼ੁਦ-ਬਖ਼ੁਦ ਹੀ ਟੁੱਟ ਜਾਣੀਆਂ ਹਨ।"

ਭਾਈ ਸਾਹਿਬ ਵਜਦ ਵਿਚ ਆਏ ਉਨਾਂ ਚਿਰ ਭਰੀ ਕਚਹਿਰੀ ਵਿਚ ਲੈਕਚਰ ਕਰਦੇ ਗਏ ਸਨ, ਜਿੰਨਾ ਚਿਰ ਮੈਜਿਸਟਰੇਟ ਪੂਰੇ ਦਸ ਵਜਦਿਆਂ ਆਪਣੀ ਕੁਰਸੀ ਉੱਤੇ ਨਹੀਂ ਸੀ ਆ ਬੈਠਾ। ਸਾਥੋਂ ਇਲਾਵਾ ਪੁਲਸ ਦਾ ਕੁੱਲ ਅਮਲਾ, ਅਦਾਲਤ ਦੇ ਕੁੱਲ ਕਰਮਚਾਰੀ ਅਤੇ ਸਰਕਾਰੀ ਵਕੀਲ, ਦੀਵਾਨ ਪਿੰਡੀ ਦਾਸ ਅਤੇ ਮੀਰ ਸਾਹਿਬ ਬੁੱਤ ਬਣੇ ਭਾਈ ਸਾਹਿਬ ਦਾ ਲੈਕਚਰ ਸੁਨਣ ਲਈ ਕੀਲੇ ਜਾ ਚੁੱਕੇ ਸਨ। ਸਾਨੂੰ ਜਿਹਲ ਅੰਦਰੋਂ ਹੱਥਕੜੀਆਂ ਲਾ ਕੇ ਲਿਆਉਣ ਵਾਲੇ ਸਾਰੇ ਸਿਪਾਹੀ, ਜਿਹੜੇ ਸਾਨੂੰ ਅਦਾਲਤ ਦੇ ਜੰਗਲੇ ਅੰਦਰ ਡਕ ਕੇ ਬਾਹਰ ਬਰਾਂਡੇ ਵਿਚ ਜਾ ਬੈਠਦੇ ਸਨ, ਭਾਈ ਸਾਹਿਬ ਦੀ ਤਕਰੀਰ ਸੁਨਣ ਲਈ ਅਦਾਲਤ ਅੰਦਰ ਵੜ ਆਏ ਸਨ। ਅਦਾਲਤ ਦਾ ਆਲਾ-ਦੁਆਲਾ ਨਕੋ-ਨੱਕ ਭਰਿਆ ਇਹ ਲੇਖ ਲਿਖਦਿਆਂ ਹੂਬਹੂ ਮੇਰੀਆਂ ਅੱਖਾਂ ਸਾਹਮਣੇ ਉਸੇ ਤਰ੍ਹਾਂ ਆ ਮੌਜੂਦ ਹੋਇਆ ਹੈ, ਜੋ ਅੱਜ ਤੋਂ 60 ਸਾਲ ਪਹਿਲਾਂ ਵਾਪਰਿਆ ਸੀ ਅਤੇ ਮੈਂ ਅੰਤਰ-ਧਿਆਨ ਹੋ ਕੇ ਪਾਠਕਾਂ ਲਈ ਲਿਖਣ ਦਾ ਜਤਨ ਕੀਤਾ ਹੈ। ਮਿੱਤਰੋ, ਸਾਡਾ ਮੁਕਦਮਾ ਚਲਦੇ ਸਮੇਂ ਆਮ ਕਰਕੇ ਇਹੋ ਜੇਹੀਆਂ ਦਿਲਚਸਪ ਗੱਲਾਂ 15 ਅਗਸਤ 1923 ਵਾਲੇ ਦਿਨ ਤੋਂ ਸ਼ੁਰੂ ਹੋ ਕੇ 28 ਫਰਵਰੀ 1925 ਤੱਕ ਲਗਾਤਾਰ ਹੁੰਦੀਆਂ ਹੀ ਰਹੀਆਂ। ਭਾਈ ਕਿਸ਼ਨ ਸਿੰਘ ਅਤੇ ਕਰਮ ਸਿੰਘ ਝਿੰਗੜ ਦੀ ਹਾਜ਼ਰ-ਜਵਾਬੀ ਦੀ ਯਾਦ ਅਜ ਵੀ ਮੇਰੇ ਅਤੇ ਬਾਕੀ ਜਿਉਂਦੇ ਮੇਰੇ ਸਾਥੀਆਂ ਦੇ ਦਿਮਾਗਾਂ ਵਿਚ ਤਾਜ਼ੇ ਫੁੱਲਾਂ ਦੀ ਖ਼ੁਸ਼ਬੋ ਵਾਂਗੂ ਜਦੋਂ ਮਹਿਕ ਉਠਦੀ ਹੈ ਤਾਂ ਪੂਰੇ ਸੱਤਾਂ ਬਹਿਸ਼ਤਾਂ ਦਾ ਨਜ਼ਾਰਾ ਦੇ ਜਾਂਦੀ ਹੈ। ਇਹੋ ਵਜਾਹ ਸੀ ਕਿ ਸਾਨੂੰ ਨਿਆਣਿਆਂ ਨੂੰ ਕਦੀ ਬੇੜੀਆਂ, ਹਥਕੜੀਆਂ ਅਤੇ ਕਾਲ-ਕੋਠੜੀਆਂ ਦਾ ਅਹਿਸਾਸ ਹੀ ਉਹਨਾਂ ਸਿਰਲੱਥ ਦੇਸ-ਭਗਤਾਂ ਨੇ ਨਹੀਂ ਸੀ ਹੋਣ ਦਿੱਤਾ, ਜਿਨ੍ਹਾਂ ਦੀ ਨਿੱਘੀ ਗੋਦ ਵਿਚ ਅਸੀਂ ਉਹਨਾਂ ਦਿਨਾਂ ਵਿਚ ਗੁਜ਼ਰ-ਬਸਰ ਕਰ ਰਹੇ ਸੀ।

ਹੁਣ ਮੈਂ ਬਮੇਲੀ ਵਾਲੇ ਮੁਕਾਬਲੇ ਦਾ ਪੂਰੇ ਵਿਸਥਾਰ ਨਾਲ ਜ਼ਿਕਰ ਸ਼ੁਰੂ ਕਰ ਰਿਹਾ ਹਾਂ ਕਿ ਕਿਵੇਂ "ਘਰ ਦਾ ਭੇਤੀ ਲੰਕਾ ਢਾਏ" ਵਾਲੀ ਮਿਸਾਲ ਇਸ ਘਟਨਾ ਨਾਲ ਹਰਫ਼-ਬ-ਹਰਫ਼ ਸਹੀ ਸਿੱਧ ਹੁੰਦੀ ਹੈ। ਵਾਇਦਾ-ਮੁਆਫ਼ ਅਨੂਪ ਸਿੰਘ ਮਾਣਕੋ ਦੇ ਬਿਆਨ ਦਾ ਹਵਾਲਾ ਮੈਂ ਪਹਿਲਾਂ ਕਈ ਘਟਨਾਵਾਂ ਦਰਜ ਕਰਦੇ ਸਮੇਂ ਪੂਰੇ ਵਿਸਥਾਰ ਨਾਲ ਦਿੰਦਾ ਆ ਰਿਹਾ ਹਾਂ। ਇਸ ਸਾਰੀ ਖੇਡ ਦਾ ਖਲਨਾਇਕ ਵੀ ਇਹੋ ਨੀਚ ਅਨੂਪ ਸਿੰਘ ਮਾਣਕੋ ਹੀ ਹੈ। ਜਿਸ ਵੇਲੇ ਬਾਕੀ ਸਾਥੀਆਂ ਨਾਲ 17 ਅਪ੍ਰੈਲ 1923 ਨੂੰ ਘੁੜਿਆਲੀਏ ਸੂਬੇਦਾਰ ਗੇਂਦਾ ਸਿੰਘ ਨੂੰ ਕਤਲ ਕਰਨ ਤੋਂ ਬਾਅਦ ਇਹ ਆਪਣੇ ਘਰ ਵਾਪਸ ਮੁੜਿਆ ਤਾਂ ਇਹਦਾ ਰੰਗ-ਢੰਗ ਦੇਖ ਕੇ ਇਹਦੇ ਪਿਉ ਨੂੰ ਸ਼ੱਕ ਪੈ ਗਿਆ ਕਿ ਇਹਨੇ ਸੂਬੇਦਾਰ ਦੇ ਕਤਲ ਵਿਚ ਜ਼ਰੂਰ ਹਿੱਸਾ ਲਿਆ ਹੋਵੇਗਾ। ਉਹਦੇ ਜ਼ੋਰ ਪਾਉਣ ਉੱਤੇ ਇਹਨੇ ਸੱਚੀ ਗੱਲ ਆਪਣੇ ਪਿਉ ਨੂੰ ਦੱਸ ਦਿਤੀ, ਜਿਹੜਾ ਸੁਣ ਕੇ ਘਬਰਾ ਗਿਆ। ਬੇਸ਼ੱਕ ਉਹ ਪਹਿਲਾਂ-ਪਹਿਲਾਂ ਬਬਰਾਂ ਦੀ ਅੰਨ-ਪਾਣੀ ਨਾਲ ਕਦੇ-ਕਦਾਈਂ ਸੇਵਾ ਜ਼ਰੂਰ ਕਰਿਆ ਕਰਦਾ ਸੀ, ਪਰ ਇਸ ਕਤਲ ਪਿਛੋਂ ਉਹ ਸੋਚੀਂ ਪੈ ਚੁਕਿਆ ਸੀ।

ਦੂਜੇ ਬੰਨੇ ਇਹਦੇ ਹੀ ਟੱਬਰ ਦਾ ਬੰਦਾ ਬੋਘ ਸਿੰਘ ਵੀ ਇਹਦੇ ਕਰਕੇ ਬਬਰਾਂ ਦਾ ਜਾਣੂ-ਪਛਾਣੂ ਬਣ ਚੁਕਿਆ ਸੀ ਅਤੇ ਬੋਘ ਸਿੰਘ ਦੇ ਚੁਬਾਰੇ ਵਿਚ ਇਕ-ਦੋ ਵਾਰ "ਬਬਰ ਅਕਾਲੀ ਦੁਆਬਾ" ਪਰਚੇ ਵੀ ਛਾਪੇ ਜਾ ਚੁੱਕੇ ਸਨ। ਪਰਚਾ ਛਾਪਣ ਵਾਲੀ ਮਸ਼ੀਨ

ਵੀ ਬੋਘ ਸਿੰਘ ਦੇ ਚੁਬਾਰੇ ਵਿਚ ਹੀ ਰੱਖੀ ਰਹਿੰਦੀ ਸੀ। ਬੋਘ ਸਿੰਘ ਆਪ ਵੀ ਬਾਬੂ ਸੰਤਾ ਸਿੰਘ ਨੂੰ ਖਾਸ ਤੌਰ ਉੱਤੇ ਅਤੇ ਬਾਕੀ ਬਬਰਾਂ ਨੂੰ ਕਈ ਵਾਰੀ ਅੰਨ-ਪਾਣੀ ਛਕਾ ਚੁਕਿਆ ਸੀ ਅਤੇ ਉਹਨਾਂ ਦਾ ਚੰਗੀ ਤਰ੍ਹਾਂ ਜਾਣੂ-ਪਛਾਣੂ ਬਣ ਚੁਕਿਆ ਸੀ। ਉਹ ਬਬਰਾਂ ਦੀਆਂ ਸਰਗਰਮੀਆਂ ਤੋਂ ਵੀ ਚੰਗੀ ਤਰ੍ਹਾਂ ਜਾਣੂ ਹੋ ਚੁਕਿਆ ਸੀ। ਦੂਜੇ ਬੰਨੇ ਸਰਕਾਰ ਵਲੋਂ ਬਬਰਾਂ ਨੂੰ ਗਰਿਫ਼ਤਾਰ ਕਰਾਉਣ ਵਾਲਿਆਂ ਨੂੰ ਹਜ਼ਾਰਾਂ ਰੁਪਏ ਨਕਦ ਇਨਾਮਾਂ ਤੋਂ ਇਲਾਵਾ ਬਾਰ ਵਿਚ ਨਹਿਰੀ ਜ਼ਮੀਨ ਦੇ ਪੰਜ ਮੁਰੱਬੇ ਬਤੌਰ ਇਨਾਮ ਦੇਣ ਦੇ ਇਸ਼ਤਿਹਾਰ ਆਮ ਪਿੰਡਾਂ ਵਿਚ ਵੰਡੇ ਜਾ ਚੁੱਕੇ ਸਨ ਅਤੇ ਮੁਨਾਦੀਆਂ ਰਾਹੀਂ ਵੀ ਦੁਆਬੇ ਦੇ ਹਰ ਪਿੰਡ ਵਿਚ ਸਰਕਾਰ ਨੇ ਇਹ ਖ਼ਬਰ ਘਰ-ਘਰ ਪੁਚਾ ਦਿੱਤੀ ਸੀ। ਸਰਕਾਰ ਨੇ ਇਹ ਭਰੋਸਾ ਵੀ ਦੁਆ ਦਿੱਤਾ ਸੀ ਕਿ ਮੁਖ਼ਬਰੀ ਕਰਨ ਵਾਲੇ ਦੀ ਹਰ ਪ੍ਰਕਾਰ ਦੀ ਰਖਿਆ ਕਰਨ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਪਕੀਆਂ ਰਫ਼ਲਾਂ ਅਤੇ 38 ਬੋਰ ਦੇ ਰੀਵਾਲਵਰ ਸਰਕਾਰ ਵੱਲੋਂ, ਸਣੇ ਲਾਇਸੰਸ ਦੇ, ਮੁਫਤ ਦੇਣੇ ਵੀ ਮੰਨ ਲਏ ਗਏ ਸਨ।

ਮਾਣਕੋ ਵਾਲੇ ਬੋਘ ਸਿੰਘ ਦੇ ਹੱਥ ਇਹ ਸੁਨਿਹਰੀ ਮੌਕਾ ਆ ਗਿਆ ਅਤੇ ਉਹਨੇ ਆਪਣੇ ਭਤੀਜੇ ਅਨੂਪ ਸਿੰਘ ਨੂੰ ਸੋਨੇ ਦੀ ਚਿੜੀ ਸਮਝ ਕੇ ਜਾਲ ਵਿਚ ਫਸਾਉਣ ਦਾ ਪੱਕਾ ਮਨ ਬਣਾ ਲਿਆ। ਆਪਣੇ ਵੱਡੇ ਲੜਕੇ ਜਸਵੰਤ ਸਿੰਘ ਨੂੰ ਉਹਨੇ ਅਨੂਪ ਸਿੰਘ ਦੇ ਪਿਛੇ ਲਾ ਦਿੱਤਾ ਅਤੇ ਉਹਦੀ ਹਰ ਪ੍ਰਕਾਰ ਦੀ ਚਾਪਲੋਸੀ ਸ਼ੁਰੂ ਕਰ ਦਿੱਤੀ ਅਤੇ ਨਕਦ ਸੇਵਾ ਤਕ ਕਰਨ ਲੱਗ ਪਿਆ। ਬਾਬੂ ਸੰਤਾ ਸਿੰਘ ਅਤੇ ਬਾਕੀ ਬਬਰਾਂ ਦੀ ਸੇਵਾ ਪਹਿਲਾਂ ਤੋਂ ਵੀ ਜ਼ਿਆਦਾ ਕਰਨ ਲੱਗ ਪਿਆ। ਉਹਨੇ ਅਨੂਪ ਸਿੰਘ ਨਾਲ ਆਪਣੇ ਲੜਕੇ ਰਾਹੀਂ ਰਲ ਕੇ ਪੰਜਾਂ ਮੁਰੱਬਿਆਂ ਅਤੇ ਹਜਾਰਾਂ ਦੇ ਨਕਦ ਇਨਾਮ ਅੱਧੋ-ਵਿਚੀ ਕਰਨ ਦੀਆਂ ਕਸਮਾਂ ਖਾ ਲਈਆਂ ਅਤੇ ਅਨੂਪ ਸਿੰਘ ਨੂੰ ਵਾਇਦਾ-ਮੁਆਫ਼ੀ ਦੁਆ ਕੇ ਜਾਨ ਬਚਾਉਣ ਦਾ ਚੋਗਾ ਪਾਉਣਾ ਸ਼ੁਰੂ ਕਰ ਦਿੱਤਾ। ਆਪ ਹਰ ਵੇਲੇ ਅਨੂਪ ਸਿੰਘ ਦੇ ਬਾਪ ਨਾਲ ਵੀ ਇਸੇ ਕਿਸਮ ਦੇ ਵਾਇਦੇ ਕਰਨੇ ਸ਼ੁਰੂ ਕਰ ਦਿੱਤੇ। ਗੱਲ ਕੀ ਖੂਹ ਦੇ ਮਣ ਉੱਤੇ ਜਿਵੇਂ ਮਿੱਟੀ ਦਾ ਕੱਚਾ ਘੜਾ ਵੀ ਸਹਿਜੇ-ਸਹਿਜੇ ਪੱਥਰ ਵਿਚ ਘਰ ਬਣਾ ਲੈਂਦਾ ਹੈ, ਅਨੂਪ ਸਿੰਘ ਉੱਤੇ ਵੀ ਲਾਲਚ ਦਾ ਜਾਦੂ ਚੜ੍ਹਨਾ ਸ਼ੁਰੂ ਹੋ ਗਿਆ। ਉਧਰ ਪਿਉ ਦਾ ਸਮਝਾਉਣਾ ਵੱਖਰਾ ਸਮਝੋ। ਅਨੂਪ ਸਿੰਘ ਡੋਲਦਾ ਹੀ ਚਲਿਆ ਗਿਆ। ਉਧਰ ਇਹਦਾ ਨਾਂ ਬਾਕੀ ਬਬਰਾਂ ਨਾਲ ਆਮ ਇਸ਼ਤਿਹਾਰਾਂ ਵਿਚ ਛਪ ਚੁੱਕਿਆ ਸੀ ਅਤੇ ਇਹ ਹਰ ਵੇਲੇ ਦੁਚਿੱਤੀ ਜਿਹੀ ਵਿਚ ਫਸਿਆ ਰਹਿੰਦਾ ਸੀ। ਸੋ ਅੱਜੀਂ-ਪੱਜੀਂ, ਆਪਣੇ ਭਰਾ ਦੀ ਬੀਮਾਰੀ ਦਾ ਬਹਾਨਾ ਬਣਾ ਕੇ ਉਹ ਪਿੰਡ ਦੇ ਗੇੜੇ ਮਾਰਨ ਲੱਗ ਪਿਆ ਅਤੇ ਬੋਘ ਸਿੰਘ ਨਾਲ ਮੇਲ-ਮਿਲਾਪ ਸ਼ੁਰੂ ਕਰ ਦਿੱਤਾ।

ਦੂਜੇ ਬੰਨੇ ਧੰਨਾ ਸਿੰਘ ਬਹਿਬਲਪੁਰੀਏ ਨੂੰ ਇਹਦਾ ਰੰਗ-ਢੰਗ ਦੇਖ ਕੇ ਸ਼ੱਕ ਪੈਣਾ ਸ਼ੁਰੂ ਹੋ ਗਿਆ। ਉਹਨੇ ਬਬਰ ਕਰਮ ਸਿੰਘ ਨੂੰ ਚਿਤਾਵਨੀ ਵੀ ਦਿੱਤੀ। ਪਰ ਬਬਰ ਸਾਹਿਬ ਉੱਤੇ ਇਸ ਬੇਈਮਾਨ ਦਾ ਏਨਾਂ ਇਤਬਾਰ ਬਣ ਚੁੱਕਿਆ ਸੀ ਕਿ ਉਹ ਇਹਨੂੰ ਆਪਣਾ ਧਰਮ ਦਾ ਪੁੱਤ ਸਮਝੀ ਬੈਠਾ ਸੀ ਅਤੇ ਇਹ ਪਾਪੀ ਵੀ ਬਬਰ ਸਾਹਿਬ ਨੂੰ ਹਮੇਸ਼ ਪਿਤਾ ਜੀ ਕਹਿ ਕੇ ਹੀ ਬੁਲਾਇਆ ਕਰਦਾ ਸੀ।

ਅਨੂਪ ਸਿੰਘ ਪਹਿਲਾਂ-ਪਹਿਲਾਂ ਤਾਂ ਅੜਿਆ ਰਿਹਾ, ਪਰ ਅਖ਼ੀਰ ਵਿਚ ਆਪਣੇ

ਪਿਉ, ਬੋਘ ਸਿੰਘ ਅਤੇ ਉਹਦੇ ਵੱਡੇ ਲੜਕੇ ਜਸਵੰਤ ਸਿੰਘ ਦੇ ਹੱਥੇ ਚੜ੍ਹ ਹੀ ਗਿਆ। ਹਜ਼ਾਰਾਂ ਰੁਪਏ ਨਕਦ ਇਨਾਮ, ਛੇਆਂ ਮੁਰੱਬਿਆਂ ਤੱਕ ਨਹਿਰੀ ਜ਼ਮੀਨ ਦੇ ਇਨਾਮ ਅਤੇ ਨਾਲ ਹੀ ਜਾਨ-ਬਖ਼ਸ਼ੀ ਜਿਹੜੀ ਵਾਇਦਾ-ਮੁਆਫ਼ ਬਣ ਕੇ ਮਿਲ ਜਾਣੀ ਸੀ, ਸਾਰੀਆਂ ਗੱਲਾਂ ਨੇ ਰਲਾ-ਮਿਲਾ ਕੇ ਇਸ ਨੀਚ ਦੀ ਬੁੱਧੀ ਭਰਿਸ਼ਟ ਕਰ ਹੀ ਦਿੱਤੀ। ਤੇ ਇਹ ਅਕਿਰਤਘਣ ਬਣਨ ਉੱਤੇ ਪੂਰੀ ਤਰ੍ਹਾਂ ਤੁਲ ਗਿਆ ਅਤੇ ਇਹਨੇ ਆਪਣੇ ਸਾਥੀਆਂ ਦੇ ਖ਼ੂਨ ਨਾਲ ਹੱਥ ਰੰਗਣ ਦੀ ਪੱਕੀ ਧਾਰ ਲਈ।

ਦੂਜੇ ਬੰਨੇ ਰਿਆਸਤ ਕਪੂਰਥਲਾ ਦੇ ਪਿੰਡ ਡੁਮੇਲੀ ਦਾ ਇਕ ਬੜਾ ਹੁਸ਼ਿਆਰ ਅਤੇ ਚਲਦਾ-ਪੁਰਜ਼ਾ ਜ਼ੈਲਦਾਰ ਠਾਕੁਰ ਸਿੰਘ ਸੀ। ਉਹਨੂੰ ਪਤਾ ਲਗ ਚੁੱਕਿਆ ਸੀ ਕਿ ਬਬਰਾਂ ਦਾ ਆਉਣਾ-ਜਾਣਾ ਰਾਮਗੜ੍ਹੀਆਂ ਦੀ ਕੋਠੀ ਸੁਰਜਨ ਸਿੰਘ ਕੋਲ ਬਣ ਚੁੱਕਿਆ ਹੈ। ਉਹਨੇ ਬੜੀ ਹੁਸਿਆਰੀ ਨਾਲ ਬਬਰਾਂ ਨਾਲ ਮੇਲ-ਜੋਲ ਪੈਦਾ ਕਰਨ ਦਾ ਢੰਗ ਅਪਣਾ ਲਿਆ। ਉਹਨੇ ਇਕ ਤਾਂ ਆਪਣੀ ਜਾਨ ਬਚਾਉਣ ਅਤੇ ਦੂਜੇ ਰਿਆਸਤ ਦੇ ਵੱਡੇ ਅਹਿਲਕਾਰਾਂ ਵਿਚ ਆਪਣੀ ਪੈਂਠ ਬਣਾਉਣ ਦੀ ਪੱਕੀ ਧਾਰ ਲਈ। ਉਹ ਬਬਰਾਂ ਨਾਲ ਪੱਕਾ ਸੰਪਰਕ ਪੈਦਾ ਕਰਨ ਵਿਚ ਕਾਮਯਾਬ ਵੀ ਹੋ ਗਿਆ। ਇਕ ਪਾਸੇ ਦੁਆਬੇ ਦੇ ਜ਼ੈਲਦਾਰ ਅਤੇ ਹੋਰ ਝੋਲੀ-ਚੁੱਕ ਜਾਨਾਂ ਬਚਾਉਣ ਖ਼ਾਤਰ ਭਜ-ਨੱਠ ਕਰ ਰਹੇ ਸਨ ਅਤੇ ਕਈ ਦਹਿਸ਼ਤ ਨਾਲ ਹੀ ਮਰ-ਖਪ ਗਏ ਸਨ ਜਾ ਪਾਗਲ ਹੋ ਚੁੱਕੇ ਸਨ ਜਾਂ ਮਾਰੇ ਜਾ ਚੁੱਕੇ ਸਨ। ਪਰ ਟਾਵੇਂ-ਟਾਵੇਂ ਇਹੋ ਜਿਹੇ ਵੀ ਸਨ। ਇਕ ਦਿਨ ਜ਼ੈਲਦਾਰ ਠਾਕੁਰ ਸਿੰਘ ਬਹਿਬਲਪੁਰੀਏ ਧੰਨਾ ਸਿੰਘ ਨੂੰ ਆਪਣੇ ਘਰ ਲੈ ਗਿਆ ਅਤੇ ਖ਼ੂਬ ਟਹਿਲ-ਸੇਵਾ ਕੀਤੀ। ਉਹਨੇ ਹਰ ਕਿਸਮ ਦਾ ਭਰੋਸਾ ਦੁਆ ਦਿੱਤਾ ਕਿ ਉਹ ਇਹ ਜ਼ਿੰਮੇਵਾਰੀ ਆਪਣੇ ਸਿਰ ਲੈਣ ਲਈ ਤਿਆਰ ਹੈ ਕਿ ਜੇ ਬਬਰ ਜਥਾ ਅਗੋਂ ਲਈ ਰਿਆਸਤ ਕਪੂਰਥਲੇ ਵਿਚ ਕੋਈ ਵਾਰਦਾਤ ਨਾ ਕਰਨ ਦਾ ਭਰੋਸਾ ਦੁਆ ਦੇਵੇ ਤਾਂ ਉਹ ਦੀਵਾਨ ਦੁਰਗਾ ਦਾਸ ਨੂੰ ਮਨਾ ਲਵੇਗਾ ਕਿ ਉਹ ਰਿਆਸਤੀ ਇਲਾਕੇ ਵਿਚ ਬਬਰਾਂ ਨੂੰ ਕਿਸੇ ਕਿਸਮ ਦੀ ਤਕਲੀਫ਼ ਨਾ ਹੋਣ ਦੇਵੇ ਅਤੇ ਬਬਰ ਲੁਕ-ਛਿਪ ਕੇ ਬੇਸ਼ੱਕ ਰਹਿਣ, ਪਰ ਖੁਲ੍ਹੇ-ਆਮ ਗੇੜੇ ਕੱਢਣ ਤੋਂ ਸੰਕੋਚ ਵਰਤ ਲੈਣ। ਧੰਨਾ ਸਿੰਘ ਨੇ ਇਹ ਸੌਦਾ ਲਾਹੇ-ਵੰਦਾ ਸਮਝ ਕੇ ਹਾਂ ਕਰ ਦਿੱਤੀ ਕਿ ਜੇ ਦੀਵਾਨ ਸਾਹਿਬ ਇਹ ਗੱਲ ਸੱਚੇ ਦਿਲੋਂ ਸਵੀਕਾਰ ਕਰ ਲੈਣ ਅਤੇ ਜ਼ੈਲਦਾਰ ਸਾਹਿਬ ਜ਼ਿੰਮੇਵਾਰੀ ਲੈ ਲੈਣ, ਤਾਂ ਧੰਨਾ ਸਿੰਘ ਬਬਰਾਂ ਵਲੋਂ ਅੱਗੋਂ ਲਈ ਰਿਆਸਤੀ ਇਲਾਕੇ ਵਿਚ ਕਿਸੇ ਕਿਸਮ ਦੀ ਵਾਰਦਾਤ ਨਾ ਕਰਨ ਦਾ ਯਕੀਨ ਦੁਆਉਣ ਲਈ ਤਿਆਰ ਹੈ। ਮੁਕਦੀ ਗੱਲ, ਦੋਹਾਂ ਧਿਰਾਂ ਵਿਚ ਇਹ ਸਮਝੌਤਾ ਪੱਕਾ ਹੋ ਗਿਆ ਅਤੇ ਜ਼ੈਲਦਾਰ ਨੇ 45 ਰੁਪਏ ਨਕਦ ਅਤੇ ਬੰਦੂਕ ਤੇ ਰੀਵਾਲਵਰ ਦੇ ਕੁਝ ਕਾਰਤੂਸ ਵੀ ਧੰਨਾ ਸਿੰਘ ਨੂੰ ਬਬਰ ਜਥੇ ਦੀ ਸੇਵਾ ਲਈ ਭੇਟ ਵਜੋਂ ਦੇ ਦਿੱਤੇ। ਅਗੋਂ ਲਈ ਵੀ ਇਹੋ ਜਿਹੀ ਸੇਵਾ ਜਾਰੀ ਰੱਖਣ ਦਾ ਜ਼ੈਲਦਾਰ ਠਾਕੁਰ ਸਿੰਘ ਨੇ ਬਚਨ ਦੇ ਦਿੱਤਾ।

ਇਹੋ ਵਜਾਹ ਸੀ ਕਿ ਬਬਰ ਜਥਾ ਹੁਣ ਨਿਧੜਕ ਹੋ ਕੇ ਜ਼ਿਆਦਾ ਗੇੜੇ ਰਿਆਸਤ ਕਪੂਰਥਲੇ ਦੇ ਪਿੰਡਾਂ, ਦਲੀਪ ਸਿੰਘ ਮਾਣਕਾਂ, ਪਾਂਸ਼ਟਾ, ਬਮੇਲੀ, ਭਵਆਣੇ ਅਤੇ ਨਿਰੂੜ, ਜਿਹੜੇ ਸਾਰੇ ਡੁਮੇਲੀ ਦੇ ਆਲੇ-ਦੁਆਲੇ ਹੀ ਸਨ, ਵਿਚ ਕੱਢਣ ਲੱਗ ਪਿਆ।

ਬਾਬੂ ਸੰਤਾ ਸਿੰਘ ਦੀ ਗਰਿਫ਼ਤਾਰੀ ਤੋਂ ਪਹਿਲਾਂ ਅਨੂਪ ਸਿੰਘ, ਧੰਨਾ ਸਿੰਘ ਅਤੇ ਦਲੀਪਾ ਉਹਦੇ ਨਾਲ ਬਠਿੰਡੇ ਵੱਲ ਚੱਕਰ ਲਾ ਆਏ ਸਨ, ਜੀਹਦਾ ਜ਼ਿਕਰ ਮੈਂ

ਬਾਬੂ ਸੰਤਾ ਸਿੰਘ ਦੀ ਗਰਿਫ਼ਤਾਰੀ ਵੇਲੇ ਕਰ ਚੁਕਿਆ ਹਾਂ ਕਿ ਸੰਤ ਕਰਤਾਰ ਸਿੰਘ ਦਾ ਇਰਾਦਾ ਇਹਨਾਂ ਤਿੰਨਾਂ ਨੂੰ ਉਧਰ ਹੀ ਗਰਿਫ਼ਤਾਰ ਕਰਾਉਣ ਦਾ ਸੀ, ਪਰ ਇਹ ਤਿੰਨੇ ਪਹਿਲਾਂ ਹੀ ਉਧਰੋਂ ਵਾਪਸ ਆ ਕੇ ਬਬਰ ਕਰਮ ਸਿੰਘ ਹੁਰਾਂ ਨੂੰ ਆ ਮਿਲੇ ਸਨ। ਬੇਸ਼ੱਕ ਜਥਾ ਕੰਢੀ ਵੱਲ ਵੀ ਕੁਝ ਸਮੇਂ ਲਈ ਚਲਿਆ ਜਾਂਦਾ ਸੀ, ਪਰ ਹੁਣ ਜ਼ਿਆਦਾਤਰ ਡੁਮੇਲੀ ਜਾਂ ਆਲੇ-ਦੁਆਲੇ ਹੀ ਠਹਿਰਨ ਲੱਗ ਪਿਆ ਸੀ। ਜਥੇ ਦਾ ਪੱਕਾ ਨੇਮ ਸੀ ਕਿ ਉਹ ਇਕ ਰਾਤ-ਦਿਨ ਤੋਂ ਵੱਧ ਕਿਤੇ ਨਹੀਂ ਸਨ ਠਹਿਰਦੇ। ਰਾਤ ਨੂੰ ਜਿਥੇ ਪਹੁੰਚਦੇ, ਅਗਲਾ ਦਿਨ ਉਥੇ ਕੱਟ ਕੇ ਅਤੇ ਰਾਤ ਦੇ ਪ੍ਰਸ਼ਾਦੇ ਛਕ ਕੇ ਅਗਲੀ ਠਾਹਰ ਵਿਚ ਜਾ ਝੰਡਾ ਗਡਦੇ।

ਅਨੂਪ ਸਿੰਘ ਦੀ ਭੂਆ ਅਤੇ ਭੈਣ ਵੀ ਡੁਮੇਲੀ ਹੀ ਵਿਆਹੀਆਂ ਹੋਈਆਂ ਸਨ, ਜਿਸ ਕਰਕੇ ਉਹ ਡੁਮੇਲੀ ਦੇ ਬੰਦਿਆਂ ਦਾ ਪੂਰੀ ਤਰ੍ਹਾਂ ਜਾਣੂ ਹੋ ਹੀ ਚੁੱਕਿਆ ਸੀ। ਪਰ ਬੋਘ ਸਿੰਘ ਆਪਣੀ ਮਾਰ ਉੱਤੇ ਮਨ ਬਣਾਈ ਬੈਠਾ ਸੀ। ਸੋ ਉਹਨੇ ਇਕ ਪ੍ਰੋਗਰਾਮ ਤੈਅ ਕਰ ਲਿਆ।

ਨਿਰੰਜਣ ਸਿੰਘ ਡੁਮੇਲੀ ਅੱਜ-ਕੱਲ੍ਹ ਦਾ ਮੰਨਿਆ-ਪ੍ਰਮੰਨਿਆ ਵਕੀਲ ਜਲੰਧਰ ਵਿਚ ਆਪਣੀ ਚੰਗੀ ਪੈਂਠ ਬਣਾਈ ਬੈਠਾ ਹੈ ਅਤੇ ਕਈਆਂ ਟਰੱਸਟਾਂ ਜਾਂ ਇਦਾਰਿਆਂ ਦਾ ਸਰਪਰਸਤ ਜਾਂ ਪ੍ਰਧਾਨ ਹੈ। ਹੁਣ ਮੈਂ ਉਹਦੇ ਬਾਰੇ ਰੀਕਾਰਡ ਵਿਚ ਦਰਜ ਅਨੂਪ ਸਿੰਘ ਅਤੇ ਬੋਘ ਸਿੰਘ ਦੇ ਅਦਾਲਤੀ ਬਿਆਨਾਂ ਦੇ ਆਧਾਰ ਉੱਤੇ ਜ਼ਿਕਰ ਕਰਨ ਲਗਿਆ ਹਾਂ। ਬੋਘ ਸਿੰਘ ਦਾ ਛੋਟਾ ਲੜਕਾ ਕੇਵਲ ਸਿੰਘ ਵੀ ਨਿਰੰਜਣ ਸਿੰਘ ਹੁਰਾਂ ਨਾਲ ਕਾਲਜ ਵਿਚ ਉਸੇ ਜਮਾਤ ਵਿਚ ਪੜ੍ਹ ਰਿਹਾ ਸੀ ਅਤੇ ਦੋਹਾਂ ਦਾ ਪੱਕਾ ਯਾਰਾਨਾ ਸੀ। ਸੋ ਬੋਘ ਸਿੰਘ ਪਹਿਲਾਂ ਤਾਂ ਸੀ ਆਈ ਡੀ ਦੇ ਅਫ਼ਸਰ ਮੀਰ ਫ਼ਜ਼ਲ ਇਮਾਮ ਨੂੰ ਆਪਣੀ ਘੜੀ ਸਕੀਮ ਦੱਸ ਕੇ ਸੀ ਆਈ ਡੀ ਦਾ ਸਿਪਾਹੀ ਬਣ ਕੇ ਪੁਲਸ ਵਿਚ ਭਰਤੀ ਹੋ ਗਿਆ। ਉਧਰ ਕਾਲਜ ਗਰਮੀਆਂ ਦੀਆਂ ਛੁਟੀਆਂ ਕਰਕੇ ਬੰਦ ਹੋ ਗਏ, ਜਿਸ ਕਰਕੇ ਨਿਰੰਜਣ ਸਿੰਘ ਆਪਣੇ ਪਿੰਡ ਡੁਮੇਲੀ ਆ ਗਿਆ ਅਤੇ ਕੇਵਲ ਸਿੰਘ ਮਾਣਕੋ ਆਪਣੇ ਘਰ ਆ ਗਿਆ। ਤੇ ਬੋਘ ਸਿੰਘ ਨੇ ਅਨੂਪ ਸਿੰਘ ਨਾਲ ਇਸ ਹੁਸ਼ਿਆਰੀ ਨਾਲ ਪ੍ਰੋਗਰਾਮ ਤੈਅ ਕਰ ਲਿਆ ਕਿ ਉਹਦਾ ਛੋਟਾ ਲੜਕਾ ਕੇਵਲ ਸਿੰਘ ਡੁਮੇਲੀ ਨਿਰੰਜਣ ਸਿੰਘ ਕੋਲ ਡੇਰਾ ਲਾ ਲਵੇਗਾ ਅਤੇ ਅਨੂਪ ਸਿੰਘ ਜਦੋਂ ਵੀ ਦਾਅ ਲਗੇਗਾ, ਨਿਰੰਜਣ ਸਿੰਘ ਨੂੰ ਬਬਰਾਂ ਦੇ ਠਹਿਰਨ ਦੀ ਪੱਕੀ ਖ਼ਬਰ ਦੇ ਦੇਵੇਗਾ ਕਿ ਅਗਲਾ ਸਾਰਾ ਦਿਨ ਜਥਾ ਕਿਥੇ ਰਹੇਗਾ। ਨਿਰੰਜਣ ਸਿੰਘ ਉਸੇ ਵੇਲੇ ਕੇਵਲ ਸਿੰਘ ਨੂੰ ਉਹਦੇ ਪਿਉ ਕੋਲ ਮਾਣਕੋ ਭੇਜ ਦੇਵੇਗਾ ਅਤੇ ਅਗੋਂ ਬਾਕੀ ਪ੍ਰੋਗਰਾਮ ਬੋਘ ਸਿੰਘ ਆਪ ਤਿਆਰ ਕਰ ਲਵੇਗਾ। ਸੋ ਬੋਘ ਸਿੰਘ ਨੇ ਇਕ ਨਵਾਂ ਸਾਈਕਲ ਖ਼ਰੀਦ ਕੇ ਆਪਣੇ ਛੋਟੇ ਲੜਕੇ ਕੇਵਲ ਸਿੰਘ ਦੇ ਹਵਾਲੇ ਕਰਕੇ ਉਹਨੂੰ ਡੁਮੇਲੀ ਨਿਰੰਜਣ ਸਿੰਘ ਹੁਰਾਂ ਕੋਲ ਭੇਜ ਦਿੱਤਾ ਅਤੇ ਅਨੂਪ ਸਿੰਘ ਦੇ ਸੁਨੇਹੇ ਦੀ ਉਡੀਕ ਸ਼ੁਰੂ ਕਰ ਦਿੱਤੀ।

ਉਧਰ 31 ਅਗਸਤ 1923 ਦੇ ਤੜਕੇ ਸੱਤ ਬਬਰ ਡੁਮੇਲੀ ਰਾਮਗੜ੍ਹੀਆਂ ਦੀ ਕੋਠੀ ਸੁਰਜਣ ਸਿੰਘ ਕੋਲ ਆ ਠਹਿਰੇ। ਉਹਨਾਂ ਨੇ 31 ਅਗਸਤ ਦਾ ਸਾਰਾ ਦਿਨ ਠਹਿਰਨਾ ਸੀ। ਬਬਰ ਸਨ, ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਝੁੱਗੀਆਂ, ਧੰਨਾ ਸਿੰਘ ਬਹਿਬਲਪੁਰ, ਦਲੀਪਾ ਧਾਮੀਆਂ, ਮਹਿੰਦਰ ਸਿੰਘ ਪਿੰਡੋਰੀ ਗੰਗਾ ਸਿੰਘ, ਬਿਸ਼ਨ ਸਿੰਘ ਮਾਂਗਟਾਂ ਅਤੇ ਇਹੋ ਅਨੂਪ ਸਿੰਘ ਮਾਣਕੋ, ਜੀਹਨੇ 30-31 ਅਗਸਤ

1923 ਦੀ ਰਾਤ ਤੋਂ ਹੀ ਮਰੋੜ ਲੱਗੇ ਹੋਏ ਹੋਣ ਦਾ ਘੜਿਆ-ਘੜਾਇਆ ਪੱਜ ਬਣਾ ਲਿਆ ਸੀ। ਸੋ 31 ਅਗਸਤ ਦੇ ਦਿਨ ਉਹਨੇ ਬੜੀ ਹੁਸ਼ਿਆਰੀ ਨਾਲ ਬਾਹਰ ਜਾ ਕੇ ਮਿਥੇ ਹੋਏ ਪ੍ਰੋਗਰਾਮ ਮੁਤਾਬਿਕ ਨਿਰੰਜਣ ਸਿੰਘ ਨਾਲ ਮਾਮਲਾ ਤੈਅ ਕਰ ਲਿਆ ਅਤੇ ਨਿਰੰਜਣ ਸਿੰਘ ਨੂੰ ਹਨੇਰਾ ਹੋਣ ਉੱਤੇ ਇਕ ਨਿਸਚਿਤ ਥਾਂ ਪੁੱਜਣ ਲਈ ਕਹਿ ਕੇ ਕੋਠੀ ਆ ਗਿਆ।

ਰਾਤ ਦੇ ਪ੍ਰਸ਼ਾਦੇ ਛਕ ਕੇ ਜਥਾ ਮਿਥੇ ਪ੍ਰੋਗਰਾਮ ਮੁਤਾਬਿਕ ਬਮੇਲੀ ਲਈ ਚੱਲ ਪਿਆ ਜਿਹੜੀ ਝੁਮੇਲੀ ਤੋਂ ਲਹਿੰਦੇ ਪਾਸੇ ਮੀਲ ਕੁ ਉੱਤੇ ਹੀ ਸੀ। ਝੁਮੇਲੀ ਤੋਂ ਤੁਰਨ ਵੇਲੇ ਜਥੇ ਨੇ ਵੱਡੇ ਕਰਤਾਰ ਸਿੰਘ, ਮੁਲਜ਼ਮ ਨੰ: 78, ਝੁਮੇਲੀ ਨੂੰ ਵੀ ਆਪਣੇ ਨਾਲ ਲੈ ਗਿਆ। ਇਹ ਕਰਤਾਰ ਸਿੰਘ ਸੁਰਜਨ ਸਿੰਘ ਦਾ ਸਕਾ ਭਤੀਜਾ ਸੀ। ਤਕਰੀਬਨ ਅੱਧ ਵਿਚ ਜਾ ਕੇ ਅਨੂਪ ਸਿੰਘ ਨੇ ਬਬਰ ਕਰਮ ਸਿੰਘ ਨੂੰ ਕਿਹਾ ਕਿ "ਮੈਨੂੰ ਵਾਰ-ਵਾਰ ਮਰੋੜਾਂ ਲਈ ਜਾਣਾ ਪੈਂਦਾ ਹੈ। ਤੁਸੀਂ ਚਲੋ ਚਲੋ। ਮੈਂ ਦਿਨ ਦੇ ਚੜ੍ਹਾ ਨਾਲ ਤੁਹਾਡੇ ਕੋਲ ਪੁੱਜ ਜਾਵਾਂਗਾ।" ਬਬਰ ਕਰਮ ਸਿੰਘ ਨੇ ਕਿਹਾ, "ਚੰਗਾ ਤੂੰ ਸਾਨੂੰ ਦਿਨ ਚੜ੍ਹੇ ਮਿਹਰ ਸਿੰਘ ਦੇ ਘਰ ਆ ਮਿਲੀਂ।" ਸੋ ਅਨੂਪ ਸਿੰਘ ਉਹਨਾਂ ਤੋਂ ਅਲਹਿਦਾ ਹੋ ਗਿਆ। ਥੋੜ੍ਹੀ ਦੂਰ ਅਗੇ ਜਾ ਕੇ ਧੰਨਾ ਸਿੰਘ ਖੜੋ ਗਿਆ ਅਤੇ ਉਹਨੇ ਬਬਰ ਸਾਹਿਬ ਨੂੰ ਕਿਹਾ ਕਿ "ਅਨੂਪ ਸਿੰਘ ਜਿਹੜਾ ਸਾਥੋਂ ਵੱਖਰਾ ਹੋ ਗਿਆ ਹੈ, ਜ਼ਰੂਰ ਕੋਈ ਕਾਰਾ ਕਰੇਗਾ। ਮੈਂ ਕੱਲ੍ਹ ਤੋਂ ਹੀ ਉਹਦੀਆਂ ਹਰਕਤਾਂ ਤਾੜ ਰਿਹਾ ਹਾਂ। ਉਹਦਾ ਚਿਹਰਾ ਉਡਿਆ ਹੋਇਆ ਹੈ। ਗੱਲਾਂ ਵੀ ਘਬਰਾਹਟ ਵਾਲੀਆਂ ਥਥਲਾ ਕੇ ਕਰ ਰਿਹਾ ਹੈ ਅਤੇ ਉਹਦੀ ਹਰ ਹਰਕਤ ਦੱਸ ਰਹੀ ਹੈ ਕਿ ਉਹ ਕਿਸੇ ਸਖ਼ਤ ਉਲਝਣ ਵਿਚ ਫਸਿਆ ਅੱਕੀਂ-ਪਲਾਹੀਂ ਹੱਥ ਮਾਰ ਰਿਹਾ ਹੈ। ਸੋ ਸਾਨੂੰ ਅੱਜ ਬਮੇਲੀ ਦਾ ਪ੍ਰੋਗਰਾਮ ਤਿਆਗ ਕੇ ਕਿਸੇ ਹੋਰ ਪਾਸੇ ਨਿੱਕਲ ਚੱਲਣਾ ਚਾਹੀਦਾ ਹੈ।"

ਧੰਨਾ ਸਿੰਘ ਦੀਆਂ ਗੱਲਾਂ ਸੁਣ ਕੇ ਬਬਰ ਸਾਹਿਬ ਹੱਸ ਪਏ ਅਤੇ ਆਖਿਆ, "ਤੂੰ ਤਾਂ ਐਵੇਂ ਘਬਰਾ ਗਿਆ ਹੈਂ। ਇਕ ਤਾਂ ਉਹ ਮੇਰਾ ਧਰਮ ਦਾ ਪੁੱਤ ਬਣ ਚੁਕਿਆ ਹੈ ਅਤੇ ਗੁਰੂ ਗਰੰਥ ਸਾਹਿਬ ਦੀ ਹਾਜ਼ਰੀ ਵਿਚ ਅਰਦਾਸਾ ਸੋਧ ਕੇ ਮੈਨੂੰ ਆਪਣਾ ਬਾਪ ਸਮਝ ਕੇ ਮੇਰੇ ਪੈਰਾਂ ਉਤੇ ਮੱਥਾ ਟੇਕ ਚੁਕਿਆ ਹੈ। ਦੂਜੇ ਕਈਆਂ ਕਤਲਾਂ ਲਈ 'ਬਬਰ ਅਕਾਲੀ ਦੁਆਬਾ' ਪਰਚੇ ਵਿਚ ਆਪਣਾ ਨਾਂ ਦਰਜ ਕਰਵਾ ਕੇ ਆਪਣੇ ਦਸਖ਼ਤ ਵੀ ਕਰ ਚੁਕਿਆ ਹੈ। ਸੋ ਹੁਣ ਮੌਤ ਦੇ ਮੂੰਹ ਜਾਣ ਤੋਂ ਕਿਵੇਂ ਬਚ ਸਕਦਾ ਹੈ। ਮੈਨੂੰ ਭਰੋਸਾ ਹੈ ਕਿ ਉਹ ਮੇਰੇ ਨਾਲ ਧੋਖਾ ਨਹੀਂ ਕਰ ਸਕਦਾ।"

ਧੰਨਾ ਸਿੰਘ ਨੇ ਬਬਰ ਸਾਹਿਬ ਦੀ ਗੱਲ ਸੁਣਨ ਪਿਛੋਂ ਦਲੀਪੇ ਨੂੰ ਬਾਹੋਂ ਫੜ ਕੇ ਕਿਹਾ ਕਿ "ਆਪਾਂ ਇਹਨਾਂ ਨਾਲ ਹੁਣ ਨਹੀਂ ਜਾਣਾ। ਇਹਨਾਂ ਦਾ ਧਰਮ-ਪੁੱਤਰ ਅੱਜ ਇਹਨਾਂ ਨੂੰ ਲਾਜ਼ਮੀ ਤੌਰ ਉੱਤੇ ਧਰਮ-ਰਾਜ ਕੋਲ ਪੁਚਾ ਕੇ ਹੀ ਦਮ ਲਵੇਗਾ"। ਸੋ ਦਲੀਪਾ ਅਤੇ ਧੰਨਾ ਸਿੰਘ ਇਹਨਾਂ ਚੌਹਾਂ ਤੋਂ ਵਖਰੇ ਹੋ ਗਏ ਅਤੇ ਬਾਕੀ ਚਾਰੇ ਬਮੇਲੀ ਨੂੰ ਚਲੇ ਗਏ। ਅਨੂਪ ਸਿੰਘ ਨੇ ਮਿਥੀ ਹੋਈ ਥਾਂ ਨਿਰੰਜਣ ਸਿੰਘ ਨੂੰ ਜਾ ਦਸਿਆ ਕਿ ਅਗਲਾ ਸਾਰਾ ਦਿਨ ਜਥਾ ਬਮੇਲੀ ਮਿਹਰ ਸਿੰਘ ਦੇ ਘਰ ਠਹਿਰੇਗਾ। ਨਿਰੰਜਣ ਸਿੰਘ ਨੇ ਉਸੇ ਵੇਲੇ ਕੇਵਲ ਸਿੰਘ ਨੂੰ ਪੂਰੀ ਜਾਣਕਾਰੀ ਦੇ ਕੇ ਮਾਣਕੋ ਨੂੰ ਦੁੜਾ ਦਿੱਤਾ। ਕੇਵਲ ਸਿੰਘ ਉਸੇ ਵੇਲੇ ਬਾਈਸਾਈਕਲ ਉੱਤੇ ਮਾਣਕੋ ਜਾ ਪੁਜਿਆ

ਅਤੇ ਆਪਣੇ ਪਿਉ ਨੂੰ ਜਾ ਸਾਰੀ ਜਾਣਕਾਰੀ ਦਿੱਤੀ। ਪਿਉ ਬੋਘ ਸਿੰਘ ਨੇ ਜਿਹੜੀ ਕਾਰਵਾਈ ਕੀਤੀ, ਹੁਣ ਪਾਠਕ ਉਹਦੀ ਜ਼ਬਾਨੀ ਬਿਆਨ ਕੀਤੀ ਹੋਈ ਹੀ ਪੜ੍ਹਨ।

ਪੇਪਰ-ਬੁੱਕ ਦੇ ਸਫ਼ਾ 806 ਉੱਤੇ 13 ਨਵੰਬਰ 1924 ਨੂੰ ਦਿਤੇ ਬਿਆਨ ਵਿਚ ਬੋਘ ਸਿੰਘ ਵਲਦ ਗੁਰਮੁਖ ਸਿੰਘ, ਜ਼ਾਤ ਜੱਟ, ਪਿੰਡ ਮਾਣਕੋ, ਜ਼ਿਲਾ ਜਲੰਧਰ ਕਹਿੰਦਾ ਹੈ ਕਿ "ਅਨੂਪ ਸਿੰਘ, ਗਵਾਹ ਨੰ: 17, ਜਿਹੜਾ ਐਸ ਵੇਲੇ ਅਦਾਲਤ ਵਿਚ ਮੌਜੂਦ ਹੈ, ਮੇਰਾ ਦੋਸਤ ਹੈ। ਕੋਈ ਦੋ-ਤਿੰਨ ਮਹੀਨਿਆਂ ਪਿਛੋਂ ਮੈਂ ਬਬਰ ਅਕਾਲੀ ਸਾਜ਼ਿਸ਼ ਦੇ ਸੰਬੰਧ ਵਿਚ ਪੁਲਸ ਵਿਚ ਸਪੈਸ਼ਲ ਕਾਂਸਟੇਬਲ ਭਰਤੀ ਹੋ ਗਿਆ ਸੀ। ਮੇਰੀ ਇਤਲਾਹ ਉੱਤੇ ਹੀ ਸੀ ਕਿ ਅਨੂਪ ਸਿੰਘ ਨੂੰ ਬਮੇਲੀ ਵਿਖੇ ਗਰਿਫ਼ਤਾਰ ਕੀਤਾ ਗਿਆ ਸੀ ਅਤੇ ਚਾਰ ਹੋਰ ਬਬਰ ਘੇਰੇ ਤੇ ਕਤਲ ਕੀਤੇ ਜਾ ਸਕੇ ਸਨ। ਮੈਨੂੰ ਪਤਾ ਸੀ ਕਿ ਉਸ ਵੇਲੇ ਅਨੂਪ ਸਿੰਘ ਤੇ ਚਾਰ ਹੋਰ ਬਬਰ ਬਮੇਲੀ ਮੌਜੂਦ ਸਨ। ਮੇਰੇ ਪੁਲਸ ਕੋਲ ਰਿਪੋਰਟ ਦਰਜ ਕਰਵਾਉਣ ਤੋਂ ਪਹਿਲਾਂ ਮੈਨੂੰ ਮੇਰੇ ਲੜਕੇ ਕੇਵਲ ਸਿੰਘ ਨੇ ਇਹ ਇਤਲਾਹ ਪੁਚਾਈ ਸੀ, ਜਿਹੜਾ ਉਸ ਵੇਲੇ ਡਮੇਲੀ ਠਹਿਰਿਆ ਹੋਇਆ ਸੀ। ਡਮੇਲੀ ਬਮੇਲੀ ਤੋਂ ਮੀਲ ਕੁ ਦੇ ਫਾਸਲੇ ਉੱਤੇ ਹੀ ਹੈ। ਕੇਵਲ ਸਿੰਘ ਉਸ ਵੇਲੇ ਡਮੇਲੀ ਵਾਲੇ ਇਕ ਨਿਰੰਜਣ ਸਿੰਘ ਕੋਲ ਠਹਿਰਿਆ ਹੋਇਆ ਸੀ। ਅਨੂਪ ਸਿੰਘ ਨੂੰ ਬਮੇਲੀ ਵਿਖੇ ਉਹਦੀ ਗਰਿਫ਼ਤਾਰੀ ਤੋਂ ਕੋਈ 15-18 ਦਿਨ ਪਹਿਲਾਂ ਮੈਂ ਮਾਣਕੋ ਵਿਚ ਦੇਖਿਆ ਸੀ।"

ਹੁਣ ਮੈਂ ਨਾਲ ਲਗਦਿਆਂ ਅਨੂਪ ਸਿੰਘ ਦਾ ਬਿਆਨ ਵੀ ਹਰਫ਼-ਬ-ਹਰਫ਼ ਦਰਜ ਕਰ ਦੇਣਾ ਠੀਕ ਸਮਝਦਾ ਹਾਂ। ਪੇਪਰ-ਬੁੱਕ ਦੇ ਸਫ਼ਾ 165 ਉੱਤੇ ਉਹ ਕਹਿੰਦਾ ਹੈ: "ਮੈਂ ਬਮੇਲੀ ਕੋਲ ਪੁੱਜ ਕੇ ਆਪਣੇ ਸਾਥੀਆਂ ਤੋਂ ਇਕ ਜ਼ਰੂਰੀ ਕੰਮ ਲਈ ਅਲਹਿਦਾ ਹੋ ਗਿਆ ਸੀ। ਉਹ ਅਗੇ ਚਲੇ ਗਏ ਅਤੇ ਮੈਨੂੰ ਮਿਹਰ ਸਿੰਘ ਦੇ ਘਰ ਪੁੱਜਣ ਲਈ ਕਹਿ ਗਏ, ਜਿਥੇ ਮੈਂ ਸੂਰਜ ਚੜ੍ਹਨ ਤੋਂ ਪਹਿਲਾਂ ਪੁੱਜ ਗਿਆ ਸੀ।"

ਇਸੇ ਤਰ੍ਹਾਂ ਬੋਘ ਸਿੰਘ ਦੇ ਲੜਕੇ ਦਾ ਬਿਆਨ ਵੀ ਪੇਪਰ-ਬੁੱਕ ਦੇ ਸਫ਼ਾ 691 ਉੱਤੇ ਦਰਜ ਹੈ। ਸਰਕਾਰੀ ਗਵਾਹ ਨੰ: 374, ਜਸਵੰਤ ਸਿੰਘ ਵਲਦ ਬੋਘ ਸਿੰਘ, ਉਮਰ 26 ਸਾਲ, ਜ਼ਾਤ ਜੱਟ, ਪਿੰਡ ਮਾਣਕੋ, ਜ਼ਿਲਾ ਜਲੰਧਰ ਦਾ ਬਿਆਨ 29 ਅਕਤੂਬਰ 1924 ਨੂੰ ਹੋਇਆ ਸੀ।

ਜਿਸ ਵੇਲੇ ਬਬਰ ਆਪਸ ਵਿਚ ਨਿਖੜੇ ਸਨ, ਉਸ ਵੇਲੇ ਦੋ ਬੰਬ ਬਬਰ ਕਰਮ ਸਿੰਘ ਕੋਲ ਸਨ ਅਤੇ ਦੋ ਹੀ ਧੰਨਾ ਸਿੰਘ ਕੋਲ ਸਨ। ਪੰਜੇ ਬਬਰ ਬਮੇਲੀ ਨੂੰ ਚੱਲ ਪਏ। ਜਿਸ ਵੇਲੇ ਉਹ ਪਿੰਡ ਲਾਗੇ ਪੁੱਜੇ ਤਾਂ ਇਹਨਾਂ ਨੂੰ ਸ਼ਿਵ ਸਿੰਘ ਪਿੰਡੋਂ ਬਾਹਰ ਨੂੰ ਆਉਂਦਾ ਟੱਕਰ ਪਿਆ ਅਤੇ ਉਹਨੇ ਕਿਹਾ, "ਮੈਂ ਤਾਂ ਤੁਹਾਨੂੰ ਮਿਲਣ ਲਈ ਡਮੇਲੀ ਨੂੰ ਜਾ ਰਿਹਾ ਸੀ।" ਸੋ ਸਾਰੇ ਸਿੱਧੇ ਸ਼ਿਵ ਸਿੰਘ ਦੇ ਘਰ ਜਾ ਸੁੱਤੇ। ਅਨੂਪ ਸਿੰਘ ਬਿਆਨ ਵਿਚ ਦਸਦਾ ਹੈ ਕਿ ਉਹ ਦਿਨ ਚੜ੍ਹਨ ਤੋਂ ਪਹਿਲਾਂ ਮਿਹਰ ਸਿੰਘ ਦੇ ਘਰ ਜਾ ਪੁੱਜਿਆ, ਤਾਂ ਉਹਨੂੰ ਪਤਾ ਲਗਿਆ ਕਿ ਬਬਰ ਤਾਂ ਸ਼ਿਵ ਸਿੰਘ ਦੇ ਘਰ ਸੁੱਤੇ ਪਏ ਹਨ। ਇਹ ਬੇਈਮਾਨ ਸਿੱਧਾ ਸ਼ਿਵ ਸਿੰਘ ਦੇ ਘਰ ਗਿਆ ਤਾਂ ਸਾਰੇ ਘੂਕ ਸੁੱਤੇ ਪਏ ਦੇਖ ਕੇ ਬਬਰ ਦੇ ਝੋਲੇ ਵਿਚੋਂ ਦੋ ਬੰਬ ਖਿਸਕਾ ਲਿਆਇਆ ਅਤੇ ਬੰਦੂਕ ਦੇ ਹੁੜਕੇ ਨੂੰ ਖ਼ਰਾਬ ਕਰ ਆਇਆ। ਦੂਜੀ ਬੰਦੂਕ ਬਬਰ ਕਰਮ ਸਿੰਘ ਹਿੱਕ ਨਾਲ ਲਾਈ ਸੁੱਤਾ ਪਿਆ ਸੀ। ਉਹ ਬਚ ਗਈ। ਪਰ ਉਦੇ ਸਿੰਘ ਵਾਲੀ ਨਕਾਰਾ ਹੋ

ਗਈ। ਬੰਬ ਉਹਨੇ ਇਕ ਚੁੱਭੇ ਵਿਚ ਸੁੱਟ ਦਿਤੇ ਅਤੇ ਆਪ ਮਿਹਰ ਸਿੰਘ ਦੇ ਘਰ ਆ ਸੁੱਤਾ। ਇਹ ਸਭ ਕਾਰਵਾਈ ਉਹ ਤੜਕੇ ਹੀ ਕਰ ਹਟਿਆ ਸੀ। ਕਾਫ਼ੀ ਦਿਨ ਚੜ੍ਹੇ ਜਦੋਂ ਰਸਾਲੇ ਨੇ ਪਿੰਡ ਆ ਘੇਰਿਆ ਤਾ ਬਬਰਾਂ ਨੇ ਕਰਤਾਰ ਸਿੰਘ ਡੁਮੇਲੀ ਨੂੰ ਉਹਨੂੰ ਸੱਦਣ ਲਈ ਮਿਹਰ ਸਿੰਘ ਦੇ ਘਰ ਘਲਿਆ। ਮਿਹਰ ਸਿੰਘ ਦੀ ਘਰਵਾਲੀ ਨੇ ਅਨੂਪ ਸਿੰਘ ਨੂੰ ਜਗਾ ਕੇ ਬਬਰਾਂ ਦਾ ਸੁਨੇਹਾ ਦਿੱਤਾ ਅਤੇ ਮਿਹਰ ਸਿੰਘ ਨੇ ਵੀ ਇਹੋ ਗੱਲ ਬਾਹਰੋਂ ਆ ਕੇ ਦੱਸੀ ਕਿ ਉਹਨੂੰ ਬਬਰ ਉਡੀਕ ਰਹੇ ਹਨ। ਉਹ ਉਸੇ ਵੇਲੇ ਉੱਠ ਕੇ ਕੋਠੇ ਉੱਤੇ ਜਾ ਚੜ੍ਹਿਆ ਅਤੇ ਦੇਖ ਲਿਆ ਕਿ ਪਿੰਡ ਚੌਹਾਂ ਪਾਸਿਆਂ ਤੋਂ ਰਸਾਲੇ ਅਤੇ ਪੁਲਸ ਨੇ ਘੇਰ ਲਿਆ ਹੈ। ਏਨੇਂ ਨੂੰ ਦੂਜਾ ਸੁਨੇਹਾ ਲੈ ਕੇ ਸ਼ਿਵ ਸਿੰਘ ਵੀ ਕੋਠਿਆਂ ਉਤੋਂ ਦੀ ਹੁੰਦਾ ਹੋਇਆ ਮਿਹਰ ਸਿੰਘ ਦੇ ਘਰ ਆਇਆ। ਉਹਨੇ ਅਨੂਪ ਸਿੰਘ ਨੂੰ ਕੋਠੇ ਉੱਤੇ ਖੜੋਤੇ ਨੂੰ ਕਿਹਾ ਕਿ ਬਬਰ ਕਰਮ ਸਿੰਘ ਉਹਨੂੰ ਜਲਦੀ ਪੁਜਣ ਲਈ ਸੱਦ ਰਿਹਾ ਹੈ। ਉਹਨੇ ਕਿਹਾ, ਚੱਲ ਮੈਂ ਆ ਰਿਹਾ ਹਾਂ। ਉਹਨੇ ਉਸੇ ਵੇਲੇ ਆਪਣੀ ਛਵ੍ਹੀ ਕੋਠੇ ਉੱਤੇ ਪਈ ਕੜਬ ਵਿਚ ਲੁਕੋ ਦਿੱਤੀ ਅਤੇ ਆਪ ਸਿੱਧਾ ਪੁਲਸ਼ ਦੇ ਅਫ਼ਸਰ ਸਮਿਥ ਸਾਹਮਣੇ ਜਾ ਪੇਸ਼ ਹੋਇਆ ਅਤੇ ਉਹਨੂੰ ਦੱਸ ਦਿੱਤਾ ਕਿ ਮੈਂ ਹੀ ਅਨੂਪ ਸਿੰਘ ਹਾਂ ਅਤੇ ਮੇਰੀ ਖ਼ਬਰ ਭੇਜੀ ਉੱਤੇ ਹੀ ਤੁਹਾਨੂੰ ਇਹ ਕਾਮਯਾਬੀ ਨਸੀਬ ਹੋਈ ਹੈ।

ਪੇਪਰ-ਬੁੱਕ ਦੇ ਸਫ਼ਾ 165 ਉੱਤੇ ਉਹ ਬਿਆਨ ਕਰਦਾ ਹੈ ਕਿ ਕਿਵੇਂ ਮਿਹਰ ਸਿੰਘ ਦੀ ਘਰਵਾਲੀ ਨੇ ਜਗਾ ਕੇ ਅਤੇ ਮਿਹਰ ਸਿੰਘ ਨੇ ਤੇ ਸ਼ਿਵ ਸਿੰਘ ਨੇ ਆ ਕੇ ਸੁਨੇਹੇ ਦਿੱਤੇ ਸਨ।

ਕੇਵਲ ਸਿੰਘ ਅੱਧੀ ਰਾਤ ਤੋਂ ਪਹਿਲਾਂ ਹੀ ਪਿੰਡ ਜਾ ਪੁਜਿਆ। ਡੁਮੇਲੀ ਅਤੇ ਮਾਣਕੋ ਦਾ ਫ਼ਾਸਲਾ 4-5 ਮੀਲ ਦਾ ਹੀ ਹੈ। ਸਾਈਕਲ ਉੱਤੇ ਘੰਟਾ ਹੀ ਲਗਿਆ ਹੋਵੇਗਾ। ਬੋਘ ਸਿੰਘ ਨੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਜਲੰਧਰ ਜਾ ਕੇ ਮਿਸਟਰ ਸਮਿਥ ਪੁਲਸ ਕਪਤਾਨ ਨੂੰ ਇਤਲਾਹ ਦਿੱਤੀ ਕਿ ਐਸ ਵੇਲੇ ਕੁਝ ਬਬਰ ਰਿਆਸਤ ਕਪੂਰਥਲੇ ਦੇ ਪਿੰਡ ਬਮੇਲੀ ਵਿਚ ਮੌਜੂਦ ਹਨ। ਤੇ ਮਿਸਟਰ ਸਮਿਥ ਨੇ ਉਸੇ ਵੇਲੇ ਡਿਪਟੀ ਕਮਿਸ਼ਨਰ ਜਲੰਧਰ ਨੂੰ ਸੁੱਤੇ ਪਏ ਨੂੰ ਜਾ ਜਗਾਇਆ।

ਹੁਣ ਪੜ੍ਹੋ ਡਿਪਟੀ ਕਮਿਸ਼ਨਰ ਜਲੰਧਰ ਦਾ ਬਿਆਨ, ਜਿਹੜਾ ਪੇਪਰ-ਬੁੱਕ ਦੇ ਸਫ਼ਾ 767 ਉੱਤੇ ਦਰਜ ਹੈ ਅਤੇ ਅਦਾਲਤ ਸਾਹਮਣੇ 6 ਨਵੰਬਰ 1924 ਨੂੰ ਹੋਇਆ ਸੀ। ਇਹਨਾਂ ਦਿਨਾਂ ਵਿਚ ਇਹ ਨਵੀਂ ਦਿੱਲੀ ਵਿਖੇ ਡਿਪਟੀ ਸੈਕਰੈਟਰੀ ਆਫ਼ ਹੋਮ ਐਫੇਅਰਜ਼ ਲਗਿਆ ਹੋਇਆ ਸੀ। ਸਰਕਾਰੀ ਗਵਾਹ ਨੰ: 434, ਮਿਸਟਰ ਸੀ ਡਬਲਿਊ ਜੈਕਵ, ਆਈ ਸੀ ਐਸ, ਡਿਪਟੀ ਸੈਕਰੈਟਰੀ ਗਵਰਨਮਿੰਟ ਆਫ਼ ਇੰਡੀਆ, ਹੋਮ ਡੀਪਾਰਟਮੈਂਟ, ਨਵੀਂ ਦਿੱਲੀ ਬਿਆਨ ਵਿਚ ਕਹਿੰਦਾ ਹੈ : "ਮੈਨੂੰ ਸੀ ਆਈ ਡੀ ਦੇ ਮਿਸਟਰ ਸਮਿਥ ਨੇ 1 ਸਤੰਬਰ 1923 ਨੂੰ ਮੂੰਹ-ਹਨੇਰੇ ਹੀ ਆ ਜਗਾਇਆ ਅਤੇ ਦਸਿਆ ਕਿ ਉਹਨੂੰ ਬਬਰ ਅਕਾਲੀ ਗਰੋਹ ਦੇ ਕੁਝ ਵੱਡੇ ਆਗੂਆਂ ਬਾਬਤ ਹੁਣੇ-ਹੁਣੇ ਪੱਕੀ ਇਤਲਾਹ ਮਿਲੀ ਹੈ ਕਿ ਉਹ ਕਿਥੇ ਮੌਜੂਦ ਹਨ। ਅਸੀਂ ਫੌਰਨ ਰਸਾਲੇ ਦੇ ਕਰਨਲ ਕਮਾਂਡਿੰਗ ਅਫਸਰ ਨਾਲ ਸੰਪਰਕ ਪੈਦਾ ਕੀਤਾ ਅਤੇ ਕਿਹਾ ਕਿ ਉਹ ਉਸੇ ਵੇਲੇ ਰਸਾਲੇ ਨੂੰ ਨਾਲ ਲੈ ਕੇ ਰਿਆਸਤ ਕਪੂਰਥਲੇ ਦੇ ਪਿੰਡ ਬਮੇਲੀ ਨੂੰ ਜਾ ਘੇਰਾ ਪਾਵੇ, ਜਿਥੇ ਸਿਰਕੱਢ ਬਬਰ ਘੁੰਮ ਰਹੇ ਦੱਸੇ ਜਾਂਦੇ ਹਨ। ਉਸੇ ਹੀ ਵੇਲੇ ਮਿਸਟਰ

ਸਮਿਥ, ਕੈਪਟਨ ਮੈਕੇਲਰੀ ਅਤੇ ਮਿਸਟਰ ਫ੍ਰਿਨਟ ਏ ਐਸ ਪੀ ਤਕਰੀਬਨ ਨੌਂ ਕੁ ਬਜੇ ਦਿਨੇ ਰਸਾਲੇ ਅਤੇ ਪੁਲਸ ਦੀ ਬੜੀ ਵੱਡੀ ਮਦਦ ਲੈ ਕੇ ਬਮੇਲੀ ਨੂੰ ਚੱਲ ਪਏ। ਉਸੇ ਦਿਨ ਕੋਈ ਸਾਢੇ ਚਾਰ ਕੁ ਬਜੇ ਲੌਢੇ ਵੇਲੇ ਮੈਨੂੰ ਫੋਨ ਉੱਤੇ ਇਤਿਲਾਹ ਮਿਲੀ ਜਿਹੜੀ ਬਰੀਗੇਡ ਦੇ ਕਮਾਂਡਿੰਗ ਅਫ਼ਸਰ ਵੱਲੋਂ ਸੀ ਕਿ ਉਹਨੂੰ ਮਿਸਟਰ ਸਮਿਥ ਨੇ ਖ਼ਬਰ ਭੇਜੀ ਸੀ ਕਿ ਬਮੇਲੀ ਚੰਗੀ ਗੋਲੀਬਾਰੀ ਹੋਈ ਹੈ, ਜਿਸ ਵਿਚ ਦੂਜੇ ਬੰਨੇ ਤਾਂ ਮੌਤਾਂ ਹੋਈਆਂ ਹਨ, ਪਰ ਸਾਡੇ ਵੱਲ ਕੋਈ ਨੁਕਸਾਨ ਨਹੀਂ ਹੋਇਆ।'' ਡਿਪਟੀ ਕਮਿਸ਼ਨਰ ਨੂੰ ਸੀ ਆਈ ਡੀ ਦੇ ਪੁਲਸ ਕਪਤਾਨ ਅਤੇ ਕਪੂਰਥਲੇ ਦੇ ਅਫ਼ਸਰਾਂ ਨੂੰ ਨਾਲ ਲੈ ਕੇ ਫੌਰਨ ਬਮੇਲੀ ਪੁੱਜਣ ਦੀ ਸਖ਼ਤ ਤਾਕੀਦ ਕੀਤੀ ਗਈ ਸੀ। ਸੋ ਡਿਪਟੀ ਕਮਿਸ਼ਨਰ ਉਸੇ ਵੇਲੇ ਖਾਨ ਬਹਾਦੁਰ ਸ਼ੇਖ ਅਬਦੁਲ ਅਜ਼ੀਜ਼ ਨੂੰ ਨਾਲ ਲੈ ਕੇ ਕਾਰ ਵਿਚ ਪਿੰਡ ਬਮੇਲੀ ਰਿਆਸਤ ਕਪੂਰਥਲੇ ਨੂੰ ਚਲਿਆ ਗਿਆ। ਫਗਵਾੜੇ ਤੋਂ ਦੋ ਕੁ ਮੀਲ ਪਹਿਲਾਂ ਹੀ ਉਹਨਾਂ ਨੂੰ ਰਿਆਸਤ ਕਪੂਰਥਲੇ ਦੇ ਅਫ਼ਸਰ, ਦੀਵਾਨ ਦੁਰਗਾ ਦਾਸ ਸਣੇ, ਟੱਕਰ ਪਏ, ਜਿਨ੍ਹਾਂ ਨੂੰ ਡਿਪਟੀ ਕਮਿਸ਼ਨਰ ਨੇ ਰੋਕ ਲਿਆ ਅਤੇ ਨਾਲ ਲੈ ਕੇ ਬਮੇਲੀ ਜਾ ਪੁੱਜਿਆ। ਉਹਨਾਂ ਦੇ ਜਾਣ ਤੋਂ ਪਹਿਲਾਂ ਹੀ ਚਾਰ ਲਾਸ਼ਾਂ ਪਈਆਂ ਹੋਈਆਂ ਸਨ, ਜਿਹੜੀਆਂ ਕਰਮ ਸਿੰਘ ਦੌਲਤਪੁਰ, ਬਿਸ਼ਨ ਸਿੰਘ ਮਾਂਗਟਾਂ, ਮਹਿੰਦਰ ਸਿੰਘ ਪਿੰਡੋਰੀ ਗੰਗਾ ਸਿੰਘ ਅਤੇ ਉਦੇ ਸਿੰਘ ਰਾਮਗੜ੍ਹ ਝੁੱਗੀਆਂ ਦੀਆਂ ਦੱਸੀਆਂ ਗਈਆਂ ਸਨ। ਤੇ ਮਿਸਟਰ ਸਮਿਥ ਨੇ ਇਕ ਗੋਲਾ, ਦੋ ਡੈਟੋਨੇਟਰ, ਦੋ ਬੰਦੂਕਾਂ ਤੇ ਹੋਰ ਕਈ ਕਾਗ਼ਜ਼ਾਤ ਤੇ ਨਿੱਕ-ਸੁੱਕ ਡਿਪਟੀ ਕਮਿਸਨਰ ਨੂੰ ਦਿੱਤਾ ਅਤੇ ਉਹਨੇ ਕਪੂਰਥਲੇ ਦੇ ਅਫ਼ਸਰਾਂ ਦੇ ਹਵਾਲੇ ਕਰ ਦਿੱਤਾ। ਬਾਕੀ ਸਾਰੀ ਕਾਰਵਾਈ ਕਪੂਰਥਲੇ ਦੇ ਅਫ਼ਸਰਾਂ ਦੇ ਸਪੁਰਦ ਕਰਕੇ ਅੰਗਰੇਜ਼ ਅਫ਼ਸਰ ਅਤੇ ਰਸਾਲਾ ਵਾਪਸ ਆ ਗਏ।

ਇਥੇ ਮੈਂ ਆਪਣੇ ਵੱਲੋਂ ਥੋੜ੍ਹੀ ਜਿਹੀ ਜਾਣਕਾਰੀ ਪਾਠਕਾਂ ਨੂੰ ਦੇ ਦੇਣੀ ਠੀਕ ਸਮਝਦਾ ਹਾਂ। ਉਹਨਾਂ ਦਿਨਾਂ ਵਿਚ ਅੰਗਰੇਜ਼ਾਂ ਨੇ ਰਿਆਸਤੀ ਰਜਵਾੜਿਆਂ ਨੂੰ ਇਸ ਤਰ੍ਹਾਂ ਆਪਣੇ ਸ਼ਿਕੰਜੇ ਵਿਚ ਜਕੜ ਰਖਿਆ ਸੀ ਕਿ ਨਾਂ ਨੂੰ ਤਾ ਉਹ ਖ਼ੁਦਮੁਖ਼ਤਿਆਰ ਸਨ ਅਤੇ ਆਪਣੀ ਜੰਤਾ ਦੀ ਜਿਵੇਂ ਚਾਹੁਣ, ਖੱਲ ਉਧੇੜੀ ਜਾਣ ਤੇ ਜੋਕਾਂ ਬਣ ਕੇ ਗਰੀਬਾਂ ਦਾ ਖ਼ੂਨ ਚੂਸੀ ਜਾਣ, ਪਰ ਅੰਗਰੇਜ਼ਾਂ ਦੀ ਫ਼ਰਮਾਂ-ਬਰਦਾਰੀ ਚੂੰ-ਚਿਰਾਂ ਤੋਂ ਬਿਨਾਂ ਨਿਭਾਈ ਜਾਣ। ਜੇ ਸੱਤ-ਪੰਜ ਕੀਤੀ ਤਾਂ ਨਾਭੇ ਦੇ ਰਾਜੇ ਵਾਂਗੂੰ ਕੋਡਾਈ-ਕਨਾਲ ਜਲਾਵਤਨੀ ਭੁਗਤਣੀ ਪੈਣੀ ਸੀ। ਇਹੋ ਵਜਾਹ ਸੀ ਕਿ ਰਿਆਸਤੀ ਜੰਤਾ ਦੂਹਰੀ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੀ ਤਿਲਮਿਲਾ ਰਹੀ ਸੀ।

ਡਿਪਟੀ ਕਮਿਸ਼ਨਰ ਦੇ ਬਿਆਨ ਤੋਂ ਬਾਅਦ ਹੁਣ ਮੈਂ ਉਸ ਵੇਲੇ ਦੇ ਰਸਾਲੇ ਦੇ ਇੰਚਾਰਜ ਅਫ਼ਸਰ ਦਾ ਬਿਆਨ ਦਰਜ ਕਰ ਰਿਹਾ ਹਾਂ, ਜਿਹੜਾ ਪੇਪਰ-ਬੁੱਕ ਦੇ ਸਫ਼ਾ 648 ਉੱਤੇ ਦਰਜ ਹੈ। ਸਰਕਾਰੀ ਗਵਾਹ ਨੰ: 334, ਫਤਿਹ ਖਾਂ ਐਕਸ ਰਸਾਲਦਾਰ ਵਲਦ ਖ਼ਾਨ ਮੁਹੰਮਦ, ਸਬ ਇੰਸਪੈਕਟਰ ਐਡੀਸ਼ਨਲ ਪੁਲੀਸ, ਜਲੰਧਰ ਤੇ ਹੁਸ਼ਿਆਰਪੁਰ ਅਤੇ ਰਿਆਸਤ ਕਪੂਰਥਲਾ 22 ਅਕਤੂਬਰ 1924 ਨੂੰ ਬਿਆਨ ਦਿੰਦਾ ਹੈ : ''ਜੂਨ 1923 ਤੋਂ ਐਡੀਸ਼ਨਲ ਪੁਲਸ ਅਤੇ ਰਸਾਲੇ ਦਾ ਦਸਤਾ ਦੁਆਬੇ ਵਿਚ ਬਬਰ ਅਕਾਲੀਆਂ ਨੂੰ ਫੜਨ ਵਿਚ ਲੱਗੇ ਹੋਏ ਸਨ। ਮੈਂ ਇੰਚਾਰਜ ਸੀ ਅਤੇ ਮੇਰਾ ਹੈਡ-ਕੁਆਰਟਰ ਜਲੰਧਰ ਸੀ। ਰਸਾਲੇ ਅਤੇ ਐਡੀਸ਼ਨਲ ਪੁਲਸ ਦੀਆਂ

ਚੌਕੀਆਂ ਸਾਰੇ ਦੁਆਬੇ ਵਿਚ ਬਿਠਾ ਦਿਤੀਆਂ ਗਈਆਂ ਸਨ। ਪਹਿਲੀ ਸਤੰਬਰ 1923 ਨੂੰ ਸਵੇਰੇ ਮੂੰਹ-ਹਨੇਰੇ ਹੀ ਪੁਲਸ ਕਪਤਾਨ ਜਲੰਧਰ, ਮਿਸਟਰ ਸਮਿਥ ਦਾ ਸੁਨੇਹਾ ਮਿਲਿਆ ਕਿ ਮੈਂ ਫੌਰਨ ਰਸਾਲੇ ਨੂੰ ਨਾਲ ਲੈ ਕੇ ਰਿਆਸਤ ਕਪੂਰਥਲੇ ਦੇ ਪਿੰਡ ਬਮੇਲੀ ਦੇ ਨਾਲ ਲਗਦੇ ਪਿੰਡ ਧੁੱਗਿਆਂ ਨੂੰ ਜਾ ਘੇਰਾਂ ਅਤੇ ਉਹ ਆਪ ਐਡੀਸ਼ਨਲ ਪੁਲਸ ਨੂੰ ਨਾਲ ਲੈ ਕੇ ਬਮੇਲੀ ਨੂੰ ਘੇਰ ਲਵੇਗਾ, ਜਿਥੇ ਬਬਰ ਅਕਾਲੀ ਜਥੇ ਦੇ ਸਿਰਕੱਢ ਆਗੂ ਮੌਜੂਦ ਸਨ, ਜੀਹਦੀ ਉਹਨੂੰ ਹੁਣੇ-ਹੁਣੇ ਪੱਕੀ ਇਤਲਾਹ ਮਿਲੀ ਸੀ। ਇਹਦਾ ਇੰਚਾਰਜ ਆਪ ਮਿਸਟਰ ਸਮਿਥ ਸੀ। ਮੈਂ ਫਟਾਫਟ ਰਸਾਲੇ ਦੇ ਤਿੰਨ ਦਸਤੇ, ਜਿਨ੍ਹਾਂ ਵਿਚ 84 ਜਵਾਨ ਸ਼ਾਮਲ ਸਨ, ਲੈ ਕੇ ਦਸ ਕੁ ਬਜੇ ਜਾ ਪਿੰਡ ਧੁੱਗਿਆਂ ਨੂੰ ਘੇਰਾ ਪਾ ਲਿਆ। ਅਧੇ ਕੁ ਘੰਟੇ ਪਿਛੋਂ ਮੈਂ ਦੇਖਿਆ ਕਿ ਚਾਰ ਬਬਰ ਪੁਲਸ ਨਾਲ ਮੁਕਾਬਲਾ ਕਰਦੇ ਗੁਰਦੁਆਰਾ ਚੌਂਤਾ ਸਾਹਿਬ ਵੱਲ ਵਧੇ ਆ ਰਹੇ ਹਨ ਅਤੇ ਮਿਸਟਰ ਸਮਿਥ ਆਪ ਪੁਲਸ ਦੀ ਮਦਦ ਨਾਲ ਉਹਨਾਂ ਦਾ ਪਿੱਛਾ ਕਰਦਾ ਆ ਰਿਹਾ ਹੈ। ਇਸ ਗੁਰਦੁਆਰੇ ਦੇ ਚੌਹੀਂ ਪਾਸੀਂ ਚੋਅ ਸੀ। ਜਾਪਦਾ ਸੀ ਕਿ ਚਾਰੇ ਬਬਰ ਚੋਅ ਪਾਰ ਕਰਕੇ ਗੁਰਦੁਆਰੇ ਵਿਚ ਸ਼ਰਨ ਲੈਣੀ ਚਾਹੁੰਦੇ ਹਨ। ਗੁਰਦੁਆਰੇ ਦੇ ਆਲੇ-ਦੁਆਲੇ ਸੰਘਣੀ ਝਿੜੀ, ਬੂਝੇ, ਕਾਹੀ, ਘਾਹ ਅਤੇ ਸੰਘਣੀਆਂ ਝਾੜੀਆਂ ਸਨ, ਜਿਹੜੀਆਂ ਬੜੀ ਵਧੀਆ ਪਨਾਹਗਾਹ ਦਾ ਕੰਮ ਦੇ ਸਕਦੀਆਂ ਸਨ। ਸੋ ਮੈਂ ਚੌਹਾਂ ਬਬਰਾਂ ਦੀ ਨੀਅਤ ਤਾੜ ਗਿਆ ਅਤੇ ਤਿੰਨਾਂ ਘੁੜ-ਸਵਾਰਾਂ ਨਾਲ ਘੋੜੇ ਦੁੜਾ ਕੇ ਚੋਅ ਦੇ ਇਕ ਕੰਢੇ ਉੱਤੇ ਜਾ ਖੜੋਤਾ। ਮੈਂ ਸਵਾਰਾਂ ਸਮੇਤ ਬਬਰਾਂ ਤੋਂ ਕੋਈ 50 ਗਜ਼ ਦੇ ਫ਼ਾਸਲੇ ਉੱਤੇ ਘੋੜਿਆਂ ਤੋਂ ਉੱਤਰ ਗਿਆ। ਚਾਰੇ ਬਬਰ ਉਸ ਵੇਲੇ ਉਸ ਮੋੜ ਤੋਂ ਚੋਅ ਵਿਚ ਦਾਖ਼ਲ ਹੋ ਰਹੇ ਸਨ ਅਤੇ ਚਾਹੁੰਦੇ ਸਨ ਕਿ ਪਾਣੀ ਵਿਚੋਂ ਦੀ ਲੰਘ ਕੇ ਗੁਰਦੁਆਰੇ ਵਿਚ ਜਾ ਵੜਨ। ਮੈਂ ਆਪਣੇ ਆਦਮੀਆਂ ਨੂੰ ਗੋਲੀ ਚਲਾਉਣ ਦਾ ਹੁਕਮ ਦਿੱਤਾ, ਜਿਸ ਕਰਕੇ ਦੋ ਬਬਰ ਪਾਣੀ ਵਿਚ ਡਿੱਗ ਪਏ। ਤੀਜਾ ਬਬਰ ਚੋਅ ਪਾਰ ਕਰ ਚੁਕਿਆ ਸੀ ਅਤੇ ਅਗਲੇ ਕਿਨਾਰੇ ਗੋਡੇ-ਗੋਡੇ ਪਾਣੀ ਵਿਚ ਖੜੋਤਾ ਸੀ। ਉਸ ਵੇਲੇ ਉਹਦੇ ਇਕ ਹੱਥ ਵਿਚ ਬੰਦੂਕ ਅਤੇ ਦੂਜੇ ਵਿਚ ਤਲਵਾਰ ਸੀ। ਮੈਂ ਚੋਅ ਦੇ ਖੂੰਜੇ ਵੱਲ ਹੋਰ ਅਗੇ ਵਧਿਆ ਅਤੇ ਬਿਲਕੁਲ ਉਹਦੇ ਸਾਹਮਣੇ ਮੁਕਾਬਲੇ ਵਿਚ ਖੜੋ ਕੇ ਉਹਨੂੰ ਕਿਹਾ ਕਿ ਉਹ ਹਥਿਆਰ ਸੁੱਟ ਦੇਵੇ ਤੇ ਆਪਣੇ ਆਪ ਨੂੰ ਮੇਰੇ ਹਵਾਲੇ ਕਰ ਦੇਵੇ। ਉਹਨੇ ਜਵਾਬ ਦਿਤਾ ਕਿ ਉਹ ਸਿੱਖ ਹੁੰਦਾ ਹੋਇਆ ਜਿਉਂਦਾ ਹਥਿਆਰ ਨਹੀਂ ਸੁਟੇਗਾ ਅਤੇ ਉਹਨੇ ਮੇਰੇ ਉਤੇ ਗੋਲੀ ਦਾਗ ਦਿਤੀ। ਉਹਦਾ ਵਾਰ ਖਾਲੀ ਗਿਆ ਅਤੇ ਮੈਂ 303 ਪੱਕੀ ਰਫ਼ਲ ਦਾ ਨਿਸ਼ਾਨਾ ਲੈ ਕੇ ਸਿੱਧੀ ਉਹਦੇ ਮੱਥੇ ਵਿਚ ਗੋਲੀ ਜੜ ਦਿੱਤੀ। ਆਹ ਅਦਾਲਤ ਵਿਚ ਪੀ 43 ਜਿਹੜੀ ਬੰਦੂਕ ਮੌਜੂਦ ਹੈ, ਉਹੋ ਹੀ ਹੈ ਜੀਹਦੇ ਨਾਲ ਮੇਰੇ ਉੱਤੇ ਗੋਲੀ ਚਲਾਈ ਗਈ ਸੀ। ਬਬਰ ਪਾਣੀ ਵਿਚ ਡਿੱਗ ਪਿਆ। ਚੌਥਾ ਬਬਰ ਚੋਅ ਪਾਰ ਕਰਕੇ ਬੂਝਿਆਂ ਵਿਚ ਜਾ ਲੁਕਿਆ। ਏਨੇਂ ਨੂੰ ਮਿਸਟਰ ਸਮਿਥ ਨੇ ਆ ਕੇ ਕਿਹਾ ਕਿ ਚੌਹਾਂ ਬਬਰਾਂ ਦਾ ਪਤਾ ਕੀਤਾ ਜਾਵੇ ਅਤੇ ਸੰਤਰੀ ਭੇਜੇ ਜਾਣ ਜਿਹੜੇ ਚੌਥੇ ਬਬਰ ਦੀ ਖੋਜ ਕਰਨ। ਸੋ ਮੈਂ ਰਸਾਲੇ ਦੇ ਦੋ ਜਵਾਨ ਚੋਅ ਦੇ ਪਾਰ ਭੇਜੇ ਕਿ ਉਹ ਜਾ ਕੇ ਚੌਥੇ ਬਬਰ ਦੀ ਤਲਾਸ਼ ਕਰਨ ਕਿ ਉਹ ਬੂਝਿਆਂ ਵਿਚ ਕਿਥੇ ਲੁਕਿਆ ਹੋਇਆ ਹੈ। ਜਿਸ ਵੇਲੇ ਦੋਨੋਂ ਜਵਾਨ ਉਹਦੀ ਤਲਾਸ਼ ਕਰਦੇ ਉਸ ਜਗਾਹ ਪਹੁੰਚੇ ਜਿਥੇ ਬੂਝੇ ਹਿੱਲ ਰਹੇ ਸਨ, ਤਾਂ ਜ਼ਖ਼ਮੀ

ਹੋ ਚੁਕਿਆ ਚੌਥਾ ਬਬਰ ਉਠਿਆ ਅਤੇ ਸਤਿ ਸ੍ਰੀ ਅਕਾਲ ਦੇ ਨਾਹਰੇ ਲਾਉਂਦਿਆਂ ਉਹਨੇ ਇਕ ਹੱਥ ਵਿਚ ਤਲਵਾਰ ਅਤੇ ਦੂਜੇ ਹੱਥ ਵਿਚ ਕਿਰਪਾਨ ਫੜ ਕੇ ਦੋਵਾਂ ਜਵਾਨਾਂ ਉੱਤੇ ਹਮਲਾ ਕਰ ਦਿੱਤਾ। ਇਕ ਸਿਪਾਹੀ ਤਿਲਕ ਕੇ ਬਲੇ ਡਿਗ ਪਿਆ, ਜੀਹਦੇ ਬਹੁਤ ਮਾਮੂਲੀ ਜ਼ਖ਼ਮ ਲਗਿਆ ਸੀ ਅਤੇ ਦੂਜੇ ਨੇ ਗੋਲੀ ਮਾਰ ਕੇ ਚੌਥੇ ਬਬਰ ਨੂੰ ਖ਼ਤਮ ਕਰ ਦਿੱਤਾ।

"ਜਿਹੜੇ ਬਬਰ ਨੇ ਮੇਰੇ ਉਤੇ ਗੋਲੀ ਚਲਾਈ ਸੀ ਅਤੇ ਮੇਰੀ ਗੋਲੀ ਖਾ ਕੇ ਪਾਣੀ ਵਿਚ ਡਿਗ ਪਿਆ ਸੀ, ਉਹ ਕਰਮ ਸਿੰਘ ਸੀ ਜੀਹਦੀ ਫੋਟੋ ਪੀ ਏ 181 ਮੈਂ ਸ਼ਨਾਖ਼ਤ ਕਰਦਾ ਹਾਂ। ਜਿਸ ਆਦਮੀ ਨੇ ਮੇਰੇ ਜੁਆਨ ਉੱਤੇ ਤਲਵਾਰ ਦਾ ਵਾਰ ਕੀਤਾ ਸੀ, ਉਹ ਬਿਸ਼ਨ ਸਿੰਘ ਸੀ ਜੀਹਦੀ ਫੋਟੋ ਪੀ ਏ 184 ਹੈ। ਜਿਹੜੇ ਦੋ ਬਬਰ ਪਹਿਲਾਂ ਹੀ ਪਾਣੀ ਵਿਚ ਡਿੱਗ ਚੁਕੇ ਸਨ, ਉਹਨਾਂ ਦੀਆਂ ਲੋਥਾਂ ਵੀ ਪਾਣੀ ਵਿਚੋਂ ਕਢਾ ਕੇ ਅਸੀਂ ਬਮੇਲੀ ਪਿੰਡ ਵਿਚ ਲੈ ਗਏ ਸੀ। ਚਾਰੇ ਲੋਥਾਂ ਰਿਆਸਤ ਕਪੂਰਥਲਾ ਦੇ ਅਧਿਕਾਰੀਆਂ ਦੇ ਹਵਾਲੇ ਕਰ ਦਿਤੀਆਂ ਗਈਆਂ ਸਨ। ਪੀ ਏ 182 ਅਤੇ 183 ਫੋਟੋ ਉਦੇ ਸਿੰਘ ਅਤੇ ਮਹਿੰਦਰ ਸਿੰਘ ਬਬਰਾਂ ਦੀਆਂ ਹਨ, ਜਿਨ੍ਹਾਂ ਦੀ ਮੈਂ ਸਨਾਖ਼ਤ ਕਰਦਾ ਹਾਂ।"

ਹੁਣ ਮੈਂ ਨਾਲ ਲਗਦਿਆਂ ਰਿਆਸਤ ਕਪੂਰਥਲੇ ਦੇ ਉਸ ਵੇਲੇ ਦੇ ਮਾਲਕ, ਦੀਵਾਨ ਦੁਰਗਾਦਾਸ ਦਾ ਬਿਆਨ ਵੀ ਦਰਜ ਕਰ ਰਿਹਾ ਹਾਂ। ਪੇਪਰ-ਬੁੱਕ ਦੇ ਸਫ਼ਾ 641 ਉੱਤੇ 21 ਅਕਤੂਬਰ 1924 ਨੂੰ ਸਰਕਾਰੀ ਗਵਾਹ ਨੰ: 333, ਰਾਏ ਬਹਾਦੁਰ ਦੀਵਾਨ ਦੁਰਗਾਦਾਸ, ਇੰਸਪੈਕਟਰ ਜਨਰਲ ਪੁਲੀਸ ਕਪੂਰਥਲਾ ਕਹਿੰਦਾ ਹੈ: "ਮੈਂ ਰਿਆਸਤ ਕਪੂਰਥਲੇ ਦਾ ਇੰਸਪੈਕਟਰ ਜਨਰਲ ਪੁਲੀਸ ਤੋਂ ਇਲਾਵਾ ਮੈਜਿਸਟਰੇਟ ਵੀ ਹਾਂ। ਰਾਣੀਥੂਹਾ, ਜੀਹਨੂੰ ਰਾਣੀਪੁਰ ਵੀ ਕਿਹਾ ਜਾਂਦਾ ਹੈ, ਰਿਆਸਤ ਕਪੂਰਥਲੇ ਦੇ ਥਾਣਾ ਫਗਵਾੜਾ ਦਾ ਇਕ ਪਿੰਡ ਹੈ। ਮੈਂ ਬਿਸ਼ਨ ਸਿੰਘ ਜ਼ੈਲਦਾਰ ਦਾ ਗੂਹੜਾ ਵਾਕਫ਼ ਸੀ। ਉਹਨੇ ਲੜਾਈ ਵੇਲੇ ਭਰਤੀ ਕਰਾਉਣ ਵਿਚ ਬੜੀ ਮਦਦ ਕੀਤੀ ਸੀ। ਜਦੋਂ ਪਹਿਲਾਂ-ਪਹਿਲਾਂ ਅਕਾਲੀ ਤਹਿਰੀਕ ਸ਼ੁਰੂ ਹੋਈ, ਉਹਨੇ ਸਰਕਾਰ ਨੂੰ ਬਹੁਤ ਹੀ ਮਹੱਤਵਪੂਰਨ ਖ਼ਬਰਾਂ ਦਿਤੀਆਂ ਸਨ ਅਤੇ ਅਕਾਲੀਆਂ ਦਾ, ਜਿਹੜੇ ਲੋਕਾਂ ਵਿਚ ਦਹਿਸ਼ਤ ਫੈਲਾ ਰਹੇ ਸਨ, ਜ਼ੈਲਦਾਰ ਨੇ ਡਟ ਕੇ ਵਿਰੋਧ ਕੀਤਾ ਸੀ। ਇਹਦੇ ਨਤੀਜੇ ਵਜੋਂ ਬਿਸ਼ਨ ਸਿੰਘ ਨੂੰ ਆਪਣੀ ਜਾਨ ਦਾ ਖ਼ਤਰਾ ਪੈਦਾ ਹੋ ਗਿਆ ਸੀ। ਅਕਸਰ ਉਹ ਕਿਹਾ ਕਰਦਾ ਸੀ ਕਿ ਕਿਸੇ ਨਾ ਕਿਸੇ ਦਿਨ ਅਕਾਲੀ ਉਹਨੂੰ ਜ਼ਰੂਰ ਕਤਲ ਕਰਕੇ ਹੀ ਦਮ ਲੈਣਗੇ। ਦੋ-ਤਿੰਨ ਵਾਰ ਉਹਦੇ ਉੱਤੇ ਹਮਲੇ ਹੋਏ ਵੀ ਸਨ, ਪਰ ਉਹ ਬਚ ਗਿਆ ਸੀ। ਫਰਵਰੀ 1922 ਵਿਚ ਮੈਂ ਫਗਵਾੜੇ ਐਗਜੈਕਟਿਵ ਅਫਸਰ ਲੱਗ ਕੇ ਬਾਹਰਵਾਰ ਇਕ ਕੋਠੀ ਵਿਚ ਰਹਿਣ ਲੱਗ ਪਿਆ ਸੀ ਤਾਂ ਬਿਸ਼ਨ ਸਿੰਘ ਨੇ ਮੈਨੂੰ ਦਸਿਆ ਸੀ ਕਿ ਸਾਨੂੰ ਦੋਹਾਂ ਨੂੰ ਅਕਾਲੀ ਕਤਲ ਕਰਨ ਦੀ ਕੋਸ਼ਿਸ਼ ਵਿਚ ਹਨ ਅਤੇ ਅਸੀਂ ਹਿਫ਼ਾਜ਼ਤ ਦਾ ਇੰਤਜ਼ਾਮ ਕਰ ਲਿਆ ਸੀ। ਫੇਰ ਵੀ ਬਿਸ਼ਨ ਸਿੰਘ ਨੂੰ ਅਕਾਲੀ ਕਤਲ ਕਰਨ ਵਿਚ ਕਾਮਯਾਬ ਹੋ ਹੀ ਗਏ ਸਨ।"

ਚੌਹਾਂ ਸ਼ਹੀਦਾਂ ਦੀਆਂ ਲੋਥਾਂ ਅਤੇ ਜਿਹੜਾ ਸਾਮਾਨ ਉਹਨਾਂ ਕੋਲੋਂ ਬਰਾਮਦ ਹੋਇਆ ਸੀ, ਬਾਕੀ ਕਾਨੂੰਨੀ ਕਾਰਵਾਈ ਲਈ ਦੀਵਾਨ ਸਾਹਿਬ ਦੇ ਹਵਾਲੇ ਕਰ ਦਿੱਤੇ ਗਏ ਸਨ। ਜੋ ਸਾਮਾਨ ਮਿਲਿਆ ਸੀ, ਉਹਦੀ ਪੂਰੀ ਤਫ਼ਸੀਲ ਦੀਵਾਨ ਸਾਹਿਬ ਦੇ ਬਿਆਨ ਮੁਤਾਬਿਕ ਜੱਜਮੈਂਟ ਦੇ ਸਫ਼ਾ 111 ਉੱਤੇ ਇਸ ਪ੍ਰਕਾਰ ਹੈ: ਪੀ 133—

ਖ਼ਾਲੀ ਕਾਰਤੂਸ ਅਤੇ ਇਕ ਕਾਪੀ-ਪਿਨਸਲ ਤੇ ਖੋਲ; ਪੀ 135—ਭਰੇ ਹੋਏ ਕਾਰਤੂਸ; ਪੀ 136—ਇਕ ਹੋਰ ਕਾਪੀ-ਪਿਨਸਲ ; ਪੀ 47—ਇਕ ਦੁਨਾਲੀ ਸ਼ੌਟ ਗੱਨ ; ਪੀ 66—ਇਕ ਫ਼ੌਜੀ ਝੋਲਾ, ਜਿਸ ਵਿਚੋਂ ਇਹ ਚੀਜ਼ਾਂ ਮਿਲੀਆਂ : ਇਕ ਨੋਟ-ਬੁੱਕ ਪੀ ਏ 323 ਜੀਹਦਾ ਜ਼ਿਕਰ ਵਾਰ-ਵਾਰ ਆ ਚੁਕਿਆ ਹੈ। ਇਹ ਸੀ ਬਬਰਾਂ ਦੀ ਉਹ ਬਲੈਕ-ਲਿਸਟ ਵਾਲੀ ਡਾਇਰੀ ਜਿਸ ਵਿਚ ਨੰਬਰਵਾਰ ਝੋਲੀ-ਚੁੱਕਾਂ ਦੇ ਨਾਂ ਦਰਜ ਸਨ ਜਿਹੜੇ ਕਤਲ ਕਰਨੇ ਸਨ ਜਾਂ ਕੀਤੇ ਜਾ ਚੁੱਕੇ ਸਨ ਜਾਂ ਜ਼ਖ਼ਮੀ ਹੋ ਕੇ ਬਚ ਚੁੱਕੇ ਸਨ, ਸਣੇ ਤਾਰੀਖ਼ਾਂ ਤੇ ਜਿੰਨਾ ਇਨਾਮ ਜਾਂ ਮੁਰੱਬੇ ਜਾਂ ਤਰੱਕੀਆਂ ਬਖ਼ਸ਼ੀਆਂ ਗਈਆਂ ਸਨ। ਬਾਅਦ ਵਿਚ ਉਹਨਾਂ ਨੇ ਆਪਣੇ ਸਾਥੀਆਂ ਦੇ ਨਾਂ ਵੀ ਦਰਜ ਕਰ ਲਏ ਸਨ ਜਿਹੜੇ ਵਾਇਦਾ-ਮੁਆਫ਼ ਬਣ ਚੁੱਕੇ ਸਨ। ਸੰਤ ਕਰਤਾਰ ਸਿੰਘ, ਵਤਨ ਸਿੰਘ ਝਿਉਰ, ਬੇਲਾ ਸਿੰਘ, ਸਾਧੂ ਸਿੰਘ ਅਤੇ ਹੋਰਨਾਂ ਕਈਆਂ ਦੇ ਨਾਂ ਵੀ ਸਨ ; ਪੀ ਏ 338—ਇਕ ਨੋਟ-ਬੁੱਕ ਜੀਹਦੇ ਵਿਚ ਭੜਕੀਲੀਆਂ ਨਜ਼ਮਾਂ ਦਰਜ ਸਨ ; ਪੀ ਏ 334—ਵਾਇਦਾ-ਮੁਆਫ਼ਾਂ ਦੇ ਨਾਂ, ਕੁੱਲ ਸੌਲਾਂ ਅਤੇ ਬਾਕੀ ਗਵਾਹਾਂ ਦੇ ਨਾਂਵਾਂ ਦੀ ਲਿਸਟ ; ਪੀ ਏ 351—46 ਸਫ਼ਿਆਂ ਦਾ ਗੁਰਮੁਖੀ ਵਿਚ ਲਿਖਿਆ ਇਕ ਪੈਡ। ਸਾਰਾ ਭਰਿਆ ਹੋਇਆ। ਜੀਹਦੇ ਕੁਝ ਸਫ਼ੇ ਪਾਣੀ ਨਾਲ ਬਿਲਕੁਲ ਗਲ ਚੁੱਕੇ ਸਨ। ਫੇਰ ਵੀ 1 ਤੋਂ 29 ਸਫ਼ੇ ਤਕ 147 ਬੰਦਿਆਂ ਦੇ ਨਾਂ ਪੜ੍ਹੇ ਜਾ ਸਕਦੇ ਸਨ, ਜਿਹੜੇ ਬਬਰ ਅਕਾਲੀਆਂ ਨੇ ਕਤਲ ਕੀਤੇ ਸਨ ਜਾਂ ਹਾਲੇ ਕਰਨੇ ਸਨ। ਇਹੋ ਨਾਂ ਪੀ ਏ 323 ਵਿਚ ਵੀ ਦਰਜ ਸਨ। ਯਾਨੀ ਇਹ ਦੂਹਰੀ ਲਿਸਟ ਸੀ ; ਪੀ 59—ਇਕ ਭਰਿਆ ਹੋਇਆ ਪਸਤੌਲ ਜਿਹੜਾ ਕਪੜੇ ਵਿਚ ਲਪੇਟਿਆ ਪਿਆ ਸੀ। ਇਕ ਤਿੰਨ-ਫੁੱਟੀ ਕਿਰਪਾਨ ਅਤੇ ਕਈ ਹੋਰ ਚੀਜ਼ਾਂ।

ਹੁਣ ਪਾਠਕ ਸਮਝ ਹੀ ਗਏ ਹੋਣਗੇ ਕਿ ਝੋਲੇ ਵਿਚੋਂ ਕੋਈ ਬੰਬ ਨਹੀਂ ਸੀ ਮਿਲਿਆ, ਜਦੋਂ ਕਿ ਬਬਰ ਸਾਹਿਬ ਹਰ ਵੇਲੇ ਦੋ ਬੰਬ ਆਪਣੇ ਕੋਲ ਜ਼ਰੂਰ ਰਖਿਆ ਕਰਦੇ ਹਨ ਅਤੇ ਦੋ ਹੀ ਧੰਨਾ ਸਿੰਘ ਕੋਲ ਹੁੰਦੇ ਸਨ। ਵਾਇਦਾ-ਮੁਆਫ਼ਾਂ ਦੇ ਬਿਆਨਾਂ ਵਿਚ ਵੀ ਵਾਰ-ਵਾਰ ਇਹਨਾਂ ਦੋਹਾਂ ਕੋਲ ਦੋ-ਦੋ ਬੰਬ ਹਰ ਵੇਲੇ ਰਹਿੰਦੇ ਹੋਣ ਦਾ ਜ਼ਿਕਰ ਆ ਚੁਕਿਆ ਹੈ। ਇਹੋ ਗੱਲ ਦਲੀਪੇ ਅਤੇ ਕਰਤਾਰ ਸਿੰਘ ਡੁਮੇਲੀ ਨੇ ਸਾਨੂੰ ਮੁਕੱਦਮਾ ਚਲਦੇ ਦੌਰਾਨ ਦੱਸੀ ਸੀ ਕਿ ਬਮੇਲੀ ਪੁੱਜਣ ਵੇਲੇ ਬਬਰ ਕਰਮ ਸਿੰਘ ਕੋਲ ਦੋ ਬੰਬ ਸਨ, ਜਿਹੜੇ ਬੇਈਮਾਨ ਅਨੂਪ ਸਿੰਘ ਨੇ ਖਿਸਕਾ ਲਏ ਸਨ ਅਤੇ ਉਦੇ ਸਿੰਘ ਦੀ ਸ਼ੌਟ ਗੱਨ ਖ਼ਰਾਬ ਕਰਕੇ ਉਹ ਮੁੜ ਮਿਹਰ ਸਿੰਘ ਦੇ ਘਰ ਜਾ ਸੁੱਤਾ ਸੀ।

ਹੁਣ ਪੜ੍ਹੋ ਮਿਹਰ ਸਿੰਘ ਦਾ ਬਿਆਨ ਜੀਹਦੇ ਘਰ ਅਨੂਪ ਸਿੰਘ ਜਾ ਸੁੱਤਾ ਸੀ। ਪੇਪਰ-ਬੁੱਕ ਦੇ ਸਫ਼ਾ 710 ਉੱਤੇ ਪਹਿਲੀ ਨਵੰਬਰ 1924 ਨੂੰ ਸਰਕਾਰੀ ਗਵਾਹ ਨੰ: 384, ਮਿਹਰ ਸਿੰਘ ਵਲਦ ਬਿਸ਼ਨ ਸਿੰਘ, ਉਮਰ 26 ਸਾਲ, ਜ਼ਾਤ ਜੱਟ, ਪਿੰਡ ਬਮੇਲੀ, ਰਿਆਸਤ ਕਪੂਰਥਲਾ ਦਸਦਾ ਹੈ ਕਿ ਇਕ ਦਿਨ ਉਹ ਸ਼ਿਵ ਸਿੰਘ ਦੇ ਘਰ ਗਿਆ ਤਾਂ ਉਥੇ ਪੰਜ ਬਬਰ ਪ੍ਰਸ਼ਾਦੇ ਛਕ ਰਹੇ ਸਨ। ਉਹ ਸਨ ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ ਝੁੱਗੀਆਂ, ਬਿਸ਼ਨ ਸਿੰਘ ਮਾਂਗਟਾਂ, ਮਹਿੰਦਰ ਸਿੰਘ ਪਿੰਡੋਰੀ ਗੰਗਾ ਸਿੰਘ ਅਤੇ ਅਨੂਪ ਸਿੰਘ ਵਾਇਦਾ-ਮੁਆਫ਼ ਨੰ: 17, ਜਿਹੜਾ ਐਸ ਵੇਲੇ ਅਦਾਲਤ ਵਿਚ ਹਾਜ਼ਰ ਹੈ। ਗਵਾਹ ਨੇ ਚੌਹਾਂ ਦੀਆਂ ਫ਼ੋਟੋਆਂ ਦੀ ਵੀ ਸ਼ਨਾਖ਼ਤ ਕਰ ਲਈ।

"ਕੋਈ 15 ਕੁ ਦਿਨਾਂ ਬਾਅਦ, ਜਿਸ ਦਿਨ ਚਾਰ ਬਬਰ ਮਾਰੇ ਗਏ ਸਨ, ਮੇਰੇ

ਪਿੰਡ ਬਮੋਲੀ ਸਵੇਰੇ ਹੀ ਅਨੂਪ ਸਿੰਘ ਵਾਇਦਾ-ਮੁਆਫ਼ ਮੇਰੇ ਕੋਲ ਆਇਆ ਅਤੇ ਚਾਹ ਮੰਗੀ ਜਿਹੜੀ ਉਹਨੂੰ ਪਿਆ ਦਿੱਤੀ ਗਈ। ਬਾਅਦ ਵਿਚ ਡਮੋਲੀ ਵਾਲਾ ਕਰਤਾਰ ਸਿੰਘ ਸਾਡੇ ਘਰ ਆਇਆ ਅਤੇ ਅਨੂਪ ਸਿੰਘ ਨੂੰ ਕਿਹਾ ਕਿ ਉਹਨੂੰ ਬਬਰ ਕਰਮ ਸਿੰਘ ਅਤੇ ਉਹਦੇ ਸਾਥੀ ਸਿਵ ਸਿੰਘ ਦੇ ਘਰ ਬੁਲਾ ਰਹੇ ਹਨ। ਅਨੂਪ ਸਿੰਘ ਨੇ ਕਿਹਾ, ਉਹ ਥੋੜ੍ਹੀ ਦੇਰ ਬਾਅਦ ਆ ਜਾਵੇਗਾ। ਕੁਝ ਚਿਰ ਪਿਛੋਂ ਸ਼ਿਵ ਸਿੰਘ ਵੀ ਕੋਠਿਆਂ ਦੀਆਂ ਛੱਤਾਂ ਉੱਤੋਂ ਹੁੰਦਾ ਹੋਇਆ ਸਾਡੇ ਘਰ ਆਇਆ ਅਤੇ ਅਨੂਪ ਸਿੰਘ ਨੂੰ ਦੁਬਾਰਾ ਬਬਰ ਕਰਮ ਸਿੰਘ ਦਾ ਸੁਨੇਹਾ ਦਿੱਤਾ ਕਿ ਉਹ ਉਹਨੂੰ ਜਲਦੀ ਉਹਦੇ ਘਰ ਬੁਲਾ ਰਹੇ ਹਨ। ਉਸ ਵੇਲੇ ਰਸਾਲੇ ਅਤੇ ਪੁਲਸ ਨੇ ਪਿੰਡ ਨੂੰ ਪੂਰੀ ਤਰ੍ਹਾਂ ਘੇਰਾ ਪਾ ਲਿਆ ਸੀ। ਅਨੂਪ ਸਿੰਘ ਜਾ ਕੇ ਗਰਿਫ਼ਤਾਰ ਹੋ ਗਿਆ ਅਤੇ ਚਾਰੇ ਬਬਰ ਮੁਕਾਬਲਾ ਕਰਦੇ ਹੋਏ ਮਾਰੇ ਗਏ।"

ਮੈਂ ਥੋੜ੍ਹਾ ਜਿਹਾ ਹਵਾਲਾ ਅਨੂਪ ਸਿੰਘ ਦੇ ਬਿਆਨ ਦਾ ਦੇਣਾ ਠੀਕ ਸਮਝਦਾ ਹਾਂ, ਜਿਹੜਾ ਗਰਿਫ਼ਤਾਰੀ ਤੋਂ ਬਾਅਦ ਉਹਨੇ ਪੁਲਸ ਇੰਸਪੈਕਟਰ ਸੀ ਆਈ ਡੀ, ਬੂਟਾ ਰਾਮ ਸਾਹਮਣੇ ਦਿੱਤਾ ਸੀ। ਉਹ ਮੀਰ ਸਾਹਿਬ ਦੀ ਗੈਰ-ਹਾਜਰੀ ਵਿਚ ਦੂਜੇ ਸਪਲੀਮੈਂਟਰੀ ਕੇਸ ਦਾ ਇੰਚਾਰਜ ਸੀ ਅਤੇ ਮੀਰ ਸਾਹਿਬ ਸਾਡੇ ਪਹਿਲੇ ਕੇਸ ਦੀ ਦਿਨ-ਰਾਤ ਪੈਰਵੀ ਵਿਚ ਜੁਟੇ ਹੋਏ ਲਾਹੌਰ ਸੈਂਟਰਲ ਜਿਹਲ ਵਿਚ ਮੌਜੂਦ ਸਨ। ਪੇਪਰ-ਬੁੱਕ ਦੇ ਸਫ਼ਾ 166 ਉੱਤੇ ਅਨੂਪ ਸਿੰਘ ਦਸਦਾ ਹੈ ਕਿ "ਮੈਂ ਨਿਰੰਜਣ ਸਿੰਘ ਨੂੰ ਤਾਕੀਦ ਕੀਤੀ ਕਿ ਉਹ ਫੌਰਨ ਕੇਵਲ ਸਿੰਘ ਨੂੰ ਮੇਰੇ ਬਾਪ ਪਾਸ ਮਾਣਕੋ ਭੇਜ ਦੇਵੇ ਅਤੇ ਉਹਨੂੰ ਦੱਸ ਦੇਵੇ ਕਿ ਮੈਂ ਤੇ ਮੇਰੇ ਸਾਥੀ ਅਗਲਾ ਸਾਰਾ ਦਿਨ ਬਮੋਲੀ ਠਹਿਰਾਂਗੇ ਅਤੇ ਉਹ ਰਸਾਲੇ ਤੇ ਪੁਲਸ ਨੂੰ ਇਤਲਾਹ ਦੇ ਆਵੇ। ਮੈਂ ਬੂਟਾ ਰਾਮ ਇੰਸਪੈਕਟਰ ਦੇ ਕਹਿਣ ਉੱਤੇ ਉਹਦੇ ਸਾਹਮਣੇ ਬਿਆਨ ਦੇਣ ਲਈ ਫਟਾਫਟ ਤਿਆਰ ਹੋ ਗਿਆ ਸੀ।"

ਪਾਠਕ ਸਾਰਾ ਹਾਲ ਪੜ੍ਹਨ ਤੋਂ ਬਾਅਦ ਸਮਝ ਹੀ ਗਏ ਹੋਣਗੇ ਕਿ ਅਨੂਪ ਸਿੰਘ ਚਾਹੁੰਦਾ ਤਾਂ ਸੀ ਕਿ ਇਹਦਾ ਸਿਹਰਾ ਉਹਦੇ ਪਿਉ ਨੂੰ ਮਿਲੇ, ਨਕਦ ਇਨਾਮ ਅਤੇ ਮੁਰੱਬੇ ਉਹਦੇ ਪਿਉ ਨੂੰ ਮਿਲਣ। ਸੁਨੇਹਾ ਵੀ ਉਹ ਆਪਣੇ ਪਿਉ ਨੂੰ ਘੱਲ ਕੇ ਸੰਤੁਸਟ ਹੋ ਚੁੱਕਿਆ ਸੀ। ਪਰ ਬੋਘ ਸਿੰਘ ਏਨਾਂ ਨਿਆਣਾ ਨਹੀਂ ਸੀ ਅਤੇ ਨਾ ਹੀ ਕਾਲਜ ਵਿਚ ਪੜ੍ਹਦੇ ਦੋਨੋਂ ਮਿੱਤਰ ਨਿਰੰਜਣ ਸਿੰਘ ਅਤੇ ਕੇਵਲ ਸਿੰਘ ਏਨੇਂ ਬੇਵਕੂਫ ਸਨ, ਜਿਹੜੇ ਪਰੋਸਿਆ ਹੋਇਆ ਥਾਲ ਅਨੂਪ ਸਿੰਘ ਦੇ ਪਿਉ ਅੱਗੇ ਲਿਜਾ ਰਖਦੇ। ਸੋ ਬੋਘ ਸਿੰਘ ਦੋਹਾਂ ਪਿਉ-ਪੁੱਤਾਂ ਦੇ ਢੂਹੇ ਉੱਤੇ ਲੱਤ ਮਾਰ ਕੇ ਨਕਦ ਇਨਾਮ ਅਤੇ ਮੁਰੱਬੇ ਲੈ ਕੇ ਇਕ ਪਾਸੇ ਹੋਇਆ। ਅਨੂਪ ਸਿੰਘ ਅਤੇ ਉਹਦਾ ਪਿਉ ਪੂਰੇ ਉੱਲੂ ਬਣ ਕੇ ਬੱਸ ਝਾਕਦੇ ਹੀ ਰਹਿ ਗਏ। ਅਨੂਪ ਸਿੰਘ ਅਖ਼ੀਰ ਕੀਤੇ ਹੋਏ ਪਾਪ ਦਾ ਫਲ ਭੋਗਦਾ ਹੋਇਆ ਕੁੱਤੇ ਦੀ ਮੌਤ ਮਰਿਆ ਸੀ।

# 52. ਪਿੰਡ ਮੱਨਣ ਹਾਨੇ ਵਿਚ ਬਹਿਬਲਪੁਰੀਏ ਧੰਨਾ ਸਿੰਘ ਦੀ ਗਰਿਫ਼ਤਾਰੀ ਸਮੇਂ ਬੰਬ-ਧਮਾਕਾ

25 ਅਕਤੂਬਰ 1923 ਦੀ ਇਹ ਘਟਨਾ ਜੱਜਮੈਂਟ ਦੇ ਸਫ਼ਾ 112 ਉੱਤੇ ਦਰਜ ਹੈ।

ਮੈਂ ਪਹਿਲਾਂ ਪੂਰੇ ਵਿਸਥਾਰ ਨਾਲ ਦੱਸ ਚੁਕਿਆ ਹਾਂ ਕਿ ਬਹਿਬਲਪੁਰੀਏ ਸਰਬਰਾਹ ਲੰਬੜਦਾਰ ਹਜ਼ਾਰਾ ਸਿੰਘ ਨੇ ਮੁਖ਼ਬਰੀ ਕਰਕੇ ਧੰਨਾ ਸਿੰਘ ਦੇ ਦਫ਼ਾ 107 ਅਧੀਨ ਵਾਰੰਟ ਕਢਵਾਏ ਸਨ ਅਤੇ ਧੰਨਾ ਸਿੰਘ ਬੂੜੋਬਾੜੀਆਂ ਵਾਲੇ ਕਰਤਾਰ ਸਿੰਘ ਨੂੰ ਨਾਲ ਲੈ ਜਿਆਣੀਏ ਭਰਾਵਾਂ ਬੇਲਾ ਸਿੰਘ ਅਤੇ ਜਵਾਲਾ ਸਿੰਘ ਕੋਲ ਵਾਰੰਟ ਵਾਪਸ ਕਰਾਉਣ ਗਿਆ ਸੀ। ਕਰਤਾਰ ਸਿੰਘ ਅਤੇ ਜਿਆਣੀਏ ਭਰਾ ਭੂਆ-ਮਾਮਿਉਂ ਭਰਾ ਸਨ। ਬੇਲਾ ਸਿੰਘ ਕੈਨੇਡਾ ਵਿਚ ਗ਼ਦਰ ਪਾਰਟੀ ਨਾਲ ਗੱਦਾਰੀ ਕਰਕੇ ਵਾਪਸ ਆ ਚੁਕਿਆ ਸੀ ਅਤੇ ਸਰਕਾਰ ਪਾਸੋਂ ਚੱਕ 96, ਮੀਆਂ ਚੰਨੂ, ਜ਼ਿਲਾ ਮੁਲਤਾਨ ਲਾਗੇ ਪੰਜ-ਛੇ ਮੁਰੱਬੇ ਲੈ ਚੁੱਕਿਆ ਸੀ। ਉਹ ਹੁਣ ਇਧਰ ਅੰਗਰੇਜ਼ ਅਫ਼ਸਰਾਂ ਦਾ ਹੱਥ-ਠੋਕਾ ਬਣ ਕੇ ਬਬਰਾਂ ਨੂੰ ਫਸਾਉਣ ਲਈ ਜਾਲ ਵਿਛਾ ਚੁਕਿਆ ਸੀ ਅਤੇ ਉਹਨੇ ਆਪਣੇ ਛੋਟੇ ਭਰਾ ਜੁਆਲਾ ਸਿੰਘ ਨੂੰ ਬਬਰਾਂ ਪਿਛੇ ਲਾ ਦਿੱਤਾ ਸੀ। ਇਸੇ ਕਰਤਾਰ ਸਿੰਘ ਦੀ ਮਦਦ ਨਾਲ ਇਹ ਬਹਿਬਲਪੁਰੀਏ ਧੰਨਾ ਸਿੰਘ ਨਾਲ ਪੱਕੀ ਯਾਰੀ ਗੰਢ ਚੁਕਿਆ ਸੀ।

ਕਰਤਾਰ ਸਿੰਘ ਦੇ ਸਹੁਰੇ ਮੱਨਣ ਹਾਨੇ ਸਨ ਅਤੇ ਕਰਮ ਸਿੰਘ ਉਹਦਾ ਸਾਲਾ ਸੀ। ਜਾਂ ਸਮਝ ਲਉ ਧੰਨਾ ਸਿੰਘ ਆਪ ਹੀ ਕਰਤਾਰ ਸਿੰਘ ਬੂੜੋਬਾੜੀਆਂ ਸਦਕਾ ਜਵਾਲਾ ਸਿੰਘ ਦੇ ਕਾਬੂ ਆ ਚੁਕਿਆ ਸੀ। ਪਾਠਕ ਹੁਣੇ ਪੜ੍ਹ ਕੇ ਆਏ ਹਨ ਕਿ ਧੰਨਾ ਸਿੰਘ ਅਨੂਪ ਸਿੰਘ ਮਾਣਕੋਂ ਦੀ ਨੀਅਤ ਤਾੜ ਗਿਆ ਸੀ ਅਤੇ ਬਬਰ ਕਰਮ ਸਿੰਘ ਨਾਲ ਝਗੜ ਕੇ ਵੱਖਰਾ ਹੋ ਗਿਆ ਸੀ, ਪਰ ਆਪ ਜਿਸ ਤਰ੍ਹਾਂ ਉਹ ਜਿਆਣੀਏ ਭਰਾਵਾਂ ਦੇ ਸ਼ਿਕੰਜੇ ਵਿਚ ਫਸਿਆ, ਪਾਠਕ ਪੜ੍ਹ ਕੇ ਦੰਗ ਹੋਏ ਬਿਨਾਂ ਨਹੀਂ ਰਹਿ ਸਕਣਗੇ। ਇਹੋ ਕਰਤਾਰ ਸਿੰਘ ਬੂੜੋਬਾੜੀਆਂ ਪਹਿਲਾਂ ਬਾਬੂ ਸੰਤਾ ਸਿੰਘ ਅਤੇ ਧੰਨਾ ਸਿੰਘ ਨਾਲ ਰਾਣੀਥੂਹੇ ਵਾਲੇ ਜ਼ੈਲਦਾਰ ਬਿਸ਼ਨ ਸਿੰਘ ਨੂੰ ਕਤਲ ਕਰਨ ਵੀ ਜਾ ਚੁੱਕਿਆ ਸੀ।

ਮੈਂ ਹੁਣ ਜਿਆਣੀਏ ਜੁਆਲਾ ਸਿੰਘ ਦਾ ਅਦਾਲਤ ਵਿਚ ਦਿੱਤਾ ਬਿਆਨ ਦਰਜ ਕਰ ਰਿਹਾ ਹਾਂ ਕਿ ਕਿਵੇਂ ਇਸ ਸ਼ਾਤਰ ਨੇ ਘੋਰ ਵਿਸਾਹਘਾਤ ਕੀਤਾ ਸੀ। ਪੇਪਰ-ਬੁੱਕ ਦੇ ਸਫ਼ਾ 702 ਉਤੇ 31 ਅਕਤੂਬਰ 1924 ਨੂੰ ਸਰਕਾਰੀ ਗਵਾਹ ਨੰ: 381, ਜਵਾਲਾ ਸਿੰਘ ਵਲਦ ਸੁੰਦਰ ਸਿੰਘ, ਉਮਰ 36 ਸਾਲ, ਜ਼ਾਤ ਜੱਟ, ਪਿੰਡ ਜਿਆਣ, ਜ਼ਿਲਾ ਹੁਸ਼ਿਆਰ-ਪੁਰ ਕਹਿੰਦਾ ਹੈ ਕਿ "ਮੈਂ ਧੰਨਾ ਸਿੰਘ ਬਹਿਬਲਪੁਰ ਨੂੰ ਜਾਣਦਾ ਹਾਂ, ਜੋ ਮੰਨਣ ਹਾਨੇ ਬੰਬ ਧਮਾਕੇ ਨਾਲ ਮਰ ਗਿਆ ਸੀ। ਉਹ ਬਾਗ਼ੀ ਹੋ ਕੇ ਭਗੌੜਾ ਹੋ ਚੁਕਿਆ ਸੀ। ਕੋਈ 18 ਮਹੀਨੇ ਹੋਏ ਸਨ, ਜਦੋਂ ਧੰਨਾ ਸਿੰਘ ਬੂੜੋਬਾੜੀਆਂ ਵਾਲੇ ਕਰਤਾਰ ਸਿੰਘ ਨੂੰ ਨਾਲ ਲੈ ਕੇ ਮੈਨੂੰ ਮਿਲਿਆ ਸੀ ਅਤੇ ਮੈਨੂੰ ਦਸਿਆ ਸੀ ਕਿ ਓਹਦੇ ਖ਼ਿਲਾਫ਼ ਦਫ਼ਾ 107 ਅਧੀਨ ਮੁਕੱਦਮਾ ਦਰਜ ਹੋ ਚੁਕਿਆ ਹੈ ਅਤੇ ਉਹਦੇ ਗਰਿਫ਼ਤਾਰੀ ਦੇ ਵਾਰੰਟ ਜਾਰੀ ਹੋ ਚੁੱਕੇ ਹਨ, ਜਿਹੜੇ ਉਹ ਸਾਡੀ ਮਾਰਫ਼ਤ ਵਾਪਸ ਕਰਾਉਣੇ ਚਾਹੁੰਦਾ ਸੀ। ਕੋਈ 7-8 ਮਹੀਨੇ ਹੋਏ, ਧੰਨਾ ਸਿੰਘ ਇਕ ਗਭਰੂਟ ਨਾਲ, ਜੀਹਦੇ ਨਾਂ ਦਾ ਬਾਅਦ ਵਿਚ ਪਤਾ ਲਗਿਆ ਕਿ ਉਹ ਧਾਮੀਆਂ ਦਾ ਦਲੀਪਾ ਸੀ, ਰਾਤ ਵੇਲੇ ਮੇਰੇ ਕੋਲ ਆਇਆ, ਤਾਂ ਮੈਂ ਧੰਨਾ ਸਿੰਘ ਤੋਂ ਪੁਛਿਆ ਕਿ ਉਸ ਗੱਲ ਦਾ ਕੀ ਬਣਿਆ, ਜਿਹੜੀ ਦਾ ਆਪਾਂ ਪਹਿਲਾਂ ਫ਼ੈਸਲਾ ਕਰ ਚੁਕੇ ਸੀ ਅਤੇ ਬਾਅਦ ਵਿਚ ਤੂੰ ਕੋਈ ਪਤਾ ਹੀ ਨਹੀਂ ਦਿੱਤਾ।"

ਇਹ ਸੀ ਉਹ ਚੋਗਾ ਜਿਹੜਾ ਉਸ ਵੇਲੇ ਦੋਹਾਂ ਭਰਾਵਾਂ ਨੇ ਬੜੀ ਹੁਸ਼ਿਆਰੀ ਨਾਲ ਧੰਨਾ ਸਿੰਘ ਮੂਹਰੇ ਸੁਟਿਆ ਸੀ ਕਿ ਜੇ ਧੰਨਾ ਸਿੰਘ ਕਿਸੇ ਉਘੇ ਭਗੌੜੇ, ਖ਼ਾਸ ਤੌਰ ਉੱਤੇ ਭਾਈ ਕਿਸ਼ਨ ਸਿੰਘ ਨੂੰ ਗਰਿਫ਼ਤਾਰ ਕਰਵਾ ਦੇਵੇ, ਤਾਂ 107 ਦਾ ਵਾਰੰਟ ਵਾਪਸ ਕਰਵਾ ਦਿੱਤਾ ਜਾਵੇਗਾ। ਇਥੇ ਜਵਾਲਾ ਸਿੰਘ ਦਾ ਇਸ਼ਾਰਾ ਇਸੇ ਗੱਲ ਵੱਲ ਸੀ। ਧੰਨਾ ਸਿੰਘ ਨੇ ਜਵਾਲਾ ਸਿੰਘ ਨੂੰ ਉੱਤਰ ਦਿੱਤਾ ਕਿ ਉਹਨੇ ਆਪਣੇ ਸਾਥੀਆਂ ਨਾਲ ਸਲਾਹ ਕੀਤੀ ਸੀ ਤਾਂ ਉਹਨਾਂ ਨੇ ਮਨਾਹ ਕਰਦਿਆਂ ਆਖਿਆ ਸੀ ਕਿ ਪੁਲਸ ਦੀ ਗੱਲ ਉੱਤੇ ਇਤਬਾਰ ਕਰਨਾ ਬੇਵਕੂਫ਼ੀ ਹੋਵੇਗੀ, ਉਲਟਾ ਤੈਨੂੰ ਗਰਿਫ਼ਤਾਰ ਕਰ ਲਿਆ ਜਾਵੇਗਾ। ਸੋ ਇਸੇ ਕਰਕੇ ਮੈਂ ਬਬਰ ਅਕਾਲੀ ਜਥੇ ਨਾਲ ਜਾ ਰਲਿਆ ਹਾਂ ਅਤੇ ਅੱਜ-ਕਲ੍ਹ ਉਹਨਾਂ ਨਾਲ ਰਲ ਕੇ ਸਰਗਰਮ ਹਿੱਸਾ ਲੈ ਰਿਹਾ ਹਾਂ। ਆਹ ਨੌਜਵਾਨ ਦਲੀਪਾ ਵੀ ਇਕ ਬਹਾਦਰ ਆਦਮੀ ਹੈ ਅਤੇ ਬਬਰਾਂ ਨਾਲ ਰਲ ਕੇ ਕਈਆਂ ਕਤਲਾਂ ਵਿਚ ਹਿੱਸਾ ਲੈ ਚੁੱਕਿਆ ਹੈ।

"ਮੈਂ ਧੰਨਾ ਸਿੰਘ ਨੂੰ ਕਿਹਾ ਕਿ ਉਹ ਬਬਰ ਕਰਮ ਸਿੰਘ ਦੌਲਤਪੁਰ ਅਤੇ ਬਾਕੀ ਬਬਰ ਜਥੇ ਨੂੰ ਨਾਲ ਲੈ ਕੇ ਸਾਡੇ ਘਰ ਆਵੇ, ਕਿਉਂਕਿ ਅਸੀਂ ਜਥੇ ਦੀ ਟਹਿਲ-ਸੇਵਾ ਕਰਨੀ ਚਾਹੁੰਦੇ ਹਾਂ। ਦਰਅਸਲ ਮੈਂ ਬਬਰ ਜਥੇ ਨੂੰ ਗਰਿਫ਼ਤਾਰ ਕਰਾਉਣਾ ਚਾਹੁੰਦਾ ਸੀ, ਕਿਉਂਕਿ ਉਸ ਵੇਲੇ ਸਰਕਾਰ ਨੇ ਉਹਨਾਂ ਬੰਦਿਆਂ ਨੂੰ ਇਨਾਮ ਦੇਣ ਦਾ ਐਲਾਨ ਕੀਤਾ ਹੋਇਆ ਸੀ ਜਿਹੜੇ ਧੰਨਾ ਸਿੰਘ, ਕਰਮ ਸਿੰਘ ਅਤੇ ਬਾਕੀ ਬਬਰਾਂ ਨੂੰ ਗਰਿਫ਼ਤਾਰ ਕਰਾਉਣਗੇ। ਧੰਨਾ ਸਿੰਘ ਨੇ ਮੈਨੂੰ ਯਕੀਨ ਦੁਆਇਆ ਕਿ ਉਹ ਕਿਸੇ ਦਿਨ ਆਪਣੇ ਸਾਥੀਆਂ ਨੂੰ ਨਾਲ ਲਿਆਵੇਗਾ। ਨਾਲ ਲਗਦਿਆਂ ਮੈਂ ਧੰਨਾ ਸਿੰਘ ਤੋਂ ਪਤਾ ਕੀਤਾ ਕਿ ਜੇ ਕਦੇ ਮੈਂ ਆਪ ਉਹਨੂੰ ਮਿਲਣਾ ਚਾਹਾਂ ਤਾਂ ਕਿਥੇ ਮਿਲਿਆ ਜਾ ਸਕਦਾ ਹੈ। ਧੰਨਾ ਸਿੰਘ ਨੇ ਦਸਿਆ ਕਿ ਜੇ ਕਿਤੇ ਮੈਨੂੰ ਮਿਲਣ ਦੀ ਲੋੜ ਪਵੇ ਤਾਂ ਮੇਰਾ ਪਤਾ ਮਾਣਕਾਂ ਵਾਲੇ ਅਕਾਲੀ ਜਥੇਦਾਰ ਦਲੀਪ ਸਿੰਘ ਤੋਂ ਮਿਲ ਸਕਦਾ ਹੈ। ਮਾਣਕਾਂ ਪਿੰਡ ਰਿਆਸਤ ਕਪੂਰਥਲੇ ਵਿਚ ਹੈ। ਇਹ ਦਲੀਪ ਸਿੰਘ ਐਸ ਵੇਲੇ ਅਦਾਲਤ

ਵਿਚ ਮੁਲਜ਼ਮ ਨੰ: 72 ਹੈ । ਫੇਰ ਧੰਨਾ ਸਿੰਘ ਦਲੀਪੇ ਨਾਲ ਉਥੋਂ ਚਲਿਆ ਗਿਆ ।

"ਸਵੇਰੇ ਮੈਂ ਧੰਨਾ ਸਿੰਘ ਅਤੇ ਦਲੀਪੇ ਦੀ ਮੁਲਾਕਾਤ ਦਾ ਜ਼ਿਕਰ ਆਪਣੇ ਭਰਾ ਬੇਲਾ ਸਿੰਘ ਨਾਲ ਕੀਤਾ ਤਾਂ ਉਸੇ ਵੇਲੇ ਅਸੀਂ ਦੋਵੇਂ ਭਰਾ ਮਾਹਲਪੁਰ ਥਾਣੇ ਨੂੰ ਚਲੇ ਗਏ ਅਤੇ ਥਾਣੇਦਾਰ ਗੁਲਜ਼ਾਰਾ ਸਿੰਘ, ਜਿਹੜਾ ਮਰ ਚੁਕਿਆ ਹੈ, ਨਾਲ ਸਾਰੀ ਗੱਲ ਦਾ ਜ਼ਿਕਰ ਕੀਤਾ ।" ਥਾਣੇਦਾਰ ਗੁਲਜ਼ਾਰਾ ਸਿੰਘ ਦੀ ਡਿਊਟੀ ਉਸ ਵੇਲੇ ਮਾਹਲਪੁਰ ਥਾਣੇ ਵਿਚ ਬਬਰ ਅਕਾਲੀਆਂ ਨੂੰ ਗਰਿਫ਼ਤਾਰ ਕਰਨ ਲਈ ਹੀ ਖਾਸ ਤੌਰ ਉੱਤੇ ਲੱਗੀ ਹੋਈ ਸੀ । ਦੋਹਾਂ ਭਰਾਵਾਂ ਦੀ ਗੰਢ-ਤੁੱਪ ਵੀ ਇਸੇ ਗੁਲਜ਼ਾਰਾ ਸਿੰਘ ਨਾਲ ਹੋ ਚੁੱਕੀ ਸੀ । ਉਹ ਅਗੋ ਹੁਸਿਆਰਪੁਰ ਪੁਲਸ ਕਪਤਾਨ ਨਾਲ ਜਾ ਗੱਲਬਾਤ ਕਰਦਾ ਸੀ । ਸੋ ਗੁਲਜ਼ਾਰਾ ਸਿੰਘ ਦੋਹਾਂ ਨੂੰ ਨਾਲ ਲੈ ਕੇ ਉਸੇ ਵੇਲੇ ਪੁਲਸ ਕਪਤਾਨ ਨੂੰ ਹੁਸ਼ਿਆਰਪੁਰ ਜਾ ਮਿਲਿਆ ਅਤੇ ਸਲਾਹ-ਮਸ਼ਵਰੇ ਮਗਰੋਂ ਤੈਅ ਹੋ ਗਿਆ ਕਿ ਧੰਨਾ ਸਿੰਘ ਅਤੇ ਦਲੀਪੇ ਨੂੰ ਵਖਰਿਆਂ-ਵਖਰਿਆਂ ਗਰਿਫ਼ਤਾਰ ਕੀਤਾ ਜਾਵੇ । ਫ਼ੈਸਲਾ ਕਰਕੇ ਦੋਵੇਂ ਭਰਾ ਪਿੰਡ ਨੂੰ ਮੁੜ ਆਏ ।

ਜਵਾਲਾ ਸਿੰਘ ਨੇ ਬਿਆਨ ਵਿਚ ਜਿਹੜੀ ਗ਼ਲਤ-ਬਿਆਨੀ ਕੀਤੀ ਹੈ, ਉਹ ਮੈਂ ਅਖ਼ੀਰ ਵਿਚ ਦੱਸ ਦਿਆਂਗਾ ।

ਉਸ ਵੇਲੇ ਧੰਨਾ ਸਿੰਘ ਕੋਲ ਦੋ ਬੰਬ, ਇਕ ਪਸਤੌਲ ਅਤੇ ਇਕ ਬੰਦੂਕ ਵੀ ਸੀ, ਜੀਹਦਾ ਪਤਾ ਜਵਾਲਾ ਸਿੰਘ ਨੇ ਗੱਲਾਂ-ਗੱਲਾਂ ਵਿਚ ਬੜੀ ਹੁਸ਼ਿਆਰੀ ਨਾਲ ਕਰ ਲਿਆ ਸੀ ।

ਜਵਾਲਾ ਸਿੰਘ ਦਸਦਾ ਹੈ ਕਿ ਜਿਸ ਵੇਲੇ ਦਲੀਪਾ ਅਤੇ ਧੰਨਾ ਸਿੰਘ ਰਾਤ ਨੂੰ ਉਹਦੇ ਕੋਲ ਆਏ ਸਨ ਤਾਂ ਗੱਲਾਂ-ਬਾਤਾਂ ਤੋਂ ਬਾਅਦ ਉਹਨੇ ਦੋਹਾਂ ਨੂੰ ਰਾਤ ਨੂੰ ਆਪਣੇ ਕੋਲ ਠਹਿਰਾਉਣ ਦੀ ਪੂਰੀ ਵਾਹ ਲਾਈ ਸੀ, ਪਰ ਉਹ ਰੋਟੀ ਖਾਣ ਪਿਛੋਂ ਇਹ ਕਹਿ ਕੇ ਚਲੇ ਗਏ ਸਨ ਕਿ ਅੱਜ ਉਹਨਾਂ ਦਾ ਪ੍ਰੋਗਰਾਮ ਬਾਕੀ ਜਥੇ ਨਾਲ ਮਿਲਣ ਦਾ ਬਣ ਚੁਕਿਆ ਹੈ । ਇਹ ਉਹੋ 30-31 ਅਗਸਤ 1923 ਦੀ ਰਾਤ ਸੀ ਜਿਸ ਵੇਲੇ ਇਹ ਦੋਨੋਂ ਰਾਤ ਵੇਲੇ ਡੁਮੇਲੀ ਰਾਮਗੜ੍ਹੀਆਂ ਦੀ ਕੋਠੀ ਵਿਚ ਸੁਰਜਨ ਸਿੰਘ ਕੋਲ ਬਾਕੀ ਜਥੇ ਨਾਲ ਜਾ ਰਲੇ ਸਨ, ਜੀਹਦਾ ਹਾਲ ਪਾਠਕ ਪੜ੍ਹ ਹੀ ਹਟੇ ਹਨ ਕਿ ਕਿਵੇਂ ਸਾਰਾ ਜਥਾ ਬੋਘ ਸਿੰਘ ਦੇ ਵਿਛਾਏ ਜਾਲ ਵਿਚ ਅਨੂਪ ਸਿੰਘ ਦੀ ਸਹਾਇਤਾ ਨਾਲ ਜਾ ਫਸਿਆ ਅਤੇ ਧੰਨਾ ਸਿੰਘ ਫਸਦਾ-ਫਸਦਾ ਦਲੀਪੇ ਨਾਲ ਬਚ ਨਿਕਲਿਆ । ਪਰ ਉਹ ਹੁਣ ਜਿਆਣੀਏ ਭਰਾਵਾਂ ਦੇ ਫੈਲਾਏ ਜਾਲ ਵਿਚ ਫਸਦਾ ਚਲਿਆ ਗਿਆ ।

ਜਿਆਣੀਆਂ ਦਾ ਖ਼ਿਆਲ ਸੀ ਕਿ ਉਹ ਧੰਨਾ ਸਿੰਘ ਦੀ ਮਾਰਫ਼ਤ ਬਾਕੀ ਜਥੇ ਨੂੰ ਆਪਣੇ ਜਾਲ ਵਿਚ ਫਸਾ ਲੈਣਗੇ ਅਤੇ ਧੰਨਾ ਸਿੰਘ ਤੋਂ ਵਾਇਦਾ ਵੀ ਲੈ ਲਿਆ ਕਿ ਉਹ ਸਾਰੇ ਜਥੇ ਨੂੰ ਨਾਲ ਲਿਆਵੇ ਤਾਂ ਜੋ ਬੱਕਰੇ ਝਟਕਾ ਕੇ ਵੱਡੀ ਰੋਟੀ ਕੀਤੀ ਜਾ ਸਕੇ । ਮਾਇਆ ਦੇ ਗੱਫੇ ਵੀ ਜਥੇ ਦੀ ਭੇਟ ਕਰਨ ਦਾ ਲਾਰਾ ਲਾਇਆ । ਸਰਕਾਰ ਵਲੋਂ ਇਸ਼ਤਿਹਾਰ ਛਪ ਚੁਕੇ ਸਨ ਕਿ ਹਜ਼ਾਰਾਂ ਦੇ ਨਕਦ ਇਨਾਮਾਂ ਤੋਂ ਇਲਾਵਾ ਛੇਆਂ ਮੁਰੱਬਿਆਂ ਤੱਕ ਵੱਖਰਾ ਇਨਾਮ ਵੀ ਮਿਲੇਗਾ । ਇਸੇ ਲਾਲਚ ਨੇ ਦੋਹਾਂ ਭਰਾਵਾਂ ਨੂੰ ਵਿਸਾਹਘਾਤ ਕਰਨ ਦੀ ਪ੍ਰੇਰਨਾ ਦਿੱਤੀ । ਪਰ ਇਹ ਇਨਾਮ ਪਹਿਲਾਂ ਹੀ ਬੋਘ ਸਿੰਘ ਲੈਣ ਵਿਚ ਕਾਮਯਾਬ ਹੋ ਗਿਆ । ਹੁਣ ਧੰਨਾ ਸਿੰਘ ਅਤੇ ਦਲੀਪਾ ਹੀ ਰਹਿ ਗਏ ਸਨ,

ਜਿਹੜੇ ਦੋਹਾਂ ਭਰਾਵਾਂ ਦੇ ਸ਼ਿਕੰਜੇ ਵਿਚ ਸਹਿਜੇ-ਸਹਿਜੇ ਫਸੀ ਜਾ ਰਹੇ ਸਨ। ਸਚਮੁੱਚ ਧੰਨਾ ਸਿੰਘ ਕਾਫ਼ੀ ਹੁਸ਼ਿਆਰ ਅਤੇ ਸਮਝਦਾਰ ਵਿਅਕਤੀ ਸੀ। ਸਾਡੇ ਪਿੰਡ ਕਈ ਵਾਰ ਆ ਚੁਕਿਆ ਸੀ। ਅਸੀਂ ਕਈ ਵਾਰ ਇਕੱਠੇ ਹੋ ਚੁੱਕੇ ਸੀ। ਬੇਸ਼ਕ ਅਸੀਂ ਨਿਆਣੇ ਸੀ, ਪਰ ਉਹਦਾ ਚਿਹਰਾ-ਮੋਹਰਾ ਅਤੇ ਚੁਸਤ ਸਰੀਰ ਹਾਲੇ ਵੀ ਚੰਗੀ ਤਰ੍ਹਾਂ ਸਾਡੀ ਯਾਦ ਵਿਚ ਕਾਇਮ ਹੈ। ਤੇ 23 ਮਾਰਚ 1923 ਦੇ ਸ਼ਾਮ ਚੁਰਾਸੀ ਵਾਲੇ ਭੱਠੇ ਦੀਆਂ ਚੁਪੇੜਾਂ ਵੀ ਯਾਦ ਹਨ, ਜਿਹੜੀਆਂ ਬਬਰ ਕਰਮ ਸਿੰਘ, ਧੰਨਾ ਸਿੰਘ ਅਤੇ ਬਾਬੂ ਸੰਤਾ ਸਿੰਘ ਨੇ ਸਾਡੇ ਨਿਆੜਿਆਂ ਦੇ ਜੜ ਕੇ ਪਿੰਡ ਨੂੰ ਦੁੜਾ ਦਿੱਤਾ ਸੀ। ਇਹ ਸੀ ਉਹ ਮਹਾਨ ਯੋਧਾ ਜੀਹਦੀ ਲਾਮਿਸਾਲ ਬਹਾਦਰੀ ਅਤੇ ਖਿੱਚੀ ਹੋਈ ਅਲੰਘ ਲਕੀਰ ਅੱਜ ਤਕ ਕਿਸੇ ਵੀ ਕਰਾਤੀਕਾਰੀ ਯੋਧੇ ਨੇ ਨਹੀਂ ਟੱਪੀ।

ਥਾਣੇਦਾਰ ਗੁਲਜ਼ਾਰਾ ਸਿੰਘ ਅਤੇ ਹੁਸ਼ਿਆਰਪੁਰੀਏ ਪੁਲਸ ਕਪਤਾਨ ਮਿਸਟਰ ਹਾਰਟਨ ਨਾਲ ਉਹਨਾਂ ਨੇ ਤੈਅ ਕਰ ਲਿਆ ਕਿ ਜਵਾਲਾ ਸਿੰਘ ਦਲੀਪੇ ਨੂੰ ਬਾਰ ਵਿਚ ਚੱਕ 96 ਵਿਚ ਲੈ ਜਾਵੇਗਾ ਅਤੇ ਪਨਾਹ ਦੇਣ ਦਾ ਬਹਾਨਾ ਬਣਾ ਕੇ ਆਪਣੇ ਕੋਲ ਰਖੇਗਾ ਤੇ ਉਥੋਂ ਇਤਲਾਹ ਭੇਜ ਦੇਵੇਗਾ ਕਿ ਕੰਮ ਬਣ ਚੁਕਿਆ ਹੈ। ਥਾਣੇਦਾਰ ਗੁਲਜ਼ਾਰਾ ਸਿੰਘ ਮੀਆਂ ਚੰਨੂ ਪੁੱਜ ਜਾਵੇਗਾ ਅਤੇ ਜਵਾਲਾ ਸਿੰਘ ਦਲੀਪੇ ਨੂੰ ਬੜੇ ਸੁਚੱਜੇ ਢੰਗ ਨਾਲ ਗਰਿਫ਼ਤਾਰ ਕਰਵਾ ਦੇਵੇਗਾ। ਤੇ ਕਿਸੇ ਕਿਸਮ ਦੀ ਉਘ-ਸੁੱਘ ਵੀ ਓਨਾਂ ਚਿਰ ਨਹੀਂ ਨਿਕਲਣ ਦਿੱਤੀ ਜਾਵੇਗੀ, ਜਿੰਨਾ ਚਿਰ ਇਸੇ ਤਰ੍ਹਾਂ ਧੰਨਾ ਸਿੰਘ ਨੂੰ ਲਿਜਾ ਕੇ ਕਾਬੂ ਨਹੀਂ ਕਰ ਲਿਆ ਜਾਂਦਾ।

ਜਵਾਲਾ ਸਿੰਘ ਬਿਆਨ ਜਾਰੀ ਰਖਦਾ ਹੋਇਆ ਪੇਪਰ-ਬੁੱਕ ਦੇ ਸਫ਼ਾ 703 ਉੱਤੇ ਦਸਦਾ ਹੈ, "ਇਕ ਮਹੀਨਾ ਮੈਂ ਧੰਨਾ ਸਿੰਘ ਦੀ ਉਡੀਕ ਕੀਤੀ। ਆਖਰ ਮੈਂ ਘੋੜੀ ਉੱਤੇ ਧੰਨਾ ਸਿੰਘ ਦੇ ਦੱਸੇ ਠਿਕਾਣੇ ਉੱਤੇ ਮਾਣਕੀਂ ਜਥੇਦਾਰ ਦਲੀਪ ਸਿੰਘ ਕੋਲ ਜਾ ਪੁਜਿਆ ਤਾਂ ਜੋ ਧੰਨਾ ਸਿੰਘ ਅਤੇ ਦਲੀਪੇ ਨੂੰ ਮਿਲ ਸਕਾਂ। ਮੇਰੇ ਜਾਂਦੇ ਨੂੰ ਦਲੀਪਾ ਬੁਖ਼ਾਰ ਨਾਲ ਦਲੀਪ ਸਿੰਘ ਕੋਲ ਪਿਆ ਸੀ ਅਤੇ ਧੰਨਾ ਸਿੰਘ ਵੀ ਉਥੇ ਹੀ ਸੀ।" ਜਵਾਲਾ ਸਿੰਘ ਨੇ ਧੰਨਾ ਸਿੰਘ ਨੂੰ ਦੱਸਿਆ ਕਿ ਉਹ ਬਲਦ ਅਤੇ ਗੱਡਾ ਲੈ ਕੇ ਮੁਲਤਾਨ ਵਿਚ ਆਪਣੇ ਭਰਾ ਦੇ ਮੁਰੱਬਿਆਂ ਵੱਲ ਚੱਕ 96 ਵਿਚ ਜਾ ਰਿਹਾ ਹੈ ਅਤੇ ਦੋਹਾਂ ਭਰਾਵਾਂ ਨੇ ਸਲਾਹ ਕੀਤੀ ਹੈ ਕਿ ਮੁਰੱਬਿਆਂ ਦੀ ਪੈਲੀ ਆਪ ਸੰਭਾਲ ਲਈ ਜਾਵੇ ਤੇ ਕਾਮੇ ਰੱਖ ਕੇ ਖੇਤੀ-ਬਾੜੀ ਆਪ ਸ਼ੁਰੂ ਕਰ ਲਈ ਜਾਵੇ। ਸੋ ਉਹ ਦਲੀਪੇ ਨੂੰ ਨਾਲ ਲਿਜਾਣ ਲਈ ਆਇਆ ਹੈ ਤਾਂ ਜੋ ਨਿਵੇਕਲੀ ਜਗਾਹ ਉੱਤੇ ਉਹ ਬੇਫ਼ਿਕਰੀ ਨਾਲ ਰਹਿ ਸਕੇ। ਉਧਰ ਕਿਸੇ ਨੂੰ ਪਤਾ ਨਹੀਂ ਲਗਣ ਲਗਿਆ ਕਿ ਇਹ ਕੌਣ ਹੈ। ਖੇਤੀ ਕਰਨ ਦਾ ਬਹਾਨਾ ਅਸੀਂ ਇਸੇ ਕਰਕੇ ਬਣਾਇਆ ਹੈ ਕਿ ਅਸੀਂ ਬਬਰ ਜਥੇ ਦੀ ਸੇਵਾ ਕਰ ਸਕੀਏ ਅਤੇ ਜਿਹੜਾ ਕਲੰਕ ਮੇਰਾ ਭਰਾ ਕੈਨੇਡਾ ਵਿਚ ਖੱਟ ਚੁੱਕਿਆ ਹੈ, ਦੇਸਭਗਤਾਂ ਦੀ ਸੇਵਾ ਕਰਕੇ ਥੋੜ੍ਹਾ-ਬਹੁਤ ਘਟਾਇਆ ਜਾ ਸਕੇ। ਸੋ ਇਹੋ ਪ੍ਰਣ ਧਾਰ ਕੇ ਮੈਂ ਤੁਹਾਡੀ ਸੇਵਾ ਵਿਚ ਆਇਆ ਹਾਂ। ਜਿਸ ਵੇਲੇ ਦਲੀਪੇ ਦੀ ਰਿਹਾਇਸ਼ ਦਾ ਪੱਕਾ ਬੰਦੋਬਸਤ ਹੋ ਗਿਆ ਤਾਂ ਮੈਂ ਬੰਦਾ ਭੇਜ ਕੇ ਤੈਨੂੰ ਵੀ ਉਥੇ ਹੀ ਸੱਦ ਘਲਾਂਗਾ। ਤੂੰ ਵੀ ਮੇਰੇ ਕੋਲ ਆ ਜਾਈਂ।" ਨਾ ਮਾਲਕ ਜਾਗੇ ਅਤੇ ਨਾ ਕੁੱਤਾ ਭੌਂਕੇ ਵਾਲੀ ਗੱਲ ਹੀ ਸਮਝੋ। ਇਸ ਸ਼ਾਤਰ ਨੇ ਬੜੀ ਹੁਸ਼ਿਆਰੀ ਨਾਲ ਸਕੀਮ ਪੇਸ਼ ਕਰ ਦਿੱਤੀ।

ਜਥੇਦਾਰ ਦਲੀਪ ਸਿੰਘ ਸਾਰੀ ਗੱਲ ਚੁਪ-ਚੁਪੀਤਾ ਸੁਣਦਾ ਰਿਹਾ ਅਤੇ ਜਵਾਲਾ

ਸਿੰਘ ਦੀ ਗੱਲ ਖ਼ਤਮ ਹੋਣ ਤੋਂ ਬਾਅਦ ਧੰਨਾ ਸਿੰਘ ਨੂੰ ਖ਼ਬਰਦਾਰ ਕਰਦਿਆਂ ਉਹਨੇ ਕਿਹਾ ਕਿ ਉਹ ਇਹਦੇ ਭਰਾ ਬੇਲਾ ਸਿੰਘ ਦੀ ਕਰਤੂਤ ਤੋਂ ਚੰਗੀ ਤਰ੍ਹਾਂ ਜਾਣੂ ਹੈ, ਜੀਹਦੇ ਹੱਥ ਦੇਸ-ਭਗਤਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ। "ਹੁਣ ਇਹ ਤੁਹਾਡੇ ਖ਼ੂਨ ਨਾਲ ਹੱਥ ਰੰਗਣ ਦੀਆਂ ਵਿਉਂਤਾਂ ਬਣਾ ਰਹੇ ਹਨ। ਮੈਂ ਆਪ ਕੈਨੇਡਾ ਵਿਚ ਬੇਲਾ ਸਿੰਘ ਦੀਆਂ ਕਰਤੂਤਾਂ ਦੇਖ ਕੇ ਮੁੜਿਆ ਹਾਂ। ਜ਼ਹਿਰੀਲੇ ਨਾਗ ਕਿਸੇ ਦੇ ਮਿੱਤ ਨਹੀਂ ਹੁੰਦੇ। ਖ਼ਬਰਦਾਰ ਜੇ ਤੁਸੀਂ ਇਹਨਾਂ ਦੁਸ਼ਟਾਂ ਉੱਤੇ ਇਤਬਾਰ ਕੀਤਾ। ਬੱਸ ਨਤੀਜਾ ਬਬਰ ਕਰਮ ਸਿੰਘ ਵਾਂਗੂ ਤੁਹਾਡਾ ਖ਼ਾਤਮਾ ਹੀ ਹੋਵੇਗਾ।" ਗੱਲ ਕੀ ਜਥੇਦਾਰ ਨੇ ਧੰਨਾ ਸਿੰਘ ਨੂੰ ਵਰਜਣ ਦੀ ਪੂਰੀ ਵਾਹ ਲਾਈ, ਪਰ ਹੋਣੀ ਕਿਥੇ ਟਲਣ ਵਾਲੀ ਸੀ। ਧੰਨਾ ਸਿੰਘ ਉੱਤੇ ਕੋਈ ਅਸਰ ਨਾ ਹੋਇਆ। ਉਲਟਾ ਧੰਨਾ ਸਿੰਘ ਨੇ ਦੱਸਿਆ ਕਿ "ਜਵਾਲਾ ਸਿੰਘ ਨੇ ਮੈਨੂੰ ਯਕੀਨ ਦੁਆਉਣ ਲਈ ਜਿਆਣ ਦੇ ਗੁਰਦੁਆਰੇ ਲਿਜਾ ਕੇ ਸੰਤ ਹਰੀ ਸਿੰਘ ਹੁਰਾਂ ਕੋਲੋਂ ਅਰਦਾਸਾ ਕਰਵਾਇਆ ਸੀ ਕਿ ਮੇਰਾ ਭਰਾ ਜਿਹੜਾ ਗੁਨਾਹ ਕੈਨੇਡਾ ਵਿਚ ਕਰ ਕੇ ਮੁੜਿਆ ਹੈ, ਉਹ ਪਾਪ ਬਖ਼ਸ਼ਾਉਣ ਲਈ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਬਚਨ ਦਿੰਦਾ ਹਾਂ ਕਿ ਮੈਂ ਅਤੇ ਮੇਰਾ ਭਰਾ ਬਬਰ ਅਕਾਲੀ ਜਥੇ ਦੀ ਤਨੋਂ-ਮਨੋਂ ਸੇਵਾ ਕਰਿਆ ਕਰਾਂਗੇ। ਉਹ ਸਵਾ ਪੰਜ ਦੀ ਦੇਗ ਵੀ ਚੜ੍ਹਾ ਚੁੱਕਿਆ ਹੈ। ਮੇਰੀ ਕਈ ਦਫ਼ਾ ਮਾਇਆ ਤੇ ਗੋਲੀਆਂ ਨਾਲ ਮਦਦ ਵੀ ਕਰ ਚੁੱਕਿਆ ਹੈ। ਜੇ ਕੋਈ ਕੀਤੇ ਗੁਨਾਹ ਉੱਤੇ ਪਸ਼ਚਾਤਾਪ ਕਰਕੇ ਸਿੱਧੇ ਰਾਹ ਆ ਪਵੇ ਅਤੇ ਗੁਰੂ ਮਹਾਰਾਜ ਦੀ ਹਾਜ਼ਰੀ ਵਿਚ ਸੱਚੇ ਦਿਲੋਂ ਕਸਮ ਖਾ ਚੁੱਕਿਆ ਹੋਵੇ ਤਾਂ ਉਹਦੇ ਉੱਤੇ ਇਤਬਾਰ ਨਾ ਕਰਨਾ ਵੀ ਗੁਨਾਹ ਸਮਝਿਆ ਜਾਣਾ ਚਾਹੀਦਾ ਹੈ। ਸੋ ਇਹਨਾਂ ਉੱਤੇ ਮੈਨੂੰ ਭਰੋਸਾ ਹੈ ਕਿ ਸਚਮੁੱਚ ਹੀ ਉਹ ਕੀਤੇ ਪਾਪ ਉੱਤੇ ਪਸ਼ਚਾਤਾਪ ਕਰ ਰਹੇ ਹਨ।" ਇਹ ਗੱਲਾਂ ਦਲੀਪੇ ਨੇ ਸਾਨੂੰ ਮੁਕੱਦਮਾ ਚਲਦੇ ਸਮੇਂ ਉਸ ਵੇਲੇ ਦੱਸੀਆਂ ਸਨ ਜਿਸ ਦਿਨ ਜਵਾਲਾ ਸਿੰਘ ਦੀ ਗਵਾਹੀ ਹੋਈ ਸੀ। ਸਚਮੁੱਚ ਹੀ ਜਵਾਲਾ ਸਿੰਘ ਨੇ ਮਿਨ੍ਹਾ-ਮੀਸਣਾ ਬਣ ਕੇ ਅਜਿਹੇ ਨਾਟਕੀ ਢੰਗ ਨਾਲ ਦਲੀਪ ਸਿੰਘ ਨੂੰ ਵੀ ਭਰੋਸਾ ਦੁਆ ਦਿੱਤਾ ਸੀ ਕਿ ਉਹਨੂੰ ਵੀ ਚੁਪ ਕਰਨਾ ਪਿਆ ਸੀ। ਜਵਾਲਾ ਸਿੰਘ ਨੇ ਅੱਖਾਂ ਭਰ ਕੇ ਜ਼ਮੀਨ ਉੱਤੇ ਨੱਕ ਨਾਲ ਲਕੀਰਾ ਤੱਕ ਕੱਢ ਦਿੱਤੀਆਂ ਸਨ, ਜੀਹਦੀ ਤਾਈਦ ਜਥੇਦਾਰ ਦਲੀਪ ਸਿੰਘ ਨੇ ਕੀਤੀ ਸੀ।

ਸੋ ਫ਼ੈਸਲਾ ਹੋ ਗਿਆ ਕਿ ਜਵਾਲਾ ਸਿੰਘ ਦਲੀਪੇ ਨੂੰ ਆਪਣੇ ਪਿੱਛੇ ਘੋੜੀ ਉੱਤੇ ਬਿਠਾ ਕੇ ਜਿਆਣ ਲੈ ਜਾਵੇਗਾ ਅਤੇ ਉਥੋਂ ਦੋਵੇਂ ਇਕੱਠੇ ਚੱਕ 96 ਨੂੰ ਚਲੇ ਜਾਣਗੇ। ਬਾਅਦ ਵਿਚ ਧੰਨਾ ਸਿੰਘ ਵੀ ਉਧਰ ਹੀ ਚਲਿਆ ਜਾਵੇਗਾ। ਸੋ ਦਲੀਪਾ ਅਤੇ ਜਵਾਲਾ ਸਿੰਘ ਘੋੜੀ ਉਤੇ ਪਹਿਲਾਂ ਜਿਆਣ ਆ ਗਏ ਅਤੇ ਦਲੀਪੇ ਦਾ ਇਲਾਜ ਵੀ ਇਕ ਡਾਕਟਰ ਤੋਂ ਕਰਾ ਲਿਆ ਗਿਆ। ਬਾਅਦ ਵਿਚ ਮਿਥੇ ਹੋਏ ਪ੍ਰੋਗਰਾਮ ਮੁਤਾਬਿਕ ਜਵਾਲਾ ਸਿੰਘ ਗੱਡਾ ਲੈ ਕੇ ਚੱਲ ਪਿਆ ਅਤੇ ਦਲੀਪੇ ਨੂੰ ਉੱਤੇ ਬਿਠਾ ਲਿਆ। ਤਕਰੀਬਨ ਦੋ ਹਫ਼ਤਿਆਂ ਵਿਚ ਸਫ਼ਰ ਮੁਕਾਉਣ ਤੋਂ ਬਾਅਦ ਉਹ ਚੱਕ 96 ਜਾ ਪੁੱਜਿਆ, ਜੋ ਮੀਆਂ ਚੰਨੂ ਤੋਂ 3-4 ਮੀਲ ਦੀ ਵਿੱਥ ਉੱਤੇ ਚੜ੍ਹਦੇ ਪਾਸੇ ਸੀ।

ਜਵਾਲਾ ਸਿੰਘ ਬਿਆਨ ਜਾਰੀ ਰਖਦਾ ਦਸਦਾ ਹੈ ਕਿ ਪਿੰਡੋਂ ਤੁਰਨ ਵੇਲੇ ਉਹਦੇ ਭਰਾ ਨੇ ਕਿਹਾ ਸੀ ਕਿ ਬਾਅਦ ਵਿਚ ਉਹ ਪਤਾ ਕਰਨ ਲਈ ਆਪਣਾ ਬੰਦਾ ਘੱਲੇਗਾ ਕਿ ਦਲੀਪੇ ਨੂੰ ਗਰਿਫ਼ਤਾਰ ਕਰਵਾ ਦਿੱਤਾ ਜਾਵੇ। ਸੋ ਪੰਦਰਾਂ ਕੁ ਦਿਨਾਂ ਬਾਅਦ ਬੇਲਾ

ਸਿੰਘ ਨੇ ਬਸੰਤ ਸਿੰਘ ਨੂੰ ਜਵਾਲਾ ਸਿੰਘ ਪਾਸ ਘਲਿਆ ਕਿ ਹੁਣ ਦਲੀਪੇ ਨੂੰ ਗਰਿਫ਼ਤਾਰ ਕਰਾ ਦਿੱਤਾ ਜਾਵੇ। ਜਵਾਲਾ ਸਿੰਘ ਨੇ ਵਾਪਸੀ ਬਸੰਤ ਸਿੰਘ ਹੱਥ ਸੁਨੇਹਾ ਘੱਲ ਦਿੱਤਾ ਕਿ ਥਾਣੇਦਾਰ ਗੁਲਜ਼ਾਰਾ ਸਿੰਘ ਨੂੰ ਮੀਆਂ ਚੰਨੂ ਘੱਲ ਦਿੱਤਾ ਜਾਵੇ। ਉਹਦੇ ਪੁੱਜਣ ਉੱਤੇ ਉਹ ਦਲੀਪੇ ਨੂੰ ਮੀਆਂ ਚੰਨੂ ਲੈ ਆਵੇਗਾ ਅਤੇ ਗੁਲਜ਼ਾਰਾ ਸਿੰਘ ਗਰਿਫ਼ਤਾਰੀ ਆਪਣੇ ਨਾਂ ਪਾ ਲਵੇ। ਸੋ 5-6 ਦਿਨ ਬਾਅਦ ਹੌਲਦਾਰ ਹਮੀਰ ਸਿੰਘ ਚੱਕ 96 ਵਿਚ ਆ ਗਿਆ ਜੀਹਨੇ ਦਸਿਆ ਕਿ ਥਾਣੇਦਾਰ ਗੁਲਜ਼ਾਰਾ ਸਿੰਘ ਨੇ ਉਹਨੂੰ ਘੱਲਿਆ ਹੈ ਕਿ ਉਹ ਦਲੀਪੇ ਨੂੰ ਮੀਆਂ ਚੰਨੂ ਲੈ ਆਵੇ, ਜਿਥੇ ਉਹ ਪੁੱਜ ਚੁੱਕਿਆ ਹੈ। ਸੋ ਜਵਾਲਾ ਸਿੰਘ ਦਲੀਪੇ ਨੂੰ ਲੈ ਕੇ ਮੀਆਂ ਚੰਨੂ ਚਲਿਆ ਗਿਆ। ਜਿਸ ਵੇਲੇ ਜਵਾਲਾ ਸਿੰਘ ਅਤੇ ਦਲੀਪਾ ਰੇਲੂ ਝਿਉਰ ਦੇ ਢਾਬੇ ਉੱਤੇ ਬੈਠੇ ਖਾਣਾ ਖਾ ਰਹੇ ਸਨ ਤਾਂ ਥਾਣੇਦਾਰ ਗੁਲਜ਼ਾਰਾ ਸਿੰਘ ਨੇ ਦੋਹਾਂ ਨੂੰ ਗਰਿਫ਼ਤਾਰ ਕਰ ਲਿਆ। ਪੇਪਰ-ਬੁੱਕ ਦੇ ਸਫ਼ਾ 703 ਉੱਤੇ ਜਵਾਲਾ ਸਿੰਘ ਕਹਿੰਦਾ ਹੈ, "ਮੈਂ ਆਪਣੀ ਗਰਿਫ਼ਤਾਰੀ ਦੀ ਸਲਾਹ ਇਸ ਕਰਕੇ ਦਿੱਤੀ ਸੀ ਕਿ ਮੇਰੇ ਉੱਤੇ ਸ਼ੱਕ ਨਾ ਹੋ ਸਕੇ। ਸਾਨੂੰ ਦੋਵਾਂ ਨੂੰ ਮੁਲਤਾਨ ਲਿਜਾਇਆ ਗਿਆ ਅਤੇ ਦਲੀਪੇ ਨੂੰ ਹਵਾਲਾਤੇ ਬੰਦ ਕਰ ਦਿਤਾ ਗਿਆ ਤੇ ਮੈਨੂੰ ਛੱਡ ਦਿਤਾ ਗਿਆ। ਮੈਂ ਪਿੰਡ ਵਾਪਸ ਆ ਗਿਆ। ਉਸ ਵੇਲੇ ਕਿਸੇ ਨੂੰ ਵੀ ਦਲੀਪੇ ਦੀ ਗਰਿਫ਼ਤਾਰੀ ਦਾ ਇਲਮ ਨਹੀਂ ਸੀ। ਤੇ ਮੈਂ ਧੰਨਾ ਸਿੰਘ ਬਹਿਬਲਪੁਰੀਏ ਦੀ ਤਲਾਸ਼ ਸ਼ੁਰੂ ਕਰ ਦਿੱਤੀ।"

ਪਾਠਕ ਸਮਝ ਗਏ ਹੋਣਗੇ ਕਿ ਇਹਨਾਂ ਬੇਈਮਾਨਾਂ ਨੇ ਇਸ ਗੱਲ ਦਾ ਪੱਕਾ ਪ੍ਰਬੰਧ ਪੁਲਸ ਨਾਲ ਮਿਲ ਕੇ ਕਰ ਛਡਿਆ ਸੀ ਕਿ ਦਲੀਪੇ ਦੀ ਗਰਿਫ਼ਤਾਰੀ ਦੀ ਉਨਾਂ ਚਿਰ ਧੁਸਕ ਬਾਹਰ ਨਾ ਨਿਕਲਣ ਦਿੱਤੀ ਜਾਵੇ, ਜਿੰਨਾ ਚਿਰ ਇਸੇ ਤਰ੍ਹਾਂ ਧੰਨਾ ਸਿੰਘ ਨੂੰ ਵੀ ਕਾਬੂ ਨਾ ਕਰ ਲਿਆ ਜਾਵੇ।

ਮਜ਼ੇ ਦੀ ਇਕ ਗੱਲ ਹੋਰ ਦੇਖੋ। ਸਾਡਾ ਮੁਕੱਦਮਾ ਚਲਦੇ ਸਮੇਂ ਸਾਡੇ ਕੇਸ ਦਾ ਇੰਚਾਰਜ ਨਿੱਕੀ-ਨਿੱਕੀ ਘਟਨਾ ਦੀ ਗੱਲ ਸਾਡੇ ਕਟਹਿਰੇ ਕੋਲ ਆ ਕੇ ਬੜੇ ਨਾਟਕੀ ਢੰਗ ਨਾਲ ਭਾਈ ਕਿਸ਼ਨ ਸਿੰਘ ਹੁਰਾਂ ਨਾਲ ਕਰ ਲਿਆ ਕਰਦਾ ਸੀ। ਅਸੀਂ ਨੌਂ ਕੁ ਬਜੇ ਜਾਂ ਪਹਿਲਾਂ ਹੀ ਜਿਹਲੋਂ ਲਿਆ ਕੇ ਕਟਹਿਰੇ ਵਿਚ ਡੱਕ ਦਿਤੇ ਜਾਂਦੇ ਸੀ ਅਤੇ ਜੱਜ ਸਾਹਿਬ ਠੀਕ ਦਸੇ ਬਜੇ ਆਉਂਦੇ ਸਨ। ਉਨਾਂ ਚਿਰ ਨਿਤਨੇਮ ਵਾਂਗੂ ਮੀਰ ਸਾਹਿਬ ਕਟਹਿਰੇ ਕੋਲ ਖੜੋ ਕੇ ਭਾਈ ਕਿਸ਼ਨ ਸਿੰਘ ਅਤੇ ਕਰਮ ਸਿੰਘ ਨਾਲ ਮਖ਼ੌਲਬਾਜ਼ੀ ਵਿਚ ਲੱਗੇ ਰਹਿੰਦੇ ਸਨ। ਭਾਈ ਕਿਸ਼ਨ ਸਿੰਘ ਕਈ ਵਾਰ ਜੋਸ਼ ਵਿਚ ਆ ਕੇ ਇਹੋ ਜਿਹੀਆਂ ਗੱਲਾਂ ਕਰ ਦਿੰਦੇ ਸਨ ਜਿਨ੍ਹਾਂ ਦਾ ਕੋਈ ਨਾ ਕੋਈ ਅਰਥ ਇਹ ਸ਼ਾਤਰ ਅਨੁਪੜਾਂ ਵਰਗਾ ਅਫ਼ਸਰ ਆਪਣੇ ਕੇਸ ਦੀ ਮਜਬੂਤੀ ਲਈ ਕੱਢਣ ਦਾ ਮਾਹਿਰ ਸੀ, ਪਰ ਕਰਮ ਸਿੰਘ ਝਿੰਗੜ ਗੰਭੀਰ ਅਤੇ ਖਾਮੋਸ਼ ਤਬੀਅਤ ਦੇ ਸੁਗਲੀ ਵਿਅਕਤੀ ਸਨ। ਕਦੇ-ਕਦੇ ਉਹ ਵੀ ਅਜਿਹੀ ਚੁਟਕੀ ਲੈਂਦੇ ਕਿ ਸਾਨੂੰ ਸਾਰਿਆਂ ਨੂੰ ਹਸਾ ਛਡਿਆ ਕਰਦੇ ਸਨ। ਪਰ ਦਲੀਪੇ ਦੀ ਗਰਿਫ਼ਤਾਰੀ ਦੀ ਭਿਣਕ ਤੱਕ ਨਹੀਂ ਸੀ ਨਿਕਲਣ ਦਿੱਤੀ ਗਈ। ਦਲੀਪਾ ਆਖਰੀ ਦਮ ਤਕ ਇਸ ਨੀਚ ਜਵਾਲਾ ਸਿੰਘ ਨੂੰ ਬੇਗੁਨਾਹ ਹੀ ਸਮਝਦਾ ਰਿਹਾ, ਜਿੰਨਾ ਚਿਰ ਕਿ ਉਹ ਪਹਿਲੀ ਅਦਾਲਤ ਵਿਚ ਗਵਾਹੀ ਨਹੀਂ ਸੀ ਦੇ ਚੁੱਕਿਆ।

ਧੰਨਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਮੀਰ ਸਾਹਿਬ ਨੇ ਸਾਰੇ ਜਾਲ ਦੀ ਜਾਣਕਾਰੀ ਦੇ ਕੇ ਸਾਨੂੰ ਸਾਰਿਆਂ ਨੂੰ ਹੈਰਾਨ ਹੀ ਕਰ ਦਿੱਤਾ ਸੀ। ਫੇਰ ਝਿੰਗੜ ਸਾਹਿਬ ਨੇ ਕਿਹਾ ਸੀ, "ਮੀਰ ਸਾਹਿਬ ਕੋਈ ਗੱਲ ਨਹੀਂ। ਜਲਦੀ ਹੀ ਉਹ ਵੇਲਾ ਵੀ ਆਵੇਗਾ ਜਦੋਂ

ਤੁਹਾਡੀ ਮਾਈ-ਬਾਪ ਸਰਕਾਰ ਬੋਰੀਆ-ਬਿਸਤਰਾ ਗੋਲ ਕਰਕੇ ਟੁਰਦੀ ਬਣੇਗੀ । ਤੁਸੀਂ ਵੀ ਟੱਬਰ-ਟੀਹਰ ਲੈ ਕੇ ਨਾਲ ਜਾਣ ਦੀ ਤਿਆਰੀ ਹੁਣ ਤੋਂ ਹੀ ਕਰ ਛੱਡੋ । ਬੇਸ਼ੱਕ ਐਸ ਜਨਮ ਵਿਚ ਤੁਹਾਡੇ ਕਾਬੂ ਆ ਗਏ ਹਾਂ, ਅਗਲੀ ਵਾਰ ਕਾਬੂ ਨਹੀਂ ਆਉਣ ਲੱਗੇ । ਤੁਹਾਡੇ ਹੱਥ-ਕੰਡਿਆਂ ਤੋਂ ਕਾਫ਼ੀ ਸਬਕ ਹਾਸਲ ਕਰ ਲਿਆ ਹੈ ।" ਮੀਰ ਸਾਹਿਬ ਵੀ ਉਸੇ ਖੁੱਲ੍ਹ-ਦਿਲੀ ਨਾਲ ਉੱਤਰ ਦਿਆ ਕਰਦੇ ਸਨ, "ਝਿੰਗੜ ਸਾਹਿਬ, ਫ਼ਿਕਰ ਨਾ ਕਰੋ । ਉਹ ਸਮਾਂ ਅੱਵਲ ਤਾਂ ਕਦੀ ਆਉਣ ਨਹੀਂ ਲਗਿਆ, ਜੇ ਖ਼ੁਦਾ ਨਖ਼ਾਸਤਾ ਆ ਹੀ ਗਿਆ, ਤਾਂ ਜਿਸ ਤਰ੍ਹਾਂ ਈਮਾਨਦਾਰੀ ਨਾਲ ਇਸ ਸਰਕਾਰ ਦੀ ਸੇਵਾ ਕਰ ਰਹੇ ਹਾਂ, ਮੁੜ ਤੁਹਾਡੀ ਸਰਕਾਰ ਦੀ ਸ਼ੁਰੂ ਕਰ ਦਿਆਂਗੇ । ਅਸੀਂ ਤਾਂ ਸੇਵਾ ਹੀ ਕਰਨੀ ਹੈ । ਸਰਕਾਰ ਭਾਵੇਂ ਕੋਈ ਹੋਵੇ । ਜੀਹਦਾ ਨਮਕ ਖਾਵਾਂਗੇ, ਉਹਦੇ ਹੀ ਗੁਣ ਗਾਵਾਂਗੇ ।"

* * *

ਮਿੱਤਰੋ ਜਿਸ ਵੇਲੇ ਹੁਣ ਮੈਂ ਉਪਰ ਲਿਖੀਆਂ ਦੋਹਾਂ ਧਿਰਾਂ ਦੀਆਂ ਗੱਲਾਂ ਕਲਮਬੰਦ ਕਰ ਰਿਹਾ ਹਾਂ ਤਾਂ ਉਹਨਾਂ ਦੀ ਭਵਿਖਬਾਣੀ ਅੱਖਰ-ਅੱਖਰ ਸੱਚੀ ਸਿੱਧ ਹੋਣ ਵਿਚ ਰੱਤੀ ਫ਼ਰਕ ਨਹੀਂ ਜਾਪਦਾ । ਇਕ ਦਿਨ ਬੀ ਏ ਵਿਚ ਪੜ੍ਹਦਾ ਮੀਰ ਸਾਹਿਬ ਦਾ ਖ਼ੂਬਸੂਰਤ ਲੜਕਾ ਤਿੰਨ-ਚਾਰ ਹੋਰ ਜਮਾਤੀਆਂ ਨਾਲ ਸਾਨੂੰ ਦੇਖਣ ਲਈ ਕਚਹਿਰੀ ਵਿਚ ਆ ਗਿਆ । ਅਸੀਂ ਹਾਲੇ ਅਦਾਲਤ ਵਿਚ ਪੇਸ਼ ਹੋਣ ਲਈ ਪੁੱਜੇ ਵੀ ਨਹੀਂ ਸੀ । ਉਹ ਪਹਿਲਾਂ ਹੀ ਕਟਹਿਰੇ ਦੇ ਨਿਕੇ ਜਿਹੇ ਦਰਵਾਜ਼ੇ ਲਾਗੇ ਪੁੱਜ ਕੇ ਖੜੋਤੇ ਹੋਏ ਸਨ ।

ਜਿਸ ਵੇਲੇ ਉਹਨਾਂ ਨੇ ਆਪਣੇ ਤੋਂ ਵੀ ਛੋਟੇ ਸਾਨੂੰ ਪੰਜਾਂ-ਛੇਆਂ ਮੁੰਡਿਆਂ ਨੂੰ ਬੇੜੀਆਂ ਅਤੇ ਹੱਥਕੜੀਆਂ ਵਿਚ ਜਕੜਿਆਂ ਨੂੰ ਅੰਦਰ ਲੰਘਦੇ ਦੇਖਿਆ, ਤਾਂ ਉਹ ਬੜੇ ਪਰਭਾਵਿਤ ਹੋਏ । ਮੀਰ ਸਾਹਿਬ ਦੇ ਲੜਕੇ ਨੇ ਮੈਥੋਂ ਪੁਛਿਆ ਕਿ ਤੁਸੀਂ ਕੀ ਕਰਦੇ ਸੀ । ਤਾਂ ਮੈਂ ਕਿਹਾ ਕਿ ਮੈਂ ਹਾਲੇ ਦਸਵੀਂ ਵਿਚ ਹੋਇਆ ਸੀ । ਊਧਮ ਸਿੰਘ ਵੱਲ ਇਸ਼ਾਰਾ ਕਰਕੇ ਮੈਂ ਕਿਹਾ ਕਿ ਇਹ ਨੌਵੀਂ ਵਿਚ ਹੋਇਆ ਸੀ । ਮੀਰ ਸਾਹਿਬ ਦੇ ਲੜਕੇ, ਜੀਹਦਾ ਨਾਂ ਅਫਜ਼ਾਲ ਸੀ, ਨੇ ਕਿਹਾ ਕਿ ਅੱਬਾ ਤੁਹਾਨੂੰ ਇਹਨਾਂ ਨਿਆਣਿਆਂ ਨੂੰ ਫੜਦਿਆਂ ਸ਼ਰਮ ਮਹਿਸੂਸ ਨਹੀਂ ਹੋਈ ? ਸਾਰੇ ਹੱਸ ਪਏ, ਪਰ ਕਰਮ ਸਿੰਘ ਝਿੰਗੜ ਨੇ ਕਿਹਾ, "ਕਾਕਾ ਫ਼ਿਕਰ ਨਾ ਕਰ, ਅਗੇ ਜਾ ਕੇ ਤੂੰ ਵੀ ਆਪਣੇ ਅੱਬਾ ਵਾਂਗੂੰ ਇਹੋ ਕੁਝ ਕਰਨਾ ਹੈ । ਤੇਰਾ ਅੱਬਾ ਤਾਂ ਸਹਿਜੇ-ਸਹਿਜੇ ਇਸ ਰੁਤਬੇ ਉੱਤੇ ਪੁਜਿਆ ਹੈ ਅਤੇ ਤੂੰ ਪੈਂਦੀ ਸੱਟੇ ਹੀ ਪੜ੍ਹਿਆ-ਲਿਖਿਆ ਹੋਣ ਕਰਕੇ ਪੁਲਸ ਕਪਤਾਨ ਬਣ ਜਾਣਾ ਹੈ । ਅੱਬਾ ਅਨਪੜ੍ਹ ਢੱਗਾ ਹੁੰਦਾ ਹੋਇਆ ਵੀ ਪੜ੍ਹਿਆਂ-ਲਿਖਿਆਂ ਦੇ ਕੰਨ ਕੁਤਰਦਾ ਹੈ, ਤੇਰਾ ਪਤਾ ਨਹੀਂ, ਤੂੰ ਕੀ ਕਰ ਗੁਜ਼ਰੇਂਗਾ ।" ਅਸੀਂ ਫੇਰ ਖ਼ੂਬ ਹੱਸੇ । ਅਫਜ਼ਾਲ ਨੇ ਤੋਬਾ-ਤੋਬਾ ਕਰਦਿਆਂ ਦੋਨੋਂ ਕੰਨ ਫੜ ਕੇ ਕਿਹਾ, "ਮੈਂ ਇਹੋ ਜਿਹੀ ਕੁੱਤੀ ਨੌਕਰੀ ਕਰਨ ਨਾਲੋਂ ਭੀਖ ਮੰਗ ਕੇ ਗੁਜ਼ਾਰਾ ਕਰ ਲੈਣ ਨੂੰ ਸਵਾਬ ਸਮਝਾਂਗਾ ।" ਅਸੀਂ ਫੇਰ ਹੱਸ ਪਏ ਅਤੇ ਝਿੰਗੜ ਸਾਹਿਬ ਨੇ ਉਸੇ ਲਹਿਜੇ ਵਿਚ ਕਿਹਾ, "ਮੀਰ ਸਾਹਿਬ ਸੁਣ ਲਿਆ ! ਕਮਲ ਹਮੇਸ਼ਾ ਗੰਦੇ ਪਾਣੀਆਂ ਵਿਚ ਹੀ ਪੈਦਾ ਹੁੰਦੇ ਹਨ ।" ਮੀਰ ਸਾਹਿਬ ਨੇ ਵੀ ਉਸੇ ਲਹਿਜੇ ਵਿਚ ਕਿਹਾ, "ਝਿੰਗੜ ਸਾਹਿਬ, ਇਹ ਵੀ ਤੁਹਾਡੇ ਵਰਗਾ ਹੀ ਹੈ । ਸਾਡੀਆਂ ਗੱਲਾਂ ਸੁਣ-ਸੁਣ ਇਹ ਤੁਹਾਡੇ ਵਰਗਾ ਹੀ ਬਣਦਾ ਜਾਂਦਾ ਹੈ । ਅੱਜ

ਜ਼ਿਦ ਕਰਕੇ ਹੀ ਤੁਹਾਨੂੰ ਸਾਰਿਆਂ ਨੂੰ ਵੇਖਣ ਆਇਆ ਹੈ। ਕੀ ਕੀਤਾ ਜਾਵੇ, ਇਕਲੌਤੀ ਔਲਾਦ ਹੋਣ ਕਰਕੇ ਨਿਆਣੇ ਦੀ ਜ਼ਿੱਦ ਮੰਨਣੀ ਹੀ ਪੈਂਦੀ ਹੈ।"

ਅਫ਼ਜ਼ਾਲ ਨੂੰ ਸਾਡੇ ਨਾਲ ਏਨੀਂ ਦਿਲਚਸਪੀ ਪੈਦਾ ਹੋ ਗਈ ਕਿ ਉਹ ਕਈ ਵਾਰ ਕਚਹਿਰੀ ਆਉਣ ਲਗ ਪਿਆ ਅਤੇ ਬੜੇ ਗਹੁ ਨਾਲ ਕਾਰਵਾਈ ਸੁਨਣ ਲਗ ਪਿਆ ਸੀ। ਉਹ ਭਾਈ ਕਿਸ਼ਨ ਸਿੰਘ ਹੁਰਾਂ ਦੀਆਂ ਅਦਾਲਤ ਨਾਲ ਹੁੰਦੀਆਂ ਝਪਟਾਂ ਸੁਨਣ ਦਾ ਮਤਵਾਲਾ ਹੋ ਗਿਆ ਲਗਦਾ ਸੀ ਅਤੇ ਉਹਦੇ ਕਈ ਹੋਰ ਜਮਾਤੀ ਵੀ ਨਾਲ ਹੁੰਦੇ ਸਨ।

ਮਗਰੋਂ ਅਫ਼ਜ਼ਾਲ ਨੇ ਐਲ ਐਲ ਬੀ ਕਰ ਲਈ ਸੀ ਅਤੇ ਲਾਹੌਰ ਹੀ ਕੁਲੈਕਟਰ ਲੱਗ ਗਿਆ ਸੀ। ਜਦੋਂ ਮੈਂ ਹਾਈ ਕੋਰਟ ਵਿਚੋਂ ਬਰੀ ਹੋ 1928 ਵਿਚ ਵਕੀਲ ਦਾ ਮੁਣਸ਼ੀ ਲਗ ਗਿਆ ਸੀ ਤਾਂ ਇਕ ਕੇਸ ਦੀ ਪੈਰਵੀ ਲਈ ਜਿਸ ਵੇਲੇ ਸਾਡੀ ਪੇਸ਼ੀ ਹੋਈ ਤਾਂ ਉਹਨੇ ਮੈਨੂੰ ਪਛਾਣ ਕੇ ਵਕੀਲ ਸਾਹਿਬ ਤੋਂ ਪੁਛਿਆ, "ਕਿਤੇ ਤੁਹਾਡਾ ਮੁਣਸ਼ੀ ਬਬਰ ਅਕਾਲੀ ਕੇਸ ਵਾਲਾ ਮੁਲਜ਼ਮ ਤਾਂ ਨਹੀਂ ?" ਤਾਂ ਮੈਂ ਕਿਹਾ, "ਮੈਂ ਓਹੋ ਹੀ ਹਾਂ ਅਤੇ ਤੁਹਾਡੇ ਕਹੇ ਲਫ਼ਜ਼ ਵੀ ਉਸੇ ਤਰ੍ਹਾਂ ਯਾਦ ਹਨ ਕਿ ਮੈਂ ਪੁਲਸ ਦੀ ਕੁੱਤੀ ਨੌਕਰੀ ਤੋਂ ਤਾਂ ਭੀਖ ਮੰਗ ਕੇ ਗੁਜ਼ਾਰਾ ਕਰਨ ਨੂੰ ਸਵਾਬ ਸਮਝਾਂਗਾ।" ਅਫ਼ਜ਼ਾਲ ਸਾਹਿਬ ਵੀ ਹੱਸ ਪਏ ਅਤੇ ਇਕ ਦਿਨ ਵਕੀਲ ਸਾਹਿਬ ਨੂੰ ਕਹਿ ਕੇ ਮੈਨੂੰ ਘਰ ਲਿਜਾ ਖਾਣਾ ਵੀ ਖੁਆਇਆ।

ਸਾਡਾ ਮੁਲਜ਼ਮਾਂ ਦਾ ਇਕ ਸਾਥੀ ਸੀ ਹਰੀ ਸਿੰਘ ਖੰਡਾ, ਮੁਲਜ਼ਮ ਨੰ: 46, ਪਿੰਡ ਚੇਲਾਂ। ਇਹ ਸ਼ਾਇਰ ਸੀ ਅਤੇ "ਬਬਰ ਅਕਾਲੀ ਦੁਆਬਾ" ਪਰਚੇ ਵਿਚ ਬਹੁਤੀਆਂ ਨਜ਼ਮਾਂ ਇਹਦੀਆਂ ਹੀ ਛਪਿਆ ਕਰਦੀਆਂ ਸਨ। ਇਕ ਦਿਨ ਮੀਰ ਸਾਹਿਬ ਨੇ ਕਿਹਾ, "ਖੰਡਾ ਸਾਹਿਬ, ਕਦੀ ਸਾਨੂੰ ਵੀ ਕੋਈ ਨਜ਼ਮ ਸੁਣਾ ਛੱਡੋ।" ਤਾਂ ਖੰਡਾ ਸਾਹਿਬ ਨੇ ਕਿਹਾ, "ਪਹਿਲੀਆਂ ਨੇ ਹੀ ਬੇੜੀਆਂ ਅਤੇ ਹਥਕੜੀਆਂ ਵਿਚ ਜਕੜਵਾ ਛਡਿਆ ਹਾਂ, ਹੋਰ ਸੁਣਾ ਕੇ ਫ਼ਾਂਸੀ ਹੀ ਚੜ੍ਹਨਾ ਪਊ।" ਮੀਰ ਸਾਹਿਬ ਨੇ ਕਿਹਾ, "ਮੈਂ ਵਾਇਦਾ ਕਰਦਾ ਹਾਂ, ਤੈਨੂੰ ਬਰੀ ਕਰਾ ਦਿਆਂਗਾ।" ਇਹ ਸੀ ਵੀ ਠੀਕ। ਬੇਸ਼ੱਕ ਕਵਿਤਾਵਾਂ ਖੰਡਾ ਜੀ ਦੀਆਂ ਹੀ ਲਿਖੀਆਂ ਹੁੰਦੀਆਂ ਸਨ, ਪਰ ਪੁਲਸ ਕੋਲ ਕੋਈ ਸਬੂਤ ਨਹੀਂ ਸੀ। ਸੋ ਉਹਨੇ ਬਰੀ ਹੋ ਹੀ ਜਾਣਾ ਸੀ। ਖੰਡਾ ਜੀ ਨੇ ਕਿਹਾ, "ਮੀਰ ਸਾਹਿਬ, ਕੋਈ ਪਾਗਲ ਹੀ ਪੁਲਸ ਉੱਤੇ ਇਤਬਾਰ ਭਾਵੇਂ ਕਰ ਲਵੇ, ਮੈਂ ਨਹੀਂ ਕਰਨ ਲਗਿਆ।" ਮੀਰ ਸਾਹਿਬ ਨੇ ਉਸੇ ਵੇਲੇ ਪਹਿਲਾਂ ਉਹਦੀ ਹੱਥਕੜੀ ਖੁਲ੍ਹਵਾ ਦਿੱਤੀ ਤੇ ਫੇਰ ਜੰਗਲੇ ਵਿਚੋਂ ਕਢ ਕੇ ਬੇੜੀ ਵੀ ਲੁਹਾ ਦਿੱਤੀ ਅਤੇ ਕੁਰਾਨ ਦੀ ਸਹੁੰ ਖਾ ਕੇ ਕਿਹਾ, "ਜ਼ਰੂਰ ਬਰੀ ਕਰਾ ਦਿਆਂਗਾ। ਹੁਣ ਤਾਂ ਮੇਰਾ ਇਤਬਾਰ ਕਰ ਲੈ।" ਸੋ ਖੰਡਾ ਜੀ ਰਜ਼ਾਮੰਦ ਹੋ ਗਏ ਅਤੇ ਕਿਹਾ, "ਇਕ ਤਾਂ ਕਾਗਜ਼-ਕਲਮ ਦੇ ਦਿਉ ਅਤੇ ਦੂਜੇ ਅਫ਼ਜ਼ਾਲ ਸਾਹਿਬ ਨੂੰ ਵੀ ਲਿਆਉਣਾ। ਕਲ੍ਹ ਐਤਵਾਰ ਹੈ। ਪਰਸੋਂ ਕਵਿਤਾ ਸੁਣ ਲੈਣੀ।" ਸਚਮੁੱਚ ਹੀ ਖੰਡਾ ਸਾਹਿਬ ਨੇ ਅਗਲੇ ਦਿਨ ਦੋ ਨਜ਼ਮਾਂ ਤਿਆਰ ਕਰ ਲਈਆਂ। ਅਸੀਂ ਸੁਨਣ ਲਈ ਬਥੇਰਾ ਜ਼ੋਰ ਲਾਇਆ। ਉਹਨੇ ਕਿਹਾ ਕਿ ਕਚਹਿਰੀ ਵਿਚ ਸੁਣ ਕੇ ਹੀ ਸੁਆਦ ਆਵੇਗਾ।

ਸੋਮਵਾਰ ਨੂੰ ਸਾਡੇ ਕਚਹਿਰੀ ਪੁੱਜਣ ਤੋਂ ਪਹਿਲਾਂ ਹੀ ਸਰਕਾਰੀ ਵਕੀਲ ਦੀਵਾਨ ਪਿੰਡੀ ਦਾਸ, ਮੀਰ ਸਾਹਿਬ, ਅਫ਼ਜ਼ਾਲ ਤੇ ਉਹਦੇ ਜਮਾਤੀ, ਕਚਹਿਰੀ ਦਾ ਅਮਲਾ

ਅਤੇ ਸਿਪਾਹੀ ਵੀ ਕਟਹਿਰੇ ਲਾਗੇ ਆ ਖੜੋਤੇ ਅਤੇ ਖੰਡਾ ਸਾਹਿਬ ਨੇ ਪਹਿਲੀ ਨਜ਼ਮ ਸੁਣਾਈ ਜੀਹਦੇ ਦੋ ਸ਼ਿਅਰ ਇਹ ਸਨ :

ਕੇਸ ਪੁਟਦੇ ਜੁੱਤੀਆਂ ਮਾਰਦੇ ਹੋ,
ਖਾਹਮੁਖ਼ਾਹ ਪਏ ਤਾੜਦੇ ਲਾਲੀਆਂ ਨੂੰ ।
ਨਾ ਅਸੀਂ ਚੋਰ-ਡਾਕੂ, ਨਾ ਅਸੀਂ ਸੰਨ੍ਹ ਮਾਰੀ,
ਨਾ ਅਸੀਂ ਜਾਣਦੇ ਬਬਰ ਅਕਾਲੀਆਂ ਨੂੰ ।

ਦੂਜੀ ਕਵਿਤਾ ਵੀ ਬਹੁਤ ਸੁਆਦਲੀ ਸੀ । ਸਿਰਫ ਦੋ ਸ਼ਿਅਰ ਹੀ ਯਾਦ ਹਨ । ਦੀਵਾਨ ਪਿੰਡੀ ਦਾਸ ਸਰਕਾਰੀ ਵਕੀਲ, ਜਿਹੜਾ ਬੜੇ ਧਿਆਨ ਨਾਲ ਸੁਣ ਰਿਹਾ ਸੀ, ਵੱਲ ਇਸ਼ਾਰਾ ਕਰਕੇ ਖੰਡਾ ਜੀ ਬੋਲੇ :

ਦੋਖੀ ਧਰਮੀਆਂ ਦੇ, ਵੈਰੀ ਆਸ਼ਕਾਂ ਦੇ,
ਨੌਕਰਸ਼ਾਹੀ ਦੇ ਵੱਡੇ ਗ਼ੁਲਾਮ ਆ ਗਏ ।
ਇਤਨੀ ਦੇਰ ਨੂੰ ਪੀਰ ਕਸਾਈਆਂ ਦੇ,
ਮੀਰ ਸਾਹਿਬ ਜੀ ਫ਼ਜ਼ਲ ਇਮਾਮ ਆ ਗਏ ।

ਸਣੇ ਅਫ਼ਜ਼ਾਲ ਅਤੇ ਸਾਥੀਆਂ ਦੇ ਅਸੀਂ ਸਾਰੇ ਠਹਾਕਾ ਮਾਰ ਕੇ ਖ਼ੂਬ ਹੱਸੇ ਅਤੇ ਮੀਰ ਸਾਹਿਬ ਨੇ ਕਿਹਾ, "ਉਏ ਬਦਮਾਸ਼ਾ, ਮੈਂ ਕਸਾਈਆਂ ਦਾ ਪੀਰ ਕਿਵੇਂ ਹੋਇਆ ? ਮੈਂ ਤਾਂ ਤੁਹਾਡਾ ਯਾਰ ਹਾਂ । ਅਸੀਂ ਆਪਣੀ ਡਿਊਟੀ ਦੇਣੀ ਹੋਈ, ਤੁਸੀਂ ਆਪਣੀ ।" ਗੱਲ ਕੀ ਬਹੁਤ ਹੀ ਦਿਲਚਸਪ ਮਜ਼ਾਕ ਹੁੰਦੇ ਰਹੇ ਅਤੇ ਅਫ਼ਜ਼ਾਲ ਨੇ ਦੋਨੋਂ ਨਜ਼ਮਾਂ ਲੈ ਕੇ ਕਿਹਾ, "ਬਹੁਤ ਖ਼ੂਬ ! ਮੈਂ ਉਰਦੂ ਅੱਖਰਾਂ ਵਿਚ ਲਿਖਵਾ ਕੇ ਅਤੇ ਸ਼ੀਸ਼ੇ ਵਿਚ ਜੜਵਾ ਕੇ ਆਪਣੇ ਡਰਾਇੰਗ ਰੂਮ ਵਿਚ ਲਟਕਾਵਾਂਗਾ । ਬੜੀਆਂ ਦਿਲਚਸਪ ਹਨ ।"

ਆਉ ਅਗਲੀ ਕਾਰਵਾਈ ਮੁੜ ਸ਼ੁਰੂ ਕਰੀਏ । ਇਹ ਸਭ ਕੁਝ ਤਾਂ ਐਵੇਂ ਜਾਂਦੇ-ਜਾਂਦੇ ਸੁਆਦ ਬਦਲਣ ਦੇ ਖ਼ਿਆਲ ਨਾਲ ਹੀ ਲਿਖ ਮਾਰਿਆ ਸਮਝੋ ।

* * *

ਦਲੀਪੇ ਦੀ ਗਰਿਫ਼ਤਾਰੀ ਬੜੇ ਨਾਟਕੀ ਢੰਗ ਨਾਲ ਕੀਤੀ ਗਈ ਸੀ ਜਿਹੜੀ ਮੈਂ ਅਤੇ ਮੇਰੇ ਸਾਥੀ ਊਧਮ ਸਿੰਘ ਨੇ ਤਕਰੀਬਨ 1937-38 ਵਿਚ ਮੀਆਂ ਚੰਨੂ ਵਾਲੇ ਰੇਲੂ ਝਿਊਰ ਤੋਂ ਪਤਾ ਕੀਤੀ ਸੀ । ਅਸੀਂ ਆਪਣੀ ਲਾਰੀ ਉੱਤੇ ਇਕ ਬਰਾਤ ਲੈ ਕੇ ਗਏ ਹੋਏ ਸੀ ਅਤੇ ਸਾਨੂੰ ਰੇਲੂ ਨੂੰ ਮਿਲਣ ਦਾ ਮੌਕਾ ਮਿਲ ਗਿਆ । ਉਹਨੇ ਬੜੇ ਪਿਆਰ ਨਾਲ ਸਾਡੇ ਨਾਲ ਗੱਲ ਕੀਤੀ ਸੀ ਅਤੇ ਆਲੇ-ਦੁਆਲੇ ਦੇ ਦੁਕਾਨਦਾਰ ਵੀ ਇਕੱਠੇ ਹੋ ਗਏ ਸਨ । ਉਹਨੇ ਦਸਿਆ ਕਿ 96 ਚੱਕ ਵਾਲੇ ਜਵਾਲਾ ਸਿੰਘ ਨੂੰ ਉਹ ਪਹਿਲਾਂ ਤੋਂ ਹੀ ਜਾਣਦਾ ਸੀ । ਉਹ ਜਦੋਂ ਵੀ ਆਉਂਦਾ, ਉਹਦੇ ਤੰਦੂਰ ਤੋਂ ਹੀ ਰੋਟੀ ਖਾਂਦਾ ਸੀ । ਉਸ ਦਿਨ ਵੀ ਜਿਸ ਵੇਲੇ ਉਹ ਅਤੇ ਉਹਦਾ ਸਾਥੀ ਰੋਟੀ ਖਾ ਰਹੇ ਸਨ ਤਾਂ ਦੋ ਚੰਗੇ ਹੱਟੇ-ਕੱਟੇ ਬੰਦੇ ਵੀ ਉਸੇ ਮੇਜ਼ ਦੀਆਂ ਸਾਹਮਣੇ ਵਾਲੀਆਂ ਕੁਰਸੀਆਂ ਉੱਤੇ ਬੈਠ ਗਏ ਅਤੇ ਦੋ ਥਾਲੀਆਂ ਲਾਉਣ ਲਈ ਬੋਲੇ । ਉਹ ਥਾਲੀਆਂ ਲਾ ਹੀ ਰਿਹਾ ਸੀ ਕਿ ਦੋਹਾਂ ਨੇ ਰੋਟੀ ਖਾ ਰਹੇ ਇਕ ਮਾੜਕੂ ਜਿਹੇ ਬੰਦੇ ਦੇ ਇਕ-ਇਕ ਹੱਥ ਨੂੰ ਗੁੱਟਾਂ ਤੋਂ ਦੋਹਾਂ-ਦੋਹਾਂ ਹੱਥਾਂ ਨਾਲ ਮੇਜ਼ ਦੇ ਉੱਤੋਂ ਦੀ ਨੱਪ ਲਿਆ ਅਤੇ ਦੇਖਦਿਆਂ-ਦੇਖਦਿਆਂ ਬਾਹਰ ਖੜੋਤੇ ਹੋਰ ਦੋ ਬੰਦਿਆਂ ਨੇ ਫਟਾ-ਫਟ ਜਵਾਲਾ ਸਿੰਘ ਅਤੇ ਉਹਦੇ ਸਾਥੀ ਦੇ ਹੱਥਕੜੀਆਂ ਜੜ ਲਈਆਂ । ਏਨੇਂ ਨੂੰ ਵਰਦੀ ਵਾਲਾ

ਥਾਣੇਦਾਰ 6-7 ਵਰਦੀ ਵਾਲੇ ਸਿਪਾਹੀਆਂ ਨੂੰ ਬੰਦੂਕਾਂ ਦੀ ਪਰੇਡ ਕਰਾਉਂਦਾ ਆ ਗਿਆ। ਦੋਹਾਂ ਦੀਆਂ ਪੱਗਾਂ ਲਾਹ ਲਈਆਂ ਅਤੇ ਲੈ ਕੇ ਚਲੇ ਗਏ। ਬਾਜ਼ਾਰ ਵਾਲੇ ਹੱਕੇ-ਬੱਕੇ ਹੈਰਾਨ ਹੋਏ ਦੇਖਦੇ ਹੀ ਰਹਿ ਗਏ। ਉਹਨਾ ਨੂੰ ਕਈਆਂ ਚਿਰਾਂ ਬਾਅਦ ਜਾ ਕੇ ਪਤਾ ਲਗਿਆ ਸੀ ਕਿ 96 ਚੱਕ ਵਾਲੇ ਜਵਾਲਾ ਸਿੰਘ ਨੇ ਇਕ ਬਬਰ ਨੂੰ ਧੋਖਾ ਦੇ ਕੇ ਫੜਾਇਆ ਸੀ। ਇਹ ਸੀ ਅਸਲੀ ਨਾਟਕ ਜਿਹੜਾ ਜੁਆਲਾ ਸਿੰਘ ਨੇ ਖੇਡਿਆ ਸੀ। ਜਿਸ ਵੇਲੇ ਇਕੱਠੇ ਹੋਏ ਲੋਕਾ ਨੂੰ ਪਤਾ ਲਗਿਆ ਕਿ ਅਸੀਂ ਦੋਨੋਂ ਉਸੇ ਬਬਰ ਦੇ ਸਾਥੀ ਹਾਂ ਤਾਂ ਸਾਡੀ ਬੜੀ ਆਉ-ਭਗਤ ਉਹਨਾਂ ਨੇ ਕੀਤੀ। ਸਚਮੁੱਚ ਹੀ ਦਲੀਪਾ ਇਕਹਿਰੇ ਜਿਸਮ ਦਾ ਮਾਲਕ ਸੀ ਅਤੇ 18-19 ਸਾਲ ਦੇ ਗੇੜ ਵਿਚ ਸਾਥੋਂ 2 ਕੁ ਸਾਲ ਹੀ ਵੱਡਾ ਸੀ। ਉਹਨੇ ਤਕਰੀਬਨ ਸਾਰੇ ਕਤਲਾਂ ਵਿਚ ਹਿੱਸਾ ਲਿਆ ਸੀ ਅਤੇ 20 ਸਾਲ ਦੇ ਗੇੜ ਵਿਚ ਫਾਂਸੀ ਚੜ੍ਹ ਗਿਆ ਸੀ।

ਜਵਾਲਾ ਸਿੰਘ ਬਿਆਨ ਜਾਰੀ ਰਖਦਿਆਂ ਪੇਪਰ-ਬੁੱਕ ਦੇ ਸਫਾ 703 ਉੱਤੇ ਕਹਿੰਦਾ ਹੈ ਕਿ ਦਲੀਪੇ ਨੂੰ ਗਰਿਫ਼ਤਾਰ ਕਰਾ ਕੇ ਜਦੋਂ ਵਾਪਸ ਆ ਕੇ ਉਹਨੇ ਧੰਨਾ ਸਿੰਘ ਦਾ ਪਤਾ ਕੀਤਾ ਤਾਂ ਕੋਈ ਪਤਾ ਨਾ ਚੱਲ ਸਕਿਆ। ਕੁਦਰਤੀ ਹੀ ਦਸਾ ਕੁ ਦਿਨਾਂ ਬਾਅਦ ਉਹ ਆਪ ਹੀ ਉਹਨੂੰ ਮਿਲਣ ਆ ਗਿਆ ਅਤੇ ਦਲੀਪੇ ਦੀ ਸੁੱਖ-ਸਾਂਦ ਪੁੱਛੀ। ਜਵਾਲਾ ਸਿੰਘ ਨੇ ਦੱਸਿਆ ਕਿ ਦਲੀਪਾ ਬੜੇ ਨਜ਼ਾਰਿਆਂ ਵਿਚ ਹੈ। ਉਧਰ ਕਿਸੇ ਕਿਸਮ ਦੇ ਭਰਮ ਪੈਣ ਦੀ ਗੁੰਜਾਇਸ਼ ਹੀ ਨਹੀਂ, ਮੌਜਾਂ ਮਾਣ ਰਿਹਾ ਹੈ। ਗੱਲ ਕੀ, ਜਿੰਨਾ ਝੂਠ ਬੋਲ ਸਕਦਾ ਸੀ, ਬੋਲ ਕੇ ਧੰਨਾ ਸਿੰਘ ਦੀ ਤਸੱਲੀ ਕਰਾਉਣ ਪਿਛੋਂ ਉਹਨੇ ਉਹਨੂੰ ਉਧਰ ਹੀ ਚਲੇ ਚੱਲਣ ਲਈ ਪ੍ਰੇਰਨਾ ਕਰਨੀ ਸ਼ੁਰੂ ਕਰ ਦਿਤੀ ਅਤੇ ਕਿਹਾ ਕਿ ਦਲੀਪਾ ਵੀ ਮਿਲਣ ਲਈ ਤਾਕੀਦ ਕਰ ਰਿਹਾ ਸੀ। ਧੰਨਾ ਸਿੰਘ ਨੇ ਕਿਹਾ ਕਿ ਕੁਝ ਚਿਰ ਬਾਅਦ ਉਹ ਉਹਦੇ ਨਾਲ ਬਾਰ ਨੂੰ ਚਲਿਆ ਚੱਲੇਗਾ। ਉਸ ਵੇਲੇ ਧੰਨਾ ਸਿੰਘ ਕੋਲ ਇਕ ਪਸਤੌਲ ਅਤੇ ਇਕ ਬੰਬ ਸੀ। ਜਵਾਲਾ ਸਿੰਘ ਨੇ ਪੁੱਛਿਆ, ਦੂਜਾ ਬੰਬ ਕਿਥੇ ਗਿਆ। ਤਾਂ ਉਹਨੇ ਦਸਿਆ, "ਦੂਜਾ ਬੰਬ ਛੱਜਾ ਸਿੰਘ ਚਾਨਸੂ ਕੋਲ ਹੈ। ਉਹ ਉਹਤੋਂ ਹੀ ਲਿਆ ਸੀ। ਆਹ ਪਸਤੌਲ ਵੀ ਛੱਜਾ ਸਿੰਘ ਵਾਲਾ ਹੀ ਹੈ। ਮੇਰਾ ਉਹਦੇ ਕੋਲ ਹੈ। ਮੈਂ 10-12 ਦਿਨ ਬੀਮਾਰ ਹੋ ਕੇ ਉਹਦੇ ਕੋਲ ਹੀ ਰਹਿ ਕੇ ਆਇਆ ਹਾਂ। ਸਾਡੀ ਉਹ ਵੀ ਇਕ ਪੱਕੀ ਠਾਹਰ ਹੈ।"

ਸੋ ਜਵਾਲਾ ਸਿੰਘ ਨੇ ਧੰਨਾ ਸਿੰਘ ਨੂੰ ਆਪਣੇ ਕਮਾਦ ਵਿਚ ਛਡ ਦਿੱਤਾ ਅਤੇ ਸਿੱਧਾ ਮਾਹਲਪੁਰ ਥਾਣੇਦਾਰ ਗੁਲਜ਼ਾਰਾ ਸਿੰਘ ਨੂੰ ਜਾ ਮਿਲਿਆ। ਉਸੇ ਵੇਲੇ ਦੋਨੋਂ ਹੁਸ਼ਿਆਰਪੁਰ ਜਾ ਕੇ ਪੁਲਸ ਕਪਤਾਨ ਹੌਰਟਨ ਅਤੇ ਛੋਟੇ ਪੁਲਸ ਕਪਤਾਨ ਜੈਨਕਿਨ ਨੂੰ ਜਾ ਮਿਲੇ ਅਤੇ ਦੱਸਿਆ ਕਿ ਧੰਨਾ ਸਿੰਘ ਐਸੇ ਵੇਲੇ ਉਹਦੇ ਕਮਾਦ ਵਿਚ ਮੌਜੂਦ ਹੈ ਅਤੇ ਉਹਨੂੰ ਗਰਿਫ਼ਤਾਰ ਕਰਨ ਦੀ ਤਿਆਰੀ ਕਰ ਲੈਣ। ਉਹਨੇ ਇਹ ਵੀ ਸਲਾਹ ਦਿੱਤੀ ਕਿ ਧੰਨਾ ਸਿੰਘ ਨੂੰ ਵੀ ਬਾਰ ਵਿਚ ਲਿਜਾ ਕੇ ਸੁਖਾਲਿਆਂ ਹੀ ਗਰਿਫ਼ਤਾਰ ਕੀਤਾ ਜਾ ਸਕਦਾ ਹੈ। ਹੌਰਟਨ ਨੇ ਕਿਹਾ ਕਿ ਉਹ ਧੰਨਾ ਸਿੰਘ ਨੂੰ ਆਪ ਅਤੇ ਆਪਣੇ ਹੀ ਜ਼ਿਲੇ ਵਿਚ ਗਰਿਫ਼ਤਾਰ ਕਰਨਾ ਚਾਹੁੰਦਾ ਹੈ। ਪੁਲਸ ਕਪਤਾਨ ਨੇ ਜਵਾਲਾ ਸਿੰਘ ਨੂੰ ਕਿਹਾ ਕਿ ਉਹ ਕੱਲ੍ਹ ਨੂੰ ਧੰਨਾ ਸਿੰਘ ਨੂੰ ਨਾਲ ਲੈ ਕੇ ਮੱਨਣ ਹਾਨੇ ਕਰਮ ਸਿੰਘ ਦੀ ਹਵੇਲੀ ਚਲਿਆ ਚਲੇ ਤਾਂ ਉਹਨੂੰ ਉਥੇ ਗਰਿਫ਼ਤਾਰ ਕੀਤਾ ਜਾ ਸਕੇ। ਮੈਂ ਪਾਠਕਾਂ ਨੂੰ ਜਾਣਕਾਰੀ ਦੇ ਹੀ ਚੁੱਕਿਆ ਹਾਂ ਕਿ ਚੰਡਾਲ ਚੌਕੜੀ ਇਕੱਠੀ ਹੋ ਚੁਕੀ ਸੀ —ਬੇਲਾ

ਸਿੰਘ ਤੇ ਜਵਾਲਾ ਸਿੰਘ ਜਿਆਣੀਏ ਭਰਾ, ਕਰਤਾਰ ਸਿੰਘ ਬੂੜ੍ਹੋਬਾੜੀਆਂ ਜੋ ਰਿਸ਼ਤਿਉਂ ਉਹਨਾਂ ਦਾ ਭਰਾ ਲਗਦਾ ਸੀ ਅਤੇ ਕਰਤਾਰ ਸਿੰਘ ਦਾ ਸਾਲਾ ਕਰਮ ਸਿੰਘ ।

ਜਵਾਲਾ ਸਿੰਘ ਕਹਿੰਦਾ ਹੈ : "ਅਗਲੀ ਸਵੇਰ ਮੈਂ ਧੰਨਾ ਸਿੰਘ ਨੂੰ ਨਾਲ ਲੈ ਕੇ ਮੱਨਣ ਹਾਨੇ ਕਰਮ ਸਿੰਘ ਦੇ ਪਸ਼ੂਆਂ ਵਾਲੇ ਬਾੜੇ ਵਿਚ ਜਾ ਪੁਜਿਆ । ਉਹ ਪਹਿਲਾਂ ਤੋਂ ਹੀ ਮੇਰਾ ਚੰਗੀ ਤਰ੍ਹਾਂ ਜਾਣੂ ਸੀ । ਧੰਨਾ ਸਿੰਘ ਅਤੇ ਮੈਂ ਰਾਤ ਉਸੇ ਬਾੜੇ ਵਿਚ ਮੰਜਿਆਂ ਉਤੇ ਸੌਂ ਗਏ । ਕਰਮ ਸਿੰਘ ਵੀ ਸਾਡੇ ਕੋਲ ਹੀ ਸੌਂ ਗਿਆ । ਅੱਧੀ ਰਾਤ ਪੁਲਸ ਵੀ ਪੁੱਜ ਗਈ ਜੀਹਦੀ ਪੈੜਚਲ ਸੁਣ ਕੇ ਮੈਂ ਭੱਜ ਉਠਿਆ ਅਤੇ ਸਿੱਧਾ ਪਿੰਡ ਆ ਪੁੱਜਿਆ । ਪਰ ਭੱਜਣ ਤੋਂ ਥੋੜ੍ਹੀ ਦੇਰ ਬਾਅਦ ਮੈਂ ਬੰਬ ਦਾ ਧਮਾਕਾ ਜ਼ਰੂਰ ਸੁਣਿਆ ਸੀ ।"

ਹੁਣ ਮੈਂ ਮੌਕੇ ਦਾ ਗਵਾਹ, ਥਾਣਾ ਮਾਹਲਪੁਰ ਦੇ ਇੰਚਾਰਜ ਚੌਧਰੀ ਚਮੇਲ ਸਿੰਘ ਦਾ ਬਿਆਨ ਦਰਜ ਕਰ ਰਿਹਾ ਹਾਂ । ਪੇਪਰ-ਬੁੱਕ ਦੇ ਸਫ਼ਾ 693 ਉੱਤੇ 31 ਅਕਤੂਬਰ 1924 ਨੂੰ ਸਰਕਾਰੀ ਗਵਾਹ ਨੰ: 376, ਚੌਧਰੀ ਚਮੇਲ ਸਿੰਘ, ਸਬ ਇੰਸਪੈਕਟਰ ਮਾਹਲਪੁਰ, ਜਿਲਾ ਹੁਸ਼ਿਆਰਪੁਰ ਬਿਆਨ ਦਿੰਦਾ ਹੈ : "ਪਿੰਡ ਬਹਿਬਲਪੁਰ ਮਾਹਲਪੁਰ ਥਾਣੇ ਵਿਚ ਹੈ, ਜਿਥੋਂ ਦਾ ਮੈਂ ਹਾਲੇ ਵੀ ਇੰਚਾਰਜ ਹਾਂ । ਧੰਨਾ ਸਿੰਘ ਵਲਦ ਇੰਦਰ ਸਿੰਘ, ਜਿਹੜਾ ਮਰ ਚੁਕਿਆ ਹੈ, ਬਹਿਬਲਪੁਰ ਦਾ ਹੀ ਰਹਿਣ ਵਾਲਾ ਸੀ । ਉਹ ਉਸ ਵੇਲੇ ਮਤਲੂਬ ਭਗੌੜਾ ਸੀ, ਜੀਹਦੀ ਗਰਿਫ਼ਤਾਰੀ ਲਈ ਮੈਂ ਕੋਸ਼ਿਸ਼ ਕਰ ਰਿਹਾ ਸੀ । 24 ਅਕਤੂਬਰ 1923 ਨੂੰ 10 ਵਜੇ ਪੁਲੀਸ ਕਪਤਾਨ ਮਿਸਟਰ ਹੋਰਟਨ ਅਤੇ ਮਿਸਟਰ ਜੈਨਕਿਨ ਐਸਿਸਟੈਂਟ ਸੁਪਰਿੰਟੈਂਡੈਂਟ ਪੁਲੀਸ ਮਾਹਲਪੁਰ ਥਾਣੇ ਵਿਚ ਆਏ ਅਤੇ ਦਸਿਆ ਕਿ ਉਹਨਾਂ ਨੂੰ ਇਤਲਾਹ ਮਿਲੀ ਹੈ ਕਿ ਧੰਨਾ ਸਿੰਘ ਐਸ ਵੇਲੇ ਮੱਨਣ ਹਾਨੇ, ਜਿਹੜਾ ਬਹਿਬਲਪੁਰੋਂ ਮੀਲ ਕੁ ਉੱਤੇ ਅਤੇ ਮਾਹਲਪੁਰੋਂ 9 ਕੁ ਮੀਲ ਉੱਤੇ ਹੈ, ਮੌਜੂਦ ਹੈ । ਗੁਲਜ਼ਾਰਾ ਸਿੰਘ ਥਾਣੇਦਾਰ, ਗੁਲਾਮ ਰਸੂਲ ਦਫ਼ੇਦਾਰ ਤੇ ਸ਼ਫ਼ੀਕ ਉੱਲਾ ਦਫ਼ੇਦਾਰ ਰਸਾਲੇ ਦੇ ਅਫ਼ਸਰ, ਸੁਲਤਾਨ ਅਲੀ ਹੌਲਦਾਰ ਤੇ ਹਮੀਰ ਸਿੰਘ ਹੌਲਦਾਰ ਅਤੇ ਬਸੰਤ ਸਿੰਘ, ਵਰਿਆਮਾ, ਸਿਰੀ ਰਾਮ, ਮੁਦਾਰੀ ਖਾਂ ਅਤੇ ਕਾਂਸ਼ੀ ਰਾਮ ਸਾਰੇ ਸਿਪਾਹੀ ਤੇ ਹੋਰ ਪੁਲਸ ਦੇ ਬਹੁਤ ਸਾਰੇ ਸਿਪਾਹੀ ਮਿਸਟਰ ਹੋਰਟਨ ਅਤੇ ਜੈਨਕਿਨ ਦੀ ਅਗਵਾਈ ਥਲੇ ਮੱਨਣ ਹਾਨੇ ਲਈ ਚੱਲ ਪਏ । ਘੁੜ-ਸਵਾਰਾਂ ਅਤੇ ਪੁਲਸੀਆਂ ਦੀ ਗਿਣਤੀ 40 ਸੀ । ਅੱਧੀ ਰਾਤ ਅਸੀਂ ਮੱਨਣ ਹਾਣੇ ਜਾ ਪੁੱਜੇ । ਚੰਦ ਦੀ ਚਾਨਣੀ ਪੂਰੇ ਜੋਬਨ ਉੱਤੇ ਸੀ । ਸਾਨੂੰ ਪਤਾ ਸੀ ਕਿ ਧੰਨਾ ਸਿੰਘ ਐਸ ਵੇਲੇ ਕਰਮ ਸਿੰਘ ਦੇ ਬਾੜੇ ਵਿਚ ਮੌਜੂਦ ਹੈ । ਇਹ ਬਾੜਾ ਪਿੰਡ ਦੇ ਉੱਤਰ ਵੱਲ ਬਾਹਰਵਾਰ ਸੀ ਅਤੇ ਆਲੇ-ਦੁਆਲੇ ਥੋਹਰਾਂ ਦੀ ਵਾੜ ਨਾਲ ਘਿਰਿਆ ਪਿਆ ਸੀ । ਇਕ ਰਾਹ ਉੱਤਰ ਵੱਲ ਅਤੇ ਦੂਜਾ ਰਾਹ ਪਿੰਡ ਵੱਲ ਸੀ । ਸੋ ਅਸੀਂ ਘੁੜ-ਸਵਾਰ ਦਸਤਾ ਉੱਤਰ ਵੱਲ ਤਾਈਨਾਤ ਕਰ ਦਿੱਤਾ ਅਤੇ ਆਪ ਬਾਕੀ ਫੋਰਸ ਨਾਲ ਲੈ ਕੇ ਲਹਿੰਦੇ ਪਾਸੇ ਥਾਣੀਂ ਵਾੜੇ ਅੰਦਰ ਜਾ ਵੜੇ । ਪਸ਼ੂ ਬੱਧੇ ਹੋਏ ਸਨ ਅਤੇ ਦੋ ਮੰਜਿਆ ਉੱਤੇ ਦੋ ਬੰਦੇ ਸੁੱਤੇ ਪਏ ਸਨ ਤੇ ਤੀਜਾ ਜ਼ਰਾ ਹਟਵਾਂ ਸੁੱਤਾ ਪਿਆ ਸੀ । ਸਾਡੀ ਪੈੜਚਲ ਸੁਣਦਿਆਂ ਇਕ ਬੰਦਾ ਲਾਗਲੀ ਮੰਜੀ ਤੋਂ ਉੱਠ ਕੇ ਪਿੰਡ ਵਾਲੀ ਗਲੀ ਦੇ ਰਾਹ ਥਾਣੀਂ ਭੱਜ ਗਿਆ ਅਤੇ ਦੂਰ ਸੁੱਤਾ ਵੀ ਭੱਜ ਗਿਆ । ਇਹ ਦੋਨੋਂ ਹੀ ਸਾਡੇ ਆਪਣੇ ਆਦਮੀ ਸਨ ਜਿਨ੍ਹਾਂ ਨੇ ਸਾਨੂੰ ਸੂਹ ਦਿਤੀ ਸੀ । ਉਹਨਾਂ ਨੂੰ ਅਸੀਂ ਭੱਜ ਜਾਣ ਦਿੱਤਾ ।

"ਉਸੇ ਹੀ ਵੇਲੇ ਨਾਲ ਲਗਦੇ ਦੂਜੇ ਮੰਜੇ ਵਾਲਾ ਬੰਦਾ ਵੀ ਉੱਠ ਕੇ ਉਸੇ ਗਲੀ ਵੱਲ ਭੱਜਿਆ। ਇਤਲਾਹ ਮੁਤਾਬਿਕ ਅਸੀਂ ਸਮਝ ਲਿਆ ਕਿ ਇਹੋ ਹੀ ਧੰਨਾ ਸਿੰਘ ਹੈ, ਜੀਹਨੂੰ ਅਸੀਂ ਫੜਨ ਆਏ ਹਾਂ। ਅਸੀਂ ਉਹਨੂੰ ਘੇਰ ਲਿਆ। ਉਹਨੇ ਆਪਣਾ ਰੀਵਾਲਵਰ ਕੱਢਣ ਦੀ ਕੋਸ਼ਿਸ ਕੀਤੀ। ਏਨੇਂ ਨੂੰ ਗੁਲਜ਼ਾਰਾ ਸਿੰਘ ਨੇ ਧੰਨਾ ਸਿੰਘ ਉੱਤੇ ਲਾਠੀ ਦਾ ਵਾਰ ਕੀਤਾ, ਜਿਹੜੀ ਉਹਨੇ ਪਹਿਲਾਂ ਹੀ ਉਲਾਰੀ ਹੋਈ ਸੀ। ਧੰਨਾ ਸਿੰਘ ਵਾਰ ਰੋਕਣ ਲਈ ਇਕ ਪਾਸੇ ਨੂੰ ਝੁਕਿਆ ਅਤੇ ਠੇਡਾ ਖਾ ਕੇ ਡਿਗ ਪਿਆ। ਸਾਡੇ ਆਦਮੀ ਉਹਦੇ ਉੱਤੇ ਝਪਟ ਪਏ ਅਤੇ ਗੁੱਥਮ-ਗੁੱਥਾ ਹੋ ਪਏ। ਏਨੇਂ ਨੂੰ ਅਸੀਂ ਧੰਨਾ ਸਿੰਘ ਦੇ ਹੱਥਕੜੀ ਜੜ ਲਈ ਅਤੇ ਉਹਦੇ ਹੱਥ ਇਕ ਪਾਸੇ ਖਿਚ ਲਏ ਤੇ ਉਹਦਾ ਰੀਵਾਲਵਰ ਵਾਲਾ ਗਾਤਰਾ ਉਹਦੇ ਗਲੋਂ ਲਾਹ ਕੇ ਰੀਵਾਲਵਰ ਆਪਣੇ ਕਬਜ਼ੇ ਵਿਚ ਕਰ ਲਿਆ। ਅਸੀਂ ਦੋ ਬੰਦਿਆਂ ਨੇ ਰਲ ਕੇ ਹੱਥਕੜੀ ਦੀ ਜ਼ੰਜੀਰ ਇਸ ਤਰ੍ਹਾਂ ਉਤਾਂਹ ਖਿੱਚ ਲਈ, ਜੀਹਦੇ ਨਾਲ ਉਹਦੇ ਹੱਥ ਮੋਢਿਆਂ ਤੱਕ ਚੁੱਕੇ ਰਹਿਣ। ਮੈਂ ਧੰਨਾ ਸਿੰਘ ਦੇ ਪਿਛਲੇ ਪਾਸੇ ਹੱਥਕੜੀ ਖਿਚੀ ਖੜੋਤਾ ਸੀ ਅਤੇ ਬਾਕੀ ਉਹਦੀ ਤਲਾਸ਼ੀ ਲੈ ਰਹੇ ਸਨ ਅਤੇ ਦੇਖ ਰਹੇ ਸਨ ਕਿ ਕਿਤੇ ਉਹਦੀਆਂ ਜੇਬਾਂ ਵਿਚ ਬੰਬ ਤਾਂ ਨਹੀਂ ਲੁਕੋਇਆ ਹੋਇਆ। ਹਾਰ ਕੇ ਧੰਨਾ ਸਿੰਘ ਜਦੋਜਹਿਦ ਕਰਨ ਪਿਛੋਂ ਪੈਰਾਂ ਭਾਰ ਬਹਿ ਗਿਆ ਅਤੇ ਕੁਝ ਦਮ ਲੈਣ ਪਿਛੋਂ ਉਹਨੇ ਹੱਥਕੜੀ ਨੂੰ ਆਪਣੀ ਬਗਲ ਵੱਲ ਏਨੇਂ ਜ਼ੋਰ ਨਾਲ ਹਝੋਕਾ ਮਾਰਿਆ ਕਿ ਜ਼ੰਜੀਰ ਮੇਰੇ ਹੱਥਾਂ ਵਿਚੋਂ ਖਿਸਕ ਗਈ, ਜਿਹੜੀ ਉਹਦੀ ਕੂਹਣੀ ਵਿਚ ਜਾ ਵਜੀ। ਹੱਥਕੜੀ ਉਸ ਬੰਬ ਨਾਲ ਜਾ ਵੱਜੀ ਜਿਹੜਾ ਉਹਨੇ ਕੂਹਣੀ ਕੋਲ ਲੁਕੋ ਰਖਿਆ ਸੀ। ਹੱਥਕੜੀ ਵਜਦਿਆਂ ਹੀ ਬੰਬ ਦਾ ਜ਼ੋਰਦਾਰ ਧਮਾਕਾ ਹੋਇਆ। ਧੰਨਾ ਸਿੰਘ ਦਾ ਸੱਜਾ ਪਾਸਾ ਤੂੰਬੇ-ਤੂੰਬੇ ਹੋ ਕੇ ਉਡ ਗਿਆ।

"ਪੰਜ ਬੰਦੇ ਧੰਨਾ ਸਿੰਘ ਦੇ ਨਾਲ ਹੀ ਤੂੰਬੇ-ਤੂੰਬੇ ਹੋ ਕੇ ਉੱਡ ਗਏ। ਉਹ ਸਨ : 1. ਸੁਲਤਾਨ ਅਲੀ ਹੈੱਡ ਕਾਂਸਟੇਬਲ, 2. ਗੁਲਾਮ ਰਸੂਲ ਖ਼ਾਨ ਦਫ਼ੇਦਾਰ, ਅਤੇ 3. ਵਰਿਆਮਾ, 4. ਬਸੰਤ ਸਿੰਘ ਤੇ 5. ਸਿਰੀ ਰਾਮ, ਤਿੰਨੇ ਸਿਪਾਹੀ। ਮਿਸਟਰ ਹਾਰਟਨ ਤੇ ਜੈਨਕਿਨ, ਛੋਟੇ-ਵੱਡੇ ਅੰਗਰੇਜ਼ ਪੁਲਸ ਕਪਤਾਨ ਅਤੇ ਸਿਪਾਹੀ ਮੁਦਾਰੀ ਖਾਂ ਜ਼ਖ਼ਮੀ ਹੋ ਗਏ। ਮੁਦਾਰੀ ਖਾਂ ਥੋੜ੍ਹੀ ਦੇਰ ਬਾਅਦ ਮਰ ਗਿਆ। ਜੈਨਕਿਨ ਕਾਫ਼ੀ ਦੇਰ ਇਲਾਜ ਅਧੀਨ ਰਿਹਾ ਸੀ, ਪਰ ਬਚ ਗਿਆ। ਮਗਰ ਦੋਨੋਂ ਲੱਤਾਂ ਪੱਟਾਂ ਕੋਲੋਂ ਕਟੀਆਂ ਗਈਆਂ ਸਨ। ਹੋਰਟਨ ਦੀਆਂ ਵੀ ਦੋਨੋਂ ਲੱਤਾਂ ਉੱਡ ਚੁੱਕੀਆਂ ਸਨ ਅਤੇ ਉਹ ਹਸਪਤਾਲ ਵਿਚ ਹੀ ਮਰ ਗਿਆ ਸੀ। ਥਾਣੇਦਾਰ ਗੁਲਜ਼ਾਰਾ ਸਿੰਘ ਅਤੇ ਸ਼ੇਰ ਮੁਹੰਮਦ ਤੇ ਫਹਿਤ ਖਾਂ ਸਿਪਾਹੀ ਜ਼ਖ਼ਮੀ ਤਾਂ ਹੋ ਗਏ ਸਨ, ਪਰ ਉਸ ਵੇਲੇ ਬਚ ਗਏ ਸਨ। ਮਹੀਨੇ ਕੁ ਬਾਅਦ ਗੁਲਜ਼ਾਰਾ ਸਿੰਘ ਥਾਣੇਦਾਰ ਵੀ ਮਰ ਗਿਆ ਸੀ। ਜਿਹੜੇ ਮਰੇ ਸਨ, ਉਹ ਸਾਰੇ ਧੰਨਾ ਸਿੰਘ ਦੇ ਸੱਜੇ ਪਾਸੇ ਸਨ। ਸਾਹਮਣੇ ਵਾਲੇ ਜ਼ਖ਼ਮੀ ਹੋਏ ਸਨ। ਮੈਂ ਕਿਉਂਕਿ ਹੱਥਕੜੀ ਫੜੀ ਧੰਨਾ ਸਿੰਘ ਦੇ ਪਿਛਲੇ ਪਾਸੇ ਖੱਬੀ ਵੱਖੀ ਲਾਗੇ ਖੜੋਤਾ ਸੀ, ਇਸ ਕਰਕੇ ਬਚ ਗਿਆ ਸੀ।

"ਦੋਹਾਂ ਪੁਲਸ ਕਪਤਾਨਾਂ ਅਤੇ ਸਿਪਾਹੀ ਮੁਦਾਰੀ ਖਾਂ ਨੂੰ ਮੈਂ ਮੰਜਿਆਂ ਉੱਤੇ ਪੁਆ ਕੇ ਗੱਡਿਆਂ ਉੱਤੇ ਮਾਹਲਪੁਰ ਨੂੰ ਤੋਰ ਲਿਆ। ਘੁੜ-ਸਵਾਰ ਥਾਣੇ ਨੂੰ ਦੁੜਾਇਆ ਕਿ ਮਿਸਟਰ ਹੋਰਟਨ ਦੀ ਮੋਟਰ ਹੁਸ਼ਿਆਰਪੁਰ ਨੂੰ ਭੇਜ ਕੇ ਸਿਵਲ ਸਰਜਨ

ਅਤੇ ਡਾਕਟਰ ਦਵਾਈਆਂ ਸਮੇਤ ਮਾਹਲਪੁਰ ਮੰਗਵਾਏ ਜਾਣ ਅਤੇ ਡਿਪਟੀ ਕਮਿਸ਼ਨਰ ਨੂੰ ਵੀ ਖ਼ਬਰ ਦੇ ਦਿਤੀ ਜਾਵੇ। ਸੋ ਮੈਂ ਜ਼ਖਮੀਆਂ ਨੂੰ ਜਲਦੀ ਤੋਂ ਜਲਦੀ ਨਾਲ ਲੈ ਕੇ ਮਾਹਲਪੁਰ ਡਿਸਪੈਂਸਰੀ ਵਿਚ ਪੁੱਜਣ ਦੀ ਕੀਤੀ। ਸਵੇਰੇ ਪੰਜ ਕੁ ਵਜੇ ਡਿਪਟੀ ਕਮਿਸ਼ਨਰ, ਸਿਵਲ ਸਰਜਨ ਅਤੇ ਡਾਕਟਰ ਮਾਹਲਪੁਰ ਪੁੱਜ ਗਏ। ਮੁਦਾਰੀ ਖਾਂ ਮਾਹਲਪੁਰ ਪੁਜਦਿਆਂ ਹੀ ਮਰ ਗਿਆ। 10–11 ਬਜੇ ਤੱਕ ਮਿਸਟਰ ਹੌਰਟਨ ਅਤੇ ਜੈਨਕਿਨ ਨੂੰ ਗੁਲਜ਼ਾਰਾ ਸਿੰਘ ਥਾਣੇਦਾਰ ਨਾਲ ਜਲੰਧਰ ਛਾਉਣੀ ਮਿਲਿਟਰੀ ਹਸਪਤਾਲ ਵਿਚ ਭੇਜ ਦਿਤਾ ਗਿਆ।''

ਗੱਲ ਕੀ ਮੁੜ ਪੁਲਸ ਦੀ ਸਾਰੀ ਕਾਰਗੁਜ਼ਾਰੀ, ਕੁੱਲ ਨਕਸ਼ੇ, ਕਰਮ ਸਿੰਘ ਦੇ ਬਾੜੇ ਦੇ ਮਰਿਆਂ ਤੇ ਜ਼ਖ਼ਮੀਆਂ ਦੀ, ਪੋਸਟਮਾਰਟਮਾਂ ਤੇ ਹੋਰ ਉਰਲਮ-ਪਰਲਮ ਦੀ, ਡੰਗਰਾਂ ਤੇ ਚਾਰਪਾਈਆਂ ਦੀ ਪੁਲਸ ਕਾਰਵਾਈ ਬਿਆਨ ਕੀਤੀ ਗਈ ਹੈ।

ਹੁਣ ਮੈਂ ਇਸ ਘਟਨਾ ਦੀ ਅਸਲੀਅਤ ਪਾਠਕਾਂ ਸਾਹਮਣੇ ਰੱਖ ਰਿਹਾ ਹਾਂ। ਜਿਹੜੀ ਗ਼ਲਤ-ਬਿਆਨੀ ਪੁਲਸ ਨੇ ਆਪਣੀ ਕਮਜ਼ੋਰੀ ਛੁਪਾਉਣ ਲਈ ਕੀਤੀ ਹੈ, ਉਹਦੇ ਆਪਣੇ ਹੀ ਗਵਾਹਾਂ ਦੇ ਬਿਆਨਾਂ ਦਾ ਹਵਾਲਾ ਦੇ ਕੇ ਝੂਠ ਦਾ ਪੋਲ ਖੋਲ੍ਹ ਰਿਹਾ ਹਾਂ ਅਤੇ ਇਸ ਬੰਬ ਵਿਸਫੋਟ ਦੀ ਸਹੀ ਤਸਵੀਰ ਦਰਜ ਕਰ ਰਿਹਾ ਹਾਂ।

ਪੜ੍ਹੋ ਬੰਬਾਂ ਦੇ ਮਾਹਿਰ ਦਾ ਬਿਆਨ। ਪੇਪਰ-ਬੁੱਕ ਦੇ ਸਫ਼ਾ 610 ਉੱਤੇ ਸਰਕਾਰੀ ਗਵਾਹ ਨੰ: 310, ਡਾਕਟਰ ਐਨ ਐਲ ਸ਼ੈਲਡਨ, ਪੀ ਐਚ ਡੀ, ਐਫ ਆਈ ਸੀ, ਚੀਫ਼ ਇੰਸਪੈਕਟਰ ਆਫ਼ ਐਕਸਪਲੋਸਿਵਜ਼, ਕਲਕੱਤਾ, 18 ਅਕਤੂਬਰ 1924 ਨੂੰ ਦਸਦਾ ਹੈ : ''ਲੋਹੇ, ਐਲੂਮੀਨੀਅਮ ਅਤੇ ਸ਼ੀਸ਼ੇ ਦੇ ਟੁਕੜੇ ਅਦਾਲਤ ਵਿਚ ਮੌਜੂਦ (ਪੀ 177) ਹਨ। ਇਹਨਾਂ ਦਾ ਮੈਂ ਮੁਲਾਹਿਜ਼ਾ ਕੀਤਾ ਸੀ ਅਤੇ ਰਿਪੋਰਟ ਨੰ: 2383 ਜੀਹਦੇ ਉੱਤੇ 3 ਦਸੰਬਰ 1923 ਦੀ ਤਾਰੀਖ਼ ਦਰਜ ਹੈ (ਪੀ ਏ 432) ਭੇਜ ਦਿੱਤੀ ਸੀ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਲੋਹੇ ਅਤੇ ਐਲੂਮੀਨੀਅਮ ਦੇ ਟੁਕੜੇ (ਪੀ 177) ਮਿਲਜ਼ ਹੈਂਡ ਗਰਨੇਡ ਦੇ ਬਚੇ-ਖੁਚੇ ਟੁਕੜੇ ਹੀ ਸਨ। ਤੇ ਮਿਲਜ਼ ਹੈਂਡ ਗਰਨੇਡ ਜਾਂ ਬੰਬ ਉਨਾਂ ਚਿਰ ਫ਼ਟ ਨਹੀਂ ਸਕਦਾ ਜਿੰਨਾ ਚਿਰ ਜਾਂ ਤਾਂ ਬਹੁਤ ਹੀ ਉਚਾਈ ਤੋਂ ਨਾ ਸੁਟਿਆ ਜਾਵੇ ਜਾਂ ਜਿੰਨਾ ਚਿਰ ਪਿੰਨ ਨਾ ਕਢੀ ਜਾਵੇ ਤੇ ਬੰਬ ਦਾ ਲੀਵਰ ਦਬਾ ਕੇ ਰੱਖਣ ਲਈ ਉਹਦੇ ਦੁਆਲੇ ਰੱਸੀ ਨਾ ਬੰਨ੍ਹ ਦਿੱਤੀ ਜਾਵੇ।''

ਜਿਸ ਵੇਲੇ ਧੰਨਾ ਸਿੰਘ ਡਾਂਗ ਦੀ ਸੱਟ ਤੋਂ ਬਚਣ ਲਈ ਝੁਕਿਆ ਸੀ ਅਤੇ ਲੜਖੜਾ ਗਿਆ ਸੀ, ਉਸ ਸਮੇਂ ਉਹ ਕਾਬੂ ਕਰ ਲਿਆ ਗਿਆ। ਉਹਨੇ ਹੱਥਕੜੀ ਲੱਗਣ ਵੇਲੇ ਹੁਝਕੇ ਮਾਰ ਕੇ ਬੰਬ ਚਲਾਉਣ ਦੀ ਕੋਸ਼ਿਸ਼ ਕੀਤੀ, ਪਰ ਨਾਕਾਮਯਾਬ ਰਿਹਾ। ਅਸਲ ਵਿਚ ਇਹ ਬੰਬ ਉਹਨੇ ਕੂਹਣੀ ਦੇ ਅਗਲੇ ਪਾਸੇ ਕੁੜਤੇ ਦੀ ਜੇਬ ਬਣਾ ਕੇ ਰਖਿਆ ਹੋਇਆ ਸੀ ਅਤੇ ਛੱਲਾ ਪਾ ਕੇ ਇਕ ਰੇਸ਼ਮ ਦੀ ਡੋਰ ਇਸ ਤਰੀਕੇ ਨਾਲ ਬੰਬ ਦੀ ਪਿਨ ਨਾਲ ਬੰਨ੍ਹ ਰੱਖੀ ਸੀ ਕਿ ਚਾਰੇ ਸਿਰੇ ਜੇ ਕਾਬੂ ਆ ਹੀ ਗਿਆ, ਜਿਵੇਂ ਉਸ ਵੇਲੇ ਸਚਮੁੱਚ ਆ ਹੀ ਗਿਆ ਸੀ, ਤਾਂ ਛੱਲੇ ਵਿਚ ਉਂਗਲੀ ਫਸਾ ਕੇ ਬੰਬ ਦੀ ਪਿੱਨ ਕੱਢ ਦੇਵੇਗਾ। ਰੇਸ਼ਮੀ ਧਾਗਾ ਕੂਹਣੀ ਦੇ ਜੋੜ ਤੋਂ ਹੱਥ ਦੇ ਗੁੱਟ ਤੱਕ ਲਟਕ ਹੀ ਰਿਹਾ ਸੀ ਅਤੇ ਕੁੜਤਾ ਖੁਲ੍ਹੀਆਂ ਬਾਹਾਂ ਦਾ ਸੀ। ਜਿਸ ਵੇਲੇ ਪੁਲਸ ਤਲਾਸ਼ੀ ਲੈ ਚੁੱਕੀ ਅਤੇ ਜੇਬਾਂ, ਕਛਹਿਰਾ ਤੇ ਪਜਾਮੇ ਦੇ ਨੇਫੇ ਵੀ ਟੋਹ ਲਏ ਤਾਂ ਦੋਨੋਂ ਪੁਲਸ ਕਪਤਾਨ ਪਸ਼ੂਆਂ ਦੀ ਖੁਰਲੀ ਉੱਤੇ ਚਿੱਤੜ ਟਿਕਾ ਕੇ

ਜ਼ਮੀਨ ਉੱਤੇ ਪੈਰ ਟਿਕਾਈ ਧੰਨਾ ਸਿੰਘ ਨਾਲ ਗੱਲਾਂ ਕਰਨ ਲੱਗ ਪਏ। ਕੋਲ ਹੀ ਥਾਣੇਦਾਰ ਗੁਲਜ਼ਾਰਾ ਸਿੰਘ ਉਹਨਾਂ ਦੇ ਸੱਜੇ ਅਤੇ ਧੰਨਾ ਸਿੰਘ ਦੇ ਖੱਬੇ ਖਲੋਤਾ ਸੀ। ਹੋਰ ਮਰਨ ਵਾਲੇ ਧੰਨਾ ਸਿੰਘ ਦੇ ਸੱਜੇ ਅਤੇ ਜ਼ਖ਼ਮੀ ਹੋਣ ਵਾਲੇ ਖੱਬੇ ਖੜੋਤੇ ਸਨ। ਡੰਗਰ ਤੇ ਤੂੜੀ ਦਾ ਕੁੱਪ ਧੰਨਾ ਸਿੰਘ ਦੇ ਸੱਜੇ ਪਾਸੇ ਸਨ ਅਤੇ ਬੰਬ ਵੀ ਸੱਜੀ ਕੂਹਣੀ ਦੇ ਸਾਹਮਣੇ ਵਾਲੀ ਜੇਬ ਵਿਚ ਹੀ ਸੀ।

ਪੁਲਸ ਕਪਤਾਨ ਮਿਸਟਰ ਹੌਰਟਨ ਨੇ ਮਖੌਲ ਕਰਦਿਆਂ ਕਿਹਾ ਕਿ "ਵੈੱਲ ਮਿਸਟਰ ਧੰਨਾ ਸਿੰਘ, ਟੁਮ ਬੋਲਟਾ ਠਾ, ਗਰਿਫ਼ਟਾਰ ਨਹੀਂ ਹੋਗਾ। ਅਬ ਬੋਲੋ।" ਏਨੇਂ ਵਿਚ ਧੰਨਾ ਸਿੰਘ ਦੀ ਉਂਗਲੀ ਜਾਂ ਅੰਗੂਠਾ ਛੱਲੇ ਵਿਚ ਫਸ ਚੁਕਿਆ ਸੀ। ਬੰਬ ਦਾ ਪਿੰਨ ਨਿਕਲਦਿਆਂ ਹੀ ਧਮਾਕਾ ਹੋ ਗਿਆ। ਕਰਮ ਸਿੰਘ ਦੇ ਤਿੰਨ-ਚਾਰ ਪਸ਼ੂ ਵੀ ਮਰ ਗਏ ਸਨ ਅਤੇ ਤੂੜੀ ਦਾ ਕੁੱਪ ਵੀ ਉੱਡ ਗਿਆ ਸੀ। ਦਸਦੇ ਸਨ ਕਿ ਜੇ ਡੰਗਰ ਅਤੇ ਕੁੱਪ ਨਾ ਹੁੰਦੇ ਤਾਂ ਪਤਾ ਨਹੀਂ ਕਿੰਨੇ ਹੋਰ ਪੁਲਸੀਏ ਉੱਡ ਜਾਂਦੇ।

ਦੋਨੋਂ ਪੁਲਸ ਕਪਤਾਨ ਅਤੇ ਥਾਣੇਦਾਰ ਗੁਲਜ਼ਾਰਾ ਸਿੰਘ ਜਲੰਧਰ ਛਾਉਣੀ ਦੇ ਮਿਲਟਰੀ ਹਸਪਤਾਲ ਵਿਚ ਦਾਖ਼ਲ ਸਨ। ਗੁਲਜ਼ਾਰਾ ਸਿੰਘ ਦੇ ਲੜਕੇ, ਜਿਹੜਾ ਪੁਲਸ ਵਿਚੋਂ ਹੁਣ ਰੀਟਾਇਰ ਹੋ ਚੁਕਿਆ ਹੈ, ਨੇ ਮੈਨੂੰ ਦਸਿਆ ਸੀ ਕਿ ਜਿਸ ਵੇਲੇ ਉਹਦਾ ਬਾਪ ਹਸਪਤਾਲ ਵਿਚ ਦਾਖ਼ਲ ਸੀ, ਉਹ ਉਹਦੇ ਕੋਲ ਹੀ ਰਹਿੰਦਾ ਸੀ। ਇਕ ਦਿਨ ਰਾਤ ਨੂੰ ਹੌਰਟਨ ਰੌਲਾ ਪਾਉਣ ਲੱਗ ਪਿਆ ਕਿ ਧੰਨਾ ਸਿੰਘ ਆ ਗਿਆ ਅਤੇ ਸਿਰ-ਭਾਰ ਮੰਜੇ ਤੋਂ ਥੱਲੇ ਡਿਗਦਾ ਹੀ ਮਰ ਗਿਆ। ਥੋੜ੍ਹੇ ਦਿਨਾਂ ਬਾਅਦ ਉਹਦਾ ਬਾਪ ਵੀ ਚਲਾਣਾ ਕਰ ਗਿਆ ਸੀ। ਜੈਨਕਿਨ ਬਚ ਤਾਂ ਗਿਆ ਸੀ, ਪਰ ਉਹਦੀਆਂ ਦੋਨੋਂ ਲੱਤਾਂ ਗੋਡਿਆਂ ਦੇ ਉੱਤੋਂ ਵਢੀਆਂ ਜਾ ਚੁਕੀਆਂ ਸਨ। ਉਹ, ਸਮਝ ਲਉ, ਮਿੱਟੀ ਦੀ ਬੋਰੀ ਹੀ ਬਣ ਚੁਕਿਆ ਸੀ। ਅਰਦਲੀ ਹੀ ਚਕਦੇ-ਥਲਦੇ ਸਨ। ਹੱਥਾਂ ਵਿਚ ਦੋ ਫੌਹੜੀਆਂ ਲੈ ਕੇ ਕੋਹੜਿਆਂ ਵਾਂਗ ਅੱਗੇ-ਪਿੱਛੇ ਹੋਣ ਲੱਗ ਪਿਆ ਸੀ। ਇਕ ਸਪਰਿੰਗਾਂ ਵਾਲੀ ਆਰਾਮ-ਕੁਰਸੀ ਉੱਤੇ ਅਰਦਲੀ ਲਈ ਫਿਰਦੇ ਸਨ। ਦਸਦੇ ਹਨ ਕਿ ਪੁਲਸ ਦੇ ਡਾਇਰੈਕਟਰ ਦੇ ਅਹੁਦੇ ਤੋਂ ਰਿਟਾਇਰ ਹੋ ਕੇ ਵਲੈਤ ਨੂੰ ਚਲਿਆ ਗਿਆ ਸੀ। ਯਕੀਨ ਹੈ ਕਿ ਉਹਨੇ ਵਲੈਤ ਜਾ ਕੇ ਬਬਰ ਧੰਨਾ ਸਿੰਘ ਦੀ ਕਥਾ ਆਪਣੇ ਦੇਸ-ਵਾਸੀ ਮਿੱਤਰਾਂ ਨੂੰ ਜ਼ਰੂਰ ਸੁਣਾਈ ਹੋਵੇਗੀ।

ਗੁਲਜ਼ਾਰਾ ਸਿੰਘ ਦੀ ਮੌਤ ਤੋਂ ਬਾਅਦ ਉਹਦੀ ਔਲਾਦ ਨੂੰ ਬਾਰ ਵਿਚ ਦੋ ਮੁਰੱਬੇ ਮਿਲ ਗਏ ਸਨ ਅਤੇ ਉਹਦੇ ਲੜਕਿਆਂ ਨੂੰ, ਜਿਹੜੇ ਹਾਲੇ ਸਕੂਲੇ ਪੜ੍ਹ ਰਹੇ ਸਨ, ਪੁਲਸ ਦੀ ਨੌਕਰੀ ਮਿਲ ਗਈ ਸੀ। ਉਮਰਾਉ ਸਿੰਘ, ਵੱਡਾ ਲੜਕਾ ਹੌਲਦਾਰੀ ਤੋਂ ਰਿਟਾਇਰ ਹੋ ਕੇ ਅੱਜ-ਕੱਲ੍ਹ ਹੁਸ਼ਿਆਰਪੁਰ ਹੀ ਰਹਿੰਦਾ ਹੈ। ਮੇਰਾ ਚੰਗਾ ਵਾਕਿਫ਼ ਹੈ ਅਤੇ ਹੌਰਟਨ ਦੀ ਮੌਤ ਬਾਰੇ ਤੇ ਜੈਨਕਿਨ ਬਾਰੇ ਜਾਣਕਾਰੀ ਉਹਦੀ ਹੀ ਦੱਸੀ ਹੋਈ ਮੈਂ ਲਿਖ ਦਿੱਤੀ ਹੈ। ਉਹਨਾਂ ਦੀ ਮੁਰਬਿਆਂ ਦੀ ਅਲਾਟਮੈਂਟ ਪਿੰਡ ਫਲਾਹੀ, ਥਾਣਾ ਸਦਰ ਹੁਸ਼ਿਆਰਪੁਰ ਵਿਚ ਹੋ ਚੁੱਕੀ ਹੈ।

ਧੰਨਾ ਸਿੰਘ ਦੀ ਸ਼ਹਾਦਤ ਮਗਰੋਂ ਅੰਗਰੇਜ਼ ਸਰਕਾਰ ਨੇ ਉਹਨਾਂ ਮਰ ਚੁੱਕੇ ਪੁਲਸੀਆਂ ਦੀ ਯਾਦ ਖ਼ਾਤਰ ਥਾਣਾ ਸਦਰ ਹੁਸ਼ਿਆਰਪੁਰ ਦੇ ਵੱਡੇ ਦਰਵਾਜ਼ੇ ਦੇ ਬਿਲਕੁਲ ਸਾਹਮਣੇ ਛੋਟੀ ਜਿਹੀ ਬਗੀਚੀ ਬਣਾ ਕੇ ਵਿਚਕਾਰ ਸੰਗਮਰਮਰ ਉੱਤੇ ਸਾਰਿਆਂ ਦੇ ਨਾਂ ਲਿਖ ਛੱਡੇ ਸਨ ਅਤੇ ਆਲੇ-ਦੁਆਲੇ ਮੋਟਾ ਸੰਗਲ ਫੇਰਿਆ ਹੋਇਆ

ਸੀ। 1947 ਦੀ ਆਜ਼ਾਦੀ ਤੋਂ ਬਾਅਦ 1975 ਤੱਕ ਉਹ ਯਾਦਗਾਰ ਬਾਕਾਇਦਾ ਪੰਜਾਬ ਸਰਕਾਰ ਨੇ ਸੰਭਾਲ ਕੇ ਕਾਇਮ ਰੱਖੀ। ਭਾਰਗੋ, ਸੱਚਰ ਅਤੇ ਕੈਰੋਂ ਮਨਿਸਟਰੀਆਂ ਆਈਆਂ ਅਤੇ ਚਲੀਆਂ ਵੀ ਗਈਆਂ, ਪਰ ਉਹ ਮਨਹੂਸ ਯਾਦਗਾਰ ਹਟਾ ਕੇ, ਉਸ ਸਿਰਲੱਥ ਯੋਧੇ ਦੀ ਯਾਦਗਾਰ ਕਾਇਮ ਕਰਨ ਦੀ ਫੁਰਸਤ ਸਾਡੀ ਕਿਸੇ ਮਨਿਸਟਰੀ ਨੂੰ ਨਾ ਮਿਲੀ, ਜੀਹਨੇ ਗ਼ੁਲਾਮੀ ਦੇ ਸੰਗਲ ਤੋੜਨ ਲਈ ਆਪਣੇ ਜਿਸਮ ਦੇ ਟੁਕੜੇ ਕਰਵਾਏ ਸਨ। ਅਕਾਲੀ ਸਰਕਾਰ ਵੀ ਆਈ ਅਤੇ ਚਲੀ ਵੀ ਗਈ। ਸਟੇਜਾਂ ਉੱਤੇ ਖੜ੍ਹੋ-ਖੜ੍ਹੋ ਬਬਰ ਯੋਧਿਆਂ ਦੀਆਂ ਕੁਰਬਾਨੀਆਂ ਦੇ ਸੋਹਿਲੇ ਵੀ ਗਾਏ ਗਏ। ਪਰ ਉਹਨਾਂ ਥਾਂਵਾਂ ਉੱਤੇ, ਜਿਥੇ ਸ਼ਹੀਦਾਂ ਦਾ ਖ਼ੂਨ ਡੁਲ੍ਹਿਆ ਸੀ, ਕਿਸੇ ਕਿਸਮ ਦੀ ਛੋਟੀ-ਮੋਟੀ ਯਾਦਗਾਰ ਕਾਇਮ ਕਰਨ ਦੀ ਵੀ ਕਿਸੇ ਸਰਕਾਰ ਨੂੰ ਵਿਹਲ ਨਹੀਂ ਮਿਲੀ।

# 53. ਕੋਟਲੀ ਬਾਵਾਦਾਸ ਵਾਲੇ ਜਵਾਲਾ ਸਿੰਘ ਦਾ ਕਤਲ

13-14 ਨਵੰਬਰ 1923 ਦੀ ਰਾਤ ਦੀ ਇਹ ਘਟਨਾ ਜੱਜਮੈਂਟ ਦੇ ਸਫਾ 113 ਉੱਤੇ ਦਰਜ ਹੈ। ਲੜੀ ਜੋੜੀ ਰੱਖਣ ਲਈ ਮੈਂ ਵਾਇਦਾ-ਮੁਆਫ਼ ਧੰਨਾ ਸਿੰਘ ਦੇ ਬਿਆਨ, ਜਿਹੜਾ ਪੇਪਰ-ਬੁੱਕ ਦੇ ਸਫ਼ਾ 272 ਉੱਤੇ ਦਰਜ ਹੈ, ਦਾ ਸੰਖੇਪ ਜਿਕਰ ਕਰਨਾ ਜਰੂਰੀ ਸਮਝਦਾ ਹਾਂ। ਉਹ ਦਸਦਾ ਹੈ ਕਿ ਸਾਂਧਰੇ ਵਾਲੇ ਬਿਸ਼ਨ ਸਿੰਘ ਨੂੰ ਕਤਲ ਕਰਨ ਦੀ ਕੋਸ਼ਿਸ਼ ਤੋਂ ਬਾਅਦ ਜਿਸ ਵੇਲੇ ਉਹ ਭੱਜੇ ਜਾ ਰਹੇ ਸਨ, ਤਾਂ ਭੋਲਾ ਸਿੰਘ ਸੁਰਹੜਾ ਇਕ ਸੁੱਕੇ ਖੂਹ ਵਿਚ ਡਿੱਗ ਪਿਆ। ਉਹ ਬੰਤਾ ਸਿੰਘ ਅਤੇ ਧੰਨਾ ਸਿੰਘ ਦੀਆਂ ਪੱਗਾਂ ਨਾਲ ਕਢਿਆ। ਫੇਰ ਉਹ ਅਧਕਾਰਿਆਂ ਵਾਲੇ ਦੀਵਾਨ ਸਿੰਘ ਕੋਲ ਪੁੱਜੇ। ਉਹਤੋਂ ਵਰਿਆਮ ਸਿੰਘ ਲਈ ਇਕ ਪੱਗ ਲਈ ਅਤੇ ਦੀਵਾਨ ਸਿੰਘ ਨੂੰ ਬਿਸ਼ਨ ਸਿੰਘ ਦਾ ਪਤਾ ਕਰਨ ਲਈ ਸਾਂਧਰੇ ਘੱਲਿਆ। ਫੇਰ ਸਾਰੇ ਵੱਖਰੇ ਹੋ ਗਏ ਅਤੇ ਧੰਨਾ ਸਿੰਘ ਇਕੱਲਾ ਹੋ੍ਗਿਆ। 10-12 ਦਿਨਾਂ ਬਾਅਦ ਸਾਰੇ ਜ਼ਿਲਾ ਅੰਮ੍ਰਿਤਸਰ, ਬੁਟਾਲੇ ਵਿਚ ਫੇਰ ਮਿਲ ਪਏ, ਜਿਥੇ ਪੱਤਾ ਲਗਿਆ ਕਿ ਬਾਬੂ ਸੰਤਾ ਸਿੰਘ ਗਰਿਫਤਾਰ ਹੋ ਚੁੱਕਿਆ ਹੈ ਅਤੇ ਖ਼ਬਰ ਅਖ਼ਬਾਰਾਂ ਵਿਚ ਛਪ ਚੁੱਕੀ ਸੀ। ਵਰਿਆਮ ਸਿੰਘ ਨੇ ਕਿਹਾ ਕਿ ਸਾਨੂੰ ਹੁਣ ਹੋਰ ਝੋਲੀ-ਚੁੱਕਾਂ ਨੂੰ ਲੁੱਟ ਕੇ ਫ਼ੰਡ ਇਕੱਠਾ ਕਰਨਾ ਚਾਹੀਦਾ ਹੈ ਤਾਂ ਜੋ ਜਥੇ ਵਿਚ ਹੋਰ ਮੈਂਬਰ ਭਰਤੀ ਕੀਤੇ ਜਾ ਸਕਣ ਅਤੇ ਹਥਿਆਰ ਖ਼ਰੀਦੇ ਜਾ ਸਕਣ। ਫੇਰ ਤਿੰਨੇਂ ਹੀ ਮਿੰਟਗੁਮਰੀ ਅਤੇ ਲਾਇਲਪੁਰ ਦੇ ਇਲਾਕੇ ਵਿਚੋਂ ਘੁੰਮ-ਘੁੰਮਾ ਕੇ ਆਲੋਵਾਲ, ਜ਼ਿਲਾ ਅੰਮ੍ਰਿਤਸਰ ਵਿਚ ਆਪਣੇ ਇਕ ਵਾਕਿਫ਼ ਨਿੱਕਾ ਸਿੰਘ ਨੂੰ ਆ ਮਿਲੇ ਅਤੇ ਦੱਸਿਆ ਕਿ ਅਸੀਂ ਬਬਰ ਜਥੇ ਵਿਚ ਸ਼ਾਮਲ ਹੋਣ ਪਿੱਛੋਂ ਝੋਲੀ-ਚੁੱਕਾਂ ਦਾ ਸੁਧਾਰ ਕਰ ਰਹੇ ਹਾਂ। ਨਿੱਕਾ ਸਿੰਘ ਨੇ ਵੀ ਜਥੇ ਵਿਚ ਭਰਤੀ ਹੋਣ ਦੀ ਇੱਛਾ ਜ਼ਾਹਰ ਕੀਤੀ। ਉਹਨੇ ਹੋਰ ਮੈਂਬਰ ਬਣਾਉਣ ਦਾ ਵੀ ਇਕਰਾਰ ਕੀਤਾ।

ਫੇਰ ਵਰਿਆਮ ਸਿੰਘ, ਬੰਤਾ ਸਿੰਘ ਅਤੇ ਧੰਨਾ ਸਿੰਘ ਆਪਣੇ ਪਿੰਡਾਂ ਵੱਲ ਆ ਗਏ ਅਤੇ ਮੁੰਡੀਆਂ ਵਾਲੇ ਸੁਨਿਆਰੇ ਨੰਦ ਨੂੰ ਮਿਲੇ ਤੇ ਉਹਦੇ ਕੋਲੋਂ ਉਹਦੀ ਬੰਦੂਕ ਤੇ 25 ਕਾਰਤੂਸ ਇਹ ਕਹਿ ਕੇ ਲੈ ਲਏ ਕਿ ਅਸੀਂ ਬੱਲੋਵਾਲ ਰਸਾਲੇ ਦੀ ਚੌਕੀ ਉਤੇ ਹਮਲਾ ਕਰਕੇ ਉਹਨਾਂ ਤੋਂ ਪੱਕੀਆਂ ਰਫਲਾਂ ਖੋਹਣੀਆਂ ਚਾਹੁੰਦੇ ਹਾਂ ਤੇ 3-4 ਦਿਨਾਂ ਪਿੱਛੋਂ ਇਹ ਬੰਦੂਕ ਵਾਪਸ ਕਰ ਦਿਆਂਗੇ। ਉਹ ਵਾਪਸ ਨਹੀਂ ਸੀ ਕੀਤੀ ਗਈ।

ਬੂਲੋਵਾਲ ਕਿਉਂਕਿ ਪਹਿਰਾ ਬਹੁਤ ਸਖ਼ਤ ਸੀ, ਸੋ ਹਮਲਾ ਕਰਨ ਦਾ ਮੌਕਾ ਨਾ ਮਿਲ ਸਕਿਆ ਤਾਂ ਉਹ ਸੀਂਗੜੀ ਵਾਲੇ ਸੰਤ, ਜਿਹੜਾ ਪਿੰਡੋਂ ਬਾਹਰ ਰਹਿੰਦਾ ਸੀ, ਕੋਲ ਆ ਗਏ। ਇਹ ਵਰਿਆਮ ਸਿੰਘ ਦਾ ਚਾਚਾ ਸੀ ਅਤੇ ਰਾਜੋਵਾਲੀਏ ਸੰਤ ਠਾਕੁਰ ਸਿੰਘ ਦਾ ਗੁਰ-ਭਾਈ ਸੀ। ਇਥੇ ਸੀਂਗੜੀ ਵਾਲੇ ਕਰਤਾਰ ਸਿੰਘ ਦੀ ਮਦਦ ਨਾਲ ਰੰਧਾਵਿਆਂ ਵਾਲੇ ਸੂਬੇਦਾਰ ਸੁੰਦਰ ਸਿੰਘ ਅਤੇ ਉਹਦੇ ਲੜਕੇ ਲਛਮਣ ਸਿੰਘ ਨੂੰ ਕਤਲ ਕਰਨ ਦੀ ਕੋਸ਼ਿਸ਼ ਫੇਰ ਕੀਤੀ ਗਈ, ਪਰ ਦਾਅ ਨਾ ਲੱਗ ਸਕਿਆ। ਫੇਰ ਵਰਿਆਮ ਸਿੰਘ ਲਾਇਲਪੁਰ ਵੱਲ ਚਲਿਆ ਗਿਆ ਅਤੇ ਦੋਨੋਂ ਧਨੀ ਪਿੰਡ ਜਗਤ ਸਿੰਘ ਕੋਲ ਗਏ, ਜੀਹਦੇ ਕੋਲ ਉਹ 49 ਗੋਲੀਆਂ ਰੱਖ ਗਏ ਸਨ, ਜਿਹੜੀਆਂ ਪੁਲਸ ਲਿਜਾ ਚੁੱਕੀ ਸੀ।

ਉਥੋਂ ਇਹ ਭਵਆਣੇ ਆਏ ਅਤੇ ਦਸੌਂਧਾ ਸਿੰਘ ਤੋਂ ਆਪਣਾ ਪਸਤੌਲ ਮੰਗਿਆ, ਜਿਹੜਾ ਤੂੜੀ ਵਿਚ ਲੁਕੋਇਆ ਹੋਇਆ ਸੀ। ਉਹ ਲੱਭ ਨਾ ਸਕਿਆ। ਉਥੋਂ ਭੁਮੇਲੀ ਰਾਮਗੜ੍ਹੀਆਂ ਦੀ ਕੋਠੀ ਆਏ। ਵਡਾ ਕਰਤਾਰ ਸਿੰਘ ਕਿਤੇ ਸ਼ਾਦੀ ਉੱਤੇ ਗਿਆ ਹੋਇਆ ਸੀ। ਉਥੋਂ ਬੰਤਾ ਸਿੰਘ ਤੇ ਧੰਨਾ ਸਿੰਘ ਅਲਾਵਲਪੁਰ ਲਾਗੇ ਸਮਸਤਪੁਰ ਸੁਰੈਣ ਸਿੰਘ ਕੋਲ ਆਏ। ਉਥੇ ਵਰਿਆਮ ਸਿੰਘ ਧੁੱਗਾ ਵੀ ਮਿਲ ਪਿਆ, ਜਿਹੜਾ ਲਾਇਲਪੁਰ ਵੱਲ ਚੱਕਰ ਮਾਰ ਆਇਆ ਸੀ। ਇਹ ਕਣਕ ਦੀ ਬੀਜਾਈ ਦਾ ਸਮਾਂ ਸੀ। ਇਥੇ ਹੀ ਜਵਾਲਾ ਸਿੰਘ ਦੇ ਕਤਲ ਦਾ ਪ੍ਰੋਗਰਾਮ ਬਣਦਾ ਹੈ।

ਕੋਟਲੀ ਬਾਵਾਦਾਸ ਦੇ ਦੋ ਸਕੇ ਭਰਾ ਜਵਾਲਾ ਸਿੰਘ ਅਤੇ ਨਰੈਣ ਸਿੰਘ ਉਹਨਾਂ ਦਿਨਾਂ ਵਿਚ ਸ਼ਾਹੂਕਾਰਾ ਕਰ ਰਹੇ ਸਨ। ਉਹ ਜਰੂਰਤਮੰਦ ਲੋਕਾਂ ਦੀ ਖ਼ੂਬ ਚਮੜੀ ਉਧੇੜਦੇ ਸਨ। ਪੈਸਾ ਰੁਪਿਆ ਸੂਦ-ਦਰ-ਸੂਦ ਦਾ ਆਮ ਰਿਵਾਜ ਸੀ, ਜਿਹੜਾ ਅੰਗਰੇਜ਼ ਹਕੂਮਤ ਦੀ ਸਰਪ੍ਰਸਤੀ ਥੱਲੇ ਪੂਰੇ ਜੋਬਨ ਉੱਤੇ ਚੱਲ ਰਿਹਾ ਸੀ। ਕਰਜ਼ਾ ਲੈਣ ਵਾਲਾ ਪੁਸ਼ਤ-ਦਰ-ਪੁਸ਼ਤ ਇਹਨਾਂ ਦੁਸ਼ਟਾਂ ਦੇ ਕਬਜ਼ੇ ਵਿਚੋਂ ਨਹੀਂ ਸੀ ਨਿਕਲ ਸਕਦਾ ਅਤੇ ਇਹੋ ਲੋਕ ਅੰਗਰੇਜ਼ ਸਾਮਰਾਜ ਦੀ ਰੀੜ ਦੀ ਹੱਡੀ ਦਾ ਕੰਮ ਦੇ ਰਹੇ ਸਨ। ਅਗੋਂ ਇਹਨਾਂ ਦੁਸ਼ਟਾਂ ਦੀਆਂ ਔਲਾਦਾਂ ਨੂੰ ਹੀ ਸਰਕਾਰੀ ਨੌਕਰੀਆਂ ਵਿਚ ਤਰਜੀਹ ਮਿਲਦੀ ਸੀ। ਇਹੋ ਹੀ ਕਾਰਨ ਸੀ ਕਿ ਬਬਰਾਂ ਨੇ ਦਰਖ਼ਤ ਦੀਆਂ ਪਹਿਲਾਂ ਜੜ੍ਹਾਂ ਵੱਢਣ ਦਾ ਪ੍ਰੋਗਰਾਮ ਬਣਾ ਕੇ ਹੀ ਕੁਹਾੜਾ ਚਲਾਉਣਾ ਸ਼ੁਰੂ ਕੀਤਾ ਸੀ ਅਤੇ ਕਾਫ਼ੀ ਮਜ਼ਬੂਤ ਜੜ੍ਹਾਂ ਵੱਢੀਆਂ ਵੀ ਜਾ ਚੁਕੀਆਂ ਸਨ। ਪਹਿਲੀ ਮਜ਼ਬੂਤ ਜੜ ਰਾਣੀਬੂਹੇ ਵਾਲੇ ਜ਼ੈਲਦਾਰ ਨੂੰ ਵੱਢ ਕੇ ਬਬਰਾਂ ਨੇ ਮਹੂਰਤ ਕੀਤਾ ਸੀ।

ਹੁਣ ਮੈਂ ਅਗਲਾ ਹਾਲ ਲਿਖਣ ਤੋਂ ਪਹਿਲਾਂ ਜਵਾਲਾ ਸਿੰਘ ਦੇ ਭਰਾ ਦਾ ਬਿਆਨ ਦਰਜ ਕਰ ਦੇਣਾ ਠੀਕ ਸਮਝਦਾ ਹਾਂ (ਪੇਪਰ-ਬੁੱਕ ਸਫ਼ਾ 541, ਸਰਕਾਰੀ ਗਵਾਹ ਨੰ: 245, ਨਰੈਣ ਸਿੰਘ ਵਲਦ ਸ਼ੇਰ ਸਿੰਘ, ਉਮਰ 45 ਸਾਲ, ਜ਼ਾਤ ਜੱਟ, ਪਿੰਡ ਕੋਟਲੀ ਬਾਵਾਦਾਸ, ਜ਼ਿਲਾ ਹੁਸ਼ਿਆਰਪੁਰ, 13 ਅਕਤੂਬਰ 1924) :

"ਕਤਲ ਹੋ ਚੁੱਕਿਆ ਜਵਾਲਾ ਸਿੰਘ ਮੇਰਾ ਸਕਾ ਭਰਾ ਸੀ। ਫੋਟੋ (ਪੀ 685) ਉਸ ਮਕਾਨ ਦੀ ਹੈ ਜੀਹਦੇ ਵਿਚ ਮੇਰਾ ਭਰਾ ਜਵਾਲਾ ਸਿੰਘ ਰਹਿੰਦਾ ਸੀ ਅਤੇ ਮੈਂ ਵੀ ਉਸੇ ਘਰ ਵਿਚ ਰਹਿੰਦਾ ਸੀ। ਮੈਂ ਮਕਾਨ ਦੇ ਹੇਠਲੇ ਹਿੱਸੇ ਵਿਚ ਰਹਿੰਦਾ ਸੀ ਅਤੇ ਮੇਰਾ ਭਰਾ ਚੁਬਾਰੇ ਵਿਚ ਰਹਿੰਦਾ ਸੀ। ਮੈਂ ਆਪਣੇ ਪਿੰਡ ਦੇ ਧੰਨਾ ਸਿੰਘ ਵਾਇਦਾ-ਮੁਆਫ਼ (ਗਵਾਹ ਨੰ: 29) ਨੂੰ ਜਾਣਦਾ ਹਾਂ, ਜਿਹੜਾ ਐਸ ਵੇਲੇ ਅਦਾਲਤ ਵਿਚ ਮੌਜੂਦ

ਹੈ। ਧੰਨਾ ਸਿੰਘ, ਵਰਿਆਮ ਸਿੰਘ ਧੁੱਗਾ ਅਤੇ ਬੰਤਾ ਸਿੰਘ ਧਾਮੀਆਂ, ਸਾਰੇ ਬਬਰ ਜਥੇ ਦੇ ਮੈਂਬਰ ਸਨ। ਦੋ ਐਸ ਵੇਲੇ ਮਰ ਚੁੱਕੇ ਹਨ ਅਤੇ ਉਹਨਾਂ ਦਿਨਾਂ ਵਿਚ ਭਗੌੜੇ ਹੋ ਚੁੱਕੇ ਸਨ। ਸਰਕਾਰੀ ਅਫ਼ਸਰਾਂ ਨੂੰ ਸ਼ੱਕ ਪੈ ਚੁੱਕਿਆ ਸੀ ਕਿ ਬੇਅੰਤ ਸਿੰਘ ਲੰਬੜਦਾਰ ਜਾਣ-ਬੁੱਝ ਕੇ ਧੰਨਾ ਸਿੰਘ ਨੂੰ ਗਰਿਫ਼ਤਾਰ ਨਹੀਂ ਕਰਾ ਰਿਹਾ। ਤਹਿਸੀਦਾਰ ਸਾਡੇ ਪਿੰਡ ਆ ਕੇ ਸਾਨੂੰ ਕਿਹਾ ਕਰਦਾ ਸੀ ਕਿ ਜੇ ਜਵਾਲਾ ਸਿੰਘ ਕੋਸ਼ਿਸ਼ ਕਰਕੇ ਧੰਨਾ ਸਿੰਘ ਤੇ ਉਹਦੇ ਸਾਥੀ ਬਬਰਾਂ ਨੂੰ ਗਰਿਫ਼ਤਾਰ ਕਰਵਾ ਦੇਵੇ ਤਾਂ ਉਹਨੂੰ ਬੇਅੰਤ ਸਿੰਘ ਦੀ ਥਾਂ ਲੰਬੜਦਾਰ ਬਣਾ ਦਿੱਤਾ ਜਾਵੇਗਾ। ਮੈਂ ਅਤੇ ਮੇਰਾ ਭਰਾ ਬਬਰ ਅਕਾਲੀ ਤਹਿਰੀਕ ਦੇ ਪੂਰੀ ਤਰ੍ਹਾਂ ਖਿਲਾਫ਼ ਸੀ।

"ਬੈਰਿਸਟਰ ਹਰਬਖ਼ਸ਼ ਸਿੰਘ ਜਿਹੜਾ ਹੁਸ਼ਿਆਰਪੁਰ ਵਿਚ ਪ੍ਰੈਕਟਿਸ ਕਰ ਰਿਹਾ ਹੈ, ਸਾਡਾ ਭਣੋਈਆ ਹੈ। ਉਹ ਨਵੰਬਰ 1923 ਵਿਚ ਲੈਜਿਸਲੇਚਰ ਦੀ ਚੋਣ ਲਈ ਬਤੌਰ ਕੈਂਡੀਡੇਟ ਵੋਟਰਾਂ ਨੂੰ ਕਹਿਣ ਵਾਸਤੇ ਸਾਡੇ ਕੋਲ ਆਇਆ ਸੀ ਅਤੇ ਅਗਲੀ ਸਵੇਰ ਮੈਂ ਅਤੇ ਮੇਰਾ ਭਰਾ ਜਵਾਲਾ ਸਿੰਘ ਉਹਦੇ ਨਾਲ ਆਲੇ-ਦੁਆਲੇ ਦੇ ਪਿੰਡਾਂ ਵਿਚ ਵੋਟਰਾਂ ਨੂੰ ਕਹਿਣ ਲਈ ਗਏ ਸੀ।" (ਨੋਟ : ਉਹਨਾਂ ਦਿਨਾਂ ਵਿਚ ਵੋਟਰ ਬਹੁਤ ਘੱਟ ਹੁੰਦੇ ਸਨ। ਕੋਈ ਵਕੀਲ, ਲੰਬੜਦਾਰ, ਸਫੈਦਪੋਸ਼, ਜ਼ੈਲਦਾਰ ਜਾਂ ਖ਼ਾਸ ਹੱਦ ਤੱਕ ਸਰਕਾਰੀ ਮਾਮਲਾ ਅਦਾ ਕਰਨ ਵਾਲਾ, ਆਦਿ ਹੀ ਵੋਟਰ ਹੋਇਆ ਕਰਦੇ ਸਨ, ਜਿਨ੍ਹਾਂ ਦੀਆਂ ਵੋਟਾਂ ਡਿਪਟੀ ਕਮਿਸ਼ਨਰ ਦੇ ਇਸ਼ਾਰੇ ਉੱਤੇ ਹੀ ਪੈ ਸਕਦੀਆਂ ਸਨ ਅਤੇ ਮੈਂਬਰ ਵੀ ਕੱਟੜ ਤੋਂ ਕੱਟੜ ਅੰਗਰੇਜ-ਭਗਤ ਹੀ ਬਣ ਸਕਦੇ ਸਨ। ਅੱਜ ਵਾਂਗੂ ਹੇੜ੍ਹਾਂ ਦੀਆਂ ਹੇੜ੍ਹਾਂ ਨਹੀਂ ਸਨ ਹੁੰਦੀਆਂ, ਜਿਨ੍ਹਾਂ ਨੂੰ ਭੇਡਾਂ ਵਾਂਗੂੰ ਚਾਲਾਕ ਨੁਮਾਇੰਦਿਆਂ ਜਾਂ ਭਾਂਤ-ਭਾਂਤ ਦੀਆਂ ਪਾਰਟੀਆਂ ਵੱਲੋਂ ਲਾਰੇ ਲਾ-ਲਾ ਤੋਰ ਲਿਆ ਜਾਂਦਾ ਹੈ।)

ਫੇਰ ਜਵਾਲਾ ਸਿੰਘ ਦੇ ਕਤਲ ਦੀ ਕਾਰਵਾਈ ਅਤੇ ਦੋਹਾਂ ਭਰਾਵਾਂ ਦੀਆਂ ਬਹੀਆਂ ਤੇ ਅਸ਼ਟਾਮ ਜਿਵੇਂ ਸਾੜੇ ਗਏ ਤੇ ਘਰੋਂ ਜੋ ਕੁਝ ਬਬਰਾਂ ਦੇ ਹੱਥ ਆਇਆ, ਜਿਵੇਂ ਅਗਲੀ ਸਵੇਰੇ ਜਵਾਲਾ ਸਿੰਘ ਦੀ ਲਾਸ਼ ਮਿਲੀ, ਥਾਣੇ ਰਪੋਟਾ-ਰਪਾਟੀ ਹੋਈ, ਪੁਲਸ ਆਈ, ਪੋਸਟ-ਮਾਰਟਮ ਹੋਇਆ ਤੇ ਫਰਦਾਂ ਬਣੀਆਂ, ਇਹ ਸਾਰਾ ਕੁਝ ਬਿਆਨ ਵਿਚ ਦਰਜ ਹੈ।

ਇਥੇ ਆ ਕੇ ਮੈਂ ਧੰਨਾ ਸਿੰਘ ਦਾ ਬਿਆਨ ਦਰਜ ਕਰ ਰਿਹਾ ਹਾਂ ਜੀਹਨੇ ਕਤਲ ਦੀ ਪੂਰੀ ਜਾਣਕਾਰੀ ਦਿੱਤੀ ਹੋਈ ਹੈ। ਪੇਪਰ-ਬੁੱਕ ਦੇ ਸਫ਼ਾ 273 ਉੱਤੇ ਉਹ ਬਿਆਨ ਜਾਰੀ ਰਖਦਾ ਹੋਇਆ ਦਸਦਾ ਹੈ ਕਿ ਉਹਨਾਂ ਨੇ ਹੋਰ ਮਦਦ ਲੈਣ ਲਈ ਵੀ ਸਲਾਹ ਕੀਤੀ ਅਤੇ ਧੰਨਾ ਸਿੰਘ ਨੂੰ ਆਲੋਵਾਲ, ਜ਼ਿਲਾ ਅੰਮ੍ਰਿਤਸਰ ਤੋਂ ਨਿੱਕਾ ਸਿੰਘ ਕੋਲ ਭੇਜ ਦਿੱਤਾ। ਉਹ ਬੁਟਾਰੀ ਸਟੇਸ਼ਨ ਤੋਂ ਉੱਤਰ ਕੇ ਨਿੱਕਾ ਸਿੰਘ ਨੂੰ ਜਾ ਮਿਲਿਆ, ਜਿਹੜਾ ਬਬਰ ਜਥੇ ਦਾ ਮੈਂਬਰ ਬਣ ਚੁੱਕਿਆ ਸੀ। ਧੰਨਾ ਸਿੰਘ ਨੇ ਉਹਨੂੰ ਆਪਣੇ ਪਿੰਡ ਦੇ ਹੀ ਇਕ ਝੋਲੀ-ਚੁੱਕ ਨੂੰ ਕਤਲ ਕਰਨ ਦੀ ਗੱਲ ਦੱਸੀ। ਇਹ ਵੀ ਕਿਹਾ ਕਿ ਜੇ ਨਿੱਕਾ ਸਿੰਘ ਹੋਰ ਬੰਦੇ ਵੀ ਇਸ ਕੰਮ ਲਈ ਤਿਆਰ ਕਰ ਲਵੇ ਤਾਂ ਠੀਕ ਰਹੇਗਾ। ਨਿੱਕਾ ਸਿੰਘ ਨੇ ਆਪਣੇ ਭਰਾ ਤੇਜਾ ਸਿੰਘ, ਰਤਨ ਸਿੰਘ ਬੇਈਂ ਪੱਈਂ ਅਤੇ ਇਕ ਬੰਦਾ ਮੁੰਡਾ ਪਿੰਡ ਦਾ, ਜੀਹਦਾ ਨਾਂ ਧੰਨਾ ਸਿੰਘ ਭੁੱਲ ਚੁੱਕਿਆ ਸੀ, ਨਾਲ ਲੈ ਲਏ। ਇਹ ਸਾਰੇ ਬੁਟਾਰੀ ਸਟੇਸ਼ਨ ਤੋਂ ਰੇਲ ਚੜ੍ਹ ਗਏ। ਸਲਾਹ ਇਹ ਕੀਤੀ ਗਈ ਕਿ ਧੰਨਾ ਸਿੰਘ ਤਾਂ ਕਰਤਾਰਪੁਰੋਂ ਉੱਤਰ ਕੇ ਭੋਗਪੁਰ ਪੁੱਜ ਜਾਵੇਗਾ ਅਤੇ ਬਾਕੀ ਚਾਰੇ ਜਲੰਧਰ

ਵਿਚੋਂ ਦੀ ਭੋਗਪੁਰ ਸਟੇਸ਼ਨ ਉੱਤੇ ਜਾ ਉਤਰਨਗੇ। ਉਥੇ ਹੀ ਸਾਰੇ ਇਕੱਠੇ ਹੋ ਜਾਣਗੇ। ਵਰਿਆਮ ਸਿੰਘ ਅਤੇ ਬੰਤਾ ਸਿੰਘ ਪਹਿਲਾਂ ਹੀ ਉਥੇ ਸਨ। ਵਰਿਆਮ ਸਿੰਘ ਕੋਲ ਬੰਦੂਕ, ਬੰਤਾ ਸਿੰਘ ਕੋਲ ਪਸਤੌਲ ਅਤੇ ਬਾਕੀਆਂ ਕੋਲ ਛਵ੍ਹੀਆਂ ਸਨ। ਰਾਤ 9-10 ਬਜੇ ਦੇ ਕਰੀਬ ਸਾਰੇ ਕੋਟਲੀ ਜਾ ਪੁੱਜੇ ਅਤੇ ਦੇਖਿਆ ਕਿ ਜਵਾਲਾ ਸਿੰਘ ਦੇ ਘਰ ਬਹੁਤ ਸਾਰੇ ਲੋਕ ਜਮ੍ਹਾਂ ਸਨ ਤੇ ਉੱਚੀ-ਉੱਚੀ ਗੱਲਾਂ ਕਰ ਰਹੇ ਸਨ। ਧੰਨਾ ਸਿੰਘ ਨੇ ਆਪਣੇ ਭਰੋਸੇਜੋਗ ਬੰਦੇ, ਗੁਰਦਾਸ ਸਿੰਘ ਤੋਂ ਪੁਛਿਆ ਕਿ ਐਸ ਵੇਲੇ ਜਵਾਲਾ ਸਿੰਘ ਦੇ ਘਰ ਕਾਹਦਾ ਇਕੱਠ ਹੋ ਰਿਹਾ ਹੈ। ਉਹਨੇ ਦਸਿਆ ਕਿ ਉਹਨਾਂ ਦਾ ਭਣੋਈਆ ਬੈਰਿਸਟਰ ਹਰਬਖਸ਼ ਸਿੰਘ ਆਇਆ ਹੋਇਆ ਹੈ, ਜਿਹੜਾ ਕੌਂਸਲ ਦੀ ਚੋਣ ਲੜ ਰਿਹਾ ਹੈ ਅਤੇ ਵੋਟਾਂ ਬਾਬਤ ਗੱਲਾਂਬਾਤਾਂ ਚੱਲ ਰਹੀਆਂ ਹਨ। ਸੋ ਬਬਰਾਂ ਨੇ ਉਸ ਮੌਕੇ ਉੱਤੇ ਹਮਲਾ ਕਰਨਾ ਠੀਕ ਨਾ ਸਮਝਿਆ, ਕਿਉਂਕਿ ਬੈਰਿਸਟਰ ਨਾਲ ਅਸਲੇ ਵਾਲੇ ਬੰਦੇ ਹੋਣ ਦਾ ਵੀ ਖ਼ਿਆਲ ਸੀ। ਪ੍ਰੋਗਰਾਮ ਮੁਲਤਵੀ ਕਰ ਦਿੱਤਾ ਗਿਆ ਅਤੇ ਫ਼ੈਸਲਾ ਕਰ ਲਿਆ ਗਿਆ ਕਿ ਚੌਥੇ ਦਿਨ ਇਸੇ ਤਰ੍ਹਾਂ ਭੋਗਪੁਰ ਸਟੇਸ਼ਨ ਉੱਤੇ ਇਕੱਠੇ ਹੋਇਆ ਜਾਵੇ।

ਚੌਥੇ ਦਿਨ ਪ੍ਰੋਗਰਾਮ ਮੁਤਾਬਿਕ ਧੰਨਾ ਸਿੰਘ ਇਕੱਲਾ ਹੀ ਭੋਗਪੁਰ ਸਟੇਸ਼ਨ ਉੱਤੇ ਜਾ ਪੁੱਜਿਆ, ਜਿਥੇ ਨਿੱਕਾ ਸਿੰਘ ਤੇ ਉਹਦਾ ਭਰਾ ਤੇਜਾ ਸਿੰਘ ਪਹਿਲਾਂ ਹੀ ਪੁੱਜ ਚੱਕੇ ਸਨ। ਉਹਨਾਂ ਨਾਲ ਆਲੋਵਾਲ ਦਾ ਗਿਆਨ ਸਿੰਘ ਵੀ ਮੌਜੂਦ ਸੀ, ਜਿਸ ਬਾਬਤ ਨਿੱਕਾ ਸਿੰਘ ਨੇ ਦਸਿਆ ਕਿ ਇਹ ਵੀ ਬਬਰ ਜਥੇ ਦਾ ਮੈਂਬਰ ਬਣ ਗਿਆ ਹੈ। ਪਰ ਰਤਨ ਸਿੰਘ ਬੇਈਂ ਪੋਈਂ ਅਤੇ ਮੁੰਡੇ ਪਿੰਡ ਵਾਲਾ ਬੰਦਾ ਨਹੀਂ ਸਨ ਆਏ। ਧੰਨਾ ਸਿੰਘ ਤਿੰਨਾਂ ਨੂੰ ਨਾਲ ਲੈ ਕੇ ਆਪਣੇ ਪਿੰਡ ਵਾਲੇ ਨਿਰੰਜਣ ਸਿੰਘ ਦੇ ਖ਼ੂਹ ਉੱਤੇ ਆ ਗਿਆ। ਵਰਿਆਮ ਸਿੰਘ ਅਤੇ ਬੰਤਾ ਸਿੰਘ ਵੀ ਦਮੁੰਡੀਏ ਬਚਿੰਤ ਸਿੰਘ ਨੂੰ ਨਾਲ ਲੈ ਕੇ ਉਥੇ ਪੁੱਜ ਗਏ। ਬਚਿੰਤ ਸਿੰਘ ਵੀ ਬਬਰ ਜਥੇ ਦਾ ਮੈਂਬਰ ਬਣ ਚੁੱਕਿਆ ਸੀ। ਸਾਰਿਆਂ ਨੇ ਫਾਲਤੂ ਸਾਮਾਨ ਨਿਰੰਜਣ ਦੇ ਖ਼ੂਹ ਉੱਤੇ ਰਖ ਦਿੱਤਾ ਅਤੇ ਜਵਾਲਾ ਸਿੰਘ ਦੇ ਘਰ ਵੱਲ ਚੱਲ ਪਏ। ਉਸ ਵੇਲੇ ਇਹਨਾਂ ਕੋਲ ਇਹ ਹਥਿਆਰ ਸਨ : ਵਰਿਆਮ ਸਿੰਘ ਕੋਲ ਬੰਦੂਕ, ਬੰਤਾ ਸਿੰਘ ਕੋਲ ਪਸਤੌਲ, ਟਕੂਆ ਤੇ ਸੰਧੇਵਾ (ਦਰਵਾਜ਼ੇ ਤੋੜਨ ਲਈ), ਬਾਕੀਆਂ ਕੋਲ ਛਵ੍ਹੀਆਂ। ਪਿੰਡ ਪੁਜ ਕੇ ਧੰਨਾ ਸਿੰਘ, ਗਿਆਨ ਸਿੰਘ ਅਤੇ ਵਰਿਆਮ ਸਿੰਘ ਪਹਿਲਾਂ ਜੁਆਲੀ ਦੇ ਕੋਠੇ ਉੱਤੇ ਜਾ ਚੜ੍ਹੇ ਅਤੇ ਫੇਰ ਜਵਾਲਾ ਸਿੰਘ ਦੇ ਚੁਬਾਰੇ ਦਾ ਕੁੰਡਾ ਜਾ ਖੜਕਾਇਆ। ਜਵਾਲਾ ਸਿੰਘ ਨੇ ਪੁੱਛਿਆ ਤਾਂ ਗਿਆਨ ਸਿੰਘ ਨੇ ਕਿਹਾ, "ਅਸੀਂ ਪੁਲਸ ਵਾਲੇ ਹਾਂ ਅਤੇ ਧੰਨਾ ਸਿੰਘ ਨੂੰ ਗਰਿਫ਼ਤਾਰ ਕਰਨ ਆਏ ਹਾਂ, ਜਿਹੜਾ ਐਸ ਵੇਲੇ ਪਿੰਡ ਆਇਆ ਹੋਇਆ ਹੈ। ਤੁਸੀਂ ਸਾਡੇ ਨਾਲ ਚੱਲੋ।" ਜਵਾਲਾ ਸਿੰਘ ਨੇ ਕੁੰਡਾ ਖੋਲ੍ਹ ਦਿੱਤਾ ਅਤੇ ਤਿੰਨੇਂ ਅੰਦਰ ਲੰਘ ਗਏ ਤੇ ਜਵਾਲਾ ਸਿੰਘ ਨੂੰ ਕਾਬੂ ਕਰ ਲਿਆ।

ਦੂਜੇ ਬੰਨੇ ਬੰਤਾ ਸਿੰਘ ਵਿਹੜੇ ਦੀ ਕੰਧ ਟੱਪ ਕੇ ਅੰਦਰ ਚਲਿਆ ਗਿਆ ਅਤੇ ਅੰਦਰੋਂ ਦਰਵਾਜ਼ਾ ਖੋਲ੍ਹ ਕੇ ਨਿੱਕਾ ਸਿੰਘ, ਤੇਜਾ ਸਿੰਘ ਅਤੇ ਬਚਿੰਤ ਸਿੰਘ ਨੂੰ ਅੰਦਰ ਲੰਘਾ ਲਿਆ। ਨਰੈਣ ਸਿੰਘ ਦਾ ਕੁੰਡਾ ਖੜਕਾ ਕੇ ਉਹੋ ਗੱਲ ਕਹੀ ਕਿ ਐਸ ਵੇਲੇ ਧੰਨਾ ਸਿੰਘ ਆਪਣੇ ਘਰ ਆਇਆ ਹੋਇਆ ਹੈ, ਤੁਸੀਂ ਸਾਡੇ ਨਾਲ ਚੱਲ ਕੇ ਉਹਨੂੰ ਗਰਿਫ਼ਤਾਰ ਕਰਵਾ ਦਿਉ। ਉਹਨੇ ਵੀ ਕੁੰਡਾ ਖੋਲ੍ਹ ਦਿੱਤਾ। ਦੋਹਾਂ ਦੀਆਂ ਜ਼ਨਾਨੀਆਂ

ਅਤੇ ਨਿਆਣੇ ਕੋਲ ਹੀ ਸੁੱਤੇ ਪਏ ਸਨ। ਸੋ ਉਤਲਿਆਂ ਨੇ ਜਵਾਲਾ ਸਿੰਘ ਬਾਹਰ ਕੱਢ ਲਿਆ ਅਤੇ ਸੁਤਿਆਂ ਪਿਆਂ ਬਾਕੀਆਂ ਨੂੰ ਕੁੰਡਾ ਲਾ ਕੇ ਚੁਬਾਰੇ ਅੰਦਰ ਹੀ ਡੱਕ ਦਿਤਾ ਤੇ ਜਵਾਲਾ ਸਿੰਘ ਨੂੰ ਥੱਲੇ ਨਰੈਣ ਸਿੰਘ ਕੋਲ ਹੀ ਲੈ ਆਂਦਾ। ਪਹਿਲਾਂ ਨਰੈਣ ਸਿੰਘ ਦੀਆਂ ਅਤੇ ਫੇਰ ਜਵਾਲਾ ਸਿੰਘ ਦੀਆਂ ਪੇਟੀਆਂ, ਅਲਮਾਰੀਆਂ, ਟਰੰਕ ਸਭ ਖੁਲਵਾ ਕੇ ਬਹੀਆਂ, ਅਸ਼ਟਾਮ ਅਤੇ ਹੋਰ ਕਾਗਜ਼-ਪੱਤਰ ਇਕੱਠਾ ਕਰ ਲਿਆ। ਫੇਰ ਵਿਹੜੇ ਵਿਚ ਢੇਰ ਲਾ ਕੇ ਅੱਗ ਲਾ ਦਿੱਤੀ ਗਈ। ਨਕਦ ਜਾਂ ਟੂੰਬ-ਛੱਲਾ ਤੇ ਹੋਰ ਮਤਲਬ ਦੀ ਸ਼ੈ ਸਾਂਭ ਕੇ ਨਰੈਣ ਸਿੰਘ ਤੇ ਬਾਕੀ ਟੱਬਰ ਨੂੰ ਅੰਦਰ ਬੰਦ ਕਰਕੇ ਬਾਹਰੋਂ ਜਿੰਦਰੇ ਠੋਕ ਦਿਤੇ ਅਤੇ ਸਿਰਕੱਢ ਝੋਲੀ-ਚੁੱਕ ਜਵਾਲਾ ਸਿੰਘ ਨੂੰ ਨਾਲ ਲੈ ਕੇ ਚੱਲ ਪਏ। ਬਹੀਆਂ ਅਤੇ ਅਸ਼ਟਾਮ, ਜਿਨ੍ਹਾਂ ਉੱਤੇ ਕਰਜਾਈਆਂ ਦੇ ਗੂਠੇ ਲੱਗੇ ਹੋਏ ਸਨ, ਗਰੀਬਾਂ ਨੂੰ ਛੁਟਕਾਰਾ ਦੁਆਉਣ ਖਾਤਰ ਅਗਨ-ਭੇਟ ਕੀਤੇ ਗਏ ਸਨ।

ਕੋਈ ਮੀਲ ਕੁ ਉੱਤੇ ਆ ਕੇ ਇਕ ਚੋਅ ਕੰਢੇ ਜਵਾਲਾ ਸਿੰਘ ਦੇ ਹੱਥ ਅਤੇ ਪੈਰ ਉਹਦੀ ਹੀ ਪੱਗ ਨਾਲ ਬੰਨ੍ਹ ਦਿੱਤੇ। ਜਵਾਲਾ ਸਿੰਘ ਨੇ ਜਾਨ-ਬਖ਼ਸ਼ੀ ਲਈ ਹਰ ਵਾਹ ਲਾਈ, ਸਾਰੇ ਤਰਲੇ ਕੀਤੇ, ਝੋਲੀ-ਚੁੱਕੀ ਛੱਡ ਕੇ ਬਬਰ ਜਥੇ ਦੀ ਹਰ ਪਰਕਾਰ ਦੀ ਮਾਲੀ ਸਹਾਇਤਾ ਕਰਨ ਦੀਆਂ ਸਹੁੰਆਂ ਖਾਧੀਆਂ, ਪਰ ਵਰਿਆਮ ਸਿੰਘ ਧੁੱਗੇ ਨੇ ਇਹ ਕਹਿੰਦਿਆਂ ਕਿ ਸੱਪਾਂ ਦੇ ਪੁੱਤ ਕਦੇ ਮਿੱਤ ਨਹੀਂ ਬਣਦੇ, ਛਵ੍ਹੀ ਦਾ ਪਹਿਲਾ ਵਾਰ ਗਰਦਨ ਉੱਤੇ ਕੀਤਾ ਅਤੇ 6-7 ਭਰਵੇਂ ਟੱਕ ਹੋਰ ਮਾਰ ਕੇ ਉਹਨੂੰ ਇਸ ਨਰਕੀ ਜੀਵਨ ਤੋਂ ਹਮੇਸ਼ਾ ਲਈ ਛੁਟਕਾਰਾ ਦੁਆ ਦਿੱਤਾ। ਪੂਰੀ ਤਸੱਲੀ ਕਰਕੇ ਉਹਦੀ ਲੋਥ ਨਾਲ ਲਗਦੇ ਟੋਏ ਵਿਚ ਸੁੱਟ ਦਿਤੀ ਅਤੇ ਉਤੇ ਰੇਤਾ ਪਾ ਦਿੱਤੀ। ਪਹਿਲਾਂ ਹੀ ਤਿਆਰ ਕੀਤੇ ਪਰਚੇ ਵੀ ਉਹਦੇ ਉੱਤੇ ਰੱਖ ਦਿਤੇ, ਜਿਨ੍ਹਾਂ ਵਿਚ ਲਿਖਿਆ ਹੋਇਆ ਸੀ ਕਿ ਜਵਾਲਾ ਸਿੰਘ ਦੇ ਸੁਧਾਰ ਲਈ ਬਬਰ ਜਥਾ ਜ਼ਿੰਮੇਵਾਰ ਹੈ, ਸਰਕਾਰ ਦੀ ਥਾਂ ਇਹਨੂੰ ਬਬਰਾਂ ਨੇ ਲੰਬੜਦਾਰੀ ਬਖ਼ਸ਼ ਦਿੱਤੀ ਹੈ ਤੇ ਪੰਜ-ਛੇ ਮੁਰੱਬੇ ਵੀ ਇਨਾਮ ਵਿਚ ਦੇ ਚੱਲੇ ਹਾਂ। ਮੁਰਾਦ ਛਵ੍ਹੀਆਂ ਦੇ ਟੱਕਾਂ ਬਾਬਤ ਸੀ। ਕਾਰਤੂਸ ਫੂਕਣ ਦੀ ਜ਼ਰੂਰਤ ਨਹੀਂ ਸੀ ਸਮਝੀ ਗਈ।

ਮਜ਼ੇ ਦੀ ਗੱਲ ਇਹ ਹੈ ਕਿ ਇਸ ਘਟਨਾ ਵੇਲੇ ਬਿਲਕੁਲ ਕੋਈ ਚੀਕ-ਚਿਹਾੜਾ ਜਾਂ ਰੌਲਾ-ਰੱਪਾ ਨਹੀਂ ਪਿਆ। ਕੋਈ ਕੁਸਕਿਆ ਤੱਕ ਨਹੀਂ ਸੀ। ਬਬਰਾਂ ਦੀ ਦਹਿਸ਼ਤ ਏਨੀਂ ਵਧ ਚੁੱਕੀ ਸੀ ਕਿ ਕਿਸੇ ਵੀ ਬੰਦੇ, ਜ਼ਨਾਨੀ ਜਾਂ ਨਿਆਣੇ ਵਿਚ ਰੌਲਾ ਪਾਉਣ ਦੀ ਹਿੰਮਤ ਹੀ ਨਹੀਂ ਸੀ ਰਹੀ। ਸਾਰੀ ਕਾਰਵਾਈ ਚੁਪ-ਚੁਪੀਤਿਆਂ ਹੀ ਖ਼ਤਮ ਹੋ ਗਈ ਸੀ। ਬਬਰਾਂ ਦੇ ਚਲੇ ਜਾਣ ਤੋਂ ਕਾਫ਼ੀ ਚਿਰ ਬਾਅਦ ਆਂਢੀ-ਗੁਆਂਢੀ ਇਕੱਠੇ ਹੋਏ। ਜੇ ਕਿਸੇ ਗੁਆਂਢੀ ਨੂੰ ਬਿੜਕ ਆਈ ਵੀ ਹੋਵੇਗੀ, ਤਾਂ ਉਹ ਜਾਣਬੁਝ ਕੇ ਹੀ ਚੁੱਪ ਰਿਹਾ ਹੋਵੇਗਾ। ਕੌਣ ਬਲਦੀ ਦੇ ਬੁੱਥੇ ਆਉਣ ਲਈ ਤਿਆਰ ਹੁੰਦਾ ? ਸਭ ਗਵਾਹਾਂ ਦੇ ਬਿਆਨ ਇਸੇ ਗੱਲ ਦੀ ਤਸਦੀਕ ਕਰਦੇ ਹਨ ਕਿ ਬਬਰ ਬੜੇ ਆਰਾਮ ਨਾਲ ਆਏ ਅਤੇ ਆਪਣਾ ਕੰਮ ਕਰਕੇ ਚਲਦੇ ਬਣੇ।

ਗੁਆਂਢੀਆਂ ਨੇ ਜਿੰਦਰੇ ਤੋੜ ਕੇ ਉਹਨਾਂ ਨੂੰ ਅੰਦਰੋਂ ਕਢਿਆ। ਦਿਨ ਚੜ੍ਹੇ ਨਰੈਣ ਸਿੰਘ ਨੇ ਇਕ ਰੁੱਕਾ ਲਿਖ ਕੇ ਥਾਣੇ ਨੂੰ ਘਲਿਆ ਕਿ "ਰਾਤ ਸਾਡੇ ਦੋਹਾਂ ਭਰਾਵਾਂ ਦੇ ਘਰਾਂ ਉੱਤੇ ਬਬਰਾਂ ਨੇ ਹਮਲਾ ਕਰ ਦਿੱਤਾ ਸੀ। ਜ਼ੇਵਰ, ਕਪੜੇ ਅਤੇ ਨਕਦ ਲੁੱਟ ਲਿਆ ਗਿਆ ਹੈ। ਮੇਰਾ ਤਕਰੀਬਨ 28 ਹਜ਼ਾਰ ਰੁਪਏ ਦਾ ਨੁਕਸਾਨ

ਹੋਇਆ ਹੈ। ਜਵਾਲਾ ਸਿੰਘ ਦਾ ਮੈਥੋਂ ਵੱਖਰਾ ਹੈ। ਬਹੀਆਂ, ਅਸ਼ਟਾਮ ਅਤੇ ਹੋਰ ਮਤਲਬ ਦੇ ਕਾਗ਼ਜ਼ ਸਾੜ ਦਿਤੇ ਗਏ ਹਨ। ਜਾਂਦੇ ਹੋਏ ਸਾਨੂੰ ਕਮਰਿਆਂ ਵਿਚ ਬੰਦ ਕਰਕੇ ਬਾਹਰੋਂ ਜਿੰਦਰੇ ਜੜ ਗਏ ਸਨ ਅਤੇ ਜਵਾਲਾ ਸਿੰਘ ਨੂੰ ਨਾਲ ਲੈ ਗਏ ਹਨ। ਉਹਨਾਂ ਦੇ ਚਲੇ ਜਾਣ ਤੋਂ ਕਈ ਚਿਰ ਬਾਅਦ ਸਾਨੂੰ ਆਂਢੀਆਂ-ਗੁਆਂਢੀਆਂ ਨੇ ਜਿੰਦਰੇ ਤੋੜ ਕੇ ਅੰਦਰੋਂ ਕਢਿਆ ਹੈ।"

ਫੇਰ ਜਵਾਲਾ ਸਿੰਘ ਦੀ ਤਲਾਸ਼ ਸ਼ੁਰੂ ਕਰ ਦਿੱਤੀ ਗਈ। ਪਿੰਡੋਂ ਸਵਾ ਕੁ ਮੀਲ ਉੱਤੇ ਜਵਾਲਾ ਸਿੰਘ ਦੀ ਲੋਥ ਮਿਲ ਗਈ। ਨਰੈਣ ਸਿੰਘ ਨੇ ਦੂਜਾ ਰੁੱਕਾ ਲਿਖ ਕੇ ਆਪਣੇ ਭਤੀਜੇ ਰਾਮ ਸਿੰਘ ਹੱਥ ਘਲਿਆ, ਜਿਸ ਵਿਚ ਜਵਾਲਾ ਸਿੰਘ ਦੇ ਕਤਲ ਦੀ ਸਾਰੀ ਗੱਲ ਅਤੇ ਰਾਤ ਦੀ ਬੀਤ ਚੁੱਕੀ ਰਹਿੰਦੀ-ਖੂੰਹਦੀ ਸਾਰੀ ਕਹਾਣੀ ਦੁਹਰਾ ਭੇਜੀ।

ਅੰਦਾਜ਼ਨ 15 ਗਵਾਹ ਕੁਗਤਾਏ ਗਏ। ਬੈਰਿਸਟਰ ਸਾਹਿਬ ਵੀ ਪੇਸ਼ ਹੋਏ।

ਦਰਅਸਲ ਦੁਆਬੇ ਵਿਚ ਇਹ ਆਖ਼ਰੀ ਕਤਲ ਸੀ। ਬਾਅਦ ਵਿਚ ਇਕੱਲੇ ਵਰਿਆਮ ਸਿੰਘ ਨੇ ਕੋਸ਼ਿਸ਼ ਜ਼ਰੂਰ ਕੀਤੀ, ਪਰ ਕਿਸੇ ਹੋਰ ਝੋਲੀ-ਚੁੱਕ ਨੂੰ ਉਹ ਕਤਲ ਨਾ ਕਰ ਸਕਿਆ ਕਿਉਂਕਿ ਦੁਆਬੇ ਵਿਚ ਝੋਲੀ-ਚੁੱਕ ਚੁਕੰਨੇ ਹੋ ਚੁੱਕੇ ਸਨ ਅਤੇ ਉਹਨਾਂ ਨੇ ਘਰੀਂ ਸੌਣਾ ਛੱਡ ਦਿਤਾ ਸੀ। ਵਰਿਆਮ ਸਿੰਘ ਦੁਆਬਾ ਛੱਡ ਕੇ ਜ਼ਿਲਾ ਲਾਇਲਪੁਰ ਨੂੰ ਚਲਿਆ ਗਿਆ। ਉਧਰ ਜਾ ਕੇ ਉਹਨੇ ਇਕ ਨਵਾਂ ਬਬਰ ਜਥਾ ਤਿਆਰ ਕਰਕੇ ਇਕ ਉਘੇ ਝੋਲੀ-ਚੁੱਕ ਨੂੰ ਜਾ ਕਤਲ ਕੀਤਾ। ਆਖ਼ਰ ਉਹ 8 ਜੂਨ 1924 ਨੂੰ ਗੁਰਪੁਰੀ ਸਿਧਾਰ ਗਿਆ।

ਜਵਾਲਾ ਸਿੰਘ ਦੇ ਕਤਲ ਦੇ ਗਵਾਹ ਉਹਦੇ ਘਰ ਦੇ ਬੰਦੇ ਹੀ ਹਨ। ਬਾਹਰ ਦੇ ਕਿਸੇ ਬੰਦੇ ਨੇ ਮੌਕੇ ਦੀ ਗਵਾਹੀ ਨਹੀਂ ਸੀ ਦਿੱਤੀ। ਉਹਦੇ ਭਰਾ ਨਰੈਣ ਸਿੰਘ ਤੋਂ ਇਲਾਵਾ ਉਹਦੀ ਘਰਵਾਲੀ ਬਸੰਤ ਕੌਰ, ਉਮਰ 45 ਸਾਲ, ਗਵਾਹ ਨੰ: 247 ਅਤੇ ਉਹਦਾ ਚਾਚਾ, ਮੁਣਸੀ, ਗਵਾਹ ਨੰ: 248 ਹੀ ਮੌਕੇ ਦੇ ਗਵਾਹ ਸਨ। ਬਾਕੀ ਪੁਲਸ ਵਾਲੇ ਜਾਂ ਡਾਕਟਰ ਵਗੈਰਾ ਸਨ। ਸਖ਼ਤ ਸੱਟਾਂ ਤਿੰਨ ਹੀ ਸਨ, ਜਿਨ੍ਹਾਂ ਵਿਚੋਂ ਲਹੂ ਵਗ ਜਾਣ ਕਾਰਨ ਮੌਤ ਹੋਈ ਦੱਸੀ ਗਈ ਸੀ।

ਧੰਨਾ ਸਿੰਘ ਵਾਇਦਾ-ਮੁਆਫ਼ ਦਾ ਬਿਆਨ ਉਹਦੀ ਗਰਿਫ਼ਤਾਰੀ ਤੱਕ ਹੈ। ਕਤਲ ਮਗਰੋਂ ਉਹ ਨਿੱਕਾ ਸਿੰਘ ਹੁਰਾਂ ਨਾਲ ਆਲੋਵਾਲ ਵੱਲ ਨਿਕਲ ਗਿਆ। ਵਾਪਸੀ ਉੱਤੇ ਵਰਿਆਮ ਸਿੰਘ ਨੂੰ ਮਿਲਿਆ, ਜਿਹੜਾ ਅਖ਼ੀਰ ਸਭਰਾਵਾਂ, ਜ਼ਿਲਾ ਲਾਹੌਰ ਤੋਂ ਗਰਿਫ਼ਤਾਰ ਕਰ ਲਿਆ ਗਿਆ ਅਤੇ ਵਾਇਦਾ-ਮੁਆਫ਼ੀ ਲੈ ਕੇ ਸਭ ਹਗਿਆ-ਮੂਤਿਆ ਦੱਸ ਜਾਨ ਬਚਾ ਗਿਆ ਸੀ। ਉਹਦੀ ਮਨਹੂਸ ਸ਼ਕਲ ਅਜ ਵੀ ਉਸੇ ਤਰ੍ਹਾਂ ਕਟਹਿਰੇ ਵਿਚ ਖੜੋਤੀ ਗਵਾਹੀ ਦੇ ਰਹੀ ਦਿਸ ਰਹੀ ਹੈ। ਖ਼ੂਬ ਮਰੋੜੀਆਂ ਕੁੰਢੀਆਂ ਮੁੱਛਾਂ, ਚਿਟੇ ਕਪੜੇ, ਤੁਰੱਰੇ ਵਾਲੀ ਪੱਗ, ਕੁੜਤਾ, ਚਾਦਰ, ਦੇਸੀ ਜੁੱਤੀ ਅਤੇ ਪੂਰੀ ਬੇਸ਼ਰਮੀ ਨਾਲ ਬਿਆਨ ਦਿੰਦਾ ਤਸੱਵਰ ਵਿਚ ਉਸੇ ਤਰ੍ਹਾਂ 60 ਸਾਲ ਬਾਅਦ ਵੀ ਦਿੱਸ ਰਿਹਾ ਹੈ।

# 54. 12 ਦਸੰਬਰ 1923 ਨੂੰ ਮੰਡੇਰਾਂ ਵਿਖੇ ਮੁਕਾਬਲਾ

ਇਤਿਹਾਸ ਲਿਖਦਿਆਂ ਮੈਂ ਕਈ ਵਾਰ ਇਸ ਸਾਕੇ ਦਾ, ਜੋ ਜੱਜਮੈਂਟ ਦੇ ਸਫ਼ਾ 116 ਉੱਤੇ 24ਵੇਂ ਕਾਂਡ ਵਜੋਂ ਦਰਜ ਹੈ, ਹਵਾਲਾ ਸੰਖੇਪ ਤੌਰ ਉੱਤੇ ਦਿੰਦਾ ਆ ਰਿਹਾ ਹਾਂ। ਅਜ ਪੂਰੀ ਤਫ਼ਸੀਲ ਪਾਠਕਾਂ ਅੱਗੇ ਰੱਖਣ ਦਾ ਵੇਲਾ ਆ ਗਿਆ ਹੈ। ਇਸ ਘਟਨਾ ਦਾ ਜ਼ਿੰਮੇਵਾਰ ਇਸੇ ਹੀ ਪਿੰਡ ਦਾ ਇਕ ਬਹੁਤ ਹੀ ਛਟਿਆ ਹੋਇਆ ਦਸ-ਨੰਬਰੀਆ ਬਦਮਾਸ਼ ਜਗਤ ਸਿੰਘ ਮੰਡੇਰਾਂ ਹੈ। ਜਿਆਣੀਆ ਜਵਾਲਾ ਸਿੰਘ ਅਤੇ ਇਹ ਜਗਤ ਸਿੰਘ ਇੱਕੋ ਥੈਲੀ ਦੇ ਚੱਟੇ-ਬੱਟੇ ਕਹੇ ਜਾ ਸਕਦੇ ਹਨ। ਦੋਹਾਂ ਦੀ ਕਰਤੂਤ ਉੱਤੇ ਜਿੰਨੀ ਵੀ ਫਿਟ-ਲਾਹਨਤ ਭੇਜੀ ਜਾ ਸਕੇ, ਘੱਟ ਹੀ ਸਮਝਣੀ ਚਾਹੀਦੀ ਹੈ।

ਸ਼ੁਰੂ ਵਿਚ ਇਸ ਜਗਤ ਸਿੰਘ ਦਾ ਜ਼ਿਕਰ ਇਸੇ ਹੀ ਪਿੰਡ ਦੇ ਬਬਰ ਹਜ਼ਾਰਾ ਸਿੰਘ ਨੂੰ ਧੋਖਾ ਦੇ ਕੇ ਉਹਦਾ ਪਸਤੌਲ ਖਿਸਕਾਉਣ ਸੰਬੰਧੀ ਕਰ ਆਇਆ ਹਾਂ। ਹੁਣ ਮੈਂ ਇਸੇ ਜਗਤ ਸਿੰਘ, ਗਵਾਹ ਨੰ: 444 ਦਾ ਪੇਪਰ-ਬੁੱਕ ਦੇ ਸਫ਼ਾ 783 ਤੋਂ ਅੱਗੇ ਦਾ ਬਿਆਨ ਦਰਜ ਕਰ ਰਿਹਾ ਹਾਂ : "ਮਹੀਨੇ ਕੁ ਪਿੱਛੋਂ ਮੈਨੂੰ ਸੀ ਆਈ ਡੀ ਦੇ ਪੁਲਸ ਕਪਤਾਨ ਨੇ ਜਲੰਧਰ ਸੱਦ ਘਲਿਆ ਅਤੇ ਮੈਨੂੰ ਹਿਰਾਸਤ ਵਿਚ ਲੈ ਲਿਆ ਗਿਆ, ਕਿਉਂਕਿ ਮੇਰੇ ਕੋਲ ਉਹ ਰੀਵਾਲਵਰ ਸੀ ਜਿਹੜਾ ਮੈਂ ਹਜ਼ਾਰਾ ਸਿੰਘ ਨੂੰ ਧੋਖਾ ਦੇ ਕੇ ਆਪਣੇ ਕਬਜੇ ਵਿਚ ਕਰ ਲਿਆ ਸੀ। ਉਹ ਰੀਵਾਲਵਰ ਭਾਈ ਕਿਸ਼ਨ ਸਿੰਘ ਨੇ ਹਜ਼ਾਰਾ ਸਿੰਘ ਨੂੰ ਝੋਲੀ-ਚੁੱਕਾਂ ਨੂੰ ਕਤਲ ਕਰਨ ਲਈ ਦਿੱਤਾ ਸੀ। ਮੈਂ ਪੁਲਸ ਕਪਤਾਨ ਨੂੰ ਦੱਸ ਦਿੱਤਾ ਕਿ ਉਹ ਰੀਵਾਲਵਰ ਮੈਂ ਇਕ ਹੋਰ ਬਦਮਾਸ਼ ਪ੍ਰਤਾਪੂ ਨੂੰ ਦੇ ਕੇ ਦੂੜਾ ਦਿੱਤਾ ਸੀ, ਕਿਉਂਕਿ ਮੈਂ ਝੋਲੀ-ਚੁੱਕਾਂ ਨੂੰ ਕਤਲ ਕਰਨ ਦੇ ਬਰਖ਼ਿਲਾਫ ਸੀ। ਫੇਰ ਪੁਲਸ ਕਪਤਾਨ ਨੇ ਮੇਰੇ ਸਾਹਮਣੇ ਤਜਵੀਜ਼ ਰਖੀ ਕਿ ਜੇ ਮੈਂ ਬਬਰਾਂ ਨੂੰ ਗਰਿਫ਼ਤਾਰ ਕਰਾਉਣ ਵਿਚ ਮਦਦ ਕਰਾਂ ਤਾਂ ਮੁਆਫ਼ੀ ਮਿਲ ਸਕਦੀ ਹੈ, ਨਹੀਂ ਤਾਂ ਇਸੇ ਜੁਰਮ ਵਿਚ ਅੰਦਰ ਹੋਣਾ ਪਵੇਗਾ। ਸੋ ਮੈਂ ਪੱਕਾ ਇਕਰਾਰ ਕਰ ਲਿਆ ਕਿ ਮੈਂ ਬਬਰਾਂ ਨੂੰ ਗਰਿਫ਼ਤਾਰ ਕਰਾਉਣ ਲਈ ਪੂਰੀ ਵਾਹ ਲਾ ਦਿਆਂਗਾ।

"ਬੰਤਾ ਸਿੰਘ ਧਾਮੀਆਂ ਅਤੇ ਧੰਨਾ ਸਿੰਘ ਕੋਟਲੀ ਪਹਿਲਾਂ ਹੀ ਮੇਰੇ ਮਿੱਤਰ ਸਨ। ਹੁਣ ਮੈਂ ਉਹਨਾਂ ਨਾਲ ਹੋਰ ਬਹੁਤਾ ਮੇਲ-ਮਿਲਾਪ ਸ਼ੁਰੂ ਕਰ ਦਿੱਤਾ ਅਤੇ ਹਰ ਕਿਸਮ ਦੀ ਮਦਦ ਦਾ ਭਰੋਸਾ ਦੁਆਉਣਾ ਸ਼ੁਰੂ ਕਰ ਦਿੱਤਾ। ਇਸੇ ਤਰ੍ਹਾਂ ਵਰਿਆਮ ਸਿੰਘ

ਧੁੱਗਾ ਅਤੇ ਜਵਾਲਾ ਸਿੰਘ ਕੋਠੀ ਵੀ ਮੇਰੇ ਕੋਲ ਆਉਣ-ਜਾਣ ਲੱਗ ਪਏ। ਤਕਰੀਬਨ ਕੱਤੇ ਦਾ ਮਹੀਨਾ ਸੀ ਜਦੋਂ ਮੈਂ ਸੀ ਆਈ ਡੀ ਦੇ ਪੁਲਸ ਕਪਤਾਨ ਨਾਲ ਬਬਰਾਂ ਨੂੰ ਗਰਿਫ਼ਤਾਰ ਕਰਾਉਣ ਦਾ ਇਕਰਾਰ ਕੀਤਾ ਸੀ। ਪੋਹ ਜਾਂ ਮਾਘ ਦਾ ਮਹੀਨਾ ਸੀ, ਜਿਸ ਦਿਨ ਮੇਰੇ ਕੋਲ ਬੰਤਾ ਸਿੰਘ ਧਾਮੀਆ, ਵਰਿਆਮ ਸਿੰਘ ਧੁੱਗਾ ਅਤੇ ਜਵਾਲਾ ਸਿੰਘ ਕੋਠੀ ਆ ਗਏ।

"ਮੈਂ ਪੁਲਸ ਨਾਲ ਪ੍ਰੋਗਰਾਮ ਬਣਾ ਰਖਿਆ ਸੀ ਕਿ ਸੀ ਆਈ ਡੀ ਦਾ ਸਿਪਾਹੀ ਊਧਮ ਸਿੰਘ ਸਾਮ ਚੁਰਾਸੀ ਸਟੇਸ਼ਨ ਉੱਤੇ ਰਹੇਗਾ, ਜੀਹਨੂੰ ਜਗਤ ਸਿੰਘ ਜਾ ਕੇ ਪਤਾ ਦੇਵੇਗਾ। ਊਧਮ ਸਿੰਘ ਆਦਮਪੁਰ ਜਾ ਕੇ ਸੀ ਆਈ ਡੀ ਦੇ ਥਾਣੇਦਾਰ ਹਾਕਮ ਸਿੰਘ ਨੂੰ ਪਤਾ ਦੇਵੇਗਾ ਅਤੇ ਹਾਕਮ ਸਿੰਘ ਜਲੰਧਰ ਜਾ ਕੇ ਇਸ ਬਾਰੇ ਉਚ-ਅਧਿਕਾਰੀਆਂ ਨੂੰ ਪਤਾ ਦੇ ਦੇਵੇਗਾ।"

ਤਿੰਨਾਂ ਦੇ ਆਉਣ ਦੀ ਇਤਲਾਹ ਜਗਤ ਸਿੰਘ ਨੇ ਮਿਥੇ ਪ੍ਰੋਗਰਾਮ ਮੁਤਾਬਕ ਊਧਮ ਸਿੰਘ ਨੂੰ ਜਾ ਪੁਚਾਈ ਅਤੇ ਦੁਪਹਿਰੋਂ ਬਾਅਦ ਮਿਲਟਰੀ ਤੇ ਪੁਲਸ ਪੁੱਜ ਗਈ। ਪਿੰਡ ਨੂੰ ਘੇਰ ਲਿਆ ਗਿਆ।

"ਮੇਰੇ ਘਰੋਂ ਵਰਿਆਮ ਸਿੰਘ, ਬੰਤਾ ਸਿੰਘ ਅਤੇ ਜਵਾਲਾ ਸਿੰਘ ਚਲੇ ਗਏ। ਉਹਨਾਂ ਨੇ ਇਕ ਤਰਖਾਣ ਦੇ ਚੁਬਾਰੇ ਵਿਚ ਜਾ ਪਨਾਹ ਲਈ। ਪੁਲਸ ਨੇ ਚੁਬਾਰੇ ਨੂੰ ਅੱਗ ਲੁਆ ਕੇ ਬੰਤਾ ਸਿੰਘ ਤੇ ਜਵਾਲਾ ਸਿੰਘ ਨੂੰ ਤਾਂ ਕਤਲ ਕਰ ਦਿੱਤਾ, ਪਰ ਵਰਿਆਮ ਸਿੰਘ ਭੱਜ ਨਿਕਲਿਆ।"

ਹਾਲੇ ਮੈਂ ਜਗਤ ਸਿੰਘ ਦੇ ਬਿਆਨ ਨੂੰ ਇਥੇ ਛੱਡ ਕੇ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਦਾ ਬਿਆਨ ਦਰਜ ਕਰ ਰਿਹਾ ਹਾਂ ਜਿਹੜਾ ਪੇਪਰ-ਬੁੱਕ ਦੇ ਸਫ਼ਾ 767 ਉੱਤੇ ਦਰਜ ਹੈ। ਸਰਕਾਰੀ ਗਵਾਹ ਨੰ: 434, ਸੀ. ਡਬਲਿਊ-ਜੈਕਬ, ਆਈ ਸੀ ਐਸ, ਡਿਪਟੀ ਸੈਕਰੇਟਰੀ, ਗਵਰਨਮਿੰਟ ਆਫ਼ ਇੰਡੀਆ, ਹੋਮ ਡੀਪਾਰਟਮੈਂਟ, ਨਵੀਂ ਦਿੱਲੀ, ਆਪਣੇ ਬਿਆਨ ਵਿਚ ਆਖਦਾ ਹੈ, "ਮੈਂ ਜੁਲਾਈ 1922 ਤੋਂ ਅਪ੍ਰੈਲ 1924 ਤੱਕ ਜਲੰਧਰ ਜ਼ਿਲੇ ਦਾ ਡਿਪਟੀ ਕਮਿਸ਼ਨਰ ਰਿਹਾ ਹਾਂ। 12 ਦਸੰਬਰ 1923 ਨੂੰ ਕੋਈ ਸਾਢੇ ਗਿਆਰਾਂ ਬਜੇ ਦਿਨੇ, ਜਿਸ ਵੇਲੇ ਮੈਂ ਡਿਸਟਰਿਕਟ ਬੋਰਡ ਦੀ ਇਕ ਮੀਟਿੰਗ ਦੀ ਪ੍ਰਧਾਨਗੀ ਕਰ ਰਿਹਾ ਸੀ, ਮੇਰੇ ਕੋਲ ਖ਼ਾਨ ਬਹਾਦੁਰ ਸ਼ੇਖ਼ ਅਬਦੁਲ ਅਜੀਜ ਨੇ ਆ ਕੇ ਦਸਿਆ ਕਿ ਉਹਦੀ ਇਤਲਾਹ ਅਨੁਸਾਰ ਐਸ ਵੇਲੇ ਤਿੰਨ-ਚਾਰ ਭਗੌੜੇ ਬਬਰ ਮੰਡੇਰਾਂ ਪਿੰਡ ਵਿਚ ਮੌਜੂਦ ਹਨ।

"ਉਸ ਵੇਲੇ ਪੁਲਸ ਕਪਤਾਨ ਮਿਸਟਰ ਫ਼ਰਿਟਜ਼ਗੇਰਾਲਡ ਵੀ ਮੇਰੇ ਕੋਲ ਬੈਠਾ ਸੀ। ਅਸੀਂ ਦੋਨੋਂ ਫ਼ੌਰਨ ਖਾਨ ਬਹਾਦੁਰ ਅਬਦੁਲ ਅਜੀਜ਼ ਨਾਲ ਪੌੜੀਆਂ ਤੋਂ ਥੱਲੇ ਉੱਤਰ ਆਏ ਅਤੇ ਫਟਾ-ਫਟ ਰਸਾਲੇ ਨਾਲ ਸੰਪਰਕ ਪੈਦਾ ਕਰਕੇ ਅਫ਼ਸਰ ਨੂੰ ਹਦਾਇਤ ਦਿੰਦਿਆਂ ਕਿਹਾ ਕਿ ਉਹ ਰਸਾਲਾ ਲੈ ਕੇ ਤੁਰਤ ਥਾਣਾ ਆਦਮਪੁਰ ਪੁੱਜ ਜਾਵੇ। ਅਸੀਂ ਵੀ ਪੁਲਸ ਦੀ ਬੜੀ ਵੱਡੀ ਕੁਮਕ ਲੈ ਕੇ ਲਾਰੀਆਂ ਉੱਤੇ ਆਦਮਪੁਰ ਥਾਣੇ ਜਾ ਪੁੱਜੇ ਅਤੇ ਰਸਾਲੇ ਦੀ ਉਡੀਕ ਕਰਨ ਲੱਗ ਪਏ। ਕੁਝ ਚਿਰ ਇੰਤਜਾਰ ਕੀਤਾ, ਪਰ ਰਸਾਲਾ ਨਾ ਪੁਜਿਆ। ਅਸੀਂ ਫ਼ੈਸਲਾ ਕੀਤਾ ਕਿ ਪੁਲਸ ਦੀ ਮਦਦ ਨਾਲ ਹੀ ਪਿੰਡ ਨੂੰ ਜਾ ਕੇ ਘੇਰ ਲਿਆ ਜਾਵੇ। ਮੰਡੇਰਾਂ ਆਦਮਪੁਰੋਂ 5-6 ਮੀਲ ਹਨ। ਸੋ ਅਸੀਂ ਸਾਢੇ

ਚਾਰ ਬਜੇ ਜਾ ਕੇ ਪਿੰਡ ਦੁਆਲੇ ਘੇਰਾ ਪਾ ਲਿਆ। ਮੈਂ ਆਪ ਪਿੰਡ ਦੇ ਦੱਖਣ ਵੱਲ ਸੀ ਅਤੇ ਪੁਲਸ ਕਪਤਾਨ ਮਿਸਟਰ ਫਰਿਟਜ਼ਗੈਰਾਲਡ ਉੱਤਰ ਵੱਲ ਸੀ। ਉਹਨੇ ਮੈਨੂੰ ਆਪਣੇ ਕੋਲ ਬੁਲਾ ਘਲਿਆ। ਜਿਸ ਵੇਲੇ ਮੈਂ ਉਹਦੇ ਕੋਲ ਪੁੱਜਿਆ ਤਾਂ ਉਹਨੇ ਇਕ ਮਕਾਨ ਵੱਲ ਇਸ਼ਾਰਾ ਕਰਦਿਆਂ ਮੈਨੂੰ ਦਸਿਆ ਕਿ ਉਹਨੇ ਕੁਝ ਬਬਰ ਉਥੇ ਦੇਖੇ ਹਨ। ਏਨੇਂ ਨੂੰ ਗੋਲੀਆਂ ਦੇ ਕਈ ਸ਼ਾਟ ਸਾਡੇ ਕੋਲੋਂ ਦੀ ਲੰਘ ਗਏ। ਮੈਨੂੰ ਆ ਕੇ ਦਸਿਆ ਗਿਆ ਕਿ ਰਸਾਲੇ ਨੇ ਅੱਗੇ ਜਾ ਕੇ ਕੋਈ ਦੋ ਕੁ ਮੀਲਾਂ ਉੱਤੇ ਪਿੰਡ ਮੰਡਿਆਲਾਂ ਨੂੰ ਜਾ ਘੇਰਿਆ ਹੈ ਅਤੇ ਉਥੋਂ ਇਕ ਸਵਾਰ ਵਾਪਸ ਆਇਆ ਹੈ ਜੀਹਨੇ ਦਸਿਆ ਹੈ ਕਿ ਉਹਨੂੰ ਉਹਦੇ ਅਫਸਰ ਨੇ ਇਥੇ ਪਤਾ ਕਰਨ ਭੇਜਿਆ ਹੈ ਕਿ ਇਥੋਂ ਗੋਲੀਆਂ ਦੀ ਆਵਾਜ਼ ਕਿਉਂ ਆ ਰਹੀ ਹੈ। ਸੋ ਉਸੇ ਸਵਾਰ ਨੇ ਵਾਪਸ ਜਾ ਕੇ ਰਸਾਲੇ ਨੂੰ ਮੋੜ ਲਿਆਂਦਾ। ਕੋਈ ਪੰਦਰਾਂ ਕੁ ਮਿੰਟਾਂ ਵਿਚ ਸਵਾਰ ਜਾ ਕੇ ਰਸਾਲੇ ਨੂੰ ਮੋੜ ਲਿਆਇਆ। ਏਨੇਂ ਨੂੰ ਇਕ ਤਰਖਾਣ ਮੇਰੇ ਕੋਲ ਆਇਆ ਜੀਹਨੇ ਦਸਿਆ ਕਿ ਬਬਰਾਂ ਨੇ ਉਹਦੇ ਘਰ ਵਿਚ ਪਨਾਹ ਲੈ ਕੇ ਕਬਜਾ ਕਰ ਲਿਆ ਸੀ ਅਤੇ ਉਹ ਆਪਣੇ ਪਰਿਵਾਰ ਦੇ ਬਚਾਉ ਲਈ ਬਹੁਤ ਘਬਰਾਇਆ ਹੋਇਆ ਸੀ। ਬਬਰਾਂ ਨੇ ਚੁਬਾਰੇ ਵਿਚ ਜਾ ਕਬਜ਼ਾ ਕੀਤਾ। ਅਸੀਂ ਸਾਰੇ ਪਿੰਡ ਨੂੰ ਖਾਲੀ ਕਰਾ ਲੈਣਾ ਠੀਕ ਸਮਝ ਕੇ ਹੁਕਮ ਦਿੱਤਾ ਕਿ ਸਾਰਾ ਪਿੰਡ ਹੁਸ਼ਿਆਰਪੁਰ ਨੂੰ ਜਾਂਦੀ ਸੜਕ ਦੇ ਨਾਲ ਲਗਦੇ ਸੁੱਕੇ ਟੋਭੇ ਵਿਚ ਇਕੱਠਾ ਹੋ ਜਾਵੇ, ਜਿਹੜਾ ਪਿੰਡ ਦੇ ਨਾਲ ਲਗਦਾ ਦੱਖਣ ਵੱਲ ਸੀ।

"ਏਨੇਂ ਨੂੰ ਅਸੀਂ ਸਤਿ ਸ੍ਰੀ ਅਕਾਲ ਦੇ ਨਾਹਰਿਆਂ ਦੀ ਗੂੰਜਵੀਂ ਆਵਾਜ਼ ਸੁਣੀ ਅਤੇ ਇਹ ਵੀ ਸੁਣਿਆ ਕਿ ਅਸੀਂ ਜਿਉਂਦੇ ਹਥਿਆਰ ਨਹੀਂ ਸੁੱਟਾਂਗੇ। ਪਿੰਡ ਖਾਲੀ ਹੋ ਚੁੱਕਿਆ ਸੀ। ਅਸੀਂ ਰਸਾਲੇ ਦੀ ਮਸ਼ੀਨਗੱਨ ਨਾਲ ਚੁਬਾਰੇ ਉੱਤੇ ਗੋਲੀਆਂ ਵਰ੍ਹਾਈਆਂ। ਜਵਾਬ ਵਿਚ ਬਬਰ ਵੀ ਗੋਲੀਆਂ ਚਲਾ ਰਹੇ ਸਨ। ਅਸੀਂ ਦੂਜੀ ਮਸੀਨਗੱਨ ਇਕ ਹੋਰ ਮਕਾਨ ਦੀ ਛੱਤ ਉੱਤੇ ਚੜ੍ਹਾ ਕੇ ਉਹਦੇ ਨਾਲ ਵੀ ਪੂਰੀ ਵਾਹ ਲਾਈ। ਦੋਹਾਂ ਮਸ਼ੀਨਗੱਨਾਂ ਨਾਲ ਚੁਬਾਰੇ ਉੱਤੇ ਗੋਲੀਆਂ ਦਾ ਮੀਂਹ ਵਰ੍ਹਾ ਕੇ ਮਹਾਸਰਾ ਤੋੜਨ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਮੋਰਚਾ ਸਰ ਕਰਨ ਵਿਚ ਅਸਫਲ ਰਹੇ। ਅਖ਼ੀਰ ਵਿਚ ਕੋਈ ਵਾਹ ਜਾਂਦੀ ਨਾ ਦੇਖ ਕੇ ਚੁਬਾਰੇ ਨੂੰ ਅੱਗ ਲਾਉਣ ਦਾ ਫ਼ੈਸਲਾ ਕਰਨਾ ਪਿਆ। ਨਤੀਜੇ ਵਜੋਂ ਦੋ ਬਬਰ ਗੋਲੀ ਲੱਗਣ ਨਾਲ ਮਰ ਗਏ, ਪਰ ਤੀਜਾ ਬਬਰ ਮੱਚ ਰਹੇ ਚੁਬਾਰੇ ਵਿਚੋਂ ਭੱਜ ਨਿਕਲਣ ਵਿਚ ਕਾਮਯਾਬ ਹੋ ਗਿਆ। ਉਹਨੇ ਬਲਦੇ ਚੁਬਾਰੇ ਵਿਚੋਂ ਛਾਲ ਮਾਰ ਦਿੱਤੀ ਅਤੇ ਪਹਿਰੇ ਉੱਤੇ ਖੜੇ ਇਕ ਸਿਪਾਹੀ ਨੂੰ ਜ਼ਖ਼ਮੀ ਕਰਕੇ ਭੱਜ ਗਿਆ। ਮੈਨੂੰ ਬਾਅਦ ਵਿਚ ਪਤਾ ਲੱਗਿਆ ਕਿ ਭੱਜਣ ਵਾਲਾ ਵਰਿਆਮ ਸਿੰਘ ਧੁੱਗਾ ਸੀ।

"(ਗਵਾਹ ਨੰ: 338) ਥਾਣੇਦਾਰ ਖ਼ਾਨ ਬਹਾਦੁਰ ਨੇ ਇਕ ਸਲਿਪ ਲਿਆ ਕੇ ਮੈਨੂੰ ਦਿੱਤੀ, ਜਿਸ ਉੱਤੇ ਤਿੰਨਾਂ ਬਬਰਾਂ ਦੇ ਨਾਂ ਲਿਖੇ ਹੋਏ ਸਨ ਅਤੇ ਉਹਨੇ ਦੱਸਿਆ ਕਿ ਬਬਰਾਂ ਨੇ ਇਹ ਨਾਂ ਆਪ ਦੱਸੇ ਸਨ, ਜਿਸ ਵੇਲੇ ਥਾਣੇਦਾਰ ਨੇ ਕੰਧ ਦੀ ਓਟ ਵਿਚੋਂ ਆਵਾਜ਼ ਦੇ ਕੇ ਹਥਿਆਰ ਸੁੱਟਣ ਲਈ ਪ੍ਰੇਰਿਆ ਸੀ। ਨਾਂ ਸਨ, ਬੰਤਾ ਸਿੰਘ ਧਾਮੀਆਂ, ਵਰਿਆਮ ਸਿੰਘ ਧੁੱਗਾ ਅਤੇ ਜਵਾਲਾ ਸਿੰਘ ਫਤਿਹਪੁਰ ਕੋਠੀ।"

ਡਿਪਟੀ ਕਮਿਸ਼ਨਰ ਦੇ ਬਿਆਨ ਦਾ ਤਰਜਮਾ ਮੈਂ ਅੱਖਰ-ਅੱਖਰ ਦਰਜ ਕਰਨ ਪਿਛੋਂ ਦੂਜੇ ਮੌਕੇ ਦੇ ਗਵਾਹ ਨੰ: 337 ਦਾ ਬਿਆਨ ਵੀ ਪੂਰੇ ਦਾ ਪੂਰਾ ਦਰਜ ਕਰ

ਰਿਹਾ ਹਾਂ, ਜੋ ਪੇਪਰ-ਬੁੱਕ ਦੇ ਸਫ਼ਾ 651 ਉੱਤੇ ਦਰਜ ਹੈ। 22 ਅਕਤੂਬਰ 1924 ਨੂੰ ਗਵਾਹ ਨੰ: 337, ਚੌਧਰੀ ਅਬਦੁਲ ਹੱਕ, ਡੀ ਐਸ ਪੀ, ਜਲੰਧਰ ਕਹਿੰਦਾ ਹੈ: "12 ਦਸੰਬਰ 1923 ਨੂੰ ਮੈਂ, ਡਿਪਟੀ ਕਮਿਸ਼ਨਰ ਮਿਸਟਰ ਜੇਕਵ ਅਤੇ ਮਿਸਟਰ ਫ਼ਰਿਟਜ਼ਗੈਰਾਲਡ ਪੁਲਸ ਕਪਤਾਨ ਜਲੰਧਰ ਥਾਣਾ ਆਦਮਪੁਰ ਪੁੱਜੇ ਸੀ। ਸਾਨੂੰ ਇਤਲਾਹ ਮਿਲੀ ਸੀ ਕਿ ਕੁਝ ਭਗੌੜੇ ਬਬਰ ਪਿੰਡ ਮੰਡੇਰਾਂ ਵਿਚ ਮੌਜੂਦ ਹਨ। ਡਿਪਟੀ ਕਮਿਸ਼ਨਰ ਨੇ ਰਸਾਲੇ ਦਾ ਵੀ ਬੰਦੋਬਸਤ ਕਰ ਲਿਆ ਸੀ ਜਿਹੜਾ ਜਲੰਧਰ ਛਾਉਣੀ ਤੋਂ ਮੰਗਵਾ ਘਲਿਆ ਸੀ। ਮੇਰੇ ਨਾਲ ਉਸ ਵੇਲੇ ਇਕ ਥਾਣੇਦਾਰ, ਦੋ ਹੌਲਦਾਰ ਅਤੇ 35 ਸਿਪਾਹੀ ਸਨ। ਇਹਤੋਂ ਇਲਾਵਾ ਸੀ ਆਈ ਡੀ ਦੇ ਆਦਮੀ ਵੀ ਸਾਡੇ ਨਾਲ ਸਨ।

"ਅਸੀਂ ਜਿੰਨੀ ਵੀ ਹੋ ਸਕੀ, ਕੁਮਕ ਲੈ ਕੇ ਮੰਡੇਰਾਂ ਨੂੰ ਚੱਲ ਪਏ, ਜਿਥੇ ਬਾਅਦ ਵਿਚ ਰਸਾਲਾ ਵੀ ਪੁੱਜ ਗਿਆ। ਅਸੀਂ ਸ਼ਾਮੀਂ ਚਾਰ ਕੁ ਬਜੇ ਪੁੱਜੇ ਸੀ। ਸਾਨੂੰ ਇਤਲਾਹ ਮਿਲੀ ਸੀ ਕਿ ਐਸ ਵੇਲੇ ਪਿੰਡ ਵਿਚ ਤਿੰਨ ਬਬਰ ਮੌਜੂਦ ਹਨ ਜਿਨ੍ਹਾਂ ਦੇ ਨਾਂ ਬੰਤਾ ਸਿੰਘ ਧਾਮੀਆਂ, ਵਰਿਆਮ ਸਿੰਘ ਧੁੱਗਾ ਅਤੇ ਜਵਾਲਾ ਸਿੰਘ ਫਤਿਹਪੁਰ ਕੋਠੀ ਹਨ। ਪੁਲਸ ਪਾਰਟੀ ਤਿੰਨ ਹਿੱਸਿਆਂ ਵਿਚ ਵੰਡ ਲਈ ਗਈ। ਇਕ ਟੁਕੜੀ ਮੇਰੇ, ਦੂਜੀ ਮਿਸਟਰ ਫ਼ਰਿਟਜ਼ਗੈਰਾਲਡ ਦੇ ਅਤੇ ਤੀਜੀ ਖ਼ਾਨ ਬਹਾਦੁਰ ਸ਼ੇਖ ਅਬਦੁਲ ਅਜ਼ੀਜ ਦੇ ਮਾਤਹਿਤ ਸੀ। ਤੇ ਅਸੀਂ ਮੰਡੇਰਾਂ ਦੁਆਲੇ ਘੇਰਾ ਪਾ ਲਿਆ। ਕੁਝ ਚਿਰ ਪਿੱਛੋਂ ਮੈਂ ਪਿੰਡ ਵੱਲੋਂ ਗੋਲੀਆਂ ਚੱਲਣ ਦੀ ਆਵਾਜ਼ ਸੁਣੀ। ਮੇਰੀ ਟੁਕੜੀ ਪਿੰਡ ਦੇ ਲਹਿੰਦੇ ਵੱਲ ਸੀ। ਮੁੜ ਗੋਲੀਆਂ ਦੀ ਆਵਾਜ਼ ਸੁਣੀ ਅਤੇ ਏਨੇਂ ਨੂੰ ਮੈਂ ਕੋਠਿਆਂ ਦੀ ਛਤ ਉੱਤੇ ਤਿੰਨ ਅਕਾਲੀ ਦੇਖੇ ਜਿਨ੍ਹਾਂ ਵਿਚੋਂ ਇਕ ਨੇ ਕਾਲੀ ਪੱਗ ਅਤੇ ਦੋ ਨੇ ਪੀਲੀਆਂ ਪੱਗਾਂ ਬੱਧੀਆਂ ਹੋਈਆਂ ਸਨ। ਉਹ ਸਾਥੋਂ ਤਕਰੀਬਨ 50 ਗ਼ਜ ਦੂਰ ਸਨ। ਅਸੀਂ ਆਬਾਦੀ ਤੋਂ ਬਾਹਰਲੀ ਤਰਫ਼ ਸੀ। ਅਸੀਂ ਦੇਖਿਆ ਕਿ ਉਹ ਓਟ ਲੈਂਦੇ ਸਾਡੇ ਵੱਲ ਵਧੇ ਆ ਰਹੇ ਹਨ ਅਤੇ ਚਾਹੁੰਦੇ ਹਨ ਕਿ ਸਾਨੂੰ ਆਪਣੀ ਮਾਰ ਹੇਠ ਲੈ ਲੈਣ। ਉਹ ਹਥਿਆਰਾਂ ਨਾਲ ਲੈਸ ਸਨ। ਇਹਤੋਂ ਪਹਿਲਾਂ ਕਿ ਉਹ ਸਾਡੇ ਉਤੇ ਗੋਲੀ ਚਲਾਉਣ, ਮੈਂ ਆਪਣੇ ਚਾਰ ਮਾਤਹਿਤਾਂ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਉਹਨਾਂ ਨੇ ਉੱਚੇ-ਨੀਵੇਂ ਬਨੇਰਿਆਂ ਦੀ ਓਟ ਲੈ ਲਈ ਅਤੇ ਇਕ ਪੱਕੇ ਚੁਬਾਰੇ ਵਿਚ ਜਾ ਪਨਾਹ ਲਈ।

"ਉਹ ਚੁਬਾਰੇ ਵਿਚੋਂ ਉਹਨਾਂ ਨੇ ਮੇਰੇ ਉੱਤੇ ਗੋਲੀ ਚਲਾਈ। ਦੋਹਾਂ ਪਾਸਿਆਂ ਤੋਂ ਗੋਲੀਬਾਰੀ ਸ਼ੁਰੂ ਹੋ ਗਈ, ਜੋ ਤਕਰੀਬਨ ਅੱਧਾ ਘੰਟਾ ਜਾਰੀ ਰਹੀ। ਏਨੇਂ ਨੂੰ ਰਸਾਲਾ ਵੀ ਪੁੱਜ ਗਿਆ। ਉਸ ਵੇਲੇ ਰਸਾਲੇ ਕੋਲ ਦੋ ਮਸ਼ੀਨਗੰਨਾਂ ਸਨ। ਦੋਹਾਂ ਨਾਲ ਚੁਬਾਰੇ ਉਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਗਈ। ਤਕਰੀਬਨ ਇਕ ਘੰਟਾ ਲਗਾਤਾਰ ਪੂਰੇ ਜ਼ੋਰਾਂ-ਸ਼ੋਰਾਂ ਨਾਲ ਗੋਲੀਆਂ ਦਾ ਮੀਂਹ ਚੁਬਾਰੇ ਉੱਤੇ ਵਰ੍ਹਦਾ ਰਿਹਾ। ਪਰ ਮੋਰਚਾ ਏਨਾਂ ਪੱਕਾ ਸੀ ਕਿ ਟੁੱਟ ਨਾ ਸਕਿਆ। ਆਖ਼ਰ ਰਸਾਲੇ ਦੇ ਕਮਾਂਡਰ ਨੇ ਕਿਹਾ ਕਿ ਰਾਤ ਆ ਰਹੀ ਹੈ ਅਤੇ ਇਸੇ ਤਰ੍ਹਾਂ ਕਰਦੇ ਰਹਿਣਾ ਫ਼ਜ਼ੂਲ ਹੈ। ਇਉਂ ਕੋਈ ਨਤੀਜਾ ਨਿਕਲਣ ਨੂੰ ਨਹੀਂ। ਇਸ ਲਈ ਜ਼ਰੂਰੀ ਹੈ ਕਿ ਚੁਬਾਰੇ ਦੇ ਦਰਵਾਜ਼ਿਆਂ ਤੇ ਤਾਕੀਆਂ ਨੂੰ ਅੱਗ ਲਾ ਦਿੱਤੀ ਜਾਵੇ ਜਾਂ ਉਖਾੜ ਦਿੱਤਾ ਜਾਵੇ। ਸੋ ਥਾਣੇਦਾਰ ਖ਼ਾਨ ਬਹਾਦੁਰ ਨੂੰ ਕਿਹਾ ਗਿਆ ਕਿ ਉਹ ਦਰਵਾਜ਼ੇ

ਅਤੇ ਤਾਕੀਆਂ ਨੂੰ ਅੱਗ ਲਾ ਦੇਵੇ। ਚੁਬਾਰੇ ਦੇ ਦੋ ਦਰਵਾਜ਼ੇ ਸਨ। ਥਾਣੇਦਾਰ ਨੇ ਦਰਵਾਜ਼ਿਆਂ ਅਤੇ ਤਾਕੀਆਂ ਨੂੰ ਅੱਗ ਲਾ ਦਿੱਤੀ। ਉਨਾਂ ਚਿਰ ਗੋਲੀਬਾਰੀ ਬੰਦ ਰਖੀ ਗਈ ਤਾਂ ਜੋ ਆਪਣੇ ਬੰਦਿਆਂ ਨੂੰ ਗੋਲੀ ਨਾ ਲੱਗੇ।

"ਸਾਰਾ ਚੁਬਾਰਾ ਅੱਗ ਦੀਆਂ ਲਾਟਾਂ ਵਿਚ ਘਿਰ ਗਿਆ। ਸੋ ਤਿੰਨਾਂ ਬਬਰਾਂ ਨੇ ਅੱਗ ਦੇ ਭਾਂਬੜਾਂ ਵਿਚੋਂ ਬਚ ਨਿਕਲਣ ਦੀ ਕੋਸ਼ਿਸ਼ ਕੀਤੀ। ਦੋ ਤਾ ਗੋਲੀਆਂ ਲਗਦਿਆਂ ਹੀ ਡਿੱਗ ਪਏ। ਤੀਜੇ ਨੇ ਹੇਠਲੇ ਕੋਠੇ ਉੱਤੇ ਛਾਲ ਮਾਰ ਦਿੱਤੀ। ਫੇਰ ਗਲੀ ਵਿਚ ਛਾਲ ਮਾਰ ਕੇ ਪਹਿਰੇ ਉੱਤੇ ਖੜੋਤੇ ਸਿਪਾਹੀ ਵਜ਼ੀਰ ਖਾਂ ਦੇ ਗੋਲੀ ਮਾਰ ਕੇ ਅਤੇ ਉਹਨੂੰ ਜ਼ਖਮੀ ਕਰਕੇ ਉਹ ਭੱਜ ਗਿਆ। ਇਹ ਬਬਰ ਵਰਿਆਮ ਸਿੰਘ ਧੁੱਗਾ ਸੀ। ਬੇਸ਼ਕ ਰਾਤ ਪੈ ਚੁੱਕੀ ਸੀ ਪਰ ਮੈਂ ਅੱਗ ਦੀ ਰੌਸ਼ਨੀ ਕਾਰਨ ਸਾਰੀ ਗੱਲ ਵਾਪਰਦੀ ਦੇਖ ਲਈ ਸੀ।

"ਜਿਸ ਵੇਲੇ ਮੈਂ 30 ਜਨਵਰੀ 1924 ਨੂੰ ਕੁਮਿਟਿੰਗ ਮੇਜਿਸਟ੍ਰੇਟ ਦੀ ਅਦਾਲਤ ਵਿਚ ਗਵਾਹੀ ਦਿੱਤੀ ਸੀ ਤਾਂ ਵਰਿਆਮ ਸਿੰਘ ਹਾਲੇ ਮਫ਼ਰੂਰ ਹੀ ਸੀ। ਬਾਅਦ ਵਿਚ ਉਹ ਜ਼ਿਲਾ ਲਾਇਲਪੁਰ ਵਿਚ ਮਾਰਿਆ ਗਿਆ ਸੀ। ਜਿਸ ਵੇਲੇ ਪੁਲਸ ਉਹਨੂੰ ਗਰਿਫਤਾਰ ਕਰਨ ਦੀ ਕੋਸ਼ਿਸ਼ ਕਰ ਰਹੀ ਸੀ, ਚੁਬਾਰੇ ਦੀ ਛੱਤ ਅਤੇ ਸਾਹਮਣੇ ਵਾਲੀ ਕੰਧ ਢਹਿ-ਢੇਰੀ ਹੋ ਗਈਆਂ ਸਨ। ਇਹ ਅੱਗ ਦਾ ਨਤੀਜਾ ਸੀ। ਜਦੋਂ ਅਸੀਂ ਬਾਅਦ ਵਿਚ ਚੁਬਾਰੇ ਵਿਚ ਗਏ ਤਾਂ ਦੇਖਿਆ ਕਿ ਦੋ ਆਦਮੀਆਂ ਦੇ ਸਰੀਰ ਬਿਲਕੁਲ ਸੜ ਚੁਕੇ ਸਨ। ਇਕ ਦੇਹ ਦਰਵਾਜੇ ਵਿਚ ਅਤੇ ਦੂਜੀ ਤਾਕੀ ਲਾਗੇ ਪਈ ਸੀ। ਦਸਿਆ ਗਿਆ ਇਕ ਬੰਤਾ ਸਿੰਘ ਦੀ ਸੀ ਅਤੇ ਦੂਜੀ ਜਵਾਲਾ ਸਿੰਘ ਦੀ।

"ਆਹ ਫੋਟੋ ਪੀ. ਏ. 716, ਜਿਹੜਾ ਮੈਨੂੰ ਵਿਖਾਇਆ ਗਿਆ ਹੈ, ਉਸੇ ਚੁਬਾਰੇ ਦਾ ਹੀ ਹੈ। ਦੋਨੋਂ ਬਿਲਕੁਲ ਸੜ ਕੇ ਲੋਥੜੇ ਬਣ ਚੁਕੇ ਜਿਸਮ ਅਗਲੇ ਦਿਨ ਚੁੱਕੇ ਗਏ ਸਨ। ਸਾਰੀ ਰਾਤ ਸੰਤਰੀਆਂ ਦਾ ਪਹਿਰਾ ਲਾਈ ਰੱਖਿਆ ਗਿਆ ਸੀ। ਦਿਨ ਚੜ੍ਹੇ ਸਾਰੇ ਪਿੰਡ ਦੀ ਤਲਾਸ਼ੀ ਲਈ ਗਈ। ਖ਼ਿਆਲ ਸੀ ਕਿ ਸ਼ਾਇਦ ਵਰਿਆਮ ਸਿੰਘ ਮਿਲ ਜਾਵੇ। ਚੁਬਾਰੇ ਵਿਚੋਂ ਹੇਠ-ਲਿਖੀਆਂ ਚੀਜ਼ਾਂ ਮਿਲੀਆਂ ਸਨ: 1. ਦੁਨਾਲੀ ਬੰਦੂਕ ਪੀ 180, ਜੀਹਦਾ ਦਸਤਾ ਸੜ ਚੁਕਿਆ ਸੀ; 2. ਇਕ ਰੀਵਾਲਵਰ ਪੀ 181, ਜੀਹਦਾ ਦਸਤਾ ਵੀ ਸੜ ਚੁਕਿਆ ਸੀ; 3. ਪੀ 182, ਬੰਦੂਕ ਦੇ 11 ਚੱਲ ਚੁੱਕੇ ਖੋਲ; 4. ਚਾਕੂ ਪੀ 183, ਜੀਹਦਾ ਦਸਤਾ ਸੜ ਚੁਕਿਆ ਸੀ; ਆਦਿ।"

ਹੁਣ ਪੜ੍ਹੋ ਥਾਣੇਦਾਰ ਦਾ ਬਿਆਨ, ਪੇਪਰ-ਬੁੱਕ ਦਾ ਸਫ਼ਾ 653, ਤਾਰੀਖ਼ 22 ਅਕਤੂਬਰ 1924, ਸਰਕਾਰੀ ਗਵਾਹ ਨੰ: 338, ਖ਼ਾਨ ਬਹਾਦੁਰ, ਸਬ ਇੰਸਪੈਕਟਰ ਨੰ: 195 ਈ, ਲਾਈਨ ਅਫ਼ਸਰ, ਜਲੰਧਰ: "12 ਦਸੰਬਰ 1923 ਨੂੰ ਮੈਂ ਬਾਕੀ ਅਫ਼ਸਰਾਂ ਨਾਲ ਮੰਡੇਰਾਂ ਨੂੰ ਗਿਆ ਸੀ। ਮੇਰੇ ਨਾਲ ਪੁਲਸ ਦੀ ਕੁਮਕ ਸੀ ਜਿਹੜੀ ਕੁਝ ਬਬਰਾ ਨੂੰ ਗਰਿਫ਼ਤਾਰ ਕਰਨ ਗਈ ਸੀ। ਪਤਾ ਲਗਿਆ ਸੀ ਕਿ ਤਿੰਨ ਬਬਰ ਅਕਾਲੀ ਵਰਿਆਮ ਸਿੰਘ, ਬੰਤਾ ਸਿੰਘ ਅਤੇ ਜਵਾਲਾ ਸਿੰਘ ਪਿੰਡ ਵਿਚ ਮੌਜੂਦ ਸਨ। ਜਿਸ ਵੇਲੇ ਬਬਰਾਂ ਨੂੰ ਪਤਾ ਲਗਿਆ ਕਿ ਅਸੀਂ ਉਹਨਾਂ ਨੂੰ ਗਰਿਫਤਾਰ ਕਰਨ ਲਈ ਪੁੱਜ ਗਏ ਹਾਂ ਤਾਂ ਉਹਨਾ ਨੇ ਪਿੰਡ ਦੇ ਇਕ ਚੁਬਾਰੇ ਵਿਚ ਜਾ ਪਨਾਹ ਲਈ ਅਤੇ ਪੁਲਸ ਉੱਤੇ ਗੋਲੀ ਚਲਾਉਣੀ ਸ਼ੁਰੂ ਕਰ ਦਿਤੀ। ਜਵਾਬ ਵਿਚ ਅਸੀਂ ਵੀ ਚਲਾਉਣੀ ਸ਼ੁਰੂ ਕਰ ਦਿੱਤੀ। ਥੋੜ੍ਹੇ ਚਿਰ ਪਿਛੋਂ ਰਸਾਲਾ ਵੀ ਪਹੁੰਚ ਗਿਆ ਅਤੇ ਮਸ਼ੀਨ ਗੱਨਾਂ

ਨਾਲ ਗੋਲੀਆਂ ਚਲਾਉਣ ਲਗ ਪਿਆ। ਫੇਰ ਮੈਨੂੰ ਕੁਝ ਪੁਲਸੀਆਂ ਅਤੇ ਰਸਾਲੇ ਦੇ ਜਵਾਨਾਂ ਨਾਲ ਚੁਬਾਰੇ ਨੂੰ ਘੇਰਨ ਦਾ ਹੁਕਮ ਮਿਲਿਆ। ਸੋ ਅਸੀਂ ਬਚਾਉ ਕਰਦੇ ਹੋਏ ਚੁਬਾਰੇ ਨੇੜੇ ਜਾ ਪੁੱਜੇ ਅਤੇ ਮੈਂ ਉਹਨਾਂ ਨੂੰ ਹਥਿਆਰ ਸੁੱਟਣ ਲਈ ਕਿਹਾ। ਉਹਨਾਂ ਨੇ ਇਨਕਾਰ ਕਰ ਦਿਤਾ ਅਤੇ ਇਹੋ ਗੱਲ ਜਾ ਕੇ ਮੈਂ ਡਿਪਟੀ ਕਮਿਸ਼ਨਰ ਅਤੇ ਪੁਲਸ ਕਪਤਾਨ ਨੂੰ ਦੱਸੀ। ਮੈਂ ਬਬਰਾਂ ਤੋਂ ਉਹਨਾਂ ਦੇ ਨਾਂ ਪੁਛੇ ਤਾਂ ਉਹਨਾਂ ਨੇ ਬੰਤਾ ਸਿੰਘ, ਵਰਿਆਮ ਸਿੰਘ ਅਤੇ ਜਵਾਲਾ ਸਿੰਘ ਦੱਸੇ। ਮੈਂ ਤਿੰਨੇ ਨਾਂ ਇਕ ਕਾਗਜ਼ ਦੇ ਪੁਰਜ਼ੇ ਉੱਤੇ ਲਿਖ ਲਏ ਅਤੇ ਉਹ ਕਾਗਜ ਆਪਣੀ ਨੋਟ-ਬੁੱਕ ਵਿਚੋਂ ਪਾੜ ਕੇ ਡਿਪਟੀ ਕਮਿਸ਼ਨਰ ਨੂੰ ਦੇ ਦਿੱਤਾ। ਉਸ ਵੇਲੇ ਹਨੇਰਾ ਹੋਣਾ ਸ਼ੁਰੂ ਹੋ ਗਿਆ। ਮੈਨੂੰ ਹੁਕਮ ਮਿਲਿਆ ਕਿ ਮੈਂ ਚੁਬਾਰੇ ਦੇ ਦਰਵਾਜ਼ਿਆਂ ਅਤੇ ਤਾਕੀਆਂ ਨੂੰ ਅੱਗ ਲਾਉਣ ਦਾ ਬੰਦੋਬਸਤ ਕਰਾਂ। ਮੈਂ ਸੁੱਕੀਆਂ ਕੜਬ ਦੀਆਂ ਭਰੀਆਂ ਮੰਗਵਾ ਕੇ ਦਰਵਾਜਿਆਂ-ਤਾਕੀਆਂ ਸਾਹਮਣੇ ਰਖਵਾ ਲਈਆਂ। ਉੱਤੇ ਮਿੱਟੀ ਦਾ ਤੇਲ ਅਤੇ ਪਟਰੋਲ ਛਿੜਕਾ ਕੇ ਅੱਗ ਲੁਆ ਦਿੱਤੀ। ਜਿਸ ਵੇਲੇ ਦਰਵਾਜ਼ੇ-ਤਾਕੀਆਂ ਅੱਗ ਦੇ ਭਾਂਬੜਾਂ ਵਿਚ ਘਿਰ ਗਏ ਤਾਂ ਬਬਰਾਂ ਨੇ ਭੱਜ ਨਿਕਲਣ ਲਈ ਦਰਵਾਜ਼ਾ ਖੋਲ੍ਹਿਆ। ਇਕ ਤਾਂ ਗੋਲੀ ਲੱਗਣ ਨਾਲ ਦਰਵਾਜੇ ਵਿਚ ਡਿੱਗ ਪਿਆ ਅਤੇ ਦੂਜਾ ਜ਼ਖ਼ਮੀ ਹੋ ਕੇ ਤਾਕੀ ਮੂੰਹ ਡਿਗ ਪਿਆ। ਤੀਜਾ ਮਸ਼ੀਨਗੰਨ ਦੇ ਵਕਫ਼ੇ ਕਾਰਨ ਤਾਕੀ ਵਿਚੋਂ ਇਕ ਨੀਵੇਂ ਕੋਠੇ ਉੱਤੇ ਛਾਲ ਮਾਰ ਕੇ ਅਤੇ ਮੁੜ ਗਲੀ ਵਿਚ ਛਾਲ ਮਾਰ ਕੇ ਪਹਿਰੇ ਉੱਤੇ ਖੜੋਤੇ ਸਿਪਾਹੀ ਵਜ਼ੀਰ ਅਲੀ ਦੇ ਗੋਲੀ ਮਾਰ ਭੱਜ ਨਿਕਲਿਆ। ਬਬਰ ਕੋਲ ਉਸ ਵੇਲੇ ਬੰਦੂਕ ਸੀ। ਬਾਅਦ ਵਿਚ ਇਕ ਪੱਗ ਅਤੇ ਇਕ ਪਰਨਾ ਸਾਨੂੰ ਵਿਹੜੇ ਵਿਚ ਪਏ ਮਿਲੇ। ਭੱਜਣ ਵਾਲਾ ਬਬਰ ਵਰਿਆਮ ਸਿੰਘ ਸੀ। ਅਸੀਂ ਸਾਰੀ ਰਾਤ ਪਿੰਡ ਦੁਆਲੇ ਘੇਰਾ ਪਾਈ ਰਖਿਆ। ਸਾਡਾ ਖ਼ਿਆਲ ਸੀ ਕਿ ਹਾਲੇ ਵਰਿਆਮ ਸਿੰਘ ਪਿੰਡ ਵਿਚ ਹੀ ਕਿਸੇ ਦੇ ਘਰ ਲੁਕਿਆ ਹੋਵੇਗਾ। ਦਿਨ ਚੜ੍ਹੇ ਇਕੱਲੇ-ਇਕੱਲੇ ਘਰ ਦੀ ਤਲਾਸ਼ੀ ਲਈ ਗਈ, ਪਰ ਉਹ ਨਾ ਮਿਲਿਆ।"

ਇਥੇ ਤਿੰਨਾਂ ਅਫਸਰਾਂ ਦੇ ਬਿਆਨ ਮੈਂ ਪੂਰੀ ਤਫ਼ਸੀਲ ਨਾਲ ਦਰਜ ਕਰਨ ਪਿੱਛੋਂ ਚੌਥੇ ਜ਼ਖ਼ਮੀ ਸਿਪਾਹੀ ਦਾ ਬਿਆਨ ਵੀ ਦਰਜ ਕਰ ਰਿਹਾ ਹਾਂ, ਜਿਹੜਾ ਪੇਪਰ-ਬੁੱਕ ਦੇ ਸਫ਼ਾ 654 ਉੱਤੇ ਹੈ। 12 ਅਕਤੂਬਰ 1924 ਨੂੰ ਸਰਕਾਰੀ ਗਵਾਹ ਨੰ: 339, ਵਜ਼ੀਰ ਖਾਂ, ਕੰਸਟੇਬਲ ਨੰ: 289, ਪੁਲਸ ਲਾਈਨ ਜਲੰਧਰ ਕਹਿੰਦਾ ਹੈ : "ਮੈਂ ਚੁਬਾਰੇ ਦੁਆਲੇ ਘੇਰਾ ਪਾਉਣ ਵਾਲਿਆਂ ਵਿਚ ਸ਼ਾਮਲ ਸੀ। ਚੁਬਾਰੇ ਵਿਚ ਤਿੰਨ ਬਬਰ ਸਨ। ਉਹ ਪੁਲਸ ਉੱਤੇ ਗੋਲੀਆਂ ਚਲਾ ਰਹੇ ਸਨ ਅਤੇ ਪੁਲਸ ਜਵਾਬ ਵਿਚ ਗੋਲੀਆਂ ਚਲਾ ਰਹੀ ਸੀ। ਜਿਸ ਵੇਲੇ ਚੁਬਾਰਾ ਅੱਗ ਨਾਲ ਘਿਰ ਗਿਆ, ਤਾਂ ਇਕ ਬਬਰ ਨੇ ਮੇਰੇ ਉੱਤੇ ਗੋਲੀ ਚਲਾ ਦਿੱਤੀ ਜਿਹੜੀ ਮੇਰੀ ਬਗਲ ਵਿਚ ਲੱਗੀ। ਉਹ ਕੋਈ 10 ਕਦਮਾਂ ਉੱਤੇ ਸੀ, ਜਿਸ ਵੇਲੇ ਉਹਨੇ ਮੈਨੂੰ ਜ਼ਖ਼ਮੀ ਕੀਤਾ ਸੀ। ਮੈਨੂੰ ਕੋਈ ਪਤਾ ਨਹੀਂ, ਉਹਦੇ ਕੋਲ ਕਿਹੜਾ ਹਥਿਆਰ ਸੀ। ਮੈਂ ਰੌਲਾ ਪਾ ਦਿੱਤਾ ਕਿ ਮੈਂ ਜ਼ਖ਼ਮੀ ਹੋ ਗਿਆ ਹਾਂ, ਪਰ ਕੋਈ ਪਤਾ ਨਾ ਲੱਗਿਆ ਕਿ ਬਬਰ ਕਿਧਰ ਨੂੰ ਭੱਜ ਗਿਆ ਸੀ। ਮੈਂ ਹਸਪਤਾਲ ਵਿਚ ਇਕ ਮਹੀਨਾ ਅਤੇ ਚਾਰ ਦਿਨ ਜ਼ੇਰੇ-ਇਲਾਜ ਰਿਹਾ ਸੀ।"

ਹੁਣ ਮੈਂ ਧੰਨਾ ਸਿੰਘ ਦਾ ਬਿਆਨ ਦਰਜ ਕਰ ਰਿਹਾ ਹਾਂ, ਜਿਹੜਾ ਪੇਪਰ-ਬੁੱਕ ਦੇ ਸਫ਼ਾ 276 ਉੱਤੇ ਹੈ। ਜਿਸ ਵੇਲੇ ਧੰਨਾ ਸਿੰਘ ਆਲੋਵਾਲ ਵਲੋਂ ਹੋ ਕੇ ਮਿੱਥੇ ਪ੍ਰੋਗਰਾਮ ਮੁਤਾਬਿਕ ਦੌਲਤਪੁਰੀਏ ਸੁਰੈਣ ਸਿੰਘ ਕੋਲ ਦੋ ਦਿਨਾਂ ਪਿੱਛੋਂ ਪਰਤਿਆ ਤਾਂ

ਵਰਿਆਮ ਸਿੰਘ ਇਲਾਜ ਲਈ ਉਹਦੇ ਕੋਲ ਪੁੱਜ ਚੁੱਕਿਆ ਸੀ। ਧੰਨਾ ਸਿੰਘ ਜਿਸ ਵੇਲੇ ਵਰਿਆਮ ਸਿੰਘ ਨੂੰ ਮਿਲਿਆ ਤਾਂ ਵਰਿਆਮ ਸਿੰਘ ਨੇ ਧੰਨਾ ਸਿੰਘ ਨੂੰ ਮੰਡੇਰਾਂ ਦੀ ਘਟਨਾ ਦੀ ਸਾਰੀ ਗੱਲ ਦਸਦਿਆਂ ਇਹ ਵੀ ਦੱਸਿਆ ਕਿ ਬੰਤਾ ਸਿੰਘ ਤੇ ਜਵਾਲਾ ਸਿੰਘ ਉੱਥੇ ਮਾਰੇ ਗਏ ਹਨ, ਪਰ ਉਹ ਬਚ ਕੇ ਨਿਕਲ ਆਇਆ ਹੈ। ਅੱਗ ਲੱਗਣ ਪਿੱਛੋਂ ਜਿਸ ਵੇਲੇ ਬੰਤਾ ਸਿੰਘ ਦਰਵਾਜ਼ਾ ਖੋਲ੍ਹਦਿਆਂ ਹੀ ਜ਼ਖਮੀ ਹੋ ਕੇ ਡਿੱਗ ਪਿਆ ਤਾਂ ਉਹਨੇ ਵਰਿਆਮ ਸਿੰਘ ਨੂੰ ਆਖਿਆ ਕਿ ਮੈਨੂੰ ਗੋਲੀ ਮਾਰ ਕੇ ਤੂੰ ਆਪ ਹੀ ਖ਼ਤਮ ਕਰ ਦੇ ਤਾਂ ਜੋ ਬਾਕੀ ਤਕਲੀਫ਼ ਤੋਂ ਛੁਟਕਾਰਾ ਪਾ ਸਕਾਂ। ਸੋ ਵਰਿਆਮ ਸਿੰਘ ਨੇ ਗੋਲੀ ਮਾਰ ਕੇ ਆਪਣੇ ਸਾਥੀ ਨੂੰ ਆਪ ਹੀ ਸ਼ਹੀਦ ਕਰ ਦਿੱਤਾ।

ਵਰਿਆਮ ਸਿੰਘ ਜਿਸ ਵੇਲੇ ਭੱਜਿਆ ਸੀ, ਜਵਾਲਾ ਸਿੰਘ ਜਿਉਂਦਾ ਸੀ ਅਤੇ ਪੁਲਸ ਦਾ ਮੁਕਾਬਲਾ ਕਰੀ ਜਾ ਰਿਹਾ ਸੀ।

ਉੱਪਰਲੀ ਸਾਰੀ ਗੱਲ ਮੈਂ ਸਰਕਾਰੀ ਗਵਾਹਾਂ ਦੇ ਬਿਆਨਾਂ ਮੁਤਾਬਿਕ ਦਰਜ ਕਰ ਦਿੱਤੀ ਹੈ। ਹੁਣ ਮੈਂ ਵਰਿਆਮ ਸਿੰਘ ਬਾਬਤ ਸਭ ਕੁਝ ਪਾਠਕਾਂ ਦੀ ਜਾਣਕਾਰੀ ਲਈ ਦਰਜ ਕਰ ਰਿਹਾ ਹਾਂ ਕਿ ਉਹ ਕਿਵੇਂ ਬਚ ਨਿਕਲਿਆ ਅਤੇ ਉਹਨੇ ਬਚ ਕੇ ਕੀ-ਕੀ ਕਾਰਨਾਮੇ ਕੀਤੇ।

ਜਿਸ ਵੇਲੇ ਚੁਬਾਰਾ ਅੱਗ ਦੀਆਂ ਲਾਟਾਂ ਵਿਚ ਘਿਰ ਗਿਆ ਤਾਂ ਸੀਖਾਂ ਵਾਲੀ ਤਾਕੀ ਵੀ ਮੱਚ ਚੁੱਕੀ ਸੀ। ਜਵਾਲਾ ਸਿੰਘ ਵੀ ਉਹਦੇ ਕੋਲ ਹੀ ਖੜੋਤਾ ਸੀ। ਬੰਤਾ ਸਿੰਘ ਨੂੰ ਸ਼ਹੀਦ ਕਰਨ ਪਿੱਛੋਂ ਵਰਿਆਮ ਸਿੰਘ ਨੇ ਸੀਖਾਂ ਵਾਲੀ ਸੜ ਚੁੱਕੀ ਤਾਕੀ ਵਿਚ ਲੱਤ ਮਾਰ ਕੇ ਉਹ ਥੱਲੇ ਸੁੱਟ ਦਿੱਤੀ ਅਤੇ ਨਾਲ ਲਗਦੇ ਹੇਠਲੇ ਕੋਠੇ ਉੱਤੇ ਛਾਲ ਮਾਰ ਦਿੱਤੀ। ਪਰ ਕੇਸ-ਦਾੜ੍ਹੀ ਅਤੇ ਛਾਤੀ ਸੜ ਗਏ। ਉਹਨੇ ਪੱਗ ਅਤੇ ਪਰਨਾ ਲਾਹ ਕੇ ਮਕਾਨ ਦੇ ਵਿਹੜੇ ਵਿਚ ਵਗਾਹ ਮਾਰੇ ਅਤੇ ਕੁੜਤਾ ਲਾਹ ਕੇ ਅੱਗ ਵਿਚ ਸੁੱਟ ਦਿੱਤਾ। ਗਲੀ ਵਿਚ ਛਾਲ ਮਾਰ ਕੇ ਪਹਿਰੇ ਉੱਤੇ ਖੜੋਤੇ ਸਿਪਾਹੀ ਨੂੰ ਗੋਲੀ ਮਾਰ ਉਹ ਸਿੱਧਾ ਕਮਾਦਾਂ ਵਿਚ ਜਾ ਵੜਿਆ। ਉਸ ਵੇਲੇ ਕਛਹਿਰਾ ਹੀ ਰਹਿ ਗਿਆ ਸੀ ਜਾਂ ਬੰਦੂਕ ਸੀ। ਉਹ ਸਿੱਧਾ ਨੰਗ-ਧੜੰਗ ਜ਼ਖ਼ਮੀ ਹੋਇਆ ਦਮੁੰਡੇ ਬਚਿੰਤ ਸਿੰਘ ਕੋਲ ਪੁੱਜਿਆ। ਉਸ ਵੇਲੇ ਬਚਿੰਤ ਸਿੰਘ ਕੋਲ ਕੁਝ ਹੋਰ ਬੰਦੇ ਬੈਠੇ ਗੱਲਾਂ ਕਰ ਰਹੇ ਸਨ। ਉਹਨੇ ਕੋਠੇ ਉੱਤੇ ਚੜ੍ਹ ਕੇ ਬਚਿੰਤ ਸਿੰਘ ਨੂੰ ਮੋਘੇ ਥਾਣੀ ਆਵਾਜ਼ ਮਾਰ ਕੇ ਕੋਠੇ ਉੱਤੇ ਬੁਲਾ ਲਿਆ ਅਤੇ ਉਹਦੇ ਕੋਲੋਂ ਖੇਸ ਲੈ ਕੇ ਬੁੱਕਲ ਮਾਰੀ ਅਤੇ ਸਿੱਧਾ ਅਲਾਵਲਪੁਰ ਲਾਗੇ ਦੌਲਤਪੁਰੀਏ ਸੁਰੈਣ ਸਿੰਘ ਕੋਲ ਜਾ ਪੁੱਜਿਆ। ਅਲਾਵਲਪੁਰ ਦਾ ਇਕ ਪ੍ਰਾਈਵੇਟ ਡਾਕਟਰ ਸੁਰੈਣ ਸਿੰਘ ਦਾ ਵਾਕਫ਼ ਸੀ, ਜਿਹੜਾ ਦੇਸਭਗਤ ਸੀ। ਉਹਨੇ ਵਰਿਆਮ ਸਿੰਘ ਦਾ ਇਲਾਜ ਕਰਕੇ ਉਹਨੂੰ ਥੋੜ੍ਹੇ ਹੀ ਦਿਨਾਂ ਵਿਚ ਰਾਜ਼ੀ ਕਰ ਦਿੱਤਾ।

ਬਾਅਦ ਵਿਚ ਅਸੀਂ ਵੀ ਉਸ ਡਾਕਟਰ ਦੇ ਦਰਸ਼ਨ ਕੀਤੇ ਸਨ ਅਤੇ ਉਹਦਾ ਸ਼ੁਕਰੀਆ ਅਦਾ ਕੀਤਾ ਸੀ। ਉਹਨੇ ਕਿਹਾ ਸੀ, "ਮੈਂ ਕੋਈ ਅਨੋਖੀ ਗੱਲ ਨਹੀਂ ਸੀ ਕੀਤੀ। ਇਕ ਸੱਚੇ ਦੇਸਭਗਤ ਦੀ ਸੇਵਾ ਕਰਕੇ ਜੋ ਰੂਹਾਨੀ ਖ਼ੁਸ਼ੀ ਉਸ ਵੇਲੇ ਮੈਂ ਮਹਿਸੂਸ ਕੀਤੀ ਸੀ, ਉਹ ਕਿਸੇ ਖ਼ੁਸ਼-ਕਿਸਮਤ ਇਨਸਾਨ ਨੂੰ ਹੀ ਨਸੀਬ ਹੋ ਸਕਦੀ ਹੈ।" ਉਹਦੇ ਦਰਸ਼ਨ ਸਾਡੇ ਸਾਥੀ ਸੁਰੈਣ ਸਿੰਘ ਨੇ ਉਮਰ-ਕੈਦ ਕੱਟ ਆਉਣ ਤੋਂ ਬਾਅਦ ਕਰਾਏ ਸਨ। ਪਾਠਕ ਆਪ ਹੀ ਅੰਦਾਜ਼ਾ ਲਾ ਲੈਣ ਕਿ ਉਸ ਵੇਲੇ ਵੀ ਨੇਕੀ-ਬਦੀ ਦਾ ਸੰਘਰਸ਼, ਜਿਹੜਾ ਜੁਗਾਂ-ਜੁਗਾਂਤਰਾਂ ਤੋਂ ਚਲਿਆ ਆ ਰਿਹਾ ਹੈ ਅਤੇ ਚਲਦਾ

ਹੀ ਰਹੇਗਾ, ਜਾਰੀ ਸੀ। ਇਕ ਪਾਸੇ ਜਗਤ ਸਿੰਘ ਮੰਡੇਰੀਏ ਨੂੰ ਰਖ ਲਉ ਅਤੇ ਦੂਜੇ ਬੰਨੇ ਇਸ ਅਲਾਵਲਪੁਰੀਏ ਡਾਕਟਰ ਸਾਹਿਬ ਨੂੰ। ਇਹ ਮਹਾਂਪੁਰਸ਼ ਵੀ ਉਹੋ ਮੁਰੱਬੇ ਅਤੇ ਨਕਦ ਇਨਾਮ ਹਾਸਲ ਕਰ ਸਕਦਾ ਸੀ ਜਿਹੜੇ ਮੁਰੱਬੇ ਬਾਅਦ ਵਿਚ ਇਸੇ ਸਿਰ-ਲੱਥ ਯੋਧੇ ਵਰਿਆਮ ਸਿੰਘ ਨੂੰ ਉਹਦੇ ਇਕ ਰਿਸ਼ਤੇਦਾਰ ਡਿਚਕੋਟੀਏ ਰਲਾ ਸਿੰਘ ਅਤੇ ਜੜਾਂਵਾਲੀਏ ਸਾਹਿਬ ਦਿੱਤਾ ਮਲ ਆੜ੍ਹਤੀਏ ਨੇ ਸ਼ਹੀਦ ਕਰਵਾ ਕੇ ਲਏ ਸਨ, ਜੀਹਦਾ ਜ਼ਿਕਰ ਅੱਗੇ ਜਾ ਕੇ ਆਉਣਾ ਹੈ। ਇਕ ਡਾਕਟਰ ਸੇਵਾ ਕਰਕੇ ਆਪਣੇ ਆਪ ਨੂੰ ਖ਼ੁਸ਼ਕਿਸਮਤ ਸਮਝ ਰਿਹਾ ਹੈ, ਦੂਜਾ ਆੜ੍ਹਤੀਆ ਖ਼ੂਨ ਨਾਲ ਹੱਥ ਰੰਗ ਕੇ ਮਾਲਾ-ਮਾਲ ਹੋ ਰਿਹਾ ਹੈ। ਕੁਦਰਤ ਦੀ ਇਹ ਅਜੀਬ ਖੇਡ ਆਜ਼ਾਦੀ ਤੋਂ ਬਾਅਦ ਵੀ ਅੱਜ ਪੂਰੇ ਜੋਬਨ ਉੱਤੇ ਚੱਲ ਰਹੀ ਹੈ।

ਪੋਹ ਦੀਆਂ ਠੰਡੀਆਂ-ਯਖ ਰਾਤਾਂ, ਨੰਗ-ਧੜੰਗ ਜ਼ਖ਼ਮੀ ਸ਼ੇਰ, ਆਜ਼ਾਦੀ ਦਾ ਮਤਵਾਲਾ ਕਿਵੇਂ ਜੂਝ ਰਿਹਾ ਹੈ। ਵਰਿਆਮ ਸਿੰਘ ਦੇ ਭੱਜ ਨਿਕਲਣ ਪਿੱਛੋਂ ਜਵਾਲਾ ਸਿੰਘ ਜ਼ਰੂਰ ਜ਼ਖ਼ਮੀ ਹੋ ਗਿਆ ਹੋਵੇਗਾ, ਜਿਸ ਕਰਕੇ ਉਹ ਜਿਉਂਦਾ ਹੀ ਸ਼ਹੀਦ ਹੋ ਸੜ ਮਰਿਆ ਹੋਵੇਗਾ। ਵਰਿਆਮ ਸਿੰਘ ਨੇ ਸੁਰੈਣ ਸਿੰਘ ਨੂੰ ਦਸਿਆ ਸੀ ਕਿ ਉਹ ਦੋਵੇਂ ਇਕੱਠੇ ਹੀ ਖੜੋਤੇ ਸਨ। ਜਵਾਲਾ ਸਿੰਘ ਉਸ ਵੇਲੇ ਠੀਕ-ਠਾਕ ਸੀ, ਜਿਸ ਵੇਲੇ ਉਹਨੇ ਛਾਲ ਮਾਰੀ ਸੀ।

ਇਹਤੋਂ ਪਹਿਲਾਂ ਕਿ ਮੈਂ ਅਗਲੀ ਕਾਰਵਾਈ ਸ਼ੁਰੂ ਕਰਾਂ, ਪਹਿਲਾਂ ਸ਼ਹੀਦ ਹੋ ਚੁਕੇ ਬੰਤਾ ਸਿੰਘ ਅਤੇ ਜਵਾਲਾ ਸਿੰਘ ਦੇ ਕਾਂਡ ਨੂੰ ਸਮਾਪਤ ਕਰ ਰਿਹਾ ਹਾਂ। ਮੈਂ ਪਹਿਲਾਂ ਲਿਖ ਆਇਆ ਹਾਂ ਕਿ 19 ਅਪ੍ਰੈਲ 1923 ਨੂੰ ਥਾਣਾ ਆਦਮਪੁਰ ਦਾ ਚਾਰਜ ਬੋਦਲਾਂ ਵਾਲੇ ਹਰਚਰਨ ਸਿੰਘ ਨੇ ਸੰਭਾਲ ਲਿਆ ਸੀ ਅਤੇ ਉਹਦਾ ਕਹਿਰ ਪੂਰੇ ਜੋਬਨ ਉੱਤੇ ਸੀ। ਜਿਸ ਵੇਲੇ ਕੁੱਲ ਅਫ਼ਸਰ ਅਤੇ ਰਸਾਲਾ 13 ਦਸੰਬਰ 1923 ਨੂੰ ਕਾਰਵਾਈ ਮੁਕੰਮਲ ਕਰਕੇ ਚਲੇ ਗਏ ਤਾਂ ਇਸੇ ਇੰਚਾਰਜ ਥਾਣੇਦਾਰ ਹਰਚਰਨ ਸਿੰਘ ਨੇ ਦੋ ਗੱਡਿਆਂ ਉੱਤੇ ਦੋਹਾਂ ਸ਼ਹੀਦਾਂ ਦੀਆਂ ਭੜਥਾ ਬਣ ਚੁੱਕੀਆਂ ਲਾਸ਼ਾਂ ਨੰਗ-ਧੜੰਗ ਲਦਵਾ ਲਈਆਂ। ਅੱਗੇ-ਅੱਗੇ ਘੋੜੇ ਉੱਤੇ ਚੜ੍ਹ ਕੇ ਦੋਹਾਂ ਯੋਧਿਆ ਦਾ ਜਲੂਸ ਪੋਸਟ-ਮਾਰਟਮ ਲਈ ਉਹ ਜਲੰਧਰ ਨੂੰ ਲੈ ਤੁਰਿਆ ਅਤੇ ਗੱਡਿਆਂ ਦੇ ਪਿਛਲੇ ਪਾਸੇ ਪੁਲਸੀਏ ਬੰਦੂਕ-ਧਾਰੀ ਮਾਰਚ ਕਰਦੇ ਤੁਰ ਪਏ। ਪਿੰਡਾਂ ਵਾਲਿਆਂ ਨੂੰ ਉਹ ਕਹਿੰਦਾ ਜਾ ਰਿਹਾ ਸੀ, "ਲੋਕੋ, ਦੇਖ ਲਓ, ਸਰਕਾਰ ਦੀ ਮੁਖਾਲਫ਼ਤ ਕਰਨ ਵਾਲਿਆਂ ਦਾ ਹਸ਼ਰ।" ਜਿਸ ਵੇਲੇ ਜਲੂਸ ਖੁਰਦਪੁਰ ਪੁੱਜਿਆ ਤਾਂ ਲੋਕੀਂ ਸੜਕ ਉੱਤੇ ਇਕੱਠੇ ਹੋ ਗਏ ਅਤੇ ਰੋਸ ਵਜੋਂ ਬਜ਼ੁਰਗਾਂ ਨੇ ਕਿਹਾ ਕਿ "ਥਾਣੇਦਾਰ ਸਾਹਿਬ, ਕੁਝ ਤਾਂ ਖਿਆਲ ਕਰੋ, ਮਰ ਗਿਆਂ ਨਾਲ ਇਹੋ ਜਿਹਾ ਸਲੂਕ ਕਰਨ ਲੱਗਿਆਂ ਕੁਝ ਤਾਂ ਸੋਚਣਾ ਸੀ।" ਉਹਨਾਂ ਨੇ ਇਕ-ਇਕ ਚਾਦਰ ਪਾ ਕੇ ਦੋਹਾਂ ਸਿਰਲੱਥਾਂ ਦੇ ਸਰੀਰਾਂ ਨੂੰ ਢਕ ਦਿੱਤਾ। ਉਸ ਵੇਲੇ ਤਾਂ ਥਾਣੇਦਾਰ ਸਾਹਿਬ ਪਤਾ ਨਹੀਂ ਖੁਰਦਪੁਰੀਆਂ ਦੀਆਂ ਗੱਲਾਂ ਨੂੰ ਕਿਵੇਂ ਬਰਦਾਸ਼ਤ ਕਰ ਗਿਆ, ਪਰ ਥਾਣੇ ਅੱਗੇ ਆ ਕੇ ਚਾਦਰਾਂ ਲੋਥਾਂ ਤੋਂ ਲਾਹ ਕੇ ਵਗਾਹ ਮਾਰੀਆਂ। ਗੱਲ ਕੀ, ਧੁਰ ਜਲੰਧਰ ਲਾਸ਼-ਘਰ ਤੱਕ ਥਾਣੇਦਾਰ ਸਾਹਿਬ ਆਪਣੀ ਸਰਕਾਰ ਦੇ ਗੁਣ ਗਾਉਂਦੇ ਅਤੇ ਪਿੰਡਾਂ ਵਿਚ ਪ੍ਰਚਾਰ ਕਰਦੇ ਚਲੇ ਗਏ।

ਮਿਤਰੋ, ਹੁਣ ਸਮਝ ਲਉ ਬਬਰ ਲਹਿਰ ਦਾ ਉਬਲ ਰਿਹਾ ਲਾਵਾ ਤਕਰੀਬਨ-ਤਕਰੀਬਨ 1923 ਦਾ ਸਾਲ ਮੁਕਦਿਆਂ ਠੰਡਾ ਹੋ ਗਿਆ। ਬਹੁਤ ਸਾਰੇ ਫੜੇ ਜਾ ਚੁਕੇ

ਸਨ, ਬਾਕੀ ਸ਼ਹੀਦੀਆਂ ਪਾ ਗਏ । ਰਹਿ ਗਿਆ ਇਕੋ-ਇਕ ਸਿਰਲੱਥ ਯੋਧਾ, ਇਹੋ ਵਰਿਆਮ ਸਿੰਘ ਧੁੱਗਾ, ਇਕ ਚੰਗਿਆੜੀ ਜਾਂ ਟਿਮ-ਟਿਮਾ ਰਿਹਾ ਦੀਵਾ, ਜੀਹਦੇ ਕਾਰਨਾਮੇ ਹੁਣ ਮੈਂ ਦਰਜ ਕਰ ਰਿਹਾ ਹਾਂ ।

ਮੈਨੂੰ ਹਾਲੇ ਤਕ ਚੰਗੀ ਤਰ੍ਹਾਂ ਯਾਦ ਹੈ, ਜਿਸ ਵੇਲੇ ਹਰਚਰਨ ਸਿੰਘ ਥਾਣੇਦਾਰ ਦੀ ਉੱਪਰ-ਲਿਖੀ ਕਰਤੂਤ ਦੀ ਖ਼ਬਰ ਕਿ ਕਿਵੇਂ ਉਹ ਸਹੀਦ ਹੋ ਚੁੱਕੇ ਬੰਤਾ ਸਿੰਘ ਅਤੇ ਜਵਾਲਾ ਸਿੰਘ ਦੀਆਂ ਭੜਥਾ ਬਣ ਚੁਕੀਆ ਲਾਸ਼ਾਂ ਦਾ ਜਲੂਸ ਕੱਢ ਕੇ ਪਿੰਡਾਂ ਵਾਲਿਆਂ ਨੂੰ ਦਿਖਾਉਂਦਾ ਗਿਆ ਸੀ, ਮੁਲਾਕਾਤੀਆਂ ਦੀ ਜਬਾਨੀ ਮੁਕੱਦਮਾ ਦਲਦੇ ਸਮੇਂ ਸਾਨੂੰ ਮਿਲੀ ਸੀ ਤਾਂ ਭਾਈ ਕਿਸ਼ਨ ਸਿੰਘ ਅਤੇ ਕਰਮ ਸਿੰਘ ਝਿੰਗੜ ਨੇ ਮੀਰ ਸਾਹਿਬ ਨੂੰ ਉਹ ਫਿੱਟ-ਲਾਹਨਤ ਪਾਈ ਸੀ ਕਿ ਉਹ ਲਾਜਵਾਬ ਹੋ ਕੇ ਮੁਆਫੀ ਮੰਗਣ ਲਈ ਮਜਬੂਰ ਹੋ ਗਿਆ ਸੀ । ਉਸ ਵੇਲੇ ਸਮਝ ਲਉ ਸਾਡਾ ਸਾਰਿਆਂ ਦਾ ਖ਼ੂਨ ਉਬਾਲੇ ਖਾਣ ਲੱਗ ਪਿਆ ਸੀ, ਜਿਸ ਵੇਲੇ ਭਰੀ ਕਚਹਿਰੀ ਵਿਚ ਭਾਈ ਕਿਸਨ ਸਿੰਘ ਜੀ ਨੇ ਮੀਰ ਸਾਹਿਬ ਨੂੰ ਲਲਕਾਰਿਆ ਸੀ ਕਿ ਕੀ ਹੋਇਆ ਜੋ ਅਸੀਂ ਕਾਲ-ਕੋਠੜੀਆਂ ਵਿਚ ਡੱਕੇ ਪਏ ਹਾਂ, ਅਸੀਂ ਅੰਦਰੋਂ ਹੀ ਹੋਰ ਯੋਧੇ ਬਦਲਾ ਲੈਣ ਲਈ ਤਿਆਰ ਕਰ ਲਵਾਂਗੇ, ਵਗੈਰਾ, ਵਗੈਰਾ ।

ਵਰਿਆਮ ਸਿੰਘ ਜਦੋਂ ਰਾਜ਼ੀ ਹੋ ਗਿਆ ਤਾਂ ਇਕ ਦਿਨ ਉਹ ਦਮੁੰਡੇ ਬਚਿੰਤ ਸਿੰਘ ਨੂੰ ਮਿਲਣ ਚਲਿਆ ਗਿਆ । ਹਾਲੇ ਉਹ ਬੈਠੇ ਗੱਲਾਂ ਕਰ ਹੀ ਰਹੇ ਸਨ ਕਿ ਜਗਤ ਸਿੰਘ ਮੰਡੇਰੀਆ ਵੀ ਬਚਿੰਤ ਸਿੰਘ ਨੂੰ ਮਿਲਣ ਆ ਗਿਆ । ਉਹਨੂੰ ਵੇਖਦਿਆਂ ਹੀ ਵਰਿਆਮ ਸਿੰਘ ਉਹਦੇ ਉੱਤੇ ਝਪਟ ਪਿਆ ਅਤੇ ਬੰਦੂਕ ਦਾ ਫਾਇਰ ਕਰ ਦਿੱਤਾ । ਉਹ ਸ਼ੈਤਾਨ ਦਾ ਚਰਖਾ ਪਹਿਲਾਂ ਹੀ ਚੋਕੰਨਾ ਹੋ ਚੁੱਕਿਆ ਸੀ । ਵਰਿਆਮ ਸਿੰਘ ਨੂੰ ਉਠਦਿਆਂ ਦੇਖ ਘੁੱਚੀ ਖਾ ਕੇ ਗਲੀ ਦਾ ਮੋੜ ਮੁੜਦਿਆਂ ਹੀ ਇਕ ਕੋਠੇ ਉੱਤੇ ਜਾ ਚੜ੍ਹਿਆ ਅਤੇ ਇਕ ਬਨੇਰੇ ਦੀ ਓਟ ਲੈ ਕੇ ਦੜ ਵੱਟ ਲੰਮਾ ਪੈ ਗਿਆ । ਵਰਿਆਮ ਸਿੰਘ ਨੇ ਗਲੀਆਂ ਵਿਚ ਬਹੁਤ ਨੱਠ-ਭੱਜ ਕੀਤੀ ਕਿ ਕਿਤੇ ਨਜ਼ਰੀਂ ਪੈ ਜਾਵੇ, ਪਰ ਉਹ ਕੋਠੇ ਉੱਤੇ ਚੜ ਚੁੱਕਿਆ ਸੀ, ਜਿਸ ਕਰਕੇ ਬਚ ਗਿਆ । ਵਰਿਆਮ ਸਿੰਘ ਮੰਨ ਹੀ ਨਹੀਂ ਸੀ ਸਕਿਆ ਕਿ ਸ਼ਿਕਾਰ ਕੋਲ ਹੀ ਸਾਹ ਘੜੀਸੀ ਪਿਆ ਹੈ, ਕਿਉਂਕਿ ਵੇਲਾ ਰਾਤ ਦਾ ਸੀ । ਵਰਿਆਮ ਸਿੰਘ ਇਹ ਸੋਚਦਾ ਦਮੁੰਡਿਉਂ ਚੱਲ ਪਿਆ ਕਿ ਜਦੋਂ ਬਚਿੰਤ ਸਿੰਘ ਨੂੰ ਪਤਾ ਸੀ ਕਿ ਜਗਤ ਸਿੰਘ ਦੀ ਮੁਖਬਰੀ ਉੱਤੇ ਹੀ ਮੰਡੇਰਾਂ ਦੀ ਘਟਨਾ ਵਾਪਰੀ ਹੈ, ਤਾਂ ਜਗਤ ਸਿੰਘ ਕਿਉਂ ਬਚਿੰਤ ਸਿੰਘ ਕੋਲ ਰਾਤ ਵੇਲੇ ਮਿਲਣ ਲਈ ਆਇਆ ਹੈ ? ਸੱਚਮੁੱਚ ਅੱਜ ਤੱਕ ਅਸੀਂ ਸਾਰੇ ਇਸ ਘੁੰਡੀ ਨੂੰ ਖੋਲ੍ਹਣ ਵਿਚ ਅਸਮਰਥ ਹਾਂ, ਕਿਉਂਕਿ ਬਚਿੰਤ ਸਿੰਘ ਨੂੰ ਵੀ ਉਮਰ-ਕੈਦ ਭੁਗਤਣੀ ਪਈ ਸੀ ਅਤੇ ਉਹਨੇ ਜਿਹਲ ਅੰਦਰ ਕੈਦ ਕਟਦਿਆਂ ਵੀ ਕੋਈ ਕਮਜ਼ੋਰੀ ਨਹੀਂ ਦਿਖਾਈ ਸੀ । ਬੈਂਤਾਂ ਦੀ ਸਜਾ ਵੀ ਭੁਗਤੀ । ਦੌਲਤਪੁਰੀਆ ਸੁਰੈਣ ਸਿੰਘ ਵੀ ਇਸ ਗੰਢ ਨੂੰ ਨਹੀਂ ਖੋਲ੍ਹ ਸਕਿਆ ਕਿਉਂਕਿ ਵਰਿਆਮ ਸਿੰਘ ਦਮੁੰਡਿਉਂ ਵਾਪਸ ਉਹਦੇ ਕੋਲ ਹੀ ਗਿਆ ਸੀ ਅਤੇ ਉਹਨੇ ਵਰਿਆਮ ਸਿੰਘ ਤੋਂ ਸਾਰੀ ਗੱਲ ਸੁਣੀ ਸੀ ।

ਜਿਸ ਵੇਲੇ ਬਚਿੰਤ ਸਿੰਘ ਉਮਰ-ਕੈਦ ਭੁਗਤ ਕੇ ਆ ਚੁਕਿਆ ਸੀ, ਇਕ ਵਾਰ ਮੈਂ ਅਤੇ ਉਧਮ ਸਿੰਘ ਨੇ ਮਿੰਟਗੁਮਰੀ ਜਿਹਲ ਵਿਚ ਆਪਣੇ ਭਰਾ ਬੂਟਾ ਸਿੰਘ ਨਾਲ ਮੁਲਾਕਾਤ ਕੀਤੀ ਸੀ । ਬੂਟਾ ਸਿੰਘ ਦੇ ਕਹਿਣ ਉੱਤੇ ਅਸੀਂ ਅਗਲੇ ਦਿਨ

ਬਚਿੰਤ ਸਿੰਘ ਨਾਲ ਵੀ ਮੁਲਾਕਾਤ ਕੀਤੀ ਸੀ ਅਤੇ ਪਹਿਲੀ ਵਾਰ ਇਕ ਦੂਜੇ ਦੇ ਜਾਣੂ ਬਣੇ ਸੀ। ਇਹ 1936 ਦੀ ਗੱਲ ਹੈ। ਅਸੀਂ ਪਹਿਲੇ ਕੇਸ ਦੇ ਮੁਲਜ਼ਮ ਸੀ ਅਤੇ ਬਚਿੰਤ ਸਿੰਘ ਦੂਜੇ ਕੇਸ ਦਾ ਮੁਲਜ਼ਮ ਸੀ, ਜੀਹਦਾ ਫ਼ੈਸਲਾ ਇਕ ਸਾਲ ਬਾਅਦ ਹੋਇਆ ਸੀ। ਅਸੀਂ ਬਰੀ ਹੋ ਕੇ ਜਿਹਲੋਂ ਆ ਚੁੱਕੇ ਸੀ। ਮੇਰੇ ਅਤੇ ਦੂਜਿਆਂ ਦੇ ਪੁੱਛਣ ਉੱਤੇ ਵੀ ਬਚਿੰਤ ਸਿੰਘ ਨੇ ਕਦੀ ਇਸ ਗੱਲ ਦਾ ਸਪਸ਼ਟੀਕਰਨ ਨਹੀਂ ਸੀ ਦਿੱਤਾ ਕਿ ਜਗਤ ਸਿੰਘ ਇਹੋ ਜਿਹੀ ਕਰਤੂਤ ਕਰਨ ਪਿਛੋਂ ਕਿਉਂ ਬਚਿੰਤ ਸਿੰਘ ਨੂੰ ਮਿਲਣ ਆਇਆ, ਜਦੋਂ ਕਿ ਉਹ ਖ਼ੂਨ ਨਾਲ ਹੱਥ ਰੰਗ ਚੁੱਕਿਆ ਸੀ ਅਤੇ ਬਚਿੰਤ ਸਿੰਘ ਨੂੰ ਉਹਦੀ ਕਰਤੂਤ ਦਾ ਪਤਾ ਲੱਗ ਚੁੱਕਿਆ ਸੀ।

ਜਗਤ ਸਿੰਘ ਇਸੇ ਗੱਲ ਬਾਬਤ ਆਪ ਬਿਆਨ ਕਰਦਾ ਹੈ, ਜਿਹੜਾ ਪੇਪਰ-ਬੁੱਕ ਦੇ ਸਫ਼ਾ 784 ਉੱਤੇ ਦਰਜ ਹੈ :-"ਕੋਈ 22 ਦਿਨਾਂ ਬਾਅਦ ਵਰਿਆਮ ਸਿੰਘ ਧੁੱਗਾ ਨੇ ਮੇਰੇ ਉੱਤੇ ਫ਼ਾਇਰ ਕੀਤਾ ਅਤੇ ਮੈਂ ਮੋੜਵਾਂ ਫਾਇਰ ਕੀਤਾ, ਪਰ ਦੋਨੋਂ ਮਿੱਸ ਗਏ। ਮੈਂ ਬਚਿੰਤ ਸਿੰਘ ਦਮੁੰਡੇ ਨੂੰ ਮਿਲਣ ਗਿਆ ਸੀ। ਵਰਿਆਮ ਸਿੰਘ ਬਾਅਦ ਵਿਚ ਭੱਜ ਗਿਆ ਅਤੇ ਮੈਂ ਵੀ ਦੌੜਨ ਦੀ ਕੀਤੀ।"

ਜਗਤ ਸਿੰਘ ਦਾ ਆਪ ਗੋਲੀ ਚਲਾਉਣਾ ਬਿਲਕੁਲ ਬਕਵਾਸ ਹੈ। ਦਰ-ਅਸਲ ਵਰਿਆਮ ਸਿੰਘ ਨੇ ਵਾਪਸ ਜਾ ਕੇ ਸੁਰੈਣ ਸਿੰਘ ਦੌਲਤਪੁਰੀਏ ਨੂੰ ਦਸਿਆ ਕਿ ਰਾਤ ਨੂੰ ਉਹ, ਬਚਿੰਤ ਸਿੰਘ ਅਤੇ ਇਕ ਦਮੁੰਡੇ ਦਾ ਲੱਛੂ ਬੈਠੇ ਗੱਲਾਂ ਕਰ ਰਹੇ ਸਨ ਤਾਂ ਜਗਤ ਸਿੰਘ ਵੀ ਆ ਗਿਆ। ਵਰਿਆਮ ਸਿੰਘ ਉਹਨੂੰ ਦੇਖਦਿਆਂ ਹੀ ਭੜਕ ਉਠਿਆ ਅਤੇ ਬੰਦੂਕ ਚੁੱਕੀ ਹੀ ਸੀ ਕਿ ਕੋਲ ਬੈਠੇ ਲੱਛੂ ਨੇ ਵਰਿਆਮ ਸਿੰਘ ਦਾ ਕਲਾਵਾ ਭਰਨ ਦੀ ਕੋਸ਼ਿਸ਼ ਕੀਤੀ। ਏਨੇਂ ਵਿਚ ਉਹ ਸ਼ੈਤਾਨ ਦੀ ਟੂਟੀ ਭੱਜਣ ਵਿਚ ਕਾਮਯਾਬ ਹੋ ਗਿਆ ਅਤੇ ਕੋਠੇ ਉੱਤੇ ਜਾ ਲੰਮਾ ਪਿਆ। ਵਰਿਆਮ ਸਿੰਘ ਨੇ ਫ਼ਾਇਰ ਤਾਂ ਕੀਤਾ ਅਤੇ ਲੱਛੂ ਦੇ ਫੜਦੇ-ਫੜਦੇ ਉਹ ਪਿੱਛੇ ਭੱਜਿਆ ਵੀ, ਪਰ ਕਾਮਯਾਬ ਨਾ ਹੋ ਸਕਿਆ। ਦੂਜੇ, ਹਨੇਰੇ ਦਾ ਫ਼ਾਇਦਾ ਉਠਾ ਕੇ ਜਗਤ ਸਿੰਘ ਜਾਨ ਬਚਾਉਣ ਵਿਚ ਕਾਮਯਾਬ ਹੋ ਗਿਆ। ਉਥੋਂ ਹੀ ਵਰਿਆਮ ਸਿੰਘ ਭਰਿਆ-ਪੀਤਾ ਦੌਲਤਪੁਰ ਪੁੱਜਿਆ ਅਤੇ ਸੁਰੈਣ ਸਿੰਘ ਨੂੰ ਸਾਰੀ ਗੱਲ ਦੱਸੀ।

ਇਹੋ ਵਜਾਹ ਹੈ ਕਿ ਵਰਿਆਮ ਸਿੰਘ ਮੁੜ ਬਚਿੰਤ ਸਿੰਘ ਕੋਲ ਕਦੀ ਨਹੀਂ ਗਿਆ ਅਤੇ ਨਾ ਹੀ ਅਗਲੀ ਕਿਸੇ ਕਾਰਵਾਈ ਵਿਚ ਬਚਿੰਤ ਸਿੰਘ ਨੂੰ ਸ਼ਾਮਲ ਕੀਤਾ। ਉਹਨੂੰ ਬਚਿੰਤ ਸਿੰਘ ਉੱਤੇ ਵੀ ਸ਼ੱਕ ਹੋ ਗਿਆ ਸੀ। ਇਸ ਗੱਲ ਦੇ ਬਾਵਜੂਦ ਬਚਿੰਤ ਸਿੰਘ ਸਜ਼ਾ ਖਾ ਗਿਆ, ਕਾਲੇ ਪਾਣੀ ਵੀ ਗਿਆ, ਜਿਹਲ ਵਿਚ ਵੀ ਬੜੀ ਨਿਰਭੈਤਾ ਤੇ ਦਲੇਰੀ ਦਾ ਮੁਜ਼ਾਹਰਾ ਕੀਤਾ। ਪਰ ਇਸ ਤਾਣੀ ਨੂੰ ਸੁਲਝਾਉਣਾ ਨਾ ਮੇਰੇ ਵੱਸ ਦਾ ਰੋਗ ਹੈ ਅਤੇ ਨਾ ਹੀ ਮੇਰੇ ਸਾਥੀਆਂ ਦੇ।

# 55. ਮੰਡੇਰਾਂ ਦੇ ਸਾਕੇ ਤੋਂ ਬਾਅਦ ਵਰਿਆਮ ਸਿੰਘ ਧੁੱਗੇ ਦੀ ਦੁਆਬੇ ਵਿਚ ਕਾਰਗੁਜ਼ਾਰੀ

ਧੰਨਾ ਸਿੰਘ ਮੰਡੇਰਾਂ ਦੇ ਹਾਦਸੇ ਮਗਰੋਂ ਮਾਝੇ ਦੇ ਇਲਾਕੇ ਵਿਚ ਸਭਰਾਵਾਂ ਵੱਲ ਨਿਕਲ ਗਿਆ ਅਤੇ ਵਰਿਆਮ ਸਿੰਘ ਜ਼ਿਲਾ ਲਾਇਲਪੁਰ ਵੱਲ ਚਲਿਆ ਗਿਆ। ਜੜਾਂਵਾਲੇ ਲਾਗੇ ਚੱਕ 54 ਵਿਚ ਉਹਦੇ ਮਾਮੇ ਦੇ ਪੁੱਤ ਦਾ ਮੁਰੱਬਾ ਸੀ, ਜੀਹਦੀ ਰਿਸ਼ਤੇਦਾਰੀ ਡਿਚਕੋਟੀਏ ਰਲਾ ਸਿੰਘ ਨਾਲ ਸੀ। ਇਸ ਕਰਕੇ ਵਰਿਆਮ ਸਿੰਘ ਦੀ ਵਾਕਫ਼ੀ ਰਲਾ ਸਿੰਘ ਨਾਲ ਹੋ ਗਈ ਅਤੇ ਰਲਾ ਸਿੰਘ ਦੀ ਮਾਰਫ਼ਤ ਈਸ਼ਰ ਸਿੰਘ ਨਾਲ। ਵਰਿਆਮ ਸਿੰਘ ਨੇ ਸਭ ਬੀਤ-ਚੁੱਕੀਆਂ ਗੱਲਾਂ ਦਾ ਜ਼ਿਕਰ ਜਦੋਂ ਦੋਹਾਂ ਨਾਲ ਕੀਤਾ ਤਾਂ ਇਹ ਦੋਨੋਂ ਵੀ ਜ਼ਿਲਾ ਲਾਇਲਪੁਰ ਵਿਚ ਬਬਰ ਲਹਿਰ ਚਲਾਉਣ ਦੀਆਂ ਗੱਲਾਂ ਕਰਨ ਲਗ ਪਏ। ਵੈਸੇ ਵੀ ਦੁਆਬੀਆਂ ਦੀ ਬਹੁਗਿਣਤੀ ਹੀ ਪਹਿਲਾ-ਪਹਿਲਾਂ ਆਬਾਦਕਾਰੀ ਲਈ ਉਸ ਉਜਾੜ ਇਲਾਕੇ ਵਿਚ ਪੁੱਜੀ ਸੀ, ਕਿਉਂਕਿ ਦਆਬੇ ਦੀ ਵਸੋਂ ਸੰਘਣੀ ਅਤੇ ਜ਼ਮੀਨਾਂ ਨਾਂ-ਮਾਤਰ ਹੀ ਸਨ। ਕੈਨੇਡਾ ਨੂੰ ਆਬਾਦ ਕਰਨ ਲਈ ਵੀ ਸਭ ਤੋਂ ਪਹਿਲਾਂ ਜ਼ਿਆਦਾ-ਤਰ ਦੁਆਬੀਏ ਹੀ ਨਿਤਰੇ ਸਨ। ਫੌਜਾਂ ਵਿਚ ਵੀ ਦੁਆਬੀਆ ਦੀ ਬਹੁਤ ਗਿਣਤੀ ਸੀ। ਸੱਚੀ ਗੱਲ ਤਾਂ ਇਹੋ ਹੀ ਹੈ ਕਿ ਸਾਰੀ ਖੇਡ ਚੰਦਰੀ ਗ਼ਰੀਬੀ ਦੀ ਹੀ ਸੀ। ਅੱਜ ਵੀ ਬਦੇਸਾਂ ਵਿਚ ਜਾ ਕੇ ਰੋਜ਼ੀ-ਰੋਟੀ ਦਾ ਮਸਲਾ ਹੱਲ ਕਰਨ ਲਈ ਪੰਜਾਬ ਵਿਚੋਂ ਬਹੁਗਿਣਤੀ ਦੁਆਬੀਆਂ ਦੀ ਹੀ ਹੈ, ਜੋ ਪੇਟ-ਪੂਜਾ ਲਈ ਨੱਠ-ਭੱਜ ਕਰ ਰਹੇ ਹਨ।

ਫ਼ਰਵਰੀ 1924 ਵਿਚ ਵਰਿਆਮ ਸਿੰਘ ਬਾਰ ਵੱਲੋਂ ਮੁੜ ਦੌਲਤਪੁਰੀਏ ਸੁਰੈਣ ਸਿੰਘ ਕੋਲ ਆ ਪੁਜਿਆ ਅਤੇ ਧੰਨਾ ਸਿੰਘ ਵੀ ਆ ਗਿਆ। ਵਰਿਆਮ ਸਿੰਘ ਨੇ ਮੁੜ ਨਵਾਂ ਪ੍ਰੋਗਰਾਮ ਸ਼ੁਰੂ ਕਰਨ ਦੀ ਸੋਚੀ। ਨਾਲ ਹੀ ਪਤਾ ਲਗਿਆ ਕਿ ਭੋਗਪੁਰ ਲਾਗੇ ਪਿੰਡ ਸਗਰਾਂਵਾਲੀ ਦਾ ਲੰਬੜਦਾਰ ਜਵਾਹਰਾ ਐਸ ਵੇਲੇ ਬਹੁਤ ਭੂਤਰਿਆ ਫਿਰਦਾ ਹੈ। ਉਹ ਹਰ ਵੇਲੇ ਭੋਗਪੁਰ ਦੀ ਪੁਲਸ ਚੌਕੀ ਵਿਚ ਵੜਿਆ ਰਹਿੰਦਾ ਹੈ ਅਤੇ ਪੁਲਸ ਦਾ ਹੱਥਠੋਕਾ ਬਣ ਕੇ ਅਦਾਲਤਾਂ ਵਿਚ ਸੱਚੀਆਂ-ਝੂਠੀਆਂ ਗਵਾਹੀਆਂ ਦੇ ਕੇ ਕਈ ਬੇਗੁਨਾਹਾਂ ਨੂੰ ਕੈਦ ਕਰਵਾ ਚੁਕਿਆ ਹੈ। ਕਈ ਅਕਾਲੀ ਵੀ ਉਹਦਾ

ਸ਼ਿਕਾਰ ਬਣ ਕੇ ਕੈਦਾਂ ਭੁਗਤ ਰਹੇ ਹਨ। ਸੋ ਉਹਦੇ ਸੁਧਾਰ ਦਾ ਮਨ ਬਣਾ ਲਿਆ। ਵਰਿਆਮ ਸਿੰਘ ਦਾ ਮੇਲਮਿਲਾਪ ਰੰਧਾਵਿਆਂ ਵਾਲੇ ਭਾਨ ਸਿੰਘ ਤੇ ਲਾਭ ਸਿੰਘ ਅਤੇ ਸੂਰਾਨੁਸੀ ਵਾਲੇ ਊਧਮ ਸਿੰਘ ਨਾਲ ਹੋ ਚੁਕਿਆ ਸੀ ਜਿਹੜੇ ਕਿਸੇ ਵੀ ਝੋਲੀ-ਚੁੱਕ ਦੇ ਸੁਧਾਰ ਵਿਚ ਸ਼ਾਮਲ ਹੋਣ ਲਈ ਤਿਆਰ ਹੋ ਚੁਕੇ ਸਨ। ਸੋ ਵਰਿਆਮ ਸਿੰਘ ਨੇ ਧੰਨਾ ਸਿੰਘ ਨੂੰ ਆਲੋਵਾਲ ਨੂੰ ਨਿੱਕਾ ਸਿੰਘ ਕੋਲ ਘੱਲ ਦਿੱਤਾ ਕਿ ਉਹ ਹੋਰ ਬੰਦੇ ਨਾਲ ਲੈ ਕੇ ਭੋਗਪੁਰ ਪੁਜ ਜਾਣ। ਵਰਿਆਮ ਸਿੰਘ ਆਪ ਰੰਧਾਵੇ ਮਸੰਦਾਂ ਵਿਚ ਭਾਨ ਸਿੰਘ ਕੋਲ ਜਾ ਪੁਜਿਆ ਅਤੇ ਲਾਭ ਸਿੰਘ ਨੂੰ ਸੂਰਾਨੁਸੀ ਨੂੰ ਊਧਮ ਸਿੰਘ ਨੂੰ ਨਾਲ ਲੈ ਕੇ ਭੋਗਪੁਰ ਪੁੱਜਣ ਲਈ ਕਹਿ ਕੇ ਤੋਰ ਦਿੱਤਾ।

20 ਫ਼ਰਵਰੀ 1924 ਨੂੰ ਹੇਠ-ਲਿਖੇ ਬੰਦਿਆਂ ਦਾ ਇਕੱਠ ਭੋਗਪੁਰ ਸਟੇਸ਼ਨ ਦੇ ਲਾਗੇ ਮਿਥੀ ਜਗਾਹ ਉੱਤੇ ਹੋਇਆ : ਵਰਿਆਮ ਸਿੰਘ ਧੁੱਗਾ, ਭਾਨ ਸਿੰਘ ਤੇ ਲਾਭ ਸਿੰਘ ਰੰਧਾਵੇ ਮਸੰਦਾਂ, ਉਦਮ ਸਿੰਘ ਸੂਰਾਨੁਸੀ, ਧੰਨਾ ਸਿੰਘ ਵਾਇਦਾ-ਮੁਆਫ਼, ਨਿੱਕਾ ਸਿੰਘ, ਗਿਆਨ ਸਿੰਘ ਤੇ ਬੰਤਾ ਸਿੰਘ ਤਿੰਨੇ ਆਲੋਵਾਲ, ਜ਼ਿਲਾ ਅੰਮ੍ਰਿਤਸਰ। ਸਗਰਾਂਵਾਲੀ ਭੋਗਪੁਰ ਤੋਂ ਡੇਢ-ਦੋ ਮੀਲ ਉੱਤੇ ਅਤੇ ਦੌਲਤਪੁਰੋਂ ਪੰਜਵੇਂ-ਛੇਵੇਂ ਮੀਲ ਉੱਤੇ ਹੋਵੇਗੀ। ਪਿੰਡ ਲਾਗੇ ਜਾ ਕੇ ਫ਼ਾਲਤੂ ਸਾਮਾਨ ਇਕ ਦਰਖ਼ਤ ਕੋਲ ਰੱਖ, ਅਰਦਾਸਾ ਸੋਧ ਤਿਆਰ-ਬਰ-ਤਿਆਰ ਹੋ ਜਵਾਹਰੇ ਲੰਬੜਦਾਰ ਦਾ ਘਰ ਜਾ ਘੇਰਿਆ। ਉਹਦੇ ਘਰ ਦੇ ਜੀਅ ਇਕੱਠੇ ਕਰਕੇ ਕਿਹਾ ਕਿ "ਲੰਬੜਦਾਰ ਕਿਥੇ ਹੈ। ਅੱਜ ਅਸੀਂ ਉਹਨੂੰ ਮੁਰੱਬੇ ਦੇਣ ਲਈ ਹਾਜ਼ਰ ਹੋਏ ਹਾਂ।" ਘਰਵਾਲੇ ਦਹਿਸ਼ਤਜ਼ਦਾ ਤਾਂ ਹੋ ਹੀ ਚੁੱਕੇ ਸਨ। ਕਹਿਣ ਲਗੇ ਕਿ "ਲੰਬੜਦਾਰ ਕਦੇ-ਕਦਾਈਂ ਹੀ ਘਰ ਆਉਂਦਾ ਹੈ। ਉਹ ਜਾਂ ਤਾਂ ਪੁਲਸ ਨਾਲ ਜਲੰਧਰ ਚਲਿਆ ਜਾਂਦਾ ਹੈ ਜਾਂ ਵਾਪਸ ਆ ਕੇ ਪੁਲਸ ਕੋਲ ਚੌਕੀ ਹੀ ਠਹਿਰ ਜਾਂਦਾ ਹੈ। ਕਦੇ-ਕਦਾਈਂ ਦਿਨੇ ਚੱਕਰ ਮਾਰ ਛਡਦਾ ਹੈ ਅਤੇ ਕਹਿੰਦਾ ਰਹਿੰਦਾ ਹੈ ਕਿ ਕੋਈ ਪਤਾ ਨਹੀਂ, ਬਬਰ ਅਕਾਲੀਏ ਕਦੋਂ ਹਮਲਾ ਕਰ ਦੇਣ।"

ਉਹਦੀ ਘਰਵਾਲੀ ਨੇ ਤਰਲੇ ਲੈਂਦਿਆਂ ਬਬਰਾਂ ਦੇ ਪੈਰਾਂ ਉੱਤੇ ਨੱਕ ਰਗੜ ਕੇ ਕਿਹਾ, "ਅਸੀਂ ਸਾਰੇ ਉਹਦੀ ਜਾਨ ਨੂੰ ਰੋ-ਧੋ ਕੇ ਹਾਰ ਚੁੱਕੇ ਹਾਂ। ਬੇਸ਼ੱਕ ਕੱਲ੍ਹ ਮਰਦਾ, ਅੱਜ ਮਰ ਜਾਵੇ। ਤੁਸੀਂ ਬੇਸ਼ਕ ਸਭ ਕੁਝ ਲੁੱਟ ਕੇ ਲੈ ਜਾਉ। ਮੈਂ ਸਭ ਕੁਝ ਤੁਹਾਡੇ ਅਗੇ ਰੱਖ ਦਿੰਦੀ ਹਾਂ। ਤੁਸੀਂ ਆਪ ਤਲਾਸ਼ੀ ਲੈ ਕੇ ਤਸੱਲੀ ਕਰ ਲਉ। ਪਰ ਮੇਰੇ ਬੇਕਸੂਰ ਬੱਚਿਆਂ ਨੂੰ ਨਾ ਮਾਰਨਾ। ਅਸੀਂ ਬਿਲਕੁਲ ਬੇਗੁਨਾਹ ਹਾਂ। ਉਹਦੇ ਨਾਲ ਜਿਵੇਂ ਦਿਲ ਚਾਹੇ, ਨਜਿਠ ਲਉ।" ਜ਼ਨਾਨੀ ਦੇ ਤਰਲਿਆਂ ਅਤੇ ਸੱਚੀਆਂ ਗੱਲਾਂ ਦਾ ਅਸਰ ਹੋਇਆ ਅਤੇ ਜੋ ਨਕਦ ਜਾਂ ਜ਼ੇਵਰ ਮਿਲਿਆ, ਬਬਰਾਂ ਵੱਲੋਂ ਜੁਰਮਾਨੇ ਦੀ ਸਜ਼ਾ ਸਮਝ ਕੇ ਵਸੂਲ ਲਿਆ ਅਤੇ ਸਾਰੇ ਆਪੋ-ਆਪਣੇ ਰਾਹੀਂ, ਵਾਪਸ ਮੁੜ ਗਏ।

ਅਗਲੇ ਦਿਨ ਪੁਲਸ ਆਈ। ਫ਼ਰਦਾਂ ਬਣੀਆਂ ਅਤੇ ਦੂਜੇ ਸਪਲੀਮੈਂਟਰੀ ਕੇਸ ਵਿਚ ਸਣੇ ਧੰਨਾ ਸਿੰਘ ਦੇ ਗਵਾਹੀਆਂ ਹੋਈਆਂ। ਮੰਡੇਰਾਂ ਦੇ ਸਾਕੇ ਤੋਂ ਬਾਅਦ ਵਰਿਆਮ ਸਿੰਘ ਧੁੱਗੇ ਦੀ ਇਹ ਪਹਿਲੀ ਕਾਰਵਾਈ ਸੀ। ਅਗੇ ਪੜ੍ਹੋ ਇਸ ਯੋਧੇ ਦੀ ਅਗਲੀ ਕਾਰਗੁਜ਼ਾਰੀ।

ਸਗਰਾਂਵਾਲੀ ਤੋਂ ਤੁਰਨ ਤੋਂ ਪਹਿਲਾਂ ਵਰਿਆਮ ਸਿੰਘ ਨੇ ਜਵਾਹਰੇ ਦੇ ਕੋਠੇ

ਉੱਤੇ ਚੜ੍ਹ ਕੇ ਆਮ ਲੋਕਾਂ ਨੂੰ ਸੁਣਾ ਕੇ ਕਿਹਾ ਸੀ ਕਿ "ਮੈਂ ਬਬਰ ਵਰਿਆਮ ਸਿੰਘ ਧੁੱਗਾ ਹਾਂ ਅਤੇ ਅੱਜ ਜਵਾਹਰੇ ਨੂੰ ਮੁਰੱਬੇ ਦੇਣ ਲਈ ਆਇਆ ਸੀ। ਮੈਂ ਨਵਾਂ ਬਬਰ ਜਥਾ ਤਿਆਰ ਕਰ ਲਿਆ ਹੈ। ਜਲਦੀ ਹੀ ਮੁੜ ਚੱਕਰ ਮਾਰਾਂਗਾ ਅਤੇ ਘੱਟੋ-ਘੱਟ ਪੰਜ ਮੁਰੱਬੇ ਜ਼ਰੂਰ ਦਿਆਂਗਾ।"

ਇਸ ਖ਼ਬਰ ਨੇ ਇਕ ਵਾਰ ਫੇਰ ਅਫਸਰਾਂ ਨੂੰ ਚੁਕੰਨਿਆਂ ਕਰ ਦਿੱਤਾ ਅਤੇ ਝੋਲੀ-ਚੁੱਕਾਂ ਵਿਚ ਤਰਥੱਲੀ ਮਚਾ ਦਿੱਤੀ। ਅਫ਼ਸਰਾਂ ਵਿਚ ਵੀ ਨਵੀਂ ਘਬਰਾਹਟ ਫੈਲਣੀ ਹੀ ਸੀ। ਰਸਾਲਾ ਅਤੇ ਪੈਦਲ ਫ਼ੌਜੀ ਪਿੰਡਾਂ ਵਿਚ ਮਾਰਚ ਕਰਕੇ ਅਮਨ ਬਹਾਲ ਕਰਨ ਲਈ ਪੂਰੀ ਵਾਹ ਲਾ ਰਹੇ ਸਨ। ਜਲੰਧਰ ਡਵੀਜਨ ਦਾ ਕਮਿਸ਼ਨਰ ਟਾਊਨਸੈਂਡ ਰਸਾਲਾ ਅਤੇ ਪੈਦਲ ਫ਼ੌਜ ਲੈ ਕੇ ਪਿੰਡਾ ਵਿਚ ਘੁੰਮ ਰਿਹਾ ਸੀ। ਬਬਰ ਫੇਰ ਵੀ ਡਟੇ ਹੋਏ ਸਨ।

ਵਰਿਆਮ ਸਿੰਘ ਨੂੰ ਪਤਾ ਲਗਿਆ ਕਿ ਉਹਦੇ ਹੀ ਪਿੰਡ ਲਾਗੇ ਸ਼ੇਰਪੁਰ ਪੱਕੇ ਦਾ ਝੋਲੀ-ਚੁਕ ਅਨੰਤ ਰਾਮ ਕੋਟਲੀ ਬਾਵਾਦਾਸ ਦੇ ਜਵਾਲਾ ਸਿੰਘ ਵਾਂਗੂੰ ਹੁਸ਼ਿਆਰਪੁਰ ਦੀ ਪੁਲਸ ਨਾਲ ਮਿਲ ਕੇ ਉਹਦੀ ਪੈੜ ਕੱਢਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਕਈ ਵਾਰ ਉਹਦੇ ਪਿੰਡ ਦਾ ਚੱਕਰ ਵੀ ਲਾ ਚੁਕਿਆ ਹੈ ਤੇ ਕਈਆਂ ਬੰਦਿਆਂ ਨੂੰ ਮਿਲ-ਮਿਲਾ ਕੇ ਲਾਲਚ ਵਿਚ ਫਸਾਉਣ ਦੀ ਪੂਰੀ ਵਾਹ ਲਾ ਚੁਕਿਆ ਹੈ। ਸੋ ਵਰਿਆਮ ਸਿੰਘ ਨੇ ਕਿਸੇ ਵੀ ਕੀਮਤ ਉੱਤੇ ਇਹਨੂੰ ਮੁਰੱਬੇ ਅਤੇ ਨਕਦ ਇਨਾਮ ਦੇਣ ਦੀ ਪੱਕੀ ਧਾਰ ਲਈ। ਉਹਨੂੰ ਟਬਰ ਸਮੇਤ ਖ਼ਤਮ ਕਰ ਦੇਣ ਦਾ ਨਿਸਚਾ ਕਰਕੇ ਦੌਲਤਪੁਰੀਏ ਸੁਰੈਣ ਸਿੰਘ ਕੋਲ ਇਕੱਠ ਕਰਨ ਦਾ ਫ਼ੈਸਲਾ ਕਰ ਲਿਆ। ਮਾਰਚ 1924 ਵਿਚ ਹੇਠ-ਲਿਖੇ ਬਬਰ ਸੁਨੇਹੇ ਭੇਜ ਕੇ ਦੌਲਤਪੁਰ ਇਕੱਠੇ ਕਰ ਲਏ ਗਏ: ਵਰਿਆਮ ਸਿੰਘ ਧੁੱਗਾ, ਧੰਨਾ ਸਿੰਘ ਵਾਇਦਾ-ਮੁਆਫ਼, ਊਧਮ ਸਿੰਘ ਸੁਰਾਨੁਸੀ ਤੇ ਉਹਦਾ ਚਾਚਾ ਚੰਨਣ ਸਿੰਘ, ਨਿੱਕਾ ਸਿੰਘ, ਬੰਤਾ ਸਿੰਘ ਆਲੋਵਾਲ, ਮੁਣਸ਼ਾ ਸਿੰਘ ਸਰਾਵਾਂ, ਸੁਰੈਣ ਸਿੰਘ ਕੰਗਮਾਈ। ਇਹ ਸਾਰੇ ਸ਼ੇਰਪੁਰ ਪੱਕੇ ਜਾ ਪੁਜੇ ਅਤੇ ਫ਼ਾਲਤੂ ਸਾਮਾਨ ਪਿੰਡੋਂ ਬਾਹਰ ਰੱਖ ਕੇ ਅਨੰਤ ਰਾਮ ਦਾ ਬੰਦ ਪਿਆ ਘਰ ਜਾ ਘੇਰਿਆ। ਉਹ ਘਰ ਤਿਆਗ ਕੇ ਬਾਲ-ਬੱਚਿਆਂ ਸਮੇਤ ਪਤਾ ਨਹੀਂ ਕਿਧਰ ਜਾ ਚੁਕਿਆ ਹੈ। ਆਂਢੀਆਂ-ਗੁਆਂਢੀਆਂ ਤੋਂ ਪਤਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਨੇ ਦਸਿਆ ਕਿ ਜਿਸ ਵੇਲੇ ਇਹਨੂੰ ਪਤਾ ਲਗਿਆ ਕਿ ਬਬਰਾਂ ਨੇ ਸਗਰਾਂਵਾਲੀ ਵਾਲੇ ਜਵਾਹਰੇ ਦੇ ਘਰ ਉੱਤੇ ਚੜ੍ਹਾਈ ਕੀਤੀ ਸੀ ਤੇ ਉਹਦਾ ਘਰ-ਘਾਟ ਲੁੱਟ ਲਿਆ ਗਿਆ ਸੀ ਅਤੇ ਉਹਦੀ ਜ਼ਨਾਨੀ ਦੇ ਤਰਲਿਆ ਦੀ ਚਰਚਾ ਆਮ ਪਿੰਡਾਂ ਵਿਚ ਚਲ ਨਿਕਲੀ ਤਾਂ ਅਨੰਤ ਰਾਮ ਨੂੰ ਵੀ ਖੁੜਕ ਗਈ ਅਤੇ ਉਹ ਬਾਲ-ਬੱਚੇ ਸਮੇਤ ਰਾਤ ਵੇਲੇ ਲੋਕਾਂ ਸੁਤਿਆਂ ਤੋਂ ਕੋਈ ਪਤਾ ਨਹੀਂ ਕਿਧਰ ਚਲਿਆ ਗਿਆ। ਲੋਕਾਂ ਨੂੰ ਤਾਂ ਦਿਨ ਚੜ੍ਹੇ ਹੀ ਪਤਾ ਲਗਿਆ ਕਿ ਉਹ ਡਰਦਾ ਬਬਰਾਂ ਤੋਂ ਜਾਨ ਬਚਾਉਣ ਦੀ ਖ਼ਾਤਰ ਸਨ-ਟੱਬਰਾ ਹੀ ਕਿਤੇ ਖਿਸਕ ਗਿਆ ਹੈ। ਵਰਿਆਮ ਸਿੰਘ ਨੇ ਪੂਰੀ ਕੋਸ਼ਿਸ਼ ਕੀਤੀ ਕਿ ਪਤਾ ਲਗ ਜਾਵੇ ਕਿ ਕਿਹੜੇ ਪਿੰਡ ਜਾ ਲੁਕਿਆ ਹੈ, ਤਾਂ ਉਹਦਾ ਕੰਡਾ ਕੱਢ ਹੀ ਦਿਤਾ ਜਾਵੇ। ਪਰ ਕੋਈ ਉੱਘ-ਸੁੱਘ ਨਾ ਮਿਲਣ ਕਰਕੇ ਖ਼ਾਲੀ ਹੱਥੀਂ ਹੀ ਮੁੜਨਾ ਪਿਆ। ਉਹ ਘਰ ਛੱਡਣ ਲਗਿਆ ਨਕਦ ਅਤੇ ਜ਼ੇਵਰ ਤਾਂ ਜ਼ਰੂਰ ਨਾਲ ਲੈ ਹੀ ਗਿਆ ਹੋਵੇਗਾ, ਸੋ ਜੁਰਮਾਨਾ ਵਸੂਲਣ ਦਾ ਖ਼ਿਆਲ ਛੱਡਣਾ ਪਿਆ।

ਬੱਸ ਦੁਆਬੇ ਵਿਚ ਝੋਲੀ-ਚੁੱਕਾਂ ਦੇ ਸੁਧਾਰ ਦੀ ਬਬਰਾਂ ਵਲੋਂ ਇਹ ਆਖ਼ਰੀ ਕੋਸਿਸ਼ ਸੀ, ਜਿਹੜੀ ਨਿਸਫਲ ਰਹੀ ਕਹੀ ਜਾ ਸਕਦੀ ਹੈ। ਉਪਰ ਲਿਖੇ ਸਾਰੇ ਬਬਰ ਦੂਜੇ ਕੇਸ ਵਿਚ ਗਰਿਫ਼ਤਾਰ ਹੋ ਕੇ ਅਦਾਲਤ ਵਿਚ ਪੇਸ਼ ਹੋਏ।

ਸ਼ੇਰਪੁਰ ਪੱਕੇ ਦੀ ਨਾਕਾਮਯਾਬੀ ਤੋਂ ਬਾਅਦ ਸਾਰੇ ਬਬਰ ਆਪਣੇ-ਆਪਣੇ ਠਿਕਾਣਿਆਂ ਨੂੰ ਚਲੇ ਗਏ। ਵਰਿਆਮ ਸਿੰਘ ਧੁੱਗਾ ਲਾਇਲਪੁਰ ਵੱਲ ਨੂੰ ਨਿਕਲ ਗਿਆ ਅਤੇ ਇਕ ਹੋਰ ਨਵਾਂ ਬਬਰ ਜਥਾ ਜਾ ਕਾਇਮ ਕੀਤਾ, ਜੀਹਦਾ ਹਾਲ ਲਿਖਣ ਦੀ ਵਾਰੀ ਆ ਗਈ ਹੈ। ਧੰਨਾ ਸਿੰਘ ਕੋਟਲੀ ਬਾਵਾਦਾਸ ਮੁੜ ਮਾਝੇ ਦੇ ਇਲਾਕੇ ਵਿਚ ਸਭਰਾਵਾਂ ਨੂੰ ਚਲਿਆ ਗਿਆ ਅਤੇ ਇਕ ਦਿਨ ਸ਼ਿਕਾਰ ਖੇਡਦਿਆਂ ਦੂਜੇ ਸ਼ਿਕਾਰੀਆਂ ਨਾਲ ਝਗੜ ਪਿਆ ਅਤੇ ਪੁਲਸ ਦੇ ਕਾਬੂ ਆ ਗਿਆ। ਪੇਪਰ-ਬੁੱਕ ਦੇ ਸਫ਼ਾ 276 ਉੱਤੇ ਉਹ ਬਿਆਨ ਕਰਦਾ ਹੈ ਕਿ ਕੋਈ 5 ਮਹੀਨੇ ਹੋਏ, ਉਹ ਸਭਰਾਵੀਂ ਕਸ਼ਮੀਰਾ ਸਿੰਘ ਕੋਲ ਠਹਿਰਿਆ ਹੋਇਆ ਸੀ। ਪਿੰਡ ਕਿਰਤਵਾਲ ਲਾਗੇ ਉਹ ਸ਼ਿਕਾਰ ਖੇਡਦਾ ਦੂਜੇ ਸ਼ਿਕਾਰੀਆਂ ਨਾਲ ਝਗੜ ਪਿਆ, ਜਿਨ੍ਹਾਂ ਨੇ ਗੋਲੀ ਮਾਰ ਕੇ ਉਹਨੂੰ ਜ਼ਖ਼ਮੀ ਕਰ ਦਿੱਤਾ ; ਉਹਨਾਂ ਨੇ ਕਸਮੀਰਾ ਸਿੰਘ ਉੱਤੇ ਵੀ ਗੋਲੀ ਚਲਾਈ, ਪਰ ਉਹ ਬੱਚ ਗਿਆ। ਸ਼ਿਕਾਰੀ ਭੱਜ ਗਏ। ਉਹ ਦੋਨੋਂ ਰਾਤ ਪੈ ਜਾਣ ਕਰਕੇ ਅਤੇ ਧੰਨਾ ਸਿੰਘ ਦੀ ਲੱਤ ਉੱਤੇ ਗੋਲੀ ਲੱਗਣ ਕਰਕੇ ਨਹਿਰ ਕੰਢੇ ਸੌਂ ਗਏ। ਦਿਨ ਚੜ੍ਹਦਿਆਂ ਉਹਨਾਂ ਨੂੰ ਕਿਰਤਵਾਲ ਦੇ ਲੋਕਾਂ ਨੇ ਆ ਜਗਾਇਆ ਜਿਹੜੇ ਉਹਨਾਂ ਦੀ ਤਲਾਸ਼ ਵਿਚ ਉੱਥੇ ਪੁਜ ਗਏ ਸਨ। ਉਹ ਉਹਨਾਂ ਨੂੰ ਫੜ ਕੇ ਪੁਲਸ ਚੌਕੀ ਲੈ ਗਏ। ਪੁਲਸ ਨੇ ਨਾਂ ਤੇ ਅਤਾ-ਪਤਾ ਪੁਛਿਆ। ਧੰਨਾ ਸਿੰਘ ਨੇ ਆਪਣਾ ਨਾਂ ਸੋਹਣ ਸਿੰਘ ਦਸਿਆ, ਪਰ ਸੱਜੀ ਬਾਂਹ ਉੱਤੇ ਉਕਰਿਆ ਨਾਂ ਪੁਲਸ ਨੇ ਪੜ੍ਹ ਲਿਆ। ਫੇਰ ਉਹ ਸੱਚੀ ਗੱਲ ਪੁਲਸ ਨੂੰ ਦੱਸ ਕੇ ਚੁੱਪਚਾਪ ਗਰਿਫ਼ਤਾਰ ਹੋ ਗਿਆ।

ਧੰਨਾ ਸਿੰਘ ਸ਼ੁਰੂ ਜੁਲਾਈ 1924 ਵਿਚ ਗਰਿਫ਼ਤਾਰ ਹੋ ਗਿਆ ਸੀ। ਸਭ ਹਗਿਆ-ਮੂਤਿਆ ਦੱਸ ਕੇ ਕੁੱਲ ਥਾਂਵਾਂ, ਜਿਥੇ-ਜਿਥੇ ਵਾਰਦਾਤਾਂ ਕੀਤੀਆਂ ਸਨ, ਪੁਲਸ ਨੂੰ ਨਾਲ ਲਿਜਾ ਕੇ ਗਿਣਾ ਦਿੱਤੀਆਂ ਅਤੇ 24 ਜੁਲਾਈ 1924 ਨੂੰ ਮੈਜਿਸਟਰੇਟ ਲੇਖ ਰਾਜ ਤਰਿਖੇ ਦੇ ਸਾਹਮਣੇ ਹੁਸ਼ਿਆਰਪੁਰ ਪੇਸ਼ ਹੋ ਵਾਇਦਾ-ਮੁਆਫ਼ੀ ਲੈ ਕੇ ਬਿਆਨ ਦੇਣਾ ਸ਼ੁਰੂ ਕਰ ਦਿੱਤਾ। ਦੂਜਾ, 36 ਮੁਲਜ਼ਮਾਂ ਦਾ ਸਪਲੀਮੈਂਟਰੀ ਕੇਸ ਇਹਦੀ ਗਵਾਹੀ ਸਦਕਾ ਪੱਕੇ-ਪੈਰੀਂ ਤਿਆਰ ਹੋ ਗਿਆ ਅਤੇ ਇਹਦੀ ਕਿਰਪਾ ਨਾਲ 36 ਮੁਲਜ਼ਮਾਂ ਵਿਚੋਂ 6 ਬਬਰ 27 ਫਰਵਰੀ 1927 ਵਾਲੇ ਦਿਨ ਤਿੰਨਾਂ-ਤਿੰਨਾਂ ਦੇ ਜੁੱਟਾਂ ਵਿਚ ਅਗੜ-ਪਿੱਛੇ ਸੈਂਟਰਲ ਜਿਹਲ ਲਾਹੌਰ ਦੀ ਫਾਂਸੀ ਉੱਤੇ ਝੂਲ ਗਏ, ਜਿਨ੍ਹਾਂ ਦਾ ਹਾਲ ਮੈਂ ਅੱਗੇ ਜਾ ਕੇ ਲਿਖ ਰਿਹਾ ਹਾਂ। ਕੁਝ ਬਰੀ ਹੋ ਗਏ ਸਨ। ਬਾਕੀਆਂ ਨੂੰ ਇਕੋ ਹੁਕਮ ਕਾਲੇ ਪਾਣੀ ਦੀ ਸਜ਼ਾ ਸੁਣਾ ਦਿੱਤੀ ਗਈ। 28 ਫਰਵਰੀ 1926 ਵਾਲੇ ਦਿਨ ਬਾਵਜੂਦ ਐਤਵਾਰ ਹੋਣ ਦੇ ਹੁਕਮ ਸੁਣਾਉਣਾ ਸਰਕਾਰ ਨੇ ਇਸ ਕਰਕੇ ਸੁਭ ਮੰਨਿਆ ਸੀ ਕਿ ਠੀਕ ਇਕ ਸਾਲ ਪਹਿਲਾਂ ਸਾਡਾ 91 ਮੁਲਜ਼ਮਾਂ ਦਾ ਹੁਕਮ 28 ਫਰਵਰੀ 1925 ਨੂੰ ਸੁਣਾਇਆ ਗਿਆ ਸੀ। ਕਿਉਂਕਿ 27 ਫਰਵਰੀ 1926 ਵਾਲੇ ਦਿਨ ਸਾਡੇ ਕੇਸ ਦੇ 6 ਬਬਰ ਤਿੰਨਾਂ-ਤਿੰਨਾਂ ਦੇ ਦੋ ਜੁੱਟਾਂ ਵਿਚ ਲਾਹੌਰ ਦੀ ਸੈਂਟਰਲ ਜਿਹਲ ਵਿਚ ਫਾਂਸੀ ਲਾਏ ਗਏ ਸਨ, ਇਸੇ ਕਰਕੇ 27 ਫਰਵਰੀ 1927 ਨੂੰ ਦੂਜੇ ਕੇਸ ਦੇ 6 ਮੁਲਜ਼ਮ ਫਾਹੇ ਲਾਉਣੇ ਸਰਕਾਰ ਨੇ ਠੀਕ ਸਮਝੇ ਸਨ।

# 56. ਵਰਿਆਮ ਸਿੰਘ ਧੁੱਗਾ ਦਾ ਜ਼ਿਲਾ ਲਾਇਲਪੁਰ ਵਿਚ ਬਬਰ ਲਹਿਰ ਮੁੜ ਚਾਲੂ ਕਰਨਾ

ਮੈਂ ਦੱਸ ਆਇਆ ਹਾਂ ਕਿ ਮੰਡੇਰਾਂ ਦੇ ਸਾਕੇ ਮਗਰੋਂ ਵਰਿਆਮ ਸਿੰਘ ਧੁੱਗਾ ਜ਼ਿਲਾ ਲਾਇਲਪੁਰ ਵਿਚ ਜੜਾਂਵਾਲੇ ਲਾਗੇ ਚੱਕ 54 ਵਿਚ ਆਪਣੇ ਮਾਮੇ ਦੇ ਪੁੱਤ ਕੋਲ ਪੁੱਜ ਗਿਆ ਸੀ ਅਤੇ ਉਹਦੇ ਰਿਸਤੇਦਾਰ ਰਲਾ ਸਿੰਘ ਡਿਚਕੋਟੀਏ ਨਾਲ ਉਹਦੀ ਜਾਣ-ਪਛਾਣ ਹੋ ਚੁੱਕੀ ਸੀ। ਉਸੇ ਜਾਣ-ਪਛਾਣ ਦਾ ਫ਼ਾਇਦਾ ਉਠਾ ਕੇ ਵਰਿਆਮ ਸਿੰਘ ਨੇ ਇਧਰ ਇਕ ਨਵਾਂ ਬਬਰ ਜਥਾ ਤਿਆਰ ਕਰ ਲਿਆ। ਮੈਂ ਦੱਸ ਚੁੱਕਿਆ ਹਾਂ ਕਿ ਦੁਆਬੀਆਂ ਦੀ ਬਹੁਗਿਣਤੀ ਹੀ ਪਹਿਲਾਂ-ਪਹਿਲਾਂ ਆਬਾਦਕਾਰੀ ਲਈ ਇਸ ਇਲਾਕੇ ਵਿਚ ਪੁੱਜੀ ਸੀ, ਜਿਸ ਵਿਚ ਭਗਤ ਸਿੰਘ ਦਾ ਖਾਨਦਾਨ ਵੀ ਆ ਚੁੱਕਿਆ ਸੀ। ਭਗਤ ਸਿੰਘ ਦੇ ਮਾਪੇ ਸਰਕਾਰ-ਵਿਰੋਧੀ ਸਨ। ਬਾਪ ਕਿਸ਼ਨ ਸਿੰਘ ਅਤੇ ਚਾਚੇ ਅਰਜਨ ਸਿੰਘ ਤੇ ਅਜੀਤ ਸਿੰਘ ਪ੍ਰਸਿੱਧ ਕਰਾਂਤੀਕਾਰੀ ਸਨ।

ਦੂਜੇ ਬੰਨੇ ਇਸੇ ਹੀ ਖਾਨਦਾਨ ਦਾ ਕੱਟੜ ਅੰਗਰੇਜ਼-ਪ੍ਰਸਤ, ਝੋਲੀ-ਚੁੱਕਾਂ ਦਾ ਸਰਦਾਰ, ਸਰਦਾਰ ਬਹਾਦੁਰ ਸਰਦਾਰ ਦਿਲਬਾਗ ਸਿੰਘ ਵੀ ਸੀ, ਜੀਹਦੇ ਕਾਫੀ ਚੇਲੇ-ਚਾਟੜੇ ਸਨ, ਜਿਨ੍ਹਾਂ ਵਿਚ ਰਾਣੀਥੂਹੇ ਦਾ ਜ਼ੈਲਦਾਰ ਬਿਸ਼ਨ ਸਿੰਘ ਇਹ ਨਮੂਨਾ ਸੀ। ਚੱਕ ਨੰ: 96 ਦਾ ਲੰਬੜਦਾਰ ਮੋਹਣ ਸਿੰਘ, ਜੀਹਨੇ ਬਿਲਕੁਲ ਰਾਣੀਥੂਹੇ ਵਾਲੇ ਜ਼ੈਲਦਾਰ ਦੀ ਨਕਲ ਕਰਕੇ ਬਦਮਾਸ਼ਾਂ ਦਾ ਡੁਰਲੀ ਜਥਾ ਬਣਾ ਕੇ ਉਸੇ ਤਰ੍ਹਾਂ ਸਿੰਗ-ਮਿੱਟੀ ਚੁੱਕੀ ਹੋਈ ਸੀ ਅਤੇ ਕਾਲੀਆਂ ਪੱਗਾਂ ਵਾਲਿਆਂ ਦੇ ਪਿੱਛੇ ਪਿਆ ਹੋਇਆ ਸੀ, ਕਈਆਂ ਅਕਾਲੀਆਂ ਨੂੰ ਸੱਚੀਆਂ-ਝੂਠੀਆਂ ਗਵਾਹੀਆਂ ਦੇ ਕੇ ਕੈਦਾਂ ਕਰਵਾ ਚੁੱਕਿਆ ਸੀ ਅਤੇ ਕਰਵਾਈ ਜਾ ਰਿਹਾ ਸੀ।

ਉਹਨਾਂ ਦਿਨਾਂ ਵਿਚ ਪੰਜਾਬ ਵਿਚ ਸਭ ਉੱਚ-ਅਧਿਕਾਰੀ ਅੰਗਰੇਜ਼ ਹੀ ਹੋਇਆ ਕਰਦੇ ਸਨ ਅਤੇ ਲਾਇਲਪੁਰ ਦਾ ਪੁਲਸ ਕਪਤਾਨ ਮਿਸਟਰ ਡੀਗਾਲ ਵੀ ਇਕ ਅੰਗਰੇਜ਼ ਹੀ ਸੀ।

ਵਰਿਆਮ ਸਿੰਘ ਡਿਚਕੋਟੀਏ ਰਲਾ ਸਿੰਘ ਅਤੇ ਈਸ਼ਰ ਸਿੰਘ ਨੂੰ ਪਹਿਲਾਂ ਮਿਲ ਚੁੱਕਿਆ ਸੀ ਜਿਨ੍ਹਾਂ ਨੇ ਬਬਰ ਲਹਿਰ ਜ਼ਿਲਾ ਲਾਇਲਪੁਰ ਵਿਚ ਚਲਾਉਣ ਦੀ ਹਾਮੀ

ਭਰੀ ਹੋਈ ਸੀ। ਸੋ ਵਰਿਆਮ ਸਿੰਘ ਸਗਰਾਂਵਾਲੀ ਅਤੇ ਸ਼ੇਰਪੁਰ ਪੱਕੇ ਦੇ ਹਮਲਿਆਂ ਤੋਂ ਬਾਅਦ ਸਿੱਧਾ ਇਹਨਾਂ ਦੋਹਾਂ ਕੋਲ ਡਿਚਕੋਟ ਪੁੱਜ ਗਿਆ। ਡਿਚਕੋਟ ਵਿਚ ਬਹੁ-ਗਿਣਤੀ ਮਾਣਕੋ ਵਾਲਿਆਂ ਦੀ ਹੀ ਸੀ, ਜਿਥੋਂ ਦੇ ਅਨੂਪ ਸਿੰਘ ਵਾਇਦਾ-ਮੁਆਫ਼ ਅਤੇ ਬੋਘ ਸਿੰਘ ਸਨ, ਜਿਨ੍ਹਾਂ ਦੀ ਗੱਦਾਰੀ ਦਾ ਹਾਲ ਪਾਠਕ ਪੜ੍ਹ ਚੁੱਕੇ ਹਨ। ਉਹਨਾਂ ਨੇ ਬਬੇਲੀ ਵਿਚ ਬਬਰ ਕਰਮ ਸਿੰਘ ਹੁਰਾਂ ਨੂੰ ਸ਼ਹੀਦ ਕਰਵਾਇਆ ਸੀ। ਰਲਾ ਸਿੰਘ ਅਤੇ ਈਸ਼ਰ ਸਿੰਘ ਜਦੋਂ ਕਦੀ ਪਿੰਡ ਦਾ ਚੱਕਰ ਮਾਰਦੇ ਸਨ ਤਾਂ ਵਾਪਰ ਰਹੀਆਂ ਘਟਨਾਵਾਂ ਤੋਂ ਜਾਣੂ ਹੋ ਜਾਂਦੇ ਸਨ ਅਤੇ ਹਰ ਗੱਲ ਦਾ ਪਤਾ ਕਰ ਲੈਂਦੇ ਸਨ। ਇਹਨਾਂ ਦੋਹਾਂ ਦੀ ਵਾਕਫ਼ੀ ਆਲੇ-ਦੁਆਲੇ ਦੇ ਚੱਕਾਂ ਵਾਲਿਆਂ ਨਾਲ ਹੋ ਚੁੱਕੀ ਸੀ। ਅਕਾਲੀ ਲਹਿਰ ਦਾ ਜ਼ੋਰ ਲਾਇਲਪੁਰ ਵਿਚ ਵੀ ਫੈਲ ਚੁੱਕਿਆ ਸੀ ਅਤੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਜਿਨ੍ਹਾਂ ਨੇ 1921 ਵਿਚ ਹੀ ਭਾਈ ਕਿਸ਼ਨ ਸਿੰਘ ਗੜਗਜ ਹੁਰਾਂ ਨੂੰ ਮਫ਼ਰੂਰ ਹੋਣ ਦੀ ਸਲਾਹ ਦਿਤੀ ਸੀ ਅਤੇ ਤੇਜਾ ਸਿੰਘ ਸਮੁੰਦਰੀ ਵਰਗੇ ਦੇਸਭਗਤ ਇਸੇ ਹੀ ਇਲਾਕੇ ਦੇ ਰਹਿਣ ਵਾਲੇ ਸਨ।

ਨਨਕਾਣੇ ਸਾਹਿਬ ਦਾ ਸਾਕਾ ਵੀ ਪਹਿਲੋਂ-ਪਹਿਲ ਲਾਇਲਪੁਰ ਜ਼ਿਲੇ ਵਿਚ ਵਸਦੇ ਦੇਸਭਗਤਾਂ ਨੇ ਹੀ ਕਰਕੇ ਅਕਾਲੀ ਲਹਿਰ ਨੂੰ ਧਰ ਜੋਬਨ ਉੱਤੇ ਪੁਚਾਇਆ ਸੀ ਜਿਸ ਵਿਚ ਅਕਾਲੀ ਲਫ਼ਜ਼ ਨਾਲ ਬਬਰ ਲਫ਼ਜ਼ ਜੋੜ ਕੇ ਬਬਰ ਕਰਮ ਸਿੰਘ ਦੌਲਤਪੁਰੀ ਨੇ ਐਲਾਨ ਕੀਤਾ ਸੀ, "ਅਸੀਂ ਹੁਣ ਮਾਰ ਨਹੀਂ ਖਾਵਾਂਗੇ, ਬਲਕਿ ਮਾਰਨ ਵਾਲਿਆਂ ਨੂੰ ਹੀ ਮਾਰਾਂਗੇ।" ਸੋ ਇਸੇ ਦਾ ਹੀ ਨਤੀਜਾ ਸੀ ਕਿ ਜ਼ਿਲਾ ਲਾਇਲਪੁਰ ਵਿਚ ਡਿਚਕੋਟ ਮਾਣਕੋ ਵਿਖੇ ਹੇਠ-ਲਿਖੇ ਯੋਧੇ ਇਕ ਦਿਨ ਇਕੱਠੇ ਹੋਏ ਅਤੇ ਫੈਸਲਾ ਕੀਤਾ : ਰਲਾ ਸਿੰਘ ਤੇ ਈਸ਼ਰ ਸਿੰਘ ਡਿਚਕੋਟ ਮਾਣਕੋ, ਬੰਤਾ ਸਿੰਘ ਤੇ ਨੌਰੰਗ ਸਿੰਘ ਗੁਰੂਸਰ, ਸੁੰਦਰ ਸਿੰਘ ਲੋਹਕੇ, ਗੱਜਰ ਸਿੰਘ ਢੁਪਈ, ਮੁਕੰਦ ਸਿੰਘ ਜਵੰਦੀ, ਨਿੱਕਾ ਸਿੰਘ ਗਿੱਲਾਂ ਅਤੇ ਵਰਿਆਮ ਸਿੰਘ ਧੁੱਗਾ। ਕੁੱਲ ਗਿਣਤੀ 9 ਸੀ। ਵਰਿਆਮ ਸਿੰਘ ਧੁੱਗਾ ਜ਼ਿਲਾ ਹੁਸਿਆਰਪੁਰ ਦਾ ਸੀ ਅਤੇ ਬਾਕੀ ਸਾਰੇ ਜ਼ਿਲਾ ਲਾਇਲਪੁਰ ਦੇ ਸਨ। ਸਲਾਹ-ਮਸ਼ਵਰੇ ਮਗਰੋਂ ਫੈਸਲਾ ਕਰ ਲਿਆ ਕਿ ਐਸ ਵੇਲੇ ਚੱਕ 96 ਵਾਲੇ ਲੰਬੜਦਾਰ ਨੇ ਜਿਹੜੀ ਅੱਤ ਚੁੱਕੀ ਹੋਈ ਹੈ ਅਤੇ ਦੇਸਭਗਤਾਂ ਨੂੰ ਹਰ ਤਰ੍ਹਾਂ ਤੰਗ ਕਰ ਰਿਹਾ ਹੈ, ਝੂਠੀਆਂ ਮੁਖ਼ਬਰੀਆਂ ਕਰ-ਕਰ ਕਾਲੀਆਂ ਪੱਗਾਂ ਵਾਲਿਆਂ ਨੂੰ ਗਵਾਹੀਆਂ ਦੇ-ਦੇ ਕੈਦ ਕਰਵਾ ਰਿਹਾ ਹੈ, ਜੇ ਇਹਦਾ ਸੁਧਾਰ ਕਰ ਦਿੱਤਾ ਜਾਵੇ ਤਾਂ ਇਸ ਇਲਾਕੇ ਦੇ ਬਾਕੀ ਝੋਲੀ-ਚੁੱਕਾਂ ਨੂੰ ਵੀ ਪਤਾ ਲੱਗ ਜਾਵੇਗਾ ਕਿ ਇਧਰ ਵੀ ਬਬਰ ਲਹਿਰ ਸ਼ੁਰੂ ਹੋ ਗਈ ਹੈ ਅਤੇ ਕੰਨ ਹੋ ਜਾਣਗੇ। ਸੋ ਮਈ 1924 ਦੀ ਕਿਸੇ ਤਾਰੀਖ ਨੂੰ ਸਾਰੇ ਉੱਪਰ-ਲਿਖੇ ਬਬਰ ਚੱਕ 96 ਦੇ ਲਾਗੇ ਮਿਥੀ ਜਗਾਹ ਉੱਤੇ ਇਕੱਠੇ ਹੋ ਗਏ (ਮੈਨੂੰ ਪੱਕੀ ਤਾਰੀਖ਼ ਦਾ ਪਤਾ ਨਹੀਂ ਲੱਗ ਸਕਿਆ)।

ਉਹ ਅੱਧੀ ਕੁ ਰਾਤ ਦੇ ਕਰੀਬ ਮੋਹਣ ਸਿੰਘ ਲੰਬੜਦਾਰ ਦੇ ਇਹਾਤੇ ਉੱਤੇ ਜਾ ਪੁੱਜੇ। ਬਾਰ ਵਿਚ ਆਮ ਰਿਵਾਜ ਸੀ ਕਿ ਹਰ ਇਕ ਇਹਾਤਾ 8-9 ਫੁੱਟ ਤੱਕ ਉੱਚੀ ਕੱਚੀ ਮਿੱਟੀ ਦੀ ਕੰਧ ਨਾਲ ਵਗਲਿਆ ਹੁੰਦਾ ਸੀ ਅਤੇ ਸਿਰਫ਼ ਇਕ ਵੱਡਾ ਦਰਵਾਜ਼ਾ ਅੰਦਰ ਜਾਣ ਲਈ ਹੁੰਦਾ ਸੀ, ਜਿਸ ਵਿਚ ਅੰਦਰ-ਬਾਹਰ ਲੰਘਣ ਲਈ ਆਦਮੀਆਂ ਦੇ ਆਉਣ-ਜਾਣ ਵਾਸਤੇ ਛੋਟਾ ਦਰਵਾਜ਼ਾ ਹੁੰਦਾ ਸੀ। ਦਰਵਾਜ਼ੇ ਲੱਕੜੀ ਦੇ ਹੀ ਹੋਇਆ

ਕਰਦੇ ਸਨ। ਬੱਸ ਜਿਹਲ ਦਾ ਨਮੂਨਾ ਹੀ ਸਮਝ ਲਉ । ਫ਼ਰਕ ਸਿਰਫ ਲੋਹੇ ਅਤੇ ਲਕੜੀ ਦੇ ਦਰਵਾਜ਼ਿਆਂ ਦਾ ਹੁੰਦਾ ਸੀ।

ਮੋਹਣ ਸਿੰਘ ਦਾ ਬੂਹਾ ਅੰਦਰੋਂ ਬੰਦ ਸੀ। ਉਸ ਵੇਲੇ ਵਰਿਆਮ ਸਿੰਘ ਕੋਲ ਇਕ ਬੰਦੂਕ ਸੀ ਅਤੇ ਇਕ ਰੀਵਾਲਵਰ ਸੀ। ਬੰਦੂਕ ਉਹਨੇ ਰਲਾ ਸਿੰਘ ਨੂੰ ਦੇ ਦਿੱਤੀ ਅਤੇ ਰੀਵਾਲਵਰ ਆਪ ਰੱਖ ਲਿਆ। ਬਾਕੀ ਸਾਰੇ ਛਵ੍ਹੀਆ ਨਾਲ ਲੈਸ ਸਨ। ਸਭ ਤੋਂ ਪਹਿਲਾਂ ਵਰਿਆਮ ਸਿੰਘ ਧੁੱਗਾ ਕੰਧ ਉੱਤੇ ਚੜ੍ਹਿਆ ਅਤੇ ਦੇਖਿਆ ਕਿ ਲੰਬੜਦਾਰ ਅਤੇ ਉਹਦੀ ਜ਼ਨਾਨੀ ਲਾਗੋ-ਲਾਗੀ ਮੰਜਿਆਂ ਉੱਤੇ ਸੁੱਤੇ ਪਏ ਹਨ। ਵਰਿਆਮ ਸਿੰਘ ਨੇ ਕੰਧ ਤੋਂ ਛਾਲ ਇਸ ਖਿਆਲ ਨਾਲ ਇਕੱਲਿਆਂ ਹੀ ਮਾਰ ਦਿੱਤੀ ਕਿ ਦਰਵਾਜ਼ਾ ਖੋਲ੍ਹ ਕੇ ਬਾਕੀ ਸਾਥੀਆਂ ਨੂੰ ਅੰਦਰ ਲੰਘਾ ਸਕੇ। ਛਾਲ ਦੀ ਆਵਾਜ ਸੁਣਦਿਆਂ ਲੰਬੜਦਾਰ ਵੀ ਮੰਜੇ ਤੋਂ ਛਾਲ ਮਾਰ ਕੇ ਉੱਠ ਖੜੋਤਾ ਅਤੇ ਡਿਗਦੇ ਵਰਿਆਮ ਸਿੰਘ ਉੱਤੇ ਝਪਟ ਪਿਆ। ਛਾਲ ਮਾਰਨ ਕਰਕੇ ਉਹ ਹਾਲੇ ਪੂਰੀ ਤਰ੍ਹਾਂ ਸੰਭਲ ਨਹੀਂ ਸੀ ਸਕਿਆ ਕਿ ਲੰਬੜਦਾਰ ਨੇ ਹੇਠਾਂ ਲੈ ਲਿਆ। ਲੰਬੜਦਾਰ ਜੁੱਸੇ ਦਾ ਭਾਰਾ ਸੀ। ਵਰਿਆਮ ਸਿੰਘ ਸੀ ਤਾਂ ਮਧਰੇ ਕੱਦ ਦਾ, ਪਰ ਜਿਸਮ ਦਾ ਕਾਫ਼ੀ ਮਜਬੂਤ ਸੀ। ਉਸੇ ਵੇਲੇ ਲੰਬੜਦਾਰ ਦੀ ਘਰਵਾਲੀ ਵੀ ਉੱਠ ਖੜੋਤੀ ਅਤੇ ਦੁਹਾਈ ਪਾਉਣ ਲੱਗ ਪਈ। ਵਰਿਆਮ ਸਿੰਘ ਪਹਿਲਾਂ ਹੀ ਤਿਆਰ-ਬਰ-ਤਿਆਰ ਸੀ। ਉਹਨੇ ਹੇਠਾਂ ਪਏ ਨੇ ਹੀ ਲੰਬੜਦਾਰ ਦੇ ਢਿੱਡ ਵਿਚ ਗੋਲੀ ਜੜ ਕੇ ਉਹਨੂੰ ਇਕ ਪਾਸੇ ਵਗਾਹ ਮਾਰਿਆ ਅਤੇ ਜ਼ਨਾਨੀ ਨੂੰ ਰੀਵਾਲਵਰ ਦਿਖਾ ਕੇ ਚੁੱਪ ਕਰਾ ਦਿਤਾ। ਫੇਰ ਬੜੀ ਤਸੱਲੀ ਨਾਲ ਵਡੇ ਬੂਹੇ ਨੂੰ ਖੋਲ੍ਹ ਕੇ ਬਾਕੀ ਸਾਥੀ ਅੰਦਰ ਲੰਘਾ ਲਏ। ਲੰਬੜਦਾਰਨੀ ਦਾ ਰੌਲਾ ਅਤੇ ਗੋਲੀ ਦਾ ਖੜਾਕ ਸੁਣ ਕੇ ਲੰਬੜਦਾਰ ਦਾ ਲੜਕਾ ਅਤੇ ਇਕ ਭਤੀਜਾ ਵੀ ਮੌਕੇ ਉਤੇ ਪੁੱਜ ਗਏ। ਵਰਿਆਮ ਸਿੰਘ ਨੇ ਉਹਨਾਂ ਦੇ ਰੌਲਾ ਪਾਉਣ ਤੋਂ ਪਹਿਲਾਂ ਹੀ ਰੀਵਾਲਵਰ ਦੀ ਇਕ-ਇਕ ਗੋਲੀ ਛਾਤੀਆਂ ਵਿਚ ਮਾਰ ਕੇ ਉਹ ਸਦਾ ਲਈ ਚੁੱਪ ਕਰਾ ਦਿੱਤੇ।

ਗੋਲੀਆਂ ਦੀ ਆਵਾਜ਼ ਸੁਣ ਕੇ ਆਲੇ-ਦੁਆਲੇ ਦੇ ਲੋਕ ਰੌਲਾ ਪਾਉਣ ਲੱਗ ਪਏ ਅਤੇ ਲੰਬੜਦਾਰ ਦੇ ਇਹਾਤੇ ਕੋਲ ਇਕੱਠੇ ਹੋਣੇ ਸ਼ੁਰੂ ਹੋ ਗਏ। ਵਰਿਆਮ ਸਿੰਘ ਨੇ ਦਸਿਆ ਕਿ ''ਮੈਂ ਵਰਿਆਮ ਸਿੰਘ ਧੁੱਗਾ ਬਬਰ ਹਾਂ ਅਤੇ ਇਕ ਝੋਲੀ-ਚੁੱਕ ਦਾ ਮੈਂ ਸੁਧਾਰ ਕੀਤਾ ਹੈ। ਹੋਰ ਕਈ ਝੋਲੀ-ਚੁੱਕਾਂ ਦਾ ਸੁਧਾਰ ਕਰਨ ਲਈ ਮੈਂ ਹੁਣ ਦੁਆਬਾ ਛੱਡ ਕੇ ਇਧਰ ਆ ਗਿਆ ਹਾਂ ਅਤੇ ਇਧਰ ਆ ਕੇ ਬਬਰ ਜਥਾ ਤਿਆਰ ਕਰ ਲਿਆ ਹੈ। ਮੇਰੀ ਅਤੇ ਮੇਰੇ ਸਾਥੀਆਂ ਦੀ ਤੁਹਾਡੇ ਨਾਲ ਕੋਈ ਦੁਸ਼ਮਣੀ ਨਹੀਂ। ਤੁਸੀਂ ਸਾਰੇ ਸਾਡੇ ਭਰਾ ਹੋ। ਅਸੀਂ ਡਕੈਤ ਨਹੀਂ, ਸਗੋਂ ਦੇਸਭਗਤ ਹਾਂ ਅਤੇ ਅੰਗਰੇਜ਼ ਹਕੂਮਤ ਦਾ ਬੋਰੀਆ-ਬਿਸਤਰਾ ਗੋਲ ਕਰਕੇ ਉਹਨਾਂ ਨੂੰ ਮੁੜ ਵਲੈਤ ਭੇਜਣ ਦੀਆਂ ਕਸਮਾਂ ਖਾ ਕੇ ਹੀ ਇਸ ਦਰਖਤ ਦੀਆਂ ਜੜਾਂ ਵਢ ਰਹੇ ਹਾਂ। ਇਹ ਇਕ ਬੜੀ ਵੱਡੀ ਜੜ ਸੀ ਜੀਹਨੂੰ ਇਸ ਇਲਾਕੇ ਵਿਚ ਵੱਢ ਕੇ ਅਸੀਂ ਮਹੂਰਤ ਕੀਤਾ ਹੈ। ਸੋ ਤੁਸੀਂ ਆਪਣੇ-ਆਪਣੇ ਘਰਾਂ ਨੂੰ ਮੁੜ ਜਾਉ। ਸਾਡਾ ਕੰਮ ਪੂਰਾ ਹੋ ਚੁਕਿਆ ਹੈ ਅਤੇ ਅਸੀਂ ਹੁਣ ਜਾ ਰਹੇ ਹਾਂ।''

ਵਰਿਆਮ ਸਿੰਘ ਨੇ ਗੱਜ ਕੇ ਫਤਿਹ ਬੁਲਾਈ ਤਾਂ ਦੂਜੇ ਪਾਸਿਉਂ ਫਤਿਹ ਦਾ ਜਵਾਬ ਜ਼ਰਾ ਸਹਿਮੀਆਂ ਆਵਾਜ਼ਾਂ ਵਿਚ ਹੀ ਮਿਲਿਆ ਸੀ। ਲੋਕ ਘਰਾਂ ਵੱਲ ਮੁੜਨ ਲੱਗ ਪਏ ਅਤੇ ਬਬਰ ਆਪਣੇ ਰਾਹ ਪਏ ਹੀ ਸਨ ਕਿ ਲੰਬੜਦਾਰ ਦਾ ਇਕ ਨੌਕਰ

ਜਿਹੜਾ ਮੁਰੱਬਿਆਂ ਵਿਚ ਪਾਣੀ ਲਾ ਰਿਹਾ ਸੀ, ਮੋਢੇ ਉੱਤੇ ਕਹੀ ਰੱਖੀਂ ਰੌਲਾ ਪਾਉਂਦਾ ਇਹਨਾਂ ਵੱਲ ਆ ਰਿਹਾ ਸੀ ਅਤੇ ਕਹਿ ਰਿਹਾ ਸੀ ਕਿ ਮੈਂ ਆ ਗਿਆ ਹਾਂ, ਇਹ ਭੱਜ ਕੇ ਕਿਥੇ ਜਾਣਗੇ। ਉਹ ਕਹੀ ਉਲਾਰ ਕੇ ਵਰਿਆਮ ਸਿੰਘ ਵੱਲ ਵਧਣ ਹੀ ਲਗਿਆ ਸੀ ਕਿ ਇਕੋ ਗੋਲੀ ਖਾ ਕੇ ਅਤੇ ਮੂਧੇ-ਮੂੰਹ ਡਿੱਗ ਕੇ ਖ਼ਤਮ ਹੋ ਗਿਆ। ਇਹ ਮਜ਼ਹਬੀਆਂ ਦਾ ਮੁੰਡਾ ਬਦੋਬਦੀ ਆਪਣੀ ਗ਼ਲਤੀ ਦਾ ਸ਼ਿਕਾਰ ਹੋ ਗਿਆ।

ਦਿਨ ਚੜ੍ਹੇ ਇਹਨਾਂ ਇਕੱਠੇ ਚਾਰ ਕਤਲਾਂ ਨੇ ਜ਼ਿਲੇ ਦੇ ਅਧਿਕਾਰੀਆਂ ਦੇ ਹੱਥਾਂ ਦੇ ਤੋਤੇ ਉਡਾ ਦਿੱਤੇ। ਇਹ ਗੱਲ ਬਾਰੂਦ ਦੇ ਢੇਰ ਨੂੰ ਅੱਗ ਲੱਗਣ ਦਾ ਕੰਮ ਦੇ ਗਈ। ਜਿਹੜੇ ਝੋਲੀ-ਚੁੱਕ ਦੁਆਬੇ ਵਿਚੋਂ ਜਾਨਾਂ ਬਚਾਉਣ ਲਈ ਇਧਰ ਨਹਿਰੀ ਜ਼ਮੀਨ ਵਿਚ ਹਿਫ਼ਾਜ਼ਤੀ ਕਿਲ੍ਹੇ ਸਮਝ ਕੇ ਆ ਗਏ ਸਨ, ਉਹਨਾਂ ਲਈ ਇਹ ਖ਼ੂਨੀ ਕਾਰਾ ਮੁਸੀਬਤਾਂ ਦਾ ਨਵਾਂ ਪਹਾੜ ਬਣ ਕੇ ਆ ਡਿਗਿਆ। ਵਰਿਆਮ ਸਿੰਘ ਧੁੱਗੇ ਦੀ ਕਥਾ ਦੁਆਬੇ ਵਿਚ ਤਾਂ ਘਰ-ਘਰ ਪੁੱਜ ਹੀ ਚੁੱਕੀ ਸੀ, ਹੁਣ ਜ਼ਿਲਾ ਲਾਇਲਪੁਰ ਵਿਚ ਓਦੂੰ ਵੀ ਵੱਧ ਫੈਲਣੀ ਸ਼ੁਰੂ ਹੋ ਗਈ। ਦੇਸ਼ਭਗਤ ਤਾਂ ਘਿਉ ਦੇ ਦੀਵੇ ਜਗਾਉਣ ਲੱਗ ਪਏ। ਬਾਕੀ ਜਨਤਾ ਭਾਂਤ-ਭਾਂਤ ਦੀਆਂ ਗੱਲਾਂ ਕਰਨ ਲੱਗ ਪਈ। ਪਿੰਡਾਂ ਦੇ ਆਮ ਇਕੱਠਾਂ ਵਿਚ ਵਰਿਆਮ ਸਿੰਘ ਧੁੱਗਾ ਸੂਰਜ ਦੀਆਂ ਕਿਰਨਾਂ ਵਾਂਗ ਲਿਸ਼ਕਾਰੇ ਮਾਰਨ ਲੱਗ ਪਿਆ ਸੀ। ਇਕ ਇਹੋ ਜਿਹੇ ਸੂਰਮੇ ਨੂੰ, ਜਿਸ ਉੱਤੇ ਚੁਬਾਰੇ ਵਿਚ ਮਸ਼ੀਨਗੰਨਾਂ ਦਾ ਮੀਂਹ ਵਰ੍ਹ ਚੁਕਿਆ ਹੋਵੇ, ਜੋ ਅੱਗ ਦੇ ਭਾਂਬੜਾਂ ਵਿਚ ਅੱਧ-ਪਚੱਧਾ ਸੜ ਚੁਕਿਆ ਹੋਵੇ, ਜਿਹੜਾ ਸ਼ੇਰ ਪੋਹ ਦੀਆਂ ਠੰਡੀਆਂ-ਠਾਰ ਰਾਤਾਂ ਵਿਚ ਨੰਗ-ਧੜੰਗ ਪਹਿਰੇ ਉੱਤੇ ਖੜੋਤੇ ਸਿਪਾਹੀ ਦੇ ਗੋਲੀ ਜੜ ਕੇ ਭੱਜ ਨਿਕਲਿਆ ਹੋਵੇ, ਫੇਰ ਦੁਆਬੇ ਵਿਚ ਦੋ ਝੋਲੀ-ਚੁੱਕਾਂ ਦੇ ਸੁਧਾਰ ਲਈ ਇਕ ਨਵਾਂ ਜਥਾ ਤਿਆਰ ਕਰਕੇ ਹਮਲਾ ਕਰ ਚੁਕਿਆ ਹੋਵੇ, ਮੁੜ ਜ਼ਿਲਾ ਲਾਇਲਪੁਰ ਵਿਚ ਇਕ ਹੋਰ ਨਵਾਂ ਬਬਰ ਜਥਾ ਤਿਆਰ ਕਰਕੇ ਇਕੱਠੇ ਚਾਰ ਬੰਦਿਆਂ ਨੂੰ ਖ਼ਤਮ ਕਰਕੇ ਐਲਾਨ ਕਰ ਦੇਵੇ ਕਿ ਮੈਂ ਵਰਿਆਮ ਸਿੰਘ ਧੁੱਗਾ ਅੰਗਰੇਜ਼ ਦੇ ਚਾਟੜਿਆਂ ਨੂੰ ਖ਼ਤਮ ਕਰਨ ਲਈ ਇਧਰ ਵੀ ਆ ਪੁਜਿਆ ਹਾਂ ਜਿਧਰ ਦੁਆਬੇ ਦੇ ਟੋਡੀ ਲੋਕ ਡਿਪਟੀ ਕਮਿਸ਼ਨਰਾਂ ਤੋਂ ਮੁਰੱਬਿਆਂ ਦੀ ਭੀਖ ਮੰਗ ਕੇ ਜਾਨਾਂ ਬਚਾਉਣੀਆਂ ਚਾਹੁੰਦੇ ਹਨ, ਇਤਿਹਾਸ ਕਦੀ ਨਹੀਂ ਭੁਲਾਵੇਗਾ। ਪਰ ਪਾਠਕ ਆਪ ਹੀ ਅੰਦਾਜ਼ਾ ਲਾ ਲੈਣ ਕਿ ਇਹੋ ਜਿਹੇ ਦੇਸ਼ਭਗਤ ਸ਼ਹੀਦਾਂ ਦੇ ਕਾਰਨਾਮਿਆਂ ਨੂੰ ਜਦੋਂ ਦੇਸਵਾਦੀ ਅੱਖੋਂ ਉਹਲੇ ਕਰ ਰਹੇ ਹਨ, ਤਾ ਉਹਨਾਂ ਸਿਰਲੱਥ ਯੋਧਿਆਂ ਦੇ ਬਚੇ-ਖੁਚੇ ਸਾਥੀਆਂ ਉੱਤੇ ਕੀ ਗੁਜ਼ਰਦੀ ਹੋਵੇਗੀ।

ਮੈਂ 96 ਚੱਕ ਦੀ ਘਟਨਾ ਦੀ ਥੋੜ੍ਹੀ ਜਿਹੀ ਹੋਰ ਜਾਣਕਾਰੀ ਪਾਠਕਾਂ ਅਗੇ ਰੱਖਣੀ ਠੀਕ ਸਮਝਦਾ ਹਾਂ। 1935-36 ਦੇ ਕਰੀਬ ਜਦੋਂ ਮੈਂ ਅਤੇ ਮੇਰਾ ਸਾਥੀ ਊਧਮ ਸਿੰਘ ਆਪਣੀ ਲਾਰੀ ਚਲਾ ਰਹੇ ਸੀ ਤਾਂ ਇਕ ਬਰਾਤ ਲੈ ਕੇ ਜਾਣ ਦਾ ਮੌਕਾ ਮਿਲਿਆ ਸੀ। ਵੈਸੇ ਵੀ ਊਧਮ ਸਿੰਘ ਦਾ ਆਪਣਾ ਮੁਰੱਬਾ ਚੱਕ 110 ਵਿਚ ਸੀ ਅਤੇ ਚੱਕ 96 ਵੀ ਲਾਗੇ ਹੀ ਸੀ। ਅਸੀਂ ਚੱਕ 96 ਦੀ ਜਾਣਕਾਰੀ ਲੈਣ ਲਈ ਆਪਣੀ ਲਾਰੀ ਉਥੋਂ ਲੈ ਗਏ ਸੀ ਅਤੇ ਲੰਬੜਦਾਰ ਦਾ ਘਰ ਵੀ ਅਣਜਾਣ ਜਿਹੇ ਬਣ ਕੇ ਦੇਖ ਆਏ ਸੀ। ਗੱਲਾਂ-ਗੱਲਾਂ ਵਿਚ ਪਤਾ ਲਗਿਆ ਸੀ ਕਿ ਜਿਸ ਵੇਲੇ ਚਾਰ ਗੱਡਿਆਂ ਉੱਤੇ ਚੋਹਾਂ ਲਾਸ਼ਾਂ ਦਾ ਜਲੂਸ ਪੋਸਟ-ਮਾਰਟਮ ਲਈ ਲਾਇਲਪੁਰ ਨੂੰ ਗਿਆ ਅਤੇ ਉਸੇ ਤਰ੍ਹਾਂ ਵਾਪਸ ਆਇਆ, ਤਾਂ ਪਤਾ ਨਹੀਂ ਲੋਕਾਂ ਦੀ ਕਿੰਨੀ ਕੁ ਗਿਣਤੀ ਇਹ ਨਜ਼ਾਰਾ

ਦੇਖਣ ਲਈ ਜੜ੍ਹਾਂਵਾਲੇ ਤੋਂ ਲਾਇਲਪੁਰ ਨੂੰ ਜਾਂਦੀ ਸੜਕ ਉੱਤੇ ਆ ਜੁੜੀ ਸੀ ਅਤੇ ਇਹ ਦੰਦ-ਕਥਾ ਘਰ-ਘਰ ਪੁੱਜ ਗਈ ਸੀ।

ਸਾਡਾ ਕੇਸ ਉਹਨਾਂ ਦਿਨਾਂ ਵਿਚ ਲਾਹੌਰ ਜਿਹਲ ਵਿਚ ਰੋਜ਼ਾਨਾ ਪੇਸ਼ ਹੋ ਹੀ ਰਿਹਾ ਸੀ ਅਤੇ ਚਾਰ ਕਤਲਾਂ ਦੀ ਖ਼ਬਰ ਵੀ ਪੁਜ ਚੁੱਕੀ ਸੀ, ਕਿਉਂਕਿ ਕਿਸੇ ਨਾ ਕਿਸੇ ਮੁਲਜ਼ਮ ਦਾ ਮੁਲਾਕਾਤੀ ਆਉਂਦਾ ਹੀ ਰਹਿੰਦਾ ਸੀ। ਸੋ ਭਾਈ ਕਿਸ਼ਨ ਸਿੰਘ ਅਤੇ ਕਰਮ ਸਿੰਘ ਝਿੰਗੜ ਨੇ ਮੀਰ ਸਾਹਿਬ ਨੂੰ ਮੁਬਾਰਕਬਾਦਾਂ ਦਿੱਤੀਆਂ ਸਨ ਅਤੇ ਮੀਰ ਸਾਹਿਬ ਨੇ ਨਿਮੋਝੂਣਾ ਜਿਹਾ ਹੋ ਕੇ ਕਬੂਲ ਕੀਤੀਆਂ ਸਨ। ਮੈਂ ਦੱਸ ਹੀ ਚੁੱਕਿਆ ਹਾਂ ਕਿ ਦੋਹਾਂ ਧਿਰਾਂ ਦੀਆਂ ਝੜੱਪਾਂ ਜਾਂ ਮਖੌਲੀਆ ਨੋਕਾਂ-ਝੋਕਾ ਰੋਜ਼ ਦੀ ਗੱਲ ਬਣ ਚੁਕੀਆਂ ਸਨ। ਉਹਨਾਂ ਹੀ ਦਿਨਾਂ ਵਿਚ ਧੰਨਾ ਸਿੰਘ ਕੋਟਲੀ ਬਾਵਾਦਾਸ ਦੀ ਗੱਦਾਰੀ ਸਦਕਾ ਦੂਜੇ ਸਪਲੀਮੈਂਟਰੀ ਕੇਸ ਦਾ ਮੁੱਢ ਵੀ ਬੱਝ ਚੁੱਕਿਆ ਸੀ, ਜੀਹਦਾ ਵੱਡਾ ਇੰਚਾਰਜ ਤਾਂ ਉਹੋ ਬਦਨਾਮ ਸੀ ਆਈ ਡੀ ਦਾ ਪੁਲਸ ਕਪਤਾਨ ਸ਼ੇਖ ਅਬਦੁਲ ਅਜ਼ੀਜ ਹੀ ਸੀ। ਪਰ ਇਸ ਕੇਸ ਦਾ ਅਸਲੀ ਇੰਚਾਰਜ ਲਾਲਾ ਬੂਟਾ ਰਾਮ ਇੰਸਪੈਕਟਰ ਸੀ ਆਈ ਡੀ ਸੀ। ਇਹ ਵੀ ਮੀਰ ਸਾਹਿਬ ਤੋਂ ਦੂਜੇ ਨੰਬਰ ਦਾ ਚਲਾਕ ਅਫ਼ਸਰ ਸੀ। ਮੀਰ ਸਾਹਿਬ ਸਾਡੇ ਕੇਸ ਦੀ ਪੈਰਵੀ ਵਿਚ ਰੁਝਿਆ ਹੋਇਆ ਸੀ। ਸੋ ਸ਼ੇਖ ਅਬਦੁਲ ਅਜ਼ੀਜ਼ ਨੇ ਇਸੇ ਸੀ ਆਈ ਡੀ ਦੇ ਇੰਸਪੈਕਟਰ ਨੂੰ ਹਰ ਕੀਮਤ ਉੱਤੇ ਵਰਿਆਮ ਸਿੰਘ ਧੁੱਗੇ ਨੂੰ ਗਰਿਫ਼ਤਾਰ ਕਰਨ ਲਈ ਲਾਇਲਪੁਰ ਭੇਜ ਦਿੱਤਾ ਅਤੇ ਲਾਇਲਪੁਰ ਦੀ ਸਾਰੀ ਪੁਲਸ ਨੂੰ ਪੰਜਾਬ ਸਰਕਾਰ ਵਲੋਂ ਹਦਾਇਤਾਂ ਭੇਜ ਦਿਤੀਆਂ ਗਈਆਂ ਕਿ ਬੂਟਾ ਰਾਮ ਦੇ ਹਰ ਹੁਕਮ ਦੀ ਪਾਲਨਾ ਕੀਤੀ ਜਾਵੇ। ਮੈਂ ਦੱਸ ਚੁੱਕਿਆ ਹਾਂ ਕਿ ਉਸ ਵੇਲੇ ਲਾਇਲਪੁਰ ਦਾ ਪੁਲਸ ਕਪਤਾਨ ਇਕ ਅੰਗਰੇਜ਼ ਮਿਸਟਰ ਡੀਗਾਲ ਸੀ ਜੀਹਨੂੰ ਬੂਟਾ ਰਾਮ ਜਾ ਮਿਲਿਆ ਅਤੇ ਪ੍ਰੋਗਰਾਮ ਤੈਅ ਕਰਨ ਪਿਛੋਂ ਬੂਟਾ ਰਾਮ ਨੇ ਜੜ੍ਹਾਂਵਾਲਾ ਥਾਣਾ ਆਪਣਾ ਹੈਡਕੁਆਟਰ ਬਣਾ ਕੇ ਵਰਿਆਮ ਸਿੰਘ ਨੂੰ ਗਰਿਫ਼ਤਾਰ ਕਰਨ ਦੀਆਂ ਤਰਕੀਬਾਂ ਆਰੰਭ ਕਰ ਦਿੱਤੀਆਂ। ਬੂਟਾ ਰਾਮ ਨੂੰ ਪਤਾ ਲੱਗ ਚੁੱਕਿਆ ਸੀ ਕਿ ਵਰਿਆਮ ਸਿੰਘ ਦੇ ਮਾਮੇ ਦਾ ਪੁੱਤ ਚੱਕ 54 ਵਿਚ ਰਹਿੰਦਾ ਹੈ, ਜਿਥੇ ਉਹਦਾ ਆਪਣਾ ਮੁਰੱਬਾ ਹੈ ਅਤੇ ਵਰਿਆਮ ਸਿੰਘ ਦਾ ਉਹਦੇ ਕੋਲ ਆਉਣਾ-ਜਾਣਾ ਹੈ। ਰਲਾ ਸਿੰਘ ਦੀ ਭੈਣ ਵਰਿਆਮ ਸਿੰਘ ਦੇ ਮਾਮੇ ਦੇ ਪੁੱਤ ਦੀ ਪਤਨੀ ਸੀ।

ਬੂਟਾ ਰਾਮ ਨੇ ਆਲੇ-ਦੁਆਲੇ ਦੇ ਚੱਕਾਂ ਵਾਲੇ ਤਕੜੇ ਬੰਦਿਆਂ ਨਾਲ ਵੀ ਵਾਕਫ਼ੀ ਗੰਢਣੀ ਸ਼ੁਰੂ ਕਰ ਦਿੱਤੀ, ਜੋ ਆਮ ਕਰਕੇ ਸਰਕਾਰ-ਪੱਖੀ ਹੀ ਹੁੰਦੇ ਹਨ ਅਤੇ ਸਰਕਾਰੇ-ਦਰਬਾਰੇ ਸਲਾਮਾਂ ਕਰਨ ਤੁਰੇ ਹੀ ਰਹਿੰਦੇ ਹਨ ਅਤੇ ਇਸ ਵਿਚ ਵਡਿਆਈ ਸਮਝਦੇ ਹਨ। ਜੜ੍ਹਾਂਵਾਲੇ ਦੀ ਮੰਡੀ ਬਹੁਤ ਮਸ਼ਹੂਰ ਸੀ ਅਤੇ ਇਥੇ ਹੀ ਇਕ ਬਹੁਤ ਅਸਰ-ਰਸੂਖ ਵਾਲਾ ਆੜ੍ਹਤੀਆ, ਇਕ ਕਰਾੜ, ਸਾਹਿਬ ਦਿੱਤਾ ਮੱਲ ਚਲਦਾ-ਪੁਰਜ਼ਾ ਬੰਦਾ ਸੀ। ਉਹਨੂੰ ਬੂਟਾ ਰਾਮ ਨੇ ਪੱਕੀ ਤਰ੍ਹਾਂ ਗੰਢ ਲਿਆ ਅਤੇ ਕਿਹਾ ਕਿ ਨਕਦ ਇਨਾਮ ਤੋਂ ਇਲਾਵਾ ਮੁਰੱਬੇ ਵੀ ਦੁਆ ਦਿਆਂਗਾ। ਜਿਵੇਂ ਵੀ ਹੋ ਸਕੇ ਉਹ ਵਰਿਆਮ ਸਿੰਘ ਨੂੰ ਗਰਿਫ਼ਤਾਰ ਕਰਾਉਣ ਵਿਚ ਮਦਦ ਕਰੇ। ਸਾਹਿਬ ਦਿੱਤਾ ਮੱਲ ਇਸ ਕੰਮ ਲਈ ਤਿਆਰ ਹੋ ਗਿਆ। ਮੈਂ ਦੱਸ ਹੀ ਆਇਆ ਹਾਂ ਕਿ ਡਿਚਕੋਟੀਏ ਰਲਾ ਸਿੰਘ ਦੀ ਭੈਣ ਵਰਿਆਮ ਸਿੰਘ ਦੇ ਮਾਮੇ ਦੇ ਪੁੱਤ ਨਾਲ ਵਿਆਹੀ ਹੋਈ ਸੀ ਅਤੇ ਰਲਾ ਸਿੰਘ ਦੀ ਲੜਕੀ ਵੀ ਇਸੇ ਚੱਕ 54, ਪਿੰਡ ਢੇਸੀਆਂ ਵਿਚ ਮੰਗਲ ਸਿੰਘ ਦੇ ਲੜਕੇ ਨਾਲ

ਵਿਆਹੀ ਹੋਈ ਸੀ। ਇਸ ਮੰਗਲ ਸਿੰਘ ਨੇ ਆਪਣੇ ਮੁਰੱਬੇ ਵਿਚ ਇਕ ਮਕਾਨ ਬਣਾ ਰਖਿਆ ਸੀ, ਜਿਹੜਾ ਡੇਰਾ ਮੰਗਲ ਸਿੰਘ ਕਰਕੇ ਇਲਾਕੇ ਵਿਚ ਮਸ਼ਹੂਰ ਸੀ। ਤੇ ਇਸੇ ਮੰਗਲ ਸਿੰਘ ਦੇ ਡੇਰੇ ਉੱਤੇ ਵਰਿਆਮ ਸਿੰਘ ਕਈ ਵਾਰ ਇਕੱਲਾ ਅਤੇ ਇਕ ਵਾਰ ਬੰਤਾ ਸਿੰਘ ਧਾਮੀਆਂ ਤੇ ਵਾਇਦਾ-ਮੁਆਫ਼ ਧੰਨਾ ਸਿੰਘ ਕੋਟਲੀ ਨਾਲ ਵੀ ਆ ਚੁੱਕਿਆ ਸੀ। ਸਾਹਿਬ ਦਿੱਤਾ ਮੱਲ ਨੂੰ ਸਾਰੀ ਗੱਲ ਦੀ ਜਾਣਕਾਰੀ ਮਿਲ ਗਈ। ਵੈਸੇ ਵੀ ਉਹ ਮੰਗਲ ਸਿੰਘ ਦਾ ਵਾਕਫ਼ ਹੀ ਸੀ ਅਤੇ ਅੱਜੀਂ-ਪੱਜੀਂ ਮੰਗਲ ਸਿੰਘ ਨਾਲ ਜਾ ਕੇ ਡੇਰੇ ਦੀ ਪੂਰੀ ਜਾਣਕਾਰੀ ਹਾਸਲ ਕਰਨ ਵਿਚ ਕਾਮਯਾਬ ਹੋ ਗਿਆ। ਸੋ ਮੰਗਲ ਸਿੰਘ ਰਾਹੀਂ ਆੜ੍ਹਤੀਆ ਰਲਾ ਸਿੰਘ ਨਾਲ ਵੀ ਯਾਰਾਨਾ ਗੰਢਣ ਵਿਚ ਕਾਮਯਾਬ ਹੋ ਗਿਆ ਅਤੇ ਰਲਾ ਸਿੰਘ ਇਸ ਆੜ੍ਹਤੀਏ ਦੇ ਜਾਲ ਵਿਚ ਫਸਦਾ ਹੀ ਚਲਿਆ ਗਿਆ। ਰਲਾ ਸਿੰਘ ਸ਼ਰਾਬੀ-ਕਬਾਬੀ ਤਾਂ ਪਹਿਲਾਂ ਤੋਂ ਹੀ ਸੀ। ਅਜਿਹਾ ਇਨਸਾਨ ਕਿਥੋਂ ਤੱਕ ਗਿਰ ਸਕਦਾ ਹੈ, ਇਹਦਾ ਨਮੂਨਾ ਇਸੇ ਰਲਾ ਸਿੰਘ ਨੇ ਪੇਸ਼ ਕਰਨ ਵਿਚ ਕਸਰ ਨਹੀਂ ਰਹਿਣ ਦਿੱਤੀ। ਆੜ੍ਹਤੀਏ ਨੇ ਮੰਦਰ ਵਿਚ ਜਾ ਕੇ ਗੰਗਾਜਲੀ ਦੀ ਕਸਮ ਖਾ ਕੇ ਰਲਾ ਸਿੰਘ ਨੂੰ ਯਕੀਨ ਦੁਆ ਦਿੱਤਾ ਕਿ ਜਿਹੜੀ ਨਕਦੀ ਅਤੇ ਇਨਾਮ ਵਿਚ ਮੁਰੱਬੇ ਮਿਲਣਗੇ, ਅੱਧੋ-ਅਧੀ ਵੰਡਾਂਗੇ।

ਬੂਟਾ ਰਾਮ ਪਹਿਲਾਂ ਹੀ ਆੜ੍ਹਤੀਏ ਸਾਹਿਬ ਦਿੱਤਾ ਮੱਲ ਨੂੰ ਨਾਲ ਲਿਜਾ ਕੇ ਡੀ ਸੀ ਲਾਇਲਪੁਰ ਤੋਂ ਜ਼ਬਾਨੀ ਵਾਇਦਾ ਕਰਵਾ ਚੁੱਕਿਆ ਸੀ ਕਿ ਤਿੰਨ ਹਜ਼ਾਰ ਨਕਦ ਮਿਲੇਗਾ, ਜੀਹਦਾ ਐਲਾਨ ਪੰਜਾਬ ਸਰਕਾਰ ਕਰ ਚੁੱਕੀ ਸੀ ਅਤੇ ਦੋ ਮੁਰੱਬੇ ਨਹਿਰੀ ਜ਼ਮੀਨ ਵੀ ਦਿੱਤੀ ਜਾਵੇਗੀ। ਆੜ੍ਹਤੀਏ ਨੇ ਇਕ ਮੁਰੱਬਾ ਰਲਾ ਸਿੰਘ ਨੂੰ ਹੋਰ ਦੁਆਉਣ ਲਈ ਬੂਟਾ ਰਾਮ ਨੂੰ ਮਨਾ ਲਿਆ ਸੀ। ਰਲਾ ਸਿੰਘ ਪੂਰੀ ਤਰ੍ਹਾਂ ਤਿਆਰ ਹੋ ਗਿਆ। ਉਸ ਵੇਲੇ ਤੱਕ 96 ਚੱਕ ਦੇ ਕਤਲਾਂ ਦੀ ਪੁਲਸ ਕੋਈ ਉਘ-ਸੁੱਘ ਨਹੀਂ ਸੀ ਕੱਢ ਸਕੀ ਅਤੇ ਨਾ ਹੀ ਰਲਾ ਸਿੰਘ ਨੇ ਮੂੰਹ ਖੋਲ੍ਹਿਆ ਸੀ। ਇਹ ਅਕਿਰਤਘਣ ਆਪਣੇ ਪਿਛਲੇ ਪਿੰਡ ਮਾਣਕੋ ਜ਼ਿਲਾ ਜਲੰਧਰ ਦੇ ਦੋ ਦੇਸ-ਧਰੋਹੀਆਂ ਬੋਘ ਸਿੰਘ ਅਤੇ ਅਨੂਪ ਸਿੰਘ ਵਾਂਗੂ ਪਾਪ ਕਮਾਉਣ ਲਈ ਤਿਆਰ ਹੋ ਗਿਆ।

ਸ਼ੁਰੂ-ਸ਼ੁਰੂ ਵਿਚ ਜਦੋਂ ਲਾਇਲਪੁਰ ਬਾਰ ਆਬਾਦ ਹੋਣੀ ਸ਼ੁਰੂ ਹੋਈ ਸੀ ਤਾਂ ਜਿਹੜੇ ਬੰਦੇ ਪਿਛਲੇ ਪਿੰਡਾਂ ਤੋਂ ਆਬਾਦ ਹੋਣ ਲਈ ਗਏ ਸਨ, ਆਮ ਕਰਕੇ ਸਾਰਿਆਂ ਨੇ ਹੀ ਚੱਕ ਨੰਬਰਾਂ ਦੇ ਨਾਲ ਆਪਣੇ ਪਿਛਲੇ ਪਿੰਡਾਂ ਦਾ ਨਾਂ ਜੋੜ ਲਿਆ ਸੀ। ਸਿਰਫ ਜ਼ਿਲੇ ਦਾ ਨਾਂ ਹੀ ਬਦਲਿਆ ਸੀ। ਸੋ ਇਕ ਦਿਨ ਵਰਿਆਮ ਸਿੰਘ ਧੁੱਗਾ ਡਿਰਕੋਟ ਮਾਣਕੋ ਦੇ ਲਾਗਲੇ ਪਿੰਡ ਸਰਹਾਲੇ ਦੇ ਇਕ ਲਾਲ ਸਿੰਘ ਦੇ ਮੁਰੱਬੇ ਵਿਚ ਠਹਿਰਿਆ ਹੋਇਆ ਸੀ ਜੀਹਦਾ ਰਲਾ ਸਿੰਘ ਨੂੰ ਪਤਾ ਸੀ। ਰਲਾ ਸਿੰਘ ਨੇ ਪੁਲਸ ਕਪਤਾਨ ਨੂੰ ਜਾ ਦੱਸਿਆ। ਇਹ ਮਈ ਦੇ ਅਖ਼ੀਰ ਜਾਂ ਸ਼ੁਰੂ ਜੂਨ 1924 ਦੀ ਗੱਲ ਹੈ। ਗਰਮੀ ਪੂਰੇ ਜੋਬਨ ਉੱਤੇ ਸੀ। ਘੁਸਮੁਸਾ ਹੁੰਦਿਆਂ ਪੁਲਸ ਪੁੱਜ ਗਈ। ਕੁਦਰਤੀ ਹੀ ਵਰਿਆਮ ਸਿੰਘ ਨੂੰ ਦੂਰੋਂ ਧੂੜ ਉਡਦੀ ਦੇਖ ਕੇ ਕੁਝ ਸ਼ੱਕ ਪਿਆ ਅਤੇ ਉਹ ਦੂਜੇ ਪਾਸੇ ਭੱਜ ਉਠਿਆ। ਉਧਰ ਪੁਲਸ ਨੂੰ ਪੱਕੀ ਸੂਹ ਮਿਲ ਚੁੱਕੀ ਸੀ। ਘੋੜ-ਸਵਾਰਾਂ ਨੇ ਪੂਰੀ ਵਾਹ ਲਾਈ, ਪਰ ਹਨੇਰਾ ਛਾ ਜਾਣ ਕਾਰਨ ਵਰਿਆਮ ਸਿੰਘ ਬਚ ਨਿਕਲਣ ਵਿਚ ਕਾਮਯਾਬ ਹੋ ਹੀ ਗਿਆ। ਹਾਲੇ ਉਹ ਘੜੀ ਨਹੀਂ ਸੀ ਆਈ, ਜਿਸ ਵੇਲੇ ਇਸ ਠੀਕਰੇ ਨੇ ਆਖ਼ਰ ਭੱਜਣਾ ਹੀ ਸੀ।

ਇਹਤੋਂ ਪਹਿਲਾਂ ਕਿ ਮੈਂ ਅਗਲੀ ਕਹਾਣੀ ਲਿਖਾਂ, ਪਹਿਲਾਂ ਸੀ ਆਈ ਡੀ ਇੰਸਪੈਕਟਰ ਬੂਟਾ ਰਾਮ ਦੇ ਬਿਆਨ ਦਾ ਹਵਾਲਾ ਦੇਣਾ ਠੀਕ ਸਮਝਦਾ ਹਾਂ, ਜਿਹੜਾ ਉਹਨੇ ਸਾਡੇ ਪਹਿਲੇ ਕੇਸ ਵਿਚ ਦਿੱਤਾ ਸੀ, ਜੋ ਪੇਪਰ-ਬੁੱਕ ਦੇ ਸਫ਼ਾ 774 ਉੱਤੇ ਤਾਰੀਖ 7 ਨਵੰਬਰ 1924 ਨੂੰ ਦਿੱਤਾ ਹੋਇਆ ਹੈ। ਸਰਕਾਰੀ ਗਵਾਹ ਨੰ: 438, ਲਾਲਾ ਬੂਟਾ ਰਾਮ, ਇੰਸਪੈਕਟਰ ਸੀ ਆਈ ਡੀ, ਲਾਹੌਰ ਕਹਿੰਦਾ ਹੈ : "ਸ਼ ਵਿਦ ਇਹ 7 ਜਾਂ 8 ਜੂਨ 1924 ਦੀ ਗੱਲ ਹੈ ਕਿ ਮੈਨੂੰ ਪੱਕੀ ਖਬਰ ਮਿਲੀ ਕਿ ਵਰਿਆਮ ਸਿੰਘ ਧੁੱਗਾ, ਪਹਿਲੇ ਵੱਡੇ ਕੇਸ ਦਾ ਭਗੌੜਾ ਐਸ ਵੇਲੇ ਚੱਕ ਨੰ: 54, ਥਾਣਾ ਜੜਾਂਵਾਲਾ, ਜ਼ਿਲਾ ਲਾਇਲਪੁਰ ਵਿਚ ਡੇਰਾ ਮੰਗਲ ਸਿੰਘ ਵਿਚ ਛੁਪਿਆ ਬੈਠਾ ਹੈ। ਉਹ ਮਂਡੇਰਾਂ ਤੋਂ ਬਚ ਨਿਕਲਿਆ ਸੀ।

"ਮੈਂ ਉਸ ਵੇਲੇ ਇਸੇ ਵਰਿਆਮ ਸਿੰਘ ਨੂੰ ਗਰਿਫ਼ਤਾਰ ਕਰਨ ਲਈ ਥਾਣਾ ਜੜਾਂਵਾਲਾ, ਜ਼ਿਲਾ ਲਾਇਲਪੁਰ ਵਿਚ ਜਾਲ ਵਿਛਾਈ ਬੈਠਾ ਸੀ। ਮੈਂ ਖ਼ਬਰ ਮਿਲਦਿਆਂ ਫੌਰਨ ਪੁਲਸ ਕਪਤਾਨ ਲਾਇਲਪੁਰ, ਮਿਸਟਰ ਡੀਗਾਲ ਨੂੰ ਸਹਾਇਤਾ ਲਈ ਤਾਰ ਭੇਜ ਦਿੱਤੀ। ਸੋ ਪੁਲਸ ਕਪਤਾਨ ਤੜਕੇ ਤਿੰਨ ਵਜੇ ਪੁਲਸ ਦੀ ਧਾੜ ਲੈ ਕੇ ਥਾਣਾ ਜੜਾਂਵਾਲੇ ਪੁੱਜ ਗਿਆ। ਅਸੀਂ ਫਟਾ-ਫਟ ਡੇਰਾ ਮੰਗਲ ਸਿੰਘ ਨੂੰ ਚੱਲ ਪਏ। ਡੇਰੇ ਲਾਗੇ ਪੁੱਜ ਕੇ ਅਸੀਂ ਤਿੰਨਾਂ ਹਿੱਸਿਆਂ ਵਿਚ ਵੰਡੇ ਗਏ। ਮੈਂ ਅਤੇ ਮਿਸਟਰ ਡੀਗਾਲ ਇਕੋ ਪਾਰਟੀ ਵਿਚ ਸ਼ਾਮਲ ਸੀ। ਮਿਸਟਰ ਡੀਗਾਲ ਮੁਖ਼ਬਰ ਸਾਹਿਬ ਦਿੱਤਾ ਮੱਲ ਨੂੰ ਨਾਲ ਲੈ ਅਗੇ-ਅਗੇ ਚੱਲ ਪਿਆ, ਤਾਂ ਜੋ ਉਹ ਪਤਾ ਕਰ ਸਕੇ ਕਿ ਵਰਿਆਮ ਸਿੰਘ ਨੂੰ ਗਰਿਫਤਾਰ ਕਰਨ ਦਾ ਤਰੀਕਾ ਕੀ ਹੋ ਸਕਦਾ ਸੀ। ਹਾਲੇ ਉਹ ਇਸੇ ਕੋਸ਼ਿਸ਼ ਵਿਚ ਸਨ ਕਿ ਇਕ ਸਿਪਾਹੀ ਤੋਂ ਸਹਿਵਨ ਹੀ ਫ਼ਾਇਰ ਹੋ ਗਿਆ। ਉਹਨੇ ਅਲਾਰਮ ਦਾ ਕੰਮ ਕੀਤਾ। ਵਰਿਆਮ ਸਿੰਘ ਗੋਲੀ ਦਾ ਖੜਾਕ ਸੁਣਦਿਆਂ ਹੀ ਭੱਜ ਉਠਿਆ ਅਤੇ ਮਗਰੇ ਹੀ ਮਿਸਟਰ ਡੀਗਾਲ ਭੱਜ ਪਿਆ। ਮੈਂ ਮਿਸਟਰ ਡੀਗਾਲ ਦੀ ਸੀਟੀ ਦੀ ਆਵਾਜ਼ ਸੁਣ ਕੇ ਉੱਧਰ ਨੂੰ ਭਜਿਆ। ਏਨੇਂ ਨੂੰ ਮਿਸਟਰ ਡੀਗਾਲ ਆਪਣੇ ਰੀਵਾਲਵਰ ਦੀਆਂ ਛੇ ਗੋਲੀਆਂ ਚਲਾ ਕੇ ਰੀਵਾਲਵਰ ਖਾਲੀ ਕਰ ਚੁੱਕਿਆ ਸੀ। ਪਰ ਵਰਿਆਮ ਸਿੰਘ ਉੱਤੇ ਕੋਈ ਅਸਰ ਨਹੀਂ ਸੀ ਹੋਇਆ। ਉਸ ਵੇਲੇ ਵਰਿਆਮ ਸਿੰਘ ਕੋਲ ਸਿਰਫ਼ ਤਲਵਾਰ ਹੀ ਸੀ ਜਿਸ ਨਾਲ ਉਹਨੇ ਮਿਸਟਰ ਡੀਗਾਲ ਦੀ ਬਾਂਹ ਵੱਢ ਛੱਡੀ। ਸਾਹਿਬ ਦਿੱਤਾ ਮੱਲ ਨੇ ਵਰਿਆਮ ਸਿੰਘ ਦਾ ਜਲਾਵਾ ਭਰਿਆ ਹੋਇਆ ਸੀ ਅਤੇ ਉਹ ਉਹਤੋਂ ਛੁਡਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਚਾਹੁੰਦਾ ਸੀ ਕਿ ਤਲਵਾਰ ਨਾਲ ਸਾਹਿਬ ਦਿੱਤਾ ਮੱਲ ਨੂੰ ਵੀ ਖ਼ਤਮ ਕਰ ਦੇਵੇ। ਏਨੇ ਨੂੰ ਮੈਂ ਪੁੱਜ ਗਿਆ ਅਤੇ ਵਰਿਆਮ ਸਿੰਘ ਦੇ ਮੱਥੇ ਵਿਚ ਆਪਣੇ ਰੀਵਾਲਵਰ ਨਾਲ ਚਾਰ ਗੋਲੀਆਂ ਮਾਰ ਕੇ ਉਹਨੂੰ ਖਤਮ ਕਰ ਦਿੱਤਾ। ਆਹ ਫੋਟੋ ਪੀ ਏ 677 ਜਿਹੜੀ ਅਦਾਲਤ ਵਿਚ ਮੈਨੂੰ ਦਿਖਾਈ ਗਈ ਹੈ, ਵਰਿਆਮ ਸਿੰਘ ਧੁੱਗੇ ਦੀ ਹੀ ਹੈ ਅਤੇ ਮੇਰੀ ਹੀ ਖਿੱਚੀ ਹੋਈ ਹੈ।"

ਬਾਕੀ ਗਵਾਹਾਂ ਦੇ ਬਿਆਨ ਦਰਜ ਕਰਨਾ ਫਜ਼ੂਲ ਹੀ ਹੈ। ਮੈਂ ਬੂਟਾ ਰਾਮ ਦਾ ਸਾਰਾ ਬਿਆਨ ਪਾਠਕਾਂ ਅੱਗੇ ਰੱਖ ਦਿੱਤਾ ਹੈ। ਇਹ ਕਹਾਣੀ ਅਦਾਲਤ ਸਾਹਮਣੇ ਸਾਰਾ ਸਿਹਰਾ ਆਪ ਲੈਣ ਲਈ ਹੀ ਬੂਟਾ ਰਾਮ ਨੇ ਘੜੀ ਸੀ। ਤੇ ਹੁਣ ਮੈਂ ਸਾਰੀ ਅਸਲੀਅਤ, ਜੀਹਦਾ ਪਤਾ ਬਾਅਦ ਵਿਚ ਲਗਿਆ ਅਤੇ ਆਜ਼ਾਦੀ ਤੋਂ ਬਾਅਦ ਜਿਹੜੀ ਛਾਣ-ਬੀਨ ਮੈਂ ਅਤੇ ਮੇਰੇ ਸਾਥੀਆਂ ਨੇ ਕੀਤੀ, ਉਹ ਪਾਠਕਾਂ ਸਾਹਮਣੇ ਰੱਖ ਰਿਹਾ ਹਾਂ।

ਇਸ ਸਾਰੀ ਘਟਨਾ ਦਾ ਰਿੰਗ-ਲੀਡਰ ਡਿਚਕੋਟ ਮਾਣਕੋ ਵਾਲਾ ਰਲਾ ਸਿੰਘ ਹੀ ਹੈ, ਜਿਹੜਾ ਵਾਇਦਾ-ਮੁਆਫ਼ੀ ਲੈ ਕੇ ਅਦਾਲਤ ਵਿਚ ਪੇਸ਼ ਹੋਇਆ ਅਤੇ ਜੀਹਨੇ ਬਿਆਨ ਦਿੱਤਾ ਸੀ। ਉਸੇ ਕੇਸ ਦੇ ਮੁਲਜ਼ਮ ਸਨ ਈਸ਼ਰ ਸਿੰਘ ਡਿਚਕੋਟ ਮਾਣਕੋ, ਜਿਹੜਾ ਉਮਰ-ਕੈਦ ਭੁਗਤ ਆਇਆ ਸੀ ਤੇ ਆਜ਼ਾਦੀ ਤੋਂ ਬਾਅਦ ਮੇਰੇ ਪਿੰਡ ਦੇ ਲਾਗੇ ਹੀ ਆਪਣੇ ਮੁਰਬਿਆਂ ਦੀ ਜ਼ਮੀਨ ਅਲਾਟ ਕਰਵਾ ਚੁੱਕਿਆ ਸੀ ਤੇ ਮੁਲਾਕਾਤਾਂ ਹੁੰਦੀਆਂ ਹੀ ਰਹਿੰਦੀਆਂ ਸਨ, ਅਤੇ ਦੌਲਤਪੁਰੀਆ ਸੁਰੈਣ ਸਿੰਘ ਤੇ ਸੂਰਾਨੁੱਸੀ ਵਾਲਾ ਊਧਮ ਸਿੰਘ ਜੋ ਹਾਲੇ ਵੀ ਮਿਲਦੇ ਰਹਿੰਦੇ ਹਨ। ਸੋ ਸਾਰੀ ਕਹਾਣੀ ਉਹਨਾਂ ਦੀ ਜ਼ਬਾਨੀ ਹੀ ਦਰਜ ਕਰ ਰਿਹਾ ਹਾਂ। ਉਹ ਦੂਜੇ ਸਪਲੀਮੈਂਟਰੀ ਕੇਸ ਦੇ ਮੁਲਜ਼ਮ ਸਨ ਅਤੇ ਉਮਰ-ਕੈਦਾਂ ਕੱਟ ਕੇ ਮੁੜੇ ਹਨ।

ਪਾਠਕ ਵਰਿਆਮ ਸਿੰਘ ਦੀ ਸਾਰੀ ਕਹਾਣੀ ਪੜ੍ਹ ਹੀ ਚੁੱਕੇ ਹਨ ਕਿ ਆਖ਼ਰੀ ਸਵਾਸਾਂ ਤੱਕ ਦੇਸ ਦੀ ਆਜ਼ਾਦੀ ਲਈ ਕਿਵੇਂ ਜਤਨਸ਼ੀਲ ਰਿਹਾ। ਦੂਜੇ ਬੰਨੇ ਵਿਸਾਹ-ਘਾਤੀ ਦੋ ਮਿੱਤਰ-ਮਾਰ ਸਾਥੀਆਂ ਨੇ ਹੀ ਦਗ਼ਾ ਕਰਕੇ ਸ਼ਹੀਦ ਕਰਵਾਇਆ। ਇਕ ਧੰਨਾ ਸਿੰਘ ਕੋਟਲੀ ਬਾਵਾਦਾਸ ਅਤੇ ਦੂਜਾ ਰਲਾ ਸਿੰਘ ਡਿਚਕੋਟ ਮਾਣਕੋ। ਜਿਨ੍ਹਾਂ ਦਿਨਾਂ ਵਿਚ ਸਾਡਾ ਮੇਨ ਕੇਸ 91 ਮੁਲਜ਼ਮਾਂ ਵਾਲਾ ਸੈਸ਼ਨ ਅਦਾਲਤ ਵਿਚ ਜ਼ੇਰੇ-ਸਮਾਇਤ ਸੀ, ਇਹ ਦੋਨੋਂ ਵਾਇਦਾ-ਮੁਆਫ਼ ਵੀ ਪੁਲਸ ਨੇ ਪੇਸ਼ ਕੀਤੇ ਸਨ। ਪਹਿਲਾਂ ਮੈਜਿਸਟਰੇਟ ਸਾਹਮਣੇ ਪੇਸ਼ ਨਹੀਂ ਸਨ ਕੀਤੇ ਜਾ ਸਕੇ, ਕਿਉਂਕਿ ਹਾਲੇ ਉਹ ਗਰਿਫ਼ਤਾਰ ਨਹੀਂ ਸਨ ਹੋਏ। ਪਹਿਲੇ ਕੇਸ ਦੇ ਸੈਸ਼ਨ ਜੱਜ ਮਿਸਟਰ ਜੇ ਕੇ ਐਮ ਟੈਪ ਨੇ ਧੰਨਾ ਸਿੰਘ ਦੀ ਗਵਾਹੀ ਲੈਣੀ ਮਨਜ਼ੂਰ ਕਰ ਲਈ ਸੀ, ਪਰ ਸਿਰਫ਼ ਉਸ ਹੱਦ ਤੱਕ, ਜਿਥੋਂ ਤਕ ਸਾਡੇ ਕੇਸ ਦੇ ਮੁਲਜ਼ਮਾਂ ਦਾ ਸੰਬੰਧ ਸੀ।

ਜਿਸ ਵੇਲੇ ਰਲਾ ਸਿੰਘ ਨੂੰ ਵੀ ਕਟਹਿਰੇ ਵਿਚ ਗਵਾਹੀ ਦੇਣ ਲਈ ਲਿਆ ਖੜਾ ਕੀਤਾ ਤਾਂ ਅਸੀਂ ਦੇਖਿਆ ਕਿ ਇਕ ਚੰਗਾ ਲੰਮਾ-ਚੌੜਾ, ਜੁੱਸੇ ਵਾਲਾ ਬੰਦਾ, ਦੁੱਧ-ਧੋਤੇ ਚਿੱਟੇ ਕਪੜੇ, ਚਿੱਟੀ ਤੁਰੱਰੇ-ਦਾਰ ਪੱਗ, ਖੁੱਲ੍ਹੇ ਗਲਮੇ ਦਾ ਚਿੱਟਾ ਕੁੜਤਾ ਤੇ ਚਿੱਟੀ ਲੱਠੇ ਦੀ ਚਾਦਰ ਅਤੇ ਦੇਸੀ ਜੁੱਤੀ ਪਾਈਂ ਬੜੀ ਬੇਸ਼ਰਮੀ ਨਾਲ ਗਵਾਹੀ ਦੇਣ ਲਈ ਹਾਜ਼ਰ ਹੋਇਆ ਸੀ। ਜਿਸ ਵੇਲੇ ਸਰਕਾਰੀ ਵਕੀਲ ਦੀਵਾਨ ਪਿੰਡੀ ਦਾਸ ਨੇ ਅਦਾਲਤ ਨੂੰ ਦਸਿਆ ਕਿ ਬੇਸ਼ੱਕ ਇਹਨਾਂ 91 ਮੁਲਜ਼ਮਾਂ ਵਿਚ ਕੋਈ ਅਜਿਹਾ ਮੁਲਜ਼ਮ ਨਹੀਂ ਸੀ ਜਿਸ ਉੱਤੇ ਇਹਦੀ ਗਵਾਹੀ ਲਾਗੂ ਹੁੰਦੀ ਹੋਵੇ, ਫਿਰ ਵੀ ਇਸਤਿਗਾਸਾ ਚਾਹੁੰਦਾ ਹੈ ਕਿ ਇਹਨੂੰ ਮੁਕੱਦਮੇ ਵਿਚ ਗਵਾਹੀ ਦੇਣ ਦੀ ਅਦਾਲਤ ਇਜਾਜ਼ਤ ਦੇ ਦੇਵੇ, ਸਾਡੇ ਵਕੀਲ ਲਾਲਾ ਰਘੂਨਾਥ ਸਹਾਇ ਨੇ ਇਤਰਾਜ਼ ਕਰ ਦਿੱਤਾ ਕਿ ਬਿਨਾਂ-ਵਜਾਹ ਸਮਾਂ ਬਰਬਾਦ ਕਰਨ ਦਾ ਕੀ ਫ਼ਾਇਦਾ। ਅਦਾਲਤ ਨੇ ਸਾਡੇ ਵਕੀਲ ਦੀ ਦਲੀਲ ਸਵੀਕਾਰ ਕਰਦਿਆਂ ਇਸ ਬਣੇ-ਠਣੇ ਸਫ਼ੈਦਪੋਸ਼ੀਏ ਨੂੰ ਗਵਾਹੀ ਦੇਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਕਿਉਂਕਿ ਉਪਰਲਾ ਸੀਨ ਮੈਂ ਅੱਖੀਂ ਦੇਖਿਆ ਸੀ, ਸੋ 60 ਸਾਲ ਬੀਤ ਜਾਣ ਦੇ ਬਾਵਜੂਦ ਉਹ ਝਾਕੀ ਮੇਰੇ ਸਾਹਮਣੇ ਉਂਜ ਦੀ ਉਂਜ ਖੜੀ ਹੈ, ਜੀਹਨੂੰ ਮੈਂ ਅੱਖਰਾਂ ਦਾ ਰੂਪ ਦੇ ਦਿੱਤਾ ਹੈ।

ਪਾਠਕ ਪੜ੍ਹ ਚੁੱਕੇ ਹਨ ਕਿ ਵਰਿਆਮ ਸਿੰਘ ਸਰਹਾਲੇ ਤੋਂ ਭੱਜ ਨਿਕਲਿਆ ਤਾਂ ਬਾਅਦ ਵਿਚ ਰਲਾ ਸਿੰਘ ਨੂੰ ਫੇਰ ਆ ਮਿਲਿਆ। ਉਹਨੂੰ ਕੀ ਪਤਾ ਸੀ ਕਿ ਇਹ ਦੁਸ਼ਟ ਅੰਦਰਖ਼ਾਤੇ ਇਕ ਆੜ੍ਹਤੀਏ ਦੇ ਹੱਥ ਚੜ੍ਹ ਚੁੱਕਿਆ ਹੈ। ਰਲਾ ਸਿੰਘ ਨੇ ਮਿਥੇ

ਪ੍ਰੋਗਰਾਮ ਮੁਤਾਬਿਕ ਵਰਿਆਮ ਸਿੰਘ ਨੂੰ 54 ਚੱਕ ਵਿਚ ਮੰਗਲ ਸਿੰਘ ਦੇ ਡੇਰੇ ਉੱਤੇ ਲੈ ਆਂਦਾ ਅਤੇ ਤਸੱਲੀ ਦੁਆ ਦਿੱਤੀ ਕਿ ਕੁਝ ਦਿਨ ਇਥੇ ਟਿਕਿਆ ਰਹੇ। 96 ਚੱਕ ਦੇ ਕਤਲਾਂ ਕਰਕੇ ਪੁਲਸ ਬਹੁਤ ਚੁਕੰਨੀ ਹੋ ਚੁੱਕੀ ਹੈ। ਰਲਾ ਸਿੰਘ ਆਪ ਵੀ ਚੱਕਰ ਮਾਰਦਾ ਰਹੇਗਾ। ਡੇਰਾ ਮੰਗਲ ਸਿੰਘ ਉਹਦੇ ਲੁਕੇ ਰਹਿਣ ਲਈ ਬਹੁਤ ਢੁੱਕਵੀਂ ਥਾਂ ਹੈ, ਕਿਸੇ ਗ਼ੈਰ ਬੰਦੇ ਦਾ ਇਧਰ ਲਾਗਾ-ਦੇਗਾ ਨਹੀਂ। ਉਹ ਵੀ ਜਰਾ ਅੰਦਰ-ਬਾਹਰ ਜਾਣ ਦਾ ਖਿਆਲ ਰੱਖੇ। ਗੱਲ ਕੀ, ਇਸ ਨੀਚ ਨੇ ਬਿਲਕੁਲ ਜਗਤ ਸਿੰਘ ਮੰਡੇਰੀਏ ਅਤੇ ਜਵਾਲਾ ਸਿੰਘ ਜੈਣੀਏ ਵਾਲਾ ਰੋਲ ਬੜੀ ਹੀ ਚੁਸਤੀ ਨਾਲ ਨਿਭਾਉਣਾ ਆਰੰਭ ਕਰ ਦਿੱਤਾ। ਰਲਾ ਸਿੰਘ ਇਹ ਕਹਿ ਗਿਆ ਕਿ ਉਹ ਵਾਪਸ ਡਿਚਕੋਟ ਜਾ ਰਿਹਾ ਹੈ ਅਤੇ 7 ਜੂਨ 1924 ਦੀ ਰਾਤ ਨੂੰ ਉਹਦੇ ਕੋਲ ਪੁੱਜ ਜਾਵੇਗਾ। ਅਗਲਾ ਪ੍ਰੋਗਰਾਮ ਬਣਾਉਣ ਲਈ ਫੇਰ ਸੋਚ-ਵਿਚਾਰ ਕਰ ਲਈ ਜਾਵੇਗੀ। ਪਹਿਲਾਂ ਰਲਾ ਸਿੰਘ 96 ਚੱਕ ਦੇ ਕਤਲਾਂ ਵਿਚ ਹਿੱਸਾ ਲੈ ਹੀ ਚੁੱਕਿਆ ਸੀ ਅਤੇ ਵਰਿਆਮ ਸਿੰਘ ਵੀ ਪੂਰੀ ਤਰ੍ਹਾਂ ਸੰਤੁਸ਼ਟ ਸੀ।

7 ਜੂਨ 1924 ਨੂੰ ਰਲਾ ਸਿੰਘ ਸ਼ਾਮ ਵੇਲੇ ਸਾਹਿਬ ਦਿੱਤਾ ਮੱਲ ਆੜ੍ਹਤੀਏ ਕੋਲ ਜਾ ਹਾਜਰ ਹੋਇਆ ਅਤੇ ਦੱਸ ਦਿੱਤਾ ਕਿ ਐਸ ਵੇਲੇ ਵਰਿਆਮ ਸਿੰਘ ਚੱਕ 54 ਡੇਰਾ ਮੰਗਲ ਸਿੰਘ ਵਿਚ ਮੌਜੂਦ ਹੈ। ਉਹ ਉਹਦੇ ਕੋਲ ਜਾ ਰਿਹਾ ਹੈ ਅਤੇ ਉਹਦੀ ਬੰਦੂਕ ਤੇ ਰੀਵਾਲਵਰ ਕਾਬੂ ਕਰ ਲਵੇਗਾ। ਸਾਹਿਬ ਦਿੱਤਾ ਮੱਲ ਪੁਲਸ ਦੀ ਕੁਮਕ ਲੈ ਕੇ ਪੁੱਜ ਜਾਵੇ ਅਤੇ ਰਲਾ ਸਿੰਘ ਆਪ ਪੁਲਸ ਸਾਹਮਣੇ ਪੇਸ਼ ਹੋ ਜਾਵੇਗਾ। ਉਹਨੇ ਮੁਰੱਬਿਆਂ ਦੇ ਇਨਾਮ ਅਤੇ ਵਾਇਦਾ-ਮੁਆਫ਼ੀ ਲਈ ਸਾਹਿਬ ਦਿੱਤਾ ਮੱਲ ਤੋਂ ਦੇਵੀ ਦੀ ਮੂਰਤੀ ਸਾਹਮਣੇ ਖੜ੍ਹਾ ਕਰਕੇ ਅਤੇ ਗੰਗਾਜਲੀ ਹੱਥ ਵਿਚ ਫੜਵਾ ਕੇ ਦੂਜੀ ਵਾਰ ਸੁਗੰਧ ਖੁਆ ਲਈ। ਉਹ ਆਪ ਮੰਗਲ ਸਿੰਘ ਦੇ ਡੇਰੇ ਉੱਤੇ ਵਰਿਆਮ ਸਿੰਘ ਨੂੰ ਜਾ ਮਿਲਿਆ। ਉਹਨਾਂ ਦਿਨਾਂ ਵਿਚ ਹਿੰਦੂ ਗੰਗਾਜਲੀ ਜ਼ਰੂਰ ਘਰ ਰਖਦੇ ਸਨ, ਜੀਹਨੂੰ ਪਵਿਤਰ ਖ਼ਿਆਲ ਕਰਕੇ ਵੇਲੇ-ਕੁਵੇਲੇ ਸਹੁੰਆਂ ਖੁਆਉਣ ਦਾ ਕੰਮ ਲਿਆ ਜਾਂਦਾ ਸੀ।

ਸਾਹਿਬ ਦਿੱਤਾ ਮੱਲ ਪਹਿਲਾਂ ਹੀ ਡੇਰਾ ਮੰਗਲ ਸਿੰਘ ਨੂੰ ਦੇਖ ਚੁਕਿਆ ਸੀ। ਸੋ ਉਹਨੂੰ ਪਤਾ ਸੀ ਕਿ ਵਰਿਆਮ ਸਿੰਘ ਨੂੰ ਕਿਸ ਥਾਂ ਕਾਬੂ ਕਰਨਾ ਹੈ। ਉਹਨੇ ਇੰਸਪੈਕਟਰ ਬੂਟਾ ਰਾਮ ਨੂੰ ਜਾ ਦਸਿਆ ਅਤੇ ਅਗੋਂ ਪਾਠਕ ਬੂਟਾ ਰਾਮ ਦਾ ਬਿਆਨ ਪੜ੍ਹ ਹੀ ਚੁੱਕੇ ਹਨ। ਰਲਾ ਸਿੰਘ ਨੇ ਜਾ ਕੇ ਵਰਿਆਮ ਸਿੰਘ ਨੂੰ ਗੱਲੀਂ ਲਾ ਲਿਆ ਅਤੇ ਉਹਤੋਂ ਬੰਦੂਕ ਲੈ ਕੇ ਮੰਗਲ ਸਿੰਘ, ਆਪਣੇ ਕੁੜਮ, ਨੂੰ ਫੜਾ ਕੇ ਕਿਹਾ ਕਿ ਉਹ ਪਹਿਰਾ ਦੇਵੇ ਅਤੇ ਜਿਸ ਵੇਲੇ ਜ਼ਿਆਦਾ ਨੀਂਦ ਆਉਂਦੀ ਦਿੱਸੇ ਤਾਂ ਰਲਾ ਸਿੰਘ ਨੂੰ ਜਗਾ ਦੇਵੇ। ਰਲਾ ਸਿੰਘ ਨੇ ਵਰਿਆਮ ਸਿੰਘ ਵਾਲਾ ਰੀਵਾਲਵਰ ਇਹ ਕਹਿ ਕੇ ਕਾਬੂ ਕਰ ਲਿਆ ਕਿ ਬਾਅਦ ਵਿਚ ਉਹ ਪਹਿਰਾ ਦੇਵੇਗਾ। ਗੱਲ ਕੀ, ਰਲਾ ਸਿੰਘ ਨੇ ਇਕੋ-ਇਕ ਬਚਦੇ ਬਬਰ ਵਰਿਆਮ ਸਿੰਘ ਧੁੱਗੇ ਨੂੰ ਬਿਲਕੁਲ ਨਿਹੱਥਾ ਹੀ ਕਰ ਦਿੱਤਾ। ਰਹਿ ਗਈ ਤਿੰਨ-ਫੁੱਟੀ ਕਿਰਪਾਨ, ਜਿਹੜੀ ਉਹ ਹਿੱਕ ਨਾਲ ਲਾਈਂ ਸੌਂ ਗਿਆ।

ਹੋਣੀ ਦੇ ਕਾਰੇ ਦੇਖੋ ਕਿ ਉਹ ਬੰਦੂਕ ਅਤੇ ਰੀਵਾਲਵਰ, ਜਿਹੜੇ ਬਲਦੇ ਭਾਂਬੜਾਂ ਵਿਚੋਂ ਵਰਿਆਮ ਸਿੰਘ ਨਾਲ ਲੈ ਆਇਆ, ਜਦੋਂ ਕਿ ਅੱਧਾ ਮੱਚ ਵੀ ਗਿਆ, ਕਿੰਨੀ ਬੇਪ੍ਰਵਾਹੀ ਨਾਲ ਇਕ ਨੀਚ ਨੂੰ ਸੌਂਪ ਬੈਠਾ। ਮੰਗਲ ਸਿੰਘ ਦੋ ਕੁ ਘੰਟੇ ਜਾਗ ਕੇ ਰਲਾ ਸਿੰਘ ਨੂੰ ਜਗਾ ਕੇ ਆਪ ਸੌਂ ਗਿਆ, ਤਾਂ ਰਲਾ ਸਿੰਘ ਨੇ ਬੰਦੂਕ ਵੀ ਕਾਬੂ ਕਰ

ਲਈ ਅਤੇ ਲਗਿਆ ਪੁਲਸ ਦੀ ਉਡੀਕ ਕਰਨ। ਸੋ ਉਹ ਵੀ ਆ ਗਈ। ਸਿਪਾਹੀ ਦੀ ਅਚਾਨਕ ਚੱਲੀ ਬੰਦੂਕ ਨਾਲ ਮੰਗਲ ਸਿੰਘ ਦੀ ਅੱਖ ਵੀ ਖੁੱਲ੍ਹ ਗਈ ਅਤੇ ਦੇਖਿਆ ਕਿ ਰਲਾ ਸਿੰਘ ਪੁਲਸ ਵੱਲ ਭਜਿਆ ਜਾ ਰਿਹਾ ਹੈ। ਉਹ ਵੀ ਉਭੜਵਾਹਾ ਰਲਾ ਸਿੰਘ ਪਿੱਛੇ ਭੱਜ ਉਠਿਆ ਅਤੇ ਵਰਿਆਮ ਸਿੰਘ ਵੀ ਖੜਾਕ ਸੁਣ ਕੇ ਉੱਠ ਖੜੋਤਾ। ਚਾਰਚੁਫੇਰੇ ਨਜ਼ਰ ਮਾਰੀ। ਪੁਲਸ ਪੂਰਾ ਘੇਰਾ ਪਾ ਚੁੱਕੀ ਸੀ। ਉਧਰ ਇਕ ਅਫਸਰ ਮੰਗਲ ਸਿੰਘ ਦੇ ਗੋਲੀ ਮਾਰਨ ਹੀ ਲਗਿਆ ਸੀ ਤਾਂ ਰਲਾ ਸਿੰਘ ਨੇ ਕਿਹਾ ਕਿ ਇਹ ਵਰਿਆਮ ਸਿੰਘ ਨਹੀਂ ਹੈ। ਮੰਗਲ ਸਿੰਘ ਮਰਦਾ-ਮਰਦਾ ਬਚ ਗਿਆ।

ਉਸ ਵੇਲੇ ਪੁਲਸ ਕਪਤਾਨ ਅਤੇ ਬਾਕੀ ਸਭ ਅਫਸਰ ਘੋੜਿਆਂ ਉੱਤੇ ਸਵਾਰ ਸਨ। ਵਰਿਆਮ ਸਿੰਘ ਸਮਝ ਗਿਆ ਕਿ ਆਖਰੀ ਵੇਲਾ ਆ ਗਿਆ ਹੈ। ਭਰਾ ਦਾ ਸਕਾ ਸਾਲਾ ਹੀ ਵਿਸਾਹਘਾਤ ਕਰਕੇ ਹਥਿਆਰ ਲਿਜਾ ਚੁਕਿਆ ਹੈ। ਸਾਹਮਣੇ ਅੰਗਰੇਜ਼ ਪੁਲਸ ਕਪਤਾਨ ਘੋੜੇ ਉੱਤੇ ਚੜ੍ਹਿਆ ਰੀਵਾਲਵਰ ਤਾਣੀਂ ਵਰਿਆਮ ਸਿੰਘ ਨੂੰ ਜਿਉਂਦੇ ਨੂੰ ਗਰਿਫਤਾਰ ਕਰਨ ਲਈ ਉਹਦੇ ਵੱਲ ਵਧਣ ਹੀ ਲਗਿਆ ਸੀ ਕਿ ਯੋਧਾ ਮਿਆਨੋਂ ਸਿਰੀ ਸਾਹਿਬ ਧੂਹਿੰਦਿਆਂ ਸਤਿ ਸ੍ਰੀ ਅਕਾਲ ਦਾ ਜੈਕਾਰਾ ਛੱਡ ਕੇ ਬੱਬਰ ਸ਼ੇਰ ਵਾਂਗੂ ਅੰਗਰੇਜ਼ ਉੱਤੇ ਕੁੱਦ ਪਿਆ। ਉਹਨੇ ਘਬਰਾ ਕੇ ਰੀਵਾਲਵਰ ਦੀਆਂ ਛੇ ਗੋਲੀਆਂ ਖਾਲੀ ਕਰ ਦਿੱਤੀਆਂ, ਪਰ ਸ਼ੇਰ ਨੇ ਘੋੜੇ-ਚੜ੍ਹੇ ਅੰਗਰੇਜ਼ ਦੀ ਸੱਜੀ ਬਾਂਹ ਵੱਢ ਘੋੜਿਉਂ ਥੱਲੇ ਸੁੱਟ ਕੇ ਖ਼ਤਮ ਕਰਨ ਲਈ ਦੂਜੀ ਵਾਰ ਤਲਵਾਰ ਉਲਾਰੀ ਹੀ ਸੀ ਕਿ ਮੁਖਬਰ ਕਰਾੜ, ਸਾਹਿਬ ਦਿੱਤਾ ਮੱਲ ਨੇ ਪਿਛਿਉਂ ਜੱਫਾ ਮਾਰ ਲਿਆ ਅਤੇ ਬੂਟਾ ਰਾਮ ਨੇ ਚਾਰ ਗੋਲੀਆਂ ਸਿਰ ਵਿਚ ਮਾਰ ਕੇ ਸ਼ੇਰ ਨੂੰ ਸਦਾ ਲਈ ਸੁਖ ਦੀ ਨੀਂਦ ਸੰਵਾ ਕੇ ਹਮੇਸ਼ਾ-ਹਮੇਸ਼ਾ ਲਈ ਅਮਰ ਬਣਾ ਦਿੱਤਾ।

ਹੁਣ ਰਲਾ ਸਿੰਘ ਅਤੇ ਮੰਗਲ ਸਿੰਘ ਪੂਰੀ ਤਰ੍ਹਾਂ ਪੁਲਸ ਦੇ ਕਾਬੂ ਆ ਹੀ ਗਏ ਸਨ। ਸੋ ਇੰਸਪੈਕਟਰ ਬੂਟਾ ਰਾਮ ਨੇ ਚੱਕ 96 ਦੇ ਕਤਲਾਂ ਦਾ ਭੇਦ ਕੱਢ ਹੀ ਲਿਆ ਅਤੇ ਸਾਰੇ ਦੇ ਸਾਰੇ ਮੁਲਜ਼ਮ ਗਰਿਫਤਾਰ ਕਰ ਲਏ ਗਏ। ਉਧਰ ਧੰਨਾ ਸਿੰਘ ਵਾਇਦਾ-ਮੁਆਫ਼ ਦੀ ਕਿਰਪਾ ਸਦਕਾ ਸਗਰਾਂਵਾਲੀ ਵਾਲੇ ਅਤੇ ਸ਼ੇਰਪੁਰ ਪੱਕੇ ਦੇ ਹਮਲੇ ਵਾਲੇ ਮੁਲਜ਼ਮ ਪਹਿਲਾਂ ਹੀ ਗਰਿਫਤਾਰ ਕੀਤੇ ਜਾ ਚੁੱਕੇ ਸਨ। ਹੁਣ ਪੁਲਸ ਨੇ ਰਲਾ ਸਿੰਘ ਨੂੰ ਤਾਂ ਵਾਇਦਾ-ਮੁਆਫੀ ਦੇ ਦਿੱਤੀ, ਪਰ ਉਹਦੇ ਕੁੜਮ ਸਾਹਿਬ ਨੂੰ ਦਫਾ 216 ਅਧੀਨ ਚਾਰ ਸਾਲਾਂ ਲਈ ਅੰਦਰ ਕਰਵਾ ਦਿੱਤਾ, ਜੀਹਨੇ ਲਾਇਲਪੁਰ ਜਿਹਲ ਵਿਚ ਸਜ਼ਾ ਭੁਗਤੀ। ਇਹ ਸੀ ਇਕ ਕੁੜਮ ਹੱਥੋਂ ਦੂਜੇ ਕੁੜਮ ਦਾ ਹਸ਼ਰ। ਇਨਸਾਨ ਕਿੰਨਾ ਨੀਚ ਹੋ ਸਕਦਾ ਹੈ, ਇਹਦਾ ਅੰਦਾਜ਼ਾ ਪਾਠਕ ਆਪ ਲਾ ਲੈਣ। ਸਕੇ ਭਣੋਈਏ ਅਤੇ ਧੀ ਦੇ ਸਹੁਰੇ ਨੂੰ ਜਿਹੜਾ ਨਹੀਂ ਬਖ਼ਸ਼ ਸਕਦਾ, ਹੋਰ ਕੌਣ ਇਹੋ ਜਿਹੇ ਚੰਡਾਲਾਂ ਤੋਂ ਨੇਕੀ ਦੀ ਆਸ ਕਰ ਸਕਦਾ ਹੈ!

ਬੂਟਾ ਰਾਮ ਨੇ ਪੂਰੀ ਕਾਮਯਾਬੀ ਪਿਛੋਂ 96 ਚੱਕ ਦੇ ਸਾਰੇ ਮੁਲਜ਼ਮ, ਜਿਨ੍ਹਾਂ ਦੇ ਨਾਂ ਅਤੇ ਪਤੇ ਮੈਂ ਸ਼ੁਰੂ ਵਿਚ ਦੱਸ ਚੁੱਕਿਆ ਹਾਂ, ਬੇੜੀਆਂ-ਹੱਥਕੜੀਆਂ ਵਿਚ ਜਕੜ ਦੂਜੇ ਸਪਲੀਮੈਂਟਰੀ ਕੇਸ ਵਿਚ ਸ਼ਾਮਲ ਕਰਕੇ ਸੈਂਟਰਲ ਜਿਹਲ ਲਾਹੌਰ ਵਿਚ ਲਿਆ ਡੱਕੇ। ਪੰਜਾਂ ਨੂੰ ਸਿਰਫ 96 ਚੱਕ ਦੇ ਕਤਲਾਂ ਕਰਕੇ ਫਾਂਸੀ ਚੜ੍ਹਨਾ ਪਿਆ, ਭਾਵੇਂ ਕਿ ਸਾਰੇ ਕਤਲ ਵਰਿਆਮ ਸਿੰਘ ਧੁੱਗੇ ਨੇ ਕੀਤੇ ਸਨ। ਮਗਰੋਂ ਮਿਲੇ ਬਬਰ ਸਿਰਫ਼ ਵਰਿਆਮ ਸਿੰਘ ਨਾਲ ਸਗਰਾਂਵਾਲੀ ਅਤੇ ਸ਼ੇਰਪੁਰ ਪੱਕੇ ਕਤਲ ਕਰਨ ਲਈ ਗਏ,

ਜ਼ਰੂਰ ਸਨ, ਪਰ ਕਤਲ ਇਕ ਵੀ ਨਹੀਂ ਸੀ ਕੀਤਾ। ਫੇਰ ਵੀ ਉਮਰ-ਕੈਦਾਂ ਭੁਗਤਣੀਆਂ ਪਈਆਂ ਸਨ।

ਬਾਅਦ ਵਿਚ ਰਲਾ ਸਿੰਘ ਨੂੰ ਵਾਇਦਾ-ਮੁਆਫ਼ੀ ਤੋਂ ਇਲਾਵਾ ਇਕ ਮੁਰੱਬਾ ਇਨਾਮ ਸਰਕਾਰ ਨੇ ਨਮਕ-ਹਰਾਮੀ ਬਨਣ ਕਰਕੇ ਜ਼ਰੂਰ ਬਖ਼ਸ਼ ਦਿੱਤਾ ਸੀ, ਜੀਹਦੀ ਅਲਾਟਮੈਂਟ ਅੱਜ-ਕਲ੍ਹ ਭੋਗਪੁਰ ਲਾਗੇ ਪਿੰਡ ਬਰਾਮ ਵਿਚ ਉਹ ਕਰਵਾ ਮਰਿਆ ਹੈ। ਕਰਾੜ ਸਾਹਿਬ ਦਿੱਤਾ ਮੱਲ ਨੂੰ ਦੋ ਮੁਰੱਬੇ ਅਤੇ ਤਿੰਨ ਹਜ਼ਾਰ ਨਕਦ ਮਿਲਿਆ ਸੀ। ਪਤਾ ਨਹੀਂ ਲਗ ਸਕਿਆ ਕਿ ਉਹਦੀ ਅਲਾਟਮੈਂਟ ਕਿਥੇ ਹੋ ਚੁੱਕੀ ਹੈ; ਮਰ-ਖਪ ਚੁੱਕਿਆ ਹੈ ਜਾਂ ਹਾਲੇ ਜਿਉਂਦਾ ਹੈ। ਕੋਸ਼ਿਸ਼ ਤਾਂ ਬਹੁਤ ਕਰ ਚੁੱਕਿਆ ਹਾਂ, ਪਰ ਪਤਾ ਨਹੀਂ ਲੱਗ ਸਕਿਆ।

ਰਲਾ ਸਿੰਘ ਵਾਂਗੂ ਪੁਲਸ ਨੇ ਮਿਸਟਰ ਡੀਗਾਲ ਨੂੰ ਵੀ ਅਦਾਲਤ ਵਿਚ ਪੇਸ਼ ਕੀਤਾ ਸੀ। ਟੁੰਡ ਦੇਖ ਕੇ ਭਾਈ ਕਿਸ਼ਨ ਸਿੰਘ ਨੇ ਉਹਨੂੰ ਆਖਿਆ ਸੀ ਕਿ ਸਾਹਿਬ ਵਲੈਤ ਜਾ ਕੇ ਦੱਸ ਦੇਈਂ ਕਿ ਘੇਰੇ ਵਿਚ ਆਏ ਬਬਰ ਕਿਸ ਤਰ੍ਹਾਂ ਝਪਟਦੇ ਹਨ ਅਤੇ ਉਹਨਾਂ ਦੀ ਨਿਸ਼ਾਨੀ ਦਾ ਜਿਕਰ ਜ਼ਰੂਰ ਕਰੀਂ। ਅਸੀਂ ਖਿੜਖਿੜਾ ਕੇ ਹੱਸ ਪਏ ਸੀ। ਸਾਡੇ ਕੇਸ ਵਿਚ ਕੋਈ ਮੁਲਜ਼ਮ ਨਾ ਹੋਣ ਕਰਕੇ ਗਵਾਹੀ ਨਹੀਂ ਸੀ ਲਿਖੀ ਗਈ। ਸਿਰਫ਼ ਬੂਟਾ ਰਾਮ ਦੀ ਗਵਾਹੀ ਹੀ ਕਾਫ਼ੀ ਸਮਝੀ ਗਈ ਸੀ ਜੀਹਦੀ ਤਕਰੀਬਨ ਪੂਰੀ ਤਫਸੀਲ ਦਰਜ ਕੀਤੀ ਜਾ ਚੁੱਕੀ ਹੈ।

# 57. ਸਰਕਾਰ ਵੱਲੋਂ ਬਬਰਾਂ ਨੂੰ ਗਰਿਫ਼ਤਾਰ ਕਰਾਉਣ ਵਾਲਿਆਂ ਲਈ ਅੱਗੜ-ਪਿੱਛੇ ਇਨਾਮਾਂ ਦੇ ਐਲਾਨ

1921 ਦੇ ਅਖ਼ੀਰ ਵਿਚ ਮਾਸਟਰ ਮੋਤਾ ਸਿੰਘ ਦੀ ਗਰਿਫ਼ਤਾਰੀ ਲਈ ਸਰਕਾਰ ਨੇ ਇਕ ਹਜ਼ਾਰ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਸੀ ਅਤੇ ਬਾਅਦ ਵਿਚ ਭਾਈ ਕਿਸ਼ਨ ਸਿੰਘ ਗੜਗੱਜ ਦੀ ਗਰਿਫ਼ਤਾਰੀ ਲਈ ਦੋ ਸੌ ਰੁਪਏ ਦਾ ਕੀਤਾ ਸੀ। ਪੇਪਰ-ਬੁੱਕ ਦੇ ਸਫ਼ਾ 842 ਉੱਤੇ ਮੀਰ ਫਜ਼ਲ ਇਮਾਮ ਇਹਨਾਂ ਇਸ਼ਤਿਹਾਰਾਂ ਬਾਰੇ ਦਸਦਾ ਹੈ।

ਪਹਿਲੇ ਇਸ਼ਤਿਹਾਰ ਅਨੁਸਾਰ 30 ਨਵੰਬਰ 1922 ਨੂੰ ਗੌਰਮਿੰਟ ਨੇ ਵਾਰਦਾਤਾਂ ਕਰਨ ਵਾਲਿਆਂ ਦੀ ਗਰਿਫ਼ਤਾਰੀ ਲਈ, ਜਿਨ੍ਹਾਂ ਦੇ ਨਾਂ ਹੇਠ ਲਿਖੇ ਜਾ ਰਹੇ ਹਨ, ਇਨਾਮ ਦੇਣ ਦਾ ਐਲਾਨ ਕੀਤਾ ਸੀ ਅਤੇ ਇਨਾਮਾਂ ਦੀ ਤਫ਼ਸੀਲ ਇਸ ਪ੍ਰਕਾਰ ਸੀ :

1. ਮੁਲਜ਼ਮ ਕਿਸ਼ਨ ਸਿੰਘ 1000 ਰੁਪਏ ; ਇਹ ਰਕਮ ਪਹਿਲਾਂ ਵਾਲੇ 200 ਦੇ ਇਨਾਮ ਤੋਂ ਵਧਾ ਦਿੱਤੀ ਗਈ ਸੀ ਜੋ ਪੀ ਏ 729 ਇਸ਼ਤਿਹਾਰ ਵਿਚ ਦਰਜ ਸੀ, 2. ਕਰਮ ਸਿੰਘ ਝਿੰਗੜ 500 ਰੁਪਏ, 3. ਦਲੀਪ ਸਿੰਘ ਗੋਸਲ 500 ਰੁਪਏ, 4. ਕਰਮ ਸਿੰਘ ਉਰਫ਼ ਨਰੈਣ ਸਿੰਘ ਦੌਲਤਪੁਰ 1000 ਰੁਪਏ ਅਤੇ 5. ਆਸਾ ਸਿੰਘ ਉਰਫ਼ ਮਹਤਾਬ ਸਿੰਘ ਭੂਕੜੂੰਦੀ (ਵਾਇਦਾ-ਮੁਆਫ਼ ਨੰ: 25) 250 ਰੁਪਏ।

ਇਸ਼ਤਿਹਾਰ ਅੰਗਰੇਜ਼ੀ, ਉਰਦੂ ਅਤੇ ਪੰਜਾਬੀ ਵਿਚ ਛਪਵਾਏ ਗਏ ਸਨ।

ਦੂਜਾ ਇਸ਼ਤਿਹਾਰ ਇਸ ਪਰਕਾਰ ਸੀ :

**ਜਲੰਧਰ:—25 ਅਪਰੈਲ 1923,**

ਜੋ ਆਦਮੀ ਕਿਸੇ ਇਕ ਨੂੰ ਜਾਂ ਸਾਰੇ ਗਰੋਹ ਦੇ ਸਰਗਰਮ ਬਬਰਾਂ ਨੂੰ, ਜਿਹੜੇ ਕਤਲਾਂ ਦੇ ਜ਼ਿੰਮੇਵਾਰ ਹਨ, ਗਰਿਫ਼ਤਾਰ ਕਰਵਾਏਗਾ ਜਾਂ ਉਹਨਾਂ ਦੀ ਖ਼ਬਰ ਦੇਵੇਗਾ, ਉਹਨੂੰ ਛੇ ਮੁਰਬਿਆਂ ਤੱਕ ਨਹਿਰੀ ਜਮੀਨ ਇਨਾਮ ਵਿਚ ਦਿੱਤੀ ਜਾਵੇਗੀ ਅਤੇ ਨਕਦ ਇਨਾਮ ਵਖਰੇ ਦਿੱਤੇ ਜਾਣਗੇ।

ਕਤਲਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. ਕਤਲ ਬਿਸ਼ਨ ਸਿੰਘ ਜ਼ੈਲਦਾਰ ਰਾਣੀਥੂਹਾ, 10 ਫਰਵਰੀ 1923, 2. ਕਤਲ ਬੂਟਾ ਲੰਬੜਦਾਰ ਅਤੇ ਉਹਦਾ ਪੋਤਾ ਨੰਗਲ ਸ਼ਾਮਾ, 11 ਮਾਰਚ 1923, 3. ਕਤਲ

ਮਿਸਤਰੀ ਲਾਭ ਸਿੰਘ ਦਾਦੂਵਾਲ, ਗੜ੍ਹਸ਼ੰਕਰ, 19 ਮਾਰਚ 1923, 4. ਕਤਲ ਹਜ਼ਾਰਾ ਸਿੰਘ ਲੰਬੜਦਾਰ ਬਹਿਬਲਪੁਰ, 27 ਮਾਰਚ 1923, 5. ਕਤਲ ਸੂਬੇਦਾਰ ਗੇਂਦਾ ਸਿੰਘ ਘੁੜਿਆਲ, 17 ਅਪਰੈਲ 1923, 6. ਬਬਰਾਂ ਦੀ ਜਿਹਲ ਵਿਚ ਕਿਸੇ ਉਮਰ-ਕੈਦ ਕੱਟ ਰਹੇ ਕੈਦੀ ਦਾ ਪਤਾ ਦੇਣ ਵਾਲੇ ਨੂੰ ਵੀ ਇਨਾਮ ਦਿੱਤਾ ਜਾਵੇਗਾ।

ਜੋ ਸਾਰੇ ਗਰੋਹ ਨੂੰ ਇਕੱਠਿਆਂ ਗਰਿਫ਼ਤਾਰ ਕਰਾਵੇਗਾ, ਉਹਨੂੰ ਨਕਦ ਇਨਾਮਾਂ ਤੋਂ ਇਲਾਵਾ ਇਕੱਠੇ ਛੇ ਮੁਰੱਬੇ ਨਹਿਰੀ ਜ਼ਮੀਨ ਵੀ ਦਿੱਤੀ ਜਾਵੇਗੀ।

ਦਸਖ਼ਤ—ਹਰੀ ਕਿਸ਼ਨ ਕੌਲ, ਕਮਿਸ਼ਨਰ ਜਲੰਧਰ
ਜਲੰਧਰ ਡਵੀਜ਼ਨ, 25 ਅਪਰੈਲ 1923

ਇਹ ਇਸ਼ਤਿਹਾਰ ਛਪਵਾ ਕੇ ਹਰ ਪਿੰਡ ਵਿਚ ਲਵਾਏ ਗਏ ਅਤੇ ਮੁਨਾਦੀਆਂ ਕਰਵਾਈਆਂ ਗਈਆਂ।

ਤੀਜੇ ਇਸ਼ਤਿਹਾਰ ਬਾਰੇ ਪੇਪਰ-ਬੁੱਕ ਦੇ ਸਫ਼ਾ 853 ਉੱਤੇ ਮੀਰ ਫਜ਼ਲ ਇਮਾਮ ਦਸਦਾ ਹੈ ਕਿ 8 ਅਗਸਤ 1923 ਨੂੰ ਗੌਰਮਿੰਟ ਨੇ ਗਰਿਫ਼ਤਾਰੀਆਂ ਲਈ ਇਕ ਹੋਰ ਐਲਾਨ ਜਾਰੀ ਕੀਤਾ ਅਤੇ ਹੇਠ-ਲਿਖੇ ਇਨਾਮਾਂ ਦਾ ਐਲਾਨ ਕੀਤਾ ਗਿਆ :

1. ਕਰਮ ਸਿੰਘ ਦੌਲਤਪੁਰ 3000 ਰੁਪਏ, 2. ਉਦੇ ਸਿੰਘ ਰਾਮਗੜ੍ਹ ਝੁੱਗੀਆਂ 2000, 3. ਧੰਨਾ ਸਿੰਘ ਬਹਿਬਲਪੁਰ 2000, 4. ਬੰਤਾ ਸਿੰਘ ਧਾਮੀਆਂ 1000, 5. ਦਲੀਪ ਸਿੰਘ ਉਰਫ਼ ਦਲੀਪਾ ਧਾਮੀਆਂ 1000, 6. ਧੰਨਾ ਸਿੰਘ ਕੋਟਲੀ ਬਾਵਾ ਦਾਸ 500, 7. ਅਨੂਪ ਸਿੰਘ ਮਾਣਕੋ 500, 8. ਵਰਿਆਮ ਸਿੰਘ ਧੁੱਗਾ 1000, 9. ਬਿਸ਼ਨ ਸਿੰਘ ਮਾਂਗਟਾਂ 400, ਅਤੇ 10. ਬੂਟਾ ਸਿੰਘ ਪਿੰਡੋਰੀ ਨਿੱਝਰਾਂ 200।

ਨਾਲ ਹੀ ਇਸ ਐਲਾਨ ਵਿਚ ਇਹ ਵੀ ਦਰਜ ਕਰ ਦਿਤਾ ਗਿਆ ਸੀ ਕਿ ਬਬਰ ਜਥੇ ਦੇ ਅੱਠ ਮੈਂਬਰ ਗਰਿਫ਼ਤਾਰ ਕਰ ਲਏ ਗਏ ਹਨ। ਉਹ ਇਹ ਸਨ :

1. ਕਿਸ਼ਨ ਸਿੰਘ ਗੜਗੱਜ, 2. ਕਰਮ ਸਿੰਘ ਵਲਦ ਦੂਨੀ ਝਿੰਗੜਾਂ, 3 ਦਲੀਪ ਸਿੰਘ ਗੋਸਲ, 4. ਆਸਾ ਸਿੰਘ ਉਰਫ਼ ਮਹਿਤਾਬ ਸਿੰਘ ਭੁਕੜੂੰਦੀ, 5. ਰਤਨ ਸਿੰਘ ਜ਼ੀਰ ਪਿੰਡੋਰੀ ਨਿੱਝਰਾਂ, 6. ਕਰਮ ਸਿੰਘ ਸੁਨਿਆਰਾ ਮਾਣਕੋ, 7. ਬਾਬੂ ਸੰਤਾ ਸਿੰਘ ਹਰੀਉਂ ਖੁਰਦ, ਅਤੇ 8. ਰਾਮ ਸਿੰਘ ਮੁਜ਼ਾਰਾ ਕਲਾਂ।

ਵਰਿਆਮ ਸਿੰਘ ਧੁੱਗੇ ਦੀ ਸ਼ਹੀਦੀ ਮਗਰੋਂ ਬਬਰ ਲਹਿਰ, ਜਿਹੜੀ 1921 ਤੋਂ ਸ਼ੁਰੂ ਹੋਈ ਸੀ, ਜੂਨ 1924 ਵਿਚ ਜਾ ਕੇ ਤਕਰੀਬਨ-ਤਕਰੀਬਨ ਸਮਾਪਤ ਹੋ ਗਈ। ਪਰ ਜਲੰਧਰ ਡਵੀਜ਼ਨ ਦਾ ਕਮਿਸ਼ਨਰ, ਮਿਸਟਰ ਟਾਊਨਸੈਂਡ 13 ਨਵੰਬਰ 1924 ਨੂੰ ਗਵਾਹੀ ਦਿੰਦਿਆਂ ਪੇਪਰ-ਬੁੱਕ ਦੇ ਸਫ਼ਾ 809 ਉੱਤੇ ਬਿਆਨ ਕਰਦਾ ਹੈ ਕਿ ਹਾਲੇ ਤੱਕ ਵੀ ਅਮਨ ਪੂਰੀ ਤਰ੍ਹਾਂ ਬਹਾਲ ਨਹੀਂ ਹੋ ਸਕਿਆ।

ਸੋ ਪਾਠਕ ਆਪ ਹੀ ਅੰਦਾਜ਼ਾ ਲਾ ਲੈਣ ਕਿ ਬਬਰਾਂ ਦੀ ਦਹਿਸ਼ਤ ਕਿਥੋਂ ਤੱਕ ਜੜ੍ਹਾਂ ਫੜ ਚੁਕੀ ਸੀ ਕਿ ਸਭ ਦੇ ਸਭ ਬਬਰ ਜਾਂ ਸ਼ਹੀਦ ਹੋ ਚੁੱਕੇ ਸਨ ਜਾਂ ਜਿਹਲਾਂ ਅੰਦਰ ਜਕੜੇ ਜਾ ਚੁੱਕੇ ਸਨ ਅਤੇ ਪੰਜਾਂ ਜ਼ਿਲਿਆਂ ਦਾ ਮਾਲਕ ਅੰਗਰੇਜ਼ ਹਾਲੇ ਵੀ ਸਹਿਮਿਆ ਹੋਇਆ ਸੀ। ਇਹ ਗੱਲ ਵਖਰੀ ਹੈ ਕਿ ਜਿਸ ਵੇਲੇ ਕੁਝ ਬਬਰ ਬਰੀ ਹੋ ਕੇ ਜਿਹਲਾਂ ਤੋਂ ਬਾਹਰ ਆ ਗਏ, ਕੁਝ ਥੋੜ੍ਹੀਆਂ ਕੈਦਾਂ ਕੱਟ ਕੇ ਮੁੜੇ ਤਾਂ ਲਹਿਰ ਫੇਰ ਚਾਲੂ ਹੋ ਗਈ ਸੀ। ਇਹਦਾ ਜਿਕਰ ਬਾਅਦ ਵਿਚ ਆਉਣਾ ਹੀ ਹੈ।

ਹੁਣ ਮੈਂ ਪਹਿਲੇ ਕੇਸ ਦੀ ਕਾਰਵਾਈ ਸ਼ੁਰੂ ਕਰ ਰਿਹਾ ਹਾਂ। ਜਿਵੇਂ-ਜਿਵੇਂ

ਗਰਿਫ਼ਤਾਰੀਆਂ ਹੁੰਦੀਆਂ ਗਈਆਂ, ਸਾਥੀ ਹੀ ਵਾਇਦਾ-ਮੁਆਫ਼ੀਆਂ ਲੈ ਕੇ ਸਾਥੀਆਂ ਨੂੰ ਗਰਿਫ਼ਤਾਰ ਕਰਾਉਣ ਲੱਗ ਪਏ। ਸਾਰਾ ਹਾਲ ਸਿਲਸਿਲੇਵਾਰ ਦਰਜ ਕਰ ਰਿਹਾ ਹਾਂ। ਜੱਜਮੈਂਟ ਵਿਚ ਸਿਲਸਿਲੇਵਾਰ ਜਿਨ੍ਹਾਂ ਘਟਨਾਵਾਂ ਦਾ ਜਿਕਰ ਦਰਜ ਸੀ, ਉਹਨਾਂ ਦੀ ਪੂਰੀ ਤਫ਼ਸੀਲ ਦਰਜ ਹੋ ਚੁੱਕੀ ਹੈ। ਹੁਣ ਵਾਇਦਾ-ਮੁਆਫ਼ਾਂ ਅਤੇ ਗਵਾਹਾਂ ਦੇ ਹਵਾਲੇ ਦਰਜ ਕਰਕੇ ਰਹਿੰਦੀ ਕਾਰਵਾਈ ਪਾਠਕਾਂ ਤੱਕ ਪੁਚਾਉਣ ਦੀ ਕੋਸ਼ਿਸ਼ ਸ਼ੁਰੂ ਕਰ ਰਿਹਾ ਹਾਂ।

25 ਅਪਰੈਲ 1923 ਦਾ ਇਸ਼ਤਿਹਾਰ ਛੇ ਮੁਰੱਬੇ ਇਨਾਮ ਵਾਲਾ ਸਾਡੀਆਂ ਪਹਿਲੀਆਂ ਯਕ-ਮੁਸ਼ਤ ਗਰਿਫ਼ਤਾਰੀਆਂ ਦੇ ਤਿੰਨਾਂ ਦਿਨਾਂ ਬਾਅਦ ਹੀ ਜਾਰੀ ਕਰ ਦਿੱਤਾ ਗਿਆ ਸੀ। ਹਰੀਕਿਸ਼ਨ ਕੌਲ ਦੀ ਥਾਂ ਮਿਸਟਰ ਟਾਊਨਸੈਂਡ ਜਲੰਧਰ ਡਵੀਜ਼ਨ ਦਾ ਕਮਿਸ਼ਨਰ ਬਣ ਕੇ ਆ ਲਗਿਆ ਸੀ। ਉਹਨੇ ਚਾਰਜ 15 ਮਈ 1923 ਨੂੰ ਸੰਭਾਲਿਆ ਸੀ। ਉਹਨੇ ਬਿਆਨ ਦਿੱਤਾ ਸੀ ਕਿ ਉਹ ਜਿਹਲ ਵਿਚ ਸਾਨੂੰ ਦੇਖਣ ਆਉਂਦਾ ਹੁੰਦਾ ਸੀ ਕਿ ਤਫ਼ਤੀਸ਼ ਠੀਕ ਚੱਲ ਰਹੀ ਹੈ ਅਤੇ ਪੁਲਸ ਕਿਸੇ ਤਰ੍ਹਾਂ ਦੀ ਵਧੀਕੀ ਤਾ ਸਾਡੇ ਨਾਲ ਨਹੀਂ ਕਰ ਰਹੀ, ਭਾਵੇਂ ਕਿ ਹਾਲੇ ਸਾਨੂੰ ਥਾਣਿਆਂ ਦੀਆਂ ਹਵਾਲਾਤਾਂ ਵਿਚ ਡੰਡ-ਬੈਠਕਾਂ ਕਢਾਈਆਂ ਜਾ ਰਹੀਆਂ ਸਨ। ਇਥੋਂ ਤੱਕ ਕਿ ਜਗਰਾਵਾ ਅਤੇ ਲੁਧਿਆਣੇ ਦੇ ਥਾਣਿਆਂ ਤੱਕ ਸਾਨੂੰ ਹਵਾਲਾਤਾਂ ਵਿਚ ਡੱਕੀ ਰਖਿਆ ਗਿਆ ਸੀ। ਗਰਮੀਆਂ ਦੇ ਦਿਨ। ਮਈ, ਜੂਨ ਅਤੇ ਜੁਲਾਈ। ਪਿੰਡੇ ਨੂੰ ਪਾਣੀ ਦੀ ਇਕ ਬੂੰਦ ਤੱਕ ਛੋਹਣ ਨੂੰ ਨਹੀਂ ਸੀ ਮਿਲੀ। 3-4 ਮੁਲਜਮ ਟੱਟੀ-ਪਿਸ਼ਾਬ ਵਾਲੀ ਇਕੋ ਕੁਨਾਲੀ ਤੋਂ ਕੰਮ ਲਿਆ ਕਰਦੇ ਸਨ ਅਤੇ ਅੱਠੀਂ ਪਹਿਰੀਂ ਕੁਨਾਲੀ ਦੀ ਸਫਾਈ ਦਾ ਹੁਕਮ ਸੀ। ਕਿੰਨੇ ਕੁ ਰੰਡੀ-ਰੋਣੇ ਰੋਈ ਜਾਵਾਂ। ਬੱਸ ਕੋਈ ਅਜਿਹਾ ਤਸੀਹਾ ਨਹੀਂ ਜਿਹੜਾ ਸਾਨੂੰ ਸਹਿਣਾ ਨਹੀਂ ਸੀ ਪਿਆ। ਹਾਕਮ ਸਿੰਘ ਬੁੱਚੜ ਵਰਗੇ ਥਾਣੇਦਾਰ ਬੁਲੀ ਕੁੱਤਿਆਂ ਵਾਗ ਜਦੋਂ ਝਈਆਂ ਲੈ-ਲੈ ਸਾਡੇ ਉੱਤੇ ਟੁੱਟ ਪਿਆ ਕਰਦੇ ਸਨ ਤਾਂ ਤੁਸੀਂ ਆਪ ਹੀ ਅੰਦਾਜਾ ਲਾ ਲਉ ਕਿ ਸਾਡੇ ਨਾਲ ਕਿਵੇਂ ਗੁਜ਼ਰਦੀ ਹੋਵੇਗੀ। ਥਾਣਿਆਂ ਦੀਆਂ ਹਵਾਲਾਤਾਂ ਵਿਚੋਂ ਤਕਰੀਬਨ ਅਖ਼ੀਰ ਜੁਲਾਈ 1923 ਵਿਚ ਜਿਸ ਵੇਲੇ ਸਾਨੂੰ ਜਿਹਲ ਵਿਚ ਡੱਕਣ ਲਈ ਲਿਜਾਇਆ ਗਿਆ ਅਤੇ ਅਗਲੇ ਦਿਨ ਨ੍ਹਾਉਣ ਵਾਲੀ ਨਾਲੀ ਕੋਲ ਨ੍ਹਾਉਣ ਦੀ ਇਜਾਜਤ ਮਿਲੀ ਤਾਂ ਪੁੱਛੋ ਨਾ ਕਿ ਸਵਰਗ ਦੇ ਕਿੰਨੇ ਨਜ਼ਾਰੇ ਆਏ ਸਨ। ਇਹ ਨਿਕੀ ਜੇਹੀ ਝਲਕ ਸਿਰਫ ਉਸ ਵੇਲੇ ਦੇ ਅੰਗਰੇਜ਼ ਅਫ਼ਸਰ ਦੇ ਬਿਆਨ ਦੀ ਸਚਾਈ ਦੱਸਣ ਲਈ ਪਾਠਕਾਂ ਸਾਹਮਣੇ ਰਖਣੀ ਪਈ ਹੈ ਕਿ ਐਡਾ ਵੱਡਾ ਅਫ਼ਸਰ ਕਸਮ ਖਾ ਕੇ ਵੀ ਇਨਸਾਫ਼ ਦੀ ਝੂਠੀ ਡੀਂਗ ਮਾਰ ਰਿਹਾ ਹੈ। ਮੈਂ ਤਾਂ ਇਕ ਵਾਰ ਵੀ ਕਮਿਸ਼ਨਰ ਸਾਹਿਬ ਦੇ ਦਰਸ਼ਨ ਨਹੀਂ ਸਨ ਕੀਤੇ ਭਾਵੇਂ ਕਿ ਪਹਿਲੀਆਂ ਗਰਿਫ਼ਤਾਰੀਆਂ ਵਿਚ ਮੈਂ ਆਪ ਸਾਮਲ ਸੀ। ਨਾ ਕਿਸੇ ਹਵਾਲਾਤ ਵਿਚ ਅਤੇ ਨਾ ਮੁੜ ਜਿਹਲ ਵਿਚ। ਉਹਨਾਂ ਦਿਨਾਂ ਵਿਚ ਪੁਲਸ ਦਾ ਦਸਤੂਰ ਸੀ ਕਿ ਚੌਦਾਂ ਦਿਨਾਂ ਦਾ ਰੀਮਾਂਡ ਲੈਣ ਤੋਂ ਬਾਅਦ ਸਾਡੀ ਹਵਾਲਾਤ ਬਦਲ ਦਿੱਤੀ ਜਾਂਦੀ ਸੀ। ਅਸੀਂ ਪਿੰਡ ਦੇ ਪੰਜ ਮੁਲਜ਼ਮ ਜਰੂਰ ਇਕੱਠੇ ਹੀ ਰਹੇ ਸੀ।

ਪਹਿਲੇ ਅਕਾਲੀ ਕਾਨਸਪੀਰੇਸੀ ਕੇਸ ਦਾ ਹਾਲ ਪਾਠਕ ਪੜ੍ਹ ਹੀ ਚੱਕੇ ਹਨ, ਜਿਸ ਵਿਚੋਂ ਮੁਲਜਮ ਅਮਰ ਸਿੰਘ ਕੋਟ ਬਾੜੇ ਖਾਂ ਬਰੀ ਹੋ ਗਿਆ ਸੀ ਅਤੇ ਮੁੜ ਭਾਈ ਕਿਸ਼ਨ ਸਿੰਘ ਹੁਰਾਂ ਨੂੰ ਆ ਮਿਲਿਆ ਸੀ। ਭਾਈ ਕਿਸ਼ਨ ਸਿੰਘ ਨੇ ਪਿੰਡ ਕੋਟ

ਫਤੂਹੀ, ਥਾਣਾ ਮਾਹਲਪੁਰ, ਜ਼ਿਲਾ ਹੁਸ਼ਿਆਰਪੁਰ ਵਿਚ ਉਹ ਗਰੰਥੀ ਲੁਆ ਦਿਤਾ ਸੀ। ਚਕਰਵਰਤੀ ਜਥਾ ਉਹਨਾਂ ਦਿਨਾਂ ਵਿਚ ਬਬਰ ਅਕਾਲੀ ਜਥਾ ਬਣ ਚੁਕਿਆ ਸੀ ਅਤੇ ਇਹ ਅਮਰ ਸਿੰਘ ਵੀ ਪੱਕਾ ਮੈਂਬਰ ਬਣ ਕੇ ਸਰਗਰਮੀਆਂ ਵਿਚ ਹਿੱਸਾ ਲੈਣ ਲੱਗ ਪਿਆ ਸੀ। ਪਾਠਕ ਜੱਸੋਵਾਲ ਦੀਆਂ ਮੀਟਿੰਗਾਂ ਵਿਚ ਇਹਦਾ ਹਾਲ ਪੜ੍ਹ ਚੁੱਕੇ ਹਨ ਅਤੇ ਇਹਦੇ ਬਿਆਨ ਦਾ ਹਵਾਲਾ ਵੀ ਮੈਂ ਦੇ ਚੁਕਿਆ ਹਾਂ।

ਕੋਟ ਫਤੂਹੀ ਦੇ ਲਾਗੇ ਹੀ ਪਿੰਡ ਢੱਡਾ ਕਲਾ ਹੈ। ਇਥੇ ਦਾ ਅਜੀਤ ਸਿੰਘ ਇਕ ਸਿੱਧਾ ਜਿਹਾ ਜੱਟ ਕੈਨੇਡਾ ਤੋਂ ਹੋ ਆਇਆ ਸੀ ਅਤੇ ਉਧਰ ਹੀ ਬਬਰ ਕਰਮ ਸਿੰਘ ਦੌਲਤਪੁਰੀਏ ਨਾਲ ਵਾਕਫ਼ੀ ਗੰਢ ਚੁੱਕਿਆ ਸੀ। ਸਾਡੇ ਪਿੰਡ ਦੇ ਮੁਲਜ਼ਮਾਂ, ਕਰਤਾਰ ਸਿੰਘ ਅਤੇ ਹੁਕਮ ਸਿੰਘ ਦਾ ਬਾਪ ਵੀ ਕੈਨੇਡਾ ਹੋ ਆਇਆ ਸੀ ਅਤੇ ਇਹ ਉਹਦਾ ਵੀ ਜਾਣੂ-ਪਛਾਣੂ ਬਣ ਚੁੱਕਿਆ ਸੀ। ਕਰਤਾਰ ਸਿੰਘ ਹੁਰਾਂ ਦੇ ਬਾਪ ਦੇਵਾ ਸਿੰਘ ਨੇ ਆ ਕੇ ਇਕ ਪੱਕੀ ਬੈਠਕ ਬਣਾ ਲਈ ਸੀ, ਜਿਸ ਵਿਚ ਇਹਨਾਂ ਦਾ ਚਾਚਾ ਮੁਣਸ਼ਾ ਸਿੰਘ, ਜਿਹੜਾ ਛੜਾ ਹੀ ਸੀ, ਰਹਿੰਦਾ ਸੀ। ਇਹੋ ਬੈਠਕ ਸਾਰੇ ਬਬਰਾਂ ਦਾ ਪੱਕਾ ਅੱਡਾ ਬਣ ਗਈ ਸੀ ਜੀਹਦਾ ਮੈਂ ਕਈ ਵਾਰ ਜਿਕਰ ਕਰ ਚੁੱਕਿਆ ਹਾਂ, ਕਿਉਂਕਿ ਮੇਰਾ, ਬੂਟਾ ਸਿੰਘ, ਊਧਮ ਸਿੰਘ ਅਤੇ ਹਰਨਾਮ ਸਿੰਘ ਦੇ ਘਰ ਇਸੇ ਬੈਠਕ ਦੇ ਨਾਲ ਹੀ ਲਗਦੇ ਸਨ ਅਤੇ ਹਰ ਵੇਲੇ ਸਾਡਾ ਇਕੱਠ ਇਸੇ ਬੈਠਕ ਵਿਚ ਹੋਣਾ ਸੁਭਾਵਿਕ ਸੀ। ਸੋ ਮੈਂ ਹੁਣ ਇਸ ਅਜੀਤ ਸਿੰਘ ਦਾ ਬਿਆਨ ਉਹਦੀ ਜ਼ਬਾਨੀ ਪਾਠਕਾਂ ਦੇ ਸਾਹਮਣੇ ਰੱਖਣ ਲਗਿਆ ਹਾਂ ਕਿ ਇਸ ਸਿੱਧੇ ਜਿਹੇ ਜੱਟ ਨੇ ਹੀ ਸਭ ਤੋਂ ਪਹਿਲਾਂ ਸਾਡੇ ਅਤੇ ਹੋਰਨਾਂ ਕਈ ਪਿੰਡਾਂ ਵਿਚ ਬਬਰਾ ਦੇ ਪੱਕੇ ਠਿਕਾਣਿਆਂ ਉੱਤੇ 23 ਮਾਰਚ 1923 ਨੂੰ ਛਾਪੇ ਮਰਵਾਏ ਅਤੇ 21 ਅਪਰੈਲ 1923 ਨੂੰ ਸਾਡੀਆਂ ਪਹਿਲੀਆਂ ਗਰਿਫ਼ਤਾਰੀਆ ਕਰਵਾਈਆਂ।

ਮੈਂ ਉਹਦੇ ਬਿਆਨ ਦਾ ਤਰਜ਼ਮਾ ਸੰਖੇਪ ਵਿਚ ਹੀ ਦਰਜ ਕਰ ਰਿਹਾ ਹਾਂ। ਪੇਪਰ-ਬੁੱਕ ਦੇ ਸਫ਼ਾ 377 ਤੋਂ 380 ਤੱਕ ਦਰਜ ਬਿਆਨ 28 ਅਗਸਤ 1924 ਨੂੰ ਹੋਇਆ ਸੀ। ਸਰਕਾਰੀ ਗਵਾਹ ਨੰ: 107, ਅਜੀਤ ਸਿੰਘ ਉਰਫ਼ ਰਣਜੀਤ ਸਿੰਘ, ਵਲਦ ਭਗਵਾਨ ਸਿੰਘ, ਉਮਰ 40 ਸਾਲ, ਜ਼ਾਤ ਜੱਟ ਸਿੱਖ, ਪਿੰਡ ਢੱਡਾ ਕਲਾਂ, ਜ਼ਿਲਾ ਹੁਸ਼ਿਆਰਪੁਰ, ਪੇਸ਼ਾ ਹਕੀਮੀ (ਇਹਨੇ ਹਕੀਮੀ ਦਾ ਅਜਿਹਾ ਜਾਹਲੀ ਢੌਂਗ ਰਚਿਆ ਸੀ ਕਿ ਅਸੀਂ ਉਸ ਦਿਨ ਤੱਕ ਇਹਨੂੰ ਸਚਮੁੱਚ ਦਾ ਪੱਕਾ ਹਕੀਮ ਸਮਝਦੇ ਰਹੇ ਜਿੰਨਾ ਚਿਰ ਇਹ ਸਾਡੇ ਉੱਤੇ ਗਵਾਹੀ ਦੇਣ ਲਈ ਅਦਾਲਤ ਦੇ ਕਟਹਿਰੇ ਵਿਚ ਨਹੀਂ ਸੀ ਆ ਖੜੋਤਾ। ਭਾਈ ਕਿਸ਼ਨ ਸਿੰਘ ਵੀ ਇਹਦੇ ਵੱਲ ਦੇਖ ਕੇ ਹੱਕੇ-ਬੱਕੇ ਰਹਿ ਗਏ ਸਨ। ਉਹ ਇਹਨੂੰ ਆਪਣਾ ਪੱਕਾ ਸਾਥੀ ਬਣਾਈ ਬੈਠੇ ਸਨ।)

''ਕੋਈ 20 ਸਾਲ ਪਹਿਲਾਂ ਮੈਂ ਤਿੰਨ ਕੁ ਸਾਲ ਕੈਨੇਡਾ ਰਹਿ ਆਇਆ ਸੀ। ਦੇਵਾ ਸਿੰਘ ਪਿੰਡੋਰੀ ਨਿੱਝਰਾਂ ਅਤੇ ਬਬਰ ਕਰਮ ਸਿੰਘ, ਦੌਲਤਪੁਰ ਵਾਲੇ ਮੇਰੇ ਵਾਕਫ਼ ਬਣ ਚੁੱਕੇ ਸਨ। ਪੰਜ ਕੁ ਸਾਲ ਪਹਿਲਾਂ ਮੈਂ ਦੌਲਤਪੁਰ ਗਿਆ ਸੀ। ਮੇਰਾ ਵਾਕਫ਼ ਸਰਦੂਲ ਸਿੰਘ ਬੀਮਾਰ ਸੀ। ਕਰਮ ਸਿੰਘ ਉਰਫ਼ ਨਰੈਣ ਸਿੰਘ, ਜਿਹੜਾ ਆਟਾ ਪੀਹਣ ਦੀ ਚੱਕੀ ਚਲਾ ਰਿਹਾ ਸੀ, ਮੈਨੂੰ ਮਿਲਿਆ ਸੀ। ਦੋ ਕੁ ਸਾਲ ਹੋਏ, ਮੈਂ ਪਿੰਡੋਰੀ ਨਿਝਰਾਂ ਗਿਆ ਸੀ ਤਾਂ ਦੇਵਾ ਸਿੰਘ ਦੀ ਬੈਠਕ ਵਿਚ ਉਹਦੇ ਭਰਾ ਮੁਣਸ਼ਾ ਸਿੰਘ ਕੋਲ ਠਹਿਰਿਆ ਸੀ। ਰਾਤ ਨੂੰ ਦਰਵਾਜ਼ੇ ਦਾ ਕੁੰਡਾ ਖੜਕਿਆ ਤਾਂ ਮੈਂ ਦਰਵਾਜ਼ਾ ਖੋਲ੍ਹਿਆ।

ਥੋੜ੍ਹਾ-ਥੋੜ੍ਹਾ ਮੀਂਹ ਪੈ ਰਿਹਾ ਸੀ। ਮਹੀਨਾ ਅੱਸੂ ਦਾ ਸੀ। ਚਾਰ ਆਦਮੀ ਅੰਦਰ ਆਏ। ਕਰਮ ਸਿੰਘ ਦੌਲਤਪੁਰ, ਕਿਸ਼ਨ ਸਿੰਘ ਅਤੇ ਬਾਬੂ ਸੰਤਾ ਸਿੰਘ। ਚੌਥੇ ਦਾ ਪਤਾ ਨਹੀਂ, ਕੌਣ ਸੀ। ਕਿਸਨ ਸਿੰਘ ਨੇ ਮੈਨੂੰ ਦੇਖ ਕੇ ਮੁਣਸ਼ਾ ਸਿੰਘ ਤੋਂ ਪੁਛਿਆ, ਇਹ ਕੌਣ ਹੈ। ਉਹਨੇ ਮੇਰੀ ਸਿਫ਼ਾਰਸ਼ ਕਰ ਦਿੱਤੀ ਕਿ ਆਪਣਾ ਹੀ ਆਦਮੀ ਹੈ ਅਤੇ ਕਰਮ ਸਿੰਘ ਦੌਲਤਪੁਰ ਨੇ ਪੁਸ਼ਟੀ ਕਰ ਦਿੱਤੀ। ਮੁਣਸ਼ਾ ਸਿੰਘ ਨੇ ਰੋਟੀ ਲਈ ਪੁਛਿਆ ਤਾਂ ਉਹਨਾ ਨੇ ਕਿਹਾ ਕਿ ਕਿਸ਼ਨਪੁਰੇ ਗੁਰਦੁਆਰੇ ਤੋਂ ਖਾ ਕੇ ਹੀ ਆ ਰਹੇ ਹਾਂ। ਮੁਣਸ਼ਾ ਸਿੰਘ ਨੇ ਦੁੱਧ ਪਿਆ ਦਿੱਤਾ। ਭਾਈ ਕਿਸ਼ਨ ਸਿੰਘ ਨੇ ਮੁਣਸ਼ਾ ਸਿੰਘ ਨੂੰ ਕਿਹਾ ਕਿ ਜਥੇ ਦੇ ਮੈਂਬਰਾਂ ਨੂੰ ਬੁਲਾਉ। ਮੁਣਸ਼ਾ ਸਿੰਘ ਨੇ ਕਰਤਾਰ ਸਿੰਘ ਨੂੰ ਭੇਜ ਕੇ ਹੁਕਮ ਸਿੰਘ ਵਲਦ ਦੇਵਾ ਸਿੰਘ, ਨਿਰਵੈਰ ਸਿੰਘ, ਸਾਧਾ ਸਿੰਘ ਅਤੇ ਮਿਲਖਾ ਸਿੰਘ ਨੂੰ ਸੱਦ ਲਿਆ। ਫੇਰ ਸਾਰੇ ਬਾਹਰ ਨੂੰ ਚਲੇ ਗਏ। ਘੰਟੇ ਕੁ ਪਿਛੋਂ ਸਾਰੇ ਮੁੜ ਆਏ ਅਤੇ ਬੈਠਕ ਵਿਚ ਸੌਂ ਗਏ।"

ਦਿਨ ਚੜ੍ਹੇ ਉਹਨੂੰ ਭਾਈ ਕਿਸ਼ਨ ਸਿੰਘ ਨੇ ਛਪੇ ਹੋਏ ਬਬਰ ਅਕਾਲੀ ਪਰਚੇ ਵੰਡਣ ਲਈ ਦਿਤੇ ਅਤੇ ਜਥਾ ਚਲਿਆ ਗਿਆ। ਉਹਨੇ ਉਹ ਪਰਚੇ ਉਸੇ ਦਿਨ ਮਾਹਲਪੁਰ ਜਾ ਕੇ ਥਾਣੇਦਾਰ ਗੁਲਜ਼ਾਰਾ ਸਿੰਘ ਨੂੰ ਦੇ ਦਿਤੇ ਅਤੇ ਗੁਲਜਾਰਾ ਸਿੰਘ ਉਹਨੂੰ ਅਗਲੇ ਦਿਨ ਸਿੱਧਾ ਜਲੰਧਰ ਮੀਰ ਫ਼ਜ਼ਲ ਇਮਾਮ ਕੋਲ ਲੈ ਗਿਆ। ਮੀਰ ਸਾਹਿਬ ਨੇ ਪੱਕੇ ਪੈਰੀਂ ਉਹਨੂੰ ਬਬਰਾਂ ਨਾਲ ਮੇਲ-ਮਿਲਾਪ ਵਧਾਉਣ ਦਾ ਗੁਰ ਸਿਖਾ ਦਿੱਤਾ। ਗੱਲ ਕੀ ਪਿੰਡੋਰੀ ਨਿੱਝਰਾਂ ਨੂੰ ਉਹਨੇ ਪੱਕਾ ਅੱਡਾ ਬਣਾ ਲਿਆ। ਕਿਸ਼ਨਪੁਰੇ ਗੁਰਦੁਆਰੇ ਦੇ ਗੇੜੇ ਮਾਰਨ ਲੱਗ ਪਿਆ। ਸੀ ਆਈ ਡੀ ਦੇ ਸਿਪਾਹੀ ਆਤਮਾ ਸਿੰਘ ਅਤੇ ਹਮੀਰ ਸਿੰਘ ਨੂੰ ਵੀ ਨਾਲ ਲਿਆ ਕੇ ਸਭ ਕੁਝ ਦਿਖਾ ਦਿੱਤਾ। ਇਕ ਵਾਰ ਅਸੀਂ ਬੈਠਕ ਵਿਚ ਪਰਚੇ ਛਾਪੇ ਸਨ ਅਤੇ ਉਹਨੇ ਖੂਬ ਮਸ਼ੀਨ ਗੇੜ ਕੇ ਪਰਚੇ ਛਪਵਾਏ ਸਨ। ਜਿੰਨੇ ਵੀ ਪਰਚੇ ਛਪਦੇ ਸਨ, ਉਹ ਬਬਰਾਂ ਤੋਂ ਲੈ-ਲੈ ਜਲੰਧਰ ਮੀਰ ਸਾਹਿਬ ਨੂੰ ਦੇ ਆਉਂਦਾ ਸੀ। ਜਿਵੇਂ ਮੀਰ ਸਾਹਿਬ ਅਗਲੀ ਕਾਰਵਾਈ ਸਮਝਾਉਂਦਾ ਸੀ, ਉਹ ਬੜੀ ਹੁਸ਼ਿਆਰੀ ਨਾਲ ਨਿਭਾਈ ਜਾਂਦਾ ਸੀ। ਵਤਨ ਸਿੰਘ ਅਤੇ ਬੂਟਾ ਸਿੰਘ ਵੀ ਵਾਕਫ਼ ਬਣ ਗਏ ਸਨ। ਬੈਠਕ ਵਿਚ ਦੁਆਈਆਂ ਰਗੜਨ ਲਈ ਕੂੰਡੇ-ਸੋਟੇ ਵੀ ਲੈ ਆਇਆ ਸੀ। ਚਾਚੇ ਮੁਣਸ਼ਾ ਸਿੰਘ ਨੂੰ ਨਾਲ ਲਿਜਾ ਕੇ ਹੋਟਲ ਵਿਚ ਬਿਠਾ ਅਧੀਆ ਲੈ ਦਿੰਦਾ ਅਤੇ ਮੀਟ ਦੀ ਸੇਵਾ ਵੱਖਰੀ। ਮੀਰ ਸਾਹਿਬ ਨੂੰ ਸਾਰੀ ਰਿਪੋਟ ਦੇ ਕੇ ਸ਼ਾਮ ਨੂੰ ਮੁੜ ਬੈਠਕ ਵਿਚ ਆ ਸੌਂਦਾ।

ਮੈਂ ਹਰ ਸਨਿਚਰ ਨੂੰ ਪਿੰਡ ਆ ਕੇ ਐਤਵਾਰ ਉਹਦੀਆਂ ਬੂਟੀਆਂ ਰਗੜਨ ਲਈ ਦੂਜੇ ਸਾਥੀਆਂ ਨਾਲ ਹੱਥ ਵਟਾਉਂਦਾ। ਬਦਾਮਾਂ ਦੀਆਂ ਸ਼ਰਦਾਈਆਂ ਉਡਦੀਆਂ, ਕਿਉਂਕਿ ਖਰਚਾ ਤਾਂ ਮੀਰ ਸਾਹਿਬ ਦੇ ਰਿਹਾ ਸੀ। ਗੱਲ ਕੀ, ਸਾਡੀ ਇਕੱਲੀ-ਇਕੱਲੀ ਗੱਲ ਤੋਂ ਉਹ ਜਾਣੂ ਹੋਣ ਲੱਗ ਪਿਆ ਅਤੇ ਅਸੀਂ ਚਾਂਭਲ-ਚਾਂਭਲ ਸਾਰੀਆਂ ਗੱਲਾਂ ਸ਼ੇਖੀਆਂ ਮਾਰ-ਮਾਰ ਦੱਸ ਦਿੰਦੇ। ਅੱਜ ਜੱਸੋਵਾਲ ਗਿਆ ਸੀ। ਜਾਂ ਜੋ ਵੀ ਸੁਨੇਹਾ ਜਾਂ ਚਿਠੀ-ਪੱਤਰ ਹੁੰਦਾ। ਤੇ ਭਾਈ ਕਿਸ਼ਨ ਸਿੰਘ ਦੇ ਘਰ ਜਾਣਾ। ਗੱਲ ਕੀ ਰੱਤੀ-ਰੱਤੀ ਗੱਲ ਏਸ ਇਕੱਲੇ ਅਜੀਤ ਸਿੰਘ ਨੇ ਸਾਥੋਂ ਲੈ-ਲੈ ਮੀਰ ਸਾਹਿਬ ਨੂੰ ਜਾ ਦੱਸਣੀ। ਇਸੇ ਤਰ੍ਹਾਂ ਸਾਥੋਂ ਸਾਰਿਆਂ ਤੋਂ ਹੀ ਸਾਰੇ ਦੁਆਬੇ ਵਿਚ ਹੋ ਰਹੀਆ ਬਬਰਾਂ ਦੀਆਂ ਸਰਗਰਮੀਆਂ ਦੀ ਜਾਣਕਾਰੀ ਲੈਣ ਵਿਚ ਇਹ ਪੂਰੀ ਤਰ੍ਹਾਂ ਕਾਮਯਾਬ ਹੋ ਗਿਆ ਅਤੇ ਇਸੇ ਤਰ੍ਹਾਂ

ਗਰੰਥੀ ਅਮਰ ਸਿੰਘ ਨਾਲ ਯਾਰਾਨਾ ਗੰਢ ਕੇ ਰਹਿੰਦੀ-ਖੂੰਹਦੀ ਕਸਰ ਪੂਰੀ ਕਰ ਲਈ। ਅਖ਼ੀਰ ਵਿਚ ਉਹ ਪੇਪਰ-ਬੁੱਕ ਦੇ ਸਫ਼ਾ 379 ਉੱਤੇ ਦਸਦਾ ਹੈ :

"ਮੈਂ ਅਮਰ ਸਿੰਘ ਨੂੰ ਜਿਹੜਾ ਆਪਣੇ ਘਰ ਪਾਠ ਕਰਾਉਣ ਲਈ ਸਦਿਆ ਸੀ, ਨਿਰਾ ਇਕ ਧੋਖਾ ਸੀ। ਮੈਂ ਤਾਂ ਇਕ ਤਰੀਕੇ ਨਾਲ ਉਹਨੂੰ ਗਰਿਫ਼ਤਾਰ ਕਰਾਉਣਾ ਸੀ। ਸੋ ਪੁਲਸ ਮੇਰੇ ਪਿੰਡ ਆਈ ਅਤੇ ਅਮਰ ਸਿੰਘ ਨੂੰ ਮੇਰੇ ਘਰੋਂ ਬਾਹਰ ਲੈ ਗਈ ਅਤੇ ਗਰਿਫਤਾਰ ਕਰ ਲਿਆ। ਤੇ ਇਸ ਨਾਟਕੀ ਢੰਗ ਨਾਲ ਮੈਂ ਉਹਨੂੰ ਗਰਿਫ਼ਤਾਰ ਕਰਵਾ ਦਿੱਤਾ।"

ਅਮਰ ਸਿੰਘ ਨੇ ਵਾਇਦਾ-ਮੁਆਫ਼ੀ ਲੈ ਕੇ ਰਹਿੰਦੀ-ਖੂੰਹਦੀ ਕਸਰ ਪੂਰੀ ਕਰ ਦਿੱਤੀ। ਬਾਕੀ ਸੀ ਆਈ ਡੀ ਦੇ ਜਾਲ ਦਾ ਅੰਦਾਜ਼ਾ ਪਾਠਕ ਆਪ ਲਾ ਲੈਣ ਕਿ ਕਿੰਨੇ ਕੁ ਅਜੀਤ ਸਿੰਘ ਦੁਆਬੇ ਵਿਚ ਖਿਲਾਰ ਛਡੇ ਹੋਣਗੇ।

ਮੀਰ ਫ਼ਜ਼ਲ ਇਮਾਮ ਪੇਪਰ-ਬੁੱਕ ਦੇ ਸਫ਼ਾ 846 ਉੱਤੇ ਦਸਦਾ ਹੈ ਕਿ "ਅਜੀਤ ਸਿੰਘ ਉਰਫ਼ ਰਣਜੀਤ ਸਿੰਘ, ਸਰਕਾਰੀ ਗਵਾਹ ਨੰ: 107 ਮੇਰਾ ਮੁਖ਼ਬਰ ਸੀ। ਉਹਨੇ ਮੈਨੂੰ ਦਸਿਆ ਕਿ ਕੋਟ ਫਤੂਹੀ ਵਾਲਾ ਗਰੰਥੀ ਅਮਰ ਸਿੰਘ ਵੀ ਗੜਗੱਜ ਬਣ ਬੈਠਾ ਹੈ ਅਤੇ ਉਹਨੇ ਕਿਸ਼ਨ ਸਿੰਘ ਦੀਆਂ ਲੀਹਾਂ ਉੱਤੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ।" ਇਹ ਇਤਲਾਹ ਮਿਲਣ ਉੱਤੇ ਅਮਰ ਸਿੰਘ ਨੂੰ 26 ਮਾਰਚ 1923 ਨੂੰ ਢੱਡਾ ਕਲਾਂ ਤੋਂ ਗਰਿਫ਼ਤਾਰ ਕਰ ਲਿਆ ਗਿਆ।

26 ਫਰਵਰੀ 1923 ਨੂੰ, ਜਿਸ ਦਿਨ ਭਾਈ ਕਿਸਨ ਸਿੰਘ ਗਰਿਫ਼ਤਾਰ ਹੋ ਚੁੱਕੇ ਸਨ, ਇਹ ਬੇਗਾਨੇ ਟੁਕੜਿਆਂ ਉੱਤੇ ਪਲਣ ਵਾਲਾ ਗਰੰਥੀ ਆਪ ਗੜਗੱਜ ਬਣ ਬੈਠਾ ਅਤੇ ਪਹਿਲਾ ਲੈਕਚਰ ਇਹਨੇ ਮੇਰੇ ਹੀ ਪਿੰਡ, ਪਿੰਡੋਰੀ ਨਿੱਝਰਾਂ ਵਿਚ ਦਿੱਤਾ ਸੀ। ਭਾਈ ਸਾਹਿਬ ਵਾਂਗੂੰ ਮਿਆਨ ਵਿਚੋਂ ਤਲਵਾਰ ਧੂ ਕੇ ਉਸੇ ਦੀ ਪੂਰੀ ਨਕਲ ਉਤਾਰਦਿਆਂ ਕਿਹਾ ਸੀ ਕਿ ਕੀ ਹੋਇਆ ਜੇ ਇਕ ਕਿਸ਼ਨ ਸਿੰਘ ਗੜਗੱਜ ਫੜਿਆ ਗਿਆ ਹੈ, ਹੁਣ ਘਰ-ਘਰ ਕਿਸ਼ਨ ਸਿੰਘ ਗੜਗੱਜ ਪੈਦਾ ਹੋਣ ਲੱਗ ਪੈਣਗੇ। ਉਹਨੇ, ਫਿੱਟੇ ਹੋਏ ਸੰਢੇ ਨੇ ਆਸਾ ਸਿੰਘ ਭੁਕੜੁੰਦੀ ਵਾਂਗ ਖੂਬ ਖੌਰੂ ਪਾਉਣਾ ਸ਼ੁਰੂ ਕਰ ਦਿੱਤਾ ਸੀ। ਪਰ ਹਥਕੜੀ ਲਗਦਿਆਂ ਹੀ ਗਊ ਦਾ ਜਾਇਆ ਬਣ ਕੇ ਦਰਕਣਾ ਸ਼ੁਰੂ ਕਰ ਦਿੱਤਾ ਸੀ।

ਇਸ ਤਰ੍ਹਾਂ ਮੀਰ ਫ਼ਜ਼ਲ ਇਮਾਮ ਪੇਪਰ-ਬੁੱਕ ਦੇ ਸਫ਼ਾ 845 ਉੱਤੇ ਦਸਦਾ ਹੈ ਕਿ "ਅਮਰ ਸਿੰਘ ਦੀ ਅਤੇ ਦੂਜਿਆਂ ਦੀ ਦਿੱਤੀ ਇਤਲਾਹ ਉੱਤੇ ਅਸੀਂ ਫੈਸਲਾ ਕਰ ਲਿਆ ਕਿ ਖਾਸ-ਖ਼ਾਸ ਪਿੰਡਾਂ ਵਿਚ ਛਾਪੇ ਮਾਰ ਕੇ ਉਹਨਾਂ ਬੰਦਿਆਂ ਨੂੰ ਗਰਿਫ਼ਤਾਰ ਕਰ ਲਿਆ ਜਾਵੇ ਜਿਨ੍ਹਾਂ ਬਾਬਤ ਪਤਾ ਲੱਗ ਚੁੱਕਿਆ ਸੀ ਕਿ ਉਹ ਸਾਜ਼ਿਸ਼ ਵਿਚ ਸ਼ਾਮਲ ਹਨ। ਇਸੇ ਕਰਕੇ ਪਿੰਡੋਰੀ ਨਿੱਝਰਾਂ, ਕੋਟ ਫਤੂਹੀ, ਚੇਲਾ, ਬਸਰਾਮਪੁਰ, ਬੀਕਾ, ਸਾਹਦੜਾ, ਪਰਾਗਪੁਰ ਅਤੇ ਹੋਰਨੀਂ ਪਿੰਡੀਂ ਗਰਿਫ਼ਤਾਰੀਆਂ ਕਰ ਲਈਆਂ ਗਈਆਂ। ਪਿੰਡੋਰੀ ਨਿੱਝਰਾਂ ਤੋਂ 21 ਅਪ੍ਰੈਲ 1923 ਨੂੰ ਵਤਨ ਸਿੰਘ ਗਰਿਫ਼ਤਾਰ ਕਰ ਲਿਆ ਗਿਆ ਸੀ ਅਤੇ 22 ਨੂੰ ਹੁਕਮ ਸਿੰਘ, ਕਰਤਾਰ ਸਿੰਘ, ਸਾਧਾ ਸਿੰਘ, ਨਿਰਵੈਰ ਸਿੰਘ ਤੇ ਮਿਲਖਾ ਸਿੰਘ ਗਰਿਫ਼ਤਾਰ ਕਰ ਲਏ ਗਏ।"

ਜਿਉਂ-ਜਿਉਂ ਭੇਤ ਖੁਲ੍ਹਦਾ ਗਿਆ, ਗਰਿਫ਼ਤਾਰੀਆਂ ਹੁੰਦੀਆਂ ਗਈਆਂ। ਸਾਥੀ ਹੀ ਵਾਇਦਾ-ਮੁਆਫ਼ੀਆਂ ਲੈ-ਲੈ ਸਰਕਾਰ ਦੇ ਹੱਥ ਮਜ਼ਬੂਤ ਕਰਦੇ ਗਏ। ਪਿੰਡਾਂ ਤੋਂ ਗਵਾਹੀਆਂ ਇਕੱਠੀਆਂ ਕਰਨੀਆਂ ਪੁਲਸ ਲਈ ਕੋਈ ਮੁਸ਼ਕਲ ਗੱਲ ਨਾ ਰਹੀ,

ਕਿਉਂਕਿ ਤਹਿਰੀਕ ਨੂੰ ਢਾਹ ਲੱਗ ਚੁੱਕੀ ਸੀ। ਠਾਠਾਂ ਮਾਰਦਾ ਦਰਿਆ ਫਟਾ-ਫਟ ਉਤਰਨਾ ਸ਼ੁਰੂ ਹੋ ਗਿਆ।

ਮੀਰ ਫ਼ਜ਼ਲ ਇਮਾਮ ਪੇਪਰ-ਬੁੱਕ ਦੇ ਸਫ਼ਾ 845 ਉੱਤੇ ਗਰਿਫ਼ਤਾਰੀਆਂ ਦਾ ਵਿਸਥਾਰ ਇਸ ਤਰ੍ਹਾਂ ਦਿੰਦਾ ਹੈ।

ਪਿੰਡੋਰੀ ਨਿੱਝਰਾਂ ਤੋਂ ਪੰਜਾਂ ਦੇ ਨਾਂ ਅਤੇ ਛੇਵੇਂ ਵਤਨ ਸਿੰਘ ਬਾਬਤ ਮੈਂ ਪਹਿਲਾਂ ਦੱਸ ਆਇਆ ਹਾਂ। ਸੱਤਵਾਂ ਬੂਟਾ ਸਿੰਘ ਮਫ਼ਰੂਰ ਹੋ ਚੁਕਿਆ ਸੀ। ਪਰਾਗਪੁਰੋਂ 22 ਅਪਰੈਲ ਨੂੰ ਸਾਧੂ ਸਿੰਘ ਅਤੇ 23 ਨੂੰ ਉਹਦਾ ਪਿਉ ਬੇਲਾ ਸਿੰਘ (ਦੋਵੇਂ ਵਾਇਦਾ-ਮੁਆਫ਼ ਬਣ ਗਏ ਸਨ)। ਲਾਭ ਸਿੰਘ, ਹਰੀ ਸਿੰਘ ਤੇ ਕਰਮ ਸਿੰਘ ਜੱਸੋਵਾਲ, ਵਰਿਆਮ ਸਿੰਘ ਤੇ ਸੁੰਦਰ ਸਿੰਘ ਕੋਟ ਫਤੂਹੀ, ਹਰੀ ਸਿੰਘ ਚੇਲਾ, ਉਜਾਗਰ ਸਿੰਘ ਬਸਰਾਮਪੁਰ, ਆਤਮਾ ਸਿੰਘ ਬੀਕਾ ਅਤੇ ਗੁਰਬਚਨ ਸਿੰਘ ਸਾਹਦੜਾ 22 ਅਪਰੈਲ 1923 ਨੂੰ ਗਰਿਫ਼ਤਾਰ ਕੀਤੇ ਗਏ ਸਨ।

ਅਗੜ-ਪਿੱਛੇ ਹੇਠ-ਲਿਖੇ ਮੁਲਜ਼ਮ ਗਰਿਫ਼ਤਾਰ ਕਰ ਲਏ ਗਏ। ਇਹ ਕੁੱਲ 14 ਸਨ : ਬੰਤਾ ਸਿੰਘ ਤੇ ਪ੍ਰੇਮ ਸਿੰਘ ਪਰਾਗਪੁਰ; ਅਮਰ ਸਿੰਘ, ਊਧਮ ਸਿੰਘ, ਠਾਕੁਰ ਸਿੰਘ, ਹਰਨਾਮ ਸਿੰਘ ਤੇ ਵਡਾ ਕਰਤਾਰ ਸਿੰਘ ਸਾਰੇ ਪਿੰਡੋਰੀ ਨਿੱਝਰਾਂ; ਸ਼ਿਵ ਸਿੰਘ ਹਜੀਪੁਰ; ਰਤਨ ਸਿੰਘ ਸੀਂਗੜੀਵਾਲਾ; ਦੁਮਣ ਸਿੰਘ ਪਿੰਡੋਰੀ ਮਹਾਤਮਾ; ਸ਼ਾਮ ਸਿੰਘ ਰਹਿਸੀ-ਵਾਲ; ਸੰਤ ਠਾਕੁਰ ਸਿੰਘ ਰਾਜੋਵਾਲ; ਬਾਬੂ ਦਲੀਪ ਸਿੰਘ ਅਤੇ ਪਿਆਰਾ ਸਿੰਘ ਧਾਮੀਆਂ।

ਹੇਠ-ਲਿਖੇ ਮਫ਼ਰੂਰ ਹੋ ਗਏ : ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਝੁੱਗੀਆਂ, ਧੰਨਾ ਸਿੰਘ ਬਹਿਬਲਪੁਰ, ਬੰਤਾ ਸਿੰਘ ਧਾਮੀਆਂ, ਵਰਿਆਮ ਸਿੰਘ ਧੁੱਗਾ, ਦਲੀਪਾ ਧਾਮੀਆਂ, ਬਾਬੂ ਸੰਤਾ ਸਿੰਘ, ਧੰਨਾ ਸਿੰਘ ਕੋਟਲੀ ਬਾਵਾਦਾਸ, ਬਖ਼ਸ਼ੀਸ਼ ਸਿੰਘ ਪਿੰਡੋਰੀ ਨਿੱਝਰਾਂ, ਬੂਟਾ ਸਿੰਘ ਅਤੇ ਹਰਬਖ਼ਸ਼ ਸਿੰਘ ਜੱਸੋਵਾਲ। ਇਸੇ ਤਰ੍ਹਾਂ ਬੰਤਾ ਸਿੰਘ ਤੇ ਬੇਲਾ ਸਿੰਘ ਬੋਪਾਰਾਇ (ਦੋਨੋਂ ਵਾਇਦਾ-ਮੁਆਫ਼), ਤੁਫ਼ੈਲ ਮੁਹੰਮਦ ਪਿੰਡੋਰੀ ਨਿੱਝਰਾਂ, ਰਾਮ ਸਿੰਘ ਮੁਜ਼ਾਰਾ (ਵਾਇਦਾ-ਮੁਆਫ਼), ਸੰਤ ਚਰਨ ਸਿੰਘ ਜੱਸੋਵਾਲ, ਜਗਜੀਤ ਸਿੰਘ ਕਠਾਰ, ਨੰਦ ਸਿੰਘ ਘੁੜਿਆਲ ਅਤੇ ਕਰਮ ਸਿੰਘ ਸੁਨਿਆਰਾ ਮਫ਼ਰੂਰ ਹੋ ਗਏ।

ਕਰਮ ਸਿੰਘ ਸੁਨਿਆਰਾ ਬਾਅਦ ਵਿਚ ਫਾਂਸੀ ਚੜ੍ਹਿਆ। ਉਹ ਪਿੰਡੋਂ ਅੰਮ੍ਰਿਤਸਰ ਨੂੰ ਆਪਣੇ ਟੱਬਰ ਨੂੰ ਨਾਲ ਲਿਜਾ ਰਿਹਾ ਸੀ ਤਾਂ ਜਲੰਧਰ ਛਾਉਣੀ ਦੇ ਰੇਲਵੇ ਸਟੇਸ਼ਨ ਉੱਤੇ ਆਪਣੇ ਹੀ ਪਿੰਡ ਦੇ ਇਕ ਜਗਤ ਸਿੰਘ ਵਲਦ ਨਥਾ ਸਿੰਘ ਦੀ ਨਜ਼ਰੇ ਪੈ ਗਿਆ। ਉਹਨੇ ਪੁਲਸ ਨੂੰ ਦੱਸ ਦਿੱਤਾ ਕਿ ਇਹ ਬਬਰ ਹੈ ਅਤੇ ਕਿਤੇ ਭੱਜ ਚਲਿਆ ਹੈ। ਉਹ ਉਸ ਵੇਲੇ ਪਲੇਟਫਾਰਮ ਉੱਤੇ ਖੜੋਤਾ ਰੇਲ ਉਡੀਕ ਰਿਹਾ ਸੀ। ਪੁਲਸ ਦੇ ਕਾਬੂ ਆ ਗਿਆ। ਪਿਛੇ ਜਿਹੇ ਮੈਂ ਇਹੋ ਗੱਲ ਇਸੇ ਜਗਤ ਸਿੰਘ ਤੋਂ ਆਦਮਪੁਰ ਦੇ ਬੱਸ ਅਡੇ ਵਿਖੇ ਖੜੋਤਾ ਸ਼ੁਗਲ ਦੇ ਤੌਰ ਉੱਤੇ ਪੁੱਛ ਬੈਠਾ, "ਯਾਰ ਤੂੰ ਵੀ ਆਪਣੇ ਮਿੱਤਰ ਨਿਰੰਜਣ ਸਿੰਘ ਡੁਮੇਲੀ ਵਾਂਗੂੰ ਐਵੇਂ ਖ਼ਾਲੀ ਹੱਥ ਹੀ ਰਹਿ ਗਿਆ। ਇਨਾਮ ਦੂਜੇ ਲੈ ਗਏ, ਤੁਸੀਂ ਮੂੰਹ ਦੇਖਦੇ ਹੀ ਰਹਿ ਗਏ।" ਉਹ ਬਹੁਤ ਤਿਲਮਿਲਾ ਗਿਆ ਅਤੇ ਮੈਂ ਕਿਹਾ, "ਐਨਾ ਗੁੱਸੇ ਵਿਚ ਆਉਣ ਦੀ ਲੋੜ ਨਹੀਂ। ਪੁਲਸ ਨੇ ਇਹੋ ਗੱਲ ਅਦਾਲਤ ਵਿਚ ਆਖੀ ਸੀ। ਸੋ ਮੈਂ ਪੁੱਛ ਬੈਠਾ ਹਾਂ।"

# 58. ਬਾਬੂ ਸੰਤਾ ਸਿੰਘ ਦੀ ਗਰਿਫ਼ਤਾਰੀ

ਬਾਬੂ ਸੰਤਾ ਸਿੰਘ ਨੂੰ ਗਰਿਫ਼ਤਾਰ ਕਰਨ ਲਈ ਮੀਰ ਫ਼ਜ਼ਲ ਇਮਾਮ ਨੇ ਜੋ ਨਾਟਕੀ ਢੰਗ ਵਰਤਿਆ, ਉਹਦੀ ਦਾਦ ਦੇਣੀ ਹੀ ਚਾਹੀਦੀ ਹੈ। ਗਰਿਫ਼ਤਾਰੀ ਕਾਹਦੀ ਹੋਈ, ਸਮਝ ਲਉ ਬਬਰ ਲਹਿਰ ਦੀਆਂ ਸਫ਼ਾਂ ਹੀ ਲਪੇਟੀਆਂ ਗਈਆਂ, ਕਿਉਂਕਿ ਇਸੇ ਬਾਬੂ ਸੰਤਾ ਸਿੰਘ ਨੂੰ ਇਸ ਸਾਤਰ ਪੁਲਸੀਏ ਨੇ ਜਿਵੇਂ ਜਾਲ ਵਿਚ ਫਸਾ ਕੇ ਪੁਠੀਆਂ-ਸਿੱਧੀਆਂ ਗੱਲਾਂ ਰਾਹੀਂ, ਲਾਰੇ-ਲੱਪਿਆਂ ਅਤੇ ਹਲਾ-ਸ਼ੇਰੀਆਂ ਨਾਲ, ਅਲਫ਼ ਤੋਂ ਯੇ ਤੱਕ ਸਭ ਕੁਝ ਉਗਲਵਾ ਲਿਆ, ਪਾਠਕ ਪੜ੍ਹ ਕੇ ਹੈਰਾਨ ਹੀ ਰਹਿ ਜਾਣਗੇ। ਬਬਰ ਲਹਿਰ ਦੀ ਜਿੰਦ-ਜਾਨ ਵੀ ਇਹੋ ਸ਼ਖ਼ਸੀਅਤ ਸੀ ਜਿਹੜੀ ਚੌਵੀ ਘੰਟੇ ਕਿਸੇ ਨਾ ਕਿਸੇ ਮੁਹਿੰਮ ਵਿਚ ਜੁਟੀ ਰਹਿੰਦੀ ਸੀ। ਬਬਰਾਂ ਨੇ ਜਿੰਨੇ ਵੀ ਕਾਰਨਾਮੇ ਕੀਤੇ, ਇਹਦੀ ਗਰਿਫ਼ਤਾਰੀ ਤੱਕ ਇਹ ਕਿਸੇ ਨਾ ਕਿਸੇ ਤਰ੍ਹਾਂ ਉਹਨਾਂ ਨਾਲ ਸੰਬੰਧਿਤ ਰਿਹਾ। ਪਿੰਡੋਰੀ ਨਿੱਝਰਾਂ ਦੇ ਨਿਆਣਿਆਂ ਤੋਂ ਕੰਮ ਲੈਣ ਵਾਲੀ ਇਹੋ ਹਸਤੀ ਸੀ ਅਤੇ ਬਚਾ ਕੇ ਰੱਖਣ ਵਾਲੀ ਵੀ ਇਹੋ ਹੱਡੀਆਂ ਦੀ ਮੁੱਠ, ਪੰਜ ਫੁੱਟ ਤੋਂ ਵੀ ਘੱਟ ਕੱਦ-ਕਾਠ ਵਾਲੀ ਚਲਦੀ-ਫਿਰਦੀ ਛਾਂ ਜਿਹੀ ਹੀ ਸਮਝੋ। 1921 ਤੋਂ 27 ਫਰਵਰੀ 1926 ਨੂੰ ਫਾਂਸੀ ਚੜ੍ਹਨ ਤੱਕ ਸਭ ਭਲੇ-ਬੁਰੇ ਕਾਰਨਾਮੇ ਕਰਕੇ ਆਖ਼ਰ ਇਹ ਜੋਤ ਬੁਝ ਗਈ ਅਤੇ ਆਉਣ ਵਾਲੀਆਂ ਨਸਲਾਂ ਲਈ ਹਰ ਪ੍ਰਕਾਰ ਦੀਆਂ ਯਾਦਾਂ ਛਡ ਗਈ ਸਮਝੋ।

ਬਾਬੂ ਸੰਤਾ ਸਿੰਘ ਦਾ ਇਕਬਾਲੀ ਬਿਆਨ ਹੀ ਸਾਡੇ ਕੇਸ ਦੀ ਦੂਜੀ ਸ਼ਾਖ਼ ਦੇ 36 ਮੁਲਜ਼ਮਾਂ ਨੂੰ ਗਰਿਫ਼ਤਾਰ ਕਰਾਉਣ ਦਾ ਕਾਰਨ ਬਣਿਆ ਸੀ। ਸਾਡਾ 61 ਮੁਲਜ਼ਮਾਂ ਦਾ ਚਲਾਨ 13 ਅਗਸਤ 1923 ਨੂੰ ਜਲੰਧਰ ਜਿਹਲ ਤੋਂ ਲਾਹੌਰ ਜਿਹਲ ਨੂੰ ਭੇਜ ਦਿੱਤਾ ਗਿਆ ਸੀ। ਉਹਦੀ ਪੈਰਵੀ ਲਈ ਮੀਰ ਫ਼ਜ਼ਲ ਇਮਾਮ ਤਾਂ ਸਾਡੇ ਨਾਲ ਹੀ ਲਾਹੌਰ ਚਲਿਆ ਗਿਆ ਅਤੇ ਇਸ ਦੂਜੇ ਕੇਸ ਦੀ ਤਫ਼ਤੀਸ਼ ਇੰਸਪੈਕਟਰ ਬੂਟਾ ਰਾਮ ਨੇ ਸੰਭਾਲ ਲਈ। ਵਰਿਆਮ ਸਿੰਘ ਧੁੱਗੇ ਨੂੰ ਸ਼ਹੀਦ ਕਰਨ ਵਿਚ ਇਹਦੀਆਂ ਹੀ ਚਾਰ ਗੋਲੀਆਂ ਨੇ ਹਿੱਸਾ ਪਾਇਆ ਸੀ। ਆਜ਼ਾਦੀ ਪਰਾਪਤ ਹੋ ਜਾਣ ਤੋਂ ਬਾਅਦ ਇਹੋ ਬੂਟਾ ਰਾਮ ਅਤੇ ਇਹਦੇ ਵਰਗੇ ਕਈ ਹੋਰ ਬੂਟੇ ਦੇਸ਼ਭਗਤਾਂ ਦੇ ਕਾਤਲ ਆਪਣੀਆਂ ਸੁਰਖ਼ਿਅਤ ਗੱਦੀਆਂ ਉੱਤੇ ਬਰਾਜਮਾਨ ਰਹਿ ਕੇ ਦੇਸ ਦੇ ਨਵ-ਨਿਰਮਾਣ ਵਿਚ ਯੋਗਦਾਨ ਪਾਉਂਦੇ ਰਹੇ ਸਨ। ਬੜੀ ਲੰਮੀ ਕਹਾਣੀ ਹੈ। ਜਿਨ੍ਹਾਂ ਤੋਂ ਮੈਂ ਆਪ ਤਸੀਹੇ ਸਹੇ ਸਨ, ਬੜੀ ਮਟਕ ਨਾਲ ਆਜ਼ਾਦੀ ਤੋਂ ਮਗਰੋਂ ਸਾਡੇ ਨਾਲ ਹੱਥ ਮਿਲਾ ਕੇ ਕਿਹਾ ਕਰਦੇ ਸਨ, "ਜੀਹਦਾ ਨਮਕ ਖਾਵਾਂਗੇ, ਉਹਦੇ ਹੀ ਸੋਹਲੇ ਗਾਵਾਂਗੇ। ਹੁਣ ਅਸੀਂ ਦੇਸ ਦੀ ਉਸਾਰੀ

ਦੇ ਕੰਮ ਵਿਚ ਜਾਨਾਂ ਹੀਲ ਦਿਆਂਗੇ। ਬੜੇ ਤਸੀਹੇ ਸਹਿ ਕੇ ਜਿਹੜੀ ਆਜ਼ਾਦੀ ਤੁਸੀਂ ਲਿਆਂਦੀ ਹੈ, ਅਸੀਂ ਤਨੋਂ-ਮਨੋਂ ਇਹਦੀ ਰਖਿਆ ਕਰਨ ਲਈ ਆਪਾ ਵਾਰਨ ਤੋਂ ਕਦੀ ਨਹੀਂ ਹਿਚਕਿਚਾਵਾਂਗੇ।" ਇਹੋ ਜਿਹਾ ਵਾਰਤਾਲਾਪ ਸਾਡੇ ਨਾਲ ਇਹ "ਦੇਸ਼ਭਗਤ" ਬੜੇ ਜੋਸ਼-ਖਰੋਸ਼ ਨਾਲ ਕਰਿਆ ਕਰਦੇ ਸਨ।

ਮੀਰ ਫ਼ਜ਼ਲ ਇਮਾਮ ਸਿਰਫ਼ ਪ੍ਰਾਇਮਰੀ, ਭਾਵ ਉਰਦੂ ਦੀਆਂ ਪੰਜ ਕੁ ਜਮਾਤਾਂ ਤੱਕ ਹੀ ਪੜ੍ਹਿਆ ਹੋਇਆ ਸੀ। ਅੰਗਰੇਜ਼ੀ ਅੱਖਰ ਮ੍ਹੈਂਸ ਬਰਾਬਰ ਹੀ ਸਮਝੋ। ਪਰ ਵਡੇ-ਵਡੇ ਅੰਗਰੇਜ਼ ਅਤੇ ਦੇਸੀ ਅਫ਼ਸਰਾਂ ਦੇ ਕੰਨ ਕੁਤਰਦਾ ਸੀ। ਜਿਸ ਵੇਲੇ ਸਾਨੂੰ ਗਰਿਫ਼ਤਾਰ ਕਰ ਲਿਆ ਗਿਆ ਤਾਂ ਬੜੀ ਹਲੀਮੀ ਅਤੇ ਨਿਮਰਤਾ ਨਾਲ ਸਾਡੇ ਨਾਲ ਗੱਲਾਂ ਸ਼ੁਰੂ ਕਰਦਾ ਅਤੇ ਗੁਰਬਾਣੀ ਦੇ ਹਵਾਲੇ ਦੇ-ਦੇ ਸਮਝਾਉਂਦਾ, "ਗੁਰੂ ਦਾ ਸਿੱਖ ਕਦੀ ਝੂਠ ਨਹੀਂ ਬੋਲਦਾ, ਝੂਠ ਬੋਲ ਮੁਰਦਾਰ ਖਾਣ ਲਈ ਕਦੀ ਤਿਆਰ ਨਹੀਂ ਹੁੰਦਾ।" ਭਾਂਤ-ਭਾਂਤ ਦੀਆਂ ਸਾਖੀਆਂ ਸੁਣਾ-ਸੁਣਾ ਕੇ ਸਾਨੂੰ ਇਕਬਾਲੀ ਬਿਆਨ ਦੇਣ ਲਈ ਪਰੇਰਦਾ ਅਤੇ ਸਾਡੇ ਹੀ ਸਾਥੀਆਂ ਨੂੰ, ਜਿਹੜੇ ਵਾਇਦਾ-ਮੁਆਫ਼ ਬਣ ਚੁੱਕੇ ਸਨ, ਸਾਡੇ ਸਾਹਮਣੇ ਲਿਆ ਖੜੇ ਕਰਦਾ। ਉਹ ਕਹਿੰਦੇ, "ਕਿਉਂ ਹੱਡੀਆਂ ਤੁੜਵਾਉਂਦੇ ਹੋ। ਦੇਖੋ ਅਸੀਂ ਸੱਚੀਆਂ ਗੱਲਾਂ ਦੱਸ ਦਿੱਤੀਆ ਹਨ ਅਤੇ ਬੜੇ ਆਰਾਮ ਨਾਲ ਰਹਿ ਰਹੇ ਹਾਂ।" ਚਾਰੇ ਸਿਰੇ ਜਦੋਂ ਅਸੀਂ ਚੁੱਪ ਰਹਿੰਦੇ ਤਾਂ ਮੀਰ ਸਾਹਿਬ ਇੰਨੀ ਗੱਲ ਕਹਿ ਕੇ ਚਲੇ ਜਾਂਦੇ, "ਕੋਈ ਗੱਲ ਨਹੀਂ। ਹਾਲੇ ਹੋਰ ਸੋਚ ਲਉ। ਅਸੀਂ ਜ਼ੋਰ ਨਾਲ ਕੋਈ ਗੱਲ ਨਹੀਂ ਮਨਾਉਣੀ ਚਾਹੁੰਦੇ।" ਤੇ ਸਾਨੂੰ ਉਸੇ ਹਾਕਮ ਸਿੰਘ ਬੁੱਚੜ, ਹਾਜੀ ਸ਼ੇਰ ਮੁਹੰਮਦ, ਗਿਆਨੀ ਸੂਬਾ ਸਿੰਘ ਅਤੇ ਚੂਨੀ ਲਾਲ ਜਿਹੇ ਕਸਾਈਆਂ ਦੇ ਹਵਾਲੇ ਕਰ ਦਿੱਤਾ ਜਾਂਦਾ।

ਇਸ ਤਰ੍ਹਾਂ ਮੀਰ ਫ਼ਜ਼ਲ ਇਮਾਮ ਨੂੰ ਪਤਾ ਚੱਲ ਗਿਆ ਕਿ ਜੇ ਕੋਈ ਬਾਬੂ ਸੰਤਾ ਸਿੰਘ ਨੂੰ ਗਰਿਫ਼ਤਾਰ ਕਰਵਾ ਸਕਦਾ ਹੈ ਤਾਂ ਸੰਤ ਕਰਤਾਰ ਸਿੰਘ ਹੀ ਕਰਵਾ ਸਕਦਾ ਹੈ। ਸੋ ਉਹਨੇ ਸੀ ਆਈ ਡੀ ਦਾ ਥਾਣੇਦਾਰ ਕਾਹਨ ਸਿੰਘ ਸੰਤਾਂ ਦਾ ਚੇਲਾ ਬਣਾ ਕੇ ਉਹਦੇ ਨਾਲ ਜੋੜ ਦਿੱਤਾ ਜਿਹੜਾ ਇਸ ਸੰਤ ਦੀ ਚਿੱਪੀ ਫੜੀਂ ਹਰ ਸਮੇਂ ਸੇਵਾ ਵਿਚ ਜੁਟਿਆ ਰਹਿੰਦਾ ਸੀ। ਵੈਸੇ ਇਹ ਸਾਧ ਪਹਿਲਾਂ ਹੀ ਪੁਲਸ ਨਾਲ ਗੰਢ-ਤੁੱਪ ਕਰ ਚੁਕਿਆ ਸੀ। ਇਕ ਪਾਸੇ ਪੁਲਸ ਨੂੰ ਭੰਬਲਭੂਸੇ ਵਿਚ ਪਾਈ ਰਖਦਾ ਸੀ ਅਤੇ ਦੂਜੇ ਬੰਨੇ ਭਾਈ ਕਿਸ਼ਨ ਸਿੰਘ ਨੂੰ ਖ਼ਬਰਦਾਰ ਕਰ ਛਡਦਾ ਸੀ ਕਿ ਖਿਸਕਣ ਦੀ ਕਰੇ, ਪੁਲਸ ਆਉਣ ਦਾ ਡਰ ਹੈ। ਪੁਲਸ ਉਹਦੀ ਇਤਲਾਹ ਉੱਤੇ ਪੁਜਦੀ ਤਾਂ ਕਹਿ ਦਿੰਦਾ ਕਿ "ਘੰਟਾ ਕੁ ਹੋਇਆ, ਉਹ ਚਲਿਆ ਗਿਆ ਹੈ। ਮੈਂ ਬਥੇਰਾ ਰੋਕਿਆ, ਪਰ ਚਲਿਆ ਹੀ ਗਿਆ।" ਇਹ ਲੁਕਣ-ਮੀਚੀ ਦੀ ਖੇਡ ਇਸ ਸਾਧ ਨੇ ਕਾਫ਼ੀ ਚਿਰ ਖੇਡੀ ਅਤੇ ਆਖ਼ਰ ਪੁਲਸ ਹੱਥੇ ਚੜ੍ਹ ਕੇ ਬਾਬੂ ਸੰਤਾ ਸਿੰਘ ਨੂੰ ਗਰਿਫ਼ਤਾਰ ਕਰਾਉਣ ਦਾ ਇਕਰਾਰ ਕਰ ਲਿਆ। ਪੁਲਸ ਨੇ ਸਾਧ ਨੂੰ ਯਕੀਨ ਦੁਆ ਦਿੱਤਾ ਕਿ ਉਹਨੂੰ ਗਰਿਫ਼ਤਾਰ ਨਹੀਂ ਕੀਤਾ ਜਾਵੇਗਾ। ਵਾਇਦਾ-ਮੁਆਫ਼ਾਂ ਦੇ ਬਿਆਨਾਂ ਅਨੁਸਾਰ ਸਾਰੀ ਗੱਲ ਸਾਧ ਨੂੰ ਦੱਸ ਦਿੱਤੀ ਜਾਂਦੀ ਸੀ ਕਿ "ਤੂੰ ਫੁਲਾਣੇ ਵੇਲੇ ਫੁਲਾਣਾ ਕੰਮ ਕੀਤਾ ਸੀ, ਪਰ ਸੰਤ ਹੋਣ ਕਰਕੇ ਅਸੀਂ ਤੈਨੂੰ ਕੁਝ ਨਹੀਂ ਕਹਿਣਾ ਚਾਹੁੰਦੇ। ਜੇ ਤੂੰ ਉਰਾ-ਪਰਾ ਕਰੇਂਗਾ ਤਾਂ ਬੇੜੀਆਂ-ਹੱਥਕੜੀਆਂ ਦੂਜਿਆਂ ਵਾਂਗੂ ਤੇਰੇ ਲਈ ਵੀ ਤਿਆਰ ਹਨ।" ਸੋ ਸਾਧ ਨੇ ਪੱਕਾ ਇਕਰਾਰ ਦੇ ਦਿਤਾ ਅਤੇ ਜਿਵੇਂ ਬਾਬੂ ਸੰਤਾ ਸਿੰਘ ਨੂੰ ਫੰਧੇ ਵਿਚ

ਫਸਾਇਆ, ਉਹ ਵਾਇਦਾ-ਮੁਆਫ਼ ਅਨੂਪ ਸਿੰਘ ਦੇ ਬਿਆਨ ਵਿਚ ਪੜ੍ਹੋ, ਜੋ ਪੇਪਰ-ਬੁੱਕ ਦੇ ਸਫ਼ਾ 161 ਤੋਂ ਸ਼ੁਰੂ ਹੁੰਦਾ ਹੈ।

ਉਸ ਵੇਲੇ ਇਹ ਸਾਰੇ ਖੁਸਰੋਪੁਰ ਵਾਲੇ ਜਸਵੰਤ ਸਿੰਘ ਦੇ ਖੂਹ ਉੱਤੇ ਸਨ। "ਆਤਮਾ ਸਿੰਘ ਦੀ ਵਾਪਸੀ ਤੋਂ ਝੱਟ ਬਾਅਦ ਜਸਵੰਤ ਸਿੰਘ ਵੀ ਖੂਹ ਉੱਤੇ ਆ ਗਿਆ, ਤਾਂ ਬਾਬੂ ਸੰਤਾ ਸਿੰਘ ਨੇ ਜਸਵੰਤ ਸਿੰਘ ਨੂੰ ਕਿਹਾ ਕਿ ਬਾਅਦ ਵਿਚ ਜਿਸ ਵੇਲੇ ਸੰਤ ਕਰਤਾਰ ਸਿੰਘ ਉੱਥੇ ਆਵੇ ਤਾਂ ਉਹ ਸੰਤ ਨੂੰ ਦੱਸ ਦੇਵੇ ਕਿ ਬਾਬੂ ਸੰਤਾ ਸਿੰਘ ਮਾਲਵੇ ਦੇ ਇਲਾਕੇ ਵੱਲ ਉਸ ਥਾਂ ਚਲਿਆ ਗਿਆ ਹੈ ਜਿਥੇ ਜਾਣ ਦੀ ਸੰਤ ਕਰਤਾਰ ਸਿੰਘ ਨੇ ਸਲਾਹ ਦਿਤੀ ਸੀ ਤੇ ਸੰਤ ਕਰਤਾਰ ਸਿੰਘ ਉਹਨੂੰ ਉਥੇ ਆ ਮਿਲੇ।" ਇਸੇ ਤਰ੍ਹਾਂ ਬਿਆਨ ਜਾਰੀ ਰਖਦਾ ਅਨੂਪ ਸਿੰਘ ਦਸਦਾ ਹੈ ਕਿ ਬਾਬੂ ਸੰਤਾ ਸਿੰਘ ਨੇ ਜਸਵੰਤ ਸਿੰਘ ਤੋਂ ਕਾਰਤੂਸ ਮੰਗੇ, ਜਿਹੜੇ ਝੋਲੀ-ਚੁੱਕਾਂ ਨੂੰ ਕਤਲ ਕਰਨ ਲਈ ਚਾਹੀਦੇ ਸਨ। ਜਸਵੰਤ ਸਿੰਘ ਨੇ ਆਪਣੇ ਭਰਾ ਆਤਮਾ ਸਿੰਘ ਨੂੰ ਘਰ ਘੱਲ ਕੇ 16 ਕਾਰਤੂਸ ਮੰਗਵਾ ਦਿਤੇ। ਇਹ ਦੋਨੋਂ ਭਰਾ ਵੀ ਸਾਡੇ ਨਾਲ ਹੀ ਮੁਲਜ਼ਮ ਸਨ ਅਤੇ ਬਰੀ ਹੋ ਗਏ ਸਨ।

ਉਥੋਂ ਚੱਲ ਕੇ ਸਾਰੇ ਕਪੂਰਥਲੇ ਲਾਗੇ ਇਕ ਪਿੰਡ ਵਿਚ ਠਹਿਰੇ। ਅਗਲੇ ਦਿਨ ਸਵੇਰੇ ਰੇਲ ਚੜ੍ਹ ਕੇ ਫ਼ੀਰੋਜ਼ਪੁਰ ਛਾਉਣੀ ਦੇ ਸਟੇਸ਼ਨ ਉੱਤੇ ਜਾ ਉਤਰੇ। ਉਥੋਂ ਦੂਜੀ ਰੇਲ ਫੜ ਅਨੂਪ ਸਿੰਘ, ਦਲੀਪਾ ਅਤੇ ਬਾਬੂ ਸੰਤਾ ਸਿੰਘ ਬਠਿੰਡੇ ਜਾ ਪੁਜੇ। ਰਾਤ ਸਟੇਸ਼ਨ ਉੱਤੇ ਠਹਿਰੇ। ਅਗਲੇ ਦਿਨ ਸਟੇਸ਼ਨ ਹੰਢਿਆਏ ਜਾ ਉੱਤਰੇ ਅਤੇ ਬਾਬੂ ਸੰਤਾ ਸਿੰਘ ਦੇ ਇਕ ਵਾਕਫ਼, ਸੂਬੇਦਾਰ ਬੀਰ ਸਿੰਘ ਕੋਲ ਰਹੇ। ਸੰਤ ਕਰਤਾਰ ਸਿੰਘ ਵੀ ਉਥੇ ਹੀ ਆ ਮਿਲਿਆ। ਅਗਲੇ ਦਿਨ ਸੰਤ ਕਰਤਾਰ ਸਿੰਘ ਤਿੰਨਾਂ ਨੂੰ ਕੋਈ ਪੰਜਾਂ-ਛੇਆਂ ਮੀਲਾਂ ਦੇ ਫ਼ਾਸਲੇ ਉੱਤੇ ਇਕ ਹੋਰ ਪਿੰਡ ਲੈ ਗਿਆ ਅਤੇ ਸਾਰਿਆਂ ਨੇ ਰਾਤ ਉਸੇ ਪਿੰਡ ਦੇ ਗੁਰਦੁਆਰੇ ਕੱਟੀ। ਉਹਤੋਂ ਅਗਲੇ ਦਿਨ ਸਾਰੇ ਪਿੰਡ ਠੀਕਰੀ ਵਾਲੇ ਦੇ ਗੁਰਦੁਆਰੇ ਜਾ ਠਹਿਰੇ ਅਤੇ ਰਾਤ ਉਥੇ ਕੱਟੀ। ਉਹਤੋਂ ਅਗਲੇ ਦਿਨ ਸੰਤ ਕਰਤਾਰ ਸਿੰਘ ਨੇ ਸਲਾਹ ਦਿੱਤੀ ਕਿ ਹੁਣ ਸਾਨੂੰ ਸਾਰਿਆਂ ਨੂੰ ਇਕੱਠਿਆਂ ਨਹੀਂ ਰਹਿਣਾ ਚਾਹੀਦਾ ਅਤੇ ਕਿਹਾ ਕਿ "ਮੈਂ ਅਤੇ ਬਾਬੂ ਸੰਤਾ ਸਿੰਘ ਹਾਲੇ ਅਲਹਿਦਾ ਹੋ ਜਾਂਦੇ ਹਾਂ। ਤੁਸੀਂ ਦੋਨੋਂ ਇਸੇ ਗੁਰਦੁਆਰੇ ਟਿਕੇ ਰਹੋ। ਪੰਜਾਂ-ਛੇਆਂ ਦਿਨਾਂ ਬਾਅਦ ਤੁਸੀਂ ਦੋਨੋਂ ਗੁਰਦੁਆਰੇ ਮਸਤੂਆਣੇ ਆ ਜਾਇਉ। ਉਥੇ ਅਗਲਾ ਪ੍ਰੋਗਰਾਮ ਬਣਾ ਲਵਾਂਗੇ।" ਸੋ ਸੰਤ ਕਰਤਾਰ ਸਿੰਘ ਬਾਬੂ ਸੰਤਾ ਸਿੰਘ ਨੂੰ ਨਾਲ ਲੈ ਕੇ ਚਲਦਾ ਬਣਿਆ। ਅਨੂਪ ਸਿੰਘ ਅਤੇ ਦਲੀਪਾ ਉਥੇ ਹੀ ਟਿਕੇ ਰਹੇ। ਸਾਧ ਜਾਂਦਾ ਹੋਇਆ ਇਹਨਾਂ ਨੂੰ ਕਹਿੰਦਾ ਗਿਆ ਕਿ "ਮਸਤੂਆਣੇ ਮੇਲਾ ਲੱਗ ਰਿਹਾ ਹੈ। ਮੇਲੇ ਉੱਤੇ ਪੁੱਜ ਜਾਣਾ।"

ਜਿਸ ਵੇਲੇ ਸੰਤ ਕਰਤਾਰ ਸਿੰਘ ਅਤੇ ਬਾਬੂ ਸੰਤਾ ਸਿੰਘ ਇਹਨਾਂ ਦੋਹਾਂ ਪਾਸੋਂ ਚਲੇ ਗਏ, ਇਹਨਾਂ ਨੇ ਸੋਚਿਆ ਕਿ ਇਧਰ ਸਾਡਾ ਕੋਈ ਜਾਣੂ-ਪਛਾਣੂ ਨਹੀਂ। ਜੇ ਕਿਸੇ ਨੇ ਓਪਰੇ ਬੰਦੇ ਸਮਝ ਕੇ ਪੁੱਛ-ਪੜਤਾਲ ਸ਼ੁਰੂ ਕਰ ਦਿੱਤੀ ਤਾਂ ਅਸੀਂ ਕੀ ਉੱਤਰ ਦਿਆਂਗੇ। ਸੋ ਅਗਲੇ ਹੀ ਦਿਨ ਦੋਨੋਂ ਉਸੇ ਤਰ੍ਹਾਂ ਰੇਲ ਚੜ੍ਹ ਕੇ ਵਾਪਸ ਮੁੜ ਆਏ, ਜਿਸ ਤਰ੍ਹਾਂ ਉਧਰ ਨੂੰ ਗਏ ਸਨ। ਕਪੂਰਥਲਿਉਂ ਉੱਤਰ ਕੇ ਦਲੀਪਾ ਆਪਣੇ ਪਿੰਡ

ਧਾਮੀਆਂ ਵੱਲ ਚਲਿਆ ਗਿਆ ਅਤੇ ਅਨੂਪ ਸਿੰਘ ਆਪਣੇ ਸਹੁਰੀਂ ਕੰਧਾਲੇ ਚਲਿਆ ਗਿਆ। ਇਥੇ ਹੀ ਅਨੂਪ ਸਿੰਘ ਨੂੰ ਪਤਾ ਲੱਗ ਗਿਆ ਕਿ ਬਾਬੂ ਸੰਤਾ ਸਿੰਘ ਉਧਰ ਹੀ ਕਿਸੇ ਸਟੇਸ਼ਨ ਉੱਤੇ ਗਰਿਫ਼ਤਾਰ ਕਰ ਲਿਆ ਗਿਆ ਹੈ। ਮੈਂ ਅਨੂਪ ਸਿੰਘ ਦੇ ਬਿਆਨ ਦੀ ਪੂਰੀ ਤਫ਼ਸੀਲ ਪਾਠਕਾਂ ਸਾਹਮਣੇ ਪੇਸ਼ ਕਰ ਦਿੱਤੀ ਹੈ ਕਿ ਇਸ ਸਾਧ ਨੇ ਪੁਲਸ ਨਾਲ ਮਿਲ ਕੇ ਕਿਵੇਂ ਜਾਲ ਵਿਛਾਇਆ ਸੀ ਕਿ ਪਹਿਲਾਂ ਬਾਬੂ ਸੰਤਾ ਸਿੰਘ ਨੂੰ ਫਸਾ ਲਿਆ ਜਾਵੇ ਅਤੇ ਬਾਅਦ ਵਿਚ ਅਨੂਪ ਸਿੰਘ ਤੇ ਦਲੀਪੇ ਨੂੰ ਕਾਬੂ ਕਰ ਲਿਆ ਜਾਵੇ। ਪਰ ਕੁਦਰਤ ਕੁਝ ਹੋਰ ਕਰਨਾ ਚਾਹੁੰਦੀ ਸੀ, ਜੀਹਦਾ ਮੁਕੰਮਲ ਇਤਿਹਾਸ ਪਾਠਕ ਪਹਿਲਾਂ ਹੀ ਪੜ੍ਹ ਆਏ ਹਨ ਕਿ ਇਸੇ ਅਨੂਪ ਸਿੰਘ ਹੱਥੋਂ ਚਾਰ ਯੋਧੇ ਸ਼ਹੀਦੀ ਉਡੀਕ ਰਹੇ ਸਨ ਅਤੇ ਦਲੀਪਾ ਮੀਆਂ ਚੰਨੂ ਜਾ ਕੇ ਸ਼ਕੰਜੇ ਵਿਚ ਫਸਣਾ ਸੀ।

ਇਥੇ ਹੀ ਮੈਂ ਪਾਠਕਾ ਦਾ ਧਿਆਨ ਭਾਈ ਸੁੰਦਰ ਸਿੰਘ ਦੇ ਲਿਖੇ ਇਤਿਹਾਸ ਵੱਲ ਲਿਜਾਣਾ ਠੀਕ ਸਮਝਦਾ ਹਾਂ। ਭਾਈ ਸੁੰਦਰ ਸਿੰਘ ਨੇ ਬੜੇ ਹੀ ਕੁਚੱਜੇ ਢੰਗ ਨਾਲ ਅਨੂਪ ਸਿੰਘ ਅਤੇ ਉਹਦੀ ਘਰਵਾਲੀ ਸੁਰਜੀਤ ਕੌਰ ਦੀ ਆਪਸ ਵਿਚ ਗੱਲਬਾਤ ਲਿਖ ਕੇ ਅਟਕਲਬਾਜੀ ਕੀਤੀ ਹੈ ਅਤੇ ਇਸ ਪਵਿੱਤਰ ਤਹਿਰੀਕ ਨੂੰ ਇਕ ਕਿਸਮ ਦੇ ਦਾਗ਼ ਲਾਉਣ ਵਾਲੀ ਘਟਨਾ ਬਣਾ ਕੇ ਪੇਸ਼ ਕਰਨ ਦੀ ਹਿਮਾਕਤ ਕੀਤੀ ਹੈ। ਇਸੇ ਕਰਕੇ ਮੇਰੇ ਸਾਥੀਆਂ ਨੇ ਉਹਦਾ ਲਿਖਿਆ ਸਾਰਾ ਇਤਿਹਾਸ ਸਾੜ ਕੇ ਸੁਆਹ ਕੀਤਾ ਸੀ ਅਤੇ ਬਚੀ-ਖੁਚੀ ਸੁਆਹ ਉਹਦੇ ਪੱਲੇ ਵਿਚ ਪਾ ਕੇ ਦੋ ਹਜ਼ਾਰ ਰੁਪਏ ਦੀ ਦਿੱਤੀ ਰਕਮ ਨੂੰ ਲੱਤ ਮਾਰ ਦਿੱਤੀ ਸੀ।

ਮੈਂ ਸਾਬਤ ਕਰ ਆਇਆ ਹਾਂ ਕਿ ਅਨੂਪ ਸਿੰਘ ਨੇ ਇਹ ਪਾਪ ਆਪਣੇ ਪਿਉ ਅਤੇ ਬੋਘ ਸਿੰਘ ਦੇ ਹੱਥੇ ਚੜ੍ਹ ਕੇ ਕੀਤਾ ਸੀ ਅਤੇ ਬਿਆਨਾਂ ਦਾ ਹਵਾਲਾ ਪੂਰ ਤਫਸੀਲ ਨਾਲ ਦਰਜ ਕਰ ਆਇਆ ਹਾਂ। ਨਤੀਜਾ ਪਾਠਕ ਆਪ ਕਢਦੇ ਰਹਿਣ ਕਿ ਸੱਚਾਈ ਕਿਹੜੀ ਹੈ।

ਆਉ ਮੁੜ ਪਤਾ ਕਰੀਏ ਕਿ ਬਾਬੂ ਸੰਤਾ ਸਿੰਘ ਨਾਲ ਕਿਵੇਂ ਬੀਤੀ।

ਸੰਤ ਕਰਤਾਰ ਸਿੰਘ ਠੀਕਰੀਵਾਲੇ ਤੋਂ ਬਾਬੂ ਸੰਤਾ ਸਿੰਘ ਨੂੰ ਨਾਲ ਲੈ ਕੇ ਬਰਨਾਲੇ ਜਾ ਪੁਜਿਆ ਅਤੇ ਆਲੇ-ਦੁਆਲੇ ਦੋ-ਚਾਰ ਦਿਨ ਘੁੰਮਦਾ-ਫਿਰਦਾ ਰਿਹਾ। ਉਧਰ ਥਾਣੇਦਾਰ ਕਾਹਨ ਸਿੰਘ ਨਾਲ ਪਹਿਲਾਂ ਹੀ ਫ਼ੈਸਲਾ ਹੋ ਚੁੱਕਿਆ ਸੀ ਕਿ ਉਹ ਸਾਰਾ ਬੰਦੋਬਸਤ ਹੋ ਜਾਣ ਪਿਛੋਂ ਬਾਬੂ ਸੰਤਾ ਸਿੰਘ ਨੂੰ ਸਟੇਸ਼ਨ ਉੱਤੇ ਲੈ ਆਵੇਗਾ ਅਤੇ ਪੁਲਸ ਉਹਨੂੰ ਕਾਬੂ ਕਰਨ ਦਾ ਇੰਤਜ਼ਾਮ ਕਰ ਲਵੇ। ਸੋ ਸੋਚੀ-ਸਮਝੀ ਵਿਉਂਤ ਅਨੁਸਾਰ ਮੀਰ ਫ਼ਜ਼ਲ ਇਮਾਮ ਆਪ ਅਮਲਾ-ਫੈਲਾ ਨਾਲ ਲੈ ਕੇ ਬਰਨਾਲੇ ਸਟੇਸ਼ਨ ਉੱਤੇ ਆ ਪੁਜਿਆ ਅਤੇ ਸਾਧ ਨੂੰ ਵੀ ਪਤਾ ਲੱਗ ਗਿਆ ਕਿ ਸ਼ਿਕਾਰੀਆਂ ਨੇ ਸ਼ੇਰ ਨੂੰ ਫਸਾਉਣ ਲਈ ਪਿੰਜਰਾ ਤਿਆਰ ਕਰ ਲਿਆ ਹੈ। ਬਾਬੂ ਸੰਤਾ ਸਿੰਘ ਨੂੰ ਸਾਧ ਨੇ ਸਲਾਹ ਦਿੱਤੀ ਕਿ ਚੱਲੋ, ਬਠਿੰਡੇ ਵੱਲ ਚੱਲ ਕੇ ਆਪਣੇ ਸਾਥੀਆਂ ਦਾ ਪਤਾ ਕਰ ਆਈਏ ਕਿ ਉਹ ਉਧਰ ਹੀ ਹਨ ਜਾਂ ਮਸਤੂਆਣੇ ਵੱਲ ਚਲੇ ਗਏ ਹਨ। ਸੋ ਦੋਨੋਂ ਬਰਨਾਲੇ ਦੇ ਸਟੇਸ਼ਨ ਉੱਤੇ ਆ ਗਏ।

ਸਾਧ ਨੇ ਬਾਬੂ ਸੰਤਾ ਸਿੰਘ ਦਾ ਰੀਵਾਲਵਰ ਉਹਤੋਂ ਲੈ ਕੇ ਇਕ ਕੱਪੜੇ ਵਿਚ ਚੰਗੀ ਤਰ੍ਹਾਂ ਬੰਨ੍ਹ ਦਿੱਤਾ। ਬਬਰ ਅਕਾਲੀ ਪਰਚੇ ਜਿੰਨੇ ਵੀ ਛਪ ਚੁੱਕੇ ਸਨ ਅਤੇ ਇਸ਼ਤਿਹਾਰਾਂ ਦੀ ਇਕ-ਇਕ ਕਾਪੀ ਤੇ ਇਕ ਵਡੀ ਸਾਰੀ ਡਾਇਰੀ,ਜੀਹਦੇ ਵਿਚ ਬਾਬੂ ਸਾਹਿਬ ਨੇ ਰੋਜ਼

ਦੀ ਕਾਰਗੁਜ਼ਾਰੀ ਦਰਜ ਕੀਤੀ ਹੋਈ ਸੀ ਅਤੇ ਹੋਰ ਨਿਕ-ਸੁੱਕ ਇਕੱਠਾ ਕਰਕੇ ਵਿਚਕਾਰ ਲਪੇਟਿਆ ਹੋਇਆ ਰੀਵਾਰਵਰ ਰੱਖ ਕੇ ਇਕ ਇਹੋ ਜਿਹੀ ਗਠੜੀ ਤਿਆਰ ਕਰ ਦਿੱਤੀ, ਜਿਹੋ ਜਿਹੀ ਆਮ ਮੁਸਾਫ਼ਰਾਂ ਕੋਲ ਹੋਇਆ ਕਰਦੀ ਹੈ। ਇਸ ਕੰਮ ਤੋਂ ਫਾਰਗ਼ ਹੋ ਕੇ ਸਾਧ ਬਠਿੰਡੇ ਦੇ ਦੋ ਟਿਕਟ ਖ਼ਰੀਦ ਲਿਆਇਆ। ਇਕ ਆਪ ਰੱਖ ਲਿਆ ਅਤੇ ਦੂਜਾ ਬਾਬੂ ਸੰਤਾ ਸਿੰਘ ਨੂੰ ਦੇ ਦਿੱਤਾ। ਦੋਨੋਂ ਜਾ ਕੇ ਪਲੇਟਫਾਰਮ ਦੇ ਬੈਂਚ ਉੱਤੇ ਬੈਠ ਕੇ ਰੇਲ ਉਡੀਕਣ ਲੱਗ ਪਏ।

ਇਥੇ ਆ ਕੇ ਮੈਂ ਮੀਰ ਫ਼ਜ਼ਲ ਇਮਾਮ ਦਾ ਬਿਆਨ ਦਰਜ ਕਰਨਾ ਜ਼ਰੂਰੀ ਸਮਝਦਾ ਹਾਂ। ਬਾਕੀ ਅਸਲੀਅਤ ਬਾਅਦ ਵਿਚ ਲਿਖ ਦੇਣੀ ਹੈ। ਪੇਪਰ-ਬੁੱਕ ਦੇ ਸਫ਼ਾ 849 ਤੋਂ ਮੀਰ ਸਾਹਿਬ ਸ਼ੁਰੂ ਕਰਦੇ ਹਨ :

"15 ਤੋਂ 20 ਜੂਨ 1923 ਦੇ ਦਰਮਿਆਨ ਮੈਨੂੰ ਇਤਲਾਹ ਮਿਲੀ ਕਿ ਮੁਲਜ਼ਮ ਸੰਤਾ ਸਿੰਘ ਅਤੇ ਉਹਦੇ ਕੁਝ ਹੋਰ ਸਾਥੀ ਬਰਨਾਲਾ, ਰਿਆਸਤ ਪਟਿਆਲਾ, ਵੱਲ ਨਿਕਲ ਗਏ ਹਨ। ਮੈਂ ਕੁਝ ਬਿਨਾਂ-ਵਰਦੀ ਸਿਪਾਹੀ ਲੈ ਕੇ 20 ਜੂਨ ਨੂੰ ਬਰਨਾਲੇ ਜਾ ਪੁਜਿਆ, ਜਿਥੇ ਮੈਂ ਕੁਝ ਦਿਨ ਠਹਿਰਿਆ। ਮੈਨੂੰ ਪਤਾ ਲਗਿਆ ਕਿ ਸੰਤਾ ਸਿੰਘ ਉਸ ਦਿਨ ਗੱਡੀ ਰਾਹੀਂ ਬਠਿੰਡੇ ਵੱਲ ਜਾਣਾ ਚਾਹੁੰਦਾ ਹੈ। ਸੋ ਮੈਂ 20 ਜੂਨ ਨੂੰ ਬਰਨਾਲੇ ਸਟੇਸ਼ਨ ਉੱਤੇ ਜਾ ਪੁਜਿਆ। ਸੰਤਾ ਸਿੰਘ ਇਕੱਲਾ ਹੀ ਸਟੇਸ਼ਨ ਉੱਤੇ ਆਇਆ ਅਤੇ ਇਕ ਤੀਜੇ ਦਰਜੇ ਦੇ ਡੱਬੇ ਵਿਚ ਜਾ ਚੜ੍ਹਿਆ। ਰੇਲ ਦਾ ਇਹ ਡਬਾ ਅਖ਼ੀਰਲਾ ਸੀ। ਮੈਂ ਆਪਣੇ ਬਿਨਾਂ-ਵਰਦੀ ਬੰਦੇ ਨਾਲ ਦੇ ਡੱਬੇ ਵਿਚ ਬਿਠਾ ਦਿਤੇ ਅਤੇ ਹਦਾਇਤ ਕਰ ਦਿੱਤੀ ਕਿ ਉਹ ਪੂਰੀ ਚੌਕਸੀ ਨਾਲ ਉਹਦੇ ਉੱਤੇ ਨਿਗਰਾਨੀ ਰੱਖਣ। ਜੇ ਉਹ ਕਿਸੇ ਛੋਟੇ ਸਟੇਸ਼ਨ ਉੱਤੇ ਉੱਤਰ ਜਾਵੇ ਤਾਂ ਉਹਦਾ ਪਿੱਛਾ ਕਰਨ। ਮੈਂ ਉਹਨੂੰ ਬਰਨਾਲੇ ਇਸ ਕਰਕੇ ਗਰਿਫਤਾਰ ਨਹੀਂ ਸੀ ਕਰਨਾ ਚਾਹੁੰਦਾ ਕਿ ਕਿਤੇ ਉਹਦੇ ਸਾਥੀ ਉਹਨੂੰ ਉਸੇ ਵੇਲੇ ਆ ਕੇ ਛੁੜਾ ਨਾ ਲਿਜਾਣ।

"ਸੋ ਮੈਂ ਉਹਨੂੰ ਬਠਿੰਡੇ ਜਾ ਕੇ ਗਰਿਫ਼ਤਾਰ ਕਰਨ ਦਾ ਮਨ ਬਣਾ ਲਿਆ ਕਿ ਜਿਸ ਵੇਲੇ ਉਹ ਗੇਟ ਥਾਣੀਂ ਟਿਕਟ-ਬਾਬੂ ਕੋਲੋਂ ਦੀ ਲੰਘਣ ਲੱਗੇਗਾ ਤਾਂ ਮੈਂ ਉਹਨੂੰ ਗਰਿਫ਼ਤਾਰ ਕਰ ਲਵਾਂਗਾ।

"ਮੈਂ ਆਪ ਉਸ ਗੱਡੀ ਦੇ ਇਕ ਸੈਕੰਡ ਕਲਾਸ ਦੇ ਡੱਬੇ ਵਿਚ ਜਾ ਚੜ੍ਹਿਆ। ਜਿਸ ਵੇਲੇ ਰੇਲ ਤਪਾ ਸਟੇਸ਼ਨ ਉੱਤੇ ਠਹਿਰੀ ਤਾਂ ਮੈਨੂੰ ਦਸਿਆ ਗਿਆ ਕਿ ਉਸ ਵੇਲੇ ਸੰਤਾ ਸਿੰਘ ਸੁੱਤਾ ਪਿਆ ਸੀ ਅਤੇ ਮੇਰੇ ਆਦਮੀਆਂ ਨੇ ਉਸ ਵੇਲੇ ਸੁੱਤੇ ਪਏ ਨੂੰ ਹੀ ਗਰਿਫ਼ਤਾਰ ਕਰ ਲੈਣਾ ਠੀਕ ਸਮਝਿਆ। ਜਿਸ ਵੇਲੇ ਮੈਂ ਉਥੇ ਪੁੱਜਿਆ ਤਾਂ ਮੇਰੇ ਬੰਦੇ ਸੰਤਾ ਸਿੰਘ ਨਾਲ ਹੱਥੋਪਾਈ ਹੋ ਰਹੇ ਸਨ। ਪਰ ਅਸੀਂ ਉਹਦੇ ਹੱਥਾਂ ਵਿਚ ਹੱਥਕੜੀ ਠੋਕ ਦਿੱਤੀ ਅਤੇ ਰਾਮਪੁਰਾ ਫੂਲ ਸਟੇਸ਼ਨ ਉੱਤੇ ਆ ਉੱਤਰੇ। ਸੰਤਾ ਸਿੰਘ ਦੇ ਸਿਰ ਥੱਲੇ ਜਿਹੜੀ ਗਠੜੀ ਸੀ, ਉਹ ਮੈਂ ਆਪਣੇ ਕਬਜ਼ੇ ਵਿਚ ਕਰ ਲਈ। ਜਿਸ ਵੇਲੇ ਸੰਤਾ ਸਿੰਘ ਨੂੰ ਗਰਿਫ਼ਤਾਰ ਕੀਤਾ ਗਿਆ ਸੀ, ਉਸ ਵੇਲੇ ਗਵਾਹ ਨੰ: 285 ਵੀ ਸਾਰੀ ਗੱਲ ਦੇਖ ਰਿਹਾ ਸੀ। ਜਿਸ ਵੇਲੇ ਅਸੀਂ ਰਾਮਪੁਰਾ ਫੂਲ ਸਟੇਸ਼ਨ ਉੱਤੇ ਉੱਤਰੇ, ਮੈਂ ਸਟੇਸ਼ਨ ਮਾਸਟਰ ਕਿਰਪਾ ਰਾਮ, ਗਵਾਹ ਨੰ: 284 ਨੂੰ ਬੁਲਾ ਕੇ ਬਾਬੂ ਸੰਤਾ ਸਿੰਘ ਦੀ ਅਤੇ ਉਹਦੀ ਗਠੜੀ ਦੀ ਤਲਾਸ਼ੀ ਲਈ। ਸੰਤਾ ਸਿੰਘ ਕੋਲੋਂ ਰੀਵਾਲਵਰ ਦੀਆਂ ਗੋਲੀਆਂ ਮਿਲੀਆਂ ਅਤੇ ਗਠੜੀ ਵਿਚ ਭਰਿਆ ਹੋਇਆ ਰੀਵਾਲਵਰ ਛੇਆਂ ਗੋਲੀਆ

ਵਾਲਾ ਪੀ 23, ਜਿਹੜਾ ਮੈਂ ਖਾਲੀ ਕਰ ਲਿਆ, ਇਕ ਝੋਲਾ ਪੀ 25, ਜੀਹਦੇ ਵਿਚੋਂ ਬਬਰ ਅਕਾਲੀ ਪਰਚੇ, ਇਸ਼ਤਿਹਾਰ, ਡਾਇਰੀ ਆਦਿ ਨਿਕਲੇ।"

ਇਸੇ ਦੀ ਤਾਈਦ ਸਟੇਸ਼ਨ ਮਾਸਟਰ ਕਿਰਪਾ ਰਾਮ, ਗਵਾਹ ਨੰ: 284 ਪੇਪਰ-ਬੁੱਕ ਦੇ ਸਫ਼ਾ 582 ਉੱਤੇ ਪੂਰੀ ਤਫ਼ਸੀਲ ਨਾਲ ਕਰਦਾ ਹੈ।

ਸਾਰੇ ਬਿਆਨ ਵਿਚ ਮੀਰ ਸਾਹਿਬ ਨੇ ਸੰਤ ਕਰਤਾਰ ਸਿੰਘ ਦਾ ਕਿਤੇ ਨਾਂ ਨਹੀਂ ਲਿਆ, ਜੀਹਨੇ ਬਾਬੂ ਸੰਤਾ ਸਿੰਘ ਨੂੰ ਜਾਲ ਵਿਚ ਫਸਾਇਆ ਸੀ। ਪਰ ਜਿਰਾਹ ਵਿਚ ਮੀਰ ਸਾਹਿਬ ਦਸਦੇ ਹਨ ਕਿ "ਜਿਸ ਵੇਲੇ ਮੈਨੂੰ ਪਤਾ ਲਗਿਆ ਕਿ ਬਾਬੂ ਸੰਤਾ ਸਿੰਘ ਬਰਨਾਲੇ ਵੱਲ ਹੈ, ਤਾਂ ਇਹ ਵੀ ਪਤਾ ਲਗਿਆ ਸੀ ਕਿ ਸੰਤ ਕਰਤਾਰ ਸਿੰਘ, ਗਵਾਹ ਨੰ: 9, ਅਨੂਪ ਸਿੰਘ, ਗਵਾਹ ਨੰ: 17 ਅਤੇ ਦਲੀਪਾ, ਮੁਲਜ਼ਮ ਨੰ: 76 ਵੀ ਉਹਦੇ ਨਾਲ ਹੀ ਹਨ।

ਉਸ ਵੇਲੇ ਮੇਰੇ ਨਾਲ ਇਕ ਅਜਿਹਾ ਆਦਮੀ ਵੀ ਸੀ ਜਿਹੜਾ ਸੰਤ ਕਰਤਾਰ ਸਿੰਘ ਨੂੰ ਜਾਣਦਾ ਸੀ। ਮੈਨੂੰ ਇਹ ਵੀ ਇਲਮ ਸੀ ਕਿ ਸੰਤ ਕਰਤਾਰ ਸਿੰਘ ਵੀ ਪੂਰੀ ਤਰ੍ਹਾਂ ਸਾਜ਼ਿਸ਼ ਵਿਚ ਸ਼ਾਮਲ ਹੈ। ਪਰ ਉਹਨੂੰ ਅਸੀਂ ਭਗੌੜਾ ਕਰਾਰ ਨਹੀਂ ਸੀ ਦਿੱਤਾ ਅਤੇ ਨਾ ਹੀ ਸੰਤ ਕਰਤਾਰ ਸਿੰਘ ਦੀ ਕੁਟੀਆ ਉੱਤੇ ਮੈਂ ਕਿਸੇ ਕਿਸਮ ਦੀ ਨਿਗਰਾਨੀ ਕਰਨ ਦੀ ਜਰੂਰਤ ਮਹਿਸੂਸ ਕੀਤੀ ਸੀ। ਨਾ ਹੀ ਮੈਂ ਸੰਤ ਕਰਤਾਰ ਸਿੰਘ ਨੂੰ ਗਰਿਫ਼ਤਾਰ ਕਰਨ ਲਈ ਬਹੁਤਾ ਉਤਾਵਲਾ ਸੀ। ਜਿਸ ਵੇਲੇ ਮੈਂ ਬਾਬੂ ਸੰਤਾ ਸਿੰਘ ਨੂੰ ਗਰਿਫਤਾਰ ਕੀਤਾ ਸੀ ਤਾਂ ਸੰਤ ਨੂੰ ਜਾਣਬੁੱਝ ਕੇ ਗਰਿਫ਼ਤਾਰ ਨਹੀਂ ਸੀ ਕੀਤਾ, ਕਿਉਂਕਿ ਉਹਤੋਂ ਖ਼ਤਰਨਾਕ ਬਬਰ ਹਾਲੇ ਭਗੌੜੇ ਸਨ। ਜਦੋਂ ਬਮੇਲੀ ਵਿਚ ਖ਼ਤਰਨਾਕ ਬਬਰ ਮਾਰੇ ਗਏ ਤਾਂ ਮੈਂ ਆਤਮਾ ਸਿੰਘ ਰਾਹੀਂ ਸੰਤ ਕਰਤਾਰ ਸਿੰਘ ਨੂੰ ਸਤੰਬਰ 1923 ਦੇ ਸ਼ੁਰੂ ਵਿਚ ਗਰਿਫ਼ਤਾਰ ਕਰ ਲਿਆ।"

ਪਾਠਕ ਪੜ੍ਹ ਹੀ ਚੁਕੇ ਹਨ ਕਿ ਉਹਨੂੰ ਰੇਲਵੇ ਸਟੇਸ਼ਨ ਲਾਹੌਰ ਉੱਤੇ ਬਿਠਾ ਕੇ ਨਾਟਕੀ ਢੰਗ ਨਾਲ ਗਰਿਫ਼ਤਾਰੀ ਜ਼ਾਹਿਰ ਕੀਤੀ ਸੀ, ਭਾਵੇਂ ਕਿ ਕਾਹਨ ਸਿੰਘ ਥਾਣੇਦਾਰ ਹਰ ਵੇਲੇ ਨਾਲ ਰਹਿੰਦਾ ਸੀ ਅਤੇ ਸਾਧ ਕਠਪੁਤਲੀ ਬਣ ਕੇ ਪੁਲਸ ਦੇ ਇਸ਼ਾਰਿਆਂ ਉੱਤੇ ਨੱਚ ਰਿਹਾ ਸੀ।

ਮੀਰ ਫ਼ਜ਼ਲ ਇਮਾਮ ਪੇਪਰ-ਬੁੱਕ ਦੇ ਸਫ਼ਾ 857 ਤੋਂ ਜੱਜ ਸਾਹਿਬ ਵਲੋਂ ਜਿਰਾਹ ਦੇ ਜਵਾਬ ਵਿਚ ਮੁੜ ਬਿਆਨ ਕਰਦਾ ਹੈ: "ਉਸ ਵੇਲੇ ਕਰਤਾਰ ਸਿੰਘ ਨੂੰ ਕੋਈ ਇਲਮ ਨਹੀਂ ਸੀ ਕਿ ਪੁਲਸ ਉਹਨੂੰ ਇਕ ਫੰਧਕ ਦੇ ਤੌਰ ਉੱਤੇ ਇਸਤੇਮਾਲ ਕਰ ਰਹੀ ਹੈ ਅਤੇ ਨਾ ਹੀ ਮੇਰੇ ਜਾਂ ਮੇਰੇ ਕਿਸੇ ਅਫ਼ਸਰ ਨਾਲ ਸੰਤ ਕਰਤਾਰ ਸਿੰਘ ਦਾ ਕੋਈ ਸਮਝੌਤਾ ਹੀ ਹੋਇਆ ਸੀ ਕਿ ਉਹਨੂੰ ਫੰਧਕ ਦੇ ਤੌਰ ਉੱਤੇ ਵਰਤਿਆ ਜਾਵੇਗਾ, ਜਿਸ ਕਰਕੇ ਉਹਨੂੰ ਖੁੱਲ੍ਹੇ ਘੁੰਮਣ-ਫਿਰਨ ਦੀ ਆਜ਼ਾਦੀ ਦੇ ਛੱਡੀ ਹੋਵੇ। ਇਸ ਕਿਸਮ ਦਾ ਆਪਸ ਵਿਚ ਸਮਝੌਤਾ ਕਰਨਾ ਨਾ-ਮੁਮਕਿਨ ਸੀ।"

ਸਾਰੀ ਗੱਲ ਪੜ੍ਹ ਕੇ ਪਾਠਕ ਆਪ ਹੀ ਅੰਦਾਜ਼ਾ ਲਾ ਲੈਣ ਕਿ ਪੁਲਸ ਕਿੰਨੀ ਕੁ ਈਮਾਨਦਾਰੀ ਨਾਲ ਸਾਡੇ ਨਾਲ ਪੇਸ਼ ਆ ਰਹੀ ਸੀ ਭਾਵੇਂ ਕਿ ਜੱਜ ਸਾਹਿਬ ਨੂੰ ਮੁਕੰਮਲ ਯਕੀਨ ਆ ਚੁਕਿਆ ਸੀ ਮੀਰ ਸਾਹਿਬ ਨੇ ਕਰਤਾਰ ਸਿੰਘ ਨੂੰ ਆਪਣਾ ਹੱਥਠੋਕਾ ਬਣਾ ਕੇ ਵਰਤਿਆ ਸੀ। ਨਹੀਂ ਤਾਂ ਜੱਜ ਸਾਹਿਬ ਨੂੰ ਸਵਾਲ ਪੁੱਛਣ ਦੀ ਕੀ

ਲੋੜ ਸੀ। ਆਇਰਿਸ਼ ਜੱਜ ਹੋਣ ਕਰਕੇ ਬੜੀ ਦਲੇਰੀ ਨਾਲ ਉਹ ਕਈ ਗਵਾਹਾਂ ਉੱਤੇ ਆਪ ਜਿਰਾਹ ਕਰਨ ਲੱਗ ਪੈਂਦੇ ਸਨ।

ਇਹ ਤਾਂ ਹੋਇਆ ਸਾਡੇ ਕੇਸ ਦੇ ਇੰਚਾਰਜ ਦਾ ਆਪਣੀ ਕਾਰਗੁਜ਼ਾਰੀ ਦਾ ਕਹਿ ਲਉ ਜਾਂ ਹੁਸ਼ਿਆਰੀ ਦਾ ਦਿਤਾ ਬਿਆਨ। ਹੁਣ ਪੜ੍ਹੋ ਉਹ ਗੱਲ ਜਿਹੜੀ ਬਾਬੂ ਸੰਤਾ ਸਿੰਘ ਨੇ ਸਾਨੂੰ ਆਪ ਦੱਸੀ ਸੀ।

ਬਾਬੂ ਹੁਰੀਂ ਮੰਨਦੇ ਸਨ ਕਿ ਉਹ ਸ਼ੁਰੂ ਤੋਂ ਹੀ ਸੰਤ ਦੇ ਸ਼ਰਧਾਲੂ ਬਣ ਚੁੱਕੇ ਸਨ, ਕਿਉਂਕਿ ਉਹਨਾਂ ਦੀ ਕਿਰਪਾ ਸਦਕਾ ਹੀ ਭਾਈ ਕਿਸ਼ਨ ਸਿੰਘ ਹੁਰਾਂ ਨਾਲ 1921 ਵਿਚ ਪਹਿਲੀ ਮੁਲਾਕਾਤ ਪਲਾਹੀ ਦੇ ਦੀਵਾਨ ਤੋਂ ਬਾਅਦ ਹੋਈ ਅਤੇ ਬਾਅਦ ਵਿਚ ਸਾਧ ਦੀ ਕੁਟੀਆ ਹੀ ਬਾਬੂ ਹੁਰਾਂ ਦਾ ਰੈਣ-ਬਸੇਰਾ ਬਣ ਗਈ ਸੀ। ਤੇ ਨਾ ਹੀ ਉਹ ਸੁਫ਼ਨੇ ਵਿਚ ਵੀ ਸ਼ੱਕ ਕਰ ਸਕਦੇ ਸੀ ਕਿ ਇਹ ਸਾਧ ਭੇਡ ਦੇ ਜਾਮੇ ਵਿਚ ਭੇੜੀਆ ਸਿੱਧ ਹੋਵੇਗਾ।

ਉਹ ਦਸਦੇ ਸਨ, ''ਜਿਸ ਵੇਲੇ ਉਹਨੇ ਮੇਰਾ ਰੀਵਾਲਵਰ ਲੈ ਕੇ ਇਕ ਕੱਪੜੇ ਵਿਚ ਕਸ ਕੇ ਬੰਨ੍ਹਿਆ ਸੀ, ਕਪੜਾ ਪਹਿਲਾਂ ਹੀ ਉਹਦੇ ਕੋਲ ਸੀ। ਪਤਾ ਨਹੀਂ ਮੇਰੀ ਅਕਲ ਉੱਤੇ ਕੀ ਪਰਦਾ ਪਿਆ ਕਿ ਮੈਂ ਇਧਰ ਧਿਆਨ ਹੀ ਨਾ ਦਿੱਤਾ। ਉਹਨੇ ਮੁੜ ਗੰਢੜੀ ਵੀ ਇਸ ਤਰ੍ਹਾਂ ਤਿਆਰ ਕੀਤੀ ਕਿ ਜ਼ਰੂਰਤ ਵੇਲੇ ਖੋਲ੍ਹੀ ਹੀ ਨਾ ਜਾ ਸਕੇ। ਜਿਸ ਵੇਲੇ ਰੇਲ ਪਲੇਟਫਾਰਮ ਉੱਤੇ ਆਈ ਤਾਂ ਸਾਧ ਆਪ ਗੰਢ ਚੁੱਕ ਕੇ ਰੇਲ ਦੇ ਸਭ ਤੋਂ ਅਖ਼ੀਰਲੇ ਡੱਬੇ ਦੇ ਉਤਲੇ ਫੱਟੇ ਉੱਤੇ ਰੱਖ ਕੇ ਮੈਨੂੰ ਫੱਟੇ ਦੇ ਉੱਤੇ ਸੌਣ ਨੂੰ ਕਹਿ ਕੇ ਚਲਿਆ ਗਿਆ ਕਿ ਮੈਂ ਕਿਸੇ ਅਗਲੇ ਡੱਬੇ ਵਿਚ ਚਲਿਆ ਜਾਂਦਾ ਹਾਂ, ਬਠਿੰਡੇ ਮਿਲ ਪਵਾਂਗਾ। ਤੇ ਮੈਂ ਬੇਫ਼ਿਕਰਾ ਹੋ ਕੇ ਸੌਂ ਗਿਆ। ਪਤਾ ਉਦੋਂ ਹੀ ਲਗਿਆ ਜਦੋਂ ਤੋਰੀ ਵਾਂਗੂ ਚੁੱਕ ਕੇ ਪੰਜਾਂ-ਛੇਆਂ ਹਟਿਆਂ-ਕੱਟਿਆਂ ਨੇ ਦੋਹੀਂ ਹੱਥੀਂ ਹੱਥਕੜੀ ਜੜ ਲਈ ਅਤੇ ਮੇਰੀ ਅਗਲ-ਬਗਲ ਕਲਾਵਾ ਭਰ ਕੇ ਬੈਠ ਗਏ। ਮੀਰ ਸਾਹਿਬ ਵੀ ਬਾਅਦ ਵਿਚ ਉਥੇ ਆ ਗਏ ਅਤੇ ਅਗਲੇ ਸਟੇਸ਼ਨ ਰਾਮਪੁਰਾ ਫੂਲ ਉੱਤੇ ਮੈਨੂੰ ਥੱਲੇ ਲਾਹ ਲਿਆ ਗਿਆ।

ਮੈਨੂੰ ਹੁਣ ਸਮਝ ਆਈ ਕਿ ਸਾਧ ਨੇ ਕਿੰਨਾ ਛਲ-ਕਪਟ ਕੀਤਾ ਹੈ। ਮੈਨੂੰ ਪੱਕਾ ਯਕੀਨ ਹੋ ਗਿਆ ਕਿ ਸਾਧ ਨੇ ਅਨੂਪ ਸਿੰਘ ਅਤੇ ਦਲੀਪਾ ਵੀ ਜਾ ਫੜਾਉਣੇ ਹਨ। ਪਰ ਮੈਂ ਕੀ ਕਰ ਸਕਦਾ ਸੀ।''

ਇਸੇ ਤਰ੍ਹਾਂ ਜਦੋਂ ਅਸੀਂ ਨਿਆਣੇ ਕਈ ਵਾਰ ਬਾਬੂ ਹੋਰਾਂ ਨੂੰ ਮਿਹਣੇ ਦੇਣ ਲਗਦੇ ਕਿ ਤੁਸੀਂ ਐਡੇ ਵੱਡੇ ਲੀਡਰ ਹੋ ਕੇ ਇਕਬਾਲੀ ਬਿਆਨ ਕਿਉਂ ਦਿੱਤਾ ਤਾਂ ਸਚਮੁੱਚ ਉਹਨਾਂ ਦੀਆਂ ਅੱਖਾਂ ਵਿਚ ਹੰਝੂ ਵਗ ਆਉਂਦੇ। ਫੇਰ ਸੰਭਲ ਕੇ ਦਸਦੇ, ''ਇਹ ਮੇਰੀ ਦੂਜੀ ਮੂਰਖਤਾ ਸੀ। ਮੈਨੂੰ ਮੀਰ ਸਾਹਿਬ ਨੇ ਕੁਰਾਨ ਦੀ ਕਸਮ ਖਾ ਕੇ ਕਿਹਾ ਸੀ ਕਿ 'ਤੂੰ ਸੱਚੀ-ਸੱਚੀ ਗੱਲ ਦੱਸ ਦੇ। ਜਿਵੇਂ ਅਸੀਂ ਸੰਤ ਨੂੰ ਵਾਇਦਾ ਦਿੱਤਾ ਸੀ ਕਿ ਜੇ ਤੂੰ ਬਾਬੂ ਸੰਤਾ ਸਿੰਘ ਨੂੰ ਗਰਿਫ਼ਤਾਰ ਕਰਾ ਦੇਵੇਂ ਤਾਂ ਤੈਨੂੰ ਕੁਝ ਨਹੀਂ ਕਹਾਂਗੇ ਅਤੇ ਉਹਨੂੰ ਘੁੰਮਣ-ਫਿਰਨ ਦੀ ਪੂਰੀ ਖੁਲ੍ਹ ਦੇ ਛੱਡੀ ਸੀ ਭਾਵੇਂ ਕਿ ਬਾਕੀ ਸਭ ਬਬਰਾਂ ਨੂੰ ਗਰਿਫ਼ਤਾਰ ਕਰ ਲਿਆ ਸੀ, ਤੂੰ ਵੀ ਆਜ਼ਾਦ ਹੋ ਕੇ ਸਾਧ ਤੋਂ ਬਦਲਾ ਲੈ ਲਈਂ। ਸਾਡਾ ਕੀ ਲਗਦਾ ਹੈ। ਇਸ ਅਮਲ ਨੂੰ ਚਲਾਉਣ ਵਾਲਾ ਇਹੋ ਸਾਧ ਹੈ। ਅਸੀਂ ਤਾਂ ਹੁਣ ਕੁਝ ਕਹਿ ਨਹੀਂ ਸਕਦੇ, ਕਿਉਂਕਿ ਜ਼ਬਾਨ ਦੇ ਰੱਖੀ ਹੈ। ਪਰ ਇਹ

ਵਾਇਦਾ ਤਾਂ ਨਹੀਂ ਦਿੱਤਾ ਹੋਇਆ ਕਿ ਉਹਦੀ ਜਾਨ ਦੀ ਰਾਖੀ ਅਸੀਂ ਕਰਾਂਗੇ । ਸੋ ਤੂੰ ਕੰਮ ਨਿਬੇੜ ਕੇ ਬਦਲਾ ਲੈ ਲਈਂ ।' ਤੇ ਮੈਂ ਐਸੇ ਭੰਬਲਭੂਸਿਆਂ ਵਿਚ ਫਸ ਕੇ ਸਮਝ ਲਉ ਮੀਰ ਸਾਹਿਬ ਦੀ ਕਠਪੁਤਲੀ ਬਣ ਤੁਰਿਆ ।

"ਅਬ ਪਛਤਾਏ ਕਿਆ ਹੋਤ ਜਬ ਚਿੜੀਆਂ ਚੁਗ ਗਈਂ ਖੇਤ !"

ਸਾਧ ਤੋਂ ਬਦਲਾ ਲੈਣ ਦੇ ਅੰਨ੍ਹੇ ਜੋਸ਼ ਵਿਚ ਬਾਬੂ ਸਾਹਿਬ ਨੇ ਬਿਆਨ ਲਿਖਾਉਣਾ ਸ਼ੁਰੂ ਕਰ ਦਿੱਤਾ ਅਤੇ ਮੀਰ ਸਾਹਿਬ ਨੇ ਖ਼ੁਦ ਲਿਖਣਾ ਸ਼ੁਰੂ ਕਰ ਦਿੱਤਾ । ਜਿਉਂ-ਜਿਉਂ ਬਿਆਨ ਚਲਦਾ ਗਿਆ, ਤਿਉਂ-ਤਿਉਂ ਨਵੀਆਂ ਗਰਿਫ਼ਤਾਰੀਆਂ ਦਾ ਚੱਕਰ ਮੁੜ ਚਾਲੂ ਹੋ ਗਿਆ । ਸੋ ਮੀਰ ਸਾਹਿਬ ਦੇ ਬਿਆਨ ਮੁਤਾਬਿਕ ਪੇਪਰ-ਬੁੱਕ ਦੇ ਸਫ਼ਾ 850 ਉੱਤੇ ਸਭ ਮੁਲਜ਼ਮਾਂ ਦੇ ਨਾਂ ਦਰਜ ਹਨ ਜਿਹੜੇ ਬਾਬੂ ਸੰਤਾ ਸਿੰਘ ਨੇ ਗਰਿਫ਼ਤਾਰ ਕਰਵਾਏ ਸਨ । ਇਹਤੋਂ ਇਲਾਵਾ ਕਈ ਹਥਿਆਰ, ਗੋਲੀ-ਸਿੱਕਾ ਤੇ ਅਖ਼ਬਾਰ ਛਾਪਣ ਵਾਲੀ ਮਸ਼ੀਨ । ਗੱਲ ਕੀ ਬਾਬੂ ਸਾਹਿਬ ਨੇ ਜਿਸ ਲਗਣ ਨਾਲ 1921 ਤੋਂ ਬਬਰ ਲਹਿਰ ਨੂੰ ਸਿਖਰਾਂ ਉੱਤੇ ਪੁਚਾਉਣ ਲਈ ਰਾਤ-ਦਿਨ ਅਣਥੱਕ ਮਿਹਨਤ ਕੀਤੀ ਸੀ, ਉਹਤੋਂ ਵੀ ਵੱਧ ਲਗਨ ਨਾਲ ਇਸ ਲਹਿਰ ਦੀਆਂ ਸਫ਼ਾਂ ਵਲ੍ਹੇਟਣ ਵਿਚ ਵੀ ਕੋਈ ਕਸਰ ਨਾ ਰਹਿਣ ਦਿੱਤੀ ।

ਇਹ ਠੀਕ ਹੈ ਕਿ ਮੈਂ ਜੋ ਅਸਲੀਅਤ ਲਿਖ ਰਿਹਾ ਹਾਂ, ਇਹ ਆਪਣੇ ਮੂੰਹ ਉੱਤੇ ਆਪ ਹੀ ਚੁਪੇੜਾਂ ਮਾਰਨ ਵਾਲੀ ਗੱਲ ਹੈ । ਏਨੀਂ ਨਿਗਰ ਅਤੇ ਨਰੋਈ ਲਹਿਰ ਨੂੰ ਢਾਹ ਲਾਉਣ ਦੀ ਜ਼ਿੰਮੇਵਾਰੀ ਵੀ ਆਪਣੇ ਸਿਰ ਲੈਣੀ ਭਾਵੇਂ ਮੇਰੇ ਸਾਥੀਆਂ ਨੂੰ ਬੁਰੀ ਹੀ ਕਿਉਂ ਨਾ ਲੱਗੇ, ਪਰ ਆਉਣ ਵਾਲੀਆਂ ਨਸਲਾਂ ਨੂੰ ਆਪਣੇ ਵਿਚ ਆ ਚੁਕੀਆਂ ਕਮਜ਼ੋਰੀਆਂ ਨਾ ਦੱਸਣਾ ਵੀ ਬੁਜ਼ਦਿਲੀ ਹੋਵੇਗੀ । ਜਿੰਨੇ ਬੰਦੇ ਬਾਬੂ ਸਾਹਿਬ ਦੇ ਇਕਬਾਲ ਤੋਂ ਬਾਅਦ ਗਰਿਫ਼ਤਾਰ ਹੋਏ, ਉਹਨਾਂ ਵਿਚੋਂ ਕਈ ਵਾਇਦਾ-ਮੁਆਫ਼ ਬਣ ਗਏ ਅਤੇ ਕਈਆਂ ਨੇ ਇਕਬਾਲੀ ਬਿਆਨ ਦੇ-ਦੇ ਹੋਰ ਗਰਿਫ਼ਤਾਰੀਆਂ ਕਰਵਾਈਆਂ । ਨਤੀਜਾ ਇਸ ਲਹਿਰ ਦਾ ਖ਼ਾਤਮਾ ਹੀ ਸਮਝੋ ।

ਹੁਣ ਮੈਂ ਉਸ ਮੈਜਿਸਟਰੇਟ ਦਾ ਬਿਆਨ ਦਰਜ ਕਰ ਰਿਹਾ ਹਾਂ, ਜੀਹਨੇ ਕੁੱਲ ਵਾਇਦਾ-ਮੁਆਫ਼ਾਂ ਅਤੇ ਮੁਲਜ਼ਮਾਂ ਦੇ ਇਕਬਾਲੀ ਬਿਆਨ ਲਿਖੇ ਜਾਂ ਖਾਸ-ਖਾਸ ਗਵਾਹਾਂ ਦੇ ਬਿਆਨ ਪੁਲਸ ਨੇ ਆਪਣੀ ਪੁਜ਼ੀਸ਼ਨ ਮਜਬੂਤ ਕਰਨ ਲਈ ਕਰਵਾਏ । ਇਹ ਬਿਆਨ ਪੇਪਰ-ਬੁੱਕ ਦੇ ਸਫ਼ਾ 815 ਤੋਂ 14 ਨਵੰਬਰ 1924 ਨੂੰ ਸ਼ੁਰੂ ਹੋ ਕੇ ਸਫ਼ਾ 829 ਤੱਕ 15 ਨਵੰਬਰ 1924 ਨੂੰ ਖਤਮ ਹੋਇਆ ਸੀ ।

ਸਰਕਾਰੀ ਗਵਾਹ ਨੰ: 467, ਮੀਆਂ ਮੁਹੰਮਦ ਅਬਦੁਲ ਫ਼ਤਿਹ, ਈ ਏ ਸੀ ਐਂਡ ਮੈਜਿਸਟਰੇਟ ਫਸਟ ਕਲਾਸ, ਫ਼ੀਰੋਜ਼ਪੁਰ : "1923 ਵਿਚ ਮੈਨੂੰ ਜ਼ਿਲਾ ਜਲੰਧਰ ਵਿਚ ਤਾਇਨਾਤ ਕੀਤਾ ਗਿਆ ਸੀ ਅਤੇ ਮਈ ਦੇ ਸ਼ੁਰੂ ਵਿਚ ਮੈਨੂੰ ਬਬਰ ਅਕਾਲੀ ਕਾਨਸ-ਪੀਰੇਸੀ ਕੇਸ ਲਈ ਜਲੰਧਰ, ਹੁਸ਼ਿਆਰਪੁਰ, ਲੁਧਿਆਣਾ ਅਤੇ ਅੰਬਾਲਾ ਜ਼ਿਲਿਆਂ ਦਾ ਸਪੈਸ਼ਲ ਮੈਜਿਸਟਰੇਟ ਬਣਾ ਦਿੱਤਾ ਗਿਆ ਸੀ ।

"16 ਜੁਲਾਈ 1923 ਨੂੰ ਸੰਤਾ ਸਿੰਘ, ਮੁਲਜ਼ਮ ਨੰ: 51 ਨੂੰ ਮੇਰੇ ਸਾਹਮਣੇ ਜਲੰਧਰ ਪੇਸ਼ ਕੀਤਾ ਗਿਆ ਤਾਂ ਜੋ ਉਹ ਇਕਬਾਲੀ ਬਿਆਨ ਦੇ ਸਕੇ । ਸੰਤਾ ਸਿੰਘ ਚੰਗੀ ਤਰ੍ਹਾਂ ਜਾਣਦਾ ਸੀ ਕਿ ਮੈਂ ਮੈਜਿਸਟਰੇਟ ਹਾਂ, ਕਿਉਂਕਿ ਉਹਨੂੰ ਰੀਮਾਂਡ ਦੇਣ ਲਈ ਮੇਰੇ

ਸਾਹਮਣੇ ਪੇਸ਼ ਕੀਤਾ ਜਾਂਦਾ ਰਿਹਾ ਸੀ। ਮੈਂ ਉਹਨੂੰ ਚੰਗੀ ਤਰ੍ਹਾਂ ਸਮਝਾ ਦਿਤਾ ਸੀ ਕਿ 'ਮੈਂ ਅਵਲ ਦਰਜੇ ਦਾ ਮੈਜਿਸਟਰੇਟ ਹਾਂ। ਜਿਹੜਾ ਇਕਬਾਲੀ ਬਿਆਨ ਤੂੰ ਦੇਣ ਲਗਿਆ ਹੈਂ, ਬਤੌਰ ਸ਼ਹਾਦਤ ਇਹ ਤੇਰੇ ਹੀ ਬਰਖ਼ਿਲਾਫ ਵੀ ਵਰਤਿਆ ਜਾ ਸਕੇਗਾ। ਤੇ ਬਿਆਨ ਪੁਲਸ ਦੇ ਦਬਾਅ ਤੋਂ ਬਗ਼ੈਰ ਹੋਣਾ ਚਾਹੀਦਾ ਹੈ। ਆਪਣੀ ਮਰਜ਼ੀ ਨਾਲ, ਬਗ਼ੈਰ ਕਿਸੇ ਦਬਾਅ ਦੇ।' ਬਾਬੂ ਸੰਤਾ ਸਿੰਘ ਨੇ ਕਿਹਾ, ਮੈਨੂੰ ਸਭ ਪਤਾ ਹੈ ਅਤੇ ਮੈਂ ਆਪਣੀ ਮਰਜ਼ੀ ਨਾਲ ਹੀ ਇਕਬਾਲੀ ਬਿਆਨ ਦੇ ਰਿਹਾ ਹਾਂ। ਸੋ ਮੈਂ ਉਹਦੀ ਹੱਥਕੜੀ ਖੁਲ੍ਹਵਾ ਦਿੱਤੀ ਅਤੇ ਪੁਲਸ ਨੂੰ ਆਪਣੇ ਕਮਰੇ ਤੋਂ ਬਾਹਰ ਭੇਜ ਦਿੱਤਾ। ਮੈਂ ਮੁੜ ਉਹਦੇ ਉੱਤੇ ਕਈ ਸਵਾਲ ਕੀਤੇ, ਜਿਨ੍ਹਾਂ ਦਾ ਜਵਾਬ ਉਹ ਬੜੇ ਠਰ੍ਹੰਮੇ ਨਾਲ ਦਿੰਦਾ ਰਿਹਾ। ਆਖ਼ਰ ਮੈਂ ਉਹਦਾ ਇਕਬਾਲੀ ਬਿਆਨ ਲਿਖਣਾ ਸ਼ੁਰੂ ਕਰ ਦਿੱਤਾ ਜਿਹੜਾ 16 ਜੁਲਾਈ ਤੋਂ ਲੈ ਕੇ 23 ਜੁਲਾਈ 1923 ਤੱਕ ਚਲਦਾ ਰਿਹਾ। ਬਾਬੂ ਸੰਤਾ ਸਿੰਘ ਨੂੰ 20 ਜੂਨ 1923 ਨੂੰ ਗਰਿਫ਼ਤਾਰ ਕੀਤਾ ਗਿਆ ਸੀ। ਪੀ ਏ 474, ਬਾਬੂ ਸੰਤਾ ਸਿੰਘ ਦਾ ਇਕਬਾਲੀ ਬਿਆਨ ਮੇਰਾ ਹੀ ਲਿਖਿਆ ਹੋਇਆ ਹੈ। ਕੋਈ ਪੁਲਸ ਅਫ਼ਸਰ ਮੇਰੀ ਅਦਾਲਤ ਵਿਚ ਮੌਜੂਦ ਨਹੀਂ ਸੀ ਹੁੰਦਾ। ਮੈਂ ਅਤੇ ਬਾਬੂ ਸੰਤਾ ਸਿੰਘ ਸਿਰਫ਼ ਦੋਨੋਂ ਹੀ ਹੁੰਦੇ ਸੀ। ਜੋ ਉਹ ਲਿਖਾਉਂਦਾ ਸੀ, ਮੈਂ ਲਿਖੀ ਜਾਂਦਾ ਸੀ। ਸਾਰਾ ਮੇਰੀ ਕਲਮ ਦਾ ਲਿਖਿਆ ਹੋਇਆ ਹੈ। ਜਿਥੇ ਬਿਆਨ ਖ਼ਤਮ ਹੁੰਦਾ ਸੀ, ਮੈਂ ਤਾਰੀਖ਼ ਪਾ ਦਿੰਦਾ ਸੀ ਅਤੇ ਉਸ ਲਿਖੇ ਉਤੇ ਬਾਬੂ ਸੰਤਾ ਸਿੰਘ ਦੇ ਦਸਖ਼ਤ ਕਰਵਾ ਲੈਂਦਾ ਸੀ। ਅਗਲੇ ਦਿਨ ਪਹਿਲਾਂ ਦਿੱਤਾ ਬਿਆਨ ਮੈਂ ਪਹਿਲਾਂ ਸੁਣਾ ਦਿਆ ਕਰਦਾ ਸੀ ਅਤੇ ਅਗਲਾ ਲਿਖਣਾ ਸ਼ੁਰੂ ਕਰਦਾ ਸੀ। ਅਖ਼ੀਰਲੇ ਦਿਨ ਸ਼ੁਰੂ ਤੋਂ ਅਖ਼ੀਰ ਤੱਕ ਮੁੜ ਸਾਰਾ ਬਿਆਨ ਬਾਬੂ ਸੰਤਾ ਸਿੰਘ ਮੁਲਜ਼ਮ ਨੰ: 51 ਨੂੰ ਸੁਣਾ ਦਿਤਾ ਸੀ ਅਤੇ ਅਖ਼ੀਰ ਵਿਚ ਉਹਨੇ ਆਪਣੀ ਰਜ਼ਾਮੰਦੀ ਨਾਲ ਦਸਖ਼ਤ ਕਰ ਦਿੱਤੇ ਸਨ। ਬਾਅਦ ਵਿਚ ਮੈਂ ਤਾਰੀਖ਼ ਪਾ ਕੇ ਆਪਣੇ ਦਸਖ਼ਤ ਕੀਤੇ ਸਨ ਅਤੇ ਮੁਲਜ਼ਮ ਨੂੰ ਵਾਪਸ ਪੁਲਸ ਦੇ ਹਵਾਲੇ ਕਰ ਦਿੱਤਾ ਸੀ।"

ਮੀਆਂ ਜੀ ਹੁਰੀਂ ਜਿਸ ਦਿਨ ਆਪਣਾ ਬਿਆਨ ਖ਼ਤਮ ਕਰ ਚੁੱਕੇ ਸਨ, ਉਹ ਅਤੇ ਮੀਰ ਸਾਹਿਬ ਸਿੱਧੇ ਸਾਡੇ ਕਟਹਿਰੇ ਕੋਲ ਆ ਖੜੋਤੇ। ਭਾਈ ਕਿਸ਼ਨ ਸਿੰਘ ਅਤੇ ਕਰਮ ਸਿੰਘ ਝਿੰਗੜ ਵੀ ਸਾਹਮਣੇ ਆ ਕੇ ਖੜ੍ਹ ਗਏ ਤਾਂ ਮੀਆਂ ਸਾਹਿਬ ਨੇ ਦਸਿਆ ਕਿ "ਭਾਈ ਸਾਹਿਬ ਸਚਾਈ ਇਹ ਹੈ ਕਿ ਜਿਸ ਵੇਲੇ 16 ਜਲਾਈ ਨੂੰ ਬਾਬੂ ਸਾਹਿਬ ਨੂੰ ਮੇਰੇ ਸਾਹਮਣੇ ਇਕਬਾਲ ਲਈ ਲਿਆਂਦਾ ਗਿਆ ਤਾਂ ਮੈਂ ਹੱਕਾ-ਬੱਕਾ ਹੀ ਰਹਿ ਗਿਆ ਸੀ। ਬਾਕੀ ਮੁਲਜ਼ਮਾਂ ਅਤੇ ਵਾਇਦਾ-ਮੁਆਫ਼ਾਂ ਦੇ ਬਿਆਨਾਂ ਤੋਂ ਮੈਨੂੰ ਬਾਬੂ ਸੰਤਾ ਸਿੰਘ ਦੇ ਕਾਰਨਾਮਿਆਂ ਦੀ ਪੂਰੀ ਜਾਣਕਾਰੀ ਮਿਲ ਹੀ ਚੁੱਕੀ ਸੀ। ਜਿਸ ਵੇਲੇ ਬਾਬੂ ਹੁਰੀਂ ਇਕਬਾਲੀਆ ਬਿਆਨ ਦੇਣ ਲਈ ਤਿਆਰ ਹੋਏ ਤਾਂ ਮੈਨੂੰ ਯਕੀਨ ਹੀ ਨਾ ਆਵੇ ਕਿ ਅਜਿਹੀ ਅਚੰਭੇ ਦੀ ਗੱਲ ਹੋ ਸਕਦੀ ਹੈ। ਐਡਾ ਵੱਡਾ ਲੀਡਰ ਆਪਣੇ ਗਲ ਵਿਚ ਆਪ ਹੀ ਫਾਹਾ ਲੈਣ ਲਈ ਕਿਵੇਂ ਰਜ਼ਾਮੰਦ ਹੋ ਸਕਦਾ ਹੈ। ਈਮਾਨ ਦੀ ਗੱਲ ਇਹ ਹੈ ਕਿ ਮੈਂ ਆਪ ਵੀ ਸੱਚੇ ਦਿਲੋਂ ਚਾਹੁੰਦਾ ਸੀ ਕਿ ਉਹ ਹਾਲੇ ਵੀ ਬਿਆਨ ਦੇਣ ਤੋਂ ਇਨਕਾਰ ਕਰ ਦੇਵੇ। ਪਹਿਲੇ ਦਿਨ ਮੈਂ ਪੂਰੀ ਵਾਹ ਲਾਈ ਕਿ ਉਹ ਸਮਝ ਜਾਵੇ ਅਤੇ ਗੱਲਾਂਬਾਤਾਂ ਵਿਚ ਹੀ ਦਿਹਾੜੀ ਲੰਘਾ ਦਿੱਤੀ ਤੇ ਕਿਹਾ ਕਿ ਉਹ ਰਾਤ ਨੂੰ ਸੋਚ ਲਵੇ। ਜੇ ਉਹ ਬਿਲਕੁਲ ਹੀ ਫਾਹਾ ਲੈਣ ਲਈ ਤਿਆਰ ਹੈ ਤਾਂ ਉਹਦੀ ਮਰਜ਼ੀ, ਮੈਂ ਸਵੇਰ ਤੋਂ ਲਿਖਣਾ ਸ਼ੁਰੂ ਕਰ

ਦਿਆਂਗਾ। ਅਗਲੇ ਦਿਨ ਬਾਬੂ ਹੁਰੀਂ ਹੋਰ ਤਾਜ਼ਾ-ਦਮ ਹੋ ਕੇ ਆ ਗਏ। ਮੈਂ ਮਨ ਉੱਤੇ ਪੱਥਰ ਰੱਖ ਕੇ ਲਿਖਣਾ ਸ਼ੁਰੂ ਕਰ ਦਿੱਤਾ। ਆਹ ਪੁਲਸ ਦਾ ਵੱਡਾ ਅਫ਼ਸਰ ਖੜੋਤਾ ਹੈ। ਜਦੋਂ ਤਰਕਾਲਾਂ ਨੂੰ ਮੈਂ ਇਹਨੂੰ ਦਸਿਆ ਤਾਂ ਇਹ ਹੱਸ ਕੇ ਕਹਿਣ ਲੱਗਿਆ, 'ਮੀਆਂ ਸਾਹਿਬ, ਤੁਸੀਂ ਆਪਣਾ ਜ਼ੋਰ ਲਾ ਲਉ, ਜੀਹਦੇ ਉੱਤੇ ਮੇਰਾ ਜਾਦੂ ਅਸਰ ਕਰ ਜਾਵੇ, ਉਹ ਮੇਰੇ ਸ਼ਕੰਜੇ ਵਿਚੋਂ ਭੱਜ ਕੇ ਕਿਤੇ ਨਹੀਂ ਜਾ ਸਕਦਾ'।" ਬਾਬੂ ਸਾਹਿਬ ਨੂੰ ਮੀਆਂ ਜੀ ਨੇ ਆਵਾਜ਼ ਮਾਰੀ ਕਿ ਕੀ ਮੈਂ ਠੀਕ ਕਹਿ ਰਿਹਾ ਹਾ ਜਾਂ ਗ਼ਲਤ। ਉਸ ਵੇਲੇ ਬਾਬੂ ਹੁਰਾਂ ਦੇ ਤਰੇਲੀਆਂ ਛੁੱਟ ਰਹੀਆਂ ਸਨ। ਬੁੱਤ ਬਣੇ ਨੀਵੀਂ ਪਾਈ ਸਾਰੀ ਗੱਲ ਸੁਣਦੇ ਰਹੇ। ਅਸੀਂ ਹੱਕੇ-ਬੱਕੇ ਦੋਹਾਂ ਦੇ ਮੂੰਹਾਂ ਵੱਲ ਝਾਕਦੇ ਰਹੇ।

ਭਾਈ ਕਿਸ਼ਨ ਸਿੰਘ ਹੁਰੀਂ ਤਾਂ ਖ਼ਾਮੋਸ਼ ਹੀ ਰਹੇ। ਪਰ ਕਰਮ ਸਿੰਘ ਝਿੰਗੜ ਨੇ ਕਿਹਾ, "ਮੀਆਂ ਸਾਹਿਬ, ਤੁਹਾਡੀ ਈਮਾਨਦਾਰੀ ਦੀ ਦਾਦ ਤਾਂ ਦੇਣੀ ਪਵੇਗੀ। ਕੋਈ ਗੱਲ ਨਹੀਂ, ਬਾਬੂ ਸਾਹਿਬ ਤੋਂ ਐਵੇਂ ਨਿੱਕੀ ਜਿਹੀ ਗ਼ਲਤੀ ਹੋ ਗਈ ਤਾਂ ਕੋਈ ਗੱਲ ਨਹੀਂ। ਹੁਣ ਜਿਸ ਵੇਲੇ ਸਾਡਾ ਸ਼ੇਰ ਫਾਂਸੀ ਚੜ੍ਹੇਗਾ ਤਾਂ ਅਗਲੀ-ਪਿਛਲੀ ਕਸਰ ਕੱਢ ਦੇਵੇਗਾ। ਬੱਕਰੇ ਦੀ ਮਾਂ ਨੇ ਕਿੰਨਾ ਕੁ ਚਿਰ ਸੁੱਖਾਂ ਮਨਾਉਣੀਆਂ ਸਨ। ਕਦੇ ਨਾ ਕਦੇ ਤਾਂ ਕਸਾਈਆਂ ਦੇ ਵੱਸ ਪੈਣਾ ਹੀ ਸੀ। ਕੋਈ ਗੱਲ ਨਹੀਂ, ਗ਼ਲਤੀ ਕਿਹੜੇ ਇਨਸਾਨ ਤੋਂ ਨਹੀਂ ਹੁੰਦੀ। ਸਾਡੇ ਲੀਡਰ ਤੋਂ ਐਵੇਂ ਸਹਿਵਨ ਹੋ ਗਈ। ਤੁਹਾਡਾ ਸ਼ੁਕਰੀਆ।" ਗੱਲ ਕੀ, ਝਿੰਗੜ ਸਾਹਿਬ ਨੇ ਗੱਲ ਹਾਸੇ ਦੇ ਮਾਹੌਲ ਵਿਚ ਲਿਜਾ ਕੇ ਦੂਜੇ ਪਾਸੇ ਪਾ ਦਿੱਤੀ ਅਤੇ ਮੀਰ ਸਾਹਿਬ ਨਾਲ ਚੁਟਕਲੇਬਾਜ਼ੀ ਸ਼ੁਰੂ ਕਰ ਦਿੱਤੀ, ਜਿਹੜੀ ਰੋਜ਼ ਦੀ ਸਾਧਾਰਨ ਗੱਲ ਬਣ ਚੁੱਕੀ ਸੀ।

ਜਿਸ ਵੇਲੇ ਥਾਣਿਆਂ ਦੀਆਂ ਹਵਾਲਾਤਾਂ ਦੇ ਨਰਕ ਵਿਚੋਂ ਕੱਢ ਕੇ ਸਾਨੂੰ ਜਲੰਧਰ ਦੀ ਜਿਹਲ ਵਿਚ ਲਿਜਾ ਡਕਿਆ ਸੀ ਤਾਂ ਬਾਬੂ ਸੰਤਾ ਸਿੰਘ ਵੀ ਸਾਡੇ ਕੋਲ ਪੁਚਾ ਦਿੱਤੇ ਗਏ। ਉਹਨਾਂ ਦਿਨਾਂ ਵਿਚ ਜਿਸ ਵੇਲੇ ਕੋਈ ਵੀ ਨਵਾਂ ਸਾਥੀ ਸਾਡੇ ਨਾਲ ਆ ਰਲਦਾ ਸੀ, ਸਚਮੁੱਚ ਸਾਨੂੰ ਬੜੀ ਖ਼ੁਸ਼ੀ ਹੁੰਦੀ ਸੀ। ਜਿਸ ਵੇਲੇ ਬਾਬੂ ਸਾਹਿਬ ਪੁਜੇ ਤਾਂ ਅਸੀਂ ਬੜੀ ਗਰਮਜੋਸ਼ੀ ਨਾਲ ਉਹਨਾਂ ਦਾ ਸਵਾਗਤ ਕੀਤਾ। ਉਸ ਵੇਲੇ ਸਾਨੂੰ ਉਹਨਾਂ ਦੀ ਗਰਿਫ਼ਤਾਰੀ ਦੇ ਵੇਰਵਾ ਦਾ ਕੋਈ ਇਲਮ ਨਹੀਂ ਸੀ, ਪਰ ਬਾਬੂ ਸਾਹਿਬ ਪਹਿਲੇ ਬਾਬੂ ਸਾਹਿਬ ਨਹੀਂ ਸਨ ਰਹੇ। ਬਹੁਤ ਗ਼ਮਗੀਨ, ਨਿਮੋਝੂਣੇ, ਜਿਵੇਂ ਪੱਥਰ ਦਾ ਬੁੱਤ ਹੋਵੇ, ਚੁੱਪ-ਚੁਪੀਤੇ, ਹਰ ਵੇਲੇ ਇਕੱਲੇ ਰਹਿਣ ਦੀ ਕੋਸ਼ਿਸ਼ ਕਰਦੇ। ਅਸੀਂ ਚਾਹੀਏ ਕਿ ਬਾਹਰ ਵਾਂਗੂ ਸਾਡੇ ਨਾਲ ਚਾਅ-ਲਾਡ ਕਰਨ ਅਤੇ ਹਲਾ-ਸ਼ੇਰੀ ਦੇਣ। ਪਰ ਉਹ ਹੋਰ ਹੀ ਹੋ ਚੁੱਕੇ ਸਨ।

ਹੁਣ ਮੈਂ ਥੋੜ੍ਹੀ ਜਿਹੀ ਤਫ਼ਸੀਲ ਬਾਬੂ ਸੰਤਾ ਸਿੰਘ ਦੇ ਬਿਆਨ ਦੇ ਨਤੀਜਿਆਂ ਦੀ ਦੇਣੀ ਠੀਕ ਸਮਝਦਾ ਹਾਂ। ਕਈ ਅਜਿਹੇ ਲੁਕੇ ਹੋਏ ਭੇਤ ਨੰਗੇ ਹੋ ਗਏ ਜਿਨ੍ਹਾਂ ਖ਼ਾਤਰ ਮੀਰ ਫ਼ਜ਼ਲ ਇਮਾਮ ਭੰਬਲ-ਭੂਸਿਆਂ ਵਿਚ ਪਿਆ ਹੋਇਆ ਸੀ। ਖਾਸ ਤੌਰ ਉੱਤੇ ਬਬਰਾਂ ਦੀ ਜਿਹਲ ਵਿਚ ਜਿਹੜਾ ਉਮਰ-ਕੈਦੀ ਕੈਦ ਭੁਗਤ ਰਿਹਾ ਸੀ, ਦੀਵਾਨ ਹਿਆਤਪੁਰ ਰੁੜਕੀ ਦੀ ਚੋਂਭੇ ਵਿਚੋਂ ਕਢੀ ਲਾਸ਼, ਜਾਡਲੇ ਦਾ ਡਾਕਾ ਅਤੇ ਕਈ ਹੋਰ ਗੱਲਾਂ ਉਹਦੇ ਬਿਆਨ ਤੋਂ ਬਾਅਦ ਹੀ ਪੁਲਸ ਨੂੰ ਪਤਾ ਲੱਗ ਸਕੀਆਂ ਸਨ। ਇਸੇ ਬਿਆਨ ਦੇ ਨਤੀਜੇ ਵਜੋਂ ਅਨੇਕ ਬਬਰ ਗਰਿਫ਼ਤਾਰ ਹੋਏ।

ਇਹਤੋਂ ਇਲਾਵਾ ਅਨੂਪ ਸਿੰਘ ਵਾਲੀ ਬੰਦੂਕ, ਜੀਹਦਾ ਹੱਥਾ ਟੁੱਟ ਚੁਕਿਆ ਸੀ

ਅਤੇ ਮੁਰੰਮਤ ਲਈ ਕੋਟ ਫਤੂਹੀ ਵਾਲੇ ਮਿਸਤਰੀ ਬਚਿੰਤ ਸਿੰਘ ਨੂੰ ਦਿੱਤੀ ਹੋਈ ਸੀ, ਬਰਾਮਦ ਕਰ ਲਈ ਗਈ। ਇਹੋ ਬਚਿੰਤ ਸਿੰਘ ਗਵਾਹੀ ਦੇਣ ਆਇਆ ਸੀ। ਇਸੇ ਕਰਕੇ ਹਿਆਤਪੁਰ ਰੁੜਕੀ ਦਾ ਰਾਮ ਸਿੰਘ ਵਾਇਦਾ-ਮੁਆਫ਼ ਬਣ ਗਿਆ। ਇਹਨੇ ਅਤੇ ਮੁੜ ਆਸ਼ਾ ਸਿੰਘ ਨੇ ਵਾਇਦਾ-ਮੁਆਫ਼ ਬਣ ਕੇ ਬਬਰਾਂ ਦਾ ਉਮਰ-ਕੈਦੀ ਛੁਡਾ ਦਿੱਤਾ ਸੀ। 14 ਅਗਸਤ ਨੂੰ ਪਿੰਡੋਰੀ ਨਿੱਝਰਾਂ ਵਾਲਾ ਬੂਟਾ ਸਿੰਘ ਡਿਚਕੋਟ ਤੋਂ ਫੜਿਆ ਗਿਆ। 28 ਅਗਸਤ ਨੂੰ ਬਹਿਬਲਪੁਰੀਆ ਬੰਤਾ ਸਿੰਘ, ਪਹਿਲੀ ਸਤੰਬਰ ਨੂੰ ਮਿਲਖਾ ਸਿੰਘ ਮੋਰਾਂਵਾਲੀ, ਬਸੰਤ ਸਿੰਘ ਰੰਧਾਵਾ ਮਸੰਦਾਂ, ਛੱਜਾ ਸਿੰਘ ਮਸਾਣੀਆਂ, ਬਾਵਾ ਸਿੰਘ ਤੇ ਊਧਮ ਸਿੰਘ ਕੌਲਗੜ੍ਹ, ਜਵੰਦ ਸਿੰਘ ਤੇ ਮੁਣਸ਼ਾ ਸਿੰਘ ਸਕੇ ਭਰਾ ਜੌਹਲਾਂ, ਅਮਰ ਸਿੰਘ ਰਾਜੋਵਾਲ, ਪ੍ਰਤਾਪ ਸਿੰਘ ਸਿਆਲਕੋਟੀਆ, ਗਣੇਸ਼ਪੁਰੀਏ ਠਾਕੁਰ ਸਿੰਘ ਤੇ ਵਤਨ ਸਿੰਘ, ਕਿਰਪਾਲ ਸਿੰਘ ਮਲਕਪੁਰ, ਨਰੈਣ ਸਿੰਘ ਚਾਟੀਵਿੰਡ, ਮਾਣ ਸਿੰਘ ਗੁਜਰਾਂਵਾਲਾ, ਡੁਮੇਲੀ ਵਾਲੇ ਦੋਨੋਂ ਕਰਤਾਰ ਸਿੰਘ, ਸੁਰਜਨ ਸਿੰਘ ਤੇ ਚੰਦਾ ਸਿੰਘ, ਮਹਿੰਗਾ ਸਿੰਘ ਤੇ ਬਖਸ਼ੀਸ਼ ਸਿੰਘ ਪਿੰਡੋਰੀ ਨਿੱਝਰਾਂ, ਕਰਤਾਰ ਸਿੰਘ ਗੋਂਦਪੁਰ, ਛੱਜਾ ਸਿੰਘ ਚਾਣਸੂ, ਚੇਂਚਲ ਸਿੰਘ ਸੰਗਤਪੁਰ, ਭਾਨ ਸਿੰਘ ਮਾਂਗਟਾਂ, ਦਲੀਪ ਸਿੰਘ ਮਾਣਕਾਂ, ਜ਼ੈਲਦਾਰ ਬੇਅੰਤ ਸਿੰਘ ਵੱਡਾ ਨੰਗਲ, ਹਰਬੰਸ ਸਿੰਘ ਛੋਟਾ ਸਰਹਾਲਾ, ਜਸਵੰਤ ਸਿੰਘ ਤੇ ਆਤਮਾ ਸਿੰਘ ਸਕੇ ਭਰਾ ਖੁਸਰੋਪੁਰ, ਅੱਗੜ-ਪਿੱਛੇ ਗਰਿਫ਼ਤਾਰ ਕਰ ਲਏ ਗਏ। ਇਹ ਹੈ ਬਾਬੂ ਸੰਤਾ ਸਿੰਘ ਦੇ ਬਿਆਨ ਮੁਤਾਬਿਕ ਗਰਿਫ਼ਤਾਰੀਆਂ ਦਾ ਸਿਲਸਿਲਾ ਅਤੇ ਬਬਰ ਲਹਿਰ ਦੇ ਖ਼ਾਤਮੇ ਦਾ ਆਰੰਭ।

# 59. ਪੁਲਸ ਵੱਲੋਂ 62 ਮੁਲਜ਼ਮਾਂ ਉੱਤੇ ਮੁਕੱਦਮਾ ਚਲਾਉਣ ਦੀ ਤਿਆਰੀ

ਜੁਲਾਈ 1923 ਦੇ ਅਖ਼ੀਰ ਵਿਚ ਸਾਨੂੰ ਥਾਣਿਆਂ ਦੀਆਂ ਹਵਾਲਾਤਾਂ ਵਿਚੋਂ ਕੱਢ ਕੇ ਜਿਹਲ ਵਿਚ ਪੁਚਾਇਆ ਗਿਆ। ਭਾਈ ਕਿਸ਼ਨ ਸਿੰਘ ਨੂੰ ਸਾਡੇ ਜਿਹਲ ਜਾਣ ਤੋਂ ਪਹਿਲਾਂ ਹੀ ਮੀਆਂਵਾਲੀ ਜਿਹਲ ਵਿਚ ਲਿਜਾਇਆ ਜਾ ਚੁਕਿਆ ਸੀ। ਅਸੀਂ 60 ਮੁਲਜ਼ਮ ਇਕੱਠੇ ਹੋ ਚੁੱਕੇ ਸੀ ਅਤੇ ਬਾਕੀ ਵਾਇਦਾ-ਮੁਆਫ਼ ਬਣ ਚੁੱਕੇ ਸਨ। ਸੋ 13 ਅਗਸਤ 1923 ਨੂੰ ਜਿਹਲ ਅੰਦਰ ਸਾਡੇ ਬੇੜੀਆਂ ਜੜਨ ਦਾ ਕੰਮ ਸ਼ੁਰੂ ਹੋ ਗਿਆ ਜਿਹੜਾ ਸ਼ਾਮ ਤੱਕ ਖ਼ਤਮ ਕਰ ਦਿੱਤਾ ਗਿਆ ਅਤੇ ਰਾਤ ਉਤਰਦਿਆਂ ਹੀ ਅੱਠ ਕੁ ਬਜੇ ਸਾਨੂੰ ਦੋ-ਦੋ ਦੇ ਜੁੱਟਾਂ ਵਿਚ ਹੱਥਕੜੀਆਂ ਲਾ ਕੇ ਜਲੰਧਰ ਸਟੇਸ਼ਨ ਵੱਲ ਤੋਰ ਲਿਆ ਗਿਆ। ਸੜਕ ਉੱਤੇ ਚੜ੍ਹਦਿਆਂ ਹੀ ਸਾਡੇ ਆਗੂ ਕਰਮ ਸਿੰਘ ਝਿੰਗੜ ਅਤੇ ਮਾਸਟਰ ਦਲੀਪ ਸਿੰਘ ਗੋਸਲ ਨੇ ਜੈਕਾਰੇ ਗਜਾ ਕੇ ਇਹ ਸ਼ਬਦ ਸ਼ੁਰੂ ਕਰ ਦਿਤਾ : ਸਿਰ ਧਰ ਕੇ ਤਲੀ ਉੱਤੇ ਆ ਜਾ...। ਭਾਈ ਸੁੰਦਰ ਸਿੰਘ ਮਖ਼ਸੂਸਪੁਰੀ ਦੀ ਗੂੰਜਵੀਂ ਸੁਰੀਲੀ ਆਵਾਜ਼ ਨੇ ਜਿਹੜੀ ਕਦੀ ਭਾਈ ਕਿਸ਼ਨ ਸਿੰਘ ਦੇ ਲੈਕਚਰ ਸ਼ੁਰੂ ਹੋਣ ਤੋਂ ਪਹਿਲਾਂ ਪਿੰਡਾਂ ਦੇ ਆਮ ਜਲਸਿਆਂ ਵਿਚ ਗੂੰਜਿਆ ਕਰਦੀ ਸੀ, ਰੰਗ ਬੰਨ੍ਹ ਦਿੱਤਾ।

ਇਹ ਸਾਰੇ ਪਹਿਲਾਂ ਕੈਦ ਦੀ ਸਜ਼ਾ ਮੁਲਤਾਨ ਜਿਹਲ ਵਿਚ ਭੁਗਤ ਰਹੇ ਸਨ ਅਤੇ ਸ਼ਾਜ਼ਿਸ਼ ਦਾ ਭੇਤ ਖੁੱਲ੍ਹਣ ਉੱਤੇ ਜਲੰਧਰ ਲਿਆਂਦੇ ਗਏ ਸਨ। ਸਾਰਾ ਹਾਲ ਪਹਿਲਾਂ ਕਲਮਬੰਦ ਕੀਤਾ ਹੀ ਜਾ ਚੁਕਿਆ ਹੈ। ਸਾਡੇ ਆਲੇ-ਦੁਆਲੇ ਸੰਗੀਨਾਂ ਚਾੜ੍ਹੀ ਲਾਲ ਵਰਦੀਆਂ ਵਾਲੀ ਪੁਲਸ ਮੋਢਿਆਂ ਉੱਤੇ ਪਕੀਆਂ ਰਫ਼ਲਾਂ ਸਜਾਈ ਮਾਰਚ ਕਰ ਰਹੀ ਸੀ। ਬੇੜੀਆਂ ਦਾ ਖੜਾਕ ਅਤੇ ਹੱਥਕੜੀਆਂ ਦੀ ਛਣਕਾਰ, ਸਮਝ ਲਉ, ਰੰਗ ਬੰਨ੍ਹ ਰਹੀ ਸੀ। ਸ਼ਬਦ ਮੁਕਦਿਆਂ ਜੈਕਾਰਿਆਂ ਦੀ ਗੂੰਜ ਸ਼ੁਰੂ ਹੋ ਜਾਂਦੀ। ਕਪੂਰਥਲੇ ਦਾ ਅੱਡਾ, ਮਾਈ ਹੀਰਾਂ ਗੇਟ, ਹੁਸ਼ਿਆਰਪੁਰ ਵਾਲ ਟਾਂਗਿਆਂ ਦਾ ਅੱਡਾ ਅਤੇ ਅਗੋਂ ਰੇਲਵੇ ਸਟੇਸ਼ਨ ਤੱਕ ਬਬਰਾਂ ਦਾ ਜਲੂਸ ਦੇਖਣ ਲਈ ਸਹਿਰੀਏ ਨਰ-ਨਾਰੀ, ਬੱਚੇ-ਬੁੱਢੇ ਆ ਜੁੜੇ ਸਨ। ਲੋਕ ਇਹ ਦੇਖਣ ਲਈ ਉਤਾਵਲੇ ਹੋ ਉੱਠੇ ਸਨ ਕਿ ਉਹ ਕਿਹੋ ਜਿਹੇ ਮਨੁੱਖ ਹਨ ਜਿਨ੍ਹਾਂ ਨੇ ਐਡੀ ਵੱਡੀ ਜੰਮ ਚੁੱਕੀ ਅੰਗਰੇਜ਼ ਸਰਕਾਰ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿਤੀਆਂ ਸਨ, ਕਿਉਂਕਿ ਅਖ਼ਬਾਰਾਂ ਵਿਚ ਨਵੀਆਂ ਗਰਿਫ਼ਤਾਰੀਆਂ ਜਾਂ ਬਾਹਰ

ਹੋ ਰਹੇ ਝੋਲੀ-ਚੁੱਕਾਂ ਦੇ ਕਤਲਾਂ ਦਾ ਜ਼ਿਕਰ ਆਉਂਦਾ ਰਹਿੰਦਾ ਸੀ ਅਤੇ ਹਾਲੇ ਕਾਫ਼ੀ ਬਬਰ ਬਾਹਰ ਸਰਗਰਮ ਸਨ, ਜਿਹੜੇ ਪਹਿਲੀ ਸਤੰਬਰ 1923 ਤੋਂ ਸ਼ਹੀਦ ਹੋਣੇ ਸ਼ੁਰੂ ਹੋਏ ਸਨ। ਪਰ ਉਸ ਵੇਲੇ ਅਜੇ ਉਹ ਚੜ੍ਹਦੀਆਂ ਕਲਾਂ ਵਿਚ ਘੁੰਮ ਰਹੇ ਸਨ ਅਤੇ ਫੌਜ ਪਿੰਡਾਂ ਵਿਚ ਉਹਨਾਂ ਦਾ ਪਿੱਛਾ ਕਰ ਰਹੀ ਸੀ। ਸ਼ਹਿਰਾਂ ਅਤੇ ਪਿੰਡਾਂ ਵਿਚ ਬਬਰਾਂ ਦੀ ਕਥਾ ਘਰ-ਘਰ ਪੁੱਜ ਚੁੱਕੀ ਸੀ। ਸਮਝ ਲਉ, ਇਹ ਸਾਡਾ ਆਖ਼ਰੀ ਜਲੂਸ ਸੀ ਜਿਹੜਾ ਬੇੜੀਆਂ-ਹੱਥਕੜੀਆਂ ਵਿਚ ਜਕੜਿਆਂ ਦਾ ਪੁਲਸ ਦੀਆਂ ਸੰਗੀਨਾਂ ਥੱਲੇ ਨਿਕਲਿਆ ਸੀ।

ਭੀੜ ਨੂੰ ਦੇਖ ਕੇ ਪੁਲਸ ਘਬਰਾ ਗਈ ਸੀ ਕਿ ਕੋਈ ਨਵਾਂ ਬਖੇੜਾ ਨਾ ਖੜ੍ਹਾ ਹੋ ਜਾਵੇ। ਸਾਨੂੰ ਪਲੇਟਫਾਰਮ ਉੱਤੇ ਖੜੇ ਦੋ ਖਾਲੀ ਡੱਬਿਆਂ ਵਿਚ ਲਿਜਾ ਬੰਦ ਕੀਤਾ। ਇਹ ਡੱਬੇ ਕੈਦੀਆਂ ਲਈ ਖ਼ਾਸ ਤੌਰ ਉੱਤੇ ਬਣਾਏ ਹੋਏ ਹੁੰਦੇ ਹਨ। ਤਾਕੀਆਂ ਦੀਆਂ ਬਗਲਾਂ ਤੇ ਲੋਹੇ ਦੀਆਂ ਸੀਖਾਂ ਜੜੀਆਂ ਹੁੰਦੀਆਂ ਹਨ। ਦਰਵਾਜ਼ਿਆਂ ਨੂੰ ਤਾਲੇ ਲਾ ਕੇ ਪੁਲਸ ਨੇ ਸੁਖ ਦਾ ਸਾਹ ਲਿਆ ਸੀ। ਜਿਸ ਵੇਲੇ ਰੇਲ ਆਈ, ਦੋਨੋਂ ਡੱਬੇ ਉਹਦੇ ਨਾਲ ਜੋੜ ਦਿੱਤੇ ਅਤੇ ਦਿਨ ਚੜ੍ਹਦਿਆਂ ਅਸੀਂ ਲਾਹੌਰ ਦੇ ਰੇਲਵੇ ਸਟੇਸ਼ਨ ਉੱਤੇ ਜਾ ਉੱਤਰੇ। ਰਾਤ ਦੇ ਉਨੀਂਦਰੇ ਨੇ ਜੋਸ਼ ਤਾਂ ਮੱਠਾ ਕਰ ਹੀ ਦੇਣਾ ਸੀ, ਕਿਉਂਕਿ ਸਾਰੀ ਰਾਤ ਬਹਿ ਕੇ ਹੀ ਉਂਘਲਾਉਂਦਿਆਂ ਲੰਘਾਈ ਸੀ। ਦੋ-ਦੋ ਦੇ ਹੱਥਕੜੀ ਲਗੀ ਹੋਣ ਕਰਕੇ ਸੌਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਲਾਹੌਰ ਪੁੱਜ ਕੇ ਪੁਲਸ ਨੇ ਜਲੰਧਰ ਵਾਲੀ ਗ਼ਲਤੀ ਨਹੀਂ ਸੀ ਕੀਤੀ ਕਿ ਪੈਦਲ ਤੋਰ ਕੇ ਜਿਹਲ ਨੂੰ ਲੈ ਜਾਂਦੀ। ਉਹੋ ਜਲੰਧਰ ਵਾਲੇ ਜੈਕਾਰੇ ਲਾਹੌਰ ਦੀਆਂ ਸੜਕਾਂ ਉੱਤੇ ਗੂੰਜ ਉਠਣੇ ਸਨ। ਸੋ ਸਾਨੂੰ ਪਹਿਲਾਂ ਹੀ ਤਿਆਰ ਖੜ੍ਹੀਆਂ ਲਾਰੀਆਂ ਅੰਦਰ ਲਿਜਾ ਡੱਕਿਆ ਅਤੇ ਲਾਰੀਆਂ ਦੀ ਪਿੱਠ ਜਿਹਲ ਦੇ ਵੱਡੇ ਗੇਟ ਨਾਲ ਲਾ ਕੇ ਵਾਰ-ਵਾਰੀ ਡਿਉਢੀ ਵਿਚ ਉਤਾਰ ਤੇ ਅਗਲਾ, ਅੰਦਰਲਾ ਗੇਟ ਲੰਘਾ ਜਿਹਲ ਦੀ ਕੰਧ ਨਾਲ ਲਿਜਾ ਬਿਠਾਇਆ। ਸਾਡੇ ਨਾਂ-ਪਤੇ ਬਾਕਾਇਦਾ ਰਜਿਸਟਰ ਉੱਤੇ ਦਰਜ ਕਰ ਲਏ ਗਏ। ਪੂਰੀ ਗਿਣਤੀ ਕਰ ਲੈਣ ਪਿਛੋਂ ਦਰੋਗਾ ਖ਼ੈਰ ਦੀਨ, ਜੀਹਨੂੰ ਬਾਅਦ ਵਿਚ ਅਸੀਂ ਕਹਿਰ ਦੀਨ ਸੱਦਣ ਲੱਗ ਪਏ ਸੀ, ਦੁੱਧ ਵਰਗੀ ਚਿੱਟੀ ਤੁਰੱਰੇਦਾਰ ਪੱਗ, ਕਮੀਜ਼ ਅਤੇ ਸਲਵਾਰ ਪਹਿਨੀਂ ਸਾਡੇ ਦੁਆਲੇ ਚੱਕਰ ਲਾਉਂਦਾ ਰਿਹਾ। ਬੜੀ ਮੜਕ ਅਤੇ ਆਕੜ ਦਾ ਮੁਜ਼ਾਹਰਾ ਕਰਦਾ ਅਤੇ ਮਾਤਹਿਤਾਂ ਉੱਤੇ ਹਮਕੋ-ਤੁਮਕੋ ਕਰਦਾ ਇਸ਼ਾਰਿਆਂ-ਇਸ਼ਾਰਿਆਂ ਨਾਲ ਸਾਨੂੰ ਸਮਝਾ ਰਿਹਾ ਸੀ ਕਿ ਅਗੋਂ ਤੁਹਾਡਾ ਵਾਹ ਕੀਹਦੇ ਨਾਲ ਪੈਣ ਵਾਲਾ ਹੈ। ਉਸ ਵੇਲੇ ਅਸੀਂ ਬਿਲਕੁਲ ਨਿਢਾਲ ਹੋਏ ਬੈਠੇ ਸੀ। ਥਕੇਵਾਂ ਅਤੇ ਉਨੀਂਦਰਾ ਬੰਦੇ ਨੂੰ ਵੈਸੇ ਹੀ ਅਧ-ਮੋਇਆ ਕਰ ਛਡਦਾ ਹੈ। ਉਸ ਵੇਲੇ ਸਾਨੂੰ ਇਸ ਗੱਲ ਦਾ ਕੋਈ ਅਹਿਸਾਸ ਨਹੀਂ ਸੀ ਹੋਇਆ ਕਿ ਦਰੋਗਾ ਕੀ ਨਾਟਕ ਕਰ ਰਿਹਾ ਹੈ। ਇਹ ਤਾਂ ਬਾਅਦ ਵਿਚ ਸਮਝ ਆਈ ਸੀ, ਜਿਸ ਵੇਲੇ ਸਾਨੂੰ ਬੈਰਕ ਵਿਚ ਲਿਜਾ ਡੱਕਿਆ ਅਤੇ ਸਾਡੇ ਉੱਤੇ ਖ਼ਾਸ ਤੌਰ ਉੱਤੇ ਪਹਿਲਾਂ ਹੀ ਤਿਆਰ ਕਰਕੇ ਰੱਖੇ ਹੋਏ ਲੰਬੜਦਾਰ ਲਾਏ ਗਏ।

ਜਿਹਲ ਅੰਦਰ ਇਕ ਹੋਰ ਜਿਹਲ ਸਾਡੇ ਲਈ ਖਾਸ ਤੌਰ ਉੱਤੇ ਪਹਿਲਾਂ ਹੀ ਤਿਆਰ ਕਰਵਾ ਲਈ ਗਈ ਸੀ। ਲਾਹੌਰ ਜਿਹਲ ਦੀਆਂ ਬੈਰਕਾਂ ਦੁਆਲੇ ਵੱਡੇ-ਵੱਡੇ ਦਸ-ਦਸ ਫੁੱਟੇ ਲੋਹੇ ਦੀਆਂ ਸੀਖਾਂ ਵਾਲੇ ਜੰਗਲੇ ਤਕਰੀਬਨ ਛੇ-ਛੇ ਇੰਚ ਦੀ ਦੂਰੀ

ਵਾਲੀਆਂ ਮੋਟੀਆਂ ਸੀਖਾਂ ਵਾਲੇ ਦੋ-ਦੋ ਫੁੱਟ ਉੱਚੀ ਕੰਧ ਵਿਚ ਲਗੇ ਹੋਏ ਸਨ। ਘੱਟੋ ਘੱਟ 16 ਬੈਰਕਾਂ ਦਾ ਨੰਬਰ ਤਾਂ ਅੱਜ ਤੱਕ ਯਾਦ ਹੈ। 14 ਨੰਬਰ ਸਿਰਫ਼ ਫ਼ਾਂਸੀ ਵਾਲਿਆਂ ਲਈ ਰੀਜਰਵ ਸੀ, ਜੀਹਦਾ ਜ਼ਿਕਰ ਅਗੇ ਜਾ ਕੇ ਆਉਣਾ ਹੀ ਹੈ। ਸਾਡੀ ਬੈਰਕ ਦਾ ਨੰਬਰ ਦੋ ਸੀ, ਜੀਹਦੀਆਂ ਸੀਖਾਂ ਵਿਚ ਕੱਚੀ ਮਿੱਟੀ ਦੀਆਂ ਇੱਟਾਂ ਜੜ ਕੇ ਵਖਰੀ ਚਾਰ-ਦੀਵਾਰੀ ਦੀ ਸ਼ਕਲ ਦੇ ਦਿੱਤੀ ਗਈ ਸੀ। ਜ਼ਮੀਨ ਤੋਂ ਤਿੰਨ ਕੁ ਫ਼ੁੱਟ ਉੱਚੀ ਅਤੇ ਕੋਈ ਤਿੰਨ ਕੁ ਫੁੱਟ ਚੌੜੀ ਅਤੇ ਪੰਜ ਕੁ ਫੁੱਟ ਉੱਚੀ ਲੋਹੇ ਦੀ ਬੜੀ ਮਜਬੂਤ ਤਾਕੀ ਜੜੀ ਹੋਈ ਸੀ ਤੇ ਅੰਦਰ ਦੋ ਬਾਰਕਾਂ ਚੜ੍ਹਦੇ-ਲਹਿੰਦੇ ਦੀ ਸ਼ਕਲ ਦੀਆਂ ਸਨ। ਉਹਨਾਂ ਵਿਚ ਹਰ ਜੰਗਲੇ ਨਾਲ ਇਕ ਕੱਚੀ ਮਿੱਟੀ ਦਾ ਥੜ੍ਹਾ, ਜੀਹਨੂੰ ਜਿਹਲ ਦੀ ਖੱਡੀ ਕਿਹਾ ਜਾਂਦਾ ਹੈ, ਹਰ ਕੈਦੀ ਦੇ ਸੌਣ ਲਈ ਸੀ। ਖੱਡੀ ਤੋਂ ਖੱਡੀ ਦਾ ਫ਼ਾਸਲਾ ਬਹੁਤ ਥੋੜ੍ਹਾ ਸੀ। ਉੱਤੇ ਮੁੰਜ ਦੀ ਮੋਟੀ ਸਫ਼ ਵਿਛੀ ਹੋਈ ਸੀ। ਅਸੀਂ ਜਾ ਡੇਰੇ ਲਾਏ ਅਤੇ ਹੱਥਕੜੀ ਤੋਂ ਨਜਾਤ ਹਾਸਲ ਹੋਈ। ਬੈਰਕਾਂ ਦੇ ਦੱਖਣ ਵੱਲ ਖੁੱਲ੍ਹਾ ਵਿਹੜਾ ਅਤੇ ਉੱਤਰ ਵੱਲ ਅੱਧੇ ਵਿਚ ਟੱਟੀਆਂ ਤੇ ਅੱਧੇ ਵਿਚ ਨ੍ਹਾਉਣ ਲਈ ਥਾ ਸੀ। ਸਾਡੀ ਬੈਰਕ ਦੇ ਲਹਿੰਦੇ ਪਾਸੇ ਕੋਈ 50 ਕੁ ਗਜ਼ ਉੱਤੇ ਫ਼ਾਂਸੀ ਵਾਲਾ ਖੂਹ, ਲਹਿੰਦੇ-ਚੜ੍ਹਦੇ ਬੜੇ ਮਜ਼ਬੂਤ ਗਾਡਰ ਤੇ ਦੋਹਾਂ ਵਿਚਕਾਰ ਇਕ ਚੰਗੀ ਬਾਂਹ ਵਰਗੀ ਮੋਟੀ ਲੋਹੇ ਦੀ ਲੱਠ; ਦੱਖਣ ਵੱਲ ਫ਼ਾਸੀ ਦੀਆਂ ਕੋਠੀਆਂ ਦੀਆਂ ਲਹਿੰਦੇ-ਚੜ੍ਹਦੇ ਦੋ ਕਤਾਰਾਂ ਅਤੇ ਲੋਹੇ ਦਾ ਇਕ 6 ਫੁੱਟ ਉੱਚਾ ਅਤੇ 4 ਫੁੱਟ ਚੌੜਾ ਮਜ਼ਬੂਤ ਦਰਵਾਜ਼ਾ ਸੀ।

ਸਾਰੀਆਂ ਬੈਰਕਾਂ ਦੇ ਬਿਲਕੁਲ ਦਰਮਿਆਨ ਇਕ ਬਹੁਤ ਉੱਚਾ ਬੁਰਜ ਸੀ, ਜਿਸ ਉੱਤੇ ਚੌਵੀ ਘੰਟੇ ਇਕ ਲੰਬੜਦਾਰ ਦੀ ਪਹਿਰਾ ਦੇਣ ਦੀ ਡਿਊਟੀ ਹੁੰਦੀ ਸੀ। ਉਹ ਬੜੀ ਉੱਚੀ ਆਵਾਜ਼ ਵਿਚ ਰਾਤ ਦੇ ਨੌਂ ਬਜੇ ਤੋਂ ਸ਼ੁਰੂ ਕਰਦਾ—ਇਕ ਨੰਬਰ। ਤੇ ਬੈਰਕ ਦੇ ਪਹਿਰੇ ਵਾਲਾ ਲੰਬੜਦਾਰ ਉੱਤਰ ਵਿਚ ਓਨੀਂ ਹੀ ਉੱਚੀ ਆਵਾਜ਼ ਵਿਚ ਦਸਦਾ—ਸਭ ਅੱਛਾ। ਇਸੇ ਤਰ੍ਹਾਂ ਸੋਲਾਂ ਨੰਬਰ ਪੂਰੇ ਕਰਕੇ ਅੱਧਾ ਘੰਟਾ ਛੁੱਟੀ ਦਾ ਮਨਾਇਆ ਜਾਂਦਾ। ਮੁੜ ਉਹੋ ਗੱਲ ਦੁਹਰਾਈ ਜਾਂਦੀ। ਇਹੋ ਗੱਲ ਦਿਨ ਚੜ੍ਹੇ ਤਕ ਚਲਦੀ ਰਹਿੰਦੀ।

ਇਹ ਹੈ ਸੰਖੇਪ ਜੇਹੀ ਲਾਹੌਰ ਸੈਂਟਰਲ ਜਿਹਲ ਦੀ ਝਾਕੀ। ਜੇ ਕਦੇ ਜਿਹਲ ਵਿਚ ਗੜਬੜ ਹੋ ਜਾਵੇ, ਇਸੇ ਬੁਰਜ ਉੱਤੇ ਚੜ੍ਹ ਕੇ ਜਿਹਲ ਦੇ ਅਧਿਕਾਰੀ ਅਲਾਰਮ ਦਿਆ ਕਰਦੇ ਸਨ। ਬਾਹਰੋਂ ਪੁਲਸ ਦੀਆਂ ਗਾਰਦਾਂ ਚੁਕੰਨੀਆਂ ਹੋ ਕੇ ਜਿਹਲ ਘੇਰ ਲਿਆ ਕਰਦੀਆਂ ਸਨ। ਵੱਡੇ ਅਫ਼ਸਰ ਹਾਲਤ ਉੱਤੇ ਕਾਬੂ ਪਾਉਣ ਲਈ ਪੁਲਸ ਦੀ ਮਦਦ ਲਿਆ ਕਰਦੇ ਸਨ। ਜ ਵਾਰਡਰਾਂ ਨਾਲ ਕੰਮ ਸਾਰ ਲਿਆ ਜਾਂਦਾ ਸੀ। ਅੱਗੇ ਜਾ ਕੇ ਇਹ ਸਾਰੀਆਂ ਗੱਲਾਂ ਆਉਣੀਆਂ ਹੀ ਹਨ, ਜਿਸ ਵੇਲੇ ਮੈਂ ਸਜ਼ਾ ਕੱਟ ਰਹੇ ਬਬਰਾਂ ਦੇ ਕਾਰਨਾਮੇ ਲਿਖਣੇ ਸ਼ੁਰੂ ਕਰਾਂਗਾ।

ਇਕ ਤਾਂ ਸਰਕਾਰ ਨੇ ਸਾਡੇ ਉੱਤੇ ਸਾਰੇ ਪੰਜਾਬ ਵਿਚੋਂ ਛਾਂਟਵਾਂ ਦਰੋਗਾ ਖ਼ੈਰ ਦੀਨ (ਕਹਿਰ ਦੀਨ) ਲਾਇਆ। ਉਹ ਜਾਤ ਦਾ ਅਰਾਈਂ ਸੀ। ਇਹ ਵੀ ਕੁਦਰਤ ਦੀ ਇਕ ਖੇਡ ਹੀ ਸਮਝੋ ਕਿ ਸਾਡੇ ਉੱਤੇ ਲਾਏ ਗਏ ਦੋਵਾਂ ਅਫ਼ਸਰਾਂ, ਇਕ ਮੀਰ ਫ਼ਜ਼ਲ ਇਮਾਮ, ਕਸਾਈਆਂ ਦੇ ਪੀਰ ਅਤੇ ਦੂਜੇ ਇਸ ਕਹਿਰ ਦੀਨ, ਦੀ ਔਲਾਦ ਏਨੀਂ ਨੇਕ ਨਿਕਲੀ, ਜਿੰਨੇ ਇਹ ਦੋਨੋਂ ਜ਼ਹਿਰ ਦੀਆਂ ਗੰਦਲਾਂ ਸਨ। ਮੀਰ ਸਾਹਿਬ ਦੇ

ਲੜਕੇ ਅਫ਼ਜ਼ਾਲ ਬਾਬਤ ਪੂਰੀ ਤਫ਼ਸੀਲ ਦਿੱਤੀ ਜਾ ਚੁੱਕੀ ਹੈ। ਖ਼ੈਰ ਦੀਨ ਦਾ ਲੜਕਾ ਦਰੋਗਾ ਜਿਹਲ ਹੀ ਬਣਿਆ ਸੀ। ਉਹ ਬਬਰਾਂ ਦੀ ਇੱਜ਼ਤ ਆਪਣੇ ਬਾਪ ਦੀ ਇੱਜ਼ਤ ਤੋਂ ਵੀ ਵੱਧ ਕਰਦਾ ਸੀ। ਮੈਨੂੰ ਬਬਰ ਕਰਤਾਰ ਸਿੰਘ ਨੇ ਦਸਿਆ ਹੈ ਕਿ "ਜਿਸ ਵੇਲੇ ਮੈਂ ਅੰਬਾਲਾ ਜਿਹਲ ਵਿਚ ਸਜਾ ਭੁਗਤ ਰਿਹਾ ਸੀ ਤਾਂ ਮੇਰੇ ਨਾਲ ਚਾਰ-ਪੰਜ ਬੰਗਾਲੀ ਲੜਕੇ, ਇਕ-ਦੋ ਯੂਪੀ ਦੇ ਅਤੇ ਕੁਝ ਬਿਹਾਰੀ ਵੀ ਸਨ ; ਕੁੱਲ ਦਸ ਸਨ। ਖ਼ੈਰ ਦੀਨ ਦਾ ਲੜਕਾ ਦਰੋਗਾ ਸੀ। ਜਿਸ ਵੇਲੇ ਮੈਂ ਅੰਬਾਲੇ ਜਿਹਲ ਵਿਚ ਪੁੱਜਿਆ ਤਾਂ ਮੈਨੂੰ ਮਿਲ ਕੇ ਉਹਨੇ ਆਪ ਦੱਸਿਆ ਕਿ 'ਮੈਂ ਉਸੇ ਖ਼ੈਰ ਦੀਨ ਦਾ ਲੜਕਾ ਹਾਂ, ਜਿਹੜਾ ਤੁਹਾਡੀਆਂ ਕਹਾਣੀਆਂ ਘਰ ਆ ਕੇ ਸੁਣਾਇਆ ਕਰਦਾ ਸੀ ਕਿ ਮੈਂ ਅੱਜ-ਕੱਲ੍ਹ ਇਹੋ ਜਿਹੇ ਖਤਰਨਾਕ ਬੰਦਿਆਂ ਉੱਤੇ ਲਗਿਆ ਹੋਇਆ ਹਾਂ, ਜਿਨ੍ਹਾਂ ਨੇ ਅੰਗਰੇਜ਼ਾਂ ਦੀ ਹਕੂਮਤ ਇਕ ਤਰ੍ਹਾਂ ਨਾਲ ਖ਼ਤਮ ਕਰ ਦਿੱਤੀ ਸੀ। ਮੈਂ ਕਈ ਵਾਰ ਜ਼ਿੱਦ ਕਰਕੇ ਦੂਰੋਂ ਖੜ੍ਹਾ ਤੁਹਾਨੂੰ ਦੇਖਿਆ ਕਰਦਾ ਸੀ। ਜਿਸ ਦਿਨ ਛੇ ਬਬਰ ਫਾਂਸੀ ਲਗੇ ਸਨ, ਅਸੀਂ ਭੈਣ-ਭਰਾ ਲੁਕ ਕੇ ਬੜਾ ਰੋਏ ਸੀ। ਹੁਣ ਤੈਨੂੰ ਦੇਖ ਕੇ ਏਨੀਂ ਖ਼ੁਸ਼ੀ ਹੋਈ ਹੈ ਕਿ ਸਾਰੀ ਬੀਤੀ ਕਹਾਣੀ ਯਾਦ ਆ ਗਈ ਹੈ।' ਸਾਨੂੰ ਦਸਾਂ ਹੀ ਸਿਆਸੀ ਕੈਦੀਆਂ ਨੂੰ ਖੁੱਲ੍ਹੀ ਛੁੱਟੀ ਮਿਲ ਗਈ ਸੀ। ਜਿਧਰ ਮਰਜ਼ੀ ਘੁੰਮੀਏ ਅਤੇ ਸਾਡੀ ਖ਼ੁਰਾਕ ਵੀ ਅਲਹਿਦਾ ਬਣਨ ਲੱਗ ਪਈ ਸੀ। ਬੰਗਾਲੀਆਂ ਲਈ ਚੌਲ-ਮੱਛੀ ਅਤੇ ਮੇਰੇ ਲਈ ਪੰਜਾਬੀ ਖਾਣਾ।"

ਕਰਤਾਰ ਸਿੰਘ ਅੱਜ ਵੀ ਜਦੋਂ ਕਿਤੇ ਗੱਲ ਛਿੜ ਪਏ ਤਾਂ ਉਸ ਲੜਕੇ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹ ਦਿੰਦਾ ਹੈ। ਗੱਲ ਕੀ, ਗੰਦੇ ਛੱਪੜ ਵਿਚ ਇਹ ਦੋ ਕੰਵਲ ਦੇ ਫੁੱਲ ਗਿਣੇ ਜਾ ਸਕਦੇ ਹਨ।

ਸਾਡੇ ਲਾਹੌਰ ਜਿਹਲ ਵਿਚ ਪੁੱਜਣ ਤੋਂ ਪਹਿਲਾਂ ਹੀ ਦਰੋਗੇ ਖ਼ੈਰ ਦੀਨ ਨੇ ਜਿਹਲ ਦੇ ਕਾਲੀ-ਪੀਲੀ ਵਰਦੀ ਵਾਲੇ ਲੰਬੜਦਾਰਾਂ ਦਾ ਇਕੱਠ ਕੀਤਾ ਅਤੇ ਕਿਹਾ ਕਿ ਉਹਨੂੰ ਅਜਿਹੇ ਦੋ ਲੰਬੜਦਾਰਾਂ ਦੀ ਜ਼ਰੂਰਤ ਹੈ, ਜਿਹੜੇ ਭਰੀ ਸਭਾ ਵਿਚ ਇਹ ਗੱਲ ਕਹਿਣ ਕਿ ਅਸੀਂ ਹਰਾਮ ਦੇ ਹਾਂ, ਸਾਡਾ ਨਾ ਤਾਂ ਕੋਈ ਗੁਰ-ਪੀਰ ਹੈ ਅਤੇ ਨਾ ਹੀ ਅਸੀਂ ਕਿਸੇ ਕੈਦੀ ਨਾਲ ਹਮਦਰਦੀ ਰੱਖਾਂਗੇ, ਜਿੰਨੀ ਵੀ ਤੰਗੀ ਦਿੱਤੀ ਜਾ ਸਕੇ, ਦਿਆਂਗੇ, ਵਗੈਰਾ ਵਗੈਰਾ। ਸੋ ਦੋ ਲੰਬੜਦਾਰ ਵਲੀ ਦਾਦ ਪੀਲੀ ਵਰਦੀ ਅਤੇ ਅੰਮ੍ਰਿਤਸਰ ਦਾ ਬਾਵਾ ਕਾਲੀ ਵਰਦੀ ਸਾਹਮਣੇ ਆਏ। ਇਕ ਪਸ਼ੌਰ ਵੱਲ ਦਾ ਮੁਸਲਮਾਨ, ਦੂਜਾ ਅੰਮ੍ਰਿਤਸਰ ਦਾ ਹਿੰਦੂ। ਸਮਝ ਲਉ, ਇਕ ਰਿੱਛ ਤੇ ਦੂਜਾ ਬਿਲਕੁਲ ਬਾਂਦਰ, ਨਚੂੰ-ਨਚੂੰ ਕਰਦਾ। ਉਹਨਾ ਨੇ ਕਿਹਾ, 'ਅਸੀਂ ਹਰਾਮ ਦੇ ਹਾਂ। ਸਾਡੀ ਜਿਥੇ ਡਿਊਟੀ ਲਾਈ ਜਾਵੇਗੀ, ਨਿਭਾਵਾਂਗੇ।' ਸੋ ਇਹੋ ਦੋਨੋਂ ਹਰਾਮ ਦੇ ਕਹਾਉਣ ਵਾਲੇ ਲੰਬੜਦਾਰ ਸਾਡੀ ਬੈਰਕ ਉੱਤੇ ਪਹਿਰਾ ਦੇਣ ਦੀ ਡਿਊਟੀ ਉੱਤੇ ਲਾ ਦਿੱਤੇ ਗਏ। ਵਲੀ ਦਾਦ ਦੀ ਸ਼ਕਲ ਅੱਜ ਵੀ ਉਸੇ ਤਰ੍ਹਾਂ ਸਾਹਮਣੇ ਖੜੋਤੀ ਦਿਸ ਰਹੀ ਹੈ। ਸੀ ਤਾਂ ਬੁਢਾਪੇ ਵਿਚ ਢਲ ਚੁੱਕਿਆ, ਪਰ ਅੱਵਲ ਦਰਜੇ ਦਾ ਉਜੱਡ। ਹਮੇਸ਼ਾ ਸੰਘ ਪਾੜ ਕੇ ਬੋਲਣ ਵਾਲਾ। ਖ਼ੂੰਖਾਰ ਚਿਹਰਾ ਅਤੇ ਭਿਆਨਕ ਤੋਂ ਭਿਆਨਕ ਸ਼ਕਲਾਂ ਬਣਾ ਕੇ ਸਾਨੂੰ ਨਿਆਣਿਆਂ ਨੂੰ ਡਰਾਉਣ ਵਾਲਾ। ਸਾਖ਼ਿਆਤ ਰਿੱਛ। ਤੇ ਦੂਜਾ ਝਪਟ ਕੇ ਨਹੁੰਦਰਾਂ ਮਾਰਨ ਵਾਲਾ ਅਤੇ ਦੰਦੀਆਂ ਕਰੀਚ-ਕਰੀਚ ਪੈਣ ਵਾਲਾ ਅਸਲੀ ਬਾਂਦਰ, ਹਮੇਸ਼ਾ ਟਪੂਸੀਆਂ ਮਾਰਦਾ ਸਾਡੇ

ਆਲੇ-ਦੁਆਲੇ ਗੇੜੇ ਕਢਦਾ ਰਹਿੰਦਾ ਸੀ। ਇਹ ਹੈ ਨਿਕੀ ਜਿਹੀ ਝਾਕੀ ਲਾਹੌਰ ਜਿਹਲ ਵਿਚ ਪੁੱਜਣ ਵੇਲੇ ਦੀ।

ਅਸੀਂ ਬੇੜੀਆਂ ਵਿਚ ਜਕੜੇ ਹੋਏ ਬੈਰਕ ਦੋ ਵਿਚ ਲਿਜਾ ਡੱਕੇ ਗਏ। ਪਹਿਲਾਂ-ਪਹਿਲਾਂ ਬੇੜੀਆਂ ਲੱਗੀਆਂ ਨਾਲ ਖੱਡੀਆਂ ਉੱਤੇ ਸੌਣਾ ਸਾਡੇ ਲਈ ਮੁਸੀਬਤ ਬਣ ਗਿਆ ਸੀ। ਪਾਸਾ ਲੈਣ ਲਗਿਆਂ ਕਈ ਵਾਰ ਦੋਹਾਂ ਖੱਡੀਆਂ ਦੇ ਦਰਮਿਆਨ ਭੁੰਜੇ ਡਿਗ ਪੈਣਾ। ਬੇੜੀ ਦਾ ਉਲਝ ਕੇ ਇਕ ਲਤ ਥੱਲੇ ਅਤੇ ਦੂਜੀ ਦਾ ਉੱਤੇ ਉੜੰਗੇ ਜਾਣਾ ਜਾਨ ਕੱਢ ਦਿੰਦਾ ਸੀ। ਦੂਜੇ ਸਾਥੀਆਂ ਵਿਚੋਂ ਦੋ ਨੇ ਫੜ ਕੇ ਉਤਾਂਹ ਚੁੱਕਣਾ ਅਤੇ ਤੀਜੇ ਨੇ ਡੰਡੇ ਸਿੱਧੇ ਕਰਨੇ, ਤਾਂ ਜਾ ਕੇ ਸਾਹ ਵਿਚ ਸਾਹ ਆਉਣਾ। ਡਿਗਦੇ ਸਾਰ ਲੱਤਾਂ ਉੜੰਗੀਆਂ ਜਾਣ ਉੱਤੇ ਚੀਕਾਂ ਨਿੱਕਲ ਜਾਂਦੀਆਂ ਸਨ। ਖੱਡੀਆਂ ਦੀ ਵਿੱਥ ਬਹੁਤ ਹੀ ਥੋੜ੍ਹੀ ਸੀ। ਵਿਚਕਾਰ ਫਸ ਜਾਣ ਕਰਕੇ, ਸਮਝ ਲਉ, ਦਮ ਘੁੱਟਣ ਤੱਕ ਨੌਬਤ ਪੁੱਜ ਜਾਂਦੀ ਸੀ। ਜ਼ਿਆਦਾ ਹਾਦਸਾ ਸਾਡੇ ਨਿਆਣਿਆਂ ਨਾਲ ਹੀ ਵਾਪਰਦਾ ਸੀ। ਪਰ ਸਹਿਜੇ-ਸਹਿਜੇ ਖੱਡੀ ਉੱਤੇ ਸੌਣ ਦੀ ਜਾਚ ਆ ਗਈ ਸੀ। ਪਾਸਾ ਥਾਂ ਦੇ ਥਾਂ ਹੀ ਲੈਣਾ ਪੈਂਦਾ ਸੀ। ਨਿਆਣੀ ਉਮਰ ਦੀ ਨੀਂਦ ਹੀ ਮੁਸੀਬਤ ਦਾ ਕਾਰਨ ਬਣ ਜਾਂਦੀ ਸੀ।

ਸਾਨੂੰ ਸਵੇਰੇ ਵਾਰੀ-ਵਾਰੀ ਬੈਰਕ ਵਿਚੋਂ ਟੱਟੀ-ਪਿਸ਼ਾਬ ਕਰਨ ਅਤੇ ਨ੍ਹਾਉਣ ਲਈ ਕਢਿਆ ਜਾਂਦਾ ਸੀ। ਪਹਿਲਾਂ ਇਕ ਬੈਰਕ ਵਾਲਿਆਂ ਨੂੰ ਅਤੇ ਮੁੜ ਦੂਜੀ ਵਾਲਿਆਂ ਨੂੰ। ਤੇ ਫੇਰ ਰੋਟੀ ਖਾਣ ਲਈ ਬਾਹਰ ਵਿਹੜੇ ਵਿਚ ਆਪਣੇ-ਆਪਣੇ ਬਾਟੇ ਲੈ ਕੇ ਕਤਾਰ ਵਿਚ ਬੈਠਣਾ ਪੈਂਦਾ ਸੀ। ਲਾਂਗਰੀ ਦੋ ਰੋਟੀਆਂ ਅਤੇ ਕੜਛਾ ਦਾਲ ਜਾਂ ਕੁਲਫ਼ੇ ਦਾ ਪਾਈ ਜਾਂਦੇ ਸਨ। ਇਥੇ ਜੇ ਜਿਹਲ ਦੀ ਰੋਟੀ ਦਾ ਜ਼ਿਕਰ ਕਰ ਦਿਆਂ ਤਾਂ ਠੀਕ ਹੀ ਰਹੇਗਾ। ਰੋਟੀ ਛੋਲਿਆਂ ਦੀ ਕੱਚੀ-ਭੁੰਨੀ, ਅਧ-ਮੱਚੀ ਅਤੇ ਕਿਰਕ ਦੀ ਭਰੀ ਹੋਈ ਹੁੰਦੀ ਸੀ। ਲੋਹ ਗਰਮ ਕਰਕੇ ਰੋਟੀ ਉੱਤੇ ਸੁੱਟ ਫਟਾ-ਫਟ ਉਲਟ ਕੇ ਬਾਹਰੋਂ ਅਧ-ਮੱਚੀ, ਪਰ ਅੰਦਰੋਂ ਕੱਚੀ ਰੱਖੀ ਜਾਂਦੀ ਸੀ। ਰੋਟੀ ਦਾ ਭਾਰ ਤਾਂ ਪੂਰਾ ਹੁੰਦਾ ਸੀ ਜਿਹੜਾ ਜਿਹਲ ਦੇ ਕਾਨੂੰਨ ਮੁਤਾਬਿਕ ਰੱਖਣਾ ਪੈਂਦਾ ਸੀ, ਪਰ ਪਕਾਉਣ ਦਾ ਢੰਗ ਨਿਰਾਲਾ ਸੀ। ਸਬਜ਼ੀ ਨੂੰ ਕੁਲਫ਼ਾ ਸੱਦਿਆ ਜਾਂਦਾ ਸੀ ਜਿਹੜਾ ਪਸ਼ੂਆਂ ਦੀ ਬਰਸੀਨ ਵਰਗਾ ਹੀ ਸਮਝੋ। ਉਸੇ ਤਰ੍ਹਾਂ ਦਾ ਕੁਤਰਿਆ ਹੋਇਆ, ਡੰਢਲਾਂ ਵਾਲਾ। ਪੱਤੇ ਅਤੇ ਡੰਡੀਆਂ ਵੱਖੋ-ਵੱਖਰੇ। ਵਿਚ ਹਰੇ ਰੰਗ ਦੀਆਂ ਸੁੰਡੀਆਂ ਕਾਫ਼ੀ ਹੁੰਦੀਆਂ ਸਨ, ਜਿਹੜੀਆਂ ਬੁਰਕੀ ਲਾਉਣ ਲਗਿਆਂ ਵੱਖਰੀਆਂ ਕਰਨੀਆਂ ਪੈਂਦੀਆਂ ਸਨ ਅਤੇ ਬਾਕੀ ਲਪੇਟ-ਲਪਾਟ ਕੇ ਅੰਦਰ ਲੰਘਾਉਣ ਦੀ ਕਰੀ ਦੀ ਸੀ। ਇਹੋ ਹਾਲ ਦਾਲਾਂ ਦਾ ਸਮਝੋ, ਪਰ ਦੋ ਦਿਨ, ਸਨਿਚਰ ਅਤੇ ਐਤਵਾਰ ਨੂੰ ਜ਼ਰੂਰ ਕੋਈ ਚੰਗੀ ਸ਼ਬਜ਼ੀ, ਇਨਸਾਨਾਂ ਦੇ ਖਾਣ ਵਾਲੀ ਅਤੇ ਸ਼ਾਮ ਨੂੰ ਇਕ ਦਿਨ ਛੋਲਿਆਂ ਦੀ ਤੇ ਅਗਲੇ ਦਿਨ ਮਾਹਾਂ ਦੀ ਦਾਲ ਮਿਲ ਜਾਂਦੀ ਸੀ। ਤੇ ਕਣਕ ਦੀਆਂ ਸਾਫ਼-ਸੁਥਰੀਆਂ ਚੰਗੀ ਤਰ੍ਹਾਂ ਰਾਹੜੀਆਂ ਹੋਈਆਂ ਦੋ ਰੋਟੀਆਂ। ਸਮਝ ਲਉ, ਇਹਨਾਂ ਦੋ ਦਿਨਾਂ ਵਿਚ ਬੰਦਿਆਂ ਵਾਲੀ ਰੋਟੀ ਜ਼ਰੂਰ ਮਿਲ ਜਾਂਦੀ ਸੀ। ਬਾਕੀ ਪੰਜ ਦਿਨ ਡੰਗ-ਟਪਾਈ ਹੀ ਸਮਝੋ।

ਅਸੀਂ ਸਮਝ ਚੁੱਕੇ ਸੀ ਕਿ ਐਵੇਂ ਪਿਟ-ਸਿਆਪਾ ਕਰਨ ਦਾ ਕੋਈ ਲਾਭ ਨਹੀਂ। ਸੋ ਸਿਰ ਆਈ ਨੂੰ ਮਰਦਾਂ ਵਾਂਗ ਝੱਲਾਂਗੇ ਅਤੇ ਸਿੱਧ ਕਰ ਦਿਆਂਗੇ ਕਿ ਬਬਰ ਕਿਸ ਮਿੱਟੀ ਦੇ ਬਣੇ ਹੋਏ ਹਨ। ਪਾਠਕਾਂ ਨੇ ਪੜ੍ਹ ਹੀ ਲੈਣਾ ਹੈ ਕਿ ਸਾਡੇ ਲੀਡਰਾਂ ਨੇ ਕਿੰਨੇ

ਨਿਧੜਕ ਹੋ ਕੇ ਅਦਾਲਤ ਨਾਲ ਸਿੱਧੀਆਂ ਟੱਕਰਾਂ ਲਈਆਂ ਸਨ ਅਤੇ ਮੌਤ ਤੋਂ ਬੇਖ਼ੌਫ਼ ਹੋ ਕੇ ਅਦਾਲਤ ਨੂੰ ਕਹਿ ਦਿੱਤਾ ਸੀ ਕਿ ਸਾਨੂੰ ਪਤਾ ਹੈ ਕਿ ਸਾਨੂੰ ਕਿਹੜੀ ਸਜ਼ਾ ਮਿਲਣੀ ਹੈ, ਐਵੇਂ ਨਾਟਕ ਰਚਣ ਦਾ ਕੀ ਫਾਇਦਾ ! ਹੁਕਮ ਸੁਣਾਉ ਅਤੇ ਸੁਰਖ਼ਰੂ ਹੋਵੋ ਤਾਂ ਜੋ ਅਸੀਂ ਮੁੜ ਜਨਮ ਧਾਰ ਕੇ ਆਪਣੇ ਵਤਨ ਨੂੰ ਗ਼ੈਰ ਦੀ ਗ਼ੁਲਾਮੀ ਤੋਂ ਆਜ਼ਾਦ ਕਰਾਉਣ ਲਈ ਆਉਂਦੇ ਰਹੀਏ, ਵਗ਼ੈਰਾ ਵਗ਼ੈਰਾ ।

ਸਾਨੂੰ ਬੈਰਕਾਂ ਵਿਚੋਂ ਇਕ ਵਾਰ ਸਵੇਰੇ ਹੀ ਟੱਟੀ-ਪਿਸ਼ਾਬ ਲਈ ਸਿਰਫ਼ ਅੱਧੇ ਘੰਟੇ ਵਾਸਤੇ ਬਾਹਰ ਕਢਿਆ ਜਾਂਦਾ ਸੀ । ਇਸ ਵਿਚ ਨ੍ਹਾਉਣਾ ਵੀ ਸ਼ਾਮਲ ਸੀ । ਬਾਕੀ ਰਾਤ-ਦਿਨ ਅੰਦਰ ਹੀ ਡੱਕੇ ਰਹਿੰਦੇ ਸੀ । ਇਕ ਖੂੰਜੇ ਪਿਸ਼ਾਬ ਅਤੇ ਟੱਟੀ ਲਈ ਕੁਨਾਲੀਆਂ ਪਈਆਂ ਹੋਈਆਂ ਸਨ ਅਤੇ ਪਾਣੀ ਦਾ ਘੜਾ ਸੀ । ਹਾਜਤ ਵੇਲੇ ਸਾਰਿਆਂ ਦੇ ਸਾਹਮਣੇ ਹੀ ਸਭ ਨਜਿਠਣਾ ਪੈਂਦਾ ਸੀ । ਕੁਨਾਲੀਆਂ ਵੀ ਇਕੋ ਵਾਰ ਸਵੇਰੇ ਸਾਫ਼ ਕਰਵਾਈਆਂ ਜਾਂਦੀਆਂ ਸਨ । ਪਹਿਲਾਂ-ਪਹਿਲਾਂ ਬੇਸ਼ੱਕ ਕੁਝ ਝਿਜਕ ਅਸੀਂ ਮਹਿਸੂਸ ਕਰਦੇ ਸੀ, ਸਹਿਜੇ-ਸਹਿਜੇ ਆਦੀ ਹੋ ਗਏ ਸੀ ਅਤੇ ਇਕ ਦੂਜੇ ਤੋਂ ਸੰਗ-ਸੰਕੋਚ ਜਿਹਲ-ਅਧਿਕਾਰੀਆਂ ਦੀ ਕਿਰਪਾ `ਸਦਕਾ ਮਿਟ ਗਿਆ ਸੀ । ਪੇਸ਼ੀ ਵਾਲਾ ਦਿਨ ਤਾਂ ਅਦਾਲਤ ਵਿਚ ਫਟਾ-ਫਟ ਨਿਬੜ ਜਾਂਦਾ ਸੀ । ਜਦੋਂ ਕਦੇ ਇਕੱਠੀਆਂ ਛੁਟੀਆਂ ਹੋ ਜਾਂਦੀਆਂ, ਮੈਜਿਸਟਰੇਟ ਜਾਂ ਬਾਅਦ ਵਿਚ ਸੈਸ਼ਨ ਜੱਜ ਛੁੱਟੀ ਮਨਾਉਣ ਚਲੇ ਜਾਂਦੇ ਸਨ ਅਤੇ ਅਸੀਂ ਅੰਦਰ ਹੀ ਡੱਕੇ ਰਹਿੰਦੇ ਸੀ ।

ਜਦੋਂ ਸਾਡਾ ਪਹਿਲੇ 61 ਮੁਲਜ਼ਮਾਂ ਦਾ ਮੈਜਿਸਟਰੇਟ ਸਾਹਮਣੇ ਮੁਕੱਦਮਾ ਖ਼ਤਮ ਹੋ ਗਿਆ ਸੀ ਤਾਂ ਦੂਜੇ 36 ਮੁਲਜ਼ਮਾਂ ਦਾ ਮੁਕੱਦਮਾ ਉਸੇ ਹੀ ਮੈਜਿਸਟਰੇਟ ਸਾਹਮਣੇ ਸ਼ੁਰੂ ਹੋ ਗਿਆ ਸੀ । ਅਸੀਂ ਲਗਾਤਾਰ ਅੰਦਰ ਹੀ ਡੱਕੇ ਰਹੇ ਸੀ ਅਤੇ ਮੁੜ ਉਹ 36 ਵੀ ਮੁਕੱਦਮਾ ਖ਼ਤਮ ਹੋਣ ਤੋਂ ਬਾਅਦ ਸਾਡੀਆਂ ਹੀ ਬੈਰਕਾਂ ਵਿਚ ਪੁਚਾ ਦਿੱਤੇ ਗਏ ਸਨ । ਸਾਨੂੰ ਪਹਿਲਿਆਂ ਨੂੰ ਲਹਿੰਦੇ ਪਾਸੇ ਦੀ ਬੈਰਕ ਵਿਚ ਰਖਿਆ ਗਿਆ ਸੀ, ਜਿਸ ਵਿਚ ਸਾਰੇ ਉੱਚ-ਕੋਟੀ ਦੇ ਲੀਡਰ ਸਾਡੇ ਨਿਆਣਿਆਂ ਦੇ ਨਾਲ ਹੀ ਰਹਿੰਦੇ ਸਨ, ਜਿਨ੍ਹਾਂ ਵਿਚ ਭਾਈ ਕਿਸ਼ਨ ਸਿੰਘ ਤੇ ਕਰਮ ਸਿੰਘ ਝਿੰਗੜ ਖ਼ਾਸ ਤੌਰ ਉੱਤੇ ਵਰਣਨਜੋਗ ਹਨ । ਉਹ ਹਰ ਵੇਲੇ ਸਾਡੇ ਦਿਲ-ਪਰਚਾਵੇ ਲਈ ਜਤਨ ਕਰਦੇ ਰਹਿੰਦੇ ਸਨ ।

ਗਰਿਫ਼ਤਾਰੀ ਵੇਲੇ ਊਧਮ ਸਿੰਘ ਦੁਆਬਾ ਖ਼ਾਲਸਾ ਹਾਈ ਸਕੂਲ ਜਲੰਧਰ ਵਿਚ ਨੌਵੀਂ ਜਮਾਤ ਵਿਚ ਹਾਲੇ ਦਾਖ਼ਲ ਹੀ ਹੋਇਆ ਸੀ । ਉਹ 6 ਮਈ 1923 ਨੂੰ ਗਰਿਫ਼ਤਾਰ ਕਰ ਲਿਆ ਗਿਆ ਸੀ । ਮੈਨੂੰ 21 ਅਪ੍ਰੈਲ 1923 ਨੂੰ ਪਿੰਡੋਂ ਪਹਿਲਾਂ ਹੀ ਗਰਿਫ਼ਤਾਰ ਕੀਤਾ ਜਾ ਚੁਕਿਆ ਸੀ । ਅਸੀਂ ਇਕੋ ਪਿੰਡ, ਪਿੰਡੋਰੀ ਨਿੱਝਰਾਂ ਦੇ ਪੰਜ ਨਾਬਾਲਗ ਤਕਰੀਬਨ ਸੋਲ੍ਹਵੇਂ ਸਾਲ ਵਿਚ ਹੀ ਸੀ । ਨੌਵੀਂ-ਦਸਵੀਂ ਦੇ ਤਾਲਿਬ-ਇਲਮਾਂ ਬਾਬਤ ਪਾਠਕ ਆਪ ਹੀ ਅੰਦਾਜ਼ਾ ਲਾ ਲੈਣ । ਮੈਂ ਨੌਵੀਂ ਵਿਚੋਂ ਹੀ 6 ਮਹੀਨੇ ਦੀ ਕੈਦ ਕੈਂਪ ਜਿਹਲ ਮਿੰਟਗੁਮਰੀ ਵਿਚ ਕਟ ਕੇ ਮੁੜਿਆ ਸੀ । ਮੈਂ ਬਦੋਬਦੀ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਜਾ ਸ਼ਾਮਲ ਹੋਇਆ ਸੀ । ਮੈਜਿਸਟ੍ਰੇਟ ਮੀਆਂ ਮੁਹੰਮਦ ਸ਼ਰੀਫ਼, ਅੰਮ੍ਰਿਤਸਰ ਸਿਰਫ਼ ਏਨੀ' ਗੱਲ ਕਹਿਣ ਉੱਤੇ ਮੈਨੂੰ ਛੱਡਣ ਲਈ ਤਿਆਰ ਸੀ ਕਿ ਮੈਥੋਂ ਗ਼ਲਤੀ ਹੋ ਗਈ ਹੈ । ਅੱਜ ਮੈਂ ਆਪਣੇ ਆਪ ਨੂੰ ਇਕ ਖ਼ੁਸ਼-ਨਸੀਬ ਇਨਸਾਨ ਸਮਝਦਾ ਹਾਂ ਕਿ ਮੈਨੂੰ ਉਸ ਵੇਲੇ ਦੇ ਸਭ ਉਘੇ ਦੇਸ਼ਭਗਤਾਂ

ਦੇ ਚਰਨਾਂ ਵਿਚ ਬੈਠਣ ਦਾ ਕੁਦਰਤ ਨੇ ਇਕ ਸੁਨਿਹਰੀ ਮੌਕਾ ਬਖ਼ਸ਼ਿਆ ਸੀ। ਕੈਂਪ ਜਿਹਲ ਮਿੰਟਗੁਮਰੀ ਵਿਚ ਉਸ ਵੇਲੇ ਦੇ ਸਭ ਦੇ ਸਭ ਅਕਾਲੀ ਅਤੇ ਕਾਂਗਰਸੀ ਉਘੇ ਅਤੇ ਸਿਰਕੱਢ ਲੀਡਰ ਬਿਰਾਜਮਾਨ ਸਨ ਅਤੇ ਮੈਨੂੰ ਇਕ ਬਲੂੰਗੜਾ ਸਮਝ ਕੇ ਉਹ ਏਨਾਂ ਪਿਆਰ ਕਰਦੇ ਸਨ ਕਿ ਕਲਮ ਲਿਖਣ ਤੋਂ ਅਸਮਰਥ ਹੈ। ਇਹੋ ਜਿਹਾ ਪਿਆਰ ਹੀ ਮੁੜ ਬਬਰ ਜਥੇ ਦੇ ਸਿਰਲੱਥ ਯੋਧਿਆਂ ਤੋਂ ਲਗਾਤਾਰ ਮਿਲਦਾ ਰਿਹਾ, ਜਦੋਂ ਤਕ 21 ਜਨਵਰੀ 1926 ਨੂੰ ਹਾਈ ਕੋਰਟ ਵਿਚੋਂ ਬਰੀ ਹੋਣ ਮਗਰੋਂ ਮੈਨੂੰ ਪਿੰਡ ਰੌਲਟ ਐਕਟ ਅਧੀਨ ਨਜ਼ਰਬੰਦ ਨਹੀਂ ਸੀ ਕਰ ਦਿੱਤਾ ਗਿਆ। ਇਹ ਵੱਖਰੀ ਗੱਲ ਹੈ ਕਿ ਉਸ ਵੇਲੇ ਦੇ ਮੇਰੇ ਜਮਾਤੀ ਸਵਰਨ ਸਿੰਘ ਅਤੇ ਗੁਰਦਿਆਲ ਸਿੰਘ ਭੁੱਲਰ ਵਰਗੇ ਸੱਜਣ ਆਜ਼ਾਦ ਭਾਰਤ ਦੀਆਂ ਉੱਚੀਆਂ ਤੋਂ ਉੱਚੀਆਂ ਪੁਜ਼ੀਸ਼ਨਾਂ ਉੱਤੇ ਬਿਰਾਜਮਾਨ ਰਹਿ ਚੁੱਕੇ ਹਨ, ਪਰ ਅੱਜ ਇਹ ਬਬਰ ਤਹਿਰੀਕ ਦਾ ਇਤਿਹਾਸ ਲਿਖਦਿਆਂ ਜੋ ਸਰੂਰ ਮੈਨੂੰ ਆ ਰਿਹਾ ਹੈ ਇਹਤੋਂ ਕਈ ਮਨਿਸਟਰੀਆਂ ਕੁਰਬਾਨ ਕੀਤੀਆਂ ਜਾ ਸਕਦੀਆਂ ਹਨ।

ਆਉ ਮੁੜ ਉਸੇ ਲਾਹੌਰ ਦੀ ਸੈਂਟਰਲ ਜਿਹਲ ਵੱਲ ਚੱਲੀਏ ਜੀਹਦੀਆਂ ਬੈਰਕਾਂ ਦੀ ਗੱਲ ਚੱਲ ਰਹੀ ਸੀ। ਉਹਨਾਂ ਦਿਨਾਂ ਵਿਚ ਪਹਿਨਣ ਵਾਲੇ ਕਪੜਿਆਂ ਤੋਂ ਸਿਵਾਇ ਸਾਨੂੰ ਕੋਈ ਚੀਜ ਅੰਦਰ ਲਿਆਉਣ ਦੀ ਇਜਾਜਤ ਨਹੀਂ ਸੀ। ਇਥੋਂ ਤੱਕ ਕਿ ਗੁੜ ਦੀ ਡਲੀ ਜਾਂ ਲਾਲ ਤੇ ਹਰੀ ਮਿਰਚ ਦੀ ਕਦੀ ਸ਼ਕਲ ਦੇਖਣੀ ਨਸੀਬ ਨਹੀਂ ਸੀ ਹੋਈ। ਅਸੀਂ ਨਿਆਣੇ ਤਾਂ ਤਰਸ ਗਏ ਸੀ। ਤਿੰਨਾਂ ਕੁ ਸਾਲਾਂ ਬਾਅਦ ਜਦੋਂ ਬਰੀ ਹੋ ਕੇ ਬਾਹਰ ਆਏ ਸੀ ਤਾਂ ਇਹਨਾਂ ਅਨਮੋਲ ਸੁਗਾਤਾਂ ਦੀ ਸ਼ਕਲ ਦੇਖਣੀ ਨਸੀਬ ਹੋਈ ਸੀ। ਕੈਦ ਹੋ ਚੁਕਿਆਂ ਦਾ ਰੱਬ ਬੇਲੀ ਸੀ। ਹਰ ਐਤਵਾਰ ਗਿਣਤੀ ਦੇ ਗੇਠੇ ਕੇਸੀ ਅਸ਼ਨਾਨ ਕਰਨ ਲਈ ਅਤੇ ਨਿੱਕੀ ਜਿਹੀ ਪਲੀ ਸਰਹੋਂ ਦੇ ਤੇਲ ਦੀ ਜਿਹੜੀ ਅੱਧੀ ਲੋਹੇ ਦਾ ਬਾਟਾ ਹੀ ਆਪਣੇ ਸਰੀਰ ਉਤੇ ਮਲ ਲੈਂਦਾ ਸੀ, ਜ਼ਰੂਰ ਮਿਲ ਜਾਂਦੀ ਸੀ ਅਤੇ ਇਕ ਵੱਡੀ ਸਾਰੀ ਦੇਗ ਵਿਚ ਗਰਮ ਪਾਣੀ ਕਰਕੇ ਜਿਹਲ ਵਾਲੇ ਉਹਦੇ ਵਿਚ ਸੱਜੀ ਸੁੱਟ ਦਿਆ ਕਰਦੇ ਸਨ। ਅਸੀਂ ਸਾਰੇ ਆਪਣੇ ਧੋਣ ਵਾਲੇ ਕੱਪੜੇ ਇਕੱਠੇ ਹੀ ਉਹਦੇ ਵਿਚ ਇਕੋ ਵਾਰੀ ਸੁੱਟ ਕੇ ਅਤੇ ਮੁੜ ਆਪਣੇ-ਆਪਣੇ ਪਛਾਣ ਕੇ ਧੋ ਲਿਆ ਕਰਦੇ ਸੀ। ਹਾਂ, ਸਾਡੀਆਂ ਟੱਟੀਆਂ ਅਠੀਂ ਪਹਿਰੀਂ ਬੈਰਕ ਖੋਲ੍ਹਣ ਤੋਂ ਪਹਿਲਾਂ ਜਿਹਲ ਦੇ ਕੈਦੀ ਭੰਗੀਆਂ ਤੋਂ ਸਾਫ਼ ਜਰੂਰ ਕਰਵਾ ਦਿਤੀਆਂ ਜਾਂਦੀਆਂ ਸਨ। ਇਹ ਤਾਂ ਮੈਂ ਦੱਸ ਹੀ ਚੁਕਿਆ ਹਾਂ ਕਿ ਜਲੰਧਰ ਜਿਹਲ ਦੀਆਂ ਜੜੀਆਂ ਬੇੜੀਆਂ ਬਰੀ ਹੋ ਜਾਣ ਉੱਤੇ ਹੀ ਲਾਹੀਆਂ ਗਈਆਂ ਸਨ। ਇਹ ਸੀ ਸਾਡੇ ਜਿਹਲ-ਜੀਵਨ ਦਾ ਨਿੱਤ ਦਾ ਕਰਮਕਾਂਡ, ਜਿਹੜਾ ਇਕਸਾਰ ਚਲਦਾ ਰਿਹਾ। ਹਾਂ, ਸਾਡੇ ਵਾਰਸ ਕਦੀ-ਕਦਾਈਂ ਮੁਲਾਕਾਤਾਂ ਕਰਨ ਲਈ ਆਉਂਦੇ ਰਹਿੰਦੇ ਸਨ। ਮੇਰੇ ਪਿੰਡ ਦੇ ਅਸੀਂ ਤੇਰਾਂ ਬੰਦੇ ਹੋਣ ਕਰਕੇ ਕੋਈ ਨਾ ਕੋਈ ਮੁਲਾਕਾਤੀ ਆਉਂਦਾ ਹੀ ਰਹਿੰਦਾ ਸੀ ਅਤੇ ਮਾਪਿਆਂ ਦੀ ਸੁੱਖਸਾਂਦ ਦਾ ਪਤਾ ਲਗਦਾ ਰਹਿੰਦਾ ਸੀ ਅਤੇ ਸਾਡੀ ਸੁੱਖਸਾਂਦ ਉਸੇ ਮੁਲਾਕਾਤੀ ਰਾਹੀਂ ਸਾਡੇ ਮਾਪਿਆਂ ਤੱਕ ਜਾ ਪੁਜਦੀ ਸੀ।

ਹੁਣ ਮੈਂ ਉਸ ਅਦਾਲਤੀ ਕਚਹਿਰੀ ਦੀ ਜਾਣਕਾਰੀ ਪਾਠਕਾਂ ਨੂੰ ਦੇਣੀ ਜ਼ਰੂਰੀ ਸਮਝਦਾ ਹਾਂ ਜਿਥੇ ਸਾਡਾ ਕੇਸ ਲਗਾਤਾਰ ਜਾਰੀ ਰਹਿਣਾ ਸੀ। ਇਹ ਉਹੋ ਹੀ ਕਚਹਿਰੀ ਸੀ, ਜਿਸ ਵਿਚ ਪੇਸ਼ ਹੋ ਕੇ ਪਹਿਲਾਂ ਗਦਰ ਪਾਰਟੀ ਵਾਲੇ ਫਾਂਸੀ ਅਤੇ

ਉਮਰ-ਕੈਦ ਭੋਗਣ ਦੇ ਹੁਕਮ ਸੁਣਦੇ ਰਹੇ। ਫੇਰ ਸਾਡਾ ਪਹਿਲਾਂ ਅਕਾਲੀ ਕਾਨਸਪੀਰੇਸੀ ਕੇਸ, ਮੁਕੱਦਮਾ ਨੰਬਰ 1 (1922) ਪੇਸ਼ ਕੀਤਾ ਗਿਆ ਅਤੇ ਮੁੜ ਬਬਰ ਅਕਾਲੀ ਸਾੜੇ ਵਾਲਾ ਮੁਕੱਦਮਾ ਨੰਬਰ 2 (1924)। ਫੇਰ ਸ਼੍ਰੋਮਣੀ ਕਮੇਟੀ ਵਾਲਿਆਂ ਉੱਤੇ ਅਤੇ ਮੁੜ ਭਗਤ ਸਿੰਘ ਅਤੇ ਉਹਦੇ ਸਾਥੀਆਂ ਉੱਤੇ 1929-30 ਵਿਚ ਮੁਕੱਦਮਾ ਚੱਲਿਆ ਸੀ।

ਸਾਡੀ ਬੈਰਕ ਤੋਂ ਕੋਈ ਦੋ ਕੁ ਸੌ ਕਰਮਾਂ ਦੀ ਵਿੱਥ ਉੱਤੇ ਜਿਹਲ ਦੀ ਵੱਡੀ ਕੰਧ ਵਿਚ ਲਹਿੰਦੇ ਪਾਸੇ 6 ਫੁੱਟ ਉੱਚਾ ਅਤੇ 4 ਫੁੱਟ ਚੌੜਾ ਲੋਹੇ ਦਾ ਮਜ਼ਬੂਤ ਦਰਵਾਜ਼ਾ ਜੜਿਆ ਹੋਇਆ ਸੀ। ਇਸੇ ਦਰਵਾਜ਼ੇ ਦੇ ਨਾਲ ਹੀ ਉੱਤਰ ਵੱਲ ਸਾਡੀ ਕਚਹਿਰੀ ਦਾ ਵਲਗਣ ਸੀ ਜਿਹੜਾ ਉਸੇ ਤਰ੍ਹਾਂ ਚੌਹਾਂ ਪਾਸਿਆਂ ਤੋਂ ਜਿਹਲ ਦੀ ਉੱਚੀ ਕੰਧ ਨਾਲ ਵਗਲਿਆ ਹੋਇਆ ਸੀ। ਥੋੜ੍ਹਾ ਜਿਹਾ ਵਿਹੜਾ ਛੱਡ ਕੇ ਸਾਹਮਣੇ ਕਚਹਿਰੀ ਦਾ ਦਰਵਾਜ਼ਾ ਸੀ ਅਤੇ ਨਾਲ ਹੀ ਲਹਿੰਦੇ ਵੱਲ ਇਕ ਵਰਾਂਡਾ ਸੀ। ਜੇ ਕਦੇ ਮੀਰ ਸਾਹਿਬ ਖ਼ੁਸ਼ੀ ਦੇ ਰਉਂ ਵਿਚ ਹੁੰਦੇ ਤਾਂ ਸਾਡੀ ਮੁਲਾਕਾਤ ਲਈ ਆਈਆਂ ਸਾਡੀਆਂ ਮਾਂਵਾਂ ਨਾਲ ਮੁਲਾਕਾਤ ਦੀ ਆਗਿਆ ਦੇ ਦਿਆ ਕਰਦੇ ਸਨ। ਸਾਨੂੰ ਪੁਲਸ ਦੀ ਨਿਗਰਾਨੀ ਥੱਲੇ ਘਰੋਗੀ ਗੱਲਾਂ ਕਰਨ ਲਈ ਇਸੇ ਵਰਾਂਡੇ ਵਿਚ ਹੱਥਕੜੀ ਅਤੇ ਬੇੜੀ ਸਮੇਤ ਮੁਲਾਕਾਤ ਕਰਨ ਦਾ ਕਦੀ-ਕਦਾਈਂ ਮੌਕਾ ਮਿਲ ਹੀ ਜਾਂਦਾ ਸੀ। ਅਸੀਂ ਕਿੰਨਾ ਵੀ ਹੌਸਲਾ ਦੁਆਉਣ ਦਾ ਜਤਨ ਕਰੀਏ, ਸਾਡੀਆਂ ਮਾਂਵਾਂ ਇਹੋ ਜਿਹੀ ਹਾਲਤ ਦੇਖ ਕੇ ਤੜਫ ਉਠਦੀਆਂ ਸਨ ਅਤੇ ਅੱਥਰੂ ਕੇਰਨ ਲੱਗ ਪੈਂਦੀਆਂ ਸਨ। ਸਾਡੇ ਪਿੰਡ ਦੇ ਮੁਲਜ਼ਮਾ ਦੀਆਂ ਮਾਵਾਂ ਕਦੇ-ਕਦੇ ਇਕੱਠੀਆਂ ਸਲਾਹ ਕਰਕੇ ਮੁਲਾਕਾਤ ਲਈ ਆ ਜਾਇਆ ਕਰਦੀਆਂ ਸਨ। ਬਾਕੀ ਪਿਉ, ਭਰਾ ਜਾਂ ਹੋਰ ਨਜ਼ਦੀਕੀ ਰਿਸ਼ਤੇਦਾਰ ਆਉਂਦੇ ਹੀ ਰਹਿੰਦੇ ਸਨ।

ਕਚਹਿਰੀ ਦਾ ਕਮਰਾ ਚੰਗਾ ਖੁੱਲ੍ਹਾ ਸੀ। ਲਹਿੰਦੇ ਪਾਸੇ ਕੋਈ ਪੰਜ ਕੁ ਫੁੱਟਾ ਉੱਚਾ ਲਕੜੀ ਦਾ ਚੰਗਾ ਮਜ਼ਬੂਤ ਜੰਗਲਾ ਸੀ ਅਤੇ ਪਿਛਲੇ ਪਾਸੇ ਮੁਲਜ਼ਮਾਂ ਦੇ ਬੈਠਣ ਲਈ ਚੰਗੀ ਖੁੱਲ੍ਹੀ ਥਾਂ ਸੀ, ਜਿਸ ਉੱਤੇ ਚੰਗੇ ਮੋਟੇ ਤੱਪੜ ਵਿਛੇ ਹੋਏ ਸਨ। ਕਚਹਿਰੀ ਦੇ ਦਰਵਾਜ਼ੇ ਦੇ ਨਾਲ ਲਗਦਾ ਹੀ ਸਾਨੂੰ ਅੰਦਰ ਡੱਕਣ ਵਾਲਾ ਛੋਟਾ ਜਿਹਾ ਦਰਵਾਜ਼ਾ ਸੀ ਜੋ ਲਕੜੀ ਦੇ ਜੰਗਲੇ ਦੇ ਸਿਰੇ ਉੱਤੇ ਬਿਰਾਜਮਾਨ ਸੀ। ਸਾਨੂੰ ਉਸੇ ਦਰਵਾਜ਼ੇ ਥਾਣੀਂ ਦੋ-ਦੋ ਦੇ ਹੱਥਕੜੀਆਂ ਲਗੀਆਂ ਸਮੇਤ ਅੰਦਰ ਧੱਕ ਦਿੱਤਾ ਜਾਂਦਾ ਸੀ ਅਤੇ ਅਸੀਂ ਆਪੋ-ਆਪਣੀ ਸੰਗਲੀ ਸੰਭਾਲ ਕੇ ਅੰਦਰ ਦੇ ਤੱਪੜਾਂ ਉੱਤੇ ਜਾ ਬਿਰਾਜਮਾਨ ਹੁੰਦੇ ਸੀ। ਇਸੇ ਜੰਗਲੇ ਦੇ ਸਾਹਮਣੇ ਅਦਾਲਤ ਦੇ ਬੈਠਣ ਲਈ ਤਿੰਨ ਕੁ ਫੁੱਟ ਉੱਚਾ ਥੜ੍ਹਾ ਸੀ, ਜਿਸ ਉੱਤੇ ਅਦਾਲਤ ਦੀ ਕੁਰਸੀ ਸਜੀ ਹੋਈ ਸੀ। ਸਾਹਮਣੇ ਕਾਫ਼ੀ ਲੰਮਾ-ਚੌੜਾ ਮੇਜ਼, ਅਦਾਲਤ ਦੇ ਸੱਜੇ ਪਾਸੇ ਉਰਦੂ ਲਿਖਣ ਵਾਲਾ ਰੀਡਰ ਅਤੇ ਖੱਬੇ ਟਾਈਪਿਸਟ ਦੀਆਂ ਕੁਰਸੀਆਂ ਉਸੇ ਮੇਜ਼ ਨਾਲ ਸਜੀਆਂ ਹੋਈਆਂ ਸਨ ਤੇ ਉਹਨਾਂ ਦੇ ਨਾਲ ਲਗਦੇ ਦੋ ਕਟਹਿਰੇ ਸਨ। ਇਕ ਬਿਆਨ ਦੇਣ ਆਉਂਦੇ ਗਵਾਹ ਲਈ ਜਿਹੜਾ ਉਰਦੂ ਦੇ ਰੀਡਰ ਦੇ ਬਿਲਕੁਲ ਨਾਲ ਲਗਦਾ ਸੀ ਅਤੇ ਦੂਜਾ ਟਾਈਪਿਸਟ ਦੇ ਨਾਲ ਲਗਦਾ ਮੁਲਜ਼ਮਾਂ ਲਈ। ਕਿਉਂਕਿ ਸਾਡੀ ਗਿਣਤੀ ਬਹੁਤ ਸੀ, ਇਸ ਕਰਕੇ ਸਾਡੇ ਲਈ ਵੱਡਾ ਕਟਹਿਰਾ ਮੌਜੂਦ ਸੀ। ਅਦਾਲਤ ਦੇ ਥੜ੍ਹੇ ਦੇ ਥੱਲੇ ਦੋਹਾਂ ਪਾਸਿਆਂ ਦੇ ਵਕੀਲਾਂ ਲਈ ਕਾਫ਼ੀ ਲੰਮਾ-ਚੌੜਾ ਮੇਜ਼ ਅਤੇ ਕੁਰਸੀਆਂ ਸਜੀਆਂ ਹੋਈਆਂ ਸਨ। ਖੱਬੇ ਪਾਸੇ ਸਰਕਾਰੀ

ਵਕੀਲ ਅਤੇ ਉਹਦਾ ਅਮਲਾ, ਸਣੇ ਮੀਰ ਫ਼ਜ਼ਲ ਇਮਾਮ ਅਤੇ ਸੱਜੇ ਪਾਸੇ ਸਾਡਾ ਵਕੀਲ ਬੈਠਿਆ ਕਰਦੇ ਸਨ। 15 ਅਗਸਤ 1923 ਤੋਂ ਸ਼ੁਰੂ ਹੋ ਕੇ ਸਾਡਾ ਕੇਸ ਲਗਾਤਾਰ 28 ਫਰਵਰੀ 1925 ਤੱਕ ਜਾਰੀ ਰਿਹਾ ਸੀ। ਸਰਕਾਰੀ ਛੁਟੀਆਂ ਜਾਂ ਅਦਾਲਤ ਦੀਆਂ ਜ਼ਾਤੀ ਛੁਟੀਆਂ ਤੋਂ ਇਲਾਵਾ ਅਸੀਂ ਰੋਜ਼ਾਨਾ ਪੇਸ਼ ਹੁੰਦੇ ਰਹੇ ਸੀ।

ਨਾਲ ਲਗਦੀ ਇਕ ਹੋਰ ਜਾਣਕਾਰੀ ਦੇਣ ਨੂੰ ਵੀ ਮਨ ਕਰ ਆਇਆ ਹੈ। ਸਾਡੀ ਬੈਰਕ ਵਿਚੋਂ ਬਾਹਰ ਨਿਕਲਣ ਵਾਲੀ ਤਾਕੀ ਦੇ ਬਿਲਕੁਲ ਸਾਹਮਣੇ ਫਾਂਸੀ ਵਾਲਾ ਖੂਹ ਤਾਂ ਸੀ ਹੀ, ਜਿਥੇ ਆਮ ਕਰਕੇ ਸਾਰੇ ਪੰਜਾਬ ਵਿਚੋਂ ਲਿਆ ਕੇ ਫਾਂਸੀ ਦੀ ਸਜ਼ਾ ਪਾ ਚੁੱਕੇ ਮੁਲਜ਼ਮ ਲਟਕਾਏ ਜਾਂਦੇ ਸਨ, ਨਾਲ ਹੀ ਇਕ ਨਿੰਮ ਦਾ ਦਰਖ਼ਤ ਵੀ ਸੀ ਜੀਹਦੇ ਉੱਤੇ ਆਦਮੀ ਦੇ ਲੱਕ ਬਰਾਬਰ ਇਕ ਗੱਦੀ ਬੰਨ੍ਹੀ ਰਹਿੰਦੀ ਸੀ। ਇਸ ਉੱਤੇ ਰੋਜ਼ਾਨਾ ਜਿਹਲ-ਅਧਿਕਾਰੀਆਂ ਵੱਲੋਂ ਬੈਂਤ-ਬਾਜ਼ਾਂ ਦੀ ਪ੍ਰੈਕਟਿਸ ਜਾਰੀ ਰਹਿੰਦੀ ਸੀ। ਘੱਟੋ-ਘੱਟ ਤਿੰਨ ਬੈਂਤ-ਬਾਜ ਉਸ ਵੇਲੇ ਜ਼ਰੂਰ ਪ੍ਰੈਕਟਿਸ ਕਰਨ ਲਈ ਆਪਣਾ ਜੌਹਰ ਵਿਖਾਉਣਾ ਸੁਰੂ ਕਰ ਦਿੰਦੇ ਸਨ, ਜਿਸ ਵੇਲੇ ਸਾਨੂੰ ਕਚਹਿਰੀ ਲਿਜਾਇਆ ਜਾਂਦਾ ਸੀ, ਤਾਂ ਜੋ ਅਸੀਂ ਵੇਖ ਸਕੀਏ ਕਿ ਜੇ ਕੋਈ ਐਸੀ-ਵੈਸੀ ਹਰਕਤ ਕੀਤੀ, ਤਾਂ ਇਹੋ ਵਰਤਾਉ ਕੀਤਾ ਜਾਵੇਗਾ। ਤੇ ਇਹੋ ਵਰਤਾਉ ਸੱਚ-ਮੁੱਚ ਬਾਅਦ ਵਿਚ ਜਿਹਲ ਦੀ ਸਜ਼ਾ ਭੁਗਤ ਰਹੇ ਬਬਰਾਂ ਦੀ ਬਹੁ-ਗਿਣਤੀ ਨਾਲ ਹੋਇਆ ਵੀ ਸੀ।

ਜੇ ਕਦੇ ਕਿਸੇ ਕੈਦੀ ਨੂੰ ਬੈਂਤਾਂ ਦੀ ਸਜਾ ਦੇਣੀ ਹੁੰਦੀ ਤਾਂ ਉਹ ਵੀ ਬਿਲਕੁਲ ਉਸ ਵੇਲੇ ਹੀ ਦੇਣੀ ਸ਼ੁਰੂ ਕੀਤੀ ਜਾਂਦੀ, ਜਿਸ ਵੇਲੇ ਸਾਨੂੰ ਪੇਸ਼ੀ ਲਈ ਬਾਹਰ ਕਢਿਆ ਜਾਂਦਾ ਸੀ। ਜੇ ਅਦਾਲਤ ਵੱਲੋਂ ਕਿਸੇ ਨਾਬਾਲਗ਼ ਨੂੰ ਬੈਂਤਾਂ ਦੀ ਸਜ਼ਾ ਦਿੱਤੀ ਗਈ ਹੁੰਦੀ ਤਾਂ ਵੀ ਸਾਡੀ ਹਾਜ਼ਰੀ ਵਿਚ ਦੇਣੀ ਜ਼ਰੂਰੀ ਸੀ। ਖ਼ੈਰ ਦੀਨ (ਕਹਿਰ ਦੀਨ) ਦਰੋਗਾ ਅਤੇ ਸੁਪਰਿੰਟੈਂਡੈਂਟ ਜਿਹਲ ਉਚੇਚੇ ਤੌਰ ਉੱਤੇ ਮੌਕੇ ਉੱਤੇ ਮੌਜੂਦ ਹੁੰਦੇ ਅਤੇ ਚੋਰ-ਅੱਖਾਂ ਨਾਲ ਸਾਡੇ ਉੱਤੇ ਪੈਂਦਾ ਅਸਰ ਤਾੜਦੇ ਰਹਿੰਦੇ। ਭਲਾ ਭਾਈ ਕਿਸ਼ਨ ਸਿੰਘ ਜੀ ਅਤੇ ਕਰਮ ਸਿੰਘ ਝਿੰਗੜ ਕਿਥੋਂ ਉੱਕਣ ਵਾਲੇ ਸਨ। ਉਹ ਜਾਣਬੁੱਝ ਕੇ ਦੋਹਾਂ ਅਫ਼ਸਰਾਂ ਨੂੰ ਮਖੌਲ ਕਰਨ ਲੱਗ ਜਾਂਦੇ ਅਤੇ ਕਹਿੰਦੇ ਕਿ "ਜਿਥੇ ਸਾਡੇ ਵਡ-ਵਡੇਰੇ ਸਿਰਾਂ ਦੀਆਂ ਖੋਪਰੀਆਂ ਉਤਰਵਾ ਕੇ ਖਿੜੇ-ਮੱਥੇ ਤਸੀਹੇ ਝਲਦੇ ਰਹੇ ਹਨ ਅਤੇ ਤੁਹਾਡੇ ਇਸੇ ਸ਼ਹਿਰ ਵਿਚ ਅੰਗ-ਅੰਗ ਕਟਵਾ ਚੁੱਕੇ ਹਨ, ਚਰਖੜੀਆਂ ਉੱਤੇ ਚੜ੍ਹ ਚੁੱਕੇ ਹਨ, ਇਥੋਂ ਤੱਕ ਕਿ ਸਾਡੀਆਂ ਮਾਂਵਾਂ ਨੇ ਆਪਣੇ ਬੱਚੇ ਸੰਗੀਨਾਂ ਵਿਚ ਪ੍ਰੋਏ ਜਾਂਦੇ ਵੇਖੇ ਹਨ ਅਤੇ ਕਿਹੜਾ ਤਸੀਹਾ ਹੈ ਜੀਹਦੇ ਵਿਚੋਂ ਸਾਡੇ ਪੁਰਖੇ ਸੁਰਖਰੂ ਹੋ ਕੇ ਨਹੀਂ ਨਿਬੜੇ, ਤੁਹਾਡਾ ਇਹ ਨਾਟਕ ਸਾਡੇ ਉੱਤੇ ਕੀ ਅਸਰ ਕਰ ਸਕਦਾ ਹੈ? ਸਾਨੂੰ ਪਤਾ ਹੈ, ਤੁਸੀਂ ਔਸ ਖ਼ੂਹ ਉੱਤੇ ਸਾਨੂੰ ਝੂਟਾ ਦੇਣਾ ਹੈ, ਜੀਹਦੇ ਲਈ ਅਸੀਂ ਪਹਿਲਾਂ ਹੀ ਘਰਾਂ ਤੋਂ ਤਿਆਰੀ ਕਰਕੇ ਨਿਕਲੇ ਸੀ। ਜਿੰਨਾ ਚਿਰ ਤੁਹਾਡੀ ਇਸ ਗੋਰੀ ਸਰਕਾਰ ਨੂੰ ਅਸੀਂ ਸੱਤਾਂ ਸਮੁੰਦਰਾਂ ਤੋਂ ਪਾਰ ਦੂੜਾ ਨਹੀਂ ਲੈਂਦੇ, ਝੂਟੇ ਲੈਂਦੇ ਹੀ ਰਹਾਂਗੇ ਅਤੇ ਵਾਰ-ਵਾਰ ਜਨਮ ਧਾਰ ਕੇ ਇਹੋ ਕਰਮ ਜਾਰੀ ਰਖਾਂਗੇ।"

# 60. ਸੈਂਟਰਲ ਜਿਹਲ ਲਾਹੌਰ ਵਿਚ 15 ਅਗਸਤ 1923 ਦਾ ਦਿਹਾੜਾ

ਮੈਂ ਦੱਸ ਚੁੱਕਿਆ ਹਾਂ ਕਿ ਅਸੀਂ 60 ਮੁਲਜ਼ਮ ਜਲੰਧਰ ਜਿਹਲ ਤੋਂ ਲਾਹੌਰ ਸੈਂਟਰਲ ਜਿਹਲ ਵਿਚ 14 ਅਗਸਤ 1923 ਨੂੰ ਪੁਜ ਚੁੱਕੇ ਸੀ । ਅਗਲੇ ਹੀ ਦਿਨ, 15 ਅਗਸਤ ਨੂੰ ਸਾਨੂੰ ਸੱਠਾਂ ਮੁਲਜ਼ਮਾਂ ਨੂੰ ਉਪਰ ਦੱਸੀ ਜਾ ਚੁੱਕੀ ਕਚਹਿਰੀ ਦੇ ਵੱਡੇ ਕਟਹਿਰੇ ਵਿਚ ਕੋਈ ਨੌਂ ਕੁ ਬਜੇ ਲਿਜਾ ਡਕਿਆ ਗਿਆ। ਇਹ ਬਾਅਦ ਵਿਚ ਇਕ ਇਤਿਹਾਸਕ ਤਾਰੀਖ਼ ਬਣ ਚੁੱਕੀ ਹੈ, ਜਿਹੜੀ 15 ਅਗਸਤ 1947 ਦੇ ਨਾਂ ਨਾਲ ਕੱਲ ਦੁਨੀਆ ਵਿਚ ਇਕ ਖੁਸ਼ੀਆਂ-ਭਰਿਆ ਦਿਹਾੜਾ ਸਮਝ ਕੇ ਧੂਮ-ਧੜੱਕੇ ਨਾਲ ਹਰ ਭਾਰਤੀ ਬੜੇ ਫ਼ਖ਼ਰ ਨਾਲ ਮਨਾਉਂਦਾ ਹੈ। ਇਸੇ 15 ਅਗਸਤ ਨੂੰ 1923 ਵਿਚ ਬਬਰਾਂ ਦਾ ਮੁਕੱਦਮਾ ਸ਼ੁਰੂ ਹੋਇਆ ਸੀ।

ਕੁਮਿਟਿੰਗ ਮੈਜਿਸਟਰੇਟ ਸਾਹਮਣੇ ਦੋ ਕੇਸ ਅਗੜ-ਪਿੱਛੇ ਪੇਸ਼ ਕੀਤੇ ਗਏ ਸਨ । ਪਹਿਲੇ ਵਡੇ ਕੇਸ ਵਿਚ 62 ਮੁਲਜ਼ਮ ਸਨ । ਮੁਕੱਦਮੇ ਦੌਰਾਨ ਦੋ ਮੁਲਜ਼ਮ ਚਤਰ ਸਿੰਘ ਵਲਦ ਭੂਪ ਸਿੰਘ ਪਿੰਡ ਕੰਦੋਲਾ ਅਤੇ ਸੁੰਦਰ ਸਿੰਘ ਵਲਦ ਸੋਭਾ ਸਿੰਘ ਹਿਆਤਪੁਰ ਰੁੜਕੀ ਚਲਾਣਾ ਕਰ ਗਏ ਸਨ। ਪੰਜ ਮੁਲਜ਼ਮ ਮੈਜਿਸਟਰੇਟ ਨੇ ਡਿਸਚਾਰਜ ਕਰ ਦਿੱਤੇ ਸਨ। ਸੋ ਬਾਕੀ 55 ਮੁਲਜ਼ਮ, ਜਿਨ੍ਹਾਂ ਦੇ ਤਰਤੀਬਵਾਰ ਨੰਬਰ 1 ਤੋਂ 55 ਤੱਕ ਹਨ, ਕੁਮਿਟਿੰਗ ਮੈਜਿਸਟਰੇਟ ਨੇ ਆਖ਼ਰੀ ਫ਼ੈਸਲੇ ਲਈ ਸੈਸ਼ਨ ਨੇ ਸਪੁਰਦ ਕਰ ਦਿੱਤੇ ਸਨ । ਇਹ ਮੁੱਖ ਕੇਸ ਕੁਮਿਟਿੰਗ ਮੈਜਿਸਟਰੇਟ ਦੀ ਅਦਾਲਤ ਵਿਚ 15 ਅਗਸਤ 1923 ਵਾਲੇ ਦਿਨ ਪੇਸ਼ ਕੀਤਾ ਗਿਆ ਸੀ । ਉਸ ਵੇਲੇ ਇਸੇ ਮੁੱਖ ਕੇਸ ਦੇ 16 ਹੋਰ ਮੁਲਜ਼ਮ ਭਗੌੜੇ ਕਰਾਰ ਦਿੱਤੇ ਜਾ ਚੁੱਕੇ ਸਨ, ਜਿਨ੍ਹਾਂ ਵਿਚੋਂ ਤਿੰਨ ਮੁਲਜ਼ਮ, ਕਰਮ ਸਿੰਘ ਦੌਲਤਪੁਰ, ਬਿਸ਼ਨ ਸਿੰਘ ਮਾਂਗਟਾਂ ਅਤੇ ਉਦੇ ਸਿੰਘ ਰਾਮਗੜ ਝੁੱਗੀਆਂ ਪਿੰਡ ਬਬੇਲੀ, ਰਿਆਸਤ ਕਪੂਰਥਲੇ ਵਿਚ ਮਾਰੇ ਜਾ ਚੁੱਕੇ ਸਨ।

ਮੇਰੇ ਲਈ ਇਹ ਦਿਨ ਹੋਰ ਵੀ ਵਧੇਰੇ ਅਹਿਮ ਸੀ ਕਿਉਂਕਿ 1905 ਦੀ ਇਸੇ 15 ਅਗਸਤ ਨੂੰ ਮੇਰਾ ਜਨਮ ਹੋਇਆ ਸੀ ਜਿਹੜਾ ਅਜ ਵੀ ਮੇਰੇ ਜਨਮ-ਪੱਤਰੇ ਉੱਤੇ ਦਰਜ ਦੇਖਿਆ ਜਾ ਸਕਦਾ ਹੈ। ਤੇ ਇਸੇ ਹੀ 15 ਅਗਸਤ 1923 ਦੇ ਦਿਨ ਮੈਂ ਬਤੌਰ ਮੁਲਜ਼ਮ ਨੰ: 12, ਬਾਕੀ ਸਾਥੀਆਂ ਨਾਲ ਕਟਹਿਰੇ ਅੰਦਰ ਬੇੜੀ ਤੇ ਹੱਥਕੜੀ ਨਾਲ ਮੌਜੂਦ ਸੀ।

ਭਾਈ ਕਿਸ਼ਨ ਸਿੰਘ ਜੀ ਗੜਗੱਜ ਖੱਬੇ ਹੱਥ ਹੱਥਕੜੀ ਨਾਲ ਜੰਗਲੇ ਦੇ ਬਾਹਰ ਸਖ਼ਤ ਪਹਿਰੇ ਅਧੀਨ ਲਿਆ ਖੜ੍ਹੇ ਕੀਤੇ ਗਏ। ਉਹਨਾਂ ਨੇ ਬੜੇ ਸਤਿਕਾਰ ਨਾਲ ਦੋਨੋਂ ਹੱਥ ਜੋੜ ਕੇ ਠਰ੍ਹੰਮੇ ਤੇ ਨਿੱਘ ਨਾਲ ਸਭ ਨੂੰ ਗੱਜ ਕੇ ਫਤਿਹ ਬੁਲਾਈ। ਜਵਾਬ ਵਿਚ ਅਸੀਂ ਹੁੰਮ-ਹੁੰਮਾ ਕੇ ਉਠ ਖੜੋਤੇ ਅਤੇ ਉਸੇ ਤਰ੍ਹਾਂ ਫਤਿਹ ਦਾ ਜਵਾਬ ਗੱਜ ਕੇ ਫਤਿਹ ਵਿਚ ਦਿੱਤਾ। ਕਰਮ ਸਿੰਘ ਝਿੰਗੜ ਨੇ ਜੈਕਾਰਾ ਛੱਡ ਕੇ ਉਹਨਾਂ ਦਾ ਸਵਾਗਤ ਕੀਤਾ। ਸੋ ਭਾਈ ਸਾਹਿਬ ਬੜੇ ਮਾਣ ਨਾਲ ਕਟਹਿਰੇ ਅੰਦਰ ਲੰਘ ਆਏ। ਸਭ ਨੂੰ ਪਿਆਰ ਨਾਲ ਮਿਲਣ ਤੋਂ ਬਾਅਦ ਸਾਡੇ ਨਾਲ, ਨਿਆਣਿਆਂ ਨਾਲ ਆ ਜੱਫੀ ਪਾਈ। ਅਸੀਂ 5-6 ਹਾਲੇ ਵੀ ਨਾਬਾਲਗ ਹੀ ਸੀ। ਸਾਡੀ ਹੌਸਲਾ-ਅਫ਼ਜ਼ਾਈ ਲਈ ਉਹਨਾਂ ਨੇ ਬੜੇ ਜਜ਼ਬਾਤੀ ਢੰਗ ਨਾਲ ਆਖਿਆ ਸੀ, "ਸ਼ੇਰਾਂ ਦੇ ਬੱਚੇ ਸ਼ੇਰ ਹੀ ਹੋਇਆ ਕਰਦੇ ਹਨ। ਤੁਸੀਂ ਜਿਨ੍ਹਾਂ ਸੂਰਬੀਰਾਂ ਦੀ ਅਣਸ ਹੋ, ਉਹਨਾਂ ਨੇ ਵੀ ਇਹ ਕੰਮ 16 ਵਰ੍ਹਿਆਂ ਦੀ ਉਮਰ ਤੋਂ ਹੀ ਆਰੰਭਿਆ ਸੀ। ਮੁੜ ਤੁਹਾਥੋਂ ਵੀ ਛੋਟੀ ਉਮਰ ਦੇ ਸਾਹਿਬਜ਼ਾਦਿਆ ਨੇ ਨੀਹਾਂ ਵਿਚ ਚਿਣਿਆ ਜਾਣਾ ਤਾਂ ਮਨਜ਼ੂਰ ਕਰ ਲਿਆ ਸੀ, ਪਰ ਗੈਰ ਦੀ ਗ਼ੁਲਾਮੀ ਹੇਠ ਰਹਿਣਾ ਕਬੂਲ ਨਹੀਂ ਸੀ ਕੀਤਾ। ਮੈਨੂੰ ਯਕੀਨ ਹੈ, ਤੁਸੀਂ ਖਿੜੇ-ਮੱਥੇ ਇਸ ਆਈ ਮੁਸੀਬਤ ਦਾ ਮੁਕਾਬਲਾ ਕਰੋਗੇ।"

ਮੈਂ ਦੱਸ ਨਹੀਂ ਸਕਦਾ ਕਿ ਏਨੀਂ ਖੁਸ਼ੀ ਕਿਥੋਂ ਇਕੱਠੀ ਹੋ ਕੇ ਸਾਡੇ ਰੋਮ-ਰੋਮ ਵਿਚ ਭਰ ਗਈ ਸੀ। ਜਿਸ ਵੇਲੇ ਇਹ ਸਤਰਾਂ ਲਿਖ ਰਿਹਾ ਹਾਂ, ਬਿਲਕੁਲ ਉਹੋ ਦਿਲ-ਟੁੰਬਵੀਂ ਖ਼ੁਸ਼ੀ ਸੁਫ਼ਨੇ ਵਾਂਗੂ ਅੱਖਾਂ ਸਾਹਮਣੇ ਝਲਕਾਰਾ ਦੇ ਗਈ ਹੈ। ਭਾਈ ਸਾਹਿਬ ਹਸੂੰ-ਹਸੂੰ ਕਰਦੇ ਸਾਖ਼ਿਅਤ ਸਾਨੂੰ ਥਾਪੜਾ ਦਿੰਦੇ ਮਹਿਸੂਸ ਹੋ ਰਹੇ ਹਨ। ਬੇਸ਼ੱਕ ਹੈ ਤਾਂ ਜਜ਼ਬਾਤੀ ਗੱਲ, ਪਰ ਹੈ ਇਹ ਠੋਸ ਸਚਾਈ। ਭਾਈ ਸਾਹਿਬ ਦਾ ਜਲਾਲ ਹੀ ਕੁਝ ਇਹੋ ਜਿਹਾ ਸੀ। ਉਹੋ ਹੀ ਇਕੋ-ਇਕ ਅਜਿਹੀ ਹਸਤੀ ਸੀ ਜੀਹਦੀਆਂ ਅੱਗ-ਵਰ੍ਹਾਉਂਦੀਆਂ ਤਕਰੀਰਾਂ ਨੇ ਸਿਰਲੱਥ ਯੋਧੇ ਖੁੰਬਾਂ ਵਾਂਗੂ ਦੁਆਬੇ ਦੀ ਧਰਤੀ ਵਿਚ ਪੈਦਾ ਕਰ ਦਿੱਤੇ ਸਨ, ਜਿਨ੍ਹਾਂ ਦਾ ਅਸਰ ਬਾਅਦ ਵਿਚ ਸਾਰੇ ਪੰਜਾਬ ਨੇ ਕਬੂਲਿਆ। ਪੰਜਾਬ ਦਾ ਕੋਈ ਜ਼ਿਲਾ ਅਜਿਹਾ ਨਹੀਂ ਸੀ ਰਿਹਾ ਜੀਹਨੇ ਬਬਰ ਲਹਿਰ ਵਿਚ ਆਪਣਾ ਖ਼ੂਨ ਨਾ ਡੋਲ੍ਹਿਆ ਹੋਵੇ ਅਤੇ ਆਪਣੇ ਵਤਨ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਉਸੇ ਫਾਂਸੀ ਉੱਤੇ ਝੂਟਾ ਨਾ ਲਿਆ ਹੋਵੇ, ਜਿਸ ਉੱਤੇ ਇਸ ਲਹਿਰ ਦੇ ਬਾਨੀ ਨੇ 27 ਫ਼ਰਵਰੀ 1926 ਨੂੰ ਝੂਟਾ ਲਿਆ ਸੀ। ਜਿਹਲਾਂ ਦੀਆਂ ਕਾਲ-ਕੋਠੜੀਆਂ ਦੇ ਤਸੀਹੇ ਵੱਖਰੀ ਕਹਾਣੀ ਹਨ।

ਠੀਕ ਦਸ ਵਜੇ ਮੈਜਿਸਟਰੇਟ ਸਾਹਿਬ ਤਸ਼ਰੀਫ਼ ਲੈ ਆਏ ਅਤੇ ਆਪਣੀ ਕੁਰਸੀ ਉੱਤੇ ਬਰਾਜਮਾਨ ਹੋ ਗਏ। ਵੇਰਵਾ ਇਸ ਪਰਕਾਰ ਹੈ : ਆਈ. ਐਲ. ਏ. ਬੁਲ, ਸਪੈਸ਼ਲ ਮੈਜਿਸਟਰੇਟ, ਸਾਰੇ ਪੰਜਾਬ ਸੂਬੇ ਵਿਚ ਮੈਜਿਸਟਰੇਟ ਫ਼ਸਟ ਕਲਾਸ ਵਾਲੇ ਅਖ਼ਤਿਆਰਾਂ ਦਾ ਧਾਰਨੀ ; ਲਾਹੌਰ ਸਥਿਤ। ਤਾਜ ਬਨਾਮ ਕਿਸ਼ਨ ਸਿੰਘ ਅਤੇ ਹੋਰ। ਇੰਡੀਅਨ ਪੀਨਲ ਕੋਡ ਦੀ ਸੈਕਸ਼ਨ 120 ਬੀ ਅਤੇ 302, 307, 325, 326, 394, 395, 396 ਅਤੇ 397 ਨੂੰ ਸੈਕਸ਼ਨ 109, 114, 115, 116 ਅਤੇ 120 ਬੀ ਨਾਲ ਪੜ੍ਹ ਕੇ ਅਤੇ ਸੈਕਸ਼ਨ 109 ਤੇ 120 ਬੀ ਅਧੀਨ।

ਉਸ ਵੇਲੇ ਅਸੀਂ 60 ਦੀ ਥਾਂ 61 ਮੁਲਜ਼ਮ ਬਣ ਚੁੱਕੇ ਸੀ। ਇਕ ਪਾਸੇ ਸਰਕਾਰੀ ਵਕੀਲ ਦੀਵਾਨ ਪਿੰਡੀ ਦਾਸ, ਮੀਰ ਫ਼ਜ਼ਲ ਇਮਾਮ ਇੰਚਾਰਜ ਅਤੇ ਹੋਰ ਉਹਨਾਂ ਦਾ

ਅਮਲਾ-ਫੈਲਾ ਕਮਰਕਸੇ ਕਰੀਂ ਬੈਠਾ ਸੀ ਅਤੇ ਦੂਜੇ ਪਾਸੇ ਸਾਡਾ ਮੁਲਜ਼ਮਾਂ ਦਾ ਵਕੀਲ ਲਾਲਾ ਰਘੂਨਾਥ ਸਹਾਇ ਬਰਾਜਮਾਨ ਸੀ। ਉਹ ਸਭ ਸਾਡੇ ਕਚਹਿਰੀ ਪੁੱਜਣ ਤੋਂ ਪਹਿਲਾਂ ਹੀ ਆਪਣੀਆਂ-ਆਪਣੀਆਂ ਥਾਂਵਾਂ ਮੱਲ ਚੁੱਕੇ ਸਨ। ਕਾਰਵਾਈ ਸ਼ੁਰੂ ਹੁੰਦਿਆਂ ਹੀ ਮੀਰ ਫ਼ਜ਼ਲ ਇਮਾਮ ਨੇ ਅਦਾਲਤ ਨੂੰ ਸੂਚਨਾ ਦਿੱਤੀ ਕਿ ਇਸੇ ਕੇਸ ਨਾਲ ਸੰਬੰਧਿਤ ਇਕ ਹੋਰ ਪਿੰਡੋਰੀ ਨਿੱਝਰਾਂ ਦਾ ਮਫ਼ਰੂਰ ਮੁਲਜ਼ਮ ਬੂਟਾ ਸਿੰਘ ਜ਼ਿਲਾ ਲਾਇਲਪੁਰ ਵਿਚ 14 ਅਗਸਤ 1923 ਨੂੰ ਗਰਿਫ਼ਤਾਰ ਕੀਤਾ ਜਾ ਚੁਕਿਆ ਸੀ ਅਤੇ ਉਹਨੇ ਅਗਲੇ ਦਿਨ ਤੱਕ ਇਥੇ ਪੁੱਜ ਜਾਣਾ ਸੀ। ਸੋ ਕੇਸ 17 ਅਗਸਤ ਲਈ ਮੁਲਤਵੀ ਕਰ ਦਿੱਤਾ ਗਿਆ। ਸਾਨੂੰ 60 ਨੂੰ ਮੁੜ ਬੈਰਕ ਨੰ: 2 ਵਿਚ ਲਿਆ ਡਕਿਆ ਗਿਆ। ਪਰ ਭਾਈ ਕਿਸ਼ਨ ਸਿੰਘ ਜੀ ਨੂੰ ਮੁੜ ਸਾਥੋਂ ਨਿਖੇੜ ਕੇ ਕਿਸੇ ਕੋਠੀ ਅੰਦਰ ਲਿਜਾ ਬੰਦ ਕੀਤਾ ਗਿਆ ਅਤੇ ਅਗੇ ਜਾ ਕੇ ਵੀ ਇਹੋ ਕਰਮ ਜਾਰੀ ਰਿਹਾ। ਕਚਹਿਰੀ ਦੇ ਸਮੇਂ ਉੱਤੇ ਭਾਈ ਸਾਹਿਬ ਨੂੰ ਸਾਡੇ ਨਾਲ ਹੀ ਕਟਹਿਰੇ ਵਿਚ ਲਿਆ ਵਾੜਦੇ ਸਨ ਅਤੇ ਖ਼ਾਤਮੇ ਉੱਤੇ ਮੁੜ ਇਕੱਲਿਆਂ ਨੂੰ ਲਿਜਾ ਬੰਦ ਕਰਦੇ ਸਨ। ਕਾਫ਼ੀ ਚਿਰ ਬਾਅਦ ਜਾ ਕੇ ਭਾਈ ਸਾਹਿਬ ਨੂੰ ਸਾਡੇ ਵਾਲੀ ਬੈਰਕ ਨੰ: 2 ਵਿਚ ਲਿਆ ਕੇ ਸਾਡੇ ਪਹਿਲੇ ਮੁਕੱਦਮੇ ਵਾਲੇ ਮੁਲਜ਼ਮਾਂ ਵਿਚ ਡਕਿਆ ਗਿਆ ਸੀ, ਜਿਸ ਵਿਚ ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਗੋਸਲ, ਵਗੈਰਾ ਪਹਿਲਾਂ ਹੀ ਬੰਦ ਸਨ। 16 ਅਗਸਤ 1923 ਨੂੰ ਬੂਟਾ ਸਿੰਘ ਵੀ ਸਾਡੇ ਨਾਲ ਆ ਸ਼ਾਮਲ ਹੋਇਆ। 17 ਅਗਸਤ 1923 ਨੂੰ ਇਸ ਪਹਿਲੇ ਮੁਕੱਦਮੇ ਦੀ ਰੋਜ਼ਾਨਾ ਕਾਰਵਾਈ ਸਰਕਾਰ ਨੇ ਬੜੇ ਧੂਮ-ਧੜੱਲੇ ਨਾਲ ਆਰੰਭ ਕਰ ਦਿਤੀ।

ਮੈਂ ਪੂਰੇ ਵਿਸਥਾਰ ਨਾਲ ਸ਼ੁਰੂ ਵਿਚ ਹੀ ਦੱਸ ਚੁਕਿਆ ਹਾਂ ਕਿ 1920 ਵਿਚ ਪਹਿਲਾਂ-ਪਹਿਲਾਂ ਦੇਸ਼ਭਗਤ ਸਿੱਖ ਸਭ ਕਾਂਗਰਸੀ ਹੀ ਸਨ। ਜਿਸ ਵੇਲੇ ਗੁਰਦੁਆਰਾ ਲਹਿਰ ਤਕਰੀਬਨ 1920 ਦੇ ਅਖੀਰ ਜਾਂ ਸ਼ੁਰੂ 1921 ਵਿਚ ਸ਼ੁਰੂ ਹੋਈ ਸੀ ਤਾਂ ਉਹੋ ਕਾਂਗਰਸੀ ਸਿੱਖ ਆਪਣੇ ਆਪ ਨੂੰ ਅਕਾਲੀ ਵੀ ਕਹਿਣ ਲੱਗ ਪਏ ਸਨ, ਜੀਹਦਾ ਮਤਲਬ ਸੀ ਉਸ ਵੇਲੇ ਦੀ ਅੰਗਰੇਜ਼ੀ ਸਰਕਾਰ ਦੀ ਮੁਖ਼ਾਲਫ਼ਿਤ। ਸਾਡੇ ਮੁਕੱਦਮੇ ਦੀ ਪੈਰਵੀ ਵਾਸਤੇ ਕਾਂਗਰਸੀ ਖਿਆਲਾਂ ਦੇ ਅਕਾਲੀ ਆਗੂਆਂ ਨੇ ਇਕ ਕਮੇਟੀ ਵੀ ਕਾਇਮ ਕਰ ਦਿੱਤੀ ਸੀ, ਉਹਦੇ ਮੈਂਬਰ ਸਨ, 1. ਸਰਮੁਖ ਸਿੰਘ ਝਬਾਲੀਆ, ਜ਼ਿਲਾ ਅੰਮ੍ਰਿਤਸਰ ; 2. ਹਰੀ ਸਿੰਘ ਜਲੰਧਰੀ (ਜਿਸ ਬਾਬਤ ਕਾਫ਼ੀ ਜਾਣਕਾਰੀ ਦਿੱਤੀ ਜਾ ਚੁੱਕੀ ਹੈ) ; ਅਤੇ 3. ਰਾਮ ਸਿੰਘ ਜੌਹਰ, ਪਿੰਡ ਮਣਾਈਆਂ, ਜ਼ਿਲਾ ਹੁਸ਼ਿਆਰਪੁਰ।

ਇਸ ਕਮੇਟੀ ਨੇ ਸਾਡੇ ਕੇਸ ਦੀ ਪੈਰਵੀ ਲਈ ਲਾਹੌਰ ਤੋਂ ਲਾਲਾ ਰਘੂਨਾਥ ਸਹਾਇ ਅਤੇ ਇਕ ਉੱਘਾ ਹੁਸ਼ਿਆਰਪੁਰੀਆ ਵਕੀਲ ਲਾਲਾ ਦੁਰਗਾ ਦਾਸ ਮੁਕੱਰਰ ਕਰ ਦਿਤੇ। ਲਾਲਾ ਦੁਰਗਾ ਦਾਸ ਸਿਰਫ਼ ਦੋ ਦਿਨ ਅਦਾਲਤ ਵਿਚ ਹਾਜ਼ਰੀ ਭਰ ਕੇ ਹੁਸ਼ਿਆਰਪੁਰ ਨੂੰ ਤੁਰਦਾ ਹੋਇਆ। ਹੁਣ ਲਾਲਾ ਰਘੂਨਾਥ ਸਹਾਇ ਹੀ ਸਾਡੀ ਪੈਰਵੀ ਲਈ ਰਹਿ ਗਿਆ। ਕੁਝ ਚਿਰ ਬਾਅਦ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਸਾਰੇ ਮੈਂਬਰ ਗਰਿਫ਼ਤਾਰ ਕਰ ਲਏ ਅਤੇ ਉਹਨਾਂ ਉੱਤੇ ਮੁਕੱਦਮਾ ਚਲਾ ਦਿੱਤਾ। ਉਸੇ ਵੇਲੇ ਲਾਲਾ ਰਘੂਨਾਥ ਸਹਾਇ ਨੂੰ ਸਾਡੀ ਪੈਰਵੀ ਤੋਂ ਹਟਾ ਲਿਆ ਗਿਆ ਅਤੇ ਉਹ ਸ਼੍ਰੋਮਣੀ ਕਮੇਟੀ ਵਾਲਿਆਂ ਦੀ ਪੈਰਵੀ ਲਈ ਜੁਟ ਗਏ। ਤੇ ਅਸੀਂ 62 ਮੁਲਜ਼ਮ ਵਕੀਲ ਤੋਂ ਬਿਨਾਂ ਹੀ ਪੇਸ਼ੀਆਂ ਭੁਗਤਦੇ ਰਹੇ।

ਹੁਣ ਸਾਡਾ ਮੁਕੱਦਮਾ ਪੁਲਸ ਨੇ ਜ਼ੋਰਾਂ-ਸ਼ੋਰਾਂ ਨਾਲ ਆਰੰਭ ਦਿੱਤਾ। ਅਸੀਂ ਕਿਸੇ ਵੀ ਕਿਸਮ ਦੀ ਦਿਲਚਸਪੀ ਲੈਣੀ ਛੱਡ ਦਿੱਤੀ ਸੀ। ਪਰ ਕਦੇ-ਕਦੇ ਭਾਈ ਕਿਸ਼ਨ ਸਿੰਘ ਜੀ ਮਖੌਲੀਆ ਤੌਰ ਉੱਤੇ ਕਿਸੇ-ਕਿਸੇ ਗਵਾਹ ਉੱਤੇ ਜਿਰਾਹ ਕਰ ਲਿਆ ਕਰਦੇ ਸਨ। ਵੈਸੇ ਉਹ ਆਮ ਕਰਕੇ ਅਦਾਲਤ ਨੂੰ ਮੁਖ਼ਾਤਿਬ ਹੋ ਕੇ ਕਿਹਾ ਕਰਦੇ ਸਨ ਕਿ "ਅਦਾਲਤ ਤਾਂ ਮੋਮ ਦਾ ਨੱਕ ਹੈ। ਸਾਡੇ ਕੇਸ ਦਾ ਇੰਚਾਰਜ ਮੀਰ ਫ਼ਜ਼ਲ ਇਮਾਮ ਅਦਾਲਤ ਨੂੰ ਜਿਧਰ ਚਾਹੁੰਦਾ ਹੈ, ਮਰੋੜ ਕੇ ਘੁਮਾ ਲੈਂਦਾ ਹੈ ਅਤੇ ਅਦਾਲਤ ਉਸੇ ਪਾਸੇ ਘੁੰਮਣ ਲਈ ਮਜਬੂਰ ਹੈ। ਇਹ ਕਠਪੁਤਲੀਆਂ ਦਾ ਤਮਾਸ਼ਾ ਰਚਣ ਦੀ ਕੀ ਲੋੜ ਹੈ। ਜੋ ਮੀਰ ਸਾਹਿਬ ਲਿਖਾਉਣਾ ਚਾਹੁਣ, ਚੁੱਪ ਕਰਕੇ ਲਿਖੀ ਜਾਉ। ਅਸੀਂ ਅਦਾਲਤੀ ਕਾਰਵਾਈ ਨੂੰ ਇਕ ਡਰਾਮਾ ਜਾਂ ਸਰਕਸ ਸਮਝਦੇ ਹਾਂ। ਸਰਕਸ ਮਾਸਟਰ ਦਾ ਹੰਟਰ ਜਿਧਰ ਘੁੰਮਦਾ ਹੈ, ਅਦਾਲਤ ਨੂੰ ਉਧਰ ਹੀ ਘੁੰਮਣਾ ਪੈਂਦਾ ਹੈ।"

ਇਹੋ ਜਿਹੀਆਂ ਕਈ ਦਿਲਚਸਪ ਅਤੇ ਮਖੌਲੀਆ ਨੋਕਾਂ-ਝੋਕਾਂ ਕਦੇ-ਕਦਾਈਂ ਸਾਨੂੰ ਨਿਆਣਿਆਂ ਨੂੰ ਦੇਖਣ ਲਈ ਮਿਲ ਹੀ ਜਾਇਆ ਕਰਦੀਆਂ ਸਨ। ਹਾਸੇ ਦਾ ਫੁਹਾਰਾ ਫੁੱਟ ਪੈਂਦਾ ਸੀ। ਅਸੀਂ ਨਤੀਜੇ ਤੋਂ ਬੇਪ੍ਰਵਾਹ ਸਚਮੁੱਚ ਹੀ ਉਸ ਵੇਲੇ ਇਸ ਕੇਸ ਨੂੰ ਇਕ ਡਰਾਮਾ ਹੀ ਸਮਝਣ ਲੱਗ ਪਏ ਸੀ। ਘਟੋ-ਘੱਟ ਸਾਨੂੰ ਨਿਆਣਿਆਂ ਨੂੰ ਇਸ ਕੇਸ ਦੇ ਨਤੀਜੇ ਦਾ ਉੱਕਾ ਹੀ ਕੋਈ ਅਹਿਸਾਸ ਨਹੀਂ ਸੀ। ਹਾਂ, ਸਾਡੇ ਲੀਡਰ ਜ਼ਰੂਰ ਸਮਝਦੇ ਹੋਣਗੇ, ਕਿਉਂਕਿ ਭਾਈ ਕਿਸ਼ਨ ਸਿੰਘ ਜੀ ਪੂਰੇ ਰੋਹ ਵਿਚ ਆ ਕੇ ਅਦਾਲਤ ਨੂੰ ਆਖ ਦਿਆ ਕਰਦੇ ਸਨ ਕਿ "ਸਾਨੂੰ ਪਤਾ ਹੈ, ਸਾਨੂੰ ਕਿਹੜੀ ਸਜ਼ਾ ਮਿਲਣੀ ਹੈ। ਅਸੀਂ ਉਸ ਸਜ਼ਾ ਦਾ ਸਾਹਮਣਾ ਕਰਨ ਲਈ ਕਮਰ-ਕਸੇ ਕਰੀ ਬੈਠੇ ਹਾਂ। ਤੁਸੀਂ ਹੁਕਮ ਸੁਣਾਉ ਅਤੇ ਆਪਣੇ ਫ਼ਰਜ਼ ਤੋਂ ਸੁਰਖ਼ਰੂ ਹੋਵੋ। ਤੁਸੀਂ ਤਾਂ ਕਠਪੁਤਲੀਆਂ ਹੋ; ਤੁਹਾਡੇ ਮਾਲਕਾਂ ਨੇ ਜੋ ਤੁਹਾਨੂੰ ਕਹਿ ਛਡਿਆ ਹੈ, ਤੁਹਾਨੂੰ ਅਮਲ ਤਾਂ ਕਰਨਾ ਹੀ ਪੈਣਾ ਹੈ।"

ਕਦੇ-ਕਦੇ ਗਵਾਹ ਜਦੋਂ ਸਾਡੇ ਕਟਹਿਰੇ ਕੋਲ ਆ ਕੇ ਕਿਸੇ ਮੁਲਜ਼ਮ ਦੀ ਸ਼ਨਾਖ਼ਤ ਕਰਦਾ ਤਾਂ ਉਹ ਸੱਚਮੁੱਚ ਹੀ ਏਨਾ ਡਰਿਆ ਅਤੇ ਸਹਿਮਿਆ ਹੋਇਆ ਹੁੰਦਾ ਕਿ ਨੀਵੀਂ ਪਾਈ ਕਟਹਿਰੇ ਦੇ ਨਾਲ-ਨਾਲ ਘੁੰਮਦਾ ਰਹਿੰਦਾ ਅਤੇ ਥਿੜਕਵੀਂ ਆਵਾਜ਼ ਵਿਚ ਐਵੇਂ ਕਦੇ ਕਿਸੇ ਦੀ, ਕਦੇ ਕਿਸੇ ਦੀ ਸ਼ਨਾਖ਼ਤ ਕਰਦਾ ਰਹਿੰਦਾ। ਆਖ਼ਰ ਅਦਾਲਤ ਜਦੋਂ ਅਸਲੀ ਮੁਲਜ਼ਮ ਨੂੰ ਖੜ੍ਹਾ ਹੋਣ ਲਈ ਆਖ਼ਦੀ ਅਤੇ ਮੁਲਜ਼ਮ ਉਠ ਖੜੋਂਦਾ ਤਾਂ ਗਵਾਹ ਕਹਿਣ ਲੱਗ ਪੈਂਦਾ, "ਹਾਂ ਜੀ ਇਹੋ ਹੀ ਕਿਸ਼ਨ ਸਿੰਘ ਗੜਗੱਜ ਹੈ, ਮੈਂ ਹੁਣ ਪਛਾਣ ਲਿਆ ਹੈ। ਦੇਖੇ ਨੂੰ ਚਿਰ ਹੋ ਗਿਆ ਹੋਣ ਕਰਕੇ ਪਹਿਲਾਂ ਪਛਾਨਣਾ ਔਖਾ ਹੋ ਗਿਆ ਸੀ।" ਆਮ ਕਰਕੇ ਇਹੋ ਜਿਹੀ ਗੱਲ ਉਦੋਂ ਹੀ ਵਾਪਰਦੀ ਸੀ ਜਿਸ ਵੇਲੇ ਕੋਈ ਗਵਾਹ ਭਾਈ ਸਾਹਿਬ ਦੇ ਦਿਤੇ ਲੈਕਚਰ ਦੀ ਤਫ਼ਸੀਲ ਦਸਿਆ ਕਰਦਾ ਸੀ ਕਿ ਨੰਗੀ ਤਲਵਾਰ ਧੂਹ ਕੇ ਇਹ ਕੁਝ ਆਖਿਆ ਸੀ ਅਤੇ ਭਾਈ ਸਾਹਿਬ ਦੀ ਦਹਿਸ਼ਤ ਪਿੰਜਰੇ ਵਿਚ ਡੱਕੇ ਸ਼ੇਰ ਵਾਂਗੂੰ ਉਸ ਵੇਲੇ ਵੀ ਗਵਾਹ ਉੱਤੇ ਛਾਈ ਹੋਈ ਪ੍ਰਤੱਖ ਦੇਖਣ ਵਿਚ ਆਉਂਦੀ ਰਹਿੰਦੀ ਸੀ।

ਕਈ ਗਵਾਹ ਗਵਾਹੀ ਦੇਣ ਵੇਲੇ ਏਨੇਂ ਘਬਰਾਏ ਹੋਏ ਹੁੰਦੇ ਸਨ ਕਿ ਐਵੇਂ ਘਭਲੀਆਂ ਮਾਰਨ ਲੱਗ ਪੈਂਦੇ ਸਨ। ਸਰਕਾਰੀ ਵਕੀਲ ਦੀਵਾਨ ਪਿੰਡੀ ਦਾਸ ਗਵਾਹ ਨੂੰ ਰਾਹੇ ਪਾਉਣ ਲਈ ਸਿੱਧੀ ਗੱਲ ਪੁੱਛ ਕੇ ਹਾਂ ਜੀ, ਹਾਂ ਜੀ ਕਹਾਉਣ ਲੱਗ ਪੈਂਦਾ ਸੀ

ਅਤੇ ਅਦਾਲਤ ਮਿੱਟੀ ਦਾ ਮਾਧੋ ਬਣੀ ਉਹ ਬਿਆਨ ਲਿਖਵਾਈ ਜਾਂਦੀ ਜੋ ਹੁੰਦਾ ਸਰਕਾਰੀ ਵਕੀਲ ਦਾ ਸੀ ਪਰ ਲਿਖਿਆ ਹਾਂ-ਜੀ ਕਹਿਣ ਵਾਲੇ ਗਵਾਹ ਵੱਲੋਂ ਹੀ ਜਾਂਦਾ ਸੀ।

ਇਹਨਾਂ ਹੀ ਗੱਲਾਂ ਨੂੰ ਮੁੱਖ ਰੱਖ ਕੇ ਭਾਈ ਕਿਸ਼ਨ ਸਿੰਘ ਜੀ ਅਦਾਲਤ ਨੂੰ ਅਕਸਰ ਸਰਕਸ ਮਾਸਟਰ ਸਾਹਿਬ ਕਹਿ ਕੇ ਵੰਗਾਰਨਾ ਸ਼ੁਰੂ ਕਰ ਦਿੰਦੇ ਸਨ। ਇਥੇ ਆ ਕੇ ਮਿਸਾਲ ਦੇ ਤੌਰ ਉੱਤੇ ਗਵਾਹਾਂ ਦਾ ਨਮੂਨਾ ਪਾਠਕਾਂ ਦੀ ਦਰਿਸ਼ਟੀ-ਗੋਚਰ ਕਰਨਾ ਜ਼ਰੂਰੀ ਸਮਝਦਾ ਹਾਂ।

ਬਾਬੂ ਸੰਤਾ ਸਿੰਘ ਰਾਣੀਥੂਹੇ ਦੇ ਜ਼ੈਲਦਾਰ ਨੂੰ ਬੜੀ ਤਸੱਲੀ ਨਾਲ ਖ਼ਤਮ ਕਰਕੇ ਕਣਕਾਂ ਵਿਚ ਜਾ ਵੜਿਆ ਸੀ ਅਤੇ ਨਾਲ ਲਗਦੀ ਚੋਈ ਥਾਣੀਂ ਪਰਾਗਪੁਰ ਪੁੱਜ ਗਿਆ ਸੀ। ਚੌਕੀਦਾਰ, ਜਿਹੜਾ ਜ਼ੈਲਦਾਰ ਦੀ ਘੋੜੀ ਜ਼ਰਾ ਪਛੜ ਕੇ ਲਿਆਇਆ ਸੀ, ਗਵਾਹੀ ਦੇਣ ਆਇਆ ਸੀ। ਇਹ ਸੀ ਸਰਕਾਰੀ ਗਵਾਹ ਨੰ: 119, ਚੌਕਦਾਰ ਗੰਡੂ, ਜ਼ਾਤ ਚੁਮਾਰ, ਪਿੰਡ ਰਾਣੀਥੂਹਾ, ਰਿਆਸਤ ਕਪੂਰਥਲਾ।

ਇਹ ਘਟਨਾ 10 ਫਰਵਰੀ 1923 ਦੀ ਹੈ। ਜਿਸ ਵੇਲੇ ਗੋਲੀ ਦਾ ਖੜਾਕ ਸੁਣ ਕੇ ਉਹ ਮਰੇ ਪਏ ਜ਼ੈਲਦਾਰ ਕੋਲ ਆਇਆ ਤਾਂ ਮਾਰਨ ਵਾਲਾ ਕਣਕਾਂ ਵਿਚ ਜਾ ਵੜਿਆ ਸੀ। ਗਵਾਹ ਨੇ ਕਿਹਾ ਕਿ ਕਣਕਾਂ ਉਸ ਵੇਲੇ ਨਿੱਸਰ ਚੁੱਕੀਆਂ ਸਨ। ਤਦੋਂ ਹੀ ਮੀਰ ਸਾਹਿਬ ਕੁਰਸੀ ਤੋਂ ਉੱਠ ਖੜੋਤੇ ਅਤੇ ਗਵਾਹ ਤੋਂ ਪੁੱਛਣ ਲੱਗੇ ਕਿ ਕਣਕਾਂ ਗਿੱਠ-ਗਿੱਠ ਹੀ ਸਨ ਨਾ? ਨਾਲੇ ਖੱਬੇ ਹੱਥ ਦੀ ਹਥੇਲੀ ਉੱਤੇ ਸੱਜੇ ਹੱਥ ਨਾਲ ਗਿੱਠ ਖੜ੍ਹੀ ਕੀਤੀ ਹੋਈ ਸੀ। ਗਵਾਹ ਨੇ ਫਟਾ-ਫਟ ਬਿਆਨ ਬਦਲ ਕੇ ਕਹਿਣਾ ਸ਼ੁਰੂ ਕਰ ਦਿੱਤਾ, ਆਹੋ ਜੀ ਗਿੱਠ-ਗਿੱਠ ਹੀ ਸਨ। ਮੈਜਿਸਟਰੇਟ ਨੇ ਕਣਕਾਂ ਗਿੱਠ-ਗਿੱਠ ਲਿਖਵਾ ਦਿੱਤੀਆਂ। ਤਦੋਂ ਹੀ ਭਾਈ ਕਿਸ਼ਨ ਸਿੰਘ ਕਹਿ ਉਠੇ, "ਸਰਕਸ ਮਾਸਟਰ ਸਾਹਿਬ, ਗਵਾਹ ਪਹਿਲਾਂ ਨਿੱਸਰੀਆਂ ਕਣਕਾਂ ਬਿਆਨ ਕਰ ਚੁਕਿਆ ਹੈ ਅਤੇ ਮੀਰ ਸਾਹਿਬ ਨੇ ਆਪ ਆਪਣੀ ਗਿੱਠ ਖੜ੍ਹੀ ਕਰਕੇ ਗਿੱਠ-ਗਿੱਠ ਅਖਵਾਇਆ ਹੈ। ਦੋਨੋਂ ਬਿਆਨ ਲਿਖਾਉ।" ਮੈਜਿਸਟਰੇਟ ਕਹਿਣ ਲੱਗਿਆ, "ਮੈਨੂੰ ਸਿਰਫ ਗਿੱਠ-ਗਿੱਠ ਕਣਕਾਂ ਕਹਿੰਦਾ ਗਵਾਹ ਹੀ ਸੁਣਿਆ ਹੈ, ਸੋ ਗਿੱਠ-ਗਿੱਠ ਹੀ ਲਿਖਾਇਆ ਗਿਆ ਹੈ।" ਜਿਸ ਵੇਲੇ ਸਰਕਾਰੀ ਵਕੀਲ ਬਿਆਨ ਕਰਵਾ ਚੁੱਕਿਆ ਤਾਂ ਭਾਈ ਸਾਹਿਬ ਨੇ ਗਵਾਹ ਉੱਤੇ ਜਿਰਾਹ ਕਰਦਿਆਂ ਮੁੜ ਪੁੱਛਿਆ ਕਿ ਕਣਕਾਂ ਨਿੱਸਰੀਆਂ ਹੋਈਆਂ ਹੀ ਸਨ ਨਾ? ਗਵਾਹ ਨੇ ਆਖਿਆ, ਮੈਂ ਤਾਂ ਪਹਿਲਾਂ ਹੀ ਨਿੱਸਰੀਆਂ ਹੋਈਆਂ ਲਿਖਾਇਆ ਸੀ। ਉਸੇ ਵੇਲੇ ਅਦਾਲਤ ਨੇ ਗਵਾਹ ਤੋਂ ਆਪ ਪੁਛਿਆ ਕਿ ਕਣਕਾਂ ਗਿੱਠ-ਗਿੱਠ ਸਨ ਜਾਂ ਨਿੱਸਰੀਆਂ ਹੋਈਆਂ, ਤਾਂ ਗਵਾਹ ਨੇ ਸਾਫ਼ ਕਿਹਾ, "ਨਹੀਂ ਜੀ, ਗਿੱਠ-ਗਿੱਠ ਨਹੀਂ ਸਨ, ਕਣਕਾਂ ਨਿੱਸਰੀਆਂ ਹੋਈਆਂ ਸਨ, ਜਿਨ੍ਹਾਂ ਵਿਚ ਮੁਲਜ਼ਮ ਜਾ ਲੁਕਿਆ ਸੀ।" ਤਦ ਮੈਜਿਸਟਰੇਟ ਨੂੰ ਲਿਖਾਉਣਾ ਪਿਆ ਕਿ ਕਣਕਾਂ ਨਿੱਸਰੀਆਂ ਹੋਈਆਂ ਸਨ, ਜਿਨ੍ਹਾਂ ਵਿਚ ਮੁਲਜ਼ਮ ਜਾ ਲੁਕਿਆ ਸੀ। ਦਰ ਅਸਲ ਕਣਕਾਂ ਹਾਲੇ ਗਿੱਠ-ਗਿੱਠ ਹੀ ਸਨ ਅਤੇ ਬਾਬੂ ਸਾਹਿਬ ਨਿਧੜਕ ਚੋਈ ਵਿਚ ਜਾ ਪਏ ਸਨ। ਕਿਸੇ ਗਵਾਹ ਵਿਚ ਹੌਸਲਾ ਹੀ ਨਹੀਂ ਸੀ ਪਿਆ ਜੋ ਉਹਨਾਂ ਦਾ ਪਿੱਛਾ ਕਰਦਾ। ਜਿੰਨੇ ਵੀ ਗਵਾਹ ਭੁਗਤੇ ਸਨ, ਮਰੇ ਪਏ ਜ਼ੈਲਦਾਰ ਨੂੰ ਉਥੇ ਛੱਡ ਪਿੰਡ ਨੂੰ ਚਲੇ ਗਏ ਸਨ ਅਤੇ ਪਿੰਡੋਂ ਜਾ ਕੇ ਪੁਲਸ ਨੂੰ ਖਬਰ ਘੱਲੀ ਗਈ ਸੀ।

ਦੂਜੀ ਮਿਸਾਲ ਮੈਜਿਸਟਰੇਟ ਦੀ ਅਦਾਲਤ ਦੀ ਵਾਇਦਾ-ਮੁਆਫ਼ ਗਵਾਹ ਨੰ: 8, ਗਰੰਥੀ ਅਮਰ ਸਿੰਘ ਦੇ ਬਿਆਨ ਦੀ ਹੈ। ਇਹ ਸ਼ੁਰੂ ਤੋਂ ਹੀ ਭਾਈ ਕਿਸ਼ਨ ਸਿੰਘ ਜੀ ਦਾ ਸਾਥੀ ਰਿਹਾ ਸੀ। ਫ਼ੌਜ ਦੀ ਨੌਕਰੀ ਤੋਂ ਸ਼ੁਰੂ ਹੋ ਵਾਇਦਾ-ਮੁਆਫ਼ੀ ਤੱਕ ਸਭ ਤਫ਼ਸੀਲ ਦਰਜ ਹੋ ਚੁੱਕੀ ਹੈ।

ਮੈਜਿਸਟਰੇਟ ਅੱਗੇ ਬਿਆਨ ਦਿੰਦਿਆਂ ਇਕ ਥਾਂ ਉਹ ਇਹ ਗੱਲ ਦਸਦਾ ਹੈ ਕਿ ਸਾਡੇ ਚਕਰਵਰਤੀ ਜਥੇ ਦਾ ਇਕ ਮੈਂਬਰ ਲੱਖਾ ਸਿੰਘ "ਤਲੰਗਾ" ਸੀ। ਪੰਜਾਬੀ ਬੋਲੀ ਵਿਚ ਅਸੀਂ ਤਲੰਗਾ ਉਸ ਵਿਅਕਤੀ ਨੂੰ ਕਹਿੰਦੇ ਹਾਂ ਜਿਹੜਾ ਫੌਜੀ ਨੌਕਰੀ ਕਰ ਰਿਹਾ ਹੋਵੇ ਜਾਂ ਕਰ ਚੁਕਿਆ ਹੋਵੇ। ਪੁਲਸ ਨੂੰ ਟਪਲਾ ਲਗ ਗਿਆ। ਉਹਨੇ ਲੱਖਾ ਸਿੰਘ ਤਲੰਗੇ ਦੀ ਥਾਂ ਲੱਖਾ ਸਿੰਘ ਕੋਟ ਫਤੂਹੀ ਨੂੰ ਸਾਡੇ ਕੇਸ ਵਿਚ ਜਾ ਗਰਿਫ਼ਤਾਰ ਕੀਤਾ। ਜਿਸ ਵੇਲੇ ਅਮਰ ਸਿੰਘ ਨੂੰ ਗਰਿਫ਼ਤਾਰ ਕੀਤੇ ਜਾ ਚੁੱਕੇ ਲਖਾ ਸਿੰਘ ਕੋਟ ਫਤੂਹੀ ਦੀ ਸ਼ਨਾਖ਼ਤ ਲਈ ਲਿਆਂਦਾ ਗਿਆ, ਤਾਂ ਉਹਨੇ ਆਖਿਆ ਕਿ "ਇਹ ਲੱਖਾ ਸਿੰਘ ਤਲੰਗਾ ਨਹੀਂ, ਇਹ ਤਾਂ ਕੋਟ ਫਤੂਹੀ ਦਾ ਲੱਖਾ ਸਿੰਘ ਬਿਲਕੁਲ ਬੇਗੁਨਾਹ ਫੜਿਆ ਗਿਆ ਹੈ। ਮੈਂ ਇਹਨੂੰ ਜਾਣਦਾ ਹਾਂ। ਇਹਦਾ ਚਕਰਵਰਤੀ ਜਥੇ ਨਾਲ ਕੋਈ ਸੰਬੰਧ ਨਹੀਂ ਹੈ।" ਕਿਉਂਕਿ ਪੁਲਸ ਗ਼ਲਤੀ ਕਰ ਚੁੱਕੀ ਸੀ, ਸੋ ਅਮਰ ਸਿੰਘ ਤੋਂ ਕਹਾਉਣਾ ਪਿਆ ਕਿ ਮੈਂ ਇਹਨੂੰ ਹੀ ਲੱਖਾ ਸਿੰਘ ਤਲੰਗਾ ਕਹਿੰਦਾ ਹਾਂ। ਪੁਲਸ ਨਾਲ ਸੱਪ ਦੇ ਮੂੰਹ ਕਿਰਲੀ ਵਾਲੀ ਗੱਲ ਬਣ ਗਈ। ਇਹ ਜਾਣਦੇ ਹੋਏ ਵੀ ਕਿ ਇਹ ਲੱਖਾ ਸਿੰਘ ਬੇਗੁਨਾਹ ਹੀ ਫੜ ਲਿਆ ਗਿਆ ਹੈ, ਉਹਦਾ ਚਲਾਨ ਸਾਡੇ ਨਾਲ ਹੀ ਕਰਨਾ ਪਿਆ ਸੀ। ਜੇ ਉਹਨੂੰ ਪੁਲਸ ਛਡਦੀ ਸੀ ਤਾਂ ਸਾਰੇ ਕੇਸ ਉੱਤੇ ਅਸਰ ਪੈਣ ਦਾ ਖ਼ਤਰਾ ਸਮਝਦੀ ਸੀ। ਮੈਜਿਸਟਰੇਟ ਦੇ ਸਾਹਮਣੇ ਗਵਾਹੀ ਵੇਲੇ ਜਿਸ ਵੇਲੇ ਅਮਰ ਸਿੰਘ ਨੂੰ ਲੱਖਾ ਸਿੰਘ ਦੀ ਸ਼ਨਾਖ਼ਤ ਲਈ ਕਿਹਾ ਗਿਆ ਤਾਂ ਉਹਨੇ ਬਿਆਨ ਵਿਚ ਇਹ ਸ਼ਬਦ ਆਖੇ ਸਨ, "ਆਹੋ ਜੀ, ਹੁਣ ਮੈਂ ਇਸੇ ਨੂੰ ਹੀ ਲੱਖਾ ਸਿੰਘ ਤਲੰਗਾ ਆਖਾਂਗਾ।" ਅਸੀਂ ਸਾਰੇ ਖਿੜਖਿੜਾ ਕੇ ਹੱਸ ਪਏ ਸੀ। ਜਿਸ ਵੇਲੇ ਸਾਡੇ ਉੱਤੇ ਚਾਰਜ-ਸ਼ੀਟ ਲੱਗਣ ਦਾ ਵੇਲਾ ਆਇਆ ਤਾਂ ਮੀਰ ਸਾਹਿਬ ਦੀ ਸਿਫ਼ਾਰਸ਼ ਉੱਤੇ ਲੱਖਾ ਸਿੰਘ, ਉਹਦੇ ਛੋਟੇ ਭਰਾ ਅਤੇ ਤਿੰਨਾਂ ਹੋਰਨਾਂ ਨੂੰ ਛਡ ਦਿਤਾ ਗਿਆ ਸੀ ਅਤੇ ਬਾਕੀ ਸਾਡੇ 55 ਮੁਲਜ਼ਮਾਂ ਉੱਤੇ ਫ਼ਰਦ ਜੁਰਮ ਲਾ ਕੇ ਸੈਸ਼ਨ ਸਪੁਰਦ ਕਰਨਾ ਰਹਿ ਗਿਆ ਸੀ।

ਉਸ ਵੇਲੇ ਦੀ ਇਕ ਗੱਲ ਜਿਹੜੀ ਮੈਂ ਮਰਦੇ ਦਮ ਤਕ ਨਹੀਂ ਭੁਲਾ ਸਕਦਾ, ਇਹ ਸੀ ਕਿ ਜਿਸ ਵੇਲੇ ਲੱਖਾ ਸਿੰਘ ਦੀ ਹੱਥਕੜੀ ਅਦਾਲਤ ਦੇ ਕਹਿਣ ਉੱਤੇ ਖੋਲ੍ਹੀ ਗਈ ਅਤੇ ਮੁੜ ਬੇੜੀ ਕੱਟੀ ਗਈ, ਤਾਂ ਉਹ ਸਾਡੇ ਦੇਖਦਿਆਂ ਹੀ ਇਸ ਤਰ੍ਹਾਂ ਅਦਾਲਤ ਦੇ ਕਮਰੇ ਵਿਚੋਂ ਬਾਹਰ ਨੂੰ ਭੱਜਿਆ, ਜਿਵੇਂ ਗਾਂ ਬੁੱਚੜਖ਼ਾਨਿਉਂ ਰੱਸਾ ਤੁੜਾ ਕੇ ਭੱਜ ਨਿੱਕਲੇ। ਹਾਲੇ ਉਹਦੇ ਸਕੇ ਭਰਾ ਦੀ ਬੇੜੀ ਉਹਤੋਂ ਪਿਛੋਂ ਖੋਲ੍ਹੀ ਗਈ। ਸਾਡੇ ਸਾਹਮਣੇ ਅਦਾਲਤ ਵਿਚ ਖੜੋਤੇ ਪੁਲਸੀਏ ਉਹਦੇ ਮਗਰ ਭੱਜੇ ਅਤੇ ਉਹਨੂੰ ਮੋੜ ਕੇ ਫੇਰ ਅਦਾਲਤ ਸਾਹਮਣੇ ਲਿਆਏ ਤਾਂ ਜੋ ਉਹਨੂੰ ਵਾਪਸੀ ਪਿੰਡ ਪੁੱਜਣ ਲਈ ਅਦਾਲਤ ਤੋਂ ਤਸਦੀਕ ਕਰਵਾ ਕੇ ਰੇਲ ਦਾ ਪਾਸ ਅਤੇ ਥੋੜ੍ਹਾ-ਬਹੁਤਾ ਇਕ ਡੰਗ ਦੀ ਰੋਟੀ ਖਾਣ ਜੋਗਾ ਨਕਦ ਖਰਚਾ ਦਿੱਤਾ ਜਾ ਸਕੇ। ਇਹ ਇਕ ਅਜਿਹੀ ਘਟਨਾ ਸਾਡੇ ਸਾਹਮਣੇ ਵਾਪਰੀ ਸੀ ਕਿ ਅਸੀਂ ਨਿਆਣੇ ਵੀ ਇਹ ਤਮਾਸ਼ਾ ਦੇਖ ਖਿੜਖਿੜਾ ਹੱਸ ਪਏ ਸੀ। ਹਾਂ, ਬਾਕੀ ਉਹਦੇ ਚਾਰੇ ਸਾਥੀ ਸਭ ਨੂੰ ਫਤਿਹ ਬੁਲਾ ਕੇ ਅਦਾਲਤ ਤੋਂ

ਬਾਹਰ ਗਏ ਸਨ। ਪਰ ਉਸ ਸ਼ਖਸ ਨੇ ਸਾਡੇ ਕਿਸੇ ਨਾਲ ਅੱਖ ਮਿਲਾਉਣ ਦੀ ਦਲੇਰੀ ਨਹੀਂ ਸੀ ਕੀਤੀ।

ਇਸੇ ਤਰ੍ਹਾਂ ਵਾਇਦਾ-ਮੁਆਫ਼ ਅਨੂਪ ਸਿੰਘ ਮਾਣਕੋ ਦੇ ਬਿਆਨ ਦੀ ਨਕਲ ਉਰਦੂ ਅਖਰਾਂ ਵਿਚ ਮਿਲ ਚੁਕੀ ਸੀ। ਇਸ ਵਿਚ ਅਨੂਪ ਸਿੰਘ ਨੇ ਪੁਲਸ ਸਾਹਮਣੇ ਬਿਆਨ ਦਿੱਤਾ ਹੋਇਆ ਸੀ ਕਿ ਉਹਨੇ ਆਪਣੇ ਪਿੰਡ ਦੇ ਬੋਘ ਸਿੰਘ ਨਾਲ ਮਿਲ ਕੇ ਇਹ ਸਕੀਮ ਤਿਆਰ ਕਰ ਲਈ ਸੀ ਕਿ ਬੋਘ ਸਿੰਘ ਆਪਣੇ ਛੋਟੇ ਲੜਕੇ ਕੇਵਲ ਸਿੰਘ ਨੂੰ ਡੁਮੇਲੀ ਵਾਲੇ ਨਿਰੰਜਣ ਸਿੰਘ ਕੋਲ ਸਾਈਕਲ ਦੇ ਕੇ ਭੇਜ ਦੇਵੇਗਾ। ਨਿਰੰਜਣ ਸਿੰਘ ਅਤੇ ਕੇਵਲ ਸਿੰਘ ਉਸ ਵੇਲੇ ਇਕੋ ਜਮਾਤ ਵਿਚ ਕਾਲਜ ਵਿਚ ਪੜ੍ਹਦੇ ਸਨ ਅਤੇ ਗਰਮੀਆਂ ਦੀਆਂ ਛੁਟੀਆਂ ਕਰਕੇ ਪਿੰਡ ਆਏ ਹੋਏ ਸਨ। ਮਹੀਨਾ ਅਗਸਤ ਦਾ ਸੀ। ਬਬਰ ਆਮ ਕਰਕੇ ਡੁਮੇਲੀ ਦੇ ਆਲੇ-ਦੁਆਲੇ ਹੀ ਗੇੜੇ ਕੱਢ ਰਹੇ ਸਨ। ਅਨੂਪ ਸਿੰਘ ਮੌਕਾ ਦੇਖ ਕੇ ਨਿਰੰਜਣ ਸਿੰਘ ਨੂੰ ਇਤਲਾਹ ਦੇ ਦੇਵੇਗਾ ਅਤੇ ਨਿਰੰਜਣ ਸਿੰਘ ਉਸੇ ਵੇਲੇ ਕੇਵਲ ਸਿੰਘ ਨੂੰ ਬੋਘ ਸਿੰਘ ਨੂੰ ਇਤਲਾਹ ਦੇਣ ਲਈ ਸਾਈਕਲ ਉੱਤੇ ਦੁੜਾ ਦੇਵੇਗਾ ਅਤੇ ਦੱਸ ਦੇਵੇਗਾ ਕਿ ਅਗਲੇ ਦਿਨ ਬਬਰ ਕਿਥੇ ਪਨਾਹ ਲੈਣਗੇ। ਸੋ ਇਸੇ ਪ੍ਰੋਗਰਾਮ ਉੱਤੇ ਅਮਲ ਵੀ ਹੋ ਗਿਆ ਸੀ, ਜਿਸ ਕਰਕੇ ਚਾਰ ਬਬਰ ਬਬੇਲੀ ਵਿਖੇ ਪਹਿਲੀ ਸਤੰਬਰ 1923 ਨੂੰ ਸ਼ਹੀਦੀ ਪਾ ਗਏ ਸਨ।

ਪਰ ਅਦਾਲਤ ਵਿਚ ਬਿਆਨ ਦੇਣ ਵੇਲੇ ਉਪਰ ਦੱਸੀ ਸਾਰੀ ਗੱਲ ਪੁਲਸ ਨੇ ਅਨੂਪ ਸਿੰਘ ਤੋਂ ਬਦਲਵਾ ਦਿੱਤੀ ਸੀ, ਕਿਉਂਕਿ ਜਿਸ ਵੇਲੇ ਇਸ ਕਰਤੂਤ ਦੇ ਮੁਰੱਬਿਆਂ ਦੇ ਇਨਾਮ ਦਾ ਵੇਲਾ ਆਉਣਾ ਸੀ ਤਾਂ ਬੋਘ ਸਿੰਘ ਘਬਰਾ ਗਿਆ ਸੀ ਕਿ ਕਿਤੇ ਅਨੂਪ ਸਿੰਘ ਜਾਂ ਨਿਰੰਜਣ ਸਿੰਘ ਵੀ ਸਾਂਝੀਦਾਰ ਨਾ ਬਣ ਜਾਣ। ਫੇਰ ਵੀ ਬੋਘ ਸਿੰਘ ਆਪਣੇ ਬਿਆਨ ਵਿਚ ਸਾਫ਼-ਸਾਫ਼ ਮੰਨਦਾ ਹੈ ਕਿ "ਮੇਰਾ ਛੋਟਾ ਲੜਕਾ ਉਸ ਵੇਲੇ ਡੁਮੇਲੀ ਨਿਰੰਜਣ ਸਿੰਘ ਪਾਸ ਹੀ ਠਹਿਰਿਆ ਹੋਇਆ ਸੀ ਅਤੇ ਉਹਨੇ ਹੀ ਡੁਮੇਲੀਉਂ ਆ ਕੇ ਮੈਨੂੰ ਦਸਿਆ ਸੀ ਕਿ ਉਸ ਦਿਨ ਬਬਰ ਬਬੇਲੀ ਹੋਣਗੇ। ਮੈਂ ਜਲੰਧਰ ਜਾ ਕੇ ਅਫਸਰਾਂ ਨੂੰ ਪਤਾ ਦਿੱਤਾ। ਮੇਰੀ ਹੀ ਮੁਖਬਰੀ ਉੱਤੇ ਚੌਂਹ ਬਬਰਾਂ ਦਾ ਕਤਲ ਸਿਰੇ ਚੜ੍ਹਿਆ ਸੀ।" ਮੈਂ ਬੋਘ ਸਿੰਘ ਦਾ ਦਿਤਾ ਬਿਆਨ ਜਿਹੜਾ ਪੇਪਰ-ਬੁੱਕ ਵਿਚ ਦਰਜ ਹੈ, ਪਹਿਲਾਂ ਹੀ ਲਿਖ ਆਇਆ ਹਾਂ। ਜਿਸ ਵੇਲੇ ਪੁਲਸ ਨੂੰ ਬਿਆਨ ਬਦਲਣਾ ਪਿਆ, ਤਾਂ ਇਸ ਬਿਆਨ ਦੀ ਪੁਲਸ ਵਾਲੀ ਨਕਲ ਅਦਾਲਤ ਨੇ ਦੇਖਣ ਦੇ ਬਹਾਨੇ ਵਾਪਸ ਲੈ ਲਈ ਅਤੇ ਇਕ ਹੋਰ ਦੂਜੀ ਨਕਲ ਮੋੜ ਕੇ ਦੇ ਦਿੱਤੀ।

ਜਿਸ ਵੇਲੇ ਸੈਸ਼ਨ ਦੀ ਅਦਾਲਤ ਵਿਚ ਦੁਬਾਰਾ ਅਨੂਪ ਸਿੰਘ ਦਾ ਬਿਆਨ ਸ਼ੁਰੂ ਹੋਇਆ, ਸਾਡੇ ਵਕੀਲ ਨੇ ਇਸੇ ਗੱਲ ਉੱਤੇ ਮੁੜ ਇਤਰਾਜ਼ ਉਠਾਇਆ ਅਤੇ ਅਦਾਲਤ ਨੂੰ ਮਜਬੂਰ ਕਰ ਦਿੱਤਾ ਕਿ ਉਹਨਾਂ ਦਾ ਜਾਇਜ਼ ਇਤਰਾਜ਼ ਰੀਕਾਰਡ ਉੱਤੇ ਲਿਆਂਦਾ ਜਾਵੇ। ਜੱਜ ਸਾਹਿਬ ਨੂੰ ਇਹ ਨੋਟ ਦਰਜ ਕਰਨਾ ਹੀ ਪਿਆ ਸੀ।

ਪੇਪਰ-ਬੁੱਕ ਦੇ ਸਫ਼ਾ 166 ਉੱਤੇ ਦਰਜ ਹੈ ਕਿ ਮੁਆਫ਼ੀ ਦਾ ਹੁਕਮ ਕੁਮਿਟਿੰਗ ਮੈਜਿਸਟਰੇਟ ਦੀ ਫ਼ਾਇਲ ਵਿਚੋਂ ਕਢਿਆ ਜਾ ਚੁੱਕਿਆ ਹੈ।

ਉਪਰਲੀਆਂ ਮਿਸਾਲਾਂ ਮੈਂ ਪਾਠਕਾਂ ਲਈ ਇਹ ਫ਼ੈਸਲਾ ਕਰਨ ਵਾਸਤੇ ਲਿਖ ਦਿਤੀਆਂ ਹਨ ਕਿ ਸਾਡਾ ਲੀਡਰ ਕੁਮਿਟਿੰਗ ਮੈਜਿਸਟਰੇਟ ਨੂੰ ਕਠਪੁਤਲੀਆਂ ਦਾ ਤਮਾਸ਼ਾ ਕਰਨ ਵਾਲਾ ਜਾਂ ਸਰਕਸ ਦਾ ਰਿੰਗ ਮਾਸਟਰ ਕਿਉਂ ਕਿਹਾ ਕਰਦਾ ਸੀ।

ਕੁਮਿਟਿੰਗ ਮੈਜਿਸਟਰੇਟ ਮਿਸਟਰ ਬੁਲ ਸਿਰਫ ਮਿੱਟੀ ਦਾ ਮਾਧੋ ਹੀ ਸੀ। ਉਹ ਬੁਧੂ ਸ਼ਾਹ ਉਵੇਂ ਹੀ ਨਚਦਾ ਸੀ, ਜਿਵੇਂ ਕੇਸ ਦਾ ਇੰਚਾਰਜ ਮੀਰ ਫ਼ਜ਼ਲ ਇਮਾਮ ਨਚਾਇਆ ਕਰਦਾ ਸੀ। ਸੋ ਚਾਰਜ ਲਾਉਣ ਵੇਲੇ ਹੇਠ-ਲਿਖੇ ਪੰਜ ਮੁਲਜ਼ਮ ਮੀਰ ਸਾਹਿਬ ਦੀ ਸਿਫਾਰਿਸ਼ ਮੁਤਾਬਿਕ ਡਿਸਚਾਰਜ ਕਰ ਦਿੱਤੇ ਗਏ ਅਤੇ ਬਾਕੀ ਸਾਨੂੰ 55 ਨੂੰ ਉਪਰ-ਲਿਖੀਆਂ ਦਫ਼ਾਵਾਂ ਹੇਠ ਸੈਸ਼ਨ ਸਪੁਰਦ ਕਰ ਦਿੱਤਾ ਗਿਆ।

ਡਿਸਚਾਰਜ ਕੀਤੇ ਗਏ ਮੁਲਜ਼ਮ ਸਨ—ਲੱਖਾ ਸਿੰਘ, ਭੁੱਲਾ ਸਿੰਘ ਤੇ ਬਾਵਾ ਸਿੰਘ ਪਿੰਡ ਕੋਟ ਫਤੂਹੀ, ਜ਼ਿਲਾ ਹੁਸ਼ਿਆਰਪੁਰ, ਗੋਕਲ ਸਿੰਘ ਸਿੰਬਲੀ, ਜ਼ਿਲਾ ਹੁਸ਼ਿਆਰਪੁਰ ਅਤੇ ਜਗਤ ਸਿੰਘ ਪਲਾਹੀ, ਰਿਆਸਤ ਕਪੂਰਥਲਾ।

ਮੈਂ ਦੱਸ ਹੀ ਚੁੱਕਿਆ ਹਾਂ ਕਿ ਸਾਡੀਆਂ ਗਰਿਫ਼ਤਾਰੀਆਂ ਤੋਂ ਬਾਅਦ ਜਿਸ ਵੇਲੇ ਬਾਬੂ ਸੰਤਾ ਸਿੰਘ ਇਕਬਾਲੀ ਬਿਆਨ ਦੇ ਚੁੱਕੇ ਤਾਂ ਨਵੀਆਂ ਗਰਿਫ਼ਤਾਰੀਆਂ ਦਾ ਚੱਕਰ ਚੱਲ ਪਿਆ ਅਤੇ ਨਾਲ ਲਗਦਿਆਂ ਅਨੂਪ ਸਿੰਘ ਤੇ ਧੰਨਾ ਸਿੰਘ ਕੋਟਲੀ ਬਾਵਾ ਦਾਸ ਵੀ ਵਾਇਦਾ-ਮੁਆਫ਼ ਬਣ ਗਏ। ਸੋ 36 ਮੁਲਜ਼ਮ ਹੋਰ ਗਰਿਫ਼ਤਾਰ ਕਰ ਲਏ ਗਏ, ਜਿਨ੍ਹਾਂ ਵਿਚ ਕਈ ਮਫ਼ਰੂਰ ਹੋ ਚੁੱਕੇ ਵੀ ਗਰਿਫ਼ਤਾਰ ਕਰ ਲਏ ਗਏ ਸਨ। ਇਸ ਕੇਸ ਦਾ ਇੰਚਾਰਜ ਇੰਸਪੈਕਟਰ ਬੂਟਾ ਰਾਮ ਸੀ। ਇਹਨਾਂ 36 ਮੁਲਜ਼ਮਾਂ ਦਾ ਮੁਕੱਦਮਾ ਵੀ ਸਾਡੇ ਵਾਲੇ ਮੈਜਿਸਟਰੇਟ ਨੇ ਹੀ ਸੁਣਿਆ ਅਤੇ ਸਾਡੇ ਵਾਲੀ ਰੀਹਰਸਲ ਮੁੜ ਦੁਹਰਾਈ ਗਈ। ਸਾਰੀ ਕਾਰਵਾਈ ਮੁਕੰਮਲ ਹੋ ਜਾਣ ਪਿਛੋਂ ਇਹ 36 ਮੁਲਜ਼ਮ ਵੀ ਸਾਡੇ ਨਾਲ ਹੀ ਬੈਰਕ ਨੰ: 2 ਵਿਚ ਲਿਆ ਡੱਕੇ ਗਏ। ਹੁਣ ਅਸੀਂ ਗਿਣਤੀ ਵਿਚ 91 ਹੋ ਗਏ ਸੀ।

8 ਅਪਰੈਲ 1924 ਨੂੰ ਸਾਨੂੰ 91 ਮੁਲਜ਼ਮਾਂ ਨੂੰ ਮੁੜ ਉਸੇ ਕੁਮਿਟਿੰਗ ਮੈਜਿਸਟਰੇਟ ਦੇ ਸਾਹਮਣੇ ਲਿਆ ਪੇਸ਼ ਕੀਤਾ ਗਿਆ। ਇਕੱਲੇ-ਇਕੱਲੇ ਮੁਲਜ਼ਮ ਨੂੰ ਨੰਬਰਵਾਰ ਆਪਣੇ ਨਾਲ ਲਗਦੇ ਮੁਲਜ਼ਮਾਂ ਵਾਲੇ ਕਟਹਿਰੇ ਵਿਚ ਬੁਲਾ ਕੇ ਇਕੱਲੇ-ਇਕੱਲੇ ਜੁਰਮ ਦੀ ਤਫ਼ਸੀਲ ਦੱਸ ਕੇ ਜਵਾਬ ਪੁੱਛਣਾ ਸ਼ੁਰੂ ਕਰ ਦਿੱਤਾ। ਮੁਲਜ਼ਮ ਹਰ ਜੁਰਮ ਤੋਂ ਇਨਕਾਰ ਕਰਦੇ ਚਲੇ ਗਏ ਅਤੇ ਆਖਦੇ ਗਏ ਕਿ ਇਹਦਾ ਜਵਾਬ ਸੇਸ਼ਨ ਜੱਜ ਸਾਹਮਣੇ ਹੀ ਦਿਆਂਗੇ। ਇਹੋ ਹੀ ਸਾਨੂੰ ਕਹਿਣ ਲਈ ਸਾਡੇ ਲੀਡਰਾਂ ਨੇ ਸਮਝਾ ਛਡਿਆ ਸੀ। ਸੋ 91 ਮੁਲਜ਼ਮਾਂ ਨੂੰ ਮੈਜਿਸਟਰੇਟ ਸਾਹਿਬ ਸੈਸ਼ਨ ਸਪੁਰਦ ਕਰਕੇ ਇਸ ਡਰਾਮੇ ਤੋਂ ਸੁਰਖ਼ਰੂ ਹੋ ਨਿਬੜੇ ਅਤੇ ਸਿੱਧੇ ਜਲੰਧਰ ਪੁੱਜ ਕੇ ਡਿਪਟੀ ਕਮਿਸ਼ਨਰ ਦੀ ਕੁਰਸੀ ਉੱਤੇ ਜਾ ਬਰਾਜਮਾਨ ਹੋਏ। ਹੁਣ ਸਾਡਾ ਕੇਸ ਸੈਸ਼ਨ ਜੱਜ ਸਾਹਮਣੇ ਪੇਸ਼ ਹੋਣਾ ਸੀ ਜੀਹਦੀ ਅਸੀਂ ਉਡੀਕ ਕਰਨ ਲੱਗ ਪਏ।

ਹੁਣ ਮੈਂ ਸੈਸ਼ਨ ਅਦਾਲਤ ਦੀ ਕਾਰਵਾਈ ਕਲਮਬੰਦ ਕਰਨ ਦੀ ਈਮਾਨਦਾਰੀ ਨਾਲ ਪੂਰੀ ਵਾਹ ਲਾਵਾਂਗਾ। ਯਕੀਨ ਹੈ, ਪਾਠਕ ਵੀ ਪੂਰੀ ਦਿਲਚਸਪੀ ਲੈਣ ਦੀ ਕਿਰਪਾ ਕਰਨਗੇ।

# 61. ਬਬਰ ਅਕਾਲੀ ਕਾਨਸਪੀਰੇਸੀ ਕੇਸ

ਪੇਪਰ-ਬੁੱਕ ਦਾ ਸਫ਼ਾ 3, ਸੈਸਨ ਮੁਕੱਦਮੇ ਦਾ ਪਹਿਲਾ ਸਫ਼ਾ ਇਸ ਪਰਕਾਰ ਸ਼ੁਰੂ ਹੁੰਦਾ ਹੈ।

ਮੁਕੱਦਮਾ ਨੰ: 2, 1924; ਸੈਸ਼ਨ ਦੇ ਮੁਕੱਦਮੇ ਦੀ ਕਾਰਵਾਈ, ਐਡੀਸ਼ਨਲ ਸੈਸ਼ਨ ਜੱਜ ਪੰਜਾਬ, ਮਿਸਟਰ ਜੇ. ਕੇ. ਐਮ. ਟੈਪ ਦੀ ਅਦਾਲਤ, ਪੰਜਾਬ ਗ਼ਜ਼ਟ ਨੋਟੀਫ਼ੀਕੇਸ਼ਨ ਨੰ: 6671 ਅਤੇ 6671-ਏ ਦੇ ਮੁਤਾਬਿਕ ਜਿਹੜਾ 3 ਮਾਰਚ 1924 ਨੂੰ ਜਾਰੀ ਕੀਤਾ ਗਿਆ, ਕਾਰਵਾਈ ਲਾਹੌਰ ਦੇ ਜ਼ਿਲੇ ਵਿਚ ਕਰਿਮੀਨਲ ਪ੍ਰੋਸੀਜਰ ਕੋਡ ਮੁਤਾਬਿਕ 2 ਜੂਨ 1924 ਤੋਂ ਸ਼ੁਰੂ ਹੋਈ ਅਤੇ ਅਗਲੇ ਦਿਨਾਂ ਵਿਚ ਜਾਰੀ ਰਹੀ, ਜਿਸ ਵਿਚ ਹੇਠ-ਲਿਖੇ ਅਸੈਸਰਾਂ ਨੇ ਹਿੱਸਾ ਲਿਆ : 1. ਰਾਇ ਸਾਹਿਬ ਲਾਲਾ ਭਗਤ ਰਾਮ, 2. ਸਯੱਦ ਨਿਵਾਜਿਸ਼ ਅਲੀ, 3. ਲਾਲਾ ਸੂਰਜ ਲਾਲ, ਅਤੇ 4. ਸਰਦਾਰ ਝੰਡਾ ਸਿੰਘ।

ਸਰਕਾਰੀ ਵਕੀਲ—ਦੀਵਾਨ ਬਹਾਦਰ ਦੀਵਾਨ ਪਿੰਡੀ ਦਾਸ ਸਭਰਵਾਲ ਅਤੇ ਸਫਾਈ ਵਲੋਂ—ਲਾਲਾ ਰਘੂਨਾਥ ਸਹਾਇ ਅਤੇ ਮਲਕ ਰਾਮ ਲਾਲ ਆਨੰਦ।

ਇਹ ਕੇਸ ਮਿਸਟਰ ਐਲ. ਏ. ਬੁਲ, ਸਪੈਸ਼ਲ ਮੈਜਿਸਟਰੇਟ ਦਰਜਾ ਅੱਵਲ, ਜੀਹਨੂੰ ਸਾਰੇ ਪੰਜਾਬ ਵਿਚ ਦਫ਼ਾ 30 ਦੇ ਅਖ਼ਤਿਆਰ ਪਰਾਪਤ ਸਨ, ਨੇ 8 ਅਪਰੈਲ 1924 ਨੂੰ ਸੈਸ਼ਨ ਦੇ ਸਪੁਰਦ ਕੀਤਾ ਸੀ। ਮੁਲਜ਼ਮਾਂ ਨੂੰ ਚਾਰਜ ਪੜ੍ਹ ਕੇ ਸੁਣਾਇਆ ਗਿਆ ਅਤੇ ਸਮਝਾਇਆ ਗਿਆ। ਪਰ ਸਾਰਿਆਂ ਨੇ ਹੀ ਮੰਨਣ ਤੋਂ ਇਨਕਾਰ ਕਰ ਦਿੱਤਾ।

ਕਲੰਡਰ ਦੇਖ ਲਿਆ ਗਿਆ ਅਤੇ ਦਰੁਸਤ ਕਰਾਰ ਦਿੱਤਾ ਗਿਆ। ਗਵਾਹਾਂ ਲਈ ਸੰਮਨ ਜਾਰੀ ਕਰਨ ਦਾ ਹੁਕਮ ਦਿੱਤਾ ਗਿਆ ਅਤੇ ਉਹਨਾਂ ਨੂੰ ਖਰਚਾ ਦੇਣ ਲਈ ਇਕ ਨਾਜ਼ਰ ਦੀ ਜ਼ਿੰਮੇਵਾਰੀ ਲਾ ਦਿੱਤੀ ਗਈ। 2 ਜੂਨ 1924

ਦਸਖ਼ਤ ਜੇ. ਕੇ. ਟੈਪ, ਐਡੀਸ਼ਨਲ ਸੈਸ਼ਨ ਜੱਜ ਪੰਜਾਬ, ਲਾਹੌਰ।

ਮੈਜਿਸਟਰੇਟ ਦੀ ਅਦਾਲਤ ਵਿਚ ਹੋ ਚੁੱਕੀ ਸਾਰੀ ਕਾਰਵਾਈ ਸੈਸ਼ਨ ਦੀ ਅਦਾਲਤ ਵਿਚ ਮੁੰਤਕਿਲ ਕੀਤੀ ਜਾਂਦੀ ਹੈ ਅਤੇ ਸੈਸ਼ਨ ਅਦਾਲਤ ਦੀ ਕਾਰਵਾਈ ਦਾ ਹੀ ਹਿੱਸਾ ਸਮਝੀ ਜਾਂਦੀ ਹੈ। ਦੇਖੋ ਵੱਖਰੀ ਸੂਚੀ।

ਤਾਰੀਖ 2 ਜੂਨ 1924 ਦਸਖ਼ਤ ਜੇ. ਕੇ. ਟੈਪ, ਐਡੀਸ਼ਨਲ ਸੈਸ਼ਨ ਜੱਜ ਪੰਜਾਬ, ਲਾਹੌਰ।

ਸੈਸ਼ਨ ਜੱਜ ਦੀ ਅਦਾਲਤ ਦੀ ਇਹ ਕਾਰਵਾਈ ਰੋਜ਼ਾਨਾ ਲਗਾਤਾਰ 28 ਫ਼ਰਵਰੀ 1925 ਤੱਕ, ਜਿਸ ਦਿਨ ਫ਼ੈਸਲਾ ਸੁਣਾਇਆ ਗਿਆ, ਚਲਦੀ ਰਹੀ, ਸਿਵਾਏ ਛੁਟੀਆਂ ਦੇ।

ਮੇਰੀਆਂ ਲਿਖੀਆਂ ਕੁੱਲ ਘਟਨਾਵਾਂ ਪਾਠਕਾਂ ਨੇ ਪੜ੍ਹ ਹੀ ਲਈਆਂ ਹਨ। ਉਸੇ ਸਿਦਕ-ਦਿਲੀ ਨਾਲ ਅਦਾਲਤੀ ਕਾਰਵਾਈ ਲਿਖਣ ਦੀ ਪੂਰੀ ਈਮਾਨਦਾਰੀ ਨਾਲ ਕੋਸ਼ਿਸ਼ ਕਰਾਂਗਾ।

ਸਾਡੇ ਕੇਸ ਦੀ ਪੈਰਵੀ ਲਈ ਸ਼੍ਰੋਮਣੀ ਕਮੇਟੀ ਪਹਿਲਾਂ ਹੀ ਅੰਗੂਠਾ ਦਿਖਾ ਚੁੱਕੀ ਸੀ ਅਤੇ ਸਾਡੇ ਵਿਚ ਬਹੁਗਿਣਤੀ ਮੇਰੇ ਵਰਗੇ ਗ਼ਰੀਬਾਂ ਦੀ ਹੀ ਸੀ। ਖਾਂਦੇ-ਪੀਂਦੇ ਘਰਾਂ ਦੇ ਟਾਵੇਂ-ਟਾਵੇਂ ਹੀ ਸਨ। ਰਹਿੰਦੀ-ਖੂੰਹਦੀ ਕਸਰ ਪੁਲਸ ਨੇ ਉਸ ਵੇਲੇ ਪੂਰੀ ਕਰ ਦਿਤੀ, ਜਿਸ ਵੇਲੇ ਸਾਨੂੰ ਗਰਿਫ਼ਤਾਰ ਕਰ ਲਿਆ ਗਿਆ। ਪਿੰਡਾਂ ਵਿਚ ਆਮ ਫ਼ੌਜੀਆਂ ਅਤੇ ਰਸਾਲੇ ਵਾਲਿਆਂ ਦੀਆਂ ਗਸ਼ਤਾਂ ਸ਼ੁਰੂ ਹੋ ਗਈਆਂ ਅਤੇ ਪਿੰਡੋਰੀ ਨਿੱਝਰਾਂ ਵਾਂਗੂ ਬਬਰਾਂ ਦੇ ਗੜ੍ਹਾਂ ਦੇ ਪਿੰਡਾਂ ਵਿਚ ਐਡੀਸ਼ਨਲ ਪੁਲਸ ਦੀਆਂ ਚੌਕੀਆ ਬਿਠਾ ਦਿੱਤੀਆਂ ਗਈਆਂ, ਜਿਨ੍ਹਾਂ ਵਿਚ ਜਿਹਲਮੀਏ ਪਟਿਆਂ ਵਾਲੇ ਮੁਸਟੰਡੇ ਮੁਸਲਮਾਨ ਪੁਲਸੀਏ ਅਤੇ ਉਸੇ ਨਸਲ ਦੇ ਉਹਨਾਂ ਦੇ ਇੰਚਾਰਜ ਸਨ। ਹਰ ਰੋਜ਼ ਸ਼ਾਮ ਨੂੰ ਸਾਡੀਆਂ, ਮੁਲਜ਼ਮਾਂ ਦੀਆਂ ਮਾਂਵਾਂ ਨੂੰ ਖ਼ਾਸ ਤੌਰ ਉੱਤੇ ਚੌਕੀ ਜਾ ਕੇ ਹਾਜ਼ਰੀ ਭਰਨੀ ਪੈਂਦੀ ਸੀ ਅਤੇ ਉਹ ਦੁਰਬਚਨ ਸੁਣਨੇ ਪੈਂਦੇ ਸਨ ਜਿਨ੍ਹਾਂ ਦਾ ਜ਼ਿਕਰ ਮੈਂ ਸ਼ੁਰੂ ਵਿਚ ਕਰ ਚੁਕਿਆ ਹਾਂ।

ਫ਼ਸਲਾਂ ਦਾ ਉਜਾੜਾ ਕੀਤਾ ਗਿਆ। ਢੋਰ-ਡੰਗਰਾਂ ਤੱਕ ਨੂੰ ਨਹੀਂ ਸੀ ਬਖਸ਼ਿਆ ਗਿਆ। ਲਵੇਰੀਆਂ ਦਾ ਪੱਠਾ-ਦੱਥਾ ਸਾਡੇ ਮਾਪਿਆਂ ਜ਼ਿੰਮੇ ਅਤੇ ਦੁੱਧ ਘੱਟੋ-ਘੱਟ ਇਕ ਵੇਲੇ ਦਾ ਜਿਹਲਮੀਏ ਪੁਲਸੀਏ ਲੈ ਜਾਂਦੇ ਸਨ। ਸਾਡੀ ਦਸ ਘੁਮਾਂ ਜ਼ਮੀਨ ਚੌਦਾ ਸੌ ਰੁਪਏ ਵਿਚ ਗਿਰਵੀ ਰੱਖਣੀ ਪਈ ਸੀ, ਜਿਹੜੀ ਮੈਂ ਪੰਦਰਾਂ ਕੁ ਸਾਲਾਂ ਬਾਅਦ ਹੀ ਛੁਡਾ ਸਕਿਆ ਸੀ। ਜਿਹੜੀਆਂ ਗਾਲਾਂ ਜ਼ਮੀਨ ਗਿਰਵੀ ਲੈਣ ਵਾਲਾ ਚਾਚਾ ਕਢਦਾ ਸੀ, ਉਹ ਭੂੰਗੇ ਵਿਚ ਰਹੀਆਂ। ਇਹ ਸੀ ਦੇਸਭਗਤੀ ਦੀ ਸਜ਼ਾ ਜੀਹਦੀ ਥੋੜ੍ਹੀ ਜਿਹੀ ਜਾਣਕਾਰੀ ਸਭ ਕੁਝ ਜ਼ਾਤੀ ਤੌਰ ਉੱਤੇ ਝੱਲਣ ਬਾਅਦ ਪਾਠਕਾਂ ਨੂੰ ਦੱਸਣੀ ਜ਼ਰੂਰੀ ਸਮਝੀ ਹੈ।

ਹੁਣ ਮੈਂ ਵਕੀਲ ਬਾਬਤ ਦੱਸਣਾ ਚਾਹੁੰਦਾ ਹਾਂ। ਸਾਡੇ ਨਾਲ ਖ਼ੁਸਰੋਪੁਰ ਵਾਲੇ ਬਾਬੂ ਸ਼ਾਮ ਸਿੰਘ ਦੇ ਲੜਕੇ ਜਸਵੰਤ ਸਿੰਘ ਮੁਲਜ਼ਮ ਨੰ: 89 ਅਤੇ ਆਤਮਾ ਸਿੰਘ ਨੰ: 90 ਵੀ ਸਨ। ਜਸਵੰਤ ਸਿੰਘ ਬੀਏ ਬੀਟੀ ਕਰਕੇ ਸਕੂਲ ਮਾਸਟਰ ਲੱਗੇ ਹੋਏ ਸਨ। ਉਹਨਾਂ ਦੇ ਪਿਤਾ ਫ਼ੌਜੀ ਪੈਨਸ਼ਨਰ ਸਨ। ਚੰਗਾ ਖ਼ਾਂਦਾ-ਪੀਂਦਾ ਪਰਿਵਾਰ ਸੀ। ਦੂਜੇ ਸਨ, ਕਰਤਾਰ ਸਿੰਘ ਅਤੇ ਹੁਕਮ ਸਿੰਘ ਪਿੰਡੋਰੀ ਨਿੱਝਰਾਂ ਵਾਲੇ ਸਕੇ ਭਰਾ। ਉਹਨਾਂ ਦਾ ਬਾਪ ਦੇਵਾ ਸਿੰਘ ਕੈਨੇਡਾ ਤੋਂ ਮੁੜਿਆ ਸੀ। ਇਹਨਾਂ ਦੋਹਾਂ ਨੇ ਬੂਟਾ ਸਿੰਘ ਦੇ ਭਰਾ ਬਤਨ ਸਿੰਘ ਨੂੰ ਕਿਹਾ ਉਹ ਸਾਰੇ ਮੁਲਜ਼ਮਾਂ ਦੇ ਪਿੰਡਾਂ ਦਾ ਗੇੜਾ ਕਢ ਕੇ ਉਹਨਾਂ ਦੇ ਵਾਰਸਾਂ ਨੂੰ ਦੱਸ ਆਵੇ ਕਿ ਫੁਲਾਣੇ ਦਿਨ ਜਲੰਧਰ ਦੇ ਕੰਪਨੀ ਬਾਗ਼ ਵਿਚ ਪੁਜ ਜਾਣ, ਤਾਂ ਜੋ ਮੁਕੱਦਮੇ ਦੀ ਪੈਰਵੀ ਲਈ ਵਕੀਲ ਦਾ ਬੰਦੋਬਸਤ ਕੀਤਾ ਜਾ ਸਕੇ। ਜਲੰਧਰ ਇਕੱਠ ਹੋ ਗਿਆ ਅਤੇ ਵਕੀਲ ਕਰਨ ਵਾਸਤੇ ਤਿੰਨਾਂ ਬੰਦਿਆਂ ਦੀ ਕਮੇਟੀ ਬਣਾ ਦਿੱਤੀ ਗਈ, ਜਿਸ ਵਿਚ ਬਾਬੂ ਸ਼ਾਮ ਸਿੰਘ ਖ਼ੁਸਰੋਪੁਰ, ਦੇਵਾ ਸਿੰਘ ਪਿੰਡੋਰੀ

ਨਿੱਝਰਾਂ ਅਤੇ ਨਿਰੰਜਣ ਸਿੰਘ ਸਾਹਦੜਾ ਮੈਂਬਰ ਚੁਣ ਲਏ ਗਏ। ਵਕੀਲ ਦੀ ਫ਼ੀਸ ਦੇਣ ਬਾਬਤ 77 ਮੁਲਜ਼ਮਾਂ ਦੇ ਵਾਰਸਾਂ ਨੇ ਹਾਮੀ ਭਰ ਦਿੱਤੀ। ਸੋ ਇਹਨਾਂ ਤਿੰਨਾਂ ਨੇ ਲਾਹੌਰ ਜਾ ਕੇ ਉਸੇ ਹੀ ਲਾਲਾ ਰਘੂਨਾਥ ਸਹਾਏ ਵਕੀਲ ਨਾਲ 77 ਮੁਲਜ਼ਮਾਂ ਵਲੋਂ ਫ਼ੀ ਮੁਲਜ਼ਮ 80 ਰੁਪਏ, ਸਣੇ ਮੁਣਸ਼ੀਆਨਾ, ਦੇਣ ਦਾ ਫ਼ੈਸਲਾ ਕਰ ਲਿਆ। ਪੇਸ਼ਗੀ ਰਕਮ ਦੇ ਦਿੱਤੀ ਗਈ ਅਤੇ ਬਾਕੀ ਇਕੱਠੀ ਕਰਕੇ ਅਦਾ ਕਰਨ ਦਾ ਬਚਨ ਵੀ ਦੇ ਆਏ। ਲਾਲਾ ਰਘੂਨਾਥ ਸਹਾਇ ਨੇ ਸੈਸ਼ਨ ਅਤੇ ਹਾਈ ਕੋਰਟ ਵਿਚ ਅਪੀਲ ਤੱਕ ਦੀ ਪੈਰਵੀ ਕਰਨ ਦੀ ਹਾਮੀ ਭਰ ਦਿੱਤੀ।

ਜਿਸ ਵੇਲੇ ਬਕਾਇਆ ਰਕਮ ਅਦਾ ਕਰਨ ਦਾ ਵੇਲਾ ਆਇਆ ਤਾਂ ਸਾਹਦੜੇ ਵਾਲਾ ਨਿਰੰਜਣ ਸਿੰਘ, ਜਿਹੜਾ ਕਮੇਟੀ ਦਾ ਤੀਜਾ ਮੈਂਬਰ ਸੀ, ਕਹਿਣ ਲਗਿਆ ਕਿ ਮੇਰਾ ਬਾਪ ਦਲੀਪ ਸਿੰਘ ਮੁਲਜ਼ਮ ਨੰ: 68 ਨਾ-ਮਿਲਵਰਤਨੀਆ ਬਣ ਗਿਆ ਹੈ ਅਤੇ ਉਹਨੇ ਮੈਨੂੰ ਆਪਣੀ ਬਾਬਤ ਉਹਦੇ ਹਿੱਸੇ ਦੀ 80 ਰੁਪਏ ਫ਼ੀਸ ਅਦਾ ਕਰਨ ਤੋਂ ਮਨਾਹ ਕਰ ਦਿਤਾ ਹੈ। ਇਸ ਉੱਤੇ ਉਹਨਾਂ ਤਿੰਨਾਂ ਵਿਚ ਤੂੰ-ਤੂੰ ਮੈਂ-ਮੈਂ ਸ਼ੁਰੂ ਹੋ ਗਈ ਅਤੇ ਬਾਕੀ ਦੋਹਾਂ ਨੇ ਨਿਰੰਜਣ ਸਿੰਘ ਨੂੰ ਫਿਟ-ਲਾਹਣਤ ਪਾਉਣੀ ਸ਼ੁਰੂ ਕਰ ਦਿੱਤੀ। ਨਿਰੰਜਣ ਸਿੰਘ ਦਾ ਭਰਾ ਗੁਰਬਚਨ ਸਿੰਘ ਵੀ ਮੁਲਜ਼ਮ ਸੀ। ਉਹਦੀ ਫੀਸ ਤਾਂ ਨਿਰੰਜਣ ਸਿੰਘ ਨੇ ਅਦਾ ਕਰ ਦਿਤੀ, ਪਰ ਪਿਉ ਬਾਬਤ ਇਨਕਾਰੀ ਹੋ ਗਿਆ। ਦਲੀਪ ਸਿੰਘ ਉਸ ਵੇਲੇ 70 ਸਾਲ ਦੇ ਨੇੜੇ ਸੀ। ਵਕੀਲ ਸਾਹਿਬ ਨੇ ਇਹਨਾਂ ਦਾ ਰੌਲਾ ਸੁਣ ਲਿਆ ਅਤੇ ਕਾਰਨ ਪੁਛਿਆ ਤਾਂ ਬਾਬੂ ਸ਼ਾਮ ਸਿੰਘ ਨੇ ਦਸਿਆ ਕਿ ਕਮੇਟੀ ਦਾ ਇਕ ਮੈਂਬਰ ਜ਼ਬਾਨ ਕਰਕੇ ਹੁਣ ਆਪਣੇ ਪਿਉ ਦੀ ਫੀਸ ਦੇਣ ਤੋਂ ਨਾਂਹ ਕਰੀ ਜਾ ਰਿਹਾ ਹੈ। ਸੋ ਵਕੀਲ ਸਾਹਿਬ ਨੇ ਕਿਹਾ, ਚਲੋ, ਕੋਈ ਗੱਲ ਨਹੀਂ, ਮੈਨੂੰ 76 ਦੀ ਹੀ ਫ਼ੀਸ ਮਨਜ਼ੂਰ ਹੈ।

ਇਥੇ ਮੈਂ ਇਸੇ ਬਾਬੇ ਦਲੀਪ ਸਿੰਘ ਸਾਹਦੜੇ ਬਾਰੇ ਨਿੱਕੀ ਜਿਹੀ ਜਾਣਕਾਰੀ ਦੇਣੀ ਜ਼ਰੂਰੀ ਸਮਝਦਾ ਹਾਂ। ਇਹ ਅਕਾਲੀ ਜ਼ਰੂਰ ਸੀ ਅਤੇ ਬਬਰ ਕਰਮ ਸਿੰਘ ਦਾ ਜਾਣੂ-ਪਛਾਣੂ ਵੀ ਸੀ। ਇਕ-ਦੋ ਵਾਰ ਬਬਰ ਸਾਹਿਬ ਨੂੰ ਹਿਆਤਪੁਰ ਰੁੜਕੀ ਮਿਲ ਵੀ ਚੁਕਿਆ ਸੀ। ਬਸ ਇਹਤੋਂ ਵੱਧ ਇਹਨੇ ਬਬਰ ਲਹਿਰ ਵਿਚ ਕੋਈ ਹਿੱਸਾ ਨਹੀਂ ਸੀ ਲਿਆ। ਮੈਜਿਸਟਰੇਟ ਦੀ ਅਦਾਲਤ ਵਿਚ ਸਿਵਾਇ ਵਾਇਦਾ-ਮੁਆਫ਼ਾਂ ਦੇ, ਉਹ ਵੀ ਆਸਾ ਸਿੰਘ ਭੁਕੜੂੰਦੀ ਅਤੇ ਰਾਮ ਸਿੰਘ ਹਿਆਤਪੁਰ ਰੁੜਕੀ ਦੇ, ਕਿਸੇ ਵੀ ਗਵਾਹ ਨੇ ਇਹਦੇ ਖ਼ਿਲਾਫ਼ ਕੋਈ ਬਿਆਨ ਨਹੀਂ ਸੀ ਦਿੱਤਾ ਹੋਇਆ, ਜਦੋਂ ਕਿ ਬਾਕੀਆਂ ਉੱਤੇ ਗਵਾਹੀਆਂ ਹੋ ਚੁਕੀਆਂ ਸਨ। ਇਹਦਾ ਲੜਕਾ ਗੁਰਬਚਨ ਸਿੰਘ, ਮੁਲਜ਼ਮ ਨੰ: 40 ਜਾਡਲੇ ਵਾਲੇ ਡਾਕੇ ਵਿਚ ਸ਼ਾਮਲ ਸੀ। ਸੋ ਇਹਨੂੰ ਪੱਕਾ ਯਕੀਨ ਹੋ ਗਿਆ ਸੀ ਕਿ ਜਦੋਂ ਉਹਦੇ ਖ਼ਿਲਾਫ਼ ਸ਼ਹਾਦਤ ਹੀ ਕੋਈ ਨਹੀਂ, ਤਾਂ ਐਵੇਂ 80 ਰੁਪਏ ਕਿਉਂ ਖਰਚੇ ਜਾਣ। ਸੋ ਇਹਨੇ ਆਪਣੇ ਲੜਕੇ ਨਿਰੰਜਣ ਸਿੰਘ ਨੂੰ ਜ਼ਬਾਨ ਤੋਂ ਮੁਕਰਨ ਲਈ ਆਖ ਦਿੱਤਾ। ਵੈਸੇ ਵੀ ਇਹ ਗਪੌੜ-ਸੰਖੀਆ ਬਹੁਤ ਸੀ ਅਤੇ ਮੈਨੂੰ ਪਤਾ ਲਗਿਆ ਹੈ ਕਿ ਇਹਨੇ ਵੀ ਇਸ ਲਹਿਰ ਦਾ ਇਤਿਹਾਸ ਲਿਖਣ ਲਈ ਜ਼ੋਰ-ਅਜ਼ਮਾਈ ਕੀਤੀ ਸੀ। ਇਹ ਠੋਸ ਅਨਪੜ੍ਹ ਸੀ। ਦਸਦੇ ਹਨ ਕਿ ਭਾਈ ਸੁੰਦਰ ਸਿੰਘ ਮਖ਼ਸੂਸਪੁਰੀ ਵਾਂਗੂ ਇਹ ਵੀ ਕਈ ਊਲ-ਜਲੂਲ ਗੱਲਾਂ ਲਿਖ ਗਿਆ ਹੈ ਜਿਹੜੀਆਂ ਮਨਘੜਤ ਜ਼ਿਆਦਾ ਹਨ ਅਤੇ ਅਸਲੀਅਤ ਆਟੇ ਵਿਚ ਨਮਕ ਵਾਂਗੂ ਹੈ। ਨਾ ਹੀ

ਤਾਈਦ ਲਈ ਕੋਈ ਠੋਸ ਸਬੂਤ ਦਿੱਤਾ ਹੈ। ਸੁਣਿਆ ਹੈ, ਆਪਣੇ ਲੜਕੇ ਗੁਰਬਚਨ ਸਿੰਘ ਦੇ ਨਾਂ ਉੱਤੇ ਲਿਖਣ ਦਾ ਅਪਰਾਲਾ ਕੀਤਾ ਹੈ।

ਸੋ ਸਾਡੇ ਕੇਸ ਲਈ ਸਾਡੇ 76 ਮੁਲਜ਼ਮਾਂ ਦੀ ਪੈਰਵੀ ਲਾਲਾ ਰਘੂਨਾਥ ਸਹਾਇ ਨੇ ਸਾਂਭ ਲਈ। ਹੁਣ ਪੜ੍ਹੋ ਬਾਕੀ ਰਹਿੰਦੇ ਮੁਲਜ਼ਮਾਂ ਬਾਬਤ ਵਕੀਲ ਮੁਕੱਰਰ ਕਰਨ ਦਾ ਮਾਮਲਾ।

ਬਬਰ ਲਹਿਰ ਤੋਂ ਇਲਾਵਾ ਵੀ ਸਾਰੇ ਦੇਸ ਵਿਚ ਆਜ਼ਾਦੀ ਦਾ ਸੰਗਰਾਮ ਪੂਰੇ ਜੋਬਨ ਉੱਤੇ ਸੀ। ਮਹਾਤਮਾ ਗਾਂਧੀ ਜੀ ਨੇ ਦੇਸਵਾਸੀਆਂ ਨੂੰ ਇਕ ਨਵਾਂ ਨੁਕਤਾ ਦੇ ਛਡਿਆ ਸੀ। ਉਹ ਸੀ ਨਾ-ਮਿਲਵਰਤਨ, ਜੀਹਦੇ ਅਰਥ ਸਨ, ਅਦਾਲਤ ਵਿਚ ਪੂਰੀ ਜ਼ਬਾਨ-ਬੰਦੀ, ਅਦਾਲਤ ਸਵਾਲ ਪੁੱਛੇ ਤਾਂ ਚੁਪ ਸਾਧੀ ਰਖਣਾ ਅਤੇ ਫ਼ੈਸਲਾ ਸੁਣ ਚੁਪ-ਚੁਪੀਤੇ ਕੈਦਾਂ ਭੁਗਤਣੀਆਂ। ਵੱਡੇ-ਵੱਡੇ ਕਾਂਗਰਸੀਏ, ਖ਼ਿਲਾਫ਼ਤੀਏ ਅਤੇ ਅਕਾਲੀ ਲੀਡਰ ਇਹਦੇ ਉੱਤੇ ਅਮਲ ਕਰ ਰਹੇ ਸਨ। ਇਸੇ ਗੱਲ ਨੂੰ ਮੁੱਖ ਰਖਦਿਆਂ ਬਾਬਾ ਦਲੀਪ ਸਿੰਘ ਸਾਹਦੜਾ, ਭਾਈ ਕਿਸ਼ਨ ਸਿੰਘ, ਕਰਮ ਸਿੰਘ ਝਿੰਗੜ ਅਤੇ ਮਾਸਟਰ ਦਲੀਪ ਸਿੰਘ ਗੋਸਲ ਨੇ ਅਦਾਲਤ ਵਿਚ ਐਲਾਨ ਕਰ ਦਿੱਤਾ ਕਿ "ਅਸੀਂ ਨਾ-ਮਿਲਵਰਤਨੀਏ ਹਾਂ। ਅਸੀਂ ਅਦਾਲਤ ਦੀ ਕਾਰਵਾਈ ਵਿਚ ਕਿਸੇ ਕਿਸਮ ਦਾ ਹਿੱਸਾ ਨਹੀਂ ਲੈਣਾ ਚਾਹੁੰਦੇ। ਸਾਨੂੰ ਪਤਾ ਹੈ ਕਿ ਫ਼ੈਸਲਾ ਕੀ ਹੋਣਾ ਹੈ।" ਨਾਲ ਹੀ ਭਾਈ ਕਿਸ਼ਨ ਸਿੰਘ ਹੁਰਾਂ ਦੇ ਸਮਝਾਉਣ ਉੱਤੇ ਬਾਬੂ ਸੰਤਾ ਸਿੰਘ ਅਤੇ ਦਲੀਪਾ ਧਾਮੀਆਂ ਵਾਲਾ ਵੀ ਨਾ-ਮਿਲਵਰਤਨੀਏ ਬਣ ਗਏ। ਇਹਨਾਂ ਦੀ ਦੇਖਾ-ਦੇਖੀ ਗਿਆਨੀ ਕਰਤਾਰ ਸਿੰਘ ਗੋਂਦਪੁਰੀ, ਭਾਈ ਸੁੰਦਰ ਸਿੰਘ ਮਖ਼ਸੂਸਪੁਰੀ, ਇਕ ਹੋਰ ਮੁਲਜ਼ਮ ਸੁੰਦਰ ਸਿੰਘ ਕੁੱਲੇਵਾਲ, ਜਿਸ ਉੱਤੇ ਸਾਹਦੜੀਏ ਬਾਬੇ ਦਲੀਪ ਸਿੰਘ ਵਾਂਗੂ ਕੋਈ ਗਵਾਹ ਨਹੀਂ ਸੀ ਭੁਗਤਿਆ, ਵੀ ਨਾ-ਮਿਲਵਰਤਨੀਏ ਬਣ ਗਏ।

ਕੁੱਲ ਮਿਲਾ ਕੇ 9 ਮੁਲਜ਼ਮ ਨਾ-ਮਿਲਵਰਤਨੀਏ ਬਣ ਗਏ। 76 ਮੁਲਜ਼ਮਾਂ ਦੀ ਲਿਸਟ ਲਾਲਾ ਰਘੂਨਾਥ ਸਹਾਇ ਵਲੋਂ ਪੈਰਵੀ ਲਈ ਅਦਾਲਤ ਸਾਹਮਣੇ ਪੇਸ਼ ਕਰ ਦਿਤੀ ਗਈ। ਹੁਣ ਕੁੱਲ 85 ਮੁਲਜ਼ਮਾਂ ਦੀ ਗੱਲ ਅਦਾਲਤ ਸਾਹਮਣੇ ਆ ਗਈ। ਬਾਕੀ 6 ਮੁਲਜ਼ਮਾਂ ਦਾ ਮਾਮਲਾ ਹਾਲੇ ਨਜਿੱਠਣਾ ਬਾਕੀ ਸੀ, ਕਿਉਂਕਿ ਸੈਸ਼ਨ ਅਦਾਲਤ ਵਿਚ ਬਗੈਰ ਵਕੀਲ ਮੁਕੱਦਮਾ ਚਾਲੂ ਨਹੀਂ ਸੀ ਕੀਤਾ ਜਾ ਸਕਦਾ। ਕਾਨੂੰਨੀ ਤੌਰ ਉੱਤੇ ਵਕੀਲ ਦਾ ਹੋਣਾ ਜ਼ਰੂਰੀ ਸੀ। ਇਹਨਾਂ ਛੇਆਂ ਨੇ ਅਦਾਲਤ ਨੂੰ ਦੱਸ ਦਿੱਤਾ ਕਿ ਅਸੀਂ ਵਕੀਲ ਦੀ ਫੀਸ ਅਦਾ ਨਹੀਂ ਕਰ ਸਕਦੇ ਤਾਂ ਅਦਾਲਤ ਨੇ ਇਹਨਾਂ ਛੇਆਂ ਦੀ ਪੈਰਵੀ ਵਾਸਤੇ ਲਾਲਾ ਰਘੂਨਾਥ ਸਹਾਇ ਦੀ ਡਿਊਟੀ ਲਾ ਦਿੱਤੀ, ਜੀਹਦੀ ਫ਼ੀਸ ਦੀ ਅਦਾਇਗੀ ਸੈਸ਼ਨ ਜੱਜ ਦੇ ਹੁਕਮ ਮੁਤਾਬਿਕ ਸਰਕਾਰ ਵਲੋਂ ਕੀਤੀ ਜਾਣੀ ਸੀ।

ਹੁਣ ਰਹਿ ਗਿਆ ਨੌਆਂ ਨਾ-ਮਿਲਵਰਤਨੀਆਂ ਦਾ ਸਵਾਲ। ਅਦਾਲਤ ਨੇ ਭਾਈ ਕਿਸ਼ਨ ਸਿੰਘ ਤੋਂ ਪੁਛਿਆ, "ਤੁਸੀਂ ਜਿਹੜਾ ਵਕੀਲ ਕਹੋ, ਸਰਕਾਰ ਆਪ ਉਹਦੀ ਫ਼ੀਸ ਅਦਾ ਕਰੇਗੀ ਅਤੇ ਉਹੋ ਤੁਹਾਡੀ ਪੈਰਵੀ ਕਰੇਗਾ।" ਭਾਈ ਕਿਸ਼ਨ ਸਿੰਘ ਨੇ ਜੱਜ ਸਾਹਬ ਨੂੰ ਹੇਠਲੀ ਅਦਾਲਤ ਵਿਚ ਬਗੈਰ ਵਕੀਲ ਦੇ ਜੋ ਬੀਤਿਆ ਸੀ, ਪੂਰੀ ਤਫ਼ਸੀਲ ਨਾਲ ਦਸਿਆ। ਅਦਾਲਤ ਬੜੇ ਠਰ੍ਹੰਮੇ ਅਤੇ ਧਿਆਨ ਨਾਲ ਭਾਈ ਕਿਸ਼ਨ ਸਿੰਘ ਦੀ ਦੱਸੀ ਕਹਾਣੀ ਸੁਣਦੀ ਰਹੀ। ਭਾਈ ਸਾਹਬ ਨੇ ਕਿਹਾ ਕਿ "ਐਵੇਂ ਸਮਾਂ

ਜ਼ਾਇਆ ਕਰਨ ਦਾ ਕੀ ਫ਼ਾਇਦਾ, ਸਾਰਾ ਰੀਕਾਰਡ ਤੁਹਾਡੇ ਸਾਹਮਣੇ ਆ ਚੁਕਿਆ ਹੈ, ਪੜ੍ਹ ਕੇ ਹੁਕਮ ਸੁਣਾਉ ਅਤੇ ਵਿਹਲੇ ਹੋਵੋ।'' ਜੱਜ ਸਾਹਿਬ ਨੇ ਉਸੇ ਧੀਰਜ ਅਤੇ ਮਿੱਠੇ ਲਹਿਜੇ ਵਿਚ ਠੇਠ ਪੰਜਾਬੀ ਬੋਲਦਿਆਂ ਕਿਹਾ ਕਿ ''ਮੈਂ ਇਕ ਜ਼ਿੰਮੇਵਾਰ ਇਨਸਾਫ਼-ਪਸੰਦ ਅਫ਼ਸਰ ਹਾਂ। ਮੇਰੇ ਉੱਤੇ ਕਿਸੇ ਦਾ ਕੋਈ ਦਬਾਅ ਜਾਂ ਅਸਰ ਨਹੀਂ। ਮੇਰੀ ਡਿਊਟੀ ਸਰਕਾਰ ਨੇ ਇਨਸਾਫ਼ ਕਰਨ ਵਾਸਤੇ ਲਾਈ ਹੈ। ਤੁਸੀਂ ਮੇਰੇ ਉੱਤੇ ਯਕੀਨ ਕਰੋ। ਮੈਂ ਇਕੱਲੀ-ਇਕੱਲੀ ਗੱਲ ਦੀ ਪੂਰੀ ਗਹਿਰਾਈ ਵਿਚ ਜਾ ਕੇ ਘੋਖ ਕਰਕੇ ਹੀ ਹੁਕਮ ਸੁਣਾਵਾਂਗਾ। ਤੁਸੀਂ ਮੇਰੇ ਉੱਤੇ ਇਤਬਾਰ ਕਰਕੇ ਮੇਰੇ ਨਾਲ ਮਿਲਵਰਤਨ ਕਰੋ। ਤੁਹਾਡਾ ਹਰ ਜ਼ਾਇਜ ਇਤਰਾਜ਼ ਮੈਂ ਈਮਾਨਦਾਰੀ ਨਾਲ ਸੁਣ ਕੇ ਹੀ ਫ਼ੈਸਲਾ ਦਿਆ ਕਰਾਂਗਾ।'' ਪਰ ਭਾਈ ਸਾਹਬ ਦਾ ਆਖ਼ਰੀ ਉੱਤਰ ਇਹੋ ਸੀ ਕਿ ''ਸਾਨੂੰ ਹੇਠਲੀ ਅਦਾਲਤ ਤੋਂ ਇਨਸਾਫ਼ ਦਾ ਤਜਰਬਾ ਹੋ ਚੁਕਿਆ ਹੈ। ਉਹ ਵੀ ਇਕ ਅੰਗਰੇਜ਼ ਹੀ ਸੀ। ਤੁਸੀਂ ਵੀ ਉਸੇ ਹਕੂਮਤ ਦੇ ਪੁਰਜੇ ਹੋ, ਜਿਸ ਦਾ ਪੁਰਜ਼ਾ ਮੈਜਿਸਟਰੇਟ ਸੀ।''

ਗੱਲ ਕੀ ਪਹਿਲਾ ਸਾਰਾ ਦਿਨ ਸਿਰਫ਼ ਇਹਨਾਂ ਗੱਲਾਂ ਵਿਚ ਹੀ ਲੰਘ ਗਿਆ। ਮੈਨੂੰ ਅੱਜ ਵੀ ਉਹੋ ਦਰਿਸ਼ ਪੂਰੀ ਤਰ੍ਹਾਂ ਅੱਖਾਂ ਸਾਹਮਣੇ ਨਜ਼ਰ ਆ ਰਿਹਾ ਹੈ ਕਿ ਮਿਸਟਰ ਟੈਪ ਹਮੂੰ-ਹਮੂੰ ਕਰਦਾ ਗੱਲਾਂ ਸੁਣ ਰਿਹਾ ਹੈ, ਗੱਲਾਂ ਸਮਝ ਰਿਹਾ ਹੈ। ਬੇਸ਼ੱਕ ਭਾਈ ਸਾਹਿਬ ਪੂਰੇ ਜਲਾਲ ਵਿਚ ਆ ਕੇ ਕਈ ਜ਼ੁਸ਼ੀਲੀਆਂ ਗੱਲਾਂ ਜੱਜ ਸਾਹਿਬ ਨੂੰ ਕਹਿ ਜਾਂਦੇ ਸਨ, ਪਰ ਜੱਜ ਸਾਹਿਬ ਦੇ ਧੀਰਜ ਅਤੇ ਠਰ੍ਹੰਮੇ ਵਿਚ ਰੱਤੀ ਜਿੰਨਾ ਫ਼ਰਕ ਨਹੀਂ ਸੀ ਪਿਆ। ਇਹੋ ਅਮਲ ਆਖ਼ਰੀ ਦਿਨ ਤੱਕ ਉਹਨਾਂ ਨੇ ਨਿਭਾਇਆ। ਮਿਸਟਰ ਬੁਲ ਤਾਂ ਕਈ ਵਾਰ ਲਾਲ ਸੁਰਖ ਹੋ ਜਾਂਦਾ ਸੀ। ਪਰ ਇਹ ਸੈਸਨ ਜੱਜ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਹੋਇਆ ਅਫ਼ਸਰ ਸੀ। ਸੋ ਅਖ਼ੀਰ ਵਿਚ ਸੈਸ਼ਨ ਜੱਜ ਸਾਹਿਬ ਨੇ ਸਰਕਾਰੀ ਵਕੀਲ ਦੀਵਾਨ ਪਿੰਡੀ ਦਾਸ ਨਾਲ ਸਲਾਹ ਕਰਕੇ ਮਲਕ ਰਾਮ ਲਾਲ ਆਨੰਦ ਨੂੰ ਨੌਆਂ ਨਾ-ਮਿਲਵਰਤਨੀਏ ਮੁਲਜ਼ਮਾਂ ਦਾ ਵਕੀਲ ਮੁਕੱਰਰ ਕਰ ਦਿੱਤਾ, ਜੀਹਦੀ ਫ਼ੀਸ ਸਰਕਾਰੀ ਖ਼ਜ਼ਾਨੇ ਵਿਚੋਂ ਅਦਾ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਗਿਆ।

ਬਾਬੂ ਸੰਤਾ ਸਿੰਘ ਪਹਿਲਾਂ ਹੀ ਇਕਬਾਲੀ ਬਿਆਨ ਦੇ ਚੁਕਿਆ ਸੀ ਅਤੇ ਬਹੁਤ ਸ਼ਰਮਿੰਦਗੀ ਮਹਿਸੂਸ ਕਰ ਰਿਹਾ ਸੀ। ਭਾਈ ਕਿਸ਼ਨ ਸਿੰਘ ਅਤੇ ਕਰਮ ਸਿੰਘ ਝਿੰਗੜ ਬਥੇਰੀ ਦਿਲਬਰੀ ਦਿੰਦੇ ਰਹੇ, ਪਰ ਉਹ ਹਮੇਸ਼ਾ ਗੁੰਮ-ਸੁੰਮ ਰਹਿਣ ਲਗ ਪਿਆ ਸੀ। ਅਸੀਂ ਨਿਆਣੇ, ਜਿਹੜੇ ਕਿਸੇ ਵੇਲੇ ਉਹਦੇ ਨਾਲ ਚਿੰਬੜੇ ਹੀ ਰਹਿੰਦੇ ਸੀ ਅਤੇ ਉਹਤੋਂ ਰੱਜਵਾਂ ਪਿਆਰ ਲੈਂਦੇ ਸੀ, ਜਦੋਂ ਛੇੜਖਾਨੀ ਕਰਨ ਲੱਗ ਪੈਂਦੇ ਤਾਂ ਉਹਦੀਆਂ ਅੱਖਾਂ ਭਰ ਆਉਂਦੀਆਂ ਸਨ। ਕਈ ਵਾਰ ਕਰਮ ਸਿੰਘ ਝਿੰਗੜ ਸਾਡੇ ਕੰਨ ਖਿਚ ਚੁੱਕੇ ਸਨ।

ਬਾਬੂ ਸੰਤਾ ਸਿੰਘ ਦੇ ਇਕਬਾਲੀ ਬਿਆਨ ਦਾ ਫ਼ਾਇਦਾ ਸਰਕਾਰ ਨੇ ਪੂਰੀ ਤਰ੍ਹਾਂ ਉਠਾਉਣਾ ਸ਼ੁਰੂ ਕਰ ਦਿੱਤਾ ਅਤੇ ਹਰ ਰੋਜ਼ ਅਖ਼ਬਾਰਾਂ ਵਿਚ ਪਰਚਾਰ ਸ਼ੁਰੂ ਕਰ ਦਿੱਤਾ ਕਿ ਸੋਨੇ ਦੀ ਮੁਰਗੀ ਸਰਕਾਰ ਦੇ ਕਾਬੂ ਆ ਚੁੱਕੀ ਹੈ ਅਤੇ ਬਬਰ ਲਹਿਰ ਹੁਣ ਐਵੇਂ ਚੰਦ ਦਿਨਾਂ ਦੀ ਖੇਡ ਹੀ ਰਹਿ ਗਈ ਹੈ। ਰਹਿੰਦੀਆਂ ਗਰਿਫ਼ਤਾਰੀਆਂ ਸ਼ੁਰੂ ਕਰ ਦਿਤੀਆਂ ਗਈਆਂ ਅਤੇ ਝੋਲੀ-ਚੁੱਕ ਵੀ ਮੁੜ ਖੁੰਬਾਂ ਵਾਂਗੂ ਉਠ ਖੜੋਤੇ। ਇਹ

ਅਕਿਰਤਘਣ ਜਿਹੜੇ ਪਹਿਲਾਂ ਬਬਰਾਂ ਦੀ ਸੇਵਾ ਕਰਿਆ ਕਰਦੇ ਸਨ, ਹੁਣ ਸਰਕਾਰ ਨਾਲ ਗੰਢ-ਤੁੱਪ ਕਰਕੇ ਲਹੂ ਨਾਲ ਹੱਥ ਰੰਗਣ ਲਈ ਤਿਆਰ ਹੋ ਗਏ। ਪਹਿਲਾਂ ਬੋਘ ਸਿੰਘ ਮਾਣਕੀਆ ਨਿਤਰਿਆ, ਜੀਹਨੇ ਪਿੰਡ ਨੂੰ ਅਤੇ ਅਨੂਪ ਸਿੰਘ ਨੂੰ ਉੱਲੂ ਬਣਾ ਕੇ ਬਬੇਲੀ ਦਾ ਘਲੂਘਾਰਾ ਕੀਤਾ। ਦੂਜੇ ਜੈਣੀਏ ਭਰਾਵਾਂ, ਬੇਲਾ ਸਿੰਘ ਅਤੇ ਜਵਾਲਾ ਸਿੰਘ ਨੇ ਧੰਨਾ ਸਿੰਘ ਬਹਿਬਲਪੁਰੀਆ ਸ਼ਹੀਦ ਕਰਵਾਇਆ। ਅਖ਼ੀਰ ਵਿਚ ਡਿਚਕੋਟੀਏ ਰਲਾ ਸਿੰਘ ਨੇ ਰਿਸ਼ਤੇਦਾਰੀ ਦਾ ਫ਼ਾਇਦਾ ਉਠਾ ਕੇ ਵਰਿਆਮ ਸਿੰਘ ਧੁੱਗਾ ਸ਼ਹੀਦ ਕਰਵਾ ਦਿੱਤਾ, ਜਿਹੜਾ ਮੰਡੇਰਾਂ ਦੇ ਅੱਗ ਦੇ ਭਾਂਬੜਾਂ ਵਿਚੋਂ ਬਚ ਨਿਕਲਿਆ ਸੀ। ਮੰਡੇਰਾਂ ਵਿਚ ਵੀ ਬਬਰਾਂ ਦਾ ਯਾਰ-ਮਾਰ ਜਗਤ ਸਿੰਘ ਮੰਡੇਰੀਆ ਹੀ ਨਿਤਰਿਆ ਸੀ ਜੀਹਨੇ ਮਿੱਤਰ-ਚਾਰਾ ਨਿਭਾਉਂਦਿਆਂ ਬੰਤਾ ਸਿੰਘ ਧਾਮੀਆਂ ਅਤੇ ਜਵਾਲਾ ਸਿੰਘ ਫਤਿਹਪੁਰ ਕੋਠੀ ਨੂੰ ਜਿਉਂਦਿਆਂ ਸਾੜਨ ਵਿਚ ਪੁਲਸ ਦੀ ਮਦਦ ਕੀਤੀ ਸੀ।

ਜਿਸ ਵੇਲੇ ਬਾਬੂ ਸੰਤਾ ਸਿੰਘ ਦੇ ਇਕਬਾਲੀ ਬਿਆਨ ਦੀਆਂ ਖ਼ਬਰਾਂ ਸਰਕਾਰ ਨੇ ਆਮ ਅਖ਼ਬਾਰਾਂ ਵਿਚ ਛਪਾਉਣੀਆਂ ਸ਼ੁਰੂ ਕਰ ਦਿਤੀਆਂ ਤਾਂ ਬਬਰ ਕਰਮ ਸਿੰਘ ਨੇ ਵੀ ਆਪਣੇ ਅਖ਼ਬਾਰ "ਬਬਰ ਅਕਾਲੀ ਦੁਆਬਾ" ਵਿਚ ਬੜੇ ਅਫ਼ਸੋਸ ਅਤੇ ਦੁੱਖ ਦਾ ਪਰਗਟਾਵਾ ਕੀਤਾ। ਜਿਹੜੇ ਸਾਥੀ ਵਾਇਦਾ-ਮੁਆਫ਼ ਬਣ ਚੁਕੇ ਸਨ, ਉਹਨਾਂ ਨੂੰ ਵੀ ਫਿਟ-ਲਾਹਣਤ ਪਾਈ। ਆਪਣੇ ਧਰਮ ਦੇ ਪੁੱਤ ਬਣੇ ਅਨੂਪ ਸਿੰਘ ਨੂੰ ਤਾਂ ਬੁਰੀ ਤਰ੍ਹਾਂ ਦੁਰਕਾਰਿਆ। ਇਸੇ ਦਾ ਨਤੀਜਾ ਸੀ ਕਿ ਬਾਅਦ ਵਿਚ ਬਬਰਾਂ ਨੇ ਅਨੂਪ ਸਿੰਘ ਅਤੇ ਉਹਦੇ ਇਕੋ-ਇਕ ਨਾਬਾਲਗ ਲੜਕੇ ਨੂੰ ਕਤਲ ਕਰ ਦਿਤਾ ਸੀ। ਇਹ ਪਰਚੇ ਮੁਲਾਕਾਤੀਆਂ ਰਾਹੀਂ ਅਤੇ ਹੋਰਨਾਂ ਵਸੀਲਿਆਂ ਰਾਹੀਂ ਭਾਈ ਕਿਸ਼ਨ ਸਿੰਘ ਅਤੇ ਕਰਮ ਸਿੰਘ ਝਿੰਗੜ ਨੂੰ ਜਿਹਲ ਵਿਚ ਪੁਚਾ ਦਿਤੇ ਜਾਂਦੇ ਸਨ।

ਬਾਬੂ ਸੰਤਾ ਸਿੰਘ ਦੀ ਗਰਿਫ਼ਤਾਰੀ ਵੇਲੇ ਡਾਇਰੀ ਪੁਲਸ ਦੇ ਹੱਥ ਆ ਗਈ, ਜੀਹਦੇ ਨਤੀਜੇ ਵਜੋਂ ਹੋਰ ਗਰਿਫ਼ਤਾਰੀਆਂ ਹੋਈਆਂ। ਪਰਚੇ ਛਾਪਣ ਵਾਲੀ ਮਸ਼ੀਨ ਫਤਿਹਪੁਰ ਕੋਠੀ ਵਾਲੇ ਭਗਵਾਨ ਸਿੰਘ ਤੋਂ ਬਰਾਮਦ ਕਰ ਲਈ ਗਈ। ਪਰ ਦੂਜੀ ਮਸ਼ੀਨ ਬਬਰ ਕਰਮ ਸਿੰਘ ਕੋਲ ਹੀ ਰਹਿ ਗਈ, ਜਿਸ ਨਾਲ ਪਰਚੇ ਛਾਪੇ ਗਏ। ਫੇਰ ਕੋਈ ਪਤਾ ਨਹੀਂ ਲਗਿਆ ਕਿ ਇਹ ਦੂਜੀ ਮਸ਼ੀਨ ਬਬਰ ਸਾਹਿਬ ਕਿਥੇ ਰੱਖ ਗਏ ਸਨ। ਨਾ ਤਾਂ ਉਹ ਪੁਲਸ ਦੇ ਹੱਥ ਆ ਸਕੀ ਅਤੇ ਨਾ ਹੀ ਅੱਜ ਤਕ ਸਾਨੂੰ ਮਿਲ ਸਕੀ ਹੈ। ਕੈਦਾਂ ਕੱਟ ਕੇ ਮੁੜੇ ਸਾਰੇ ਸਾਥੀਆਂ ਨੇ ਉਸ ਮਸ਼ੀਨ ਦੀ ਉਘ-ਸੁੱਘ ਕੱਢਣ ਦੀ ਪੂਰੀ ਵਾਹ ਲਾਈ। ਸਾਰੇ ਠਿਕਾਣਿਆਂ ਅਤੇ ਜਾਣੂ-ਪਛਾਣੂਆਂ ਤੋਂ ਪਤਾ ਕਰਨ ਦੇ ਬਾਵਜੂਦ ਉਹ ਨਹੀਂ ਮਿਲ ਸਕੀ। ਨਹੀਂ ਤਾਂ ਮੇਰੇ ਲਿਆਂਦੇ ਰੀਕਾਰਡ ਵਾਂਗੂ ਉਹ ਵੀ ਇਕ ਯਾਦਗਾਰੀ ਚੀਜ਼ ਬਣ ਜਾਣੀ ਸੀ।

# 62. 4 ਜੂਨ 1924 ਨੂੰ ਬਬਰ ਅਕਾਲੀ ਕੇਸ ਸੈਸ਼ਨ ਅਦਾਲਤ ਵਿਚ ਸ਼ੁਰੂ

2 ਅਤੇ 3 ਜੂਨ ਦੇ ਦਿਨ ਉਪਰ-ਦੱਸੀਆਂ ਗੱਲਾਂਬਾਤਾਂ ਵਿਚ ਹੀ ਲੰਘ ਗਏ ਸਨ। ਹੁਣ 4 ਜੂਨ 1924 ਤੋਂ ਸਾਡਾ ਕੇਸ ਸੈਸ਼ਨ ਜੱਜ ਸਾਹਮਣੇ ਬੜੇ ਧੂਮ-ਧੜੱਲੇ ਨਾਲ ਸ਼ੁਰੂ ਹੋ ਗਿਆ। ਸਭ ਤੋਂ ਪਹਿਲਾ ਗਵਾਹ ਗੜ੍ਹ ਸ਼ੰਕਰ ਹਸਪਤਾਲ ਵਾਲਾ ਡਾਕਟਰ ਰਹਿਮਤੁੱਲਾ ਸ਼ਾਹ ਭੁਗਤਿਆ ਅਤੇ ਸਭ ਤੋਂ ਅਖ਼ੀਰ, 21 ਨਵੰਬਰ 1924 ਵਾਲੇ ਦਿਨ ਸਰਕਾਰੀ ਗਵਾਹ ਨੰ: 477, ਮਿਸਟਰ ਐਸ. ਕੇ. ਬੈਨਰਜੀ ਟਰਾਂਸਲੇਟਰ ਪ੍ਰੈਸ ਬਰਾਂਚ ਸਿਵਲ ਸੈਕਰੈਟਰੀਏਟ ਲਾਹੌਰ ਭੁਗਤਿਆ ਸੀ। ਇਸੇ ਤਰ੍ਹਾਂ ਪਹਿਲੇ 7 ਗਵਾਹ ਸਿਵਲ ਸਰਜਨ ਜਾਂ ਵੱਖ-ਵੱਖ ਹਸਪਤਾਲਾਂ ਦੇ ਡਾਕਟਰ ਹੀ ਸਨ, ਜਿਨ੍ਹਾਂ ਨੇ ਕਤਲ ਕੀਤੇ ਜਾ ਚੁਕੇ ਝੋਲੀ-ਚੁੱਕਾਂ ਜਾਂ ਅਫ਼ਸਰਾਂ ਦੇ ਪੋਸਟ-ਮਾਰਟਮਾਂ ਜਾਂ ਦੂਜੀਆਂ ਸੱਟਾਂ ਦੀ ਤਸਦੀਕ ਕੀਤੀ ਸੀ। ਇਹ ਸਾਰੇ ਗਵਾਹ ਉਸੇ ਦਿਨ ਭੁਗਤੇ ਸਨ।

5 ਜੂਨ ਨੂੰ ਪਹਿਲਾ ਵਾਇਦਾ-ਮੁਆਫ਼ ਕਟਹਿਰੇ ਵਿਚ ਗਵਾਹੀ ਲਈ ਆ ਖੜੋਤਾ ਅਤੇ ਫੇਰ ਸਰਕਾਰੀ ਗਵਾਹਾਂ ਦੀਆਂ ਗਵਾਹੀਆਂ ਹੁੰਦੀਆਂ ਗਈਆਂ :

1. ਸਰਕਾਰੀ ਗਵਾਹ ਨੰ: 8—ਅਮਰ ਸਿੰਘ ਵਲਦ ਗੰਡਾ ਸਿੰਘ, ਉਮਰ 27 ਸਾਲ, ਜ਼ਾਤ ਸਿੱਖ, ਪਿੰਡ ਕੋਟ ਬਾੜੇ ਖਾਂ, ਜ਼ਿਲਾ ਗੁਜਰਾਤ। ਗਵਾਹੀ 5 ਜੂਨ ਤੋਂ 7 ਜੂਨ ਤਕ ਹੁੰਦੀ ਰਹੀ ਜਿਹੜੀ ਪੇਪਰ-ਬੁੱਕ ਦੇ ਸਫ਼ਾ 40 ਤੋਂ 47 ਤਕ ਦਰਜ ਹੈ।

2. ਸਰਕਾਰੀ ਗਵਾਹ ਨੰ: 9—ਸੰਤ ਕਰਤਾਰ ਸਿੰਘ ਵਲਦ ਫਤਿਹ ਦੀਨ, ਉਮਰ 35 ਸਾਲ, ਜ਼ਾਤ ਸਾਧੂ (ਮੁਸਲਮਾਨ ਤੇਲੀ), ਪਿੰਡ ਪਰਾਗਪੁਰ, ਜ਼ਿਲਾ ਜਲੰਧਰ, ਪਹਿਲਾ ਪਿੰਡ ਦੇਸੂ ਮਲਕਾਣਾ, ਜ਼ਿਲਾ ਹਿਸਾਰ। ਗਵਾਹੀ 7 ਤੋਂ 11 ਜੂਨ ਤੱਕ ਹੋਈ ਅਤੇ ਪੇਪਰ-ਬੁੱਕ ਦੇ ਸਫ਼ਾ 48 ਤੋਂ 67 ਤਕ ਦਰਜ ਹੈ।

3. ਸਰਕਾਰੀ ਗਵਾਹ ਨੰ: 10—ਕਰਤਾਰ ਸਿੰਘ ਵਲਦ ਜਵਾਲਾ ਸਿੰਘ, ਉਮਰ 30 ਸਾਲ, ਜ਼ਾਤ ਜੱਟ, ਪਿੰਡ ਬੂੜੋਬਾੜੀਆਂ, ਜ਼ਿਲਾ ਹੁਸ਼ਿਆਰਪੁਰ। ਗਵਾਹੀ 11 ਅਤੇ 12 ਜੂਨ 1924 ਨੂੰ ਹੋਈ ਅਤੇ ਬਿਆਨ ਪੇਪਰ-ਬੁੱਕ ਦੇ ਸਫ਼ਾ 68 ਤੋਂ 75 ਤੱਕ ਦਰਜ ਹੈ।

4. ਸਰਕਾਰੀ ਗਵਾਹ ਨੰ: 11—ਵਤਨ ਸਿੰਘ ਵਲਦ ਹਰਨਾਮ ਸਿੰਘ, ਉਮਰ 25-26 ਸਾਲ, ਜ਼ਾਤ ਝਿਉਰ, ਪਿੰਡ ਪਿੰਡੋਰੀ ਨਿੱਝਰਾਂ, ਜ਼ਿਲਾ ਜਲੰਧਰ। ਬਿਆਨ 12 ਤੋਂ

17 ਜੂਨ 1924 ਤੱਕ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 76 ਤੋਂ 97 ਤੱਕ ਦਰਜ ਹੈ।

5. ਸਰਕਾਰੀ ਗਵਾਹ ਨੰ: 12—ਬੇਲਾ ਸਿੰਘ ਵਲਦ ਅਰੂੜ ਸਿੰਘ, ਉਮਰ 22 ਸਾਲ, ਜ਼ਾਤ ਛੀਂਬਾ, ਪਿੰਡ ਨਡਾਲਾ, ਰਿਆਸਤ ਕਪੂਰਥਲਾ। ਬਿਆਨ 18 ਜੂਨ 1924 ਨੂੰ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 98 ਤੋਂ 101 ਤੱਕ ਦਰਜ ਹੈ।

6. ਸਰਕਾਰੀ ਗਵਾਹ ਨੰ: 13—ਰਾਮ ਸਿੰਘ ਵਲਦ ਭਗਵਾਨਾ, ਉਮਰ 26 ਸਾਲ, ਜ਼ਾਤ ਜੱਟ ਸਿੱਖ, ਪਿੰਡ ਮੁਜਾਰਾ ਕਲਾਂ, ਜ਼ਿਲਾ ਜਲੰਧਰ। ਬਿਆਨ 18 ਤੋਂ 20 ਜੂਨ 1924 ਤੱਕ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 102 ਤੋਂ 115 ਤੱਕ ਦਰਜ ਹੈ।

7. ਸਰਕਾਰੀ ਗਵਾਹ ਨੰ: 14—ਤੁਫ਼ੈਲ ਮੁਹੰਮਦ ਵਲਦ ਇਮਾਮ ਦੀਨ, ਉਮਰ 16 ਸਾਲ, ਜ਼ਾਤ ਮੋਚੀ, ਪਿੰਡ ਪਿੰਡੋਰੀ ਨਿੱਝਰਾਂ, ਜ਼ਿਲਾ ਜਲੰਧਰ। ਬਿਆਨ 20 ਅਤੇ 21 ਜੂਨ 1924 ਨੂੰ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 116 ਤੋਂ 121 ਤੱਕ ਦਰਜ ਹੈ।

8. ਸਰਕਾਰੀ ਗਵਾਹ ਨੰ: 15—ਸਾਧੂ ਸਿੰਘ ਵਲਦ ਬੇਲਾ ਸਿੰਘ, ਉਮਰ 24 ਸਾਲ, ਜ਼ਾਤ ਜੱਟ ਸਿੱਖ, ਪਿੰਡ ਪਰਾਗਪੁਰ, ਜ਼ਿਲਾ ਜਲੰਧਰ। ਬਿਆਨ 21 ਤੋਂ 25 ਜੂਨ 1924 ਤੱਕ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 122 ਤੋਂ 140 ਤੱਕ ਦਰਜ ਹੈ।

9. ਸਰਕਾਰੀ ਗਵਾਹ ਨੰ: 16—ਰਾਮ ਸਿੰਘ ਵਲਦ ਗੁਰਮੁਖ ਸਿੰਘ, ਉਮਰ 25 ਸਾਲ, ਜ਼ਾਤ ਜੱਟ ਸਿੱਖ, ਪਿੰਡ ਹਿਆਤਪੁਰ ਰੁੜਕੀ, ਜ਼ਿਲਾ ਜਲੰਧਰ। ਬਿਆਨ 25 ਜੂਨ 1924 ਨੂੰ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 141 ਤੋਂ 144 ਤੱਕ ਦਰਜ ਹੈ।

10. ਸਰਕਾਰੀ ਗਵਾਹ ਨੰ: 17—ਅਨੂਪ ਸਿੰਘ ਵਲਦ ਇੰਦਰ ਸਿੰਘ, ਉਮਰ 25 ਸਾਲ, ਜ਼ਾਤ ਜੱਟ ਸਿੱਖ, ਪਿੰਡ ਮਾਣਕੋ, ਜ਼ਿਲਾ ਜਲੰਧਰ। ਬਿਆਨ 15 ਜੂਨ ਤੋਂ 14 ਜੁਲਾਈ 1924 ਤੱਕ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 145 ਤੋਂ 167 ਤੱਕ ਦਰਜ ਹੈ।

ਨੋਟ : ਸੈਸ਼ਨ ਜੱਜ ਸਾਹਿਬ ਬੀਮਾਰ ਹੋ ਜਾਣ ਕਰਕੇ 2 ਤੋਂ 14 ਜੁਲਾਈ 1924 ਤੱਕ ਛੁਟੀ ਉੱਤੇ ਰਹੇ। ਉਹਨਾਂ ਦੇ ਪਰਤਣ ਉੱਤੇ ਕਾਰਵਾਈ ਦੁਬਾਰਾ ਸ਼ੁਰੂ ਕੀਤੀ ਗਈ।

11. ਸਰਕਾਰੀ ਗਵਾਹ ਨੰ: 18—ਮਲੂਕ ਸਿੰਘ ਵਲਦ ਨੱਥਾ ਸਿੰਘ, ਉਮਰ 25 ਸਾਲ, ਜ਼ਾਤ ਜੱਟ ਸਿੱਖ, ਪਿੰਡ ਪਲਾਹੀ, ਰਿਆਸਤ ਕਪੂਰਥਲਾ। ਬਿਆਨ 17 ਜੁਲਾਈ 1924 ਨੂੰ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 168 ਤੋਂ 173 ਤੱਕ ਦਰਜ ਹੈ।

12. ਸਰਕਾਰੀ ਗਵਾਹ ਨੰ: 19—ਜਵੰਦ ਸਿੰਘ ਵਲਦ ਬੇਲਾ ਸਿੰਘ, ਉਮਰ 30 ਸਾਲ, ਜ਼ਾਤ ਜੱਟ ਸਿੱਖ, ਪਿੰਡ ਜੌਹਲਾਂ, ਜਿਲਾ ਜਲੰਧਰ। ਬਿਆਨ 17 ਅਤੇ 18 ਜੁਲਾਈ 1924 ਨੂੰ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 174 ਤੋਂ 179 ਤੱਕ ਦਰਜ ਹੈ।

13. ਸਰਕਾਰੀ ਗਵਾਹ ਨੰ: 20—ਬੇਲਾ ਸਿੰਘ ਵਲਦ ਖ਼ੁਸ਼ਹਾਲ ਸਿੰਘ, ਉਮਰ 55 ਸਾਲ, ਪਿੰਡ ਪਰਾਗਪੁਰ, ਜ਼ਿਲਾ ਜਲੰਧਰ। ਬਿਆਨ 18 ਤੋਂ 21 ਜੁਲਾਈ 1924 ਤੱਕ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 180 ਤੋਂ 192 ਤੱਕ ਦਰਜ ਹੈ।

14. ਸਰਕਾਰੀ ਗਵਾਹ ਨੰ: 21—ਮਿੱਤ ਸਿੰਘ ਵਲਦ ਖੜਕ ਸਿੰਘ, ਉਮਰ 50 ਸਾਲ, ਜ਼ਾਤ ਜੱਟ ਸਿੱਖ, ਪਿੰਡ ਮਲਕਾਣਾ, ਰਿਆਸਤ ਪਟਿਆਲਾ। ਬਿਆਨ 21

ਜੁਲਾਈ 1924 ਨੂੰ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 192 ਤੋਂ 198 ਤੱਕ ਦਰਜ ਹੈ।

15. ਸਰਕਾਰੀ ਗਵਾਹ ਨੰ: 22—ਕਿਰਪਾਲ ਸਿੰਘ ਵਲਦ ਨੱਥਾ ਸਿੰਘ, ਉਮਰ 27 ਸਾਲ, ਜ਼ਾਤ ਖੱਤਰੀ ਸਿੱਖ, ਪਿੰਡ ਮਲਕਪੁਰ, ਜ਼ਿਲਾ ਰਾਵਲਪਿੰਡੀ। ਬਿਆਨ 22 ਜੁਲਾਈ 1924 ਨੂੰ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 199 ਤੋਂ 204 ਤੱਕ ਦਰਜ ਹੈ।

16. ਸਰਕਾਰੀ ਗਵਾਹ ਨੰ: 23—ਚੰਦਾ ਸਿੰਘ ਵਲਦ ਛੱਜਾ ਸਿੰਘ, ਉਮਰ 30 ਸਾਲ, ਜ਼ਾਤ ਜੱਟ ਸਿੱਖ, ਪਿੰਡ ਡੁਮੇਲੀ, ਰਿਆਸਤ ਕਪੂਰਥਲਾ। ਬਿਆਨ 23 ਜੁਲਾਈ 1924 ਨੂੰ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 205 ਤੋਂ 209 ਤੱਕ ਦਰਜ ਹੈ।

17. ਸਰਕਾਰੀ ਗਵਾਹ ਨੰ: 24—ਹਜ਼ਾਰਾ ਸਿੰਘ ਵਲਦ ਸ਼ੇਰੂ, ਉਮਰ 25 ਸਾਲ, ਜ਼ਾਤ ਜੱਟ ਸਿੱਖ, ਪਿੰਡ ਮੰਡੇਰਾਂ, ਜ਼ਿਲਾ ਜਲੰਧਰ। ਬਿਆਨ 24 ਜੁਲਾਈ 1924 ਨੂੰ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 211 ਅਤੇ 212 ਉੱਤੇ ਦਰਜ ਹੈ।

18. ਸਰਕਾਰੀ ਗਵਾਹ ਨੰ: 25—ਆਸਾ ਸਿੰਘ ਉਰਫ਼ ਮਹਿਤਾਬ ਸਿੰਘ ਵਲਦ ਰਾਮ ਦਿੱਤਾ, ਜ਼ਾਤ ਜੱਟ ਸਿੱਖ, ਪਿੰਡ ਭੁਕੜੂੰਦੀ, ਜ਼ਿਲਾ ਜਲੰਧਰ। ਬਿਆਨ 24 ਤੋਂ 29 ਜੁਲਾਈ 1924 ਤੱਕ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 215 ਤੋਂ 237 ਤੱਕ ਦਰਜ ਹੈ।

19. ਸਰਕਾਰੀ ਗਵਾਹ ਨੰ: 26—ਬੰਤਾ ਸਿੰਘ ਵਲਦ ਘਨਈਆ ਸਿੰਘ, ਉਮਰ 35 ਸਾਲ, ਜ਼ਾਤ ਜੱਟ ਸਿੱਖ, ਪਿੰਡ ਬੋਪਾਰਾਇ, ਰਿਆਸਤ ਕਪੂਰਥਲਾ। ਬਿਆਨ 29-30 ਜੁਲਾਈ ਨੂੰ ਹੋਇਆ ਅਤੇ ਪੇਪਰ-ਬੱਕ ਦੇ ਸਫ਼ਾ 238 ਤੋਂ 242 ਤੱਕ ਦਰਜ ਹੈ।

20. ਸਰਕਾਰੀ ਗਵਾਹ ਨੰ: 27—ਬੇਲਾ ਸਿੰਘ ਵਲਦ ਫੱਤੂ, ਉਮਰ 30 ਸਾਲ, ਜ਼ਾਤ ਰਾਮਦਾਸੀਆ, ਪਿੰਡ ਬੋਪਾਰਾਇ, ਰਿਆਸਤ ਕਪੂਰਥਲਾ। ਬਿਆਨ 30 ਜੁਲਾਈ 1924 ਨੂੰ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 243 ਉੱਤੇ ਦਰਜ ਹੈ। ਸਿਰਫ਼ ਜਿਰਾਹ ਲਈ ਪੇਸ਼ ਕੀਤਾ ਗਿਆ।

ਨੋਟ : ਬੋਪਾਰਾਇ ਦੇ ਇਹ ਉਪਰ-ਦੱਸੇ ਵਾਇਦਾ-ਮੁਆਫ਼ ਦਰਅਸਲ ਡਕੈਤ ਸਨ, ਜਿਹੜੇ ਪੁਲਸ ਨੇ ਇਹ ਸਾਬਤ ਕਰਨ ਲਈ ਪੇਸ਼ ਕੀਤੇ ਸਨ ਕਿ ਬਬਰ ਡਕੈਤਾਂ ਦਾ ਟੋਲਾ ਸੀ। ਇਹਨਾਂ ਦੋਹਾਂ ਨੇ ਕਿਸੇ ਗੱਲ ਵਿਚ ਹਿੱਸਾ ਨਹੀਂ ਸੀ ਲਿਆ। ਸਿਰਫ਼ ਇਹ ਬੰਤਾ ਸਿੰਘ ਧਾਮੀਆਂ ਅਤੇ ਦਲੀਪੇ ਦੇ ਜਾਣੂ-ਪਛਾਣੂ ਸਨ। ਇਸੇ ਕਰਕੇ ਜੱਜ ਸਾਹਿਬ ਨੇ ਬੰਤਾ ਸਿੰਘ ਦਾ ਬੇਸਿਰ-ਪੈਰ ਬਿਆਨ ਤਾਂ ਲਿਖ ਲਿਆ, ਪਰ ਬੇਲਾ ਸਿੰਘ ਦਾ ਬਿਆਨ ਫ਼ਜ਼ੂਲ ਖਿਆਲ ਕਰਦਿਆਂ ਸਿਰਫ਼ ਲਾਲਾ ਰਘੂਨਾਥ ਸਹਾਇ ਨੂੰ ਜਿਰਾਹ ਕਰਨ ਲਈ ਕਹਿ ਕੇ ਉਹਨੂੰ ਕਟਹਿਰੇ ਤੋਂ ਬਾਹਰ ਕਰ ਦਿੱਤਾ ਸੀ।)

21. ਸਰਕਾਰੀ ਗਵਾਹ ਨੰ: 28—ਹਜ਼ਾਰਾ ਸਿੰਘ ਵਲਦ ਇੰਦਰ ਸਿੰਘ, ਉਮਰ 27 ਸਾਲ, ਜ਼ਾਤ ਜੱਟ ਸਿੱਖ, ਪਿੰਡ ਮੰਡੇਰਾਂ, ਜ਼ਿਲਾ ਜਲੰਧਰ। ਬਿਆਨ 31 ਜੁਲਾਈ 1924 ਨੂੰ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 244 ਤੋਂ 250 ਤੱਕ ਦਰਜ ਹੈ। (ਨੋਟ : ਇਹ ਪਹਿਲਾਂ ਵਾਇਦਾ-ਮੁਆਫ਼ ਜ਼ਰੂਰ ਬਣ ਗਿਆ ਸੀ, ਪਰ ਪਿਛੋਂ ਦੋਹਾਂ

ਅਦਾਲਤਾਂ ਵਿਚ ਸਾਫ ਮੁੱਕਰ ਗਿਆ ਸੀ। ਉਮਰ ਕੈਦ ਹੋਣ ਪਿਛੋਂ ਜਿਹੜੇ ਕਾਰਨਾਮੇ ਇਹਨੇ ਕੀਤੇ, ਬੱਸ ਪੜ੍ਹਿਆਂ ਹੀ ਬਣਦੇ ਹਨ।)

22. ਸਰਕਾਰੀ ਗਵਾਹ ਨੰ: 29—ਪੰਨਾ ਸਿੰਘ ਵਲਦ ਰਾਮ ਸਿੰਘ, ਉਮਰ 26 ਸਾਲ, ਜ਼ਾਤ ਜੱਟ ਸਿੱਖ, ਪਿੰਡ ਕੋਟਲੀ ਬਾਵਾਦਾਸ, ਜ਼ਿਲਾ ਹੁਸ਼ਿਆਰਪੁਰ। ਬਿਆਨ 31 ਜੁਲਾਈ ਤੋਂ 5 ਅਗਸਤ 1924 ਤਕ ਹੋਇਆ ਅਤੇ ਪੇਪਰ-ਬੁੱਕ ਦੇ ਸਫ਼ਾ 251 ਤੋਂ 277 ਤੱਕ ਦਰਜ ਹੈ।

ਸੈਸਨ ਜੱਜ ਸਾਹਮਣੇ, ਸਣੇ ਵਾਇਦਾ-ਮੁਆਫ਼ਾਂ, ਸਰਕਾਰੀ ਗਵਾਹਾਂ ਅਤੇ ਕੁੱਲ ਅੰਗਰੇਜ਼ ਤੇ ਦੇਸੀ ਅਫਸਰਾਂ ਦੇ ਬਿਆਨ ਮੈਂ ਪਹਿਲਾਂ ਹੀ ਘਟਨਾਵਾਂ ਲਿਖਣ ਵੇਲੇ ਪੱਕੇ ਸਬੂਤ ਵਜੋਂ ਦਰਜ ਕਰ ਚੁਕਿਆ ਹਾਂ। ਹੁਣ ਮੈਂ ਸੈਸ਼ਨ ਜੱਜ ਸਾਹਿਬ ਵਲੋਂ ਫਰਦ ਜੁਰਮ ਸੁਣਾਏ ਜਾਣ ਵੇਲੇ ਦਾ ਅਤੇ ਮੁਲਜ਼ਮਾਂ ਤੋਂ ਉਹਨਾਂ ਦੇ ਜਵਾਬ ਦਰਜ ਕੀਤੇ ਜਾਣ ਦਾ ਸਿਲਸਿਲਾ ਸ਼ੁਰੂ ਕਰ ਰਿਹਾ ਹਾਂ। ਜਿਹੜੇ ਸਵਾਲ-ਜਵਾਬ ਹੋਏ ਅਤੇ ਮੁਲਜ਼ਮਾਂ ਨੇ ਬਿਆਨ ਦਿੱਤੇ, ਨਮੂਨੇ ਦੇ ਤੌਰ ਉੱਤੇ ਮੈਂ ਸਿਰਫ ਦੋ ਮੁਲਜ਼ਮਾਂ ਦੇ ਪੂਰੇ ਦੇ ਪੂਰੇ ਬਿਆਨ ਦਰਜ ਕਰ ਰਿਹਾ ਹਾਂ। ਇਕ ਆਪਣੇ ਆਗੂ ਭਾਈ ਕਿਸ਼ਨ ਸਿੰਘ ਦੇ, ਜਿਹੜੇ ਦੋਹਾਂ ਅਦਾਲਤਾਂ ਵਿਚ ਹੋਏ ਅਤੇ ਪੇਪਰ-ਬੁੱਕ ਵਿਚ ਦਰਜ ਹਨ; ਦੂਜਾ ਬਿਆਨ ਭਾਈ ਸੁੰਦਰ ਸਿੰਘ ਮਖ਼ਸੂਸਪੁਰੀ, ਮੁਲਜ਼ਮ ਨੰ: 30 ਦਾ ਦਰਜ ਕਰਾਂਗਾ; ਇਹ ਸਾਬਤ ਕਰਨ ਲਈ ਕਿ ਬਬਰ ਅਕਾਲੀ ਇਤਿਹਾਸ ਲਿਖਦਿਆਂ ਉਹਨੇ ਕਿੰਨੀ ਗ਼ਲਤ-ਬਿਆਨੀ ਕੀਤੀ ਹੋਈ ਹੈ ਕਿ ਬਬਰ ਲਹਿਰ ਦਾ ਵੱਡਾ ਲੀਡਰ ਭਾਈ ਸੁੰਦਰ ਸਿੰਘ ਹੀ ਸੀ, ਭਾਈ ਕਿਸ਼ਨ ਸਿੰਘ ਜੀ ਅਤੇ ਬਾਕੀ ਸਿਰ-ਲੱਥ ਯੋਧੇ ਦੂਜੇ ਨੰਬਰ ਉੱਤੇ ਸਨ।

ਭਾਈ ਕਿਸ਼ਨ ਸਿੰਘ ਵਾਂਗ ਹਰ ਇਕ ਮੁਲਜ਼ਮ ਨੰਬਰਵਾਰ ਜੱਜ ਸਾਹਿਬ ਦੇ ਨਾਲ ਲਗਦੇ ਕਟਹਿਰੇ ਵਿਚ ਲਿਜਾ ਖੜ੍ਹਾ ਕੀਤਾ ਜਾਂਦਾ ਸੀ। ਜੱਜ ਸਾਹਿਬ ਹਰ ਮੁਲਜ਼ਮ ਤੋਂ ਉਹਨਾਂ ਹੀ ਘਟਨਾਵਾਂ ਬਾਬਤ ਸਵਾਲ ਪੁਛਦੇ ਜਾਂਦੇ ਸਨ ਜਿਨ੍ਹਾਂ ਘਟਨਾਵਾਂ ਵਿਚ ਮੁਲਜ਼ਮ ਨੇ ਹਿੱਸਾ ਲਿਆ ਹੁੰਦਾ ਸੀ। ਇਕੱਲੇ-ਇਕੱਲੇ ਮੁਲਜ਼ਮ ਦੀ ਤਫ਼ਸੀਲ ਪਹਿਲਾਂ ਹੀ ਤਿਆਰ ਕੀਤੀ ਜਾ ਚੁੱਕੀ ਸੀ ਅਤੇ ਅਤੇ ਅੱਗੇ ਜਾ ਕੇ ਸਜ਼ਾਵਾਂ ਵੀ ਉਸੇ ਲਿਹਾਜ਼ ਨਾਲ ਦਿੱਤੀਆਂ ਗਈਆਂ ਸਨ। ਫਾਂਸੀ, ਉਮਰ-ਕੈਦ ਅਤੇ ਘੱਟ ਤੋਂ ਘੱਟ ਚਾਰ ਸਾਲ ਤੱਕ ਕੈਦ ਹੋਈ ਸੀ। 34 ਮੁਲਜਮ ਬਰੀ ਕਰ ਦਿਤੇ ਗਏ ਸਨ। ਕੁੱਲ 91 ਸਨ। ਕੁਝ ਚਲਾਣਾ ਵੀ ਕਰ ਚੁੱਕੇ ਸਨ, ਜਿਨ੍ਹਾਂ ਵਿਚ ਮੇਰੇ ਆਪਣੇ ਪਿੰਡ, ਪਿੰਡੋਰੀ ਨਿੱਝਰਾਂ ਦੇ ਦੋ ਮੁਲਜ਼ਮ ਵੀ ਸਨ।

ਸ਼ੈਸ਼ਨ ਜੱਜ ਸਾਹਮਣੇ ਮੁਲਜ਼ਮਾਂ ਦੇ ਬਿਆਨ 22 ਨਵੰਬਰ 1924 ਤੋਂ ਸੁਰੂ ਹੋ ਕੇ 6 ਦਸੰਬਰ 1924 ਤੱਕ ਹੁੰਦੇ ਰਹੇ, ਜਿਹੜੇ ਪੇਪਰ-ਬੁੱਕ ਦੇ ਸਫ਼ਾ 873 ਤੋਂ 1070 ਤੱਕ ਦਰਜ ਹਨ। ਬਾਅਦ ਵਿਚ ਦੋਹਾਂ ਧਿਰਾਂ ਦੇ ਵਕੀਲਾਂ ਦੀਆਂ ਬਹਿਸਾਂ ਅਤੇ ਅਸੈਸਰਾਂ ਦੀ ਰਾਇ ਦਰਜ ਹੈ। ਫ਼ੈਸਲਾ 28 ਫਰਵਰੀ 1925 ਨੂੰ ਸੁਣਾ ਦਿੱਤਾ ਗਿਆ।

ਬਿਆਨ ਭਾਈ ਕਿਸ਼ਨ ਸਿੰਘ ਜੀ ਜਿਹੜਾ ਪਹਿਲਾਂ ਮੈਜਿਸਟਰੇਟ ਸਾਹਮਣੇ 12 ਫ਼ਰਵਰੀ 1924 ਨੂੰ ਹੋਇਆ। ਇਹ ਪੇਪਰ-ਬੁੱਕ ਦੇ ਸਫ਼ਾ 873 ਤੋਂ ਸ਼ੁਰੂ ਹੁੰਦਾ ਹੈ।

ਮੁਲਜ਼ਮ ਨੰ: 1—ਕਿਸ਼ਨ ਸਿੰਘ ਵਲਦ ਫਤਿਹ ਸਿੰਘ, ਉਮਰ 37 ਸਾਲ, ਜ਼ਾਤ

ਅਕਾਲੀ ਸਿੱਖ, ਪਿੰਡ ਬਿੜਿੰਗਾਂ, ਜ਼ਿਲਾ ਜਲੰਧਰ। ਐਲ. ਏ. ਬੁਲ, ਸਪੈਸ਼ਲ ਮੈਜਿਸਟਰੇਟ, ਲਾਹੌਰ।

ਸਵਾਲ : ਕੀ ਤੁਸੀਂ ਪਹਿਲੇ ਅਕਾਲੀ ਕੇਸ ਵਿਚ ਮਫ਼ਰੂਰ ਹੋ ਗਏ ਸੀ ?

ਜਵਾਬ : ਮੈਂ ਸਵਾਲ ਦਾ ਕੋਈ ਉੱਤਰ ਨਹੀਂ ਦੇਣਾ ਚਾਹੁੰਦਾ।

ਸਵਾਲ : ਕੀ ਤੁਸੀਂ ਮਫ਼ਰੂਰੀ ਦੌਰਾਨ ਝੋਲੀ-ਚੁੱਕਾਂ ਅਰਥਾਤ ਸਰਕਾਰ ਦੇ ਖੈਰ-ਖ਼ੁਆਹਾਂ ਅਤੇ ਮਦਦਗਾਰਾ ਜਾਂ ਸਰਕਾਰੀ ਅਫ਼ਸਰਾਂ ਨੂੰ ਕਤਲ ਕਰਨ, ਲੁੱਟਣ-ਖੋਹਣ ਜਾਂ ਇਹੋ ਜਿਹੀਆਂ ਹੋਰ ਕਾਰਵਾਈਆਂ ਕਰਨ ਲਈ ਸਾਜ਼ਿਸ਼ ਵਿਚ ਸ਼ਾਮਲ ਹੋਏ ?

ਜਵਾਬ : ਮੈਂ ਇਸ ਸਵਾਲ ਦਾ ਇਸ ਅਦਾਲਤ ਵਿਚ ਕੋਈ ਉੱਤਰ ਨਹੀਂ ਦੇਣਾ ਚਾਹੁੰਦਾ।

ਸਵਾਲ : ਕੀ ਤੁਸੀਂ ਬਬਰ ਅਕਾਲੀ ਜਥਾ ਕਾਇਮ ਕਰਨ ਵਾਲੇ ਇਕ ਆਗੂ ਸੀ ?

ਜਵਾਬ : ਮੈਂ ਇਸ ਅਦਾਲਤ ਸਾਹਮਣੇ ਕਿਸੇ ਵੀ ਪੁੱਛੇ ਗਏ ਸਵਾਲ ਦਾ ਜਵਾਬ ਨਹੀਂ ਦੇਣਾ ਚਾਹੁੰਦਾ।

ਸਵਾਲ : ਕੀ ਤੁਸੀਂ ਆਪਣੀਆਂ ਤਕਰੀਰਾਂ ਰਾਹੀਂ ਝੋਲੀ-ਚੁੱਕਾਂ ਨੂੰ ਕਤਲ ਕਰਨ ਜਾਂ ਡਰਾਉਣ-ਧਮਕਾਉਣ ਜਾਂ ਆਮ ਲੋਕਾਂ ਨੂੰ ਉਕਸਾਉਣ ਦਾ ਜਤਨ ਕੀਤਾ ਸੀ ?

ਜਵਾਬ : ਮੈਂ ਕਿਸੇ ਵੀ ਸਵਾਲ ਦਾ, ਜੋ ਇਸ ਅਦਾਲਤ ਵਿਚ ਪੁਛਿਆ ਜਾ ਰਿਹਾ ਹੈ, ਉੱਤਰ ਦੇਣ ਲਈ ਤਿਆਰ ਨਹੀਂ ਹਾਂ।

ਸਵਾਲ : ਕੀ ਤੁਸੀਂ ਇਸ ਸਾਜ਼ਿਸ਼ ਦੀ ਤਿਆਰੀ ਲਈ ਅਸਲਾ ਇਕੱਠਾ ਕੀਤਾ ਜਾਂ ਹਥਿਆਰ ਜਮ੍ਹਾਂ ਕਰਨ ਦੀ ਕੋਸ਼ਿਸ਼ ਕੀਤੀ ?

ਜਵਾਬ : ਮੈਂ ਇਸ ਅਦਾਲਤ ਵਿਚ ਕਿਸੇ ਵੀ ਸਵਾਲ ਦਾ ਕੋਈ ਉੱਤਰ ਨਹੀਂ ਦੇਣਾ ਚਾਹੁੰਦਾ।

ਸਵਾਲ : ਕੀ ਤੁਸੀਂ "ਬਬਰ ਅਕਾਲੀ ਦੁਆਬਾ" ਅਖਬਾਰ ਲਈ ਲਿਖਣ, ਮਜ਼ਮੂਨ ਤਿਆਰ ਕਰਨ ਜਾਂ ਛਪਾਉਣ ਤੇ ਵੰਡਣ ਵਿਚ ਕਿਸੇ ਤਰ੍ਹਾਂ ਦਾ ਹਿੱਸਾ ਲਿਆ ?

ਜਵਾਬ : ਮੈਂ ਇਸ ਸਵਾਲ ਦਾ ਕੋਈ ਜਵਾਬ ਨਹੀਂ ਦੇਣਾ ਚਾਹੁੰਦਾ।

ਸਵਾਲ : ਕੀ ਤੁਸੀਂ ਇਸ ਸਾਜ਼ਿਸ਼ ਅਧੀਨ ਕੋਈ ਜੁਰਮ ਕਰਨ ਵਿਚ ਸ਼ਾਮਲ ਹੋਏ ?

ਜਵਾਬ : ਮੈਂ ਇਸ ਸਵਾਲ ਦਾ ਕੋਈ ਜਵਾਬ ਨਹੀਂ ਦੇਣਾ ਚਾਹੁੰਦਾ।

ਸਵਾਲ : ਕੀ ਤੁਸੀਂ ਇਸ ਅਦਾਲਤ ਸਾਹਮਣੇ ਕਿਸੇ ਵੀ ਸਵਾਲ ਦਾ ਉੱਤਰ ਦੇਣ ਲਈ ਤਿਆਰ ਹੋ ?

ਜਵਾਬ : ਮੈਂ ਇਸ ਅਦਾਲਤ ਵਿਚ ਪੁੱਛੇ ਗਏ ਕਿਸੇ ਵੀ ਸਵਾਲ ਦਾ ਕੋਈ ਉੱਤਰ ਦੇਣ ਲਈ ਤਿਆਰ ਨਹੀਂ ਹਾਂ।

ਸਵਾਲ : ਤੁਹਾਡੇ ਬਰਖਿਲਾਫ਼ ਇਹ ਕੇਸ ਕਿਉਂ ਬਣਾਇਆ ਗਿਆ ਹੈ ?

ਜਵਾਬ : ਮੈਨੂੰ ਕੋਈ ਇਲਮ ਨਹੀਂ ਕਿ ਮੇਰੇ ਖ਼ਿਲਾਫ਼ ਇਹ ਕੇਸ ਕਿਉਂ ਬਣਾਇਆ ਗਿਆ ਹੈ।

ਸਵਾਲ : ਕੀ ਤੁਸੀਂ ਕੁਝ ਹੋਰ ਵੀ ਕਹਿਣਾ ਚਾਹੁੰਦੇ ਹੋ ?

ਜਵਾਬ : ਹਾਂ, ਇਸ ਅਦਾਲਤ ਵਿਚ ਜੋ ਕਾਰਵਾਈ ਕੀਤੀ ਗਈ ਹੈ, ਮੈਂ ਪੂਰੇ

ਧਿਆਨ ਨਾਲ ਦੇਖੀ ਅਤੇ ਸੁਣੀ ਹੈ। ਇਹ ਸਾਰੀ ਕਾਰਵਾਈ ਮੈਂ ਆਪਣੇ ਲਿਖਤੀ ਬਿਆਨ ਵਿਚ ਦੱਸਾਂਗਾ। ਇਹਤੋਂ ਜ਼ਿਆਦਾ ਮੈਂ ਹੋਰ ਕੁਝ ਨਹੀਂ ਕਹਿਣਾ ਚਾਹੁੰਦਾ। ਮੈਂ ਆਪਣਾ ਬਿਆਨ ਉਰਦੂ ਅਤੇ ਪੰਜਾਬੀ ਵਿਚ ਦਾਖ਼ਲ ਕਰਾਂਗਾ।

ਮੁਲਜ਼ਮ ਦਾ ਉਪਰ-ਲਿਖਿਆ ਬਿਆਨ ਮੇਰੀ ਹਾਜ਼ਰੀ ਵਿਚ ਲਿਆ ਗਿਆ, ਜੀਹਨੂੰ ਮੁਲਜ਼ਮ ਨੇ ਪਰਵਾਨ ਕੀਤਾ ਅਤੇ ਦਰੁਸਤ ਮੰਨਿਆ। ਸਾਰੀਆਂ ਗੱਲਾਂ ਜਿਹੜੀਆਂ ਲਿਖੀਆਂ ਗਈਆਂ, ਉਹਨੇ ਪੂਰੀ ਤਰ੍ਹਾਂ ਸਹੀ ਮੰਨੀਆਂ ਹਨ।

12 ਫ਼ਰਵਰੀ 1924 ਦਸਖ਼ਤ ਲੂਈਸ ਏ. ਬੁਲ

ਸਪੈਸ਼ਲ ਮੈਜਿਸਟਰੇਟ ਪੰਜਾਬ, ਲਾਹੌਰ

ਬਿਆਨ ਪੜ੍ਹ ਕੇ ਸੁਣਾ ਦਿੱਤਾ ਗਿਆ ਅਤੇ ਬਤੌਰ ਗਵਾਹੀ ਸੈਸ਼ਨਜ਼ ਰੀਕਾਰਡ ਵਿਚ ਸ਼ਾਮਲ ਕਰ ਦਿੱਤਾ ਗਿਆ।

ਜੇ. ਕੇ. ਟੈਪ

ਐਡੀਸ਼ਨਲ ਸੈਸ਼ਨ ਜੱਜ

ਹੁਣ ਮੈਂ ਸੈਸ਼ਨ ਜੱਜ ਸਾਹਮਣੇ ਦਿਤੇ ਗਏ ਬਿਆਨ ਦਾ ਲਫ਼ਜ਼-ਬ-ਲਫ਼ਜ਼ ਪੰਜਾਬੀ ਤਰਜਮਾ ਦੇ ਰਿਹਾ ਹਾਂ, ਜਿਹੜਾ ਪੇਪਰ-ਬੁੱਕ ਦੇ ਸਫ਼ਾ 874 ਮੁਤਾਬਿਕ ਹੈ।

22 ਨਵੰਬਰ 1924 ਜੇ. ਕੇ. ਟੈਪ

ਐਡੀਸ਼ਨਲ ਸੈਸ਼ਨ ਜੱਜ ਪੰਜਾਬ, ਲਾਹੌਰ

ਮੁਲਜ਼ਮ ਦੀ ਸਫ਼ਾਈ ਵਿਚ ਸੈਸ਼ਨ ਅਦਾਲਤ ਸਾਹਮਣੇ ਦਿਤਾ ਗਿਆ ਬਿਆਨ।

ਤਾਜ ਬਨਾਮ ਕਿਸ਼ਨ ਸਿੰਘ ਅਤੇ 90 ਹੋਰ ਮੁਲਜ਼ਮ।

ਕੈਦੀ ਨੰ: 1—ਕਿਸ਼ਨ ਸਿੰਘ ਵਲਦ ਫ਼ਤਿਹ ਸਿੰਘ, ਉਮਰ 37 ਸਾਲ, ਜ਼ਾਤ ਅਕਾਲੀ ਸਿੱਖ, ਪਿੰਡ ਬੜਿੰਗਾਂ, ਜ਼ਿਲਾ ਜਲੰਧਰ, ਪੇਸ਼ਾ ਖੇਤੀਬਾੜੀ। ਆਪਣੀ ਸਫ਼ਾਈ ਦੇਣ ਲਈ ਕਟਹਿਰੇ ਵਿਚ ਸੱਦਿਆ ਗਿਆ ਜੀਹਨੇ ਬੇਗੁਨਾਹ ਹੋਣਾ ਬਿਆਨ ਕੀਤਾ।

ਸਵਾਲ : ਜਿਹੜੇ ਸਵਾਲ ਕੁਮਿਟਿੰਗ ਮੈਜਿਸਟਰੇਟ ਦੀ ਅਦਾਲਤ ਵਿਚ ਤੁਹਾਥੋਂ ਪੁਛੇ ਗਏ ਸਨ, ਕੀ ਤੁਸੀਂ ਉਹਨਾਂ ਦੇ ਉੱਤਰ ਇਸ ਅਦਾਲਤ ਸਾਹਮਣੇ ਦੇਣਾ ਚਾਹੋਗੇ?

ਜਵਾਬ : ਮੈਂ ਜ਼ਬਾਨੀ ਪੁੱਛੇ ਗਏ ਕਿਸੇ ਸਵਾਲ ਦਾ ਉੱਤਰ ਨਹੀਂ ਦਿਆਂਗਾ। ਪਰ ਮੈਂ ਆਪਣਾ ਲਿਖਤੀ ਬਿਆਨ 2-3 ਦਿਨਾਂ ਅੰਦਰ ਅਦਾਲਤ ਸਾਹਮਣੇ ਪੇਸ਼ ਕਰ ਦਿਆਂਗਾ, ਜਿਹੜਾ ਹਾਲੇ ਤੱਕ ਮੁਕੰਮਲ ਨਹੀਂ ਕੀਤਾ ਜਾ ਸਕਿਆ। ਜੋ ਕੁਝ ਮੈਂ ਕਹਿਣਾ ਚਾਹੁੰਦਾ ਹਾਂ, ਉਸ ਵਿਚ ਲਿਖ ਦਿਆਂਗਾ।

ਸਵਾਲ : ਕੀ ਤੁਸੀਂ ਇਹਨਾਂ ਗੱਲਾਂ ਦੀ ਵਜ਼ਾਹਤ ਕਰਨੀ ਪਸੰਦ ਕਰੋਗੇ। ਮਸਲਨ ਜੱਸੋਵਾਲ ਦੀਆਂ ਮੀਟਿੰਗਾਂ ਦੇ ਮਤੇ, ਬੰਦੂਕ ਤੇ ਰੀਵਾਲਵਰ, ਆਦਿ ਨਾਜਾਇਜ਼ ਅਸਲਾ ਕੋਲ ਰੱਖਣਾ, ਅਰਜਨ ਸਿੰਘ ਪਟਵਾਰੀ ਦੇ ਕਤਲ ਦੀ ਤਜਵੀਜ਼ ਤੇ ਉਹਨੂੰ ਕਤਲ ਕਰਨ ਦੀ ਕੋਸ਼ਿਸ਼ ਕਰਨਾ ਅਤੇ ਬਹੁਤ ਸਾਰੀਆਂ ਗੱਲਾਂ ਜਿਹੜੀਆਂ ਗਵਾਹੀਆਂ ਵਿਚ ਆ ਚੁਕੀਆਂ ਹਨ?

ਜਵਾਬ : ਨਹੀਂ, ਬਿਲਕੁਲ ਨਹੀਂ। ਮੈਂ ਪੂਰਾ ਨਾ-ਮਿਲਵਰਤਨੀਆ ਹਾਂ ਅਤੇ

ਏਸੇ ਗੱਲ ਉੱਤੇ ਪੂਰੀ ਤਰ੍ਹਾਂ ਕਾਇਮ ਰਹਾਂਗਾ। ਇਹ ਅਸੂਲ ਦਾ ਮਾਮਲਾ ਹੈ। ਪਰ ਉੱਪਰ-ਪੁੱਛੀਆਂ ਗੱਲਾਂ ਦਾ ਉੱਤਰ ਮੈਂ ਲਿਖਤੀ ਬਿਆਨ ਵਿਚ ਦਿਆਂਗਾ।

ਸਵਾਲ : ਮੈਂ ਕੁਮਿਟਿੰਗ ਮੈਜਿਸਟਰੇਟ ਦੀ ਫ਼ਾਈਲ ਵਿਚ ਇਕ ਨੋਟ ਪੜ੍ਹਿਆ ਹੈ, ਜਿਹੜਾ ਰਿਕਾਰਡ ਦੇ ਸਫ਼ਾ 1091 ਉੱਤੇ ਇਸ ਤਰ੍ਹਾਂ ਦਰਜ ਹੈ ਕਿ ਜਿਸ ਵੇਲੇ ਗਵਾਹ ਨੰ: 110 ਭਾਗ ਸਿੰਘ ਗਵਾਹੀ ਦੇ ਰਿਹਾ ਸੀ ਤਾਂ ਮੁਲਜ਼ਮ ਕਿਸ਼ਨ ਸਿੰਘ ਬੜੇ ਜੋਸ਼ ਵਿਚ ਉੱਠ ਕੇ ਖੜੋ ਗਿਆ ਅਤੇ ਕਿਹਾ, "ਠੀਕ ਹੈ, ਮੈਂ ਸਰਕਾਰ ਦੇ ਬਰ-ਖ਼ਿਲਾਫ਼ ਤਕਰੀਰਾਂ ਕੀਤੀਆਂ ਸਨ, ਕਿਉਂਕਿ ਮੈਂ ਸਰਕਾਰ ਦਾ ਪੱਕਾ ਦੁਸ਼ਮਨ ਬਣ ਚੁੱਕਿਆ ਹਾਂ।" ਕੀ ਤੁਸੀਂ ਇਹ ਗੱਲਾਂ ਕਹੀਆਂ ਸਨ ਅਤੇ ਕੀ ਮੈਜਿਸਟਰੇਟ ਦਾ ਲਿਖਿਆ ਨੋਟ ਦਰੁਸਤ ਹੈ ਅਤੇ ਉਹਨੂੰ ਤੁਸੀਂ ਹੁਣ ਪਰਵਾਨ ਕਰਦੇ ਹੋ ?

ਜਵਾਬ : ਮੈਨੂੰ ਐਸ ਵੇਲੇ ਸਾਰੀ ਗੱਲ ਤਾਂ ਯਾਦ ਨਹੀਂ ਕਿ ਉਸ ਵੇਲੇ ਮੈਂ ਕੀ ਕਿਹਾ ਸੀ। ਪਰ ਹੁਣ ਵੀ ਮੈਂ ਪਰਵਾਨ ਕਰਦਾ ਹਾਂ ਕਿ ਮੈਂ ਸਰਕਾਰ ਦੇ ਬਰ-ਖ਼ਿਲਾਫ਼ ਤਕਰੀਰਾਂ ਕੀਤੀਆਂ ਸਨ।

ਸਵਾਲ : ਕੀ ਤੁਸੀਂ ਕੁਝ ਹੋਰ ਕਹਿਣਾ ਚਾਹੁੰਦੇ ਹੋ ?

ਜਵਾਬ : ਨਹੀਂ।

ਸਵਾਲ : ਕੀ ਤੁਸੀਂ ਆਪਣੀ ਸਫ਼ਾਈ ਵਿਚ ਗਵਾਹ ਪੇਸ਼ ਕਰਨੇ ਚਾਹੁੰਦੇ ਹੋ ?

ਜਵਾਬ : ਨਹੀਂ।

ਜੇ. ਕੇ. ਟੈਪ, ਐਡੀਸ਼ਨਲ ਸੈਸ਼ਨ ਜੱਜ ਪੰਜਾਬ, ਲਾਹੌਰ, 22 ਨਵੰਬਰ 1924

ਹੁਣ ਮੈਂ ਭਾਈ ਸੁੰਦਰ ਸਿੰਘ ਦੇ ਬਿਆਨ, ਜਿਹੜੇ ਪੇਪਰ-ਬੁੱਕ ਦੇ ਸਫ਼ਾ 931 ਤੋਂ 933 ਤਕ ਦਰਜ ਹਨ ਅਤੇ 13 ਫਰਵਰੀ 1924 ਨੂੰ ਕੁਮਿਟਿੰਗ ਮੈਜਿਸਟਰੇਟ ਅਤੇ 26 ਨਵੰਬਰ 1924 ਨੂੰ ਸੈਸ਼ਨ ਜੱਜ ਸਾਹਮਣੇ ਹੋਏ ਸਨ, ਪੂਰੇ ਦੇ ਪੂਰੇ ਦਰਜ ਕਰ ਰਿਹਾ ਹਾਂ।

ਮੁਲਜ਼ਮ ਨੰ: 30, ਸੁੰਦਰ ਸਿੰਘ ਵਲਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਸਿਖ ਅਕਾਲੀ, ਉਮਰ 40 ਸਾਲ, ਪਰ ਲਗਦਾ 30 ਸਾਲ ਦਾ ਹੈ। ਪਿੰਡ ਆਨੰਦਪੁਰ, ਜ਼ਿਲਾ ਹੁਸ਼ਿਆਰਪੁਰ, ਪੇਸ਼ਾ ਖੇਤੀਬਾੜੀ।

ਸਵਾਲ : ਕੀ ਤੁਸੀਂ ਝੋਲੀ-ਚੁੱਕਾਂ, ਸਰਕਾਰ ਦੇ ਖ਼ੈਰ-ਖ਼ੁਆਹਾਂ, ਮਦਦਗਾਰਾਂ ਅਤੇ ਸਰਕਾਰੀ ਅਫ਼ਸਰਾਂ ਨੂੰ ਕਤਲ ਕਰਨ, ਲੁੱਟਣ-ਖੋਹਣ ਅਤੇ ਇਹੋ ਜੇਹੇ ਹੋਰ ਜੁਰਮ ਕਰਨ ਦੀ ਸਾਜ਼ਿਸ਼ ਕੀਤੀ ਅਤੇ ਦੂਜਿਆਂ ਨਾਲ ਸ਼ਾਮਲ ਹੋਏ ?

ਜਵਾਬ : ਨਹੀਂ।

ਸਵਾਲ : ਕੀ ਤੁਸੀਂ ਕੋਈ ਲੈਕਚਰ ਕੀਤਾ ਜਾਂ ਨਜ਼ਮਾਂ ਪੜ੍ਹੀਆਂ ਜਿਨ੍ਹਾਂ ਵਿਚ ਤੁਸੀਂ ਲੋਕਾਂ ਨੂੰ ਝੋਲੀ-ਚੁੱਕਾਂ ਨੂੰ ਕਤਲ ਕਰਨ ਅਤੇ ਹੋਰਨਾਂ ਨੂੰ ਕਤਲ ਕਰਨ ਲਈ ਉਕਸਾਇਆ ?

ਜਵਾਬ : ਨਹੀਂ।

ਸਵਾਲ : ਕੀ ਤੁਸੀਂ ਹਥਿਆਰ ਅਤੇ ਹੋਰ ਗੋਲੀ-ਸਿੱਕਾ ਸਾਜ਼ਿਸ਼ ਨੂੰ ਸਿਰੇ ਚੜ੍ਹਾਉਣ ਲਈ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ?

ਜਵਾਬ : ਨਹੀਂ।

ਸਵਾਲ : ਕੀ ਤੁਸੀਂ "ਬਬਰ ਅਕਾਲੀ ਦੁਆਬਾ" ਅਖਬਾਰ ਛਾਪਣ, ਮਜ਼ਮੂਨ ਤਿਆਰ ਕਰਨ ਅਤੇ ਤਕਸੀਮ ਕਰਨ ਵਿਚ ਹਿੱਸਾ ਲਿਆ ?

ਜਵਾਬ : ਨਹੀਂ । 11 ਮਈ 1922 ਨੂੰ ਮੇਰੀ ਗਰਿਫ਼ਤਾਰੀ ਦੇ ਦਿਨ ਤੱਕ "ਬਬਰ ਅਕਾਲੀ ਦੁਆਬਾ" ਅਖ਼ਬਾਰ ਬਿਲਕੁਲ ਛਪਿਆ ਹੀ ਨਹੀਂ ਸੀ ਅਤੇ ਨਾ ਹੀ ਮੈਨੂੰ ਇਲਮ ਹੈ ਕਿ ਇਹ ਅਖ਼ਬਾਰ ਕਦੋਂ ਛਪਣ ਲੱਗਿਆ ਸੀ ।

ਸਵਾਲ : ਕੀ ਤੂੰ 11-12 ਮਈ 1922 ਦੀ ਰਾਤ ਤੱਕ, ਜਿਸ ਵੇਲੇ ਤੈਨੂੰ ਗਰਿਫ਼ਤਾਰ ਕੀਤਾ ਗਿਆ, ਮਫ਼ਰੂਰ ਹੋ ਚੁੱਕਿਆ ਸੀ ?

ਜਵਾਬ : ਸੂੰਢ ਦੀ ਗਰਿਫ਼ਤਾਰੀ ਵੇਲੇ ਮੈਂ ਬਿਲਕੁਲ ਭਗੋੜਾ ਨਹੀਂ ਸੀ ।

ਸਵਾਲ : ਕੀ ਤੂੰ 11-12 ਮਈ 1922 ਦੀ ਰਾਤ ਨੂੰ ਕਿਸ਼ਨ ਸਿੰਘ ਅਤੇ ਹੋਰ ਸਾਥੀਆਂ ਨਾਲ ਸੂੰਢ ਗਿਆ ਸੀ ਅਤੇ ਜਿਸ ਵੇਲੇ ਤੈਨੂੰ ਗਰਿਫ਼ਤਾਰ ਕੀਤਾ ਗਿਆ ਸੀ, ਤੇਰੇ ਕੋਲੋਂ ਪੀ-70 ਤੋਂ ਪੀ-74 ਅਤੇ ਪੀ-206 ਵਸਤਾਂ ਫੜੀਆਂ ਗਈਆਂ ਸਨ ?

ਜਵਾਬ : ਮੈਂ ਮੈਜਿਸਟਰੇਟ ਮੀਆਂ ਅਬਦੁਲ ਫਤਹਿ ਸਾਹਮਣੇ ਜਲੰਧਰ ਵਿਚ ਬਿਆਨ ਦੇ ਚੁਕਿਆ ਹਾਂ, ਜਿਹੜਾ ਦਰੁਸਤ ਹੈ । ਸੋ ਹੁਣ ਮੈਂ ਹੋਰ ਬਿਆਨ ਦੇਣਾ ਠੀਕ ਨਹੀਂ ਸਮਝਦਾ ।

ਸਵਾਲ : ਕੀ ਆਹ ਤਲਵਾਰ ਸੂੰਢ ਗਰਿਫ਼ਤਾਰੀ ਵੇਲੇ ਤੇਰੇ ਕੋਲ ਸੀ ?

ਜਵਾਬ : ਮੈਂ ਇਹਦਾ ਜਵਾਬ ਵੀ ਪਹਿਲਾਂ ਹੀ ਦੇ ਚੁਕਿਆ ਹਾਂ, ਇਥੇ ਹੋਰ ਕੋਈ ਲੋੜ ਨਹੀਂ ।

ਸਵਾਲ : ਕੀ ਬਾਬੂ ਸੰਤਾ ਸਿੰਘ ਕੈਂਪ ਜਿਹਲ ਮਿੰਟਗੁਮਰੀ ਵਿਚ ਤੇਰੀ ਮੁਲਾਕਾਤ ਲਈ ਗਿਆ ਸੀ ?

ਜਵਾਬ : ਨਹੀਂ, ਬਿਲਕੁਲ ਨਹੀਂ ।

ਸਵਾਲ : ਕੀ ਕੁਝ ਉਸਤਰੇ ਅਤੇ ਇਹੋ ਜਿਹਾ ਹੋਰ ਸਾਮਾਨ ਮੰਡੇਰੀਏ ਹਜ਼ਾਰਾ ਸਿੰਘ ਨੂੰ ਖਾਸ ਤੌਰ ਉੱਤੇ ਝੋਲੀ-ਚੁੱਕ ਹਰਿਨਾਮ ਸਿੰਘ ਸਫ਼ੇਦਪੋਸ਼ ਮਹਿਦੀਪੁਰੀਏ ਦੇ ਨੱਕ-ਕੰਨ ਕੱਟਣ ਲਈ ਜਦੋਂ ਕਿਸ਼ਨ ਸਿੰਘ ਮੁਲਜਮ ਨੇ ਦਿੱਤਾ ਸੀ, ਉਸ ਵੇਲੇ ਤੂੰ ਵੀ ਉਥੇ ਮੌਜੂਦ ਸੀ ?

ਜਵਾਬ : ਮੈਨੂੰ ਕੋਈ ਇਲਮ ਨਹੀਂ ਕਿਹੜਾ ਹਜਾਰਾ ਸਿੰਘ ਅਤੇ ਕਿਹੜਾ ਹਰਿਨਾਮ ਸਿੰਘ ਹੈ ।

ਸਵਾਲ : ਗਰਿਫ਼ਤਾਰੀ ਵੇਲੇ ਤੂੰ ਉਸਤਰਾ ਪੀ-72 ਅਤੇ ਕਾਂਟਾ ਪੀ-74 ਕਿਉਂ ਚੁੱਕੀ ਫਿਰਦਾ ਸੀ ?

ਜਵਾਬ : ਮੈਂ ਇਸ ਸਵਾਲ ਦਾ ਜਵਾਬ ਪਹਿਲਾਂ ਹੀ ਜਲੰਧਰ ਮੀਆਂ ਅਬਦੁਲ ਫਤਿਹ ਮੈਜਿਸਟਰੇਟ ਫਸਟ ਕਲਾਸ ਦੀ ਅਦਾਲਤ ਵਿਚ ਦੇ ਚੁੱਕਿਆ ਹਾਂ । ਸਾਡੇ ਮਜ਼ਹਬ ਮੁਤਾਬਿਕ ਉਸਤਰੇ ਨੂੰ ਹੱਥ ਲਾਉਣਾ ਹੀ ਪਾਪ ਸਮਝਿਆ ਜਾਂਦਾ ਹੈ, ਤਾਂ ਮੇਰੇ ਕੋਲ ਕਿਵੇਂ ਹੋ ਸਕਦਾ ਸੀ ?

ਸਵਾਲ : ਤੇਰੇ ਖਿਲਾਫ਼ ਇਹ ਕੇਸ ਕਿਉਂ ਬਣਾਇਆ ਗਿਆ ਹੈ ?

ਜਵਾਬ : ਮੈਨੂੰ ਕੋਈ ਪਤਾ ਨਹੀਂ ।

ਸਵਾਲ : ਕੀ ਤੂੰ ਆਪਣੀ ਸਫ਼ਾਈ ਵਿਚ ਕੁਝ ਹੋਰ ਕਹਿਣਾ ਚਾਹੁੰਦਾ ਹੈਂ ?

ਜਵਾਬ : ਮੈਨੂੰ ਪਹਿਲਾਂ ਡੇਢ ਸਾਲ ਦੀ ਕੈਦ ਹੋ ਚੁੱਕੀ ਹੈ ਅਤੇ 100 ਰੁਪਏ

ਜ਼ੁਰਮਾਨਾ ਵੀ ਹੋ ਚੁੱਕਿਆ ਹੈ। ਇਹ ਸਜ਼ਾ ਮੈਨੂੰ ਮੀਆਂ ਅਬਦੁਲ ਫਤਿਹ ਮੈਜਿਸਟਰੇਟ ਫਸਟ ਕਲਾਸ ਜਲੰਧਰ ਦੀ ਅਦਾਲਤ ਵਿਚੋਂ ਹੋਈ ਸੀ। ਮੇਰੀ ਸਜ਼ਾ 8 ਦਸੰਬਰ ਤਕ ਪੂਰੀ ਹੋ ਚੁਕੀ ਹੈ ਅਤੇ ਜ਼ੁਰਮਾਨਾ ਵੀ ਮੈਂ ਅਦਾ ਕਰ ਚੁੱਕਿਆ ਹਾਂ। 11 ਮਈ 1922 ਨੂੰ ਮੇਰੀ ਗਰਿਫਤਾਰੀ ਤੋਂ ਪਹਿਲਾ ਨਾ ਕੋਈ ਬਬਰ ਅਕਾਲੀ ਜਥਾ ਸੀ ਅਤੇ ਨਾ ਹੀ ਕਿਸੇ ਕਿਸਮ ਦੀ ਸਾਜ਼ਿਸ਼ ਮੌਜੂਦ ਸੀ। ਜਦੋਂ ਮੈਂ ਇਕ ਵਾਰ ਕੈਦ ਦੀ ਸਜ਼ਾ ਭੁਗਤ ਚੁੱਕਿਆ ਹਾਂ ਤਾਂ ਮੈਨੂੰ ਦੂਜੀ ਵਾਰ ਉਸੇ ਜੁਰਮ ਵਿਚ ਕਿਉਂ ਫੜਿਆ ਗਿਆ ਹੈ ? ਮੈਂ ਜਿਹਲ ਵਿਚ 20 ਜੂਨ 1922 ਤੋਂ 21 ਸਤੰਬਰ 1923 ਤਕ ਕਿਸੇ ਨਾਲ ਮੁਲਾਕਾਤ ਨਹੀਂ ਕੀਤੀ। ਮੈਂ ਕਦੀ ਮੁਲਤਾਨ, ਮਿੰਟਗੁਮਰੀ ਅਤੇ ਜਲੰਧਰ ਜਿਹਲਾਂ ਵਿਚ ਕਿਸੇ ਨਾਲ ਮੁਲਾਕਾਤ ਨਹੀਂ ਕੀਤੀ।

22 ਸਤੰਬਰ 1923 ਨੂੰ ਮੈਂ ਪਹਿਲੀ ਵਾਰ ਮੁਲਾਕਾਤ ਆਪਣੀ ਘਰਵਾਲੀ ਨਾਲ ਲਾਹੌਰ ਜਿਹਲ ਵਿਚ ਕੀਤੀ ਸੀ। ਮੇਰਾ ਕੈਦ ਕੱਟਣ ਵਾਲਾ ਕਾਰਡ ਲਾਹੌਰ ਸੈਂਟਰਲ ਜਿਹਲ ਤੋਂ ਮੰਗਵਾ ਕੇ ਦੇਖ ਲਿਆ ਜਾਵੇ, ਜਿਸ ਉੱਤੇ ਹਰ ਮੁਲਾਕਾਤ ਦਾ ਇੰਦਰਾਜ ਹੋਣਾ ਜ਼ਰੂਰੀ ਹੁੰਦਾ ਹੈ।

ਮੁਲਜ਼ਮ ਨੇ ਅਦਾਲਤ ਨੂੰ ਕਿਹਾ ਕਿ ਜਿਹਲ ਵਾਲਿਆਂ ਨੇ ਉਹਦਾ ਟਿਕਟ ਜ਼ਾਇਆ ਕਰ ਦੇਣਾ ਹੈ ਤਾਂ ਜੋ ਉਹ ਆਪਣੀ ਸਫ਼ਾਈ ਪੇਸ਼ ਨਾ ਕਰ ਸਕੇ। ਅਦਾਲਤ ਮੰਗਵਾ ਕੇ ਕਾਰਡ ਆਪਣੇ ਕਬਜ਼ੇ ਵਿਚ ਕਰ ਲਵੇ।

ਬਬਰ ਅਕਾਲੀ ਜਥਾ ਸੱਚਮੁੱਚ ਉਹਦੀ ਗਰਿਫ਼ਤਾਰੀ ਤੋਂ ਬਾਅਦ ਹੀ ਵਜੂਦ ਵਿਚ ਆਇਆ ਸੀ ਅਤੇ ਸੁੰਦਰ ਸਿੰਘ ਨੇ ਬਬਰ ਕਰਮ ਸਿੰਘ ਦੇ ਕਦੀ ਦਰਸ਼ਨ ਹੀ ਨਹੀਂ ਸਨ ਕੀਤੇ। ਨਾ ਹੀ ਉਦੋਂ ਤਕ ਭਾਈ ਕਿਸ਼ਨ ਸਿੰਘ ਜੀ ਤੇ ਬਬਰ ਕਰਮ ਸਿੰਘ ਦੀ ਆਪਸ ਵਿਚ ਮੁਲਾਕਾਤ ਹੋਈ ਸੀ, ਜਦੋਂ ਸੂੰਢ ਦਾ ਵਾਕਿਆ ਹੋਇਆ ਸੀ। ਉਹਨਾਂ ਦਿਨਾਂ ਵਿਚ ਜਥੇ ਦਾ ਨਾਂ ਚਕਰਵਰਤੀ ਜਥਾ ਹੀ ਪ੍ਰਸਿੱਧ ਸੀ। ਸ਼ੁਰੂ 1921 ਤੋਂ ਹੀ ਮੈਂ ਜ਼ਾਤੀ ਤੌਰ ਉੱਤੇ ਭਾਈ ਕਿਸ਼ਨ ਸਿੰਘ ਜੀ ਦੇ ਸੰਪਰਕ ਵਿਚ ਆ ਗਿਆ ਸੀ ਅਤੇ 28 ਫਰਵਰੀ 1925 ਤਕ ਸੰਪਰਕ ਵਿਚ ਰਹਿ ਚੁੱਕਿਆ ਸੀ। ਸੋ ਭਾਈ ਸੁੰਦਰ ਸਿੰਘ 1921 ਤੋਂ ਮਈ 1922 ਤਕ ਹੀ ਭਾਈ ਸਾਹਿਬ ਨਾਲ ਰਹੇ। ਸਮਝੋ ਉਹ ਵੀ ਰੁੜਕੇ ਦੇ ਦੀਵਾਨ ਤੋਂ ਬਾਅਦ।

ਸੈਸ਼ਨ ਜੱਜ ਸਾਹਮਣੇ ਬਿਆਨ ਦੇਣ ਵੇਲੇ ਭਾਈ ਸੁੰਦਰ ਸਿੰਘ ਨੇ ਬਿਲਕੁਲ ਮੋਨ ਧਾਰ ਛਡਿਆ ਸੀ। ਕਿਸੇ ਸਵਾਲ ਦਾ ਜਵਾਬ ਦੇਣ ਲਈ ਮੂੰਹ ਨਹੀਂ ਸੀ ਖੋਲ੍ਹਿਆ। ਦੇਖੋ ਪੇਪਰ-ਬੁੱਕ ਦਾ ਸਫ਼ਾ 933।

"ਕੈਦੀ ਨੰ: 30, ਸੁੰਦਰ ਸਿੰਘ ਵਲਦ ਨਥਾ ਸਿੰਘ, ਉਮਰ 35 ਸਾਲ, ਜ਼ਾਤ ਸਿੱਖ ਅਕਾਲੀ, ਪਿੰਡ ਮਖ਼ਸੂਸਪੁਰ, ਜ਼ਿਲਾ ਹੁਸਿਆਰਪੁਰ, ਪੇਸ਼ਾ ਖੇਤੀਬਾੜੀ।

"ਬਿਆਨ ਦੇਣ ਲਈ ਕਟਹਿਰੇ ਵਿਚ ਲਿਆਂਦਾ ਗਿਆ ਅਤੇ ਆਪਣੇ ਆਪ ਨੂੰ ਬੇਗੁਨਾਹ ਦੱਸ ਕੇ ਚੁੱਪ ਕਰ ਗਿਆ ਹੈ। ਕਿਸੇ ਪੁੱਛੇ ਗਏ ਸਵਾਲ ਦਾ ਜਵਾਬ ਨਹੀਂ ਦੇ ਰਿਹਾ। ਮੈਂ ਮੁਲਜ਼ਮ ਦਾ ਮੈਜਿਸਟਰੇਟ ਸਾਹਮਣੇ ਦਿੱਤਾ ਬਿਆਨ ਪੜ੍ਹ ਕੇ ਸੁਣਾ ਦਿੱਤਾ ਹੈ, ਪਰ ਮੇਰੇ ਸਾਹਮਣੇ ਉਹਨੇ ਹੇਠਲੀ ਅਦਾਲਤ ਨਾਲੋਂ ਵੱਖਰਾ ਰਵਈਆ ਧਾਰ ਲਿਆ ਹੈ। ਇਸ ਮੁਲਜ਼ਮ ਨੇ ਮੂਹ ਖੋਲ੍ਹਣ ਤੋਂ ਅਤੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ।"

ਆਪਣੇ ਦੋਂਹ ਲੀਡਰਾਂ ਦਾ ਬਿਆਨ ਪੇਪਰ-ਬੁੱਕ ਮੁਤਾਬਿਕ ਪਾਠਕਾਂ ਦੀ ਜਾਣਕਾਰੀ ਲਈ ਦਰਜ ਕਰ ਦਿੱਤਾ ਹੈ। ਏਸੇ ਤਰ੍ਹਾਂ ਨੰਬਰ-ਵਾਰ ਇਕੱਲਾ-ਇਕੱਲਾ ਮੁਲਜ਼ਮ ਕਟਹਿਰੇ ਵਿਚ ਜਾਂਦਾ ਰਿਹਾ। ਸਾਰਿਆਂ ਨੇ ਆਪਣੇ ਆਪ ਨੂੰ ਫ਼ੈਸਲੇ ਮੁਤਾਬਿਕ ਅਕਾਲੀ ਸਿੱਖ ਹੀ ਲਿਖਾਇਆ। ਵਕੀਲ ਸਾਹਿਬ ਦੀ ਹਦਾਇਤ ਮੁਤਾਬਿਕ ਉਹ ਜੁਰਮ ਤੋਂ ਇਨਕਾਰ ਕਰਦੇ ਚਲੇ ਗਏ। ਹਰ ਮੁਲਜ਼ਮ ਤੋਂ ਉਸੇ ਮਾਮਲੇ ਬਾਰੇ ਸਵਾਲ ਪੁਛਿਆ ਗਿਆ, ਜਿਸ ਵਿਚ ਉਹਨੇ ਹਿੱਸਾ ਲਿਆ ਸੀ। ਅਖ਼ੀਰੀ ਜਵਾਬ ਇਹੋ ਹੁੰਦਾ ਸੀ, "ਕਿਉਂਕਿ ਮੈਂ ਅਕਾਲੀ ਸਿੱਖ ਹਾਂ, ਇਸ ਕਰਕੇ ਮੁਕੱਦਮੇ ਵਿਚ ਘਸੀਟਿਆ ਜਾ ਰਿਹਾ ਹਾਂ।" ਆਖਰੀ ਮੁਲਜ਼ਮ, ਛੱਜਾ ਸਿੰਘ ਚਾਣਸੂ ਨੰ: 91 ਦਾ ਬਿਆਨ 6 ਦਸੰਬਰ 1924 ਨੂੰ ਹੋਇਆ ਅਤੇ ਸਾਰੇ ਮੁਲਜਮਾਂ ਨੇ ਸਫ਼ਾਈ ਦੇ ਗਵਾਹ ਪੇਸ਼ ਕਰਨ ਤੋਂ ਇਕ-ਵਾਰਿਉਂ ਇਨਕਾਰ ਕਰ ਦਿੱਤਾ। ਵਕੀਲਾਂ ਦੀ ਬਹਿਸ ਲਈ 9 ਦਸੰਬਰ ਦੀ ਤਾਰੀਖ਼ ਮੁਕਰੱਰ ਕਰ ਦਿੱਤੀ ਗਈ, ਜਿਸ ਵਿਚ ਸਰਕਾਰੀ ਵਕੀਲ ਦੀਵਾਨ ਪਿੰਡੀ ਦਾਸ ਨ ਬਹਿਸ ਸ਼ੁਰੂ ਕਰਨੀ ਸੀ।

9 ਦਸੰਬਰ 1924 ਤੋਂ 23 ਦਸੰਬਰ 1924 ਤੱਕ ਸਰਕਾਰੀ ਵਕੀਲ ਬਹਿਸ ਕਰਦਾ ਰਿਹਾ। ਫੇਰ ਵੱਡੇ ਦਿਨਾਂ ਦੀਆਂ ਛੁੱਟੀਆਂ ਹੋ ਗਈਆਂ।

3 ਜਨਵਰੀ ਤੋਂ 10 ਜਨਵਰੀ 1925 ਤੱਕ ਮਲਕ ਰਾਮ ਲਾਲ ਆਨੰਦ ਸਿਰਫ਼ ਨਾ-ਮਿਲਵਰਤਨੀਆਂ ਵੱਲੋਂ ਅਤੇ ਮੁੜ 4 ਜਨਵਰੀ ਤੋਂ ਲਾਲਾ ਰਘੂਨਾਥ ਸਹਾਇ 80 ਮੁਲਜਮਾਂ ਵੱਲੋਂ ਬਹਿਸ ਕਰਦੇ ਰਹੇ, ਜਿਹੜੀ 10 ਜਨਵਰੀ 1925 ਤਕ ਜਾਰੀ ਰਹੀ। 11 ਜਨਵਰੀ ਨੂੰ ਗੰਗਾ ਸਿੰਘ ਮੁਲਜ਼ਮ ਨੰ: 62 ਬਾਬਤ ਉਸ ਫ਼ੌਜੀ ਕਰਨੈਲ ਦਾ ਇਕ ਨੋਟ ਮਿਲਿਆ, ਜਿਸ ਅਧੀਨ ਉਹ ਨੌਕਰੀ ਕਰ ਰਿਹਾ ਸੀ।

ਅਸੈਸਰਾਂ ਦੀ ਰਾਇ ਤੋਂ ਪਹਿਲਾਂ ਜਿਸ ਵੇਲੇ ਦੀਵਾਨ ਪਿੰਡੀ ਦਾਸ 23 ਦਸੰਬਰ ਨੂੰ ਬਹਿਸ ਪੂਰੀ ਕਰ ਚੁੱਕਿਆ ਸੀ, ਸਰਕਾਰ ਵਲੋਂ ਖ਼ਾਨ ਸਾਹਬ ਹਕੀਮ ਅਕਰਮ ਖ਼ਾਂ ਡੀ ਐਸ ਪੀ ਨੇ ਇਕ ਛਪ ਚੁੱਕਿਆ ਨੋਟ ਦਿੱਤਾ। ਇਹ 1911 ਤੋਂ 1921 ਤਕ ਸਿਰਫ਼ ਸਿਖਾਂ ਦੀ ਐਜੀਟੇਸ਼ਨ ਬਾਰੇ, ਨਨਕਾਣਾ ਸਾਹਿਬ ਦੇ ਹਾਦਸੇ ਤੱਕ ਸੀ। ਇਹਦੇ 712 ਸਫ਼ੇ ਸਨ। ਇਸ ਵਿਚ ਦਸਿਆ ਗਿਆ ਸੀ ਕਿ ਸਿਖ ਇਕ ਪੁਲੀਟੀਕਲ ਪਾਰਟੀ ਦਾ ਰੂਪ ਧਾਰ ਚੁੱਕੇ ਹਨ, ਜਿਹੜੇ ਗੁਰਦੁਆਰਿਆਂ ਦਾ ਕੰਟਰੋਲ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੇ ਹਨ। ਇਹਦੇ ਸਿੱਟੇ ਵਜੋਂ ਬਬਰ ਅਕਾਲੀ ਲਹਿਰ ਨੇ ਜਨਮ ਲਿਆ। ਪਰ ਲਾਲਾ ਰਘੂਨਾਥ ਸਹਾਇ ਨੇ ਇਤਰਾਜ਼ ਉਠਾਇਆ ਕਿ ਇਹ ਗ਼ੈਰ-ਮੁਤੱਲਕਾ ਨੋਟ ਹੈ, ਇਹਦਾ ਬਬਰ ਲਹਿਰ ਨਾਲ ਕੋਈ ਸੰਬੰਧ ਨਹੀਂ। ਇਹ ਇਤਰਾਜ਼ ਜੱਜ ਸਾਹਬ ਨੇ ਮੰਨ ਲਿਆ ਅਤੇ ਇਹਨੂੰ ਗ਼ੈਰ-ਮੁਤੱਲਕਾ ਕਹਿ ਕੇ ਅਤੇ ਪੀ ਏ 405 ਨੰਬਰ ਦੇ ਕੇ ਰੱਦ ਕਰ ਦਿੱਤਾ। ਇਹ ਵੀ ਲਿਖ ਦਿੱਤਾ ਕਿ ਹੋ ਸਕਦਾ ਹੈ, ਬਬਰ ਲਹਿਰ ਉੱਤੇ ਅਸਰ ਪਿਆ ਹੋਵੇ, ਪਰ ਇਹਦਾ ਸਿਧਾ ਤੁਅੱਲਕ ਸਾਬਤ ਨਹੀਂ ਹੁੰਦਾ। "ਇਸ ਲਈ ਮੈਂ ਨਿਰਣਾ ਦਿੰਦਾ ਹਾਂ ਕਿ ਇਹ ਦਸਤਾਵੇਜ਼ ਅਣਆਗਿਆਜੋਗ ਸਬੂਤ ਹੈ।"

12 ਜਨਵਰੀ 1923 ਨੂੰ ਅਸੈਸਰਾਂ ਨੇ ਰਾਇ ਦਿੱਤੀ। ਅਸੈਸਰ ਝੰਡਾ ਸਿੰਘ ਦੀ ਘਰਵਾਲੀ ਸਖ਼ਤ ਬੀਮਾਰ ਹੋ ਗਈ, ਜਿਸ ਕਰਕੇ ਉਹ ਹਾਜ਼ਰ ਨਹੀਂ ਸੀ ਹੋ ਸਕਿਆ। ਸੋ ਸਭ ਤੋਂ ਪਹਿਲਾਂ ਰਾਇ ਸਾਹਿਬ ਲਾਲਾ ਭਗਤ ਰਾਮ ਨੇ ਹੇਠ-ਲਿਖੀ ਰਾਇ ਦਿੱਤੀ,

ਜਿਹੜੀ ਪੇਪਰ-ਬੁੱਕ ਦੇ ਸਫ਼ਾ 1072 ਉੱਤੇ ਦਰਜ ਹੈ ਜੀਹਦਾ ਮੈਂ ਪੂਰਾ ਪੰਜਾਬੀ ਤਜਰਮਾ ਦਰਜ ਕਰਨਾ ਜ਼ਰੂਰੀ ਸਮਝਦਾ ਹਾਂ।

"ਮੇਰੀ ਰਾਇ ਵਿਚ ਇਹ ਸਾਜਿਸ਼ ਕਿਸ਼ਨ ਸਿੰਘ ਮੁਲਜ਼ਮ ਨੰ: 1, ਦਲੀਪ ਸਿੰਘ ਨੰ: 5, ਆਤਮਾ ਸਿੰਘ ਨੰ: 6, ਕਰਮ ਸਿੰਘ ਨੰ: 8, ਸੁੰਦਰ ਸਿੰਘ ਨੰ: 30, ਸੰਤਾ ਸਿੰਘ ਨੰ: 51, ਬੂਟਾ ਸਿੰਘ ਨੰ: 55, ਕਰਤਾਰ ਸਿੰਘ ਨੰ: 58 ਅਤੇ ਵਾਇਦਾ-ਮੁਆਫ਼ ਗਵਾਹ ਨੰ: 9 ਸੰਤ ਕਰਤਾਰ ਸਿੰਘ ਨੇ ਮਿਲ ਕੇ ਤਿਆਰ ਕੀਤੀ, ਜਿਹੜੀ 1921 ਦੇ ਅਖ਼ੀਰ ਜਾਂ ਸ਼ੁਰੂ 1922 ਵਿਚ ਘੜੀ ਗਈ। ਇਹਦਾ ਆਰੰਭ ਜ਼ਿਲਾ ਜਲੰਧਰ ਤੋਂ ਕੀਤਾ ਗਿਆ। ਮੁਲਜ਼ਮਾਂ ਨੇ ਬਾਗ਼ੀਆਨਾ ਅਤੇ ਭੜਕੀਲੀਆਂ ਤਕਰੀਰਾਂ ਆਮ ਪਿੰਡਾਂ ਵਿਚ ਕਰਨੀਆਂ ਅਤੇ ਨਜ਼ਮਾਂ ਪੜ੍ਹਨੀਆਂ ਸ਼ੁਰੂ ਕਰ ਦਿਤੀਆਂ। ਲੋਕਾਂ ਵਿਚ ਆਮ ਪਰਚਾਰ ਸ਼ੁਰੂ ਕਰ ਦਿੱਤਾ ਕਿ ਸਰਕਾਰ ਦੀ ਹਰ ਪਰਕਾਰ ਦੀ ਮਦਦ ਬੰਦ ਕਰ ਦਿੱਤੀ ਜਾਵੇ ਅਤੇ ਹਰ ਕਿਸਮ ਦੀ ਖ਼ਬਰ ਦੇਣੀ ਬੰਦ ਕਰ ਦਿਤੀ ਜਾਵੇ।

"ਤਕਰੀਰਾਂ ਵਿਚ ਕੋਸ਼ਿਸ਼ ਕੀਤੀ ਗਈ ਕਿ ਲੋਕਾਂ ਵਿਚ ਸਰਕਾਰ ਦੇ ਖ਼ਿਲਾਫ਼ ਬੇ-ਭਰੋਸਗੀ ਪੈਦਾ ਕਰ ਦਿੱਤੀ ਜਾਵੇ ਅਤੇ ਅਜਿਹੀ ਬਗ਼ਾਵਤ ਕੀਤੀ ਜਾਵੇ ਜਿਸ ਨਾਲ ਅੰਗਰੇਜ਼ ਸਰਕਾਰ ਨੂੰ ਮੁਲਕ ਵਿਚੋਂ ਕੱਢ ਕੇ ਉਹਦੀ ਥਾਂ ਇਸ ਸੂਬੇ ਵਿਚ ਸਿੱਖ ਰਾਜ ਅਤੇ ਹਿੰਦੁਸਤਾਨ ਵਿਚ ਸਵਰਾਜ ਕਾਇਮ ਕੀਤਾ ਜਾਵੇ। ਇਹੋ ਖ਼ਿਆਲ ਇਹ ਸਾਜਿਸ਼ੀਏ ਤਕਰੀਰਾਂ ਅਤੇ ਨਜ਼ਮਾਂ ਰਾਹੀਂ ਆਮ ਲੋਕਾਂ ਵਿਚ ਫੈਲਾ ਰਹੇ ਸਨ। ਉਹ ਆਮ ਲੋਕਾਂ ਨੂੰ ਇਹ ਯਕੀਨ ਦੁਆਉਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਸਰਕਾਰ ਜ਼ਾਲਮ ਹੈ, ਜੀਹਨੇ ਨਨਕਾਣਾ ਸਾਹਬ ਵਿਚ ਸਿੱਖਾਂ ਦਾ ਆਮ ਕਤਲ ਕੀਤਾ, ਦਰਬਾਰ ਸਾਹਿਬ ਦੀਆਂ ਚਾਬੀਆਂ ਲੈ ਲਈਆਂ, ਗੁਰਦੁਆਰਿਆਂ ਦਾ ਇੰਤਜ਼ਾਮ ਸੰਭਾਲਣ ਤੋਂ ਸਿੱਖਾਂ ਨੂੰ ਰੋਕ ਰਹੀ ਹੈ, ਗੁਰੂ ਕੇ ਬਾਗ਼ ਵਿਚ ਨਿਹੱਥੇ ਬੇਗੁਨਾਹ ਸਿੱਖਾਂ ਨੂੰ ਬੁਰੀ ਤਰ੍ਹਾਂ ਕੁੱਟ-ਮਾਰ ਰਹੀ ਹੈ ਅਤੇ ਮੁਸਲਮਾਨਾਂ ਦੇ ਪਾਕ ਥਾਂਵਾਂ ਉੱਤੇ ਕਬਜ਼ਾ ਕਰ ਰਹੀ ਹੈ। ਇਹ ਬਾਗ਼ੀ ਲੋਕ ਆਪਣੇ ਆਪ ਨੂੰ ਲੋਕਾਂ ਦੇ ਪੱਕੇ ਸੇਵਕ ਅਤੇ ਹਿਤੈਸ਼ੀ ਪਰਗਟ ਕਰ ਰਹੇ ਸਨ ਅਤੇ ਆਪਣੇ ਆਪ ਨੂੰ ਚਕਰਵਰਤੀ ਅਖਵਾਉਂਦੇ ਸਨ। ਲੋਕ ਵੀ ਇਹਨਾਂ ਦੇ ਅਸਰ ਹੇਠ ਆ ਰਹੇ ਸਨ।

"ਹੁਸ਼ਿਆਰਪੁਰ ਜ਼ਿਲੇ ਦੇ ਕੰਢੀ ਦੇ ਇਲਾਕੇ ਵਿਚ ਕਰਮ ਸਿੰਘ ਉਰਫ਼ ਨਰੈਣ ਸਿੰਘ, ਆਸਾ ਸਿੰਘ ਅਤੇ ਕਰਮ ਸਿੰਘ ਝਿੰਗੜ ਨੇ ਇਹੋ ਕਾਰਵਾਈ ਸ਼ੁਰੂ ਕਰ ਰੱਖੀ ਸੀ। ਮਾਰਚ 1922 ਵਿਚ ਮੁਲਜ਼ਮ ਨੰ: 1, ਕਿਸ਼ਨ ਸਿੰਘ ਅਤੇ ਵਾਇਦਾ-ਮੁਆਫ਼ ਆਸਾ ਸਿੰਘ ਆਨੰਦਪੁਰ ਵਿਚ ਮਿਲੇ ਅਤੇ ਉਥੇ ਹੀ ਫ਼ੈਸਲਾ ਕੀਤਾ ਗਿਆ ਕਿ ਝੋਲੀ-ਚੁੱਕਾਂ ਦੇ ਸੁਧਾਰ ਦਾ ਕੰਮ ਸ਼ੁਰੂ ਕਰ ਦਿਤਾ ਜਾਵੇ। ਕਰਮ ਸਿੰਘ ਝਿੰਗੜ ਮੁਲਜ਼ਮ ਨੰ: 8 ਦੋਹਾਂ ਗਰੁੱਪਾਂ ਦੇ ਵਿਚਕਾਰ ਤਾਲਮੇਲ ਰੱਖਣ ਦੇ ਕੰਮ ਵਿਚ ਜੁਟ ਗਿਆ। 1922 ਵਿਚ ਇਹ ਸਾਜ਼ਿਸ਼ ਤਿਆਰ ਕੀਤੀ ਗਈ ਕਿ ਝੋਲੀ-ਚੁੱਕਾਂ ਅਤੇ ਸਰਕਾਰੀ ਮਦਦਗਾਰਾਂ ਨੂੰ ਕਤਲ ਕਰਨਾ ਸ਼ੁਰੂ ਕਰ ਦਿਤਾ ਜਾਵੇ।"

ਬਾਕੀ ਦੋਹਾਂ ਅਸੈਸਰਾਂ ਨੇ ਇਸ ਗੱਲ ਦੀ ਤਾਈਦ ਕਰ ਦਿੱਤੀ ਅਤੇ ਅਦਾਲਤ ਦੀ ਕਾਰਵਾਈ ਫ਼ੈਸਲਾ ਸੁਣਾਉਣ ਲਈ ਮੁਲਤਵੀ ਕਰ ਦਿਤੀ ਗਈ। ਅਸੈਸਰਾਂ ਨੇ 21 ਮੁਲਜਮ ਬੇ-ਗੁਨਾਹ ਕਰਾਰ ਦੇ ਦਿੱਤੇ ਸਨ, ਪਰ ਸੈਸ਼ਨ ਜੱਜ ਨੇ 34 ਬਰੀ ਕਰ ਦਿੱਤੇ ਸਨ।

# 63. 28 ਫ਼ਰਵਰੀ 1925 :
# ਪਹਿਲੇ ਬਬਰ ਅਕਾਲੀ ਕੇਸ ਦਾ ਫ਼ੈਸਲਾ

12 ਜਨਵਰੀ 1925 ਨੂੰ ਸੈਸ਼ਨ ਜੱਜ ਸਾਹਿਬ ਨੇ ਹੁਕਮ ਸੁਣਾਏ ਜਾਣ ਤੱਕ ਕੇਸ ਮੁਲਤਵੀ ਕਰ ਦਿੱਤਾ ਸੀ। ਸੋ ਉਹ ਦਿਨ ਵੀ ਆ ਗਿਆ। 28 ਫਰਵਰੀ 1925, ਦਿਨ ਸਨਿਚਰਵਾਰ ਨੂੰ ਜਦੋਂ ਤੱਕ ਅਸੀਂ ਸਵੇਰ ਦੇ ਨਿੱਤ-ਕਰਮਾਂ ਤੋਂ ਵਿਹਲੇ ਹੋ ਕੇ ਅਤੇ ਰੋਟੀ-ਟੁੱਕ ਕਹਿ ਲਉ ਜਾਂ ਖੇਹ-ਸੁਆਹ, ਜੋ ਵੀ ਮਿਲਦਾ ਸੀ, ਖਾ ਕੇ ਬੈਰਕਾਂ ਅੰਦਰ ਗਏ ਹੀ ਸੀ ਤਾਂ ਲਾਲ ਪੱਗਾਂ ਵਾਲੇ ਪੁਲਸੀਏ ਹੱਥ-ਕੜੀਆਂ ਛਣਕਾਉਂਦੇ ਬੈਰਕਾਂ ਦੇ ਦੋਹਾਂ ਦਰਵਾਜ਼ਿਆਂ ਕੋਲ ਆ ਖੜੇ ਹੋਏ। ਇੰਚਾਰਜ ਨੇ ਆਖਿਆ, "ਤਿਆਰ ਹੋ ਜਾਉ ਅਤੇ ਆਪਣਾ-ਆਪਣਾ ਫ਼ਾਲਤੂ ਸਾਮਾਨ ਸਾਂਭ ਕੇ ਬਗਲਾਂ ਵਿਚ ਲੈ ਲਉ। ਹੁਣੇ ਤੁਹਾਡਾ ਹੁਕਮ ਸੁਣਾਇਆ ਜਾ ਰਿਹਾ ਹੈ।"

ਮਜ਼ੇ ਦੀ ਗੱਲ ਇਹ ਸੀ ਕਿ ਹੁਕਮ ਸੁਣਾਉਣ ਬਾਬਤ ਸਾਨੂੰ ਤਾਂ ਖੜ੍ਹੇ-ਪੈਰ ਹੀ ਪਤਾ ਲਗਿਆ, ਪਰ ਸਾਡੇ ਸਾਰਿਆਂ ਦੇ ਵਾਰਸ ਉਸ ਵੇਲੇ ਤੱਕ ਪੁੱਜ ਵੀ ਚੁੱਕੇ ਸਨ। ਉਹ ਅਦਾਲਤ ਦੇ ਬਾਹਰ ਆ ਚੁੱਕੇ ਸਨ। ਸਾਡੇ ਪਾਸ ਫ਼ਾਲਤੂ ਸਾਮਾਨ ਕਿੰਨਾ ਕੁ ਸੀ। ਫ਼ਾਲਤੂ ਕੁੜਤਾ, ਕਛਹਿਰਾ, ਪੱਗ ਅਤੇ ਪਰਨਾ। ਬਾਕੀ ਕੰਬਲ, ਲੋਹੇ ਦੇ ਦੋ ਬਾਟੇ ਅਤੇ ਖੱਡੀ ਵਾਲੀ ਤਪੜੀ ਤਾਂ ਸਰਕਾਰੀ ਮਾਲ ਸੀ। ਅਸੀਂ ਸਾਮਾਨ ਬਗਲਾਂ ਵਿਚ ਲਿਆ ਅਤੇ ਹੁਕਮ ਸੁਨਣ ਲਈ ਕਮਰਕਸੇ ਕਰ ਲਏ।

ਅਫ਼ਸਰ ਨੇ ਨੰਬਰ-ਵਾਰ ਮੁਲਜ਼ਮਾਂ ਦੇ ਨਾਂ ਬੋਲਣੇ ਸ਼ੁਰੂ ਕਰ ਦਿਤੇ। ਸਭ ਤੋਂ ਪਹਿਲਾਂ ਸਿਰਫ਼ ਭਾਈ ਕਿਸ਼ਨ ਸਿੰਘ, ਜਿਨ੍ਹਾਂ ਦਾ ਪਹਿਲਾ ਨੰਬਰ ਸੀ, ਇਕਲਿਆਂ ਦੇ ਖੱਬੇ ਹੱਥ ਉੱਤੇ ਹੱਥਕੜੀ ਜੜ ਲਈ ਗਈ। ਬਾਕੀ ਸਭ ਦੇ ਦੋ-ਦੋ ਦੇ ਜੁੱਟਾਂ ਵਿਚ ਤਰਤੀਬਵਾਰ ਹੱਥਕੜੀਆਂ ਜੜ ਲਈਆਂ ਗਈਆਂ। ਜਿਸ ਵੇਲੇ ਗਿਣਤੀ ਪੂਰੀ ਹੋ ਚੁੱਕੀ ਅਤੇ ਛੋਟੀ ਤਾਕੀ ਥਾਣੀਂ ਬਾਹਰ ਨਿਕਲਣਾ ਸੀ, ਭਾਈ ਕਿਸ਼ਨ ਸਿੰਘ ਜੀ ਹੱਥਕੜੀ ਸਮੇਤ ਕਤਾਰ ਦੇ ਵਿਚਕਾਰ ਜਿਹੇ ਆ ਖੜੋਤੇ ਅਤੇ ਅਰਦਾਸਾ ਸੋਧਿਆ। ਅਖ਼ੀਰ ਵਿਚ ਬੜੇ ਜਜ਼ਬਾਤੀ ਲਹਿਜੇ ਵਿਚ ਅਕਾਲ ਪੁਰਖ ਤੋਂ ਮੰਗ ਕੀਤੀ, "ਸਾਨੂੰ ਵਤਨ ਤੋਂ ਨਿਛਾਵਰ ਹੋਣ ਦਾ ਹੌਸਲਾ ਬਖਸ਼ ਅਤੇ ਇਸ ਜ਼ਾਲਮ ਬਦੇਸੀ ਹਕੂਮਤ ਨੂੰ ਆਪਣੇ ਵਤਨ ਵਿਚੋਂ ਕੱਢਣ ਲਈ ਵਾਰ-ਵਾਰ ਜਨਮ ਦੇਣ ਦੀ ਮਿਹਰ ਕਰ।"

ਭਾਈ ਸਾਹਿਬ ਨੇ ਗੂੰਜਦੇ ਪੰਜ ਜੈਕਾਰੇ ਬੁਲਾਏ ਅਤੇ ਸਾਨੂੰ ਨਿਆਣਿਆਂ ਨੂੰ,

ਜਿਹੜੇ ਕੁਦਰਤੀ ਹੀ ਅਗਲੀ ਕਰਤਾਰ ਵਿਚ ਖਲੋਤੇ ਸੀ, ਸੱਜੇ ਹੱਥ ਨਾਲ ਥਾਪੜਾ ਦਿੰਦੇ ਤੇ ਕਹਿੰਦੇ ਗਏ, "ਬੇਟਾ, ਤਕੜੇ ਹੋ ਕੇ ਹੁਕਮ ਸੁਣਨਾ। ਕਿਤੇ ਘਬਰਾ ਨਾ ਜਾਇਉ। ਮੈਨੂੰ ਪਤਾ ਹੈ, ਸਾਨੂੰ ਕਿਹੜੀ ਸਜ਼ਾ ਸੁਣਾਈ ਜਾਣੀ ਹੈ।" ਸਭ ਤੋਂ ਪਹਿਲਾਂ ਸਾਡਾ ਲੀਡਰ ਹੀ ਤਾਕੀਉਂ ਬਾਹਰ ਨਿਕਲਿਆ ਅਤੇ ਬਾਕੀ ਅਸੀਂ ਵਾਰੀ-ਵਾਰੀ ਮੁੜ ਕਤਾਰ ਬਣਾ ਕੇ ਖੜ੍ਹੇ ਹੋ ਗਏ। ਮੁੜ ਗਿਣਤੀ ਕੀਤੀ ਗਈ ਅਤੇ ਭਾਈ ਸਾਹਿਬ ਨੇ ਸਾਹਮਣੇ ਖੜੋਤੀ ਫ਼ਾਂਸੀ ਵੱਲ ਇਸ਼ਾਰਾ ਕਰਦਿਆਂ ਕਿਹਾ, "ਕਰਮਾਂ ਵਾਲੀਏ, ਜਲਦੀ ਹੀ ਤੇਰੇ ਉੱਤੇ ਝੂਟੇ ਲੈਣ ਲਈ ਅਸੀਂ ਆ ਰਹੇ ਹਾਂ। ਤੂੰ ਵੀ ਨ੍ਹਾ-ਧੋ ਕੇ ਤਿਆਰ ਰਹੀਂ।"

ਭਾਈ ਸੁੰਦਰ ਸਿੰਘ ਨੇ, ਜਿਨ੍ਹਾਂ ਦਾ ਨੰਬਰ ਵਿਚਕਾਰ ਜਿਹੇ ਸੀ, ਬੜੀ ਉੱਚੀ, ਉਸੇ ਗੂੰਜਵੀਂ ਅਤੇ ਸੁਰੀਲੀ ਸੁਰ ਵਿਚ ਇਹ ਸ਼ਬਦ ਪੜ੍ਹਨਾ ਸ਼ੁਰੂ ਕਰ ਦਿੱਤਾ, ਜਿਹੜਾ ਆਮ ਜਲਸਿਆਂ ਵਿਚ ਗੂੰਜਿਆ ਕਰਦਾ ਸੀ: "ਸਿਰ ਧਰ ਕੇ ਤਲੀ ਉੱਤੇ ਆ ਜਾ...।"

ਮੈਨੂੰ ਅਜ ਵੀ ਚੰਗੀ ਤਰ੍ਹਾਂ ਯਾਦ ਹੈ ਕਿ ਉਸ ਵੇਲੇ ਸਾਰੀ ਜਿਹਲ ਪੂਰੀ ਤਰ੍ਹਾਂ ਬੰਦ ਸੀ, ਸਿਵਾਏ ਕਾਲੀ-ਪੀਲੀ ਵਾਲੇ ਲੰਬੜਦਾਰਾਂ ਦੇ। ਜਿਸ ਵੇਲੇ ਅਸੀਂ ਬਿਲਕੁਲ ਫ਼ਾਂਸੀ ਦੇ ਖ਼ੂਹ ਕੋਲੋਂ ਲੰਘ ਰਹੇ ਸੀ, ਭਾਈ ਸਾਹਿਬ ਨੇ ਮੁੜ ਉਹਨੂੰ ਮੁਖ਼ਾਤਿਬ ਹੋ ਕੇ ਕਿਹਾ ਸੀ, "ਪਤਾ ਨਹੀਂ ਤੂੰ ਕਿੰਨੇ ਕੁ ਦੇਸਭਗਤਾਂ ਦਾ ਖ਼ੂਨ ਪੀ ਚੁੱਕੀ ਹੈਂ ਅਤੇ ਕਿੰਨਿਆਂ ਕੁ ਦਾ ਹੋਰ ਪੀਵੇਂਗੀ। ਜਿੰਨਾ ਚਿਰ ਅਸੀਂ ਤੇਰਾ ਢਿੱਡ ਭਰ ਨਹੀਂ ਦਿੰਦੇ, ਤਕੜੀ ਹੋ ਕੇ ਪੀਈ ਚੱਲ। ਮੇਰੇ ਦੇਸਵਾਸੀ ਤੇਰੀ ਪਿਆਸ ਬੁਝਾਉਣ ਲਈ ਕਤਾਰਾਂ ਬੰਨ੍ਹੀਂ ਆਈ ਜਾਣਗੇ, ਓਦੋਂ ਤੱਕ, ਜਿੰਨਾ ਚਿਰ ਮੇਰੇ ਦੇਸਵਾਸੀ ਗੋਰਿਆਂ ਨੂੰ ਦੂੜਾ ਕੇ ਆਪਣਾ ਰਾਜ ਕਾਇਮ ਨਹੀਂ ਕਰ ਲੈਂਦੇ।"

ਅੱਜ ਇਹ ਯਾਦ ਨਹੀਂ ਰਿਹਾ ਕਿ ਪਹਿਲੇ ਗਰੁਪ ਵਿਚ ਸਾਨੂੰ ਕਿੰਨਿਆਂ ਨੂੰ ਪੇਸ਼ ਕੀਤਾ ਗਿਆ ਸੀ। ਪਰ ਮੇਰਾ ਨੰਬਰ ਬਾਰ੍ਹਵਾਂ ਸੀ, ਜਿਸ ਕਰਕੇ ਮੈਂ ਭਾਈ ਸਾਹਿਬ ਦੇ ਗਰੁੱਪ ਵਿਚ ਸ਼ਾਮਲ ਸੀ। ਲਕੜੀ ਦੇ ਜੰਗਲੇ ਤੋਂ ਬਾਹਰਵਾਰ ਸਾਨੂੰ ਨੰਬਰ ਵਾਰ ਖੜ੍ਹਾ ਕਰ ਲਿਆ ਗਿਆ। ਪੰਦਰਾਂ ਕੁ ਦੇ ਕਰੀਬ ਇਹ ਪਹਿਲਾ ਗਰੁੱਪ ਹੋਵੇਗਾ।

ਪੂਰੀ ਤਸੱਲੀ ਕਰ ਲੈਣ ਪਿਛੋਂ ਜੱਜ ਸਾਹਿਬ ਨੇ ਠੇਠ ਪੰਜਾਬੀ ਵਿਚ ਭਾਈ ਕਿਸ਼ਨ ਸਿੰਘ ਨੂੰ ਸੰਬੋਧਿਤ ਹੁੰਦਿਆਂ ਅੰਗਰੇਜ਼ੀ ਵਿਚ ਲਿਖੀ ਜੱਜਮੈਂਟ ਦਾ ਉਲਥਾ ਸੁਣਾਉਣਾ ਸ਼ੁਰੂ ਕਰ ਦਿਤਾ। ਇਹਦਾ ਛੋਟਾ ਜਿਹਾ ਨਮੂਨਾ ਮੈਂ ਪੰਜਾਬੀ ਵਿਚ ਹੀ ਦਰਜ ਕਰ ਰਿਹਾ ਹਾਂ। ਪੜ੍ਹੋ ਜੱਜਮੈਂਟ ਦੇ ਸਫ਼ੇ 146 ਤੋਂ 150। ਸੰਖੇਪ ਇਸ ਪ੍ਰਕਾਰ ਹੈ:

ਵਾਇਦਾ-ਮੁਆਫ਼ਾਂ ਅਤੇ ਬਾਕੀ ਗਵਾਹਾਂ ਦੇ ਬਿਆਨਾਂ ਤੋਂ ਸਪਸ਼ਟ ਤੌਰ ਉੱਤੇ ਸਾਬਤ ਹੋ ਚੁੱਕਿਆ ਹੈ ਕਿ ਇਸ ਬੇਮਿਸਾਲ ਸਾਜ਼ਿਸ਼ ਦਾ ਬੁਨਿਆਦੀ ਪੱਥਰ ਰੱਖਣ ਵਾਲਾ ਮੁਲਜ਼ਮ ਨੰਬਰ ਇਕ, ਕਿਸ਼ਨ ਸਿੰਘ ਹੀ ਹੈ। ਫੇਰ ਇਸ ਖ਼ਤਰਨਾਕ ਅਤੇ ਭਿਆਨਕ ਸਾਜ਼ਿਸ਼ ਨੂੰ ਅਗੇ ਤੋਰਨ ਅਤੇ ਸਿੱਧੀਆਂ ਲੀਹਾਂ ਉੱਤੇ ਰੱਖਣ ਵਾਲਾ ਸ਼ਖ਼ਸ ਵੀ ਇਹੋ ਕਿਸ਼ਨ ਸਿੰਘ ਹੀ ਹੈ। ਗਵਾਹਾਂ ਅਤੇ ਵਾਇਦਾ-ਮੁਆਫ਼ਾਂ ਦੇ ਬਿਆਨਾਂ ਮੁਤਾਬਿਕ ਸਾਰੀ ਸਾਜ਼ਿਸ਼ ਦੀ ਸਕੀਮ ਇਸੇ ਮੁਲਜ਼ਮ ਦੇ ਦਿਮਾਗ਼ ਨੇ ਤਿਆਰ ਕੀਤੀ,

ਜੁਸ਼ੀਲੀਆਂ ਤਕਰੀਰਾਂ ਕਰ-ਕਰ ਭੜਥੂ ਪਾ ਦਿੱਤਾ, ਅੰਗਰੇਜ਼ਾਂ ਦੀ ਹਕੂਮਤ ਵਿਰੁੱਧ ਧੂੰਆਂ-ਧਾਰ ਤਕਰੀਰਾਂ ਰਾਹੀਂ ਅੱਗ ਦੇ ਭਾਂਬੜ ਮਚਾ ਦਿਤੇ। ਆਦਮਪੁਰ ਦੇ ਥਾਣੇਦਾਰ, ਗਵਾਹ ਨੰ: 30, ਰਹਿਮਤ ਅਲੀ ਅਤੇ ਜ਼ੈਲਦਾਰ ਗੱਜਾ ਸਿੰਘ ਹਰੀਪੁਰ ਗਵਾਹ ਨੰ: 102 ਨੇ ਦੱਸਿਆ ਹੈ ਕਿ 6 ਦਸੰਬਰ 1921 ਨੂੰ ਕਿਸ਼ਨ ਸਿੰਘ ਗੜਗੱਜ ਨੇ ਹਰੀਪੁਰ ਵਿਚ ਬੜੀ ਖ਼ਤਰਨਾਕ ਤਕਰੀਰ ਕੀਤੀ ਸੀ। ਉਸ ਵੇਲੇ ਹਜ਼ਾਰਾਂ ਦੀ ਗਿਣਤੀ ਵਿਚ ਆਮ ਲੋਕ ਪਿੰਡਾਂ ਤੋਂ ਉਹਦੀ ਤਕਰੀਰ ਸੁਣਨ ਲਈ ਆਏ ਹੋਏ ਸਨ। ਉਹਦੇ ਇਕ-ਇਕ ਫ਼ਿਕਰੇ ਉੱਤੇ ਸਤਿ ਸ੍ਰੀ ਅਕਾਲ ਦੇ ਨਾਹਰੇ ਗੂੰਜ ਉਠਦੇ ਸਨ। ਭਾਈ ਕਿਸ਼ਨ ਸਿੰਘ ਨੰਗੀ ਤਲਵਾਰ ਧੂਈਂ ਪੂਰੇ ਜਲਾਲ ਵਿਚ ਚੰਡੀ ਦਾ ਰੂਪ ਧਾਰੀਂ ਖੜੋਤਾ ਸੀ। ਸਮਝ ਲਉ, ਉਸੇ ਤਕਰੀਰ ਨੇ ਅੰਗਰੇਜ ਸਰਕਾਰ ਵਿਰੁੱਧ ਖੁੱਲ੍ਹੀ ਬਗ਼ਾਵਤ ਦਾ ਨੀਂਹ-ਪੱਥਰ ਰੱਖ ਦਿਤਾ ਸੀ। ਜਿਵੇਂ-ਜਿਵੇਂ ਦਿਨ ਲੰਘਦੇ ਗਏ, ਮੁਲਜ਼ਮ ਦੀਆਂ ਤਕਰੀਰਾਂ ਨੇ ਆਪਣਾ ਜੌਹਰ ਦਿਖਾਉਣਾ ਸ਼ੁਰੂ ਕਰ ਦਿੱਤਾ।

ਗੱਲ ਕੀ ਜੱਜ ਸਾਹਿਬ ਨੇ ਮੋਟੀਆਂ-ਮੋਟੀਆਂ ਮਿਸਾਲਾਂ ਦੱਸ ਕੇ ਭਾਈ ਕਿਸ਼ਨ ਸਿੰਘ ਨੂੰ ਮੁਖ਼ਾਤਿਬ ਕਰਕੇ ਕਿਹਾ, "ਮੈਂ ਉੱਪਰ-ਦੱਸੀ ਕਾਰਵਾਈ ਦੀ ਸਾਰੀ ਜ਼ਿੰਮੇ-ਵਾਰੀ ਤੁਹਾਡੀ ਹੀ ਸਮਝਦਾ ਹਾਂ।"

ਜੱਜਮੈਂਟ ਦੇ ਸਫ਼ਾ 150 ਤੋਂ ਜੱਜ ਸਾਹਿਬ ਲਿਖਦੇ ਹਨ :

"ਮੈਂ ਸਜ਼ਾ ਦੇ ਮਾਮਲੇ ਬਾਰੇ ਸੋਚਣ ਦੀ ਪੂਰੀ ਈਮਾਨਦਾਰੀ ਨਾਲ ਵਾਹ ਲਾਈ ਹੈ। ਜੋ ਕੁਝ ਮੈਂ ਉੱਪਰ ਕਿਹਾ ਹੈ, ਉਹਨੂੰ ਦੇਖਦਿਆਂ ਮੇਰੀ ਸਮਝ ਮੁਤਾਬਕ ਜੇ ਕੋਈ ਆਦਮੀ ਪੂਰੀ ਸਜ਼ਾ ਦਾ ਹੱਕਦਾਰ ਹੈ ਤਾਂ ਇਹੋ ਕਿਸ਼ਨ ਸਿੰਘ ਹੀ ਹੈ। ਸੋ ਮੈਂ ਮੁਲਜ਼ਮ ਕਿਸ਼ਨ ਸਿੰਘ ਨੂੰ ਫ਼ਾਂਸੀ ਉੱਤੇ ਲਟਕਾਏ ਜਾਣ ਦੀ ਸਜ਼ਾ ਦਿੰਦਾ ਹਾਂ ਅਤੇ ਇਹਨੂੰ ਗਲ ਵਿਚ ਪਾਏ ਜਾ ਚੁਕੇ ਰੱਸੇ ਨਾਲ ਉਦੋਂ ਤੱਕ ਲਟਕਦਾ ਰਹਿਣ ਦਿਤਾ ਜਾਵੇ, ਜਿੰਨਾ ਚਿਰ ਇਹਦੇ ਪ੍ਰਾਣ ਨਿੱਕਲ ਨਾ ਜਾਣ। ਇਸ ਹੁਕਮ ਦੀ ਤਾਮੀਲ ਹਾਈ ਕੋਰਟ ਵਿਚੋਂ ਤਸਦੀਕ ਹੋ ਜਾਣ ਤੋਂ ਬਾਅਦ ਕੀਤੀ ਜਾ ਸਕੇਗੀ।"

ਅਸਲਾ ਐਕਟ ਵਗੈਰਾ ਅਧੀਨ ਦੋ ਤੇ ਚਾਰ ਸਾਲ ਦੀਆਂ ਸਜ਼ਾਵਾਂ, ਸੌ-ਸੌ ਰੁਪਏ ਫ਼ੀ ਸਜ਼ਾ ਜੁਰਮਾਨਾ ਜਾਂ ਤਿੰਨ-ਤਿੰਨ ਮਹੀਨੇ ਹੋਰ ਕੈਦ, ਚੱਕੀ-ਬੰਦ, ਵਗੈਰਾ ਹੁਕਮ ਸੁਣਾ ਦਿੱਤਾ ਗਿਆ।

ਉੱਤਰ ਵਿਚ ਭਾਈ ਸਾਹਿਬ ਨੇ ਬੜੇ ਠਰ੍ਹੰਮੇ ਨਾਲ ਜੱਜ ਦਾ ਸ਼ੁਕਰੀਆ ਅਦਾ ਕਰਦਿਆਂ ਕਿਹਾ ਕਿ "ਸਾਹਿਬ, ਮੈਨੂੰ ਪਹਿਲਾਂ ਹੀ ਯਕੀਨ ਹੋ ਗਿਆ ਸੀ, ਜਿਸ ਵੇਲੇ ਕੁਮਿਟਿੰਗ ਮੈਜਿਸਟਰੇਟ ਦੀ ਅਦਾਲਤ ਵਿਚ ਨਾਟਕ ਰਚਿਆ ਗਿਆ ਸੀ ਅਤੇ ਉਹ ਸਰਕਾਰੀ ਵਕੀਲ ਅਤੇ ਮੀਰ ਸਾਹਿਬ ਦੇ ਇਸ਼ਾਰੇ ਉੱਤੇ ਨੱਚ ਉਠਦਾ ਸੀ। ਤੁਸੀਂ ਜ਼ਰਾ ਸਿਆਣਪ ਅਤੇ ਧੀਰਜ ਨਾਲ ਉਹੋ ਖੇਡ ਖੇਡੀ ਹੈ, ਜਿਹੜੀ ਖੇਡਣ ਲਈ ਤੁਹਾਡੀ ਡਿਊਟੀ ਲਾਈ ਗਈ ਸੀ। ਅਸੀਂ ਪਹਿਲਾਂ ਹੀ ਮੌਤ ਸਹੇੜ ਕੇ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਤਲਵਾਰ ਦਾ ਸਹਾਰਾ ਲਿਆ ਸੀ। ਅਸੀਂ ਵਾਰ-ਵਾਰ ਜਨਮ ਲੈ ਕੇ ਆਵਾਂਗੇ, ਜਿੰਨਾ ਚਿਰ ਇਸ ਸਰਕਾਰ ਨੂੰ ਖ਼ਤਮ ਕਰਕੇ ਆਪਣੀ ਸਰਕਾਰ ਨਹੀਂ ਬਣਾ ਲੈਂਦੇ। ਆਖ਼ਰੀ ਵਾਰ ਫੇਰ ਤੁਹਾਡਾ ਧੰਨਵਾਦ ਕਰਦਾ ਹਾਂ।"

ਸਾਨੂੰ ਬਾਕੀਆਂ ਨੂੰ ਹੁਕਮ ਸੁਣਾਉਣਾ ਸ਼ੁਰੂ ਕਰ ਦਿੱਤਾ ਗਿਆ ਅਤੇ ਨੰਬਰ 8 ਤੱਕ ਕਾਲੇ ਪਾਣੀ, ਸੱਤਾਂ ਜਾਂ ਪੰਜਾਂ ਸਾਲਾਂ ਦੀ ਸਜ਼ਾ ਹੁੰਦੀ ਚਲੀ ਗਈ। ਨੌਵਾਂ ਮੇਰੇ

ਪਿੰਡ ਦਾ ਕਰਤਾਰ ਸਿੰਘ, (ਦਸਵਾਂ ਅਮਰ ਸਿੰਘ ਮਰ ਚੁਕਿਆ ਸੀ), ਗਿਆਰਵਾਂ ਹੁਕਮ ਸਿੰਘ, ਬਾਰ੍ਹਵਾਂ ਮੈਂ ਆਪ, (ਤੇਹਰਵਾਂ ਵੀ ਮਰ ਚੁਕਿਆ ਸੀ) ਅਤੇ ਚੌਧਵਾਂ ਨਿਰਵੈਰ ਸਿੰਘ—ਇਹ ਸਾਰੇ ਪਿੰਡੋਰੀ ਨਿੱਝਰਾਂ ਦੇ ਸਨ ਅਤੇ ਬਰੀ ਕਰ ਦਿਤੇ ਗਏ। ਅਸੀਂ ਹੈਰਾਨ ਜਿਹੇ ਅਦਾਲਤ ਦੇ ਕਮਰੇ ਵਿਚੋਂ ਉਸੇ ਵੇਲੇ ਬਾਹਰ ਕੱਢ ਦਿਤੇ ਗਏ।

ਅਦਾਲਤ ਦੇ ਸਾਹਮਣੇ ਸਾਡੀਆਂ ਹੱਥਕੜੀਆਂ ਖੋਲ੍ਹੀਆਂ ਗਈਆਂ ਅਤੇ ਬੇੜੀਆਂ ਕੱਟ ਦਿੱਤੀਆਂ ਗਈਆਂ। ਸਾਨੂੰ ਕਮਰੇ ਤੋਂ ਬਾਹਰ ਇਹ ਕਹਿ ਕੇ ਬਿਠਾ ਲਿਆ ਗਿਆ ਕਿ ਸਰਕਾਰ ਵੱਲੋਂ ਤੁਹਾਨੂੰ ਪਿੰਡ ਪੁੱਜਣ ਲਈ ਰੇਲ ਦਾ ਪਾਸ ਅਤੇ ਛੇ-ਛੇ ਆਨੇ ਖਰਚਾ ਖ਼ੁਰਾਕ ਲਈ ਦਿਤਾ ਜਾਵੇਗਾ।

ਗੱਲ ਕੀ, 91 ਮੁਲਜਮਾਂ ਵਿਚੋਂ 34 ਬਰੀ ਕਰ ਦਿਤੇ ਗਏ। ਕੁਝ ਮੁਕੱਦਮਾ ਚਲਦੇ ਸਮੇਂ ਮਰ ਚੁੱਕੇ ਸਨ। ਬਾਕੀਆਂ ਨੂੰ ਫਾਂਸੀ, ਉਮਰ-ਕੈਦ ਅਤੇ ਵੱਖੋ-ਵੱਖਰੀਆਂ ਕੈਦ ਦੀਆਂ ਸਜਾਵਾਂ ਸੁਣਾ ਦਿੱਤੀਆਂ ਗਈਆਂ। ਹਰ ਮੁਲਜਮ ਨੂੰ ਕੈਦ ਦੇ ਨਾਲ-ਨਾਲ ਸੌ ਰੁਪਏ ਜੁਰਮਾਨਾ ਵੀ ਕੀਤਾ ਗਿਆ। ਅਦਾਇਗੀ ਨਾ ਕਰਨ ਬਦਲੇ ਇਕ ਸਾਲ ਦੀ ਸਜਾ ਹੋਰ ਭੁਗਤਣੀ ਪੈਣੀ ਸੀ। ਤਿੰਨਾਂ ਮਹੀਨਿਆਂ ਲਈ ਚੱਕੀ-ਬੰਦ ਦੀ ਸਜ਼ਾ ਵੀ ਲਾਜ਼ਮੀ ਕਰਾਰ ਦੇ ਦਿਤੀ ਗਈ।

ਇਹਤੋਂ ਪਹਿਲਾਂ ਕਿ ਮੈਂ ਪਹਿਲੇ ਕੇਸ ਦੇ 91 ਮੁਲਜ਼ਮਾਂ ਦੀਆਂ ਸਜਾਵਾਂ ਦਾ ਵੇਰਵੇ-ਸਹਿਤ ਜ਼ਿਕਰ ਕਰਾਂ, ਇਥੇ ਥੋੜ੍ਹਾ ਜਿਹਾ ਜ਼ਿਕਰ ਭਾਈ ਕਿਸ਼ਨ ਸਿੰਘ ਜੀ ਦੇ ਲਿਖਤੀ ਬਿਆਨ ਦਾ ਕਰਨਾ ਜ਼ਰੂਰੀ ਸਮਝਦਾ ਹਾਂ। ਇਸ ਬਿਆਨ ਨੂੰ ਸੈਸ਼ਨ ਜੱਜ ਸਾਹਿਬ ਨੇ ਇਹ ਲਫ਼ਜ਼ ਲਿਖ ਕੇ ਭੰਡਣ ਦੀ ਪੂਰੀ ਵਾਹ ਲਾਈ ਹੈ ਕਿ "ਮੁਲਜ਼ਮ ਨੰ: ਇਕ, ਕਿਸ਼ਨ ਸਿੰਘ ਦਾ ਬਿਆਨ ਬੇ-ਸਿਰਪੈਰ, ਬਗ਼ੈਰ ਕਿਸੇ ਮਤਲਬ ਦਾ ਹੈ, ਜੀਹਦਾ ਜੱਜਮੈਂਟ ਵਿਚ ਜ਼ਿਕਰ ਕਰਨਾ ਫ਼ਜ਼ੂਲ ਹੈ ਅਤੇ ਇਸ ਕੇਸ ਨਾਲ ਇਸ ਬਿਆਨ ਦਾ ਕੋਈ ਸੰਬੰਧ ਨਹੀਂ ਹੈ ਅਤੇ ਐਵੇਂ ਬਿਨਾਂ-ਮਤਲਬ ਪਿਛਲੀ ਸਿੱਖ ਹਿਸਟਰੀ ਹੀ ਦੁਹਰਾਈ ਗਈ ਹੈ, ਵਗ਼ੈਰਾ।" ਬਿਆਨ ਸੰਖੇਪ ਤੌਰ ਉੱਤੇ ਇਸ ਪਰਕਾਰ ਸੀ।

"ਸ਼ੁਰੂ 1921 ਵਿਚ ਜਿਸ ਵੇਲੇ ਮੈਂ ਫ਼ੌਜ ਦੀ ਨੌਕਰੀ ਤਿਆਗ ਕੇ ਆ ਗਿਆ ਸੀ, ਉਸ ਵੇਲੇ ਨਨਕਾਣਾ ਸਾਹਿਬ ਦਾ ਖ਼ੂਕੀ ਸਾਕਾ ਹੋ ਚੁੱਕਿਆ ਸੀ ਅਤੇ ਅਕਾਲੀ ਲਹਿਰ ਪੂਰੇ ਜੋਬਨ ਉੱਤੇ ਆ ਚੁੱਕੀ ਸੀ। ਸਾਰੇ ਪੰਥ ਨੇ ਸਰਬ-ਸੰਮਤੀ ਨਾਲ ਮੈਨੂੰ ਸ਼੍ਰੋਮਣੀ ਅਕਾਲੀ ਦਲ ਦਾ ਪਹਿਲਾ ਜਨਰਲ ਸਕੱਤਰ ਚੁਣ ਲਿਆ ਸੀ ਜਿਸ ਦੇ ਪ੍ਰਧਾਨ ਬਾਬਾ ਖੜਕ ਸਿੰਘ ਜੀ ਸਨ ਅਤੇ ਸ਼ੁਰੂ ਅਪ੍ਰੈਲ 1921 ਵਿਚ ਮੈਂ ਅੰਮ੍ਰਿਤਸਰ ਆ ਕੇ ਚਾਰਜ ਸੰਭਾਲ ਲਿਆ ਸੀ।

ਉਸ ਵੇਲੇ ਹੀ ਮੈਨੂੰ ਅੰਗਰੇਜ਼ ਹਕੂਮਤ ਵੱਲੋਂ ਮੁਲਕ ਵਿਚ ਮੇਰੇ ਹਮਵਤਨਾਂ ਉੱਤੇ ਕੀਤੇ ਜਾ ਰਹੇ ਜੁਲਮਾਂ ਦੀ ਜਾਣਕਾਰੀ ਮਿਲਣ ਦਾ ਖੁੱਲਾ ਮੌਕਾ ਮਿਲਿਆ। ਸਾਰੇ ਮੁਲਕ ਵਿਚ ਫ਼ਰੰਗੀਆਂ ਵੱਲੋਂ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਜਾ ਚੁਕਿਆ ਸੀ। ਏਸੇ ਅੰਮ੍ਰਿਤਸਰ ਦੀ ਧਰਤੀ ਉੱਤੇ ਪਤਾ ਨਹੀਂ ਕਿੰਨੀਆਂ ਸਦੀਆਂ ਤੱਕ ਗ਼ੈਰਾਂ ਨੇ ਆ ਕੇ ਬੜੇ ਭਾਰੀ ਕਹਿਰ ਢਾਹੇ ਸਨ ਅਤੇ ਮੇਰੇ ਦੇਸ ਦੇ ਲੋਕਾਂ ਨੇ ਇਸੇ ਸ਼ਹਿਰ ਨੂੰ ਬਚਾਉਣ ਲਈ ਅਣਗਿਣਤ ਸ਼ਹੀਦੀਆਂ ਪਾਈਆਂ ਸਨ ਤੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਕਟਿਆ

ਸੀ। ਹੁਣ ਮੁੜ ਬੇਗਾਨੀ ਹਕੂਮਤ ਮੇਰੇ ਮੁਲਕ ਉੱਤੇ ਕਾਬਜ ਹੋ ਕੇ ਉਹੋ ਅਤਿਆਚਾਰ ਕਰਨ ਲੱਗ ਪਈ ਸੀ। ਦੂਜੇ ਪਾਸੇ ਮੇਰੇ ਵਤਨ ਦੇ ਸਿਰਲੱਥ ਯੋਧੇਂ ਗ਼ੁਲਾਮੀ ਦੇ ਸੰਗਲ ਤੋੜਨ ਲਈ ਮੁੜ ਜਤਨ ਕਰ ਰਹੇ ਸਨ। ਮਦਨ ਲਾਲ ਢੀਂਗਰਾ, ਸੂਫ਼ੀ ਅੰਬਾ ਪ੍ਰਸਾਦਿ, ਅਜੀਤ ਸਿੰਘ, ਲਾਜਪਤ ਰਾਇ ਦੀਆਂ ਮਿਸਾਲਾਂ ਤੋਂ ਬਾਅਦ ਹਾਰਡਿੰਗ ਉੱਤੇ ਬੰਬ ਸੁੱਟਣਾ, ਫੇਰ ਗ਼ਦਰ ਲਹਿਰ ਅਤੇ ਅਨੇਕਾਂ ਦਾ ਇਸੇ ਲਾਹੌਰ ਸੈਂਟਰਲ ਜਿਹਲ ਵਿਚ ਸਜ਼ਾਵਾਂ ਭੁਗਤਣਾਂ ਤੇ ਲਗਾਤਾਰ ਗ਼ਦਰੀਆਂ ਦਾ ਫ਼ਾਂਸੀ ਉੱਤੇ ਲਟਕਣਾ, ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ ਅਤੇ ਉਸੇ ਜਲ੍ਹਿਆਂ ਵਾਲੇ ਬਾਗ ਦੇ ਕਾਤਲ ਜਨਰਲ ਉਡਵਾਇਰ ਨੂੰ ਸਿੱਖਾਂ ਦੇ ਪਵਿੱਤਰ ਗੁਰਧਾਮ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਹਦੇ ਚਾਟੜਿਆਂ, ਸਿੰਘ ਸਭੀਆਂ ਅਤੇ ਚੀਫ਼ ਖਾਲਸਾ ਦੀਵਾਨੀਆਂ ਦੀ ਮਾਰਫ਼ਤ ਉਸ ਵੇਲੇ ਦੇ ਪੁਜਾਰੀਆਂ ਤੋਂ ਪੂਰੀ ਸਿੱਖ ਕੌਮ ਦੇ ਨਾਂ ਉੱਤੇ ਸਿਰੋਪਾ ਮਿਲਣਾ—ਇਹ ਸਭ ਗੱਲਾਂ ਮੈਨੂੰ ਝੰਜੋੜ ਕੇ ਰਖ ਗਈਆਂ। ਰਹਿੰਦੀ-ਖੂੰਹਦੀ ਕਸਰ ਨਨਕਾਣੇ ਸਾਹਿਬ ਦੇ ਖ਼ੂਨੀ ਸਾਕੇ ਨੇ ਪੂਰੀ ਕਰ ਦਿੱਤੀ, ਜਿਥੇ ਫ਼ਰੰਗੀ ਦੀ ਹਕੂਮਤ ਦੇ ਪੁਰਜ਼ੇ, ਸ਼ੇਖੂਪੁਰੇ ਦੇ ਡਿਪਟੀ ਕਮਿਸ਼ਨਰ, ਮਿਸਟਰ ਕਿੰਗ ਅਤੇ ਪੁਲਸ ਕਪਤਾਨ ਬੌਰਿੰਗ ਨੇ ਨਰੈਣੂ ਮਹੰਤ ਨੂੰ ਸ਼ਹਿ ਦੇ ਕੇ ਅਤੇ ਹਰ ਤਰ੍ਹਾਂ ਦੇ ਹਥਿਆਰ ਦੇ ਕੇ, ਸਮੁੱਚੀ ਸਿੱਖ ਕੌਮ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ। ਨਤੀਜਾ ਤੁਹਾਡੇ ਸਾਹਮਣੇ ਹੀ ਹੈ।

''ਇਥੇ ਹੀ ਬੱਸ ਨਹੀਂ। ਸਿਖਾਂ ਦੇ ਗੁਰਧਾਮਾਂ ਉੱਤੇ ਮਹੰਤਾਂ ਅਤੇ ਪੁਜਾਰੀਆਂ ਨੂੰ ਜਮਾਈ ਰਖਣ ਲਈ ਅੰਗਰੇਜ਼ ਹਕੂਮਤ ਨੇ ਕੋਈ ਕਸਰ ਨਹੀਂ ਸੀ ਰਹਿਣ ਦਿੱਤੀ। ਇਹ ਵੱਖਰੀ ਗੱਲ ਹੈ ਕਿ ਸਿੱਖਾਂ ਨੇ ਵੀ ਸਿਰ-ਧੜ ਦੀ ਬਾਜ਼ੀ ਲਾ ਦਿੱਤੀ ਅਤੇ ਮੈਂ ਫ਼ੈਸਲਾ ਕਰ ਲਿਆ ਕਿ ਵਕਤ ਆ ਗਿਆ ਹੈ ਕਿ ਮੁਲਕ ਵਿਚ ਇਕ ਵਾਰ ਫੇਰ 1857 ਦੀ ਗ਼ਦਰ ਲਹਿਰ ਦੀਆਂ ਲੀਹਾਂ ਉੱਤੇ ਫ਼ਰੰਗੀਆਂ ਨੂੰ ਮੁਲਕ ਵਿਚੋਂ ਦੁੜਾਉਣ ਲਈ ਕੋਸ਼ਿਸ਼ ਕੀਤੀ ਜਾਵੇ। ਉਨਾਂ ਚਿਰ ਸਾਡਾ ਧਰਮ ਸੁਰਖਿਅਤ ਨਹੀਂ ਰਹਿ ਸਕਦਾ, ਜਿੰਨਾ ਚਿਰ ਗ਼ੁਲਾਮੀ ਦਾ ਜੂਲਾ ਗਲੋਂ ਨਹੀਂ ਲਾਹਿਆ ਜਾ ਸਕਦਾ। ਉਨਾਂ ਚਿਰ ਸਾਡੇ ਗੁਰਧਾਮਾਂ ਉੱਤੇ ਮੁਸ਼ਟੰਡੇ ਮਹੰਤਾਂ ਦਾ ਕਬਜ਼ਾ :ਹੀ ਰਹਿਣਾ ਹੈ, ਜਿੰਨਾ ਚਿਰ ਅੰਗਰੇਜ਼ ਦੀਆਂ ਸੰਗੀਨਾਂ ਲੁੱਚੇ ਪੁਜਾਰੀਆਂ ਦੀ ਰਖਿਆ ਕਰਦੀਆਂ ਰਹਿਣਗੀਆਂ ਅਤੇ ਸਾਡੇ ਸਿੱਖ ਭਰਾ ਸਿੰਘ ਸਭੀਏ ਅਤੇ ਚੀਫ਼ ਖਾਲਸੀਏ ਚੰਦ ਟੁਕੜਿਆਂ ਬਦਲੇ ਅੰਗਰੇਜ਼ ਦੀ ਪਿੱਠ ਪੂਰਦੇ ਰਹਿਣਗੇ। ਸੋ ਇਹੋ ਸੋਚ ਕੇ ਮੈਂ 'ਆਪਣੇ ਲੈਕਚਰਾਂ ਰਾਹੀਂ ਖੁੱਲ੍ਹੀ ਬਗ਼ਾਵਤ ਕਰਨ ਦਾ ਨਿਸਚਾ ਧਾਰ ਲਿਆ ਅਤੇ ਮੈਦਾਨੇ-ਅਮਲ ਵਿਚ ਕੁੱਦ ਪਿਆ। ਮੈਂ ਆਪਣੀ ਗਰਿਫ਼ਤਾਰੀ ਤੱਕ ਕੁੱਲ 357 ਤਕਰੀਰਾਂ ਕੀਤੀਆਂ। ਜਿਹੜੇ ਬਬਰ ਅਕਾਲੀ ਪਰਚੇ ਛਾਪੇ ਅਤੇ ਇਸਤਿਹਾਰ ਕੱਢੇ, ਉਹ ਵੱਖਰੇ ਰਹੇ। ਮੈਂ ਆਪਣੇ ਵਤਨ ਨੂੰ ਆਜ਼ਾਦ ਕਰਾਉਣ ਲਈ ਪੂਰੀ ਵਾਹ ਲਾਈ। ਇਹ ਮੇਰਾ ਹੱਕ ਸੀ, ਜੀਹਦਾ ਇਸਤੇਮਾਲ ਮੈਂ ਆਪਣੀ ਅਕਲ ਮੁਤਾਬਿਕ ਕੀਤਾ ਹੈ।

''ਰਹਿ ਗਿਆ ਸਵਾਲ ਸਜ਼ਾ ਦਾ, ਮੈਂ ਤਿਆਰ-ਬਰ-ਤਿਆਰ ਹਾਂ। ਮੈਨੂੰ ਪਤਾ ਹੈ ਕਿ ਮੈਨੂੰ ਕਿਹੜੀ ਸਜਾ ਮਿਲੇਗੀ ਅਤੇ ਤੁਸੀਂ ਵੀ ਮਜਬੂਰ ਹੋ, ਕਿਉਂਕਿ ਤੁਸੀਂ ਵੀ ਉਸੇ ਹਕੂਮਤ ਦੇ ਇਕ ਪੁਰਜ਼ੇ ਹੋ ਜਿਹੜੀ ਤਲਵਾਰ ਦੇ ਜ਼ੋਰ ਨਾਲ ਰਾਜ ਕਰ ਰਹੀ ਹੈ ਅਤੇ ਉਨਾਂ ਚਿਰ ਕਰਦੀ ਰਹੇਗੀ ਜਿੰਨਾ ਚਿਰ ਅਸੀਂ ਜਵਾਬੀ ਕਾਰਵਾਈ

ਕਰਕੇ ਇਹਨਾਂ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਕੱਟ ਕੇ ਸੁੱਟ ਨਹੀਂ ਦਿੰਦੇ। ਵਡੇ-ਵਡੇ ਅੰਗਰੇਜ਼ ਤੇ ਦੇਸੀ ਅਫ਼ਸਰ ਅਤੇ ਸੈਂਕੜੇ ਗਵਾਹ ਗਵਾਹੀਆਂ ਦੇ ਗਏ ਹਨ। ਇਥੋਂ ਤੱਕ ਕਿ ਪੰਜਾਬ ਦਾ ਗਵਰਨਰ ਜ਼ਾਤੀ ਤੌਰ ਉੱਤੇ ਇਹ ਵੇਖਣ ਲਈ ਜਿਹਲ ਵਿਚ ਆਇਆ ਸੀ ਕਿ ਉਹ ਕਿਹੜੇ ਲੋਕ ਹਨ ਜਿਨ੍ਹਾਂ ਨੇ ਐਡੀ ਵੱਡੀ ਸਲਤਨਤ ਨੂੰ ਗੁੱਠੇ ਲਾਈ ਰਖਿਆ, ਜਿਸ ਵਿਚ ਕਦੀ ਸੂਰਜ ਨਹੀਂ ਸੀ ਗਰੂਬ ਹੋਇਆ। ਹੁਣ ਪੁਤਲੀਆਂ ਦਾ ਤਮਾਸ਼ ਖ਼ਤਮਾ ਹੋ ਚੁੱਕਿਆ ਹੈ। ਹੁਕਮ ਸੁਣਾਉ ਅਤੇ ਵਿਹਲੇ ਹੋਵੋ।

(ਦਸਖ਼ਤ)

ਕਿਸ਼ਨ ਸਿੰਘ ਗੜਗੱਜ ਚਕਰਵਰਤੀ।"

ਮੈਨੂੰ ਬਿਆਨ ਦਾਖ਼ਲ ਕੀਤੇ ਜਾਣ ਦੀ ਤਾਰੀਖ਼ ਤਾਂ ਯਾਦ ਨਹੀਂ, ਪਰ ਭਾਈ ਸਾਹਿਬ ਨੇ ਸਾਨੂੰ ਸਾਰਿਆਂ ਨੂੰ ਜੋ ਸੁਣਾਇਆ ਸੀ, ਹਾਲੇ ਤਕ ਦਿਲਾਂ ਉੱਤੇ ਉੱਕਰਿਆ ਪਿਆ ਹੈ। ਉਹਨਾਂ ਦੀ ਕਲਮ ਅਤੇ ਜ਼ਬਾਨ ਦੀ ਤਸੀਰ ਹੀ ਅਜਿਹੀ ਸੀ, ਜਿਹੜੀ ਦਿਲਾਂ ਉੱਤੇ ਸਿੱਧਾ ਅਸਰ ਕਰਦੀ ਸੀ। ਮੈਂ ਤਾਂ ਐਵੇਂ ਨਕਲ ਉਤਾਰਨ ਦੀ ਅਧੂਰੀ ਜਿਹੀ ਕੋਸ਼ਿਸ਼ ਹੀ ਕੀਤੀ ਹੈ। ਉਹ ਕਲਮ ਅਤੇ ਜ਼ਬਾਨ 27 ਫਰਵਰੀ 1926, ਦਿਨ ਸਨਿਚਰਵਾਰ ਨੂੰ ਹਮੇਸ਼ਾ-ਹਮੇਸ਼ਾ ਲਈ ਚੁੱਪ ਕਰਾ ਦਿੱਤੀ ਗਈ ਸੀ।

# 64. 91 ਬਬਰਾਂ ਬਾਰੇ ਵੇਰਵਾ

ਹੁਣ ਮੈਂ 91 ਮੁਲਜ਼ਮਾਂ ਦੇ ਮੁਕੰਮਲ ਪਤੇ, ਜਿਹੜੇ ਪੇਪਰ-ਬੁੱਕ ਦੇ ਸਫ਼ਾ 873 ਤੋਂ 1070 ਤੱਕ ਦਰਜ ਹਨ, ਨੰਬਰ-ਵਾਰ ਦਰਜ ਕਰਨ ਦੀ ਥਾਂ ਗਰੁੱਪ-ਵਾਰ ਦਰਜ ਕਰ ਰਿਹਾ ਹਾਂ।

(ੳ) ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋਈ (ਕੁੱਲ ਗਿਣਤੀ 5) :

| ਮੁਲਜ਼ਮ ਨੰ: | ਨਾਂ | ਪਿਤਾ ਦਾ ਨਾਂ | ਉਮਰ | ਪਿੰਡ ਅਤੇ ਜ਼ਿਲਾ |
|---|---|---|---|---|
| 1. | ਕਿਸ਼ਨ ਸਿੰਘ | ਫਤਿਹ ਸਿੰਘ | 37 ਸਾਲ | ਬਿੜੰਗਾਂ (ਜਲੰਧਰ) |
| 20. | ਕਰਮ ਸਿੰਘ | ਭਗਵਾਨ ਸਿੰਘ | 23 ,, | ਮਾਣਕੋ ,, |
| 22. | ਨੰਦ ਸਿੰਘ | ਗੰਗਾ ਸਿੰਘ | 30 ,, | ਘੁੜਿਆਲ ,, |
| 51. | ਸੰਤਾ ਸਿੰਘ (ਬਾਬੂ) | ਸੂਬਾ ਸਿੰਘ | 26 ,, | ਹਰੀਉਂ (ਲੁਧਿਆਣਾ) |
| 76. | ਦਲੀਪਾ | ਲਾਭ ਸਿੰਘ | 18 ,, | ਧਾਮੀਆਂ ਕਲਾਂ (ਹੁਸ਼ਿਆਰਪੁਰ) |

ਨੋਟ : ਕਰਮ ਸਿੰਘ ਸੁਨਿਆਰਾ ਸੀ ਅਤੇ ਨੰਦ ਸਿੰਘ ਤਰਖਾਣ ਸੀ। ਬਾਕੀ ਤਿੰਨੇ ਜੱਟ-ਸਿੱਖ ਸਨ।

(ਅ) ਜਿਨ੍ਹਾਂ ਨੂੰ ਕਾਲੇ ਪਾਣੀ ਦੀ ਉਮਰ-ਕੈਦ ਹੋਈ (ਕੁੱਲ ਗਿਣਤੀ 11) :

| | | | | |
|---|---|---|---|---|
| 5. | ਦਲੀਪ ਸਿੰਘ | ਅੱਛਰ ਸਿੰਘ | 26 ਸਾਲ | ਗੋਸਲਾਂ (ਜਲੰਧਰ) |
| 6. | ਆਤਮਾ ਸਿੰਘ | ਮਈਆ ਸਿੰਘ | 24 ਸਾਲ | ਬੀਕਾ ,, |
| 8. | ਕਰਮ ਸਿੰਘ | ਦੁੱਨੀ | 40 ਸਾਲ | ਝਿੰਗੜਾਂ ,, |
| 30. | ਸੁੰਦਰ ਸਿੰਘ | ਨੱਥਾ ਸਿੰਘ | 35 ਸਾਲ | ਮਖ਼ਸੂਸਪੁਰ (ਹੁਸ਼ਿਆਰਪੁਰ) |
| 36. | ਰਤਨ ਸਿੰਘ | ਹਜ਼ਾਰਾ ਸਿੰਘ | 24 ਸਾਲ | ਸੀਂਗੜੀਵਾਲਾ ,, |
| 39. | ਸੰਤ ਠਾਕੁਰ ਸਿੰਘ | ਗੁਰਮੁਖ ਸਿੰਘ | 45 ਸਾਲ | ਮੰਡਿਆਲਾਂ ,, |
| 47. | ਸੁਰਜਨ ਸਿੰਘ | ਹਮੀਰ ਸਿੰਘ | 50 ਸਾਲ | ਹਿਆਤਪੁਰ ਰੁੜਕੀ ,, |
| 48. | ਧਰਮ ਸਿੰਘ | ਸੋਭਾ ਸਿੰਘ | 50 ਸਾਲ | ,, ,, |
| 49. | ਬਾਬੂ ਦਲੀਪ ਸਿੰਘ | ਈਸ਼ਰ ਸਿੰਘ | 22 ਸਾਲ | ਧਾਮੀਆਂ ਕਲਾਂ ,, |
| 50. | ਪਿਆਰਾ ਸਿੰਘ | ਪੂਰਨ ਸਿੰਘ | 26 ਸਾਲ | ,, , |

55. ਬੂਟਾ ਸਿੰਘ  ਠਾਕੁਰ ਸਿੰਘ  23 ਸਾਲ  ਪਿੰਡੋਰੀ ਨਿਝਰਾਂ  (ਜਲੰਧਰ)
ਨੋਟ : ਇਹ ਗਿਆਰਾਂ ਦੇ ਗਿਆਰਾਂ ਜੱਟ-ਸਿੱਖ ਸਨ ।

(ੲ) ਜਿਨ੍ਹਾਂ ਨੂੰ ਸੱਤ ਸਾਲ ਦੀ ਸਜ਼ਾ ਹੋਈ (ਕੁੱਲ ਗਿਣਤੀ 15) :

2. ਬੰਤਾ ਸਿੰਘ  ਖੇਮ ਸਿੰਘ  20 ਸਾਲ  ਪਰਾਗਪੁਰ  (ਜਲੰਧਰ)
4. ਉਜਾਗਰ ਸਿੰਘ  ਪ੍ਰੀਤਮ ਸਿੰਘ  35 ਸਾਲ  ਬਸਰਾਮਪੁਰ ,,
19. ਸ਼ਿਵ ਸਿੰਘ  ਗੁਰਦਿੱਤ ਸ਼ਿੰਘ  23 ਸਾਲ  ਹਰੀਪੁਰ  ,,
23. ਬੰਤਾ ਸਿੰਘ  ਪਾਲ ਸਿੰਘ  30 ਸਾਲ  ਦੌਲਤਪੁਰ  ,,
24. ਠਾਕਰ ਸਿੰਘ  ਅੱਛਰ ਸਿੰਘ  60 ਸਾਲ  ,,  ,,
25. ਹਰੀ ਸਿੰਘ  ਦੇਵਾ ਸਿੰਘ  20 ਸਾਲ  ,,  ,,
26. ਵਰਿਆਮ ਸਿੰਘ  ਸਾਵਣ ਸਿੰਘ  27 ਸਾਲ ,,  ,,
2 . ਵਰਿਆਮ ਸਿੰਘ  ਭਗਵਾਨ ਸਿੰਘ  22 ਸਾਲ  ਮੁਜ਼ਾਰਾ ਕਲਾਂ  ,,
28. ਕਰਤਾਰ ਸਿੰਘ  ਅੱਛਰੂ  19 ਸਾਲ  ,,  ,,
29. ਰਾਮ ਸਿੰਘ  ਲਾਲੂ  19 ਸਾਲ  ,,  ,,
37. ਦੁੱਮਣ ਸਿੰਘ  ਮੁਣਸ਼ੀ ਰਾਮ  35 ਸਾਲ  ਪਿੰਡੋਰੀ ਮਹਾਤਮਾ  (ਹੁਸ਼ਿਆਰਪੁਰ)
40. ਗੁਰਬਚਨ ਸਿੰਘ  ਦਲੀਪ ਸਿੰਘ  23 ਸਾਲ  ਸਾਹਦੜਾ  ,,
43. ਹਰੀ ਸਿੰਘ  ਸੁਰਜਣ ਸਿੰਘ  28 ਸਾਲ  ਜੱਸੋਵਾਲ  ,,
45. ਹਰਦਿੱਤ ਸਿੰਘ  ਮੁਣਸ਼ਾ ਸਿੰਘ  30 ਸਾਲ  ,,  ,,
58. ਗਿ: ਕਰਤਾਰ ਸਿੰਘ ਸੁਰਜਣ ਸਿੰਘ  40 ਸਾਲ  ਗੋਂਦਪੁਰ  ,,

ਨੋਟ : 1. ਇਹਨਾਂ ਵਿਚੋਂ ਦੁੱਮਣ ਸਿੰਘ ਰਾਜਪੂਤ ਸੀ ਅਤੇ ਬਾਕੀ 14 ਜੱਟ-ਸਿੱਖ ਸਨ।

2. ਇਹਨਾਂ ਪੰਦਰਾਂ ਵਿਚੋਂ ਮੁਲਜ਼ਮ ਨੰ: 4, ਉਜਾਗਰ ਸਿੰਘ ਅਤੇ ਮੁਲਜ਼ਮ ਨੰ: 58, ਗਿ: ਕਰਤਾਰ ਸਿੰਘ ਗੋਂਦਪੁਰ ਨੂੰ ਅਸਲਾ ਐਕਟ, ਦਫ਼ਾ 14 ਅਤੇ 20 ਅਧੀਨ ਤਿੰਨ-ਤਿੰਨ ਸਾਲ ਕੈਦ ਹੋਰ, ਜੁਰਮਾਨਾ ਸੌ-ਸੌ ਰੁਪਏ ਅਤੇ ਚੱਕੀ-ਬੰਦ ਦੀ ਵੱਖਰੀ ਸਜ਼ਾ ਵੀ ਹੋਈ ਸੀ ।

(ਸ) ਜਿਨ੍ਹਾਂ ਨੂੰ ਛੇ ਸਾਲ ਦੀ ਸਜ਼ਾ ਹੋਈ (ਕੁੱਲ ਗਿਣਤੀ 2) :

56. ਅਮਰ ਸਿੰਘ  ਬਸੰਤ ਸਿੰਘ  31 ਸਾਲ  ਰਾਜੋਵਾਲ  (ਹੁਸ਼ਿਆਰਪੁਰ)
57. ਛੱਜਾ ਸਿੰਘ  ਮੀਹਾਂ ਸਿੰਘ  31 ਸਾਲ  ਮਸਾਣੀਆਂ  (ਜਲੰਧਰ)
ਨੋਟ : ਦੋਵੇਂ ਜੱਟ-ਸਿੱਖ ਸਨ ।

(ਹ) ਜਿਨ੍ਹਾਂ ਨੂੰ ਪੰਜ ਸਾਲ ਦੀ ਕੈਦ ਹੋਈ (ਕੁੱਲ ਗਿਣਤੀ 16) :

3. ਪ੍ਰੇਮ ਸਿੰਘ  ਪਾਲ ਸਿੰਘ  25 ਸਾਲ  ਪਰਾਗਪੁਰ (ਜਲੰਧਰ)
7. ਅਰਜਣ ਸਿੰਘ  ਸ਼ੇਰ ਸਿੰਘ  51 ਸਾਲ  ਸੂੰਢ  ,,
15. ਊਧਮ ਸਿੰਘ  ਰਲਾ ਸਿੰਘ  15 ਸਾਲ  ਪਿੰਡੋਰੀ ਨਿੱਝਰਾਂ  ,,
33. ਸਰਦੂਲ ਸਿੰਘ  ਬੰਤਾ ਸਿੰਘ  26 ਸਾਲ  ਬੂੜੋਬਾੜੀਆਂ  (ਹੁਸ਼ਿਆਰਪੁਰ)
59. ਮੁਣਸ਼ਾ ਸਿੰਘ  ਬੇਲਾ ਸਿੰਘ  30 ਸਾਲ  ਜੌਹਲਾਂ  (ਜਲੰਧਰ)

69. ਮਹਿੰਗਾ ਸਿੰਘ ਬਸਾਖਾ ਸਿੰਘ 30 ਸਾਲ ਪਿੰਡੋਰੀ ਨਿੱਝਰਾਂ ,,
70. ਸੁਰਜਣ ਸਿੰਘ ਸੁਚੇਤ ਸਿੰਘ 40 ਸਾਲ ਡੁਮੇਲੀ (ਰਿਆਸਤ ਕਪੂਰਥਲਾ)
71. ਮੂਲਾ ਸਿੰਘ ਰਾਮ ਸਿੰਘ 30 ਸਾਲ ਪਲਾਹੀ ,,
72. ਦਲੀਪ ਸਿੰਘ ਦਸੌਂਧਾ ਸਿੰਘ 45 ਸਾਲ ਮਾਣਕਾਂ ,,
73. ਧਰਮ ਸਿੰਘ ਬੇਲਾ ਸਿੰਘ 35 ਸਾਲ ਪਲਾਹੀ ,,
74. ਚੌਂਚਲ ਸਿੰਘ ਵਰਿਆਮ ਸਿੰਘ 22 ਸਾਲ ਸੰਗਤਪੁਰ ,,
75. ਭਾਨ ਸਿੰਘ ਜਵਾਹਰ ਸਿੰਘ 22 ਸਾਲ ਮਾਂਗਟਾਂ (ਜਲੰਧਰ)
77. ਕਰਤਾਰ ਸਿੰਘ ਬੱਗਾ ਸਿੰਘ 20 ਸਾਲ ਡੁਮੇਲੀ (ਰਿਆਸਤ ਕਪੂਰਥਲਾ)
78. ਕਰਤਾਰ ਸਿੰਘ ਬਸੰਤ ਸਿੰਘ 22 ਸਾਲ ,, ,,
86. ਬਖ਼ਸ਼ੀਸ਼ ਸਿੰਘ ਪ੍ਰੇਮ ਸਿੰਘ 35 ਸਾਲ ਪਿੰਡੋਰੀ ਨਿੱਝਰਾਂ (ਜਲੰਧਰ)
91. ਛੱਜਾ ਸਿੰਘ ਈਸ਼ਰ ਸਿੰਘ 35 ਸਾਲ ਚਾਣਸੂ (ਹੁਸ਼ਿਆਰਪੁਰ)

ਨੋਟ : 1. ਚੈਂਚਲ ਸਿੰਘ ਕਲਾਲ ਸੀ ਅਤੇ ਬਾਕੀ ਸਾਰੇ ਜੱਟ-ਸਿੱਖ ਸਨ ।

2. ਇਹਤੋਂ ਇਲਾਵਾ ਅਸਲਾ ਐਕਟ ਦਫ਼ਾ 14 ਅਤੇ 20 ਅਧੀਨ ਮੁਲਜ਼ਮ ਨੰ: 59 ਮੁਣਸ਼ਾ ਸਿੰਘ ਜੌਹਲਾਂ ਅਤੇ ਨੰ: 91 ਛੱਜਾ ਸਿੰਘ ਚਾਣਸੂ ਨੂੰ ਤਿੰਨ-ਤਿੰਨ ਸਾਲ ਹੋਰ ਕੈਦ, ਸੌ-ਸੌ ਰੁਪਏ ਜੁਰਮਾਨਾ ਅਤੇ ਅਦਾਇਗੀ ਨਾ ਕਰਨ ਦੀ ਸੂਰਤ ਵਿਚ ਛੇ-ਛੇ ਮਹੀਨੇ ਹੋਰ ਕੈਦ ਅਤੇ ਚਕੀ-ਬੰਦ ਦੀ ਸਜ਼ਾ ਹੋਈ ਸੀ ।

### (ਕ) ਜਿਨ੍ਹਾਂ ਨੂੰ ਚਾਰ ਸਾਲ ਦੀ ਕੈਦ ਹੋਈ (ਕੁੱਲ ਗਿਣਤੀ 5) :

35. ਭਗਵਾਨ ਸਿੰਘ ਦੂੱਲਾ ਸਿੰਘ 50 ਸਾਲ ਫਤਿਹਪੁਰ ਕੋਠੀ (ਹੁਸ਼ਿਆਰਪੁਰ)
38. ਸ਼ਾਮ ਸਿੰਘ ਮਿਹਰ ਸਿੰਘ 50 ਸਾਲ ਰਹਿਸੀਵਾਲ ,,
41. ਲਾਭ ਸਿੰਘ ਸੂਬਾ ਸਿੰਘ 38 ਸਾਲ ਜੱਸੋਵਾਲ ,,
44. ਚਰਨ ਸਿੰਘ ਖ਼ੁਸ਼ਹਾਲ ਸਿੰਘ 40 ਸਾਲ ,, ,,
79. ਬੰਤਾ ਸਿੰਘ ਜੈਮਲ ਸਿੰਘ 35 ਸਾਲ ਬਹਿਬਲਪੁਰ ,,

ਨੋਟ : ਇਹ ਸਾਰੇ ਹੀ ਜੱਟ-ਸਿੱਖ ਸਨ ।

### (ਖ) ਜਿਹੜੇ ਮੁਕੱਦਮੇ ਦੌਰਾਨ ਚਲਾਣਾ ਕਰ ਗਏ ਸਨ (ਕੁੱਲ ਗਿਣਤੀ 3) :

10. ਅਮਰ ਸਿੰਘ ਸੰਤ ਸਿੰਘ 22 ਸਾਲ ਪਿੰਡੋਰੀ ਨਿੱਝਰਾਂ (ਜਲੰਧਰ)1 ਦਸੰਬਰ 1924
13. ਸਾਧਾ ਸਿੰਘ ਨਰੈਣ ਸਿੰਘ 20 ਸਾਲ ,, ,, 29 ਦਸੰਬਰ 1924
31. ਵਰਿਆਮ ਸਿੰਘ ਜੈਮਲ ਸਿੰਘ 70 ਸਾਲ ਕੋਟ ਫਤੂਹੀ (ਹੁਸ਼ਿਆਰਪੁਰ) 29 ਦਸੰਬਰ 1924

ਨੋਟ : ਇਹ ਤਿੰਨੇ ਜੱਟ-ਸਿੱਖ ਸਨ ।

### (ਗ) ਜਿਹੜੇ ਬਰੀ ਕਰ ਦਿੱਤੇ ਗਏ ਸਨ (ਕੁੱਲ ਗਿਣਤੀ 34) :

9. ਕਰਤਾਰ ਸਿੰਘ ਦੇਵਾ ਸਿੰਘ 18 ਸਾਲ ਪਿੰਡੋਰੀ ਨਿੱਝਰਾਂ (ਜਲੰਧਰ)
11. ਹੁਕਮ ਸਿੰਘ ਦੇਵਾ ਸਿੰਘ 15 ਸਾਲ ,, ,,
12. ਮਿਲਖਾ ਸਿੰਘ (ਲੇਖਕ) ਗੁਲਾਬ ਸਿੰਘ 16 ਸਾਲ ,, ,,

14. ਨਿਰਵੈਰ ਸਿੰਘ ਸੰਤ ਸਿੰਘ 18 ਸਾਲ ਪਿੰਡੋਰੀ ਨਿੱਝਰਾਂ (ਜਲੰਧਰ)
16. ਠਾਕੁਰ ਸਿੰਘ ਮੀਹਾਂ ਸਿੰਘ 52 ਸਾਲ ,, ,,
17. ਹਰਨਾਮ ਸਿੰਘ ਸਿੱਧੂ 15 ਸਾਲ ,, ,,
18. ਕਰਤਾਰ ਸਿੰਘ ਸੁਚੇਤ ਸਿੰਘ 28 ਸਾਲ ,, ,,
21. ਜਗਜੀਤ ਸਿੰਘ ਦਲੀਪ ਸਿੰਘ 25 ਸਾਲ ਕਠਾਰਾ ,,
32. ਸੁੰਦਰ ਨੰਦ ਰਾਮ 30 ਸਾਲ ਕੋਟ ਫਤੂਹੀ (ਹੁਸ਼ਿਆਰਪੁਰ)
34. ਦਲੇਲ ਸਿੰਘ ਦੇਵੀਆ 32 ਸਾਲ ਮੱਨਣ ਹਾਣਾ ,,
42. ਕਰਮ ਸਿੰਘ ਭੱਲਾ ਸਿੰਘ 25 ਸਾਲ ਜੱਸੋਵਾਲ ,,
46. ਹਰੀ ਸਿੰਘ ਖੰਡਾ ਬਸੰਤ ਸਿੰਘ 24 ਸਾਲ ਚੇਲਾ ,,
52. ਸੂਬੇਦਾਰ ਅਮਰ ਸਿੰਘ ਨੱਥਾ ਸਿੰਘ 60 ਸਾਲ ਧਾਰੀਵਾਲ(ਰਿਆਸਤ ਕਪੂਰਥਲਾ)
53. ਦਰਬਾਰਾ ਸਿੰਘ ਮੰਗਲ ਸਿੰਘ 30 ਸਾਲ ਪਲਾਹੀ ,,
54. ਚੰਦਾ ਸਿੰਘ ਹਰੀ ਸਿੰਘ 50 ਸਾਲ ,, ,,
60. ਬਤਨ ਸਿੰਘ ਦੇਵਾ ਸਿੰਘ 25 ਸਾਲ ਗਣੇਸ਼ਪੁਰ ਭਾਰਟਾ (ਹੁਸ਼ਿਆਰਪੁਰ)
61. ਠਾਕੁਰ ਸਿੰਘ ਮਈਆ ਸਿੰਘ 29 ਸਾਲ ,, ,,
62. ਗੰਗਾ ਸਿੰਘ ਹਰੀ ਸਿੰਘ 30 ਸਾਲ ਲਿੱਲ੍ਹ ਕਲਾਂ (ਗੁਰਦਾਸਪੁਰ)
63. ਪਰਤਾਪ ਸਿੰਘ ਲਾਲ ਸਿੰਘ 25 ਸਾਲ ਛਬੀਲਪੁਰ (ਸਿਆਲਕੋਟ)
64. ਮਾਣ ਸਿੰਘ ਹੀਰਾ ਸਿੰਘ 32 ਸਾਲ ਗੋਬਿੰਦਪੁਰ (ਗੁਜਰਾਂਵਾਲਾ)
65. ਬਾਵਾ ਸਿੰਘ ਭੁੱਲਾ ਸਿੰਘ 30 ਸਾਲ ਕੌਲਗੜ੍ਹ (ਹੁਸ਼ਿਆਰਪੁਰ)
66. ਊਧਮ ਸਿੰਘ ਬਸਾਖਾ ਸਿੰਘ 30 ਸਾਲ ,, ,,
67. ਹਰਨਾਮ ਸਿੰਘ ਰਲਾ ਸਿੰਘ 30 ਸਾਲ ਗੜ੍ਹ ਕਾਨੂੰਗੋਆਂ ,,
68. ਦਲੀਪ ਸਿੰਘ ਦਿੱਤ ਸਿੰਘ 70 ਸਾਲ ਸਾਹਦੜਾ ,,
80. ਬਸੰਤ ਸਿੰਘ ਬੂਟਾ ਸਿੰਘ 55 ਸਾਲ ਰੰਧਾਵੇ ਮਸੰਦਾਂ (ਜਲੰਧਰ)
81. ਨਰੈਣ ਸਿੰਘ ਦਸੌਂਧਾ ਸਿੰਘ 33 ਸਾਲ ਚਾਟੀਵਿੰਡ (ਅੰਮ੍ਰਿਤਸਰ)
82. ਧੰਨਾ ਸਿੰਘ ਨਿਹਾਲ ਸਿੰਘ 40 ਸਾਲ ਸਾਹਦੜਾ (ਹੁਸ਼ਿਆਰਪੁਰ)
83. ਸੁੰਦਰ ਸਿੰਘ ਦੇਵਾ ਸਿੰਘ 70 ਸਾਲ ਕੁੱਲੇਵਾਲ ,,
84. ਹਰਬੰਸ ਸਿੰਘ ਖੇਮ ਸਿੰਘ 22 ਸਾਲ ਸਰਹਾਲਾ ਖ਼ੁਰਦ ,,
85. ਮਿਲਖਾ ਸਿੰਘ ਉੱਤਮ ਸਿੰਘ 25 ਸਾਲ ਮੋਰਾਂ ਵਾਲੀ ,,
87. ਊਧਮ ਸਿੰਘ ਗੁਰਦਿੱਤ ਸਿੰਘ 35 ਸਾਲ ਜੰਡੂ ਸਿੰਘਾ ,,
88. ਬੇਅੰਤ ਸਿੰਘ ਚੰਦਾ ਸਿੰਘ 25 ਸਾਲ ਬੜਾ ਨੰਗਲ ,,
89. ਜਸਵੰਤ ਸਿੰਘ ਸ਼ਾਮ ਸਿੰਘ 35 ਸਾਲ ਖ਼ੁਸਰੋਪੁਰ (ਜਲੰਧਰ)
90. ਆਤਮਾ ਸਿੰਘ ਸ਼ਾਮ ਸਿੰਘ 19 ਸਾਲ ,, ,,

ਨੋਟ : ਨੰ: 17 ਹਰਨਾਮ ਸਿੰਘ ਰਾਮਦਾਸੀਆ ਸੀ ਅਤੇ ਨੰ: 32 ਸੁੰਦਰ ਬਰਾਹਮਣ ਸੀ । ਬਾਕੀ ਸਾਰੇ ਜੱਟ-ਸਿੱਖ ਸਨ ।

(ਘ) ਹੇਠ-ਲਿਖੇ ਮੁਲਜ਼ਮਾਂ ਨੇ ਅਦਾਲਤ ਵਿਚ ਕੋਈ ਬਿਆਨ ਨਹੀਂ ਸੀ ਦਿਤਾ ਅਤੇ ਨਾ-ਮਿਲਵਰਤਨ ਉੱਤੇ ਪੂਰੀ ਤਰ੍ਹਾਂ ਅਮਲ ਕੀਤਾ ਸੀ (ਕੁੱਲ ਗਿਣਤੀ 7) :

| | | | |
|---|---|---|---|
| 5. | ਮਾਸਟਰ ਦਲੀਪ ਸਿੰਘ | ਗੋਸਲ | (ਜਲੰਧਰ) |
| 8. | ਕਰਮ ਸਿੰਘ | ਝਿੰਗੜ | ,, |
| 30. | ਸੁੰਦਰ ਸਿੰਘ | ਮਖਸੂਸਪੁਰ | (ਹੁਸ਼ਿਆਰਪੁਰ) |
| 51. | ਬਾਬੂ ਸੰਤਾ ਸਿੰਘ | ਹਰੀਉਂ | (ਲੁਧਿਆਣਾ) |
| 68. | ਬਾਬਾ ਦਲੀਪ ਸਿੰਘ | ਸਾਹਦੜਾ | (ਹੁਸ਼ਿਆਰਪੁਰ) |
| 76. | ਦਲੀਪਾ | ਧਾਮੀਆਂ | ,, |
| 87. | ਊਧਮ ਸਿੰਘ | ਜੰਡੂਸਿੰਘਾ | (ਜਲੰਧਰ) |

6 ਦਸੰਬਰ 1924 ਤੋਂ 15 ਦਸੰਬਰ 1924 ਤੱਕ ਸਰਕਾਰੀ ਵਕੀਲ ਦੀਵਾਨ ਪਿੰਡੀ ਦਾਸ ਸੱਭਰਵਾਲ ਨੂੰ ਬਹਿਸ ਦੀ ਤਿਆਰੀ ਲਈ ਸਮਾਂ ਦਿੱਤਾ ਗਿਆ। 16 ਦਸੰਬਰ ਤੋਂ 23 ਦਸੰਬਰ ਤੱਕ ਸਰਕਾਰੀ ਵਕੀਲ ਬਹਿਸ ਕਰਦਾ ਰਿਹਾ। 24 ਦਸੰਬਰ 1924 ਤੋਂ ਪਹਿਲੀ ਜਨਵਰੀ 1925 ਤੱਕ ਨਵੇਂ ਸਾਲ ਸਮੇਤ ਵੱਡੇ ਦਿਨਾਂ ਦੀਆਂ ਛੁੱਟੀਆਂ ਲਈ ਅਦਾਲਤ ਉੱਠ ਗਈ। 2 ਜਨਵਰੀ 1925 ਨੂੰ ਵਕੀਲ ਰਾਮ ਲਾਲ ਆਨੰਦ ਨੇ ਨਾ-ਮਿਲਵਰਤਨੀਏ ਮੁਲਜ਼ਮਾਂ, ਨੰ: 1, 5, 8, 30, 51, 68, 76 ਅਤੇ 83 ਵੱਲੋਂ ਬਹਿਸ ਕਰਕੇ ਕੰਮ ਖ਼ਤਮ ਕਰ ਦਿੱਤਾ ਜਾਂ ਅੱਖਾਂ ਪੂੰਝ ਦਿੱਤੀਆਂ ਸਮਝੋ। 3 ਤੋਂ 10 ਜਨਵਰੀ 1925 ਤੱਕ ਮੁਲਜ਼ਮਾਂ ਦੇ ਵਕੀਲ ਲਾਲਾ ਰਘੂਨਾਥ ਸਹਾਇ ਨੇ ਬਹਿਸ ਕੀਤੀ। 11 ਅਤੇ 12 ਜਨਵਰੀ 1925 ਨੂੰ ਅਸੈਸਰਾਂ ਦੀ ਰਾਇ ਲਈ ਗਈ। ਕੇਸ ਫ਼ੈਸਲੇ ਲਈ ਬਿਨਾਂ ਤਾਰੀਖ ਦਸਿਆਂ ਮੁਲਤਵੀ ਕਰ ਦਿੱਤਾ ਗਿਆ। ਆਖ਼ਰ 28 ਫਰਵਰੀ 1925 ਨੂੰ ਹੁਕਮ ਸੁਣਾ ਦਿੱਤਾ ਗਿਆ, ਜੀਹਦਾ ਜ਼ਿਕਰ ਮੁਕੰਮਲ ਤੌਰ ਉੱਤੇ ਦਰਜ ਕੀਤਾ ਜਾ ਚੁਕਿਆ ਹੈ। ਫ਼ੈਸਲੇ ਦਾ ਨਿਚੋੜ ਇਹ ਸੀ : ਫ਼ਾਂਸੀ 5, ਉਮਰ ਕੈਦ 11, ਸੱਤ ਸਾਲ ਕੈਦ 15, ਛੇ ਸਾਲ ਕੈਦ 2, ਪੰਜ ਸਾਲ ਕੈਦ 16, ਚਾਰ ਸਾਲ ਕੈਦ 5, ਚਲਾਣਾ ਕਰ ਚੁੱਕੇ 3 ਅਤੇ ਬਰੀ ਕੀਤੇ ਗਏ 34; ਕੁੱਲ ਜੋੜ 91।

ਹੁਣ ਮੈਂ ਮੁਲਜਮਾਂ ਵੱਲੋਂ ਲਾਹੌਰ ਹਾਈ ਕੋਰਟ ਵਿਚ ਕੀਤੀ ਗਈ ਅਪੀਲ ਅਤੇ ਸਰਕਾਰ ਵੱਲੋਂ ਬਰੀ ਕੀਤੇ ਜਾ ਚੁੱਕੇ ਮੁਲਜ਼ਮਾਂ ਦੇ ਖ਼ਿਲਾਫ਼ ਨਿਗਰਾਨੀ ਤੇ ਸਜਾ ਖਾ ਚੁੱਕੇ ਮੁਲਜ਼ਮਾਂ ਦੀਆਂ ਸਜ਼ਾਵਾਂ ਵਧਾਉਣ ਦੀ ਹਾਈ ਕੋਰਟ ਵਿਚ ਕੀਤੀ ਗਈ ਅਪੀਲ ਦਾ ਜਿਕਰ ਪੂਰੇ ਵੇਰਵੇ ਨਾਲ ਦਰਜ ਕਰਾਂਗਾ। ਇਹਤੋਂ ਬਗ਼ੈਰ ਇਤਿਹਾਸ ਅਧੂਰਾ ਹੀ ਰਹੇਗਾ, ਕਿਉਂਕਿ ਕਈ ਬਰੀ ਹੋ ਚੁੱਕੇ ਮੁਲਜਮ ਮੁੜ ਕੈਦ ਕਰ ਦਿਤੇ ਗਏ, ਕਈਆਂ ਨੂੰ ਉਮਰ ਕੈਦ ਕਰ ਦਿੱਤੀ ਗਈ ਅਤੇ ਇਕ ਹੋਰ ਨੂੰ ਫਾਂਸੀ ਚਾੜ੍ਹ ਦਿੱਤਾ ਗਿਆ।

ਅਪੀਲ ਲਾਹੌਰ ਹਾਈ ਕੋਰਟ ਦੇ ਡਵੀਜਨ ਬੈਂਚ ਮਿਸਟਰ ਜਸਟਿਸ ਬਰੌਡ ਵੇਅ ਅਤੇ ਮਿਸਟਰ ਜਸਟਿਸ ਹੈਰੀਸਨ ਨੇ ਸੁਣੀ। ਅਪੀਲ ਦੀ ਸੁਣਵਾਈ ਸ਼ੁਰੂ ਦਸੰਬਰ 1925 ਤੋਂ ਲੈ ਕੇ ਵੱਡੇ ਦਿਨਾਂ ਦੀਆਂ ਛੁੱਟੀਆਂ ਤੋਂ ਪਹਿਲਾਂ-ਪਹਿਲਾਂ ਸਮਾਪਤ ਹੋ ਗਈ

ਸੀ। ਹੁਕਮ 19 ਜਨਵਰੀ 1926 ਨੂੰ ਸੁਣਾ ਦਿਤਾ ਗਿਆ ਸੀ। ਮੈਂ ਪੂਰੀ ਤਫ਼ਸੀਲ ਦਰਜ ਕਰਾਂਗਾ, ਜਿਵੇਂ ਹਾਈ ਕੋਰਟ ਵਿਚ ਸਜ਼ਾਵਾਂ ਵਧਾਈਆਂ ਗਈਆਂ ਜਾਂ ਕੁਝ ਬਰੀ ਕਰ ਦਿੱਤੇ ਗਏ ਅਤੇ ਬਰੀ ਹੋ ਚੁੱਕੇ ਉਮਰ-ਕੈਦ ਕਰਕੇ ਅੰਦਰ ਡੱਕ ਦਿਤੇ ਗਏ। ਪਹਿਲੇ ਪੰਜਾਂ ਦੇ ਨਾਲ ਹੀ ਇਕ ਉਮਰ-ਕੈਦ ਹੋ ਚੁੱਕੇ ਧਰਮ ਸਿੰਘ ਹਿਆਤਪੁਰ ਰੁੜਕੀ ਦੀ ਸਜ਼ਾ ਵਧਾ ਕੇ ਫਾਂਸੀ ਕਰ ਦਿੱਤੀ ਗਈ ਜੀਹਦੀ ਤਾਮੀਲ 27 ਫਰਵਰੀ 1926 ਨੂੰ ਹੋਈ। ਛੇਆਂ ਯੋਧਿਆਂ ਨੂੰ ਤਿੰਨਾਂ-ਤਿੰਨਾਂ ਦੇ ਜੁੱਟਾਂ ਵਿਚ ਅੱਧੇ ਘੰਟੇ ਦੇ ਵਕਫ਼ੇ ਦੇ ਅੰਦਰ ਫਾਂਸੀ ਉੱਤੇ ਲਟਕਾ ਦਿੱਤਾ ਗਿਆ।

ਦੂਜੀ ਬੜੀ ਮਜ਼ੇਦਾਰ ਗੱਲ ਵੀ ਹੁਣੇ ਹੀ ਸੁਣ ਲਵੋ। ਦੂਜੇ ਸਪਲੀਮੈਂਟਰੀ ਮੁਕੱਦਮੇ ਦੇ 36 ਮੁਲਜ਼ਮਾਂ ਦਾ ਫੈਸਲਾ ਵੀ ਛੇਆਂ ਨੂੰ ਫਾਂਸੀ ਚੜ੍ਹਾਉਣ ਤੋਂ ਬਾਅਦ ਅਗਲੇ ਹੀ ਦਿਨ, 28 ਫਰਵਰੀ 1926 ਨੂੰ ਸੁਣਾਇਆ ਗਿਆ ਸੀ, ਭਾਵੇਂ ਕਿ ਉਸ ਦਿਨ ਐਤਵਾਰ ਸੀ ਅਤੇ 27 ਫਰਵਰੀ 1927 ਨੂੰ ਛੇ ਹੋਰ ਬਬਰ ਤਿੰਨਾਂ-ਤਿੰਨਾਂ ਦੇ ਜੁੱਟਾਂ ਵਿਚ ਅੱਧੇ ਘੰਟੇ ਦੇ ਵਕਫ਼ੇ ਅੰਦਰ ਉਹਨਾਂ ਹੀ 14 ਨੰਬਰ ਦੀਆਂ ਕੋਠੀਆਂ ਵਿਚੋਂ ਕੱਢ ਕੇ ਉਸੇ ਹੀ ਫਾਂਸੀ ਉੱਤੇ ਚੜ੍ਹਾਏ ਗਏ ਸਨ ਜੀਹਦਾ ਜਿਕਰ ਪਾਠਕ ਭਾਈ ਕਿਸਨ ਸਿੰਘ ਦੀ ਭਵਿਖਬਾਣੀ ਵਿਚ ਪੜ੍ਹ ਹੀ ਆਏ ਹਨ। ਤੇ 23 ਮਾਰਚ 1931 ਨੂੰ ਇਹਨਾਂ ਹੀ 14 ਨੰਬਰ ਦੀਆਂ ਕੋਠੀਆਂ ਵਿਚੋਂ ਭਗਤ ਸਿੰਘ, ਸੁਖਦੇਵ ਅਤੇ ਰਾਜ ਗੁਰੂ ਇਕੱਠੇ ਨਿੱਕਲੇ ਸਨ ਅਤੇ ਇਕੱਠੇ ਹੀ ਇਹਨਾਂ ਫਾਂਸੀਆਂ ਉੱਤੇ ਝੂਲੇ ਸਨ।

ਹਾਈ ਕੋਰਟ ਵਿਚ ਮੁਲਜ਼ਮਾਂ ਵੱਲੋਂ ਲਾਲਾ ਰਘੂਨਾਥ ਸਹਾਇ ਅਤੇ ਸਰਕਾਰ ਵੱਲੋਂ ਦੀਵਾਨ ਪਿੰਡੀ ਦਾਸ ਸੱਭਰਵਾਲ ਹੀ ਪੇਸ਼ ਹੋਏ ਸਨ। ਤਿੰਨਾਂ ਕੁ ਹਫਤਿਆਂ ਵਿਚ ਬਹਿਸਾਂ ਸਮਾਪਤ ਹੋ ਚੁਕੀਆਂ ਸਨ। ਅਖੀਰ ਵਿਚ ਪਿੰਡੋਰੀ ਨਿੱਝਰਾਂ, ਭਾਵ ਮੇਰੇ ਪਿੰਡ ਦੇ ਕਰਤਾਰ ਸਿੰਘ ਮੁਲਜ਼ਮ ਨੰ: 9, ਨੰ: 12 ਮੈਨੂੰ (ਲੇਖਕ ਨੂੰ) ਅਤੇ ਹਰਨਾਮ ਸਿੰਘ ਨੰ: 17 ਨੂੰ ਜੱਜਾਂ ਨੇ ਨਾਬਾਲਗ ਸਮਝ ਕੇ ਅਦਾਲਤ ਵਿਚ ਬੁਲਾਇਆ ਸੀ ਅਤੇ ਸਾਡੀਆਂ ਉਮਰਾਂ ਦਾ ਅੰਦਾਜ਼ਾ ਸਾਨੂੰ ਤਿੰਨਾਂ ਨੂੰ ਵਾਰੀ-ਵਾਰੀ ਆਪਣੇ ਸਾਹਮਣੇ ਖੜ੍ਹੇ ਕਰ ਕੇ ਲਾਇਆ ਸੀ। ਊਧਮ ਸਿੰਘ ਨੰ: 15, ਜਿਹੜਾ ਸੈਸ਼ਨ ਜੱਜ ਨੇ ਪੰਜਾਂ ਸਾਲਾਂ ਲਈ ਕੈਦ ਕਰ ਦਿੱਤਾ ਸੀ, ਬਰੀ ਕਰ ਦਿੱਤਾ ਗਿਆ ਸੀ। ਮੇਰੇ ਖ਼ਿਆਲ ਮੁਤਾਬਿਕ ਸਾਨੂੰ ਨਿਆਣੇ ਸਮਝ ਕੇ ਕਿ ਸਾਨੂੰ ਸਾਜ਼ਿਸ਼ ਦਾ ਗਿਆਨ ਨਹੀਂ ਸੀ, ਸੈਸ਼ਨ ਜੱਜ ਦੇ ਲਿਖੇ ਲਫ਼ਜ਼ਾਂ, "ਬਹਾਦਰਾਂ ਦੀ ਸ਼ਰਧਾ ਦੇ ਜਨੂੰਨ" ਨੂੰ ਮੱਦੇ-ਨਜ਼ਰ ਰੱਖਕੇ ਬਰੀ ਕੀਤਾ ਹੋਵੇਗਾ, ਜਦੋਂ ਕਿ ਸਭ ਬਬਰਾਂ ਨਾਲ ਸਾਡਾ ਸਿੱਧਾ ਸੰਪਰਕ ਸਾਬਤ ਹੋ ਚੁਕਿਆ ਸੀ ਅਤੇ ਵਾਇਦਾ-ਮੁਆਫ਼ਾਂ ਤੇ ਗਵਾਹਾਂ ਦੇ ਬਿਆਨਾਂ ਵਿਚ ਸਾਡਾ ਵਾਰ-ਵਾਰ ਜ਼ਿਕਰ ਆ ਚੁੱਕਿਆ ਸੀ।

19 ਜਨਵਰੀ 1926 ਦਾ ਹਾਈ ਕੋਰਟ ਦਾ ਫ਼ੈਸਲਾ ਇਸ ਪਰਕਾਰ ਸੀ :

(ੳ) ਭਾਈ ਕਿਸ਼ਨ ਸਿੰਘ ਮੁਲਜ਼ਮ ਨੰ: 1, ਕਰਮ ਸਿੰਘ ਨੰ: 20, ਨੰਦ ਸਿੰਘ ਨੰ: 22, ਬਾਬੂ ਸੰਤਾ ਸਿੰਘ ਨੰ: 51 ਅਤੇ ਦਲੀਪਾ ਨੰ: 76 ਦੀ ਫ਼ਾਂਸੀ ਦੀ ਸਜ਼ਾ ਦੀ ਤਸਦੀਕ ਕਰ ਦਿੱਤੀ ਗਈ।

(ਅ) ਹੇਠ-ਲਿਖੇ ਸਜ਼ਾ ਪਾ ਚੁੱਕੇ ਮੁਲਜ਼ਮਾਂ ਦੀਆਂ ਸਜ਼ਾਵਾਂ ਇਸ ਤਰ੍ਹਾਂ ਵਧਾਈਆਂ ਗਈਆਂ :

| | | | |
|---|---|---|---|
| 48. ਧਰਮ ਸਿੰਘ | ਹਿਆਤਪੁਰ ਰੁੜਕੀ | ਉਮਰ ਕੈਦ ਤੋਂ | ਫ਼ਾਂਸੀ |
| 41. ਲਾਭ ਸਿੰਘ | ਜੱਸੋਵਾਲ | 4 ਸਾਲ ਤੋਂ | ਉਮਰ ਕੈਦ |
| 58. ਗਿ: ਕਰਤਾਰ ਸਿੰਘ | ਗੋਂਦਪੁਰ | 7 ਸਾਲ ਤੋਂ | ਉਮਰ ਕੈਦ |
| 59. ਮੁਣਸ਼ਾ ਸਿੰਘ | ਜੌਹਲਾਂ | 5 ਸਾਲ ਤੋਂ | ਉਮਰ ਕੈਦ |
| 91. ਛੱਜਾ ਸਿੰਘ | ਚਾਣਸੂ | 5 ਸਾਲ ਤੋਂ | ਉਮਰ ਕੈਦ |
| 9. ਕਰਤਾਰ ਸਿੰਘ | ਪਿੰਡੋਰੀ ਨਿੱਝਰਾਂ | ਬਰੀ ਤੋਂ | ਉਮਰ ਕੈਦ |
| 61. ਠਾਕੁਰ ਸਿੰਘ | ਗਣੇਸ਼ਪੁਰ ਭਾਰਟਾ | ਬਰੀ ਤੋਂ | ਉਮਰ ਕੈਦ |
| 63. ਪ੍ਰਤਾਪ ਸਿੰਘ | ਚਬੇਲਪੁਰ | ਬਰੀ ਤੋਂ | ਉਮਰ ਕੈਦ |
| 64. ਮਾਣ ਸਿੰਘ | ਗੋਬਿੰਦਪੁਰ | ਬਰੀ ਤੋਂ | ਉਮਰ ਕੈਦ |
| 35. ਭਗਵਾਨ ਸਿੰਘ | ਫਤਿਹਪੁਰ ਕੋਠੀ | 4 ਸਾਲ ਤੋਂ | 7 ਸਾਲ |
| 77. ਛੋਟਾ ਕਰਤਾਰ ਸਿੰਘ | ਡੁਮੇਲੀ | 5 ਸਾਲ ਤੋਂ | 7 ਸਾਲ |
| 78. ਵੱਡਾ ਕਰਤਾਰ ਸਿੰਘ | ,, | 5 ਸਾਲ ਤੋਂ | 7 ਸਾਲ |

(ੲ) ਜਿਹੜੇ ਸਜ਼ਾ ਪਾ ਚੁੱਕੇ ਸਨ, ਪਰ ਹੁਣ ਬਰੀ ਕਰ ਦਿੱਤੇ ਗਏ :

| | | |
|---|---|---|
| 2. ਪ੍ਰੇਮ ਸਿੰਘ | ਪਰਾਗਪੁਰ | 5 ਸਾਲ ਤੋਂ ਬਰੀ |
| 15. ਊਧਮ ਸਿੰਘ | ਪਿੰਡੋਰੀ ਨਿੱਝਰਾਂ | 5 ਸਾਲ ਤੋਂ ਬਰੀ |
| 33. ਸਰਦੂਲ ਸਿੰਘ | ਬੂੜੇਬਾੜੀਆਂ | 5 ਸਾਲ ਤੋਂ ਬਰੀ |
| 36. ਰਤਨ ਸਿੰਘ | ਸੀਂਗੜੀਵਾਲਾ | ਉਮਰ ਕੈਦ ਤੋਂ ਬਰੀ |
| 38. ਸ਼ਾਮ ਸਿੰਘ | ਰਹਿਸੀਵਾਲ | 4 ਸਾਲ ਤੋਂ ਬਰੀ |
| 44. ਸੰਤ ਫ਼ਕੀਰ ਸਿੰਘ | ਜੱਸੋਵਾਲ | 4 ਸਾਲ ਤੋਂ ਬਰੀ |
| 70. ਸੁਰਜਣ ਸਿੰਘ | ਡੁਮੇਲੀ | 5 ਸਾਲ ਤੋਂ ਬਰੀ |
| 73. ਧਰਮ ਸਿੰਘ | ਪਲਾਹੀ | 5 ਸਾਲ ਤੋਂ ਬਰੀ |
| 75. ਭਾਨ ਸਿੰਘ | ਮਾਂਗਟਾਂ | 5 ਸਾਲ ਤੋਂ ਬਰੀ |
| 86. ਬਖ਼ਸ਼ੀਸ਼ ਸਿੰਘ | ਪਿੰਡੋਰੀ ਨਿੱਝਰਾਂ | 5 ਸਾਲ ਤੋਂ ਬਰੀ |

(ਸ) ਹੇਠ-ਲਿਖੇ ਨਿਗਰਾਨੀ ਵਾਲੇ ਬਰੀ ਮੁੜ ਬਰੀ ਕਰ ਦਿੱਤੇ ਗਏ :

| | |
|---|---|
| 12. ਮਿਲਖਾ ਸਿੰਘ (ਲੇਖਕ) | ਪਿੰਡੋਰੀ ਨਿੱਝਰਾਂ |
| 16. ਠਾਕੁਰ ਸਿੰਘ | ਪਿੰਡੋਰੀ ਨਿੱਝਰਾਂ |
| 17. ਹਰਨਾਮ ਸਿੰਘ | ਪਿੰਡੋਰੀ ਨਿੱਝਰਾਂ |
| 18. ਕਰਤਾਰ ਸਿੰਘ ਵੱਡਾ | ਪਿੰਡੋਰੀ ਨਿੱਝਰਾਂ |
| 42. ਕਰਮ ਸਿੰਘ | ਜੱਸੋਵਾਲ |
| 60. ਬਤਨ ਸਿੰਘ | ਗਣੇਸ਼ਪੁਰ ਭਾਰਟਾ |
| 62. ਗੰਗਾ ਸਿੰਘ | ਲਿੱਲ੍ਹ ਕਲਾਂ |
| 88. ਬੇਅੰਤ ਸਿੰਘ (ਜ਼ੈਲਦਾਰ) | ਨੰਗਲ ਕਲਾਂ |

ਸੋ ਹਾਈ ਕੋਰਟ ਦੇ ਫ਼ੈਸਲੇ ਦਾ ਨਿਚੋੜ ਇਹ ਹੈ :

ਫ਼ਾਂਸੀ 6, ਉਮਰ ਕੈਦ 17, ਸੱਤ ਸਾਲ ਦੀ ਕੈਦ 17, ਛੇ ਸਾਲ ਦੀ ਕੈਦ 2, ਪੰਜ ਸਾਲ ਦੀ ਕੈਦ 5, 4 ਸਾਲ ਦੀ ਕੈਦ 1, ਚਲਾਣਾ ਕਰ ਗਏ 3 ਅਤੇ ਬਰੀ ਹੋਏ 40; ਕੁੱਲ ਜੋੜ 91 ।

# 65. ਛੇਆਂ ਬਬਰਾਂ ਦਾ ਫਾਂਸੀ ਉੱਤੇ ਝੂਲਣਾ

ਛੇਆਂ ਬਬਰਾਂ ਨੂੰ ਫ਼ਾਂਸੀ ਦੇਣ ਦੀ ਤਾਰੀਖ਼ 27 ਫਰਵਰੀ 1926 ਮੁਕਰੱਰ ਕਰ ਦਿੱਤੀ ਗਈ। ਛੇਆਂ ਦੇ ਵਾਰਸਾਂ ਤੋਂ ਇਲਾਵਾ 26 ਨੂੰ ਹੀ ਸਾਰਾ ਲਾਹੌਰ ਜਿਹਲ ਦੀ ਸਾਹਮਣੀ ਸੜਕ, ਜਿਹੜੀ ਲਾਹੌਰੋਂ ਫ਼ੀਰੋਜ਼ਪੁਰ ਨੂੰ ਜਾਂਦੀ ਸੀ, ਉੱਤੇ ਜੁੜਨਾ ਸੁਰੂ ਹੋ ਗਿਆ। ਮੈਂ ਆਪ ਨਹੀਂ ਸੀ ਜਾ ਸਕਿਆ। ਚਾਚੀ ਜੀ ਧਰਮ ਕੌਰ ਦਾ ਸੁਨੇਹਾ ਜ਼ਰੂਰ ਪੁੱਜ ਚੁਕਿਆ ਸੀ, ਪਰ ਮੈਂ ਬੇਵੱਸ ਸੀ, ਕਿਉਂਕਿ ਪਿੰਡ ਦੀ ਹੱਦ ਤੋਂ ਬਾਹਰ ਨਹੀਂ ਸੀ ਨਿਕਲ ਸਕਦਾ। ਸਰਕਾਰ ਦੀ ਨਿਗਾਹ ਵਿਚ ਮੈਂ "ਖ਼ਤਰਨਾਕ ਗਿਰੋਹ ਕਾ ਸਰਗੁਨਾ" ਬਣ ਚੁਕਿਆ ਸੀ। ਜੋ ਕੁਝ ਉੱਥੇ ਗਏ ਸੱਜਣਾਂ, ਖ਼ਾਸ ਤੌਰ ਉੱਤੇ ਬਾਬਾ ਕਰਮ ਸਿੰਘ ਜੀ ਚੀਮਾ ਅਤੇ ਬਾਬਾ ਭਾਗ ਸਿੰਘ ਜੀ ਕੈਨੇਡੀਅਨ ਨੇ ਅਤੇ ਬਾਅਦ ਵਿਚ ਆਪਣੇ ਭਰਾਵਾਂ ਬੂਟਾ ਸਿੰਘ ਤੇ ਕਰਤਾਰ ਸਿੰਘ, ਜਿਹੜੇ ਉਮਰ ਕੈਦ ਕੱਟ ਕੇ ਮੁੜੇ ਹਨ ਅਤੇ ਇਹ ਇਤਿਹਾਸ ਲਿਖਾਉਣ ਵਿਚ ਮਦਦ ਕਰ ਰਹੇ ਹਨ, ਅਤੇ ਸਜ਼ਾਵਾਂ ਕੱਟ ਕੇ ਮੁੜੇ ਹਜ਼ਾਰਾਂ ਸਿੰਘ ਮੰਡੇਰੀਏ ਵਰਗੇ ਹੋਰ ਕਈਆਂ ਨੇ ਮੈਨੂੰ ਜ਼ਬਾਨੀ ਦੱਸਿਆ ਸੀ, ਹੁਣ ਮੈਂ ਉਹ ਹੀ ਦਰਜ ਕਰ ਰਿਹਾ ਹਾਂ।

ਰਾਤ ਪੈਂਦਿਆਂ-ਪੈਂਦਿਆਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਜਿਹਲ ਦੇ ਵਡੇ ਗੇਟ ਦੇ ਸਾਹਮਣੇ ਸੜਕ ਉੱਤੇ ਇਕੱਠੇ ਹੋਣੇ ਸ਼ੁਰੂ ਹੋ ਗਏ। ਇਕੱਠੇ ਛੇ ਦੇਸ-ਭਗਤਾਂ ਦੀ ਫ਼ਾਂਸੀ ਨੇ ਲਾਹੌਰੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ, ਜੀਹਦਾ ਵਡਾ ਕਾਰਨ ਲਾਹੌਰ ਦੇ ਕੁੱਲ ਅਖ਼ਬਾਰਾਂ ਵੱਲੋਂ ਮੋਟੀਆਂ-ਮੋਟੀਆਂ ਸੁਰਖ਼ੀਆਂ ਵਿਚ ਫ਼ਾਂਸੀ ਦੀ ਖ਼ਬਰ ਛਾਪੇ ਜਾਣਾ ਅਤੇ ਐਡੀਟੋਰੀਅਲ ਲਿਖੇ ਜਾਣਾ ਸੀ।

ਤਕਰੀਬਨ ਚਾਰ ਕੁ ਬਜੇ ਤੜਕੇ 14 ਨੰਬਰ ਦੀਆਂ ਕੋਠੀਆਂ ਵਿਚੋਂ ਬੜੀ ਜੁਸ਼ੀਲੀ ਆਵਾਜ਼ ਕੜਕੀ, ਜਿਹੜੀ ਭਾਈ ਕਿਸ਼ਨ ਸਿੰਘ ਜੀ ਗੜਗੱਜ ਦੀ ਸਚਮੁੱਚ ਹੀ ਪੂਰੇ ਜਲਾਲ ਵਿਚ ਗੜਗੱਜ ਪਾ ਰਹੀ ਸੀ। ਪੂਰੀ ਜਿਹਲ, ਸਣੇ ਇਖ਼ਲਾਕੀ ਕੈਦੀਆਂ ਦੇ ਆਪਣੀਆਂ ਖੱਡੀਆਂ ਉੱਤੇ ਉੱਠ ਬੈਠੀ ਅਤੇ ਬੜੇ ਧਿਆਨ ਨਾਲ ਭਾਈ ਸਾਹਿਬ ਦੀ ਤਕਰੀਰ ਸੁਨਣ ਲੱਗ ਪਈ। ਦਸਦੇ ਸਨ, ਇਹੋ ਹਾਲ ਬਾਹਰ ਜੁੜੀ ਭੀੜ ਦਾ ਸੀ। ਸਾਰੇ ਵਾਤਾਵਰਨ ਵਿਚ ਖ਼ਾਮੋਸ਼ੀ ਛਾਈ ਹੋਈ ਸੀ। ਹਰ ਕੋਈ ਅੰਤਰ-ਧਿਆਨ ਹੋ ਕੇ ਤਕਰੀਰ ਸੁਣ ਰਿਹਾ ਸੀ। ਮਿੱਤਰੋ, ਉਸ ਸ਼ੇਰ ਦੀ ਇਹ ਆਖ਼ਰੀ ਤਕਰੀਰ ਸੀ ਜੀਹਦੀਆਂ ਤਕਰੀਰਾਂ ਅਤੇ ਤਹਿਰੀਰਾਂ ਨੇ ਵਲੈਤ ਦਾ ਸਿੰਘਾਸਨ ਡੁਲਾ ਦਿੱਤਾ ਸੀ।

ਭਾਈ ਸਾਹਿਬ ਆਖ ਰਹੇ ਸਨ : "ਅੱਜ ਸਾਡੇ ਧੰਨ-ਭਾਗ ਹਨ। ਮੈਂ ਆਪਣੇ ਪੰਜ ਸਾਥੀਆਂ ਨਾਲ ਇਸ ਦੁਨੀਆਂ ਤੋਂ ਆਖ਼ਰੀ ਸਫ਼ਰ ਕਰ ਰਿਹਾ ਹਾਂ ਅਤੇ ਆਪਣੇ ਵਿਛੜ ਚੁੱਕੇ ਦੇਸਭਗਤਾਂ ਦੀ ਕਤਾਰ ਵਿਚ ਸ਼ਾਮਲ ਹੋ ਰਿਹਾ ਹਾਂ, ਜਿਹੜੇ ਸਾਡੇ ਸਵਾਗਤ ਲਈ ਪਹਿਲਾਂ ਹੀ ਬਾਹਾਂ ਉਲਾਰੀ ਸਾਡਾ ਇੰਤਜ਼ਾਰ ਕਰ ਰਹੇ ਹਨ। ਨੌਕਰਸ਼ਾਹੀ ਸਮਝਦੀ ਹੈ ਕਿ ਅੱਜ ਛੇ ਬਬਰਾਂ ਨੂੰ ਫਾਹੇ ਲਾ ਕੇ ਉਹ ਸੁਖ ਦੀ ਨੀਂਦ ਸੌਂ ਸਕੇਗੀ। ਉਹ ਭਾਂਬੜ ਜਿਹੜਾ ਬਬਰਾਂ ਨੇ ਇਹਦੀਆਂ ਜੜਾਂ ਸਾੜਨ ਲਈ ਮਚਾਇਆ ਸੀ, ਠੰਡਾ ਪੈ ਜਾਵੇਗਾ। ਪਰ ਇਹ ਮੂਰਖ ਸਰਕਾਰ ਨਹੀਂ ਜਾਣਦੀ ਕਿ ਜਿਹੜੀ ਜਵਾਲਾ ਸਾਡੇ ਪੁਰਖਿਆਂ ਨੇ ਗ਼ੁਲਾਮੀ ਨੂੰ ਸਾੜ ਸੁਆਹ ਕਰਨ ਲਈ ਜਗਾਈ ਸੀ, ਸਹਿਜੇ-ਸਹਿਜੇ ਬਬਰਾਂ ਨੇ ਭਾਂਬੜ ਤੱਕ ਪੁਚਾ ਦਿੱਤੀ ਹੈ। ਜਲਦੀ ਹੀ ਉਹ ਵੇਲਾ ਆਉਣ ਵਾਲਾ ਹੈ, ਜਦੋਂ ਇਹ ਭਾਂਬੜ ਜਵਾਲਾਮੁਖੀ ਬਣ ਕੇ ਇਸ ਸਲਤਨਤ ਉੱਤੇ ਪਾਟੇਗਾ ਅਤੇ ਇਹਦੇ ਲਾਵੇ ਵਿਚ ਸਾਰਾ ਸਾਮਰਾਜ ਦਬ ਕੇ ਰਾਖ ਦਾ ਢੇਰ ਬਣ ਜਾਵੇਗਾ। ਸਾਡਾ ਜਗਾਇਆ ਇਹ ਭਾਂਬੜ ਹੁਣ ਨਵੇਂ ਠਾਠਾਂ ਮਾਰਦੇ ਖ਼ੂਨ ਨੂੰ ਗਰਮਾਏਗਾ। ਮੇਰੇ ਦੇਸਵਾਸੀ ਨੌਜਵਾਨ ਆਪਣੀਆਂ ਆਹੂਤੀਆਂ ਦੇ-ਦੇ ਸਮੁੰਦਰ ਦੀਆਂ ਲਹਿਰਾਂ ਵਾਂਗੂ ਅਗੇ ਵਧਦੇ ਤੂਫ਼ਾਨਾਂ ਅਤੇ ਝੱਖੜਾਂ ਦਾ ਰੂਪ ਧਾਰ ਕੇ ਇਸ ਜੰਮ ਚੁੱਕੀ ਬਦੇਸੀ ਸਰਕਾਰ ਨੂੰ ਸੱਤਾਂ ਸਮੁੰਦਰਾਂ ਤੋਂ ਪਾਰ ਹੋਰ ਡੂੰਘੇ ਖਾਰੇ ਸਮੁੰਦਰ ਵਿਚ ਲਿਜਾ ਸੁੱਟਣਗੇ।"

ਅਖ਼ੀਰ ਵਿਚ ਭਾਈ ਸਾਹਿਬ ਨੇ ਆਪਣੇ ਸਜ਼ਾ ਭੁਗਤ ਰਹੇ ਸਾਥੀਆਂ ਨੂੰ ਮੁਖ਼ਾਤਿਬ ਹੋ ਕੇ ਆਖਿਆ, "ਇਹ ਠੀਕ ਹੈ ਕਿ ਮੈਂ ਤੁਹਾਥੋਂ ਜਿਸਮਾਨੀ ਤੌਰ ਉੱਤੇ ਵਿਛੜ ਰਿਹਾ ਹਾਂ, ਪਰ ਮੇਰੀ ਆਤਮਾ ਹਮੇਸ਼ਾ ਤੁਹਾਡਾ ਸਾਥ ਦਿੰਦੀ ਰਹੇਗੀ। ਤੁਸੀਂ ਆਪਣਾ ਸ਼ੁਰੂ ਕੀਤਾ ਸੰਘਰਸ਼ ਜਾਰੀ ਰੱਖਣਾ, ਜਿੰਨਾ ਚਿਰ ਕਾਫ਼ਲਾ ਮੰਜ਼ਲ ਉੱਤੇ ਨਹੀਂ ਪੁੱਜ ਜਾਂਦਾ। ਤੁਹਾਡੇ ਕੀਤੇ ਕਾਰਨਾਮੇ ਆਉਂਦੀਆਂ ਨਸਲਾਂ ਨੂੰ ਪ੍ਰੇਰਨਾ ਦਿੰਦੇ ਰਹਿਣਗੇ ਕਿ ਗ਼ੁਲਾਮੀ ਦੀ ਜ਼ਿੰਦਗੀ ਨਾਲੋਂ ਮੌਤ ਹਜ਼ਾਰ ਦਰਜੇ ਬਿਹਤਰ ਹੁੰਦੀ ਹੈ। ਹੁਣ ਅਸੀਂ ਆਖ਼ਰੀ ਅਸ਼ਨਾਨ ਕਰਨ ਲਗੇ ਹਾਂ। ਫੇਰ ਪਾਠ ਕਰਕੇ ਅਰਦਾਸਾ ਸੋਧ, ਆਖ਼ਰੀ ਮੰਜ਼ਲ ਵੱਲ ਕੂਚ ਕਰ ਜਾਵਾਂਗੇ।"

ਉਹ ਜੈਕਾਰਾ ਗਜਾ ਕੇ ਚੁੱਪ ਹੋ ਗਏ। ਕੁਝ ਮਿੰਟ ਬਿਲਕੁਲ ਖ਼ਾਮੋਸ਼ੀ ਛਾਈ ਰਹੀ। ਫੇਰ ਅੰਦਰੋਂ ਅਤੇ ਬਾਹਰੋਂ ਸਤਿ ਸ੍ਰੀ ਅਕਾਲ, ਬੰਦੇ ਮਾਤਰਮ ਅਤੇ ਅੱਲਾ ਹੂ ਅਕਬਰ ਦੇ ਜੈਕਾਰੇ ਗੂੰਜਣੇ ਸ਼ੁਰੂ ਹੋ ਗਏ। ਅਖ਼ੀਰ ਪਹਿਲਾਂ ਭਾਈ ਕਿਸ਼ਨ ਸਿੰਘ ਜੀ, ਬਾਬੂ ਸੰਤਾ ਸਿੰਘ ਅਤੇ ਦਲੀਪੇ ਨੂੰ ਇਕਠਿਆਂ ਕੋਠੀਆਂ ਵਿਚੋਂ ਕੱਢ ਕੇ ਫ਼ਾਂਸੀ ਦੇ ਤਖ਼ਤੇ ਉੱਤੇ ਲਿਜਾ ਖੜਾ ਕੀਤਾ ਗਿਆ। ਸ਼ੇਰਾਂ ਦੇ ਹੱਥ ਪਿਛਲੇ ਪਾਸੇ ਬੱਧੇ ਹੋਏ ਸਨ। ਉਹਨਾਂ ਨੇ ਬਥੇਰਾ ਕਿਹਾ ਕਿ ਸਾਨੂੰ ਰੱਸੇ ਆਪ ਪਾਉਣ ਦਿਉ। ਪਰ ਜਿਹਲ ਦੇ ਕਾਨੂੰਨ ਮੁਤਾਬਿਕ ਚੰਡਾਲ ਨੇ ਹੀ ਰੱਸੇ ਗਲਾਂ ਵਿਚ ਪਾਏ। ਸਿਰ-ਮੂੰਹ ਕਾਲੇ ਨਕਾਬਾਂ ਨਾਲ ਢਕ ਦਿਤੇ ਗਏ। ਸੁਪਰਿੰਟੇਂਡੈਂਟ ਦਾ ਇਸ਼ਾਰਾ ਮਿਲਦਿਆਂ ਹੀ ਜੱਲਾਦ ਨੇ ਹੁੜਕਾ ਕੱਢ ਦਿਤਾ।...ਮੁੜ ਕਰਮ ਸਿੰਘ, ਨੰਦ ਸਿੰਘ ਅਤੇ ਧਰਮ ਸਿੰਘ ਦੀ ਵਾਰੀ ਆ ਗਈ। ਇਕ ਘੰਟੇ ਦੇ ਅੰਦਰ-ਅੰਦਰ ਛੇ ਸੂਰਮੇ ਕੂਚ ਦਾ ਨਗਾਰਾ ਬਜਾ ਕੇ ਟੁਰਦੇ ਹੋਏ ਅਤੇ ਆਪਣੀਆਂ ਮਿੱਠੀਆਂ ਯਾਦਾਂ ਸਾਡੇ ਲਈ ਛੱਡ ਗਏ। ਛੇਆਂ ਦੇ ਮਿਰਤਕ ਸਰੀਰ ਜਿਹਲ ਦੀ ਡਿਊਢੀ ਵਿਚ ਲਿਆ ਕੇ ਰੱਖ ਦਿੱਤੇ ਗਏ।

27 ਫਰਵਰੀ 1926, ਦਿਨ ਸਨਿਚਰਵਾਰ ਨੂੰ ਭੀੜ ਦਾ ਠਾਠਾਂ ਮਾਰਦਾ ਸਮੁੰਦਰ ਜਿਹਲੋਂ ਬਾਹਰ ਆ ਜੁੜਿਆ। ਲੀਡਰਾਂ ਨੇ ਫ਼ੈਸਲਾ ਕਰ ਲਿਆ ਕਿ ਸ਼ਹੀਦਾਂ ਦਾ ਸਸਕਾਰ ਰਾਮੂੰ ਦੇ ਬਾਗ਼ ਦੇ ਸਮਸ਼ਾਨ ਘਾਟ ਵਿਚ ਕੀਤਾ ਜਾਵੇਗਾ। ਉਧਰ ਸਰਕਾਰ ਤੁਲੀ ਬੈਠੀ ਸੀ ਕਿ ਸਸਕਾਰ ਜਿਹਲ ਦੇ ਸ਼ਮਸ਼ਾਨ ਘਾਟ ਵਿਚ ਹੀ ਕੀਤਾ ਜਾਵੇ। ਦੋਵੇਂ ਧਿਰਾਂ ਅੜ ਖੜੋਤੀਆਂ। ਅਖ਼ੀਰ ਸਰਦਾਰ ਬਹਾਦੁਰ ਮਹਿਤਾਬ ਸਿੰਘ ਐਡਵੋਕੇਟ, ਸਰਦੂਲ ਸਿੰਘ ਜੀ ਕਵੀਸ਼ਰ ਅਤੇ ਖ਼ਿਲਾਫਤੀ ਲੀਡਰ, ਮੌਲਾਣਾ ਜ਼ਫ਼ਰ ਅਲੀ ਸਿਧੇ ਗਵਰਨਰ ਨੂੰ ਜਾ ਮਿਲੇ। ਉਹਨੇ ਮੌਕੇ ਦੀ ਨਜ਼ਾਕਤ ਨੂੰ ਤਾੜ ਲਿਆ ਅਤੇ ਤਹਿਰੀਰੀ ਤੌਰ ਉੱਤੇ ਜਿਹਲ ਦੇ ਅਧਿਕਾਰੀਆਂ ਨੂੰ ਹੁਕਮ ਜਾਰੀ ਕਰ ਦਿੱਤਾ ਕਿ ਲਾਸ਼ਾਂ ਇਹਨਾਂ ਦੇ ਹਵਾਲੇ ਕਰ ਦਿੱਤੀਆਂ ਜਾਣ। ਸੋ ਛੇ ਅਰਥੀਆਂ ਜਿਹਲ ਅਧਿਕਾਰੀਆਂ ਨੇ ਡਿਉਢੀ ਵਿਚੋਂ ਬਾਹਰ ਕੱਢ ਕੇ ਉਹਨਾਂ ਦੇ ਹਵਾਲੇ ਕਰ ਦਿੱਤੀਆਂ।

ਰਾਮੂੰ ਦੇ ਬਾਗ਼ ਦਾ ਸ਼ਮਸਾਨ ਘਾਟ 6-7 ਮੀਲ ਦੀ ਦੂਰੀ ਉੱਤੇ ਰਾਵੀ ਦੇ ਲਾਗੇ ਸੀ। ਸੋ ਅਰਥੀਆਂ ਫੁੱਲਾਂ ਨਾਲ ਸਜਾ ਕੇ ਜਲੂਸ ਉਸੇ ਤਰਤੀਬ ਨਾਲ, ਜਿਸ ਨਾਲ ਯੋਧੇ ਕੋਠੀਆਂ ਵਿਚੋਂ ਅੱਗੜ-ਪਿੱਛੇ ਕਢੇ ਗਏ ਸਨ, ਚਲ ਪਿਆ। ਸਭ ਤੋਂ ਅਗੇ ਭਾਈ ਕਿਸ਼ਨ ਸਿੰਘ ਜੀ ਦੀ ਅਰਥੀ ਸੀ। ਛੇਆਂ ਨੂੰ ਇਕੋ ਅੰਗੀਠਾ ਬਣਾ ਕੇ ਅਗਨੀ ਦੇ ਹਵਾਲੇ ਕਰ ਦਿੱਤਾ ਗਿਆ।

ਮੈਨੂੰ ਕੈਦ ਕੱਟ ਕੇ ਮੁੜੇ ਸਾਥੀਆ ਨੇ ਦੱਸਿਆ ਸੀ ਕਿ ਸੁਪਰਿੰਟੈਂਡੈਂਟ ਜਿਹਲ ਦਸਦਾ ਸੀ ਕਿ "ਕਾਨੂੰਨ ਮੁਤਾਬਕ ਮੈਂ ਪੁੱਛਿਆ, ਦੱਸੋ ਤੁਹਾਡੀ ਆਖ਼ਰੀ ਇੱਛਾ ਕੀ ਹੈ, ਜਿਹੜੀ ਸਰਕਾਰ ਪੂਰੀ ਕਰੇਗੀ। ਭਾਈ ਸਾਹਿਬ ਨੇ ਆਖਿਆ, 'ਸਿਰਫ਼ ਅੱਧੇ ਘੰਟੇ ਲਈ ਜਿਹਲ ਦੇ ਵਿਚਕਾਰਲੇ ਬੁਰਜ ਉੱਤੇ ਖੜੋ ਕੇ ਤਕਰੀਰ ਕਰਨ ਦੀ ਇਜਾਜ਼ਤ ਦੇ ਦਿਉ, ਤਾਂ ਜੋ ਜਿਹਲ ਦੇ ਕੁੱਲ ਕੈਦੀ ਅਤੇ ਵਾਰਡਰ ਵੀ ਸੁਣ ਸਕਣ ਅਤੇ ਬਾਹਰ ਖੜੋਤੀ ਭੀੜ ਵੀ ਮੇਰੀ ਆਖ਼ਰੀ ਤਕਰੀਰ ਸੁਣ ਸਕੇ। ਦੂਜੀ ਗੱਲ, ਫ਼ਾਂਸੀ ਦੇ ਰੱਸੇ ਸਾਨੂੰ ਆਪੇ ਗਲਾਂ ਵਿਚ ਪਾ ਲੈਣ ਦਿੱਤੇ ਜਾਣ।' ਦੋਨੋਂ ਗੱਲਾਂ ਮਨਜ਼ੂਰ ਕਰਨ ਦੀ ਜਿਹਲ ਦਾ ਕਾਨੂੰਨ ਮੈਨੂੰ ਇਜਾਜ਼ਤ ਨਹੀਂ ਸੀ ਦਿੰਦਾ। ਮੈਂ ਬੇਬਸੀ ਪ੍ਰਗਟ ਕੀਤਾ ਤਾਂ ਭਾਈ ਸਾਹਬ ਨੇ ਹੱਸ ਕੇ ਆਖਿਆ ਸੀ ਕਿ 'ਜੇ ਤੁਸੀਂ ਆਖ਼ਰੀ ਸਫ਼ਰ ਕਰ ਰਹੇ ਬੰਦੇ ਦੀ ਆਖ਼ਰੀ ਇੱਛਾ ਪੂਰੀ ਕਰ ਹੀ ਨਹੀਂ ਸਕਦੇ ਤਾਂ ਐਵੇਂ ਅੱਖਾਂ ਪੂੰਝਣ ਦੀ ਕੀ ਲੋੜ ਸੀ। ਤੁਸੀਂ ਆਪਣੇ ਕਾਨੂੰਨ ਦੀ ਪਾਲਣਾ ਕਰਕੇ ਕੰਮ ਨਿਬੇੜਨ ਦੀ ਗੱਲ ਕਰੋ। ਫ਼ੌਜਾਂ ਤਿਆਰ-ਬਰ-ਤਿਆਰ ਹਨ।' ਸੋ ਆਖ਼ਰੀ ਕੂਚ ਦਾ ਨਗਾਰਾ ਬੱਜ ਗਿਆ ਸੀ।"

ਇਸੇ ਤਰ੍ਹਾਂ ਪੂਰੇ ਇਕ ਸਾਲ ਬਾਅਦ 1927 ਵਿਚ ਇਸੇ ਹੀ 27 ਫ਼ਰਵਰੀ ਨੂੰ ਛੇ ਹੋਰ ਬਬਰ, ਇਸੇ ਤਰ੍ਹਾਂ ਤਿੰਨਾਂ-ਤਿੰਨਾਂ ਦੇ ਜੁੱਟਾਂ ਵਿਚ ਫ਼ਾਂਸੀ ਚੜ੍ਹਾਏ ਗਏ ਸਨ। ਇਸੇ ਤਰ੍ਹਾਂ ਜਲੂਸ ਕਢ ਕੇ ਛੇਆਂ ਯੋਧਿਆਂ ਦਾ ਸਸਕਾਰ ਉਸੇ ਰਾਮੂੰ ਦੇ ਬਾਗ਼ ਦੇ ਸ਼ਮਸ਼ਾਨ ਘਾਟ ਵਿਚ ਬਿਲਕੁਲ ਉਸੇ ਜਗਾਹ ਅੰਗੀਠਾ ਸਜਾ ਕੇ ਕੀਤਾ ਗਿਆ ਸੀ। ਦੋਨੋਂ ਦਫ਼ਾ ਰਾਖ ਰਾਵੀ ਵਿਚ ਜਲ-ਪ੍ਰਵਾਹ ਕਰ ਦਿੱਤੀ ਗਈ ਸੀ।

# 66. ਜਿਹਲਾਂ ਵਿਚ ਬਬਰਾਂ ਦੀ ਜਦੋਜਹਿਦ ਅਤੇ ਸਰਕਾਰੀ ਕਮਿਸ਼ਨ ਦੀ ਸਥਾਪਨਾ

ਬਬਰਾਂ ਨੇ ਸਜ਼ਾ ਹੋ ਜਾਣ ਤੋਂ ਬਾਅਦ ਜੋ ਅਦੁਤੀ ਕਾਰਨਾਮੇ ਸਜ਼ਾ ਭੁਗਤਦਿਆਂ ਕੀਤੇ ਅਤੇ ਜਿਵੇਂ ਜਿਹਲ ਦੇ ਅਧਿਕਾਰੀਆਂ ਨਾਲ ਸਿੱਧੀਆਂ ਟੱਕਰਾਂ ਲਈਆਂ, ਉਹ ਬੜੀਆਂ ਦਿਲਚਸਪ ਹਨ। ਮੈਂ ਜਿਹਲਾਂ ਦਾ ਜੋ ਹਾਲ ਲਿਖਣਾ ਸ਼ੁਰੂ ਕਰਨ ਲਗਿਆ ਹਾਂ, ਇਹ ਮੇਰੇ ਭਰਾਵਾਂ ਬੂਟਾ ਸਿੰਘ ਅਤੇ ਕਰਤਾਰ ਸਿੰਘ, ਜੋ ਉਮਰ ਕੈਦ ਵੱਖਰੀਆਂ-ਵੱਖਰੀਆਂ ਜਿਹਲਾਂ ਵਿਚ ਭੁਗਤ ਕੇ ਆ ਚੁੱਕੇ ਹਨ ਅਤੇ ਮੰਡੇਰੀਏ ਹਜ਼ਾਰਾ ਸਿੰਘ, ਹਰੀਪੁਰੀਏ ਸ਼ਿਵ ਸਿੰਘ, ਪਿਆਰਾ ਸਿੰਘ ਧਾਮੀਆਂ, ਸੁਰੈਣ ਸਿੰਘ ਦੌਲਤਪੁਰ, ਊਧਮ ਸਿੰਘ ਨੁਸੀ ਦੀਆਂ ਜ਼ਬਾਨੀ ਦੱਸੀਆਂ ਗੱਲਾਂ ਹਨ।

ਮੈਂ ਦੱਸ ਚੁਕਿਆ ਹਾਂ ਕਿ 28 ਫ਼ਰਵਰੀ 1925, ਸਨਿਚਰਵਾਰ ਨੂੰ 91 ਮੁਲਜ਼ਮਾਂ ਬਾਰੇ ਹੁਕਮ ਸੁਣਾ ਦਿੱਤਾ ਗਿਆ। ਜਿਨ੍ਹਾਂ ਪੰਜਾਂ ਬਬਰਾਂ ਨੂੰ ਫ਼ਾਂਸੀ ਦੀ ਸਜ਼ਾ ਹੋਈ ਸੀ, ਉਹ ਸਿੱਧੇ ਚੌਦਾਂ ਨੰਬਰ ਦੀਆਂ ਕੋਠੀਆਂ ਅੰਦਰ ਲਿਜਾ ਕੇ ਬੰਦ ਕੀਤੇ ਗਏ। ਬਾਕੀ ਸਾਰੇ ਉਸੇ ਬੈਰਕ ਨੰਬਰ ਦੋ ਵਿਚ ਲਿਆ ਡੱਕੇ, 'ਜਿਥੋਂ' ਸਵੇਰੇ ਕੱਢ ਕੇ ਹੁਕਮ ਸੁਣਾਉਣ ਲਈ ਲਿਜਾਏ ਗਏ ਸਨ। ਅਗਲੇ ਦਿਨ ਐਤਵਾਰ ਸੀ। ਉਸ ਦਿਨ ਘਰ ਦੇ ਪਾਏ ਕਪੜੇ ਲੁਹਾ ਲਏ ਗਏ ਅਤੇ ਜਿਹਲ ਦੀਆਂ ਵਰਦੀਆਂ ਪੁਆ ਦਿਤੀਆਂ ਗਈਆਂ। ਸਿਰਾਂ ਉੱਤੇ ਛੋਟੀਆਂ-ਛੋਟੀਆਂ ਚਿੱਟੀਆਂ ਜਿਹੀਆਂ ਨੀਲੀਆਂ ਧਾਰੀਆਂ ਵਾਲੀਆਂ ਪੱਗਾਂ, ਲੰਡੀਆਂ ਬਾਹਾਂ ਵਾਲੇ ਝੱਗੇ ਅਤੇ ਗੋਡਿਆਂ ਤੋਂ ਚਾਰ ਕੁ ਉਂਗਲਾਂ ਨੀਵੇਂ ਪਜਾਮੇ। ਇਹ ਪੱਗਾਂ ਵਾਲੇ ਡੀਜ਼ਾਇਨ ਦੇ ਹੀ ਸਨ। ਇਹ ਸੀ ਉਹਨਾਂ ਦਿਨਾਂ ਵਿਚ ਕੈਦੀਆਂ ਦਾ ਪਹਿਰਾਵਾ। ਪਰ ਫ਼ਾਂਸੀ ਵਾਲਿਆ ਦੇ ਸਿਰ ਬਿਲਕੁਲ ਨੰਗੇ ਸਨ। ਤੇੜ ਦੀ ਤੰਬੀ ਬਿਨਾਂ ਨਾਲਿਉਂ ਸੀ, ਮਤਾਂ ਕੈਦੀ ਫ਼ਾਂਸੀ ਉੱਤੇ ਲਟਕਣ ਤੋਂ ਪਹਿਲਾਂ ਹੀ ਨਾਲੇ ਜਾਂ ਪੱਗ ਨਾਲ ਖ਼ੁਦਕਸ਼ੀ ਕਰ ਜਾਵੇ।

ਸਾਰਿਆਂ ਬਬਰਾਂ ਨੇ ਭਾਈ ਕਿਸ਼ਨ ਸਿੰਘ ਜੀ ਦੀ ਥਾਂ ਕਰਮ ਸਿੰਘ ਝਿੰਗੜ ਨੂੰ ਆਪਣਾ ਨੇਤਾ ਚੁਣ ਲਿਆ। ਉਹਨਾਂ ਨੇ ਇਕ ਦਿਨ ਦਰੋਗੇ ਨੂੰ ਆਖਿਆ ਕਿ "ਅਸੀਂ ਸਿਆਸੀ ਕੈਦੀ ਹਾਂ। ਚੋਰ, ਉਚੱਕੇ, ਡਕੈਤ ਜਾਂ ਕਾਤਲ ਨਹੀਂ ਹਾਂ। ਸੋ ਸਾਡੇ ਨਾਲ ਤੁਹਾਨੂੰ ਇਨਸਾਨਾਂ ਵਾਲਾ ਸਲੂਕ ਕਰਨਾ ਚਾਹੀਦਾ ਹੈ। ਸਾਨੂੰ ਸਿਆਸੀ ਕੈਦੀ ਸਮਝ ਕੇ ਅੱਜ-ਕੱਲ੍ਹ ਮਿਲ ਰਹੀ ਖ਼ੁਰਾਕ ਬੰਦ ਹੋਣੀ ਚਾਹੀਦੀ ਹੈ। ਇਹ ਅਧ-ਜਲੀਆਂ ਛੋਲਿਆਂ ਦੀਆਂ ਕੱਚੀਆਂ-ਪੱਕੀਆਂ ਰੋਟੀਆਂ ਹੁੰਦੀਆਂ ਹਨ, ਜਿਨ੍ਹਾਂ ਵਿਚ ਚੌਥਾ ਹਿੱਸਾ

ਕਿਰਕ ਅਤੇ ਹੋਰ ਖੇਹ-ਸੁਆਹ ਰਲੀ ਹੁੰਦੀ ਹੈ । ਰੋੜਾ ਕੰਕਰਾਂ ਦੀ ਦਾਲ ਅਤੇ ਸੁੰਡੀਆਂ ਵਾਲਾ ਕੁਲਫਾ, ਜੀਹਨੂੰ ਜਿਹਲ-ਅਧਿਕਾਰੀ ਸਬਜ਼ੀ ਵਿਚ ਸ਼ਾਮਲ ਕਰਦੇ ਹਨ । ਇਹਦੀ ਥਾਂ ਕਣਕ ਦੀਆਂ ਦੋ ਰੋਟੀਆਂ, ਸਾਫ਼-ਸੁਥਰੀ ਦਾਲ ਅਤੇ ਸਬਜ਼ੀ ਹੋਣੇ ਚਾਹੀਦੇ ਹਨ । ਬਾਹਾਂ ਵਾਲਾ ਕੁੜਤਾ ਅਤੇ ਪੂਰਾ ਪਜਾਮਾ, ਇਕ ਪਰਨਾ ਅਤੇ ਦੋ ਕਛਹਿਰੇ ਵੀ ਮਿਲਣੇ ਚਾਹੀਦੇ ਹਨ । ਚੱਕੀਆਂ, ਕੋਹਲੂਆਂ, ਹਲਟਾਂ ਦੇ ਗੇੜਨ ਦੀ ਹੱਡ-ਤੋੜਵੀਂ ਮੁਸ਼ੱਕਤ ਅਤੇ ਮੁੰਜ ਕੁੱਟਣ ਤੇ ਹੋਰ ਸਖ਼ਤ ਕਿਸਮ ਦੀਆਂ ਮੁਸ਼ੱਕਤਾਂ ਕਰਨ ਤੋਂ ਅਸੀਂ ਬਿਲਕੁਲ ਇਨਕਾਰ ਕਰਦੇ ਹਾਂ ।"

ਜਿੰਨਾ ਚਿਰ ਝਿੰਗੜ ਸਾਹਿਬ ਗੱਲਾਂ ਕਰਦੇ ਰਹੇ, ਉਨਾਂ ਚਿਰ ਦਰੋਗਾ ਬੜੇ ਠਹੁੰਮੇ ਨਾਲ ਗੱਲਾਂ ਸੁਣਦਾ ਰਿਹਾ । ਅਖ਼ੀਰ ਵਿਚ ਕੁਰਸੀ ਤੋਂ ਉਠਦਿਆਂ ਕਹਿਣ ਲਗਿਆ, "ਐਸ ਵੇਲੇ ਤੁਸੀਂ ਇਖ਼ਲਾਕੀ ਕੈਦੀ ਹੋ । ਤੁਹਾਡੇ ਵਾਸਤੇ ਅਸੀਂ ਨਵਾਂ ਕਾਨੂੰਨ ਘੜਨੋਂ ਰਹੇ । ਸੋ ਜੋ ਸਲੂਕ ਆਮ ਇਖ਼ਲਾਕੀ ਕੈਦੀਆਂ ਨਾਲ ਹੁੰਦਾ ਹੈ, ਉਹੋ ਤੁਹਾਡੇ ਉੱਤੇ ਵੀ ਲਾਗੂ ਹੁੰਦਾ ਹੈ । ਤੁਸੀਂ ਭਲੇ-ਮਾਣਸ ਬਣ ਕੇ ਜੋ ਮੁਸ਼ੱਕਤ ਜਿਹਲ ਦੇ ਕਾਨੂੰਨ ਮੁਤਾਬਿਕ ਤੁਹਾਨੂੰ ਦਿੱਤੀ ਜਾ ਰਹੀ ਹੈ, ਕਰੀ ਜਾਉ । ਜੇ ਇਨਕਾਰ ਕਰੋਗੇ ਤਾਂ ਜਿਹਲ ਦਾ ਕਾਨੂੰਨ ਤੁਹਾਡੇ ਨਾਲ ਆਪੇ ਨਜਿੱਠ ਲਵੇਗਾ ।" ਤੇ ਦਰੋਗਾ ਬੜੇ ਜਲਾਲ ਵਿਚ ਗੁੱਝੀ ਧਮਕੀ ਦੇ ਕੇ ਚਲਦਾ ਹੋਇਆ ।

ਅਗਲੇ ਦਿਨ ਸਭ ਬਬਰਾਂ ਨੇ ਵਿਚਾਰ-ਵਟਾਂਦਰਾ ਕੀਤਾ ਅਤੇ ਇਸ ਨਤੀਜੇ ਉੱਤੇ ਪੁੱਜੇ ਕਿ ਹੁਣ ਸਿੱਧੀ ਉਂਗਲੀ ਘਿਉ ਨਿਕਲਣ ਵਾਲਾ ਨਹੀਂ ਜਾਪਦਾ । ਝਿੰਗੜ ਸਾਹਿਬ ਨੇ ਸਭ ਨੂੰ ਵੰਗਾਰਦਿਆਂ ਪੁੱਛਿਆ ਕਿ "ਕੀ ਤੁਸੀਂ ਆਖ਼ਰੀ ਦਮਾਂ ਤਕ ਲੜਨ ਲਈ ਤਿਆਰ ਹੋ ਜਾਂ ਗੀਦੀਆਂ ਵਾਂਗੂ ਆਪਣੇ ਪਿਛਲੇ ਸੁਨਹਿਰੀ ਕਾਰ-ਨਾਮਿਆਂ ਨੂੰ ਮਿੱਟੀ-ਘੱਟੇ ਵਿਚ ਰਲਾਉਣ ਲਈ ਤਿਆਰ ਹੋ ? ਮੈਨੂੰ ਤਜਰਬਾ ਹੈ ਕਿ ਜਿਹਲ ਵਾਲਿਆਂ ਨੇ ਸਾਨੂੰ ਆਪੋ-ਵਿਚੀ ਦੁਫ਼ਾੜ ਕਰਨ ਲਈ ਉਹ ਹੱਥਕੰਡੇ ਵਰਤਣੇ ਹਨ, ਜਿਨ੍ਹਾਂ ਦਾ ਤੁਹਾਨੂੰ ਤਜਰਬਾ ਨਹੀਂ । ਸਾਨੂੰ ਸਾਰਿਆਂ ਨੂੰ ਵੱਖਰਿਆਂ-ਵੱਖਰਿਆਂ ਕਰਕੇ ਇਕ-ਦੂਜੇ ਤੋਂ ਨਿਖੇੜਨ ਲਈ ਅਜੀਬ-ਅਜੀਬ ਕਹਾਣੀਆਂ ਘੜਨੀਆਂ ਹਨ । ਕਈਆਂ ਨੂੰ ਸਾਨੂੰ ਦਿਖਾ-ਦਿਖਾ ਬੈਂਤਾਂ ਜੜਨੀਆਂ ਹਨ ਅਤੇ ਹਰ ਉਹ ਤਸੀਹਾ ਦੇਣਾ ਹੈ, ਜਿਹੜਾ ਤੁਸੀਂ ਸੁਫ਼ਨੇ ਵਿਚ ਵੀ ਨਹੀਂ ਸੋਚਿਆ ਹੋਣਾ ।"

ਝਿੰਗੜ ਸਾਹਿਬ ਨੇ ਪੂਰੇ ਵਿਸਥਾਰ ਨਾਲ ਸਾਰੀਆਂ ਗੱਲਾਂ ਬਬਰਾਂ ਅਗੇ ਰੱਖ ਦਿੱਤੀਆਂ ਅਤੇ ਸੋਚਣ ਲਈ ਇਕ ਦਿਨ ਦੀ ਮੁਹਲਤ ਦੇਣ ਦੀ ਤਜਵੀਜ਼ ਪੇਸ਼ ਕੀਤੀ । ਵਿਚੋਂ ਹੀ ਕਈ ਸਾਥੀ ਬੋਲ ਉਠੇ, "ਇਹਦੇ ਵਿਚ ਸੋਚਣ ਵਾਲੀ ਕਿਹੜੀ ਗੱਲ ਹੈ ? ਅਸੀਂ ਘਰਾਂ ਤੋਂ ਸਿਰ-ਧੜ ਦੀ ਬਾਜ਼ੀ ਲਾ ਕੇ ਬਬਰ ਜਥੇ ਵਿਚ ਸ਼ਾਮਲ ਹੋਏ ਸੀ ਅਤੇ ਹਰ ਤਰ੍ਹਾਂ ਦੇ ਉਹ ਕਾਰਨਾਮੇ ਕੀਤੇ ਜਿਨ੍ਹਾਂ ਦੇ ਇਵਜ਼ਾਨੇ ਵਿਚ ਕੈਦ ਦੀ ਸਜ਼ਾ ਮਿਲੀ ਹੈ । ਖੰਘਰ (ਮਤਲਬ ਵਾਇਦਾ-ਮੁਆਫ਼) ਪਹਿਲਾਂ ਹੀ ਝੜ ਚੁੱਕੇ ਹਨ । ਬਾਕੀ ਤਾਂ ਕੁੰਦਨ ਹੀ ਬਚਿਆ ਹੈ ।"

ਸਾਰਿਆਂ ਨੇ ਝਿੰਗੜ ਸਾਹਿਬ ਨੂੰ ਅਖ਼ਤਿਆਰ ਦੇ ਦਿੱਤਾ ਕਿ "ਤੁਹਾਡੇ ਹਰ ਹੁਕਮ ਦੀ ਅਸੀਂ ਪਾਲਣਾ ਕਰਾਂਗੇ ਅਤੇ ਕੀਤੀ ਪ੍ਰਤਿਗਿਆ ਨੂੰ ਆਖ਼ਰੀ ਸਵਾਸਾਂ ਤੱਕ ਨਿਭਾਵਾਂਗੇ ।" ਸੋ ਸਰਬਸੰਮਤੀ ਨਾਲ ਉਸੇ ਸ਼ਾਮ ਤੋਂ ਭੁੱਖ-ਹੜਤਾਲ ਸ਼ੁਰੂ ਕਰ ਦੇਣ ਦਾ ਫ਼ੈਸਲਾ ਕਰ ਲਿਆ ਗਿਆ ।

ਤਿੰਨ ਦਿਨ ਲਗਾਤਾਰ ਬੜੀ ਸ਼ਾਂਤੀ ਨਾਲ ਭੁੱਖ-ਹੜਤਾਲ ਚਲਦੀ ਰਹੀ। ਚੌਥੇ ਦਿਨ ਸਾਫ਼-ਸੁਥਰੀਆਂ ਪੱਕੀਆਂ ਰੋਟੀਆਂ, ਦਾਲ, ਸਬਜ਼ੀ, ਦੁਪਹਿਰ ਦਾ ਗੁੱਲਾ ਆਦਮੀਆਂ ਦੇ ਖਾਣ ਵਾਲਾ ਬਬਰਾਂ ਨੂੰ ਮਿਲਣਾ ਸ਼ੁਰੂ ਹੋ ਗਿਆ ਅਤੇ ਜਿਹਲ ਦੇ ਅਧਿਕਾਰੀਆਂ ਨੇ ਝਿੰਗੜ ਸਾਹਿਬ ਨੂੰ ਯਕੀਨ ਦੁਆ ਦਿੱਤਾ ਕਿ ਅੱਗੋਂ ਲਈ ਇਸੇ ਤਰ੍ਹਾਂ ਦਾ ਖਾਣਾ ਬਬਰਾਂ ਨੂੰ ਮਿਲਦਾ ਰਹੇਗਾ। ਬਬਰਾਂ ਨੇ ਝਿੰਗੜ ਸਾਹਿਬ ਦੇ ਹੁਕਮ ਮੁਤਾਬਿਕ ਭੁੱਖ-ਹੜਤਾਲ ਖ਼ਤਮ ਕਰ ਦਿੱਤੀ। ਪਰ ਇਹ ਜਿਹਲ-ਅਧਿਕਾਰੀਆਂ ਦਾ ਇਕ ਵੇਲਾ-ਟਪਾਊ ਹੱਥਕੰਡਾ ਸੀ। ਅੱਗੇ ਜਾ ਕੇ ਬਬਰਾਂ ਅਤੇ ਜਿਹਲ-ਅਧਿਕਾਰੀਆਂ ਦੀਆਂ ਫੇਰ ਸਿੱਧੀਆਂ ਟੱਕਰਾਂ ਹੋਈਆਂ ਅਤੇ ਕਈ ਬਬਰ ਭੁੱਖ-ਹੜਤਾਲਾਂ ਕਰ-ਕਰ ਮੌਤ ਕਿਨਾਰੇ ਪੁੱਜ ਗਏ, ਤਾਂ ਸਰਕਾਰ ਨੂੰ ਮਜਬੂਰ ਹੋ ਕੇ ਬਬਰਾਂ ਦੀ ਭੁੱਖ-ਹੜਤਾਲ ਤੁੜਵਾਉਣ ਲਈ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ, ਕਾਂਗਰਸੀ ਤੇ ਖ਼ਿਲਾਫ਼ਤੀ ਆਗੂਆਂ ਅਤੇ ਪੰਜਾਬ ਕੌਂਸਲ ਦੇ ਮੈਂਬਰਾਂ ਨੂੰ ਸਾਲਿਸ ਬਨਾਉਣ ਲਈ ਬੇਬਸ ਹੋਣਾ ਪਿਆ ਸੀ। ਇਥੋਂ ਤਕ ਕਿ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਤੋਂ ਹੁਕਮ-ਨਾਮਾ ਜਾਰੀ ਕਰਾ ਕੇ ਬਬਰਾਂ ਦੀ ਭੁੱਖ-ਹੜਤਾਲ ਤੁੜਵਾਉਣੀ ਪਈ ਸੀ। ਕੌਂਸਲ ਦੇ ਮੈਂਬਰ, ਬੂਟਾ ਸਿੰਘ ਸ਼ੇਖ਼ੂਪੁਰੀਆ ਅਤੇ ਇਕ ਮੁਸਲਮਾਨ ਮੈਂਬਰ ਬਬਰਾਂ ਦੀ ਭੁੱਖ ਹੜਤਾਲ ਤੁੜਵਾਉਣ ਲਈ ਸਰਕਾਰ ਨੇ ਭੇਜੇ ਸਨ।

ਜਿਹੜੇ ਪੰਜਾਂ ਬਬਰਾਂ—ਭਾਈ ਕਿਸ਼ਨ ਸਿੰਘ ਗੜਗੱਜ, ਬਾਬੂ ਸੰਤਾ ਸਿੰਘ, ਭੁਜੰਗੀ ਦਲੀਪਾ, ਨੰਦ ਸਿੰਘ ਅਤੇ ਕਰਮ ਸਿੰਘ—ਨੂੰ ਫ਼ਾਂਸੀ ਦੀਆਂ ਚੌਦਾਂ ਨੰਬਰ ਦੀਆਂ ਕੋਠੀਆ ਵਿਚ ਲਿਜਾ ਡਕਿਆ ਗਿਆ ਸੀ, ਉਹਨਾਂ ਨੂੰ ਬਗੈਰ ਨਾਲਿਉਂ, ਗੋਡਿਆਂ ਤੋਂ ਕੁਝ ਨੀਵੀਂ ਤੰਬੀ ਅਤੇ ਲੰਡੀਆਂ ਬਾਹਾਂ ਵਾਲਾ ਕੁੜਤਾ ਦੇ ਕੇ ਪੱਗ, ਕਛਹਿਰਾ, ਕੁੜਤਾ ਅਤੇ ਪਜਾਮਾ ਜ਼ਬਰਦਸਤੀ ਲੁਹਾ ਲਏ ਗਏ। ਕਛਹਿਰੇ ਨਾ ਲੁਹਾਉਣ ਲਈ ਬਬਰਾਂ ਨੇ ਹਰ-ਮੁਮਕਿਨ ਵਾਹ ਲਾਈ, ਪਰ ਹੱਥ-ਕੜੀਆਂ ਵਿਚ ਜਕੜੇ ਹੋਏ ਕਿੰਨੀ ਕੁ ਦੇਰ ਮੁਕਾਬਲਾ ਕਰ ਸਕਦੇ ਸਨ। ਪੰਜ-ਸੱਤ ਇਖ਼ਲਾਕੀ ਹੱਟੇ-ਕੱਟੇ, ਛਟੇ ਹੋਏ ਕੈਦੀ ਉਹਨਾਂ ਉੱਪਰ ਭੁਖੇ ਸ਼ੇਰਾਂ ਵਾਂਗੂ ਛੱਡ ਦਿੱਤੇ ਗਏ ਸਨ। ਉਹ ਨਿਗੂਣੀਆਂ ਜ਼ਾਤੀ ਸਹੂਲਤਾਂ ਲਈ ਨੀਚ ਤੋਂ ਨੀਚ ਹੁਕਮ ਦੀ ਤਾਮੀਲ ਕਰਨ ਲਈ ਤਿਆਰ ਰਹਿੰਦੇ ਸਨ। ਸੋ ਪੰਜਾਂ ਹੀ ਬਬਰਾਂ ਨੇ ਉਸੇ ਵੇਲੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ, ਜੀਹਦੀ ਖ਼ਬਰ ਬਾਹਰ ਵੀ ਜਾ ਪੁੱਜੀ। ਨਤੀਜੇ ਵਜੋਂ ਆਮ ਸਿੱਖਾਂ ਵਿਚ ਸਰਕਾਰ ਵਿਰੁੱਧ ਤਕੜਾ ਰੋਸ ਪੈਦਾ ਹੋ ਗਿਆ। ਖ਼ਾਸ ਤੌਰ ਉੱਤੇ ਲਾਹੌਰੋਂ ਨਿਕਲਦੇ ਅਖ਼ਬਾਰਾਂ ਵਿਚ ਧੜੱਲੇਦਾਰ ਲੇਖ ਛਪਣੇ ਸ਼ੁਰੂ ਹੋ ਗਏ। ਸਰਕਾਰ-ਪੱਖੀ ਸਿੱਖ ਵੀ ਮੁਤਾਸਿਰ ਹੋਣੋਂ ਨਾ ਰਹਿ ਸਕੇ ਅਤੇ ਸਰ ਜੋਗਿੰਦਰ ਸਿੰਘ ਤੇ ਸੁੰਦਰ ਸਿੰਘ ਮਜੀਠੀਏ ਵਰਗੇ ਸਿੱਖਾਂ ਨੂੰ ਵੀ ਸਰਕਾਰ ਉੱਤੇ ਜ਼ੋਰ ਪਾਉਣਾ ਪਿਆ ਕਿ ਹਰ ਸਿਖ ਕੈਦੀ ਨੂੰ ਦਸਤਾਰ ਅਤੇ ਕਛਹਿਰਾ ਪਹਿਨਣ ਦੀ ਆਗਿਆ ਦਿੱਤੀ ਜਾਵੇ। ਇਹ ਸਿੱਖੀ ਦੇ ਜ਼ਰੂਰੀ ਚਿੰਨ੍ਹ ਹਨ। ਕੰਘੇ ਵਿਚ ਛੋਟੀ ਕਿਰਪਾਨ ਬਤੌਰ ਰਹਿਤ ਦੀ ਨਿਸ਼ਾਨੀ ਦੇ ਸਰਕਾਰ ਨੂੰ ਮਨਜ਼ੂਰ ਕਰਨ ਲਈ ਝੁਕਣਾ ਪਿਆ। ਪੰਜਾਂ ਹੀ ਫ਼ਾਂਸੀ ਵਾਲੇ ਬਬਰਾਂ ਨੇ ਉਪਰਲੀਆਂ ਮੰਗਾਂ ਮਨਜ਼ੂਰ ਹੋ ਜਾਣ ਮਗਰੋਂ ਚੌਧਵੇਂ ਦਿਨ ਭੁੱਖ-ਹੜਤਾਲ ਸਮਾਪਤ ਕਰ ਦਿਤੀ। ਅਰਥਾਤ ਪੰਜਾਂ ਬਬਰਾਂ ਦੀ ਭੁੱਖ-ਹੜਤਾਲ ਦੇ ਸਿੱਟੇ ਵਜੋਂ ਪੰਜ ਕਕਾਰ ਧਾਰਨ ਕਰਨ ਦੀ ਆਗਿਆ ਕੈਦੀਆਂ ਅਤੇ ਫ਼ਾਂਸੀ

ਵਾਲਿਆਂ ਸਿੱਖਾਂ ਲਈ ਮਨਜ਼ੂਰ ਹੋ ਗਈ। ਇਸੇ ਗੱਲ ਦਾ ਸਿੱਟਾ ਸਮਝੋ ਜਾਂ ਕਰਿਸ਼ਮਾ ਕਹਿ ਲਉ ਕਿ ਉਹ ਇਖ਼ਲਾਕੀ ਸਿੱਖ ਕੈਦੀ, ਜਿਹੜੇ ਕਤਲਾਂ, ਡਕੈਤੀਆਂ ਅਤੇ ਭਾਂਤ-ਭਾਂਤ ਦੇ ਇਖ਼ਲਾਕੀ ਜੁਰਮਾਂ ਵਿਚ ਸਜ਼ਾਵਾਂ ਭੁਗਤ ਰਹੇ ਸਨ, ਸਣੇ ਫ਼ਾਂਸੀ ਵਾਲਿਆਂ ਦੇ, ਦੇਖਾ-ਦੇਖੀ ਪੰਜਾਂ ਕਕਾਰਾਂ ਦੇ ਰਹਿਤੀਏ ਅਤੇ ਬਬਰਾਂ ਦੇ ਸ਼ਰਧਾਲੂ ਬਨਣੇ ਸ਼ੁਰੂ ਹੋ ਗਏ। ਚੌਦਾਂ ਨੰਬਰ ਦੇ ਕੁੱਲ ਇਖ਼ਲਾਕੀ ਫ਼ਾਂਸੀਆਂ ਵਾਲੇ ਸਿੱਖ ਕੈਦੀ ਤਾਂ ਪੱਕੇ ਸਿੱਖ ਬਣ ਗਏ ਸਨ ਅਤੇ ਭਾਈ ਕਿਸ਼ਨ ਸਿੰਘ ਜੀ ਨੂੰ ਪਾਠ ਚੰਗੀ ਉੱਚੀ ਆਵਾਜ਼ ਵਿਚ ਸੁਣਾਉਣਾ ਪੈਂਦਾ ਸੀ। ਇਥੋਂ ਤਕ ਕਿ ਪਹਿਰਾ ਦੇਣ ਵਾਲੇ ਵਾਰਡਰ ਤੱਕ ਅੰਤਰ-ਧਿਆਨ ਹੋ ਕੇ ਗੁਰਬਾਣੀ ਸੁਨਣ ਲੱਗ ਪਏ ਸਨ ਅਤੇ ਭਾਈ ਸਾਹਿਬ ਦਾ ਸਤਿਕਾਰ ਕਰਨ ਲੱਗ ਪਏ ਸਨ।

ਇਸੇ ਤਰ੍ਹਾਂ ਬਾਕੀ ਬਬਰਾਂ ਨੇ ਆਮ ਇਖ਼ਲਾਕੀ ਕੈਦੀਆਂ ਉੱਤੇ ਅਸਰ ਪਾਉਣਾ ਸ਼ੁਰੂ ਕਰ ਦਿੱਤਾ ਸੀ। ਕੈਦੀਆਂ ਨੇ ਜਿਹਲਾਂ ਦੇ ਸੁਧਾਰ ਦੀਆਂ ਤਜਵੀਜ਼ਾਂ ਜਿਹਲ-ਅਧਿਕਾਰੀਆਂ ਸਾਹਮਣੇ ਇਕਮੁੱਠ ਹੋ ਕੇ ਰਖਣੀਆਂ ਸ਼ੁਰੂ ਕਰ ਦਿਤੀਆਂ। ਸਰਕਾਰ ਨੂੰ ਵੀ ਸੋਚਣਾ ਪੈ ਗਿਆ। ਨਿੱਤ ਨਵੇਂ ਸੂਰਜ ਲਾਹੌਰ ਜਿਹਲ ਦੇ ਸਾਰੇ ਸਿਆਸੀ ਕੈਦੀ ਮੀਟਿੰਗਾਂ ਕਰਨ ਲੱਗ ਪਏ ਅਤੇ ਡਸਿਪਲਨ ਵਿਚ ਰਹਿੰਦਿਆਂ ਜਿਹਲ ਦੇ ਅਧਿਕਾਰੀਆਂ ਨੂੰ ਜਿਹਲ ਦੇ ਕਾਨੂੰਨਾਂ ਦੀ ਪਾਲਣਾ ਕਰਨ ਲਈ ਮਜਬੂਰ ਕਰਨ ਲੱਗ ਪਏ।

* * *

ਉਹਨਾਂ ਦਿਨਾਂ ਵਿਚ ਦੇਸ ਵਿਚ ਅੰਗਰੇਜ਼ ਹਕੂਮਤ ਵਿਰੁੱਧ ਕਾਫ਼ੀ ਜਾਗਰਤੀ ਪੈਦਾ ਹੋ ਚੁੱਕੀ ਸੀ। ਜਿਹਲਾਂ ਅੰਦਰ ਲੜਾਈ ਦਾ ਇਕੋ-ਇਕ ਢੁੱਕਵਾਂ ਹਥਿਆਰ ਭੁੱਖ-ਹੜਤਾਲ ਸੀ। ਸਰਕਾਰ-ਪੱਖੀ ਰਾਇ ਬਹਾਦਰ, ਖਾਨ ਬਹਾਦਰ ਅਤੇ ਸਰਦਾਰ ਬਹਾਦਰ ਵੀ ਸਰਕਾਰ ਉੱਤੇ ਜ਼ੋਰ ਪਾਉਣ ਲਈ ਮਜਬੂਰ ਹੋ ਗਏ ਸਨ ਕਿ ਜਿਹਲਾਂ ਵਿਚ ਸਰਕਾਰ ਵੱਲੋਂ ਸਿਆਸੀ ਕੈਦੀਆਂ ਨਾਲ ਹੋ ਰਹੀਆਂ ਜ਼ਿਆਦਤੀਆਂ ਜ਼ਰੂਰ ਬੰਦ ਹੋਣੀਆਂ ਚਾਹੀਦੀਆਂ ਹਨ। ਨਤੀਜੇ ਵਜੋਂ ਸਰਕਾਰ ਨੂੰ ਮਜਬੂਰ ਹੋ ਕੇ ਝੁਕਣਾ ਪਿਆ ਅਤੇ ਉਹਨੇ ਇਕ ਕਮਿਸ਼ਨ ਥਾਪਣ ਦਾ ਐਲਾਨ ਕਰ ਦਿੱਤਾ।

ਇਸ ਕਮਿਸ਼ਨ ਦਾ ਆਗੂ ਹਾਈ ਕੋਰਟ ਦਾ ਚੀਫ਼ ਜਸਟਿਸ ਸਰ ਸਾਦੀ ਲਾਲ ਥਾਪਿਆ ਗਿਆ। ਉਹ ਬਾਕੀ ਮੈਂਬਰਾਂ ਨਾਲ 1925 ਦਸੰਬਰ ਦੇ ਅਖੀਰ ਵਿਚ ਸਭ ਤੋਂ ਪਹਿਲਾਂ ਲਾਹੌਰ ਸੈਂਟਰਲ ਜਿਹਲ ਪੁੱਜਿਆ। ਉਥੇ ਬਬਰਾਂ ਨੇ ਸਿਆਸੀ ਹੱਕ ਹਾਸਲ ਕਰਨ ਲਈ ਪਹਿਲਾਂ-ਪਹਿਲ ਭੁੱਖ-ਹੜਤਾਲ ਦਾ ਆਰੰਭ ਕੀਤਾ ਸੀ। ਖ਼ਾਸ ਕਰਕੇ ਫ਼ਾਂਸੀ ਵਾਲੇ ਬਬਰਾਂ ਨੇ ਹੀ ਸਰਕਾਰ ਨੂੰ ਹਲੂਣਿਆ ਸੀ। ਸੋ ਬਬਰਾਂ ਦਾ ਲੀਡਰ ਕਰਮ ਸਿੰਘ ਝਿੰਗੜ ਚਾਰ ਹੋਰ ਸਾਥੀਆਂ ਨੂੰ ਨਾਲ ਲੈ ਕੇ ਕਮਿਸ਼ਨ ਸਾਹਮਣੇ ਜਾ ਪੇਸ਼ ਹੋਇਆ। ਉਸ ਵੇਲੇ ਜਿਹਲਾਂ ਦਾ ਆਈ ਜੀ ਅਤੇ ਕੁੱਲ ਛੋਟੇ-ਵਡੇ ਅਫ਼ਸਰ ਮੌਜੂਦ ਸਨ। ਝਿੰਗੜ ਸਾਹਿਬ ਨੇ ਜਿਹਲ ਅੰਦਰ ਕੀਤੀਆਂ ਜਾ ਰਹੀਆਂ ਇਹਨਾਂ ਅਫ਼ਸਰਾਂ ਦੀਆਂ ਕਰਤੂਤਾਂ ਨੰਗੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ। ਸਿਆਸੀ ਕੈਦੀਆਂ ਤੋਂ ਇਲਾਵਾ ਇਖ਼ਲਾਕੀ ਕੈਦੀਆਂ ਉੱਤੇ ਕੀਤੇ ਜਾ ਰਹੇ ਜ਼ੁਲਮਾਂ ਦੀ ਵੀ ਤਫ਼ਸੀਲ ਅਜਿਹੇ ਢੰਗ ਨਾਲ ਕਮਿਸ਼ਨ ਸਾਹਮਣੇ ਪੇਸ਼ ਕੀਤੀ ਕਿ ਸੁਨਣ ਵਾਲਿਆਂ ਦੇ ਰੌਂਗਟੇ ਖੜੇ ਹੋ ਗਏ। ਝਿੰਗੜ ਸਾਹਿਬ ਨੇ ਮਿਸਾਲਾਂ ਦੇ-ਦੇ ਸਾਬਤ ਕਰ

ਦਿੱਤਾ ਕਿ ਇਹ ਜਿਹਲਾਂ ਜੋ ਬਦਮਾਸ਼ਾਂ ਦੇ ਸੁਧਾਰ ਲਈ ਬਣੀਆਂ ਸਨ, ਸੁਧਾਰ ਦੀ ਥਾਂ ਬੁੱਦੜਖ਼ਾਨੇ ਬਣ ਚੁੱਕੀਆਂ ਸਨ। ਜਿਹਲ ਦੇ ਕਾਨੂੰਨਾਂ ਦੀ ਪਾਲਣਾ ਕਰਨ ਦੀ ਥਾਂ ਜਿਹਲ-ਅਧਿਕਾਰੀ ਆਪਣੀ ਮਨਮਰਜ਼ੀ ਦਾ ਕਾਨੂੰਨ ਵਰਤ ਰਹੇ ਸਨ।

ਬਬਰਾਂ ਦੇ ਪਰਭਾਵ ਹੇਠ ਵੱਡੇ-ਵੱਡੇ ਮੰਨੇ-ਪ੍ਰਮੰਨੇ ਇਖ਼ਲਾਕੀ ਕੈਦੀ ਪਹਿਲਾਂ ਹੀ ਆ ਚੁੱਕੇ ਸਨ। ਉਹਨਾਂ ਨੇ ਅਫ਼ਸਰਾਂ ਦੀ ਮੌਜੂਦਗੀ ਦੀ ਪ੍ਰਵਾਹ ਨਾ ਕਰਦਿਆਂ ਉਹਨਾਂ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਹਾਈ ਕੋਰਟ ਦੇ ਚੀਫ਼ ਜੱਜ ਸਾਹਮਣੇ ਇਸ ਢੰਗ ਨਾਲ ਰੱਖ ਦਿੱਤੀਆਂ ਕਿ ਜੱਜ ਸਾਹਿਬ ਸਣੇ ਬਾਕੀ ਦੇ ਦੋ ਮੈਂਬਰ ਵੀ ਕੀਲੇ ਗਏ, ਜਿਨ੍ਹਾਂ ਵਿਚ ਇਕ ਹਿੰਦੂ ਅਤੇ ਦੂਜਾ ਮੁਸਲਮਾਨ ਸੀ।

ਜਿਸ ਵੇਲੇ ਇਹਨਾਂ ਨੇ ਮਿੱਟੀ-ਘੱਟੇ ਵਾਲੀਆਂ ਰੋਟੀਆਂ, ਕੰਕਰਾਂ ਨਾਲ ਭਰੀ ਦਾਲ ਅਤੇ ਸੁੰਡੀਆਂ ਵਾਲਾ ਕੁਲਫ਼ਾ ਕਮਿਸ਼ਨ ਸਾਹਮਣੇ ਪੇਸ਼ ਕੀਤਾ, ਜੋ ਪਸ਼ੂਆਂ ਦੇ ਖਾਣ ਦੇ ਵੀ ਕਾਬਲ ਨਹੀਂ ਸੀ, ਤਾਂ ਅਫ਼ਸਰਾਂ ਦੇ ਸਿਰਾਂ ਉੱਤੇ ਘੜਿਆਂ-ਮੂੰਹੀਂ ਪਾਣੀ ਪੈ ਗਿਆ ਸਮਝੋ। ਝਿੰਗੜ ਸਾਹਿਬ ਨੇ ਆਖਿਆ ਕਿ "ਜਦੋਂ ਰਾਸ਼ਨ ਦੇ ਆਟੇ ਦੀਆਂ ਬੋਰੀਆਂ ਸਿੱਧੀਆਂ ਜਿਹਲ ਦੇ ਅਫ਼ਸਰਾਂ ਦੇ ਘਰੀਂ ਜਾਣ ਲੱਗ ਪੈਣ ਅਤੇ ਇਹਨਾਂ ਦੇ ਰਿਸ਼ਤੇਦਾਰਾਂ ਤੱਕ ਅਤੇ ਨਿੱਕੇ ਤੋਂ ਨਿੱਕੇ ਜਿਹਲ-ਅਧਿਕਾਰੀ ਤੱਕ ਦੇ ਘਰ ਆਟਾ, ਸਬਜ਼ੀਆਂ, ਦਾਲਾਂ ਅਤੇ ਹੋਰ ਸਭ ਕੁਝ ਜਾਣ ਲਗ ਜਾਵੇ ਤਾਂ ਕੈਦੀਆਂ ਨੂੰ ਜਿਹਲ ਦੇ ਕਾਨੂੰਨ ਮੁਤਾਬਿਕ ਖ਼ੁਰਾਕ ਕਿਵੇਂ ਮਿਲ ਸਕਦੀ ਹੈ। ਨਿਗੂਣੀ-ਨਿਗੂਣੀ ਗੱਲ ਬਦਲੇ ਕੈਦੀਆਂ ਦੇ ਬੈਂਤ, ਖੜੀਆਂ ਹੱਥਕੜੀਆਂ ਅਤੇ ਡੰਡਾਂ-ਬੇੜੀਆਂ ਲੱਗ ਜਾਣ, ਚੱਕੀ-ਬੰਦੀ ਹੋ ਜਾਵੇ ਅਤੇ ਕੋਹਲੂ ਤੇ ਹਲਟ ਗੇੜਨੇ ਪੈ ਜਾਣ, ਤਾਂ ਕੈਦੀ ਵਿਚਾਰੇ ਕਿਵੇਂ ਜ਼ਬਾਨ ਖੋਲ੍ਹ ਸਕਦੇ ਹਨ। ਅਸੀਂ ਤੁਹਾਡੇ ਸਾਹਮਣੇ ਜਿਹੜੇ ਕੈਦੀ ਗਵਾਹਾਂ ਦੇ ਤੌਰ ਉੱਤੇ ਪੇਸ਼ ਕੀਤੇ ਹਨ, ਹੁਣ ਇਹਨਾਂ ਦੀ ਜਾਨ ਦੀ ਖ਼ੈਰ ਨਹੀਂ ਜਾਪਦੀ। ਪਰ ਉਹ ਸਚਾਈ ਪਰਗਟ ਕਰਨ ਲਈ ਸਾਨੂੰ ਕਹਿ ਚੁੱਕੇ ਸਨ। ਸੋ ਕਿਰਪਾ ਕਰਨੀ, ਉਹਨਾਂ ਦੀ ਰਖਿਆ ਤੁਹਾਡੇ ਜ਼ਿੰਮੇਂ ਹੈ। ਬਾਕੀ ਰਹਿ ਗਏ ਅਸੀਂ। ਅਸੀਂ ਆਪਣੀ ਬਾਬਤ ਕੋਈ ਰਿਆਇਤ ਨਹੀਂ ਮੰਗਦੇ। ਅਸੀਂ ਘਰਾਂ ਤੋਂ ਦੇਸ ਨੂੰ ਆਜ਼ਾਦ ਕਰਾਉਣ ਲਈ ਸਿਰ-ਧੜ ਦੀ ਬਾਜ਼ੀ ਲਾਈ ਸੀ। ਹੁਣ ਜਿਹਲਾਂ ਦੇ ਸੁਧਾਰ ਲਈ ਤਿਆਰੀ ਕਰੀਂ ਬੈਠੇ ਹਾਂ। ਸਾਨੂੰ ਪਤਾ ਹੈ, ਸਾਡੇ ਨਾਲ ਕੀ ਵਰਤਾਉ ਹੋਣਾ ਹੈ। ਸੋ ਸਾਡੀ ਚਿੰਤਾ ਦੀ ਲੋੜ ਨਹੀਂ। ਅਸੀਂ ਜਾਂ ਤਾਂ ਜਿਹਲਾਂ ਨੂੰ ਇਨਸਾਨਾਂ ਦੇ ਰਹਿਣ ਦੀ ਥਾਂ ਬਣਾ ਦਿਆਂਗੇ, ਜਾਂ ਇਸੇ ਜਦੋ-ਜਹਿਦ ਵਿਚ ਖ਼ਤਮ ਹੋ ਜਾਵਾਂਗੇ।"

ਅਸਲ ਵਿਚ ਬਬਰਾਂ ਨੂੰ ਜਿਹਲ ਵਿਚ ਪਹਿਲਾਂ ਹੀ ਇਤਲਾਹ ਪੁੱਜ ਚੁੱਕੀ ਸੀ ਕਿ ਸਰਕਾਰ ਜਿਹਲਾਂ ਦੇ ਸੁਧਾਰ ਲਈ ਇਕ ਕਮਿਸ਼ਨ ਥਾਪ ਰਹੀ ਹੈ ਜਿਹੜਾ ਜਿਹਲਾਂ ਵਿਚ ਜਾ ਕੇ ਕੈਦੀਆਂ ਨਾਲ ਮੁਲਾਕਾਤਾਂ ਕਰੇਗਾ ਅਤੇ ਕਿਸੇ ਸਿੱਟੇ ਉੱਤੇ ਪੁੱਜ ਕੇ ਆਪਣੀ ਰਿਪੋਰਟ ਸਰਕਾਰ ਨੂੰ ਭੇਜੇਗਾ। ਇਸੇ ਦਾ ਨਤੀਜਾ ਸੀ ਕਿ ਬਬਰਾਂ ਨੇ ਪੂਰੀ ਤਿਆਰੀ ਕਰ ਲਈ ਸੀ ਅਤੇ ਚੁਣਵੇਂ ਇਖ਼ਲਾਕੀ ਕੈਦੀ ਗਵਾਹੀਆਂ ਲਈ ਤਿਆਰ ਕਰ ਲਏ ਸਨ, ਜਿਹੜੇ ਕਾਫ਼ੀ ਨਿੱਡਰ ਹੋ ਕੇ ਹਰ ਮੁਸੀਬਤ ਦਾ ਟਾਕਰਾ ਕਰਨ ਲਈ ਤਿਆਰ ਸਨ। ਉਹ ਝਿੰਗੜ ਸਾਹਿਬ ਸਾਹਮਣੇ ਕਸਮਾਂ ਖਾ ਚੁੱਕੇ ਸਨ। ਝਿੰਗੜ ਸਾਹਿਬ ਨੇ ਕਮਿਸਨ ਨੂੰ ਜਿਸ-ਜਿਸ ਕੈਦੀ ਨੂੰ ਪੇਸ਼ ਕਰਨ ਲਈ ਕਿਹਾ, ਉਹੋ ਕੈਦੀ ਜਿਹਲ-ਅਧਿਕਾਰੀਆਂ ਨੂੰ ਲਿਆ ਕੇ ਪੇਸ਼ ਕਰਨਾ ਪਿਆ ਸੀ। ਮਿਲ ਰਹੀ ਖ਼ੁਰਾਕ

ਵਗੈਰਾ ਪਹਿਲਾਂ ਹੀ ਪੇਸ਼ ਕਰਨ ਲਈ ਰੱਖ ਲਈ ਗਈ ਸੀ । ਜਿਹਲ-ਅਧਿਕਾਰੀ ਸੁਫ਼ਨੇ ਵਿਚ ਵੀ ਨਹੀਂ ਸਨ ਸੋਚ ਸਕਦੇ ਕਿ ਬਬਰਾਂ ਨੇ ਇਥੋਂ ਤਕ ਉਹਨਾਂ ਦੇ ਸਿਰ ਸੁਆਹ ਦੇ ਟੋਕਰੇ ਪਾਉਣ ਲਈ ਪੱਕੇ-ਪੈਰੀਂ ਬੰਦੋਬਸਤ ਕਰ ਰਖਿਆ ਹੈ । ਇਹ ਤਾਂ ਅਚਾਨਕ ਉਹਨਾਂ ਦੇ ਸਿਰ ਬਿਜਲੀ ਆ ਡਿੱਗਣ ਵਾਲੀ ਗੱਲ ਬਣ ਗਈ ਸੀ ।

ਇਖ਼ਲਾਕੀ ਕੈਦੀਆਂ ਨੇ ਬਿਆਨ ਦਿੰਦਿਆਂ ਆਪਣੀਆਂ ਪਿੱਠਾ ਨੰਗੀਆਂ ਕਰਕੇ ਕਮਿਸ਼ਨ ਨੂੰ ਦਸਿਆ ਕਿ "ਜਿਸ ਵੇਲੇ ਸਜ਼ਾ ਦੇ ਤੌਰ ਉੱਤੇ ਸਾਨੂੰ ਹਲਟ ਜਾਂ ਕੋਹਲੂ ਗੇੜਨਾ ਪੈਂਦਾ ਹੈ ਤਾਂ ਇਕ ਲੰਬੜਦਾਰ ਦੀ ਡਿਊਟੀ ਹੁੰਦੀ ਹੈ ਕਿ ਜਿਹੜਾ ਕੈਦੀ ਜਰਾ ਜਿੰਨੀ ਸੁਸਤੀ ਦਿਖਾਏ, ਉਹ ਉਹਦੀ ਪਿੱਠ ਉੱਤੇ ਕਸ ਕੇ ਬੈਂਤ ਜੜ ਦਿਆ ਕਰੇ । ਸੌਣ ਲੱਗਿਆਂ ਗਿੱਟਿਆਂ ਵਿਚ ਪਏ ਕੜਿਆਂ ਵਿਚ ਲੋਹੇ ਦੀਆਂ ਜ਼ੰਜੀਰਾਂ ਪੁਆ ਦਿਤੀਆਂ ਜਾਂਦੀਆਂ ਹਨ ਅਤੇ ਲੰਬੜਦਾਰਾਂ ਦੀ ਡਿਊਟੀ ਲਾ ਦਿੱਤੀ ਜਾਂਦੀ ਹੈ ਕਿ ਜ਼ੰਜੀਰ ਖਿੱਚ-ਖਿੱਚ ਕੈਦੀ ਨੂੰ ਜਗਾਈ ਰਖਿਆ ਜਾਵੇ ।"

ਅਖ਼ੀਰ ਵਿਚ ਝਿੰਗੜ ਸਾਹਿਬ ਨੇ ਕਮਿਸਨ ਨੂੰ ਇਕ ਕਿਸਮ ਦੀ ਚਿਤਾਵਨੀ ਵਾਂਗੂ ਦੱਸ ਦਿੱਤਾ ਕਿ "ਐਸ ਵੇਲੇ ਸਭ ਜਿਹਲ-ਅਧਿਕਾਰੀ ਤੁਹਾਡੀ ਮੌਜੂਦਗੀ ਵਿਚ ਗਊ ਦੇ ਜਾਏ ਬਣੇ ਬੈਠੇ ਹਨ, ਪਰ ਇਹ ਤੁਹਾਡੇ ਜਿਹਲੋਂ ਬਾਹਰ ਪੈਰ ਪਾਉਂਦਿਆਂ ਹੀ ਸਾਡੇ ਵਲੋਂ ਪੇਸ ਕੀਤੇ ਗਏ ਗਵਾਹਾਂ ਉੱਤੇ ਭੁੱਖੇ ਸ਼ੇਰਾਂ ਵਾਂਗ ਟੁੱਟ ਪੈਣਗੇ ਅਤੇ ਉਹ-ਉਹ ਤਸੀਹੇ ਦੇਣਗੇ ਜਿਹੜੇ ਤੁਸੀਂ ਸੋਚ ਵੀ ਨਹੀਂ ਸਕਦੇ । ਸੋ ਕਿਰਪਾ ਕਰਕੇ ਇਕ ਚੱਕਰ ਹੋਰ ਮਾਰਨ ਦੀ ਜ਼ਰੂਰ ਖੇਚਲ ਕਰਨੀ ਤਾਂ ਜੋ ਸਾਡੀ ਕਹੀ ਗੱਲ ਦੀ ਤਸਦੀਕ ਹੋ ਸਕੇ । ਅਸੀਂ ਇਹ ਪਰਨ ਕੀਤਾ ਹੋਇਆ ਹੈ ਕਿ ਜਿੰਨਾ ਚਿਰ ਜਾਨ ਵਿਚ ਜਾਨ ਹੈ, ਅਸੀਂ ਪੁਰ-ਅਮਨ ਰਹਿੰਦਿਆਂ ਇਹਨਾਂ ਗ਼ੈਰ-ਕਾਨੂੰਨੀ ਤਸੀਹਿਆਂ ਦਾ ਖਿੜੇ ਮੱਥੇ ਮੁਕਾਬਲਾ ਕਰਨਾ ਹੈ ਅਤੇ ਆਪਣੇ ਸਿਆਸੀ ਹੱਕ ਹਾਸਲ ਕਰਨ ਲਈ ਲਗਾਤਾਰ ਜੱਦੋਜਹਿਦ ਜਾਰੀ ਰਖਣੀ ਹੈ ।" ਤੇ ਕਮਿਸ਼ਨ ਦਾ ਧੰਨਵਾਦ ਕਰਦਿਆਂ ਸਭ ਆਪਣੀਆਂ-ਆਪਣੀਆਂ ਬੈਰਕਾਂ ਜਾ ਕੋਠੀਆਂ ਵੱਲ ਚਲੇ ਗਏ ।

ਕਮਿਸ਼ਨ ਦੇ ਮੈਂਬਰਾਂ ਨੂੰ ਜਿਸ ਵੇਲੇ ਜਿਹਲਾਂ ਦੀ ਸਹੀ ਹਾਲਤ ਦਾ ਪਤਾ ਲਗਿਆ, ਤਾਂ ਉਹ ਏਨੇ ਪ੍ਰਭਾਵਿਤ ਹੋਏ ਕਿ ਪੰਜਾਬ ਦੀਆਂ ਦੂਜੀਆਂ ਜਿਹਲਾਂ ਵਿਚ ਜਾ ਕੇ ਪੜਤਾਲ ਕਰਨ ਦਾ ਸਾਰਾ ਪ੍ਰੋਗਰਾਮ ਮਨਸੂਖ ਕਰ ਦਿੱਤਾ ਅਤੇ ਰਿਪੋਟ ਤਿਆਰ ਕਰਕੇ ਫ਼ਟਾਫ਼ਟ ਪੰਜਾਬ ਸਰਕਾਰ ਦੇ ਹਵਾਲੇ ਕਰ ਦਿੱਤੀ ਗਈ ।

ਸਿੱਟਾ ਇਹ ਨਿਕਲਿਆ ਕਿ 1926 ਦੇ ਸ਼ੁਰੂ ਵਿਚ ਹੀ ਸਾਰੀਆਂ ਜਿਹਲਾਂ ਵਿਚ ਪੰਜਾਬ ਸਰਕਾਰ ਵਲੋਂ ਨਵੀਆਂ ਹਦਾਇਤਾਂ ਪੁੱਜ ਗਈਆਂ, ਜਿਨ੍ਹਾਂ ਉੱਤੇ ਜਿਹਲ-ਅਧਿਕਾਰੀ ਅਮਲ ਕਰਨ ਲਈ ਮਜਬੂਰ ਹੋ ਗਏ । ਇਹ ਸੀ ਬਬਰਾਂ ਦੀ ਜਿਹਲਾਂ ਦੇ ਸੁਧਾਰ ਲਈ ਵੰਨਗੀ ਵਜੋਂ ਪਹਿਲੀ ਜੱਦੋਜਹਿਦ ।

* * *

ਸ਼ੁਰੂ 1926 ਵਿਚ ਕਮਿਸ਼ਨ ਦੀ ਰਿਪੋਟ ਪੁਜਦਿਆਂ ਹੀ ਸਰਕਾਰ ਵੱਲੋਂ ਸਭ ਜਿਹਲ-ਅਫ਼ਸਰਾਂ ਨੂੰ ਹਦਾਇਤਾਂ ਪੁੱਜ ਗਈਆਂ । ਉਹਨਾਂ ਅਨੁਸਾਰ ਚੱਕੀ, ਕੋਹਲੂ ਤੇ ਹਲਟ ਗੇੜਨ ਅਤੇ ਮੁੰਜਾਂ ਕੁੱਟਣ ਵਰਗੀਆਂ ਵਹਿਸ਼ੀ ਮੁਸ਼ੱਕਤਾਂ ਬੰਦ ਕਰ ਦਿਤੀਆਂ ਗਈਆਂ । ਹਰ ਕੈਦੀ ਨੂੰ ਇਨਸਾਨਾਂ ਦੇ ਖਾਣ ਵਾਲੀ ਖ਼ੁਰਾਕ, ਇਕ-ਇਕ ਚਾਦਰ ਅਤੇ ਪਰਨਾ ਮਿਲ ਗਏ । ਸਵਾ ਰੁਪਿਆ ਹਫ਼ਤਾ ਉਜਰਤ ਮਿਲਣ ਲੱਗ ਪਈ, ਜਿਸ

ਵਿਚੋਂ ਦਸ ਆਨੇ ਕੈਦੀ ਮਨ-ਮਰਜ਼ੀ ਨਾਲ ਖ਼ਰਚ ਕਰ ਸਕਦਾ ਸੀ, ਭਾਵ ਖਾਣ ਲਈ ਗੁੜ ਵਗੈਰਾ ਖ਼ਰੀਦ ਸਕਦਾ ਸੀ। ਨਤੀਜੇ ਵਜੋਂ ਜਿਹਲ ਅੰਦਰ ਹੀ ਸਟੋਰ ਖੋਲ੍ਹ ਦਿੱਤੇ ਗਏ ਸਨ। ਬਾਕੀ ਦਸ ਆਨੇ ਉਹਦੇ ਖ਼ਾਤੇ ਵਿਚ ਜਮ੍ਹਾਂ ਹੋਣੇ ਸ਼ੁਰੂ ਹੋ ਗਏ ਸਨ ਤਾਂ ਜੋ ਰਿਹਾਈ ਵੇਲੇ ਕੈਦੀ ਨੂੰ ਇਕੱਠੀ ਰਕਮ ਮਿਲ ਸਕੇ । ਉਹ ਬਾਹਰ ਜਾ ਕੇ ਜਾਂ ਕੋਈ ਆਪਣਾ ਧੰਦਾ ਖੋਲ੍ਹ ਸਕੇ ਜਾਂ ਘਰੋਗੀ ਖ਼ਰਚਾ ਚਲਾ ਸਕੇ। ਇਖ਼ਲਾਕੀ ਕੈਦੀਆਂ ਲਈ ਇਹ ਇਕ ਹੈਰਾਨ ਕਰਨ ਵਾਲੀ ਗੱਲ ਸੀ । ਸਹਿਜੇ-ਸਹਿਜੇ ਸਭ ਕੈਦੀਆਂ ਨੂੰ ਪਤਾ ਲਗਦਾ ਗਿਆ ਕਿ ਇਹ ਅਨੋਖਾ ਚਮਤਕਾਰ ਬਬਰਾਂ ਦੀ ਜੱਦੋ-ਜਹਿਦ ਦਾ ਨਤੀਜਾ ਹੈ। ਜਿਹਲ-ਅਧਿਕਾਰੀ ਵੀ ਆਪਣਾ ਰਵਈਆ ਬਦਲਣ ਲਈ ਮਜਬੂਰ ਤਾਂ ਜ਼ਰੂਰ ਹੋ ਗਏ ਸਨ, ਪਰ ਅੰਦਰੋਂ-ਅੰਦਰੀ ਸੱਟ ਖਾਧੇ ਸੱਪ ਵਾਂਗੂ ਵਿਸ ਘੋਲ ਰਹੇ ਸਨ ਅਤੇ ਸਕੀਮਾਂ ਸੋਚ ਰਹੇ ਸਨ ਕਿ ਕਿਵੇਂ ਬਦਲਾ ਚੁਕਾਇਆ ਜਾ ਸਕਦਾ ਹੈ। ਉਹਨਾਂ ਲਈ ਮੂੰਹ ਲੱਗਿਆ ਲਹੂ ਇਕਦਮ ਛੱਡਣਾ ਬੜਾ ਹੀ ਦੁਖਦਾਈ ਸੀ। ਸਮਝ ਲਉ, ਨਵੀਂ ਪੈਂਤਰੇਬਾਜ਼ੀ ਨੇ ਜਨਮ ਲੈਣਾ ਸ਼ੁਰੂ ਕਰ ਦਿੱਤਾ।

* * *

ਜਿਹਲ ਦੇ ਦਸਤੂਰ ਮੁਤਾਬਿਕ ਲੋਹੇ ਦੇ ਦੋ ਬਾਟੇ, ਇਕ ਵੱਡਾ ਦਾਲ-ਰੋਟੀ ਲਈ ਅਤੇ ਇਕ ਛੋਟਾ ਪਾਣੀ ਪੀਣ ਲਈ, ਹਰ ਕੈਦੀ ਨੂੰ ਦਿੱਤੇ ਜਾਂਦੇ ਸਨ। ਹਰ ਸਵੇਰ ਸ਼ਾਮ ਕੈਦੀ ਆਪਣੀ ਬੈਰਕ ਅੱਗੇ ਪਹਿਲਾਂ ਪੀਣ ਲਈ ਪਾਣੀ ਭਰ ਲਿਆਉਂਦਾ ਸੀ ਅਤੇ ਫੇਰ ਪੰਗਤ ਵਿਚ ਆ ਬੈਠਦਾ ਸੀ। ਦੋਨੋਂ ਬਾਟੇ ਆਪਣੇ ਅੱਗੇ ਸਜਾ ਲੈਂਦਾ ਸੀ। ਪਹਿਲਾਂ ਜਿਹਲ ਦੇ ਕੈਦੀ ਲਾਂਗਰੀਆਂ ਵਿਚੋਂ ਦੋ ਨੇ ਰੋਟੀਆਂ ਦਾ ਭਰਿਆ ਹਇਆ ਟੋਕਰਾ ਚੁਕਿਆ ਹੁੰਦਾ ਸੀ ਅਤੇ ਤੀਜਾ ਦੋ-ਦੋ ਰੋਟੀਆਂ ਹਰ ਬਾਟੇ ਵਿਚ ਸੁੱਟੀ ਜਾਂਦਾ ਸੀ। ਇਸੇ ਤਰ੍ਹਾਂ ਤਿੰਨ ਕੈਦੀ ਲਾਂਗਰੀ ਸਬਜ਼ੀ ਜਾਂ ਦਾਲ ਦੀ ਕੜਾਹੀ ਲੈ ਕੇ ਵਰਤਾਈ ਜਾਂਦੇ ਸਨ। ਛੇ ਦਿਨ ਤਾਂ ਕੈਦੀਆਂ ਨੂੰ ਰੋਟੀ ਇਉਂ ਵਰਤਾਈ ਜਾਂਦੀ ਸੀ, ਪਰ ਸੱਤਵਾਂ, ਸੋਮਵਾਰ ਦਾ ਦਿਨ ਸਭ ਤੋਂ ਨਿਰਾਲੀ ਕਿਸਮ ਦਾ ਹੁੰਦਾ ਸੀ, ਕਿਉਂਕਿ ਜਿਹਲ ਦਾ ਸੁਪਰਿੰਟੈਂਡੈਂਟ ਹਰ ਸੋਮਵਾਰ ਬਾਟਾ ਪ੍ਰੇਡ ਦੇ ਮੁਲਾਹਜ਼ੇ ਲਈ ਤਸ਼ਰੀਫ਼ ਲਿਆਇਆ ਕਰਦਾ ਸੀ।

ਇਹ ਬਾਟਾ ਪ੍ਰੇਡ ਕੀ ਬਲਾ ਸੀ, ਉਹ ਵੀ ਸੁਣ ਲਓ।

ਹਰ ਐਤਵਾਰ ਨੂੰ ਛੁੱਟੀ ਹੁੰਦੀ ਸੀ। ਅਰਥਾਤ ਕੈਦੀਆਂ ਤੋਂ ਕੋਈ ਮੁਸ਼ੱਕਤ ਨਹੀਂ ਸੀ ਲਈ ਜਾਂਦੀ। ਬਹੁਤੇ ਕੈਦੀ ਆਪਣੇ ਦੋਨੋਂ ਬਾਟੇ ਉਸ ਦਿਨ ਲਿਸ਼ਕਾਉਣ ਦੀ ਪੂਰੀ ਵਾਹ ਲਾਉਂਦੇ ਹੁੰਦੇ ਸਨ। ਸੋਮਵਾਰ ਨੂੰ ਹਰ ਕੈਦੀ ਆਪਣੇ ਬਾਟੇ ਲੈ ਕੇ ਪੰਗਤ ਵਿਚ ਬੈਠ ਜਾਂਦਾ ਸੀ। ਰੋਟੀ ਤੋਂ ਪਹਿਲਾਂ ਸੁਪਰਿੰਟੈਂਡੈਂਟ ਹਰ ਬੈਰਕ ਵਿਚ ਗਸ਼ਤ ਲਈ ਪੁਜਦਾ ਸੀ। ਜੀਹਦੇ ਬਾਟੇ ਸਭ ਤੋਂ ਵੱਧ ਲਿਸ਼ਕਦੇ ਹੁੰਦੇ ਸਨ, ਉਹ ਉਹਦੇ ਕਾਰਡ ਉੱਤੇ ਕੈਦ ਦੀ ਛੋਟ ਦੇ ਦਿਨ ਦਰਜ ਕਰ ਜਾਂਦਾ ਸੀ। ਹਰ ਕੈਦੀ ਦੀ ਇੱਛਾ ਛੇਤੀ ਰਿਹਾਈ ਦੀ ਤਾਂ ਹੁੰਦੀ ਹੀ ਹੈ ।

ਇਹਦੇ ਨਾਲ ਹੀ ਇਕ ਹੋਰ ਰਿਵਾਜ ਵੀ ਸੀ। ਕਦੀ-ਕਦਾਈਂ ਜੇ ਕੋਈ ਉੱਚ-ਅਧਿਕਾਰੀ ਜਿਹਲ ਦੇ ਮੁਆਇਨੇ ਲਈ ਤਸ਼ਰੀਫ਼ ਲਿਆਉਂਦਾ, ਤਾਂ ਉਹਨੂੰ ਕੈਦੀਆਂ ਤੋਂ ਇਕ ਪ੍ਰੇਡ ਕਰਵਾ ਕੇ ਦਿਖਾਈ ਜਾਂਦੀ ਸੀ। ਇਹਦਾ ਨਾਂ ਸੀ ਜਿਹਲ ਦੀ ਬਾਟਾ ਪ੍ਰੇਡ। ਅਫ਼ਸਰ ਦੇ ਆਉਣ ਤੋਂ ਇਕ ਦਿਨ ਪਹਿਲਾਂ ਕੈਦੀਆਂ ਨੂੰ ਆਪਣੇ-ਆਪਣੇ

ਦੋਨੋਂ ਬਾਟੇ ਲਿਸ਼ਕਾਉਣ ਲਈ ਮੁਸ਼ੱਕਤ ਤੋਂ ਛੋਟ ਮਿਲ ਜਾਂਦੀ ਸੀ ਤਾਂ ਜੋ ਅਗਲੇ ਦਿਨ ਬਾਟਾ ਪ੍ਰੇਡ ਕਰਵਾਈ ਜਾ ਸਕੇ।

ਪਹਿਲੀ ਘੰਟੀ ਬਜਦਿਆਂ ਹੀ ਸਭ ਕੈਦੀ ਲਿਸ਼ਕਾਏ ਹੋਏ ਬਾਟੇ ਹੱਥਾਂ ਵਿਚ ਫੜੀ ਬੈਰਕ ਦੇ ਅੰਦਰੋਂ ਕਤਾਰ ਵਿਚ ਬਾਹਰ ਆ ਖੜੋਂਦੇ। ਦੂਜੀ ਘੰਟੀ ਬਜਦਿਆਂ ਹੀ ਸਭ ਕੈਦੀ ਆਪਣੇ-ਆਪਣੇ ਦੋਨੋਂ ਬਾਟੇ ਅਗੜ-ਪਿੱਛੇ ਪੂਰੀ ਸੇਧ ਵਿਚ ਰੱਖ ਕੇ ਬੈਰਕ ਦੇ ਪਿਛਲੇ ਪਾਸੇ ਚਲੇ ਜਾਂਦੇ। ਸੇਧ ਲਈ ਜ਼ਮੀਨ ਉੱਤੇ ਰੱਸੀ ਰੱਖ ਕੇ ਪਹਿਲਾਂ ਹੀ ਚੂਨਾ ਵਿਛਾਇਆ ਹੋਇਆ ਹੁੰਦਾ ਸੀ। ਤੀਜੀ ਘੰਟੀ ਬਜਦਿਆਂ ਉਪਰ ਦੱਸੇ ਵਾਂਗੂ ਇਕ ਬਾਟੇ ਵਿਚ ਦੋ ਰੋਟੀਆਂ ਅਤੇ ਦੂਜੇ ਵਿਚ ਦਾਲ ਜਾਂ ਸਬਜ਼ੀ ਦੀ ਡੋਹਰੀ ਪ੍ਰੋਸੀ ਜਾਂਦੀ। ਚੌਥੀ ਘੰਟੀ ਬਜਦਿਆਂ ਹੀ ਸਭ ਕੈਦੀ ਕਤਾਰ ਵਿਚ ਜਿਵੇਂ ਗਏ ਸਨ, ਉਵੇਂ ਹੀ ਪਰਤ ਕੇ ਆਪਣੇ-ਆਪਣੇ ਬਾਟਿਆਂ ਸਾਹਮਣੇ ਆ ਖੜੋਂਦੇ। ਪੰਜਵੀਂ ਘੰਟੀ ਬਜਦਿਆਂ ਸਭ ਬੈਠ ਕੇ ਰੋਟੀ ਖਾਣੀ ਸ਼ੁਰੂ ਕਰ ਦਿੰਦੇ। ਛੇਵੀਂ ਘੰਟੀ ਬਜਦਿਆਂ ਸਭ ਕੈਦੀ ਆਪਣੇ-ਆਪਣੇ ਬਾਟੇ ਚੁੱਕ ਲੈਂਦੇ ਅਤੇ ਕਤਾਰ ਵਿਚ ਹੀ ਬੈਰਕ ਦੇ ਪਿਛਲੇ ਪਾਸੇ ਚਲੇ ਜਾਂਦੇ, ਜਿਥੇ ਪਾਣੀ ਦੀ ਇਕ ਪੱਕੀ ਨਾਲੀ ਬਣੀ ਹੋਈ ਹੁੰਦੀ ਸੀ। ਉਹ ਉਸੇ ਨਾਲੀ ਵਿਚੋਂ ਪਾਣੀ ਪੀਂਦਿਆਂ ਬਾਟੇ ਧੋਂਦੇ। ਹਾਲੇ ਜੇ ਕੋਈ ਕੈਦੀ ਰੋਟੀ ਨਾ ਖਾ ਸਕਿਆ ਹੁੰਦਾ, ਉਹਨੂੰ ਵੀ ਉੱਠ ਕੇ ਕਤਾਰ ਵਿਚ ਰਲਣਾ ਪੈਂਦਾ ਸੀ। ਤੁਰਿਆ ਜਾਂਦਾ ਭਾਵੇਂ ਖਾਈ ਜਾਵੇ। ਸੱਤਵੀਂ ਘੰਟੀ ਬਜਦਿਆਂ ਉਸੇ ਤਰ੍ਹਾਂ ਸਭ ਕੈਦੀ ਕਤਾਰ ਬਣਾਈ ਬੈਰਕ ਅੰਦਰ ਜਾ ਕੇ ਆਪਣੀ-ਆਪਣੀ ਖੱਡੀ ਉੱਤੇ ਚੌਕੜੀ ਮਾਰ ਕੇ ਬੈਠ ਜਾਂਦੇ। ਜਿਸ ਵੇਲੇ ਉਚ-ਅਧਿਕਾਰੀ ਚਲਿਆ ਜਾਂਦਾ, ਕੈਦੀ ਮੁਸ਼ੱਕਤਾਂ ਉੱਤੇ ਚਲੇ ਜਾਂਦੇ।

ਜਨਵਰੀ 1926 ਦੇ ਅਖੀਰ ਜਿਹੇ ਜਿਹਲਾਂ ਦਾ ਆਈ ਜੀ ਲਾਹੌਰ ਜਿਹਲ ਦੇ ਮੁਆਇਨੇ ਲਈ ਆਉਣ ਵਾਲਾ ਸੀ, ਜਿਸ ਕਰਕੇ ਬਾਟਾ ਪ੍ਰੇਡ ਦੀ ਰੀਹਰਸਲ ਸ਼ੁਰੂ ਹੋ ਗਈ। ਪਰ ਬਬਰਾਂ ਨੇ ਇਹੋ ਜਿਹੀ ਨਿਰਾਦਰੀ ਵਾਲੀ ਪ੍ਰੇਡ ਕਰਨ ਤੋਂ ਇਨਕਾਰ ਕਰ ਦਿੱਤਾ। ਨਤੀਜਾ ਇਹ ਨਿਕਲਿਆ ਕਿ ਸਭ ਬਬਰ ਮੁੜ ਬੈਰਕ ਸੇਲਾਂ ਅੰਦਰ ਲਿਆ ਡੱਕੇ ਗਏ, ਮਤਾਂ ਇਖ਼ਲਾਕੀ ਕੈਦੀ ਵੀ ਉਹਨਾਂ ਨਾਲ ਰਲ ਜਾਣ। ਦੂਜੇ ਸਪਲੀਮੈਂਟਰੀ ਕੇਸ ਦਾ ਹਾਲੇ ਹੁਕਮ ਨਹੀਂ ਸੀ ਸੁਣਾਇਆ ਗਿਆ, ਜਿਸ ਕਰਕੇ ਉਹ 36 ਬਬਰ ਬੈਰਕ ਨੰਬਰ ਪੰਜ ਵਿਚ ਹੀ ਬੰਦ ਸਨ। ਸੋ ਜਿਹਲ ਦੇ ਅਧਿਕਾਰੀਆਂ ਨੇ ਬੜੀ ਹੁਸ਼ਿਆਰੀ ਨਾਲ ਇਹ ਛੂਤ ਇਖ਼ਲਾਕੀ ਕੈਦੀਆਂ ਵਿਚ ਫੈਲਣ ਤੋਂ ਰੋਕ ਤਾਂ ਲਈ, ਪਰ ਅੰਦਰੋ-ਅੰਦਰੀ ਸੜ-ਬਲ ਗਏ ਅਤੇ ਬਬਰਾਂ ਦੀ ਇਸ ਹਰਕਤ ਨੂੰ ਜਿਹਲ ਦੇ ਕਾਨੂੰਨ ਦੀ ਘੋਰ ਉਲੰਘਣਾ ਸਮਝਿਆ ਗਿਆ। ਆਈ ਜੀ ਦਾ ਦੌਰਾ ਲੰਘਾ ਕੇ ਜਿਹਲ ਦੇ ਅਧਿਕਾਰੀਆਂ ਨੇ ਸੁਖ ਦਾ ਸਾਹ ਲਿਆ ਅਤੇ ਆਈ ਜੀ ਨੂੰ 16 ਤੇ 5 ਨੰਬਰ ਦੀਆਂ ਬੈਰਕਾਂ ਵੱਲ ਘੁੰਮਣ ਦੀ ਖੇਚਲ ਹੀ ਨਾ ਦਿੱਤੀ ਗਈ। ਆਈ ਬਲਾ ਉਸ ਵੇਲੇ ਟਾਲਣ ਵਿਚ ਜਿਹਲ-ਅਧਿਕਾਰੀ ਸਫਲ ਤਾਂ ਜ਼ਰੂਰ ਹੋ ਗਏ, ਪਰ ਆਪਣੇ ਹੁਕਮ ਦੀ ਦਿਨ-ਦੀਵੀਂ ਮਿੱਟੀ ਪਲੀਤ ਹੋਈ ਦੇਖ ਕੇ ਅਗੋਂ ਲਈ ਬਬਰਾਂ ਨੂੰ ਸਬਕ ਸਿਖਾਉਣ ਦੀਆਂ ਘਾੜਤਾਂ ਘੜਨ ਵਿਚ ਜੁਟ ਗਏ। ਸੁਪਰਿੰਟੈਂਡੈਂਟ ਅਤੇ ਦਰੋਗਾ ਦੇ ਤੁਰੱਰੇ, ਜਿਹੜੇ ਹਰ ਵੇਲੇ ਉੱਚੇ ਉੱਠੇ ਰਹਿੰਦੇ ਸਨ, ਦੇਖਦਿਆਂ-ਦੇਖਦਿਆਂ ਲੰਮੇ ਪੈ ਚੁੱਕੇ ਸਨ ਅਤੇ ਆਮ ਇਖ਼ਲਾਕੀ ਕੈਦੀਆਂ ਵਿਚ ਚਰਚਾ ਬਣ ਚੁਕੇ ਸਨ, ਜੋ ਅੰਦਰੋ-ਅੰਦਰੀ ਖ਼ੁਸ਼ੀਆਂ ਮਨਾ ਰਹੇ ਸਨ।

# 67. ਲਾਹੌਰ ਅਤੇ ਮੁਲਤਾਨ ਦੀਆਂ ਜਿਹਲਾਂ ਵਿਚ ਬਬਰਾਂ ਦੀਆਂ ਭੁੱਖ-ਹੜਤਾਲਾਂ

19 ਜਨਵਰੀ 1926 ਨੂੰ ਹਾਈ ਕੋਰਟ ਨੇ ਅਪੀਲ ਦਾ ਫ਼ੈਸਲਾ ਸੁਣਾ ਦਿੱਤਾ ਸੀ ਅਤੇ 27 ਫ਼ਰਵਰੀ 1926 ਨੂੰ ਛੇ ਬਬਰ ਫ਼ਾਂਸੀ ਉੱਤੇ ਚੜ੍ਹਾ ਦਿਤੇ ਗਏ। ਅਗਲੇ ਦਿਨ, ਬਾਵਜੂਦ ਐਤਵਾਰ ਦੀ ਛੁੱਟੀ ਦੇ, ਦੂਜੇ ਕੇਸ ਦਾ ਫ਼ੈਸਲਾ ਸੈਸ਼ਨ ਜੱਜ ਨੇ ਸੁਣਾ ਦਿਤਾ। ਇਸ ਕੇਸ ਵਿਚ ਸੱਤਾਂ ਨੂੰ ਫਾਸੀ ਦਾ ਹੁਕਮ ਹੋਇਆ ਸੀ। ਹਾਈ ਕੋਰਟ ਦਾ ਡਵੀਯਨ ਬੈਂਚ ਉਹੋ ਸੀ, ਜੀਹਨੇ ਪਹਿਲਾ ਕੇਸ ਸੁਣਿਆ ਸੀ। ਦੂਜੇ ਕੇਸ ਵਿਚ ਸਭ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ, ਜਿਨ੍ਹਾਂ ਨੂੰ ਅਗਲੇ ਦਿਨ ਪਹਿਲਾਂ ਬਬਰਾਂ ਨਾਲ ਸੋਲਾਂ ਨੰਬਰ ਬੈਰਕ ਵਿਚ ਲਿਆ ਡੱਕਿਆ ਗਿਆ। ਇਸ ਤਰ੍ਹਾਂ ਮਾਰਚ ਦਾ ਮਹੀਨਾ ਲੰਘ ਗਿਆ। ਪਹਿਲੀ ਅਪਰੈਲ 1926 ਨੂੰ ਨਵੀਂ ਤਿਆਰ ਕੀਤੀ ਜਾ ਚੁੱਕੀ ਜਿਹਲ ਮੁਲਤਾਨ ਵਿਚ ਹੇਠ-ਲਿਖੇ 13 ਉਮਰ ਕੈਦੀ ਬਬਰਾਂ ਨੂੰ ਘੱਲ ਦਿੱਤਾ ਗਿਆ :

ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ ਗੋਸਲ, ਗਿਆਨੀ ਕਰਤਾਰ ਸਿੰਘ ਗੋਂਦਪੁਰੀ, ਬੂਟਾ ਸਿੰਘ ਪਿੰਡੋਰੀ ਨਿੱਝਰਾਂ, ਸੁਰੈਣ ਸਿੰਘ ਦੌਲਤਪੁਰ, ਸੁਰੈਣ ਸਿੰਘ ਕੋਟਗਮਾਈ, ਊਧਮ ਸਿੰਘ ਸੂਰਾਨੁੱਸੀ, ਗਿਆਨ ਸਿੰਘ ਆਲੋਵਾਲ, ਮੁਣਸ਼ਾ ਸਿੰਘ ਜੌਹਲਾਂ, ਭਾਨ ਸਿੰਘ ਰੰਧਾਵਾ ਮਸੰਦਾਂ, ਪਿਆਰਾ ਸਿੰਘ ਧਾਮੀਆਂ, ਸੰਤ ਠਾਕੁਰ ਸਿੰਘ ਰਾਜੋਵਾਲ ਅਤੇ ਮਾਣ ਸਿੰਘ ਗੁਜਰਾਂਵਾਲਾ।

ਇਹ ਜਿਹਲ ਖ਼ਤਰਨਾਕ ਕਰਾਂਤੀਕਾਰੀਆਂ ਲਈ ਖ਼ਾਸ ਤੌਰ ਉੱਤੇ ਤਿਆਰ ਕੀਤੀ ਗਈ ਸੀ। ਇਸ ਵਿਚ ਸਭ ਤੋਂ ਪਹਿਲਾਂ ਬਬਰ ਹੀ ਭੇਜੇ ਗਏ ਸਨ। ਬਾਅਦ ਵਿਚ ਅਹਿਮਦਗੜ੍ਹ ਡਕੈਤੀ ਵਾਲੇ, ਭਗਤ ਸਿੰਘ ਦੇ ਸਾਥੀ, ਮਾਰਸ਼ਲ ਲਾਅ ਵਾਲੇ ਅਤੇ ਗ਼ਦਰ ਪਾਰਟੀ ਵਾਲੇ ਵੀ ਇਸੇ ਜਿਹਲ ਵਿਚ ਭੇਜੇ ਗਏ ਸਨ। ਇੰਚਾਰਜ ਲਾਏ ਗਏ ਸਨ ਸਾਰੇ ਪੰਜਾਬ ਵਿਚ ਬਦਨਾਮ ਅਫ਼ਸਰ, ਜਿਨ੍ਹਾਂ ਦੀਆਂ ਸ਼ਕਲਾਂ ਦੇਖ ਕੇ ਹੀ ਇਖ਼ਲਾਕੀ ਕੈਦੀ ਸਹਿਮ ਜਾਇਆ ਕਰਦੇ ਸਨ। ਇਕ ਪਾਸੇ ਹਕੂਮਤ ਦੇ ਨਸ਼ੇ ਵਿਚ ਮਦਹੋਸ਼ ਜਿਹਲ-ਅਧਿਕਾਰੀ ਅਤੇ ਦੂਜੇ ਬੰਨੇ ਬੇੜੀਆਂ-ਹੱਥਕੜੀਆਂ ਵਿਚ ਜਕੜੇ ਜਾ ਚੁੱਕੇ ਬਬਰ ਸ਼ੇਰ। ਮੁਕਦੀ ਗੱਲ ਮੁਕਾਬਲੇ ਦੀ ਟੱਕਰ ਹੀ ਕਹੀ ਜਾ ਸਕਦੀ ਹੈ। ਕੀ ਲਾਹੌਰ ਅਤੇ ਕੀ ਮੁਲਤਾਨ, ਦੋਹਾਂ ਜਿਹਲਾਂ ਵਿਚ ਹੀ ਸਿੱਧੀਆਂ ਟੱਕਰਾਂ

ਦੀਆਂ ਤਿਆਰੀਆਂ ਹੋ ਗਈਆਂ। ਦੋਨੋਂ ਧਿਰਾਂ ਦੋਹਾਂ ਜਿਹਲਾਂ ਵਿਚ ਆਹਮੋ-ਸਾਹਮਣੇ ਖੜੋ ਗਈਆਂ।

* * *

ਲਾਹੌਰ ਜਿਹਲ ਵਿਚ ਬਾਕੀ ਬਚਦੇ ਦੋਹਾਂ ਕੇਸਾਂ ਦੇ ਬਬਰ ਮੁੜ ਉਹਨਾਂ ਇਖ਼ਲਾਕੀ ਕੈਦੀਆਂ ਦੀਆਂ ਬੈਰਕਾਂ ਵਿਚ ਵੰਡ ਕੇ ਪੁਚਾ ਦਿਤੇ ਗਏ, ਜਿਵੇਂ-ਜਿਵੇਂ ਮੁਸ਼ੱਕਤਾਂ ਦੀ ਵੰਡ ਕੀਤੀ ਗਈ ਸੀ। 26 ਅਪਰੈਲ 1926 ਨੂੰ ਚਾਰ ਬਬਰਾਂ, ਹਜ਼ਾਰਾ ਸਿੰਘ ਮੰਡੇਰਾਂ, ਬਚਿੰਤ ਸਿੰਘ ਦਮੁੰਢਾ, ਭੋਲਾ ਸਿੰਘ ਧਾਮੀਆਂ ਅਤੇ ਵੱਡੇ ਕਰਤਾਰ ਸਿੰਘ ਝੁਮੇਲੀ ਨੇ ਜਿਹਲ-ਅਧਿਕਾਰੀਆਂ ਅੱਗੇ ਮੰਗ ਰੱਖੀ ਕਿ "ਅਸੀਂ ਸਿਆਸੀ ਕੈਦੀ ਹਾਂ, ਸਾਡੇ ਨਾਲ ਸਿਆਸੀ ਕੈਦੀਆਂ ਵਾਲਾ ਵਰਤਾਉ ਕੀਤਾ ਜਾਵੇ। ਜਿੰਨਾ ਚਿਰ ਸਾਡੀ ਇਹ ਮੰਗ ਪ੍ਰਵਾਨ ਨਹੀਂ ਕੀਤੀ ਜਾਂਦੀ, ਅਸੀਂ ਉਨਾਂ ਚਿਰ ਭੁੱਖ-ਹੜਤਾਲ ਉੱਤੇ ਰਹਾਂਗੇ। ਸਾਨੂੰ ਉਹ ਸਭ ਸਹੂਲਤਾਂ ਦਿੱਤੀਆਂ ਜਾਣ ਜੋ ਆਮ ਸਿਆਸੀ ਕੈਦੀਆਂ, ਕਾਂਗਰਸੀ, ਖ਼ਿਲਾਫ਼ਤੀ ਅਤੇ ਅਕਾਲੀ ਕੈਦੀਆ ਨੂੰ ਐਸ ਵੇਲੇ ਦਿਤੀਆਂ ਜਾ ਰਹੀਆਂ ਹਨ।"

ਉਸੇ ਹੀ ਵੇਲੇ ਇਹਨਾਂ ਚਾਰਾਂ ਨੂੰ ਇਕੱਲੀ-ਇਕੱਲੀ ਕੋਠੀ ਵਿਚ ਲਿਜਾ ਬੰਦ ਕੀਤਾ ਗਿਆ ਅਤੇ ਕਰੜੇ ਪਹਿਰੇ ਦਾ ਬੰਦੋਬਸਤ ਵੀ ਕਰ ਲਿਆ ਗਿਆ, ਤਾਂ ਜੋ ਬਾਕੀ ਕੈਦੀਆਂ ਤੱਕ ਖ਼ਬਰ ਨਾ ਪੁੱਜ ਸਕੇ।

ਅਗਲੇ ਦਿਨ ਚਾਰਾਂ ਨੂੰ ਖ਼ੁਦਕਸ਼ੀ ਦੇ ਜੁਰਮ ਹੇਠ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ। ਬਿਆਨ ਲਿਖ ਲੈਣ ਤੋਂ ਬਾਅਦ ਅਦਾਲਤ ਨੇ ਉਸੇ ਵੇਲੇ ਹੁਕਮ ਸੁਣਾ ਦਿਤਾ ਅਤੇ ਚਾਰਾਂ ਦੀ ਸਜ਼ਾ ਇਕ-ਇਕ ਸਾਲ ਹੋਰ ਵਧਾ ਦਿੱਤੀ।

ਜਿਸ ਵੇਲੇ ਇਹ ਖ਼ਬਰ ਬਾਕੀ ਬਬਰਾਂ ਤੱਕ ਪੁੱਜੀ ਤਾਂ ਹੇਠ-ਲਿਖੇ ਬਬਰ ਵੀ ਉਹਨਾਂ ਚਾਰਾਂ ਨਾਲ ਸ਼ਾਮਲ ਹੋ ਗਏ ਅਤੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ ਗਈ : ਕਰਤਾਰ ਸਿੰਘ ਪਿੰਡੋਰੀ ਨਿੱਝਰਾਂ, ਹਰਬਖ਼ਸ਼ ਸਿੰਘ ਜੱਸੋਵਾਲ, ਛੱਜਾ ਸਿੰਘ ਮਸਾਣੀਆਂ, ਰਾਮ ਸਿੰਘ ਮੁਜ਼ਾਰਾ ਕਲਾਂ, ਭੋਲਾ ਸਿੰਘ ਕਾਠਾ, ਆਤਮਾ ਸਿੰਘ ਬੀਕਾ, ਠਾਕੁਰ ਸਿੰਘ ਭਾਰਟਾ ਅਤੇ ਪ੍ਰਤਾਪ ਸਿੰਘ ਛਬੀਲਪੁਰ। ਇਹ ਅੱਠ ਬਬਰ ਮਿਲ ਕੇ ਕੁੱਲ ਗਿਣਤੀ ਬਾਰਾਂ ਹੋ ਗਈ। ਉਧਰ ਜਿਹਲ-ਅਧਿਕਾਰੀ ਵੀ ਤਰ੍ਹਾਂ-ਤਰ੍ਹਾਂ ਦੇ ਦਾਅ-ਪੇਚ ਖੇਡਣ ਲੱਗ ਪਏ। ਸਭ ਤੋਂ ਪਹਿਲਾਂ ਗਰਮ-ਗਰਮ ਦੁੱਧ ਖੰਡ ਘੋਲ ਕੇ ਬਾਟਿਆਂ ਵਿਚ ਰੱਖਣਾ ਸ਼ੁਰੂ ਕਰ ਦਿੱਤਾ। ਪਰ ਬਬਰਾਂ ਨੇ ਉਸੇ ਵੇਲੇ ਉਹ ਡੋਲ੍ਹਣਾ ਸ਼ੁਰੂ ਕਰ ਦਿੱਤਾ। ਫੇਰ ਅਧਿਕਾਰੀਆਂ ਨੇ ਇਹ ਅੰਦਾਜ਼ਾ ਲਾਉਣਾ ਸ਼ੁਰੂ ਕਰ ਦਿੱਤਾ ਕਿ ਇਕ ਬਬਰ ਚੌਵੀ ਘੰਟਿਆਂ ਵਿਚ ਕਿੰਨਾ ਪਾਣੀ ਪੀ ਜਾਂਦਾ ਹੈ। ਸੋ ਘੜੀਆਂ ਦਾ ਪਾਣੀ ਮਿਨਣਾ ਸ਼ੁਰੂ ਕਰ ਦਿੱਤਾ। ਬਬਰ ਵੀ ਅਧਿਕਾਰੀਆਂ ਦੀ ਨੀਅਤ ਤਾੜ ਗਏ। ਨਤੀਜਾ ਇਹ ਨਿਕਲਿਆ ਕਿ ਬਬਰ ਪਾਣੀ ਦੀਆਂ ਭਰੀਆਂ-ਭਰਾਈਆਂ ਘੜੀਆਂ ਹੀ ਭੰਨ ਸੁੱਟਣ ਲੱਗੇ। ਜਿਸ ਵੇਲੇ ਘੜੀ ਅੰਦਰ ਰੱਖੀ ਜਾਂਦੀ, ਬਬਰ ਉਸ ਵੇਲੇ ਭੰਨ ਕੇ ਠੀਕਰੀਆਂ ਸੀਖਾਂ ਥਾਣੀਂ ਬਾਹਰ ਵਗਾਹ ਮਾਰਦੇ। ਗੱਲ ਕੀ ਪਾਣੀ ਪੀਣਾ ਵੀ ਤਿਆਗ ਦਿੱਤਾ। ਬੇਹੋਸ਼ੀ ਦੇ ਨਾਲ-ਨਾਲ ਨਬਜ਼ਾਂ ਵੀ ਟੁੱਟਣ ਲੱਗ ਪਈਆਂ। ਇਕੱਠੇ ਬਾਰਾਂ ਬਬਰਾਂ ਦੀ ਮੌਤ ਸਾਹਮਣੇ ਖੜ੍ਹੀ ਦੇਖ ਕੇ ਜਿਹਲ-ਅਧਿਕਾਰੀ ਘਬਰਾ ਗਏ ਅਤੇ ਨਾਲੀਆਂ ਰਾਹੀਂ, ਜੋ ਨਾਸਾਂ ਥਾਣੀਂ ਲੰਘਾਈਆਂ ਜਾਂਦੀਆਂ ਸਨ, ਪਾਣੀ ਅਤੇ ਦੂਜੀ ਖ਼ੁਰਾਕ ਅੰਦਰ ਲੰਘਾਉਣੀ ਸ਼ੁਰੂ ਕਰ ਦਿੱਤੀ। ਮਤਲਬ ਇਹ ਸੀ ਕਿ ਬਬਰਾਂ ਦੀਆਂ ਜਾਨਾਂ ਬਚਾਈਆਂ ਜਾਣ।

ਆਮ ਕਰਕੇ ਦੁਧ ਹੀ ਅੰਦਰ ਲੰਘਾਇਆ ਜਾਂਦਾ ਸੀ। ਵਿਚ-ਵਿਚ ਦੁੱਧ ਵੀ ਬੰਦ ਕਰ ਦਿੱਤਾ ਜਾਂਦਾ। ਜਦੋਂ ਡਾਕਟਰ ਦੇਖਦਾ ਕਿ ਹੁਣ ਜਿਉਂਦੇ ਰੱਖਣ ਲਈ ਦੁੱਧ ਦੇਣਾ ਜ਼ਰੂਰੀ ਹੈ, ਤਾਂ ਮੁੜ ਸ਼ੁਰੂ ਕਰ ਦਿੱਤਾ ਜਾਂਦਾ। ਗੱਲ ਕੀ ਅਧਿਕਾਰੀ ਹਰ ਹਥਕੰਡਾ ਅਜ਼ਮਾਉਣ ਉੱਤੇ ਤੁਲੇ ਬੈਠੇ ਸਨ। ਬਬਰ ਵੀ ਸਿਰ-ਧੜ ਦੀ ਬਾਜ਼ੀ ਲਾ ਚੁੱਕੇ ਸਨ। ਕੋਈ ਧਿਰ ਹਾਰ ਮੰਨਣ ਲਈ ਤਿਆਰ ਨਹੀਂ ਸੀ।

ਦੂਜੇ ਕਾਂਗਰਸੀ, ਖ਼ਿਲਾਫ਼ਤੀ ਅਤੇ ਅਕਾਲੀ ਸਿਆਸੀ ਕੈਦੀਆਂ ਰਾਹੀਂ ਸਾਰੀ ਖ਼ਬਰ ਬਾਹਰ ਅਖਬਾਰਾਂ ਤੱਕ ਸਿਧੀ ਪੁੱਜਣੀ ਸ਼ੁਰੂ ਹੋ ਗਈ ਅਤੇ ਸਾਰੇ ਅਖ਼ਬਾਰਾਂ ਨੇ ਰੋਜ਼ ਦੀ ਰੋਜ਼ ਖ਼ਬਰ ਪਹਿਲੇ ਸਫ਼ਿਆਂ ਉਤੇ ਛਾਪਣੀ ਸ਼ੁਰੂ ਕਰ ਦਿੱਤੀ। ਐਡੀਟੋਰੀਅਲਾਂ ਨੇ ਸੋਨੇ ਉੱਤੇ ਸੁਹਾਗੇ ਦਾ ਕੰਮ ਕੀਤਾ। ਦੂਜੇ ਬੰਨੇ ਬਬਰਾਂ ਦੀ ਹਾਲਤ ਦਿਨੋ-ਦਿਨ ਜ਼ਿਆਦਾ ਵਿਗੜਦੀ ਗਈ। ਨਤੀਜੇ ਵਜੋਂ ਜਿਹਲ-ਅਧਿਕਾਰੀਆਂ ਨੂੰ ਵੀ ਪਿੱਸੂ ਪੈ ਗਏ ਅਤੇ ਸਰਕਾਰ ਵੀ ਘਬਰਾ ਉੱਠੀ।

ਉਹਨਾਂ ਦਿਨਾ ਵਿਚ ਬੂਟਾ ਸਿੰਘ ਸ਼ੇਖ਼ੂਪੁਰੀਆ ਪੰਜਾਬ ਕੌਂਸਲ ਦਾ ਮੈਂਬਰ ਸੀ। ਉਹਨੂੰ ਗਵਰਨਰ ਪੰਜਾਬ ਨੇ ਵਿਚ-ਵਿਚਾਲੇ ਪੈ ਕੇ ਬਬਰਾਂ ਦੀ ਭੁੱਖ-ਹੜਤਾਲ ਮੁਲਤਵੀ ਕਰਵਾਉਣ ਲਈ ਕਿਹਾ। ਉਧਰ ਕਾਂਗਰਸੀ ਅਤੇ ਖ਼ਿਲਾਫ਼ਤੀ ਲੀਡਰ ਵੀ ਬਬਰਾਂ ਦੀ ਭੁੱਖ-ਹੜਤਾਲ ਮੁਲਤਵੀ ਕਰਾਉਣ ਲਈ ਸਰਗਰਮ ਹੋ ਗਏ, ਜਿਨ੍ਹਾਂ ਨੇ ਇਕ ਸਾਂਝਾ ਡੈਪੂਟੇਸ਼ਨ ਜਿਹਲ ਵਿਚ ਭੇਜਿਆ। ਉਹ ਬਬਰਾਂ ਨਾਲ ਇਕਰਾਰ ਕਰ ਆਏ ਕਿ ਉਹ ਸਮੁੱਚੇ ਤੌਰ ਉੱਤੇ ਕੌਂਸਲ ਵਿਚ ਅਤੇ ਜ਼ਾਤੀ ਤੌਰ ਉੱਤੇ ਸਰਕਾਰ ਉੱਤੇ ਜੋਰ ਪਾਉਣਗੇ ਕਿ ਉਹ ਬਬਰਾਂ ਨੂੰ ਸਿਆਸੀ ਕੈਦੀ ਮੰਨੇ।

ਆਖ਼ਰੀ ਹਥਿਆਰ, ਜੀਹਦੀ ਹੁਕਮ-ਅਦੂਲੀ ਕਰਨੀ ਬਬਰਾਂ ਦੇ ਵੱਸ ਤੋਂ ਬਾਹਰ ਸੀ, ਉਹ ਸੀ ਸ੍ਰੀ ਅਕਾਲ ਤਖ਼ਤ, ਅੰਮ੍ਰਿਤਸਰ ਤੋਂ ਹੁਕਮਨਾਮਾ ਜਾਰੀ ਹੋਣਾ। ਉਹ ਸਮੁੱਚੇ ਸਿਖ ਪੰਥ ਵਲੋਂ ਜਾਰੀ ਕਰ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਫ਼ਿਲਹਾਲ ਬਬਰ ਆਪਣੀ ਭੁੱਖ-ਹੜਤਾਲ ਮੁਲਤਵੀ ਕਰ ਦੇਣ ਅਤੇ ਪੰਥ ਬਬਰਾਂ ਨੂੰ ਸਿਆਸੀ ਕੈਦੀ ਕਰਾਰ ਦੁਆਉਣ ਲਈ ਆਪਣੀ ਪੂਰੀ ਸ਼ਕਤੀ ਲਾ ਦੇਵੇਗਾ। ਬੂਟਾ ਸਿੰਘ ਸ਼ੇਖ਼ੂਪੁਰੀਆ ਇਹ ਹੁਕਮਨਾਮਾ ਲੈ ਕੇ ਲਾਹੌਰ ਜਿਹਲ ਵਿਚ ਜਾ ਪੁੱਜਿਆ। ਇਕ ਬੈਰਕ ਜਿਹਲ-ਅਧਿਕਾਰੀਆਂ ਨੇ ਖ਼ਾਲੀ ਕਰਵਾ ਕੇ ਸਾਰੇ ਬਬਰ ਅਕਾਲੀ, ਜਿਹੜੇ ਇਕੱਲੀ-ਇਕੱਲੀ ਕੋਠੀ ਵਿਚ ਆਖਰੀ ਘੜੀਆਂ ਗਿਨਣ ਦੀ ਹਾਲਤ ਤਕ ਜਾ ਪੁੱਜੇ ਸਨ, ਸਟਰੇਚਰਾਂ ਉੱਤੇ ਪਾ-ਪਾ ਪੁਚਾ ਦਿਤੇ। ਬੂਟਾ ਸਿੰਘ ਸ਼ੇਖ਼ੂਪੁਰੀਆ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤਾ ਗਿਆ ਹੁਕਮਨਾਮਾ ਲੈ ਕੇ ਅਧਮੋਏ ਬਬਰਾਂ ਕੋਲ ਪੁਜਿਆ ਅਤੇ ਬੜੇ ਦਰਦ-ਭਰੇ ਲਹਿਜੇ ਵਿਚ ਬਬਰਾਂ ਅਗੇ ਪ੍ਰਾਰਥਨਾ ਕੀਤੀ ਕਿ ਐਸ ਵੇਲੇ ਸਮੁਚੀ ਕੌਮ ਅਤੇ ਸਮੁੱਚਾ ਸਿਖ ਪੰਥ ਬਬਰਾਂ ਨੂੰ ਅਪੀਲ ਕਰਦੇ ਹਨ ਕਿ ਉਹ ਹਾਲ ਦੀ ਘੜੀ ਆਪਣੀ ਭੁੱਖ-ਹੜਤਾਲ ਮੁਲਤਵੀ ਕਰ ਦੇਣ ਅਤੇ ਪੰਜਾਬ ਕੌਂਸਲ ਦੇ ਸਾਰੇ ਮੈਂਬਰ ਜਿਹੜੇ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ, ਸਰਕਾਰ ਉੱਤੇ ਪੂਰਾ-ਪੂਰਾ ਦਬਾਅ ਪਾਉਣਗੇ ਕਿ ਬਬਰਾਂ ਨੂੰ ਸਿਆਸੀ ਕੈਦੀ ਕਰਾਰ ਦਿੱਤਾ ਜਾਵੇ।

ਪਹਿਲਾਂ ਜਿੰਨੀਆਂ ਅਪੀਲਾਂ ਸਿਆਸੀ ਪਾਰਟੀਆਂ ਵੱਲੋਂ ਕੀਤੀਆਂ ਗਈਆਂ ਸਨ, ਉਹ ਬਬਰਾਂ ਨੇ ਨਜ਼ਰ-ਅੰਦਾਜ਼ ਕਰ ਛਡੀਆਂ ਸਨ, ਪਰ ਬੂਟਾ ਸਿੰਘ ਸ਼ੇਖ਼ੂਪੁਰੀਏ ਦੇ ਲਿਆਂਦੇ ਤਹਿਰੀਰੀ ਹੁਕਮਨਾਮੇ, ਜਿਹੜਾ ਸਮੁੱਚੇ ਸਿੱਖ ਪੰਥ ਵੱਲੋਂ ਸ੍ਰੀ ਅਕਾਲ ਤਖ਼ਤ,

ਅੰਮ੍ਰਿਤਸਰ ਤੋਂ ਜਾਰੀ ਕੀਤਾ ਗਿਆ ਸੀ, ਦੀ ਹੁਕਮ-ਅਦੂਲੀ ਕਰਨੀ ਬਬਰਾਂ ਦੇ ਵੱਸ ਤੋਂ ਬਾਹਰੀ ਗੱਲ ਸੀ। ਸੋ ਹੁਕਮਨਾਮੇ ਦੀ ਤਾਮੀਲ ਕਰਦਿਆਂ, ਨਾ ਚਾਹੁੰਦਿਆ ਵੀ, ਉਹਨਾਂ ਨੇ ਸਮੁੱਚੇ ਤੌਰ ਉੱਤੇ ਭੁੱਖ-ਹੜਤਾਲ ਖੋਲ੍ਹਣ ਦੀ ਰਜ਼ਾਮੰਦੀ ਦੇ ਦਿੱਤੀ। ਉਸੇ ਵੇਲੇ ਸਾਰੇ ਬਬਰ ਸਟਰੇਚਰਾਂ ਉੱਤੇ ਪਾ ਕੇ ਹਸਪਤਾਲ ਵਿਚ ਭਰਤੀ ਕੀਤੇ ਗਏ। ਭੁੱਖ-ਹੜਤਾਲ ਸਮਾਪਤ ਹੋ ਗਈ। ਡਾਕਟਰ ਦੀ ਨਿਗਰਾਨੀ ਹੇਠ ਬਬਰਾਂ ਨੂੰ ਜਚਵੀ ਖ਼ੁਰਾਕ ਦੇਣੀ ਸ਼ੁਰੂ ਕਰ ਦਿੱਤੀ ਗਈ, ਜਿਹੜੀ ਬਬਰ ਅੰਦਰ ਲੰਘਾਉਣ ਲਈ ਤਿਆਰ ਹੋ ਗਏ। ਇਹ ਸੀ ਪਹਿਲੀ ਭੁੱਖ-ਹੜਤਾਲ।

ਮੈਨੂੰ ਮੇਰੇ ਹੀ ਪਿੰਡ ਦੇ ਬਬਰ ਕਰਤਾਰ ਸਿੰਘ ਨੇ ਦੱਸਿਆ ਸੀ, ਜੀਹਨੇ ਆਪ ਇਹੋ ਭੁੱਖ-ਹੜਤਾਲ ਕੀਤੀ ਸੀ ਅਤੇ ਮਰਨ-ਕਿਨਾਰੇ ਪੁੱਜ ਚੁੱਕਿਆ ਸੀ ਕਿ ਭੁੱਖ-ਹੜਤਾਲ ਸਮਾਪਤ ਹੋਣ ਤੋਂ ਕੁਝ ਚਿਰ ਬਾਅਦ ਜਿਹਲ ਦਾ ਇਕ ਉੱਚ-ਅਧਿਕਾਰੀ ਉਹਨਾਂ ਕੋਲ ਆਇਆ ਅਤੇ ਦਸਿਆ ਕਿ ਜੇ ਕੁਝ ਦਿਨ ਹੋਰ ਭੁੱਖ-ਹੜਤਾਲ ਜਾਰੀ ਰਹਿੰਦੀ ਤਾਂ ਗਵਰਨਰ ਪੰਜਾਬ ਵਲੋਂ ਐਲਾਨ ਹੋਣ ਹੀ ਵਾਲਾ ਸੀ ਕਿ ਸਰਕਾਰ ਬਬਰਾਂ ਨੂੰ ਸਿਆਸੀ ਕੈਦੀ ਕਰਾਰ ਦਿੰਦੀ ਹੈ, ਕਿਉਂਕਿ ਇਸ ਭੁੱਖ-ਹੜਤਾਲ ਨੇ ਪੰਜਾਬ ਤੋਂ ਇਲਾਵਾ ਦਿੱਲੀ ਸਰਕਾਰ ਨੂੰ ਵੀ ਹਲੂਣ ਕੇ ਰਖ ਦਿੱਤਾ ਸੀ। ਗਵਰਨਰ ਪੰਜਾਬ ਐਲਾਨ ਕਰਨ ਹੀ ਵਾਲਾ ਸੀ ਕਿ ਜਿੱਤੀ ਹੋਈ ਬਾਜੀ ਹਾਰ ਦਿੱਤੀ ਗਈ। ਪਰ ਬਬਰ ਸੰਤੁਸ਼ਟ ਸਨ ਕਿ "ਕੋਈ ਗੱਲ ਨਹੀਂ, ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਨਹੀਂ ਸੀ ਟਾਲ ਸਕਦੇ। ਸਾਨੂੰ ਕੋਈ ਪਛਤਾਵਾ ਨਹੀਂ। ਜੇ ਸਿੱਧੀ ਉਂਗਲੀ ਘਿਉ ਨਾ ਨਿਕਲਿਆ, ਤਾਂ ਉਂਗਲੀਆਂ ਮੋੜਦਿਆਂ ਦਾ ਕਿਹੜਾ ਜ਼ੋਰ ਲੱਗਣਾ ਹੈ। ਫੇਰ ਦੇਖਿਆ ਜਾਵੇਗਾ।"

ਜੁਲਾਈ 1926 ਵਿਚ ਥੋੜ੍ਹੀ ਕੈਦ ਵਾਲੇ ਬਬਰਾਂ ਨੂੰ ਲਾਇਲਪੁਰ ਦੀ ਜਿਹਲ ਵਿਚ ਭੇਜ ਦਿਤਾ ਗਿਆ ਜਿਨ੍ਹਾਂ ਵਿਚ ਵੱਡਾ ਕਰਤਾਰ ਸਿੰਘ ਝੁਮੇਲੀ ਭੁੱਖ-ਹੜਤਾਲੀਆ ਵੀ ਸ਼ਾਮਲ ਸੀ। ਦੋ ਦੂਜੇ ਭੁੱਖ-ਹੜਤਾਲੀਏ ਉਮਰ ਕੈਦੀ ਹਜਾਰਾ ਸਿੰਘ ਮੰਡੇਰੀਆ ਅਤੇ ਭੋਲਾ ਸਿੰਘ ਮੁਲਤਾਨ ਦੀ ਨਵੀਂ ਜਿਹਲ ਵਿਚ ਭੇਜ ਦਿਤੇ ਗਏ, ਜਿਥੇ ਉਹਨਾਂ ਨੂੰ ਵੱਖਰੀ-ਵੱਖਰੀ ਕੋਠੀ ਵਿਚ ਡੱਕਿਆ ਗਿਆ।

* * *

ਉਹਨਾਂ ਦਿਨਾਂ ਵਿਚ ਜਿਹਲਾਂ ਵਿਚ ਆਮ ਦਸਤੂਰ ਸੀ ਕਿ ਜਦੋਂ ਇਕ ਜਿਹਲ ਦੇ ਕੈਦੀਆਂ ਦੀ ਚਾਲੀ ਦੂਜੀ ਜਿਹਲ ਵਿਚ ਭੇਜੀ ਜਾਂਦੀ ਸੀ, ਉਹ ਇਕ ਤਾਂ ਰਾਤ ਦੀ ਰੇਲ ਰਾਹੀਂ ਭੇਜੀ ਜਾਂਦੀ ਸੀ ਜਿਹੜੀ ਅਗਲਾ ਦਿਨ ਚੜ੍ਹਦਿਆਂ ਹੀ ਦੂਜੀ ਜਿਹਲ ਵਿਚ ਜਾ ਪੁਜਦੀ ਸੀ। ਦੂਜੇ ਹਰ ਕੈਦੀ ਨੂੰ ਚਾਲੀ ਭੇਜਣ ਵੇਲੇ ਡਿਉਢੀ ਵਿਚ ਲਿਜਾ ਬੇੜੀ ਜੜ ਦਿਤੀ ਜਾਂਦੀ ਸੀ ਅਤੇ ਦੋਹੀਂ ਹੱਥੀਂ ਹੱਥ-ਕੜੀ ਜੜੀ ਜਾਂਦੀ ਸੀ, ਮਤਾਂ ਕੈਦੀ ਭੱਜ ਜਾਵੇ। ਰੇਲ ਦਾ ਡੱਬਾ ਖ਼ਾਸ ਤੌਰ ਉੱਤੇ ਸੀਖਾਂ ਵਾਲਾ ਹੁੰਦਾ ਸੀ। ਕੈਦੀਆਂ ਵਾਲੇ ਦੇ ਦਰਵਾਜ਼ਿਆਂ ਨੂੰ ਤਾਲੇ ਲਾਉਣੇ ਵੀ ਜ਼ਰੂਰੀ ਹੁੰਦੇ ਸਨ। ਬਬਰਾਂ ਲਈ ਤਾਂ ਪ੍ਰਬੰਧ ਖਾਸ ਤੌਰ ਉੱਤੇ ਉਚੇਚਾ ਕਰਨਾ ਪੈਂਦਾ ਸੀ। ਅਗਲੀ ਜਿਹਲ ਵਿਚ ਚਾਲੀ ਪੁਜਦਿਆਂ ਡਿਉਢੀ ਵਿਚ ਬੇੜੀ ਲਾਹ ਦਿੱਤੀ ਜਾਂਦੀ ਅਤੇ ਕੈਦੀ ਨੂੰ ਲਿਜਾ ਕੇ ਚੱਕੀ-ਬੰਦ ਕਰ ਦਿਤਾ ਜਾਂਦਾ, ਜੋ ਘਟੋ-ਘੱਟ ਦੋ ਹਫ਼ਤਿਆਂ ਲਈ ਲਾਜ਼ਮੀ ਹੁੰਦਾ ਸੀ। ਮੁੜ ਕੈਦੀ ਦੀ ਨਿਗਰਾਨੀ ਲਈ ਹੁਸ਼ਿਆਰ ਲੰਬੜਦਾਰ ਲਾਏ ਜਾਂਦੇ, ਜੋ ਕੈਦੀ

ਦੀਆਂ ਖ਼ਸਲਤਾਂ ਦੀ ਬੜੀ ਚੌਕਸੀ ਨਾਲ ਨਿਗਰਾਨੀ ਕਰਿਆ ਕਰਦੇ ਸਨ ਅਤੇ ਨਿੱਕੀ-ਨਿੱਕੀ ਹਰਕਤ ਦੀ ਜਾਣਕਾਰੀ ਜਿਹਲ-ਅਧਿਕਾਰੀਆਂ ਤੱਕ ਪੁਚਾਈ ਜਾਂਦੇ ਸਨ। ਬਬਰਾਂ ਲਈ ਤਾਂ ਪੰਜਾਬ ਦੀਆਂ ਸਾਰੀਆਂ ਜਿਹਲਾਂ ਵਿਚ ਪਹਿਲਾਂ ਹੀ ਹਦਾਇਤਾਂ ਜਾਣੀਆਂ ਸ਼ੁਰੂ ਹੋ ਗਈਆਂ ਸਨ। ਜਿਸ ਜਿਹਲ ਵਿਚ ਬਬਰਾਂ ਦੀ ਚਾਲੀ ਭੇਜੀ ਜਾਂਦੀ ਸੀ, ਪੂਰੀ-ਪੂਰੀ ਚੌਕਸੀ ਵਰਤਣ ਦਾ ਪਹਿਲਾਂ ਹੀ ਪ੍ਰਬੰਧ ਹੋ ਚੁੱਕਿਆ ਹੁੰਦਾ ਸੀ। ਕੈਦੀ ਦੀਆਂ ਆਦਤਾਂ ਦੀ ਪੂਰੀ ਪਰਖ ਕਰ ਲੈਣ ਮਗਰੋਂ ਹੀ ਕੋਠੀ ਵਿਚੋਂ ਕਢਿਆ ਜਾਂਦਾ ਸੀ ਅਤੇ ਢੁੱਕਵੀਂ ਮੁਸ਼ੱਕਤ ਵਾਲੀ ਬੈਰਕ ਦੇ ਕੈਦੀਆਂ ਵਿਚ ਰਲਾ ਦਿਤਾ ਜਾਂਦਾ ਸੀ।

* * *

ਮੁਲਤਾਨ ਪੁਜਦਿਆਂ ਹੀ ਬਬਰ ਹਜ਼ਾਰਾ ਸਿੰਘ ਅਤੇ ਭੋਲਾ ਸਿੰਘ ਧਾਮੀਆਂ ਨੂੰ ਜਿਹਲ-ਅਧਿਕਾਰੀਆਂ ਨੇ ਇਕੱਲੀ-ਇਕੱਲੀ ਕੋਠੀ ਵਿਚ ਲਿਜਾ ਬੰਦ ਕੀਤਾ। ਇਹ ਦੋਵੇਂ ਪਹਿਲਾਂ ਲਾਹੌਰ ਜਿਹਲ ਵਿਚ ਦੂਜੇ ਸਾਥੀਆਂ ਨਾਲ 45 ਦਿਨ ਭੁੱਖ-ਹੜਤਾਲ ਕਰਕੇ ਕਾਫ਼ੀ ਕਮਜ਼ੋਰ ਹੋ ਚੁੱਕੇ ਸਨ। ਇਹਨਾਂ ਨੇ ਦੁਬਾਰਾ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਇਹਦੀ ਇਤਲਾਹ ਦੂਜੇ ਬਬਰਾਂ ਨੂੰ ਮਿਲ ਗਈ ਜਿਨ੍ਹਾਂ ਨੇ ਗਿਆਨੀ ਕਰਤਾਰ ਸਿੰਘ ਗੋਂਦਪੁਰੀ ਨੂੰ ਇਹਨਾਂ ਕੋਲ ਭੁੱਖ-ਹੜਤਾਲ ਦਾ ਕਾਰਨ ਪੁੱਛਣ ਲਈ ਭੇਜਿਆ। ਇਹਨਾਂ ਨੇ ਕਿਹਾ ਕਿ "ਅਸੀਂ ਸਿਆਸੀ ਕੈਦੀ ਹਾਂ, ਪਰ ਜਿਹਲ ਦੇ ਅਧਿਕਾਰੀਆਂ ਨੇ ਸਾਡੇ ਨਾਲ ਇਖ਼ਲਾਕੀ ਕੈਦੀਆਂ ਵਾਲਾ ਸਲੂਕ ਕਰਕੇ ਸਾਨੂੰ ਤੁਹਾਥੋਂ ਵਖਰਿਆਂ ਕਿਉਂ ਕੋਠੀਆਂ ਵਿਚ ਲਿਆ ਬੰਦ ਕੀਤਾ ਹੈ ? ਸੋ ਅਸੀਂ ਆਪਣਾ ਹੱਕ ਮਨਾਉਣ ਲਈ ਦੁਬਾਰਾ ਭੁੱਖ-ਹੜਤਾਲ ਸ਼ੁਰੂ ਕਰਨ ਲਈ ਮਜਬੂਰ ਹੋਏ ਹਾਂ।" ਗਿਆਨੀ ਕਰਤਾਰ ਸਿੰਘ ਨੇ ਸਾਰੀ ਗੱਲ ਆਪਣੇ ਸਾਥੀਆਂ ਨੂੰ ਜਾ ਦੱਸੀ। ਉਹਨਾਂ ਸਾਰਿਆਂ ਨੇ ਦੋਹਾਂ ਦੀ ਭੁੱਖ-ਹੜਤਾਲ ਜਾਇਜ਼ ਸਮਝੀ ਅਤੇ ਸਾਰਿਆਂ ਨੇ ਹੀ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ, ਜਿਸ ਕਰਕੇ ਸਭ ਕੋਠੀਆਂ ਵਿਚ ਬੰਦ ਕਰ ਦਿੱਤੇ ਗਏ।

ਕੁਝ ਦਿਨ ਭੁੱਖ-ਹੜਤਾਲ ਸ਼ਾਂਤੀ ਨਾਲ ਚਲਦੀ ਰਹੀ। ਫੇਰ ਅਧਿਕਾਰੀਆਂ ਨੇ ਲਾਹੌਰ ਵਾਂਗੂ ਹੀ ਗਰਮ-ਗਰਮ ਦੁੱਧ ਤੋਂ ਇਲਾਵਾ, ਮਿਠਾਈ ਅਤੇ ਫਲ ਵੀ ਰਖਣੇ ਸ਼ੁਰੂ ਦਿੱਤੇ। ਪਰ ਬਬਰਾਂ ਨੇ ਦੁੱਧ ਡੋਲ੍ਹਣਾ ਅਤੇ ਮਿਠਾਈ ਵਾਲੇ ਬਰਤਨ ਭੰਨਣੇ ਸ਼ੁਰੂ ਕਰ ਦਿਤੇ। ਫਲ ਤੇ ਮਿਠਾਈ ਬਾਹਰ ਵਗਾਹ ਮਾਰਨੀ ਸ਼ੁਰੂ ਕਰ ਦਿੱਤੀ। ਅਧਿਕਾਰੀਆਂ ਦੀ ਚਾਲ ਨਾਕਾਮ ਕਰ ਦਿੱਤੀ ਗਈ।

ਸੁਪਰਿੰਟੈਂਡੈਂਟ ਨੇ ਝਿੰਗੜ ਸਾਹਿਬ ਨਾਲ ਗੱਲ ਕੀਤੀ ਅਤੇ ਕਿਹਾ, "ਮੈਂ ਤੁਹਾਡਾ ਕੇਸ ਭਲੀ ਪ੍ਰਕਾਰ ਸਮਝ ਲਿਆ ਹੈ ਅਤੇ ਮੈਂ ਪੰਜਾਬ ਸਰਕਾਰ ਨੂੰ ਆਪਣੇ ਵਲੋਂ ਪੂਰੀ ਸਿਫ਼ਾਰਸ਼ ਨਾਲ ਲਿਖ ਘੱਲਾਂਗਾ ਕਿ ਬਬਰਾਂ ਨੂੰ ਸਿਆਸੀ ਕੈਦੀ ਕਰਾਰ ਦਿੱਤਾ ਜਾਵੇ। ਉਹਨਾਂ ਦਾ ਮੁਤਾਲਬਾ ਜਾਇਜ਼ ਹੈ। ਪਰ ਇਹਤੋਂ ਪਹਿਲਾਂ ਤੁਹਾਨੂੰ ਵੀ ਮੇਰੇ ਹੱਥ ਮਜਬੂਤ ਕਰਨੇ ਪੈਣਗੇ ਅਤੇ ਭੁੱਖ-ਹੜਤਾਲ ਖੋਲ੍ਹਣੀ ਪਵੇਗੀ। ਮੈਂ ਲਿਖਾਂਗਾ ਕਿ ਮੇਰੇ ਭਰੋਸਾ ਦੁਆਉਣ ਤੋਂ ਬਾਅਦ ਹੀ ਬਬਰਾਂ ਨੇ ਭੁੱਖ-ਹੜਤਾਲ ਖੋਲ੍ਹੀ ਹੈ।"

ਸਾਰੇ ਬਬਰ ਕੋਠੀਆਂ ਵਿਚੋਂ ਕੱਢ ਕੇ ਇਕ ਬੈਰਕ ਵਿਚ ਇਕੱਠੇ ਕਰ ਦਿਤੇ ਗਏ। ਕਰਮ ਸਿੰਘ ਝਿੰਗੜ ਦੇ ਕਹਿਣ ਉੱਤੇ ਸਾਰਿਆਂ ਨੇ ਭੁੱਖ-ਹੜਤਾਲ ਸਮਾਪਤ ਕਰ ਦਿੱਤੀ। ਹਜ਼ਾਰਾ ਸਿੰਘ ਅਤੇ ਭੋਲਾ ਸਿੰਘ ਵੀ ਇਹਨਾਂ ਵਿਚ ਲਿਆ ਸ਼ਾਮਲ

ਕੀਤੇ ਗਏ। ਮਗਰੋਂ ਸਭ ਨੂੰ ਲਿਜਾ ਕੇ ਹਸਪਤਾਲ ਵਿਚ ਭਰਤੀ ਕਰ ਦਿੱਤਾ ਗਿਆ। ਦੂਜੀ ਭੁੱਖ-ਹੜਤਾਲ ਵੀ ਪਹਿਲੀ ਵਾਂਗ ਇਕਰਾਰ ਲੈ ਕੇ ਖ਼ਤਮ ਹੋ ਗਈ। ਦੂਜੇ ਬੰਨੇ ਸਾਹਿਬ ਨੇ ਵੀ ਆਪਣਾ ਕੀਤਾ ਇਕਰਾਰ ਉਸੇ ਹੀ ਭਾਵਨਾ ਨਾਲ ਨਿਭਾਇਆ ਅਤੇ ਅਗਲੇ ਹੀ ਦਿਨ ਚਿੱਠੀ ਪੰਜਾਬ ਸਰਕਾਰ ਨੂੰ ਲਿਖ ਭੇਜੀ, ਜਿਸ ਵਿਚ ਝਿੰਗੜ ਸਾਹਿਬ ਨਾਲ ਹੋਈ ਵਾਰਤਾ ਪੂਰੇ ਵਿਸਥਾਰ ਨਾਲ ਦਰਜ ਕਰ ਦਿੱਤੀ ਅਤੇ ਇਹ ਵੀ ਲਿਖ ਦਿੱਤਾ ਕਿ ਭੁੱਖ-ਹੜਤਾਲ ਉਹਦੇ ਵੱਲੋਂ ਇਕਰਾਰ ਕਰਨ ਉੱਤੇ ਹੀ ਖੋਲ੍ਹੀ ਗਈ ਹੈ।

ਉਹਨਾਂ ਦਿਨਾਂ ਵਿਚ ਜਿਹਲ ਦਾ ਅੰਗਰੇਜ਼ ਆਈ ਜੀ ਬੜੇ ਹੀ ਅੱਖੜ ਸੁਭਾਅ ਦਾ ਮਾਲਕ ਸੀ। ਉਹ ਪਹਿਲਾਂ ਹੀ ਕਰਮ ਸਿੰਘ ਝਿੰਗੜ ਤੋਂ ਸੜਿਆ-ਬਲਿਆ ਬੈਠਾ ਸੀ, ਜੀਹਨੇ ਜਿਹਲ ਕਮਿਸ਼ਨ ਅਗੇ ਬਿਆਨ ਦਿੰਦਿਆਂ ਉਹਦੇ ਬੈਠੇ ਤੋਂ ਉਹ ਮਿੱਟੀ ਪੁਟੀ ਸੀ ਕਿ ਉਹਨੂੰ ਗਰਕ ਹੋਣ ਲਈ ਜ਼ਮੀਨ ਵਿਹਲ ਨਹੀਂ ਸੀ ਦੇ ਰਹੀ। ਅੱਜ ਉਹਦਾ ਮਾਤਹਿਤ ਉਸੇ ਹੀ ਕਰਮ ਸਿੰਘ ਦੇ ਜ਼ੋਰ ਹੇਠ ਬਬਰਾਂ ਦੀਆ ਸਿਫ਼ਾਰਸ਼ਾਂ ਕਰਨ ਦੀ ਜੁਰਅਤ ਕਰ ਰਿਹਾ ਸੀ। ਉਸੇ ਹੀ ਵੇਲੇ ਆਈ ਜੀ ਨੇ ਤਾਰ ਦੇ ਕੇ ਸੁਪਰਿੰਟੈਂਡੈਂਟ ਨੂੰ ਲਾਹੌਰ ਤਲਬ ਕਰ ਲਿਆ ਅਤੇ ਬੜੇ ਰੋਹ ਵਿਚ ਆ ਕੇ ਜਵਾਬ-ਤਲਬੀ ਕੀਤੀ। ਇਹ ਸੁਪਰਿੰਟੈਂਡੈਂਟ ਜਿੰਨਾ ਨਰਮ-ਦਿਲ ਇਨਸਾਨ ਸੀ, ਹੁਣ ਆਪਣੇ ਰਿਜ਼ਕ-ਦਾਤੇ ਦੀ ਝਾੜ ਸੁਣ ਕੇ ਉਨਾਂ ਹੀ ਕੁਰਖ਼ਤ ਹੋ ਵਾਪਸ ਡਿਊਟੀ ਉੱਤੇ ਆ ਹਾਜ਼ਰ ਹੋਇਆ।

ਇਕ ਦਿਨ ਸੋਮਵਾਰੀ ਪ੍ਰੇਡ ਵੇਲੇ ਜਦੋਂ ਸਾਹਿਬ ਬਬਰਾਂ ਕੋਲੋਂ ਦੀ ਲੰਘਣ ਲਗਿਆ ਤਾਂ ਮੰਡੇਰੀਏ ਹਜ਼ਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਗੋਂਦਪੁਰੀ ਨੇ ਪੁੱਛਿਆ ਕਿ "ਜਨਾਬ ਨੇ ਸਾਡੇ ਨਾਲ ਵਾਇਦਾ ਕੀਤਾ ਸੀ। ਕਾਫ਼ੀ ਦਿਨ ਲੰਘ ਗਏ ਹਨ। ਹਾਲੇ ਤੱਕ ਸਾਨੂੰ ਕੋਈ ਖ਼ਬਰ ਨਹੀਂ ਮਿਲੀ ਕਿ ਸਾਡੀ ਬੇਨਤੀ ਦਾ ਕੀ ਸਿੱਟਾ ਨਿਕਲਿਆ ਹੈ।" ਸਾਹਿਬ ਨੇ ਬੜੇ ਰੁਅਬ ਵਿਚ ਆ ਕੇ ਕਿਹਾ, "ਮੈਂ ਕੋਈ ਇਕਰਾਰ ਤੁਹਾਡੇ ਨਾਲ ਨਹੀਂ ਕੀਤਾ ਅਤੇ ਨਾ ਹੀ ਮੈਨੂੰ ਤੁਹਾਡੇ ਜਿਹੇ ਬਦਮਾਸ਼ਾਂ ਦੀ ਸਰਕਾਰ ਕੋਲ ਸਿਫ਼ਾਰਸ਼ ਕਰਨ ਦੀ ਕੋਈ ਜ਼ਰੂਰਤ ਹੈ। ਭਲੇ-ਮਾਣਸ ਬਣ ਕੇ ਆਪਣੀ ਮੁਸ਼ੱਕਤ ਕਰੀ ਜਾਉ। ਸਰਕਾਰ ਤੁਹਾਨੂੰ ਡਕੈਤਾਂ ਅਤੇ ਕਾਤਲਾਂ ਤੋਂ ਵੀ ਜ਼ਿਆਦਾ ਖ਼ਤਰਨਾਕ ਕੈਦੀ ਸਮਝਦੀ ਹੈ। ਨਾ ਹੀ ਸਰਕਾਰ ਤੁਹਾਡੀ ਕਿਸੇ ਮੰਗ ਉੱਤੇ ਧਿਆਨ ਦੇਣ ਲਈ ਤਿਆਰ ਹੈ। ਜੇ ਤੁਸੀਂ ਉਰਾ-ਪਰਾ ਕੀਤਾ ਤਾਂ ਤੁਹਾਨੂੰ ਅਜਿਹਾ ਸਬਕ ਸਿਖਾਇਆ ਜਾਵੇਗਾ ਜੀਹਦਾ ਤੁਹਾਡੇ ਫ਼ਰਿਸ਼ਤਿਆਂ ਨੂੰ ਵੀ ਪਤਾ ਨਹੀਂ । ਸਰਕਾਰ ਦੇ ਹੱਥ ਬਹੁਤ ਲੰਮੇ ਹਨ। ਤੁਸੀਂ ਕਿਹੜੇ ਬਾਗ ਦੀ ਮੂਲੀ ਹੋ।"

ਸਾਹਿਬ ਦਾ ਰੁੱਖਾ ਅਤੇ ਕਰੋਧੀ ਜਵਾਬ ਸੁਣ ਕੇ ਬਬਰ ਹਜ਼ਾਰਾ ਸਿੰਘ ਨੇ ਵੀ ਉਸੇ ਹੀ ਬੋਲੀ ਵਿਚ ਉੱਤਰ ਦਿੱਤਾ, "ਉਇ ਤੂੰ ਐਡਾ ਵੱਡਾ ਅਫ਼ਸਰ ਹੋ ਕੇ ਐਡਾ ਵੱਡਾ ਝੂਠ ਵੀ ਬੋਲ ਸਕਦਾ ਹੈਂ, ਸਾਨੂੰ ਨਹੀਂ ਸੀ ਪਤਾ। ਤੂੰ ਖੰਡ ਵਿਚ ਲਪੇਟ ਕੇ ਸਾਨੂੰ ਜ਼ਹਿਰ ਵੀ ਖੁਆ ਸਕਦਾ ਹੈਂ। ਹੁਣ ਤੂੰ ਆਪਣੇ ਵੱਲੋਂ ਕੋਈ ਕਸਰ ਨਾ ਰਹਿਣ ਦੇਈਂ, ਜਿੰਨਾ ਟਿਲ ਲਾਉਣਾ ਹੈ, ਲਾ ਲੈ। ਤੈਨੂੰ ਅਤੇ ਤੇਰੀ ਸਰਕਾਰ ਨੂੰ ਪਤਾ ਲੱਗ ਜਾਵੇਗਾ ਕਿ ਬਬਰ ਕਿਸ ਮਿੱਟੀ ਦੇ ਬਣੇ ਹੋਏ ਹਨ।"

ਬਬਰ ਦੀਆਂ ਤਿੱਖੀਆਂ ਚੋਭਾਂ ਅਤੇ ਵੰਗਾਰਾਂ ਸਾਹਿਬ ਦੇ ਲੂੰ-ਕੰਡੇ ਖੜ੍ਹੇ ਕਰ

ਗਈਆਂ। ਉਹਦੇ ਫ਼ਰਿਸ਼ਤਿਆਂ ਨੂੰ ਵੀ ਖ਼ਿਆਲ ਨਹੀਂ ਸੀ ਕਿ ਸੀਖਾਂ ਵਿਚ ਡੱਕੇ ਕੈਦੀ ਜ਼ਬਾਨ ਦੇ ਤੀਰਾਂ ਨਾਲ ਉਹਦੀ ਹਿਕ ਛਲਣੀ ਕਰ ਦੇਣਗੇ। ਉਹ ਫ਼ਨੀਅਰ ਸੱਪ ਵਾਂਗੂ ਫੁੰਕਾਰ ਉਠਿਆ। ਮਾਤਹਿਤਾਂ ਨੂੰ ਹੁਕਮ ਦਿੱਤਾ, "ਅਭੀ ਇਨ ਬਦਮਾਸ਼ੋਂ ਕੋ ਹਮਾਰੇ ਸਾਹਮਣੇ ਪੇਸ ਕਰੋ।" ਉਹ ਬਾਕੀ ਪ੍ਰੇਡ ਵਿਚਕਾਰ ਹੀ ਛੱਡ ਕੇ ਆਪਣੇ ਦਫ਼ਤਰ ਚਲਿਆ ਗਿਆ। ਹੁਕਮ ਮੁਤਾਬਿਕ ਵਾਰਡਰਾਂ ਨੇ ਹਜ਼ਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨੂੰ ਪ੍ਰੇਡ ਤੋਂ ਵਖਰਿਆਂ ਕਰ ਲਿਆ। ਬਾਕੀ ਕੈਦੀ ਰੋਟੀ-ਟੁੱਕ ਖਾ ਕੇ ਆਪਣੀਆਂ-ਆਪਣੀਆਂ ਮੁਸ਼ੱਕਤਾਂ ਕਰਨ ਲਈ ਚਲੇ ਗਏ।

ਵਾਰਡਰਾਂ ਨੇ ਦੋਨੋਂ ਬਬਰ ਸਾਹਿਬ ਦੇ ਸਾਹਮਣੇ ਉਹਦੇ ਦਫ਼ਤਰ ਵਿਚ ਲਿਜਾ ਪੇਸ਼ ਕੀਤੇ। ਸਾਹਿਬ ਨੇ ਉਸੇ ਵੇਲੇ ਦੋਹਾਂ ਦੇ 30-30 ਬੈਂਤ ਜੜਨ ਦਾ ਹੁਕਮ ਦੇ ਦਿੱਤਾ ਅਤੇ ਆਪਣੀ ਕੁਰਸੀ ਉਸੇ ਹੀ ਵੇਲੇ ਟਿਕ-ਟਿਕੀ ਪਾਸ ਡੁਹਾ ਕੇ ਬਰਾਜਮਾਨ ਹੋ ਗਿਆ। ਪੇਸ਼ੀ ਵੇਲੇ ਡਾਕਟਰ ਵੀ ਮੌਜੂਦ ਸੀ, ਜੀਹਦੀ ਹਾਜਰੀ ਬੈਂਤਾਂ ਜੜਨ ਸਮੇਂ ਜ਼ਰੂਰੀ ਹੁੰਦੀ ਹੈ। ਪਹਿਲਾ ਬਬਰ ਹਜ਼ਾਰਾ ਸਿੰਘ ਦੀ ਵਾਰੀ ਆਈ। ਬੈਂਤ ਜੜਨ ਵਾਲਾ ਪੂਰਾ ਤਾਣ ਲਾ ਕੇ ਜੜੀ ਜਾ ਰਿਹਾ ਸੀ, ਪਰ ਸਾਹਿਬ ਦੀ ਤਸੱਲੀ ਨਹੀਂ ਸੀ ਹੋ ਰਹੀ। ਹਰ ਬੈਂਤ ਲਗਦਿਆਂ ਉਹ ਆਖਦਾ "ਜ਼ਰਾ ਔਰ ਜ਼ੋਰ ਸੇ।" ਉਧਰ ਹਜ਼ਾਰਾ ਸਿੰਘ ਲਲਕਾਰੀਂ ਜਾਵੇ, "ਉਇ, ਕਸਰ ਨਾ ਰਹਿਣ ਦੇਈਂ। ਏਸ ਹੁਕਮ ਦੇਣ ਵਾਲੇ ਚੰਡਾਲ ਨੂੰ ਪਤਾ ਲੱਗ ਜਾਵੇ ਕਿ ਬਬਰ ਕਿਸ ਮਿੱਟੀ ਦੇ ਬਣੇ ਹੋਏ ਹਨ।" ਹਜ਼ਾਰਾ ਸਿੰਘ ਨੂੰ ਟਿਕਟਿਕੀ ਤੋਂ ਉਤਾਰ ਲਿਆ ਗਿਆ। ਡਾਕਟਰ ਨੇ ਕਾਨੂੰਨ ਮੁਤਾਬਿਕ ਮੁਲਾਹਿਜ਼ਾ ਕੀਤਾ ਅਤੇ ਕਿਹਾ ਕਿ ਸਟਰੇਚਰ ਉੱਤੇ ਲੰਮਾ ਪੈ ਜਾ। ਸ਼ੇਰ ਨੇ ਕਿਹਾ, "ਮੇਰਾ ਕੁਝ ਨਹੀਂ ਵਿਗੜਿਆ। ਇਸ ਬੇਜ਼ਬਾਨੇ ਬੰਦੇ ਨੂੰ ਹੁਣ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਅਸੀਂ ਉਹਨਾਂ ਸੂਰਬੀਰਾਂ ਦੀ ਔਲਾਦ ਹਾਂ, ਜਿਹੜੇ ਚਰਖੜੀਆਂ ਉੱਤੇ ਚੜ੍ਹੇ ਵੀ ਹਸਦੇ ਰਹੇ, ਜਿਨ੍ਹਾਂ ਨੇ ਖੋਪਰੀਆਂ ਉਤਰਾਉਂਦਿਆਂ, ਅੰਗ-ਅੰਗ ਕਟਵਾਉਂਦਿਆਂ ਸੀ ਨਹੀਂ ਸੀ ਕੀਤੀ। ਖਿਹਦੀਆਂ ਬੈਂਤਾਂ ਸਾਡਾ ਕੀ ਵਿਗਾੜ ਸਕਦੀਆਂ ਹਨ। ਉਇ ਦੁਸ਼ਟਾ, ਜੇ ਤੇਰਾ ਹਾਲੇ ਢਿੱਡ ਨਹੀਂ ਭਰਿਆ, ਤਾਂ ਲਗਦੇ ਹੱਥ 30 ਹੋਰ ਲੁਆ ਲੈ। ਮੇਰਾ ਕੁਝ ਨਹੀਂ ਵਿਗੜਨ ਲਗਿਆ।"

ਇਹ ਗੱਲ ਸੁਣਦਿਆਂ ਸਾਹਿਬ ਪਾਣੀਉ-ਪਾਣੀ ਹੋ ਕੁਰਸੀ ਤੋਂ ਉੱਠ ਖਲੋਤਾ ਅਤੇ ਨਿਮੋਝੂਣਾ ਹੋ ਦਫ਼ਤਰ ਨੂੰ ਚਲਿਆ ਗਿਆ।

ਬਾਅਦ ਵਿਚ ਗਿਆਨੀ ਕਰਤਾਰ ਸਿੰਘ ਨੇ ਵੀ ਹਜ਼ਾਰਾ ਸਿੰਘ ਦੀ ਪੈਰਵੀ ਕਰਦਿਆਂ ਸਾਹਿਬ ਨੂੰ ਲਲਕਾਰਿਆ, "ਉਇ, ਹੁਣ ਗਿੱਦੜਾਂ ਵਾਂਗੂੰ ਭੱਜਣ ਕਿਉਂ ਲਗਿਆ ਹੈਂ। ਜਿਥੇ ਸਾਡੇ ਵਡ-ਵਡੇਰੇ ਪੁੱਠੀਆਂ ਖ਼ੱਲਾਂ ਲੁਹਾਉਂਦੇ, ਆਰਿਆਂ ਨਾਲ ਸਿਰ ਚਿਰਾਉਂਦੇ, ਦੇਗਾਂ ਵਿਚ ਉਬਲਦੇ ਵੀ ਹਸਦੇ ਰਹੇ, ਤੇਰੀਆਂ ਬੈਂਤਾਂ ਸਾਡਾ ਕੀ ਵਿਗਾੜ ਲੈਣਗੀਆਂ।" ਗਿਆਨੀ ਜੀ ਦੇ ਵੀ ਉਸੇ ਤਰ੍ਹਾਂ 30 ਬੈਂਤ ਸਾਹਿਬ ਦੀ ਗ਼ੈਰ-ਹਾਜ਼ਰੀ ਵਿਚ ਜੜ ਦਿੱਤੇ ਗਏ। ਚਿੱਤੜਾਂ ਦੇ ਮੋਟੇ ਮਾਸ ਦੇ ਤੂੰਬੇ ਉੱਡ ਚੁੱਕੇ ਸਨ। ਲਹੂ ਨਿੱਘਰ ਰਿਹਾ ਸੀ। ਡਾਕਟਰ ਨੇ ਜ਼ਬਰਦਸਤੀ ਦੁਆਈ ਲਾਈ। ਸ਼ੇਰਾਂ ਨੇ ਸਟਰੇਚਰਾਂ ਉੱਤੇ ਕੀ ਪੈਣਾ ਸੀ। ਪੈਦਲ ਜੈਕਾਰੇ ਬੁਲਾਉਂਦੇ ਚੱਲ ਪਏ।

ਹਜ਼ਾਰਾ ਸਿੰਘ ਨੇ ਮੈਨੂੰ ਦਸਿਆ ਸੀ ਕਿ ਇਹ ਨਜ਼ਾਰਾ ਸਭ ਵਾਰਡਰ, ਲੰਬੜਦਾਰ ਅਤੇ ਇਖ਼ਲਾਕੀ ਕੈਦੀ ਅੱਖੀਂ ਦੇਖ ਮੂੰਹ ਵਿਚ ਉਂਗਲਾਂ ਪਾਈ ਖੜੋਤੇ ਰਹੇ

ਸਨ। ਜਿਹਲ ਦੇ ਅਧਿਕਾਰੀ, ਕੀ ਦਰੋਗਾ ਅਤੇ ਹੇਠਲੇ ਅਫ਼ਸਰ, ਵੀ ਦਮ ਸਾਧੀ ਖੜੋਤੇ ਝਾਕੀਂ ਜਾ ਰਹੇ ਸਨ । ਉਹਨਾਂ ਦੀ ਸਾਰੀ ਜਿੰਦਗੀ ਵਿਚ ਇਹ ਪਹਿਲੀ ਅਣਹੋਣੀ ਘਟਨਾ ਵਾਪਰ ਰਹੀ ਸੀ । ਇਹਤੋਂ ਪਹਿਲਾਂ ਜਦੋਂ ਕਦੀ ਇਖਲਾਕੀ ਕੈਦੀਆਂ ਦੇ ਬੈਂਤ ਲਗਦੇ ਸਨ, ਤਾਂ ਉਹਨਾਂ ਦਾ ਚੀਕ-ਚਿਹਾੜਾ ਸੁਣ ਕੇ ਉਹਨਾਂ ਦੀ ਰੂਹਾਨੀ ਤਸੱਲੀ ਹੋਇਆ ਕਰਦੀ ਸੀ। ਕਈ ਤਾਂ ਅਧੀਆਂ ਬੈਂਤਾਂ ਖਾ ਕੇ ਬੇਹੋਸ਼ ਹੋ ਲਟਕਣ ਲੱਗ ਪੈਂਦੇ ਸਨ। ਨਹੀਂ ਤਾਂ ਆਖ਼ਰੀ ਬੈਂਤ ਤੱਕ ਸਭ ਬੇਹੋਸ਼ ਹੋ ਜਾਂਦੇ ਸਨ। ਸਟਰੇਚਰਾਂ ਉੱਤੇ ਪਾ ਹਸਪਤਾਲ ਲਿਜਾਇਆ ਜਾਂਦਾ ਸੀ । ਇਸ ਘਟਨਾ ਦੀ ਖ਼ਬਰ ਅੱਗ ਵਾਂਗੂ ਸਾਰੀ ਜਿਹਲ ਵਿਚ ਫੈਲ ਗਈ, ਜਿਹੜੀ ਜਿਹਲ ਦੇ ਅਧਿਕਾਰੀਆਂ ਲਈ ਇਕ ਬੰਬ ਵਿਸਫ਼ੋਟ ਤੋਂ ਘੱਟ ਨਹੀਂ ਸੀ ਰਹੀ।

ਕੁਝ ਚਿਰ ਪਿਛੋਂ ਹਜ਼ਾਰਾ ਸਿੰਘ ਨੂੰ ਮਿੰਟਗੁਮਰੀ ਜਿਹਲ ਵਿਚ ਭੇਜ ਦਿੱਤਾ ਗਿਆ, ਕਿਉਂਕਿ ਉਹ ਮੁੜ ਜਿਹਲ-ਅਧਿਕਾਰੀਆਂ ਨਾਲ ਇੱਟ-ਖੜਿੱਕਾ ਲਾਈ ਹੀ ਰਖਦਾ ਸੀ। ਅਧਿਕਾਰੀਆਂ ਕੋਲ ਬੈਂਤਾਂ ਜੜਨ ਤੋਂ ਸਿਵਾ ਹੋਰ ਕੋਈ ਸਜ਼ਾ ਦੇਣ ਦਾ ਅਖ਼ਤਿਆਰ ਨਹੀਂ ਸੀ, ਜਿਸ ਨਾਲ ਉਹਨੂੰ ਸਬਕ ਸਿਖਾਇਆ ਜਾ ਸਕਦਾ। ਸੁਪਰਿੰਟੈਂਡੈਂਟ ਤਾਂ ਅਜਿਹਾ ਸ਼ਰਮਿੰਦਾ ਹੋਇਆ ਕਿ ਮੁੜ ਉਹਦੇ ਮੱਥੇ ਲੱਗਣ ਦੀ ਜੁਰਅਤ ਹੀ ਨਾ ਕਰ ਸਕਿਆ । ਹਜ਼ਾਰਾ ਸਿੰਘ ਵਾਰ-ਵਾਰ ਕਹਿ ਰਿਹਾ ਸੀ ਕਿ "ਉਹਨੂੰ ਕਹੋ, ਇਕ ਵਾਰ ਮੇਰੇ ਸਾਹਮਣੇ ਆਪਣੀ ਹਥੇਲੀ ਉੱਤੇ ਥੁੱਕ ਕੇ ਚੱਟ ਲਵੇ। ਮੈਂ ਉਹਦੇ ਹਰ ਹੁਕਮ ਦੀ ਤਾਮੀਲ ਸ਼ੁਰੂ ਕਰ ਦਿਆਂਗਾ। ਜਿਹੜੀ ਮੁਸ਼ੱਕਤ ਕਹੇ, ਕਰਨ ਲੱਗ ਪਵਾਂਗਾ। ਪਰ ਥੁਕ ਕੇ ਚੱਟੇ ਜ਼ਰੂਰ।"

ਗਿਆਨੀ ਕਰਤਾਰ ਸਿੰਘ ਬਹੁਤ ਗੰਭੀਰ ਸ਼ਖਸੀਅਤ ਵਾਲਾ ਸੱਜਣ ਸੀ। ਉਹ ਆਮ ਕਰਕੇ ਚੁੱਪ ਹੀ ਰਿਹਾ ਕਰਦਾ ਸੀ। ਇਸ ਕਰਕੇ ਉਹਨੂੰ ਮੜ ਬਾਕੀ ਬਬਰਾਂ ਨਾਲ ਉਹਨਾਂ ਦੀ ਬੇਰਕ ਵਿਚ ਭੇਜ ਦਿੱਤਾ ਗਿਆ । ਜਿਹਲ-ਅਧਿਕਾਰੀਆਂ ਨੇ ਇਸ ਤਰ੍ਹਾਂ ਖਹਿੜ ਛੁਡਾਉਣਾ ਹੀ ਬਿਹਤਰ ਸਮਝਿਆ।

# 68. ਬਬਰਾਂ ਨੂੰ ਕਾਲੇ ਪਾਣੀ ਸਮੇਤ ਦੂਜੀਆਂ ਜਿਹਲਾਂ ਵਿਚ ਭੇਜੇ ਜਾਣਾ

ਇਸ ਪਹਿਲੇ ਸੰਘਰਸ਼ ਪਿਛੋਂ ਜੀਹਦੀ ਖ਼ਬਰ ਮਿੰਟਗੁਮਰੀ ਅਤੇ ਮੁਲਤਾਨ ਦੀਆਂ ਜਿਹਲਾਂ ਵਿਚ ਪੁੱਜ ਚੁੱਕੀ ਸੀ, ਇਹਨਾਂ ਜਿਹਲਾਂ ਵਿਚੋਂ ਥੋੜ੍ਹੀਆਂ ਸਜ਼ਾਵਾਂ ਵਾਲੇ ਬਬਰ ਪੰਜਾਬ ਦੀਆਂ ਦੂਜੀਆਂ ਜਿਹਲਾਂ ਵਿਚ ਘੱਲ ਦਿਤੇ ਗਏ। ਤਿੰਨਾਂ ਜਿਹਲਾਂ ਵਿਚ ਸਿਰਫ਼ ਉਮਰ-ਕੈਦਾਂ ਕੱਟਣ ਵਾਲੇ ਬਬਰ ਹੀ ਰਖੇ ਗਏ। ਦੂਜੀਆਂ ਜਿਹਲਾਂ ਵਿਚ ਜਾ ਕੇ ਬਬਰਾਂ ਨੇ ਆਪਣਾ ਕਰਮ ਜਾਰੀ ਰਖਿਆ ਅਤੇ ਸਿਆਸੀ ਕੈਦੀ ਬਨਣ ਲਈ ਜਿਹਲ-ਅਧਿਕਾਰੀਆਂ ਨਾਲ ਇੱਟ-ਖੜਿੱਕਾ ਲਗਾਤਾਰ ਜਾਰੀ ਰਖਿਆ। ਇਖ਼ਲਾਕੀ ਕੈਦੀਆਂ ਉੱਤੇ ਜਿਸ ਵੇਲੇ ਬਬਰ ਵਧੀਕੀ ਹੁੰਦੀ ਦੇਖਦੇ ਤਾਂ ਉਹਨਾਂ ਦੀ ਮਦਦ ਲਈ ਜੱਦੋ-ਜਹਿਦ ਸ਼ੁਰੂ ਕਰ ਦਿੰਦੇ ਅਤੇ ਇਖ਼ਲਾਕੀ ਕੈਦੀਆਂ ਨੂੰ ਸਮਝਾਉਂਦੇ ਰਹਿੰਦੇ ਕਿ ਬਚਾਉ ਇਸੇ ਗੱਲ ਵਿਚ ਹੈ ਕਿ ਜਿਸ ਵੇਲੇ ਕੋਈ ਜਿਹਲ-ਅਧਿਕਾਰੀ ਕਿਸੇ ਵੀ ਕੈਦੀ ਨਾਲ ਭੈੜਾ ਵਰਤਾਉ ਕਰੇ ਤਾਂ ਸਾਰੇ ਮਿਲ ਕੇ ਰੌਲਾ ਪਾਉਣ।

ਸਹਿਜੇ-ਸਹਿਜੇ ਪੰਜਾਬ ਦੀਆਂ ਸਾਰੀਆਂ ਜਿਹਲਾਂ ਵਿਚ ਜਿਹਲ-ਅਧਿਕਾਰੀਆਂ ਅਤੇ ਇਖ਼ਲਾਕੀ ਕੈਦੀਆਂ ਨੂੰ ਖ਼ਬਰਾਂ ਪੁੱਜਣ ਲੱਗ ਪਈਆਂ ਸਨ ਕਿ ਬਬਰਾਂ ਨੇ ਜਿਹਲਾਂ ਦੇ ਸੁਧਾਰ ਲਈ ਸਿਰ-ਧੜ ਦੀ ਬਾਜ਼ੀ ਲਾ ਦਿਤੀ ਹੈ ਅਤੇ ਹਜ਼ਾਰਾ ਸਿੰਘ ਮੰਡੇਰੀਆ ਦੀਆਂ ਸੁਪਰਿੰਟੈਂਡੈਂਟ ਨਾਲ ਹੋਈਆ ਝੜੱਪਾਂ ਦੀ ਖ਼ਬਰ ਹਰ ਜਿਹਲ ਵਿਚ ਪੁੱਜ ਚੁੱਕੀ ਸੀ। ਇਹਦਾ ਵੱਡਾ ਕਾਰਨ ਸੀ ਕੈਦੀਆਂ ਦੀਆਂ ਚਾਲੀਆਂ, ਜਿਹੜੀਆਂ ਇਕ ਜਿਹਲ ਵਿਚੋਂ ਖ਼ਬਰ ਦੇ ਦੂਜੀ ਵਿਚ ਪੁੱਜਣ ਦਾ ਬਹੁਤ ਵੱਡਾ ਵਸੀਲਾ ਬਣ ਗਈਆਂ ਸਨ।

* * *

ਮੇਰੇ ਤਾਏ ਦੇ ਪੁੱਤ, ਭਰਾ ਬੂਟਾ ਸਿੰਘ ਨੇ ਬਬਰਾਂ ਦੀ ਮੁਲਤਾਨ ਜਿਹਲ ਵਿਚ ਤੀਜੀ ਭੁੱਖ-ਹੜਤਾਲ ਦੀ ਕਹਾਣੀ ਦੱਸੀ ਹੈ। ਉਹ ਉਸ ਵੇਲੇ ਮੁਲਤਾਨ ਜਿਹਲ ਵਿਚ ਸਟੋਰ-ਕੀਪਰ ਲਗਿਆ ਹੋਇਆ ਸੀ, ਜਿਥੇ ਰੇਹੜਿਆਂ ਉੱਤੇ ਰਾਸ਼ਨ ਆਉਂਦਾ ਰਹਿੰਦਾ ਸੀ ਅਤੇ ਸਾਰੀ ਲਿਖਤ-ਪੜ੍ਹਤ ਉਹੋ ਹੀ ਕਰਦਾ ਸੀ। ਉਹਨੇ ਅਤੇ ਗਿਆਨੀ ਕਰਤਾਰ ਸਿੰਘ ਗੋਂਦਪੁਰੀ ਨੇ ਬਾਹਰੋਂ ਸਾਮਾਨ ਲਿਆਉਣ ਵਾਲੇ ਰੇਹੜੇ ਵਾਲਿਆਂ ਨਾਲ ਸੰਬੰਧ ਪੈਦਾ ਕਰ ਲਿਆ ਕਿ ਅੰਦਰੋਂ ਚਿੱਠੀ-ਚਪੱਠੀ ਬਾਹਰ ਪੁਚਾ ਦਿਆ ਕਰਨ।

14 ਨਵੰਬਰ 1926 ਨੂੰ ਬਬਰਾਂ ਨੇ ਇਕੱਠ ਕਰਕੇ ਫੈਸਲਾ ਕਰ ਲਿਆ ਕਿ ਆਪਣੀਆਂ ਮੰਗਾਂ ਲਈ 16 ਨਵੰਬਰ ਤੋਂ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ ਜਾਵੇ। ਮੁੱਖ ਮੰਗ ਇਹ ਸੀ ਕਿ ਬਬਰਾਂ ਨੂੰ ਰਾਜਸੀ ਕੈਦੀਆਂ ਦਾ ਰੁਤਬਾ ਦਿਤਾ ਜਾਵੇ।

ਬਬਰਾਂ ਨੂੰ ਪਤਾ ਸੀ ਕਿ ਜਿਹਲ-ਅਧਿਕਾਰੀਆਂ ਨੇ ਦਹਿਸ਼ਤ ਕਾਇਮ ਰੱਖਣ ਲਈ ਬੈਂਤਾਂ ਦੀ ਸਜ਼ਾ ਜ਼ਰੂਰ ਦੇਣੀ ਹੈ। ਸੋ ਹਰ ਬਬਰ ਬੈਂਤਾਂ ਖਾਣ ਲਈ ਤਿਆਰ-ਬਰ-ਤਿਆਰ ਹੋ ਚੁੱਕਿਆ ਸੀ।

16 ਨਵੰਬਰ 1926 ਨੂੰ ਕਰਮ ਸਿੰਘ ਝਿੰਗੜ, ਕਰਤਾਰ ਸਿੰਘ ਵੱਡਾ ਡੁਮੇਲੀ, ਸ਼ਿਵ ਸਿੰਘ ਹਰੀਪੁਰੀਆ, ਉਜਾਗਰ ਸਿੰਘ ਬਸਰਾਮਪੁਰ, ਦਲੀਪ ਸਿੰਘ ਮਾਣਕਾਂ, ਹਰਦਿਤ ਸਿੰਘ ਜੱਸੋਵਾਲ, ਬੰਤਾ ਸਿੰਘ ਦੌਲਤਪੁਰ (ਨੇੜੇ ਨਵਾਂ ਸ਼ਹਿਰ), ਸੁਰੈਣ ਸਿੰਘ ਕੰਗ-ਮਾਈ, ਸੁਰੈਣ ਸਿੰਘ ਦੌਲਤਪੁਰ (ਨੇੜੇ ਅਲਾਵਲਪੁਰ), ਮਾਣ ਸਿੰਘ ਗੁਜਰਾਂਵਾਲਾ, ਭੋਲਾ ਸਿੰਘ ਧਾਮੀਆਂ ਕਲਾਂ, ਗਿਆਨ ਸਿੰਘ ਆਲੋਵਾਲ, ਊਧਮ ਸਿੰਘ ਸੂਰਾ-ਨੁੱਸੀ, ਗਿਆਨੀ ਕਰਤਾਰ ਸਿੰਘ ਗੋਂਦਪੁਰ ਅਤੇ ਮੁਣਸ਼ਾ ਸਿੰਘ ਸਮਰਾਵਾਂ ਨੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਇਕ ਅਕਾਲੀ ਲੀਡਰ, ਕਰਤਾਰ ਸਿੰਘ ਜ਼ਿਲਾ ਲਾਹੌਰ ਵੀ ਇਹਨਾਂ ਨਾਲ ਸ਼ਾਮਲ ਹੋ ਗਿਆ। ਉਸੇ ਹੀ ਦਿਨ ਇਹ ਖ਼ਬਰ ਪੰਜਾਬ ਦੇ ਸਾਰੇ ਅਖ਼ਬਾਰਾਂ ਵਿਚ ਛਪ ਗਈ, ਜੋ ਬੜੀ ਹੁਸ਼ਿਆਰੀ ਨਾਲ ਬੂਟਾ ਸਿੰਘ ਨੇ 15 ਨਵੰਬਰ ਨੂੰ ਬਾਹਰ ਪੁਚਾ ਦਿੱਤੀ ਸੀ। ਸੋ ਦੋਹਾਂ ਪਾਸਿਆਂ ਤੋਂ ਨਵੇਂ ਸਿਰਿਉਂ ਯੁੱਧ ਸ਼ੁਰੂ ਹੋ ਗਿਆ। ਉਧਰ ਸਰਕਾਰ ਵੀ ਬਬਰਾਂ ਨੂੰ ਈਨ ਮਨਾਉਣ ਲਈ ਤੁਲੀ ਬੈਠੀ ਸੀ ਅਤੇ ਦੂਜੇ ਬੰਨੇ ਬਬਰਾਂ ਨੇ ਵੀ ਸਿਰ-ਧੜ ਦੀ ਬਾਜ਼ੀ ਲਾ ਦਿੱਤੀ।

ਭੁੱਖ-ਹੜਤਾਲ 28 ਦਿਨ ਤਾਂ ਠੀਕ ਚਲਦੀ ਰਹੀ। ਜਿਹਲ-ਅਧਿਕਾਰੀ ਇਕੱਲੇ-ਇਕੱਲੇ ਭੁੱਖ-ਹੜਤਾਲੀ ਨੂੰ ਢਾਹ ਕੇ ਨਾਸਾਂ ਰਾਹੀਂ ਖ਼ੁਰਾਕ ਅੰਦਰ ਧਕਦੇ ਰਹੇ। ਅਠਾਈਵੇਂ ਦਿਨ ਸੁਪਰਿੰਟੈਂਡੈਂਟ ਨੇ ਥੱਕ-ਹਾਰ ਕੇ ਹਰਦਿਤ ਸਿੰਘ ਜੱਸੋਵਾਲ ਅਤੇ ਦਲੀਪ ਸਿੰਘ ਮਾਣਕਾਂ ਦੇ 30-30 ਬੈਂਤ ਜੜਨ ਦਾ ਹੁਕਮ ਦੇ ਦਿੱਤਾ। ਉਸ ਦਿਨ ਦਲੀਪ ਸਿੰਘ ਨਜ਼ਲੇ ਦਾ ਸ਼ਿਕਾਰ ਹੋ ਕੇ ਕੁਝ ਵਧੇਰੇ ਹੀ ਢਿੱਲਾ ਲੱਗ ਰਿਹਾ ਸੀ।

ਸਾਹਿਬ ਨੇ ਜਾਣ-ਬੁੱਝ ਕੇ ਉਹਨੂੰ ਇਸ ਕਰਕੇ ਚੁਣਿਆ ਸੀ ਕਿ ਉਹ ਚੌਥੀ-ਪੰਜਵੀਂ ਬੈਂਤ ਉੱਤੇ ਜ਼ਰੂਰ ਹਾਏ-ਤੌਬਾ ਕਰ ਉਠੇਗਾ ਤਾਂ ਉਹਦਾ ਨੱਕ ਰਹਿ ਜਾਵੇਗਾ ਕਿ ਇਕ ਬਬਰ ਤੋਂ ਤਾਂ ਨੱਕ ਨਾਲ ਲਕੀਰਾਂ ਕਢਵਾ ਹੀ ਲਈਆਂ ਹਨ। ਉਸੇ ਵੇਲੇ ਟਿਕਟਿਕੀ ਮੰਗਵਾ ਕੇ ਉਹ ਆਪ ਕੁਰਸੀ ਉੱਤੇ ਬਰਾਜਮਾਨ ਹੋ ਗਿਆ। ਪਹਿਲਾਂ ਹਰਦਿਤ ਸਿੰਘ ਜੱਸੋਵਾਲ ਨੂੰ ਜਕੜ ਕੇ 30 ਬੈਂਤ ਪੂਰੇ ਤਾਣ ਨਾਲ ਜੜਵਾ ਲਏ। ਇਹ ਬੈਂਤ ਜੜਵਾਉਣ ਲਈ ਸਾਹਿਬ ਨੇ ਇਕ ਨਵਾਂ ਢੰਗ ਵਰਤਿਆ। ਘੜੀ ਹੱਥ ਵਿਚ ਫੜ ਲਈ ਅਤੇ ਜਲਾਦ ਨੂੰ ਸਮਝਾ ਦਿਤਾ ਕਿ ਜਿਸ ਵੇਲੇ ਮੈਂ ਉਂਗਲ ਖੜੀ ਕਰਾਂ, ਤੂੰ ਪੂਰੇ ਤਾਣ ਨਾਲ ਬੈਂਤ ਜੜ ਦਿਆ ਕਰੀਂ। ਪੂਰੇ ਇਕ ਮਿੰਟ ਬਾਅਦ ਉਂਗਲ ਉਠਦੀ ਗਈ ਅਤੇ ਬੈਂਤਬਾਜ਼ ਆਪਣੀ ਪੂਰੀ ਸ਼ਕਤੀ ਨਾਲ ਬੈਂਤ ਜੜ ਦਿੰਦਾ ਰਿਹਾ। ਗੱਲ ਕੀ ਇਹ ਕਹਿਰ ਪੂਰਾ ਅੱਧਾ ਘੰਟਾ ਹੁੰਦਾ ਰਿਹਾ। ਪਰ ਜਕੜਿਆ ਬਬਰ ਵੀ ਪੂਰੇ ਤਾਣ ਨਾਲ ਸਾਹਿਬ ਨੂੰ ਲਲਕਾਰਦਾ ਰਿਹਾ। ਉਧਰ ਬੈਂਤ ਪੂਰੇ ਹੋਏ, ਇਧਰ ਬਬਰ ਦੇ ਜੈਕਾਰੇ ਪੂਰੇ ਹੋ ਗਏ। ਚਿੱਤੜਾਂ ਤੋਂ ਮੋਟੇ ਮਾਸ ਦੇ

ਲੋਥੜੇ ਜ਼ਮੀਨ ਉੱਤੇ ਡਿੱਗ ਚੁੱਕੇ ਸਨ ਅਤੇ ਲਹੂ ਲੱਤਾਂ ਤੋਂ ਹੋ ਪੈਰਾਂ ਨੂੰ ਸਿੰਜਦਾ ਜ਼ਮੀਨ ਰੰਗੀਲੀ ਬਣਾ ਚੁਕਿਆ ਸੀ।

ਦਲੀਪ ਸਿੰਘ ਮਾਣਕਾਂ ਦੀ ਵਾਰੀ ਆਈ। ਡਾਕਟਰ ਨੇ ਹਸਬ-ਦਸਤੂਰ ਸਾਰੇ ਕਪੜੇ ਲੁਹਾ ਕੇ ਮੁਲਾਹਜ਼ਾ ਕਰਨਾ ਸ਼ੁਰੂ ਕੀਤਾ ਹੀ ਸੀ ਕਿ ਦਲੀਪ ਸਿੰਘ ਨੂੰ ਕੰਬਣੀ ਜਿਹੀ ਆਈ। ਡਾਕਟਰ ਨੇ ਬੈਂਤ ਜੜਨ ਦੀ ਤਸਦੀਕ ਕਰਨ ਤੋਂ ਨਾਂਹ ਕਰਦਿਆਂ ਸਾਹਿਬ ਨੂੰ ਸਾਫ਼ ਤੌਰ ਉੱਤੇ ਦੱਸ ਦਿੱਤਾ ਕਿ "ਇਕ ਤਾਂ ਇਹਦੀ ਤਿੱਲੀ ਏਨੀ ਵਧ ਚੁੱਕੀ ਹੈ ਕਿ ਬੈਂਤਾਂ ਦੀ ਸਜ਼ਾ ਬਰਦਾਸ਼ਤ ਨਹੀਂ ਕਰ ਸਕੇਗਾ ਅਤੇ 99 ਫ਼ੀਸਦੀ ਮੌਤ ਦਾ ਡਰ ਹੈ, ਦੂਜੇ ਐਸ ਵੇਲੇ ਇਹ ਸਖ਼ਤ ਨਜ਼ਲੇ ਦਾ ਵੀ ਸ਼ਿਕਾਰ ਹੈ। ਸੋ ਮੈਂ ਜ਼ਿਮੇਂਵਾਰੀ ਲੈਣ ਲਈ ਕਦਾਚਿਤ ਤਿਆਰ ਨਹੀਂ ਹਾਂ।" ਸੁਪਰਿੰਟੈਂਡੈਂਟ ਤੈਸ਼ ਵਿਚ ਆ ਕੇ ਡਾਕਟਰ ਨੂੰ ਤਾੜਨਾ ਕਰਨ ਲੱਗ ਪਿਆ, ਪਰ ਡਾਕਟਰ ਆਪਣੇ ਫ਼ੈਸਲੇ ਉੱਤੇ ਅੜਿਆ ਰਿਹਾ। ਆਖ਼ਰ ਸੁਪਰਿੰਟੈਂਡੈਂਟ ਨੇ ਇਹ ਲਿਖ ਕੇ ਡਾਕਟਰ ਨੂੰ ਦੇ ਦਿੱਤਾ ਕਿ ਡਾਕਟਰ ਦੇ ਇਨਕਾਰ ਦੇ ਬਾਵਜੂਦ ਉਹ ਆਪ ਬੈਂਤ ਜੜਵਾ ਰਿਹਾ ਹੈ। ਸ਼ਰਤ ਇਹ ਸੀ ਕਿ ਜੇ ਮੌਤ ਨਾ ਹੋਈ ਤਾਂ ਲਿਖਿਆ ਵਾਪਸ ਸਾਹਿਬ ਨੂੰ ਦੇ ਦਿੱਤਾ ਜਾਵੇਗਾ। ਡਾਕਟਰ ਨੇ ਦਸਖ਼ਤ ਕਰ ਦਿੱਤੇ।

ਹੁਣ ਦਲੀਪ ਸਿੰਘ ਨੂੰ ਅਲਫ਼ ਨੰਗਾ ਕਰਕੇ ਟਿਕਟਿਕੀ ਉੱਤੇ ਜਕੜ ਲਿਆ ਗਿਆ। ਬੀਮਾਰੀ ਅਤੇ ਕਮਜ਼ੋਰੀ ਕਰਕੇ ਮੁੜ ਝੁਣਝੁਣੀ ਆਈ ਤਾਂ ਸਾਹਿਬ ਬੁੱਲ੍ਹਾਂ ਵਿਚ ਮੁਸਕਰਾ ਉਠਿਆ। ਪੰਜ-ਛੇ ਬੈਂਤ ਤਾਂ ਦਲੀਪ ਸਿੰਘ ਨੇ ਚੁੱਪ-ਚੁਪੀਤਿਆਂ ਖਾ ਲਏ। ਫੇਰ ਉਹ ਬੈਂਤ ਮਾਰਨ ਵਾਲੇ ਨੂੰ ਗਾਲ ਕੱਢ ਕੇ ਗੱਜਿਆ, "ਕੁੱਤੇ ਦੀਏ ਪੂਛੇ, ਸਹਿਜੇ ਕਿਉਂ ਮਾਰਦਾ ਏਂ, ਹੁਣ ਤਾਂ ਸਰੀਰ ਜ਼ਰਾ ਭਖ਼ਣ ਲੱਗਿਆ ਹੈ। ਹੋਰ ਜ਼ੋਰ ਨਾਲ ਮਾਰ। ਇਸ ਬੁੱਚੜ ਨੂੰ ਪਤਾ ਲਗ ਜਾਵੇ ਕਿ ਬਬਰ ਕਿਸ ਮਿੱਟੀ ਦੇ ਬਣੇ ਹੋਏ ਹਨ।" ਤੇ ਉਹ ਜੈਕਾਰੇ ਛੱਡਣ ਲੱਗ ਪਿਆ। ਇਹ ਨਜ਼ਾਰਾ ਦੇਖ ਸਾਹਿਬ ਦਾ ਮੂੰਹ ਪੀਲਾ ਪੈ ਗਿਆ। ਫ਼ੌਰਨ ਕੁਰਸੀ ਤੋਂ ਉੱਠ ਕੇ ਭੱਜਣ ਦੀ ਕੀਤੀ। ਬਾਕੀ ਬੈਂਤਾਂ ਨਰਮ ਲਾਉਣ ਦਾ ਹੁਕਮ ਦਿੰਦਾ ਗਿਆ।

ਭੁੱਖ-ਹੜਤਾਲ ਲੰਮੀ ਹੁੰਦੀ ਜਾ ਰਹੀ ਸੀ ਅਤੇ ਬਬਰ ਨਿਢਾਲ ਹੁੰਦੇ ਜਾ ਰਹੇ ਸਨ। ਪੇਟ ਖ਼ਾਲੀ ਰਹਿਣ ਕਰਕੇ ਸਾਰਿਆਂ ਨੂੰ ਕਬਜ਼ ਦੀ ਸ਼ਿਕਾਇਤ ਵੀ ਵਧਦੀ ਗਈ। ਅਧਿਕਾਰੀਆ ਨੇ ਸਾਰੇ ਭੁੱਖ-ਹੜਤਾਲੀਆਂ ਨੂੰ ਜੱਬੋਲੋਟੇ ਦਾ ਜੁਲਾਬ ਦੁਆ ਦਿੱਤਾ। ਉਹਨੇ ਉਲਟਾ ਅਸਰ ਕਰਨ ਵਿਚ ਕੋਈ ਕਸਰ ਨਾ ਰਹਿਣ ਦਿੱਤੀ। ਖ਼ਾਲੀ ਪੇਟਾਂ ਵਿਚ ਉਹਨੇ ਤੇਜ਼ਾਬ ਦਾ ਅਸਰ ਜਾ ਕੀਤਾ। ਉੱਠ ਕੇ ਬੈਠਣਾ ਤਾਂ ਕਿਤੇ ਰਿਹਾ, ਬੇਹੋਸ਼ੀ ਵਿਚ ਟੱਟੀ, ਪਿਸ਼ਾਬ ਅਤੇ ਉਲਟੀਆਂ ਨਾਲ ਸਰੀਰ ਗੜੁੱਚ ਹੋ ਗਏ।

ਸੁਪਰਿੰਟੈਂਡੈਂਟ ਤਾਂ ਇਕ ਪਾਸੇ ਰਿਹਾ, ਸਰਕਾਰ ਨੇ ਜਾਣ-ਬੁੱਝ ਕੇ ਦਰੋਗਾ ਵੀ ਸਾਰੇ ਪੰਜਾਬ ਵਿਚੋਂ ਚੁਣ ਕੇ ਬਬਰਾਂ ਨੂੰ ਸਬਕ ਸਿਖਾਉਣ ਲਈ ਲਾਇਆ ਸੀ। ਉਹਦਾ ਨਾਂ ਸੀ ਗੋਕਲ ਚੰਦ। ਇਹ ਜ਼ਾਤ ਦਾ ਬਰਾਹਮਣ, ਕਾਲੇ ਰੰਗ ਦਾ, ਵਡੀਆਂ ਵਡੀਆਂ ਮੁੱਛਾਂ ਵਾਲਾ, ਪੂਰਾ ਚੰਡਾਲ ਸੀ। ਇਹਨੇ ਹੀ ਜਾਣ-ਬੁੱਝ ਕੇ ਜੱਬੋਲੋਟੇ ਦਾ ਜੁਲਾਬ ਦੁਆ ਕੇ ਨਰਕ ਭੁਗਤਾਇਆ ਸੀ। ਇਹ ਚੰਡਾਲ ਬਰਾਹਮਣ ਬਬਰਾਂ ਨੂੰ ਨਵੇਂ ਤੋਂ ਨਵਾਂ ਤਸੀਹਾ ਦੇਣ ਲਈ ਨਵੀਂ ਤੋਂ ਨਵੀਂ ਸਕੀਮ ਘੜਨ ਵਿਚ ਦਿਨ-ਰਾਤ ਜੁਟਿਆ

ਰਹਿੰਦਾ ਸੀ। ਇਹਨਾਂ ਦਿਨਾਂ ਵਿਚ ਗੋਕਲ ਚੰਦ ਨੂੰ ਅੰਗਰੇਜ਼ ਸਰਕਾਰ ਨੇ ਉਹਦੇ ਕਾਰਨਾਮਿਆਂ ਦੇ ਸਿਲੇ ਵਿਚ "ਰਾਏ ਸਾਹਿਬ" ਦਾ ਖ਼ਿਤਾਬ ਬਖ਼ਸ਼ ਦਿੱਤਾ ਸੀ। ਹੁਣ ਉਹ "ਰਾਏ ਬਹਾਦੁਰ" ਬਣਨ ਲਈ ਹੱਥ-ਪੈਰ ਮਾਰਨ ਲਗ ਪਿਆ ਸੀ। ਉਹਦਾ ਇਕੋ-ਇਕ ਨੌਜਵਾਨ ਲੜਕਾ ਉਹਨਾਂ ਦਿਨਾਂ ਵਿਚ ਬੀ. ਏ. ਵਿਚ ਪੜ੍ਹ ਰਿਹਾ ਸੀ ਅਤੇ ਦੋ ਲੜਕੀਆਂ ਵੀ ਸਕੂਲ ਵਿਚ ਪੜ੍ਹ ਰਹੀਆਂ ਸਨ।

ਜਿਸ ਵੇਲੇ ਗੋਕਲ ਚੰਦ ਦੇ ਜ਼ੁਲਮਾ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਛਪਣੀਆਂ ਸ਼ੁਰੂ ਹੋ ਗਈਆਂ, ਉਹ ਕਾਲਜਾਂ ਵਿਚ ਪੜ੍ਹਦੇ ਲੜਕੇ-ਲੜਕੀਆਂ ਤਕ ਪੁੱਜਣੀਆ ਹੀ ਸਨ। ਗੋਕਲ ਚੰਦ ਦੀ ਔਲਾਦ ਨੂੰ ਹਰ ਪਾਸਿਉਂ ਫਿਟ-ਲਾਹਣਤਾਂ ਪੈਣੀਆ ਸ਼ੁਰੂ ਹੋ ਗਈਆਂ। ਭੈਣ-ਭਰਾ ਆਪਣੀ ਮਾਂ ਨਾਲ ਰੋਜ਼ ਪਿਟ-ਸਿਆਪਾ ਕਰਦੇ ਸਨ। ਉਹ ਬਹੁਤ ਨੇਕ-ਸੀਰਤ ਜ਼ਨਾਨੀ ਸੀ। ਉਹਨੇ ਬਹੁਤ ਤਰਲੇ ਲਏ ਕਿ ਉਹਦਾ ਪਤੀ ਸਿੱਧੇ ਰਾਹ ਉੱਤੇ ਆ ਜਾਵੇ। ਪਰ ਉਸ ਚੰਡਾਲ ਉੱਤੇ "ਰਾਏ ਬਹਾਦੁਰੀ" ਸਵਾਰ ਹੋ ਚੁੱਕੀ ਸੀ। ਲੜਕੀਆਂ ਨੇ ਸਕੂਲ ਜਾਣਾ ਹੀ ਛਡ ਦਿੱਤਾ। ਕੋਈ ਵਾਹ ਜਾਂਦੀ ਨਾ ਦੇਖ ਲੜਕੇ ਨੇ ਆਪਣੇ ਪਿਉ ਦੇ ਨਾਂ ਇਕ ਦਰਦ-ਭਰੀ ਚਿੱਠੀ ਲਿਖੀ ਅਤੇ ਸਿੱਧਾ ਰੇਲ ਥੱਲੇ ਆ ਕੇ ਸਦਾ ਲਈ ਨਿੱਤ ਦੀਆਂ ਲਾਹਣਤਾਂ ਤੋਂ ਛੁਟਕਾਰਾ ਪਾ ਕੇ ਆਰਾਮ ਦੀ ਨੀਂਦ ਸੌਂ ਗਿਆ। ਲੜਕੇ ਦੀ ਜੇਬ ਵਿਚੋਂ ਨਿਕਲਿਆ ਪੱਤਰ ਪੁਲਸ ਨੂੰ ਮਿਲਣਾ ਹੀ ਸੀ ਅਤੇ ਖ਼ਬਰ ਆਮ ਲੋਕਾਂ ਤੱਕ ਪਹੁੰਚਣੀ ਹੀ ਸੀ। ਜਿਸ ਵੇਲੇ ਇਹ ਦਰਦ-ਭਰੀ ਕਹਾਣੀ ਬਬਰਾਂ ਨੇ ਸੁਣੀ, ਬਜਾਏ ਖ਼ੁਸ਼ੀ ਮਨਾਉਣ ਦੇ ਕਿ ਚੰਡਾਲ ਨੂੰ ਚੰਗਾ ਸਬਕ ਮਿਲਿਆ ਹੈ, ਉਲਟਾ ਉਹ ਆਪਣਾ ਦੁਖ ਭੁੱਲ ਕੇ ਉਸ ਬੱਚੇ ਦੀ ਕੁਰਬਾਨੀ ਦਾ ਸੋਗ ਮਨਾਉਣ ਲੱਗ ਪਏ। ਇਥੋਂ ਤਕ ਕਿ ਜਿਸ ਵੇਲੇ ਲੱਕ-ਟੁੱਟਾ ਦਰੋਗਾ ਗੋਕਲ ਚੰਦ ਬੱਚੇ ਦੀ ਮੌਤ ਤੋਂ ਬਾਅਦ ਪਹਿਲੀ ਵਾਰ ਕਰਮ ਸਿੰਘ ਝਿੰਗੜ ਨੂੰ ਮਿਲਿਆ, ਉਹਨੇ ਬੜੇ ਦਰਦ-ਭਰੇ ਲਹਿਜੇ ਵਿਚ ਦਰੋਗੇ ਦੀ ਢਾਰਸ ਬੰਨ੍ਹਾਈ।

ਦੂਜੇ ਬੰਨੇ ਉਹ ਨੇਕ ਡਾਕਟਰ ਕਰਮ ਸਿੰਘ ਝਿੰਗੜ ਕੋਲ ਆ ਕੇ ਦਿਲ ਦਾ ਦੁੱਖ ਦੱਸਿਆ ਕਰਦਾ ਸੀ ਕਿ ਅਜ ਮੈਂ, ਮੇਰੀ ਧਰਮ-ਪਤਨੀ ਅਤੇ ਇਕਲੌਤੀ ਬੇਟੀ ਨੇ ਤੁਹਾਡੀਆਂ ਸਿਹਤਾਂ ਦੀ ਬਹਾਲੀ ਲਈ ਬਰਤ ਰਖਿਆ ਸੀ ਜਾਂ ਪੂਜਾ ਕੀਤੀ ਤੇ ਪ੍ਰਸ਼ਾਦ ਚੜ੍ਹਾਇਆ ਸੀ ਜਾਂ ਫ਼ੁਲਾਣੀ ਮੰਨਤ ਮੰਨੀ ਸੀ। ਇਨਸਾਨੀਅਤ ਦੇ ਪੁਜਾਰੀ ਇਸ ਡਾਕਟਰ ਦਾ ਨਾਂ ਸੀ ਵਲੈਤੀ ਰਾਮ।

ਮੈਂ ਪਹਿਲਾਂ ਦੱਸ ਆਇਆ ਹਾਂ ਕਿ ਇਹ ਨਵੀਂ ਬਣੀ ਜਿਹਲ ਸਿਰਫ਼ ਰਾਜਸੀ ਕੈਦੀਆਂ ਲਈ ਹੀ ਸੀ। ਹਾਂ, ਬਾਕੀ ਕੰਮ-ਕਾਰ ਲਈ ਇਖ਼ਲਾਕੀ ਕੈਦੀ ਵੀ ਕਾਫ਼ੀ ਗਿਣਤੀ ਵਿਚ ਮੌਜੂਦ ਸਨ। ਇਹਨਾਂ ਵਿਚ ਹੀ ਸੀ ਇਕ ਰਾਜਸੀ ਕੈਦੀ ਅੰਮ੍ਰਿਤਸਰੀਆ ਬੁੱਘਾ ਮੱਲ, ਜੋ 1919 ਦੇ ਮਾਰਸ਼ਲ-ਲਾਅ ਦੇ ਦਿਨਾਂ ਵਿਚ ਉਮਰ ਕੈਦ ਦੀ ਸਜ਼ਾ ਪਾ ਚੁਕਿਆ ਸੀ ਅਤੇ ਬਬਰਾਂ ਨਾਲ ਹੀ ਐਸ ਵੇਲੇ ਮੁਲਤਾਨ ਦੀ ਨਵੀਂ ਜਿਹਲ ਵਿਚ ਸਜ਼ਾ ਭੁਗਤ ਰਿਹਾ ਸੀ। ਆਕੜ-ਖਾਂ ਦਰੋਗਾ ਗੋਕਲ ਚੰਦ ਚੌਧਰੀ ਬੁੱਘਾ ਮੱਲ ਦੇ ਪੈਰੀਂ ਆ ਪਿਆ ਅਤੇ ਗਿੜਗਿੜਾਇਆ, "ਚੌਧਰੀ ਸਾਹਿਬ, ਮੈਨੂੰ ਪ੍ਰਮਾਤਮਾ ਨੇ ਘੋਰ ਸਜ਼ਾ ਪਹਿਲਾਂ ਹੀ ਦੇ ਦਿੱਤੀ ਹੈ। ਜਿਵੇਂ ਵੀ ਹੋ ਸਕਦਾ ਹੈ, ਮੇਰੀ ਬਬਰਾਂ ਨਾਲ ਵਿਚ ਪੈ ਕੇ ਸੁਲਾਹ ਕਰਾ ਦਿਉ। ਮੇਰੇ ਘਰ ਵਿਚ ਹਰ ਵੇਲੇ ਮਾਤਮ ਛਾਇਆ ਰਹਿੰਦਾ ਹੈ। ਲੜਕੀਆਂ ਦੇ ਕੀਰਨੇ ਅਤੇ ਘਰਵਾਲੀ ਦਾ ਵਿਰਲਾਪ ਸੁਨਣ ਦੀ ਹੁਣ ਮੇਰੇ ਵਿਚ

ਹਿੰਮਤ ਨਹੀਂ ਰਹੀ। ਬੱਚੇ ਦੀ ਮੌਤ ਦੀ ਖ਼ਬਰ ਨੇ ਬਬਰਾਂ ਦੇ ਵਤੀਰੇ ਵਿਚ ਵੀ ਨਰਮੀ ਲੈ ਆਂਦੀ ਹੈ। ਕਰਮ ਸਿੰਘ ਝਿੰਗੜ ਨੇ ਡੁਬਡੁਬਾਈਆਂ ਅੱਖਾਂ ਨਾਲ ਮੇਰੇ ਕੋਲ ਸੱਚੇ ਦਿਲੋਂ ਅਫ਼ਸੋਸ ਜ਼ਾਹਰ ਕੀਤਾ ਹੈ। ਬਾਕੀ ਬਬਰਾਂ ਨੇ ਵੀ ਮੇਰੇ ਨਾਲ ਤਲਖ਼-ਕਲਾਮੀ ਬੰਦ ਕਰ ਦਿੱਤੀ ਹੈ। ਪਹਿਲਾਂ ਤਾਂ ਉਹ ਗਾਲ ਤੋਂ ਬਿਨਾਂ ਗੱਲ ਹੀ ਨਹੀਂ ਸਨ ਕਰਦੇ। ਬਬਰ ਵੀ ਤੁਹਾਡਾ ਇਹਤਰਾਮ ਕਰਦੇ ਹਨ। ਮੈਂ ਵਾਇਦਾ ਕਰਦਾ ਹਾਂ ਕਿ ਅੱਗੋਂ ਲਈ ਬਬਰਾਂ ਨੂੰ ਕਿਸੇ ਕਿਸਮ ਦੀ ਤਕਲੀਫ਼ ਨਹੀਂ ਹੋਣ ਦਿਆਂਗਾ। ਉਹ ਭੁੱਖ-ਹੜਤਾਲ ਖੋਲ੍ਹ ਦੇਣ ਅਤੇ ਆਪਣੇ ਸਿਆਸੀ ਹੱਕਾਂ ਲਈ ਦੂਜੇ ਤਰੀਕਿਆਂ ਨਾਲ ਕੋਸ਼ਿਸ਼ ਜਾਰੀ ਰੱਖਣ।''

ਚੌਧਰੀ ਸਾਹਿਬ ਨੇ ਪਹਿਲਾਂ ਤਾਂ ਬੂਟਾ ਸਿੰਘ ਨੂੰ ਆਪਣੇ ਸੰਪਰਕ ਵਿਚ ਲਿਆ ਅਤੇ ਫੇਰ ਦਰੋਗੇ ਨੂੰ ਕਹਿ ਕੇ ਸਾਰੇ ਭੁੱਖ-ਹੜਤਾਲੀਆਂ ਨੂੰ ਇਕ ਨਿਵੇਕਲੀ ਬੈਰਕ ਵਿਚ ਸਟਰੇਚਰਾਂ ਉੱਤੇ ਪਾ-ਪਾ ਲਿਜਾ ਇਕੱਠਿਆਂ ਕੀਤਾ। ਏਨੇਂ ਨੂੰ ਚੌਧਰੀ ਸਾਹਬ ਬੂਟਾ ਸਿੰਘ ਨੂੰ ਨਾਲ ਲੈ ਕੇ ਗਲ ਵਿਚ ਪਰਨਾ ਪਾਈਂ ਅਤੇ ਦੋਵੇਂ ਹੱਥ ਜੋੜੀਂ ਸਿੱਧੇ ਕਰਮ ਸਿੰਘ ਝਿੰਗੜ ਕੋਲ ਪੁੱਜੇ, ਜਿਹੜਾ ਨਿਢਾਲ ਲੰਮਾ ਪਿਆ ਸੀ। ਜਾਂਦਿਆਂ ਹੀ ਚੌਧਰੀ ਸਾਹਬ ਨੇ ਆਪਣੀ ਪੱਗ ਲਾਹ ਕੇ ਕਰਮ ਸਿੰਘ ਝਿੰਗੜ ਦੇ ਪੈਰਾਂ ਵਿਚ ਰਖਦਿਆਂ ਪਰਨਾ ਦੋਹਾਂ ਹੱਥਾਂ ਵਿਚ ਫੜ ਕੇ ਸਾਰੇ ਬਬਰਾਂ ਨੂੰ ਭੁੱਖ-ਹੜਤਾਲ ਖੋਲ੍ਹ ਦੇਣ ਦੀ ਪ੍ਰਾਰਥਨਾ ਕੀਤੀ ਅਤੇ ਕਿਹਾ ਕਿ ''ਜਿਹਲ-ਅਧਿਕਾਰੀਆਂ ਵਲੋਂ ਮੈਂ ਜ਼ਾਮਨ ਬਣ ਕੇ ਤੁਹਾਡੇ ਪਾਸ ਆਇਆ ਹਾਂ। ਤੁਹਾਨੂੰ ਪਤਾ ਹੀ ਹੈ ਕਿ ਦਰੋਗੇ ਦਾ ਇਕੋ-ਇਕ ਲੜਕਾ ਤੁਹਾਡੀ ਖ਼ਾਤਰ ਆਪਣੀ ਬਲੀ ਦੇ ਗਿਆ ਹੈ। ਉਸ ਬੱਚੇ ਦੀ ਮਾਤਾ ਮਰਨ ਕਿਨਾਰੇ ਪੁਜ ਚੁੱਕੀ ਹੈ। ਦੋਹਾਂ ਭੈਣਾਂ ਦਾ ਇਕੋ-ਇਕ ਭਰਾ ਹਮੇਸ਼ਾ ਲਈ ਵਿਛੋੜਾ ਦੇ ਗਿਆ ਹੈ। ਜਿਹਲ ਦੇ ਅਧਿਕਾਰੀਆਂ ਨੇ ਮੈਨੂੰ ਪੱਕਾ ਯਕੀਨ ਦੁਆ ਦਿੱਤਾ ਹੈ ਕਿ ਅਗੋਂ ਲਈ ਉਹਨਾਂ ਵੱਲੋਂ ਐਸੀ ਕੋਈ ਹਰਕਤ ਨਹੀਂ ਹੋਵੇਗੀ ਜਿਸ ਉੱਤੇ ਤੁਹਾਨੂੰ ਕੋਈ ਇਤਰਾਜ਼ ਹੋਵੇ। ਮੈਂ ਸੱਚੇ ਦਿਲੋਂ ਤੁਹਾਨੂੰ ਭੁੱਖ-ਹੜਤਾਲ ਤੋੜਨ ਲਈ ਬੇਨਤੀ ਕਰਦਾ ਹਾਂ। ਦਰੋਗੇ ਲਈ ਹੋਰ ਕੋਈ ਅਜਿਹੀ ਢੁੱਕਵੀਂ ਸਜ਼ਾ ਵੀ ਬਾਕੀ ਨਹੀਂ ਰਹਿ ਗਈ, ਜਦੋਂ ਉਹਦਾ ਬੱਚਾ ਸਿਰਫ਼ ਤੁਹਾਡੀਆਂ ਜਾਨਾਂ ਬਚਾਉਣ ਲਈ ਜਾਨ ਦੇ ਗਿਆ ਹੈ।'' ਚੌਧਰੀ ਸਾਹਿਬ ਦੀਆਂ ਗੱਲਾਂ ਸੁਣ ਕੇ ਸਭ ਦੀਆਂ ਅੱਖਾਂ ਡੁਬਡੁਬਾ ਆਈਆਂ ਸਨ। ਸੋ ਨਾ ਚਾਹੁੰਦਿਆਂ ਹੋਇਆਂ ਵੀ ਸਾਰਿਆਂ ਨੇ ਸਲਾਹ ਕਰਕੇ ਚੌਧਰੀ ਸਾਹਿਬ ਦੀ ਬੇਨਤੀ ਪਰਵਾਨ ਕਰਦਿਆਂ ਭੁੱਖ-ਹੜਤਾਲ ਖੋਲ੍ਹਣ ਦਾ ਸਰਬਸੰਮਤੀ ਨਾਲ ਫ਼ੈਸਲਾ ਕਰ ਲਿਆ। ਕਰਮ ਸਿੰਘ ਝਿੰਗੜ ਨੇ ਭੁੱਖ-ਹੜਤਾਲ ਸਮਾਪਤ ਕਰਨ ਲਗਿਆਂ ਚੌਧਰੀ ਸਾਹਿਬ ਨੂੰ ਆਖਿਆ ਸੀ, ''ਸਾਨੂੰ ਪਤਾ ਹੈ, ਅਸੀਂ ਜਿੱਤੀ ਹੋਈ ਬਾਜ਼ੀ ਹਾਰਨ ਲੱਗੇ ਹਾਂ। ਪਰ ਨਾ ਚਾਹੁੰਦਿਆਂ ਵੀ ਇਹ ਫ਼ੈਸਲਾ ਕਰਨ ਲਈ ਇਸ ਕਰਕੇ ਮਜ਼ਬੂਰ ਹੋਏ ਹਾਂ ਕਿ ਸਾਡੀਆਂ ਜਾਨਾਂ ਬਚਾਉਣ ਖ਼ਾਤਰ ਇਕ ਅਣਖੀਲਾ, ਹੋਣਹਾਰ ਅਤੇ ਬੇਗੁਨਾਹ ਬੱਚਾ ਆਪਣੀ ਬਲੀ ਦੇ ਗਿਆ ਹੈ।'' ਕਰਮ ਸਿੰਘ ਜੀ ਬਾਵਜੂਦ ਅੰਤਾਂ ਦੀ ਕਮਜ਼ੋਰੀ ਦੇ ਉਠੇ ਅਤੇ ਚੌਧਰੀ ਸਾਹਿਬ ਦੀ ਪੱਗ ਆਪਣੇ ਪੈਰਾਂ ਤੋਂ ਚੁੱਕ ਕੇ ਮੁੜ ਉਹਨਾਂ ਦੇ ਸਿਰ ਉੱਤੇ ਰਖਦਿਆਂ ਉਹਨਾਂ ਨਾਲ ਜਫੀ ਪਾ ਲਈ ਤੇ ਭੁੱਖ-ਹੜਤਾਲ ਸਮਾਪਤ ਕਰ ਦਿੱਤੀ ਗਈ। ਉਸੇ ਹੀ ਵੇਲੇ ਸਭ ਭੁੱਖ-ਹੜਤਾਲੀ ਹਸਪਤਾਲ ਵਿਚ ਭਰਤੀ ਕੀਤੇ ਗਏ ਅਤੇ ਡਾਕਟਰ ਦੀ ਨਿਗਰਾਨੀ ਥੱਲੇ ਸਭ ਨੂੰ

ਦਵਾਈ ਮਿਲਿਆ ਦੁੱਧ ਪਿਆ ਦਿੱਤਾ ਗਿਆ ਅਤੇ ਜਿਹਲ-ਅਧਿਕਾਰੀਆਂ ਦਾ ਸਾਹ ਵਿਚ ਸਾਹ ਆਇਆ। ਇਹ ਭੁੱਖ-ਹੜਤਾਲ 16 ਨਵੰਬਰ 1926 ਤੋਂ 20 ਜਨਵਰੀ 1927 ਤੱਕ ਚਲਦੀ ਰਹੀ ਸੀ।

*　　　*　　　*

ਸ਼ੁਰੂ ਜਨਵਰੀ 1927 ਵਿਚ ਸੁੰਦਰ ਸਿੰਘ ਮਖ਼ਸੂਸਪੁਰੀ, ਭੋਲਾ ਸਿੰਘ ਕਾਠਾ ਅਤੇ ਪ੍ਰਤਾਪ ਸਿੰਘ ਚਬੇਲਪੁਰ (ਸਿਆਲਕੋਟ) ਨੂੰ ਕਾਲੇ ਪਾਣੀ ਜਿਹਲ ਵਿਚ ਭੇਜਿਆ ਜਾ ਚੁਕਿਆ ਸੀ। ਮੁਲਤਾਨ ਵਾਲੀ ਤੀਜੀ ਭੁੱਖ-ਹੜਤਾਲ ਦੀ ਸਮਾਪਤੀ ਤੋਂ ਕੁਝ ਚਿਰ ਬਾਅਦ ਸੁਰੈਣ ਸਿੰਘ ਕੰਗ, ਮੁਣਸ਼ਾ ਸਿੰਘ ਸਮਰਾਵਾਂ, ਊਧਮ ਸਿੰਘ ਸੂਰਾ ਨੁੱਸੀ, ਗਿਆਨ ਸਿੰਘ ਅਤੇ ਬੰਤਾ ਸਿੰਘ ਆਲੋਵਾਲ ਵੀ ਕਾਲੇ ਪਾਣੀ ਦੀ ਜਿਹਲ ਵਿਚ ਪੁਚਾ ਦਿਤੇ ਗਏ। ਇਹ ਸਾਰੇ ਬਬਰ ਉਮਰ ਕੈਦੀ ਸਨ।

ਮਾਰਚ 1927 ਵਿਚ ਸਰਕਾਰ ਨੇ ਇਕ ਨਵਾਂ ਕਾਨੂੰਨ ਪਾਸ ਕਰ ਦਿੱਤਾ ਕਿ ਕਾਲੇ ਪਾਣੀ ਦਾ ਜੋ ਕੈਦੀ ਪੱਕੇ ਤੌਰ ਉੱਤੇ ਉਥੇ ਰਹਿਣ ਲਈ ਤਿਆਰ ਹੋਵੇ, ਉਹ ਆਪਣਾ ਟੱਬਰ ਮੰਗਵਾ ਕੇ ਕੋਈ ਧੰਦਾ ਸ਼ੁਰੂ ਕਰ ਲਵੇ। ਉਹਦੀ ਬਾਕੀ ਕੈਦ ਮੁਆਫ਼ ਕਰ ਦਿੱਤੀ ਜਾਵੇਗੀ ਅਤੇ ਧੰਦਾ ਸ਼ੁਰੂ ਕਰਨ ਲਈ ਮਾਲੀ ਸਹਾਇਤਾ ਵੀ ਦਿੱਤੀ ਜਾਵੇਗੀ। ਜ਼ਨਾਨੀ ਅਤੇ ਬੱਚੇ ਉਹਦੇ ਕੋਲ ਸਰਕਾਰੀ ਖ਼ਰਚ ਨਾਲ ਪੁਚਾ ਦਿੱਤੇ ਜਾਣਗੇ। ਬਾਕੀ ਜਿਹਲਾਂ ਦੇ ਸਜ਼ਾ ਭੁਗਤ ਰਹੇ ਕੈਦੀਆਂ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਕਿ ਜਿਹੜਾ ਕੈਦੀ ਕਾਲੇ ਪਾਣੀ ਵਿਚ ਜਾ ਕੇ ਵਸਣ ਲਈ ਤਿਆਰ ਹੋਵੇ, ਉਹਨੂੰ ਟੱਬਰ ਸਮੇਤ ਉਥੇ ਸਰਕਾਰ ਆਪ ਪੁਚਾ ਦੇਵੇਗੀ।

ਬਬਰਾਂ ਵਿਚੋਂ ਸੁਰੈਣ ਸਿੰਘ ਕੰਗ ਅਤੇ ਮੁਣਸ਼ਾ ਸਿੰਘ ਸਮਰਾਵਾਂ ਨੇ ਵੀ ਆਪਣੇ ਟੱਬਰ ਮੰਗਵਾ ਕੇ ਉਥੇ ਪੱਕੀ ਰਿਹਾਇਸ਼ ਕਰ ਲਈ ਅਤੇ ਖੇਤੀ ਦਾ ਕਾਰੋਬਾਰ ਅਪਣਾ ਲਿਆ। ਉਹਨਾਂ ਦਿਨਾਂ ਵਿਚ ਏਸ ਗ਼ੈਰ-ਆਬਾਦ ਜਜ਼ੀਰੇ ਵਿਚ ਮੱਛਰਾਂ ਦੀ ਭਰਮਾਰ ਸੀ। ਮਲੇਰੀਏ ਦੇ ਹਮਲਿਆਂ ਕਰਕੇ ਜਾਨਾਂ ਬਚਾਉਣੀਆਂ ਬੜੀਆਂ ਔਖੀਆਂ ਸਨ। ਫੇਰ ਵੀ ਕੈਦੀਆਂ ਨੇ ਜਿਹਲ ਨਾਲੋਂ ਮੌਤ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਸੀ। ਥੋੜ੍ਹੇ ਅਰਸੇ ਬਾਅਦ ਸੁਰੈਣ ਸਿੰਘ ਕੰਗ ਚਲਾਣਾ ਕਰ ਗਿਆ ਅਤੇ ਰੋਂਦੇ-ਪਿਟਦੇ ਟੱਬਰ ਨੂੰ ਵਾਪਸ ਆਉਣਾ ਪਿਆ।

ਅਸੀਂ ਨਿਆਣੇ ਹੁੰਦੇ ਸੁਣਿਆ ਕਰਦੇ ਸੀ ਕਿ ਜਿਹੜਾ ਬੰਦਾ ਕਾਲੇ ਪਾਣੀ ਭੇਜਿਆ ਜਾਂਦਾ ਸੀ, ਉਹਦੇ ਘਰ-ਵਾਲੇ ਜਿਉਂਦੇ ਦਾ ਹੀ ਪਿਟ-ਸਿਆਪਾ ਕਰਕੇ ਭੋਗ ਪਾ ਦਿਆ ਕਰਦੇ ਸਨ।

ਦੂਜੇ ਬੰਨੇ ਪੰਜਾਬ ਦੇ ਜਿਹਲ-ਅਧਿਕਾਰੀ ਬਬਰਾਂ ਤੋਂ ਇੰਨੇ ਤੰਗ ਆ ਚੁੱਕੇ ਸਨ ਕਿ ਉਹ ਹਰ ਹਾਲਤ ਵਿਚ ਇਸ ਬਲਾ ਨੂੰ ਗਲੋਂ ਲਾਹੁਣਾ ਚਾਹੁੰਦੇ ਸਨ। ਸੋ ਮੁਲਤਾਨ ਜਿਹਲ ਵਾਲਿਆਂ ਨੇ ਸਰਕਾਰ ਦੇ ਹੁਕਮਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਹੇਠ-ਲਿਖੇ ਬਬਰਾਂ ਨੂੰ ਕਾਲੇ ਪਾਣੀ ਘੱਲ ਦਿੱਤਾ : ਲੀਡਰ ਕਰਮ ਸਿੰਘ ਝਿੰਗੜ, ਮਾਣ ਸਿੰਘ ਗੁਜਰਾਂਵਾਲੀਆ, ਪਿਆਰਾ ਸਿੰਘ ਧਾਮੀਆਂ, ਬਚਿੰਤ ਸਿੰਘ ਦਮੁੰਡਾ, ਠਾਕੁਰ ਸਿੰਘ ਭਾਰਟਾ ਅਤੇ ਈਸ਼ਰ ਸਿੰਘ ਡਿਚਕੋਟੀਆ। ਇਹ ਸਭ ਦੇ ਸਭ ਉਮਰ ਕੈਦੀ ਸਨ। ਜਿਹਲ-ਅਧਿਕਾਰੀਆਂ ਨੇ ਬਹੁਤ ਕੋਸ਼ਿਸ਼ ਕੀਤੀ ਸੀ ਕਿ ਇਹ ਬਬਰ ਲਿਖ ਕੇ ਦੇ ਦੇਣ ਕਿ ਉਹ ਪੰਜਾਬ ਦੀਆਂ ਜਿਹਲਾਂ ਵਿਚੋਂ ਕਾਲੇ ਪਾਣੀ ਜਾਣਾ ਚਾਹੁੰਦੇ ਹਨ, ਪਰ

ਬਬਰ ਸਾਰੀ ਗੱਲ ਤਾੜ ਗਏ ਸਨ । ਉਹ ਜਿਹਲ-ਅਧਿਕਾਰੀਆਂ ਦੇ ਵਿਛਾਏ ਇਸ ਜਾਲ ਵਿਚ ਕਿਵੇਂ ਵੀ ਨਾ ਫਸੇ ।

ਜਿਸ ਵੇਲੇ ਬਬਰ ਕਾਲੇ ਪਾਣੀ ਦੀ ਜਿਹਲ ਦੀ ਡਿਉਢੀ ਵਿਚ ਪੁੱਜੇ, ਅੰਗਰੇਜ਼ ਸੁਪਰਿੰਟੈਂਡੈਂਟ ਨੇ ਕਰਮ ਸਿੰਘ ਝਿੰਗੜ ਤੋਂ ਪੁਛਿਆ ਕਿ ਕੀ ਉਹ ਆਬਾਦ ਹੋਣ ਲਈ ਆਏ ਸਨ । ਇਹ ਅੰਗਰੇਜ਼ ਅਫ਼ਸਰ ਠੇਠ ਪੰਜਾਬੀ ਬੋਲਦਾ ਅਤੇ ਸਮਝਦਾ ਸੀ, ਕਿਉਂਕਿ ਬਹੁਤੇ ਪੰਜਾਬੀ ਕੈਦੀ ਹੀ ਇਸ ਜਿਹਲ ਵਿਚ ਭੇਜੇ ਜਾਂਦੇ ਸਨ । ਹੈਰਾਨ ਹੋ ਕੇ ਅਫ਼ਸਰ ਨੇ ਮੁੜ ਪੁਛਿਆ, "ਕੀ ਤੁਹਾਨੂੰ ਤੁਹਾਡੀ ਰਜ਼ਾਮੰਦੀ ਤੋਂ ਬਗੈਰ ਹੀ ਇਥੇ ਭੇਜ ਦਿੱਤਾ ਗਿਆ ਹੈ ?" ਝਿੰਗੜ ਸਾਹਬ ਨੇ ਅਫ਼ਸਰ ਉੱਤੇ ਹੀ ਸਵਾਲ ਜੜ ਦਿੱਤਾ, "ਕੀ ਕਦੀ ਕਿਸੇ ਨੇ ਕੈਦੀਆਂ ਤੋਂ ਵੀ ਪੁਛਿਆ ਹੈ ਕਿ ਤੁਹਾਡੀ ਕੀ ਮਰਜ਼ੀ ਹੈ ?"

ਕਾਲੇ ਪਾਣੀ ਦੀ ਇਹ ਜਿਹਲ ਇਕੱਲੀਆਂ-ਇਕੱਲੀਆਂ ਕੋਠੜੀਆ ਵਾਲੀ ਸੀ । ਕੋਠੜੀ ਅੱਠ ਫੁੱਟ ਲੰਮੀ ਅਤੇ ਛੇ ਫੁੱਟ ਚੌੜੀ । ਮੋਟੀਆਂ ਸੀਖਾਂ ਦਾ ਦਰਵਾਜ਼ਾ । ਸੀ ਦੋ ਮੰਜ਼ਲੀ । ਪੱਕੀਆ ਇੱਟਾਂ ਦੀ । ਦਰ-ਅਸਲ ਸਰਕਾਰ ਇਸ ਜਜੀਰੇ ਨੂੰ ਆਬਾਦ ਕਰਨਾ ਚਾਹੁੰਦੀ ਸੀ । ਇਸ ਲਈ ਜੰਗਲ ਦੀ ਕਟਾਈ, ਆਬੜ-ਖਾਬੜ ਜ਼ਮੀਨ ਨੂੰ ਪੱਧਰੀ ਕਰਨਾ ਅਤੇ ਖੇਤੀ ਜੋਗ ਬਣਾਉਣਾ, ਖਾੜੀ ਦੀ ਤਿਆਰੀ, ਮਛੀਆਂ ਫੜਨਾ ਵਗੈਰਾ, ਬੱਸ ਇਹੋ ਜਿਹੀਆਂ ਵੱਖਰੀਆਂ-ਵੱਖਰੀਆਂ ਮੁਸ਼ੱਕਤਾਂ ਕੈਦੀਆਂ ਤੋਂ ਕਰਵਾਈਆਂ ਜਾਂਦੀਆਂ ਸਨ । ਦੁਪਹਿਰ ਨੂੰ ਇਕ ਘੰਟਾ ਆਰਾਮ ਕਰਨ ਦੀ ਛੁੱਟੀ ਮਿਲਦੀ ਸੀ । ਘੁੱਗੂ ਵਜਦਿਆਂ ਕੈਦੀ ਹਥਲਾ ਕੰਮ ਉਥੇ ਹੀ ਛੱਡ ਕੇ ਆਰਾਮ ਕਰਨ ਲੱਗ ਜਾਦੇ ਸਨ । ਆਰਾਮ ਕਰਨ ਲਈ ਕੈਦੀਆਂ ਨੂੰ ਬਾਹਰ ਲਿਜਾਣ ਲਗਿਆਂ ਜਿਹਲ-ਅਧਿਕਾਰੀ ਨਾ ਪਰਨਾ, ਨਾ ਚਾਦਰ ਅਤੇ ਨਾ ਕੰਬਲ ਨਾਲ ਲਿਜਾਣ ਦਿੰਦੇ ਸਨ । ਨਾ ਹੀ ਕੈਦੀ ਨੂੰ ਵਾਪਸ ਆਪਣੀ ਕੋਠੀ ਵਿਚ ਜਾਣ ਦਿੰਦੇ ਸਨ, ਜਿਥੇ ਥੱਕਿਆ-ਟੁਟਿਆ ਕੈਦੀ ਜਰਾ ਸਸਤਾ ਸਕੇ । ਕੈਦੀਆਂ ਨੂੰ ਭੁੰਜੇ ਹੀ ਲੰਮਿਆਂ ਪੈਣਾ ਪੈਂਦਾ ਸੀ ।

ਬਬਰਾਂ ਨੇ ਜਾਂਦਿਆ ਹੀ ਅਧਿਕਾਰੀਆਂ ਸਾਹਮਣੇ ਇਹ ਮੰਗ ਰਖ ਦਿੱਤੀ ਕਿ "ਆਰਾਮ ਕਰਨ ਲਈ ਸਾਨੂੰ ਚਾਦਰ ਜਾਂ ਕੰਬਲ ਨਾਲ ਲਿਜਾਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ । ਨਹੀਂ ਤਾਂ ਸਾਨੂੰ ਇਕ ਘੰਟੇ ਵਾਸਤੇ ਮੁੜ ਜਿਹਲ ਅੰਦਰ ਆਪਣੀ-ਆਪਣੀ ਕੋਠੜੀ ਵਿਚ ਆਰਾਮ ਕਰਨ ਦੀ ਇਜਾਜ਼ਤ ਦਿੱਤੀ ਜਾਵੇ ।" ਜਿਹਲ ਦੇ ਅਧਿਕਾਰੀਆਂ ਨੇ ਹਰ ਬਬਰ ਨੂੰ ਉਹਦੀ ਕੋਠੀ ਅੰਦਰ ਬੰਦ ਰੱਖ ਕੇ ਮੁਸ਼ੱਕਤ ਦੇਣੀ ਸ਼ੁਰੂ ਕਰ ਦਿੱਤੀ, ਜੀਹਦਾ ਮਤਲਬ ਸੀ ਚੌਵੀ ਘੰਟੇ ਕੋਠੀ-ਬੰਦੀ । ਅੰਦਰ ਹੀ ਟੱਟੀ-ਪਿਸ਼ਾਬ ਦੀ ਕੁਨਾਲੀ, ਪਾਣੀ ਦੀ ਘੜੀ ਅਤੇ ਰੋਟੀ ਖਾਣ ਲਈ ਲੋਹੇ ਦੇ ਦੋ ਬਾਟੇ । ਕੁਨਾਲੀ ਚੌਵੀ ਘੰਟਿਆਂ ਪਿਛੋਂ ਸਵੇਰ ਵੇਲੇ ਹੀ ਇਕ ਦਫ਼ਾ ਭੰਗੀ ਸਾਫ਼ ਕਰਦਾ ਸੀ ।

ਬਬਰਾ ਨੇ ਮੁਸ਼ੱਕਤ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਸਾਨੂੰ ਰਾਜਸੀ ਕੈਦੀਆਂ ਵਾਲੀਆਂ ਸਾਰੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ । ਉਹਨਾਂ ਨੇ ਇਹ ਵੀ ਕਿਹਾ ਕਿ ਸਰਕਾਰ ਨੇ ਹੁਕਮ ਜਾਰੀ ਕੀਤੇ ਹਨ ਕਿ ਕਾਲੇ ਪਾਣੀ ਦੀ ਜਿਹਲ ਵਿਚ ਉਹੋ ਕੈਦੀ ਭੇਜੇ ਜਾਣਗੇ, ਜਿਨ੍ਹਾਂ ਨੇ ਇਥੇ ਪੱਕੀ ਰਿਹਾਇਸ਼ ਕਰਨੀ ਹੋਵੇ । ਸੋ ਤੁਸੀਂ ਸਾਨੂੰ ਵਾਪਸ ਪੰਜਾਬ ਦੀ ਕਿਸੇ ਵੀ ਜਿਹਲ ਵਿਚ ਭੇਜ ਦਿਉ, ਕਿਉਂਕਿ ਅਸੀਂ ਇਥੇ ਰਿਹਾਇਸ਼ ਰੱਖਣ ਤੋਂ ਇਨਕਾਰ ਕਰ ਚੁੱਕੇ ਹਾਂ । ਜਵਾਬ ਵਿਚ ਡੰਡਾ-ਬੇੜੀਆਂ,

ਖੜੀਆਂ ਹੱਥ-ਕੜੀਆਂ, ਟਾਟ ਵਰਦੀਆਂ, ਆਦਿ ਦੀਆਂ "ਸਹੂਲਤਾਂ" ਬਬਰਾਂ ਨੂੰ ਉਸੇ ਵੇਲੇ ਹੀ ਦੇ ਦਿੱਤੀਆਂ ਗਈਆਂ। ਬਬਰਾਂ ਨੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਮੁਲਤਾਨ ਜਿਹਲ ਵਾਂਗ ਇਥੇ ਵੀ ਪੂਰੇ 28 ਦਿਨ ਭੁੱਖ-ਹੜਤਾਲ ਪੂਰੀ ਸ਼ਾਨ ਨਾਲ ਜਾਰੀ ਰਹੀ। ਜਿਹਲ-ਅਧਿਕਾਰੀ ਨਾਲੀਆਂ ਰਾਹੀ ਖ਼ੁਰਾਕ ਅੰਦਰ ਧਕਦੇ ਰਹੇ। ਆਖ਼ਰ ਉਥੋਂ ਦਾ ਚੀਫ਼-ਕਮਿਸ਼ਨਰ ਆਪ ਆਉਣ ਲਈ ਮਜਬੂਰ ਹੋ ਗਿਆ। ਕਰਮ ਸਿੰਘ ਝਿੰਗੜ ਨਾਲ ਬੜੀਆਂ ਖੁੱਲ੍ਹ ਕੇ ਗੱਲਾਂ ਹੋਈਆਂ। ਨਤੀਜੇ ਵਜੋਂ ਬਬਰਾਂ ਨੂੰ ਬਾਹਰ ਜਾ ਕੇ ਮੁਸ਼ੱਕਤ ਕਰਨ ਸਮੇਂ ਆਰਾਮ ਕਰਨ ਲਈ ਮਨਮਰਜ਼ੀ ਦਾ ਕਪੜਾ ਨਾਲ ਲਿਜਾਣ ਦੀ ਖੁੱਲ੍ਹ ਹੋ ਗਈ। ਹਫ਼ਤੇ ਪਿਛੋਂ ਨ੍ਹਾਉਣ ਅਤੇ ਧੋਣ ਵਾਲੇ ਸਾਬਣ ਦੀ ਇਕ-ਇਕ ਟਿੱਕੀ ਤੇ ਇਕ ਛਟਾਂਕ ਸਰ੍ਹੋਂ ਦਾ ਤੇਲ ਅਤੇ ਰੋਜ਼ਾਨਾ ਡੇਢ ਛਟਾਂਕ ਗੁੜ ਮਿਲਣ ਲੱਗ ਪਿਆ। ਕਮਿਸ਼ਨਰ ਸਾਹਬ ਨੇ ਇਹ ਇਕਰਾਰ ਵੀ ਕੀਤਾ ਕਿ ਇਕ ਸਾਲ ਦੇ ਅੰਦਰ-ਅੰਦਰ ਸਭ ਬਬਰ ਵਾਪਸ ਪੰਜਾਬ ਦੀ ਕਿਸੇ ਜਿਹਲ ਵਿਚ ਘੱਲ ਦਿੱਤੇ ਜਾਣਗੇ। ਸੋ ਸਾਲ ਦੇ ਅੰਦਰ-ਅੰਦਰ ਸਾਰੇ ਬਬਰਾਂ ਨੂੰ ਕਲਕੱਤੇ ਲਿਆ ਕੇ ਅਲੀਪੁਰ ਦੀ ਜਿਹਲ ਵਿਚ ਡਕਿਆ ਗਿਆ। ਹਾਂ, ਦੋ ਬਬਰ ਸੁਰੈਣ ਸਿੰਘ ਕੰਗ ਅਤੇ ਮੁਣਸ਼ਾ ਸਿੰਘ ਸਮਰਾਵਾਂ ਮਲੇਰੀਏ ਦਾ ਸ਼ਿਕਾਰ ਹੋ ਕੇ ਹਮੇਸ਼ਾ ਲਈ ਉਸੇ ਮਿੱਟੀ ਵਿਚ ਸਮਾ ਗਏ ਸਨ।

* * *

ਅਲੀਪੁਰ ਦੀ ਜਿਹਲ ਵਿਚ ਵੀ ਕਾਲੇ ਪਾਣੀ ਦੀ ਜਿਹਲ ਵਾਂਗ ਸਭ ਕਰਮਚਾਰੀ ਅੰਗਰੇਜ਼ ਜਾਂ ਐਂਗਲੋ-ਇੰਡੀਅਨ ਹੀ ਸਨ। ਅਸਲ ਅੰਗਰੇਜ਼ ਦੀ ਜ਼ਮੀਰ ਤਾਂ ਫੇਰ ਵੀ ਜਾਗ ਉਠਦੀ ਸੀ। ਤਸ਼ੱਦਦ ਅਤੇ ਨਰਮੀ ਵਰਤਣ ਦਾ ਹਥਿਆਰ ਜਿੰਨਾ ਅੰਗਰੇਜ਼ ਵਰਤਦਾ ਸੀ, ਮੇਰਾ ਜ਼ਾਤੀ ਤਜਰਬਾ ਦਸਦਾ ਹੈ ਕਿ ਦੁਨੀਆਂ ਦੀ ਹੋਰ ਕੋਈ ਕੌਮ ਨਹੀਂ ਵਰਤ ਸਕੀ। ਪਰ ਦੋਗਲਾ ਐਂਗਲੋ-ਇੰਡੀਅਨ ਆਪਣੇ ਆਪ ਨੂੰ ਸ਼ਹਿਨਸ਼ਾਹ ਤੋਂ ਘੱਟ ਨਹੀਂ ਸੀ ਸਮਝਦਾ।

ਇਸ ਜਿਹਲ ਵਿਚ ਇਹ ਰਿਵਾਜ ਸੀ ਕਿ ਹਰ ਸੋਮਵਾਰ ਹਫ਼ਤਾਵਾਰੀ ਪਰੇਡ ਸਮੇਂ, ਜਿਹਲ ਦਾ ਸੁਪਰਿੰਟੈਂਡੈਂਟ ਵਾਰੀ-ਵਾਰੀ ਹਰ ਬੈਰਕ ਦੇ ਸਾਹਮਣੇ ਬਣਾਏ ਤਿੰਨ ਕੁ ਫੁੱਟ ਉਚੇ ਸੀਮਿੰਟ ਦੇ ਥੜ੍ਹੇ ਉੱਤੇ ਖੜ੍ਹਾ ਹੋ ਜਾਂਦਾ। ਉਹਦੇ ਸਾਹਮਣੇ ਉਸ ਬੈਰਕ ਦੇ ਕੈਦੀ ਨੀਵੀਆਂ ਪਾਈਂ, ਸਿਰ ਝੁਕਾਈਂ ਖੜੇ ਰਹਿੰਦੇ ਸਨ। ਪਹਿਲਾਂ ਸਿਰੇ ਉੱਤੇ ਖੜੋਤਾ ਕੈਦੀ ਸਾਹਿਬ ਸਾਹਮਣੇ ਨੀਵੀਂ ਪਾਈਂ ਜਾ ਖਲੋਂਦਾ ਅਤੇ ਧੌਣ ਉੱਚੀ ਚੁੱਕ, ਅਟੈਨਸ਼ਨ ਹੋ, ਸੱਜੇ ਹੱਥ ਨਾਲ ਪੂਰਾ ਸਲੂਟ ਮਾਰ ਕੇ ਮੁੜ ਨੀਵੀਂ ਪਾ ਆਪਣੀ ਥਾਂ ਆ ਖਲੋਂਦਾ। ਇਉਂ ਇਕ-ਇਕ ਕਰਕੇ ਸਾਰੇ ਕੈਦੀ ਭੁਗਤ ਹਟਦੇ ਤਾਂ ਸਾਹਿਬ ਦੂਜੀ ਬੈਰਕ ਵਿਚ ਜਾ ਇਹੋ ਰਸਮ ਨਿਭਾਉਂਦਾ। ਬਬਰਾਂ ਦੀ ਵੀ ਪਹਿਲੀ ਵਾਰੀ ਆ ਗਈ। ਉਹ ਨੀਵੀਆ ਪਾਉਣ ਦੀ ਬਜਾਏ ਜਾਣਬੁੱਝ ਕੇ ਆਕੜ ਕੇ ਖੜੋਤੇ ਸਨ। ਬੰਗਾਲੀ ਬਾਬੂ ਨੀਵੀਆਂ ਪਾਈ ਹੀ ਇਹ ਅਣੋਖਾ ਨਜ਼ਾਰਾ ਦੇਖੀਂ ਜਾ ਰਹੇ ਸਨ।

ਕੁਦਰਤੀ ਬਚਿੰਤ ਸਿੰਘ ਦਮੁੰਡਾ, ਜੀਹਦਾ ਜਿਸਮ ਭਾਰਾ ਅਤੇ ਨਰੋਆ ਸੀ, ਸਭ ਤੋਂ ਸੱਜੇ ਪਾਸੇ ਖਲੋਤਾ ਸੀ। ਉਹ ਸਾਹਿਬ ਸਾਹਮਣੇ ਜਾ ਖੜੋਤਾ। ਜਾਂਦਿਆ ਹੀ ਦੋਹਾਂ ਬਾਹਾਂ ਦੀ ਗੱਲਵਕੜੀ ਪੂਰੀ ਮਜ਼ਬੂਤੀ ਨਾਲ ਪਾ ਲਈ। ਇਹ ਨਜ਼ਾਰਾ ਦੇਖ ਬਬਰ ਖਿੜਖਿੜਾ ਕੇ ਹੱਸ ਪਏ। ਕੀ ਜਿਹਲ-ਅਧਿਕਾਰੀ ਅਤੇ ਕੀ ਬੰਗਾਲੀ ਕੈਦੀ ਧੌਣਾਂ ਚੁੱਕ ਕੇ ਤਮਾਸ਼ਾ ਦੇਖਣ ਲੱਗ ਪਏ। ਸਾਹਿਬ ਨੇ ਇਕ ਦੋਗਲੇ ਨੂੰ ਕਿਹਾ, ਇਹਨੂੰ ਬੋਲੋ

ਕਿ ਪਹਿਲਿਆਂ ਕੈਦੀਆਂ ਵਾਂਗ ਸਲਾਮ ਕਰੇ। ਪਰ ਬਚਿੰਤ ਸਿੰਘ ਗਲਵਕੜੀ ਪਾਈ, ਧੌਣ ਅਕੜਾਈ ਡਟ ਕੇ ਖੜੋਤਾ ਰਿਹਾ। ਬਬਰ ਹੱਸੀ ਜਾਣ। ਬੰਗਾਲੀ ਬਾਬੂ ਬਿਟਰ-ਬਿਟਰ ਦੋਹਾਂ ਵੱਲ ਤੱਕੀ ਜਾਣ। ਮਹਿਕਮੇ ਦੇ ਕਰਮਚਾਰੀ ਹੈਰਾਨ ਹੋਈ ਜਾਣ। ਫੇਰ ਸਾਹਿਬ ਨੇ ਆਪ ਅਟੈਨਸ਼ਨ ਹੋ ਕੇ ਬਚਿੰਤ ਸਿੰਘ ਨੂੰ ਸਮਝਾਉਂਦਿਆਂ ਸਲਾਮ ਕਰਕੇ ਕਿਹਾ, "ਤੁਮ ਐਸੇ ਕਰੋ।" ਪਰ ਹੁਕਮ ਕੌਣ ਸੁਣਦਾ ਸੀ । ਮੁੜ ਸਾਹਿਬ ਨੇ ਸਾਰਜੈਂਟ ਨੂੰ ਕਿਹਾ, "ਤੁਮ ਇਸਕਾ ਬਾਜ਼ੂ ਪਕੜ ਕਰ ਸਲਾਮ ਕਰਾਉ।" ਪਰ ਉਹ ਵਿਚਾਰਾ ਕੀ ਕਰਦਾ। ਸਾਹੋ-ਸਾਹ ਹੋ ਕੇ ਖਲੋ ਗਿਆ । ਫੇਰ ਚਾਰ-ਪੰਜ ਦੋਗਲੇ ਗਲਵਕੜੀ ਖੋਲ੍ਹਣ ਵਿਚ ਜੁਟ ਗਏ। ਬਚਿੰਤ ਸਿੰਘ ਪਲਸੇਟਾ ਮਾਰ ਕੇ ਸਾਰਿਆਂ ਨੂੰ ਪਿਛਾਂਹ ਵਗਾਹ ਮਾਰੇ। ਦੂਜੇ ਬਬਰ ਤਾੜੀਆਂ ਮਾਰਨ ਲੱਗ ਪਏ । ਇਹ ਤਮਾਸ਼ਾ ਦੇਖ ਕੇ ਸਾਹਿਬ ਘਬਰਾ ਗਿਆ। ਕਰਦਾ ਵੀ ਕੀ ? ਵਰ੍ਹਿਆਂ ਤੋਂ ਚਲੀ ਆ ਰਹੀ ਰਸਮ ਉਹਦੀਆਂ ਅੱਖਾਂ ਸਾਹਮਣੇ ਮਲੀਆਮੇਟ ਹੋ ਰਹੀ ਸੀ। ਸੋ ਘਬਰਾਹਟ ਵਿਚ ਦਰੋਗੇ ਨੂੰ ਕਹਿ ਗਿਆ ਕਿ "ਇਸ ਅਕੇਲੇ ਕੋ ਕੋਠੀ ਬੰਦ ਕਰ ਦੋ" ਅਤੇ ਆਪ ਨਿਮੋਝੂਣਾ ਜਿਹਾ ਹੋ ਕੇ ਬਾਕੀ ਬੈਰਕਾਂ ਦੀਆਂ ਪਰੇਡਾਂ ਵਿਚਕਾਰ ਹੀ ਛਡਦਾ ਆਪਣੇ ਦਫ਼ਤਰ ਵਿਚ ਜਾ ਵੜਿਆ । ਅਗਲੇ ਹੀ ਦਿਨ ਸਾਰੇ ਬਬਰ ਰੇਲ ਚੜ੍ਹਾ ਕੇ ਮੁੜ ਲਾਹੌਰ ਜਿਹਲ ਵਿਚ ਪੁਚਾ ਦਿਤੇ ਗਏ, ਜਿਥੋਂ ਅੱਗੇ ਮੁਲਤਾਨ ਘੱਲ ਦਿੱਤੇ ਗਏ।

# 69. 1929 ਵਿਚ ਫੇਰ ਮੁਲਤਾਨ ਜਿਹਲ ਵਿਚ ਅਤੇ ਜਿਹਲ-ਅਧਿਕਾਰੀਆਂ ਨਾਲ ਇੱਟ-ਖੜੱਕਾ,

1929 ਵਿਚ ਜਿਸ ਵੇਲੇ ਭਗਤ ਸਿੰਘ ਅਤੇ ਬੀ ਕੇ ਦੱਤ ਨੇ ਦਿੱਲੀ ਪਾਰਲੀਮੈਂਟ ਵਿਚ ਬੰਬ ਦਾ ਧਮਾਕਾ ਕੀਤਾ ਸੀ, ਉਹਦੇ ਸਾਥੀ ਗਰਿਫ਼ਤਾਰ ਹੋਣੇ ਸ਼ੁਰੂ ਹੋ ਗਏ ਸਨ। ਜਿਸ ਵੇਲੇ ਉਹ ਲਾਹੌਰ ਜਿਹਲ ਵਿਚ ਪੁੱਜਣੇ ਸ਼ੁਰੂ ਹੋ ਗਏ, ਸਰਕਾਰ ਨੇ ਸਾਰੇ ਬਬਰਾਂ ਨੂੰ ਫਟਾ-ਫਟ ਮੁਲਤਾਨ ਜਿਹਲ ਵਿਚ ਪੁਚਾ ਦਿੱਤਾ। ਉਹਨਾਂ ਵਿਚ ਕਾਲੇ-ਪਾਣੀਆਂ ਤੋਂ ਵਾਪਸ ਆਏ ਬਬਰ ਵੀ ਸ਼ਾਮਲ ਸਨ ਅਤੇ ਪਹਿਲਾਂ ਸਜ਼ਾ ਭੁਗਤ ਰਹੇ ਬਬਰ ਵੀ। ਉਸ ਵੇਲੇ ਸਰਕਾਰ ਬਬਰਾਂ ਅਤੇ ਨਵੇਂ ਪੜ੍ਹੇ-ਲਿਖੇ ਕਰਾਂਤੀਕਾਰੀਆਂ ਨੂੰ ਇਕੋ ਜਿਹਲ ਵਿਚ ਰੱਖ ਕੇ ਨਵਾਂ ਖ਼ਤਰਾ ਮੁੱਲ ਨਹੀਂ ਸੀ ਲੈਣਾ ਚਾਹੁੰਦੀ।

ਪਹਿਲਾਂ ਮੈਂ ਬਾਟਾ ਪਰੇਡ ਦਾ ਜ਼ਿਕਰ ਕਰ ਚੁੱਕਿਆ ਹਾਂ ਜੀਹਨੂੰ ਕਰਨ ਤੋਂ ਬਬਰਾਂ ਨੇ ਇਨਕਾਰ ਕਰ ਦਿਤਾ ਸੀ। ਹੁਣ ਦੂਜੀ ਵਾਰ ਫੇਰ ਬਬਰਾਂ ਦਾ ਵਾਹ ਮੁੜ ਉਸੇ ਬਾਟਾ ਪਰੇਡ ਨਾਲ ਆ ਪਿਆ। ਇਨਕਾਰ ਕਰਨ ਦੇ ਬਦਲੇ ਮੁੜ 18 ਸੇਰ ਪੀਹਣ, ਖੜ੍ਹੀਆਂ ਹੱਥ-ਕੜੀਆਂ, ਡੰਡਾ-ਬੇੜੀਆਂ, ਵਗੈਰਾ ਦੀਆਂ ਸਜਾਵਾਂ ਵੀ ਮਿਲਣੀਆਂ ਸ਼ੁਰੂ ਹੋ ਗਈਆਂ। ਅਖ਼ੀਰ ਬਬਰਾਂ ਨੇ ਫੇਰ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਪਰ ਇਸ ਵਾਰ ਭੁੱਖ-ਹੜਤਾਲ ਲਈ ਬਬਰ ਇਕੱਲੇ ਨਹੀਂ ਸਨ। ਬਹੁਤ ਸਾਰੇ ਇਖ਼ਲਾਕੀ ਕੈਦੀ ਵੀ ਸ਼ਾਮਲ ਹੋ ਗਏ। ਉਹਨਾਂ ਨੂੰ ਪਤਾ ਸੀ ਕਿ ਜਿਹਲ ਦੇ ਅਧਿਕਾਰੀਆਂ ਵੱਲੋਂ ਉਹਨਾਂ ਉੱਤੇ ਕਿੰਨਾ ਕਹਿਰ ਢਾਹਿਆ ਜਾਵੇਗਾ। ਪਰ ਉਹਨਾਂ ਉੱਤੇ ਬਬਰਾਂ ਦੀਆਂ ਕੁਰਬਾਨੀਆਂ ਦਾ ਏਨਾ ਅਸਰ ਪੈ ਚੁੱਕਿਆ ਸੀ ਕਿ ਉਹਨਾਂ ਨੇ ਸਖ਼ਤ ਤੋਂ ਸਖ਼ਤ ਸਜ਼ਾਵਾਂ ਬਰਦਾਸ਼ਤ ਕਰਨ ਲਈ ਕਮਰਕਸੇ ਕਰ ਲਏ।

ਦਰੋਗਾ ਸਾਹਿਬ ਦੀ ਭਾਈ ਸੁੰਦਰ ਸਿੰਘ ਮਖ਼ਸੂਸਪੁਰੀ ਨਾਲ ਸਿੱਧੀ ਝੜਪ ਹੋ ਗਈ। ਉਹਨੇ ਲਲਕਾਰ ਨੇ ਕਿਹਾ ਕਿ "ਐਤਕੀਂ ਅਸੀਂ ਵੀ ਕਸਮ ਖਾ ਲਈ ਹੈ ;ਕਿ ਤੁਹਾਥੋਂ ਜਿੰਨਾ ਚਿਰ ਨੱਕ ਨਾਲ ਲਕੀਰਾਂ ਨਹੀਂ ਕਢਵਾ ਲੈਂਦੇ, ਉਨਾਂ ਚਿਰ ਸੁਖ ਦਾ ਸਾਹ ਨਹੀਂ ਲੈਣ ਲੱਗੇ। ਜਾਂ ਤਾਂ ਤੁਹਾਡੇ ਗੋਡੇ ਲੁਆ ਦਿਆਂਗੇ ਜਾਂ ਨੌਕਰੀਆਂ ਤਿਆਗ ਦਿਆਂਗੇ।"

ਭਾਈ ਸੁੰਦਰ ਸਿੰਘ ਨੇ ਉਸੇ ਹੀ ਤਰ੍ਹਾਂ ਮੋੜਵਾਂ ਉੱਤਰ ਦਿੰਦਿਆਂ ਚੈਲੰਜ ਮਨਜ਼ੂਰ ਕਰ ਕੇ ਕਿਹਾ, "ਜੇ ਤੂੰ ਅਸਲੀ ਪਿਉ ਦਾ ਪੁੱਤ ਹੈਂ, ਤਾਂ ਏਸ ਸ਼ਰਤ ਉੱਤੇ ਕਾਇਮ

ਰਹੀਂ। ਤੂੰ ਕਸਰ ਨਾ ਰਹਿਣ ਦੇਈਂ, ਅਸੀਂ ਵੀ ਦੱਸ ਦਿਆਂਗੇ ਕਿ ਬਬਰ ਕਿਸ ਮਿੱਟੀ ਦੇ ਬਣੇ ਹੋਏ ਹਨ। ਜੇ ਅਸੀਂ ਹਾਰ ਗਏ ਤਾਂ ਤੂੰ ਘਿਉ ਦੇ ਦੀਵੇ ਬਾਲਕੇ ਖ਼ੁਸ਼ੀਆਂ ਮਨਾ ਲਈਂ। ਪਰ ਜੇ ਤੁਸੀਂ ਹਾਰ ਗਏ, ਤਾਂ ਕੀਤੀ ਜ਼ਬਾਨ ਉੱਤੇ ਕਾਇਮ ਰਹੀਂ ਕਿ ਤੂੰ ਆਪ ਅਤੇ ਤੇਰੇ ਲੱਗੇ-ਬੱਧੇ ਛੋਟੇ-ਵੱਡੇ ਅਫ਼ਸਰ ਅਸਤੀਫ਼ੇ ਦਿਉਂਗੇ ਅਤੇ ਅਗੋਂ ਲਈ ਇਸ ਨਰਕੀ ਜ਼ਿੰਦਗੀ ਤੋਂ ਛੁਟਕਾਰਾ ਪਾ ਲਓਗੇ।"

ਬਬਰਾਂ ਨੇ ਭੁੱਖ-ਹੜਤਾਲ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਕੁਝ ਸਾਥੀਆਂ ਨੂੰ ਭੁੱਖ-ਹੜਤਾਲ ਕਰਨ ਤੋਂ ਮਨਾਹ ਕਰ ਦਿੱਤਾ। ਉਹਨਾਂ ਦੀ ਡਿਊਟੀ ਲਾਈ ਗਈ ਕਿ ਉਹ ਹਰ ਸੰਭਵ ਤਰੀਕੇ ਨਾਲ ਖ਼ਬਰਾਂ ਬਾਹਰ ਪੁਚਾਉਣ। ਜਿਹਲ-ਅਧਿਕਾਰੀ ਬਾਹਰ ਦੇ ਪਰਚਾਰ ਤੋਂ ਬਹੁਤ ਘਬਰਾਉਂਦੇ ਸਨ। ਭਗਤ ਸਿੰਘ ਦੇ ਕੇਸ ਦੇ ਪਰਚਾਰ ਨੇ ਸਾਰੇ ਦੇਸ ਨੂੰ ਪਹਿਲਾਂ ਹੀ ਝੰਜੋੜ ਕੇ ਰਖ ਦਿੱਤਾ ਸੀ।

ਬਬਰਾਂ ਦੀ ਭੁੱਖ-ਹੜਤਾਲ ਮੁੜ ਸ਼ੁਰੂ ਹੋ ਗਈ। ਰੋਜ਼ ਦੀ ਖ਼ਬਰ ਅਖਬਾਰ ਵਿਚ ਛਪਣੀ ਸ਼ੁਰੂ ਹੋ ਗਈ। ਇਹਦਾ ਕਾਰਨ ਸਨ ਉਹ ਕੈਦੀ ਜਿਹੜੇ ਰੋਜਾਨਾ ਜਿਹਲ ਦੇ ਫ਼ਾਰਮ ਵਿਚ ਕੰਮ ਕਰਨ ਲਈ ਬਾਹਰ ਲੈ ਜਾਏ ਜਾਂਦੇ ਸਨ। ਉਧਰ ਅਖ਼ਬਾਰਾਂ ਦੇ ਬੰਦੇ ਖ਼ਬਰਾਂ ਦੀ ਤਾੜ ਵਿਚ ਕਾਫ਼ੀ ਸਰਗਰਮ ਹੋ ਚੁਕੇ ਸਨ। ਗਿਆਨੀ ਕਰਤਾਰ ਸਿੰਘ ਗੋਂਦਪੁਰੀ ਜੀਹਨੂੰ ਭੁੱਖ-ਹੜਤਾਲ ਤੋਂ ਵਰਜ ਦਿਤਾ ਗਿਆ ਸੀ ਅਤੇ ਜੋ ਕਾਰਖ਼ਾਨੇ ਵਿਚ ਮੁਸੱਕਤ ਕਰਨ ਜਾਂਦਾ ਸੀ ਅਤੇ ਬੂਟਾ ਸਿੰਘ ਲਿਖਤੀ ਖ਼ਬਰਾਂ ਬਾਹਰ ਭੇਜ ਰਹੇ ਸਨ। ਕਈ ਇਖਲਾਕੀ ਕੈਦੀ, ਜਿਹੜੇ ਲੰਬੜਦਾਰ ਬਣ ਚੁੱਕੇ ਸਨ, ਵੀ ਮਦਦ ਕਰ ਛਡਦੇ ਸਨ ਜਾਂ ਜਾਣ-ਬੁੱਝ ਕੇ ਦੂਜੇ ਪਾਸੇ ਚਲੇ ਜਾਂਦੇ ਸਨ।

ਰੋਜ਼ ਦੀ ਨਿੱਕੀ ਤੋਂ ਨਿੱਕੀ ਖ਼ਬਰ ਪੜ੍ਹ ਕੇ ਜਿਹਲ-ਅਧਿਕਾਰੀ ਕਾਫ਼ੀ ਘਬਰਾ ਚੁੱਕੇ ਸਨ। ਸੋ ਮੁਖਬਰ ਦੀ ਇਤਲਾਹ ਉਤੇ ਇਕ ਦਿਨ ਗਿਆਨੀ ਕਰਤਾਰ ਸਿੰਘ ਫੜਿਆ ਗਿਆ। ਉਹਨੇ ਚਿੱਠੀ ਲਿਖ ਕੇ ਬਾਹਰ ਭੇਜਣ ਲਈ ਤਿਆਰ ਕੀਤੀ ਹੋਈ ਸੀ। ਗਿਆਨੀ ਦੇ 30 ਬੈਂਤ ਤਾਂ ਪਹਿਲਾਂ ਹੀ ਲੱਗ ਚੁੱਕੇ ਸਨ, ਹੁਣ ਬੇੜੀ ਜੜ ਕੇ ਕੋਠੀ ਬੰਦ ਕਰ ਦਿੱਤਾ ਗਿਆ। ਜਿਸ ਵੇਲੇ ਸ਼ਾਮ ਨੂੰ ਜਿਹਲ ਬੰਦ ਹੋ ਗਈ, ਅਤੇ ਸਭ ਕੈਦੀ ਬੈਰਕਾਂ ਜਾਂ ਕੋਠੀਆਂ ਵਿਚ ਡੱਕ ਦਿੱਤੇ ਗਏ, ਦਰੋਗਾ ਆਪਣੇ ਲਾਉ-ਲਸ਼ਕਰ ਨਾਲ ਭਾਈ ਸੁੰਦਰ ਸਿੰਘ ਮਖ਼ਸੂਸਪੁਰੀ ਦੀ ਕੋਠੀ ਵਿਚ ਦਾਖ਼ਲ ਹੋਇਆ ਅਤੇ ਆਪਣੇ ਲੱਗੇ-ਬੱਧੇ ਕੈਦੀਆ ਤੋਂ ਮਨਮਰਜ਼ੀ ਦਾ ਕੁਟਾਪਾ ਕਰਵਾਇਆ। ਜਿਸ ਵੇਲੇ ਭਾਈ ਸਾਹਿਬ ਬੇਸੁਧ ਹੋ ਕੇ ਧਰਤੀ ਉੱਤੇ ਢੇਰੀ ਹੋ ਗਏ, ਉਸੇ ਲਾਉ-ਲਸ਼ਕਰ ਨਾਲ ਉਹਨੇ ਗਿਆਨੀ ਕਰਤਾਰ ਸਿੰਘ ਗੋਂਦਪੁਰੀ ਦੀ ਜਾ ਭੁਗਤ ਸੰਵਾਰੀ। ਇਹ ਠੀਕ ਹੈ ਕਿ ਉਹਨਾਂ ਦਿਨਾਂ ਵਿਚ ਇਖ਼ਲਾਕੀ ਕੈਦੀਆਂ ਦੀ ਬਹੁਸੰਮਤੀ ਬਬਰਾਂ ਦੀ ਹਮਦਰਦ ਬਣ ਚੁੱਕੀ ਸੀ, ਪਰ ਖ਼ੁਦਗਰਜ਼ ਬੰਦਿਆਂ ਦੀ ਵੀ ਘਾਟ ਨਹੀਂ ਸੀ ਜਿਹੜੇ ਨਿਗੂਣੀਆਂ ਸਹੂਲਤਾਂ ਲਈ ਦੀਨ-ਈਮਾਨ ਵੇਚ ਸਕਦੇ ਹੋਣ। ਜਿਸ ਵੇਲੇ ਦਰੋਗਾ ਸਾਹਿਬ ਦੀ ਤਰਿਪਤੀ ਹੋ ਗਈ, ਦੋਹਾਂ ਦੇ ਟਿਕਟਾਂ ਉੱਤੇ ਦਰਜ ਕਰ ਦਿੱਤਾ ਗਿਆ ਕਿ "ਇਹ ਕੋਠੀ ਬੰਦ ਹੋਣ ਤੋਂ ਇਨਕਾਰੀ ਸਨ ਅਤੇ ਪਹਿਰੇਦਾਰ ਉੱਤੇ ਹਮਲਾਵਰ ਹੋ ਗਏ ਸਨ ਜੀਹਦੇ ਕਾਫ਼ੀ ਚੋਟਾਂ ਆਈਆਂ। ਉਹਦੀਆਂ ਚਾਬੀਆਂ ਖੋਹ ਕੇ ਇਹ ਬਾਕੀ ਸਾਥੀਆਂ ਨੂੰ ਕੋਠੀਆਂ ਵਿਚੋਂ ਕੱਢ ਕੇ ਭੱਜ ਨਿਕਲਣ ਦੀ ਕੋਸ਼ਿਸ਼ ਕਰ ਹੀ ਰਹੇ ਸਨ, ਮੈਨੂੰ ਕੁਮਕ ਲੈ ਕੇ ਮੌਕੇ ਉੱਤੇ ਪੁੱਜਣਾ ਪਿਆ। ਕਾਫ਼ੀ ਜਦੋਜਹਿਦ ਮਗਰੋਂ ਇਹਨਾਂ ਨੂੰ

ਕੋਠੀ ਅੰਦਰ ਧਕਿਆ ਗਿਆ। ਏਸੇ ਕਸ਼ਮਕਸ਼ ਵਿਚ ਇਹਨਾਂ ਦੇ ਵੀ ਮਾਮੂਲੀ ਸੱਟਾਂ ਲਗ ਗਈਆਂ ਹਨ।" ਇਊਂ ਉਹਨੇ ਆਪਣੀ ਕਾਨੂੰਨੀ ਪੁਜ਼ੀਸ਼ਨ ਮਜ਼ਬੂਤ ਕਰ ਲਈ। ਦੋਨੋਂ ਬਬਰ ਸਾਰੀ ਰਾਤ ਉਸੇ ਤਰ੍ਹਾਂ ਅਧਮੋਏ ਕੋਠੀ ਵਿਚ ਬੇਸੁਰਤ ਪਏ ਰਹੇ।

ਅਗਲੇ ਹੀ ਦਿਨ ਦੋਵਾਂ ਨੂੰ ਦਰੋਗੇ ਨੇ ਸੁਪਰਿੰਟੈਂਡੈਂਟ ਸਾਹਮਣੇ ਲਿਜਾ ਪੇਸ਼ ਕੀਤਾ। ਉਹ ਪਹਿਲਾਂ ਹੀ ਬਬਰਾਂ ਦੇ ਗੋਡੇ ਲੁਆਉਣ ਦਾ ਪਰੋਗਰਾਮ ਬਣਾਈ ਬੈਠਾ ਸੀ। ਗਿਆਨੀ ਕਰਤਾਰ ਸਿੰਘ ਦੇ ਬੇੜੀ ਤਾਂ ਪਹਿਲਾਂ ਜੜੀ ਹੀ ਜਾ ਚੁੱਕੀ ਸੀ, ਕੋਠੀ-ਬੰਦੀ ਪੱਕੀ ਕਰ ਦਿੱਤੀ ਜਿਸ ਵਿਚ ਕੁਟਾਪਾ ਚਾੜ੍ਹਿਆ ਗਿਆ ਸੀ। ਭਾਈ ਸੁੰਦਰ ਸਿੰਘ ਦੇ 30 ਬੈਂਤ ਜੜ ਦਿੱਤੇ ਗਏ ਅਤੇ ਹਸਪਤਾਲ ਦੀ ਥਾਂ ਕੋਠੀ-ਬੰਦੀ ਹੀ ਕਾਫ਼ੀ ਸਮਝੀ ਗਈ ਜਿਥੇ ਮਲ੍ਹਮ-ਪੱਟੀ ਹੁੰਦੀ ਰਹੀ। ਬੈਂਤਾਂ ਦਾ ਕਰਮ ਪਹਿਲੇ ਬਬਰਾਂ ਵਾਲਾ ਹੀ ਸੀ, ਭਾਵ ਬੈਂਤ ਦੇ ਨਾਲ ਹੀ ਸਤਿ ਸ੍ਰੀ ਅਕਾਲ ਦਾ ਜੈਕਾਰਾ ਅਤੇ ਪੈਦਲ ਤੁਰ ਕੇ ਕੋਠੀ ਵਿਚ ਜਾ ਵੜਨਾ।

ਅਗਲੇ ਦਿਨ ਮੁਣਸਾ ਸਿੰਘ ਜੌਹਲ ਅਤੇ ਇਕ ਇਖਲਾਕੀ ਕੈਦੀ ਨੱਥਾ ਸਿੰਘ ਨੇ ਦੋਵਾਂ ਦੀ ਹਮਦਰਦੀ ਵਿਚ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਇਹਦੇ ਨਤੀਜੇ ਵਜੋਂ ਉਹਤੋਂ ਅਗਲੇ ਦਿਨ 30-30 ਬੈਂਤ ਜੜ ਦਿਤੇ ਗਏ। ਉਹ ਦੋਨੋਂ ਵੀ ਪਹਿਲੇ ਬਬਰਾਂ ਵਾਂਗੂ ਹਰ ਬੈਂਤ ਨਾਲ ਜੈਕਾਰਾ ਛਡਦੇ ਗਏ ਅਤੇ ਪੈਦਲ ਚੱਲ ਕੇ ਕੋਠੀਆਂ ਵਿਚ ਦਾਖ਼ਲ ਹੋਏ। ਇਸ ਵਾਰ ਅਣੋਖੀ ਗੱਲ ਸੀ ਇਕ ਇਖਲਾਕੀ ਕੈਦੀ ਦਾ ਨਿਧੜਕ ਹੋ ਕੇ ਬਬਰਾਂ ਦੀ ਹਮਦਰਦੀ ਵਿਚ ਨਾਹਰੇ ਲਾਉਣਾ ਅਤੇ ਬਾਕੀ ਇਖਲਾਕੀ ਕੈਦੀਆਂ ਨੂੰ ਵੰਗਾਰਨਾ ਕਿ ਤੁਸੀਂ ਵੀ ਬਬਰਾਂ ਨਾਲ ਸ਼ਾਮਲ ਹੋ ਜਾਉ ਅਤੇ ਬਬਰ ਬਣ ਜਾਉ। ਬਥੇਰੇ ਮੰਦੇ ਕਰਮ ਕਰ ਚੁੱਕੇ ਹਾਂ ਹੁਣ ਦੇਸਭਗਤ ਬਣਕੇ ਅੱਗਾ ਸੁਆਰ ਲਉ।

ਉੱਪਰ-ਦੱਸੀਆਂ ਦੋਵਾਂ ਘਟਨਾਵਾਂ ਦੀ ਖ਼ਬਰ ਬਾਹਰ ਪੁੱਜ ਗਈ। ਅਖ਼ਬਾਰਾਂ ਵਿਚ ਵੀ ਛਪ ਗਈ। ਇਹ ਵੀ ਛਪ ਗਿਆ ਕਿ ਜਿਹਲ ਦੇ ਇਖ਼ਲਾਕੀ ਕੈਦੀ ਵੀ ਬਬਰਾਂ ਦਾ ਸਾਥ ਦੇ ਕੇ ਭੁੱਖ-ਹੜਤਾਲਾਂ ਕਰਨ ਲੱਗ ਪਏ ਹਨ। ਖਬਰਾਂ ਦਾ ਛਪਣਾ ਹੀ ਸੀ ਕਿ ਮੁਲਤਾਨ ਦੇ ਲੋਕਾਂ ਨੇ ਜਿਹਲ ਦੁਆਲੇ ਆ ਘੇਰਾ ਪਾਇਆ। ਪੰਜਾਬ ਪਹਿਲਾਂ ਹੀ ਭਗਤ ਸਿੰਘ ਦੇ ਕੇਸ ਦੇ ਪਰਚਾਰ ਨੇ ਐਜੀਟੇਸ਼ਨਾਂ ਦੇ ਸਿਖਰਾਂ ਉੱਤੇ ਪੁਚਾ ਛਡਿਆ ਸੀ। ਰਹਿੰਦੀ-ਖੂੰਹਦੀ ਕਸਰ ਮਾਸਟਰ ਮੋਤਾ ਸਿੰਘ ਜੀ ਨੇ ਪੂਰੀ ਕਰ ਦਿੱਤੀ ਜਿਹੜੇ ਛੇ ਸਾਲਾਂ ਦੀ ਸਜਾ ਭੁਗਤ ਕੇ ਹਾਲੇ ਬਾਹਰ ਆਏ ਹੀ ਸਨ। ਉਹਨਾਂ ਨੇ ਮੁੜ ਧੜੱਲੇਦਾਰ ਲੈਕਚਰ ਆਮ ਜਲਸਿਆਂ ਵਿਚ ਕਰਨੇ ਸ਼ੁਰੂ ਕਰ ਦਿਤੇ ਅਤੇ ਮੁਲਤਾਨ ਜਿਹਲ ਦੀ ਘਟਨਾ ਨੂੰ ਪਾਣੀ ਪੀ-ਪੀ ਕੋਸਦਿਆਂ ਅੰਗਰੇਜ਼ ਸਰਕਾਰ ਨੂੰ ਲਲਕਾਰਿਆ ਅਤੇ ਮੰਗ ਕੀਤੀ ਕਿ ਜਿਹਲਾਂ ਵਿਚ ਬਬਰਾਂ ਤੇ ਇਖਲਾਕੀ ਕੈਦੀਆਂ ਉੱਤੇ ਕੀਤਾ ਜਾ ਰਿਹਾ ਜੁਲਮ ਫੌਰਨ ਬੰਦ ਕੀਤਾ ਜਾਵੇ ਨਹੀਂ ਤਾਂ ਮੈਂ ਮੁੜ ਦੁਆਬੇ ਵਿਚ ਅਜਿਹੀ ਅੱਗ ਭੜਕਾ ਦਿਆਂਗਾ ਕਿ ਝਾੜੀ-ਝਾੜੀ ਮੁੱਢ ਬਬਰ ਪੈਦਾ ਹੋ ਕੇ ਗੋਰਾਸ਼ਾਹੀ ਨੂੰ ਸੱਤਾ ਸਮੁੰਦਰਾਂ ਤੋਂ ਪਾਰ ਕਰਕੇ ਹੀ ਦਮ ਲਵੇਗਾ।

ਮਾਸਟਰ ਮੋਤਾ ਸਿੰਘ ਜੀ ਨੂੰ ਇਸੇ ਤਕਰੀਰ ਬਦਲੇ ਮੁੜ ਛੇਆਂ ਸਾਲਾਂ ਲਈ ਅੰਦਰ ਕਰ ਦਿੱਤਾ ਗਿਆ। ਪਰ ਪੰਜਾਬ ਵਿਚ ਮੁੜ ਨਵੀਂ ਜਾਗਰਤੀ ਪੈਦਾ ਹੋ ਗਈ। ਹਰ ਪਾਸਿਉਂ ਇਹ ਮੁਤਾਲਬਾ ਸ਼ੁਰੂ ਹੋ ਗਿਆ ਕਿ ਜਿਹਲ-ਅਧਿਕਾਰੀਆਂ ਨੇ ਜਿਹੜਾ

ਜ਼ੁਲਮ ਬਬਰਾਂ ਅਤੇ ਇਖ਼ਲਾਕੀ ਕੈਦੀਆਂ ਉੱਤੇ ਸ਼ੁਰੂ ਕੀਤਾ ਹੋਇਆ ਹੈ, ਉਹਦੀ ਨਿਰਪੱਖ ਪੜਤਾਲ ਕਰਵਾਈ ਜਾਵੇ। ਨਥਾ ਸਿੰਘ ਇਖ਼ਲਾਕੀ ਕੈਦੀ ਦੀ ਜੁਰਅਤ ਦੇਖ ਕੇ ਹੋਰ ਬਹੁਤ ਸਾਰੇ ਇਖ਼ਲਾਕੀ ਕੈਦੀ ਬਬਰਾਂ ਨਾਲ ਰਲ ਕੇ ਜਿਹਲ-ਅਧਿਕਾਰੀਆਂ ਵਿਰੁੱਧ ਉਠ ਖੜੋਤੇ ਅਤੇ ਉਹਨਾਂ ਵਿਰੁੱਧ ਗਵਾਹੀਆਂ ਦੇਣ ਲਈ ਤਿਆਰ ਹੋ ਗਏ। ਪਹਿਲਾਂ ਇਸੇ ਗੋਕਲ ਚੰਦ ਨਾਂ ਦੇ ਦਰੋਗੇ ਨੇ ਇਸੇ ਹੀ ਜਿਹਲ ਵਿਚ ਬਬਰਾਂ ਅੱਗੇ ਨੱਕ ਰਗੜੇ ਸਨ। ਚੌਧਰੀ ਬੁੱਘਾ ਮੱਲ ਨੂੰ ਜ਼ਾਮਨ ਬਣਾਇਆ ਸੀ। ਤਿੰਨਾਂ-ਚੌਂਹ ਸਾਲਾਂ ਬਾਅਦ ਇਹਨੂੰ ਮੁੜ ਉਹੋ ਝੱਲ ਚੜ੍ਹ ਗਿਆ ਕਿ ਪਿਛਲੀ ਨਮੋਸ਼ੀ ਦਾ ਬਦਲਾ ਲੈ ਸਕੇ। ਸਚਮੁੱਚ ਕਦੀ-ਕਦੀ ਇਨਸਾਨੀ ਜਾਮੇ ਵਿਚ ਇਹੋ ਜਿਹੇ ਕੁੱਤੇ ਵੀ ਧਰਤੀ ਉੱਤੇ ਉੱਗ ਪੈਂਦੇ ਹਨ ਜਿਨ੍ਹਾਂ ਨੂੰ ਵਾਰ-ਵਾਰ ਝੱਲ ਚੜ੍ਹਦਾ ਰਹਿੰਦਾ ਹੈ। ਅੰਤ ਨੂੰ ਜਦੋਂ ਇਹਦਾ ਹਲਕਾਅ ਜ਼ਰਾ ਮੱਠਾ ਪਿਆ, ਤਾਂ ਉਸੇ ਚੌਧਰੀ ਬੁੱਘਾ ਮੱਲ ਦੇ ਪੈਰ ਜਾ ਫੜੇ। ਪਹਿਲਾਂ-ਪਹਿਲਾਂ ਤਾਂ ਚੌਧਰੀ ਸਾਹਿਬ ਨੇ ਤੋੜ ਕੇ ਜਵਾਬ ਦੇ ਦਿੱਤਾ। ਪਰ ਗੋਕਲ ਚੰਦ ਚੌਧਰੀ ਸਾਹਿਬ ਦੇ ਅਜਿਹਾ ਖਹਿੜੇ ਪਿਆ ਕਿ ਉਹਨਾਂ ਨੂੰ ਇਕ ਵਾਰ ਫੇਰ ਵਿਚ-ਵਿਚਾਲਾ ਕਰਕੇ ਸੁਲਾਹ ਕਰਾਉਣ ਲਈ ਮਨਾ ਕੇ ਹੀ ਛਡਿਆ। ਚੌਧਰੀ ਸਾਹਿਬ ਨੇ ਮੁੜ ਬੂਟਾ ਸਿੰਘ ਨਾਲ ਸਲਾਹ-ਮਸ਼ਵਰਾ ਕੀਤਾ। ਦੋਨੋਂ ਹੀ ਤਕਰੀਬਨ ਇਕੋ ਜਿਹੇ ਸੁਭਾਅ ਦੇ ਮਾਲਕ ਸਨ। ਸ਼ਰਨ ਆਏ ਨੂੰ ਨਾਂਹ ਕਰਨ ਦੀ ਦੋਹਾਂ ਵਿਚ ਹੀ ਹਿੰਮਤ ਨਹੀਂ ਸੀ। ਮਨ ਕਰੜੇ ਕਰਕੇ ਇਕ ਵਾਰ ਫੇਰ ਦੋਹਾਂ ਨੇ ਦੋਹਾਂ ਧਿਰਾਂ ਵਿਚ ਸੁਲਾਹ-ਸਫਾਈ ਕਰਾਉਣ ਦਾ ਫੈਸਲਾ ਕਰ ਲਿਆ। ਦਰੋਗੇ ਨੇ ਕਿਹਾ, "ਚੌਧਰੀ ਸਾਹਿਬ ਮੈਥੋਂ ਜਿਹੜੀ ਵਧੀਕੀ ਹੋ ਚੁੱਕੀ ਹੈ, ਮੈਂ ਉਸ ਉੱਤੇ ਪਸ਼ਚਾਤਾਪ ਕਰਦਾ ਹਾਂ। ਮੈਂ ਹਰ ਤਰ੍ਹਾਂ ਤੁਹਾਡਾ ਹੁਕਮ ਮੰਨਣ ਲਈ ਤਿਆਰ ਹਾਂ। ਇਸ ਝੇੜੇ ਨੂੰ ਜਿਵੇਂ ਹੋ ਸਕਦਾ ਹੈ, ਮੁੜ ਖ਼ਤਮ ਕਰਾਉ।"

ਜਵਾਬ ਵਿਚ ਬੂਟਾ ਸਿੰਘ ਨੇ ਆਖਿਆ, "ਦਰੋਗਾ ਸਾਹਿਬ ਬੁਰਾ ਨਾ ਮੰਨਣਾ, ਪਹਿਲ ਤੁਸੀਂ ਹੀ ਕੀਤੀ ਹੈ। ਤੁਸੀਂ ਹੀ ਭਾਈ ਸੁੰਦਰ ਸਿੰਘ ਨੂੰ ਲਲਕਾਰ ਕੇ ਚੈਲੰਜ ਦਿੱਤਾ ਸੀ। ਫੇਰ ਉਹਦੇ ਬੈਂਤਾਂ ਜੜਵਾਈਆਂ। ਪਹਿਲਾਂ ਉਹਨੂੰ ਅਤੇ ਗਿਆਨੀ ਕਰਤਾਰ ਸਿੰਘ ਨੂੰ ਗ਼ੈਰ-ਕਾਨੂੰਨੀ ਤੌਰ ਉੱਤੇ ਜਿਹਲ ਬੰਦ ਹੋ ਜਾਣ ਮਗਰੋਂ ਕੁਟਾਪਾ ਚਾੜ੍ਹਿਆ ਅਤੇ ਟਿਕਟਾ ਉੱਤੇ ਗ਼ਲਤ ਅੰਦਰਾਜ ਕੀਤੇ। ਇਕ ਇਖ਼ਲਾਕੀ ਕੈਦੀ ਦੇ ਬੈਂਤਾਂ ਜੜਵਾ ਦਿੱਤੀਆਂ। ਹੁਣ ਜਿਸ ਵੇਲੇ ਸਾਰੀ ਜਿਹਲ ਹੀ ਬਬਰਾਂ ਨਾਲ ਰਲ ਗਈ ਹੈ ਅਤੇ ਇਖ਼ਲਾਕੀ ਕੈਦੀ ਵੀ ਤੁਹਾਨੂੰ ਲਲਕਾਰਨ ਲੱਗ ਪਏ ਹਨ, ਤਾਂ ਸਮੇਂ ਦੀ ਨਜ਼ਾਕਤ ਨੂੰ ਦੇਖਕੇ ਤੁਹਾਨੂੰ ਸੁਲਾਹ ਕਰਨ ਦਾ ਖ਼ਿਆਲ ਆਇਆ ਹੈ। ਕੋਈ ਗੱਲ ਨਹੀਂ, ਅਸੀਂ ਸੁਲਾਹ ਕਰਾਉਣ ਲਈ ਈਮਾਨਦਾਰੀ ਨਾਲ ਕੋਸ਼ਿਸ਼ ਜ਼ਰੂਰ ਕਰਾਂਗੇ। ਪਰ ਡਰ ਇਹੋ ਹੀ ਹੈ ਕਿ ਤੁਸੀਂ ਪਹਿਲਾਂ ਵਾਂਗੂ ਕਿਤੇ ਭੁੱਲ ਨਾ ਜਾਇਉ। ਅਸੀਂ ਪਹਿਲਾਂ ਵੀ ਈਮਾਨਦਾਰੀ ਨਾਲ ਹੀ ਵਿਚ ਪਏ ਸੀ। ਐਤਕੀਂ ਵੀ ਤਿਆਰ ਹਾਂ। ਬੱਸ ਡਰ ਇਹੋ ਹੀ ਹੈ ਕਿ ਤੁਸੀਂ ਮੁੜ ਜ਼ੋਰ-ਅਜ਼ਮਾਈ ਸ਼ੁਰੂ ਨਾ ਕਰ ਦਿਉਂ।"

ਉੱਤਰ ਵਿਚ ਗੋਕਲ ਚੰਦ ਨੇ ਦਸਿਆ ਕਿ ਜਿਸ ਵੇਲੇ ਗਿਆਨੀ ਕਰਤਾਰ ਸਿੰਘ ਤੋਂ ਬਾਹਰ ਭੇਜੀ ਜਾਣ ਵਾਲੀ ਚਿੱਠੀ ਸਾਡੇ ਹੱਥ ਆ ਗਈ ਤਾਂ ਉਹਨੂੰ ਪੜ੍ਹ ਕੇ ਮੈਨੂੰ ਗੁੱਸਾ ਆ ਗਿਆ। ਉਸ ਵਿਚ ਮੈਨੂੰ ਸਿੱਧੀਆਂ ਗਾਲਾਂ ਦਿਤੀਆਂ ਗਈਆਂ ਸਨ। ਸੁੰਦਰ ਸਿੰਘ ਦੀਆਂ ਸਿੱਧੀਆਂ ਗਾਲਾਂ ਤੋਂ ਮੈਂ ਆਪਣੇ ਗੁੱਸੇ ਨੂੰ ਕਾਬੂ ਵਿਚ ਨਾ ਰੱਖ

ਸਕਿਆ, ਜਿਸ ਕਰਕੇ ਗਲ ਵਧਦੀ ਹੀ ਚਲੀ ਗਈ। ਉਹਨੇ ਉਹ ਚਿੱਠੀ, ਜਿਹੜੀ ਗਿਆਨੀ ਕਰਤਾਰ ਸਿੰਘ ਤੋਂ ਫੜੀ ਗਈ ਸੀ, ਆਪਣੀ ਸਫ਼ਾਈ ਪੇਸ਼ ਕਰਨ ਲਈ ਚੌਧਰੀ ਸਾਹਿਬ ਨੂੰ ਫੜਾ ਦਿੱਤੀ, ਜਿਹੜੀ ਬੂਟਾ ਸਿੰਘ ਨੇ ਪੜ੍ਹਕੇ ਸੁਣਾ ਦਿੱਤੀ। ਸੱਚਮੁਚ ਹੀ ਉਸ ਚਿੱਠੀ ਵਿਚ ਦਰੋਗੇ ਨੂੰ ਸਿੱਧੀਆਂ ਗਾਲਾਂ ਸਨ।

ਅਖ਼ੀਰ ਵਿਚ ਇਹੋ ਫੈਸਲਾ ਹੋਇਆ ਕਿ ਐਤਕੀਂ ਦਰੋਗਾ ਸਾਹਿਬ ਆਪ ਬਬਰਾਂ ਨੂੰ ਜ਼ਾਤੀ ਤੌਰ ਉੱਤੇ ਮਿਲ ਕੇ ਗੱਲਬਾਤ ਕਰਨ। ਬਾਅਦ ਵਿਚ ਚੌਧਰੀ ਸਾਹਿਬ ਅਤੇ ਬੂਟਾ ਸਿੰਘ ਵੀ ਸੁਲਾਹ-ਸਫਾਈ ਲਈ ਬਬਰਾਂ ਨੂੰ ਮਨਾ ਲੈਣਗੇ। ਸੋ ਉਸੇ ਵੇਲੇ ਦਰੋਗਾ ਸਾਹਿਬ ਦੇ ਕਹਿਣ ਉੱਤੇ ਜਿਹਲ ਦੇ ਵਾਰਡਰ ਨੇ ਭਾਈ ਸੁੰਦਰ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਦੇ ਨਾਲ ਹੀ ਇਖ਼ਲਾਕੀ ਕੈਦੀ ਨੱਥਾ ਸਿੰਘ ਨੂੰ ਵੀ ਕੋਠੀਆਂ ਵਿਚੋਂ ਕੱਢ ਕੇ ਬਾਕੀ ਬਬਰਾਂ ਨਾਲ ਬੈਰਕ ਵਿਚ ਇਕਠਿਆਂ ਕੀਤਾ। ਗੋਕਲ ਚੰਦ ਦਰੋਗਾ ਇਕੱਲਾ ਹੀ ਇਕੱਠੇ ਹੋ ਚੁਕੇ ਬਬਰਾਂ ਕੋਲ ਆ ਗਿਆ ਜਿਨ੍ਹਾਂ ਵਿਚ ਮੁਣਸ਼ਾ ਸਿੰਘ ਜੌਹਲ, ਜ਼ੀਹਦੇ 30 ਬੈਂਤ ਲੱਗ ਚੁਕੇ ਸਨ, ਵੀ ਸ਼ਾਮਲ ਸੀ। ਗੋਕਲ ਚੰਦ ਨੇ ਆਉਂਦਿਆਂ ਹੀ ਸਾਰੇ ਬਬਰਾਂ ਨੂੰ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਕਹਿੰਦਿਆਂ ਭਾਈ ਸੁੰਦਰ ਸਿੰਘ ਨੂੰ ਜੱਫੀ ਪਾ ਲਈ ਅਤੇ ਚੌਧਰੀ ਸਾਹਿਬ ਨੇ ਗਿਆਨੀ ਕਰਤਾਰ ਸਿੰਘ ਵਾਲੀ ਚਿੱਠੀ ਕਰਮ ਸਿੰਘ ਝਿੰਗੜ ਹੁਰਾਂ ਨੂੰ ਫੜਾ ਦਿਤੀ, ਜਿਹੜੀ ਮਾਸਟਰ ਦਲੀਪ ਸਿੰਘ ਗੋਸਲ ਨੇ ਪੜ੍ਹ ਕੇ ਸਾਰਿਆਂ ਨੂੰ ਸੁਣਾ ਦਿੱਤੀ। ਚਿੱਠੀ ਪਾੜ ਕੇ ਸੁਟ ਦਿੱਤੀ ਗਈ, ਜੀਹਦੇ ਨਤੀਜੇ ਵਜੋਂ ਦੋਵਾਂ ਧਿਰਾਂ ਵਿਚ ਮੁੜ ਮਿਟ-ਮਿਟਾ ਹੋ ਗਿਆ।

ਬਬਰਾਂ ਦੀ ਬਾਟਾ ਪ੍ਰੇਡ ਮੁੜ ਬੰਦ ਹੋ ਗਈ। ਸਾਰੇ ਬਬਰ ਇਕੋ ਬੈਰਕ ਵਿਚ ਇਕੱਠੇ ਕਰ ਦਿਤੇ ਗਏ। ਨਥਾ ਸਿੰਘ ਇਖ਼ਲਾਕੀ ਕੈਦੀ ਵੀ ਬਬਰ ਬਣ ਕੇ ਉਸੇ ਟੋਲੇ ਵਿਚ ਸ਼ਾਮਲ ਹੋ ਕੇ ਉਸੇ ਬੈਰਕ ਵਿਚ ਰਹਿਣ ਲਗ ਪਿਆ। ਇਹ ਗੱਲ ਦਾ ਬਾਕੀ ਇਖ਼ਲਾਕੀ ਕੈਦੀਆਂ ਉੱਤੇ ਅਸਰ ਪੈਣੋਂ ਨਾ ਰਹਿ ਸਕਿਆ ਅਤੇ ਕਈ ਇਖ਼ਲਾਕੀ ਕੈਦੀ ਬਬਰ ਬਣ ਜਾਣ ਦੀਆਂ ਸਲਾਹਾਂ ਕਰਨ ਲੱਗ ਪਏ। ਭਾਵ ਬਬਰ ਬਨਣ ਦੀ ਡਿਗਰੀ ਹਾਸਲ ਕਰਨ ਦੀ ਦੌੜ ਲੱਗ ਗਈ।

# 70. ਬਬਰਾਂ ਦੀਆਂ ਹੋਰ ਭੁੱਖ-ਹੜਤਾਲਾਂ

## ੳ. 1930 ਦੀ ਭਗਤ ਸਿੰਘ ਹੁਰਾਂ ਦੀ ਭੁੱਖ-ਹੜਤਾਲ ਨਾਲ

ਜਿਸ ਵੇਲੇ ਭਗਤ ਸਿੰਘ ਅਤੇ ਦੱਤ ਨੂੰ ਦਿੱਲੀ ਦੇ ਸ਼ੈਸ਼ਨ ਜੱਜ ਨੇ ਉਮਰ ਕੈਦ ਦੀ ਸਜ਼ਾ ਦੇ ਦਿੱਤੀ ਤਾਂ ਉਹਨਾਂ ਨੂੰ ਦਿੱਲੀ ਦੀ ਜਿਹਲ ਵਿਚੋਂ ਲਾਹੌਰ ਦੀ ਸੈਂਟਰਲ ਜਿਹਲ ਵਿਚ ਲਿਆਂਦਾ ਗਿਆ। ਹਾਈ ਕੋਰਟ ਵਿਚ ਅਪੀਲ ਹੋ ਚੁੱਕੀ ਸੀ। ਸੀ ਆਈ ਡੀ ਦੇ ਹੁਸ਼ਿਆਰ ਬੰਦੇ ਕਾਂਗਰਸੀ ਵਰਦੀਆਂ ਵਿਚ ਲੈਸ ਕਰ ਦਿੱਤੇ ਗਏ ਅਤੇ ਕਈਆਂ ਨੂੰ ਕਰਾਂਤੀਕਾਰੀ ਬਣਾ ਦਿੱਤਾ ਗਿਆ। ਭਗਤ ਸਿੰਘ ਨਾਲ ਜਿਹੜਾ ਵੀ ਸੱਜਣ ਜਿਹਲ ਵਿਚ ਮੁਲਾਕਾਤ ਕਰਨੀ ਚਾਹੁੰਦਾ, ਇਕਦਮ ਇਜਾਜ਼ਤ ਮਿਲ ਜਾਂਦੀ। ਆਲੇ-ਦੁਆਲੇ ਨਿਗਾਹ ਰੱਖਣ ਵਾਲੇ ਉਹਨਾਂ ਨੌਜਵਾਨਾ ਦਾ ਪਿੱਛਾ ਕਰਦੇ, ਜਿਹੜੇ ਸਹੀ ਅਰਥਾਂ ਵਿਚ ਉਹਦੇ ਪੱਕੇ ਸਾਥੀ ਸਨ। ਉਹਨਾਂ ਦਾ ਪੱਕਾ ਠਿਕਾਣਾ ਉਹਨਾਂ ਦਿਨਾਂ ਵਿਚ ਮੈਕਲੋਡ ਰੋਡ ਵਿਖੇ ਰੇਲਵੇ ਸਟੇਸ਼ਨ ਤੋਂ ਥੋੜ੍ਹੇ ਹੀ ਫ਼ਾਸਲੇ ਉੱਤੇ ਗੁਜਰ ਸਿੰਘ ਚੌਕ ਲਾਗੇ ਕਸ਼ਮੀਰੀ ਬਿਲਡਿੰਗ ਸੀ। ਨੌਜਵਾਨ ਮੁਲਾਕਾਤ ਕਰਨ ਤੋਂ ਬਾਅਦ ਇਸੇ ਹੀ ਬਿਲਡਿੰਗ ਵਿਚ ਆਪਣੇ ਕਮਰੇ, ਵਿਚ ਆ ਜਾਂਦੇ। ਜਿਸ ਵੇਲੇ ਅਫ਼ਸਰਾਂ ਨੂੰ ਭਗਤ ਸਿੰਘ ਦੇ ਸਾਥੀਆਂ ਦੇ ਪੱਕੇ ਠਿਕਾਣੇ ਦੀ ਪੂਰੀ-ਪੂਰੀ ਜਾਣਕਾਰੀ ਹੋ ਗਈ, ਉਹਨਾਂ ਨੇ ਪੂਰੀ ਤਿਆਰੀ ਨਾਲ ਛਾਪਾ ਮਾਰ ਕੇ ਕਈ ਕਰਾਂਤੀਕਾਰੀ, ਕਾਗਜ਼-ਪੱਤਰਾਂ ਅਤੇ ਬੰਬ ਬਣਾਉਣ ਵਾਲੇ ਸਾਮਾਨ ਸਮੇਤ, ਕਾਬੂ ਕਰ ਲਏ। ਬਬਰ ਲਹਿਰ ਵਾਂਗੂ ਸਾਰੀ ਲਹਿਰ ਦਾ ਇਕਦਮ ਲੱਕ ਤੋੜ ਕੇ ਰੱਖ ਦਿੱਤਾ ਗਿਆ।

ਜਿਸ ਤਰ੍ਹਾਂ ਭਾਈ ਕਿਸ਼ਨ ਸਿੰਘ ਹੁਰਾਂ ਦੀ ਗਰਿਫ਼ਤਾਰੀ ਤੋਂ ਬਾਅਦ ਸੀ ਆਈ ਡੀ ਨੇ ਉਹਨਾਂ ਨਾਲ ਮੁਲਾਕਾਤਾਂ ਕਰਨ ਦੀ ਆਮ ਖੁੱਲ੍ਹ ਦੇ ਕੇ ਆਪਣੇ ਸੂਹਿਆਂ ਰਾਹੀਂ ਸਾਰਾ ਭੇਤ ਕਢ ਲਿਆ ਸੀ ਅਤੇ ਬਾਅਦ ਵਿਚ ਸਾਰੇ ਦੁਆਬੇ ਵਿਚ ਬਬਰਾਂ ਦੇ ਠਿਕਾਣਿਆਂ ਉੱਤੇ ਛਾਪੇ ਮਾਰ ਕੇ ਪਹਿਲਾਂ ਸਾਡੀਆਂ ਤਲਾਸ਼ੀਆਂ ਲਈਆਂ ਸਨ ਅਤੇ ਮੁੜ ਗਰਿਫ਼ਤਾਰੀਆਂ ਕੀਤੀਆਂ ਸਨ, ਬਿਲਕੁਲ ਉਸੇ ਹੀ ਤਰ੍ਹਾਂ ਪੁਲਸ ਨੂੰ ਭਗਤ ਸਿੰਘ ਦੇ ਸਾਥੀਆਂ ਦਾ ਇਕੋ-ਇਕ ਲਾਹੌਰ ਵਾਲਾ ਅੱਡਾ ਹੱਥ ਆ ਗਿਆ ਅਤੇ ਸਿਰਕਢ ਨੌਜਵਾਨ ਹੱਥ ਆ ਗਏ।

ਪੁਲਸ ਦੀ ਸਭ ਤੋਂ ਵੱਡੀ ਕਾਮਯਾਬੀ ਹੋਈ ਸੁਖਦੇਵ ਦਾ ਬਿਆਨ, ਜਿਹੜਾ ਲਹਿਰ ਦਾ ਬਾਨੀ ਕਹਿ ਲਉ ਜਾਂ ਕਰਤਾ-ਧਰਤਾ। ਉਹਨੇ ਰੱਤੀ-ਰੱਤੀ ਗੱਲ ਪੁਲਸ ਨੂੰ

ਦੱਸ ਦਿੱਤੀ ਅਤੇ ਸਾਂਡਰਸ ਦੇ ਕਤਲ ਦੀ ਸਹੀ ਤਸਵੀਰ ਦਾ ਪਤਾ ਪੁਲਸ ਨੂੰ ਦੇ ਦਿੱਤਾ ਤੇ ਭਗਵਤੀ ਚਰਨ ਦੀ ਬੰਬ ਬਣਾਉਂਦਿਆਂ ਮੌਤ ਦੀ ਜਾਣਕਾਰੀ ਵੀ ਦੇ ਦਿੱਤੀ। ਮੈਂ ਬਬਰ ਲਹਿਰ ਦੇ ਆਗੂ ਬਾਬੂ ਸੰਤਾ ਸਿੰਘ ਅਤੇ ਭਗਤ ਸਿੰਘ ਦੇ ਸਾਥੀ ਸੁਖਦੇਵ ਨੂੰ ਇਕੋ ਦਰਜਾ ਹੀ ਦਿਆਂਗਾ। ਦੋਵਾਂ ਨੇ ਹੀ ਦੋਵਾਂ ਲਹਿਰਾਂ ਨੂੰ ਸਿਖਰਾਂ ਉੱਤੇ ਪੁਚਾਇਆ ਅਤੇ ਦੋਵਾਂ ਨੇ ਹੀ ਭੇਦ ਖੋਲ੍ਹ ਕੇ ਖਾਤਮੇ ਤੱਕ ਪੁਚਾਇਆ।

ਇਹ ਗੱਲ ਵੀ ਸੋਲਾਂ ਆਨੇ ਸੱਚ ਹੈ ਕਿ ਜਿਵੇਂ ਸਾਡਾ ਬਬਰ ਕੇਸ ਚਲਦੇ ਸਮੇਂ ਅਖ਼ੀਰ ਤਕ ਬਾਬੂ ਸੰਤਾ ਸਿੰਘ ਨੇ ਮੋਨ ਧਾਰ ਰਖਿਆ ਸੀ, ਉਸੇ ਤਰ੍ਹਾਂ ਹੀ ਸੁਖਦੇਵ ਨੇ ਵੀ ਚੁੱਪ ਸਾਧ ਲਈ ਸੀ ਅਤੇ ਕੇਸ ਵਿਚ ਉੱਕੀ ਕੋਈ ਦਿਲਚਸਪੀ ਨਹੀਂ ਸੀ ਲਈ। ਅਖ਼ੀਰ ਵਿਚ ਦੋਵੇਂ ਪੰਜਾਂ ਸਾਲਾਂ ਦੇ ਵਕਫ਼ੇ ਅੰਦਰ ਇਕੋ ਲਾਹੌਰ ਵਾਲੀ ਫਾਂਸੀ ਉੱਤੇ ਝੂਲੇ ਸਨ। ਬਾਬੂ ਸੰਤਾ ਸਿੰਘ ਪੰਜਾਂ ਸਾਥੀਆਂ ਸਮੇਤ 27 ਫਰਵਰੀ 1926 ਨੂੰ ਅਤੇ ਸੁਖਦੇਵ ਦੋ ਸਾਥੀਆਂ ਨਾਲ 23 ਮਾਰਚ 1931 ਨੂੰ; ਇਕ ਸਵੇਰ ਨੂੰ ਅਤੇ ਦੂਜੇ ਤਰਕਾਲਾਂ ਨੂੰ। ਇਕ ਹੋਰ, ਜੈ ਗੋਪਾਲ ਨਾਂ ਦਾ ਨੌਜਵਾਨ ਪਹਿਲਾ ਵਾਇਦਾ-ਮੁਆਫ਼ ਬਣਿਆ ਸੀ। ਉਹਦਾ ਬਿਆਨ ਉਸੇ ਅਦਾਲਤ ਦੇ ਕਮਰੇ ਵਿਚ ਹੋਇਆ ਸੀ ਜਿਸ ਅਦਾਲਤ ਦੇ ਕਮਰੇ ਵਿਚ 1923-24 ਵਿਚ ਬਬਰ ਕੇਸ ਚਲਿਆ ਸੀ।

ਭਗਤ ਸਿੰਘ ਦਾ ਕੇਸ ਸ਼ੁਰੂ ਹੁੰਦਿਆਂ ਹੀ 1929 ਵਿਚ ਸਾਰੇ ਬਬਰ ਮੁਲਤਾਨ ਦੀ ਨਵੀਂ ਜਿਹਲ ਵਿਚ ਭੇਜੇ ਜਾ ਚੁੱਕੇ ਸਨ, ਪਰ ਗਦਰ ਪਾਰਟੀ ਦੇ ਬਾਬਾ ਸੋਹਣ ਸਿੰਘ ਭਕਨਾ ਅਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਉਹਨਾਂ ਦਿਨਾਂ ਵਿਚ ਲਾਹੌਰ ਹੀ ਸਜ਼ਾ ਭੁਗਤ ਰਹੇ ਸਨ। 1930 ਵਿਚ ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਸਰਕਾਰ ਅੱਗੇ ਇਹ ਸ਼ਰਤ ਰੱਖ ਕੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ ਕਿ ਉਹਨਾਂ ਨੂੰ ਸਿਆਸੀ ਕੈਦੀ ਸਮਝਿਆ ਜਾਵੇ।

ਭੁੱਖ-ਹੜਤਾਲ ਕਾਰਨ ਮੁਲਜ਼ਮਾਂ ਦਾ ਕਚਹਿਰੀ ਜਾਣਾ ਬੰਦ ਹੋ ਗਿਆ। ਇਕੱਲੇ-ਇਕੱਲੇ ਦੇ ਨਾਲੀਆਂ ਰਾਹੀਂ ਖ਼ੁਰਾਕ ਅੰਦਰ ਧੱਕਣੀ ਸ਼ੁਰੂ ਹੋ ਗਈ। ਜਿਉਂ-ਜਿਉਂ ਭੁੱਖ-ਹੜਤਾਲ ਲੰਮੀ ਹੁੰਦੀ ਗਈ, ਦੇਸ ਵਿਚ ਰੋਸ ਵਧਦਾ ਗਿਆ। ਇਹਨਾਂ ਦੀ ਹਮਦਰਦੀ ਵਿਚ ਹੀ ਬਾਬਾ ਸੋਹਣ ਸਿੰਘ ਭਕਨਾ ਅਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਨੇ ਲਾਹੌਰ ਜਿਹਲ ਵਿਚ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਜਦੋਂ ਏਸ ਭੁੱਖ-ਹੜਤਾਲ ਦੀਆਂ ਖਬਰਾਂ ਮੁਲਤਾਨ ਜਿਹਲ ਵਿਚ ਪੁਜੀਆਂ ਤਾਂ ਬਬਰਾਂ ਨੇ ਵੀ ਮੀਟਿੰਗ ਕਰਕੇ ਸਰਬਸੰਮਤੀ ਨਾਲ ਪੰਜਾਂ ਬਬਰਾਂ ਨੂੰ ਭੁੱਖ-ਹੜਤਾਲ ਸ਼ੁਰੂ ਕਰਨ ਦੀ ਇਜਾਜ਼ਤ ਦੇ ਦਿੱਤੀ। ਕਰਮ ਸਿੰਘ ਝਿੰਗੜ, ਭਾਈ ਸੁੰਦਰ ਸਿੰਘ ਮਖ਼ਸੂਸਪੁਰ, ਗਿਆਨੀ ਕਰਤਾਰ ਸਿੰਘ ਗੋਂਦਪੁਰ, ਠਾਕੁਰ ਸਿੰਘ ਭਾਰਟਾ ਅਤੇ ਬਚਿੱਤ ਸਿੰਘ ਦਮੁੰਢਾ ਨੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਇਹਨਾਂ ਨੂੰ ਵੀ ਨਾਲੀਆਂ ਰਾਹੀਂ ਖ਼ੁਰਾਕ ਅੰਦਰ ਧੱਕਣੀ ਸ਼ੁਰੂ ਕਰ ਦਿੱਤੀ ਗਈ। ਜਿਵੇਂ ਪਹਿਲਾਂ-ਪਹਿਲ 1926 ਦੇ ਅਖ਼ੀਰ ਵਿਚ ਬਬਰਾਂ ਵਲੋਂ ਲਾਹੌਰ ਜਿਹਲ ਵਿਚ ਕੀਤੀ ਭੁੱਖ-ਹੜਤਾਲ ਕਾਰਨ ਸਰਕਾਰ ਨੂੰ ਸਰ ਸ਼ਾਦੀ ਲਾਲ ਦੀ ਪ੍ਰਧਾਨਗੀ ਹੇਠ ਕਮਿਸ਼ਨ ਬਣਾਉਣਾ ਪਿਆ ਸੀ, ਉਸੇ ਤਰ੍ਹਾਂ ਹੁਣ ਵੀ ਕਮਿਸ਼ਨ ਬਣਾਉਣਾ ਪੈ ਗਿਆ। ਉਹਦੀਆਂ ਸਿਫ਼ਾਰਸ਼ਾਂ ਮੁਤਾਬਿਕ ਸਰਕਾਰ ਨੇ ਅਮਲ ਕਰਨਾ ਮਨਜ਼ੂਰ ਕਰ ਲਿਆ। ਕਮਿਸ਼ਨ ਨੇ ਭੁੱਖ-ਹੜਤਾਲੀਆਂ ਨੂੰ ਭਰੋਸਾ ਦੁਆਇਆ ਕਿ ਉਹਨਾਂ ਦੀਆਂ ਮੰਗਾਂ ਦੀ ਪੁਰਜ਼ੋਰ ਸਿਫ਼ਾਰਸ਼ ਕਰਕੇ ਸਰਕਾਰ ਨੂੰ

ਮੰਨਣ ਲਈ ਮਜਬੂਰ ਕਰ ਦਿਤਾ ਜਾਵੇਗਾ। ਸੋ ਭਗਤ ਸਿੰਘ ਅਤੇ ਉਹਦੇ ਸਾਥੀਆਂ ਨੇ ਸੋਹਣ ਸਿੰਘ ਭਕਨਾ ਅਤੇ ਮਾਸਟਰ ਕਾਬਲ ਸਿੰਘ ਨਾਲ ਸਲਾਹ ਕਰਕੇ ਭੁੱਖ-ਹੜਤਾਲ ਖੋਲ੍ਹ ਦਿੱਤੀ। ਪਰ ਮੁਲਤਾਨ ਜਿਹਲ ਵਿਚ ਬਬਰ ਡਟੇ ਰਹੇ। ਗਿਆਨੀ ਸਰਦਾਰਾ ਸਿੰਘ ਨਾਗਰਾ ਅਤੇ ਉਪਰ ਦੱਸੇ ਲੀਡਰਾਂ ਨੇ ਆਪਣੇ ਦਸਖ਼ਤਾਂ ਨਾਲ ਇਕ ਚਿੱਠੀ ਇਸੇ ਮਤਲਬ ਦੀ ਲਿਖਕੇ ਮੁਲਤਾਨ ਦੇ ਇਕ ਕਾਂਗਰਸੀ ਲੈਜਿਸਲੇਟਰ ਬੋਧਰਾਜ ਕੋਲ ਭੇਜੀ ਕਿ ਉਹ ਉਹਨਾਂ ਵਲੋਂ ਜਿਹਲ ਅੰਦਰ ਜਾ ਕੇ ਬਬਰਾਂ ਦੀ ਭੁੱਖ-ਹੜਤਾਲ ਸਮਾਪਤ ਕਰਵਾ ਆਵੇ। ਸੋ ਬੋਧਰਾਜ ਜੀ ਜਿਹਲ ਅੰਦਰ ਜਾ ਕੇ ਬਬਰਾਂ ਦੀ ਭੁੱਖ-ਹੜਤਾਲ ਵੀ ਖ਼ਤਮ ਕਰਵਾ ਆਏ। ਜਿਸ ਵੇਲੇ ਪੰਜੇ ਭੁੱਖ-ਹੜਤਾਲੀ ਤੁਰਨ-ਫਿਰਨ ਜੋਗੇ ਹੋ ਗਏ, ਪੰਜਾਂ ਨੂੰ ਹੀ ਮਿੰਟਗੁਮਰੀ ਦੀ ਜਿਹਲ ਵਿਚ ਭੇਜ ਦਿੱਤਾ ਗਿਆ। ਉਹਨਾਂ ਦਿਨਾਂ ਵਿਚ ਰਾਜਸੀ ਕੈਦੀ ਤਾਂ ਮੁਲਤਾਨ ਦੀ ਜਿਹਲ ਵਿਚ ਰਖੇ ਜਾਂਦੇ ਸਨ, ਮਿੰਟਗੁਮਰੀ ਦੀ ਜਿਹਲ ਵਿਚ ਖੱਬੀਖਾਨ ਅਪਰਾਧੀ ਰਖੇ ਜਾਂਦੇ ਸਨ। ਬੇਸ਼ਕ ਭਗਤ ਸਿੰਘ ਅਤੇ ਉਹਦੇ ਸਾਥੀਆਂ ਤੋਂ ਇਲਾਵਾ ਬਬਰਾਂ, ਗਦਰ ਪਾਰਟੀ ਵਾਲਿਆਂ ਅਤੇ ਬਾਕੀ ਰਾਜਸੀ ਕੈਦੀਆਂ ਨੇ ਭੁੱਖ-ਹੜਤਾਲ ਖੋਲ੍ਹ ਦਿੱਤੀ ਸੀ, ਪਰ ਭਗਤ ਸਿੰਘ ਦਾ ਇਕ ਸਾਥੀ ਜਤਿੰਦਰ ਨਾਥ ਦਾਸ ਬੰਗਾਲੀ ਨੌਜਵਾਨ ਇਹ ਕਹਿੰਦਿਆਂ ਡਟਿਆ ਰਿਹਾ ਕਿ "ਮੰਗਾਂ ਪਹਿਲਾਂ ਮਨਜ਼ੂਰ ਕੀਤੀਆਂ ਜਾਣ, ਮੈਨੂੰ ਕਿਸੇ ਕਮਿਸ਼ਨ ਉੱਤੇ ਭਰੋਸਾ ਨਹੀਂ।" ਉਸ ਸ਼ੇਰ ਨੇ ਪ੍ਰਾਣ ਤਾਂ ਤਿਆਗ ਦਿੱਤੇ, ਪਰ ਚੁਕਿਆ ਕਦਮ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਹਮੇਸ਼ਾ ਲਈ ਅਮਰ ਹੋ ਗਿਆ। ਇਸ ਕਮਿਸ਼ਨ ਨੇ ਕੈਦੀਆਂ ਦੇ ਤਿੰਨ ਦਰਜੇ ਬਣਾਉਣ ਦੀ ਸਿਫਾਰਸ਼ ਕਰਕੇ ਹੀ ਗੱਲ ਖ਼ਤਮ ਕਰ ਦਿੱਤੀ। ਇਹ ਤਿੰਨ ਦਰਜੇ ਸਨ ਏ, ਬੀ ਅਤੇ ਸੀ। ਇਸ ਰਿਪੋਰਟ ਦੀ "ਖ਼ੂਬੀ" ਬੱਸ ਇਹੋ ਹੀ ਸੀ ਕਿ ਕਰਾਂਤੀਕਾਰੀਆਂ ਦਾ ਤਾਂ ਜ਼ਿਕਰ ਹੀ ਨਹੀਂ ਸੀ। ਹਾਂ ਜੇ ਕੋਈ ਲੈਂਡਲਾਰਡ, ਰਜਵਾੜਾ, ਧਨਾਡ, ਕਾਰਖਾਨੇਦਾਰ ਜਾਂ ਗਰੈਜੂਏਟ ਕਿਸੇ ਇਖ਼ਲਾਕੀ ਜੁਰਮ ਹੇਠ ਸਜ਼ਾ ਖਾ ਕੇ ਆ ਜਾਵੇ ਤਾਂ ਉਹਨੂੰ ਸਭ ਉਹੋ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ, ਜਿਹੜੀਆਂ ਚਿੱਟੀ ਚਮੜੀ ਵਾਲੇ ਗੋਰੇ ਲੋਕਾਂ ਨੂੰ ਮਿਲਦੀਆਂ ਸਨ। ਸੋ ਭਗਤ ਸਿੰਘ ਅਤੇ ਉਹਦੇ ਸਾਥੀਆਂ ਨੇ ਦੁਬਾਰਾ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਪਰ ਐਤਕੀਂ ਉਹ ਗੱਲ ਨਾ ਬਣੀ ਜਿਹੜੀ ਪਹਿਲੀ ਭੁੱਖ-ਹੜਤਾਲ ਵੇਲੇ ਬਣੀ ਸੀ।

ਇਹਨਾਂ ਹੀ ਦਿਨਾਂ ਵਿਚ ਮਹਾਤਮਾ ਗਾਂਧੀ ਜੀ ਦਾ ਡਾਂਡੀ ਮਾਰਚ ਸਿਖਰਾਂ ਛੋਹ ਰਿਹਾ ਸੀ। ਸਾਰੇ ਦੇਸ ਦਾ ਧਿਆਨ ਵੀ ਇਸੇ ਅੰਦੋਲਨ ਨੇ ਖਿੱਚ ਲਿਆ ਸੀ। ਇਹੋ ਕਾਰਨ ਸੀ ਕਿ ਐਤਕੀਂ ਕਰਾਂਤੀਕਾਰੀਆਂ ਦੀ ਭੁੱਖ-ਹੜਤਾਲ ਬੇਨਤੀਜਾ ਹੀ ਰਹੀ।

ਜਿਸ ਵੇਲੇ ਭਗਤ ਸਿੰਘ ਅਤੇ ਉਹਦੇ ਸਾਥੀਆਂ ਦੇ ਹਮਦਰਦਾਂ ਨੇ ਮੁਲਕ ਦੀ ਹਾਲਤ ਦਾ ਜਾਇਜ਼ਾ ਲਿਆ ਤਾਂ ਉਹਨਾਂ ਨੇ ਇਹ ਹੜਤਾਲ ਸਮਾਪਤ ਕਰਾਉਣ ਵਿਚ ਹੀ ਬਿਹਤਰੀ ਸਮਝੀ।

## ਅ. ਅਹਿਮਦਗੜ੍ਹ ਡਕੈਤੀ ਕੇਸ ਵਾਲਿਆਂ ਨਾਲ

ਮੁਲਤਾਨ ਦੀ ਜਿਹਲ ਵਿਚੋਂ ਕਰਮ ਸਿੰਘ ਝਿੰਗੜ, ਭਾਈ ਸੁੰਦਰ ਸਿੰਘ

ਮਖ਼ਸੂਮਪੁਰੀ, ਗਿ: ਕਰਤਾਰ ਸਿੰਘ ਗੋਂਦਪੁਰ, ਠਾਕੁਰ ਸਿੰਘ ਭਾਰਟਾ ਅਤੇ ਬਚਿੱਤ ਸਿੰਘ ਦਮੁੰਡਾ ਮਿੰਟਗੁਮਰੀ ਜਿਹਲ ਵਿਚ ਭੇਜ ਦਿਤੇ ਗਏ, ਤਾਂ ਇਕ ਦਿਨ ਡਿਪਟੀ ਕਮਿਸ਼ਨਰ ਐਸ. ਪ੍ਰਤਾਪ ਅਤੇ ਅਲਾਵਲਪੁਰੀਆ ਸ: ਸੰਤ ਪ੍ਰਕਾਸ਼ ਸਿੰਘ ਪੁਲਸ ਕਪਤਾਨ ਮਿੰਟਗੁਮਰੀ ਦੀ ਜਿਹਲ ਵਿਚ ਦੌਰਾ ਕਰਨ ਆ ਗਏ। ਕਰਮ ਸਿੰਘ ਝਿੰਗੜ ਨੇ ਉਹਨਾਂ ਕੋਲ ਸ਼ਿਕਾਇਤ ਕੀਤੀ ਕਿ ਇਹ ਜਿਹਲ ਆਦੀ ਮੁਜਰਮਾਂ, ਡਕੈਤਾਂ, ਕਾਤਲਾਂ ਅਤੇ ਲੁੱਚੇ-ਲਫੰਗਿਆਂ ਲਈ ਹੈ, ਸਾਨੂੰ ਕਿਉਂ ਇਥੇ ਭੇਜ ਦਿੱਤਾ ਗਿਆ ਹੈ ? ਸੋ ਥੋੜ੍ਹੇ ਹੀ ਦਿਨਾਂ ਬਾਅਦ ਪੰਜਾਂ ਬਬਰਾਂ ਨੂੰ ਮੁੜ ਮੁਲਤਾਨ ਦੀ ਜਿਹਲ ਵਿਚ ਪੁਚਾ ਦਿਤਾ ਗਿਆ। ਥੋੜ੍ਹੇ ਦਿਨਾਂ ਬਾਅਦ ਹੀ ਅਹਿਮਦਗੜ੍ਹ ਡਕੈਤੀ ਕੇਸ ਦੇ ਦੋ ਮਸ਼ਹੂਰ ਮੁਲਜ਼ਮ ਹਰਨਾਮ ਸਿੰਘ ਚਮਕ ਅਤੇ ਸ਼ੇਰ ਜੰਗ ਵੀ ਲੁਧਿਆਣੇ ਦੀ ਜਿਹਲ ਵਿਚੋਂ ਇਸੇ ਜਿਹਲ ਵਿਚ ਆ ਗਏ। ਉਥੇ ਪੁੱਜਣ ਸਮੇਂ ਸ਼ੇਰ ਜੰਗ ਦੀ ਬੇੜੀ ਤਾਂ ਖੋਲ੍ਹ ਦਿੱਤੀ ਗਈ, ਪਰ ਹਰਨਾਮ ਸਿੰਘ ਚਮਕ ਦੀ ਲੱਗੀ ਰਹਿਣ ਦਿੱਤੀ ਗਈ। ਇਕ ਦਿਨ ਹਫ਼ਤਾਵਾਰੀ ਪਰੇਡ ਵੇਲੇ ਮੁਲਾਹਜ਼ਾ ਕਰਨ ਲਈ ਸੁਪਰਿੰਟੈਂਡੈਂਟ ਆਇਆ ਤਾਂ ਹਰਨਾਮ ਸਿੰਘ ਚਮਕ ਨੇ ਉਹਦਾ ਧਿਆਨ ਇਸ ਗੱਲ ਵੱਲ ਦੁਆਇਆ। ਜਦੋਂ ਹਰਨਾਮ ਸਿੰਘ ਚਮਕ ਨੇ ਇਕ ਕੈਦੀ ਵਜੋਂ ਆਪਣੇ ਅਧਿਕਾਰਾਂ ਦੀ ਗੱਲ ਕੀਤੀ, ਤਾਂ ਸਾਹਿਬ ਬਹਾਦੁਰ ਜਲਾਲ ਵਿਚ ਆ ਗਏ ਅਤੇ ਹੁਕਮ ਦਿੱਤਾ ਕਿ ਇਸ ਗੁਸਤਾਖ਼ ਨੂੰ ਚੱਕੀ-ਬੰਦ ਕਰਕੇ ਅਠਾਰਾਂ ਸੇਰ ਪੀਹਣ ਦੇ ਦਿੱਤਾ ਜਾਵੇ।

ਬਬਰਾਂ ਨੇ ਸਾਰੇ ਰਾਜਸੀ ਅਤੇ ਇਖ਼ਲਾਕੀ ਕੈਦੀਆਂ ਸਮੇਤ ਮੀਟਿੰਗ ਕੀਤੀ ਕਿ ਹੁਣ ਕੀ ਕਰਨਾ ਚਾਹੀਦਾ ਹੈ, ਤਾਂ ਜੋ ਚਮਕ ਸਾਹਿਬ ਨੂੰ ਕੋਠੀ ਵਿਚੋਂ ਕਢਿਆ ਜਾਵੇ ਅਤੇ ਸੁਪਰਿੰਟੈਂਡੈਂਟ ਦੀ ਇਸ ਧਿਂਗਾਜ਼ੋਰੀ ਦਾ ਮੂੰਹ-ਤੋੜਵਾਂ ਜਵਾਬ ਦਿੱਤਾ ਜਾਵੇ। ਸਰਬਸੰਮਤੀ ਨਾਲ ਫ਼ੈਸਲਾ ਕਰ ਲਿਆ ਗਿਆ ਕਿ ਜਿਸ ਵੇਲੇ ਕੈਦੀ ਸਵੇਰ ਵੇਲੇ ਕਾਰਖ਼ਾਨੇ ਵਿਚ ਮੁਸ਼ੱਕਤ ਕਰਨ ਜਾਂਦੇ ਹਨ, ਦੋ ਸਿਆਸੀ ਕੈਦੀ ਅਤੇ ਤਿੰਨ ਇਖ਼ਲਾਕੀ ਕੈਦੀ ਚੱਕਰ ਵਿਚ ਧਰਨਾ ਮਾਰ ਕੇ ਬੈਠ ਜਾਇਆ ਕਰਨ ਅਤੇ ਪੁੱਛਣ ਉੱਤੇ ਅਧਿਕਾਰੀਆਂ ਨੂੰ ਕਹਿ ਦਿਆ ਕਰਨ ਕਿ ਜਾਂ ਤਾਂ ਚਮਕ ਸਾਹਿਬ ਨੂੰ ਕੋਠੀਉਂ ਕਢਿਆ ਜਾਵੇ, ਨਹੀਂ ਤਾਂ ਉਹਨਾਂ ਨੂੰ ਵੀ ਕੋਠੀ ਵਿਚ ਬੰਦ ਕਰ ਦਿੱਤਾ ਜਾਵੇ, ਕਿਉਂਕਿ ਚਮਕ ਸਾਹਿਬ ਨੂੰ ਬਿਨਾਂ ਵਜਾਹ ਹੀ ਸਜ਼ਾ ਦਿੱਤੀ ਗਈ ਹੈ। ਪਹਿਲਾਂ ਦੋ ਬਬਰ ਅਤੇ ਤਿੰਨ ਇਖ਼ਲਾਕੀ ਕੈਦੀ ਧਰਨਾ ਦਿਆ ਕਰਨਗੇ, ਜਦੋਂ ਬਬਰ ਸਾਰੇ ਬੰਦ ਹੋ ਗਏ ਤਾਂ ਦੂਜੇ ਸਿਆਸੀ ਕੈਦੀ ਇਹ ਅਮਲ ਜਾਰੀ ਰੱਖਣਗੇ।

ਬਬਰਾਂ ਨੂੰ ਪਤਾ ਸੀ ਕਿ ਪਹਿਲੇ ਗਰੁੱਪਾਂ ਨੂੰ ਬੈਂਤਾਂ, ਖੜ੍ਹੀਆਂ ਹੱਥਕੜੀਆਂ ਅਤੇ ਡੰਡਾ-ਬੇੜੀਆਂ ਦੀਆਂ ਸਜ਼ਾਵਾਂ ਜ਼ਰੂਰ ਸਹਿਣੀਆਂ ਪੈਣੀਆਂ ਹਨ। ਸੋ ਇਖ਼ਲਾਕੀ ਅਤੇ ਸਿਆਸੀ ਕੈਦੀਆਂ ਨੂੰ ਦੱਸ ਦਿੱਤਾ ਗਿਆ ਸੀ ਕਿ ਉਹੋ ਸੱਜਣ ਹੀ ਧਰਨੇ ਵਿਚ ਸ਼ਾਮਲ ਹੋਣ, ਜਿਹੜੇ ਹਰ ਸਜ਼ਾ ਨੂੰ ਖਿੜੇ ਮੱਥੇ ਬਰਦਾਸ਼ਤ ਕਰਨ ਲਈ ਤਿਆਰ ਹੋਣ।

ਪਹਿਲੇ ਦਿਨ ਬਬਰਾਂ ਵਿਚੋਂ ਬਚਿੱਤ ਸਿੰਘ ਦਮੁੰਢਾ ਅਤੇ ਭੋਲਾ ਸਿੰਘ ਕਾਠਾ ਦੋਵੇਂ ਉਮਰ ਕੈਦੀ, ਅਤੇ ਇਖ਼ਲਾਕੀ ਕੈਦੀਆਂ ਵਿਚੋਂ ਫੰਗਣ ਸਿੰਘ ਫ਼ੀਰੋਜ਼ਪੁਰੀਆ, ਜੁਗਿੰਦਰ ਸਿੰਘ ਤੇ ਕਰਤਾਰ ਸਿੰਘ ਨੇ ਚੱਕਰ ਵਿਚ ਜਾ ਧਰਨਾ ਮਾਰਿਆ। ਬਾਕੀ ਸਭ ਕੈਦੀ ਆਪਣੀਆਂ-ਆਪਣੀਆਂ ਮੁਸ਼ੱਕਤਾਂ ਕਰਨ ਲਈ ਕਾਰਖ਼ਾਨਿਆਂ ਵਿਚ ਚਲੇ

ਗਏ। ਪਤਾ ਲੱਗਣ ਉੱਤੇ ਡਿਪਟੀ ਨੇ ਮੌਕੇ ਉੱਤੇ ਪੁੱਜ ਕੇ ਧਰਨਾ ਮਾਰਨ ਦਾ ਕਾਰਨ ਪੁੱਛਿਆ। ਫੇਰ ਉਹਨੇ ਉਸੇ ਹੀ ਵੇਲੇ ਪੰਜਾਂ ਨੂੰ ਲਿਜਾ ਕੇ ਵੱਡੇ ਸਾਹਿਬ ਦੇ ਪੇਸ਼ ਕੀਤਾ। ਉਹਦੇ ਪੁੱਛਣ ਉੱਤੇ ਵੀ ਪੰਜਾਂ ਨੇ ਉਹੋ ਹੀ ਘੜਿਆ-ਘੜਾਇਆ ਉੱਤਰ ਦਿੱਤਾ। ਸਾਹਿਬ ਨੇ ਉਸੇ ਹੀ ਵੇਲੇ, ਬਚਿੰਤ ਸਿੰਘ ਤੇ ਭੋਲਾ ਸਿੰਘ ਦੋਵਾਂ ਬਬਰਾਂ ਦੇ ਡੰਡਾਂ-ਬੇੜੀਆਂ ਜੜਵਾ ਕੋਠੀਏਂ ਬੰਦ ਕਰਵਾ ਦਿੱਤਾ ਅਤੇ ਬਾਕੀ ਤਿੰਨਾਂ ਦੇ 30-30 ਬੈਂਤ ਜੜਨ ਦਾ ਹੁਕਮ ਦੇ ਕੇ ਉਸੇ ਹੀ ਵੇਲੇ ਤਾਮੀਲ ਕਰਾਉਣੀ ਸ਼ੁਰੂ ਕਰ ਦਿੱਤੀ। ਉਹਨੇ ਟਿਕਟਿਕੀ ਦੇ ਨੇੜੇ ਹੀ ਕੁਰਸੀ ਉੱਤੇ ਸੀਟ ਮੱਲ ਲਈ। ਤਿੰਨਾਂ ਇਖ਼ਲਾਕੀ ਕੈਦੀਆਂ ਨੂੰ ਅਲਫ ਨੰਗਾ ਕਰਕੇ ਪਹਿਲਾ ਨੰਬਰ ਫੰਗਣ ਸਿੰਘ ਫੀਰੋਜ਼ਪੁਰੀਏ ਨੂੰ ਦਿੱਤਾ। ਸਾਹਿਬ ਦਾ ਇਸ਼ਾਰਾ ਮਿਲਦਿਆਂ ਹੀ ਬੈਂਤਬਾਜ਼ ਨੇ ਬੈਂਤ ਜੜਨੇ ਸ਼ੁਰੂ ਕਰ ਦਿੱਤੇ ਅਤੇ ਫੰਗਣ ਸਿੰਘ ਨੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਸ਼ੁਰੂ ਕਰ ਦਿੱਤਾ। 30 ਬੈਂਤ ਅਤੇ 30 ਜੈਕਾਰੇ। ਖ਼ਤਮ ਹੋਣ ਉੱਤੇ ਜਿਸ ਵੇਲੇ ਫੰਗਣ ਸਿੰਘ ਨੂੰ ਟਿਕਟਿਕੀ ਤੋਂ ਖੋਲ੍ਹਣ ਲੱਗੇ, ਉਹਨੇ ਸਾਹਿਬ ਨੂੰ ਲਲਕਾਰ ਕੇ ਆਖਿਆ, "ਤੂੰ ਐਵੇਂ ਕਿਉਂ ਸਮਾਂ ਖ਼ਰਾਬ ਕਰਨ ਲਗਿਆ ਹੈਂ, ਦੂਜਿਆਂ ਦੇ ਬੈਂਤ ਵੀ ਮੇਰੇ ਹੀ ਜੜ ਲੈ।" ਪਰ ਉਹਨੂੰ ਟਿਕਟਿਕੀ ਤੋਂ ਉਤਾਰ ਕੇ ਜੁਗਿੰਦਰ ਸਿੰਘ ਨੂੰ ਜਕੜ ਲਿਆ ਗਿਆ। ਉਹ ਵੀ ਸਾਹਿਬ ਨੂੰ ਫੰਗਣ ਸਿੰਘ ਵਾਂਗੂ ਲਲਕਾਰਦਾ ਰਿਹਾ। ਉਹ ਘਬਰਾ ਕੇ ਕੁਰਸੀਉਂ ਉੱਠ ਖਲੋਤਾ ਅਤੇ ਦਫ਼ਤਰ ਵੱਲ ਟੁਰ ਪਿਆ। ਇਹ ਗੱਲ ਦੇਖ ਕੇ ਤੀਜਾ ਮਾੜਕੂ ਜਿਹਾ ਕਰਤਾਰ ਸਿੰਘ ਭੱਜ ਕੇ ਸਾਹਿਬ ਦੇ ਅੱਗੇ ਜਾ ਖੜੋਤਾ ਅਤੇ ਕਿਹਾ "ਤੂੰ ਮੈਨੂੰ ਕਿਉਂ ਛੱਡ ਤੁਰਿਆ ਹੈਂ"। ਉਹਨੇ ਕਿਹਾ, "ਤੇਰੇ ਬੈਂਤ ਜੜਨ ਦੀ ਡਾਕਟਰ ਨੇ ਇਜਾਜ਼ਤ ਨਹੀਂ ਦਿੱਤੀ। ਤੂੰ ਬਹੁਤ ਕਮਜ਼ੋਰ ਹੈਂ ਅਤੇ ਤੇਰੀ ਮੌਤ ਹੋ ਜਾਣ ਦਾ ਡਰ ਹੈ।" ਆਖ਼ਰ ਬਾਕੀ ਅਮਲੇ ਨੇ ਕਰਤਾਰ ਸਿੰਘ ਨੂੰ ਸਾਹਿਬ ਦੇ ਗਲੋਂ ਲੁਹਾਇਆ। ਸਾਹਿਬ ਜਾਂਦਾ-ਜਾਂਦਾ ਉਹਨੂੰ ਚੱਕੀ ਵਿਚ ਬੰਦ ਕਰਨ ਦਾ ਹੁਕਮ ਦਿੰਦਾ ਗਿਆ। ਤਿੰਨੇ ਹੀ ਬੜੀ ਮੜਕ ਨਾਲ ਪੈਦਲ ਚੱਲ ਕੇ ਕੋਠੀਆਂ ਵਿਚ ਜਾ ਬੰਦ ਹੋਏ।

ਦੂਜੇ ਦਿਨ ਪਿਆਰਾ ਸਿੰਘ ਧਾਮੀਆਂ ਅਤੇ ਹਰਦਿਤ ਸਿੰਘ ਜਸੋਵਾਲ ਤਿੰਨ ਇਖ਼ਲਾਕੀ ਕੈਦੀਆਂ ਨੂੰ ਨਾਲ ਲੈ ਕੇ ਧਰਨੇ ਉੱਤੇ ਜਾ ਬੈਠੇ। ਪਹਿਲੇ ਦਿਨ ਵਾਲੀਆਂ ਹੀ ਗੱਲਾਂ ਦੁਹਰਾਈਆਂ ਗਈਆਂ। ਵੱਡੇ ਸਾਹਬ ਦੇ ਬਾਕਾਇਦਾ ਪੇਸ਼ੀ ਹੋਈ। ਚਮਕ ਸਾਹਬ ਅਤੇ ਪਹਿਲੇ ਦਿਨ ਵਾਲੇ ਪੰਜਾਂ ਨੂੰ ਕੋਠੀਆਂ ਵਿਚੋਂ ਕੱਢੇ ਜਾਣ ਦਾ ਮੁਤਾਲਬਾ ਦੁਹਰਾਇਆ ਗਿਆ। ਅੱਜ ਪੰਜਾਂ ਨੂੰ ਸਿਰਫ਼ ਕੋਠੀਆਂ ਵਿਚ ਬੰਦ ਕੀਤੇ ਜਾਣ ਦਾ ਹੀ ਹੁਕਮ ਦਿੱਤਾ ਗਿਆ।

ਅਗਲੇ ਦਿਨ ਪਹਿਲਾਂ ਵਾਂਗ ਕਰਮ ਸਿੰਘ ਝਿੰਗੜ ਅਤੇ ਠਾਕਰ ਸਿੰਘ ਭਾਰਟਾ, ਦੋਵਾਂ ਬਬਰਾਂ ਨੇ ਤਿੰਨਾਂ ਇਖ਼ਲਾਕੀ ਕੈਦੀਆਂ, ਹਜ਼ਾਰਾ ਸਿੰਘ ਭੂਰੇ ਆਸਲ, ਡੋਗਰ ਸਿੰਘ ਗੁਰਦਾਸਪੁਰੀਏ ਅਤੇ ਤੀਜੇ ਇਕ ਹੋਰ ਕੈਦੀ ਨੂੰ ਨਾਲ ਲੈ ਉਸੇ ਥਾਂ ਚੱਕਰ ਵਿਚ ਜਾ ਧਰਨਾ ਮਾਰਿਆ, ਜਿਥੇ ਪਹਿਲਾਂ ਧਰਨਾ ਮਾਰਿਆ ਜਾਂਦਾ ਸੀ। ਉਸ ਵੇਲੇ ਤੱਕ ਸਭ ਖਾਲੀ ਕੋਠੀਆਂ ਭਰ ਚੁੱਕੀਆਂ ਸਨ, ਸੋ ਇਕ ਬੈਰਕ ਖਾਲੀ ਕਰਾ ਕੇ ਇਹਨਾਂ ਪੰਜਾਂ ਨੂੰ ਇਕਲਿਆਂ ਹੀ ਡੱਕਣਾ ਪਿਆ, ਜਿਸ ਕਰਕੇ ਸੁਪਰਿੰਟੈਂਡੈਂਟ ਪੂਰੀ ਤਰ੍ਹਾਂ ਘਬਰਾ ਗਿਆ ਅਤੇ ਹੌਸਲਾ ਢਾਹ ਬੈਠਾ। ਸਭ ਮਾਤਹਿਤ ਅਧਿਕਾਰੀਆਂ ਦੀ ਮੀਟਿੰਗ ਆਪਣੇ ਕਮਰੇ ਵਿਚ ਬੁਲਾ ਲਈ ਅਤੇ ਇਸ ਜੰਜਾਲ ਵਿਚੋਂ, ਜਿਹੜਾ ਆਪ ਹੀ ਸਹੇੜ ਬੈਠਾ

ਸੀ, ਬਾਇਜ਼ਤ ਛੁਟਕਾਰਾ ਪਾਉਣ ਦੀਆਂ ਸਲਾਹਾਂ ਪੁੱਛਣ ਲੱਗ ਪਿਆ ਕਿ ਸੱਪ ਵੀ ਮਰ ਜਾਵੇ ਅਤੇ ਲਾਠੀ ਵੀ ਬਚ ਜਾਵੇ। ਡਿਪਟੀ ਨੇ ਹੱਸ ਕੇ ਆਖਿਆ, "ਲਉ ਇਹ ਕਿਹੜੀ ਵੱਡੀ ਗੱਲ ਹੈ। ਸਭ ਇਖ਼ਲਾਕੀ ਕੈਦੀਆਂ ਨੂੰ ਮਗਰ ਲਾਉਣ ਵਾਲੇ ਉਹ ਬਬਰ ਹੀ ਹਨ ਜਿਹੜੇ ਅਸੀਂ ਪਹਿਲਾਂ ਮਿੰਟਗੁਮਰੀ ਘੱਲੇ ਸਨ। ਹੁਣ ਫੇਰ ਪੰਜੇ ਉਹ ਅਤੇ ਛੇਵਾਂ ਹਰਨਾਮ ਸਿੰਘ ਚਮਕ ਮੁੜ ਮਿੰਟਗੁਮਰੀ ਜਿਹਲ ਵਿਚ ਭੇਜ ਦਿਉ। ਅਸੀਂ ਜਾ ਕੇ ਬਬਰਾਂ ਨੂੰ ਕਹਿ ਦਿਆਂਗੇ ਕਿ 'ਭਾਈ ਤੁਹਾਡਾ ਮੋਰਚਾ ਫਤਹਿ ਹੋ ਗਿਆ ਹੈ, ਅਸੀਂ ਤੁਹਾਡੇ ਸਾਰੇ ਸਾਥੀ, ਸਣੇ ਹਰਨਾਮ ਸਿੰਘ ਚਮਕ ਦੇ, ਕੋਠੀਆਂ ਵਿਚੋਂ ਕੱਢ ਦਿੱਤੇ ਹਨ'।" ਸੋ ਉਸੇ ਰਾਤ ਕਰਮ ਸਿੰਘ ਝਿੰਗੜ, ਸੁੰਦਰ ਸਿੰਘ ਮਖ਼ਸੂਮਪੁਰੀ, ਗਿਆਨੀ ਕਰਤਾਰ ਸਿੰਘ ਗੋਂਦਪੁਰੀ, ਠਾਕਰ ਸਿੰਘ ਭਾਰਟਾ ਤੇ ਬਚਿੰਤ ਸਿੰਘ ਦਮੁੰਢਾ ਅਤੇ ਛੇਵਾਂ ਹਰਨਾਮ ਸਿੰਘ ਚਮਕ ਮਿੰਟਗੁਮਰੀ ਜਿਹਲ ਭੇਜ ਦਿਤੇ ਗਏ। ਬੈਂਤਾਂ ਵਾਲੇ ਹਸਪਤਾਲ ਭੇਜ ਦਿੱਤੇ ਗਏ। ਬੇੜੀਆਂ ਵਾਲਿਆਂ ਦੀਆਂ ਬੇੜੀਆਂ ਖੋਲ੍ਹ ਦਿੱਤੀਆਂ ਗਈਆਂ। ਸਭ ਬਬਰ ਅਤੇ ਇਖ਼ਲਾਕੀ ਕੈਦੀ ਬੈਰਕ ਵਿਚ ਪੁਚਾ ਦਿੱਤੇ ਗਏ।

ਬਾਅਦ ਵਿਚ ਸਜ਼ਾ ਭੁਗਤਣ ਮਗਰੋਂ ਇਹੋ ਚਮਕ ਸਾਹਿਬ ਕਮਿਊਨਿਸਟ ਪਾਰਟੀ ਦੇ ਸਰਗਰਮ ਵਰਕਰ ਬਣ ਗਏ ਸਨ ਅਤੇ ਮੁੜ ਮਾਰਕਸੀ ਬਣ ਕੇ ਦੇਸ-ਸੇਵਾ ਵਿਚ ਡਟੇ ਰਹੇ।

## ੲ. ਮੁਲਤਾਨ ਦੀ ਜਿਹਲ ਵਿਚ ਬੈਰਕਾਂ ਵਿਚ ਤਬਦੀਲੀ ਲਈ ਭੁੱਖ-ਹੜਤਾਲ

ਮੁਲਤਾਨ ਦੀ ਨਵੀਂ ਜਿਹਲ ਦਾ ਦਰੋਗਾ ਬਣ ਕੇ ਗੋਕਲ ਚੰਦ ਆਇਆ, ਤਾਂ ਉਹਨੇ ਕੈਦੀਆਂ ਨੂੰ ਵੱਸ ਕਰਨ ਲਈ ਨਵੀਆਂ ਸਕੀਮਾਂ ਸ਼ੁਰੂ ਕਰ ਦਿੱਤੀਆਂ। ਦੂਜੇ ਪਾਸੇ 1931 ਵਿਚ ਦੋ ਬਬਰਾਂ, ਬੂਟਾ ਸਿੰਘ ਪਿੰਡੋਰੀ ਨਿਝਰਾਂ ਅਤੇ ਬਚਿੰਤ ਸਿੰਘ ਦਮੁੰਢਾ, ਭਗਤ ਸਿੰਘ ਦੇ ਸਾਥੀ ਪੰਡਿਤ ਕਿਸ਼ੋਰੀ ਲਾਲ, ਅਹਿਮਦਗੜ੍ਹ ਡਕੈਤੀ ਕੇਸ ਦੇ ਹਰਨਾਮ ਸਿੰਘ ਚਮਕ ਅਤੇ ਕਾਮਾਗਾਟਾ ਮਾਰੂ ਜਹਾਜ਼ ਦੇ ਤੇ ਗਦਰ ਪਾਰਟੀ ਦੇ ਦੂਜੇ ਹਰਨਾਮ ਸਿੰਘ, ਕੁੱਲ ਪੰਜਾਂ ਕਰਾਂਤੀਕਾਰੀਆਂ ਨੇ ਕੋਠੀਆਂ ਵਿਚੋਂ ਬੈਰਕ ਵਿਚ ਤਬਦੀਲੀ ਦੀ ਮੰਗ ਅੱਗੇ ਰੱਖ ਕੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਅਗਲੇ ਦਿਨ ਪੰਜਾਂ ਹੋਰ ਬਬਰਾਂ, ਠਾਕਰ ਸਿੰਘ ਭ ਰਟਾ, ਮੁਰੈਣ ਸਿੰਘ ਦੌਲਤਪੁਰ, ਭੋਲਾ ਸਿੰਘ ਕਾਠਾ, ਪਿਆਰਾ ਸਿੰਘ ਧਾਮੀਆਂ ਅਤੇ ਮਾਣ ਸਿੰਘ ਗੁਜਰਾਂਵਾਲੇ ਨੇ ਭੀ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਸੋ ਇਹਨਾਂ ਦਸਾਂ ਨੂੰ 17 ਨੰਬਰ ਵਿਚੋਂ ਕੱਢ ਦੂਜੇ ਪਾਸੇ ਦੀਆਂ ਸੱਠਾਂ ਕੋਠੀਆਂ ਦੀ ਕਤਾਰ ਵਿਚ ਲਿਜਾ ਡੱਕਿਆ ਗਿਆ। ਇਸ ਗੱਲ ਨੇ ਸਾਰੀ ਜਿਹਲ ਦਾ ਮਾਹੌਲ ਹੀ ਬਦਲ ਦਿੱਤਾ। ਇਹ ਗੱਲ ਚੌਧਰੀ ਕਰਤਾਰ ਸਿੰਘ ਅਤੇ ਉਹਦੇ ਸਾਥੀਆਂ ਤੱਕ ਪੁੱਜਣੀ ਹੀ ਸੀ। ਸੋ ਉਹਨਾਂ ਰਾਹੀਂ ਬਾਹਰ ਪੁਚਾ ਦਿੱਤੀ ਗਈ।

ਸੁਪਰਿੰਟੈਂਡੈਂਟ ਮੁੜ ਕਰਾਂਤੀਕਾਰੀਆਂ ਦੀ ਸੇਵਾ ਵਿਚ ਆ ਹਾਜ਼ਰ ਹੋਇਆ ਅਤੇ ਯਕੀਨ ਦੁਆ ਦਿੱਤਾ ਕਿ ਉਹ ਜਲਦੀ ਹੀ ਉਹਨਾਂ ਲਈ ਨਿਵੇਕਲੀ ਬੈਰਕ ਦਾ

ਇੰਤਜ਼ਾਮ ਕਰ ਦੇਵੇਗਾ। ਕੁਝ ਚਿਰ ਉਹ 17 ਨੰਬਰ ਦੇ ਅਹਾਤੇ ਵਿਚ ਸਾਰਾ ਦਿਨ ਘੁੰਮ-ਫਿਰ ਲਿਆ ਕਰਨ। ਸਿਰਫ਼ ਰਾਤ ਹੀ ਕੋਠੜੀਆਂ ਵਿਚ ਕੱਟ ਲਿਆ ਕਰਨ। ਭੁੱਖ-ਹੜਤਾਲ ਸਮਾਪਤ ਹੋ ਗਈ ਅਤੇ ਭੁੱਖ-ਹੜਤਾਲੀ ਹਸਪਤਾਲ ਵਿਚ ਪੁਚਾ ਦਿੱਤੇ ਗਏ।

ਦੋ ਕੁ ਹਫ਼ਤਿਆਂ ਬਾਅਦ ਜਿਹਲ ਦੇ ਅਧਿਕਾਰੀਆਂ ਨੇ ਆਪਣਾ ਨੱਕ ਰੱਖਣ ਲਈ ਇਕੋ ਰਾਤੇ ਬੂਟਾ ਸਿੰਘ ਪਿੰਡੋਰੀ ਨਿੱਝਰਾਂ, ਬਚਿੱਤ ਸਿੰਘ ਦਮੁੰਢਾ, ਠਾਕਰ ਸਿੰਘ ਭਾਰਟਾ, ਭੋਲਾ ਸਿੰਘ ਕਾਠਾ ਤੇ ਆਤਮਾ ਸਿੰਘ ਬੀਕਾ ਸਾਰੇ ਬਬਰ ਮੁਲਤਾਨ ਦੀ ਪੁਰਾਣੀ ਜਿਹਲ ਵਿਚ ਲਿਜਾ ਬੰਦ ਕੀਤੇ। ਭਗਤ ਸਿੰਘ ਦਾ ਸਾਥੀ ਕਿਸ਼ੋਰੀ ਲਾਲ ਅਤੇ ਹਰਨਾਮ ਸਿੰਘ ਚਮਕ ਮਿੰਟਗੁਮਰੀ ਜਿਹਲ ਵਿਚ ਘੱਲ ਦਿੱਤੇ। ਬਬਰ ਊਧਮ ਸਿੰਘ ਸੂਰਾਨੁਸੀ ਲਾਹੌਰ ਜਿਹਲ ਵਿਚ, ਕਾਮਾਗਾਟਾ ਮਾਰੂ ਜਹਾਜ਼ ਵਾਲੇ ਹਰਨਾਮ ਸਿੰਘ ਤੇ ਬਬਰ ਮਾਨ ਸਿੰਘ ਗੁਜਰਾਤ ਤੇ ਫ਼ੀਰੋਜ਼ਪੁਰ, ਬਬਰ ਸੰਤ ਠਾਕਰ ਸਿੰਘ ਰਾਜੋਵਾਲ ਤੇ ਪਿਆਰਾ ਸਿੰਘ ਧਾਮੀਆਂ ਮੀਆਂ ਵਾਲੀ ਤੇ ਕਰਤਾਰ ਸਿੰਘ ਪਿੰਡੋਰੀ ਨਿਝਰਾਂ ਅੰਬਾਲੇ ਜਿਹਲਾਂ ਵਿਚ ਘੱਲ ਦਿਤੇ ਗਏ। ਗੱਲ ਕੀ ਜਿਹਲ-ਅਧਿਕਾਰੀਆਂ ਨੇ ਸਭ ਕਰਾਂਤੀਕਾਰੀਆਂ ਨੂੰ ਨਿਖੇੜਨ ਵਿਚ ਹੀ ਆਪਣੀ ਭਲਾਈ ਸਮਝੀ ਅਤੇ ਮੁਲਤਾਨ ਦੀ ਨਵੀਂ ਜਿਹਲ ਦੇ ਅਧਿਕਾਰੀਆਂ ਦੇ ਸਾਹ ਵਿਚ ਸਾਹ ਆਇਆ।

## ਸ. ਬਬਰਾਂ ਅਤੇ ਬਾਕੀ ਕਰਾਂਤੀਕਾਰੀਆਂ ਦੀ ਮੁਲਤਾਨ ਦੀ ਜਿਹਲ ਵਿਚ ਅਧਿਕਾਰੀਆਂ ਨਾਲ ਆਖ਼ਰੀ ਟੱਕਰ

ਜਿਹਲ ਦੇ ਕਾਨੂੰਨ ਮੁਤਾਬਿਕ ਦੁਪਹਿਰੋਂ ਬਾਅਦ ਇਕ ਬਜੇ ਤੋਂ ਤਿੰਨ ਬਜੇ ਤੱਕ ਕੈਦੀਆਂ ਦੇ ਆਰਾਮ ਕਰਨ ਦੀ ਛੁੱਟੀ ਹੁੰਦੀ ਸੀ। ਜਿਹਲ ਦਾ ਘੁੱਗੂ ਬਜਦਿਆਂ ਹੀ ਹਰ ਕੈਦੀ ਹਥਲਾ ਕੰਮ ਉਥੇ ਹੀ ਛੱਡ ਕੇ ਆਰਾਮ ਕਰਨ ਲਈ ਟੁਰ ਪੈਂਦਾ ਸੀ। ਹਰ ਛੁੱਟੀ ਵਾਲੇ ਦਿਨ ਦੁਪਹਿਰੇ ਬਾਰਾਂ ਬਜੇ ਤੋਂ ਦੋ ਬਜੇ ਤੱਕ ਬੈਰਕਾਂ ਅਤੇ ਕੋਠੀਆਂ ਖੋਲ੍ਹ ਦਿੱਤੀਆਂ ਜਾਂਦੀਆਂ ਸਨ ਤਾਂ ਜੋ ਕੈਦੀ ਨ੍ਹਾ-ਧੋ ਲੈਣ। ਕਪੜੇ ਉਸੇ ਦਿਨ ਹੀ ਧੋਤੇ ਜਾ ਸਕਦੇ ਸਨ, ਅਗੇ-ਪਿੱਛੇ ਨਹੀਂ। ਉਹਨਾਂ ਦਿਨਾਂ ਵਿਚ ਸਾਰੀਆਂ ਜਿਹਲਾਂ ਦਾ ਇਹੋ ਦਸਤੂਰ ਸੀ।

31 ਜੁਲਾਈ 1935 ਨੂੰ ਐਤਵਾਰ ਦੀ ਛੁੱਟੀ ਸੀ। ਜਿਹਲ ਦੇ ਅਧਿਕਾਰੀਆਂ ਨੇ ਸਾਰੇ ਸਿਖ ਲੰਬੜਦਾਰ ਚੌਦਾਂ ਨੰਬਰ ਦੀਆਂ ਇਕੱਲੀਆਂ-ਦਿਕੱਲੀਆਂ ਕੋਠੀਆਂ ਵਿਚ ਲਿਆ ਬੰਦ ਕੀਤੇ। ਪੂਰੀ ਜਿਹਲ ਬੰਦ ਹੀ ਰੱਖੀ ਗਈ। ਤਰਕਾਲਾਂ ਪਈਆਂ ਤਾਂ ਦਰੋਗਾ ਬੇਣੀ ਚੰਦ ਪੂਰੇ ਲਾਉ-ਲਸ਼ਕਰ ਨਾਲ ਲੈਸ ਹੋ ਕੇ ਤਸ਼ਰੀਫ਼ ਲਿਆਇਆ ਅਤੇ ਆਉਂਦਿਆਂ ਹੀ ਨੰਬਰ ਦੋ ਦਾ ਦਰਵਾਜ਼ਾ ਖੋਲ੍ਹਿਆ ਤੇ ਚੰਦਾ ਸਿੰਘ ਕੈਦੀ ਨੂੰ ਬਾਹਰ ਕੱਢ ਲਿਆ। ਉਹਨੇ ਲੰਬੜਦਾਰਾਂ ਨੂੰ ਚੰਦਾ ਸਿੰਘ ਦੀ ਖੱਲ ਉਧੇੜਨ ਲਈ ਛੱਡ ਦਿੱਤਾ, ਜਿਹੜਾ ਕਰਾਂਤੀਕਾਰੀਆਂ ਨਾਲ ਫਜ਼ਲ ਦੀਨ ਨਾਲ ਇਖ਼ਲਾਕੀ ਕੈਦੀਆਂ ਦਾ ਆਗੂ ਬਣ ਕੇ ਮੁਲਾਕਾਤ ਕਰਨ ਗਿਆ ਸੀ ਅਤੇ ਉਹਨੂੰ ਨਾ ਚਾਹੁੰਦਿਆਂ ਵੀ ਉਹਦੇ ਨਾਲ ਹੱਥ ਮਿਲਾਉਣਾ ਪਿਆ ਸੀ। ਸੋ ਚੰਦਾ ਸਿੰਘ ਨੂੰ ਹੱਥ ਮਿਲਾਉਣ ਬਦਲੇ ਜਿਹੜੇ

ਤਸੀਹੇ ਦਿੱਤੇ ਗਏ, ਉਸ ਦਾ ਅੰਦਾਜ਼ਾ ਪਾਠਕ ਆਪ ਲਾ ਲੈਣ। ਬੇਣੀ ਚੰਦ ਕੈਦੀ ਚੰਦਾ ਸਿੰਘ ਨੂੰ ਪੂਰੀ ਤਰ੍ਹਾਂ ਬੇਹੋਸ਼ ਕਰਕੇ ਅਤੇ ਸਰੀਰ ਦੇ ਸਾਰੇ ਕਪੜੇ, ਜਿਹੜੇ ਪਹਿਲਾਂ ਹੀ ਉਤਰਵਾਏ ਜਾ ਚੁਕੇ ਸਨ, ਇਕ ਪਾਸੇ ਸੁੱਟ ਕੇ ਲਸ਼ਕਰ ਨੂੰ ਨਾਲ ਲੈ ਵਾਪਸ ਚਲਿਆ ਗਿਆ। ਚੰਦਾ ਸਿੰਘ ਸਾਰੀ ਰਾਤ ਬੇਹੋਸ਼ ਉਸੇ ਥਾਂ ਪਿਆ ਰਿਹਾ।

ਜਿਸ ਵੇਲੇ ਚੰਦਾ ਸਿੰਘ ਤੇ ਇਹ ਕਹਿਰ ਵਰਤ ਰਿਹਾ ਸੀ, ਬਬਰਾਂ ਨੇ ਸੋਚਿਆ ਕਿ ਚੰਦਾ ਸਿੰਘ ਤੋਂ ਬਾਅਦ ਬੇਣੀ ਚੰਦ ਬਚਿੰਤ ਸਿੰਘ ਬਬਰ ਨਾਲ ਵੀ ਇਸੇ ਤਰ੍ਹਾਂ ਜ਼ਰੂਰ ਕਰੇਗਾ। ਉਸ ਵੇਲੇ ਬਚਿੰਤ ਸਿੰਘ ਦੀ ਕੋਠੀ ਦੇ ਇਕ ਪਾਸੇ ਬੂਟਾ ਸਿੰਘ ਪਿੰਡੋਰੀ ਨਿੱਝਰਾਂ ਅਤੇ ਦੂਜੇ ਪਾਸੇ ਭੋਲਾ ਸਿੰਘ ਕਾਠੇ ਦੀਆਂ ਕੋਠੀਆਂ ਸਨ। ਦੋਵਾਂ ਨੇ ਦੋਹਾਂ ਪਾਸਿਆਂ ਤੋਂ ਬਚਿੰਤ ਸਿੰਘ ਦੀ ਕੋਠੀ ਦੀਆਂ ਕੰਧਾਂ ਪਾੜੀਆਂ ਅਤੇ ਤਿੰਨੇ ਬਚਿੰਤ ਸਿੰਘ ਦੀ ਕੋਠੀ ਵਿਚ ਆ ਇਕੱਠੇ ਹੋਏ। ਫੈਸਲਾ ਕਰ ਲਿਆ ਕਿ ਚੁਪਚੁਪੀਤੇ ਕੁੱਟ ਖਾਣ ਨਾਲੋਂ ਮੁਕਾਬਲਾ ਕਰਕੇ ਹੀ ਕੁੱਟ ਖਾਈ ਜਾਵੇ। ਪਰ ਬੇਣੀ ਚੰਦ ਸਿਰਫ ਚੰਦਾ ਸਿੰਘ ਨੂੰ ਹੀ ਕੁਟਾਪਾ ਚੜ੍ਹਵਾ ਕੇ ਵਾਪਸ ਮੁੜ ਗਿਆ। ਬੂਟਾ ਸਿੰਘ ਤੇ ਭੋਲਾ ਸਿੰਘ ਵੀ ਆਪਣੀ ਆਪਣੀ ਕੋਠੀ ਵਿਚ ਪਰਤ ਗਏ ਅਤੇ ਪਾੜ ਵਿਚ ਦੁਬਾਰਾ ਇੱਟਾਂ ਚਿਣ ਦਿੱਤੀਆਂ।

ਤੀਜੇ ਦਿਨ ਜਿਹਲ ਦਾ ਡਾਕਟਰ ਬਬਰਾਂ ਦਾ ਵਜ਼ਨ ਕਰਨ ਲਈ ਆਇਆ ਅਤੇ ਦੋ ਵਾਰਡਰ ਵਜ਼ਨ ਕਰਨ ਵਾਲੀ ਮਸ਼ੀਨ ਲੈ ਕੇ ਨਾਲ ਆਏ। ਵਜ਼ਨ ਕਰਨ ਤੋਂ ਪਹਿਲਾਂ ਕੋਠੀਆਂ ਦੀ ਤਲਾਸ਼ੀ ਲਈ ਗਈ ਤਾਂ ਪਾੜਾਂ ਦਾ ਪਤਾ ਚੱਲ ਗਿਆ। ਵਾਰਡਰਾਂ ਨੇ ਉਸੇ ਵੇਲੇ ਮੀਆਂ ਜੀ ਨੂੰ ਜਾ ਇਤਲਾਹ ਕੀਤੀ। ਉਹਨੂੰ ਬੜਾ ਵਧੀਆ ਬਹਾਨਾ ਮਿਲ ਗਿਆ। ਉਹ ਫਟਾਫਟ ਮੌਕੇ ਉੱਤੇ ਪੁਜਿਆ ਅਤੇ ਬੂਟਾ ਸਿੰਘ ਤੇ ਭੋਲਾ ਸਿੰਘ ਕਾਠੇ ਦੇ ਹੱਥਕੜੀਆਂ ਜੜਵਾ ਕੇ ਨੰਬਰ ਚੌਦਾਂ ਦੀਆਂ ਕੋਠੀਆਂ ਵਿਚ ਲਿਜਾ ਬੰਦ ਕੀਤਾ। ਤੀਜੇ ਬਬਰ ਠਾਕੁਰ ਸਿੰਘ ਭਾਰਟੇ ਨੂੰ ਵੀ ਇਸੇ ਤਰ੍ਹਾਂ ਉਹਨਾਂ ਦੋਹਾਂ ਦੇ ਨਾਲ ਲਗਦੀ ਕੋਠੀ ਵਿਚ ਲਿਜਾ ਬੰਦ ਕੀਤਾ। ਠਾਕੁਰ ਸਿੰਘ ਦੀ ਕੋਠੀ ਇਹਨਾਂ ਤਿੰਨਾਂ ਦੀਆਂ ਕੋਠੀਆਂ ਤੋਂ ਕਾਫ਼ੀ ਦੂਰੀ ਉੱਤੇ ਸੀ ਅਤੇ ਉਹਨੂੰ ਕੋਈ ਪਤਾ ਵੀ ਨਹੀਂ ਸੀ ਕਿ ਅਸਲ ਗੱਲ ਕੀ ਹੈ। ਤਿੰਨਾਂ ਦੀਆਂ ਹੱਥਕੜੀਆਂ ਦੀਆਂ ਜ਼ੰਜੀਰਾਂ ਜੰਗਲੇ ਨਾਲ ਇਸ ਤਰ੍ਹਾਂ ਕਸਵਾਈਆਂ ਕਿ ਬੰਦਾ ਉੱਠ ਬੈਠ ਤਾਂ ਸਕੇ ਪਰ ਪੇਸ਼ਾਬ ਕਰਨ ਲਈ ਨਾਲਾ ਨਾ ਖੋਲ੍ਹ ਸਕੇ। ਜ਼ਰੂਰਤ ਮਹਿਸੂਸ ਹੋਣ ਉੱਤੇ ਪਹਿਰੇ ਵਾਲਾ ਲੰਬੜਦਾਰ ਹੀ ਨਾਲਾ ਖੋਲ੍ਹੇ ਅਤੇ ਬੰਨ੍ਹੇ। ਬਾਕੀ ਰਹੀ ਅੰਨ ਦੀ ਗੱਲ, ਉਹ ਤਿੰਨਾਂ ਵਿਚੋਂ ਕਿਸੇ ਨੂੰ ਵੀ ਨਹੀਂ ਸੀ ਦਿੱਤਾ ਗਿਆ। ਭਾਵ ਜਿਹਲ-ਅਧਿਕਾਰੀ ਆਪ ਹੀ ਭੁੱਖ-ਹੜਤਾਲ ਸ਼ੁਰੂ ਕਰਵਾ ਰਹੇ ਸਨ। ਪਾਣੀ ਨਾਲ ਭਰੀਆਂ ਮਿੱਟੀ ਦੀਆਂ ਘੜੀਆਂ ਵੀ ਲਾਗੇ ਰਖੀਆਂ ਹੋਈਆਂ ਸਨ, ਪਰ ਪੀਣ ਦਾ ਹੁਕਮ ਨਹੀਂ ਸੀ। ਤਿੰਨਾਂ ਬਬਰਾਂ ਨੂੰ ਤਕਰੀਬਨ 36 ਘੰਟੇ ਇਸੇ ਤਰ੍ਹਾਂ ਜੂੜੀ ਰਖਿਆ ਗਿਆ।

ਤਿੰਨਾਂ ਬਬਰਾਂ ਨੂੰ ਮੀਆਂ ਬੇਣ ਚੰਦ ਚੌਦਾਂ ਨੰਬਰ ਵਿਚ ਬੰਦ ਕਰਵਾ ਕੇ ਆਪ ਬਾਕੀ ਅਮਲੇ ਨੂੰ ਨਾਲ ਲੈ ਬਚਿੰਤ ਸਿੰਘ ਦੁਆਲੇ ਜਾ ਹੋਇਆ। ਉਹਨੂੰ ਕੋਠੀਉਂ ਬਾਹਰ ਕਢਵਾ ਕੇ ਚੰਦਾ ਸਿੰਘ ਵਾਲੀ ਟਹਿਲ-ਸੇਵਾ ਕਰਵਾ ਕੇ ਜਿਸ ਵੇਲੇ ਉਹ ਪੂਰੀ ਤਰ੍ਹਾਂ ਬੇਹੋਸ਼ ਹੋ ਗਿਆ, ਅਲਫ਼-ਨੰਗੇ ਨੂੰ ਘੜੀਸ ਕੇ ਕੋਠੀ ਅੰਦਰ ਸੁਟਵਾ ਚਲਿਆ ਗਿਆ। ਮੈਂ ਕਾਫੀ ਪਹਿਲਾਂ ਇਸੇ ਬਚਿੰਤ ਸਿੰਘ ਦਾ ਜ਼ਿਕਰ ਕਰਦਿਆਂ ਲਿਖ ਆਇਆ

ਹਾਂ ਕਿ ਬਬਰਾਂ ਦੀ ਕਾਲੇ ਪਾਣੀ ਤੋਂ ਵਾਪਸੀ ਉੱਤੇ ਅਲੀਪੁਰ (ਕਲਕੱਤੇ) ਦੀ ਜਿਹਲ ਵਿਚ ਕਿਵੇਂ ਜਿਹਲ-ਅਧਿਕਾਰੀਆਂ ਨਾਲ ਟੱਕਰ ਹੋਈ ਸੀ। ਜਿਸ ਬਚਿੰਤ ਸਿੰਘ ਦੀ ਗਲਵਕੜੀ ਕਈ ਬੰਗਾਲੀ ਬਾਬੂ ਰਲ ਕੇ ਵੀ ਨਹੀਂ ਸਨ ਖੁਲ੍ਹਵਾ ਸਕੇ, ਉਹ ਕਿੰਨੀ ਕੁੱਟ ਖਾਣ ਮਗਰੋਂ ਬੇਹੋਸ਼ ਹੋਇਆ ਹੋਏਗਾ।

ਲੌਢੇ ਵੇਲੇ ਵਾਰਡਰ ਨੇ ਬੇਣੀ ਚੰਦ ਨੂੰ ਜਾ ਦਸਿਆ ਕਿ ਬਚਿੰਤ ਸਿੰਘ ਅਧ-ਮਰਿਆ ਜਿਹਾ ਜੰਗਲੇ ਨਾਲ ਢੋ ਲਾ ਕੇ ਉੱਠ ਬੈਠਾ ਹੈ। ਉਹਦੇ ਦੋਹੀਂ ਹੱਥੀਂ ਹੱਥਕੜੀ ਪਹਿਲਾਂ ਹੀ ਜੜੀ ਹੋਈ ਸੀ ਅਤੇ ਜ਼ੰਜੀਰ ਜੰਗਲੇ ਨਾਲ ਕਸੀ ਪਈ ਸੀ। ਇਹ ਗੱਲ ਸੁਣ ਬੇਣੀ ਚੰਦ ਇਹ ਦੇਖਣ ਲਈ ਉਥੇ ਆਇਆ ਕਿ ਦੇਖੀਏ ਹੁਣ ਉਹ ਨੱਕ ਰਗੜਦਾ ਹੈ ਜਾਂ ਨਹੀਂ। ਉਹਨੂੰ ਯਕੀਨ ਸੀ ਕਿ ਉਹ ਜ਼ਰੂਰ ਡਰ ਗਿਆ ਹੋਏਗਾ ਅਤੇ ਅਗੋਂ ਲਈ ਮੁਆਫ਼ੀ ਮੰਗਣ ਲਈ ਤਰਲਾ ਕਰੇਗਾ, ਜਿਵੇਂ ਇਖ਼ਲਾਕੀ ਕੈਦੀਆਂ ਤੋਂ ਨੱਕ ਰਗੜਾਉਣ ਦੀ ਉਹਦੀ ਆਦਤ ਪੱਕ ਚੁੱਕੀ ਸੀ।

ਬੇਣੀ ਚੰਦ ਨੂੰ ਦੇਖਦਿਆਂ ਹੀ ਬਚਿੰਤ ਸਿੰਘ ਭੜਕ ਉਠਿਆ, ਜਿਵੇਂ ਜ਼ਖ਼ਮੀ ਸ਼ੇਰ ਅਧ-ਮਰਿਆ ਵੀ ਸ਼ਿਕਾਰੀ ਉੱਤੇ ਹਮਲਾ ਕਰਨ ਲਈ ਅਹੁਲਦਾ ਹੈ। ਉਹਨੇ ਕਿਹਾ, "ਉਇ ਕੁਤਿਆ, ਤੂੰ ਕੀ ਸਮਝਦਾ ਹੈਂ ਕਿ ਮੈਂ ਤੇਰੇ ਵਰਗੇ ਨੀਚ ਦੀਆਂ ਮਿੰਨਤਾਂ ਕਰਾਂਗਾ? ਚੰਡਾਲਾ ਯਾਦ ਰਖੀਂ, ਜਦੋਂ ਵੀ ਮੈਂ ਜਿਉਂਦਾ ਜਿਹਲੋਂ ਬਾਹਰ ਨਿਕਲਿਆ, ਸਭ ਤੋਂ ਪਹਿਲਾਂ ਤੇਰੇ ਹੀ ਸੀਰਮੇ ਪੀਵਾਂਗਾ।" ਆਪਣੇ ਮਾਤਹਿਤਾਂ ਦੀ ਮੌਜੂਦਗੀ ਵਿਚ ਸਿੱਧੀਆਂ ਲਾਹਣਤਾਂ ਸੁਣ ਬੇਣੀ ਚੰਦ ਮੁੜ ਜਲਾਲ ਵਿਚ ਆ ਗਿਆ ਅਤੇ ਅੰਦਰ ਬੱਝੇ ਸ਼ੇਰ ਨੂੰ ਕੁਟਾਪਾ ਚੜ੍ਹਵਾ ਕੇ ਨਿਮੋਂਝੂਣਾ ਜਿਹਾ ਹੋ ਵਾਪਸ ਮੁੜ ਗਿਆ।

ਅਗਸਤ 1935 ਦੇ ਸ਼ੁਰੂ ਵਿਚ ਭੋਲਾ ਸਿੰਘ ਕਾਠੇ ਨੂੰ ਮੁਲਤਾਨ ਦੀ ਪੁਰਾਣੀ ਜਿਹਲ ਵਿਚ, ਬੂਟਾ ਸਿੰਘ ਨੂੰ ਮਿੰਟਗੁਮਰੀ ਅਤੇ ਬਚਿੰਤ ਸਿੰਘ ਨੂੰ ਲਾਹੌਰ ਦੀ ਜਿਹਲ ਵਿਚ ਘੱਲ ਦਿੱਤਾ ਗਿਆ। ਜਿਹਲ ਵਿਚ ਆਮ ਬਗ਼ਾਵਤ ਫੈਲਾਉਣ ਦੇ ਜੁਰਮ ਵਿਚ ਬੂਟਾ ਸਿੰਘ ਦੀ ਕੈਦ ਦੀ ਸਜ਼ਾ 27 ਮਹੀਨੇ, ਬਚਿੰਤ ਸਿੰਘ ਦੀ 19 ਮਹੀਨੇ ਅਤੇ ਭੋਲਾ ਸਿੰਘ ਦੀ ਸਜ਼ਾ 21 ਮਹੀਨੇ ਵਧਾ ਦਿੱਤੀ ਗਈ।

ਮੈਂ ਬੇਸ਼ਕ ਜ਼ਿਕਰ ਮੁਖ ਤੌਰ ਉੱਤੇ ਨਵੀਂ ਮੁਲਤਾਨ ਜਿਹਲ ਦਾ ਕੀਤਾ ਹੈ, ਪਰ ਇਹੋ ਸੰਘਰਸ਼ ਬਾਕੀ ਜਿਹਲਾਂ ਵਿਚ ਵੀ ਇਸੇ ਤਰ੍ਹਾਂ ਚਲਦਾ ਰਿਹਾ ਸੀ।

# 71. ਹਜ਼ਾਰਾ ਸਿੰਘ ਮੰਡੇਰੀਏ ਦਾ ਮਿੰਟਗੁਮਰੀ ਜਿਹਲ ਵਿਚੋਂ ਸੁਰੰਗ ਲਾ ਕੇ ਭੱਜ ਨਿਕਲਣਾ

ਇਹ ਪਿੰਡ ਮੰਡੇਰਾਂ ਉਹੋ ਹੀ ਹੈ, ਜਿਥੇ ਰਸਾਲੇ ਦੇ ਅਫਸਰ ਨੇ ਹੋਰ ਕੋਈ ਵਾਹ ਜਾਂਦੀ ਨਾ ਦੇਖ ਕੇ ਚੁਬਾਰੇ ਨੂੰ ਅੱਗ ਲੁਆ ਕੇ ਬੰਤਾ ਸਿੰਘ ਧਾਮੀਆਂ ਅਤੇ ਜਵਾਲਾ ਸਿੰਘ ਫਤਿਹਪੁਰ ਕੋਠੀ ਸ਼ਹੀਦ ਕਰਵਾਏ ਸਨ । ਤੀਜਾ ਵਰਿਆਮ ਸਿੰਘ ਧੁੱਗਾ ਬਲਦੇ ਭਾਂਬੜਾਂ ਵਿਚੋਂ ਗਲੀ ਵਿਚ ਛਾਲ ਮਾਰ ਕੇ ਪਹਿਰੇ ਉੱਤੇ ਖੜੋਤੇ ਸਿਪਾਹੀ ਦੇ ਗੋਲੀ ਜੜ ਕੇ ਨੰਗ-ਧੜੰਗ ਕਮਾਦਾਂ ਵਿਚ ਜਾ ਵੜਿਆ ਸੀ । ਇਹ 12 ਦਸੰਬਰ 1923 ਦੀ ਪੋਹ ਮਹੀਨੇ ਦੀ ਰਾਤ ਸੀ । ਇਸੇ ਹਜ਼ਾਰਾ ਸਿੰਘ ਨੇ ਗਿਆਨੀ ਕਰਤਾਰ ਸਿੰਘ ਨਾਲ ਲਾਹੌਰ ਜਿਹਲ ਵਿਚ 30 ਬੈਂਤ ਖਾਧੇ ਸਨ । ਉਹਨੇ ਮੁਲਤਾਨ ਜਿਹਲ ਵਿਚ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ ਸੀ, ਜਿਹੜੀ ਮਿੰਟਗੁਮਰੀ ਪੁੱਜਣ ਪਿਛੋਂ ਵੀ ਚਲਦੀ ਰਹੀ । ਇਕ ਸਾਲ ਇਸੇ ਤਰ੍ਹਾਂ ਲੰਘ ਗਿਆ । ਹੈਰਾਨੀ ਵਾਲੀ ਗੱਲ ਇਹ ਸੀ ਕਿ ਇਹਨੇ ਰੋਟੀ ਤੋਂ ਇਲਾਵਾ ਪਾਣੀ ਪੀਣਾ ਵੀ ਤਿਆਗ ਛੱਡਿਆ ਸੀ । ਇਹਤੋਂ ਇਲਾਵਾ ਉਹਨੇ ਬਿਲਕੁਲ ਮੋਨ ਧਾਰ ਲਿਆ ਸੀ । ਕਿਸੇ ਗੱਲ ਦਾ ਜਵਾਬ ਤਾਂ ਇਕ ਪਾਸੇ, ਹੁੰਘਾਰਾ ਤੱਕ ਨਹੀਂ ਸੀ ਭਰਦਾ । ਇਹ ਸ਼ਖਸੀਅਤ ਅੱਜ ਵੀ ਜਿਉਂਦੀ-ਜਾਗਦੀ ਦੇਖੀ ਜਾ ਸਕਦੀ ਹੈ ।

ਥੱਕ-ਹਾਰ ਕੇ ਉਸ ਵੇਲੇ ਦੇ ਜਿਹਲ ਦੇ ਸੁਪਰਿੰਟੈਂਡੈਂਟ ਐਨ ਸੀ ਪੁਰੀ ਨੇ ਉਹਦੇ ਸਾਹਮਣੇ ਜਾ ਹੱਥ ਜੋੜੇ, "ਬਬਰ ਸਾਹਿਬ, ਅਸੀਂ ਹਾਰੇ, ਤੁਸੀਂ ਜਿੱਤੇ । ਹੁਣ ਭੁੱਖ-ਹੜਤਾਲ ਖੋਲ੍ਹ ਦਿਉ । ਜਿਧਰ ਮਰਜ਼ੀ ਹੈ, ਜਿਹਲ ਵਿਚ ਘੁੰਮੋ-ਫਿਰੋ । ਕੋਈ ਮੁਸ਼ੱਕਤ ਨਹੀਂ ਕਰਨੀ ਪਵੇਗੀ । ਨਾ ਹੀ ਰਾਤ ਨੂੰ ਕੋਠੀ ਅੰਦਰ ਡਕਿਆ ਜਾਵੇਗਾ ।" ਹਜ਼ਾਰਾ ਸਿੰਘ ਨੇ ਉਸੇ ਦਿਨ ਤੋਂ ਭੁੱਖ-ਹੜਤਾਲ ਖੋਲ੍ਹ ਦਿੱਤੀ । ਪਾਠਕਾਂ ਨੂੰ ਇਸ ਜਿਹਲ ਬਾਬਤ ਮੈਂ ਪਹਿਲਾਂ ਹੀ ਦੱਸ ਆਇਆ ਹਾਂ ਕਿ ਸਾਰੇ ਪੰਜਾਬ ਵਿਚੋਂ ਛਾਂਟਵੇਂ ਕੈਦੀ ਹੀ ਇਹਨਾਂ ਕੋਠੀਆਂ ਵਿਚ ਲਿਆ ਕੇ ਡੱਕੇ ਜਾਂਦੇ ਸਨ, ਜਿਹੜੇ ਵਾਰ-ਵਾਰ ਜੁਰਮ ਕਰਕੇ ਸਜ਼ਾ ਪਾਉਂਦੇ ਸਨ । ਇਹਨਾਂ ਉੱਤੇ ਜਿਹਲ ਅਧਿਕਾਰੀ ਵੀ ਛਾਂਟਵੇਂ ਹੀ ਲਾਏ ਜਾਂਦੇ ਸਨ । ਇਸੇ ਤਰ੍ਹਾਂ ਕਾਲੀਆਂ-ਪੀਲੀਆਂ ਵਰਦੀਆਂ ਵਾਲੇ ਲੰਬੜਦਾਰ ਵੀ ਚੁਣ-ਚੁਣ ਕੇ ਹੀ ਲਿਆਂਦੇ ਜਾਂਦੇ ਸਨ ।

ਇਹਨਾਂ ਹੀ ਖ਼ਤਰਨਾਕ ਕੈਦੀਆਂ ਦੀਆਂ ਕੋਠੀਆਂ ਵਿਚ ਇਕ ਕੋਠੀ ਸਾਡੇ ਬਬਰ

ਹਜ਼ਾਰਾ ਸਿੰਘ ਮੰਡੇਰੀਏ ਦੀ ਸੀ, ਜਿਹੜੀ ਚੌਵੀ ਘੰਟੇ ਖੁੱਲ੍ਹੀ ਰਹਿੰਦੀ ਸੀ। ਬਬਰ ਸਾਹਿਬ ਸਾਰੇ ਅਹਾਤੇ ਵਿਚ ਮਨਮਰਜ਼ੀ ਨਾਲ ਚੱਕਰ ਲਾਉਂਦੇ ਰਹਿੰਦੇ ਸਨ। ਬਾਕੀ ਕੋਠੀਆਂ ਵਾਲੇ ਕੈਦੀ ਬਦਲਦੇ ਰਹਿੰਦੇ ਸਨ।

ਇਹਨਾਂ ਹੀ ਦਿਨਾਂ ਵਿਚ ਕੁਝ ਹੱਦ ਤੱਕ ਸ਼ਰੀਫ਼ ਸੁਪਰਿੰਟੈਂਡੈਂਟ ਐਨ ਸੀ ਪੁਰੀ ਮਿੰਟਗੁਮਰੀ ਜਿਹਲ ਤੋਂ ਤਰੱਕੀ ਕਰਕੇ ਜਿਹਲਾਂ ਦਾ ਡੀ ਆਈ ਜੀ ਬਣ ਕੇ ਲਾਹੌਰ ਤਸ਼ਰੀਫ਼ ਲੈ ਗਿਆ। ਜਲੰਧਰ ਦੇ ਦੇਸਭਗਤ ਖ਼ਾਨਦਾਨ ਦਾ ਸਾਹਿਬਜ਼ਾਦਾ ਐਸ ਡੀ ਸੋਂਧੀ ਜਿਹਲ ਦਾ ਸੁਪਰਿੰਟੈਂਡੈਂਟ ਬਣ ਕੇ ਆ ਗਿਆ। ਉਹ ਅੱਖੜ ਸੁਭਾਅ ਦਾ ਮਾਲਕ ਸੀ ਅਤੇ ਸਾਰੇ ਪੰਜਾਬ ਦੇ ਜਿਹਲ ਸੁਪਰਿੰਟੈਂਡੈਂਟਾਂ ਵਿਚੋਂ ਆਪਣੇ ਆਪ ਨੂੰ ਧੜੱਲੇਦਾਰ ਸਮਝੀ ਬੈਠਾ ਸੀ। ਉਹਨੇ ਅਫ਼ਸਰੀ ਦੀ ਧੌਂਸ ਜਮਾਉਣ ਲਈ ਨਿਗੂਣੀਆਂ ਹਰਕਤਾਂ ਸ਼ੁਰੂ ਕਰ ਦਿੱਤੀਆਂ। ਨਤੀਜੇ ਵਜੋਂ ਸਾਰੀ ਜਿਹਲ ਹੀ ਤੰਗ ਆ ਗਈ। ਸਾਰੇ ਕੈਦੀ ਲਗੇ ਮਸ਼ਵਰੇ ਕਰਨ ਕਿ ਇਸ ਆਕੜ-ਖਾਂ ਦੀ ਆਕੜ ਕਿਵੇਂ ਭੰਨੀ ਜਾਵੇ। ਇਕ ਦਿਨ ਕੁਝ ਕੈਦੀਆਂ ਨੇ ਸਲਾਹ ਕਰਕੇ ਬਬਰ ਹਜ਼ਾਰਾ ਸਿੰਘ ਨੂੰ ਕਿਹਾ ਕਿ "ਅਸੀਂ ਪੱਕਾ ਮਨ ਬਣਾ ਲਿਆ ਹੈ ਕਿ ਬਬਰ ਲਹਿਰ ਨੂੰ ਇਕ ਵਾਰ ਸੁਰਜੀਤ ਕਰੀਏ। ਸਾਡੀ ਇੱਕੋ ਸ਼ਰਤ ਹੈ ਕਿ ਤੁਸੀਂ ਸਾਡੀ ਅਗਵਾਈ ਕਰੋ ਅਤੇ ਮਦਦ ਕਰੋ।" ਉਹਨੇ ਪੁਛਿਆ, "ਮੈਥੋਂ ਤੁਸੀਂ ਕਿਹੜੀ ਮਦਦ ਲੈਣੀ ਚਾਹੁੰਦੇ ਹੋ।" ਉਹਨਾਂ ਨੇ ਕਿਹਾ, "ਤੁਹਾਡੀ ਕੋਠੀ ਹਰ ਵੇਲੇ ਖੁੱਲ੍ਹੀ ਰਹਿੰਦੀ ਹੈ। ਅਸੀਂ ਉਹਦੇ ਵਿਚੋਂ ਸੁਰੰਗ ਕੱਢ ਕੇ ਬਾਹਰ ਨਿਕਲ ਸਕਦੇ ਹਾਂ। ਸਾਡਾ ਇਕ ਸਾਂਹਸੀ ਸਾਥੀ ਕਰਤਾਰ ਸਿੰਘ ਸੁਰੰਗ ਕੱਢਣ ਦਾ ਕਾਫ਼ੀ ਮਾਹਿਰ ਹੈ। ਸ਼ਾਮ ਨੂੰ ਤਾਂ ਅਸੀਂ ਕੋਠੀਆਂ ਵਿਚ ਬੰਦ ਹੋ ਜਾਂਦੇ ਹਾਂ, ਪਰ ਦਿਨੇ ਅਸੀਂ ਇਹ ਕੰਮ ਬੜੀ ਆਸਾਨੀ ਨਾਲ ਕਰ ਸਕਦੇ ਹਾਂ। ਤੁਸੀਂ ਕੰਧ ਵਾਲੇ ਗੇਟ ਦੇ ਆਲੇ-ਦੁਆਲੇ ਗੇੜਾ ਕਢਦੇ ਰਿਹਾ ਕਰੋ। ਜਦੋਂ ਕੋਈ ਜਿਹਲ-ਅਧਿਕਾਰੀ ਇਧਰ ਆਉਂਦਾ ਦਿੱਸੇ, ਤੁਸੀਂ ਇਸ਼ਾਰਾ ਕਰ ਦਿਆ ਕਰੋ। ਬਾਕੀ ਅਸੀਂ ਜਾਣੀਏ ਅਤੇ ਸਾਡਾ ਕੰਮ। ਅਸੀਂ ਅੱਜ ਤੋਂ ਹੀ ਇਹ ਸ਼ੁਭ ਕੰਮ ਦਾ ਮਹੂਰਤ ਕਰ ਸਕਦੇ ਹਾਂ।"

ਹਜ਼ਾਰਾ ਸਿੰਘ ਨੇ ਕੁਝ ਚਿਰ ਸੋਚ ਕੇ ਆਖਿਆ, "ਮੈਂ ਤਾਂ ਤਿਆਰ ਹਾਂ। ਤੁਸੀਂ ਸੋਚ ਲਉ। ਜੋ ਮੁਸੀਬਤਾਂ ਤੁਸੀਂ ਹੁਣ ਝੱਲ ਰਹੇ ਹੋ, ਸੰਭਵ ਹੈ, ਉਹਨਾਂ ਤੋਂ ਵੱਧ ਸਹੇੜਨੀਆਂ ਪੈ ਜਾਣ।" ਉਹਨਾਂ ਨੇ ਕਿਹਾ ਕਿ "ਅਸੀਂ ਸਭ ਕੁਝ ਸੋਚ ਲਿਆ ਹੈ। ਜਿਹਲੋਂ ਨਿਕਲਦਿਆਂ ਹੀ ਪਹਿਲਾਂ ਇਸ ਆਕੜ-ਖਾਂ ਸੋਂਧੀ ਦਾ ਸਿਰ ਵੱਢ ਕੇ ਇਹਦੇ ਵਾਰਸਾਂ ਨੂੰ ਪਾਰਸਲ ਕਰਾਂਗੇ। ਬਾਕੀ ਜਿਵੇਂ ਤੁਸੀਂ ਰਹਿਨੁਮਾਈ ਕਰੋਗੇ, ਅਸੀਂ ਸਿਰ ਤਲੀ ਉੱਤੇ ਰੱਖ ਕੇ ਅਮਲ ਕਰਾਂਗੇ।"

ਉਸੇ ਹੀ ਵੇਲੇ ਸੁਰੰਗ ਕੱਢਣ ਦਾ ਮਹੂਰਤ ਕਰ ਦਿੱਤਾ ਗਿਆ ਅਤੇ ਕਰਤਾਰ ਸਿੰਘ ਸਾਂਹਸੀ ਨੇ ਅਰਦਾਸਾ ਸੋਧ ਕੇ ਪਹਿਲਾ ਟੱਕ ਹਜ਼ਾਰਾ ਸਿੰਘ ਬਬਰ ਦੀ ਕੋਠੀ ਵਿਚ ਜਾ ਮਾਰਿਆ। ਜਿੰਨੀ ਮਿੱਟੀ ਰੋਜ਼ ਨਿਕਲਦੀ, ਬੜੀ ਸਿਆਣਪ ਨਾਲ ਬੈਰਕਾਂ ਦੇ ਦਰਮਿਆਨ ਵਾਲੇ ਵਿਹੜੇ ਵਿਚ ਰੋਟੀ ਖਾਣ ਵਾਲੇ ਲੋਹੇ ਦੇ ਬਾਟਿਆਂ ਨਾਲ ਵਿਛਾਈ ਜਾਂਦੀ। ਉੱਤੇ ਪਾਣੀ ਤਰੁਪਕ ਦਿਤਾ ਜਾਂਦਾ। ਹਜ਼ਾਰਾ ਸਿੰਘ ਛੋਟੇ ਗੇਟ ਉੱਤੇ ਡਿਊਟੀ ਦਿੰਦਾ ਰਿਹਾ। ਬੜੀ ਸਫਲਤਾ ਨਾਲ ਕੰਮ ਚਾਲੂ ਰਿਹਾ। ਤਕਰੀਬਨ 70 ਫੁੱਟ ਸੁਰੰਗ ਤਿਆਰ ਹੋ ਗਈ, ਜੀਹਦਾ ਮੂੰਹ ਵੀ ਕੁਦਰਤੀ ਝਾੜੀਆਂ ਦੇ ਦਰਮਿਆਨ ਹੀ ਜਾ ਨਿਕਲਿਆ। ਇਹ ਮੂੰਹ ਬਾਹਰ ਨਿਕਲਣ ਵਾਲੇ ਦਿਨ ਹੀ ਖੋਲ੍ਹਿਆ ਜਾਣਾ

ਸੀ। ਪਰ ਹਾਲੇ ਤੱਕ, ਬਾਵਜੂਦ ਕੋਸ਼ਿਸ਼ ਦੇ, ਬਾਹਰੋਂ ਬੇੜੀਆਂ ਕੱਟਣ ਵਾਲਾ ਸਾਮਾਨ ਨਹੀਂ ਸੀ ਪੁਜਿਆ।

ਦੂਜੇ ਬੰਨੇ ਜਿਹਲ ਦੇ ਦਸਤੂਰ ਮੁਤਾਬਿਕ ਸੁਰੰਗ ਕੱਢ ਰਹੇ ਕੈਦੀਆਂ ਦੀਆਂ ਕੋਠੀਆਂ ਬਦਲੇ ਜਾਣ ਦਾ ਹੁਕਮ ਆ ਗਿਆ। ਪਤਾ ਲਗਦਿਆਂ ਹੀ ਇਹ ਸਾਰੇ ਘਬਰਾ ਉੱਠੇ। ਇਹ ਤਾਂ ਕੀਤੇ-ਕਰਾਏ ਕੰਮ ਉੱਤੇ ਪਾਣੀ ਫ਼ਿਰਨ ਵਾਲੀ ਗੱਲ ਬਣ ਗਈ ਹੈ। ਜੇ ਅੱਜ ਕੋਠੀਆਂ ਬਦਲੀਆਂ ਗਈਆਂ ਤਾਂ ਸਾਰੀ ਸਕੀਮ ਹੀ ਢੇਰੀ ਹੋ ਜਾਵੇਗੀ। ਆਉਣ ਵਾਲੇ ਦੂਜੇ ਕੈਦੀਆਂ ਨੂੰ ਕੀਤੀ ਜਾ ਚੁੱਕੀ ਸਾਜ਼ਿਸ਼ ਦਾ ਇਲਮ ਕੋਈ ਨਹੀਂ। ਨਾ ਇਹ ਪਤਾ ਹੈ ਕਿ ਮੁੜ ਕਦੋਂ ਉਹਨਾਂ ਦੀ ਵਾਰੀ ਇਹਨਾਂ ਕੋਠੀਆਂ ਵਿਚ ਬੰਦ ਹੋਣ ਲਈ ਆਵੇਗੀ। ਆਖ਼ਰ ਸਭ ਨੇ ਬੇੜੀਆਂ ਸਮੇਤ ਭੱਜ ਨਿਕਲਣ ਦਾ ਫ਼ੈਸਲਾ ਕਰ ਲਿਆ। ਮਜ਼ੇ ਦੀ ਗੱਲ ਦੇਖੋ ਕਿ ਏਡੀ ਵੱਡੀ ਸੁਰੰਗ ਨਿਕਲ ਚੁੱਕੀ ਹੈ, ਜਿਸ ਵਿਚ ਅੱਠ-ਨੌਂ ਬੰਦੇ ਸ਼ਾਮਲ ਹਨ ਅਤੇ ਕਈ ਦਿਨ ਕੰਮ ਚਾਲੂ ਰਿਹਾ, ਪਰ ਰੱਤੀ ਭਰ ਧੂਧਕ ਨਹੀਂ ਨਿਕਲਣ ਦਿੱਤੀ।

ਰਾਤ ਵੇਲੇ ਜਦੋਂ ਸਭ ਕੈਦੀ ਆਪਣੀ-ਆਪਣੀ ਕੋਠੀ ਵਿਚ ਡੱਕ ਦਿਤੇ ਗਏ ਅਤੇ ਵਾਰਡਰਾਂ ਨੇ ਹਰ ਕੋਠੀ ਦਾ ਬਾਹਰਲਾ ਜਿੰਦਰਾ ਖੜਕਾ ਕੇ ਤਸੱਲੀ ਕਰ ਲਈ ਤੇ ਜਿਹਲ ਦਾ ਰੌਲਾ-ਰੱਪਾ ਖ਼ਤਮ ਹੋ ਕੇ ਚੁੱਪ ਛਾ ਗਈ, ਤਾਂ ਇਹਨਾਂ ਅੱਠਾਂ ਨੇ ਪਰੋਗਰਾਮ ਮੁਤਾਬਿਕ ਆਪਣੀ-ਆਪਣੀ ਕੋਠੀ ਦੀ ਕੰਧ ਪਾੜੀ ਅਤੇ ਹਜ਼ਾਰਾ ਸਿੰਘ ਦੀ ਕੋਠੀ ਵਿਚ ਇਕੱਠੇ ਹੋ ਗਏ। ਅੱਠ ਉਹ ਅਤੇ ਨੌਵਾਂ ਹਜ਼ਾਰਾ ਸਿੰਘ ਸੁਰੰਗ ਰਾਹੀਂ ਜਿਹਲੋਂ ਬਾਹਰ ਆ ਖੜੋਤੇ ਅਤੇ ਫਟਾਫਟ ਭੱਜ ਨਿਕਲਣ ਦੀ ਕੀਤੀ। ਪਰ ਇਹਨਾਂ ਦਾ ਇਕ ਸਾਥੀ ਕਮਜ਼ੋਰੀ ਦਿਖਾ ਗਿਆ ਅਤੇ ਮੁੜ ਆਪਣੀ ਕੋਠੀ ਵਿਚ ਜਾ ਲੰਮਾ ਪਿਆ। ਹੁਣ ਸੱਤ ਬੇੜੀਆਂ ਵਾਲੇ ਅਤੇ ਅਠਵਾਂ ਬਬਰ ਹਜ਼ਾਰਾ ਸਿੰਘ ਬਿਨਾਂ ਬੇੜੀਉਂ ਵਾਹੋ-ਦਾਹੀ ਭਜ ਨਿਕਲੇ। ਉਹ ਕਾਫ਼ੀ ਦੂਰ ਕੁਮਾਲੀਏ ਦੇ ਜੰਗਲ ਵਿਚ ਜਾ ਵੜੇ। ਦਿਨ ਚੜ੍ਹਿਆ ਅਤੇ ਫੈਸਲਾ ਕੀਤਾ ਕਿ ਪਹਿਲਾਂ ਬੇੜੀਆਂ ਤੋਂ ਛੁਟਕਾਰਾ ਪਾਇਆ ਜਾਵੇ।

ਦਿਨ ਚੜ੍ਹਦਿਆਂ ਜਿਸ ਵੇਲੇ ਜਿਹਲ ਖੁੱਲ੍ਹੀ, ਸੁਰੰਗ ਰਾਹੀਂ ਅੱਠਾਂ ਖ਼ਤਰਨਾਕ ਕੈਦੀਆਂ ਦਾ ਬੇੜੀਆਂ ਸਮੇਤ ਭੱਜ ਨਿਕਲਣਾ ਜਿਹਲ ਦੇ ਅਧਿਕਾਰੀਆਂ ਸਿਰ ਮਣਾ-ਮੂੰਹੀਂ ਸੁਆਹ ਪਾ ਚੁਕਿਆ ਸੀ। ਸੋਂਧੀ ਸਾਹਿਬ ਦਾ ਪੁੱਠੇ ਉਸਤਰੇ ਨਾਲ ਨੱਕ ਵੱਢਿਆ ਗਿਆ ਸੀ।

ਉਹਨਾਂ ਦਿਨਾਂ ਵਿਚ ਇਹ ਖ਼ਾਨਦਾਨ ਜਲੰਧਰ ਦੇ ਰਾਏਜ਼ਾਦਿਆਂ ਕਰਕੇ ਮਸ਼ਹੂਰੀ ਫੜ ਚੁਕਿਆ ਸੀ। ਸਭ ਤੋਂ ਵੱਡਾ, ਇਹਦਾ ਬਾਪ ਜ਼ੈਲਦਾਰ ਹੋਣ ਕਰਕੇ ਅੰਗਰੇਜ਼-ਭਗਤ ਸੀ। ਉਹਤੋਂ ਛੋਟਾ ਸੀ ਰਾਏਜ਼ਾਦਾ ਹੰਸ ਰਾਜ, ਜਿਹੜਾ ਕੱਟੜ ਕਾਂਗਰਸੀ ਸੀ ਅਤੇ ਉੱਚ-ਕੋਟੀ ਦੇ ਲੀਡਰਾਂ ਦਾ ਪੱਕਾ ਸਾਥੀ ਸੀ। ਤੀਜਾ ਸੀ ਸਾਰੇ ਪੰਜਾਬ ਦੇ ਵਕੀਲਾਂ ਵਿਚੋਂ ਸਿਰਕੱਢ ਰਾਏਜ਼ਾਦਾ ਭਗਤ ਰਾਮ। ਇਹਨਾਂ ਹੀ ਰਾਏਜ਼ਾਦਿਆਂ ਦਾ ਨੂਰੇ-ਚਸ਼ਮ ਸੀ ਇਹ ਐਸ ਡੀ ਸੋਂਧੀ, ਮਿੰਟਗੁਮਰੀ ਜਿਹਲ ਦਾ ਸੁਪਰਿੰਟੈਂਡੈਂਟ, ਜੀਹਦਾ ਦਿਨ-ਦੀਵੀਂ ਨਕ ਵੱਢਿਆ ਜਾ ਚੁਕਿਆ ਸੀ।

ਆਖ਼ਰ ਸੋਂਧੀ ਸਾਹਿਬ ਨੂੰ ਪੁਲਸ ਨੂੰ ਇਤਲਾਹ ਦੇਣੀ ਪਈ। ਉਹਨਾਂ ਦਿਨਾਂ ਵਿਚ ਜਾਂਗਲੀ ਲੋਕ ਚੋਰੀਆਂ ਕਰਦੇ ਸਨ। ਜ਼ਿਆਦਾ ਚੋਰੀਆਂ ਡੰਗਰਾਂ ਦੀਆਂ ਹੀ ਹੁੰਦੀਆਂ ਸਨ। ਜਾਂਗਲੀ ਖੋਜੀ ਖੁਰਾ ਫੜਨ ਦੇ ਵੀ ਓਨੇਂ ਹੀ ਮਾਹਿਰ ਸਨ। ਪੁਲਸ

ਛਾਂਟਵੇਂ ਖੋਜੀਆਂ ਨੂੰ ਮੁਲਾਜ਼ਮ ਭਰਤੀ ਕਰ ਲਿਆ ਕਰਦੀ ਸੀ। ਇਤਲਾਹ ਮਿਲ-ਦਿਆਂ ਹੀ ਪੁਲਸ ਅਫ਼ਸਰ ਖੋਜੀਆਂ ਨੂੰ ਨਾਲ ਲੈ ਖ਼ੁਰਾ ਫੜ ਕੇ ਤੁਰ ਪਏ। ਅੱਠਾਂ ਭਗੌੜਿਆਂ ਦਾ ਖੁਰਾ ਬੜਾ ਸਾਫ਼ ਸੀ। ਖੋਜੀਆਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਈ। ਬੇੜੀਆਂ ਦੀ ਘੜੀਸ ਘਾਹ ਮਿਧਦੀ ਚਲੀ ਗਈ ਸੀ। ਉਧਰ ਭਗੌੜੇ ਹਾਲੇ ਬੇੜੀਆਂ ਕੱਟਣ ਦੀਆਂ ਸਲਾਹਾਂ ਹੀ ਕਰ ਰਹੇ ਸਨ ਕਿ ਪੁਲਸ ਨੇ ਜਾ ਹੱਥਕੜੀਆਂ ਠੋਕੀਆਂ। ਜੇ ਕਿਤੇ ਇਹਨਾਂ ਦੀਆਂ ਬੇੜੀਆਂ ਕੱਟੀਆਂ ਜਾਂਦੀਆਂ ਅਤੇ ਇਹ ਟੋਲਾ ਸੁਤੰਤਰ ਹੋ ਗਿਆ ਹੁੰਦਾ ਤਾਂ ਮੇਰਾ ਪੱਕਾ ਯਕੀਨ ਹੈ ਕਿ ਇਹਨਾਂ ਨੇ ਸੱਚਮੁੱਚ ਇਕ ਵਾਰ ਮੁੜ ਬਬਰ ਲਹਿਰ ਸੁਰਜੀਤ ਕਰ ਦੇਣੀ ਸੀ। ਇਹ ਲੋਕ ਜ਼ਬਾਨ ਦੇ ਏਨੇਂ ਪੱਕੇ ਹੁੰਦੇ ਹਨ ਕਿ ਜਾਨ ਤਾਂ ਭਾਵੇਂ ਚਲੀ ਜਾਵੇ, ਪਰ ਕੀਤਾ ਬਚਨ ਕਦੀ ਨਹੀਂ ਹਾਰਦੇ। ਪਰ ਇਥੇ ਤਾਂ ਖੇਡ ਹੀ ਚੌਵੀ ਘੰਟਿਆਂ ਤੋਂ ਪਹਿਲਾਂ-ਪਹਿਲਾਂ ਖ਼ਤਮ ਹੋ ਗਈ।

ਅੱਠੇ ਮੁੜ ਉਹਨਾਂ ਕੋਠੀਆਂ ਵਿਚ ਲਿਆ ਡੱਕੇ ਗਏ, ਜਿਨ੍ਹਾਂ ਵਿਚੋਂ ਭੱਜ ਕੇ ਗਏ ਸਨ। ਇਕੋ ਰਾਤ ਹੀ ਬਾਹਰ ਦੀ ਹਵਾ ਖਾਣੀ ਨਸੀਬ ਹੋਈ ਸੀ। ਇਕੱਲੀ-ਇਕੱਲੀ ਕੋਠੀ ਉੱਤੇ ਦੋ-ਦੋ ਲੰਬੜਦਾਰ ਪਹਿਰੇ ਉੱਤੇ ਬਿਠਾ ਦਿਤੇ ਗਏ, ਜਿਨ੍ਹਾਂ ਨੂੰ ਵਾਰੀ-ਵਾਰੀ ਸੌਣ ਦੀ ਇਜਾਜ਼ਤ ਸੀ।

ਅਗਲੀ ਸਵੇਰ ਅੱਠਾਂ ਭਗੌਂੜਿਆ ਦੀ ਵੱਡੇ ਸਾਹਿਬ ਅਗੇ ਪੇਸ਼ੀ ਹੋਈ। ਸੱਤਾਂ ਦੇ ਕਾਰਡਾਂ ਉੱਤੇ 30-30 ਬੈਂਤ ਜੜਨ ਲਈ ਲਿਖ ਦਿੱਤਾ ਗਿਆ। ਸਿਰਫ਼ ਹਜ਼ਾਰਾ ਸਿੰਘ ਦੇ ਡੰਡਾ-ਬੇੜੀ ਜੜਨ ਲਈ ਲਿਖ ਦਿਤਾ ਗਿਆ। ਹੋ ਸਕਦਾ ਹੈ, ਸੋਂਧੀ ਸਾਹਿਬ 30 ਬੈਂਤ ਲਿਖ ਦਿੰਦੇ, ਪਰ ਉਹਦੇ ਕਾਰਡ ਉੱਤੇ 90 ਬੈਂਤ ਪਹਿਲਾਂ ਲਿਖੇ ਜਾ ਚੁੱਕੇ ਸਨ। ਬੈਂਤਾਂ ਜੜਨ ਦਾ ਕੰਮ ਉਸੇ ਵੇਲੇ ਹੀ ਸ਼ੁਰੂ ਕਰ ਦਿੱਤਾ ਗਿਆ। ਪਰ ਐਤਕੀਂ ਸੋਂਧੀ ਸਾਹਿਬ ਨੇ ਜਿਹਲ ਦੇ ਕਾਨੂੰਨ ਦੀਆਂ ਧੱਜੀਆਂ ਉਡਾਉਂਦਿਆਂ ਭਗੌੜਿਆਂ ਨੂੰ ਨਵਾਂ ਸਬਕ ਸਿਖਾਉਣਾ ਸ਼ੁਰੂ ਕਰ ਦਿੱਤਾ। ਟਿਕਟਿਕੀ ਕੋਲ ਕੁਰਸੀ ਡੁਹਾ ਕੇ ਸੋਂਧੀ ਸਾਹਿਬ ਉਹਦੇ ਉੱਤੇ ਬਰਾਜਮਾਨ ਹੋ ਗਏ। ਪਹਿਲਾਂ ਤਾਂ ਇਕੋ ਬੈਂਤਬਾਜ਼ ਬੈਂਤ ਜੜਿਆ ਕਰਦਾ ਸੀ, ਪਰ ਐਤਕੀਂ ਤਿੰਨ ਹੱਟੇ-ਕੱਟੇ ਬੈਂਤਬਾਜ਼ ਤਿਆਰ ਕੀਤੇ ਗਏ, ਜਿਨ੍ਹਾਂ ਨੂੰ ਹੁਕਮ ਸੀ ਕਿ ਲਗਾਤਾਰ ਅਗੜ-ਪਿੱਛੇ ਬੈਂਤ ਜੜਨੇ ਜਾਰੀ ਰਖੇ ਜਾਣ, ਜਿੰਨਾਂ ਚਿਰ ਉਹ ਆਪ ਬੰਦ ਕਰਨ ਦਾ ਇਸ਼ਾਰਾ ਨਾ ਕਰੇ।

ਬੈਂਤਾਂ ਜੜਨ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਕੱਲਾ-ਇਕੱਲਾ ਕੈਦੀ ਜਕੜਿਆ ਗਿਆ। ਤਿੰਨੇ ਬੈਂਤਬਾਜ਼ ਲਗਾਤਾਰ ਬੈਂਤ ਜੜਦੇ ਗਏ। ਜਿਸ ਵੇਲੇ ਸੋਂਧੀ ਸਾਹਿਬ ਦਾ ਢਿੱਡ ਭਰ ਗਿਆ ਅਤੇ ਸਾਰਿਆਂ ਦੇ ਬੈਂਤਾਂ ਲੱਗ ਚੁਕੀਆਂ ਤਾਂ ਸੱਤਾਂ ਨੂੰ ਹੀ ਕੇਸਾਂ ਤੋਂ ਫੜ ਕੇ ਘੜੀਸ-ਘੜੀਸ ਕੋਠੀਆਂ ਵਿਚ ਲਿਜਾ ਸੁਟਿਆ ਗਿਆ। ਉਹਨਾਂ ਵਿਚੋਂ ਹਰੇਕ ਦੀ ਬੇੜੀ ਦੇ ਕੜੇ ਵਿਚ ਇਕ ਹੋਰ ਸੰਗਲੀ ਫਿੱਟ ਕਰਵਾ ਦਿੱਤੀ ਗਈ ਅਤੇ ਪਹਿਰੇ ਵਾਲੇ ਲੰਬੜਦਾਰਾਂ ਨੂੰ ਸਖ਼ਤ ਹਦਾਇਤ ਕਰ ਦਿੱਤੀ ਗਈ ਕਿ ਜਿਸ ਵੇਲੇ ਕੋਈ ਹੋਸ਼ ਵਿਚ ਆ ਜਾਵੇ, ਉਹਨੂੰ ਸੌਣ ਨਾ ਦਿੱਤਾ ਜਾਵੇ। ਲੰਬੜਦਾਰ ਆਪ ਤਾਂ ਵਾਰੀ-ਵਾਰੀ ਸੌਂ ਲਿਆ ਕਰਨ, ਪਰ ਕੈਦੀ ਜਿਸ ਵੇਲੇ ਸੌਣ ਲੱਗੇ, ਸੰਗਲੀ ਖਿੱਚ ਕੇ ਜਗਾਈ ਰਖਿਆ ਜਾਵੇ। ਸੋਂਧੀ ਸਾਹਿਬ ਅੱਧੀ-ਅੱਧੀ ਰਾਤੀਂ ਉੱਠ ਕੇ ਆਪ ਆ ਕੇ ਦੇਖਦਾ ਸੀ ਕਿ ਉਹਦੇ ਹੁਕਮ ਦੀ ਤਾਮੀਲ ਹੋ ਰਹੀ ਹੈ ਜਾਂ ਨਹੀਂ।

ਜਦੋਂ ਭਗੌੜਿਆਂ ਨੇ ਜ਼ਰਾ ਸੁਰਤ ਸੰਭਾਲੀ ਤਾਂ ਮਫ਼ਰੂਰੀ ਦਾ ਮੁਕੱਦਮਾ ਚਲਾ ਕੇ

ਦੋ-ਦੋ ਸਾਲ ਕੈਦ ਦੀ ਸਜ਼ਾ ਹੋਰ ਦੇ ਦਿੱਤੀ ਗਈ। ਮੁਲਤਾਨ ਜਿਹਲ ਵਿਚੋਂ ਕਰਮ ਸਿੰਘ ਝਿੰਗੜ, ਸੁੰਦਰ ਸਿੰਘ ਮਖਸੂਸਪੁਰੀ, ਠਾਕੁਰ ਸਿੰਘ ਭਾਰਟਾ, ਗਿਆਨੀ ਕਰਤਾਰ ਸਿੰਘ ਗੋਂਦਪੁਰ ਤੇ ਬਚਿੰਤ ਸਿੰਘ ਦਮੁੰਢਾ, ਪੰਜੇ ਬਬਰ ਅਤੇ ਛੇਵਾਂ ਅਹਿਮਦਗੜ੍ਹ ਡਕੈਤੀ ਵਾਲਾ ਹਰਨਾਮ ਸਿੰਘ ਚਮਕ ਦੁਬਾਰਾ ਮਿੰਟਗੁਮਰੀ ਜਿਹਲ ਵਿਚ ਪੁੱਜ ਚੁੱਕੇ ਸਨ। ਜਿਸ ਵੇਲੇ ਭਗੌੜਿਆਂ ਦੇ ਹਸ਼ਰ ਦਾ ਇਹਨਾਂ ਨੂੰ ਪਤਾ ਲਗਿਆ ਤਾਂ ਬਬਰਾਂ ਨੇ, ਸਣੇ ਚਮਕ ਸਾਹਿਬ ਦੇ, ਮੁੜ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ ਕਿ ਜਿੰਨਾ ਚਿਰ ਜਿਹਲ-ਅਧਿਕਾਰੀ ਕੈਦੀਆਂ ਉੱਤੇ ਕੀਤਾ ਜਾ ਰਿਹਾ ਜ਼ੁਲਮ ਬੰਦ ਨਹੀਂ ਕਰਦੇ, ਭੁੱਖ-ਹੜਤਾਲ ਜਾਰੀ ਰਹੇਗੀ। ਅਧਿਕਾਰੀਆਂ ਨੂੰ ਪਹਿਲਾਂ ਜਿਹਲ ਦੇ ਕਾਨੂੰਨ ਦੀ ਆਪ ਪਾਬੰਦੀ ਕਰਨੀ ਚਾਹੀਦੀ ਹੈ, ਬਾਅਦ ਵਿਚ ਕੈਦੀਆਂ ਤੋਂ ਆਸ ਰੱਖਣੀ ਚਾਹੀਦੀ ਹੈ।

ਸੋਂਧੀ ਸਾਹਿਬ ਨੇ ਛਿਆਂ ਭੁੱਖ-ਹੜਤਾਲੀਆਂ ਦਾ ਚਲਾਨ ਖ਼ੁਦਕਸ਼ੀ ਦੇ ਜੁਰਮ ਵਿਚ ਅਦਾਲਤ ਵਿਚ ਪੇਸ਼ ਕਰ ਦਿੱਤਾ। ਅਦਾਲਤ ਨੇ ਇਹਨਾਂ ਤੋਂ ਭੁੱਖ-ਹੜਤਾਲ ਕਰਨ ਦੀ ਵਜਾਹ ਪੁੱਛੀ। ਕਰਮ ਸਿੰਘ ਝਿੰਗੜ ਨੇ ਅਦਾਲਤ ਨੂੰ ਕਾਰਨ ਦੱਸਣਾ ਸ਼ੁਰੂ ਕੀਤਾ।

ਮੁਕੱਦਮਾ ਕਿਉਂਕਿ ਖੁੱਲ੍ਹੀ ਅਦਾਲਤ ਵਿਚ ਪੇਸ਼ ਹੋਇਆ ਸੀ, ਅਖ਼ਬਾਰਾ ਦੇ ਰਿਪੋਰਟਰ ਵੀ ਮੌਜੂਦ ਹੁੰਦੇ ਸਨ। ਉਹਨਾਂ ਨੇ ਝਿੰਗੜ ਸਾਹਬ ਦੇ ਬਿਆਨ ਦੀ ਇਕੱਲੀ-ਇਕੱਲੀ ਗੱਲ ਨੋਟ ਕਰ ਲਈ ਸੀ। ਅਗਲੇ ਹੀ ਦਿਨ ਲਾਹੌਰ ਦੇ ਸਾਰੇ ਉੱਘੇ ਅਖ਼ਬਾਰਾਂ ਵਿਚ ਬੜੀਆਂ ਮੋਟੀਆਂ ਸੁਰਖੀਆਂ ਥੱਲੇ ਝਿੰਗੜ ਸਾਹਿਬ ਦਾ ਬਿਆਨ ਛਪ ਗਿਆ। ਸਾਰੇ ਪੰਜਾਬ ਵਿਚ ਤਰਥਲੀ ਮੱਚ ਗਈ।

ਇਕ ਦਿਨ ਸੋਂਧੀ ਸਾਹਿਬ ਗੋਪਾਲ ਸਿੰਘ ਕੌਮੀ ਕੋਲ ਜਾ ਪੁੱਜਿਆ। ਉਹ ਮੁਕੱਦਮਾ ਪਹਿਲਾਂ ਹੀ ਵਾਪਸ ਲੈ ਚੁਕਿਆ ਸੀ, ਕਿਉਂਕਿ ਸਰਕਾਰੀ ਵਕੀਲ ਨੇ ਉਹਨੂੰ ਸਾਫ਼ ਦੱਸ ਦਿੱਤਾ ਸੀ ਕਿ ਇਸ ਕੇਸ ਵਿਚ ਉੱਕਾ ਹੀ ਕੋਈ ਜਾਨ ਨਹੀਂ। ਕੌਮੀ ਸਾਹਬ ਬਹੁਤ ਨਰਮ ਸੁਭਾਅ ਦੇ ਵਿਅਕਤੀ ਸਨ ਅਤੇ ਇਹਦੇ ਖ਼ਾਨਦਾਨ ਨੂੰ ਭਲੀ ਪ੍ਰਕਾਰ ਜਾਣਦੇ ਸਨ। ਸੋ ਉਹ ਇਹਦੇ ਨਾਲ ਸਿੱਧੇ ਕਰਮ ਸਿੰਘ ਝਿੰਗੜ ਕੋਲ ਗਏ ਅਤੇ ਸੋਂਧੀ ਸਾਹਬ ਨੇ ਝਿੰਗੜ ਸਾਹਬ ਨੂੰ ਕਿਹਾ ਕਿ ਉਹ ਅਗੋਂ ਬਬਰਾਂ ਨਾਲ ਕਦੀ ਵਧੀਕੀ ਨਹੀਂ ਕਰੇਗਾ। ਮੁਕਦੀ ਗਲ ਦੋਹਾਂ ਧਿਰਾਂ ਦੀ ਸਹਿਮਤੀ ਨਾਲ ਪੰਜੇ ਬਬਰ ਅਤੇ ਚਮਕ ਸਾਹਬ ਕੋਠੀਆਂ ਵਿਚੋਂ ਕੱਢ ਦਿੱਤੇ ਗਏ। ਬਬਰ ਹਜ਼ਾਰਾ ਸਿੰਘ ਦੀ ਡੰਡਾ-ਬੇੜੀ ਖੁਲ੍ਹਾ ਕੇ ਬਬਰਾਂ ਨਾਲ ਹੀ ਬੈਰਕ ਵਿਚ ਲਿਆ ਬੰਦ ਕੀਤਾ। ਭਗੌੜਿਆਂ ਨੂੰ ਹਸਪਤਾਲ ਪੁਚਾ ਦਿੱਤਾ ਗਿਆ।

ਇਹਦੇ ਨਾਲ ਹੀ ਉਸ ਪੁਰਾਣੀ ਰਸਮ ਦਾ ਵੀ ਫਾਤਿਹਾ ਪੜ੍ਹਿਆ ਗਿਆ, ਜਿਹੜੀ ਸ਼ੁਰੂ ਤੋਂ ਹੀ ਬੜੀ ਪਾਬੰਦੀ ਨਾਲ ਚਲੀ ਆ ਰਹੀ ਸੀ, ਜਿਸ ਦਾ ਨਾਂ ਸੀ ਬਾਟਾ ਪਰੇਡ।

ਇਹ ਵੱਖਰੀ ਗੱਲ ਹੈ ਕਿ ਉਸ ਵੇਲੇ ਜਿਹਲ ਦੇ ਅਧਿਕਾਰੀਆਂ ਨੇ ਵਕਤ-ਕਟੀ ਲਈ ਹਾਰ ਮੰਨ ਲਈ ਸੀ, ਪਰ ਅੰਦਰੋਂ-ਅੰਦਰੀ ਉਚੇ ਅਧਿਕਾਰੀ ਅਧਮੋਏ ਸੱਪ ਵਾਂਗੂੰ ਵਿਸ ਘੋਲ ਰਹੇ ਸਨ। ਉਹਨਾਂ ਨੇ ਹਰ ਕੀਮਤ ਉੱਤੇ ਬਬਰਾਂ ਨੂੰ ਹਾਰ ਦੇਣ ਦੀਆਂ ਗੋਂਦਾ ਗੁੰਦਣੀਆਂ ਅੰਦਰੋਂ-ਅੰਦਰੀ ਸ਼ੁਰੂ ਕਰ ਦਿਤੀਆਂ ਸਨ।

# 72. 1938 ਵਿਚ ਪੰਜਾਬ ਦੀਆਂ ਜਿਹਲਾਂ ਵਿਚੋਂ ਬਬਰਾਂ ਅਤੇ ਹੋਰ ਕਰਾਂਤੀਕਾਰੀਆਂ ਦੀਆਂ ਰਿਹਾਈਆਂ

ਦੋਵਾਂ ਕੇਸਾਂ ਵਿਚ ਕੈਦ ਹੋਏ ਬਬਰਾਂ ਬਾਬਤ ਇਹ ਆਖ਼ਰੀ ਕਾਂਡ ਹੀ ਸਮਝਣਾ ਚਾਹੀਦਾ ਹੈ। ਬਾਹਰ ਆ ਕੇ ਉਹਨਾਂ ਨੇ ਜੋ ਕਾਰਨਾਮੇ ਕੀਤੇ, ਉਹ ਵੱਖਰੇ ਸਿਰਲੇਖ ਹੇਠ ਲਿਖੇ ਜਾਣਗੇ, ਕਿਉਂਕਿ ਇਹਨਾਂ ਹੀ ਬਬਰਾਂ ਨੇ ਹੋਰ ਨਾਂ ਥੱਲੇ, ਪਰ ਪਹਿਲੀ ਲਹਿਰ ਦੀਆਂ ਲੀਹਾਂ ਉੱਤੇ ਹੀ "ਜੁੱਗ-ਪਲਟਾਊ ਲਹਿਰ" ਸ਼ੁਰੂ ਕੀਤੀ ਸੀ।

ਸ਼ੁਰੂ ਜਨਵਰੀ 1938 ਵਿਚ ਦੇਸ ਭਰ ਦੀਆਂ ਜਿਹਲਾਂ ਦੇ ਕੁੱਲ ਕਰਾਂਤੀਕਾਰੀਆਂ ਨੇ ਐਲਾਨ ਕਰ ਦਿੱਤਾ ਕਿ ਉਹ ਵੀ ਉਨੇਂ ਹੀ ਦੇਸਭਗਤ ਹਨ ਜਿੰਨੇ ਕਾਂਗਰਸੀ ; ਜੇ ਨਵੀਆਂ ਬਣੀਆਂ ਕਾਂਗਰਸੀ ਸਰਕਾਰਾਂ ਵੱਲੋਂ ਕਾਂਗਰਸੀ ਜਿਹਲਾ ਵਿਚੋਂ ਛੱਡੇ ਜਾ ਸਕਦੇ ਹਨ ਤਾਂ ਕਰਾਂਤੀਕਾਰੀ ਕਿਉਂ ਨਹੀਂ ਛੱਡੇ ਜਾ ਸਕਦੇ।

ਇਸ ਐਲਾਨ ਮੁਤਾਬਿਕ ਪੰਜਾਬ ਦੀਆਂ ਦੋ ਜਿਹਲਾਂ, ਲਾਹੌਰ ਅਤੇ ਮੁਲਤਾਨ ਵਿਚ ਸਭ ਤੋਂ ਪਹਿਲਾਂ ਗਦਰੀ ਬਾਬਾ ਗੁਰਮੁਖ ਸਿੰਘ ਅਤੇ ਬਬਰ ਸੁਰੈਣ ਸਿੰਘ ਦੌਲਤਪੁਰੀ ਨੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਅਗਲੇ ਹੀ ਦਿਨ ਦੋ ਹੋਰ ਬਬਰਾਂ ਭੋਲਾ ਸਿੰਘ ਧਾਮੀਆਂ (ਸ਼ਹੀਦ ਬੰਤਾ ਸਿੰਘ ਦਾ ਵੱਡਾ ਭਰਾ) ਅਤੇ ਭੋਲਾ ਸਿੰਘ ਕਾਠੇ ਨੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਤੀਜੇ ਦਿਨ ਦੋਹਾਂ ਜਿਹਲਾਂ ਦੇ ਸਭ ਕਰਾਂਤੀਕਾਰੀਆਂ ਨੇ ਭੁੱਖ-ਹੜਤਾਲ ਸ਼ੁਰੂ ਕਰ ਦਿਤੀ। ਵੇਰਵਾ ਇਸ ਪ੍ਰਕਾਰ ਹੈ : ਬਬਰ ਸੁੰਦਰ ਸਿੰਘ ਮਖ਼ਸੂਸਪੁਰੀ, ਊਧਮ ਸਿੰਘ ਸੂਰਾਨੁੱਸੀ ਤੇ ਬਚਿੱਤ ਸਿੰਘ ਦਮੁੰਢਾ; ਅਹਿਮਦਗੜ੍ਹ ਡਕੈਤੀ ਕੇਸ ਵਾਲੇ ਹਰਨਾਮ ਸਿੰਘ ਚਮਕ ਤੇ ਸ਼ੇਰ ਜੰਗ; ਭਗਤ ਸਿੰਘ ਕੇਸ ਵਾਲੇ ਕਿਸ਼ੋਰੀ ਲਾਲ, ਧਨਵੰਤਰੀ, ਮਨੀ ਰਾਮ, ਖ਼ੁਸ਼ੀ ਰਾਮ, ਰੂਪ ਲਾਲ, ਜਗੀਰੀ ਲਾਲ, ਵਗੈਰਾ; ਗੁਲਾਬ ਸਿੰਘ ਤੇ ਹਜ਼ਾਰਾ ਸਿੰਘ ਕਿਰਤੀ ਅਤੇ ਕਈ ਹੋਰ।

ਮਿੰਟਗੁਮਰੀ ਜਿਹਲ ਵਿਚ ਬਬਰ ਬੂਟਾ ਸਿੰਘ ਪਿੰਡੋਰੀ ਨਿਝਰਾਂ, ਹਜ਼ਾਰਾ ਸਿੰਘ, ਤਾਰਾ ਸਿੰਘ ਜ਼ਿਲਾ ਗੁਰਦਾਸਪੁਰ, ਕੁੰਦਨ ਲਾਲ, ਨਥੂ ਰਾਮ, ਵਗੈਰਾ ਸਭ ਸ਼ਾਮਲ ਹੋ ਗਏ। ਉਹਨਾਂ ਦਿਨਾਂ ਵਿਚ ਬਬਰ ਕਰਮ ਸਿੰਘ ਝਿੰਗੜ ਮੁਲਤਾਨ ਜਿਹਲ ਦੇ ਹਸਪਤਾਲ ਵਿਚ ਸਖ਼ਤ ਬੀਮਾਰ ਪਿਆ ਸੀ। ਇਸੇ ਤਰ੍ਹਾਂ ਮੁਲਕ ਦੇ ਸਾਰੇ ਕਰਾਂਤੀ

ਕਾਰੀਆਂ ਨੇ ਸਾਰੀਆਂ ਜਿਹਲਾਂ ਵਿਚ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਕਾਂਗਰਸ ਦੇ ਇਕ ਭਰੇ ਇਜਲਾਸ ਵਿਚ ਯੂ ਪੀ ਦੇ ਚੀਫ ਮਨਿਸਟਰ ਪੰਤ ਜੀ ਨੇ ਐਲਾਨ ਕਰ ਦਿੱਤਾ ਕਿ ਉਹ ਲਖਨਊ ਪੁਜਦਿਆਂ ਹੀ ਸਭ ਕਰਾਂਤੀਕਾਰੀਆਂ ਦੀ ਰਿਹਾਈ ਦਾ ਹੁਕਮ ਜਾਰੀ ਕਰ ਦੇਣਗੇ ਜਿਹੜੇ ਐਸ ਵੇਲੇ ਯੂ ਪੀ ਦੀਆਂ ਜਿਹਲਾਂ ਵਿਚ ਸਜ਼ਾਵਾਂ ਭੁਗਤ ਰਹੇ ਹਨ। ਉਹਦੀ ਪੈਰਵੀ ਬਿਹਾਰ ਦੇ ਚੀਫ ਮਨਿਸਟਰ ਨੇ ਵੀ ਭਰੇ ਇਜਲਾਸ ਵਿਚ ਕਰ ਦਿੱਤੀ।

ਵਜ਼ਾਰਤਾਂ ਦੇ ਫੈਸਲਿਆਂ ਉੱਤੇ ਉੱਨਾਂ ਚਿਰ ਅਮਲ ਨਹੀਂ ਸੀ ਹੋ ਸਕਦਾ, ਜਿੰਨਾ ਚਿਰ ਸੂਬੇ ਦਾ ਗਵਰਨਰ ਮਨਜ਼ੂਰੀ ਨਹੀਂ ਸੀ ਦੇ ਦਿੰਦਾ। ਗੋਰਾਸ਼ਾਹੀ ਇਸ ਯਕਤਰਫਾ ਹੁਕਮ ਨੂੰ ਕਿਵੇਂ ਬਰਦਾਸਤ ਕਰ ਸਕਦੀ ਸੀ। ਸੋ ਦੋਹਾਂ ਗਵਰਨਰਾਂ ਨੇ ਦੋਹਾਂ ਵਜ਼ਾਰਤਾਂ ਦੇ ਫੈਸਲੇ ਨੂੰ ਠਕਰਾ ਦਿੱਤਾ ਅਤੇ ਕਿਹਾ ਕਿ ਅੰਗਰੇਜ ਹਕੂਮਤ ਇਸ ਫ਼ੈਸਲੇ ਨੂੰ ਮਨਜ਼ੂਰੀ ਨਹੀਂ ਦੇ ਸਕਦੀ। ਉਹ ਪਹਿਲਾ ਲਿਖਕੇ ਦੇਣ ਕਿ ਅੱਗੇ ਲਈ ਨਾ ਤਾਂ ਉਹ ਕਿਸੇ ਅੰਗਰੇਜ਼ ਨੂੰ ਕਤਲ ਕਰਨਗੇ ਅਤੇ ਨਾ ਹੀ ਕਿਸੇ ਦੇਸੀ ਸਰਕਾਰੀ ਅਫ਼ਸਰ ਜਾਂ ਖ਼ੈਰ-ਖਵਾਹ ਨੂੰ ਕਤਲ ਕਰਨਗੇ।

ਸਹੀ ਅਰਥਾਂ ਵਿਚ ਅੰਗਰੇਜ ਨੇ ਹਿੰਦੁਸਤਾਨੀਆਂ ਨੂੰ ਹਕੂਮਤ ਨਹੀਂ ਸੀ ਸੰਭਾਲੀ, ਨਿਆਣਾ ਪਰਚਾਉਣ ਵਾਂਗੂੰ ਛਣਛਣਾ ਹੀ ਹੱਥ ਫੜਾਇਆ ਸੀ। ਨਕੇਲ ਆਪਣੇ ਹੱਥ ਹੀ ਰੱਖੀ ਸੀ।

ਮਹਾਤਮਾ ਗਾਂਧੀ ਜੀ ਵਲੋਂ ਇਕ ਹੋਰ ਨਵਾਂ ਐਲਾਨ ਹੋ ਗਿਆ ਕਿ ਜੇ ਸੂਬੇ ਦਾ ਚੀਫ ਮਨਿਸਟਰ ਆਪਣੀ ਕੈਬੀਨਿਟ ਦੇ ਫ਼ੈਸਲੇ ਮੁਤਾਬਿਕ ਇਕ ਕੈਦੀ ਨੂੰ ਵੀ ਰਿਹਾ ਨਹੀਂ ਕਰ ਸਕਦਾ ਤਾਂ ਉਹ ਕਾਹਦਾ ਚੀਫ਼ ਮਨਿਸਟਰ ਹੈ ਅਤੇ ਉਹਦੀ ਵਜ਼ਾਰਤ ਦੀ ਕੀ ਕੀਮਤ ਰਹਿ ਜਾਂਦੀ ਹੈ। ਸੋ ਸੱਤਾਂ ਸੂਬਿਆਂ ਦੀਆਂ ਕਾਂਗਰਸੀ ਵਜ਼ਾਰਤਾਂ ਨੇ ਆਪਣੇ ਅਸਤੀਫੇ ਗਵਰਨਰਾਂ ਦੇ ਹੱਥ ਫੜਾ ਦਿੱਤੇ।

ਗਵਰਨਰ ਜਨਰਲ ਕੁੜੱਕੀ ਵਿਚ ਫਸ ਗਿਆ। ਜਾਂ ਤਾਂ ਸੱਤਾਂ ਕਾਂਗਰਸੀ ਵਜ਼ਾਰਤਾਂ ਦੇ ਅਸਤੀਫੇ ਮਨਜ਼ੂਰ ਕੀਤੇ ਜਾਣ ਜਾਂ ਸਭ ਕਰਾਂਤੀਕਾਰੀਆਂ ਨੂੰ ਜਿਹਲਾਂ ਵਿਚੋਂ ਬਾਹਰ ਕਢਿਆ ਜਾਵੇ। ਸੋ ਸੱਤਾ ਸੂਬਿਆਂ ਦੀਆਂ ਕਾਂਗਰਸੀ ਵਜ਼ਾਰਤਾਂ ਦੇ ਅਸਤੀਫੇ ਨਾ-ਮਨਜ਼ੂਰ ਕਰਨੇ ਪਏ ਅਤੇ ਸੱਤਾਂ ਸੂਬਿਆਂ ਦੇ ਕਰਾਂਤੀਕਾਰੀ ਜਿਹਲਾਂ ਵਿਚੋਂ ਬਾਹਰ ਆਉਣੇ ਸ਼ੁਰੂ ਹੋ ਗਏ।

ਏਸ ਫ਼ੈਸਲੇ ਦਾ ਅਸਰ ਬਾਕੀ ਚਹੁੰ ਸੂਬਿਆਂ ਉੱਤੇ ਪੈਣਾ ਹੀ ਸੀ ਕਿ ਇੱਕੋ ਜਿਹੇ ਜੁਰਮ ਕਰਨ ਵਾਲੇ ਇੱਕੋ ਅਦਾਲਤ ਚੋਂ ਸਜ਼ਾ ਖਾ ਚੁੱਕੇ ਹੋਣ, ਕੁਝ ਤਾਂ ਬਾਹਰ ਆ ਜਾਣ ਅਤੇ ਕੁਝ ਬੰਦ ਰਹਿਣ। ਤੇ ਉਹ ਸਰਕਾਰਾਂ ਵੀ ਲੋਕਾਂ ਦੀਆਂ ਵੋਟਾਂ ਨਾਲ ਚੁਣੀਆਂ ਗਈਆਂ ਹੋਣ ਅਤੇ ਉਹਨਾਂ ਦੇ ਅਧਿਕਾਰ ਵੀ ਕਾਂਗਰਸੀ ਵਜੀਰਾਂ ਜਿੰਨੇ ਹੀ ਹੋਣ। ਸੋ ਪੰਜਾਬ ਦਾ ਚੀਫ ਮਨਿਸਟਰ ਸਿਕੰਦਰ ਹਿਯਾਤ ਪਹਿਲਾਂ ਤਾਂ ਪੰਜਾਬ ਦੇ ਗਵਰਨਰ ਨੂੰ ਮਿਲਿਆ ਅਤੇ ਫੇਰ ਸਿੱਧਾ ਦਿੱਲੀ ਗਵਰਨਰ ਜਨਰਲ ਨੂੰ ਜਾ ਮਿਲਿਆ। ਸੋ ਉਹ ਵੀ ਮਨਜ਼ੂਰੀ ਹਾਸਲ ਕਰਨ ਵਿਚ ਕਾਮਯਾਬ ਹੋ ਕੇ ਲਾਹੌਰ ਪਰਤ ਆਇਆ।

ਲਾਹੌਰ ਪੁਜਦਿਆਂ ਸਰ ਸਿਕੰਦਰ ਹਿਯਾਤ ਨੇ ਕਾਂਗਰਸ ਧੜੇ ਦੇ ਲੀਡਰ ਡਾਕਟਰ ਗੋਪੀ ਚੰਦ ਭਾਰਗੋ ਨੂੰ ਸੱਦ ਘਲਿਆ ਅਤੇ ਕਿਹਾ ਕਿ ਉਹ ਪੰਜਾਬ ਸਰਕਾਰ ਵੱਲੋਂ ਜ਼ਾਤੀ ਤੌਰ ਉੱਤੇ ਜਿਹਲਾਂ ਅੰਦਰ ਜਾ ਕੇ ਸਭ ਕਰਾਂਤੀਕਾਰੀਆਂ ਨੂੰ ਯਕੀਨ ਦੁਆ

ਦੇਵੇ ਕਿ ਪੰਜਾਬ ਸਰਕਾਰ 1938 ਦੇ ਅੰਦਰ-ਅੰਦਰ ਉਹਨਾਂ ਨੂੰ ਰਿਹਾ ਕਰ ਦੇਵੇਗੀ, ਉਹ ਭੁੱਖ-ਹੜਤਾਲ ਸਮਾਪਤ ਕਰ ਦੇਣ। ਸਰਕਾਰ ਨੇ ਸਭ ਜਿਹਲਾਂ ਦੇ ਅਧਿਕਾਰੀਆਂ ਨੂੰ ਇਹ ਹਦਾਇਤਾਂ ਵੀ ਜਾਰੀ ਕਰ ਦਿੱਤੀਆਂ ਕਿ ਸਭ ਕਰਾਂਤੀਕਾਰੀ ਕੈਦੀਆਂ ਨੂੰ ਸਿਆਸੀ ਕੈਦੀ ਸਮਝ ਕੇ ਉਹ ਸਭ ਸਹੂਲਤਾਂ ਦਿੱਤੀਆਂ ਜਾਣ ਜੋ ਜਿਹਲ ਦੇ ਕਾਨੂੰਨ ਮੁਤਾਬਿਕ ਸਿਆਸੀ ਕੈਦੀਆਂ ਲਈ ਬਣਦੀਆਂ ਹਨ ।

1938 ਦੇ ਸ਼ੁਰੂ ਵਿਚ ਬਬਰਾਂ ਦੀਆਂ ਰਿਹਾਈਆਂ ਸ਼ੁਰੂ ਹੋਈਆਂ। ਮਾਰਸ਼ਲ-ਲਾਅ ਅਤੇ ਗ਼ਦਰ ਪਾਰਟੀ ਵਾਲੇ ਸਭ 1937 ਵਿਚ ਹੀ ਛੱਡ ਦਿੱਤੇ ਗਏ ਸਨ, ਕਿਉਂਕਿ ਉਹਨਾਂ ਦੀ ਕੈਦ ਦੀ ਮਿਆਦ ਪੁੱਗ ਚੁੱਕੀ ਸੀ । ਸਿਰਫ ਬਾਬਾ ਗੁਰਮੁਖ ਸਿੰਘ ਜੀ ਹੀ ਸਭ ਤੋਂ ਅਖ਼ੀਰ ਵਿਚ ਰਿਹਾ ਹੋਏ ਸਨ।

ਸਭ ਤੋਂ ਪਹਿਲਾਂ ਮਾਰਚ 1938 ਵਿਚ ਕਰਤਾਰ ਸਿੰਘ ਪਿੰਡੋਰੀ ਨਿੱਝਰਾਂ, ਆਤਮਾ ਸਿੰਘ ਬੀਕਾ ਅਤੇ ਤੇਜਾ ਸਿੰਘ ਆਲੋਵਾਲਾ ਛੱਡ ਦਿੱਤੇ ਗਏ। ਇਸੇ ਤੇਜਾ ਸਿੰਘ ਦਾ ਸਕਾ ਭਰਾ ਨਿੱਕਾ ਸਿੰਘ 27 ਫਰਵਰੀ 1927 ਨੂੰ ਬਾਕੀ ਪੰਜਾਂ ਸਾਥੀਆਂ ਨਾਲ ਫਾਂਸੀ ਚੜ੍ਹ ਗਿਆ ਸੀ।

21 ਅਪ੍ਰੈਲ 1938 ਨੂੰ ਕਰਮ ਸਿੰਘ ਝਿੰਗੜ, ਬੂਟਾ ਸਿੰਘ ਪਿੰਡੋਰੀ ਨਿੱਝਰਾਂ, ਮਾਨ ਸਿੰਘ ਗੁਜਰਾਂਵਾਲਾ, ਈਸ਼ਰ ਸਿੰਘ ਡਿਚਕੋਟ ਅਤੇ ਗੁਰਦਿਤ ਸਿੰਘ ਅਲੀਪੁਰ ਰਿਹਾ ਕਰ ਦਿਤੇ ਗਏ। ਪਰ ਕੁਦਰਤ ਨੇ ਇਕ ਨਵਾਂ ਭਾਣਾ ਵਰਤਾ ਦਿੱਤਾ। ਜਿਸ ਵੇਲੇ ਉੱਪਰ ਦੱਸੇ ਪੰਜਾਂ ਬਬਰਾਂ ਦੀ ਰਿਹਾਈ ਦਾ ਹੁਕਮ ਜਿਹਲ ਦੇ ਅਧਿਕਾਰੀਆਂ ਕੋਲ ਪੁਜਿਆ, ਉਸ ਵੇਲੇ ਕਰਮ ਸਿੰਘ ਝਿੰਗੜ ਅਤੇ ਗੁਰਦਿਤ ਸਿੰਘ ਅਲੀਪੁਰ ਜਿਹਲ ਦੇ ਹਸਪਤਾਲ ਵਿਚ ਬੀਮਾਰ ਪਏ ਸਨ । ਜਿਸ ਵੇਲੇ ਜਿਹਲ-ਅਧਿਕਾਰੀ ਉਹਨਾਂ ਕੋਲ ਪੁੱਜੇ ਅਤੇ ਰਿਹਾਈ ਬਾਬਤ ਦਸਿਆ, ਉਸੇ ਵੇਲੇ ਦੋਵਾਂ ਨੇ ਪ੍ਰਾਣ ਤਿਆਗ ਦਿੱਤੇ। ਦੋਵਾਂ ਬਬਰਾਂ ਦਾ ਅੰਤਮ ਸੰਸਕਾਰ ਮੁਲਤਾਨ ਜਿਹਲ ਦੇ ਉਸੇ ਸ਼ਮਸ਼ਾਨ ਘਾਟ ਵਿਚ ਕਰ ਦਿਤਾ ਗਿਆ ਜਿਥੇ ਪਹਿਲਾਂ ਕਈ ਦੇਸਭਗਤਾਂ ਦਾ ਕੀਤਾ ਜਾ ਚੁਕਿਆ ਸੀ।

11 ਮਈ 1938 ਨੂੰ ਮਾਸਟਰ ਦਲੀਪ ਸਿੰਘ ਗੋਸਲ, ਸੰਤ ਠਾਕਰ ਸਿੰਘ ਰਾਜੋਵਾਲ, ਭੋਲਾ ਸਿੰਘ ਧਾਮੀਆਂ, ਭੋਲਾ ਸਿੰਘ ਕਾਠਾ ਅਤੇ ਪਿਆਰਾ ਸਿੰਘ ਧਾਮੀਆਂ ਛੱਡ ਦਿਤੇ ਗਏ।

ਜੁਲਾਈ 1938 ਵਿਚ ਸੁਰੈਣ ਸਿੰਘ ਦੌਲਤਪੁਰ, ਊਧਮ ਸਿੰਘ ਸੂਰਾਨੁੱਸੀ ਅਤੇ ਗਿਆਨ ਸਿੰਘ ਆਲੋਵਾਲ ਛੱਡ ਦਿਤੇ ਗਏ। ਸਭ ਤੋਂ ਆਖੀਰ ਵਿਚ ਹਜ਼ਾਰਾ ਸਿੰਘ ਮੰਡੇਰੀਆ, ਬਚਿੰਤ ਸਿੰਘ ਦਮੁੰਢਾ ਅਤੇ ਭਾਈ ਸੁੰਦਰ ਸਿੰਘ ਮਖ਼ਸੂਸਪੁਰ ਛਡੇ ਗਏ ਸਨ। ਸੋ ਸਾਰੇ ਬਬਰ ਅਗਸਤ ਤੱਕ ਛੱਡੇ ਜਾ ਚੁੱਕੇ ਸਨ।

ਇਹਤੋਂ ਬਾਅਦ ਅਹਿਮਦਗੜ੍ਹ ਡਕੈਤੀ ਕੇਸ ਵਾਲਿਆਂ ਦੀ ਵਾਰੀ ਆਈ ਅਤੇ ਸ਼ੇਰ ਜੰਗ, ਹਰਨਾਮ ਸਿੰਘ ਚਮਕ, ਸਾਹਬ ਸਿੰਘ ਤੇ ਗਿਆਨੀ ਜਸਵੰਤ ਸਿੰਘ ਛੱਡ ਦਿਤੇ ਗਏ।

ਅਖ਼ੀਰ ਵਿਚ ਭਗਤ ਸਿੰਘ ਕੇਸ ਵਾਲੇ ਪੰਡਿਤ ਕਿਸ਼ੋਰੀ ਲਾਲ, ਗੁਲਾਬ ਸਿੰਘ, ਧਨਵੰਤਰੀ ਅਤੇ ਉਹਨਾਂ ਦੇ ਬਾਕੀ ਸਭ ਸਾਥੀ 1938 ਦਾ ਸਾਲ ਖ਼ਤਮ ਹੋਣ ਤੋਂ ਪਹਿਲਾਂ-ਪਹਿਲਾਂ ਛੱਡ ਦਿਤੇ ਗਏ ਸਨ।

# 73. ਰਤਨ ਸਿੰਘ ਰੱਕੜ ਦੀ ਸ਼ਹੀਦੀ

ਹੁਣ ਮੈਂ ਉਹ ਘਟਨਾਵਾਂ ਦਰਜ ਕਰ ਰਿਹਾ ਹਾਂ ਜਿਹੜੀਆਂ ਇਕ ਕਿਸਮ ਦੀਆਂ ਬਬਰ ਲਹਿਰ ਨਾਲ ਹੀ ਆ ਜੁੜਦੀਆਂ ਹਨ, ਕਿਉਂਕਿ ਇਹਨਾਂ ਘਟਨਾਵਾਂ ਦਾ ਸੰਬੰਧ ਉਹਨਾਂ ਗੱਦਾਰਾਂ ਨੂੰ ਸੋਧੇ ਜਾਣ ਨਾਲ ਹੈ, ਜਿਨ੍ਹਾਂ ਨੇ ਧੋਖਾ ਦੇ ਕੇ ਬਬਰਾਂ ਨੂੰ ਸ਼ਹੀਦ ਕਰਵਾਇਆ ਸੀ ਜਾਂ ਵਾਇਦਾ-ਮੁਆਫ਼ੀ ਲੈ ਕੇ ਸਾਥੀਆਂ ਨੂੰ ਫਾਂਸੀ ਲੁਆਇਆ ਜਾਂ ਕੈਦ ਕਰਵਾਇਆ ਸੀ। ਇਸ ਲਹਿਰ ਵਿਚ ਬਹੁਤਾ ਸਰਗਰਮ ਹਿੱਸਾ ਗਿਆਨੀ ਹਰਬੰਸ ਸਿੰਘ ਛੋਟਾ ਸਰਹਾਲਾ, ਜ਼ਿਲਾ ਹੁਸ਼ਿਆਰਪੁਰ ਨੇ ਪਾਇਆ ਸੀ। ਉਹ ਪਹਿਲੇ ਬਬਰ ਅਕਾਲੀ ਕੇਸ ਦਾ ਵੀ ਮੁਲਜ਼ਮ ਨੰਬਰ 84 ਸੀ ਅਤੇ ਅਖ਼ੀਰ ਵਿਚ 3 ਅਪ੍ਰੈਲ 1944 ਨੂੰ ਲੁਧਿਆਣੇ ਦੀ ਜਿਹਲ ਵਿਚ ਫਾਂਸੀ ਚੜ੍ਹ ਗਿਆ ਸੀ। ਸੋ ਇਹ ਨਵਾਂ ਵੇਰਵਾ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਪਾਠਕਾਂ ਨੂੰ ਏਨੀਂ ਜਾਣਕਾਰੀ ਦੇ ਦੇਣੀ ਚਾਹੁੰਦਾ ਹਾਂ ਕਿ ਗਿਆਨੀ ਹਰਬੰਸ ਸਿੰਘ ਨੇ ਜੁੱਗ-ਪਲਟਾਊ ਪਾਰਟੀ ਬੇਸ਼ਕ 1939 ਵਿਚ ਕਾਇਮ ਕੀਤੀ ਸੀ, ਪਰ ਉਹਨਾਂ ਦੀਆਂ ਸਰਗਰਮੀਆਂ ਬਹੁਤ ਪਹਿਲਾਂ ਤੋਂ ਹੀ ਸ਼ੁਰੂ ਹੋ ਚੁਕੀਆਂ ਸਨ, ਜਦੋਂ ਉਹ ਸ੍ਰੀ ਆਨੰਦਪੁਰ ਸਾਹਿਬ ਦੇ ਗੁਰਦਵਾਰੇ ਵਿਚ ਸਕੱਤਰ ਮੁਕਰੱਰ ਹੋਏ ਸਨ ਅਤੇ ਕੇਸਗੜ੍ਹ ਸਾਹਿਬ ਦੀ ਨਵੀਂ ਉਸਾਰੀ ਖ਼ਤਮ ਹੋ ਚੁੱਕੀ ਸੀ। ਤਕਰੀਬਨ 1933-34 ਦੇ ਗੇੜ ਵਿਚ ਨਵੇਂ ਸੂਰਬੀਰ ਨੌਜਵਾਨਾਂ ਨੇ ਨਵੇਂ ਸਿਰਿਉਂ ਬਬਰ ਲਹਿਰ ਦੀਆਂ ਲੀਹਾਂ ਉੱਤੇ ਹੀ ਕੰਮ ਸ਼ੁਰੂ ਕਰ ਦਿਤਾ ਸੀ ਅਤੇ ਜਿਨ੍ਹਾਂ ਗੱਦਾਰਾਂ ਨੇ ਗਦਰ ਪਾਰਟੀ ਅਤੇ ਬਬਰ ਲਹਿਰ ਦੇ ਆਗੂਆਂ ਨਾਲ ਧੋਖਾ ਕੀਤਾ ਸੀ, ਉਹਨਾਂ ਦੇ ਸੁਧਾਰ ਦਾ ਬੀੜਾ ਚੁੱਕ ਲਿਆ ਸੀ।

ਇਸ ਸੰਬੰਧ ਵਿਚ ਮੈਂ ਪਹਿਲਾ ਨੰਬਰ ਸ਼ਹੀਦ ਰਤਨ ਸਿੰਘ ਪਿੰਡ ਰੱਕੜਾਂ, ਥਾਣਾ ਬਲਾਚੌਰ, ਜ਼ਿਲਾ ਹੁਸ਼ਿਆਰਪੁਰ ਨੂੰ ਦੇ ਰਿਹਾ ਹਾਂ, ਜਿਹੜਾ 1933-34 ਵਿਚ ਸ਼ਹੀਦ ਹੋਇਆ ਸੀ। ਪੱਕੀ ਤਾਰੀਖ਼ ਹੁਣ ਯਾਦ ਨਹੀਂ, ਏਨਾਂ ਜ਼ਰੂਰ ਚੇਤੇ ਹੈ ਕਿ ਰੁੱਤ ਬਰਸਾਤ ਦੀ ਸੀ। ਇਹ ਛੋਟਾ ਜਿਹਾ ਪਿੰਡ ਸਤਲੁਜ ਦਰਿਆ ਦੇ ਕੰਢੇ ਉੱਤੇ ਬਲਾਚੌਰ ਤੋਂ ਤਕਰੀਬਨ ਤਿੰਨ ਕੁ ਮੀਲਾਂ ਉੱਤੇ ਦੱਖਣ ਵੱਲ ਵਸਦਾ ਹੈ।

ਰਤਨ ਸਿੰਘ ਦੀ ਪਹਿਲੀ ਜ਼ਿੰਦਗੀ ਬਾਰੇ ਤਾਂ ਮੈਨੂੰ ਹੋਰ ਕੋਈ ਜਾਣਕਾਰੀ ਨਹੀਂ, ਪਰ ਉਹ ਕਿਸੇ ਕਤਲ ਵਿਚ ਉਮਰ-ਕੈਦ ਭੁਗਤ ਰਿਹਾ ਸੀ। ਉਸ ਸਮੇਂ ਉਹਨੂੰ ਇਕ ਹੋਰ ਇਖ਼ਲਾਕੀ ਉਮਰ ਕੈਦੀ ਅੱਛਰ ਸਿੰਘ ਨਾਲ ਕਾਲੇ ਪਾਣੀ ਲਿਜਾਇਆ ਜਾ ਰਿਹਾ ਸੀ, ਤਾਂ ਦੋਨੋਂ ਦਾਅ ਲੱਗਣ ਉੱਤੇ ਇਕ ਸਿਪਾਹੀ ਤੋਂ ਉਹਦੀ ਰਫ਼ਲ ਖੋਹ ਕੇ ਚਲਦੀ

ਗੱਡੀ ਵਿਚੋਂ ਛਾਲ ਮਾਰ ਭੱਜ ਨਿਕਲੇ। ਕੁਝ ਚਿਰ ਬਾਅਦ ਅੱਛਰ ਸਿੰਘ ਨੂੰ ਮੁੜ ਗਰਿਫ਼ਤਾਰ ਕਰ ਲਿਆ ਗਿਆ ਅਤੇ ਮੁਲਤਾਨ ਦੀ ਜਿਹਲ ਵਿਚ ਬਬਰਾਂ ਨਾਲ ਬੰਦ ਕੀਤਾ ਗਿਆ ਤੇ ਦੋ ਸਾਲ ਕੈਦ ਹੋਰ ਵਧਾ ਦਿੱਤੀ ਗਈ।

ਰਤਨ ਸਿੰਘ ਬਚਦਾ-ਬਚਾਉਂਦਾ ਰਫ਼ਲ ਸਮੇਤ ਦੁਆਬੇ ਵਿਚ ਪੁੱਜਣ ਵਿਚ ਕਾਮਯਾਬ ਹੋ ਗਿਆ। ਉਹਨੇ ਆਉਂਦੇ ਨੇ ਦੋ ਝੋਲੀ-ਚੁੱਕ ਕਤਲ ਕਰਕੇ ਐਲਾਨ ਕਰ ਦਿੱਤਾ ਕਿ ਉਹਨੇ ਬਬਰ ਲਹਿਰ ਦੁਵਾਰਾ ਚਾਲੂ ਕਰ ਦਿੱਤੀ ਹੈ। ਇਹੋ ਵਜਾਹ ਸੀ ਕਿ ਉਹਦੇ ਭਗੌੜੇ ਸਾਥੀ ਅੱਛਰ ਸਿੰਘ ਨੂੰ ਵੀ ਸਰਕਾਰ ਨੇ ਬਬਰ ਬਣਾ ਕੇ ਬਬਰਾਂ ਨਾਲ ਹੀ ਮੁਲਤਾਨ ਦੀ ਜਿਹਲ ਵਿਚ ਬੰਦ ਕਰ ਦਿੱਤਾ ਸੀ, ਜੀਹਤੋਂ ਸਾਰੀ ਗੱਲ ਦਾ ਬਬਰਾਂ ਨੂੰ ਪਤਾ ਲਗਿਆ ਸੀ। ਰਤਨ ਸਿੰਘ ਦੇ ਕੀਤੇ ਕਤਲਾਂ ਨੇ ਝੋਲੀ-ਚੁੱਕਾਂ ਨੂੰ ਮੁੜ ਵਖ਼ਤ ਪਾ ਦਿੱਤਾ ਅਤੇ ਸਾਰੇ ਦੁਆਬੇ ਵਿਚ ਅੱਗ ਵਾਂਗੂੰ ਖ਼ਬਰ ਫੈਲਦੀ ਗਈ ਕਿ ਇਕ ਹੋਰ ਨਵਾਂ ਬਬਰ ਜੰਮ ਪਿਆ ਹੈ। ਉਸੇ ਸਮੇਂ ਹੀ ਪੁਲਸ ਨੇ ਵੀ ਜਾਲ ਵਿਛਾਉਣਾ ਸ਼ੁਰੂ ਕਰ ਦਿੱਤਾ।

ਮੈਂ ਅਤੇ ਮੇਰਾ ਸਾਥੀ, ਪਹਿਲੇ ਬਬਰ ਕੇਸ ਦਾ ਮੁਲਜ਼ਮ ਨੰ: 15, ਊਧਮ ਸਿੰਘ ਹਾਈ ਕੋਰਟ ਵਿਚੋਂ ਬਰੀ ਹੋ ਕੇ ਜਲੰਧਰ-ਹੁਸ਼ਿਆਰਪੁਰ ਸੜਕ ਉੱਤੇ ਆਪਣੀ ਲਾਰੀ ਪੀ ਬੀ ਐਚ 1508 ਚਲਾਇਆ ਕਰਦੇ ਸੀ। ਇਕ ਦਿਨ ਅੱਧੀ ਰਾਤ ਵੇਲੇ ਹੈਡ-ਕਾਨਸਟੇਬਲ ਨੇ ਸਾਨੂੰ ਲਾਰੀ ਉੱਤੇ ਸੁੱਤਿਆਂ ਨੂੰ ਆ ਜਗਾਇਆ ਅਤੇ ਕਿਹਾ ਕਿ ਇੰਸਪੈਕਟਰ ਅਨੂਪ ਸਿੰਘ ਨੇ ਲਾਰੀ ਲਿਆਉਣ ਲਈ ਕਿਹਾ ਹੈ। ਅਸੀਂ ਲਾਰੀ ਲੈ ਕੇ ਪੁਲਸ ਲਾਈਨ ਵਿਚ ਜਾ ਖੜੀ ਕੀਤੀ, ਜਿਥੇ ਹਥਿਆਰਬੰਦ ਪੁਲਸ ਗਾਰਦ ਤਿਆਰ ਖੜੋਤੀ ਸੀ। ਮੈਂ ਫਰੰਟ ਸੀਟ ਉੱਤੇ ਬੈਠਾ ਸੀ ਅਤੇ ਊਧਮ ਸਿੰਘ ਗੱਡੀ ਚਲਾ ਰਿਹਾ ਸੀ।

ਉਹਨਾਂ ਦਿਨਾਂ ਵਿਚ ਲਾਰੀਆਂ 19 ਸਵਾਰੀਆਂ ਦੀਆਂ ਹੁੰਦੀਆਂ ਸਨ। ਸੀਟਾਂ ਲੱਕੜੀ ਦੇ ਫੱਟਿਆਂ ਦੀਆਂ ਹੁੰਦੀਆਂ ਸਨ, ਜਿਨ੍ਹਾਂ ਉੱਤੇ ਨਾਰੀਅਲ ਦੀਆਂ ਭਰੀਆਂ ਗੱਦੀਆਂ ਰਖੀਆਂ ਹੁੰਦੀਆਂ ਸਨ। ਅੱਜ-ਕਲ੍ਹ ਦੇ ਟਰੱਕਾਂ ਵਾਂਗੂੰ ਪਿਛਲਾ ਫਟਾ ਖੁਲ੍ਹਦਾ ਹੁੰਦਾ ਸੀ। ਇੰਸਪੈਕਟਰ ਸਾਹਿਬ ਫਰੰਟ ਸੀਟ ਉੱਤੇ ਮੇਰੇ ਨਾਲ ਆ ਬੈਠੇ, ਮੈਂ ਮਖੌਲੀਆ ਪੁਛਿਆ, "ਸਰਕਾਰ ਨੇ ਅੱਜ ਕਿਧਰ ਚੜ੍ਹਾਈ ਕੀਤੀ ਹੈ?" ਉਹ ਕਹਿਣ ਲਗਿਆ, "ਤੁਹਾਨੂੰ ਨਹੀਂ ਦੱਸਣਾ। ਉਥੇ ਜਾ ਕੇ ਆਪੇ ਪਤਾ ਲਗ ਜਾਵੇਗਾ।" ਗਾਰਦ ਪੱਕੀਆਂ ਰਫ਼ਲਾਂ ਸੰਭਾਲੀਂ ਲਾਰੀ ਵਿਚ ਸਵਾਰ ਹੋ ਗਈ!

ਇਕ ਪਿੰਡ ਦੇ ਵਸੀਮੇ ਉੱਤੇ ਪੁੱਜ ਕੇ ਲਾਰੀ ਖੜ੍ਹੀ ਕਰਵਾ ਗਾਰਦ ਨੂੰ ਨਾਲ ਲੈ ਕੇ ਤੁਰਨ ਤੋਂ ਪਹਿਲਾਂ ਇੰਸਪੈਕਟਰ ਸਾਨੂੰ ਕਹਿ ਗਿਆ, "ਏਥੇ ਹੀ ਖੜ੍ਹੇ ਰਹਿਣਾ। ਦਿਨ ਚੜ੍ਹੇ ਅਸੀਂ ਬੰਦਾ ਭੇਜ ਕੇ ਲਾਰੀ ਮੰਗਵਾ ਲਵਾਂਗੇ।" ਅਸੀਂ ਮੁੜ ਲਾਰੀ ਉੱਤੇ ਚੜ੍ਹ ਕੇ ਸੌਂ ਗਏ।

ਪਹੁ ਫੁਟਦੀ ਨੂੰ ਗੋਲੀਆਂ ਦੀ ਆਵਾਜ਼ ਆਉਣ ਲੱਗ ਪਈ। ਅਸੀਂ ਵੀ ਉੱਠ ਬੈਠੇ। ਥੋੜ੍ਹੇ ਚਿਰ ਪਿਛੋਂ ਉਹੋ ਹਵਾਲਦਾਰ ਸਾਡੇ ਕੋਲ ਫੇਰ ਆਇਆ, ਜਿਹੜਾ ਲਾਰੀ ਪੁਲਸ ਲਾਈਨ ਵਿਚ ਲੈ ਗਿਆ ਸੀ ਅਤੇ ਸਾਨੂੰ ਲਾਰੀ ਸਮੇਤ ਨਾਲ ਲੈ ਗਿਆ। ਅਸੀਂ ਦੇਖਿਆ ਕਿ ਦੋ ਲਾਸ਼ਾਂ ਉੱਤੇ ਚਾਦਰਾਂ ਪਾ ਕੇ ਦੋ ਮੰਜਿਆਂ ਉੱਤੇ ਰਖੀਆਂ ਹੋਈਆਂ ਹਨ ਅਤੇ ਇਕ ਨੰਗ-ਧੜੰਗ ਲਾਸ਼ ਗੋਲੀਆਂ ਨਾਲ ਛਲਣੀ ਕੀਤੀ ਹੋਈ,

ਮਿੱਟੀ-ਘੱਟੇ ਵਿਚ ਬੜੀ ਬੇਰਹਿਮੀ ਨਾਲ ਸੁੱਟੀ ਪਈ ਜੀ । ਪਤਾ ਲਗਿਆ ਕਿ ਇਹ ਰਤਨ ਸਿੰਘ ਰੱਕੜ ਦੀ ਲਾਸ਼ ਹੈ ਜੀਹਨੇ ਦੋ ਸਿਪਾਹੀ ਵੀ ਭੁੰਨ ਸੁੱਟੇ ਸਨ ।

ਅਸਲ ਵਿਚ ਜਿਸ ਵੇਲੇ ਪੁਲਸ ਨੇ ਮਕਾਨ ਨੂੰ ਚੰਗੀ ਤਰ੍ਹਾਂ ਘੇਰ ਲਿਆ ਅਤੇ ਰਤਨ ਸਿੰਘ ਨੂੰ ਗਰਿਫ਼ਤਾਰ ਹੋਣ ਲਈ ਕਿਹਾ, ਉਹਦੇ ਇਨਕਾਰ ਕਰਨ ਉੱਤੇ ਦਰਵਾਜ਼ਾ ਤੋੜਨ ਦੀ ਥਾਂ ਮਕਾਨ ਦੀ ਛੱਤ ਪਾੜ ਕੇ ਰਤਨ ਸਿੰਘ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ । ਪਰ ਛੱਤ ਉੱਤੇ ਖੜੋਤੇ ਪੁਲਸ ਦੇ ਦੋ ਸਿਪਾਹੀ ਰਤਨ ਸਿੰਘ ਦੀਆਂ ਗੋਲੀਆਂ ਦਾ ਨਿਸ਼ਾਨਾ ਬਣ ਗਏ । ਰਤਨ ਸਿੰਘ ਨੇ ਮੌਕਾ ਤਾੜ ਕੇ ਨਾਲ ਲਗਦੇ ਮਕਾਨ ਦੀ ਕੰਧ ਪਾੜ ਲਈ ਅਤੇ ਉਸ ਮਕਾਨ ਦੀ ਕੰਧ ਪਾੜਦਾ ਹੀ ਗੋਲੀ ਦਾ ਨਿਸ਼ਾਨਾ ਬਣ ਗਿਆ । ਪੁਲਸ ਉਸ ਮਕਾਨ ਦੇ ਨਾਲ ਹੀ ਖੜੋਤੀ ਸੀ । ਜਿਸ ਵੇਲੇ ਉਹ ਦੂਜੇ ਮਕਾਨ ਵਿਚੋਂ ਕੰਧ ਪਾੜ ਕੇ ਲੰਮਾ ਪੈ ਬਾਹਰ ਨਿਕਲਣ ਲਗਿਆ, ਗੋਲੀ ਦਾ ਨਿਸ਼ਾਨਾ ਬਣ ਗਿਆ । ਅਸੀਂ ਦੋਵੇਂ ਪਾੜ ਵੀ ਦੇਖੇ ਸਨ ।

ਪੁਲਸ ਨੇ ਲਾਰੀ ਵਿਚੋਂ ਫੱਟੇ ਚੁੱਕ ਕੇ ਖੜ੍ਹੇ ਕਰ ਦਿੱਤੇ ਅਤੇ ਤਿੰਨੇ ਲਾਸ਼ਾਂ ਲਾਰੀ ਵਿਚ ਰੱਖ ਕੇ ਹੁਸ਼ਿਆਰਪੁਰ ਲਾਸ਼-ਘਰ ਵਿਚ ਲਿਆ ਰਖੀਆਂ ।

ਅਗਲੇ ਦਿਨ ਸਾਨੂੰ ਮੁੜ ਲਾਰੀ ਲੈ ਕੇ ਲਾਸ਼ ਘਰ ਜਾਣਾ ਪਿਆ ਤਾਂ ਉਹ ਦਰਿਸ਼ ਦੇਖ ਅਸੀਂ ਘਬਰਾ ਗਏ । ਸਿਪਾਹੀਆਂ ਦੀਆਂ ਲਾਸ਼ਾਂ ਤਾਂ ਦੋ ਫੱਟਿਆਂ ਉੱਤੇ ਪਾ ਕੇ ਬੜੀ ਇਹਤਿਆਤ ਨਾਲ ਕੱਫ਼ਣਾਂ ਨਾਲ ਢਕੀਆਂ ਪਈਆਂ ਸਨ, ਪਰ ਰਤਨ ਸਿੰਘ ਦੀ ਲਾਸ਼, ਜਿਹੜੀ ਪਹਿਲਾਂ ਹੀ ਗੋਲੀਆਂ ਨਾਲ ਛਲਣੀ ਹੋਈ ਪਈ ਸੀ, ਚੀਰੀ-ਪਾੜੀ ਨੰਗ-ਧੜੰਗ ਫ਼ਰਸ਼ ਉੱਤੇ ਪਈ ਸੀ । ਸੜ੍ਹਾਂਦ ਏਨੀਂ ਸੀ ਕਿ ਇਹ ਗੱਲ ਲਿਖਦਿਆਂ ਹੁਣ ਵੀ ਝੁਣਝੁਣੀ ਮਹਿਸੂਸ ਕਰ ਰਿਹਾ ਹਾਂ ।

ਅਸੀਂ ਦੋਵਾਂ ਭਰਾਵਾਂ ਨੇ ਆਪਣੀਆਂ ਚਾਦਰਾਂ ਵਿਚ ਹੀ ਉਸ ਗਲੀ-ਸੜੀ ਲਾਸ਼ ਨੂੰ, ਇਕ ਹੇਠਾਂ ਵਿਛਾ ਅਤੇ ਦੂਜੀ ਉੱਤੇ ਪਾ, ਬੜੀ ਮੁਸ਼ਕਿਲ ਨਾਲ ਚਾਰ ਭੰਗੀਆਂ ਦੀ ਮਦਦ ਨਾਲ ਆਪਣੀ ਲਾਰੀ ਵਿਚ ਰਖਿਆ । ਸ਼ੁਕਰ ਦੀ ਗੱਲ ਇਹ ਸਮਝੋ ਕਿ ਰਤਨ ਸਿੰਘ ਦੀ ਲਾਸ਼ ਸੰਭਾਲਣ ਲਈ ਇਕ ਮਜ਼ਬੂਤ ਤੱਪੜ ਜ਼ਰੂਰ ਭੰਗੀਆਂ ਕੋਲ ਸੀ । ਅਸੀਂ ਆਪਣੀਆਂ ਪੱਗਾਂ ਨਾਲ ਸਿਰ-ਮੂੰਹ ਅਤੇ ਨਾਸਾਂ ਭਾਵੇਂ ਬੜੀ ਚੰਗੀ ਤਰ੍ਹਾ ਵਲ੍ਹੇਟੀਆਂ ਹੋਈਆਂ ਸਨ, ਪਰ ਸੜ੍ਹਾਂਦ ਫੇਰ ਵੀ ਪਿੱਛਾ ਨਹੀਂ ਸੀ ਛੱਡ ਰਹੀ । ਲਾਰੀ ਗੜ੍ਹਸ਼ੰਕਰ ਨੂੰ ਜਾਂਦੀ ਸੜਕ ਉੱਤੇ ਡੀ ਏ ਵੀ ਕਾਲਜ ਤੋਂ ਅਗੇ ਲੰਘ ਕੇ ਚੜ੍ਹਦੇ ਪਾਸੇ ਉਸ ਵੇਲੇ ਉਜਾੜ ਪਏ ਮੈਦਾਨ ਵਿਚ ਇਕ ਚੋਅ ਦੇ ਨੇੜੇ ਸੌ ਕੁ ਗਜ਼ ਪਿੱਛੇ ਹਟਵੀਂ ਬਣੀ ਚਿੱਖਾ ਕੋਲ ਲਿਜਾ ਖੜੀ ਕੀਤੀ ਗਈ । ਇਕ ਗਰੰਥੀ ਜੀ ਸਾਡੀ ਉਡੀਕ ਕਰ ਰਹੇ ਸਨ । ਅਸੀਂ ਲਾਰੀ ਦੀ ਬੈਕ ਚਿਖਾ ਦੇ ਨਾਲ ਲਾ ਕੇ ਉਹਨਾਂ ਹੀ ਭੰਗੀਆਂ ਦੀ ਮਦਦ ਨਾਲ ਰਤਨ ਸਿੰਘ ਰੱਕੜ ਨੂੰ ਸਣੇ ਤੱਪੜ ਅਤੇ ਆਪਣੀਆਂ ਦੋਵਾਂ ਤੇੜ ਦੀਆਂ ਚਦਰਾਂ ਦੇ ਚਿਖਾ ਉੱਤੇ ਧਰ ਦਿੱਤਾ । ਸਾਡੀਆਂ ਤੇੜ ਲਾਉਣ ਵਾਲੀਆਂ ਚਾਦਰਾਂ ਹੀ ਉਸ ਸ਼ਹੀਦ ਦਾ ਵਿਛੌਣਾ ਅਤੇ ਕੱਫ਼ਨ ਸਮਝ ਲਈਆਂ ਜਾਣ ।

ਰਤਨ ਸਿੰਘ ਦਾ ਕੱਦ ਪੰਜ ਫ਼ੁੱਟ ਤੋਂ ਥੋੜ੍ਹਾ ਜਿਹਾ ਵੱਧ, ਉਮਰ 35 ਦੇ ਗੇੜ ਵਿਚ, ਧੜ ਕਾਫ਼ੀ ਮੋਟਾ ਅਤੇ ਹਿਸਾਬ ਤੋਂ ਵਧ ਲੰਮਾ, ਲੱਤਾਂ ਮੋਟੀਆਂ ਪਰ ਬਹੁਤ ਛੋਟੀਆਂ, ਬਾਹਾਂ ਲੰਮੀਆਂ, ਤਕਰੀਬਨ ਗੋਡਿਆਂ ਤੱਕ, ਦਾਹੜੀ-ਕੇਸ ਛੋਟੇ-ਛੋਟੇ, ਇਕੋ ਜਿਹੇ ਗਿੱਠ-ਗਿੱਠ ਦੇ ਕਰੀਬ, ਰੰਗ ਪੱਕਾ, ਪੈਰ ਛੋਟੇ, ਹੱਥਾਂ ਦੀਆਂ ਉਂਗਲਾਂ ਲੰਮੀਆਂ

ਅਤੇ ਬਹੁਤ ਮਜ਼ਬੂਤ ਸਨ। ਇਹ ਮੇਰਾ ਅੱਖੀਂ ਦੇਖਿਆ ਹੁਲੀਆ ਹੈ, ਜਿਹੜਾ 50 ਸਾਲ ਲੰਘਣ ਤੋਂ ਬਾਅਦ ਚੇਤੇ ਮੁਤਾਬਿਕ ਲਿਖ ਦਿੱਤਾ ਹੈ।

ਬੇਸ਼ਕ ਸਾਡੇ ਬਾਕੀ ਕੱਪੜੇ ਅਤੇ ਹੱਥ ਸਭ ਸ਼ਹੀਦ ਦੀ ਰੱਤ ਨਾਲ ਪੂਰੀ ਤਰ੍ਹਾਂ ਲਿਬੜ ਚੁਕੇ ਸਨ, ਪਰ ਸਾਨੂੰ ਅੰਦਰੂਨੀ ਤਸੱਲੀ ਜ਼ਰੂਰ ਸੀ ਕਿ ਸਾਡੇ ਹੱਥੀਂ ਇਕ ਨਵੇਂ ਬਣੇ ਬਬਰ ਦਾ ਸੰਸਕਾਰ ਹੋ ਰਿਹਾ ਹੈ। ਭਾਈ ਜੀ ਨੂੰ ਵੀ ਗਲ ਪਾਏ ਪਰਨੇ ਨਾਲ ਸਿਰ-ਮੂੰਹ ਲਪੇਟਣਾ ਪਿਆ। ਉਹਨਾਂ ਨੇ ਨਾਲ ਲਿਆਂਦਾ ਦਹੀਂ ਉਂਜ ਹੀ ਦਿਹ ਉੱਤੇ ਉਲਟਣ ਦੀ ਕੀਤੀ। ਭੰਗੀਆਂ ਨੂੰ ਅਸੀਂ ਵਾਪਸ ਘੱਲ ਛਡਿਆ ਸੀ ਅਤੇ ਬਾਕੀ ਲਕੜਾਂ ਦਿਹ ਉੱਤੇ ਅਸੀਂ ਪੂਰੀ ਇਹਤਿਆਤ ਨਾਲ ਰੱਖ ਦਿੱਤੀਆਂ। ਲੱਕੜਾਂ ਲੋੜ ਤੋਂ ਵੱਧ ਹੀ ਸਨ। ਭਾਈ ਜੀ ਦੇ ਅਰਦਾਸਾ ਸੋਧਣ ਤੋਂ ਬਾਅਦ ਅਸਾਂ ਦੋਵਾਂ ਭਰਾਵਾਂ ਨੇ ਹੀ ਚਿਤਾ ਨੂੰ ਅਗਨੀ ਭੇਟ ਕੀਤਾ। ਏਸ ਕੰਮ ਤੋਂ ਫਾਰਗ਼ ਹੋ ਕੇ ਅਸੀਂ ਕਮੀਜ਼ਾਂ ਅਤੇ ਪੱਗਾਂ ਉਸੇ ਚਿਤਾ ਵਿਚ ਵਗਾਹ ਮਾਰੀਆਂ। ਸੋਚਿਆ, ਸ਼ਹੀਦ ਦੀ ਰੱਤ ਸ਼ਹੀਦ ਦੇ ਨਾਲ ਹੀ ਜਾਣੀ ਚਾਹੀਦੀ ਹੈ। ਸਿਰਫ ਕਛਹਿਰੇ ਹੀ ਤੇੜ ਰਹਿ ਗਏ। ਅਸੀਂ ਸਿੱਧੇ ਲਾਰੀਆਂ ਦੇ ਅੱਡੇ ਉੱਤੇ ਆ ਗਏ। ਇਕ ਖੂਹੀ ਅੱਡੇ ਦੇ ਉੱਤੇ ਹੀ ਸੀ। ਅਸੀਂ ਲਾਰੀ ਉੱਥੇ ਲਿਆ ਖੜ੍ਹੀ ਕੀਤੀ, ਜਿਹੜੀ ਹੱਦ ਤੋਂ ਵੱਧ ਸੜ੍ਹਾਂਦ ਮਾਰ ਰਹੀ ਸੀ। ਸਾਥੀ ਡਰਾਈਵਰ ਬੜੇ ਹੈਰਾਨ ਹੋਏ ਅਤੇ ਪਾਣੀ ਕੱਢ-ਕੱਢ ਸਾਨੂੰ ਅਸ਼ਨਾਨ ਕਰਾਉਣ ਲੱਗ ਪਏ। ਅਸੀਂ ਪਹਿਲਾਂ ਤਾਂ ਆਪਣੀ ਲਾਰੀ ਪੂਰੀ ਤਰ੍ਹਾਂ ਕੂਚ-ਕੂਚ ਕੇ ਧੋਤੀ। ਫੇਰ ਆਪ ਸਾਬੁਣ ਘਸਾ-ਘਸਾ ਕੇ ਜਿਸਮ ਸਾਫ਼ ਕੀਤੇ। ਲਾਰੀ ਵਿਚ ਪਹਿਨਣ ਵਾਲੇ ਕਪੜਿਆਂ ਦਾ ਫਾਲਤੂ ਜੋੜਾ ਰੱਖਣਾ ਹੀ ਪੈਂਦਾ ਸੀ। ਕਛਹਿਰੇ ਧੋ ਕੇ ਸੁਕਣੇ ਪਾ ਦਿਤੇ ਅਤੇ ਕਪੜੇ ਬਦਲ ਕੇ ਸਾਰੀ ਕਹਾਣੀ ਸਾਥੀਆਂ ਨੂੰ ਦੱਸੀ। ਲਾਰੀ ਵਿਚ ਚੂਨਾ ਖਿਲਾਰਨਾ ਪਿਆ। ਫੇਰ ਵੀ ਮੁਸ਼ਕ ਥੋੜ੍ਹਾ-ਬਹੁਤਾ ਆਉਂਦਾ ਹੀ ਰਿਹਾ। ਸ਼ਾਮ ਨੂੰ ਅਸੀਂ ਮੁੜ ਬਾਕੀ ਸਾਥੀਆਂ ਨਾਲ ਚਿਖਾ ਕੋਲ ਗਏ। ਦੇਹ ਪੂਰੀ ਤਰ੍ਹਾਂ ਭਸਮ ਹੋ ਚੁੱਕੀ ਸੀ। ਚੌਥੇ ਦਿਨ ਅਸੀਂ ਸਾਰੀ ਭਸਮ ਨਾਲ ਲਗਦੇ ਚੋਅ ਵਿਚ ਜਲ-ਪ੍ਰਵਾਹ ਕਰ ਦਿੱਤੀ। ਯਕੀਨ ਹੈ, ਉਹ ਚੋਆਂ ਅਤੇ ਦਰਿਆਵਾਂ ਥਾਣੀਂ ਹੁੰਦੀ ਉਸੇ ਸਮੁੰਦਰ ਤੱਕ ਜ਼ਰੂਰ ਪੁੱਜੀ ਹੋਵੇਗੀ, ਜਿਸ ਸਮੁੰਦਰ ਵਿਚ ਕਾਲੇ ਪਾਣੀ ਦੀ ਜਿਹਲ ਵਿਚ ਚਲਾਣਾ ਕਰ ਚੁਕੇ ਦੇਸ਼ਭਗਤਾਂ ਦੀ ਭਸਮ ਸਮਾ ਚੁੱਕੀ ਹੋਵੇਗੀ।

ਜਿਥੇ ਸ਼ਹੀਦ ਨੂੰ ਅਸੀਂ ਅਗਨੀ ਭੇਟ ਕੀਤਾ ਸੀ ਉਥੇ ਅੱਜ ਇਕ ਨਵੀਂ ਕਾਲੋਨੀ ਬਣ ਚੁੱਕੀ ਹੈ। ਉਹਦਾ ਅੱਜ ਕੋਈ ਨਾਮ-ਲੇਵਾ ਨਹੀਂ ਹੈ। ਇਤਿਹਾਸ ਦੇ ਖੋਜੀ ਮੇਰੇ ਲਿਖੇ ਦੀ ਤਸਦੀਕ ਕਰਨਾ ਚਾਹੁਣ ਤਾਂ ਪੁਲਸ ਦੀਆਂ ਫਾਈਲਾਂ ਕਢਵਾ ਕੇ ਕਰ ਸਕਦੇ ਹਨ। ਰਤਨ ਸਿੰਘ ਦੀ ਸ਼ਹੀਦੀ ਬਾਬਤ ਸਭ ਕੁਝ ਜ਼ਰੂਰ ਦਰਜ ਹੋਵੇਗਾ।

# 74. ਇਕੋ ਦਿਨ ਵਿਚ ਤਿੰਨ ਗੱਦਾਰਾਂ ਦਾ ਕਤਲ

ਜਦੋਂ ਦੂਜੇ ਕੇਸ ਦਾ ਫੈਸਲਾ 1927 ਵਿਚ ਹਾਈ ਕੋਰਟ ਲਾਹੌਰ ਨੇ ਸੁਣਾਇਆ ਤਾਂ ਸਾਧੂ ਸਿੰਘ ਸਾਂਧਰਾ, ਜ਼ਿਲਾ ਹੁਸ਼ਿਆਰਪੁਰ, ਭਾਨ ਸਿੰਘ ਤੇ ਲਾਭ ਸਿੰਘ ਰੰਧਾਵਾ ਮਸੰਦਾਂ, ਜਿਨ੍ਹਾਂ ਨੂੰ ਸੈਸ਼ਨ ਜੱਜ ਨੇ ਉਮਰ-ਕੈਦ ਦੀ ਸਜ਼ਾ ਸੁਣਾਈ ਸੀ, ਬਰੀ ਕਰ ਦਿੱਤੇ ਗਏ। ਜਿਸ ਵੇਲੇ ਸਾਧੂ ਸਿੰਘ ਸਾਂਧਰਾ ਆਪਣੇ ਪਿੰਡ ਪੁਜਿਆ ਤਾਂ ਉਹਨੂੰ ਪਤਾ ਲਗਿਆ ਕਿ ਉਹਦੇ ਸਾਥੀਆਂ, ਸ਼ਹੀਦ ਬੰਤਾ ਸਿੰਘ ਧਾਮੀਆਂ, ਸੁਰੈਣ ਸਿੰਘ ਦੌਲਤਪੁਰ, ਜਿਹੜਾ ਉਮਰ-ਕੈਦ ਭੁਗਤ ਰਿਹਾ ਸੀ, ਅਤੇ ਤੀਜੇ ਸਾਥੀ ਜੀਹਦੇ ਨਾਂ ਦਾ ਮੈਨੂੰ ਪਤਾ ਨਹੀਂ ਲੱਗ ਸਕਿਆ, ਦੇ ਪਰਿਵਾਰਾਂ ਨੂੰ ਜਵਾਲਾ ਸਿੰਘ ਕਾਠਾ ਅਧਕਾਰਾ, ਜਗੂ ਕਡਿਆਣੀਆਂ ਅਤੇ ਸੁਚਾ ਸਿੰਘ ਸੰਧਰਾਂ ਵਾਲਾ ਤੰਗ ਕਰਦੇ ਰਹੇ ਹਨ ਅਤੇ ਉਹਨਾਂ ਦੀ ਨਿਰਾਦਰੀ ਕਰਦੇ ਰਹੇ ਹਨ। ਉੱਪਰ ਦੱਸੇ ਪਿੰਡ ਬਿਲਕੁਲ ਪਿੰਡ ਸਾਂਧਰੇ ਦੇ ਨਾਲ ਹੀ ਲਗਦੇ ਹਨ।

ਸਾਧੂ ਸਿੰਘ ਸਾਂਧਰੀਆ ਇਸ ਗੱਲ ਨੂੰ ਬਰਦਾਸ਼ਤ ਨਾ ਕਰ ਸਕਿਆ। ਉਹ ਸਿੱਧਾ ਰੰਧਾਵੇ ਮਸੰਦਾਂ ਜਾਂ ਪੁਜਿਆ ਅਤੇ ਆਪਣੇ ਸਾਥੀਆਂ ਨੂੰ ਸਾਰੀ ਗੱਲ ਜਾ ਦੱਸੀ। ਉਹਨਾਂ ਨੇ ਵੀ ਬੜਾ ਦੁੱਖ ਮਹਿਸੂਸ ਕੀਤਾ ਅਤੇ ਤਿੰਨਾਂ ਨੇ ਫੈਸਲਾ ਕਰ ਲਿਆ ਕਿ ਇਹਨਾਂ ਤਿੰਨਾਂ ਨੂੰ ਅਜਿਹਾ ਸਬਕ ਪੜ੍ਹਾਇਆ ਜਾਵੇ ਜਿਹੜਾ ਉਹ ਕਈ ਪੁਸ਼ਤਾਂ ਤੱਕ ਯਾਦ ਰੱਖਣ।

ਭਾਨ ਸਿੰਘ ਅਤੇ ਲਾਭ ਸਿੰਘ ਰੰਧਾਵੇ ਮਸੰਦਾਂ ਇਕ ਦਿਨ ਸਾਧੂ ਸਿੰਘ ਸਾਂਧਰੇ ਵਾਲੇ ਕੋਲ ਜਾ ਪੁਜੇ ਅਤੇ ਪ੍ਰੋਗਰਾਮ ਤੈਅ ਕਰ ਲਿਆ ਕਿ ਚੰਗੇ ਤੜਕੇ ਉੱਠ ਕੇ ਤਿੰਨਾਂ ਹੀ ਪਿੰਡਾਂ ਵਿਚ ਪੁਜ ਕੇ ਵਾਰੋ-ਵਾਰੀ ਤਿੰਨਾਂ ਦਾ ਫਸਤਾ ਵੱਢ ਦਿਤਾ ਜਾਵੇ। ਉਸ ਵੇਲੇ ਸਾਧੂ ਸਿੰਘ ਕੋਲ ਭਰਿਆ ਹੋਇਆ ਰਿਵਾਲਵਰ ਅਤੇ ਬਾਕੀ ਦੋਵਾਂ ਕੋਲ ਛਵ੍ਹੀਆਂ ਸਨ। ਪਹਿਲਾਂ ਇਹ ਕਾਠੇ ਅਧਕਾਰਿਆਂ ਦੇ ਕੋਲ ਪੁੱਜੇ ਅਤੇ ਅਰਦਾਸਾ ਸੋਧ ਕੇ ਹਥਿਆਰ ਸੰਭਾਲ ਜਵਾਲਾ ਸਿੰਘ ਨੂੰ ਜਾ ਜਗਾਇਆ। ਉਹ ਸਮਝ ਗਿਆ ਕਿ ਇਹ ਤਾਂ ਉਹਦਾ ਕਾਲ ਬਣ ਕੇ ਆਏ ਲਗਦੇ ਹਨ। ਉਹ ਸਾਧੂ ਸਿੰਘ ਦੇ ਪੈਰੀਂ ਡਿੱਗ ਪਿਆ।

ਜਵਾਲਾ ਸਿੰਘ ਦੇ ਹੱਥ ਉਹ ਦੀ ਪੱਗ ਨਾਲ ਪਿੱਠ ਪਿੱਛੇ ਨੂੜ ਕੇ ਭਾਨ ਸਿੰਘ ਅਤੇ ਲਾਭ ਸਿੰਘ ਨੇ ਦੋਨੋਂ ਲੱਤਾਂ ਫੜ ਉਹਨੂੰ ਸਿਰ ਪਰਨੇ ਕਰ ਲਿਆ। ਪਹਿਲਾਂ ਹੀ

ਤਿਆਰ ਕਰਕੇ ਲਿਆਂਦਾ ਡੰਡਾ ਉਹਦੀ ਗੁਦਾ ਵਿਚ ਅੜਾ ਕੇ ਬਹੁਤ ਬੁਰੀ ਤਰ੍ਹਾਂ ਉਹਦੇ ਪ੍ਰਾਣ ਕੱਢੇ ਗਏ।

ਉਹਦਾ ਅੜਾਟ ਸੁਣ ਕੇ ਆਲੇ-ਦੁਆਲੇ ਦੇ ਘਰਾਂ ਵਾਲੇ ਆਏ। ਜਿਸ ਵੇਲੇ ਪਤਾ ਲਗਿਆ ਕਿ ਇਹ ਤਾਂ ਸਾਧੂ ਸਿੰਘ ਸਾਂਧਰੀਆ ਹੈ ਅਤੇ ਸਾਧੂ ਸਿੰਘ ਨੇ ਵੀ ਬੜੇ ਠਰ੍ਹੰਮੇ ਨਾਲ ਉਹਨਾਂ ਨੂੰ ਸਮਝਾ ਦਿੱਤਾ ਕਿ ਉਹ ਤਾਂ ਗੱਦਾਰ ਦਾ ਸੁਧਾਰ ਕਰਨ ਆਏ ਹਨ ਅਤੇ ਪਿੰਡ ਵਾਲਿਆਂ ਨੂੰ ਇਕ ਬਦਮਾਸ਼ ਤੋਂ ਛੁਟਕਾਰਾ ਦੁਆ ਰਹੇ ਹਨ ਤਾਂ ਸਭ ਪਰਤ ਗਏ।

ਸਾਧੂ ਸਿੰਘ ਸਾਢੇ ਕੁ ਛੇ ਫੁੱਟ ਦਾ ਭਰਵੇਂ ਅਤੇ ਸੁਡੋਲ ਜਿਸਮ ਦਾ ਮਾਲਕ ਸੀ। ਗੇਲੀਆਂ ਵਰਗੇ ਪੱਟ, ਬਹੁਤ ਸੁਣੱਖਾ ਜੁਆਨ। ਚੜ੍ਹਦੀ ਜੁਆਨੀ ਤੋਂ ਹੀ ਇਹੋ ਜਿਹੇ ਕਾਰਨਾਮੇ ਸ਼ੁਰੂ ਕਰ ਦਿੱਤੇ ਸਨ ਕਿ ਉਹਦਾ ਨਾਂ ਆਮ ਪਿੰਡਾਂ ਵਿਚ ਧੁੰਮ ਗਿਆ ਸੀ। ਬਬਰ ਲਹਿਰ ਵੇਲੇ ਉਹਦੀ ਜੁਆਨੀ ਪੂਰੇ ਜੋਬਨ ਉੱਤੇ ਸੀ। ਭਾਨ ਸਿੰਘ ਅਤੇ ਲਾਭ ਸਿੰਘ ਵੀ ਬੱਸ ਉਹਦੇ ਬਰਾਬਰ ਦੇ ਹੀ ਸਮਝੋ। ਮੇਰੇ ਸਹੁਰੇ ਰੰਧਾਵੇ ਮਸੰਦਾਂ ਵਿਚ ਹੋਣ ਕਰਕੇ ਮੇਰੀ ਉਹਨਾਂ ਨਾਲ ਜਾਣ-ਪਛਾਣ ਤਾਂ ਪਹਿਲਾਂ ਹੀ ਸੀ, ਬਬਰ ਕੇਸ ਕਰਕੇ ਹੋਰ ਡੂੰਘੀ ਹੋ ਗਈ ਸੀ।

ਜਵਾਲਾ ਸਿੰਘ ਵਾਲਾ ਕੰਮ ਖ਼ਤਮ ਕਰ ਕੇ ਉਹਨਾਂ ਨੇ ਨਾਲ ਲਗਦੇ ਪਿੰਡ ਕਡਿਆਣੀਏ ਜੱਗੂ ਨੂੰ ਜਾ ਜਗਾਇਆ ਅਤੇ ਬਿਲਕੁਲ ਉਸੇ ਤਰ੍ਹਾਂ ਉਹਦਾ ਕੰਮ ਖ਼ਤਮ ਕਰ ਕੇ ਸੰਧਰਾਂ ਨੂੰ ਚਾਲੇ ਪਾ ਦਿੱਤੇ। ਪਿੰਡ ਬਿਲਕੁਲ ਨੇੜੇ ਹੀ ਸੀ। ਸੁੱਚਾ ਖੂਹ ਉੱਤੇ ਨ੍ਹਾ ਰਿਹਾ ਸੀ। ਸਾਧੂ ਸਿੰਘ ਨੂੰ ਦੇਖ ਹੱਥ ਮਿਲਾਉਣ ਲਈ ਉਹਦੇ ਵੱਲ ਵਧਿਆ ਹੀ ਸੀ, ਛਾਤੀ ਵਿਚ ਇਕੋ ਗੋਲੀ ਖਾ ਕੇ ਮੂੰਹ-ਭਾਰ ਸਾਧੂ ਸਿੰਘ ਦੇ ਪੈਰਾਂ ਵਿਚ ਡਿਗ ਪਿਆ। ਭਾਨ ਸਿੰਘ ਅਤੇ ਲਾਭ ਸਿੰਘ ਨੇ ਰਹਿੰਦੀ-ਖੂੰਹਦੀ ਕਸਰ ਛਵ੍ਹੀਆਂ ਨਾਲ ਕੀਮਾ ਬਣਾ ਕੇ ਪੂਰੀ ਕਰ ਦਿੱਤੀ।

ਇਹ ਸੁੱਚਾ ਸੰਧਰੀਆ ਬਹੁਤ ਹੀ ਮੰਨਿਆ-ਪ੍ਰਮੰਨਿਆ ਬਦਮਾਸ਼ ਸੀ, ਜੀਹਨੇ ਪੁਲਸ ਨਾਲ ਮਿਲ ਕੇ ਪਹਿਲਾਂ ਬਬਰ ਬੰਤਾ ਸਿੰਘ ਧਾਮੀਆਂ ਹੁਰਾਂ ਨੂੰ ਫਸਾਉਣ ਦੀ ਅੰਦਰ-ਗਤੀ ਕੋਸ਼ਿਸ਼ ਕੀਤੀ ਸੀ ਅਤੇ ਮੁੜ ਸਾਧੂ ਸਿੰਘ ਤੇ ਉਹਦੇ ਵੱਡੇ ਭਰਾ ਕਿਸ਼ਨ ਸਿੰਘ ਨੂੰ ਵੀ ਫਸਾਉਣ ਦੀ ਕੋਸ਼ਿਸ਼ ਕਰ ਚੁਕਿਆ ਸੀ। ਕਿਸ਼ਨ ਸਿੰਘ ਦੂਜੇ ਕੇਸ ਵਿਚ ਉਮਰ-ਕੈਦ ਭੁਗਤ ਰਿਹਾ ਸੀ। ਇਹਨਾਂ ਕਤਲਾਂ ਦੀਆਂ ਧੁੰਮਾਂ ਬਾਅਦ ਵਿਚ ਸਾਰੇ ਦੁਆਬੇ ਵਿਚ ਧੁੰਮ ਗਈਆਂ ਅਤੇ ਤਿੰਨਾਂ ਨੇ ਹੀ ਆਪਣੇ ਨਾਂ ਦੱਸ ਕੇ ਐਲਾਨ ਕਰ ਦਿੱਤਾ ਸੀ ਕਿ ਉਹਨਾਂ ਨੇ ਬਬਰ ਲਹਿਰ ਨਵੇਂ ਸਿਰਿਉਂ ਆਰੰਭ ਦਿੱਤੀ ਹੈ ਅਤੇ ਪਹਿਲਾਂ ਵਾਂਗੂ ਝੋਲੀ-ਚੁੱਕਾਂ ਦਾ ਸੁਧਾਰ ਸ਼ੁਰੂ ਕਰ ਰਹੇ ਹਨ।

ਤਿੰਨੇ ਮੁੜ ਸਾਧੂ ਸਿੰਘ ਦੇ ਘਰ ਆ ਗਏ। ਸਾਧੂ ਸਿੰਘ ਨੇ ਆਪਣੇ ਘਰ ਦਾ ਅੰਨ-ਜਲ ਆਖ਼ਰੀ ਵਾਰ ਛਕਿਆ ਅਤੇ ਦੋਵਾਂ ਸਾਥੀਆਂ ਨੂੰ ਵੀ ਛਕਾ ਕੇ ਘਰ ਨੂੰ ਸਦਾ ਲਈ ਜੰਦਰਾ ਮਾਰ ਅਤੇ ਮੱਥਾ ਟੇਕ ਤੁਰ ਪਿਆ।

ਇਹਨਾਂ ਕਤਲਾਂ ਦੀ ਖ਼ਬਰ ਜਿਸ ਵੇਲੇ ਹੁਸ਼ਿਆਰਪੁਰ ਸਦਰ ਥਾਣੇ ਪੁੱਜੀ ਤਾਂ ਪਾਠਕ ਆਪ ਹੀ ਅੰਦਾਜ਼ਾ ਲਾ ਲੈਣ ਕਿ ਅਫ਼ਸਰਾਂ ਉੱਤੇ ਕੀ ਬੀਤੀ ਹੋਵੇਗੀ ਅਤੇ ਸਰਕਾਰ ਜਿਹੜੀ ਲਹਿਰ ਦਾ ਨਾਂ-ਨਿਸਾਨ ਮਿਟਾ ਕੇ ਨਿਸਚਿੰਤ ਹੋ ਚੁੱਕੀ ਸੀ, ਹੁਣ ਉਸੇ ਲਹਿਰ ਦੇ ਸੁਰਜੀਤ ਹੋਣ ਉੱਤੇ ਕਿਵੇਂ ਘਬਰਾਈ ਹੋਵੇਗੀ। ਪੁਲਸ ਕਪਤਾਨ ਅਤੇ

ਡਿਪਟੀ ਕਮਿਸ਼ਨਰ ਪੁਲਸ ਦੀਆਂ ਗਾਰਦਾਂ ਨਾਲ ਲੈ ਕੇ ਮੌਕੇ ਉੱਤੇ ਜਾ ਪੁੱਜੇ। ਘੋੜ-ਸਵਾਰ ਪਿੰਡਾਂ ਵਿਚ ਘੁਮਾਏ ਗਏ ਜਿਵੇਂ 1924 ਵਿਚ ਘੁਮਾਏ ਗਏ ਸਨ। ਇਹ ਕਾਰਨਾਮਾ ਕਿਉਂਕਿ ਬਬਰ ਕੇਸ ਵਿਚੋਂ ਬਰੀ ਹੋ ਚੁੱਕੇ ਬਬਰਾਂ ਨੇ ਕੀਤਾ ਸੀ ਅਤੇ ਪਹਿਲਾਂ ਵਾਂਗੂ ਐਲਾਨ ਵੀ ਆਮ ਲੋਕਾਂ ਸਾਹਮਣੇ ਕਰ ਦਿੱਤਾ ਸੀ ਕਿ ਅਸੀਂ ਫੁਲਾਣੇ-ਫੁਲਾਣੇ ਬਬਰਾਂ ਨੇ ਮੁੜ ਬਬਰ ਲਹਿਰ ਚਾਲੂ ਕਰ ਦਿੱਤੀ ਹੈ, ਝੋਲੀ-ਚੁੱਕਾਂ ਨੂੰ ਜਿਹੜਾ ਡਰ ਪੈਣਾ ਸੀ, ਉਹ ਤਾਂ ਪੈ ਹੀ ਗਿਆ, ਅਫ਼ਸਰਾਂ ਲਈ ਵੀ ਇਹ ਨਵੀਂ ਚੁਣੌਤੀ ਸੀ।

ਇਹਨਾਂ ਕਤਲਾਂ ਮਗਰੋਂ ਤਿੰਨੇ ਬਬਰ ਬਿਲਕੁਲ ਖ਼ਾਮੋਸ਼ ਹੋ ਗਏ ਕਿ ਪੁਲਸ ਨੂੰ ਜ਼ਰਾ ਨੱਠ-ਭੱਜ ਕਰ ਲੈਣ ਦਿੱਤੀ ਜਾਵੇ। ਉਹਨਾਂ ਨੇ ਦੋ ਕੁ ਮਹੀਨੇ ਦੜ ਵੱਟੀ ਰੱਖਣ ਦਾ ਫ਼ੈਸਲਾ ਕਰ ਲਿਆ। ਦਿਨ ਕਿਤੇ ਅਤੇ ਰਾਤ ਕਿਤੇ ਕੱਟਣ ਵਾਲੀ ਗੱਲ ਬਣ ਗਈ ਸੀ। ਪਨਾਹ ਦੇਣ ਵਾਲੇ ਕਾਫ਼ੀ ਬਬਰ ਬਰੀ ਹੋ ਕੇ ਆ ਚੁੱਕੇ ਸਨ। ਉਹ ਘਰੀਂ ਭਾਵੇਂ ਨਹੀਂ ਸਨ ਠਹਿਰਾ ਸਕਦੇ, ਕਿਉਂਕਿ ਪੁਲਸ ਨੇ ਖਾਸ ਸੂਹੀਏ ਸਾਰੇ ਬਰੀ ਹੋ ਚੁੱਕੇ ਬਬਰਾਂ ਪਿੱਛੇ ਛੱਡ ਦਿੱਤੇ ਸਨ ਪਰ ਕਿਵੇਂ ਨਾ ਕਿਵੇਂ ਮਦਦ ਦੇ ਰਹੇ ਸਨ। ਘੱਟੋ-ਘੱਟ ਤਿੰਨ ਚਿਟ-ਵਰਦੀਏ ਪੁਲਸੀਏ ਮੇਰੇ ਪਿੰਡ ਪਿੰਡੋਰੀ ਨਿਝਰਾਂ ਵਿਚ ਪੁੱਜ ਚੁੱਕੇ ਸਨ, ਜਿਨ੍ਹਾਂ ਬਾਬਤ ਸਾਨੂੰ ਵੀ ਪਤਾ ਲਗ ਗਿਆ ਸੀ। ਪਰ ਅਸੀਂ ਆਪਣੇ ਰਿਸ਼ਤੇਦਾਰਾਂ ਜਾਂ ਯਾਰਾਂ-ਦੋਸਤਾਂ ਰਾਹੀਂ ਅੰਨ-ਪਾਣੀ ਅਤੇ ਲੀੜੇ-ਕਪੜੇ ਦਾ ਇੰਤਜ਼ਾਮ ਕਰ ਹੀ ਲਿਆ ਸੀ। ਹੁਣ ਪੁਲਸ ਦੀ ਅੱਖੀਂ ਘੱਟਾ ਪਾਉਣ ਦਾ ਸਾਨੂੰ ਕਾਫ਼ੀ ਤਜਰਬਾ ਹੋ ਚੁੱਕਿਆ ਸੀ ਅਤੇ ਤਿੰਨਾਂ ਬਬਰਾਂ ਦਾ ਆਪਣਾ ਵਸੀਲਾ ਵੱਖਰਾ ਵੀ ਸੀ।

ਕਤਲ ਕਰਨ ਤੋਂ ਅਗਲੇ ਹੀ ਦਿਨ ਉਹਨਾਂ ਤਿੰਨਾਂ ਨੇ ਕੋਟਲੀ ਬਾਵਾਦਾਸ ਦੇ ਧੰਨਾ ਸਿੰਘ ਵਾਇਦਾ-ਮੁਆਫ਼ ਨੂੰ ਕਤਲ ਕਰਨਾ ਚਾਹਿਆ, ਪਰ ਉਹ ਕਾਫ਼ੀ ਚਿਰ ਪਹਿਲਾਂ ਹੀ ਦੁਆਬਾ ਛਡ ਕੇ ਯੂ ਪੀ ਵੱਲ ਜਾ ਚੁੱਕਿਆ ਸੀ। ਉਥੇ ਉਹਦਾ ਕੋਈ ਯਾਰ-ਦੋਸਤ ਜਾਂ ਰਿਸ਼ਤੇਦਾਰ ਰਹਿੰਦਾ ਸੀ। ਬਾਅਦ ਵਿਚ ਉਹ ਉਧਰ ਹੀ ਮਰ-ਖਪ ਗਿਆ ਸੀ।

ਕੁਦਰਤ ਨੂੰ ਕੋਈ ਹੋਰ ਕਾਰਨਾਮਾ ਇਹਨਾਂ ਤਿੰਨਾਂ ਵੱਲੋਂ ਕੀਤੇ ਜਾਣ ਦਾ ਮੌਕਾ ਦੇਣਾ ਮਨਜ਼ੂਰ ਨਹੀਂ ਸੀ।

ਇਕ ਦਿਨ ਰਾਤ ਵੇਲੇ ਸਫ਼ਰ ਕਰਦਿਆਂ ਸਾਧੂ ਸਿੰਘ ਦੇ ਪੈਰ ਉੱਤੇ ਸੱਪ ਨੇ ਡੰਗ ਮਾਰ ਦਿੱਤਾ। ਬੇਸ਼ੱਕ ਉਹਦੀ ਜਾਨ ਤਾਂ ਬਚ ਗਈ ਪਰ ਪੈਰ ਬੁਰੀ ਤਰ੍ਹਾਂ ਭਰ ਗਿਆ। ਸਫ਼ਰ ਕਰਨਾ ਮੁਸ਼ਕਲ ਬਣਦਾ ਗਿਆ। ਇਹਨਾਂ ਦੇ ਇਕ ਜਾਣੂ-ਪਛਾਣੂ ਦਾ ਆਦਮੀ ਜ਼ਿਲਾ ਮਿੰਟਗੁਮਰੀ ਵਿਚ ਰਹਿੰਦਾ ਸੀ, ਜਿਹੜਾ ਸੱਪ ਦੇ ਕੱਟੇ ਦਾ ਇਲਾਜ ਕਰਨ ਦਾ ਮਾਹਿਰ ਸਮਝਿਆ ਜਾਂਦਾ ਸੀ। ਉਹ ਬੰਦਾ ਸਾਧੂ ਸਿੰਘ ਨੂੰ ਮਿੰਟਗੁਮਰੀ ਵੱਲ ਕਿਸੇ ਚੱਕ ਵਿਚ ਲੈ ਗਿਆ। ਉਸ ਹਕੀਮ ਦਾ ਨਾਂ ਭੋਲਾ ਸਿੰਘ ਸੀ। ਸਾਧੂ ਸਿੰਘ ਦਾ ਪੈਰ ਕਾਫ਼ੀ ਗਲ ਚੁਕਿਆ ਸੀ ਅਤੇ ਉਹ ਤੁਰਨ ਦੇ ਜੋਗ ਨਹੀਂ ਸੀ ਰਿਹਾ। ਉਹ ਬੰਦਾ ਸਾਧੂ ਸਿੰਘ ਨੂੰ ਉਹਦੇ ਕੋਲ ਛਡ ਕੇ ਵਾਪਸ ਆ ਗਿਆ। ਪਰ ਉਸ ਹਕੀਮ ਨੇ ਸਾਧੂ ਸਿੰਘ ਨੂੰ ਗਰਿਫ਼ਤਾਰ ਕਰਵਾ ਦਿੱਤਾ।

ਉਧਰ ਭਾਨ ਸਿੰਘ ਅਤੇ ਲਾਭ ਸਿੰਘ ਵੀ ਪੁਲਸ ਦੇ ਕਾਬੂ ਆ ਗਏ, ਅਤੇ ਉਹਨਾ ਦਾ ਕੇਸ ਹੁਸ਼ਿਆਰਪੁਰ ਵਿਚ ਚਲਿਆ ਸੀ। ਅਖ਼ੀਰ ਵਿਚ ਸੈਸ਼ਨ ਜੱਜ ਨੇ ਤਿੰਨਾਂ ਨੂੰ ਹੀ ਫ਼ਾਂਸੀ ਦਾ ਹੁਕਮ ਸੁਣਾ ਦਿੱਤਾ। ਹਾਈ ਕੋਰਟ ਵਿਚ ਅਪੀਲ ਖ਼ਾਰਜ ਹੋਣ ਮਗਰੋਂ

ਤਿੰਨੇ ਬਬਰ 1933 ਦੇ ਲਗਭਗ ਜਲੰਧਰ ਦੀ ਜਿਹਲ ਵਿਚ ਇਕੱਠੇ ਫ਼ਾਂਸੀ ਦੇ ਫੱਟੇ ਉੱਤੇ ਲਿਜਾ ਖੜੇ ਕੀਤੇ ਗਏ। ਸਤਿ ਸ੍ਰੀ ਅਕਾਲ ਦੇ ਜੈਕਾਰੇ ਛਡਦੇ ਹੋਏ ਉਹ ਆਖ਼ਰੀ ਝੂਟਾ ਲੈ ਸਦਾ ਲਈ ਅਮਰ ਹੋ ਗਏ। ਪੱਕੀਆਂ ਤਾਰੀਖ਼ਾਂ ਹੁਣ ਮੈਨੂੰ ਯਾਦ ਨਹੀਂ।

ਸੈਸ਼ਨ ਦੀ ਅਦਾਲਤ ਵਿਚ ਜਿਸ ਵੇਲੇ ਇਹਨਾਂ ਦਾ ਹੁਕਮ ਸੁਣਾਇਆ ਗਿਆ ਸੀ, ਮੈਂ, ਊਧਮ ਸਿੰਘ ਅਤੇ ਕਈ ਹੋਰ ਬਬਰ ਸਾਥੀ ਵੀ ਉਥੇ ਹਾਜ਼ਰ ਸੀ। ਹੁਕਮ ਸੁਨਣ ਤੋਂ ਬਾਅਦ ਬੇਸ਼ਕ ਸਾਡੀਆਂ ਅੱਖਾਂ ਤਾਂ ਭਰ ਆਈਆਂ ਸਨ, ਪਰ ਉਹਨਾਂ ਨੂੰ ਰੱਤੀ ਮਲਾਲ ਨਹੀਂ ਸੀ। ਸਾਧੂ ਸਿੰਘ ਨੂੰ ਇਸ ਗੱਲ ਦਾ ਮਲਾਲ ਜ਼ਰੂਰ ਸੀ ਕਿ ਉਹ ਮਨ ਦੀਆਂ ਮਨ ਵਿਚ ਹੀ ਲਿਜਾ ਰਿਹਾ ਸੀ। ਜੇ ਸੱਪ ਨਾ ਲੜਦਾ ਤਾਂ ਉਹ ਪਹਿਲੇ ਬਬਰਾਂ ਨਾਲੋਂ ਵੱਧ ਕਤਲ ਕਰਕੇ ਪੁਲਸ ਦੇ ਮੁਕਾਬਲੇ ਵਿਚ ਸ਼ਹੀਦ ਹੋਣਾ ਚਾਹੁੰਦਾ ਸੀ। ਅਸੀਂ ਜਿਹਲ ਦੇ ਫਾਟਕ ਤੱਕ ਨਾਲ ਗਏ ਸੀ। ਉਹ ਲੰਗੜਾ ਕੇ ਤੁਰਨ ਲਈ ਮਜਬੂਰ ਸੀ। ਗਰਿਫ਼ਤਾਰੀ ਤੋਂ ਬਾਅਦ ਡਾਕਟਰੀ ਇਲਾਜ ਨਾਲ ਤੁਰਨ-ਫਿਰਨ ਜੋਗਾ ਹੋ ਚੁਕਿਆ ਸੀ।

# 75. ਗ਼ੱਦਾਰ ਬੇਲਾ ਸਿੰਘ ਜਿਆਣੀਏ ਦਾ ਕਤਲ

ਜਿੱਥੇ ਦੁਆਬੇ ਨੇ ਉੱਚ ਕੋਟੀ ਦੇ ਦੇਸਭਗਤ ਪੈਦਾ ਕੀਤੇ, ਉਸੇ ਧਰਤੀ ਨੇ ਹਤਿਆਰੇ, ਅਕਿਰਤਘਣ, ਚੰਡਾਲ ਅਤੇ ਆਦਮਖ਼ੋਰ ਪੈਦਾ ਕਰਨ ਵਿਚ ਵੀ ਕੋਈ ਕਸਰ ਨਹੀਂ ਸੀ ਰਹਿਣ ਦਿਤੀ। ਉਹਨਾਂ ਵਿਚ ਪਹਿਲਾ ਨੰਬਰ ਨੀਚ ਬੇਲਾ ਸਿੰਘ ਜਿਆਣੀਏ ਨੂੰ ਜਾਂਦਾ ਹੈ। ਇਸ ਚੰਡਾਲ ਨੇ 5 ਸਤੰਬਰ 1914 ਨੂੰ ਕੈਨੇਡਾ ਵਿਚ ਵੈਨਕੂਵਰ ਦੇ ਗੁਰਦੁਆਰੇ ਵਿਚ ਮਹਾਰਾਜ ਦੀ ਤਾਬਿਆ ਬੈਠੇ ਗਰੰਥੀ, ਭਾਈ ਭਾਗ ਸਿੰਘ ਜੀ ਨੂੰ ਸ਼ਹੀਦ ਕਰ ਦਿਤਾ ਸੀ। ਇਵਜ਼ਾਨੇ ਵਿਚ ਅੰਗਰੇਜ਼ ਅਫ਼ਸਰ, ਹੌਪਕਿਨ ਨੇ ਜਿਹੜਾ ਹਿੰਦੁਸਤਾਨੀਆਂ ਦੇ ਖ਼ੂਨ ਦਾ ਤਿਹਾਇਆ ਬਣਿਆ ਬੈਠਾ ਸੀ, ਉਹਨੂੰ ਹਿੰਦੁਸਤਾਨ ਵਿਚ ਪੁਚਾ ਕੇ ਉਸ ਵੇਲੇ ਪੰਜਾਬ ਦੇ ਅੰਗਰੇਜ਼ ਗਵਰਨਰ ਨੂੰ ਸਿਫਾਰਸ਼ ਕਰਕੇ ਚੱਕ 96 ਜ਼ਿਲਾ ਮੁਲਤਾਨ ਵਿਚ ਛੇ ਮੁਰੱਬੇ ਨਹਿਰੀ ਜ਼ਮੀਨ ਦੇ ਦੁਆ ਦਿੱਤੇ ਸਨ। ਇਸ ਚੱਕ ਵਿਚ ਇਹਦਾ ਛੋਟਾ ਭਰਾ ਜਵਾਲਾ ਸਿੰਘ ਰਹਿੰਦਾ ਸੀ। ਬੇਲਾ ਸਿੰਘ ਦੇ ਕਹਿਣ ਉੱਤੇ ਇਸੇ ਜਵਾਲਾ ਸਿੰਘ ਨੇ ਪਹਿਲਾਂ ਬਬਰ ਦਲੀਪਾ ਧਾਮੀਆਂ ਗਰਿਫ਼ਤਾਰ ਕਰਵਾਇਆ ਸੀ ਅਤੇ ਬਾਅਦ ਵਿਚ ਬਹਿਬਲਪੁਰੀਏ ਧੰਨਾ ਸਿੰਘ ਨੂੰ ਪਿੰਡ ਮੱਨਣਹਾਨੇ ਆਪਣੇ ਰਿਸ਼ਤੇਦਾਰ ਕਰਮ ਸਿੰਘ ਦੀ ਹਵੇਲੀ ਲਿਜਾ ਕੇ ਸ਼ਹੀਦ ਕਰਵਾਇਆ ਸੀ।

ਸ਼ੁਰੂ ਵਿਚ ਹੀ ਮੈਂ ਸੂੰਢ ਦੀ ਘਟਨਾ ਦਾ ਜ਼ਿਕਰ ਕਰ ਆਇਆ ਹਾਂ ਜਿਹੜੀ 11 ਮਈ 1922 ਨੂੰ ਵਾਪਰੀ ਸੀ। ਉਸ ਵਿਚ ਭਾਈ ਕਿਸ਼ਨ ਸਿੰਘ ਗੜਗੱਜ ਅਤੇ ਸੁੰਦਰ ਸਿੰਘ ਮਖ਼ਸੂਸਪੁਰੀ ਸ਼ਾਮਲ ਸਨ ਜਿਹੜੇ ਸੂੰਢ ਦੇ ਦੋ ਭਰਾਵਾਂ ਅਰਜਨ ਸਿੰਘ ਅਤੇ ਹਰੀ ਸਿੰਘ ਦੀ ਮਦਦ ਲਈ ਗਏ ਸਨ, ਪਰ ਉਥੇ ਦੇ ਇਕ ਝੋਲੀ-ਚੁੱਕ ਲੰਬੜਦਾਰ ਨੇ ਪਿੰਡ ਦੇ ਬਦਮਾਸ਼ਾਂ ਨੂੰ ਨਾਲ ਲੈ ਕੇ ਇਹਨਾਂ ਉੱਤੇ ਅਚਾਨਕ ਹਮਲਾ ਕਰਕੇ ਸੁੰਦਰ ਸਿੰਘ ਅਤੇ ਅਰਜਨ ਸਿੰਘ ਨੂੰ ਗਰਿਫਤਾਰ ਕਰਵਾ ਦਿੱਤਾ ਸੀ, ਪਰ ਭਾਈ ਕਿਸ਼ਨ ਸਿੰਘ ਜੀ ਬਚ ਨਿਕਲੇ ਸਨ। ਬਾਅਦ ਵਿਚ ਅਰਜਨ ਸਿੰਘ ਸਾਡੇ ਕੇਸ ਵਿਚ ਮੁਲਜ਼ਮ ਨੰ: 7 ਬਣਿਆ ਸੀ ਅਤੇ ਪੰਜ ਸਾਲ ਦੀ ਸਜ਼ਾ ਭੁਗਤੀ ਸੀ। ਇਸੇ ਹਰੀ ਸਿੰਘ ਸੂੰਢ ਨੇ ਬਾਅਦ ਵਿਚ ਬੇਲਾ ਸਿੰਘ ਜਿਆਣੀਏ ਨੂੰ ਕਤਲ ਕੀਤਾ ਸੀ।

ਵੈਨਕੂਵਰ ਦੇ ਗੁਰਦੁਆਰੇ ਵਿਚ ਬੇਲਾ ਸਿੰਘ ਜਿਆਣੀਏ ਨੇ ਜਦੋਂ ਕਹਿਰ

ਢਾਹਿਆ ਸੀ, ਉਸ ਵੇਲੇ ਹਰੀ ਸਿੰਘ ਖ਼ੁਦ ਵੀ ਦੀਵਾਨ ਵਿਚ ਮੌਜੂਦ ਸੀ। ਇਸ ਕਰਕੇ ਉਹ ਉਹਨੂੰ ਬੜੀ ਚੰਗੀ ਤਰ੍ਹਾਂ ਜਾਣਦਾ-ਪਛਾਣਦਾ ਸੀ। ਸੋ ਹਰੀ ਸਿੰਘ ਨੇ ਫ਼ੈਸਲਾ ਕਰ ਲਿਆ ਕਿ ਬੇਲਾ ਸਿੰਘ ਨੂੰ ਉਹਦੇ ਕੀਤੇ ਉਸ ਪਾਪ ਦੀ ਸਜ਼ਾ ਜ਼ਰੂਰ ਦੇਣੀ ਚਾਹੀਦੀ ਹੈ। ਅਜ ਮੈਨੂੰ ਪੱਕੀਆਂ ਤਾਰੀਖ਼ਾਂ ਤਾਂ ਯਾਦ ਨਹੀਂ ਰਹੀਆਂ, ਪਰ ਗੱਲ 1935-36 ਦੀ ਹੈ। ਹਰੀ ਸਿੰਘ ਆਪਣੇ ਦੋ ਸਾਥੀਆਂ ਕੋਲ ਪੁੱਜਿਆ, ਜਿਨ੍ਹਾਂ ਵਿਚ ਇਕ ਸੀ ਪਿੰਡ ਜੜੌਲੀ ਦਾ ਜਥੇਦਾਰ ਈਸ਼ਰ ਸਿੰਘ ਅਤੇ ਦੂਜਾ ਸੀ ਪਿੰਡ ਚੱਬੇਵਾਲ ਦਾ ਜਥੇਦਾਰ ਬਖ਼ਸ਼ੀਸ਼ ਸਿੰਘ। ਇਹ ਦੋਨੋਂ ਪਿੰਡ ਬਿਲਕੁਲ ਜਿਆਣ ਦੇ ਲਾਗੇ ਹੀ ਹਨ। ਉਹਨੇ ਦੋਹਾਂ ਨੂੰ ਆਪਣਾ ਮਨੋਰਥ ਦੱਸ ਕੇ ਇਸ ਸ਼ੁਭ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਰਜ਼ਾਮੰਦ ਕਰ ਲਿਆ।

ਜਿਆਣ ਦੀਆਂ ਕੰਧਾਂ ਨਾਲ ਲਗਦਾ ਇਕ ਛੱਪੜ ਸੀ ਅਤੇ ਛੱਪੜ ਦੇ ਕੰਢੇ ਉੱਤੇ ਸੜਕ ਦੇ ਨਾਲ ਲਗਦੀ ਇਕ ਬਹੁਤ ਵੱਡੀ ਪੁਰਾਣੀ ਟਾਹਲੀ ਖੜੋਤੀ ਸੀ। ਅੱਡੇ ਤੋਂ ਜਿਆਣ ਹੁਸ਼ਿਆਰਪੁਰੋਂ ਗੜ੍ਹਸ਼ੰਕਰ ਨੂੰ ਜਾਂਦੀ ਸੜਕ ਉੱਤੇ ਕੋਈ ਅੱਧ ਕੁ ਮੀਲ ਦੇ ਫ਼ਾਸਲੇ ਉੱਤੇ ਹੀ ਹੈ ਅਤੇ ਪਿੰਡ ਚੱਬੇਵਾਲ ਵੀ ਅੱਡੇ ਦੇ ਲਹਿੰਦੇ ਪਾਸੇ ਏਨੇਂ ਕੁ ਫਾਸਲੇ ਉੱਤੇ ਹੀ ਹੈ। ਜੜੌਲੀ ਵੀ ਚੱਬੇਵਾਲ ਦੇ ਲਹਿੰਦੇ ਪਾਸੇ ਮੀਲ ਕੁ ਦੇ ਫ਼ਾਸਲੇ ਉੱਤੇ ਹੈ। ਅੱਡੇ ਉੱਤੇ ਸੜਕ ਦੇ ਚੜ੍ਹਦੇ ਪਾਸੇ ਇਕ ਪੱਕਾ ਕੋਠਾ ਅੱਜ ਵੀ ਮੌਜੂਦ ਹੈ। ਉਹਦੇ ਵਿਚ ਉਹਨਾਂ ਦਿਨਾਂ ਵਿਚ ਸ਼ਰਾਬ ਦਾ ਠੇਕਾ ਹੁੰਦਾ ਸੀ।

ਬੇਲਾ ਸਿੰਘ ਦੇ ਸੁਧਾਰ ਦਾ ਪ੍ਰੋਗਰਾਮ ਇਸ ਪ੍ਰਕਾਰ ਤੈਅ ਕਰ ਲਿਆ ਗਿਆ ਕਿ ਬਖ਼ਸ਼ੀਸ਼ ਸਿੰਘ ਅੱਡੇ ਉੱਤੇ ਇਸ ਗੱਲ ਦੀ ਤਾੜ ਰੱਖੇਗਾ ਕਿ ਬੇਲਾ ਸਿੰਘ ਕਿਸ ਦਿਨ ਹੁਸ਼ਿਆਰਪੁਰ ਨੂੰ ਗਿਆ ਹੈ। ਜਿਸ ਦਿਨ ਉਹ ਹੁਸ਼ਿਆਰਪੁਰ ਨੂੰ ਜਾਵੇ, ਉਹ ਜੜੌਲੀ ਆ ਕੇ ਈਸਰ ਸਿੰਘ ਨੂੰ ਇਤਲਾਹ ਦੇ ਦੇਵੇ ਅਤੇ ਹਰੀ ਸਿੰਘ ਉਨੇਂ ਦਿਨ ਈਸ਼ਰ ਸਿੰਘ ਕੋਲ ਹੀ ਠਹਿਰੇਗਾ।

ਬੇਲਾ ਸਿੰਘ ਆਪਣੇ ਸਰਪ੍ਰਸਤਾਂ ਨੂੰ ਦੁਆ-ਸਲਾਮ ਕਰਨ ਲਈ ਹੁਸ਼ਿਆਰਪੁਰ ਜਾਂਦਾ ਹੀ ਰਹਿੰਦਾ ਸੀ। ਸੋ ਇਕ ਦਿਨ ਉਹ ਵੀ ਆ ਹੀ ਗਿਆ ਕਿ ਇਹ ਕਹਾਵਤ ਪੂਰੀ ਹੋ ਗਈ: "ਸੌ ਦਿਨ ਚੋਰ ਦਾ, ਇਕ ਦਿਨ ਸਾਧ ਦਾ।" ਇਧਰ ਬੇਲਾ ਸਿੰਘ ਹੁਸ਼ਿਆਰਪੁਰ ਜਾਣ ਲਈ ਲਾਰੀ ਉੱਤੇ ਚੜ੍ਹਿਆ, ਉਧਰ ਬਖ਼ਸ਼ੀਸ਼ ਸਿੰਘ ਨੇ ਜੜੌਲੀ ਜਾ ਖ਼ੁਸ਼ਖ਼ਬਰੀ ਸੁਣਾਈ।

ਉਸੇ ਹੀ ਵੇਲੇ ਪ੍ਰੋਗਰਾਮ ਤੈਅ ਕਰ ਲਿਆ ਗਿਆ ਕਿ ਬਖ਼ਸ਼ੀਸ਼ ਸਿੰਘ ਜਾ ਕੇ ਅੱਡੇ ਉੱਤੇ ਬੈਠ ਜਾਵੇ। ਹਰੀ ਸਿੰਘ ਅਤੇ ਈਸ਼ਰ ਸਿੰਘ ਸ਼ਰਾਬ ਦੇ ਠੇਕੇ ਦੀ ਓਟ ਵਿਚ ਬੂਝਿਆਂ ਵਿਚ ਲੁਕ ਕੇ ਬੈਠ ਜਾਣਗੇ। ਜਿਸ ਵੇਲੇ ਬੇਲਾ ਸਿੰਘ ਸ਼ਹਿਰੋਂ ਵਾਪਸੀ ਉੱਤੇ ਲਾਰੀ ਵਿਚੋਂ ਉਤਰੇ, ਬਖ਼ਸ਼ੀਸ਼ ਸਿੰਘ ਪਰਨੇ ਨਾਲ ਪੈਰ ਝਾੜਨ ਲੱਗ ਪਵੇ। ਹਰੀ ਸਿੰਘ ਬਾਂਹ ਖੜੀ ਕਰਕੇ ਬਖ਼ਸ਼ੀਸ਼ ਸਿੰਘ ਨੂੰ ਵਾਪਸੀ ਇਸ਼ਾਰਾ ਕਰ ਦੇਵੇਗਾ। ਬਖ਼ਸ਼ੀਸ਼ ਸਿੰਘ ਪਿੰਡ ਨੂੰ ਮੁੜ ਜਾਵੇ। ਬਾਕੀ ਕੰਮ ਦੋਨੋਂ ਸਿਰੇ ਚੜ੍ਹਾ ਲੈਣਗੇ। ਸੋ ਸਭ ਨੇ ਆਪਣੇ-ਆਪਣੇ ਮੋਰਚੇ ਆ ਸੰਭਾਲੇ ਅਤੇ ਆਪਣੇ ਸ਼ਿਕਾਰ ਦੀ ਉਡੀਕ ਕਰਨ ਲੱਗ ਪਏ।

ਸ਼ਾਮ ਨੂੰ ਬੇਲਾ ਸਿੰਘ ਲਾਰੀ ਤੋਂ ਉੱਤਰ ਕੇ ਸਿੱਧਾ ਸ਼ਰਾਬ ਦੇ ਠੇਕੇ ਵਿਚ ਜਾ ਵੜਿਆ। ਬਖ਼ਸ਼ੀਸ਼ ਸਿੰਘ ਪਰਨੇ ਨਾਲ ਪੈਰ ਝਾੜਨ ਲੱਗ ਪਿਆ ਅਤੇ ਹਰੀ ਸਿੰਘ ਨੇ ਬਾਂਹ ਹਿਲਾ ਕੇ ਬਖ਼ਸ਼ੀਸ਼ ਸਿੰਘ ਨੂੰ ਇਸ਼ਾਰਾ ਕਰ ਦਿੱਤਾ ਤੇ ਉਹ ਪਿੰਡ ਨੂੰ ਚਲਿਆ

ਗਿਆ। ਹਰੀ ਸਿੰਘ ਅਤੇ ਈਸ਼ਰ ਸਿੰਘ ਛੱਪੜ ਕੋਲ ਖੜੋਤੀ ਟਾਹਲੀ ਦੇ ਨੇੜੇ ਹੀ ਬੂਝਿਆਂ ਦੀ ਓਟ ਵਿਚ ਛਹਿ ਕੇ ਜਾਂ ਬੈਠੇ। ਜਿਸ ਵੇਲੇ ਬੇਲਾ ਸਿੰਘ ਬੋਤਲ ਫੜੀਂ ਟਾਹਲੀ ਕੋਲ ਦੀ ਲੰਘਣ ਲੱਗਿਆ ਤਾਂ ਦੋਨੋਂ ਸੂਰਮੇ ਭੁੱਖੇ ਸ਼ੇਰ ਵਾਂਗੂ ਆਪਣੇ ਸ਼ਿਕਾਰ ਉੱਤੇ ਝਪਟ ਪਏ। ਈਸ਼ਰ ਸਿੰਘ ਨੇ ਪਹਿਲਾਂ ਤੋਂ ਤਿਆਰ ਕੀਤੀ ਚਾਦਰ ਸਿਕਾਰ ਦੇ ਸਿਰ ਉਤੋਂ ਦੀ ਸੁੱਟ ਉਹਨੂੰ ਅੰਨ੍ਹਾ ਕਰ ਲਿਆ ਅਤੇ ਹਰੀ ਸਿੰਘ ਨੇ ਛੁਰੀ ਢਿੱਡ ਵਿਚ ਘਸੋੜ ਥਾਂਏਂ ਢੇਰੀ ਕਰ ਲਿਆ। ਫੇਰ ਉਹਨੂੰ ਘੜੀਸ ਦੇ ਟਾਹਲੀ ਦੇ ਚੜ੍ਹਦੇ ਪਾਸੇ ਛੱਪੜ ਦੇ ਕੰਢੇ ਕਰ ਲਿਆ ਅਤੇ ਉਸੇ ਛੁਰੀ ਨਾਲ ਉਹ ਹੁਲੀਆ ਵਿਗਾੜਿਆ ਕਿ ਰਹੇ ਹੱਥ ਦਾ ਨਾ। ਇੰਦਰੀ ਕੱਟ ਕੇ ਉਹਦੇ ਮੂੰਹ ਵਿਚ ਦੇ ਦਿੱਤੀ। ਢਿੱਡ ਚੀਰ ਆਂਦਰਾ ਦਾ ਢੇਰ ਬਣਾ ਦਿਤਾ। ਸ਼ਰਾਬ ਦੀ ਬੋਤਲ ਉੱਤੇ ਰਖ ਉਹੋ ਚਾਦਰ ਉੱਤੇ ਪਾ ਚਾਰਾਂ ਪਾਸਿਆ ਤੋਂ ਪੂਰੀ ਤਰ੍ਹਾਂ ਢਕ ਦਿਤਾ। ਪੂਰੀ ਤਸੱਲੀ ਕਰਕੇ ਉਹ ਜੰਡੋਲੀ ਨੂੰ ਚਲੇ ਗਏ ਅਤੇ ਅਗੇ ਹਰੀ ਸਿੰਘ ਰਾਤੋ-ਰਾਤ ਆਪਣੇ ਪਿੰਡ ਜਾ ਪੁਜਿਆ।

ਅਗਲੀ ਕਾਰਵਾਈ ਮੈਂ ਸ੍ਰ: ਭਗਤ ਸਿੰਘ ਜਿਆਣ ਦੇ ਦੱਸੇ ਮੁਤਾਬਿਕ ਲਿਖ ਰਿਹਾ ਹਾਂ, ਜਿਹੜੇ ਉਸ ਪਿੰਡ ਦੇ ਮੰਨੇ-ਪ੍ਰਮੰਨੇ ਵਿਅਕਤੀ ਸਨ, ਪਰ ਸਤੰਬਰ 1975 ਵਿਚ ਚਲਾਣਾ ਕਰ ਗਏ ਸਨ।

ਸਵੇਰੇ ਮੂੰਹ-ਹਨੇਰੇ ਜਿਸ ਵੇਲੇ ਲੋਕੀਂ ਬਾਹਰ ਜੰਗਲ-ਪਾਣੀ ਲਈ ਜਾਂਦੇ ਹਨ, ਆਮ ਨਿਕਾਸ ਛੱਪੜ ਵੱਲ ਹੀ ਹੁੰਦਾ ਹੈ। ਵੈਸੇ ਪਿੰਡ ਜਿਆਣ ਹੈ ਵੀ ਛੋਟਾ ਜਿਹਾ ਹੀ। ਕਿਸੇ ਨੇ ਹੌਸਲਾ ਕਰਕੇ ਚਾਦਰ ਹਟਾ ਕੇ ਪਛਾਣ ਲਿਆ ਕਿ ਇਹ ਤਾਂ ਬੇਲਾ ਸਿੰਘ ਆਪਣੇ ਪਾਪਾਂ ਦਾ ਫਲ ਭੁਗਤ ਰਿਹਾ ਹੈ। ਮੌਤ ਦੀ ਖ਼ਬਰ ਅੱਗ ਦੀ ਚੰਗਿਆੜੀ ਵਾਂਗੂੰ ਫੈਲਣੀ ਹੀ ਸੀ। ਪਤਾ ਲਗਦਿਆਂ ਹੀ ਭਗਤ ਸਿੰਘ ਵੀ ਮੌਕੇ ਉੱਤੇ ਜਾ ਪੁੱਜੇ।

ਇਹ ਵੀ ਹੋ ਸਕਦਾ ਹੈ ਕਿ ਰਾਤ ਨੂੰ ਹੀ ਕਿਸੇ ਨੇ ਵੱਢਿਆ-ਟੁੱਕਿਆ ਬੇਲਾ ਸਿੰਘ ਦੇਖ ਲਿਆ ਹੋਵੇ ਅਤੇ ਡਰਦਾ ਦੜ ਵਟ ਗਿਆ ਹੋਵੇ। ਉਹ ਪਿੰਡ ਦੀਆਂ ਕੰਧਾਂ ਦੇ ਨਾਲ ਤਾਂ ਪਿਆ ਸੀ।

ਬੇਲਾ ਸਿੰਘ ਦੇ ਕਤਲ ਵੇਲੇ ਜਵਾਲਾ ਸਿੰਘ ਮੁਰਬਿਆਂ ਵਿਚ ਸੀ। ਤਾਰ ਮਿਲ-ਦਿਆਂ ਉਹ ਵੀ ਪੁੱਜ ਗਿਆ। ਕਤਲ ਵਾਲੀ ਰਾਤ ਬੇਲਾ ਸਿੰਘ ਦੀ ਘਰ ਵਾਲੀ ਅਤੇ ਤਿੰਨ ਧੀਆਂ ਹੀ ਘਰ ਸਨ, ਜਿਹੜੀਆਂ ਹਾਲੇ ਨਿਆਣੀਆਂ ਹੀ ਸਨ। ਹੋਰ ਕੋਈ ਮਰਦ ਘਰ ਨਹੀਂ ਸੀ। ਬੇਲਾ ਸਿੰਘ ਨੂੰ ਸ਼ਰਾਬ ਪੀਣ ਦੀ ਲਤ ਤਾਂ ਸੀ ਹੀ। ਕਈ ਵਾਰ ਉਹ ਸ਼ਹਿਰ ਗਿਆ ਉਥੇ ਹੀ ਠਹਿਰ ਜਾਂਦਾ ਸੀ ਅਤੇ ਉਹਦੀ ਸੁਆਣੀ ਆਖ਼ਰੀ ਬੱਸ ਦਾ ਇੰਤਜ਼ਾਰ ਕਰਕੇ ਸਮਝ ਲੈਂਦੀ ਸੀ ਕਿ ਅਜ ਉਹ ਸ਼ਹਿਰ ਹੀ ਠਹਿਰ ਗਿਆ ਹੈ ਤੇ ਕੁੜੀਆਂ ਨੂੰ ਨਾਲ ਲੈ ਕੇ ਸੌਂ ਜਾਂਦੀ ਸੀ। ਉਸ ਰਾਤ ਉਹਨੂੰ ਕੀ ਪਤਾ ਸੀ ਕਿ ਉਹਦਾ ਦੁਸ਼ਟ ਪਤੀ ਇਥੇ ਦੇ ਨਰਕੀ ਜੀਵਨ ਤੋਂ ਛੁਟਕਾਰਾ ਪਾ ਅਗੇ ਦੋਜ਼ਖ਼ਾਂ ਦੀ ਅੱਗ ਵਿਚ ਸੜ-ਬਲ ਰਿਹਾ ਹੈ ਅਤੇ ਪਾਪਾਂ ਦੀ ਸਜਾ ਭੁਗਤ ਰਿਹਾ ਹੈ।

ਖ਼ਬਰ ਹੁਸ਼ਿਆਰਪੁਰ ਪੁੱਜੀ। ਸਦਰ ਦੇ ਥਾਣੇਦਾਰ ਨੇ ਦੋ ਲਾਰੀਆਂ ਲਾਲ ਪੱਗਾਂ ਵਾਲਿਆ ਦੀਆਂ ਭਰੀਆਂ ਅਤੇ ਮੌਕੇ ਉੱਤੇ ਆ ਪੁਜਿਆ। ਮਗਰੇ ਹੀ ਡੀ ਸੀ, ਪੁਲਸ ਕਪਤਾਨ, ਸਿਵਲ ਸਰਜਨ ਅਤੇ ਹੋਰ ਅਮਲਾ-ਫੈਲਾ ਸਾਮਾਨ ਸਮੇਤ ਪੁਜ ਗਏ। ਲਾਲ ਪੱਗਾਂ ਵਾਲੇ ਆਲੇ-ਦੁਆਲੇ ਦੇ ਪਿੰਡਾਂ ਦੇ ਬਦਮਾਸ਼ਾਂ ਦੇ ਨਾਲ-ਨਾਲ ਆਮ ਲੋਕਾਂ ਨੂੰ ਘੇਰ ਕੇ ਜਿਆਣ ਲਿਆਉਣ ਲੱਗ ਪਏ।

ਸੜਕ ਦੇ ਕੰਢੇ ਹੀ ਪੋਸਟ-ਮਾਰਟਮ ਕੀਤਾ ਗਿਆ ਅਤੇ ਥਾਣੇਦਾਰ ਦੀ ਨਿਗਰਾਨੀ ਥੱਲੇ ਬੇਲਾ ਸਿੰਘ ਨੂੰ ਲਾਂਬੂ ਲਾ ਕੇ ਸੁਆਹ ਦਾ ਢੇਰ ਬਣਾ ਦਿੱਤਾ ਗਿਆ। ਵੱਡੇ ਅਫ਼ਸਰ ਵਾਪਸ ਚਲੇ ਗਏ ਅਤੇ ਗੇੜੇ ਮਾਰਦੇ ਰਹੇ, ਪਰ ਬੇਲਾ ਸਿੰਘ ਦੇ ਕਤਲ ਦੀ ਕੋਈ ਉਘ-ਸੁਘ ਨਾ ਨਿਕਲ ਸਕੀ। ਸਹਿਜੇ-ਸਹਿਜੇ ਪਿੰਡਾਂ ਵਾਲਿਆਂ ਨੂੰ ਸੁਖ ਦਾ ਸਾਹ ਮਿਲਦਾ ਗਿਆ ਅਤੇ ਪੁਲਸ ਤਸ਼ੱਦਦ ਘਟਦਾ ਗਿਆ। ਬੇਲਾ ਸਿੰਘ ਦਾ ਛੋਟਾ ਭਰਾ ਜਵਾਲਾ ਸਿੰਘ ਬਹੁਤ ਮੀਸਣਾ ਅਤੇ ਜ਼ਬਾਨ ਦਾ ਮਿੱਠਾ ਸੀ। ਬਦੋਬਦੀ ਅਗਲੇ ਦੇ ਢਿਡ ਵਿਚ ਜਾ ਵੜਦਾ ਸੀ। ਇਹੋ ਵਜਾਹ ਸੀ ਕਿ ਉਹ ਧੰਨਾ ਸਿੰਘ ਬਹਿਬਲਪੁਰੀਏ ਨੂੰ ਫਸਾਉਣ ਵਿਚ ਸਫਲ ਰਿਹਾ ਸੀ। ਉਸੇ ਨੇ ਧੁਸਕ ਕਢ ਲਈ ਕਿ ਉਹਦੇ ਭਰਾ ਨੂੰ ਕਤਲ ਕਰਾਉਣ ਵਿਚ ਚੱਬੇਵਾਲੀਏ ਬਖ਼ਸ਼ੀਸ਼ ਸਿੰਘ ਦਾ ਹੱਥ ਹੈ। ਉਹਨੇ ਪੁਲਸ ਨੂੰ ਸੁਚੇਤ ਜਾ ਕੀਤਾ। ਬਖ਼ਸ਼ੀਸ਼ ਸਿੰਘ ਪੁਲਸ ਦੇ ਕਾਬੂ ਆ ਗਿਆ। ਉਹ ਪੁਲਸ ਦਾ ਤਸ਼ੱਦਦ ਬਰਦਾਸਤ ਨਾ ਕਰ ਸਕਿਆ ਅਤੇ ਏਨੀਂ ਗੱਲ ਮੰਨ ਲਈ ਕਿ ਇਕ ਦਿਨ ਜੜੋਲੀ ਵਾਲਾ ਈਸ਼ਰ ਸਿੰਘ ਉਹਦੇ ਕੋਲ ਆਇਆ ਸੀ ਅਤੇ ਕਹਿ ਗਿਆ ਸੀ ਕਿ ਜਿਸ ਦਿਨ ਬੇਲਾ ਸਿੰਘ ਹੁਸ਼ਿਆਰਪੁਰ ਨੂੰ ਜਾਵੇ, ਉਹ ਜੜੋਲੀ ਜਾ ਕੇ ਉਹਨੂੰ ਦੱਸ ਆਵੇ। ਸੋ ਜਿਸ ਦਿਨ ਬੇਲਾ ਸਿੰਘ ਹੁਸਿਆਰਪੁਰ ਨੂੰ ਗਿਆ, ਉਹ ਜੜੋਲੀ ਜਾ ਕੇ ਈਸ਼ਰ ਸਿੰਘ ਨੂੰ ਦੱਸ ਆਇਆ। ਉਸ ਵੇਲੇ ਉਹਦੇ ਕੋਲ ਹਰੀ ਸਿੰਘ ਸੂੰਢ ਵੀ ਬੈਠਾ ਸੀ। ਏਨੀਂ ਗੱਲ ਪੁਲਸ ਅੱਗੇ ਮੰਨ ਕੇ ਹੋਰ ਕੋਈ ਗੱਲ ਉਹਨੇ ਨਹੀਂ ਸੀ ਦੱਸੀ। ਪੁਲਸ ਕਪਤਾਨ ਅਤੇ ਡੀ ਸੀ ਨੇ ਇਕ ਮੁਰੱਬਾ ਅਤੇ ਨਕਦ ਇਨਾਮ ਦੇਣ ਲਈ ਬੜਾ ਜ਼ੋਰ ਲਾਇਆ ਕਿ ਉਹ ਵਾਇਦਾ-ਮੁਆਫ਼ ਬਣ ਜਾਵੇ ਅਤੇ ਦੋਹਾਂ ਉੱਤੇ ਗਵਾਹੀ ਦੇ ਦੇਵੇ। ਪਰ ਬਖ਼ਸ਼ੀਸ਼ ਸਿੰਘ ਉੱਪਰ-ਦੱਸੀ ਗੱਲ ਉੱਤੇ ਅੜਿਆ ਰਿਹਾ ਅਤੇ ਕਹਿੰਦਾ ਰਿਹਾ ਕਿ ਉਹਨੂੰ ਤਾਂ ਬੇਲਾ ਸਿੰਘ ਦੇ ਕਤਲ ਦਾ ਪਤਾ ਅਗਲੇ ਦਿਨ ਲਗਿਆ ਸੀ ਅਤੇ ਉਹ ਫੇਰ ਵੀ ਜਿਆਣ ਨਹੀਂ ਸੀ ਗਿਆ। ਉਹਨੂੰ ਕੋਈ ਪਤਾ ਨਹੀਂ ਕਿ ਕਤਲ ਕੀਹਨੇ ਕੀਤਾ ਹੈ।

ਜਿਸ ਵੇਲੇ ਈਸ਼ਰ ਸਿੰਘ ਨੂੰ ਪਤਾ ਲਗਿਆ ਕਿ ਬਖ਼ਸ਼ੀਸ਼ ਸਿੰਘ ਪੁਲਸ ਦੇ ਕਾਬੂ ਆ ਗਿਆ ਹੈ, ਉਹ ਤਾਂ ਉਸੇ ਵੇਲੇ ਹੀ ਤਿੱਤਰ ਹੋ ਗਿਆ ਅਤੇ ਮੁੜ ਪੁਲਸ ਦੇ ਕਾਬੂ ਨਾ ਆ ਸਕਿਆ। ਪਰ ਹਰੀ ਸਿੰਘ ਅਨਭੋਲ ਹੀ ਪੁਲਸ ਨੇ ਕਾਬੂ ਜਾ ਕੀਤਾ। ਪਾਠਕ ਸੋਚ ਹੀ ਸਕਦੇ ਹਨ ਕਿ ਬੇਲਾ ਸਿੰਘ ਦੇ ਕਤਲ ਦੀ ਖੋਜ ਕੱਢਣ ਲਈ ਹਰੀ ਸਿੰਘ ਨਾਲ ਕੀ ਬੀਤੀ ਹੋਵੇਗੀ। ਜਿਹੜਾ ਕਹਿਰ ਪੁਲਸ ਨੇ ਹਰੀ ਸਿੰਘ ਉੱਤੇ ਗੁਜ਼ਾਰਿਆ, ਲਿਖਦਿਆਂ ਹੁਣ ਵੀ ਕੰਬਣੀ ਆ ਜਾਂਦੀ ਹੈ। ਪਰ ਸ਼ੇਰ ਸਾਰੇ ਤਸੀਹੇ ਬਰਦਾਸ਼ਤ ਕਰੀ ਗਿਆ ਅਤੇ ਮੋਨ ਧਾਰੀ ਰਖਿਆ।

ਜਿਸ ਵੇਲੇ ਹੁਸ਼ਿਆਰਪੁਰ ਦੇ ਦੇਸਭਗਤਾਂ ਨੂੰ ਹਰੀ ਸਿੰਘ ਅਤੇ ਬਖ਼ਸ਼ੀਸ਼ ਸਿੰਘ ਦੀ ਗਰਿਫ਼ਤਾਰੀ ਦਾ ਪਤਾ ਲਗਿਆ, ਉਹਨਾਂ ਨੇ ਇਕ ਡਿਫੈਂਸ ਕਮੇਟੀ ਬਣਾ ਕੇ ਹੁਸ਼ਿਆਰਪੁਰ ਦੇ ਉੱਘੇ ਵਕੀਲ ਲਾਲਾ ਦੁਰਗਾ ਦਾਸ ਅਤੇ ਸ: ਪ੍ਰੀਤਮ ਸਿੰਘ ਪਾਲ ਪੈਰਵੀ ਲਈ ਮੁਕਰੱਰ ਕਰ ਦਿੱਤੇ। ਪੁਲਸ ਦੇ ਕੁਝ ਹੱਥ-ਪੱਲੇ ਤਾਂ ਪੈ ਹੀ ਨਹੀਂ ਸੀ ਰਿਹਾ। ਦੋ ਹਫ਼ਤਿਆਂ ਦੇ ਰਿਮਾਂਡ ਤੋਂ ਇਲਾਵਾ ਹੋਰ ਕੋਈ ਕਾਰਵਾਈ ਨਹੀਂ ਸੀ ਹੋ ਰਹੀ।

ਡਿਫੈਂਸ ਕਮੇਟੀ ਦੇ ਮੈਂਬਰ ਸਨ ਅਰਜਨ ਸਿੰਘ ਸੱਚ ਖੜੋਦੀ, ਬਲਵੰਤ ਸਿੰਘ

ਦੁਖੀਆ, ਜਰਨੈਲ ਮੂਲਾ ਸਿੰਘ ਬਾਹੋਵਾਲ, ਰਾਮ ਸਿੰਘ ਜੌਹਰ, ਸਾਲਗ ਰਾਮ ਪ੍ਰਾਸ਼ਰ ਅਤੇ ਮੇਘੋਵਾਲੀਆ ਮਿਸਤਰੀ ਦਲੀਪ ਸਿੰਘ ਜਿਹੜਾ ਖ਼ਜ਼ਾਨਚੀ ਵੀ ਸੀ। ਹਰੀ ਸਿੰਘ ਖੰਡੇ ਨੇ, ਮੈਂ ਅਤੇ ਊਧਮ ਸਿੰਘ ਨੇ ਵੀ ਆਪਣੇ ਸਾਥੀਆਂ ਤੋਂ ਮਾਇਆ ਇਕੱਠੀ ਕਰਕੇ ਥੋੜ੍ਹਾ-ਬਹੁਤਾ ਹਿੱਸਾ ਪਾਇਆ ਸੀ। ਜਲੰਧਰੋਂ ਬਾਬਾ ਕਰਮ ਸਿੰਘ ਜੀ ਚੀਮਾ ਅਤੇ ਬਾਬਾ ਭਾਗ ਸਿੰਘ ਜੀ ਕੈਨੇਡੀਅਨ ਪੂਰਾ ਸਹਿਯੋਗ ਦੇ ਰਹੇ ਸਨ।

ਪੁਲਸ ਦੇ ਸਿਰ-ਤੋੜ ਜਤਨਾਂ ਦੇ ਬਾਵਜੂਦ ਇਕ ਵੀ ਬੰਦਾ ਗਵਾਹੀ ਦੇਣ ਲਈ ਤਿਆਰ ਨਾ ਹੋਇਆ। ਸਰਕਾਰ ਦੇ ਹਮਾਇਤੀਆਂ ਦਾ ਘਾਟਾ ਤਾਂ ਕੋਈ ਨਹੀਂ ਸੀ, ਪਰ ਕਿਸੇ ਦੀ ਹਿੰਮਤ ਨਹੀਂ ਸੀ ਹੋ ਰਹੀ। ਕੋਈ ਛੇ ਕੁ ਮਹੀਨੇ ਪੁਲਸ ਟੱਕਰਾਂ ਮਾਰ ਕੇ ਮਾਯੂਸ ਹੋ ਗਈ ਅਤੇ ਅਖ਼ੀਰ ਵਿਚ ਸਬੂਤ ਨਾ ਹੋਣ ਦੀ ਬਿਨਾ ਉੱਤੇ ਕੇਸ ਦਾਖ਼ਲ-ਦਫ਼ਤਰ ਕਰਨਾ ਪਿਆ। ਹਰੀ ਸਿੰਘ ਸੂੰਢ ਅਤੇ ਬਖ਼ਸ਼ੀਸ਼ ਸਿੰਘ ਚੱਬੇਵਾਲ ਦੀਆਂ ਹੱਥਕੜੀਆਂ ਖੋਲ੍ਹਣੀਆਂ ਪਈਆਂ। ਈਸ਼ਰ ਸਿੰਘ ਦੀ ਵੈਸੇ ਹੀ ਬੰਦਖਲਾਸੀ ਹੋ ਗਈ।

ਬੇਸ਼ਕ ਇਹ ਕਾਂਡ ਮੈਂ ਖ਼ਤਮ ਕਰ ਚੁਕਿਆ ਹਾਂ, ਪਰ ਇਕ ਸਵਾਲ ਹਰ ਵੇਲੇ ਮੇਰੇ ਦਿਮਾਗ ਵਿਚ ਗੇੜੇ ਖਾਂਦਾ ਰਹਿੰਦਾ ਹੈ। ਇਕ ਹਤਿਆਰਾ ਸਿਖੀ ਭੇਸ ਵਿਚ ਆਪਣੇ ਇਕ ਅੰਗਰੇਜ਼ ਸਰਪ੍ਰਸਤ ਹੌਪਕਿਨ ਦੇ ਕਹੇ ਉੱਤੇ ਕੈਨੇਡਾ ਵਿਚ ਵੈਨਕੂਵਰ ਦੇ ਗੁਰਦੁਆਰੇ ਅੰਦਰ 5 ਸਤੰਬਰ 1914 ਨੂੰ ਜਾਂਦਾ ਹੈ। ਉਸ ਵੇਲੇ ਉਹਦੇ ਕੋਲ ਛੇ-ਛੇ ਗੋਲੀਆਂ ਵਾਲੇ ਦੋ ਰੀਵਾਲਵਰ ਵੀ ਹਨ। ਉਹ ਮੱਥਾ ਟੇਕ ਉਸ ਵੇਲੇ ਤਾਬਿਆ ਬੈਠੇ ਗਰੰਥੀ ਭਾਈ ਭਾਗ ਸਿੰਘ ਜੀ ਸਪੁੱਤਰ ਭਾਈ ਨਰੈਣ ਸਿੰਘ ਜੀ, ਪਿੰਡ ਭਿੱਖੀਵਿੰਡ ਜ਼ਿਲਾ ਲਾਹੌਰ, ਉਮਰ ਲਗਭਗ 40 ਸਾਲ, ਦੀ ਪਿੱਠ ਪਿਛੇ ਜਾ ਬੈਠਦਾ ਹੈ। ਸੰਗਤਾਂ ਐਤਵਾਰ ਦੇ ਦੀਵਾਨ ਵਿਚ ਜੁੜੀਆਂ ਬੈਠੀਆਂ ਹਨ। ਦੀਵਾਨ ਦੀ ਸਮਾਪਤੀ ਉੱਤੇ ਭਾਈ ਸਾਹਿਬ ਵਾਕ ਲੈ ਰਹੇ ਹਨ ਅਤੇ ਉਹ ਹਤਿਆਰਾ ਗੋਲੀਆਂ ਭਾਈ ਸਾਹਿਬ ਦੀ ਪਿਠ ਵਿਚ ਲੰਘਾ ਦਿੰਦਾ ਹੈ। ਭਾਈ ਸਾਹਿਬ ਗੁਰੂ ਗਰੰਥ ਸਾਹਿਬ ਉੱਤੇ ਹੀ ਢੇਰੀ ਹੋ ਜਾਂਦੇ ਹਨ ਅਤੇ ਸ਼ਹੀਦ ਦੇ ਖ਼ੂਨ ਨਾਲ ਸਾਡਾ ਇਸ਼ਟ ਵੀ ਰੰਗਿਆ ਜਾਂਦਾ ਹੈ। ਸੰਗਤਾਂ ਵਿਚ ਭਾਜੜ ਪੈ ਜਾਂਦੀ ਹੈ। ਇਕ ਬਬਰ ਸ਼ੇਰ ਭਾਈ ਬਦਨ ਸਿੰਘ ਪਿੰਡ ਦਲੇਲ ਸਿੰਘ ਵਾਲਾ ਹਤਿਆਰੇ ਉੱਤੇ ਝਪਟਦਾ ਹੈ, ਪਰ ਉਹ ਵੀ ਹਤਿਆਰੇ ਦੇ ਦੂਜੇ ਰੀਵਾਲਵਰ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਕੇ ਗੁਰਪੁਰੀ ਸਿਧਾਰ ਜਾਂਦਾ ਹੈ। ਹੌਪਕਿਨ ਬਾਹਿਫਾਜ਼ਤ ਉਸ ਕਾਤਲ ਨੂੰ ਸਿੱਧਾ ਹਿੰਦੁਸਤਾਨ ਪੁਚਾ ਦਿੰਦਾ ਹੈ ਅਤੇ ਨਾਲ ਹੀ ਉਸ ਵੇਲੇ ਦੇ ਅੰਗਰੇਜ਼ ਗਵਰਨਰ ਪੰਜਾਬ ਨੂੰ ਕਹਿ ਕੇ ਨਹਿਰੀ ਜ਼ਮੀਨ ਦੇ ਛੇ ਮੁਰੱਬੇ ਚੱਕ 96, ਜ਼ਿਲਾ ਮੁਲਤਾਨ ਵਿਚ ਦੁਆ ਦਿੰਦਾ ਹੈ।

ਉਹ ਹਤਿਆਰਾ ਸੀ ਬੇਲਾ ਸਿੰਘ ਜਿਆਣੀਆ। ਉਹਨੂੰ ਉਹਦੇ ਪਾਪਾਂ ਦੀ ਸਜ਼ਾ ਹਰੀ ਸਿੰਘ ਸੂੰਢ, ਈਸ਼ਰ ਸਿੰਘ ਜੜੌਲੀ ਅਤੇ ਚੱਬੇਵਾਲੀਆ ਬਖ਼ਸ਼ੀਸ਼ ਸਿੰਘ ਭੁਗਤਾਉਂਦੇ ਹਨ ਅਤੇ 1921 ਤੋਂ ਬਬਰਾਂ ਦੀ ਚਲਾਈ ਲਹਿਰ ਨੂੰ ਨਵੇਂ ਸਿਰਿਉਂ ਸੁਰਜੀਤ ਕਰਦੇ ਹਨ। ਉਹਨਾਂ ਦੀਆਂ ਯਾਦਗਾਰਾਂ ਤਾਂ ਕੀ ਕਾਇਮ ਹੋਣੀਆਂ ਸਨ, ਭੁੱਲ-ਭੁਲੇਖੇ ਕਿਸੇ ਇਕ ਦੀ ਵੀ ਸਰਕਾਰੀ ਤੌਰ ਉੱਤੇ ਬਰਸੀ ਨਾ ਮਨਾਈ ਜਾਵੇ, ਕੀ ਇਹ ਅਨਰਥ ਨਹੀਂ ? ਉਹਨਾਂ ਦੀਆਂ ਦੁਆਈਆਂ ਕੁਰਸੀਆਂ ਲਈ ਨਿਤ ਨਵੇਂ ਸੂਰਜ ਭਾਂਤ-ਭਾਂਤ ਦੇ ਘੜੇ-ਘੜਾਏ ਨਾਹਰੇ ਤਾਂ ਸੁਨਣ ਵਿਚ ਆਉਂਦੇ ਹਨ, ਪਰ ਇਹਨਾਂ ਸ਼ਹੀਦਾਂ ਦੀ ਮਾੜੀ-ਮੋਟੀ ਯਾਦ ਮਨਾਉਣ ਲਈ ਸਮਾਂ ਕਿਸੇ ਕੋਲ ਨਹੀਂ।

# 76. ਵਾਇਦਾ-ਮੁਆਫ਼ ਗਵਾਹ ਅਨੂਪ ਸਿੰਘ ਮਾਣਕੋ ਦਾ ਕਤਲ

ਪਾਠਕਾਂ ਨੂੰ ਯਾਦ ਹੀ ਹੋਵੇਗਾ ਕਿ ਇਸ ਨੀਚ ਨੇ ਬਬਰ ਕਰਮ ਸਿੰਘ, ਉਦੇ ਸਿੰਘ ਰਾਮਗੜ੍ਹ ਝੁੱਗੀਆਂ, ਬਿਸ਼ਨ ਸਿੰਘ ਮਾਂਗਟਾਂ ਅਤੇ ਮਹਿੰਦਰ ਸਿੰਘ ਪਿੰਡੋਰੀ ਗੰਗਾ ਸਿੰਘ ਨੂੰ ਪਹਿਲੀ ਸਤੰਬਰ 1923 ਨੂੰ ਪਿੰਡ ਬਬੇਲੀ ਵਿਚ ਸ਼ਹੀਦ ਕਰਵਾਇਆ ਸੀ। ਇਹ ਇਕ ਵਾਰ ਸ੍ਰੀ ਆਨੰਦਪੁਰ ਸਾਹਬ ਹੋਲੇ-ਮਹੱਲੇ ਦੇ ਮੇਲੇ ਉੱਤੇ ਗਿਆ ਹੋਇਆ ਸੀ ਤਾਂ ਉਹਨਾਂ ਹੀ ਦਿਨਾਂ ਵਿਚ ਗਿਆਨੀ ਹਰਬੰਸ ਸਿੰਘ ਪਿੰਡ ਸਰਹਾਲਾ ਛੋਟਾ, ਗੁਰਦੁਆਰੇ ਦਾ ਸੈਕਟਰੀ ਲਗਿਆ ਹੋਇਆ ਸੀ ਅਤੇ ਡੁਮੇਲੀ ਵਾਲਾ ਵੱਡਾ ਕਰਤਾਰ ਸਿੰਘ ਵੀ ਇਸੇ ਮੇਲੇ ਗਿਆ ਹੋਇਆ ਸੀ। ਇਹੋ ਕਰਤਾਰ ਸਿੰਘ ਉਸ ਵੇਲੇ ਬਬੇਲੀ ਕਰਮ ਸਿੰਘ ਬਬਰ ਹੁਰਾਂ ਦੇ ਨਾਲ ਸੀ। ਇਹ ਦੋਵੇਂ ਬਬਰ ਅਕਾਲੀ ਕੇਸ ਦੇ ਮੁਲਜ਼ਮ ਸਨ। ਕਰਤਾਰ ਸਿੰਘ ਦਾ ਨੰਬਰ 78 ਅਤੇ ਗਿਆਨੀ ਹਰਬੰਸ ਸਿੰਘ ਦਾ 84 ਸੀ। ਇਹਨਾਂ ਦੋਹਾਂ ਦੀ ਨਜ਼ਰ ਅਨੂਪ ਸਿੰਘ ਪੈ ਗਿਆ ਤਾਂ ਦੋਹਾਂ ਨੇ ਸਲਾਹ ਕੀਤੀ ਕਿ ਇਹਦਾ ਕੰਡਾ ਜ਼ਰੂਰ ਕੱਢਣਾ ਚਾਹੀਦਾ ਹੈ। ਗਿਆਨੀ ਹਰਬੰਸ ਸਿੰਘ ਨੇ ਆਖਿਆ, "ਮੇਰੇ ਕੋਲ ਐਸ ਵੇਲੇ ਇਹੋ ਜਿਹੇ ਬੰਦੇ ਹਨ, ਜਿਹੜੇ ਮੈਨੂੰ ਕਈ ਵਾਰ ਕਹਿ ਚੁੱਕੇ ਹਨ ਕਿ ਸਾਥੋਂ ਕੋਈ ਅਜਿਹਾ ਕੰਮ ਲਿਆ ਜਾਵੇ ਕਿ ਅਸੀਂ ਵੀ ਬਬਰਾਂ ਵਿਚ ਆਪਣਾ ਨਾਂ ਲਿਖਾ ਜਾਈਏ।" ਕਰਤਾਰ ਸਿੰਘ ਨੇ ਕਿਹਾ ਕਿ "ਉਸ ਦਿਨ ਸਾਨੂੰ ਜ਼ਰੂਰ ਕੋਈ ਬੰਦੋਬਸਤ ਕਰਨਾ ਪਵੇਗਾ, ਕਿਉਂਕਿ ਪੁਲਸ ਨੂੰ ਪਹਿਲਾਂ ਸਾਡੇ ਉੱਤੇ ਹੀ ਸ਼ੱਕ ਪੈ ਸਕਦਾ ਹੈ।" ਗਿਆਨੀ ਹਰਬੰਸ ਸਿੰਘ ਨੇ ਕਿਹਾ ਕਿ "ਬਚਾਉ ਦਾ ਬੜਾ ਵਧੀਆ ਢੰਗ ਇਹੋ ਹੋ ਸਕਦਾ ਹੈ ਕਿ ਤੂੰ ਅਤੇ ਛੋਟਾ ਕਰਤਾਰ ਸਿੰਘ ਥੋੜ੍ਹੀ-ਥੋੜ੍ਹੀ ਸ਼ਰਾਬ ਲੈ ਕੇ ਫਗਵਾੜੇ ਚਲੇ ਜਾਣਾ ਅਤੇ ਤਰਕਾਲਾਂ ਵੇਲੇ ਝੂਠੇ-ਮੂਠੇ ਸ਼ਰਾਬੀ ਬਣ ਕੇ ਥਾਣੇ ਮੂਹਰੇ ਐਵੇਂ ਰੌਲਾ ਪਾਉਣ ਲੱਗ ਜਾਣਾ ਤੇ ਰਾਹੀਆਂ ਦੇ ਮੋਢੇ ਜਿਹੇ ਮਾਰਨ ਲੱਗ ਪੈਣਾ। ਪਰ ਘੁੱਟ-ਘੁੱਟ ਪੀ ਜ਼ਰੂਰ ਲੈਣੀ ਤਾਂ ਜੋ ਡਾਕਟਰੀ ਵੇਲੇ ਸਾਬਤ ਹੋ ਸਕੇ। ਪੁਲਸ ਨੇ ਤੁਹਾਨੂੰ ਹਵਾਲਾਤੇ ਬੰਦ ਤਾਂ ਕਰ ਹੀ ਦੇਣਾ ਹੈ। ਦੂਜੇ-ਤੀਜੇ ਦਿਨ ਅਦਾਲਤ ਸਾਹਮਣੇ ਇਕਬਾਲੀ ਬਿਆਨ ਦੇ ਕੇ ਜੁਰਮਾਨਾ ਤਾਰ ਦੇਣਾ। ਸਬੂਤ ਲਈ ਕੇਸ ਦੀ ਨਕਲ ਮਿਲ ਹੀ ਜਾਣੀ ਹੈ ਅਤੇ ਤੁਸੀਂ ਦੋਵੇਂ ਬੇਫ਼ਿਕਰੇ ਹੋ ਜਾਉਗੇ।" ਸੋ ਪੱਕਾ ਪ੍ਰੋਗਰਾਮ ਬਣਾ ਕੇ ਕਰਤਾਰ ਸਿੰਘ ਪਿੰਡ ਆ ਗਿਆ।

ਉਹਨਾਂ ਦਿਨਾਂ ਵਿਚ ਗੁਰਦਿਤ ਸਿੰਘ ਮੰਢਾਲੀ, ਕਰਤਾਰ ਸਿੰਘ ਚੱਕ ਬਾਗੜੀਆਂ, ਜ਼ਿਲਾ ਜਲੰਧਰ ਅਤੇ ਉਜਾਗਰ ਸਿੰਘ ਪ੍ਰਣਾਲੀਆਂ, ਜ਼ਿਲਾ ਹੁਸ਼ਿਆਰਪੁਰ ਕੁਝ ਕਰ ਗੁਜ਼ਰਨ ਲਈ ਗਿਆਨੀ ਹਰਬੰਸ ਸਿੰਘ ਦੇ ਖਹਿੜੇ ਪਏ ਹੋਏ ਸਨ। ਗਿਆਨੀ ਜੀ ਨੇ ਤਿੰਨਾਂ ਨੂੰ ਸੁਨੇਹੇ ਭੇਜ ਕੇ ਸ੍ਰੀ ਆਨੰਦਪੁਰ ਸਾਹਿਬ ਸੱਦ ਲਿਆ ਅਤੇ ਅਨੂਪ ਸਿੰਘ ਦਾ ਕੰਡਾ ਕੱਢਣ ਦੀ ਡਿਊਟੀ ਲਾ ਦਿੱਤੀ।

ਉਹਨਾਂ ਹੀ ਦਿਨਾਂ ਵਿਚ ਬਾਬਾ ਕਰਮ ਸਿੰਘ ਚੀਮਾ ਅਤੇ ਬਾਬਾ ਭਾਗ ਸਿੰਘ ਕੈਨੇਡੀਅਨ ਦੇਸਭਗਤਾਂ ਦੇ ਪਰਵਾਰਾਂ ਨੂੰ, ਕੈਨੇਡਾ ਤੋਂ ਰਕਮ ਮੰਗਵਾ ਕੇ, ਥੋੜ੍ਹੀ-ਬਹੁਤੀ ਸਹਾਇਤਾ ਭੇਜਿਆ ਕਰਦੇ ਸਨ ਅਤੇ ਗਿਆਨੀ ਗੁਰਦਿਤ ਸਿੰਘ ਮੰਢਾਲੀ ਸਹਾਇਤਾ ਪੁਚਾਉਣ ਲਈ ਬਬਰ ਕੇਸ ਵਿਚ ਫਾਂਸੀ ਚੜ੍ਹ ਚੁੱਕੇ ਪਿੰਡ ਮਾਣਕੋ ਦੇ ਕਰਮ ਸਿੰਘ ਸੁਨਿਆਰ ਦੇ ਪ੍ਰਵਾਰ ਕੋਲ ਜਾਂਦਾ ਹੁੰਦਾ ਸੀ, ਜਿਸ ਕਰਕੇ ਉਹਨੂੰ ਅਨੂਪ ਸਿੰਘ ਦਾ ਪਤਾ ਕਰਨ ਵਿਚ ਕੋਈ ਰੁਕਾਵਟ ਨਹੀਂ ਸੀ ਹੋ ਸਕਦੀ। ਅਨੂਪ ਸਿੰਘ ਨੂੰ ਉਹ ਚੰਗੀ ਤਰ੍ਹਾਂ ਜਾਣ ਵੀ ਚੁਕਿਆ ਸੀ। ਅਨੂਪ ਸਿੰਘ ਉਹਨਾਂ ਦਿਨਾਂ ਵਿਚ ਮਾਣਕੋ ਧੰਨਾ ਸਿੰਘ ਦੇ ਚੁਬਾਰੇ ਵਿਚ ਆਪਣੀ ਵਹੁਟੀ ਤੇ ਇਕੋ-ਇਕ ਲੜਕੇ ਨਾਲ ਰਹਿ ਰਿਹਾ ਸੀ। ਧੰਨਾ ਸਿੰਘ ਨੂੰ ਨਾਨਕੀ ਢੇਰੀ ਵਿਚੋਂ ਮਾਣਕੋ ਵਿਚ ਜ਼ਮੀਨ ਅਤੇ ਮਕਾਨ ਮਿਲ ਚੁੱਕੇ ਸਨ ਤੇ ਆਪ ਉਹ ਬਰਮਾ ਵਿਚ ਰਹਿ ਰਿਹਾ ਸੀ। ਮਕਾਨ ਖਾਲੀ ਛੱਡਣ ਨਾਲੋਂ ਅਨੂਪ ਸਿੰਘ ਨੂੰ ਦੇ ਛਡਿਆ ਸੀ।

ਇਹ ਵਾਕਿਆ 1936 ਦਾ ਹੈ । ਇਕ ਦਿਨ ਕਰਤਾਰ ਸਿੰਘ ਚੱਕ ਬਾਗੜੀਆਂ ਡੁਮੇਲੀ ਜਾ ਕੇ ਵੱਡੇ ਕਰਤਾਰ ਸਿੰਘ ਨੂੰ ਖ਼ਬਰਦਾਰ ਕਰ ਆਇਆ ਕਿ ਉਹ ਆਪਣਾ ਇੰਤਜ਼ਾਮ ਕਰ ਲੈਣ, ਉਹਨਾਂ ਨੇ ਉਸ ਰਾਤ ਅਨੂਪ ਸਿੰਘ ਦਾ ਕੰਡਾ ਕੱਢਣ ਦਾ ਫ਼ੈਸਲਾ ਕਰ ਲਿਆ ਹੈ। ਕੁਦਰਤੀ ਉਸ ਦਿਨ ਅੱਜ ਦਾ ਉੱਘਾ ਵਕੀਲ ਨਿਰੰਜਣ ਸਿੰਘ ਡੁਮੇਲੀ ਵੀ ਪਿੰਡ ਆਇਆ ਹੋਇਆ ਸੀ। ਮੈਂ ਪੂਰੇ ਵਿਸਥਾਰ ਨਾਲ ਦੱਸ ਹੀ ਚੁਕਿਆ ਹਾਂ ਕਿ ਬਬੇਲੀ ਵਾਲੇ ਸਾਕੇ ਦੀ ਖ਼ਬਰ ਪਹਿਲਾਂ ਅਨੂਪ ਸਿੰਘ ਨੇ ਇਸੇ ਨਿਰੰਜਣ ਸਿੰਘ ਨੂੰ ਦਿੱਤੀ ਸੀ ਜਿਸ ਕੋਲ ਕੇਵਲ ਸਿੰਘ ਮਾਣਕੋ ਠਹਿਰਿਆ ਹੋਇਆ ਸੀ ਅਤੇ ਉਹਨੇ ਆਪਣੇ ਪਿਉ ਬੋਘ ਸਿੰਘ ਨੂੰ ਮਾਣਕੋ ਜਾ ਖ਼ਬਰ ਦਿੱਤੀ ਸੀ ਕਿ ਅੱਜ ਬਬਰ ਬਬੇਲੀ ਠਹਿਰਨਗੇ। ਸੋ ਨਿਰੰਜਣ ਸਿੰਘ ਦੀ ਉਸ ਵੇਲੇ ਸਰਕਾਰ ਵਿਚ ਚੰਗੀ ਭੱਲ ਬਣ ਚੁੱਕੀ ਸੀ ਅਤੇ ਉਹਨਾਂ ਹੀ ਦਿਨਾਂ ਵਿਚ ਪਿੰਡ ਦੇ ਗੁਰਦੁਆਰੇ ਦੇ ਗਰੰਥੀ ਨੂੰ ਕੱਢਣ ਅਤੇ ਰੱਖਣ ਲਈ ਪਿੰਡ ਦੁਫਾੜ ਹੋ ਚੁਕਿਆ ਸੀ । ਇਕ ਧੜੇ ਦਾ ਆਗੂ ਨਿਰੰਜਣ ਸਿੰਘ ਸੀ ਅਤੇ ਦੂਜੇ ਧੜੇ ਦਾ ਛੋਟਾ ਕਰਤਾਰ ਸਿੰਘ ਸੀ। ਵਡਾ ਕਰਤਾਰ ਸਿੰਘ ਨਿਰੰਜਣ ਸਿੰਘ ਦੇ ਧੜੇ ਵਿਚ ਸੀ। ਰਾਤ ਨੂੰ ਕਾਫ਼ੀ ਬਹਿਸ ਹੁੰਦੀ ਰਹੀ ਅਤੇ ਦੋਵਾਂ ਬਬਰਾਂ ਨੇ ਜਾਣ-ਬੁੱਝ ਕੇ ਗੱਲ ਅਗਲੇ ਐਤਵਾਰ ਉੱਤੇ ਪਾ ਦਿੱਤੀ। ਜਿਸ ਵੇਲੇ ਲੋਕੀਂ ਘਰੋ-ਘਰੀ ਪਰਤ ਰਹੇ ਸਨ ਤਾਂ ਵੱਡੇ ਕਰਤਾਰ ਸਿੰਘ ਨੇ ਨਿਰੰਜਣ ਸਿੰਘ ਨੂੰ ਕਿਹਾ ਕਿ ਮੈਂ ਅੱਜ ਰਾਤ ਨੂੰ ਤੁਹਾਡੇ ਕੋਲ ਜਲੰਧਰ ਠਹਿਰਨਾ ਹੈ, ਕਿਉਂਕਿ ਕੱਲ੍ਹ ਨੂੰ ਮੈਨੂੰ ਇਕ ਜ਼ਰੂਰੀ ਕੰਮ ਹੈ। ਸੋ ਸ਼ਾਮ ਨੂੰ ਨਿਰੰਜਣ ਸਿੰਘ ਅਤੇ ਵੱਡਾ ਕਰਤਾਰ ਸਿੰਘ ਜਲੰਧਰ ਨੂੰ ਚਲੇ ਗਏ ਅਤੇ ਕਰਤਾਰ ਸਿੰਘ ਨੇ ਇਕ ਹੋਰ ਰਾਤ ਨਿਰੰਜਣ ਸਿੰਘ ਨਾਲ ਰਹਿ ਕੇ ਪੱਕਾ ਸਬੂਤ ਬਣਾ ਲਿਆ। ਫਗਵਾੜੇ ਜਾ ਕੇ ਅਡੰਬਰ ਰਚਣ ਦੀ ਲੋੜ ਹੀ ਨਹੀਂ ਸੀ ਰਹੀ।

ਉਧਰ ਗਿਆਨੀ ਗੁਰਦਿਤ ਸਿੰਘ ਮੰਢਾਲੀ ਅਤੇ ਉਜਾਗਰ ਸਿੰਘ ਪ੍ਰਨਾਲੀਆਂ ਮਾਣਕੋਂ ਜਾ ਪੁੱਜੇ ਅਤੇ ਰਾਤ ਪੈਂਦੀ ਤੱਕ ਕਰਤਾਰ ਸਿੰਘ ਚੱਕ ਬਾਗੜੀਆਂ ਵੀ ਉਹਨਾਂ ਨੂੰ ਜਾ ਮਿਲਿਆ। ਟਿਕੀ ਰਾਤ ਨੂੰ ਤਿੰਨੇ ਅਨੂਪ ਸਿੰਘ ਦੇ ਚੁਬਾਰੇ ਉੱਤੇ ਸੁਖਾਲਿਆਂ ਹੀ ਜਾ ਪੁੱਜੇ। ਅਨੂਪ ਸਿੰਘ ਨੂੰ ਜਾ ਜਗਾਇਆ। ਕੋਲ ਹੀ ਉਹਦੀ ਘਰਵਾਲੀ ਅਤੇ 13-14 ਕੁ ਸਾਲ ਦਾ ਲੜਕਾ ਸੁੱਤੇ ਪਏ ਸਨ। ਅਨੂਪ ਸਿੰਘ ਨੇ ਦੇਖ ਲਿਆ ਕਿ ਇਹ ਤਾਂ ਉਹਦੇ ਜਮਦੂਤ ਆ ਗਏ ਹਨ। ਗੁਰਦਿਤ ਸਿੰਘ ਕੋਲ ਛੇਆਂ ਗੋਲੀਆਂ ਦਾ ਰੀਵਾਲਵਰ ਅਤੇ ਬਾਕੀ ਦੋਹਾਂ ਕੋਲ ਤਿੰਨ-ਤਿੰਨ ਛੁੱਟੀਆਂ ਕਿਰਪਾਨਾਂ ਫੜੀਆਂ ਹੋਈਆਂ ਸਨ। ਫੇਰ ਕੀ ਸੀ, ਲਗਿਆ ਲੇਲ੍ਹੜੀਆਂ ਕੱਢਣ ਅਤੇ ਨੱਕ ਰਗੜਨ। ਜਿਸ ਮੌਤ ਤੋਂ ਡਰਦੇ ਨੇ ਸਾਥੀਆਂ ਦੇ ਘਾਣ ਲੁਹਾਏ ਸਨ, ਉਹ ਮੌਤ ਹੁਣ ਪ੍ਰਤੱਖ ਸਾਹਮਣੇ ਆ ਖੜੋਤੀ ਸੀ।

ਗਿਆਨੀ ਗੁਰਦਿਤ ਸਿੰਘ ਨੇ ਕਿਹਾ, "ਦੁਸ਼ਟਾ, ਤੂੰ ਸਾਨੂੰ ਇਕ ਅਜਿਹਾ ਗੁਨਾਹ ਕਰਨ ਲਈ ਬੇਵੱਸ ਕਰ ਦਿੱਤਾ ਹੈ, ਜਿਹੜਾ ਸਾਡੇ ਲਈ ਪਾਪ ਤਾਂ ਹੋਵੇਗਾ, ਪਰ ਅਸੀਂ ਇਹ ਅਰਦਾਸਾ ਸੋਧ ਕੇ ਤੁਰੇ ਹਾਂ ਕਿ ਤੇਰਾ ਬੀ-ਨਾਸ ਹੀ ਕੀਤਾ ਜਾਵੇਗਾ। ਜਿਸ ਤਰ੍ਹਾਂ ਤੂੰ ਕਈਆਂ ਨੂੰ ਯਤੀਮ ਕੀਤਾ ਹੈ ਅਤੇ ਆਪਣੇ ਪਿੰਡ ਦੇ ਕਰਮ ਸਿੰਘ ਦੇ ਬਚਿਆਂ ਨੂੰ ਪਿਤਾ ਤੋਂ ਵਿਰਵਾ ਕੀਤਾ ਹੈ, ਉਹਦਾ ਇਵਜ਼ਾਨਾ ਤੈਨੂੰ ਦੇਣਾ ਪੈ ਗਿਆ ਹੈ।" ਉਹਨੇ ਮੁੰਡੇ ਦੀ ਛਾਤੀ ਵਿਚ ਗੋਲੀ ਜੜ ਕੇ ਮੰਜੇ ਉੱਤੇ ਸਦਾ ਦੀ ਨੀਂਦ ਸੰਵਾ ਦਿੱਤਾ। ਇਹਤੋਂ ਬਾਅਦ ਕਰਤਾਰ ਸਿੰਘ ਅਤੇ ਉਜਾਗਰ ਸਿੰਘ ਨੇ ਅਨੂਪ ਸਿੰਘ ਦੀਆਂ ਮੋਢਿਆਂ ਕੋਲੋਂ ਦੋਵੇਂ ਵਾਹਾਂ ਵੱਢ ਸੁਟੀਆਂ ਅਤੇ ਫੇਰ ਸਿਰ ਵੱਢ ਕੇ ਉਹਦੀ ਛਾਤੀ ਉੱਤੇ ਰੱਖ ਦਿੱਤਾ ਤੇ ਪੱਟ ਵੀ ਛਾਨਣੀ ਕਰ ਦਿਤੇ। ਫੇਰ ਉਹਨਾਂ ਨੇ ਜ਼ਨਾਨੀ ਨੂੰ ਪੁੱਛ ਕੇ ਅਤੇ ਦੇਖ ਕੇ ਤਸੱਲੀ ਕੀਤੀ ਕਿ ਕੋਈ ਹੋਰ ਸੱਪ ਦਾ ਬੱਚਾ ਤਾਂ ਨਹੀਂ ਪਲ ਰਿਹਾ ਸੀ ਜਿਹੜਾ ਵੱਡਾ ਹੋ ਕੇ ਪਿਉ ਵਾਂਗੂ ਡਸਦਾ ਫਿਰੇ। ਤੇ ਜ਼ਨਾਨੀ ਨੂੰ ਕਿਹਾ, "ਤੈਨੂੰ ਜਿਉਂਦੀ ਏਸ ਲਈ ਛੱਡ ਚੱਲੇ ਹਾਂ ਕਿ ਤੂੰ ਵੀ ਰੰਡੇਪੇ ਦਾ ਸੁਆਦ ਦੇਖ ਲਵੇਂ, ਜਿਵੇਂ ਸਾਡੇ ਸਾਥੀ ਕਰਮ ਸਿੰਘ ਦੀ ਸਿੰਘਣੀ ਤੇਰੇ ਹੀ ਪਿੰਡ ਦੇਖ ਰਹੀ ਹੈ।"

ਗੋਲੀ ਦਾ ਖੜਾਕ ਸੁਣ ਕੇ ਪਿੰਡ ਦੇ ਲੋਕ ਵੀ ਜਾਗ ਪਏ ਸਨ ਅਤੇ ਇਹ ਵੀ ਸਮਝ ਗਏ ਸਨ ਕਿ ਨਵੇਂ ਬਬਰ ਅਨੂਪ ਸਿੰਘ ਤੋਂ ਬਦਲਾ ਲੈਣ ਆਏ ਹਨ। ਗਿਆਨੀ ਗੁਰਦਿਤ ਸਿੰਘ ਨੇ ਚੁਬਾਰੇ ਉੱਤੇ ਚੜ੍ਹ ਕੇ ਲੈਕਚਰ ਕਰਨਾ ਸ਼ੁਰੂ ਕਰ ਦਿਤਾ ਕਿ "ਭਰਾਵੋ ਅਸੀਂ ਇਕ ਨਵਾਂ ਬਬਰ ਜਥਾ ਤਿਆਰ ਕੀਤਾ ਹੈ। ਹਾਲੇ ਅਸੀਂ ਨਾਂ ਤਾਂ ਪ੍ਰਗਟ ਨਹੀਂ ਕਰ ਸਕਦੇ, ਕਿਉਂਕਿ ਅਸੀਂ ਹਾਲੇ ਇਹਦੇ ਵਰਗੇ ਮਿੱਤਰ-ਮਾਰਾਂ ਦਾ ਸੁਧਾਰ ਕਰਨਾ ਹੈ, ਜਿਨ੍ਹਾਂ ਨੇ ਵਸਾਹਘਾਤ ਕਰਕੇ ਬਬਰਾਂ ਨੂੰ ਸ਼ਹੀਦ ਕਰਵਾਇਆ ਸੀ ਤੇ ਫਾਂਸੀ ਲੁਆਇਆ ਸੀ। ਸਾਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਅਨੂਪ ਸਿੰਘ ਤੋਂ ਪਾਪ ਕਰਵਾਉਣ ਵਾਲਾ ਬੋਘ ਸਿੰਘ ਮੁਰੱਬਿਆਂ ਵਿਚ ਰਹਿੰਦਾ ਹੈ, ਨਹੀਂ ਤਾਂ ਪਹਿਲਾਂ ਅਸੀਂ ਉਹਨੂੰ ਹੀ ਟਕਰਨਾ ਸੀ।" ਆਖ਼ਰ ਉਹ ਉੱਚੀ ਫਤਹਿ ਬੁਲਾ ਕੇ ਬੜੀ ਤਸੱਲੀ ਨਾਲ ਚਲਦੇ ਬਣੇ।

ਅਗਲੇ ਦਿਨ ਇਹ ਖ਼ਬਰ ਅੱਗ ਵਾਂਗ ਸਾਰੇ ਇਲਾਕੇ ਵਿਚ ਧੁੰਮ ਗਈ। ਆਦਮਪੁਰ ਦੇ ਥਾਣੇਦਾਰ ਤੋਂ ਇਲਾਵਾ ਜਲੰਧਰੋਂ ਪੁਲਸ ਕਪਤਾਨ ਤੱਕ ਆ ਗਏ ਅਤੇ ਤਫ਼ਤੀਸ਼ ਹੋਣ ਲੱਗੀ। ਇਲਾਕੇ ਦੇ ਰਿਹਾਅ ਹੋ ਚੁੱਕੇ ਸਾਰੇ ਬਬਰ ਆਦਮਪੁਰ ਥਾਣੇ

ਬੁਲਾਏ ਗਏ, ਪਰ ਸਾਨੂੰ ਕੁਝ ਇਲਮ ਹੀ ਨਹੀਂ ਸੀ ਕਿ ਇਹ ਕਾਰਨਾਮਾ ਕਰਨ ਵਾਲੀਆਂ ਕਿਹੜੀਆਂ ਹਸਤੀਆਂ ਹਨ। ਪੂਰਾ ਇਕ ਸਾਲ ਇਹਨਾਂ ਕਤਲਾਂ ਦੀ ਕੋਈ ਉਘ-ਸੁੱਘ ਨਹੀਂ ਸੀ ਨਿਕਲ ਸਕੀ।

ਸਾਲ ਕੁ ਪਿਛੋਂ ਗਿਆਨੀ ਗੁਰਦਿਤ ਸਿੰਘ ਮੰਢਾਲੀ ਨੂੰ ਜਗਜੀਤਪੁਰੋਂ ਗਰਿਫ਼ਤਾਰ ਕਰ ਲਿਆ ਗਿਆ, ਪਰ ਉਹਨੇ ਵੀ ਪੁਲਸ ਦੇ ਕੁਝ ਹੱਥ-ਪੱਲੇ ਨਾ ਪਾਇਆ। ਬੇਸ਼ਕ ਪੁਲਸ ਨੇ ਪੂਰੀ ਵਾਹ ਲਾ ਦੇਖੀ। ਤਸ਼ੱਦਦ ਕਰਨ ਦੇ ਨਾਲ-ਨਾਲ ਹੋਰ ਸਾਰੇ ਹੱਥ-ਕੰਡੇ ਵੀ ਅਜਮਾ ਲਏ ਗਏ। ਅਖ਼ੀਰ ਵਿਚ ਕਰਤਾਰ ਸਿੰਘ ਚੱਕ ਬਾਗੜੀਆਂ ਪੁਲਸ ਦੇ ਕਾਬੂ ਆ ਗਿਆ। ਉਹ ਪੁਲਸ ਦੀ ਝਾਲ ਨਾ ਝੱਲ ਸਕਿਆ ਅਤੇ ਕਤਲ ਦਾ ਸਾਰਾ ਭੇਤ ਉਹਨੇ ਖੋਲ੍ਹ ਦਿੱਤਾ। ਇਉਂ ਉਜਾਗਰ ਸਿੰਘ ਪ੍ਰਣਾਲੀਆਂ ਵੀ ਫੜਿਆ ਗਿਆ। ਪੁਲਸ ਨੇ ਅਨੂਪ ਸਿੰਘ ਦੀ ਜ਼ਨਾਨੀ ਤੋਂ ਤਿੰਨਾਂ ਮੁਲਜ਼ਮਾਂ ਦੀ ਸ਼ਨਾਖ਼ਤ ਕਰਵਾਈ। ਉਹਨੇ ਗਿਆਨੀ ਗੁਰਦਿੱਤ ਸਿੰਘ ਅਤੇ ਕਰਤਾਰ ਸਿੰਘ ਚੱਕ ਬਾਗੜੀਆਂ ਨੂੰ ਤਾਂ ਪਛਾਣ ਲਿਆ, ਪਰ ਉਜਾਗਰ ਸਿੰਘ ਨੂੰ ਨਾ ਪਛਾਣ ਸਕੀ, ਬੇਸ਼ੱਕ ਪੁਲਸ ਨੇ ਪਹਿਲਾਂ ਹਵਾਲਾਤ ਵਿਚ ਤਿੰਨੇ ਹੀ ਦਿਖਾ ਛੱਡੇ ਸਨ।

ਅਨੂਪ ਸਿੰਘ ਦੀ ਘਰਵਾਲੀ ਤੋਂ ਸਿਵਾ ਮੌਕੇ ਦਾ ਹੋਰ ਕੋਈ ਗਵਾਹ ਭਾਵੇਂ ਨਹੀਂ ਸੀ, ਤਾਂ ਵੀ ਬਾਕਾਇਦਾ ਚਲਾਨ ਪੇਸ਼ ਕਰ ਦਿੱਤਾ ਗਿਆ। ਪੁਲਸ ਨੇ ਆਪਣੇ ਭਰੋਸੇ ਵਾਲੇ ਹੋਰ ਗਵਾਹ ਵੀ ਭੁਗਤਾਏ। ਸੈਸ਼ਨ ਜੱਜ ਨੇ ਗਿਆਨੀ ਗੁਰਦਿੱਤ ਸਿੰਘ ਮੰਢਾਲੀ ਤੇ ਕਰਤਾਰ ਸਿੰਘ ਚੱਕ ਬਾਗੜੀਆਂ ਨੂੰ ਫਾਂਸੀ ਅਤੇ ਉਜਾਗਰ ਸਿੰਘ ਪ੍ਰਣਾਲੀਆਂ ਨੂੰ ਉਮਰ-ਕੈਦ ਦੀ ਸਜ਼ਾ ਸੁਣਾ ਦਿੱਤੀ। ਹਾਈ ਕੋਰਟ ਲਾਹੌਰ ਨੇ ਉਜਾਗਰ ਸਿੰਘ ਨੂੰ ਸ਼ੱਕ ਦਾ ਫਾਇਦਾ ਦੇ ਕੇ ਬਰੀ ਕਰ ਦਿੱਤਾ ਅਤੇ ਬਾਕੀ ਦੋਹਾਂ ਦੀ ਫਾਂਸੀ ਦੀ ਪੁਸ਼ਟੀ ਕਰ ਦਿੱਤੀ। ਉਹ 1938 ਵਿਚ 10 ਅਗਸਤ ਨੂੰ ਜਲੰਧਰ ਜਿਹਲ ਵਿਚ ਫਾਂਸੀ ਉੱਤੇ ਚੜ੍ਹਾ ਦਿੱਤੇ ਗਏ।

ਜੇ ਅਨੂਪ ਸਿੰਘ ਦੇ ਕਤਲ ਵੇਲੇ ਜ਼ਨਾਨੀ ਨੂੰ ਵੀ ਨਾਲ ਹੀ ਤੋਰ ਦਿੱਤਾ ਜਾਂਦਾ ਤਾਂ ਮੌਕੇ ਦਾ ਹੋਰ ਕੋਈ ਗਵਾਹ ਨਾ ਹੋਣ ਕਰਕੇ ਸ਼ਾਇਦ ਇਹ ਸ਼ਹੀਦ ਬਚ ਹੀ ਜਾਂਦੇ। ਪਰ ਉਹ ਤਾਂ ਉਤਾਵਲੇ ਸਨ ਕਿ ਉਹ ਕੋਈ ਅਜਿਹਾ ਕਾਰਨਾਮਾ ਕਰਨ ਕਿ ਸ਼ਹੀਦ ਹੋ ਕੇ ਬਬਰਾਂ ਦੀ ਕਤਾਰ ਵਿਚ ਜਾ ਖੜੋਣ।

# 77. ਸ਼ਹੀਦ ਧੰਨਾ ਸਿੰਘ ਬਹਿਬਲਪੁਰੀਏ ਦੇ ਕਾਤਲ ਦਾ ਕਤਲ

ਇਹ 1940 ਦੀਆਂ ਘਟਨਾਵਾਂ ਹਨ, ਜਿਸ ਵੇਲੇ ਅੰਗਰੇਜ਼ ਹਿੰਦੋਸਤਾਨੀ ਫੌਜਾਂ ਨੂੰ ਸਮੁੰਦਰੀ ਜਹਾਜ਼ਾਂ ਉੱਤੇ ਚੜ੍ਹਾ ਕੇ ਜਰਮਨਾਂ ਦੇ ਟਾਕਰੇ ਲਈ ਦੂਜੇ ਦੇਸਾਂ ਵਿਚ ਲਿਜਾ ਰਿਹਾ ਸੀ। ਬਹੁਤ ਸਾਰੇ ਨੌਜਵਾਨ ਬਾਗੀ ਹੋ ਕੇ ਭੱਜ ਨਿਕਲੇ ਸਨ। ਮੁੱਲਾਂਪੁਰ ਦਾਖਾ, ਜ਼ਿਲਾ ਲੁਧਿਆਣੇ ਦਾ ਅਜਾਇਬ ਸਿੰਘ ਉਰਫ ਜੈਬਾ ਅਤੇ ਤਹਿਸੀਲ ਫਗਵਾੜੇ ਦੇ ਪਿੰਡ ਢੰਡਾਲੀ ਦਾ ਬਚਿੰਤ ਸਿੰਘ ਉਰਫ ਚਿੰਤਾ ਦੋ ਪੱਕੀਆਂ ਰਫਲਾਂ ਅਤੇ ਗੋਲੀਆਂ ਨਾਲ ਭਰਿਆ ਇਕ ਬਕਸਾ ਲੈ ਕੇ ਮਫ਼ਰੂਰ ਹੋ ਗਏ। ਉਹ ਦੁਆਬੇ ਵਿਚ ਆ ਗਏ। ਉਹਨਾਂ ਨੇ ਫ਼ੈਸਲਾ ਕਰ ਲਿਆ ਕਿ ਕੋਈ ਅਜਿਹਾ ਕਾਰਨਾਮਾ ਕੀਤਾ ਜਾਵੇ ਜਿਸ ਨਾਲ ਉਹ ਵੀ ਬਬਰਾਂ ਵਾਂਗੂੰ ਮਸ਼ਹੂਰ ਹੋ ਜਾਣ। ਕਿਸੇ ਨੇ ਸਲਾਹ ਦਿਤੀ ਕਿ ਉਹ ਸ੍ਰੀ ਆਨੰਦਪੁਰ ਸਾਹਿਬ ਦੇ ਗੁਰਦੁਆਰੇ ਚਲੇ ਜਾਣ। ਉਥੇ ਗਿਆਨੀ ਹਰਬੰਸ ਸਿੰਘ ਉਹਨਾਂ ਦਾ ਮਨੋਰਥ ਪੂਰਾ ਕਰ ਸਕਦਾ ਹੈ। ਉਸ ਵੇਲੇ ਗਿਆਨੀ ਹਰਬੰਸ ਸਿੰਘ ਦੀ ਬਦਲੀ ਕੀਰਤਪੁਰ ਸਾਹਿਬ ਹੋ ਚੁੱਕੀ ਸੀ। ਸੋ ਦੋਨੋਂ ਕੀਰਤਪੁਰ ਸਾਹਿਬ ਚਲੇ ਗਏ। ਦੋਹਾਂ ਧਿਰਾਂ ਦਾ ਮਨੋਰਥ ਹੱਲ ਹੋ ਗਿਆ। ਗਿਆਨੀ ਜੀ ਨਾਲ ਧਾਮੀਆਂ ਦਾ ਇਕ ਜੁਸ਼ੀਲਾ ਨੌਜਵਾਨ ਉਜਾਗਰ ਸਿੰਘ ਛੋਟਾ ਸਕੱਤਰ ਲਗ ਚੁਕਿਆ ਸੀ। ਸਮਝ ਲਉ, ਸੋਨੇ ਉੱਤੇ ਸੁਹਾਗੇ ਵਾਲੀ ਗੱਲ ਬਣ ਗਈ ਸੀ।

ਪਾਠਕਾਂ ਦੇ ਯਾਦ ਹੀ ਹੋਵੇਗਾ ਕਿ ਜਿਆਣੀਏ ਭਰਾਵਾਂ ਬੇਲਾ ਸਿੰਘ ਅਤੇ ਜਵਾਲਾ ਸਿੰਘ ਦਾ ਬੂੜੇਵਾੜੀਆਂ ਵਾਲਾ ਕਰਤਾਰ ਸਿੰਘ ਰਿਸ਼ਤੇਦਾਰ ਸੀ ਜਿਹੜਾ ਸਾਡੇ ਕੇਸ ਦਾ ਵਾਇਦਾ-ਮੁਆਫ਼ ਬਣ ਗਿਆ ਸੀ। ਆਪਸ ਵਿਚ ਉਹ ਭੂਆ ਅਤੇ ਮਾਮੇ ਦੇ ਪੁੱਤ ਭਰਾ ਸਨ। ਤੇ ਕਰਤਾਰ ਸਿੰਘ ਦਾ ਸਾਲਾ ਸੀ ਮੱਨਣਹਾਣੇ ਵਾਲਾ ਕਰਮ ਸਿੰਘ। ਚਾਰਾਂ ਦੀ ਸਾਜ਼ਿਸ਼ ਸਦਕਾ ਧੰਨਾ ਸਿੰਘ ਬਹਿਬਲਪੁਰੀਆ ਇਸੇ ਕਰਮ ਸਿੰਘ ਦੀ ਹਵੇਲੀ ਵਿਚ ਹੱਥ-ਕੜੀ ਸਮੇਤ ਬੰਬ ਚਲਾ ਕੇ ਸ਼ਹੀਦ ਹੋਇਆ ਸੀ। ਸੋ ਗਿਆਨੀ ਹਰਬੰਸ ਸਿੰਘ ਨੇ ਕਰਮ ਸਿੰਘ ਦਾ ਕੰਡਾ ਕੱਢਣ ਲਈ ਦੋਹਾਂ ਸੂਰਮਿਆਂ ਦੀ ਡਿਊਟੀ ਲਾ ਦਿੱਤੀ। ਗਿਆਨੀ ਜੀ ਨੇ ਅਰਦਾਸਾ ਸੋਧ ਕੇ ਦੋਵਾਂ ਨੂੰ ਅਸ਼ੀਰਵਾਦ ਦਿੱਤੀ ਅਤੇ ਤੋਰ ਦਿੱਤਾ।

ਪਿੰਡ ਪਿੰਡੋਰੀ ਗੰਗਾ ਸਿੰਘ ਮਨੱਣਹਾਣੇ ਦੇ ਨੇੜੇ ਹੀ ਹੈ। ਇਥੇ ਬਚਿੰਤ ਸਿੰਘ

ਵਿਆਹਿਆ ਹੋਇਆ ਸੀ ਅਤੇ ਉਹਨਾਂ ਦਿਨਾਂ ਵਿਚ ਉਹਦੀ ਸਿੰਘਣੀ ਵੀ ਪੇਕੇ ਆਈ ਹੋਈ ਸੀ। ਦੋਹਾਂ ਦੀ ਠਾਹਰ ਲਈ ਇਹ ਜਗਾਹ ਬਹੁਤ ਢੁਕਵੀਂ ਸੀ। ਇਹਨਾਂ ਨੇ ਕਰਮ ਸਿੰਘ ਦੀ ਸੂਹ ਕੱਢਣੀ ਸ਼ੁਰੂ ਕਰ ਦਿੱਤੀ ਕਿ ਕਿਸ ਤਰ੍ਹਾਂ ਉਹਨੂੰ ਟਕਰਿਆ ਜਾ ਸਕਦਾ ਹੈ। ਪਤਾ ਲਗਿਆ ਕਿ ਪਿੰਡੋਰੀ ਗੰਗਾ ਸਿੰਘ ਅਤੇ ਪਿੰਡ ਕੰਗਰੋੜ ਦੀ ਹੱਦ ਉੱਤੇ ਇਕ ਖੂਹ ਹੈ, ਜਿਥੇ ਕਰਮ ਸਿੰਘ ਦਾ ਇਕ ਸਾਥੀ ਰਹਿੰਦਾ ਹੈ। ਉਹ ਦੇਸੀ ਸ਼ਰਾਬ ਕਢਦਾ ਤੇ ਵੇਚਦਾ ਹੈ ਅਤੇ ਕਰਮ ਸਿੰਘ ਉਹਦੀ ਮਦਦ ਕਰਦਾ ਹੈ। ਕਦੀ-ਕਦਾਈਂ ਉਹ ਉਹਦੇ ਖੂਹ ਉੱਤੇ ਵੀ ਆ ਜਾਂਦਾ ਹੈ ਅਤੇ ਪੀਣ-ਪਿਆਉਣ ਦਾ ਕੰਮ ਚਲਦਾ ਰਹਿੰਦਾ ਹੈ। ਸੋ ਇਹਨਾਂ ਦੋਹਾਂ ਨੇ ਇਸ ਖੂਹ ਵਾਲੇ ਨਾਲ ਸਹਿਜੇ-ਸਹਿਜੇ ਮੇਲਜੋਲ ਵਧਾਉਣਾ ਸ਼ੁਰੂ ਕਰ ਦਿੱਤਾ। ਉਹ ਆਪਣੀਆਂ ਰਫ਼ਲਾਂ ਨੇੜੇ ਹੀ ਬੂਝਿਆਂ ਵਿਚ ਲੁਕੋ ਜਾਂਦੇ ਸਨ। ਮਤਾਂ ਖੂਹ ਵਾਲਾ ਡਰ ਜਾਵੇ। ਮੇਲਜੋਲ ਇਸ ਹੱਦ ਤੱਕ ਵਧ ਗਿਆ ਕਿ ਉਹ ਇਹਨਾਂ ਨੂੰ ਖੂਹ ਉੱਤੇ ਛੱਡ ਕੇ ਪਿੰਡ ਦਾ ਚੱਕਰ ਲਾਉਣ ਵੀ ਚਲਿਆ ਜਾਂਦਾ । ਇਹ ਸ਼ਰਾਬ ਕਢਵਾਉਣ ਵਿਚ ਉਹਦੀ ਪੂਰੀ ਮਦਦ ਕਰਨ ਲੱਗ ਪਏ।

ਇਹ 25 ਮਾਰਚ 1940 ਦੀ ਘਟਨਾ ਹੈ । ਖੂਹ ਵਾਲਾ ਸੀ ਵੀ ਛੜਾ ਹੀ, ਟੱਬਰ-ਟੀਹਰ ਦੇ ਝਮੇਲੇ ਤੋਂ ਰਹਿਤ। ਇਕ ਦਿਨ ਉਹ ਕਰਮ ਸਿੰਘ ਨੂੰ ਵੀ ਨਾਲ ਲੈ ਆਇਆ। ਦੋਵਾਂ ਸੂਰਮਿਆਂ ਨੇ ਰਫ਼ਲਾਂ ਲਿਆ ਕੇ ਕੋਠੇ ਦੇ ਅੰਦਰ ਰੱਖ ਹੀ ਲਈਆਂ ਸਨ। ਜਿਸ ਵੇਲੇ ਉਹ ਦੋਵੇਂ ਖੂਹ ਉੱਤੇ ਆ ਗਏ ਤਾਂ ਅਜਾਇਬ ਸਿੰਘ ਨੇ ਉੱਠ ਕੇ ਕਰਮ ਸਿੰਘ ਨਾਲ ਹੱਥ ਮਿਲਾਇਆ ਅਤੇ ਬਚਿੰਤ ਸਿੰਘ ਨੇ ਦਰਵਾਜ਼ੇ ਦੀ ਓਟ ਵਿਚ ਖੜੀਆਂ ਪੱਕੀਆਂ ਰਫ਼ਲਾਂ ਵਿਚੋਂ ਇਕ ਆਪ ਫੜ ਲਈ ਅਤੇ ਦੂਜੀ ਅਜਾਇਬ ਸਿੰਘ ਨੂੰ ਫੜਾ ਕੇ ਪੰਜ-ਸੱਤ ਕਦਮ ਪਿਛੇ ਹਟ ਕੇ ਖਲੋ ਗਿਆ । ਇਹ ਨਜ਼ਾਰਾ ਦੇਖ ਕਰਮ ਸਿੰਘ ਦੀ ਤਾਂ ਖਾਨਿਉਂ ਗਈ ਅਤੇ ਉਹ ਮੱਥਾ ਫੜ ਕੇ ਭੁੰਜੇ ਹੀ ਬੈਠ ਗਿਆ। ਸਾਰੀ ਗੱਲ ਸਮਝ ਕੇ ਉਹ ਅਜਾਇਬ ਸਿੰਘ ਦੇ ਪੈਰੀਂ ਪੈ ਨੱਕ ਰਗੜਨ ਲੱਗ ਪਿਆ। ਖੂਹ ਵਾਲਾ ਬੁੱਤ ਬਣਿਆ ਬਿਟਰ-ਬਿਟਰ ਝਾਕੀਂ ਜਾ ਰਿਹਾ ਸੀ।

ਕਰਮ ਸਿੰਘ ਨੂੰ ਜਿਆਣੀਏ ਬੇਲਾ ਸਿੰਘ ਦਾ ਹਸ਼ਰ ਯਾਦ ਆਉਣਾ ਹੀ ਸੀ। ਉਹ ਕਹਿਣ ਲੱਗ ਪਿਆ, "ਮੈਂ ਬਿਲਕੁਲ ਬੇਕਸੂਰ ਹਾਂ। ਧੰਨਾ ਸਿੰਘ ਨੂੰ ਬੇਲਾ ਸਿੰਘ ਅਤੇ ਜਵਾਲਾ ਸਿੰਘ ਨੇ ਮੇਰੇ ਇਲਮ ਤੋਂ ਬਿਨਾਂ ਹੀ ਲਿਆਂਦਾ ਸੀ।" ਅਜਾਇਬ ਸਿੰਘ ਨੇ ਪੁਛਿਆ, "ਤੂੰ ਉਸ ਸਮੇਂ ਹਵੇਲੀਉਂ ਉੱਠ ਕੇ ਜਵਾਲਾ ਸਿੰਘ ਦੇ ਨਾਲ ਭੱਜ ਕਿਉਂ ਗਿਆ ਸੀ, ਜਿਸ ਵੇਲੇ ਪੁਲਸ ਤੇਰੀ ਹਵੇਲੀ ਨੂੰ ਘੇਰ ਚੁੱਕੀ ਸੀ, ਜੀਹਦੀ ਉਡੀਕ ਵਿਚ ਤੁਸੀਂ ਵਿੜਕਾਂ ਲੈ ਰਹੇ ਸੀ ਅਤੇ ਪੈੜਚ ਸੁਣਦਿਆਂ ਹੀ ਭੱਜ ਗਏ ਸੀ। ਧੰਨਾ ਸਿੰਘ ਤਾਂ ਤੁਹਾਡੇ ਆਸਰੇ ਗੂੜ੍ਹੀ ਨੀਂਦ ਸੱਤਾ ਪਿਆ ਸੀ।"

ਇਸ ਗੱਲ ਦਾ ਉਹ ਕੀ ਉੱਤਰ ਦਿੰਦਾ। ਸੋ ਦੋਹਾਂ ਨੇ ਕਰਮ ਸਿੰਘ ਨੂੰ ਬਾਹਾਂ ਤੋਂ ਫੜ ਕੇ ਖੜਾ ਕਰ ਲਿਆ ਅਤੇ ਕਿਹਾ, "ਉਇ ਨੀਚਾ, ਤੂੰ ਐਡਾ ਵੱਡਾ ਪਾਪ ਕੀਤਾ ਹੈ ਕਿ ਤੇਰੀ ਇਕ-ਇਕ ਬੋਟੀ ਉਡਾਉਣੀ ਚਾਹੀਦੀ ਸੀ, ਜਿਸ ਦਾ ਐਸ ਵੇਲੇ ਸਾਡੇ ਕੋਲ ਇੰਤਜ਼ਾਮ ਨਹੀਂ। ਉਸ ਦੇਸਭਗਤ ਨੂੰ ਧੋਖਾ ਦੇ ਕੇ ਤੂੰ ਅਤੇ ਤੇਰੇ ਰਿਸ਼ਤੇਦਾਰਾਂ ਨੇ ਮਿੱਤਰ-ਮਾਰ ਕਰਨ ਵਿਚ ਕੋਈ ਕਸਰ ਨਹੀਂ ਸੀ ਰਹਿਣ ਦਿੱਤੀ।" ਕਰਮ ਸਿੰਘ ਅੱਖਾਂ ਮੀਟੀ ਖੜ੍ਹਾ ਤਾਂ ਹੋ ਗਿਆ, ਪਰ ਕੰਬੀ ਜਾ ਰਿਹਾ ਸੀ । ਦੋਹਾਂ ਨੇ ਇਕ-ਇਕ

ਗੋਲੀ ਛਾਤੀ ਵਿਚ ਲੰਘਾ ਕੇ ਉਹਨੂੰ ਇਸ ਨਰਕੀ ਜੀਵਨ ਤੋਂ ਛੁਟਕਾਰਾ ਦੁਆ ਦਿੱਤਾ। ਖੂਹ ਵਾਲਾ ਬਜ਼ੁਰਗ ਸਹਿਮਿਆ ਅਤੇ ਸੁੰਨ-ਵੱਟਾ ਹੋਇਆ ਬਿਟਰ-ਬਿਟਰ ਤੱਕੀਂ ਅਤੇ ਗੱਲਾਂ ਸੁਣੀ ਜਾ ਰਿਹਾ ਸੀ। ਦੋਹਾਂ ਦੇ ਚਲੇ ਜਾਣ ਤੋਂ ਬਾਅਦ ਉਹਨੇ ਉਹਦੇ ਘਰ ਵਾਲਿਆਂ ਨੂੰ ਜਾਣਕਾਰੀ ਜਾ ਦਿੱਤੀ। ਬਾਅਦ ਵਿਚ ਪੁਲਸ ਕਾਰਵਾਈ ਹੁੰਦੀ ਰਹੀ।

ਇਸ ਕਤਲ ਤੋਂ ਬਾਅਦ ਜੈਬੇ ਅਤੇ ਚਿੰਤੇ ਦਾ ਨਾਂ ਦੁਆਬੇ ਦੇ ਪਿੰਡ-ਪਿੰਡ ਵਿਚ ਧੁੰਮ ਨਿਕਲਿਆ। ਉਹਨਾਂ ਨੇ ਤਿੰਨ-ਚਾਰ ਕਤਲ ਹੋਰ ਵੀ ਕੀਤੇ ਅਤੇ ਨਾਲ ਹੀ ਦੱਸੀ ਜਾਂਦੇ ਸਨ ਕਿ ਇਹ ਕਤਲ ਬਬਰ ਅਜਾਇਬ ਸਿੰਘ ਅਤੇ ਬਚਿੰਤ ਸਿੰਘ ਨੇ ਕੀਤੇ ਹਨ। ਸਰਕਾਰ ਨੇ ਦੋਹਾਂ ਦੀ ਗਰਿਫ਼ਤਾਰੀ ਲਈ ਇਨਾਮਾਂ ਦਾ ਐਲਾਨ ਕਰ ਦਿੱਤਾ।

ਇਨਾਮਾਂ ਦੇ ਲਾਲਚ ਨੇ ਬਚਿੰਤ ਸਿੰਘ ਦੀ ਸਿੰਘਣੀ ਦੇ ਚਾਚੇ ਨੂੰ ਬੇਈਮਾਨ ਬਣਾ ਦਿੱਤਾ ਅਤੇ ਉਹ ਭਤੀਜੀ ਨੂੰ ਭਰਮਾਉਣ ਲੱਗ ਪਿਆ ਕਿ "ਕਿਸੇ ਨਾ ਕਿਸੇ ਦਿਨ ਇਹਨੇ ਪੁਲਿਸ ਦੇ ਕਾਬੂ ਤਾਂ ਆ ਹੀ ਜਾਣਾ ਹੈ। ਕਿਉਂ ਨਾ ਆਪਾਂ ਹੀ ਇਨਾਮ ਲੈ ਲਈਏ। ਹੁਣ ਇਹਦਾ ਜਿਉਂਦੇ ਰਹਿਣ ਦਾ ਸਵਾਲ ਤਾਂ ਖ਼ਤਮ ਹੋ ਚੁਕਿਆ ਹੈ। ਇਹ ਘਰ ਆਉਂਦਾ ਹੀ ਰਹਿੰਦਾ ਹੈ। ਹੋ ਸਕਦਾ ਹੈ, ਪਿੰਡ ਦਾ ਕੋਈ ਹੋਰ ਬੰਦਾ ਹੀ ਮਾਰ ਮਾਰ ਜਾਵੇ।" ਸੋ ਚਾਚੇ-ਭਤੀਜੀ ਨੇ ਹੀ ਪਾਪ ਕਮਾ ਲਿਆ।

ਬਚਿੰਤ ਸਿੰਘ ਦੀ ਗਰਿਫ਼ਤਾਰੀ ਬਾਬਤ ਜੈਬੇ ਨੂੰ ਅਸਲੀਅਤ ਦਾ ਛੇਤੀ ਹੀ ਪਤਾ ਲੱਗ ਗਿਆ। ਉਹਨੇ ਚਾਚੇ-ਭਤੀਜੀ ਦੋਹਾਂ ਦਾ ਹੀ ਕੰਡਾ ਕੱਢ ਦਿੱਤਾ। ਮੁੜ ਉਹ ਆਪ ਵੀ ਇਕ ਪੁਲਸ ਮੁਕਾਬਲੇ ਵਿਚ ਸ਼ਹੀਦੀ ਪਾ ਗਿਆ। ਇਸ ਬਾਰੇ ਪੂਰੀ ਜਾਣਕਾਰੀ ਮੈਨੂੰ ਨਹੀਂ ਮਿਲ ਸਕੀ। ਬਚਿੰਤ ਸਿੰਘ ਦਾ ਕੇਸ ਹੁਸ਼ਿਆਰਪੁਰ ਸੈਸ਼ਨ ਜੱਜ ਦੀ ਅਦਾਲਤ ਵਿਚ ਚਲਿਆ ਸੀ ਅਤੇ ਉਸੇ ਖੂਹ ਵਾਲੇ ਦੀ ਸ਼ਹਾਦਤ ਸਦਕਾ ਉਹਨੂੰ ਫਾਂਸੀ ਦਾ ਹੁਕਮ ਹੋ ਗਿਆ। ਹਾਈ ਕੋਰਟ ਵਿਚੋਂ ਸਜ਼ਾ ਬਹਾਲ ਰਹਿ ਜਾਣ ਮਗਰੋਂ ਉਹ ਜਲੰਧਰ ਦੀ ਜਿਹਲ ਵਿਚ ਫਾਂਸੀ ਚਾੜ੍ਹ ਦਿੱਤਾ ਗਿਆ ਸੀ।

# 78. ਜੁੱਗ-ਪਲਟਾਊ ਪਾਰਟੀ

1938 ਦੇ ਅਖ਼ੀਰ ਤੱਕ ਸਾਰੇ ਬਬਰ ਜਿਹਲਾਂ ਵਿਚੋਂ ਰਿਹਾਅ ਹੋ ਕੇ ਪਿੰਡੀਂ ਆ ਚੁੱਕੇ ਸਨ। ਪਹਿਲੇ ਬਬਰ ਅਕਾਲੀ ਕੇਸ ਦਾ ਮੁਲਜ਼ਮ ਨੰਬਰ 84, ਗਿਆਨੀ ਹਰਬੰਸ ਸਿੰਘ, ਪਿੰਡ ਸਰਹਾਲਾ ਖ਼ੁਰਦ, ਜ਼ਿਲਾ ਹੁਸ਼ਿਆਰਪੁਰ 28 ਫਰਵਰੀ 1925 ਨੂੰ ਬਰੀ ਹੋਇਆ। ਉਹ ਸ੍ਰੀ ਆਨੰਦਪੁਰ ਸਾਹਿਬ ਜਾ ਸੰਤ ਹਰੀ ਸਿੰਘ ਕਹਾਰਪੁਰੀਏ ਨਾਲ ਰਲ ਕੇ ਸ੍ਰੀ ਕੇਸਗੜ੍ਹ ਸਾਹਿਬ ਗੁਰਦੁਆਰੇ ਦੀ ਨਵੀਂ ਉਸਾਰੀ ਕਰਵਾਉਣ ਲਗਿਆ। ਫੇਰ ਉਹ ਗੁਰਦੁਆਰੇ ਦਾ ਸੈਕਟਰੀ ਲਗ ਗਿਆ। ਬਾਅਦ ਵਿਚ ਕੀਰਤਪੁਰ ਦੇ ਗੁਰਦੁਆਰੇ ਦਾ ਸੈਕਟਰੀ ਜਾ ਲਗਿਆ। ਧਾਮੀਆਂ ਕਲਾਂ, ਜ਼ਿਲਾ ਹੁਸ਼ਿਆਰਪੁਰ ਦਾ ਮਾਸਟਰ ਉਜਾਗਰ ਸਿੰਘ ਵੀ ਉਹਦੇ ਨਾਲ ਕੀਰਤਪੁਰ ਗੁਰਦੁਆਰੇ ਵਿਚ ਛੋਟਾ ਸੈਕਟਰੀ ਲਗਿਆ ਹੋਇਆ ਸੀ। ਪਿੰਡ ਧਾਮੀਆਂ ਦੇ ਪਜ ਬਬਰ ਜਾਂ ਸ਼ਹੀਦ ਹੋ ਚੁਕੇ ਸਨ ਜਾਂ ਉਮਰ-ਕੈਦਾਂ ਭੁਗਤ ਰਹੇ ਸਨ। ਮਾਸਟਰ ਉਜਾਗਰ ਸਿੰਘ ਵੀ ਆਪਣੇ ਪਿੰਡ ਵਾਲੇ ਯੋਧਿਆਂ ਵਾਂਗੂ ਕੁਝ ਕਰ ਗੁਜ਼ਰਨ ਲਈ ਬਹੁਤ ਕਾਹਲਾ ਸੀ।

1939 ਦੇ ਸ਼ੁਰੂ ਵਿਚ ਦੋਹਾਂ ਨੇ ਰਲ ਕੇ ਪੁਰਾਣੇ ਬਬਰਾਂ ਦੀ ਇਕ ਮੀਟਿੰਗ ਗੁਰਦੁਆਰਾ ਸਿੰਘ ਸਭਾ ਹੁਸ਼ਿਆਰਪੁਰ ਵਿਚ ਬੁਲਾਈ। ਉਸ ਵਿਚ ਹੇਠ-ਲਿਖੇ ਬਬਰ ਸ਼ਾਮਲ ਹੋਏ : ਇਹਨਾਂ ਦੋਹਾਂ ਤੋਂ ਇਲਾਵਾ ਪਿਆਰਾ ਸਿੰਘ ਧਾਮੀਆਂ ਤੇ ਬੂਟਾ ਸਿੰਘ ਪਿੰਡੋਰੀ ਨਿੱਝਰਾਂ ਪਹਿਲੇ ਕੇਸ ਵਾਲੇ ਅਤੇ ਬਚਿੰਤ ਸਿੰਘ ਦਮੁੰਢਾ ਤੇ ਭੋਲਾ ਸਿੰਘ ਕਾਠੇ ਅਧਕਾਰੇ ਦੂਜੇ ਕੇਸ ਵਾਲੇ। ਇਹ ਚਾਰੇ ਉਮਰ-ਕੈਦ ਕੱਟ ਕੇ ਮੁੜੇ ਸਨ। ਇਹਨਾਂ ਛੇਆਂ ਦੇ ਇਕੱਠ ਵਿਚ ਗਿਆਨੀ ਹਰਬੰਸ ਸਿੰਘ ਨੇ ਤਜਵੀਜ਼ ਪੇਸ਼ ਕੀਤੀ ਕਿ ਬਬਰ ਲਹਿਰ ਦੀਆਂ ਲੀਹਾਂ ਉੱਤੇ ਨਵੀਂ ਪਾਰਟੀ ਬਣਾ ਕੇ ਝੋਲੀ-ਚੁੱਕਾਂ ਦੇ ਸੁਧਾਰ ਦਾ ਕੰਮ ਸ਼ੁਰੂ ਕਰ ਦੇਣਾ ਚਾਹੀਦਾ ਹੈ। ਪਾਰਟੀ ਦਾ ਨਾਂ ਗਿਆਨੀ ਜੀ ਨੇ ਜੁੱਗ-ਪਲਟਾਊ ਪਾਰਟੀ ਤਜਵੀਜ਼ ਕੀਤਾ। ਤੜਕੀ ਰਾਤ ਤੱਕ ਸਲਾਹ-ਮਸ਼ਵਰਾ ਚਲਦਾ ਰਿਹਾ। ਅਖ਼ੀਰ ਵਿਚ ਵੱਡੇ ਪੈਮਾਨੇ ਉੱਤੇ ਮੀਟਿੰਗ ਬੁਲਾਉਣ ਦਾ ਫ਼ੈਸਲਾ ਕਰ ਲਿਆ ਗਿਆ। ਬਾਕੀ ਬਬਰਾਂ ਨੂੰ ਸੱਦਣ ਦੀ ਜ਼ਿੰਮੇਵਾਰੀ ਗਿਆਨੀ ਹਰਬੰਸ ਸਿੰਘ ਨੇ ਸਾਂਭ ਲਈ।

1940 ਦੇ ਹੋਲੇ-ਮਹੱਲੇ ਦੇ ਮੇਲੇ ਉੱਤੇ ਗਿਆਨੀ ਹਰਬੰਸ ਸਿੰਘ ਨੇ ਮੁੜ ਇਕੱਠ ਸੱਦਿਆ। ਉਸ ਵਿਚ ਕੁਝ ਪੁਰਾਣੇ ਬਬਰ ਅਤੇ ਕੁਝ ਨਵੇਂ ਰਲੇ ਨੌਜਵਾਨ ਸ਼ਾਮਲ ਹੋਏ। ਸਰਬਸੰਮਤੀ ਨਾਲ ਗਿਆਨੀ ਹਰਬੰਸ ਸਿੰਘ ਨੂੰ ਪਾਰਟੀ ਦਾ ਨੇਤਾ ਚੁਣ ਕੇ ਪਾਰਟੀ ਦੇ ਨਾਂ ਦਾ ਫ਼ੈਸਲਾ ਕਰ ਲਿਆ ਗਿਆ। ਜੁੱਗ-ਪਲਟਾਊ ਪਾਰਟੀ ਦੀ

ਸਥਾਪਨਾ ਕਰ ਕੇ ਸ੍ਰੀ ਕੇਸਗੜ੍ਹ ਸਾਹਿਬ ਦੇ ਗੁਰਦੁਆਰੇ ਅਰਦਾਸਾ ਸੋਧ ਜੈਕਾਰਾ ਬੁਲਾ ਦਿੱਤਾ ਗਿਆ।

## ੳ. ਸੀ ਆਈ ਡੀ ਦੇ ਬੰਦੇ ਮੇਲਾ ਸਿੰਘ ਦੇ ਕਤਲ ਦੀ ਕੋਸ਼ਿਸ਼

ਉਹਨਾਂ ਦਿਨਾਂ ਵਿਚ ਗਿਆਨੀ ਹਰਬੰਸ ਸਿੰਘ ਅਤੇ ਮਾਸਟਰ ਉਜਾਗਰ ਸਿੰਘ ਕੀਰਤਪੁਰ ਦੇ ਗੁਰਦੁਆਰੇ ਵਿਚ ਰਹਿੰਦੇ ਸਨ ਅਤੇ ਇਕ ਮੇਲਾ ਸਿੰਘ ਅਕਾਲੀ ਸਜ ਕੇ ਸ੍ਰੀ ਆਨੰਦਪੁਰ ਸਾਹਿਬ ਦੇ ਗੁਰਦੁਆਰੇ ਵਿਚ ਸੇਵਾਦਾਰ ਲਗਿਆ ਹੋਇਆ ਸੀ। ਉਹ ਸੀ ਆਈ ਡੀ ਦਾ ਬੰਦਾ ਸੀ ਅਤੇ ਇਕ ਹੋਰ ਉਹਦਾ ਸਾਥੀ ਵੀ ਨਾਲ ਹੀ ਉਹਦਾ ਸੇਵਾਦਾਰ ਬਣਕੇ ਸੇਵਾ ਕਰ ਰਿਹਾ ਸੀ। ਇਸ ਗੱਲ ਦੀ ਸੂਹ ਗਿਆਨੀ ਹਰਬੰਸ ਸਿੰਘ ਨੂੰ ਲੱਗ ਗਈ। ਇਹਨਾਂ ਦਿਨਾਂ ਵਿਚ ਦੂਜੀ ਵੱਡੀ ਜੰਗ ਪੂਰੇ ਜੋਬਨ ਉੱਤੇ ਸੀ। ਹਿਟਲਰ ਦੀ ਚੜ੍ਹਤ ਅਤੇ ਅੰਗਰੇਜ਼ਾਂ ਦੀ ਹਾਰ ਵੀ ਉੱਨੇ ਹੀ ਜ਼ੋਰਾਂ ਉੱਤੇ ਸੀ। ਅੰਗਰੇਜ਼ ਹਿੰਦੋਸਤਾਨੀ ਫੌਜਾਂ ਨੂੰ ਧੜਾਧੜ ਯੂਰਪ ਅਤੇ ਅਫ਼ਰੀਕਾ ਵੱਲ ਅੱਗ ਦੀ ਭੱਠੀ ਵਿਚ ਝੋਕੀਂ ਜਾ ਰਹੇ ਸਨ। ਇਹਦਾ ਸਿੱਟਾ ਇਹ ਹੋਇਆ ਕਿ ਬੁਹਤ ਸਾਰੇ ਜੁਸ਼ੀਲੇ ਨੌਜਵਾਨ, ਖਾਸ ਤੌਰ ਉੱਤੇ ਪੰਜਾਬੀ ਪੱਕੀਆਂ ਰਫ਼ਲਾਂ ਅਤੇ ਗੋਲੀਆਂ ਲੈ ਕੇ ਭਗੌੜੇ ਹੋਈ ਜਾ ਰਹੇ ਸਨ। ਕਈ ਫ਼ੌਜੀ ਗਿਆਨੀ ਹਰਬੰਸ ਸਿੰਘ ਕੋਲ ਪੁੱਜ ਚੁੱਕੇ ਸਨ ਅਤੇ ਸੇਵਾਦਾਰਾਂ ਦਾ ਰੂਪ ਧਾਰ ਚੁੱਕੇ ਸਨ। ਉਹ ਕੋਈ ਕਾਰਨਾਮਾ ਕਰਕੇ ਹੀ ਕੂਚ ਕਰਨਾ ਚਾਹੁੰਦੇ ਸਨ।

ਗਿਆਨੀ ਜੀ ਨੇ ਇਸ ਬਣੇ ਬੈਠੇ ਸੇਵਾਦਾਰ ਸੀ ਆਈ ਡੀ ਦੇ ਮੇਲਾ ਸਿੰਘ ਦਾ ਸੁਧਾਰ ਕਰਨਾ ਮੁੱਖ ਰਖਕੇ ਦੂਜੇ ਉਜਾਗਰ ਸਿੰਘ ਜੀਹਨੂੰ ਆਨੰਦਪੁਰੀ ਕਰਕੇ ਸਦਿਆ ਜਾਂਦਾ ਸੀ ਅਤੇ ਧਰਮ ਸਿੰਘ (ਸ਼ਹੀਦ ਬੰਤਾ ਸਿੰਘ ਧਾਮੀਆਂ ਦੇ ਲੜਕੇ) ਨੂੰ ਮੇਲਾ ਸਿੰਘ ਨੂੰ ਬੁਲਾਉਣ ਲਈ ਭੇਜਿਆ ਅਤੇ ਕਿਹਾ ਕਿ ਉਹ ਸੁਨੇਹਾ ਜਾ ਦੇਣ ਕਿ ਗਿਆਨੀ ਜੀ ਕੋਲ ਇਕ ਫ਼ੌਜੀ ਭਗੌੜਾ ਲਾਭ ਸਿੰਘ ਆਇਆ ਬੈਠਾ ਹੈ, ਜਿਹੜਾ ਪੁਲਿਸ ਵਿਚ ਪੇਸ਼ ਹੋਣਾ ਚਾਹੁੰਦਾ ਹੈ। ਗਿਆਨੀ ਜੀ ਨੇ ਉਹਨੂੰ ਤਸੱਲੀ ਦਿੱਤੀ ਹੈ ਕਿ ਸਾਡਾ ਇਕ ਬੰਦਾ ਪੁਲਿਸ ਵਿਚ ਚੰਗੇ ਰਸੂਖ ਵਾਲਾ ਹੈ, ਤੈਨੂੰ ਉਹਦੀ ਮਾਰਫ਼ਤ ਪੇਸ਼ ਕਰਵਾ ਦਿੰਦੇ ਹਾਂ। ਮੇਲਾ ਸਿੰਘ ਨੂੰ ਕੁਝ ਸ਼ੱਕ ਜਿਹਾ ਤਾਂ ਪਿਆ, ਪਰ ਉਹਨੇ ਆਪਣੇ ਸਾਥੀ, ਜਿਹੜਾ ਨੌਕਰ ਦਾ ਸਾਂਗ ਬਣਾਈ ਬੈਠਾ ਸੀ, ਨੂੰ ਸੱਦ ਕੇ ਕਿਹਾ, ਮੈਂ ਕੀਰਤਪੁਰ ਅਕਾਲੀਆਂ ਦੇ ਦਫ਼ਤਰ ਜਾ ਰਿਹਾ ਹਾਂ, ਥੋੜੀ ਦੇਰ ਬਾਅਦ ਤੂੰ ਵੀ ਆ ਜਾਈਂ। ਇਹ ਦਫ਼ਤਰ ਇਕ ਚੁਬਾਰੇ ਵਿਚ ਸੀ।

ਜਿਸ ਵੇਲੇ ਗਿਆਨੀ ਜੀ ਨੇ ਉਪਰ-ਦੱਸੇ ਸਾਥੀਆਂ ਨੂੰ ਮੇਲਾ ਸਿੰਘ ਨੂੰ ਬੁਲਾਉਣ ਲਈ ਭੇਜਿਆ ਸੀ, ਉਸ ਵੇਲੇ ਗਿਆਨੀ ਜੀ ਤੋਂ ਇਲਾਵਾ ਪਿਆਰਾ ਸਿੰਘ ਧਾਮੀਆਂ ਤੇ ਭੋਲਾ ਸਿੰਘ ਕਾਠਾ ਬਬਰ ਕੇਸ ਵਾਲੇ, ਮਾਸਟਰ ਉਜਾਗਰ ਸਿੰਘ ਧਾਮੀਆਂ, ਦੋਨੋਂ ਸੁਨੇਹਾ ਦੇਣ ਵਾਲੇ ਅਤੇ ਭਗੌੜੇ ਫੌਜੀ ਪੱਕੀਆਂ ਰਫ਼ਲਾਂ ਵਾਲੇ, ਸਾਧੂ ਸਿੰਘ ਮਾਣਕ ਢੇਰੀ ਤੇ ਲਾਭ ਸਿੰਘ ਅਕਲੌਤਾ, ਹੋਰ ਨਵੇਂ ਬਣੇ ਸਾਥੀ ਨਿਰਮਲ ਸਿੰਘ ਸਰੀਂਹ ਤੇ ਬਾਬਾ ਗੇਂਦਾ ਸਿੰਘ ਮੌਜੂਦ ਸਨ।

ਇਹ 1940 ਦੀ ਦੀਵਾਲੀ ਤੋਂ ਅਗਲਾ ਦਿਨ ਸੀ। ਦੋਹਾਂ ਨੇ ਆ ਕੇ ਦਸਿਆ ਕਿ ਮੇਲਾ ਸਿੰਘ ਆ ਰਿਹਾ ਹੈ। ਗਿਆਨੀ ਜੀ ਨੇ ਪਿਆਰਾ ਸਿੰਘ ਧਾਮੀਆਂ, ਭੋਲਾ ਸਿੰਘ ਕਾਠਾ ਅਤੇ ਧਰਮ ਸਿੰਘ ਨੂੰ ਗੁਰਦੁਆਰਾ ਪਤਾਲਪੁਰੀ ਨੂੰ ਘੱਲ ਦਿੱਤਾ। ਪੱਕੀਆਂ ਰਫ਼ਲਾਂ ਵਾਲੇ ਦੋਨੋਂ ਫ਼ੌਜੀਆਂ, ਸਾਧੂ ਸਿੰਘ ਤੇ ਲਾਭ ਸਿੰਘ ਦੇ ਨਾਲ ਉਜਾਗਰ ਸਿੰਘ ਆਨੰਦਪੁਰੀ ਨੂੰ ਚੁਬਾਰੇ ਤੋਂ ਥੱਲੇ ਇਕ ਝੁੱਗੀ ਵਿਚ ਬਿਠਾ ਦਿੱਤਾ। ਗਿਆਨੀ ਜੀ ਆਪ, ਮਾਸਟਰ ਉਜਾਗਰ ਸਿੰਘ ਧਾਮੀਆਂ, ਨਿਰਮਲ ਸਿੰਘ ਸਰੀਂਹ ਅਤੇ ਬਾਬਾ ਗੇਂਦਾ ਸਿੰਘ ਚੁਬਾਰੇ ਵਿਚ ਮੇਲਾ ਸਿੰਘ ਦੀ ਉਡੀਕ ਕਰਨ ਲਗ ਪਏ।

ਉਹ ਆ ਗਿਆ। ਗਿਆਨੀ ਜੀ ਨੇ ਬੜੇ ਪਿਆਰ ਨਾਲ ਫਤਹਿ ਬੁਲਾਈ ਅਤੇ ਭਗੌੜੇ ਦੀ ਗੱਲਬਾਤ ਚਲਾਈ। ਉਹਨਾਂ ਨੇ ਕਿਹਾ, ਤੁਸੀਂ ਉਹਨੂੰ ਨਾਲ ਲਿਜਾ ਕੇ ਪੇਸ਼ ਕਰ ਦਿਉ ਅਤੇ ਚੁਬਾਰੇ ਵਿਚੋਂ ਥੱਲੇ ਉਤਰਨ ਲੱਗ ਪਏ। ਪਿਛਿਉਂ ਮਾਸਟਰ ਉਜਾਗਰ ਸਿੰਘ ਨੇ ਰੀਵਾਲਵਰ ਦੇ ਦੋ ਫ਼ਾਇਰ ਕੀਤੇ। ਦੋਨੋਂ ਮਿੱਸ ਹੋ ਗਏ। ਟਿਕ-ਟਿਕ ਦੀ ਆਵਾਜ਼ ਸੁਣ ਕੇ ਮੇਲਾ ਸਿੰਘ ਨੇ ਪਿੱਛੇ ਦੇਖਿਆ ਤਾਂ ਦੁਹਾਈ ਪਾਉਂਦਾ ਭੱਜ ਉਠਿਆ। ਚੁਕੰਨਾ ਤਾਂ ਉਹ ਪਹਿਲਾਂ ਹੀ ਸੀ।

ਨਿਰਮਲ ਸਿੰਘ ਨੇ ਆਪਣੇ ਰੀਵਾਲਵਰ ਦੀ ਗੋਲੀ ਛੱਡੀ। ਉਹ ਵੀ ਅਕਾਰਥ ਹੀ ਚਲੀ ਗਈ।

ਥੱਲੇ ਝੁੱਗੀ ਵਿਚ ਬੈਠੇ ਉਜਾਗਰ ਸਿੰਘ ਆਨੰਦਪੁਰੀ ਨੇ ਸਾਥੀ ਫ਼ੌਜੀਆਂ ਨੂੰ ਕਿਹਾ ਕਿ ਔਹ ਮੇਲਾ ਸਿੰਘ ਭੱਜ ਗਿਆ ਹੈ। ਉਹਨਾਂ ਨੇ ਪਿਛੇ ਭੱਜ ਕੇ ਫ਼ਾਇਰ ਕੀਤੇ। ਮੇਲਾ ਸਿੰਘ ਤਾਂ ਬਚ ਗਿਆ, ਪਰ ਉਹਦਾ ਸਾਥੀ, ਜੀਹਨੂੰ ਉਹ ਪਿਛੋਂ ਆਉਣ ਲਈ ਕਹਿ ਆਇਆ ਸੀ, ਫ਼ੌਜੀਆਂ ਦੀ ਗੋਲੀ ਦਾ ਸ਼ਿਕਾਰ ਹੋ ਥਾਂਏਂ ਢੇਰੀ ਹੋ ਗਿਆ। ਉਹ ਡਿਗਦਾ ਮੇਲਾ ਸਿੰਘ ਨੇ ਦੇਖ ਲਿਆ। ਮੇਲਾ ਸਿੰਘ ਹਨੇਰੇ ਦੀ ਓਟ ਵਿਚ ਥਾਣੇ ਪੁੱਜਣ ਵਿਚ ਕਾਮਯਾਬ ਹੋ ਗਿਆ। ਫ਼ੌਜੀਆਂ ਦੀ ਭੱਜ-ਦੌੜ ਵਿਅਰਥ ਹੀ ਗਈ। ਮੇਲਾ ਸਿੰਘ ਨੇ ਜਾ ਰਪਟ ਲਿਖਾਈ, ਜਿਸ ਵਿਚ ਗਿਆਨੀ ਹਰਬੰਸ ਸਿੰਘ, ਬਾਬਾ ਗੇਂਦਾ ਸਿੰਘ, ਮਾਸਟਰ ਉਜਾਗਰ ਸਿੰਘ ਧਾਮੀਆਂ ਅਤੇ ਸ਼ਮਸ਼ੇਰ ਸਿੰਘ ਮੋਰਾਂਵਾਲੀ ਦੇ ਨਾਂ ਲਿਖਵਾ ਦਿੱਤੇ। ਨਿਰਮਲ ਸਿੰਘ ਦੀ ਥਾਂ ਉਹਨੇ ਭੁਲੇਖੇ ਨਾਲ ਸ਼ਮਸ਼ੇਰ ਸਿੰਘ ਮੋਰਾਂਵਾਲੀ ਦਾ ਨਾਂ ਰਪਟ ਵਿਚ ਦਰਜ ਕਰਵਾ ਦਿੱਤਾ।

ਸ਼ਮਸ਼ੇਰ ਸਿੰਘ ਦੀਵਾਲੀ ਤੋਂ ਇਕ ਦਿਨ ਪਹਿਲਾਂ ਹੀ ਆਪਣੇ ਪਿੰਡ ਮੋਰਾਂਵਾਲੀ ਜਾ ਚੁਕਿਆ ਸੀ। ਉਹਨੂੰ ਇਸ ਕਤਲ ਦੀ ਕੋਈ ਜਾਣਕਾਰੀ ਨਹੀਂ ਸੀ। ਉਹ ਬਿਲਕੁਲ ਬੇਗੁਨਾਹ ਸੀ। ਬਾਕੀ ਤਾਂ ਸਭ ਭਗੌੜੇ ਹੋ ਗਏ, ਪਰ ਪੁਲਿਸ ਨੇ ਰਾਤੋ-ਰਾਤ ਜਾ ਕੇ ਸਮਸ਼ੇਰ ਸਿੰਘ ਨੂੰ ਗਰਿਫਤਾਰ ਕਰ ਲਿਆ। ਪੁਲਿਸ ਕੁਝ ਚਿਰ ਭਗੌੜਿਆਂ ਦੀ ਗਰਿਫਤਾਰੀ ਦੀ ਕੋਸ਼ਿਸ਼ ਕਰਦੀ ਰਹੀ। ਅਖੀਰ ਵਿਚ ਸ਼ਮਸ਼ੇਰ ਸਿੰਘ ਇਕੱਲੇ ਦਾ ਚਲਾਨ ਹੀ ਪੇਸ਼ ਕਰ ਦਿੱਤਾ ਗਿਆ ਅਤੇ ਮੇਲਾ ਸਿੰਘ ਦੀ ਚਸ਼ਮਦੀਦ ਗਵਾਹੀ ਦੀ ਬਿਨਾ ਉੱਤੇ ਉਸ ਬੇਗੁਨਾਹ ਨੂੰ ਸੈਸ਼ਨ ਜੱਜ ਦੀ ਅਦਾਲਤ ਵਿਚੋਂ ਫਾਂਸੀ ਦਾ ਹੁਕਮ ਮਿਲ ਗਿਆ।

ਹਾਈ ਕੋਰਟ ਵਿਚੋਂ ਅਪੀਲ ਨਾ-ਮਨਜ਼ੂਰ ਹੋਣ ਮਗਰੋਂ ਬੇਗੁਨਾਹ ਸ਼ਮਸ਼ੇਰ ਸਿੰਘ ਮੋਰਾਂਵਾਲੀ ਜਲੰਧਰ ਦੀ ਜਿਹਲ ਵਿਚ ਫਾਂਸੀ ਲਾ ਦਿਤਾ ਗਿਆ। ਇਹਨੂੰ ਕਰੇ-ਕੋਈ-ਭਰੇ-ਕੋਈ ਵਾਲੀ ਗੱਲ ਕਿਹਾ ਜਾ ਸਕਦਾ ਹੈ।

## ਅ. ਪੁਲਿਸ ਚੌਕੀ ਦਾ ਅਸਲਾ ਲੁੱਟਣ ਦੀ ਕੋਸ਼ਿਸ਼

ਭਗੌੜੇ ਹੋ ਜਾਣ ਤੋਂ ਬਾਅਦ ਇਕ ਦਿਨ ਗਿਆਨੀ ਹਰਬੰਸ ਸਿੰਘ, ਮਾਸਟਰ ਉਜਾਗਰ ਸਿੰਘ ਧਾਮੀਆਂ, ਨਿਰਮਲ ਸਿੰਘ ਸਰੀਂਹ, ਬਾਬਾ ਗੇਂਦਾ ਸਿੰਘ, ਪਹਿਲੇ ਬਬਰਾਂ ਵਿਚੋਂ ਪਿਆਰਾ ਸਿੰਘ ਧਾਮੀਆਂ ਤੇ ਭੋਲਾ ਸਿੰਘ ਕਾਠਾ, ਉਜਾਗਰ ਸਿੰਘ ਬਸਰਾਮਪੁਰ, ਫੌਜੀ ਭਗੌੜੇ ਲਾਭ ਸਿੰਘ ਤੇ ਸਾਧੂ ਸਿੰਘ ਮਾਣਕ ਢੇਰੀ ਨੇ ਸਲਾਹ ਕੀਤੀ ਕਿ ਚਹੇੜੂ ਰੇਲਵੇ ਸਟੇਸ਼ਨ ਦੀ ਪੁਲਿਸ ਚੌਕੀ ਉੱਤੇ ਹਮਲਾ ਕਰਕੇ ਉਥੋਂ ਅਸਲਾ ਲੁਟਿਆ ਜਾਵੇ। ਇਹ ਵੱਖਰੀਆਂ-ਵੱਖਰੀਆਂ ਟੋਲੀਆਂ ਬਣਾ ਕੇ ਗਏ, ਪਰ ਪੁਲਿਸ ਬਹੁਤ ਚੁਕੰਨੀ ਸੀ। ਪਹਿਰੇ ਉੱਤੇ ਖੜੋਤੇ ਸਿਪਾਹੀ ਨੂੰ ਸ਼ੱਕ ਪਿਆ ਤਾਂ ਉਹਨੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਇਹਨਾਂ ਨੂੰ ਨਾ-ਕਾਮਯਾਬ ਵਾਪਸ ਮੁੜਨਾ ਪਿਆ।

ਇਕ ਵਾਰ ਬਬਰ ਲਹਿਰ ਸਮੇਂ ਭਾਈ ਕਿਸ਼ਨ ਸਿੰਘ ਹੁਰਾਂ ਨੇ ਵੀ ਕੋਸ਼ਿਸ਼ ਕੀਤੀ ਸੀ ਜਿਸ ਵਿਚ ਬਸਰਾਮਪੁਰੀਆ ਉਜਾਗਰ ਸਿੰਘ ਵੀ ਸ਼ਾਮਲ ਸੀ। ਉਹਦੇ ਕਹਿਣ ਉੱਤੇ ਹੀ ਬਬਰਾਂ ਨੇ ਦੁਬਾਰਾ ਕੋਸ਼ਿਸ਼ ਕੀਤੀ ਸੀ।

## ੲ. ਜੁੱਗ-ਪਲਟਾਊ ਪਾਰਟੀ ਦੀਆਂ ਕੁਝ ਹੋਰ ਸਰਗਰਮੀਆਂ

ਰਾਮ ਸਿੰਘ ਵਲਦ ਦਲੇਲ ਸਿੰਘ ਜੱਟ-ਸਿੱਖ, ਪਿੰਡ ਬੱਲਾਂ, ਜ਼ਿਲਾ ਅਤੇ ਥਾਣਾ ਸਦਰ ਜਲੰਧਰ ਦੇ ਨਿਆਣਾ ਹੁੰਦੇ ਦੇ ਮਾਂ-ਬਾਪ ਚਲਾਣਾ ਕਰ ਗਏ। ਉਹਦੀ ਭੂਆ ਇਹਨੂੰ ਡਿਚਕੋਟ ਮਾਣਕੋ, ਜ਼ਿਲਾ ਲਾਇਲਪੁਰ ਵਿਚ ਲੈ ਗਈ। ਜਦੋਂ ਥੋੜ੍ਹੀ ਸੁਰਤ ਸੰਭਾਲੀ ਤਾਂ ਇਹ ਸ੍ਰੀ ਆਨੰਦਪੁਰ ਸਾਹਿਬ ਪੁੱਜ ਗਿਆ, ਜਿਥੇ ਕਹਾਰਪੁਰੀਏ ਸੰਤ ਹਰੀ ਸਿੰਘ ਜੀ ਗੁਰਦੁਆਰਾ ਸ੍ਰੀ ਕੇਸਗੜ੍ਹ ਸਾਹਿਬ ਦੀ ਨਵੀਂ ਇਮਾਰਤ ਤਿਆਰ ਕਰਵਾ ਰਹੇ ਸਨ। ਰਾਮ ਸਿੰਘ ਸੇਵਾ ਵਿਚ ਜੁਟ ਗਿਆ। ਉਹਨੇ ਲਗਾਤਾਰ 9-10 ਸਾਲ ਉਥੇ ਹੀ ਕਿਆਮ ਰਖਿਆ ਅਤੇ ਨਾਲ ਹੀ ਗੱਤਕਾ ਸਿੱਖਣਾ ਸ਼ੁਰੂ ਕਰ ਦਿੱਤਾ। ਉਹਨੇ ਗੱਤਕੇ ਵਿਚ ਪੂਰੀ ਮੁਹਾਰਿਤ ਹਾਸਲ ਕਰ ਲਈ।

ਉਹਨਾਂ ਦਿਨਾਂ ਵਿਚ ਗਿਆਨੀ ਹਰਬੰਸ ਸਿੰਘ ਉਘੇ ਲੀਡਰ ਊਧਮ ਸਿੰਘ ਨਾਗੋਕੇ, ਸੋਹਣ ਸਿੰਘ ਜਲਾਲ ਉਸਮਾਂ, ਦਰਸ਼ਨ ਸਿੰਘ ਫੇਰੂਮਾਨ, ਪਰਤਾਪ ਸਿੰਘ ਕੈਰੋਂ, ਈਸ਼ਰ ਸਿੰਘ ਮਝੈਲ,ਆਦਿ ਦੇ ਪੱਕੇ ਵਾਕਿਫ਼ ਬਣ ਚੁੱਕੇ ਸਨ। ਇਹ ਧੜਾ ਗੁਰਦੁਆਰਾ ਤਰਨ-ਤਾਰਨ ਉੱਤੇ ਕਾਬਜ਼ ਸੀ। ਮਾਸਟਰ ਤਾਰਾ ਸਿੰਘ ਦਾ ਧੜਾ ਅੰਮ੍ਰਿਤਸਰ ਹਰਿਮੰਦਰ ਸਾਹਿਬ ਉੱਤੇ ਕਾਬਜ਼ ਸੀ। ਹਰਬੰਸ ਸਿੰਘ ਦੀ ਮਾਰਫ਼ਤ ਰਾਮ ਸਿੰਘ ਨੂੰ ਗੁਰਦੁਆਰਾ ਤਰਨਤਾਰਨ ਵਿਚ ਆਮ ਨੌਜਵਾਨਾਂ ਨੂੰ ਗਤਕਾ ਸਿਖਾਉਣ ਦੀ ਮਾਸਟਰੀ ਮਿਲ ਗਈ। ਤਨਖ਼ਾਹ ਤੋਂ ਇਲਾਵਾ ਇਕ ਰਿਹਾਇਸ਼ੀ ਕਮਰਾ ਵੀ ਮਿਲ ਗਿਆ, ਜਿਹੜਾ ਬਬਰਾਂ ਲਈ ਇਕ ਨਵਾਂ ਅੱਡਾ ਬਣ ਗਿਆ। ਸ੍ਰੀ ਕੇਸਗੜ੍ਹ, ਆਨੰਦਪੁਰ ਦਾ ਗੁਰਦੁਆਰਾ ਮੁਕੰਮਲ ਹੋ ਹੀ ਚੁਕਿਆ ਸੀ ਅਤੇ ਜੁੱਗ-ਪਲਟਾਊ ਪਾਰਟੀ ਦਾ ਦਫ਼ਤਰ ਰਾਮ ਸਿੰਘ ਦੀ ਕੋਠੜੀ ਬਣ ਗਈ। ਰਾਮ ਸਿੰਘ ਨੇ ਪਿੰਡ-ਪਿੰਡ ਅਖਾੜੇ ਤਿਆਰ ਕਰ ਕੇ ਇਕ-

ਇਕ ਮਾਸਟਰ ਥਾਪ ਦਿੱਤਾ। ਬੱਸ ਬਬਰਾਂ ਲਈ ਇਹੋ ਠਿਕਾਣੇ ਕੰਮ ਆਉਣ ਲੱਗ ਪਏ।

ਹੈਡਕੁਆਟਰ ਤਾਂ ਤਰਨਤਾਰਨ ਰਾਮ ਸਿੰਘ ਦੀ ਕੋਠੜੀ ਹੀ ਸੀ। ਮਾਰਚ 1941 ਵਿਚ ਗਿਆਨੀ ਹਰਬੰਸ ਸਿੰਘ ਨੇ ਉਥੇ ਲੀਡਰਾਂ ਊਧਮ ਸਿੰਘ ਤੇ ਮੋਹਣ ਸਿੰਘ ਨਾਗੋਕੇ, ਸੋਹਣ ਸਿੰਘ ਜਲਾਲ ਉਸਮਾਂ, ਦਰਸ਼ਨ ਸਿੰਘ ਫੇਰੂਮਾਨ, ਈਸ਼ਰ ਸਿੰਘ ਮਝੈਲ ਅਤੇ ਪਰਤਾਪ ਸਿੰਘ ਕੈਰੋਂ ਅੱਗੇ ਆਪਣੀ ਤਜਵੀਜ਼ ਰੱਖੀ ਕਿ ਉਹ ਉਹਨਾਂ ਨੂੰ ਇਕ ਡੁਪਲੀਕੇਟਰ ਮਸ਼ੀਨ ਲੈ ਦੇਣ ਜਿਸ ਉੱਤੇ ਉਹ ਉਸੇ ਕਿਸਮ ਦਾ ਜੁੱਗ-ਪਲਟਾਊ ਨਾਂ ਦਾ ਪਰਚਾ ਛਾਪਣਾ ਚਾਹੁੰਦੇ ਹਨ ਜਿਹੋ ਜਿਹਾ ਬਬਰ ਅਕਾਲੀ ਲਹਿਰ ਵੇਲੇ "ਬਬਰ ਅਕਾਲੀ ਦੁਆਬਾ" ਛਾਪਿਆ ਜਾਂਦਾ ਸੀ। ਸਾਰਿਆਂ ਨੇ ਇਸ ਸਲਾਹ ਨੂੰ ਸਵੀਕਾਰ ਕਰ ਕੇ ਗਿਆਨੀ ਜੀ ਨੂੰ ਸਭ ਲੋੜੀਂਦਾ ਸਾਮਾਨ ਖਰੀਦ ਦਿੱਤਾ। ਗਿਆਨੀ ਜੀ ਦੀ ਐਡੀਟਰੀ ਥੱਲੇ ਜੁੱਗ-ਪਲਟਾਊ ਪਰਚਾ ਛਪ ਕੇ ਹੱਥੋਂ-ਹੱਥੀ ਤਕਸੀਮ ਹੋਣਾ ਸ਼ੁਰੂ ਹੋ ਗਿਆ। ਇਸ ਨਵੀਂ ਬਬਰ ਲਹਿਰ ਨੇ ਪੰਜਾਬ ਸਰਕਾਰ ਨੂੰ ਭੰਬਲਭੂਸੇ ਵਿਚ ਪਾ ਦਿੱਤਾ ਅਤੇ ਬਬਰ ਲਹਿਰ ਵਿਚ ਰਹਿ ਚੁੱਕੇ ਸੀ ਆਈ ਡੀ ਦੇ ਅਫ਼ਸਰ ਸਈਦ ਅਹਿਮਦ ਸ਼ਾਹ ਅਤੇ ਬੂਟਾ ਰਾਮ ਇਸ ਨਾਲ ਨਜਿੱਠਣ ਦੇ ਕੁੱਲ-ਮੁਖ਼ਤਿਆਰ ਇੰਚਾਰਜ ਥਾਪੇ ਗਏ। ਮੀਰ ਫ਼ਜ਼ਲ ਇਮਾਮ ਦੀ ਮੌਤ ਹੋ ਚੁੱਕੀ ਸੀ, ਨਹੀਂ ਤਾਂ ਉਹਨੇ ਹੀ ਇੰਚਾਰਜ ਬਣਨਾ ਸੀ।

ਉਹਨਾਂ ਦਿਨਾਂ ਵਿਚ ਰਣਧੀਰ ਸਿੰਘ ਫ਼ੌਜੀ ਹਵਾਲਦਾਰ ਪਿੰਡ ਡੂਮਛੇੜੀ, ਜ਼ਿਲਾ ਅੰਬਾਲਾ ਪੈਨਸ਼ਨ ਆਇਆ ਹੋਇਆ ਸੀ। ਉਹ ਅੰਮ੍ਰਿਤਸਰ ਵੱਡਾ ਗੁਰਦੁਆਰਾ ਇੰਸਪੈਕਟਰ ਲਗਿਆ ਹੋਇਆ ਸੀ ਅਤੇ ਪੰਜਾਬੀ ਦਾ ਚੰਗਾ ਲਿਖਾਰੀ ਵੀ ਸੀ। ਉਹ ਸੀ ਵੀ ਪੂਰਾ ਦੇਸਭਗਤ। ਉਹ ਊਧਮ ਸਿੰਘ ਨਾਗੋਕੇ ਨਾਲ ਪੂਰੀ ਮਿਲਵਰਤਨ ਕਰ ਰਿਹਾ ਸੀ। ਉਹੋ ਹੀ ਲਾਹੌਰੋਂ ਡੁਪਲੀਕੇਟਰ ਅਤੇ ਲੋੜੀਂਦਾ ਹੋਰ ਸਾਮਾਨ ਖਰੀਦ ਲਿਆਇਆ ਅਤੇ ਪਰਚਾ ਛਪਾਉਣ ਵਿਚ ਪੂਰਾ ਸਹਿਯੋਗ ਦੇਣ ਲੱਗ ਪਿਆ। ਰਾਮ ਸਿੰਘ ਦੇ ਗੱਤਕੇ ਦੀ ਤਰ੍ਹਾਂ ਉਹ ਚਾਹੁੰਦਾ ਸੀ ਕਿ ਉਹ ਨੌਜਵਾਨਾਂ ਨੂੰ ਰਫ਼ਲ ਅਤੇ ਬੰਬ ਚਲਾਉਣ ਦੀ ਸਿਖਲਾਈ ਦਿਆ ਕਰੇ।

ਇਸੇ ਤਰ੍ਹਾਂ ਮਾਸਟਰ ਉਜਾਗਰ ਸਿੰਘ, ਨਿਰਮਲ ਸਿੰਘ ਅਤੇ ਛੱਜਾ ਸਿੰਘ ਫ਼ੌਜੀ ਖਹਿਰਾ ਮੱਜਾ ਫਰੰਟੀਅਰ ਤੋਂ ਕੁਝ ਅਸਲਾ ਖਰੀਦ ਕੇ ਲਿਆਏ ਸਨ, ਜਿਹੜਾ ਰਾਮ ਸਿੰਘ ਦੀ ਕੋਠੜੀ ਵਿਚ ਹੀ ਰਖਿਆ ਰਹਿੰਦਾ ਸੀ। 1941 ਵਿਚ ਅਖ਼ਬਾਰ ਕਾਫ਼ੀ ਗਿਣਤੀ ਵਿਚ ਛਾਪ ਕੇ ਜਾਣੂ-ਪਛਾਣੂਆਂ ਹੱਥ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿਚ ਪੁਚਾਉਣਾ ਸ਼ੁਰੂ ਕਰ ਦਿਤਾ ਗਿਆ। ਉਹ ਪੰਜਾਬ ਸਰਕਾਰ ਕੋਲ ਵੀ ਪੁੱਜਣਾ ਹੀ ਸੀ, ਜਿਸ ਕਰਕੇ ਸੀ ਆਈ ਡੀ ਪੂਰੀ ਤਰ੍ਹਾਂ ਸਾਵਧਾਨ ਹੋ ਗਈ।

ਸੋ ਪੁਲਸ ਪੂਰੀ ਤਰ੍ਹਾਂ ਹੱਥ ਧੋ ਕੇ ਜੁੱਗ-ਪਲਟਾਊ ਪਾਰਟੀ ਦੇ ਪਿਛੇ ਪੈ ਗਈ ਅਤੇ ਆਪਣੇ ਖਾਸ ਸੂਹੀਏ ਫੌਜੀ ਭਗੌੜੇ ਬਣਾ ਕੇ ਪਾਰਟੀ ਪਿਛੇ ਸ਼ਿਕਾਰੀ ਕੁਤਿਆਂ ਵਾਂਗੂ ਲਾ ਦਿਤੇ। ਇਸ ਗੱਲ ਦੀ ਧੁਸਕ ਗਿਆਨੀ ਹਰਬੰਸ ਸਿੰਘ ਤੱਕ ਵੀ ਪੁੱਜ ਗਈ। ਉਹ ਪਹਿਲਾਂ ਨਾਲੋਂ ਵੀ ਸਾਵਧਾਨ ਹੋ ਗਏ ਅਤੇ ਕੁਝ ਚਿਰ ਲਈ ਗਿਆਨੀ ਹਰਬੰਸ ਸਿੰਘ, ਛੱਜਾ ਸਿੰਘ, ਮਾਸਟਰ ਉਜਾਗਰ ਸਿੰਘ ਅਤੇ ਬਬਰ ਪਿਆਰਾ ਸਿੰਘ ਧਾਮੀਆਂ, ਬਾਬਾ ਗੇਂਦਾ ਸਿੰਘ, ਵਡਾ ਸਰਹਾਲਾ, ਜ਼ਿਲਾ ਹੁਸ਼ਿਆਰਪੁਰ ਅਤੇ ਨਿਰਮਲ ਸਿੰਘ ਜ਼ਿਲਾ ਗੁਜਰਾਤ ਵਿਚ ਮਸ਼ਹੂਰ ਬਾਬੇ ਕੇਹਰ ਦੇ ਗੁਰਦੁਆਰੇ ਵਿਚ ਜਾ ਟਿਕੇ। ਛੱਜਾ ਸਿੰਘ

ਖਹਿਰਾ ਮੱਜਾ ਪਸ਼ਤੋ ਬੜੀ ਚੰਗੀ ਤਰ੍ਹਾਂ ਬੋਲ ਲੈਂਦਾ ਸੀ ਅਤੇ ਕਾਬਲ ਵੀ ਜਾ ਆਇਆ ਸੀ, ਜਿਥੇ ਉਹਦੇ ਦੋ ਰੂੰ ਦੇ ਵਪਾਰੀ ਸੱਦਾ ਸਿੰਘ ਅਤੇ ਤੇਰਾ ਸਿੰਘ ਪਹਿਲਾਂ ਤੋਂ ਵਾਕਫ਼ ਬਣ ਚੁਕੇ ਸਨ। ਉਹ ਸਨ ਵੀ ਦੇਸਭਗਤ ਖਿਆਲਾਂ ਦੇ। ਉਹਨਾਂ ਦੇ ਟਰੱਕ ਕਾਬਲ ਤੋਂ ਮੇਵੇ ਅਤੇ ਹੋਰ ਵਸਤਾਂ ਪਿਸ਼ੌਰ ਲਿਆਉਂਦੇ ਅਤੇ ਇਧਰੋਂ ਰੂੰ ਕਾਬਲ ਨੂੰ ਲੈ ਜਾਂਦੇ ਸਨ। ਛੱਜਾ ਸਿੰਘ ਨੇ ਪੂਰਾ ਪਠਾਣੀ ਭੇਸ ਬਣਾ ਲਿਆ। ਉਹ ਕੁੱਲੇ ਵਾਲੀ ਪੱਗ, ਕੁੜਤਾ ਅਤੇ ਪਠਾਣੀ ਸਲਵਾਰ ਪਹਿਣ ਗਿਆਨੀ ਹਰਬੰਸ ਸਿੰਘ ਅਤੇ ਮਾਸਟਰ ਉਜਾਗਰ ਸਿੰਘ ਨੂੰ ਨਾਲ ਲੈ ਉਹਨਾਂ ਵਪਾਰੀਆਂ ਦੇ ਟਰੱਕਾਂ ਉੱਤੇ ਪਿਸ਼ੌਰੋਂ ਕਾਬਲ ਜਾ ਪੁਜਿਆ ਅਤੇ ਜੁੱਗ-ਪਲਟਾਊ ਪਾਰਟੀ ਦੇ ਕਾਰਨਾਮਿਆਂ ਦੀ ਗੱਲ ਦੱਸ ਕੇ ਦੋਹਾਂ ਵਪਾਰੀਆਂ ਨੂੰ ਮਨਾ ਲਿਆ ਕਿ ਉਹ ਕਦੇ-ਕਦਾਈਂ ਕੁਝ ਅਸਲਾ ਆਪਣੇ ਟਰੱਕਾਂ ਰਾਹੀਂ ਪਿਸ਼ੌਰ ਆਪਣੇ ਖਾਸ ਬੰਦਿਆਂ ਕੋਲ ਪੁਚਾ ਦਿਆ ਕਰਨ, ਜਿਥੋਂ ਗਿਆਨੀ ਜੀ ਸੰਭਾਲ ਲਿਆ ਕਰਨਗੇ।

ਉਹਨਾਂ ਹੀ ਦਿਨਾਂ ਵਿਚ ਸਰਕਾਰ ਨੇ ਮਾਸਟਰ ਉਜਾਗਰ ਸਿੰਘ ਧਾਮੀਆਂ ਦਾ ਮਾਲ, ਡੰਗਰ ਅਤੇ ਸਾਮਾਨ ਨਿਲਾਮ ਕਰਕੇ ਘਰ ਉਜਾੜ ਦਿੱਤਾ। ਗਿਆਨੀ ਹਰਬੰਸ ਸਿੰਘ ਅਤੇ ਦੂਜੇ ਸਾਥੀ ਕਾਬਲ ਵਿਚ ਹੀ ਸਨ ਅਤੇ ਬਾਕੀ ਬਾਬੇ ਕੇਹਰ ਦੇ ਗੁਰਦੁਆਰੇ ਵਿਚ ਸਨ। ਭੋਲਾ ਸਿੰਘ ਸੁਰਹੜਾ ਦੂਜੇ ਬਬਰ ਅਕਾਲੀ ਕੇਸ ਵਿਚ ਉਮਰ-ਕੈਦ ਕੱਟ ਕੇ ਆਇਆ ਫੀਰੋਜ਼ਪੁਰੋਂ ਪੁਲਿਸ ਦੇ ਕਾਬੂ ਆ ਗਿਆ। ਇਹ ਖ਼ੁਸ਼ਕਿਸਮਤੀ ਹੀ ਸਮਝੋ ਕਿ ਖਜੂਰਲੇ ਦੀ ਚੌਕੀ ਉੱਤੇ ਹਮਲੇ ਤੋਂ ਬਾਅਦ ਭੋਲਾ ਸਿੰਘ ਵੱਖਰਾ ਹੋ ਗਿਆ ਸੀ ਅਤੇ ਉਹਨੂੰ ਰਾਮ ਸਿੰਘ ਬੱਲਾਂ ਵਾਲੇ ਦੇ ਠਿਕਾਣੇ ਦਾ ਕੋਈ ਪਤਾ ਨਹੀਂ ਸੀ ਅਤੇ ਨਾ ਹੀ ਬਾਬੇ ਕੇਹਰ ਦੇ ਗੁਰਦੁਆਰੇ ਬਾਬਤ ਕਿਸੇ ਕਿਸਮ ਦੀ ਜਾਣਕਾਰੀ ਸੀ।

ਪੁਲਸ ਨੇ ਭੋਲਾ ਸਿੰਘ ਸੁਰਹੜੇ ਨੂੰ ਗਰਿਫ਼ਤਾਰ ਕਰਕੇ ਸਿੱਧਾ ਲਾਹੌਰ ਦੇ ਕਿਲੇ ਵਿਚ ਪੁਚਾ ਦਿੱਤਾ। ਉਹਨਾਂ ਦਿਨਾਂ ਵਿਚ ਲਾਹੌਰ ਦੇ ਕਿਲੇ ਦਾ ਇੰਚਾਰਜ ਸੀ ਆਈ ਡੀ ਦਾ ਪੁਲਸ ਕਪਤਾਨ ਸੰਪੂਰਨ ਸਿੰਘ ਸੀ, ਜਿਹੜਾ ਦੇਸਭਗਤਾਂ ਦੇ ਲਹੂ ਦਾ ਤਿਹਾਇਆ ਬਣ ਦੂਜੇ ਹਰਨਾਕਸ਼ ਦਾ ਅਵਤਾਰ ਧਾਰੀਂ ਬੈਠਾ ਸੀ। ਉਹ ਨਵੀਂ ਤੋਂ ਨਵੀਂ ਕਿਸਮ ਦੇ ਤਸੀਹੇ ਦੇਸਭਗਤਾਂ ਨੂੰ ਦੇ ਕੇ ਰੂਹਾਨੀ ਤਸੱਲੀ ਹਾਸਲ ਕਰਦਾ ਸੀ। ਸੰਪੂਰਨ ਸਿੰਘ ਦੀਆਂ ਕਰਤੂਤਾਂ ਮੈਨੂੰ ਮੇਰੇ ਉਹਨਾਂ ਸਾਥੀਆਂ ਦੀਆਂ ਦੱਸੀਆਂ ਹੋਈਆਂ ਹਨ, ਜਿਹੜੇ ਉਹਦੇ ਤਸੀਹੇ ਸਹਿ ਚੁੱਕੇ ਹਨ। ਐਸ ਵੇਲੇ ਕਈ ਜਿਉਂਦੇ ਹਨ ਜਿਨ੍ਹਾਂ ਵਿਚ ਮੇਰਾ ਇਕ ਮਿੱਤਰ ਭਗਤ ਸਿੰਘ ਬਿਲਗਾ ਦੇਸਭਗਤ ਯਾਦਗਾਰ ਜਲੰਧਰ ਹਾਲੇ ਚੜ੍ਹਦੀਆਂ ਕਲਾਂ ਵਿਚ ਹੈ।

ਭੋਲਾ ਸਿੰਘ ਸੁਰਹੜਾ ਜਿਸ ਵੇਲੇ ਸੰਪੂਰਨ ਸਿੰਘ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਹਨੇ ਜੁੱਗ-ਪਲਟਾਊ ਪਾਰਟੀ ਬਾਬਤ ਸਭ ਕੁਝ ਉਹਨੂੰ ਦੱਸ ਦਿੱਤਾ। ਸਮਝ ਲਉ, ਸੰਪੂਰਨ ਸਿੰਘ ਦੇ ਭਾਗ ਖੁੱਲ੍ਹ ਗਏ।

ਉਹਨਾਂ ਦਿਨਾਂ ਵਿਚ ਕਾਲਕਾ ਰੇਲਵੇ ਸਟੇਸ਼ਨ ਉੱਤੇ ਫਰੰਟੀਅਰ ਵੱਲ ਦਾ ਇਕ ਮੁਸਲਮਾਨ ਰੇਲਵੇ ਸਟੇਸ਼ਨ ਦੀ ਵਰਕਸ਼ਾਪ ਵਿਚ ਮਕੈਨਕ ਸੀ। ਉਹਨੂੰ ਉਥੇ ਹੀ ਰਿਹਾਇਸ਼ੀ ਮਕਾਨ ਵੀ ਮਿਲਿਆ ਹੋਇਆ ਸੀ। ਉਹ ਰਾਤੋ-ਰਾਤ ਲੱਖ-ਪਤੀ ਬਨਣ ਦੇ ਸੁਫਨੇ ਲਿਆ ਕਰਦਾ ਸੀ। ਇਕ ਦਿਨ ਉਹਨੂੰ ਪਤਾ ਲਗਿਆ ਕਿ ਸ਼ਿਮਲਿਉਂ ਰੇਲ ਰਾਹੀਂ ਖਜ਼ਾਨਾ ਕਾਲਕਾ ਨੂੰ ਆ ਰਿਹਾ ਹੈ। ਉਹਨੇ ਪੂਰੀ ਤਿਆਰੀ ਕਰਕੇ

ਖ਼ਜ਼ਾਨਾ ਲੁੱਟਣ ਲਈ ਕਾਲਕਾ ਦੇ ਨੇੜੇ ਇਕ ਮੋੜ ਨੂੰ ਠੀਕ ਠਿਕਾਣਾ ਸਮਝਿਆ। ਉਥੇ ਰੇਲ ਦੀ ਰਫ਼ਤਾਰ ਘਟ ਜਾਂਦੀ ਸੀ । ਕੁਦਰਤ ਦੀ ਖੇਡ ਅਜਿਹੀ ਵਰਤੀ ਕਿ ਖਜ਼ਾਨਾ ਲਈ ਆ ਰਹੀ ਰੇਲ ਨੂੰ ਰਸਤੇ ਵਿਚ ਕਿਸੇ ਸਟੇਸ਼ਨ ਉੱਤੇ ਰੁਕਣਾ ਪੈ ਗਿਆ ਕਿਉਂਕਿ ਉਸੇ ਵੇਲੇ ਅੰਗਰੇਜ਼ ਅਫ਼ਸਰਾਂ ਅਤੇ ਉਹਨਾਂ ਦੀਆਂ ਮੇਮਾਂ ਦੀ ਭਰੀ ਰੇਲਵੇ ਕਾਰ ਮਗਰੋਂ ਆ ਗਈ ਸੀ। ਉਹ ਉਸ ਮੋੜ ਉੱਤੇ ਪਹਿਲਾਂ ਪੁੱਜ ਗਈ। ਅੰਗਰੇਜ਼ ਅਫ਼ਸਰ ਦਾਣਿਆਂ ਵਾਂਗ ਭੁੰਨੇ ਗਏ। ਉਸ ਕਾਤਲ ਨੇ ਅਫ਼ਸਰਾਂ ਕੋਲੋਂ ਜੋ ਕੁਝ ਹੱਥ ਲਗਿਆ, ਸਾਂਭਿਆ ਅਤੇ ਵਾਪਸ ਘਰ ਪਰਤ ਆਇਆ । ਘੜੀਆਂ, ਕਲਮਾਂ, ਵਗੈਰਾ ਜਾਂ ਥੋੜ੍ਹੀ-ਬਹੁਤੀ ਨਕਦੀ ਤੇ ਵਿਆਹਾਂ ਵੇਲੇ ਦੀਆਂ ਸੋਨੇ ਦੀਆਂ ਛਾਪਾਂ, ਵਗੈਰਾ। ਪਰ ਲੱਖ-ਪਤੀ ਬਨਣ ਦਾ ਸੁਫ਼ਨਾ ਅਧੂਰਾ ਹੀ ਰਹਿ ਗਿਆ। ਅਫ਼ਸਰਾਂ ਦੀਆਂ ਸੁਆਣੀਆਂ ਸਹਿਮੀਆਂ ਹੋਈਆਂ ਅਤੇ ਡਿਗਦੀਆਂ-ਢਹਿੰਦੀਆਂ ਕਾਲਕਾ ਦੇ ਸਟੇਸ਼ਨ ਉੱਤੇ ਕਿਸੇ ਨਾ ਕਿਸੇ ਤਰ੍ਹਾਂ ਪੁੱਜ ਗਈਆਂ । ਖ਼ਬਰ ਮਿਲਦਿਆਂ ਹੀ ਧੁਰ ਵਲੈਤ ਤਕ ਥਲਕਾ ਮੱਚ ਗਿਆ।

ਸੰਪੂਰਨ ਸਿੰਘ ਨੂੰ ਸੁਨਹਿਰੀ ਮੌਕਾ ਮਿਲ ਗਿਆ ਅਤੇ ਉਹਨੇ ਬਬਰ ਭੋਲਾ ਸਿੰਘ ਤੋਂ ਇਕਬਾਲੀ ਬਿਆਨ ਦੁਆ ਲਿਆ ਕਿ ਇਹ ਕਾਰਾ ਉਹਨੇ ਅਤੇ ਉਹਦੇ ਸਾਥੀ ਰਹਿ ਚੁੱਕੇ ਬਬਰਾਂ ਤੇ ਹੁਣ ਨਵੀਂ ਬਣਾਈ ਗਈ ਜੁੱਗ-ਪਲਟਾਊ ਪਾਰਟੀ ਵਾਲਿਆਂ ਨੇ ਹੀ ਕੀਤਾ ਹੈ। ਇਸ ਗੱਲ ਨੇ ਅਖ਼ਬਾਰਾਂ ਵਿਚ ਛਪਣਾ ਹੀ ਸੀ ਕਿ ਬਬਰ ਲਹਿਰ ਨਵੇਂ ਸਿਰਿਉਂ ਚਾਲੂ ਹੋ ਗਈ ਹੈ। ਭੋਲਾ ਸਿੰਘ ਤੋਂ ਇਕਬਾਲੀ ਬਿਆਨ ਤਾਂ ਸੰਪੂਰਨ ਸਿੰਘ ਨੇ ਦੁਆ ਲਿਆ, ਪਰ ਅਫ਼ਸਰਾਂ ਤੋਂ ਖੋਹੀਆਂ ਚੀਜ਼ਾਂ ਭੋਲਾ ਸਿੰਘ ਕਿਥੋਂ ਲਿਆਉਂਦਾ। ਸੀ ਆਈ ਡੀ ਦਾ ਵੱਡਾ ਅਫ਼ਸਰ ਸਈਦ ਅਹਿਮਦ ਸ਼ਾਹ ਕਿਲੇ ਵਿਚ ਆਪ ਤਸ਼ਰੀਫ਼ ਲਿਆਇਆ।

ਭੋਲਾ ਸਿੰਘ ਅਤੇ ਸਈਦ ਅਹਿਮਦ ਸ਼ਾਹ 1924-25 ਦੇ ਸਮੇਂ ਤੋਂ ਇਕ ਦੂਜੇ ਦੇ ਜਾਣੂ ਸਨ। ਜਿਸ ਵੇਲੇ ਸਈਦ ਅਹਿਮਦ ਸ਼ਾਹ ਨੇ ਭੋਲਾ ਸਿੰਘ ਤੋਂ ਸਚਾਈ ਪੁੱਛੀ, ਉਹਨੇ ਸਾਫ਼ ਦੱਸ ਦਿੱਤਾ ਕਿ ਉਹਨੂੰ ਸੰਪੂਰਨ ਸਿੰਘ ਨੇ ਕਿਹਾ ਸੀ ਕਿ ਉਹਨੇ ਕਾਹਤੋਂ ਹੱਡ ਤੁੜਵਾਉਣੇ ਹਨ, ਅਦਾਲਤ ਵਿਚ ਬਿਆਨ ਦੇ ਦੇਵੇ ਕਿ ਅੰਗਰੇਜ਼ ਅਫ਼ਸਰਾਂ ਦਾ ਕਤਲ ਬਬਰਾਂ ਨੇ ਕੀਤਾ ਹੈ।

ਹੁਣ ਦੇਖੋ ਕੁਦਰਤ ਦੇ ਰੰਗ ਕਿ "ਪਾਪੀ ਕੋ ਮਾਰਨੇ ਕੋ ਪਾਪ ਮਹਾਂਬਲੀ ਹੈ।" ਰੇਲਵੇ ਦੇ ਜਿਸ ਮੁਲਾਜ਼ਮ ਨੇ ਅੰਗਰੇਜ਼ ਅਫ਼ਸਰ ਕਤਲ ਕੀਤੇ ਸਨ, ਉਹਦੀ ਤਬਦੀਲੀ ਹੋ ਗਈ ਅਤੇ ਪੁਲਸ ਦੇ ਕਿਸੇ ਹੁਸ਼ਿਆਰ ਅਫ਼ਸਰ ਨੇ ਕਤਲਾਂ ਦਾ ਪਤਾ ਕੱਢ ਲਿਆ। ਜਿਸ ਵੇਲੇ ਪੁਲਸ ਉਹਨੂੰ ਗਰਿਫ਼ਤਾਰ ਕਰਨ ਗਈ, ਉਹ ਵੀ ਸਮਝ ਗਿਆ ਕਿ ਉਹ ਬਾਜ਼ੀ ਹਾਰ ਚੁੱਕਿਆ ਹੈ। ਉਹ ਮੁਕਾਬਲੇ ਵਿਚ ਮਾਰਿਆ ਗਿਆ। ਅਫ਼ਸਰਾਂ ਤੋਂ ਖੋਹਿਆ ਕੁਝ ਸਾਮਾਨ ਉਹਦੇ ਘਰੋਂ ਬਰਾਮਦ ਹੋ ਗਿਆ । ਕੁਝ ਉਹ ਕਾਲਕਾ ਤੋਂ ਜਾਣ ਤੋਂ ਪਹਿਲਾਂ ਜ਼ਮੀਨ ਵਿਚ ਦੱਬ ਗਿਆ ਸੀ । ਉਹ ਉਹਦੀ ਘਰਵਾਲੀ ਨੇ ਬਰਾਮਦ ਕਰਵਾ ਦਿੱਤਾ। ਬੱਸ ਫੇਰ ਕੀ ਸੀ, ਸੰਪੂਰਨ ਸਿੰਘ ਦਾ ਲਾਖ ਨਾਲ ਤਿਆਰ ਕੀਤਾ ਮਹੱਲ ਇਕੋ ਨਿੱਕੀ ਜਿਹੀ ਤੀਲੀ ਨਾਲ ਸੁਆਹ ਦਾ ਢੇਰ ਬਣ ਗਿਆ। ਬੜੀ ਬੇਇੱਜ਼ਤੀ ਨਾਲ ਨੌਕਰੀ ਤੋਂ ਹੱਥ ਧੋਣੇ ਪਏ ਅਤੇ ਅਖੀਰ ਵਿਚ ਪਾਗ਼ਲ ਹੋ ਕੇ ਮਰਨਾ ਪਿਆ। ਜਿਸ ਹਥਿਆਰ ਨਾਲ ਉਸ ਮਕੈਨਿਕ ਨੇ ਅਫ਼ਸਰ ਕਤਲ ਕੀਤੇ ਸਨ, ਉਹ

ਵੀ ਬਰਾਮਦ ਹੋ ਗਿਆ ਅਤੇ ਚੱਲ ਚੁਕੀਆਂ ਗੋਲੀਆਂ ਦੀ ਸ਼ਨਾਖ਼ਤ ਹੋ ਗਈ ਜੋ ਜ਼ਖ਼ਮਾਂ ਵਿਚੋਂ ਬਰਾਮਦ ਹੋਈਆਂ ਸਨ।

ਅਖ਼ੀਰ ਵਿਚ ਭੋਲਾ ਸਿੰਘ ਸੁਰਹੜੇ ਨੂੰ ਡੀਫ਼ੈਂਸ ਆਫ਼ ਇੰਡੀਆ ਐਕਟ ਅਧੀਨ ਨਜ਼ਰਬੰਦ ਕਰਕੇ ਜਿਹਲ ਵਿਚ ਡੱਕ ਦਿੱਤਾ ਗਿਆ।

ਗਿਆਨੀ ਹਰਬੰਸ ਸਿੰਘ, ਮਾਸਟਰ ਉਜਾਗਰ ਸਿੰਘ ਅਤੇ ਛੱਜਾ ਸਿੰਘ ਖਹਿਰਾ ਮੱਜਾ ਪਿਆਰਾ ਸਿੰਘ ਨੂੰ ਬਾਬੇ ਕੇਹਰ ਦੇ ਗੁਰਦਵਾਰੇ ਛੱਡ ਕੇ ਵਾਪਸ ਮੁੜ ਆਏ। ਉਹਨਾਂ ਦਿਨਾਂ ਵਿਚ ਅਲਾਵਲਪੁਰੀਏ ਸਰਦਾਰਾਂ ਦੇ ਖ਼ਾਨਦਾਨ ਦਾ ਸਰਦਾਰ ਸੰਤ ਪ੍ਰਕਾਸ਼ ਸਿੰਘ ਲਾਇਲਪੁਰ ਵਿਚ ਪੁਲਸ ਕਪਤਾਨ ਲੱਗਿਆ ਹੋਗਿਆ ਸੀ। ਸੰਤ ਪ੍ਰਕਾਸ਼ ਸਿੰਘ ਨੇ ਅਮਰ ਸਿੰਘ ਦੁਸਾਂਝ ਨੂੰ ਸੱਦ ਕੇ ਦੱਸ ਦਿੱਤਾ ਕਿ ਭੋਲਾ ਸਿੰਘ ਸੁਰਹੜੇ ਨੇ ਸਾਰਾ ਭੇਤ ਸੀ ਆਈ ਡੀ ਕੋਲ ਖੋਲ੍ਹ ਦਿੱਤਾ ਹੈ, ਬਬਰਾਂ ਨੂੰ ਕਹੋ ਕਿ ਪਹਿਲੇ ਠਿਕਾਣੇ ਛੱਡ ਜਾਣ। ਇਹ ਖ਼ਬਰ ਗਿਆਨੀ ਹਰਬੰਸ ਸਿੰਘ ਤੱਕ ਪੁੱਜ ਗਈ।

ਭੋਲਾ ਸਿੰਘ ਨੂੰ ਤਰਨਤਾਰਨ ਗੁਰਦੁਆਰੇ ਦੇ ਰਾਮ ਸਿੰਘ ਵਾਲੇ ਅੱਡੇ ਦਾ ਕੋਈ ਪਤਾ ਨਹੀਂ ਸੀ, ਨਹੀਂ ਤਾਂ ਡੁਪਲੀਕੇਟਰ ਅਤੇ ਕਾਫ਼ੀ ਅਸਲਾ ਸੁਖਾਲਿਆਂ ਹੀ ਪੁਲਿਸ ਦੇ ਹੱਥ ਆ ਜਾਣਾ ਸੀ। ਇਕ ਦਿਨ ਮਾਸਟਰ ਉਜਾਗਰ ਸਿੰਘ ਕੁਝ ਸਾਥੀਆਂ ਨਾਲ ਤਰਨਤਾਰਨ ਦੇ ਨੇੜੇ ਨਹਿਰ ਦੇ ਕੰਢੇ ਬੈਠਾ ਆਪਣਾ ਰੀਵਾਲਵਰ ਠੀਕ ਕਰ ਰਿਹਾ ਸੀ ਕਿ ਆਪਣੀ ਹੀ ਗੋਲੀ ਦਾ ਸ਼ਿਕਾਰ ਹੋ ਗਿਆ। ਇਸ ਗੱਲ ਦੀ ਖ਼ਬਰ ਗਿਆਨੀ ਹਰਬੰਸ ਸਿੰਘ ਅਤੇ ਨਿਰਮਲ ਸਿੰਘ ਸਰੀਂਹ ਨੂੰ ਮਿਲੀ ਤਾਂ ਉਹ ਬਹੁਤ ਉਦਾਸ ਹੋਏ। ਇਹ ਸੋਚ ਕੇ ਕਿ ਹੁਣ ਪੁਲਿਸ ਤਰਨਤਾਰਨ ਦੁਆਲੇ ਜ਼ਰੂਰ ਜਾਲ ਵਿਛਾਵੇਗੀ, ਉਹ ਉਥੋਂ ਖਿਸਕਦੇ ਹੋਏ ਅਤੇ ਜਾਂਦੇ ਹੋਏ ਬਾਬਾ ਗੇਂਦਾ ਸਿੰਘ ਨੂੰ ਵੀ ਨਾਲ ਲੈ ਗਏ ਤੇ ਰਾਮ ਸਿੰਘ ਨੂੰ ਸਾਵਧਾਨ ਕਰ ਗਏ।

ਦੂਜਾ ਗਰੁੱਪ, ਛੱਜਾ ਸਿੰਘ ਖਹਿਰਾ ਮੱਜਾ, ਸਾਧੂ ਸਿੰਘ ਮਾਣਕ ਢੇਰੀ, ਲਾਭ ਸਿੰਘ ਅਕਲੋਤਾ ਅਤੇ ਅਰਜਨ ਸਿੰਘ, ਚਾਰੇ ਫ਼ੌਜੀ ਭਗੌੜੇ ਆਪਣੇ ਪਿੰਡਾਂ ਵੱਲ ਦੁਆਬੇ ਵਿਚ ਆ ਗਏ।

ਇਕ ਰਾਤ ਉਹ ਭੋਗਪੁਰ ਦੇ ਨੇੜੇ ਕਿਸੇ ਪਿੰਡ ਵਿਚੋਂ ਦੀ ਲੰਘ ਰਹੇ ਸਨ ਕਿ ਬੜੇ ਜ਼ੋਰ ਦਾ ਮੀਂਹ ਆ ਗਿਆ ਜਿਸ ਕਰਕੇ ਉਹ ਇਕ ਬਰਾਂਡੇ ਵਿਚ ਖੜੋ ਗਏ। ਆਮ ਲੋਕ ਵੀ ਜਾਗ ਪਏ। ਉਹਨਾਂ ਨੇ ਇਹਨਾਂ ਨੂੰ ਦੇਖ ਲਿਆ ਅਤੇ ਰੌਲਾ ਪਾਉਣ ਲੱਗ ਪਏ—ਡਾਕੂ ਆ ਗਏ, ਡਾਕੂ ਆ ਗਏ। ਇਹਨਾਂ ਨੇ ਕਿਹਾ ਕਿ ਅਸੀਂ ਡਾਕੂ ਨਹੀਂ। ਫੇਰ ਵੀ ਇਕ ਬੰਦੇ ਨੇ ਪਿਛਿਉਂ ਛੱਜਾ ਸਿੰਘ ਖਹਿਰੇ ਮੱਜੇ ਦੇ ਕੁਹਾੜੀ ਮਾਰ ਕੇ ਸਿਰ ਦੋ ਟੋਟੇ ਕਰ ਦਿਤਾ। ਸਾਧੂ ਸਿੰਘ ਨੇ ਗੋਲੀ ਮਾਰ ਕੇ ਉਸ ਬੰਦੇ ਨੂੰ ਵੀ ਉਥੇ ਹੀ ਢੇਰੀ ਕਰ ਦਿੱਤਾ ਅਤੇ ਕਿਹਾ, "ਜੇ ਕੋਈ ਹੋਰ ਨੇੜੇ ਆਇਆ, ਉਹ ਵੀ ਮਾਰ ਦਿੱਤਾ ਜਾਵੇਗਾ। ਅਸੀਂ ਡਾਕੂ ਨਹੀਂ ਹਾਂ। ਫੌਜੀ ਭਗੌੜੇ ਹਾਂ। ਨਵਾਂ ਬਬਰ ਜਥਾ ਬਣਾ ਕੇ ਝੋਲੀ-ਚੁੱਕਾਂ ਦਾ ਸੁਧਾਰ ਕਰ ਰਹੇ ਹਾਂ।" ਲੋਕ ਚੁੱਪ-ਚੁਪੀਤੇ ਅੰਦਰੀਂ ਜਾ ਵੜੇ। ਮਰੇ ਹੋਏ ਸਾਥੀ ਨੂੰ ਉਥੇ ਹੀ ਛੱਡ ਤਿੰਨੇ ਚਲੇ ਗਏ। ਇਹ ਘਟਨਾਵਾਂ 1942-43 ਦੀਆਂ ਹਨ। ਮੈਨੂੰ ਇਹ ਪਤਾ ਨਹੀਂ ਲੱਗ ਸਕਿਆ ਕਿ ਸਾਧੂ ਸਿੰਘ ਮਾਣਕ ਢੇਰੀ, ਲਾਭ ਸਿੰਘ ਅਕਲੋਤਾ ਅਤੇ ਨਵੇਂ ਰਲੇ ਫੌਜੀ ਅਰਜਣ ਸਿੰਘ ਦਾ ਇਹਤੋਂ ਮਗਰੋਂ ਕੀ ਬਣਿਆ।

# ਸ. ਗਿਆਨੀ ਹਰਬੰਸ ਸਿੰਘ ਦੀ ਗਰਿਫ਼ਤਾਰੀ ਅਤੇ ਉਹਨਾਂ ਦਾ ਫਾਂਸੀ ਚੜ੍ਹਨਾ

ਮੈਂ ਪਹਿਲਾਂ ਦੱਸ ਚੁਕਿਆ ਹਾਂ ਕਿ ਸੀ ਆਈ ਡੀ ਨੇ ਆਪਣੇ ਬੰਦੇ ਨਕਲੀ ਫ਼ੌਜੀ ਭਗੌੜੇ ਬਣਾ ਕੇ ਜੁੱਗ ਪਲਟਾਊ ਪਾਰਟੀ ਵਾਲਿਆਂ ਨੂੰ ਫਸਾਉਣ ਲਈ ਛੱਡ ਛੱਡੇ ਸਨ। ਉਹਨਾਂ ਵਿਚੋਂ ਤਾਰਾ ਸਿੰਘ ਨਕਲੀ ਫ਼ੌਜੀ ਪੱਕੀ ਰਫ਼ਲ ਅਤੇ ਗੋਲੀਆਂ ਲੈ ਕੇ ਗਿਆਨੀ ਹਰਬੰਸ ਸਿੰਘ ਨੂੰ ਮਿਲਣ ਵਿਚ ਕਾਮਯਾਬ ਹੋ ਹੀ ਗਿਆ। ਗਿਆਨੀ ਜੀ ਉਹਦੇ ਭੱਚੇ ਵਿਚ ਆਪ ਤਾਂ ਨਾ ਆਏ, ਪਰ ਰਾਮ ਸਿੰਘ ਬੱਲ ਉਹਦੇ ਸ਼ਿਕੰਜੇ ਵਿਚ ਫਸ ਗਿਆ। ਉਹ ਮੇਲ-ਮੁਲਾਕਾਤ ਕਰਾਉਂਦਾ ਚਲਿਆ ਗਿਆ। ਉਸ ਵੇਲੇ ਰਾਮ ਸਿੰਘ ਦਾ ਇਕ ਸਾਥੀ ਨਾਜ਼ਰ ਸਿੰਘ ਵੀ ਸੀ। ਤਾਰਾ ਸਿੰਘ ਨੇ ਪੰਜਾਂ ਬਾਬਤ ਪੁਲਸ ਨੂੰ ਸਾਰੀ ਗੱਲ ਦੱਸ ਦਿੱਤੀ ਕਿ ਇਹ ਜੁੱਗ-ਪਲਟਾਊ ਪਾਰਟੀ ਦੇ ਸਰਗਰਮ ਮੈਂਬਰ ਹਨ। ਉਹਨੂੰ ਪਤਾ ਲਗ ਚੁਕਿਆ ਸੀ ਕਿ ਰਾਮ ਸਿੰਘ ਤਰਨਤਾਰਨ ਗੁਰਦੁਆਰੇ ਦੀ ਕੋਠੜੀ ਵਿਚ ਰਹਿੰਦਾ ਹੈ ਅਤੇ ਨਾਜ਼ਰ ਸਿੰਘ ਫੇਰੂਮਾਨ ਵੀ ਉਹਦੇ ਕੋਲ ਰਹਿੰਦਾ ਹੈ। ਪਰ ਉਹ ਹਾਲੇ ਕੋਠੜੀ ਵਿਚ ਜਾਣ ਵਿਚ ਕਾਮਯਾਬ ਨਹੀਂ ਸੀ ਹੋ ਸਕਿਆ।

ਮਾਰਚ 1942 ਦੇ ਪਹਿਲੇ ਹਫਤੇ ਗਿਆਨੀ ਹਰਬੰਸ ਸਿੰਘ, ਨਿਰਮਲ ਸਿੰਘ ਸਰੀਂਹ ਅਤੇ ਬਾਬਾ ਗੇਂਦਾ ਸਿੰਘ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਜਾਮਾਰਾਇ ਦੇ ਸਕੂਲ ਵਿਚ ਠਹਿਰੇ ਹੋਏ ਸਨ। ਇਸ ਗੱਲ ਦੀ ਖ਼ਬਰ ਤਾਰਾ ਸਿੰਘ ਨੂੰ ਨਾਜ਼ਰ ਸਿੰਘ ਤੋਂ ਮਿਲ ਗਈ। ਪੁਲਿਸ ਨੇ ਅੱਧੀ ਰਾਤੀਂ ਸਕੂਲ ਨੂੰ ਜਾ ਘੇਰਿਆ ਅਤੇ ਆਵਾਜ਼ ਦੇ ਕੇ ਗਿਆਨੀ ਹਰਬੰਸ ਸਿੰਘ ਨੂੰ ਕਿਹਾ ਕਿ "ਤੁਸੀਂ ਐਸ ਵੇਲੇ ਪੂਰੀ ਤਰ੍ਹਾਂ ਪੁਲਿਸ ਦੇ ਘੇਰੇ ਵਿਚ ਫਸ ਚੁੱਕੇ ਹੋ, ਸੋ ਆਪਣੇ ਹਥਿਆਰ ਤਾਕੀ ਥਾਣੀਂ ਬਾਹਰ ਸੁੱਟ ਦਿਉ ਅਤੇ ਤਾਕੀ ਤੋਂ ਬਾਹਰ ਹੱਥ ਕੱਢ ਕੇ ਹੱਥਕੜੀਆਂ ਜੜਵਾ ਲਉ।" ਗਿਆਨੀ ਜੀ ਨੇ ਕਿਹਾ, "ਅਸੀਂ ਨਾ ਤਾਂ ਹਥਿਆਰ ਬਾਹਰ ਸੁੱਟਾਂਗੇ ਅਤੇ ਨਾ ਹੀ ਬੁਜ਼ਦਿਲਾਂ ਵਾਂਗੂੰ ਹੱਥਕੜੀਆਂ ਜੜਵਾਵਾਂਗੇ, ਸਗੋਂ ਮੁਕਾਬਲਾ ਕਰਕੇ ਸ਼ਹੀਦੀਆਂ ਪਾਵਾਂਗੇ।" ਪੁਲਿਸ ਨੇ ਫਟਾਫਟ ਅਥਰੂ ਗੈਸ ਦੇ ਗੋਲੇ ਤਾਕੀ ਥਾਣੀਂ ਅੰਦਰ ਸੁੱਟ ਕੇ ਤਿੰਨਾਂ ਨੂੰ ਬੇਹੋਸ਼ ਕਰ ਲਿਆ ਅਤੇ ਦਰਵਾਜ਼ਾ ਤੋੜ ਕੇ ਬੇਹੋਸ਼ ਪਿਆਂ ਦੇ ਹੱਥਕੜੀਆਂ ਅਤੇ ਬੇੜੀਆਂ ਜੜ ਕੇ ਲਾਰੀ ਵਿਚ ਸੁੱਟ ਉਹ ਅੰਮ੍ਰਿਤਸਰ ਲਿਆ ਬੰਦ ਕੀਤੇ। ਤਿੰਨਾਂ ਨੂੰ ਲਾਹੌਰ ਦੇ ਕਿਲੇ ਵਿਚ ਲਿਜਾ ਕੇ ਭੇਤ ਉਗਲਾਉਣ ਲਈ ਜੋ ਹਾਲ ਕੀਤਾ ਗਿਆ, ਪਾਠਕ ਉਹਦਾ ਆਪ ਹੀ ਅੰਦਾਜ਼ਾ ਲਾ ਲੈਣ।

* * *

ਉਧਰ ਜਿਸ ਵੇਲੇ ਰਾਮ ਸਿੰਘ ਨੂੰ ਪਤਾ ਲਗਿਆ ਕਿ ਗਿਆਨੀ ਹਰਬੰਸ ਸਿੰਘ ਗਰਿਫ਼ਤਾਰ ਕਰ ਲਏ ਗਏ ਹਨ, ਉਹ ਕੋਠੜੀ ਨੂੰ ਜਿੰਦਰਾ ਮਾਰ ਕੇ ਉਥੋਂ ਬਾਕੀ ਸਾਮਾਨ ਲੈ ਤੁਰਦਾ ਹੋਇਆ। ਪਰ ਨਾਜ਼ਰ ਸਿੰਘ ਫੇਰੂਮਾਨ ਪੁਲਿਸ ਦੇ ਕਾਬੂ ਆ ਗਿਆ। ਉਹਨੇ ਪੁਲਿਸ ਨੂੰ ਦੱਸ ਦਿੱਤਾ ਕਿ ਰਾਮ ਸਿੰਘ ਇਸੇ ਰੇਲ ਚੜ੍ਹ ਕੇ ਅੰਮ੍ਰਿਤਸਰ ਨੂੰ ਗਿਆ ਹੈ। ਪੁਲਿਸ ਨੇ ਅੰਮ੍ਰਿਤਸਰ ਪੁਲਿਸ ਨੂੰ ਇਤਲਾਹ ਦੇ ਕੇ ਸਟੇਸ਼ਨ ਉੱਤੇ ਰੇਲੋਂ ਉਤਰਦੇ ਰਾਮ ਸਿੰਘ ਨੂੰ ਗਰਿਫ਼ਤਾਰ ਕਰ ਲਿਆ। ਨਾਜ਼ਰ ਸਿੰਘ

ਨੂੰ ਜਿੰਨਾ ਕੁ ਪਤਾ ਸੀ, ਉਹਨੇ ਪੁਲਿਸ ਨੂੰ ਦੱਸ ਦਿੱਤਾ। ਉਹਨੂੰ ਏਨਾਂ ਹੀ ਪਤਾ ਸੀ ਕਿ ਜਿੰਨਾ ਅਸਲਾ ਆਉਂਦਾ ਸੀ, ਉਹ ਪਹਿਲਾਂ ਰਾਮ ਸਿੰਘ ਦੀ ਕੋਠੜੀ ਵਿਚ ਹੀ ਰਖਿਆ ਜਾਂਦਾ ਸੀ। ਪਰ ਇਹ ਨਹੀਂ ਸੀ ਪਤਾ ਕਿ ਉਹਤੋਂ ਬਾਅਦ ਕੌਣ ਕਿਥੇ ਲੈ ਜਾਂਦਾ ਸੀ। ਕੋਠੜੀ ਵਿਚ ਸਿਵਾਏ ਡੁਪਲੀਕੇਟਰ ਤੋਂ ਹੋਰ ਕੁਝ ਵੀ ਪੁਲਿਸ ਦੇ ਕਾਬੂ ਨਹੀਂ ਸੀ ਆਇਆ। ਰਾਮ ਸਿੰਘ ਤੁਰਨ ਲਗਿਆ ਲਕਾ-ਤੁਕਾ ਜਾਂ ਤਾਂ ਗੁਰਦੁਆਰੇ ਦੇ ਤਲਾਅ ਵਿਚ ਸੁੱਟ ਗਿਆ ਸੀ ਜਾਂ ਸਾੜ-ਫੂਕ ਗਿਆ ਸੀ।

ਹੁਣ ਪੁਲਿਸ ਰਾਮ ਸਿੰਘ ਤੋਂ ਪੁਛ-ਗਿੱਛ ਕਰਨ ਲੱਗ ਪਈ। ਉਹ ਕਹਿ ਛਡਿਆ ਕਰੇ, "ਇਕ ਅਨਪੜ੍ਹ ਬੰਦਾ, ਜਿਹੜਾ ਦਸਖ਼ਤ ਕਰਨੇ ਵੀ ਨਹੀਂ ਜਾਣਦਾ, ਕਿਵੇਂ ਲਿਖਾਈ ਕਰਕੇ ਪਰਚੇ ਛਾਪ ਸਕਦਾ ਹੈ। ਮੈਨੂੰ ਨਹੀਂ ਪਤਾ, ਇਹ ਮਸ਼ੀਨ ਕੀ ਬਲਾ ਹੈ। ਮੈਂ ਤਾਂ ਬਾਜਾ ਸਮਝ ਕੇ ਇਹਨੂੰ ਕਿਸੇ ਦਾ ਰਖਿਆ ਹੋਇਆ ਹੀ ਸਮਝਦਾ ਸੀ। ਗੁਰਦੁਆਰੇ ਕਈ ਲੋਕ ਆਉਂਦੇ ਰਹਿੰਦੇ ਸਨ। ਪਿੰਡਾਂ ਵਿਚ ਮੇਰੇ ਏਨੇਂ ਸ਼ਾਗਿਰਦ ਹਨ ਕਿ ਮੈਂ ਸਾਰਿਆਂ ਦੇ ਨਾਂ ਵੀ ਨਹੀਂ ਜਾਣਦਾ। ਸੈਂਕੜੇ ਸ਼ਾਗਿਰਦ ਬਣ ਚੁੱਕੇ ਹਨ। ਮੇਰੇ ਖਿਆਲ ਵਿਚ ਕਿਸੇ ਦਾ ਵੀ ਇਹ ਬਾਜਾ ਹੋ ਸਕਦਾ ਸੀ। ਮੈਂ ਕਿਹੜਾ ਬਜਾਉਣ ਜਾਣਦਾ ਹਾਂ।"

ਜੋ ਸਵਾਲ ਪੁਛਿਆ ਜਾਵੇ, ਬੱਸ ਉਹ ਇਕੋ ਉਤਰ ਦੇ ਛਡਦਾ ਸੀ, "ਮੈਨੂੰ ਕੋਈ ਪਤਾ ਨਹੀਂ ਕਿ ਅਸਲਾ ਕੀ ਹੁੰਦਾ ਹੈ। ਕਿਰਪਾਨ ਅਤੇ ਲਾਠੀ ਨਾਲ ਗੱਤਕਾ ਜ਼ਰੂਰ ਸਿਖਾਲਦਾ ਰਿਹਾ ਹਾਂ, ਜਿਸ ਵਿਚ ਮੈਂ ਪੂਰੀ ਤਰ੍ਹਾਂ ਮਾਹਿਰ ਹਾਂ।"

ਇਕ ਦਿਨ ਪੁਲਿਸ ਨਾਜ਼ਰ ਸਿੰਘ ਨੂੰ ਵੀ ਇਹਦੇ ਸਾਹਮਣੇ ਲਿਆਈ। ਉਹਨੇ ਰਾਮ ਸਿੰਘ ਨੂੰ ਕਿਹਾ, "ਤੂੰ ਐਵੇਂ ਤਸੀਹੇ ਸਹਿ ਰਿਹਾ ਹੈਂ। ਦੱਸ ਦੇ ਕਿ ਬਿਸਤਰਿਆਂ ਵਿਚ ਅਸਲਾ ਕਿਥੋਂ ਅਤੇ ਕੌਣ ਲਿਆਉਂਦਾ ਸੀ ਅਤੇ ਕੌਣ ਲੈ ਜਾਂਦਾ ਸੀ।" ਰਾਮ ਸਿੰਘ ਨੇ ਕਿਹਾ ਕਿ "ਮੈਂ ਜਲੰਧਰ ਜ਼ਿਲੇ ਦਾ ਰਹਿਣ ਵਾਲਾ ਹਾਂ। ਇਹ ਇਸੇ ਜ਼ਿਲੇ ਦਾ ਹੈ ਅਤੇ ਆਲੇ-ਦੁਆਲੇ ਦੇ ਪਿੰਡਾਂ ਵਾਲਿਆਂ ਨੂੰ ਜਾਣਦਾ ਵੀ ਹੈ। ਮੇਰੇ ਕੋਲ ਪਿੰਡਾਂ ਦੇ ਮੁੰਡੇ ਗੱਤਕਾ ਸਿੱਖਣ ਆਉਂਦੇ ਸਨ। ਮੇਰੇ ਅਖਾੜੇ ਵਿਚ ਆਉਂਦੇ ਅਤੇ ਉਥੇ ਪ੍ਰੈਕਟਿਸ ਕਰਕੇ ਮੁੜ ਜਾਂਦੇ ਸਨ। ਇਹੋ ਦੱਸੇ, ਕਿਹੜੇ ਪਿੰਡ ਕਿਹੜਾ ਆਦਮੀ ਅਸਲਾ ਲੈ ਜਾਂਦਾ ਸੀ। ਮੈਂ ਤਾਂ ਨੌਕਰੀ ਕਰਦਾ ਹਾਂ ਅਤੇ ਮੈਨੂੰ ਸਿਰਫ ਗੱਤਕਾ ਮਾਸਟਰੀ ਦੀ ਤਨਖ਼ਾਹ ਗੁਰਦੁਆਰੇ ਤੋਂ ਮਿਲਦੀ ਹੈ।"

ਪੁਲਿਸ ਨੂੰ ਯਕੀਨ ਤਾਂ ਹੋ ਗਿਆ ਕਿ ਰਾਮ ਸਿੰਘ ਨੂੰ ਸਾਰੀ ਸਾਜ਼ਿਸ਼ ਦਾ ਪਤਾ ਹੈ, ਪਰ ਇਹ ਜਾਣ-ਬੁੱਝ ਕੇ ਅਨਭੋਲ ਬਣੀਂ ਜਾ ਰਿਹਾ ਹੈ। ਉਧਰ ਜਾਮਾਰਾਇ ਤੋਂ ਫੜੇ ਤਿੰਨਾਂ ਮੁਲਜ਼ਮਾਂ ਨਾਲ ਵੀ ਪੁਲਿਸ ਹਰ ਸਖ਼ਤੀ, ਲਾਲਚ ਅਤੇ ਹਥਕੰਡੇ ਵਰਤ ਰਹੀ ਸੀ। ਪਰ ਕੁਝ ਹੱਥ-ਪੱਲੇ ਨਹੀਂ ਸੀ ਪੈ ਰਿਹਾ।

ਹਾਰ ਕੇ ਪੁਲਿਸ ਰਾਮ ਸਿੰਘ ਦੇ ਗੁਰੂ ਸੰਤ ਹਰੀ ਸਿੰਘ ਕਹਾਰਪੁਰੀਏ ਨੂੰ ਵੀ ਰਾਮ ਸਿੰਘ ਕੋਲ ਲੈ ਆਈ। ਉਹਨਾਂ ਦੇ ਅਧੀਨ ਰਾਮ ਸਿੰਘ ਨੇ ਲਗਾਤਾਰ ਨੌਂ-ਦਸ ਸਾਲ ਸ੍ਰੀ ਕੇਸਗੜ੍ਹ ਸਾਹਬ ਦੇ ਗੁਰਦੁਆਰੇ ਦੀ ਸੇਵਾ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਨਿਭਾਈ ਸੀ। ਸੰਤਾਂ ਨੇ ਵੀ ਰਾਮ ਸਿੰਘ ਤੋਂ ਪੁਛਿਆ ਕਿ ਉਹ ਸੱਚੀ ਗੱਲ ਦੱਸ ਦੇਵੇ, ਤਾਂ ਰਾਮ ਸਿੰਘ ਨੇ ਆਖਿਆ, "ਮਹਾਰਾਜ, ਜੇ ਮੈਨੂੰ ਕੁਝ ਪਤਾ ਹੁੰਦਾ ਤਾਂ ਮੈਂ ਏਨੇਂ ਤਸੀਹੇ ਕਾਹਨੂੰ ਝੱਲਣੇ ਸਨ। ਮੈਂ ਮਰਨ-ਕਿਨਾਰੇ ਪੁੱਜ ਚੁਕਿਆ ਹਾਂ। ਪਤਾ ਨਹੀਂ ਬਚਾਂਗਾ

ਵੀ ਜਾਂ ਨਹੀਂ।" ਤੇ ਚਰਨਾਂ ਉੱਤੇ ਹੱਥ ਲਾ ਕੇ ਉਹਨੇ ਸੰਤਾਂ ਨੂੰ ਕਿਹਾ ਕਿ ਉਹਨੂੰ ਕੁਝ ਵੀ ਇਲਮ ਨਹੀਂ। ਪੁਲਿਸ ਨੇ ਹਾਰ ਕੇ ਉਹਨੂੰ ਲਾਹੌਰ ਦੇ ਕਿਲੇ ਵਿਚ ਲਿਜਾ ਕੇ ਡੀਫ਼ੈਂਸ ਆਫ਼ ਇੰਡੀਆ ਐਕਟ ਅਧੀਨ ਨਜ਼ਰਬੰਦ ਕਰ ਦਿੱਤਾ ਅਤੇ ਨਾਲ ਹੀ ਨਿਰਮਲ ਸਿੰਘ ਸਰੀਂਹ, ਬਾਬਾ ਗੇਂਦਾ ਸਿੰਘ ਤੇ ਇਸੇ ਨਾਜ਼ਰ ਸਿੰਘ ਫੇਰੂਮਾਨ ਨੂੰ ਵੀ ਡੀਫ਼ੈਂਸ ਆਫ਼ ਇੰਡੀਆ ਅਧੀਨ ਹੀ ਨਜ਼ਰਬੰਦ ਕਰਕੇ ਜਿਹਲਾਂ ਵਿਚ ਲਿਜਾ ਡਕਿਆ। ਬਾਬਾ ਗੇਂਦਾ ਸਿੰਘ ਪਿੰਡ ਵੱਡਾ ਸਰਹਾਲਾ, ਜ਼ਿਲਾ ਹੁਸ਼ਿਆਰਪੁਰ ਦਾ ਸੀ।

ਪਾਠਕ ਆਪ ਹੀ ਅੰਦਾਜ਼ਾ ਲਾ ਲੈਣ ਕਿ ਅੰਗਰੇਜ਼ਾਂ ਦੇ ਰਾਜ ਵਿਚ ਪੁਲਿਸ ਕਿਵੇਂ ਹਥਕੰਡੇ ਵਰਤਦੀ ਸੀ। ਇਕ ਦਿਨ ਮੈਂ ਜ਼ਾਤੀ ਤੌਰ ਉੱਤੇ ਰਾਮ ਸਿੰਘ ਤੋਂ ਪੁਛਿਆ, "ਯਾਰ ਤੂੰ ਸੰਤਾਂ ਕੋਲ ਵੀ ਝੂਠ ਬੋਲ ਗਿਆ।" ਤਾਂ ਰਾਮ ਸਿੰਘ ਹੱਸ ਪਿਆ, "ਇਹ ਸੰਤ ਲੋਕ ਤਾਂ ਅੰਗਰੇਜ਼ਾਂ ਦੇ ਭਗਤ ਪਹਿਲਾਂ ਹੁੰਦੇ ਹਨ, ਬਾਅਦ ਵਿਚ ਸਾਡੀ ਨਿਜਾਤ ਲਈ ਅਰਦਾਸੇ ਸੋਧਦੇ ਹਨ। ਬਬਰਾਂ ਦੇ ਕਾਰਨਾਮੇ ਗਿਆਨੀ ਜੀ ਤੋਂ ਸੁਣ-ਸੁਣ ਕੇ ਮੈਂ ਦੇਸ-ਸੇਵਾ ਨੂੰ ਹੀ ਅਸਲ ਭਗਤੀ ਸਮਝਦਾ ਹਾਂ।" ਸੱਜਣੋ, ਇਹ ਰਾਮ ਸਿੰਘ ਹਾਲੇ ਵਧੀਆ ਸਿਹਤ ਦਾ ਮਾਲਕ ਆਪਣੇ ਪਿੰਡ ਬੱਲੀਂ ਰਹਿ ਰਿਹਾ ਹੈ।

* * *

ਗਿਆਨੀ ਹਰਬੰਸ ਸਿੰਘ ਦੀ ਗਰਿਫ਼ਤਾਰੀ ਤੋਂ ਬਾਅਦ ਹੁਣ ਜੁੱਗ-ਪਲਟਾਊ ਪਾਰਟੀ ਦੇ ਚਾਰ ਭਗੌੜੇ ਹੀ ਬਾਹਰ ਰਹਿ ਗਏ ਸਨ। ਪਹਿਲੇ ਬਬਰ ਅਕਾਲੀ ਕੇਸ ਦਾ ਮੁਲਜ਼ਮ ਪਿਆਰਾ ਸਿੰਘ ਧਾਮੀਆਂ ਅਤੇ ਤਿੰਨ ਫ਼ੌਜੀ ਭਗੌੜੇ, ਸਾਧੂ ਸਿੰਘ ਮਾਣਕ ਢੇਰੀ ਜ਼ਿਲਾ ਹੁਸ਼ਿਆਰਪੁਰ, ਲਾਭ ਸਿੰਘ ਅਕਲੋਤਾ ਅਤੇ ਅਰਜਨ ਸਿੰਘ। ਫੌਜੀ ਭਗੌੜਿਆਂ ਬਾਬਤ ਮੈਨੂੰ ਕੋਈ ਪਤਾ ਨਹੀਂ ਲੱਗ ਸਕਿਆ। ਪਿਆਰਾ ਸਿੰਘ ਧਾਮੀਆਂ, ਜਿਹੜਾ ਅੱਜ ਵੀ ਜਿਉਂਦਾ ਅਤੇ ਚੜ੍ਹਦੀਆਂ ਕਲਾਂ ਵਿਚ ਹੈ, ਗਿਆਨੀ ਹਰਬੰਸ ਸਿੰਘ ਦੀ ਗਰਿਫ਼ਤਾਰੀ ਵੇਲੇ ਬਾਬੇ ਕੇਹਰ ਦੇ ਗੁਰਦੁਆਰੇ, ਜ਼ਿਲਾ ਗੁਜਰਾਤ ਵਿਚ ਸੀ। ਜਿਸ ਵੇਲੇ ਗਿਆਨੀ ਜੀ ਦੀ ਗਰਿਫ਼ਤਾਰੀ ਦੀ ਖ਼ਬਰ ਪਿਆਰਾ ਸਿੰਘ ਨੂੰ ਮਿਲੀ, ਬਾਬੇ ਕੇਹਰ ਦੇ ਗੁਰਦੁਆਰੇ ਦੇ ਗਰੰਥੀ ਨੇ ਆਪਣੇ ਭਰੋਸੇ ਵਾਲਾ ਇਕ ਬੰਦਾ ਪਿਆਰਾ ਸਿੰਘ ਦੇ ਨਾਲ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਘੱਲ ਦਿੱਤਾ ਅਤੇ ਉਥੋਂ ਦੇ ਗਰੰਥੀ ਨੂੰ ਸੁਨੇਹਾ ਭੇਜ ਦਿਤਾ ਕਿ ਪਿਆਰਾ ਸਿੰਘ ਦੀ ਰਿਹਾਇਸ਼ ਦਾ ਇੰਤਜ਼ਾਮ ਕਰ ਦੇਣ। ਪਰ ਗਰੰਥੀ ਜੀ ਕਿਤੇ ਗਏ ਹੋਏ ਸਨ ਅਤੇ ਪਿਆਰਾ ਸਿੰਘ ਨੂੰ ਬੁਖ਼ਾਰ ਸ਼ੁਰੂ ਹੋ ਗਿਆ। ਸੋ ਪਿਆਰਾ ਸਿੰਘ ਨੇ ਆਪਣੇ ਪਿੰਡ ਦੇ ਇਕ ਵਾਕਫ਼ ਦੀਦਾਰ ਸਿੰਘ ਨੂੰ, ਜੀਹਦਾ ਮੁਰੱਬਾ ਕਾਮਾਂਵਾਲੀ, ਜ਼ਿਲਾ ਲਾਇਲਪੁਰ ਵਿਚ ਸੀ, ਸੁਨੇਹਾ ਭੇਜਿਆ ਕਿ ਉਹ ਉਹਨੂੰ ਲੈ ਜਾਵੇ। ਦੀਦਾਰ ਸਿੰਘ ਨੇ ਘੋੜੀ ਭੇਜ ਕੇ ਪਿਆਰਾ ਸਿੰਘ ਨੂੰ ਬੁਲਾ ਲਿਆ। ਤਕਰੀਬਨ ਮਹੀਨੇ ਕੁ ਪਿਛੋਂ ਪਿਆਰਾ ਸਿੰਘ ਠੀਕ-ਠਾਕ ਹੋ ਗਿਆ ਅਤੇ ਨਨਕਾਣਾ ਸਾਹਿਬ ਗੁਰਦੁਆਰੇ ਆ ਗਿਆ।

ਪੁਲਿਸ ਨੂੰ ਪਿਆਰਾ ਸਿੰਘ ਬਾਬਤ ਪਤਾ ਲੱਗ ਚੁਕਿਆ ਸੀ ਕਿ ਉਹ ਬਾਬੇ ਕੇਹਰ ਦੇ ਗੁਰਦੁਆਰੇ ਵਿਚ ਹੈ। ਉਹ ਪਿਆਰਾ ਸਿੰਘ ਨੂੰ ਬਹੁਤ ਖ਼ਤਰਨਾਕ ਸਮਝਦੀ ਸੀ, ਕਿਉਂਕਿ ਇਕ ਤਾਂ ਉਹ ਪਹਿਲਾਂ ਸਿਰਕੱਢ ਬਬਰਾਂ ਨਾਲ ਰਹਿ ਚੁਕਿਆ ਸੀ ਅਤੇ ਝੋਲੀ-ਚੁੱਕਾਂ ਦਾ ਸੁਧਾਰ ਕਰ ਚੁਕਿਆ ਸੀ, ਉਮਰ-ਕੈਦ ਭੁਗਤਦਿਆਂ ਜਿਹਲਾਂ ਵਿਚ ਬਾਕੀ ਬਬਰਾਂ ਨਾਲ ਰਲ ਕੇ ਸੰਘਰਸ਼ ਕਰ ਚੁਕਿਆ ਸੀ ਅਤੇ ਹੁਣ ਜੁੱਗ-ਪਲਟਾਊ

ਪਾਰਟੀ ਦਾ ਇਕ ਮੋਢੀ ਬਣ ਕੇ ਸਰਕਾਰ ਨੂੰ ਵਖ਼ਤ ਪਾਈਂ ਫਿਰਦਾ ਸੀ । ਉਹ ਕਾਲੇ ਪਾਣੀ ਦੀ ਜਿਹਲ ਵਿਚ ਵੀ ਬਾਕੀ ਬਬਰਾਂ ਨਾਲ ਸੰਘਰਸ਼ ਵਿਚ ਸ਼ਾਮਲ ਰਿਹਾ ਸੀ। ਸੋ ਪੁਲਿਸ ਨੇ ਖਾਸ ਸੂਹੀਏ ਸੇਵਾਦਾਰ ਬਣਾ ਕੇ ਗੁਰਦੁਆਰਾ ਬਾਬਾ ਕੇਹਰ ਵਿਚ ਛੱਡ ਦਿਤੇ । ਪਿਆਰਾ ਸਿੰਘ ਇਕ ਦਿਨ ਬਾਬੇ ਕੇਹਰ ਦੇ ਗੁਰਦੁਆਰੇ ਦਾ ਗੇੜਾ ਮਾਰਨ ਚਲਿਆ ਗਿਆ । ਅਗਲੇ ਪਹਿਲਾਂ ਹੀ ਜਾਲ ਵਿਛਾਈ ਬੈਠੇ ਸਨ । ਸੋ ਉਹ ਸਹਿਵਨ ਹੀ ਜਾਲ ਵਿਚ ਜਾ ਫਸਿਆ । ਉਥੋਂ ਉਹ ਸਿੱਧਾ ਲਾਹੌਰ ਦੇ ਕਿਲੇ ਵਿਚ ਲਿਆ ਡੱਕਿਆ ਗਿਆ । ਪਹਿਲੇ ਕੇਸ ਵਾਲਾ ਸੀ ਆਈ ਡੀ ਅਫ਼ਸਰ ਸਈਦ ਅਹਿਮਦ ਸ਼ਾਹ ਵੀ ਕਿਲੇ ਵਿਚ ਆ ਪਿਆਰਾ ਸਿੰਘ ਨੂੰ ਮਿਲਿਆ । ਪਰ ਪਿਆਰਾ ਸਿੰਘ ਨੇ ਪੁਲਿਸ ਦੇ ਹੱਥ-ਪੱਲੇ ਕੀ ਪੈਣ ਦੇਣਾ ਸੀ । ਸਭ ਪਰਕਾਰ ਦੇ ਹਥਕੰਡੇ ਜਿਸ ਵੇਲੇ ਪੂਰੀ ਤਰ੍ਹਾਂ ਫੇਲ੍ਹ ਹੋ ਗਏ, ਤਾਂ ਉਹਨੂੰ ਉਸੇ ਡੀਫ਼ੈਂਸ ਆਫ਼ ਇੰਡੀਆ ਐਕਟ ਅਧੀਨ ਨਜ਼ਰਬੰਦ ਕਰ ਦਿੱਤਾ ਗਿਆ ਅਤੇ ਬਬਰ ਸਾਹਿਬ ਬਾਕੀ ਸਾਥੀਆਂ ਨਾਲ ਜਿਹਲ ਵਿਚ ਜਾ ਬਰਾਜਮਾਨ ਹੋਏ ।

* * *

ਉਧਰ ਗਿਆਨੀ ਹਰਬੰਸ ਸਿੰਘ, ਨਿਰਮਲ ਸਿੰਘ ਸਰੀਂਹ ਅਤੇ ਬਾਬਾ ਗੇਂਦਾ ਸਿੰਘ ਉਤੇ ਕੀਰਤਪੁਰ ਵਾਲੇ ਮੇਲਾ ਸਿੰਘ ਦੇ ਸਾਥੀ ਦੇ ਕਤਲ ਦਾ ਮੁਕੱਦਮਾ ਚਲਾ ਦਿੱਤਾ ਗਿਆ । ਮੇਲਾ ਸਿੰਘ ਗਵਾਹ ਸੀ । ਨਿਰਮਲ ਸਿੰਘ ਅਤੇ ਬਾਬਾ ਗੇਂਦਾ ਸਿੰਘ ਤਾਂ ਸੈਸ਼ਨ ਜੱਜ ਨੇ ਬਰੀ ਕਰ ਦਿੱਤੇ, ਪਰ ਹਰਬੰਸ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ । ਹਾਈ ਕੋਰਟ ਵਿਚੋਂ ਅਪੀਲ ਖਾਰਜ ਹੋਣ ਤੋਂ ਬਾਅਦ 3 ਅਪਰੈਲ 1944 ਨੂੰ ਗਿਆਨੀ ਹਰਬੰਸ ਸਿੰਘ ਲੁਧਿਆਣੇ ਦੀ ਜਿਹਲ ਵਿਚ ਫਾਂਸੀ ਉੱਤੇ ਝੂਲ ਗਏ ।

ਮਾਰਚ 1921 ਵਿਚ ਭਾਈ ਕਿਸ਼ਨ ਸਿੰਘ ਗੜਗਜ ਨੇ ਜਿਸ ਬਬਰ ਲਹਿਰ ਦੀ ਬੁਨਿਆਦ ਰੱਖੀ ਸੀ, 3 ਅਪਰੈਲ 1944 ਨੂੰ ਭਾਈ ਕਿਸ਼ਨ ਸਿੰਘ ਵਾਲੇ ਪਹਿਲੇ ਬਬਰ ਅਕਾਲੀ ਕਾਨਸਪੀਰੇਸੀ ਕੇਸ ਦੇ ਮੁਲਜ਼ਮ ਨੰ: 84, ਗਿਆਨੀ ਹਰਬੰਸ ਸਿੰਘ ਜੀ ਦੇਸ਼ ਨੂੰ ਆਜ਼ਾਦ ਕਰਾਉਣ ਲਈ ਉਸ ਵਿਚ ਆਪਣੀ ਆਖ਼ਰੀ ਆਹੂਤੀ ਪਾ ਕੇ ਸੁਰਖਰੂ ਹੋ ਚਲਦੇ ਬਣੇ ।

* * *

ਜਿਸ ਵੇਲੇ 1944-45 ਵਿਚ ਸਭ ਸਿਆਸੀ ਕੈਦੀ ਸਰਕਾਰ ਨੇ ਰਿਹਾਅ ਕਰ ਦਿੱਤੇ ਤਾਂ ਸਾਰੇ ਬਬਰ ਅਤੇ ਜੁੱਗ-ਪਲਟਾਊ ਪਾਰਟੀ ਵਾਲੇ ਸਾਥੀ ਵੀ ਬਾਹਰ ਆ ਗਏ । ਦੇਸ ਦੀ ਹਾਲਤ ਬਹੁਤ ਬਦਲ ਚੁੱਕੀ ਸੀ । ਅੰਗਰੇਜ਼ ਵੀ ਅੰਦਰੋ-ਅੰਦਰੀ ਬੋਰੀਆ-ਬਿਸਤਰਾ ਗੋਲ ਕਰਨ ਲੱਗ ਪਿਆ ਸੀ । ਪਰ ਆਜ਼ਾਦੀ ਦੀ ਦੇਵੀ ਦਾ ਢਿੱਡ ਹਾਲੇ ਹਿੰਦੁਸਤਾਨੀਆਂ ਦੇ ਖ਼ੂਨ ਨਾਲ ਪੂਰੀ ਤਰ੍ਹਾਂ ਨਹੀਂ ਸੀ ਭਰਿਆ । ਆਖ਼ਰ 15 ਅਗਸਤ 1947 ਨੂੰ ਇਕ ਪਾਸੇ ਦਿੱਲੀ ਵਿਖੇ ਆਜ਼ਾਦੀ ਦੀ ਪਰਾਪਤੀ ਦਾ ਜਸ਼ਨ ਮਨਾਇਆ ਜਾ ਰਿਹਾ ਸੀ ਅਤੇ ਦੂਜੇ ਪਾਸੇ ਪੰਜਾਬ ਤੇ ਬੰਗਾਲ ਵਿਚ ਖ਼ੂਨ ਦੇ ਦਰਿਆ ਵਗ ਰਹੇ ਸਨ ।

ਬਬਰ ਅਕਾਲੀ ਲਹਿਰ ਹਿੰਦੁਸਤਾਨ ਦੀ ਆਜ਼ਾਦੀ ਲਈ ਕੀਤੇ ਗਏ ਸੰਗਰਾਮ ਦੇ ਵੰਨਸੁਵੰਨੇ ਅਤੇ ਬਹੁਰੰਗੇ ਇਤਿਹਾਸ ਦਾ ਇਕ ਦਲੇਰੀ-ਭਰਿਆ, ਖਾੜਕੂ, ਆਪਾ-ਵਾਰੂ ਅਤੇ ਅਨੂਠਾ ਕਾਂਡ ਹੈ। ਇਹ ਇਕ ਅਜਿਹਾ ਸੰਗਰਾਮ ਸੀ, ਜੀਹਦੇ ਵਿਚ ਅਨੇਕ ਲਹਿਰਾਂ ਅਤੇ ਸ਼ਕਤੀਆਂ ਦੇਸ ਦੀ ਆਜ਼ਾਦੀ ਦੀ ਪਰਾਪਤੀ ਦੇ ਸਾਂਝੇ ਟੀਚੇ ਵੱਲ ਆਪਣੇ-ਆਪਣੇ ਢੰਗ ਨਾਲ, ਕਈ ਵਾਰ ਇਕ ਦੂਜੀ ਨਾਲ ਮਿਲਵਰਤਨ ਕਰਦਿਆਂ ਅਤੇ ਕਈ ਵਾਰ ਸਮਾਨੰਤਰ ਚੱਲ ਕੇ, ਅੱਗੇ ਵਧ ਰਹੀਆਂ ਸਨ।

ਵਡ-ਆਕਾਰੀ ਦੇਸ ਦੀ ਬੰਦਖ਼ਲਾਸੀ ਲਈ ਇਸ ਵਡ-ਆਕਾਰੀ ਸੰਗਰਾਮ ਵਿਚ ਅੰਗਰੇਜ਼ ਦੀ ਜਾਬਰ ਰਾਜ-ਪਰਬੰਧਕ ਮਸ਼ੀਨਰੀ ਨਾਲ ਸਿੱਧੇ ਟਾਕਰੇ ਕਰਨ ਵਾਲਿਆਂ ਦੀ, ਗੋਲੀਆਂ ਮੂਹਰੇ ਹਿੱਕਾਂ ਤਾਣ ਦੇਣ ਵਾਲਿਆਂ ਦੀ ਅਤੇ ਖਿੜੇ-ਮੱਥੇ ਫਾਂਸੀ ਦਾ ਰੱਸਾ ਚੁੰਮਣ ਵਾਲਿਆਂ ਦੀ ਕੋਈ ਘਾਟ ਨਹੀਂ ਰਹੀ। ਪਰ ਬਬਰ ਅਕਾਲੀ ਲਹਿਰ ਨੂੰ ਇਸ ਪੱਖੋਂ ਕਈ ਗੱਲਾਂ ਵਿਚ ਸਚਮੁੱਚ ਅਦੁਤੀ ਕਿਹਾ ਜਾ ਸਕਦਾ ਹੈ।

ਇਸ ਪੁਸਤਕ ਵਿਚ ਸ਼ਾਮਲ ਕੁੱਲ ਯੋਧਿਆਂ ਦੀ ਗਿਣਤੀ ਦੇ ਅਨੁਪਾਤ ਵਿਚ ਅੰਗਰੇਜ਼ ਦੇ ਪੁਲਸੀ ਦਲਾਂ ਨਾਲ ਸਿੱਧੀਆਂ ਟੱਕਰਾਂ ਵਿਚ ਮਰਨ ਵਾਲਿਆਂ, ਫਾਂਸੀ ਚੜ੍ਹਨ ਵਾਲਿਆਂ ਅਤੇ ਉਮਰ-ਕੈਦਾਂ ਤੇ ਵੱਖ-ਵੱਖ ਮਿਆਦ ਦੀਆਂ ਹੋਰ ਕੈਦਾਂ ਭੁਗਤਣ ਵਾਲਿਆਂ ਯੋਧਿਆਂ ਦੀ ਕਹਾਣੀ ਦੰਗ ਕਰ ਦੇਣ ਵਾਲੀ ਹੈ।